*Original with:*
Punjab Vidhan Sabha
*Digitized by;*
Panjab Digital Library

*Original with:*
Punjab Vidhan Sabha
*Digitized by:*
Panjab Digital Library

Original with;
Punjab Vichan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

## DEBATES

*3rd February, 1976*

Vol. I—No. 9

OFFICIAL REPORT

Chief Reporter
Punjab Vidhan Sabha
Chandigarh

CONTENTS

*Tuesday, the 3rd February, 1976*

| | PAGE |
|---|---|
| …red Questions and Answers .. | (9)1 |
| …tatement laid on the Table of the House in reply to Call-Attention Notice No. 47 .. | (9)12 |
| Questions on replies to Call-Attention Notices .. | (9)13 |
| Resumption of General Discussion on the Budget for the year 1976-77 .. | (9)15 |
| Extension of Time of the Sitting .. | (9)74 |
| Resumption of General Discussion on the Budget for the year 1976-77 .. | (9)74 |

Punjab Vidhan Sabha Secretariat, Chandigarh.

…ice : Rs. 10-45

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Tuesday, the 3rd February, 1976**

*The Vidhan Sabha met in the Punjab Vidhan Sabha Hall, Vidhan Bhavan, Chandigarh at 9.00 A.M. of the Clock. Mr. Speaker (Dr. Kewal Krishan) in the Chair.*

## STARRED QUESTIONS AND ANSWERS

STARRED QUESTION NO. 3408

(This question was not put because the hon. Member concerned was not present in the House.)

**ਜਲੰਧਰ ਤਹਿਸੀਲ ਤੋਂ ਬੁਢਾਪਾ ਪੈਨਸ਼ਨ ਲਈ ਮਿਲੀਆਂ ਅਰਜ਼ੀਆਂ**

*3575. **ਸ੍ਰੀ ਗੁਰਦਿਆਲ ਸੈਣੀ** : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1974-75 ਅਤੇ 1975-76 ਦੇ ਦੌਰਾਨ ਜਲੰਧਰ ਤਹਿਸੀਲ ਤੋਂ ਬੁਢਾਪਾ ਪੈਨਸ਼ਨ ਲਈ ਕਿੰਨੀਆਂ ਅਰਜ਼ੀਆਂ ਮਿਲੀਆਂ ਅਤੇ ਉਨ੍ਹਾਂ ਵਿਚੋਂ ਕਿੰਨੇ ਕੇਸਾਂ ਵਿਚ ਪੈਨਸ਼ਨ ਮਨਜ਼ੂਰ ਕੀਤੀ ਗਈ ?

**ਕੁਮਾਰੀ ਸਰਲਾ ਪ੍ਰਾਸ਼ਰ** : ਸਾਲ 1974-75 ਵਿਚ ਤਹਿਸੀਲ ਜਲੰਧਰ ਵਿਚੋਂ 1,712 ਅਰਜ਼ੀਆਂ ਪ੍ਰਾਪਤ ਹੋਈਆਂ ਸਨ ਅਤੇ ਇਨ੍ਹਾਂ ਵਿਚੋਂ 716 ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ। ਸਾਲ 1975-76 ਵਿਚ ਤਹਿਸੀਲ ਜਲੰਧਰ ਵਿਚੋਂ ਮਿਤੀ 31 ਦਸੰਬਰ, 1975 ਤਕ 862 ਅਰਜ਼ੀਆਂ ਪ੍ਰਾਪਤ ਹੋਈਆਂ ਅਤੇ ਇਨ੍ਹਾਂ ਵਿਚੋਂ ਉਕਤ ਮਿਤੀ ਤਕ 120 ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ।

**ਸ੍ਰੀ ਗੁਰਦਿਆਲ ਸੈਣੀ** : ਜਿਹੜੀਆਂ ਬਾਕੀ ਦੀਆਂ ਐਪਲੀਕੇਸ਼ਨਜ਼ ਹਨ, ਉਨ੍ਹਾਂ ਦਾ ਕਦੋਂ ਤਕ ਫੈਸਲਾ ਹੋ ਜਾਵੇਗਾ ?

**ਰਾਜ ਮੰਤਰੀ** : ਅਰਜ਼ੀਆਂ ਜ਼ਿਆਦਾ ਆਉਣ ਕਰਕੇ ਕੰਮ ਵਧ ਗਿਆ ਲੇਕਿਨ ਸਟਾਫ ਵਧਿਆ ਨਹੀਂ, ਸਟਾਫ ਛੇਤੀ ਮਿਲਣ ਵਾਲਾ ਹੈ ਅਤੇ ਛੇਤੀ ਹੀ ਸਾਰੀਆਂ ਅਰਜ਼ੀਆਂ ਦਾ ਨਿਪਟਾਰਾ ਹੋ ਜਾਵੇਗਾ।

**ਸ੍ਰੀ ਗੁਰਦਿਆਲ ਸੈਣੀ** : ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਕੋਈ ਡੈਫਿਨਿਟ ਡੇਟ ਦੱਸੀ ਜਾਵੇ ਕਿ ਕਦੋਂ ਤਕ ਬਾਕੀ ਅਰਜ਼ੀਆਂ ਦਾ ਨਿਪਟਾਰਾ ਹੋ ਜਾਵੇਗਾ, ਪਰ ਇਨ੍ਹਾਂ ਨੇ ਤਾਂ ਗੋਲ ਮੋਲ ਜਵਾਬ ਦਿੱਤਾ ਹੈ, ਕੋਈ ਡੈਫਿਨਿਟ ਡੇਟ ਦੱਸੀ ਜਾਵੇ ?

**ਸ੍ਰੀ ਸਪੀਕਰ** : ਸਟਾਫ਼ ਵਾਸਤੇ ਉਨ੍ਹਾਂ ਨੇ ਕਿਹਾ ਹੈ, ਜਦੋਂ ਮਿਲ ਗਿਆ ਤਾਂ ਜਲਦੀ ਕੰਮ ਹੋ ਜਾਵੇਗਾ, ਡੈਫਿਨਿਟ ਡੇਟ ਤਾਂ ਨਹੀਂ ਦਿੱਤੀ ਜਾ ਸਕਦੀ।

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1712 ਅਰਜ਼ੀਆਂ ਵਿਚੋਂ 716 ਮਨਜ਼ੂਰ ਹੋਈਆਂ ਹਨ ਅਤੇ 800-900 ਵਿਚੋਂ 120 ਹੋਈਆਂ ਹਨ, ਕੀ ਬਾਕੀ ਅਰਜ਼ੀਆਂ ਮਨਜ਼ੂਰ ਹੋ ਗਈਆਂ ਹਨ ਜਾਂ ਅੰਡਰ ਕੰਸਿਡਰੇਸ਼ਨ ਹਨ ?

**ਰਾਜ ਮੰਤਰੀ :** ਸਵਾਲ ਵਿਚ ਪੁੱਛਿਆ ਗਿਆ ਸੀ ਕਿ ਕਿੰਨੀਆਂ ਮਨਜ਼ੂਰ ਕੀਤੀਆਂ ਗਈਆਂ ਹਨ, ਜਿੰਨੀਆਂ ਮਨਜ਼ੂਰ ਹੋਈਆਂ ਹਨ, ਜਵਾਬ ਦੇ ਦਿੱਤਾ ਹੈ। 1,712 ਅਰਜ਼ੀਆਂ ਦੇ ਵਿਚੋਂ 646 ਵਾਪਿਸ ਕੀਤੀਆਂ ਗਈਆਂ ਜਿਹੜੀਆਂ ਕੰਪਲੀਟ ਨਹੀਂ ਸਨ, 862 ਵਿਚੋਂ 83 ਅਰਜ਼ੀਆਂ ਵਾਪਿਸ ਗਈਆਂ ਜਿਹੜੀਆਂ ਕੰਪਲੀਟ ਨਹੀਂ ਸਨ, ਕੁਝ ਮਨਜ਼ੂਰ ਹੋ ਗਈਆਂ, ਅਤੇ 123 ਅੰਡਰ ਪਰਾਸੈਸ ਹਨ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਕੀ ਇਹ ਚੀਜ਼ ਮੰਤਰੀ ਸਾਹਿਬਾ ਦੇ ਧਿਆਨ ਵਿਚ ਹੈ ਕਿ ਜੋ ਓਲਡ ਏਜ ਪੈਨਸ਼ਨ ਕੰਪੇਨ ਹੈ, ਇਸ ਦੇ ਵਿਚ ਵੱਡੇ ਪੈਮਾਨੇ ਵਿਚ ਦੁਰਵਰਤੋਂ ਵੀ ਹੋ ਰਹੀ ਹੈ ਅਤੇ 40—40 ਸਾਲ ਦੇ ਆਦਮੀ ਬੁੱਢੇ ਬਣ ਕੇ 65 ਸਾਲ ਉਮਰ ਦੱਸ ਕੇ ਪੈਨਸ਼ਨ ਲੈ ਰਹੇ ਹਨ। ਸੋ ਜਿਹੜੇ ਲੋਕੀਂ ਇਸ ਤਰ੍ਹਾਂ ਦੀ ਦੁਰਵਰਤੋਂ ਕਰ ਰਹੇ ਹਨ, ਉਨ੍ਹਾਂ ਦੀ ਰੋਕਥਾਮ ਲਈ ਸਰਕਾਰ ਕੋਈ ਉਪਾਏ ਕਰੇਗੀ ?

**ਰਾਜ ਮੰਤਰੀ :** ਮੈਂ ਆਨਰੇਬਲ ਮੈਂਬਰ ਸਾਹਿਬ ਦੀ ਸੇਵਾ ਵਿਚ ਅਰਜ਼ ਕਰਾਂਗੀ ਕਿ ਇਸ ਬਾਰੇ ਜਿੰਨੀਆਂ ਸ਼ਿਕਾਇਤਾਂ ਆਈਆਂ, ਉਹ ਵੇਗ ਸਨ। ਜੇ ਕੋਈ ਪਾਰਟੀਕੁਲਰ ਕੇਸ ਹੈ ਤਾਂ ਮੇਰੇ ਨੋਟਿਸ ਵਿਚ ਲਿਆਂਦਿਆ ਜਾਵੇ, ਉਸ ਤੇ ਇਮੀਜੀਏਟ ਐਕਸ਼ਨ ਹੋਵੇਗਾ।

**ਸ੍ਰੀ ਸਰਦਾਰੀ ਲਾਲ ਕਪੂਰ :** ਜਿਹੜੀਆਂ ਐਪਲੀਕੇਸ਼ਨਜ਼ ਪਹਿਲਾਂ ਆ ਚੁਕੀਆਂ ਹਨ, ਉਨ੍ਹਾਂ ਐਪਲੀਕੇਸ਼ਨਜ਼ ਦੀ ਜਿਹੜੀ ਪਹਿਲੀ ਡੇਟ ਹੈ ਉਸ ਦੇ ਮੁਤਾਬਿਕ ਲਾਸਟ ਡੇਟ ਕਿਹੜੀ ਹੈ ?

**ਰਾਜ ਮੰਤਰੀ :** ਸਵਾਲ ਕਲੀਅਰ ਕਰ ਦੇਵੋ।

**ਸ੍ਰੀ ਸਰਦਾਰੀ ਲਾਲ ਕਪੂਰ :** ਐਪਲੀਕੇਸ਼ਨਜ਼ ਲੋਕਾਂ ਨੇ ਦਿੱਤੀਆਂ, ਉਨ੍ਹਾਂ ਵਿਚੋਂ ਕਿਸੇ ਨੇ 1960 ਵਿਚ, ਕਿਸੇ ਨੇ 1962 ਜਾਂ 1964 ਵਿਚ ਦਿਤੀਆਂ ਪਰ ਉਨ੍ਹਾਂ ਨੂੰ ਹਾਲਾਂ ਤਕ ਪੈਨਸ਼ਨ ਨਹੀਂ ਮਿਲੀ। ਇਸ ਕਰਕੇ ਜਿਹੜਾ 65 ਸਾਲ ਦੀ ਉਮਰ ਦਾ ਹੋਵੇ ਅਤੇ ਉਸ ਨੇ 1970 ਵਿਚ ਐਪਲੀਕੇਸ਼ਨ ਦਿੱਤੀ ਅਤੇ ਹਾਲਾਂ ਤਕ ਮਨਜ਼ੂਰ ਨਹੀਂ ਹੋਈ ਤਾਂ ਉਸ ਵਿਚਾਰੇ ਨੇ ਤਾਂ ਕੀ ਜੀਣਾ ਹੈ, ਉਸ ਨੇ ਤਾਂ ਜਾਣਾ ਹੀ ਜਾਣਾ ਹੈ। ਇਸ ਕਰਕੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਾਸਤੇ ਲਾਸਟ ਡੇਟ ਕਿਹੜੀ ਸੀ ?

**ਸ੍ਰੀ ਸਪੀਕਰ :** ਮੈਂਬਰ ਸਾਹਿਬ ਇਹ ਇਨਫਰਮੇਸ਼ਨ ਲੈਣਾ ਚਾਹੁੰਦੇ ਹਨ ਕਿ ਪੁਰਾਣੀਆਂ ਤੋਂ ਪੁਰਾਣੀਆਂ ਐਪਲੀਕੇਸ਼ਨਜ਼ ਜਿਹੜੀਆਂ ਪੈਂਡਿੰਗ ਹਨ, ਉਨ੍ਹਾਂ ਦੀਆਂ ਡੇਟਸ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਸਪੈਸਿਫਿਕ ਸਵਾਲ ਪੁੱਛਣ, ਜਵਾਬ ਦੇ ਦਿੱਤਾ ਜਾਵੇਗਾ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਓਲਡ ਏਜ ਪੈਨਸ਼ਨ ਦੇ ਰਾਹੀਂ ਗਰੀਬ ਲੋਕਾਂ ਨੂੰ ਫਾਇਦਾ ਪੁੱਜਣਾ ਹੈ, ਬੜੀ ਚੰਗੀ ਗੱਲ ਹੈ । ਮੰਤਰੀ ਜੀ ਨੇ ਆਪ ਹੀ ਕਿਹਾ ਹੈ ਕਿ ਸਟਾਫ ਦੀ ਕਮੀ ਹੈ, ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਸਟਾਫ ਛੇਤੀ ਵਧਾਉਣਾ ਚਾਹੀਦਾ ਹੈ, ਜਿਸ ਤਰ੍ਹਾਂ ਕਿ ਮੰਤਰੀ ਸਾਹਿਬਾ ਆਪ ਹੀ ਕਹਿੰਦੇ ਹਨ, ਕੀ ਉਹ ਇਸ ਗੱਲ ਵਲ ਉਚੇਚਾ ਧਿਆਨ ਦੇਣਗੇ ? ਜਿਹੜੇ ਇਨ੍ਹਾਂ ਕੈਂਪ ਲਗਾਏ ਸਨ ਅਤੇ ਮੌਕੇ ਤੇ ਜਾ ਕੇ ਅਰਜ਼ੀਆਂ ਲਾਈਆਂ ਸਨ, ਉਨ੍ਹਾਂ ਅਰਜ਼ੀਆਂ ਬਾਰੇ ਰਿਕਾਰਡ ਅਜੇ ਕਈ ਹਲਕਿਆਂ ਵਿਚ ਥੱਲੇ ਹੀ ਪਿਆ ਹੋਇਆ ਹੈ, ਉਸ ਰਿਕਾਰਡ ਨੂੰ ਮੰਗਵਾਇਆ ਜਾਵੇ । ਫਿਰੋਜ਼ਪੁਰ ਵਿਚ ਮੇਰੇ ਜ਼ਿਲ੍ਹੇ ਦੇ ਵੀ ਕੁਝ ਕੇਸ ਸਨ ਜਿਹੜੇ ਕਿ ਇਨ੍ਹਾਂ ਦੇ ਨੋਟਿਸ ਵਿਚ ਲਿਆਂਦੇ ਸਨ, ਇਹ ਕੰਮ ਕਦੋਂ ਤਕ ਹੋ ਜਾਵੇਗਾ ?

**ਰਾਜ ਮੰਤਰੀ** : ਜਿਸ ਜਗ੍ਹਾ ਤੋਂ ਰਿਕਾਰਡ ਨਹੀਂ ਪੁੱਜਾ, ਮੈਂਬਰ ਸਾਹਿਬ ਦੱਸ ਦੇਣ, ਛੇਤੀ ਤੋਂ ਛੇਤੀ ਐਕਸ਼ਨ ਲਿਆ ਜਾਵੇਗਾ ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਮੈਂ ਦੋ ਸਵਾਲ ਇਕੱਠੇ ਹੀ ਪੁੱਛ ਲਵਾਂ ?

**ਸ੍ਰੀ ਸਪੀਕਰ** : ਪੁੱਛ ਲਵੋ ਪਰ ਇਹ ਪ੍ਰੈਸੀਡੈਂਟ ਨਹੀਂ ਬਣੇਗਾ ।

**ਸ੍ਰੀ ਪ੍ਰੇਮ ਗੁਪਤਾ** : ਜਲੰਧਰ ਤਹਿਸੀਲ ਵਿਚ 1974-75 ਦੇ ਵਿਚ 1,712 ਅਰਜ਼ੀਆਂ ਆਈਆਂ ਹਨ, 716 ਨੂੰ ਪੈਨਸ਼ਨ ਮਿਲੀ, 996 ਅਰਜੀਆਂ ਪੈਂਡਿੰਗ ਹਨ, 648 ਵਾਪਿਸ ਚਲੀਆਂ ਗਈਆਂ ਹਨ ਕਿਉਂਕਿ ਇਨਕੰਪਲੀਟ ਸਨ । 348 ਕੰਪਲੀਟ ਅਰਜ਼ੀਆਂ ਮਹਿਕਮੇ ਕੋਲ ਪੈਂਡਿੰਗ ਪਈਆਂ ਹਨ । ਇਹ ਜਿਹੜੀਆਂ 348 ਕੰਪਲੀਟ ਅਰਜ਼ੀਆਂ ਪੈਂਡਿੰਗ ਹਨ ਇਨ੍ਹਾਂ ਨੂੰ ਪੈਨਸ਼ਨ ਨਹੀਂ ਦਿੱਤੀ ਗਈ ਪਰ ਅਗਲੇ ਸਾਲ ਲਈ 120 ਅਰਜ਼ੀਆਂ ਨੂੰ ਟੇਕ-ਅਪ ਕਰਕੇ ਪੈਨਸ਼ਨ ਦੇ ਦਿੱਤੀ, ਇਸ ਤਰ੍ਹਾਂ ਕਿਉਂ ਕੀਤਾ ਗਿਆ ?

**ਰਾਜ ਮੰਤਰੀ** : ਪਹਿਲਾਂ ਅਰਜ਼ੀਆਂ ਦੇ ਬਾਰੇ ਦੱਸ ਦਿੱਤਾ ਹੈ । 1,712 ਵਿਚੋਂ 716 ਮਨਜ਼ੂਰ ਹੋ ਗਈਆਂ ਅਤੇ ਪੈਨਸ਼ਨ ਜਾ ਚੁੱਕੀ ਹੈ । 350 ਅਰਜ਼ੀਆਂ ਮਨਜ਼ੂਰ ਹੋ ਗਈਆਂ ਹਨ ਅਤੇ 646 ਵਾਪਿਸ ਗਈਆਂ ਹਨ । 1974-75 ਵਿਚ ਕੋਈ ਪੈਂਡਿੰਗ ਨਹੀਂ ਹੈ ।

**ਸ੍ਰੀ ਪ੍ਰੇਮ ਗੁਪਤਾ** : ਜਿਹੜਾ ਅਰਜ਼ੀਆਂ ਦਾ ਫਾਰਮ ਹੈ, ਉਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਸ਼ਹਿਰਾਂ ਵਿਚੋਂ ਅਰਜ਼ੀਆਂ ਆਉਂਦੀਆਂ ਹਨ, ਉਨ੍ਹਾਂ ਤੇ ਮਿਉਂਸਪਲ ਕਮਿਸ਼ਨਰ ਦੀ ਅਟੈਸਟੇਸ਼ਨ ਤੇ ਐਮ. ਐਲ. ਏ. ਕਾਊਂਟਰਸਾਈਨ ਕਰਦਾ ਹੈ । ਇਸ ਕਰਕੇ ਜਿਹੜੇ ਸ਼ਹਿਰਾਂ ਦੀਆਂ ਮਿਉਂਸਪਲ ਕਮੇਟੀਆਂ ਸੁਪਰਸੀਡ ਹੋ ਗਈਆਂ ਹਨ ਅਤੇ ਕੋਈ ਮਿਉਂਸਪਲ ਕਮਿਸ਼ਨਰ ਨਹੀਂ ; ਉਸ ਬਾਰੇ ਸਰਕਾਰ ਨੇ ਕੀ ਸੋਚਿਆ ਹੈ ਤਾਂ ਜੋ ਅਰਜ਼ੀਆਂ ਪੈਂਡਿੰਗ ਨਾ ਰਹਿਣ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਵੈਰੀਫਿਕੇਸ਼ਨ ਬਹੁਤ ਜ਼ਰੂਰੀ ਹੈ । ਬੀ. ਡੀ. ਓ. ਵੀ ਵੈਰੀਫਿਕੇਸ਼ਨ ਕਰ ਸਕਦਾ ਹੈ. ਐਸ. ਡੀ. ਓ. ਵੀ ਕਰ ਸਕਦਾ ਹੈ ਅਤੇ ਐਮ. ਐਲ. ਏ. ਵੀ ਕਰ ਸਕਦਾ ਹੈ । ਮੈਂ ਮੈਂਬਰ ਸਾਹਿਬ ਨੂੰ ਰਿਕੁਐਸਟ ਕਰਦੀ ਹਾਂ ਕਿ ਉਹ ਤਸੱਲੀ ਕਰਕੇ ਉਨ੍ਹਾਂ ਦੇ ਫਾਰਮ ਭੇਜਿਆ ਕਰਨ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿਛੇ ਕੈਂਪ ਲਗੇ ਸਨ ਉਸ ਕੈਂਪ ਵਿਚ ਬੀ. ਡੀ. ਓ. ਵੀ ਸਨ, ਐਸ. ਡੀ. ਓ. ਵੀ ਸਨ ਅਤੇ ਐਮ. ਐਲ. ਏ. ਵੀ ਸਨ....

**ਸ੍ਰੀ ਸਪੀਕਰ** : ਡਾਕਟਰ ਵੀ ਸਨ ?

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਹਾਂ ਜੀ ਡਾਕਟਰ ਵੀ ਸਨ । ਮੈਂ ਇਹ ਪੁੱਛਦਾ ਹਾਂ ਕਿ ਜਿਹੜੀਆਂ ਅਰਜ਼ੀਆਂ ਉਸ ਵੇਲੇ ਪਾਸ ਹੋ ਗਈਆਂ ਸਨ ਅਤੇ ਰਿਕਮੈਂਡ ਕੀਤੀਆਂ ਗਈਆਂ ਸਨ, ਉਹ ਅਰਜ਼ੀਆਂ ਵੀ ਅੱਜ ਦਰਜਨਾਂ ਨਹੀਂ ਬਲਕਿ ਸੈਂਕੜੇ ਦੇ ਹਿਸਾਬ ਨਾਲ ਘੁੰਮਦੀਆਂ ਫਿਰਦੀਆਂ ਹਨ । ਕੀ ਮੰਤਰੀ ਸਾਹਿਬਾ, ਉਨ੍ਹਾਂ ਸਭ ਨੂੰ ਪੈਨਸ਼ਨ ਦੇ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜੀ ਅਰਜ਼ੀ ਮਨਜ਼ੂਰ ਹੋ ਗਈ ਉਸ ਨੂੰ ਜ਼ਰੂਰ ਪੈਨਸ਼ਨ ਦੇ ਦਿੱਤੀ ਗਈ ਹੈ ਜੇ ਕੋਈ ਅਰਜ਼ੀ ਰਹਿ ਗਈ ਹੈ ਤਾਂ ਇਹ ਉਹ ਹੈ ਜਿਸ ਵਿਚ ਕਿ ਕੋਈ ਕਸਰ ਰਹਿ ਗਈ ਸੀ । ਜਿਸ ਵੇਲੇ ਵੀ ਕਸਰ ਪੂਰੀ ਹੋ ਕੇ ਉਹ ਅਰਜ਼ੀਆਂ ਵਾਪਿਸ ਆ ਜਾਣਗੀਆਂ, ਉਨ੍ਹਾ ਨੂੰ ਪੈਨਸ਼ਨ ਦੇ ਦਿੱਤੀ ਜਾਵੇਗੀ ।

**ਚੌਧਰੀ ਸੁੰਦਰ ਸਿੰਘ** . ਮੈਂ ਵਜ਼ੀਰ ਸਾਹਿਬਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਨੰਗਲ ਕਾਂਸਟੀਚਿਊਐਂਸੀ ਵਿਚੋਂ ਜਿਹੜੀਆਂ ਅਰਜ਼ੀਆਂ ਮਨਜ਼ੂਰ ਹੋਈਆਂ ਹਨ ਉਹ ਕਿੰਨੀਆਂ ਹਨ ਅਤੇ ਬਾਕੀ ਕਾਂਸਟੀਚਿਊਐਂਸੀਆਂ ਤੋਂ ਕਿੰਨੀਆਂ ਅਰਜ਼ੀਆਂ ਮਨਜ਼ੂਰ ਹੋਈਆਂ ਸਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਤਸੱਲੀ ਦਿਵਾ-ਉਣਾ ਚਾਹੁੰਦੀ ਹਾਂ ਕਿ ਨੰਗਲ ਦੀਆਂ ਅਰਜ਼ੀਆਂ ਦੀ ਗਿਣਤੀ ਬਾਕੀ ਕਾਂਸਟੀਚਿਊਐਂਸੀਆਂ ਨਾਲੋਂ ਕੁਝ ਘੱਟ ਹੀ ਸੀ ਵੱਧ ਨਹੀਂ ਸੀ।

**ਸ੍ਰੀ ਗੁਰਦਿਆਲ ਸੈਣੀ** : ਮੈਂ ਮੰਤਰੀ ਸਾਹਿਬਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪਿੰਡਾਂ ਅਤੇ ਬਲਾਕਾਂ ਵਿਚੋਂ ਅਰਜ਼ੀਆਂ ਲੈ ਕੇ ਮਨਜ਼ੂਰ ਕੀਤੀਆਂ ਹਨ ਕੀ ਇਸੇ ਤਰ੍ਹਾਂ ਸ਼ਹਿਰਾਂ ਵਿਚੋਂ ਵੀ ਲੈ ਕੇ ਮਨਜ਼ੂਰ ਕਰਨ ਦੀ ਖੇਚਲ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਫਾਈਨਾਂਸ਼ਲ ਪੁਜੀਸ਼ਨ ਤੇ ਨਿਰਭਰ ਕਰਦਾ ਹੈ ਜੀ । ਜਿਸ ਵੇਲੇ ਵੀ ਪੁਰਾਣੀਆਂ ਅਰਜ਼ੀਆਂ ਪੂਰੀਆਂ ਹੋ ਗਈਆਂ ਅਤੇ ਪੈਸਾ ਬਚਿਆ ਤਾਂ ਇਸ ਤੇ ਵੀ ਗੌਰ ਕਰ ਲਵਾਂਗੇ ।

**ਸ੍ਰੀ ਸਪੀਕਰ** : ਐਫ. ਐਮ. ਸਾਹਿਬ ਇੰਟਰਵੀਨ ਕਰਨਾ ਚਾਹੁੰਦੇ ਹਨ ਕਿਉਂਕਿ ਪੈਸੇ ਦਾ ਮਸਲਾ ਹੈ । ਇਨ੍ਹਾਂ ਨੂੰ ਸੁਣ ਲਓ ।

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਸ ਕੰਮ ਲਈ ਜਿੰਨਾ ਪੈਸਾ ਮੰਗਿਆ ਗਿਆ ਹੈ ਉਹ ਦਿੱਤਾ ਹੈ ਅਤੇ ਕਦੇ ਵੀ ਇਨਕਾਰ ਨਹੀਂ ਕੀਤਾ। ਜੇ ਇਸ ਕੰਮ ਵਾਸਤੇ ਇਨ੍ਹਾਂ ਨੂੰ ਹੋਰ ਪੈਸੇ ਦੀ ਵੀ ਲੋੜ ਹੋਵੇਗੀ ਤਾਂ ਉਹ ਵੀ ਦਿੱਤਾ ਜਾਵੇਗਾ ।

**ਸ਼੍ਰੀ ਸਪੀਕਰ** : ਇਸ ਦਾ ਤਾਂ ਮਤਲਬ ਇਹ ਹੈ ਕਿ ਇਹ ਮੰਗਦੇ ਹੀ ਨਹੀਂ (ਵਿਘਨ) ਨੈਕਸਟ ਕੁਐਸਚਨ ।

---

**ਜਲੰਧਰ ਤਹਿਸੀਲ ਦੀਆਂ ਵਿਧਵਾਵਾਂ ਵਲੋਂ ਬੁਢਾਪਾ ਪੈਨਸ਼ਨ ਲਈ ਮਿਲੀਆਂ ਅਰਜ਼ੀਆਂ ।**

*3576. **ਸ਼੍ਰੀ ਗੁਰਦਿਆਲ ਸੈਣੀ** : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1974-75 ਅਤੇ 1975-76 ਦੇ ਦੌਰਾਨ ਜਲੰਧਰ ਤਹਿਸੀਲ ਤੋਂ ਵਿਧਵਾ ਪੈਨਸ਼ਨ ਲਈ ਕਿੰਨੀਆਂ ਕਿੰਨੀਆਂ ਅਰਜ਼ੀਆਂ ਮਿਲੀਆਂ ਅਤੇ ਉਨ੍ਹਾਂ ਵਿਚੋਂ ਕਿੰਨੇ ਕੇਸਾਂ ਵਿਚ ਪੈਨਸ਼ਨ ਮਨਜ਼ੂਰ ਕੀਤੀ ਗਈ ?

**ਕੁਮਾਰੀ ਸਰਲਾ ਪ੍ਰਾਸ਼ਰ** : ਵਿਧਵਾ ਅਤੇ ਨਿਆਸਰਿਤ ਔਰਤਾਂ ਲਈ ਵਿੱਤੀ ਸਹਾਇਤਾ ਸਕੀਮ ਵਿਚ 1974-75 ਅਤੇ 1975-76 ਦੇ ਦੌਰਾਨ ਜਲੰਧਰ ਤਹਿਸੀਲ ਤੋਂ ਕ੍ਰਮਵਾਰ 660 ਅਤੇ 210 ਅਰਜ਼ੀਆਂ ਪ੍ਰਾਪਤ ਹੋਈਆਂ ਅਤੇ ਇਨ੍ਹਾਂ ਵਿਚੋਂ 1974-75 ਦੌਰਾਨ 229 ਅਰਜ਼ੀਆਂ ਅਤੇ 1975-76 (15 ਜਨਵਰੀ, 1976 ਤਕ) ਵਿਚ 2 ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ ।

**ਸ਼੍ਰੀ ਗੁਰਦਿਆਲ ਸੈਣੀ** : ਮੈਂ ਮੰਤਰੀ ਸਾਹਿਬਾ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕਈ ਅਰਜ਼ੀਆਂ ਮਨਜ਼ੂਰ ਹੋ ਗਈਆਂ ਸਨ, ਪਰ ਜਿਹੜੀ ਉਨ੍ਹਾਂ ਨੂੰ ਪੈਨਸ਼ਨ ਮਨੀਆਰਡਰ ਰਾਹੀਂ ਭੇਜੀ ਗਈ, ਉਹ ਨਹੀਂ ਮਿਲੀ, ਇਸ ਲਈ ਕੀ ਇਸ ਵਲ ਵੀ ਧਿਆਨ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹੋ ਜਿਹੀ ਗੱਲ ਤਾਂ ਸਿਰਫ ਉਸ ਹਾਲਾਤ ਵਿਚ ਹੁੰਦੀ ਹੈ ਜਦੋਂ ਕਿ ਮਨੀਆਰਡਰ ਜਾਵੇ ਪਰ ਉਹ ਆਦਮੀ ਘਰ ਨਾ ਮਿਲੇ। ਫਿਰ ਵੀ ਜੇਕਰ ਕੋਈ ਸਪੈਸੀਫਿਕ ਕੇਸ ਹੈ ਤਾਂ ਦੱਸ ਦੇਣ, ਉਸ ਤੇ ਗੌਰ ਕਰ ਲਵਾਂਗੇ ।

**ਸਰਦਾਰ ਗੁਰਬਚਨ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਦਰਖਾਸਤਾਂ 31 ਜਨਵਰੀ, 1975 ਤੋਂ ਪਹਿਲਾਂ ਮਨਜ਼ੂਰ ਹੋ ਚੁਕੀਆਂ ਹਨ ਕੀ ਉਨ੍ਹਾਂ ਸਭ ਨੂੰ ਪੈਨਸ਼ਨ ਮਨਜ਼ੂਰ ਹੋ ਜਾਵੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪੈਨਸ਼ਨ ਦੇਣ ਵਾਸਤੇ ਜਿਹੜੀ ਪਹਿਲੇ ਮੈਂ ਦਿੱਕਤ ਦੱਸੀ ਹੈ ਉਹੀ ਹੈ। ਹੁਣ ਸਟਾਫ ਸੈਂਕਸ਼ਨ ਹੋ ਗਿਆ ਹੈ ਅਤੇ ਇਮੀਜੇਟਲੀ ਅਸੀਂ ਇਹ ਕਰ ਦੇਵਾਂਗੇ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬਾ ਦੇ ਇਹ ਇਲਮ ਵਿਚ ਹੈ ਕਿ ਪਹਿਲੇ ਵਿਡੋ ਪੈਨਸ਼ਨ ਵਾਸਤੇ ਬੀ. ਡੀ. ਓ. ਅਟੈਸਟੇਸ਼ਨ ਕਰਦਾ ਹੈ ਫਿਰ ਐਸ. ਡੀ. ਓ. ਕਰਦਾ ਹੈ ਅਤੇ ਫਿਰ ਤਹਿਸੀਲਦਾਰ ਜਾਂ ਐਮ. ਐਲ. ਏ. ਕਰਦਾ ਹੈ। ਹੁਣ ਜਦੋਂ ਕਿ ਇਸ ਨੌਕਰਸ਼ਾਹੀ ਵਿਚ ਬਹੁਤ ਸਾਰੀਆਂ ਕਮੇਟੀਆਂ ਸ਼ਰਮਾਂ ਜੀ ਨੇ ਸਸਪੈਂਡ ਕੀਤੀਆਂ ਹਨ, ਕੀ ਇਹ ਇਸ ਤੇ ਗੌਰ ਕਰਨਗੇ ਕਿ ਇਸ ਵਾਸਤੇ ਸਿਰਫ ਐਮ. ਐਲ. ਏ. ਦੀ ਹੀ ਅਟੈਸਟੇਸ਼ਨ ਕਾਫੀ ਹੈ ਹੋਰ ਕਿਸੇ ਦੀ ਲੋੜ ਨਾ ਰਹੇ ?

**ਰਾਜ ਮੰਤਰੀ** : ਡਾਂਗ ਸਾਹਿਬ ਨੇ ਜਿਹੜੀ ਸੁਜੈਸ਼ਨ ਦਿੱਤੀ ਹੈ, ਉਹ ਨੋਟ ਕਰ ਲਈ ਹੈ ਅਤੇ ਇਸ ਤੇ ਗੌਰ ਕਰ ਲਵਾਂਗੇ।

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਮੰਤਰੀ ਸਾਹਿਬਾ ਨੇ ਕਿਹਾ ਹੈ ਕਿ ਕੋਈ ਸਪੈਸੀਫਿਕ ਕੇਸ ਦੱਸ ਦੇਣ ਜਿਥੇ ਕਿ ਪੈਨਸ਼ਨ ਨਾ ਮਿਲੀ ਹੋਵੇ ਤਾਂ ਉਸ ਤੇ ਗੌਰ ਕਰਨਗੇ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਇਕ ਜੈਮਲ ਸਿੰਘ, ਵਿਲੇਜ ਮੁਰਤਾਪੁਰ, ਤਹਿਸੀਲ ਪਠਾਨਕੋਟ ਦਾ ਅਜਿਹਾ ਕੇਸ ਹੈ ਜਿਸ ਨੂੰ ਕਿ ਮਨੀਆਰਡਰ ਭੇਜਿਆ ਗਿਆ ਪਰ ਉਸ ਨੂੰ ਮਿਲਿਆ ਨਹੀਂ ਬਾਅਦ ਵਿਚ ਉਸ ਨੂੰ ਇਹ ਪੈਸੇ ਭੇਜਣੇ ਹੀ ਬੰਦ ਕਰ ਦਿੱਤੇ ?

(ਕੋਈ ਜਵਾਬ ਨਹੀਂ ਦਿੱਤਾ ਗਿਆ।)

**ਸ੍ਰੀ ਸਪੀਕਰ** : ਇਹ ਤਾਂ ਵਿਡੋਜ਼ ਦਾ ਸਵਾਲ ਹੈ।

**ਸ੍ਰੀ ਗੁਰਦਿਆਲ ਸੈਣੀ** : ਮੈਂ ਮੰਤਰੀ ਮਹੋਦਯਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਫਾਰਮ ਵਿਡੋ ਪੈਨਸ਼ਨ ਦੇਣ ਵਾਸਤੇ ਭਰਿਆ ਜਾਂਦਾ ਹੈ ਇਸ ਦਾ ਸਲੇਬਸ ਬਹੁਤਾ ਲੰਬਾ ਹੈ ਕੀ ਇਸ ਨੂੰ ਕੁਝ ਸਰਲ ਬਣਾਉਣ ਲਈ ਇਸ ਤੇ ਗੌਰ ਕਰਨਗੇ ?

**ਰਾਜ ਮੰਤਰੀ** : ਮੈਂਬਰ ਸਾਹਿਬ ਕੋਈ ਵੀ ਸੁਜੈਸ਼ਨ ਦੇਣ ਉਸ ਤੇ ਗੌਰ ਕੀਤਾ ਜਾਵੇਗਾ।

**ਸ੍ਰੀ ਸਰਦਾਰੀ ਲਾਲ ਕਪੂਰ** : ਮੈਂ ਮੰਤਰੀ ਸਾਹਿਬਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਕ ਔਰਤ ਜਿਸ ਦੀ ਉਮਰ 25 ਸਾਲ ਹੋਵੇ ਅਤੇ ਉਹ ਵਿਡੋ ਹੋ ਜਾਵੇ ਤਾਂ ਉਸ ਨੂੰ ਪੈਨਸ਼ਨ ਦੇਣ ਵਾਸਤੇ ਕੋਈ ਰੂਲ ਹੈ ਜਾਂ ਉਸ ਦੀ ਉਮਰ ਜਿਸ ਵੇਲੇ 60 ਜਾਂ 65 ਸਾਲ ਦੀ ਹੋਵੇਗੀ ਤਾਂ ਹੀ ਦਿੱਤੀ ਜਾਵੇਗੀ ? ਆਇਆ ਇਹੋ ਜਿਹਾ ਕੋਈ ਰੂਲ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਵਿਡੋ ਪੈਨਸ਼ਨ ਵਾਸਤੇ ਕੋਈ ਏਜ ਦੀ ਲਿਮਿਟ ਨਹੀਂ। ਜਿਸ ਵੇਲੇ ਇਕ ਵਿਡੋ 60 ਸਾਲ ਦੀ ਹੋ ਜਾਂਦੀ ਹੈ ਤਾਂ ਉਸ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਕ ਵਿਡੋ ਜਿਸ ਦਾ ਬੱਚਾ ਜਵਾਨ ਹੋ ਜਾਂਦਾ ਹੈ ਔਰ ਉਹ ਅਲੱਗ ਹੋ ਜਾਂਦਾ ਹੈ ਉਸ ਨੂੰ ਕੋਈ ਪੈਨਸ਼ਨ ਮਿਲੇਗੀ ਜਾਂ ਨਹੀਂ ?

Original with; Punjab Vidhan Sabha Digitized by; Panjab Digital Library

**ਰਾਜ ਮੰਤਰੀ :** ਰੂਲ ਦੇ ਮੁਤਾਬਕ ਤਾਂ ਵਿਡੋ ਦਾ ਬੱਚਾ ਜਿਸ ਵੇਲੇ ਜਵਾਨ ਹੋ ਜਾਵੇ ਉਸ ਨੂੰ ਪੈਨਸ਼ਨ ਨਹੀਂ ਮਿਲਣੀ ਚਾਹੀਦੀ । ਇਹੋ ਜਿਹਾ ਕੋਈ ਕੇਸ ਸਾਡੇ ਨੋਟਿਸ ਵਿਚ ਨਹੀਂ ਆਇਆ ਪਰ ਇਹ ਕੰਸਿਡਰ ਕੀਤਾ ਜਾ ਸਕਦਾ ਹੈ ।

**ਸ੍ਰੀ ਗੁਰਦਿਆਲ ਸੈਣੀ :** ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜੀ ।

**ਸ੍ਰੀ ਸਪੀਕਰ :** ਉਨ੍ਹਾਂ ਨੇ ਦੱਸਿਆ ਹੈ ਕਿ ਰੂਲ ਕੋਈ ਨਹੀਂ ਹੈ, ਸਪੈਸ਼ਲ ਕੰਸਿਡਰੇਸ਼ਨ ਹੋ ਸਕਦੀ ਹੈ ।

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬਾ ਦੇ ਇਹ ਇਲਮ ਵਿਚ ਹੈ ਕਿ ਰੂਲ ਤਾਂ ਇਹ ਕਹਿੰਦਾ ਹੈ ਕਿ ਜੇ ਇਕ ਵਿਡੋ ਦਾ ਲੜਕਾ ਕਮਾਉਣ ਵਾਲਾ ਹ ਜਾਵੇ ਅਤੇ ਉਸ ਦੀ ਆਮਦਨ ਕੁਝ ਲਿਮਿਟ ਤੋਂ ਘੱਟ ਹੈ ਤਾਂ ਪੈਨਸ਼ਨ ਮਿਲੇਗੀ ਜੇ ਵੱਧ ਹੋਈ ਤਾਂ ਨਹੀਂ ਮਿਲੇਗੀ । ਪਰ ਜਿਸ ਵੇਲੇ ਇਹ ਲਿਮਿਟ ਫਿਕਸ ਕੀਤੀ ਗਈ ਸੀ ਉਹ ਕਾਫੀ ਸਾਲ ਪਹਿਲੇ ਮੁਕੱਰਰ ਕੀਤੀ ਗਈ ਸੀ, ਕੀ ਮਨਿਸਟਰ ਸਾਹਿਬਾ ਇਸ ਲਿਮਿਟ ਨੂੰ ਰਿਵਾਈਜ਼ ਕਰਨ ਨੂੰ ਤਿਆਰ ਹਨ ?

**ਰਾਜ ਮੰਤਰੀ :** ਆਨਰੇਬਲ ਮੈਂਬਰਾਂ ਵਲੋਂ ਜੋ ਵੀ ਸੁਜੇਸ਼ਨ ਆਈ ਹੈ ਉਹ ਨੋਟ ਕਰ ਲਈ ਹੈ ਅਤੇ ਇਸ ਤੇ ਗੌਰ ਕਰਾਂਗੇ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਵਿਡੋ ਪੈਨਸ਼ਨ ਲਈ ਕੋਈ ਏਜ ਲਿਮਿਟ ਨਹੀਂ । ਇਹ ਇਸ ਤੇ ਦੁਬਾਰਾ ਗੌਰ ਕਰਨ । ਇਹ ਏਜ 45 ਸਾਲ ਰੱਖੀ ਹੋਈ ਹੈ, ਇਸ ਤੋਂ ਘੱਟ ਵਾਲਿਆਂ ਨੂੰ ਨਹੀਂ ਮਿਲਦੀ ।

**ਸ੍ਰੀ ਸਪੀਕਰ :** ਹਾਂ ਜੀ ਅਜਿਹੀ ਕੋਈ ਸ਼ਰਤ ਹੈ ?

**ਰਾਜ ਮੰਤਰੀ :** ਨਹੀਂ ਜੀ ।

**ਕਾਮਰੇਡ ਅਰਜਨ ਸਿੰਘ ਮਸਤਾਨਾ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਵਿਡੋ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ ਜਦ ਉਨ੍ਹਾਂ ਦੀ ਉਮਰ 60 ਸਾਲ ਤੋਂ ਉਪਰ ਦੀ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਬੁਢਾਪਾ ਪੈਨਸ਼ਨ ਦੇ ਫ਼ਾਰਮ ਭਰਨ ਲਈ ਕਿਹਾ ਜਾਂਦਾ ਹੈ ਜਿਸ ਨਾਲ ਉਨ੍ਹਾਂ ਨੂੰ ਬੜੀ ਤਕਲੀਫ਼ ਹੁੰਦੀ ਹੈ, ਉਹ ਅਨਪੜ੍ਹ ਹੁੰਦੀਆਂ ਹਨ ਅਤੇ ਐਨੇ ਤਕ ਉਨ੍ਹਾਂ ਦੀ ਪੈਨਸ਼ਨ ਵੀ ਰੁਕੀ ਰਹਿੰਦੀ ਹੈ ।

**ਰਾਜ ਮੰਤਰੀ :** ਬੁਢਾਪਾ ਪੈਨਸ਼ਨ ਜਿਹੜੀ ਹੈ ਇਹ ਵਿਡੋ ਪੈਨਸ਼ਨ ਤੋਂ ਵੱਖਰੀ ਹੈ । ਕਈ ਵਾਰ ਇਹ ਇਸ ਲਈ ਵੀ ਕੀਤਾ ਜਾਂਦਾ ਹੈ ਕਿ ਵਿਡੋ ਪੈਨਸ਼ਨ ਵਿਚ ਰਸ਼ ਨਾ ਹੋ ਜਾਵੇ । ਇਸ ਕਰਕੇ 60 ਸਾਲ ਦੀ ਏਜ ਲਿਮਿਟ ਰੱਖੀ ਗਈ ਹੈ ਅਤੇ ਇਸ ਪ੍ਰੋਸੀਜਰ ਨੂੰ ਅਸੀਂ ਸਟਰਿਕਟਲੀ ਫਾਲੋ ਕਰਨਾ ਚਾਹੁੰਦੇ ਹਾਂ ।

**ਚੌਧਰੀ ਰਾਮ ਸਿੰਘ :** ਕਿਆ ਮੰਤਰੀ ਸਾਹਿਬਾ ਇਹ ਦਸਣ ਦੀ ਖੇਚਲ ਕਰਨਗੇ ਕਿ ਵਿਡੋ ਦੀ ਉਮਰ 20 ਸਾਲ ਜਾਂ 60 ਸਾਲ ਦੀ ਹੋ ਸਕਦੀ ਹੈ । ਉਸ ਲਈ ਵੀ ਪੈਨਸ਼ਨ ਵਾਸਤੇ ਡਾਕਟਰੀ ਸਰਟੀਫੀਕੇਟ ਸਰਕਾਰ ਮੰਗਦੀ ਹੈ । ਮੇਰਾ ਸਵਾਲ ਹੈ ਕਿ ਵਿਡੋ ਵਾਸਤੇ ਤਾਂ ਇਸ ਤਰ੍ਹਾਂ ਦਾ ਸਰਟੀਫੀਕੇਟ ਹੋ ਸਕਦਾ ਹੈ ਪਰ ਵਿਡੋ ਪੈਨਸ਼ਨ ਵਾਸਤੇ ਕਿਉਂ ਮੰਗਿਆ ਜਾਂਦਾ ਹੈ ? ਇਸ ਦੀ ਕੀ ਜਸਟੀਫੀਕੇਸ਼ਨ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਵਿਡੋ ਪੈਨਸ਼ਨ ਵਾਸਤੇ ਡਾਕਟਰੀ ਸਰਟੀਫਿਕੇਟ ਦੀ ਜ਼ਰੂਰਤ ਨਹੀਂ ਹੈ ।

**Mr. Speaker** : Next question.

(ਸਬੰਧਤ ਮਾਨਯੋਗ ਮੈਂਬਰ, ਸਰਦਾਰ ਗੁਰਦੇਵ ਸਿੰਘ ਬਾਦਲ ਹਾਊਸ ਵਿਚ ਹਾਜ਼ਰ ਨਹੀਂ ਸਨ । ਸ੍ਰੀ ਪ੍ਰੇਮ ਗੁਪਤਾ ਜੀ ਇਹ ਸਵਾਲ ਪੇਸ਼ ਕਰਨ ਲਈ ਖੜੇ ਹੋਏ ।)

**ਸ੍ਰੀ ਸਪੀਕਰ** : ਮਨਿਸਟਰ ਸਾਹਿਬਾ ਜੇਕਰ ਜਵਾਬ ਦੇਣਾ ਚਾਹੁਣ ਤਾਂ ਠੀਕ ਹੈ, ਤੁਸੀਂ ਪੁੱਟ ਕਰ ਸਕਦੇ ਹੋ ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਤੁਸੀਂ ਡਾਇਰੈਕਸ਼ਨ ਦੇ ਦਿਓ ।

**ਸ੍ਰੀ ਸਪੀਕਰ** : ਕਿਸੇ ਇਕ ਅੱਧ ਸਵਾਲ ਵਿਚ ਤਾਂ ਡਾਇਰੈਕਸ਼ਨ ਦਿਤੀ ਜਾ ਸਕਦੀ ਹੈ, ਹਰ ਇਕ ਸਵਾਲ ਵਿਚ ਨਹੀਂ ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਇਹ ਸਵਾਲ ਵੀ ਪਿਛਲੇ ਸਵਾਲ ਨਾਲ ਮਿਲਦਾ ਜੁਲਦਾ ਹੀ ਹੈ ਤੁਸੀਂ ਡਾਇਰੈਕਸ਼ਨ ਦੇ ਦਿਤੇ ।

**ਸ੍ਰੀ ਸਪੀਕਰ** : ਮਨਿਸਟਰ ਸਾਹਿਬਾ ਇਹ ਜਵਾਬ ਵੀ ਦੇ ਦਿਤੇ, ਓਲਡ ਏਜ ਪੈਨਸ਼ਨ ਦਾ ਹੀ ਸਵਾਲ ਹੈ ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਪ੍ਰੈਸੀਡੈਂਟ ਗਲਤ ਹੈ । ਜਦੋਂ ਕੁਐਸ਼ਚਨ ਕਰਨ ਵਾਲਾ ਹੀ ਨਹੀਂ ਹੈ....।

**ਸ੍ਰੀ ਸਪੀਕਰ** : ਅਗਰ ਕੋਈ ਮੈਂਬਰ ਪਰਸਿਸਟ ਕਰਦਾ ਹੈ ਤਾਂ ਸਪੀਕਰ ਡਾਇਰੈਕਟ ਕਰ ਸਕਦਾ ਹੈ । ਇਸ ਦੇ ਬਾਰੇ ਰੂਲ ਬੜਾ ਕਲੀਅਰ ਹੈ । ਵੇਖੋ ਇਹ ਰੂਲ ਹੈ....

**ਰਾਜ ਮੰਤਰੀ** : ਠੀਕ ਹੈ ਜੀ, ਮੈਂ ਜਵਾਬ ਦੇ ਦਿੰਦੀ ਹਾਂ ।

---

### ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਬੁਢਾਪਾ ਪੈਨਸ਼ਨ ਦੇਣਾ

*3399. **ਸਰਦਾਰ ਗੁਰਦੇਵ ਸਿੰਘ ਬਾਦਲ** (ਸ੍ਰੀ ਪ੍ਰੇਮ ਗੁਪਤਾ ਵਲੋਂ ਪੇਸ਼ ਕੀਤਾ ਗਿਆ) : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਹਿਲੀ ਜਨਵਰੀ, 1974 ਤੋਂ 30 ਸਤੰਬਰ, 1975 ਤੱਕ ਕਿੰਨੇ ਕੇਸਾਂ ਵਿਚ ਬੁਢਾਪਾ ਪੈਨਸ਼ਨ ਦਿਤੀ ਗਈ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤਾਂ ਵਿਚੋਂ ਕਿੰਨੀਆਂ ਵਿਧਵਾਵਾਂ ਹਨ ?

**ਕੁਮਾਰੀ ਸਰਲਾ ਪ੍ਰਾਸ਼ਰ** : (ੳ) 25,314 ਕੇਸਾਂ ਵਿਚ ਬੁਢਾਪਾ ਪੈਨਸ਼ਨ ਮਨਜ਼ੂਰ ਕੀਤੀ ਗਈ, ਜਿਨ੍ਹਾਂ ਵਿਚੋਂ 7,144 ਅਨੁਸੂਚਿਤ ਜਾਤੀ ਦੇ ਹਨ ।

(ਅ) (ੳ) ਵਿਚ ਦਿਤੀ ਕੁੱਲ ਗਿਣਤੀ ਵਿਚੋਂ 5,015 ਵਿਧਵਾਵਾਂ ਹਨ ਅਤੇ ਇਨ੍ਹਾਂ ਵਿਚੋਂ 2,051 ਅਨੁਸੂਚਿਤ ਜਾਤੀ ਦੀਆਂ ਹਨ ।

---

Original with; Punjab Vidhan Sabha Digitized by; Panjab Digital Library

## ਮੁਰਿੰਡਾ ਵਿਧਾਨ ਸਭਾ ਚੋਣ ਹਲਕੇ ਵਿਚ ਵਾਟਰ ਸਪਲਾਈ ਸਕੀਮਾਂ

*3368. **ਸਰਦਾਰ ਪ੍ਰਹਿਲਾਦ ਸਿੰਘ** (ਸ੍ਰੀ ਪ੍ਰੇਮ ਗੁਪਤਾ ਵਲੋਂ ਪੇਸ਼ ਕੀਤਾ ਗਿਆ) : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਮਾਰਚ, 1975 ਤੋਂ ਜੂਨ, 1975 ਤਕ ਦੇ ਸਮੇਂ ਦੇ ਦੌਰਾਨ ਮੋਰਿੰਡਾ ਵਿਧਾਨ ਸਭਾ ਚੋਣ ਹਲਕੇ ਵਿਚ ਕਿੰਨੀਆਂ ਵਾਟਰ ਸਪਲਾਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ?

**Sardar Balbir Singh** : No Water-Supply Scheme was started in the Morinda Assembly Constituency during the period from March, 1975 to June, 1975.

---

STARRED QUESTIONS NOS. 3355 AND 3495

(These questions were not put because the hon. Members concerned were not present in the House.)

---

## ਸ਼ਾਹ ਨਹਿਰ (ਵਿਅਰ) ਬਣਾਉਣਾ

*3537. **ਸਰਦਾਰ ਗੁਰਬਚਨ ਸਿੰਘ ਚੀਮਾ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਸ਼ਾਹ ਨਹਿਰ ਪ੍ਰਾਜੈਕਟ (ਵਿਅਰ) ਇਸ ਸਮੇਂ ਬਣ ਰਿਹਾ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਿਸ ਸਮੇਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ;

(ਅ) ਉਪਰੋਕਤ ਪ੍ਰਾਜੈਕਟ ਦੇ ਮੁਕੰਮਲ ਹੋਣ ਦੇ ਸਿੱਟੇ ਵਜੋਂ ਕੁੱਲ ਕਿੰਨੀ ਜ਼ਮੀਨ ਦੀ ਸਿੰਜਾਈ ਕੀਤੇ ਜਾਣ ਦੀ ਉਮੀਦ ਹੈ ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ** : (ੳ) ਹਾਂ ਜੀ । ਮੌਜੂਦਾ ਪ੍ਰੋਗਰਾਮ ਅਨੁਸਾਰ ਇਸ ਦੇ, ਸਾਲ 1978 ਦੇ ਅਖੀਰ ਤਕ ਮੁਕੰਮਲ ਹੋਣ ਦੀ ਸੰਭਾਵਨਾ ਹੈ ।

(ਅ) ਸ਼ਾਹ ਨਹਿਰ ਫੀਡਰ ਪ੍ਰਾਜੈਕਟ ਦੇ ਮੁਕੰਮਲ ਹੋ ਜਾਣ ਤੇ 65,000 ਏਕੜ ਜ਼ਮੀਨ ਜਿਸ ਨੂੰ ਬਰਸਾਤੀ ਪਾਣੀ ਮਿਲਦਾ ਹੈ, ਨੂੰ ਸਾਰਾ ਸਾਲ ਪਾਣੀ ਮਿਲਣ ਲਗ ਜਾਵੇਗਾ ।

**ਸਰਦਾਰ ਗੁਰਬਚਨ ਸਿੰਘ ਚੀਮਾ** : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਸ਼ਾਹ ਨਹਿਰ ਪ੍ਰਾਜੈਕਟ ਉਤੇ ਔਰ ਸ਼ਾਹ ਨਹਿਰ ਉਤੇ ਕਿਤਨਾ ਖਰਚ ਆਵੇਗਾ ਔਰ ਇਹ ਨਹਿਰ ਕਿਤਨਾ ਰਕਬਾ ਸੈਰਾਬ ਕਰੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਸਾਰੀ ਕਾਸਟ ਜਿਹੜੀ ਹੈ ਕੋਈ ਗਿਆਰਾਂ ਕਰੋੜ ਦੇ ਕਰੀਬ ਹੋਵੇਗੀ ਔਰ ਸਾਰਾ ਪਾਣੀ ਤਿੰਨ ਲੱਖ ਤੀਹ ਹਜ਼ਾਰ ਏਕੜ ਜ਼ਮੀਨ ਨੂੰ ਸੈਰਾਬ ਕਰੇਗਾ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਬਿਆਸ ਡੈਮ ਦੀ ਕੰਪਲੀਸ਼ਨ ਤੇ ਜਿਹੜੇ ਵਰਕਰ ਰਿਟਰੈਂਚ ਹੋ ਰਹੇ ਹਨ, ਕੀ ਉਨ੍ਹਾਂ ਨੂੰ ਸ਼ਾਹ ਨਹਿਰ ਦੇ ਵਾਸਤੇ ਜਿਹੜੀ ਭਰਤੀ ਹੈ ਉਸ ਵਿਚ ਉਨ੍ਹਾਂ ਨੂੰ ਪਹਿਲ ਮਿਲੇਗੀ ?

**ਰਾਜ ਮੰਤਰੀ** : ਹਾਂ ਜੀ, ਇਸ ਦੇ ਮੁਤੱਲਿਕ ਫੈਸਲਾ ਕੀਤਾ ਹੈ ਕਿ ਜਿਹੜੇ ਉਧਰੋਂ ਵਰਕਰ ਆਉਣਗੇ, ਉਥੇ ਅਕਾਮੋਡੇਟ ਕਰਾਂਗੇ ।

**ਕਾਮਰੇਡ ਰਾਜ ਕੁਮਾਰ** : ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਇਹ ਲਾਇਕਲੀ ਹੈ ਕਿ ਪ੍ਰਾਜੈਕਟ ਸੰਨ 1978 ਤਕ ਕੰਪਲੀਟ ਹੋ ਜਾਵੇਗਾ । ਇਹ ਮੌਜੂਦਾ ਸ਼ਡਿਊਲ ਹੈ ਕਿ ਉਦੋਂ ਤਕ ਕੰਪਲੀਟ ਹੋ ਜਾਵੇਗਾ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਵੀ ਕੋਈ ਸ਼ਡਿਊਲ ਬਣਾਇਆ ਗਿਆ ਸੀ ਔਰ ਆਇਆ ਹੁਣ ਮਨਿਸਟਰ ਸਾਹਿਬ ਇਹ ਐਸ਼ੋਰੈਂਸ ਦੇਣ ਲਈ ਤਿਆਰ ਹਨ ਕਿ ਸੰਨ 1978 ਤਕ ਇਹ ਪ੍ਰਾਜੈਕਟ ਜ਼ਰੂਰ ਕੰਪਲੀਟ ਹੋ ਜਾਵੇਗਾ ?

**ਰਾਜ ਮੰਤਰੀ** : ਅਰਜ਼ ਹੈ ਕਿ ਇਹ ਸ਼ਡਿਊਲ ਰੀਵਾਈਜ਼ ਕਰਕੇ ਬਣਾਇਆ ਹੈ । ਅਗਰ ਮਾਇਆ ਦੀ ਤਰਫੋਂ ਕੋਈ ਕਮੀ ਨਾ ਆਈ, ਪੈਸਾ ਪੂਰਾ ਮਿਲਦਾ ਰਿਹਾ ਤਾਂ ਸ਼ਡਿਊਲਡ ਟਾਈਮ ਤੇ ਕੰਪਲੀਟ ਹੋ ਜਾਵੇਗਾ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਸ਼ਾਹ ਨਹਿਰ ਉਸ ਇਲਾਕੇ ਨੂੰ ਜ਼ਿਆਦਾ ਤਰ ਪਾਣੀ ਦੇਵੇਗੀ ਜਿਥੇ ਕਿ ਪਹਿਲਾਂ ਹੀ ਟਿਊਬਵੈਲਾਂ ਦਾ ਬੜਾ ਪ੍ਰਬੰਧ ਹੈ । ਇਸ ਲਈ ਕੀ ਇਹ ਯਤਨ ਕਰਨਗੇ ਕਿ ਸ਼ਾਹ ਨਹਿਰ ਨੂੰ ਵੱਧ ਤੋਂ ਵੱਧ ਈਸਟਰਨ ਸਾਈਡ ਨੂੰ, ਚੜ੍ਹਦੇ ਪਾਸੇ ਨੂੰ ਮੋੜਨ ਤਾਂ ਕਿ ਕੰਡੀ ਦਾ ਜਿਹੜਾ ਏਰੀਆ ਹੈ ਉਸ ਨੂੰ ਪਾਣੀ ਮਿਲ ਸਕੇ, ਚਾਹੇ ਲਿਫਟਾਂ ਰਾਹੀਂ ਚਾਹੇ ਚੈਨਲਾਂ ਰਾਹੀਂ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਵੀ ਪਤਾ ਹੈ । ਇਸ ਬਾਰੇ ਇਕ ਮੀਟਿੰਗ ਵੀ ਕੀਤੀ ਸੀ । ਪਾਣੀ ਦਾ ਫਲੋ ਜਿਸ ਪਾਸੇ ਚਲ ਸਕਦਾ ਹੈ, ਜਿਥੇ ਸਾਨੂੰ ਲੈਵਲਿੰਗ ਦੇ ਹਿਸਾਬ ਨਾਲ ਇਜਾਜ਼ਤ ਮਿਲੇਗੀ ਉਧਰ ਨੂੰ ਹੀ ਪਾਣੀ ਭੇਜਿਆ ਜਾਵੇਗਾ ।

---

STARRED QUESTIONS NOS. 3398, 3407, 3332, 3333, 3363 AND 3477

(These questions were not put because the hon. Members concerned were not present in the House.)

---

### ਸੁਪਰਡੰਟਾਂ/ਪ੍ਰਾਈਵੇਟ ਸਕੱਤਰਾਂ ਦੀਆਂ ਸਾਂਝੀਆਂ ਸ਼੍ਰੇਣੀਆਂ ਵਾਲੀਆਂ ਆਸਾਮੀਆਂ ਦੇ ਗ੍ਰੇਡ ਸੋਧਣਾ

*3527. 1. ਸਰਦਾਰ ਗੁਰਬਚਨ ਸਿੰਘ ਚੀਮਾ
2. ਮਾਸਟਰ ਕੁੰਦਨ ਸਿੰਘ
: ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ 8 ਫਰਵਰੀ, 1974 ਤੋਂ ਸੁਪਰਡੰਟਾਂ/ਪ੍ਰਾਈਵੇਟ ਸਕੱਤਰਾਂ ਦੀਆਂ ਸਾਂਝੀਆਂ ਸ਼੍ਰੇਣੀਆਂ ਵਾਲੀਆਂ ਆਸਾਮੀਆਂ ਦੇ ਤਨਖਾਹ ਸਕੇਲ 450-25-500-30-650/30-800 ਰੁਪਏ ਤੋਂ 500-30-740/40-900 ਰੁਪਏ ਤਕ ਸੋਧ ਹੋਏ ਹਨ;

•

Original with;
Punjab Vidhan Sabha
Digitized by;
Panjab Digital Library

(ਅ) ਕੀ ਇਹ ਵੀ ਠੀਕ ਹੈ ਕਿ ਉਕਤ ਫੈਸਲਾ ਕੇਵਲ ਪੰਜਾਬ ਸਿਵਲ ਸਕੱਤਰੇਤ ਵਿਚ ਹੀ ਅਮਲ ਵਿਚ ਲਿਆਂਦਾ ਗਿਆ ਹੈ ਅਤੇ ਦੂਜੇ 'ਏ' ਕਲਾਸ ਦਫਤਰਾਂ ਵਿਚ ਨਹੀਂ ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਨ ਕੀ ਹਨ ?

**ਸ਼੍ਰੀ ਹੰਸ ਰਾਜ ਸ਼ਰਮਾ** : (ੳ) ਅਤੇ (ਅ) ਪੰਜਾਬ ਸਿਵਲ ਸਕੱਤਰੇਤ ਅਤੇ ਵਿੱਤੀ ਕਮਿਸ਼ਨਰ ਦੇ ਦਫਤਰ ਵਿਚ ਸੁਪਰਡੰਟਾਂ/ਨਿਜੀ ਸਕੱਤਰਾਂ ਦੀਆਂ ਆਸਾਮੀਆਂ ਦਾ ਤਨਖਾਹ ਸਕੇਲ ਮਿਤੀ 8 ਫਰਵਰੀ, 1974 ਤੋਂ 450-25-500-30-650/30-800 ਰੁਪਏ ਤੋਂ ਸੋਧ ਕੇ 500-30-740/40-900 ਰੁਪਏ ਕੀਤਾ ਗਿਆ ਹੈ। ਬਾਕੀ 'ਏ' ਕਲਾਸ ਦਫਤਰਾਂ ਵਿਚ ਇਨ੍ਹਾਂ ਆਸਾਮੀਆਂ ਦਾ ਤਨਖਾਹ ਸੋਧਨ ਵਾਲਾ ਮਾਮਲਾ ਹਾਲੀ ਪ੍ਰੀਖਿਆ (examine) ਕੀਤਾ ਜਾ ਰਿਹਾ ਹੈ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਜਿਹੜੇ ਕਲਾਸ 'ਏ' ਦੇ ਦਫਤਰ ਹਨ, ਕਿਉਂਕਿ ਉਨ੍ਹਾਂ ਨੂੰ ਗਰੇਡ 'ਏ' ਕਲਾਸ ਵਾਲੇ ਦਿਤੇ ਜਾਂਦੇ ਹਨ, ਕਿਸੇ ਕੈਟੇਗਰੀ ਦੇ ਪੇ-ਸਕੇਲ ਅਗਰ ਸੈਕਰੇਟੇਰੀਏਟ ਵਿਚ ਰੀਵਾਈਜ਼ ਹੁੰਦੇ ਹਨ ਤਾਂ ਬਾਕੀ ਦੇ 'ਏ' ਕਲਾਸ ਦਫਤਰ ਵਿਚ ਕਿਉਂ ਨਹੀਂ ਵੱਧਦੇ ? ਕੀ ਮਨਿਸਟਰ ਸਾਹਿਬ ਇਹ ਐਸ਼ੋਰੈਂਸ ਦੇਣਗੇ ਕਿ ਉਨ੍ਹਾਂ ਨੂੰ ਰੀਟਰਾਸਪੈਕਟਿਵ ਇਫੈਕਟ ਤੋਂ ਗਰੇਡ ਦਿਤੇ ਜਾਣਗੇ ?

**ਸ਼੍ਰੀ ਸਪੀਕਰ** : ਬਾਕੀ 'ਏ' ਕਲਾਸ ਦਫਤਰਾਂ ਦੇ ਸੁਪਰਡੰਟਾਂ ਦੇ ਬਾਰੇ ਪੁੱਛਦੇ ਹਨ।

**ਮੰਤਰੀ** : ਸਪੀਕਰ ਸਾਹਿਬ, ਕੇਸ ਪੇ ਰੀਵੀਜ਼ਨ ਕਮੇਟੀ ਪਾਸ ਹੈ ਜੀ।

**ਸ਼੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਫਾਈਨਾਂਸ਼ਲ ਕਮਿਸ਼ਨਰ ਦੇ ਔਰ ਸੈਕਰੇਟੇਰੀਏਟ ਦੇ ਦਫਤਰਾਂ ਤੋਂ ਇਲਾਵਾ ਜਿਤਨੇ ਵੀ ਹੋਰ ਦਫਤਰ ਹਨ ਉਨ੍ਹਾਂ ਦੇ ਗਰੇਡਾਂ ਦੇ ਕੇਸ ਅੰਡਰ ਐਗਜ਼ਾਮੀਨੇਸ਼ਨ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕਲਾਸ 'ਏ' ਦੇ ਦਫਤਰਾਂ ਦੇ ਸੁਪਰਡੰਟਾਂ ਨੂੰ ਇਹ ਗਰੇਡ ਦੇਣੇ ਹਨ ਅਤੇ ਫੈਸਲਾ ਵੀ ਕਰ ਲਿਆ ਹੈ ਤਾਂ ਫਿਰ ਇਹ ਕੇਸ ਅੰਡਰ ਐਗਜ਼ਾਮੀਨੇਸ਼ਨ ਕਿਉਂ ਰੱਖਿਆ ਗਿਆ ਹੈ ? ਕਿਤਨੀ ਦੇਰ ਤਕ ਇਹ ਫੈਸਲਾ ਕਰਨਗੇ, ਹੋਰ ਕਿਤਨੀ ਕੁ ਦੇਰ ਲਗਾਉਣਗੇ ? ਤਾਂਕਿ ਇਹ ਹੋਰ ਅਨਾਮਿਲੀ ਕਰੀਏਟ ਨਾ ਹੋ ਜਾਵੇ।

**ਮੰਤਰੀ** : ਅਨਾਮਿਲੀ ਕਰੀਏਟ ਨਹੀਂ ਹੋਵੇਗੀ। ਜਿਸ ਤਰ੍ਹਾਂ ਕੇਸ ਰਿਵੀਜ਼ਨ ਕਮੇਟੀ ਤੋਂ ਆਉਂਦੇ ਹਨ ਉਸ ਤਰ੍ਹਾਂ ਹੀ ਕਰਦੇ ਜਾ ਰਹੇ ਹਾਂ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਿਧਾਨ ਸਭਾ ਸੈਕਰੇਟੇਰੀਏਟ ਦਾ ਦਫਤਰ ਜਿਹੜਾ ਹੈ ਇਹ ਸੱਬ ਸਟੈਂਡਰਡ ਦਾ ਦਫਤਰ ਹੈ ਜਿੱਥੇ ਕਿ ਸੈਕਰੇਟੇਰੀਏਟ ਦੇ ਬਰਾਬਰ ਗਰੇਡ ਨਹੀਂ ਦਿਤੇ ਜਾਂਦੇ ? ...

**ਸ਼੍ਰੀ ਸਪੀਕਰ** : ਤੁਸੀਂ ਬਾਕੀ ਦਫਤਰ ਕਹਿ ਦਿਉ, ਪਰਟੀਕੁਲਰਲੀ ਵਿਧਾਨ ਸਭਾ ਨਾ ਕਹੋ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਠੀਕ ਹੈ ਜੀ, ਮੈਂ ਇਹ ਕਹਿੰਦਾ ਹਾਂ ਕਿ ਬਾਕੀ ਦੇ 'ਏ' ਕਲਾਸ ਦਫਤਰਾਂ ਨੂੰ ਇਸ ਬੈਨੀਫਿਟ ਤੋਂ ਕਿਉਂ ਡਿਪਰਾਈਵ ਕੀਤਾ ਗਿਆ ਹੈ ? ਸਪੀਕਰ ਸਾਹਿਬ, ਇਹ ਕਲੀਅਰ ਕਟ ਜਵਾਬ ਦੇਣ।

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਵਿਧਾਨ ਸਭਾ ਨੂੰ ਤਾਂ ਕਦੇ ਜਵਾਬ ਨਹੀਂ ਦਿਤਾ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਇਹ ਕੇਸ ਦੋ ਸਾਲਾਂ ਤੋਂ ਵਿਚੇ ਲਮਕਿਆ ਹੋਇਆ ਹੈ । ਇਨ੍ਹਾਂ ਦਾ ਐਗਜ਼ਾਮੀਨੇਸ਼ਨ ਮੁਕਿਆ ਨਹੀਂ ਹੈ, ਇਹ ਕੱਦ ਤਕ ਮੁਕਾ ਦੇਣਗੇ ਔਰ ਕੀ ਉਨ੍ਹਾਂ ਨੂੰ ਪਿਛਲੇ ਪੈਸੇ ਦੇਣਗੇ ?

ਮੰਤਰੀ : ਮੈਂ ਤਾਂ ਸਪੀਕਰ ਸਾਹਿਬ, ਜਵਾਬ ਦੇ ਦਿਤਾ ਹੈ ਜੀ । ਜੋ ਕੁਝ ਇਹ ਕਹਾਉਣਾ ਚਾਹੁੰਦੇ ਹਨ ਉਹ ਕਹਿਣਾ ਅਜ ਮੁਨਾਸਿਬ ਨਹੀਂ ਹੈ ।

---

STARRED QUESTIONS NOS. 3494, 3400, 3492, 3405 AND 3471

(These questions were not put because the hon. Members cocerned were not present in the House.)

---

## STATEMENT LAID ON THE TABLE OF THE HOUSE IN REPLY TO CALL ATTENTION NOTICE No. 47

**Chief Parliamentary Secretary** (Sardar Gurcharan Singh Nihal-Singhwala) : Sir, I beg to lay on the Table of the House reply to Call-Attention Notice No. 47.

(Serial No. 47)

**Comrade Achhra Singh** : To draw the attention of the Government towards a matter of urgent public importance, namely. there is great resentment amongst peasants of district Sangrur because Cooperative Department of Punjab Government has not provided fertilizer on credit for wheat crop for landless peasants. It is contrary to the announced policy of the Government.

Hence resentment in view of obvious importance of the matter the Government may be asked to make a statement in the House.

**ਉਪ ਮੰਤਰੀ, ਸਿੰਜਾਈ ਅਤੇ ਬਿਜਲੀ** (ਸ਼੍ਰੀ ਬਲ ਰਾਮ) : ਹਦਾਇਤਾਂ ਦੇ ਅਨੁਸਾਰ ਜ਼ਰਾਇਤੀ ਸਹਿਕਾਰੀ ਸਭਾਵਾਂ—ਨਾਂ ਕਿ ਸਹਿਕਾਰਤਾ ਵਿਭਾਗ—ਜਿਹੜੇ ਮੈਂਬਰ ਬਾਕੀਦਾਰ ਨਾ ਹੋਣ ਉਨ੍ਹਾਂ ਨੂੰ ਫਸਲੀ ਕਰਜ਼ੇ ਖਾਦ ਦੀ ਸ਼ਕਲ ਵਿਚ ਅਤੇ ਨਕਦ ਕਰਜ਼ੇ ਭੀ ਦਿੰਦੀਆਂ ਹਨ । ਜ਼ਿਲ੍ਹਿਆਂ ਦੇ ਸੈਂਟਰਲ ਕੋਆਪਰੇਟਿਵ ਬੈਂਕ ਉਨ੍ਹਾਂ ਸੋਸਾਇਟੀਆਂ ਨੂੰ ਜਿਨ੍ਹਾਂ ਨੇ ਪਿਛਲੇ ਹਿਸਾਬ ਨਾ ਚੁਕਾਏ ਹੋਣ, ਨੂੰ ਕਰਜ਼ੇ ਨਹੀਂ ਦਿੰਦੇ । ਤਾਂ ਵੀ ਜਿਹੜੇ ਮੈਂਬਰਾਂ ਜ਼ੁਮੇ ਕੋਈ ਬਾਕੀ ਨਹੀਂ, ਉਨ੍ਹਾਂ ਦੀ ਸਹਾਇਤਾ ਕਰਨ ਲਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਜਿਹੜੀਆਂ ਸਭਾਵਾਂ ਨੇ 60% ਤੱਕ ਹਿਸਾਬ ਚੁਕਾ ਦਿਤਾ ਹੈ, ਉਨ੍ਹਾਂ ਨੂੰ ਖਾਦ ਦੇ ਕਰਜ਼ੇ ਦਿਤੇ ਜਾਣ । ਕਰਜ਼ੇ ਸਾਰੇ ਕਿਸਾਨਾਂ ਨੂੰ ਦਿਤੇ ਜਾਂਦੇ ਹਨ, ਚਾਹੇ ਉਹ ਜ਼ਮੀਨ ਦੇ ਮਾਲਕ ਹੋਣ ਚਾਹੇ ਨਾ ।

ਸੰਗਰੂਰ ਜ਼ਿਲ੍ਹੇ ਵਿਚ ਸਹਿਕਾਰੀ ਸਭਾਵਾਂ ਦੇ ਰਾਹੀਂ ਖਾਦ ਨੂੰ ਵੰਡਣ ਦਾ ਟੀਚਾ 67 ਕਰੋੜ ਰੁਪਏ ਦਾ ਰਖਿਆ ਗਿਆ ਹੈ ਤੇ ਆਸ ਹੈ ਕਿ ਇਹ ਟੀਚਾ ਫਰਵਰੀ ਦੇ ਅੰਤ ਤਕ ਪੂਰਾ ਹੋ ਜਾਵੇਗਾ ।

Original with;
Punjab Vidhan Sabha
Digitized by;
Panjab Digital Library

## QUESTIONS ON REPLIES TO CALL ATTENTION NOTICES

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ 30 ਦੇ ਬਾਰੇ ਸਵਾਲ ਕਰਨਾ ਹੈ ਜੀ ।

**ਸ੍ਰੀ ਸਪੀਕਰ** : ਪਿਛੇ ਨੂੰ ਮੁੜ ਪਏ ਹੋ ਤੁਸੀਂ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਤੁਸੀਂ ਫੁਰਮਾਇਆ ਸੀ ਕਿ ਕਲ ਨੂੰ ਕਰ ਲੈਣਾ ।

**ਸ੍ਰੀ ਸਪੀਕਰ** : ਠੀਕ ਹੈ, ਕਰ ਲਉ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਇਸ ਕਾਲ-ਅਟੈਨਸ਼ਨ ਵਿਚ ਸਰਕਾਰ ਦਾ ਧਿਆਨ ਦਿਵਾਇਆ ਸੀ ਕਿ ਜਿਹੜਾ ਫਲੈਟ ਵਿਚ ਵਾਧਾ ਤਿੰਨ ਗੁਣਾ ਹੋਇਆ ਹੈ ਉਸ ਨਾਲ ਜ਼ਿਮੀਦਾਰਾਂ ਵਿਚ ਹਾਹਾਕਾਰ ਮੱਚੀ ਹੋਈ ਹੈ। ਸਪੀਕਰ ਸਾਹਿਬ, ਸਰਕਾਰ ਨੇ ਨਵੇਂ ਟਿਊਬਵੈਲਾਂ ਦੇ ਕੁਨੈਕਸ਼ਨਾਂ ਵਿਚ ਸ਼ਰਤ ਲਗਾ ਦਿਤੀ ਹੈ ਕਿ 1,000 ਰੁਪਏ ਜਮ੍ਹਾਂ ਕਰੋ ਫਿਰ ਕੁਨੈਕਸ਼ਨ ਮਿਲੇਗਾ । ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਲੈਕਟ੍ਰਿਸਿਟੀ ਬੋਰਡ ਵਾਲਿਆਂ ਨੇ ਬਾਰਡਰ ਏਰੀਆ ਜਾਂ ਸਬ-ਮਾਨਟੇਨੀਅਸ ਏਰੀਏ ਵਿਚ ਇਕ ਰੁਪਿਆ ਕੀਤਾ ਹੋਇਆ ਹੈ, ਕੀ ਇਸ ਗਲ ਨੂੰ ਸਾਹਮਣੇ ਰਖਦੇ ਹੋਏ ਸਬ-ਮਾਨਟੇਨੀਅਸ ਏਰੀਆ ਵਾਲੇ ਰੇਟ ਕਰਨਗੇ ਔਰ ਜਿਹੜੇ ਘਟ ਜ਼ਮੀਨ ਵਾਲੇ ਜ਼ਿਮੀਂਦਾਰ ਹਨ ਉਨ੍ਹਾਂ ਤੋਂ ਇਕ ਹਜ਼ਾਰ ਰੁਪਏ ਜਬਰੀ ਜਮ੍ਹਾਂ ਕਰਾਉਣ ਦਾ ਜੋ ਫੈਸਲਾ ਕੀਤਾ ਹੈ, ਇਸ ਦੀ ਛੋਟ ਦੇਣਗੇ ?

**ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਡੀਬੈਂਚਰ ਲਗਾ ਕੇ ਜਮ੍ਹਾਂ ਕਰਾਉਂਦੇ ਹਾਂ । ਇਹ ਪੈਸੇ ਰੀਫੰਡੇਬਲ ਵੀ ਹਨ । ਔਰ ਕਾਲ-ਅਟੈਨਸ਼ਨ ਜਿਹੜੀ ਸੀ ਉਹ ਤਾਂ ਸਿਰਫ ਚਾਰਜਿਜ਼ ਦੇ ਮੁਤੱਲਿਕ ਗਲ ਕੀਤੀ ਸੀ । ਇਸ ਵਿਚ ਇਹ ਵੀ ਨਹੀਂ ਸੀ ਕਿ ਬਾਰਡਰ ਏਰੀਆ ਦੇ ਵਿਚ ਜਾਂ ਬੈਕਵਰਡ ਏਰੀਆ ਦੇ ਵਿਚ ਛੋਟ ਦਿਤੀ ਹੈ ਲੇਕਿਨ ਕੁਝ ਚੀਜ਼ਾਂ ਹਨ ਜਿਨ੍ਹਾਂ ਬਾਰੇ ਬਾਰਡਰ ਏਰੀਆ ਔਰ ਬੈਕਵਰਡ ਏਰੀਆ ਵਿਚ ਛੋਟ ਦੇਣ ਲਈ ਇਲੈਕਟਰਿਸਿਟੀ ਬੋਰਡ ਵਿਚਾਰ ਕਰ ਰਿਹਾ ਹੈ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰੀ ਕਾਲ-ਅਟੈਂਸ਼ਨ ਨੰ. 12 ਇਸ ਮਾਮਲੇ ਤੇ ਸੀ ਕਿ ਜਿਸ ਇਲਾਕੇ ਵਿਚ ਫਲੱਡ ਨੇ ਨੁਕਸਾਨ ਕੀਤਾ ਸੀ । ਉਸ ਇਲਾਕੇ ਵਿਚ ਬਹੁਤ ਵਡੀ ਮਾਤਰਾ ਵਿਚ ਡੰਗਰਾਂ ਦੀ ਮੌਤ ਹੋ ਰਹੀ ਹੈ । ਜਿਹੜਾ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਜਿਹੜੇ ਫਲੱਡ ਨਾਲ ਡੰਗਰ ਮਾਰੇ ਗਏ ਹਨ ਉਨ੍ਹਾਂ ਦੀ ਕੰਪਨਸੇਸ਼ਨ ਦਿਤੀ ਗਈ ਹੈ । ਔਰ ਨਾਲ ਹੀ ਇਹ ਗਲ ਵੀ ਕਹੀ ਹੈ ਕਿ ਫਲੱਡ ਦੇ ਦਿਨਾਂ ਵਿਚ ਚਾਰੇ ਵਾਸਤੇ ਪੈਸੇ ਦਿਤੇ ਗਏ ਸਨ । ਸਪੀਕਰ ਸਾਹਿਬ, ਜਿਹੜਾ ਮੇਰਾ ਮਤਾ ਸੀ ਉਹ ਬਿਲਕੁਲ ਅਲੱਗ ਮਾਮਲੇ ਵਿਚ ਹੈ । ਫਲੱਡ ਸਟਰਿਕਨ ਏਰੀਆ ਵਿਚ 80 ਤੋਂ 99 ਫੀ ਸਦੀ ਲੋਕਾਂ ਨੂੰ ਨੁਕਸਾਨ ਹੋਇਆ ਹੈ । ਇਨ੍ਹਾਂ ਵਿਚ ਬਹੁਤੇ ਬਿਮਾਰੀ ਦੇ ਨਾਲ ਮਰ ਰਹੇ ਹਨ ਅਤੇ ਸੁਕਾ ਜਾਂ ਹਰਾ ਚਾਰਾ ਨਾ ਦੇਣ ਕਰਕੇ ਡੰਗਰਾਂ ਦੀਆਂ ਮੌਤਾਂ ਹੋਈਆਂ ਹਨ ਜਿਨ੍ਹਾਂ ਦੀ ਗਿਣਤੀ ਕਾਫ਼ੀ ਹੈ । ਜਵਾਬ ਦੇ ਵਿਚ ਪਹਿਲੀ ਗਲ ਮਿਲਦੀ ਹੈ । ਉਸ ਇਲਾਕੇ ਵਾਸਤੇ ਜਿਥੇ ਡੰਗਰਾਂ ਦੀ ਬਹੁਤ ਜ਼ਿਆਦਾ ਮੌਤ ਹੋਈ ਹੈ ਉਥੇ ਇਹ ਕੋਈ ਸਬਸਿਡੀ ਜਾਂ ਹਰਾ ਚਾਰਾ ਸਪਲਾਈ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ :** ਸਪੀਕਰ ਸਾਹਿਬ ਇਲਾਕੇ ਨੂੰ ਗਰਾਂਟ ਦਿਤੀ ਗਈ ਹੈ। ਉਨ੍ਹਾਂ ਦਿਨਾਂ ਵਾਸਤੇ ਹੀ ਨਹੀਂ ਦਿਤੀ ਗਈ ਬਲਕਿ ਹੋਰ ਪੀਰੀਅਡ ਦੇ ਵਾਸਤੇ ਵੀ ਦਿਤੀ ਗਈ ਹੈ ਔਰ ਉਹ ਲੋਕ ਖੁਸ਼ ਹੋਏ ਹਨ ਕਿ ਅਸੀਂ ਗਰਾਂਟ ਲੈ ਲਈ ਹੈ। ਇਹ ਰਿਲੀਫ ਜਿਹੜਾ ਹੈ ਐਕਸਪੀਡੀਸ਼ੀਅਸਲੀ ਦਿਤਾ ਜਾ ਚੁਕਾ ਹੈ ਔਰ ਜਦੋਂ ਰੀਲੀਫ਼ ਦੇ ਦਿਤਾ ਹੈ ਤਾਂ ਫਿਰ ਉਥੇ ਫੋਡਰ ਦੇਣਾ ਮੈਂ ਸਮਝਦਾ ਹਾਂ ਕਿ ਠੀਕ ਗਲ ਨਹੀਂ ਲਗਦੀ।

**ਕਾਮਰੇਡ ਸੱਤ ਪਾਲ ਡਾਂਗ :** ਮੈਂ ਕਾਲ-ਅਟੈਂਸ਼ਨ ਨੰ: 33 ਤੇ ਸਵਾਲ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ. ਮਨਿਸਟਰ ਸਾਹਿਬ ਨੇ ਮੰਨਿਆ ਹੈ ਕਿ ਮੈਸਰਜ਼ ਨਿਊ ਇੰਡੀਆ ਇਮਬਰਾਇਡਰੀ ਮਿਲਜ਼ ਪ੍ਰਾਈਵੇਟ ਲਿਮਟਿਡ ਦੇ ਖਿਲਾਫ ਲਿਖਤੀ ਸ਼ਿਕਾਇਤ ਮਿਲੀ ਹੈ ਕਿ ਕਿਰਤੀਆਂ ਨੂੰ ਬਾਕਾਇਦਾ ਤੌਰ ਤੇ ਤਨਖਾਹਾਂ ਨਹੀਂ ਦਿਤੀਆਂ ਜਾਂਦੀਆਂ ਸੀ। ਮਾਲਕਾਂ ਦੇ ਵਿਰੁਧ ਇਕ ਚਲਾਨ ਵੀ ਕੀਤਾ ਸੀ ਔਰ ਉਸ ਤੇ ਕੋਰਟ ਨੇ ਜੁਰਮਾਨਾ ਵੀ ਕੀਤਾ ਸੀ। ਲੇਕਿਨ ਜੁਰਮਾਨਾ ਇਤਨਾ ਨਹੀਂ ਹੁੰਦਾ ਜਿਤਨਾ ਕਿ ਉਸ ਰਕਮ ਉਪਰ ਉਨ੍ਹਾਂ ਨੂੰ ਸੂਦ ਮਿਲ ਜਾਂਦਾ ਹੈ। ਵਜ਼ੀਰ ਸਾਹਿਬ ਨੇ ਲਿਖਿਆ ਹੈ ਕਿ ਕਾਨੂੰਨ ਵੀ ਜ਼ਿਆਦਾ ਸਖਤ ਬਣਾਏ ਜਾ ਰਹੇ ਹਨ। ਮੈਂ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਪੇਮੈਂਟ ਵੇਜਿਜ਼ ਐਕਟ ਦੇ ਹੇਠਾਂ, ਇਸ ਵੇਲੇ ਜਿਹੜੀ ਪੁਜ਼ੀਸ਼ਨ ਹੈ ਕਿ ਮਾਲਕ ਕਿਰਤੀਆਂ ਨੂੰ ਤਨਖਾਹਾਂ 2 ਮਹੀਨੇ ਲੇਟ ਦਿੰਦੇ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਨਹੀਂ ਹੋ ਸਕਦੀ। ਸਿਵਾਏ 5 ਜਾਂ 10 ਰੁਪਏ ਜੁਰਮਾਨਾ ਹੋਣ ਦੇ ਹੋਰ ਕੀ ਕਰ ਸਕਦੇ ਹਨ। ਇਸ ਕਾਨੂੰਨ ਨੂੰ ਸਖਤ ਬਣਾਉਣਾ ਚਾਹੀਦਾ ਹੈ। ਕੀ ਵਜ਼ੀਰ ਸਾਹਿਬ ਇਸ ਕਾਨੂੰਨ ਨੂੰ ਸਖਤ ਬਣਾਉਣਗੇ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਇਹ ਬੜੀ ਦੇਰ ਦਾ ਕਾਨੂੰਨ ਹੈ। ਅਸੀਂ ਸੋਚ ਰਹੇ ਹਾਂ ਕਿ ਇਹ ਲੇਬਰ ਲਾਅ ਸਖਤ ਬਣਾਏ ਜਾਣ ਤਾਂਕਿ ਉਨ੍ਹਾਂ ਨੂੰ ਜ਼ਿਆਦਾ ਸਜ਼ਾ ਦਿਤੀ ਜਾਵੇ ਅਤੇ ਕੈਦ ਤਕ ਵੀ ਹੋ ਜਾਵੇ। ਸਾਡੇ ਕੁਝ ਐਕਸਪਰਟਸ ਲੇਬਰ ਲਾਅਜ਼ ਨੂੰ ਰਿਵਾਈਜ਼ ਕਰ ਰਹੇ ਹਨ ਅਤੇ ਜਲਦੀ ਤੋਂ ਜਲਦੀ ਕੋਸ਼ਿਸ਼ ਕਰ ਰਹੇ ਹਾਂ ਤਾਂਕਿ ਇਨ੍ਹਾਂ ਨੂੰ ਸਿਰਫ 10—20 ਰੁਪਏ ਜੁਰਮਾਨਾ ਹੀ ਨਾ ਹੋਵੇ ਸਗੋਂ ਜ਼ਿਆਦਾ ਜੁਰਮਾਨਾ ਹੋਵੇ, ਜਿਸ ਨਾਲ ਉਨ੍ਹਾਂ ਨੂੰ ਸੇਕ ਪਹੁੰਚੇ।

**ਕਾਮਰੇਡ ਅੱਛਰਾ ਸਿੰਘ :** ਮੇਰੀ ਕਾਲ-ਅਟੈਂਸ਼ਨ ਨੰ: 47 ਹੈ, ਮੈਂ ਇਸ ਤੇ ਸਵਾਲ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਜ਼ਿਲ੍ਹਾ ਸੰਗਰੂਰ ਵਿਚ ਬੇ-ਜ਼ਮੀਨੇ ਜਾਂ ਖੇਤੀ ਬਾੜੀ ਕਰਨ ਵਾਲੇ ਹਨ ਉਨ੍ਹਾਂ ਨੂੰ ਸਹਿਕਾਰੀ ਸਭਾਵਾਂ ਖਾਦ ਨਹੀਂ ਦਿੰਦੀਆਂ। ਮੁਜ਼ਾਰੇ ਜਿਹੜੇ ਹਨ ਉਨ੍ਹਾਂ ਨੂੰ ਵੀ ਸਹਿਕਾਰੀ ਸਭਾਵਾਂ ਖਾਦ ਨਹੀਂ ਦਿੰਦੀਆਂ। ਉਸ ਦੇ ਜਵਾਬ ਵਿਚ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਸਰਕਾਰ ਦੀ ਨੀਤੀ ਹੈ ਅਤੇ ਹਿਦਾਇਤ ਕੀਤੀ ਹੋਈ ਹੈ ਪਰ ਮੈਂ ਦਸਦਾ ਹਾਂ ਕਿ ਹਾਲਾਤ ਇਸਦੇ ਬਿਲਕੁਲ ਉਲਟ ਹਨ। ਕਿਸੇ ਬੇਜ਼ਮੀਨੇ ਨੂੰ, ਮੁਜ਼ਾਰੇ ਨੂੰ ਉਥੇ ਖਾਦ ਨਹੀਂ ਮਿਲਦੀ। ਜਿਹੜਾ ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਉਹ ਪ੍ਰੈਕਟਿਸ ਦੇ ਬਿਲਕੁਲ ਉਲਟ ਹੈ। ਕੀ ਵਜ਼ੀਰ ਸਾਹਿਬ ਯਕੀਨ ਦਿਵਾਉਣਗੇ ਕਿ ਉਸ ਉਤੇ ਹੇਠਾਂ ਤਕ ਅਮਲ ਹੋ ਜਾਵੇਗਾ ?

**ਉਪ ਮੰਤਰੀ, ਸਿੰਜਾਈ ਅਤੇ ਬਿਜਲੀ (ਸ਼੍ਰੀ ਬਲ ਰਾਮ) :** ਸਪੀਕਰ ਸਾਹਿਬ ਜੋ ਮਾਣਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਉਸ ਦੇ ਮੁਤਾਲਿਕ ਅਰਜ਼ ਇਹ ਹੈ ਕਿ ਚਾਹੇ ਮਾਲਕ ਹੋਵੇ ਚਾਹੇ ਬੇ-ਜ਼ਮੀਨਾ ਆਦਮੀ ਹੋਵੇ, ਜੋ ਐਗਰੀਕਲਚਰ ਦਾ ਕਿੱਤਾ ਕਰਦਾ ਹੈ ਉਸ ਨੂੰ ਪੂਰੀ

Original with;
Punjab Vidhan Sabha
Digitized by;
Panjab Digital Library

ਸਹੂਲਤ ਹੈ ਕਿ ਉਹ ਸਹਿਕਾਰੀ ਸਭਾਵਾਂ ਤੋਂ ਖਾਦ ਲੈ ਸਕੇ । ਕੁਝ ਮੈਂਬਰ ਡਿਫਾਲਟਰ ਹੋ ਸਕਦੇ ਹਨ ਜਿਸ ਨੂੰ ਉਹ ਖਾਦ ਨਹੀਂ ਦਿੰਦੇ । ਲੇਕਿਨ ਜਿਹੜੇ 60% ਤਕ ਹਿਸਾਬ ਚੁਕਾ ਦਿੰਦੇ ਹਨ, ਉਨ੍ਹਾਂ ਨੂੰ ਖਾਦ ਕਰਜ਼ੇ ਤੇ ਦਿਤੀ ਜਾਂਦੀ ਹੈ । ਜੇਕਰ ਇਨ੍ਹਾਂ ਦੇ ਧਿਆਨ ਵਿਚ ਕੋਈ ਸਪੈਸਿਫਿਕ ਕੇਸ ਹੈ ਜਿਸ ਵਿਚ ਬੇ-ਜ਼ਮੀਨੇ ਮਜ਼ਦੂਰ ਨੂੰ ਮੈਂਬਰ ਨਹੀਂ ਬਣਾਇਆ ਗਿਆ, ਇਹ ਮੈਨੂੰ ਦੱਸ ਦੇਣ ਮੈਂ ਇਸ ਨੂੰ ਚੈਕ ਅਪ ਕਰ ਲਵਾਂਗਾ ।

---

## RESUMPTION OF GENERAL DISCUSSION ON THE BUDGET FOR THE YEAR 1976-97

**Mr. Speaker** : Now the House will resume discussion on the Budget for the year 1976-77. Sardar Beant Singh was on his legs when the House adjourned on 2nd February, 1976. He may please resume his speech.

**ਸਰਦਾਰ ਬੇਅੰਤ ਸਿੰਘ** (ਪਾਇਲ) : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਵੈਲਫੇਅਰ ਸਟੇਟ ਦੇ ਵਿਚ ਲੋਕਾਂ ਦੀ ਹੈਲਥ ਜਿਹੜੀ ਹੈ ਇਹ ਬੜੀ ਚੀਜ਼ ਹੁੰਦੀ ਹੈ । ਲੋਕਾਂ ਦੀ ਹੈਲਥ ਬਾਰੇ ਬਹੁਤ ਜ਼ਿਆਦਾ ਖਿਆਲ ਰੱਖਿਆ ਗਿਆ ਹੈ । ਸਪੀਕਰ ਸਾਹਿਬ, ਮੈਂ ਪਹਿਲਾਂ ਇਸ ਸਬੰਧੀ ਕਾਫੀ ਕੁਝ ਕਹਿ ਚੁੱਕਾ ਹਾਂ, ਹੁਣ ਮੈਂ ਸਿਰਫ ਦੋ ਚਾਰ ਗੱਲਾਂ ਹੀ ਕਹਿਣੀਆਂ ਚਾਹੁੰਦਾ ਹਾਂ । ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਤਹਿਸੀਲ ਹੈਡਕੁਆਟਰ ਤੇ 50 ਬੈਡਜ਼ ਹਸਪਤਾਲ ਬਣਨੇ ਹਨ । ਇਹ ਬੜੀ ਅੱਛੀ ਗੱਲ ਹੈ । ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਡੀਕਲ ਐਜੂਕੇਸ਼ਨ ਅਤੇ ਰਿਸਰਚ ਵਾਸਤੇ ਵੱਖਰਾ ਡਾਇਰੈਕਟੋਰੇਟ ਬਣਾਇਆ ਹੈ, ਇਸ ਵਾਸਤੇ ਇਕ ਵੱਖਰਾ ਡਾਇਰੈਕਟਰ ਬਣਾਇਆ ਹੈ, ਇਹ ਬੜਾ ਸ਼ਲਾਘਾਯੋਗ ਕਦਮ ਹੈ । ਇਥੇ ਕਨੇਡੀਅਨ ਸਾਹਿਬ ਨੇ ਦੱਸਿਆ ਸੀ ਕਿ ਟੀ. ਬੀ. ਦੇ ਇੰਸੀਡੈਂਟਸ ਵੱਧ ਰਹੇ ਹਨ । ਹੋਰ ਜਿਹੜੀਆਂ ਬਿਮਾਰੀਆਂ ਹਨ ਜੇ ਉਨ੍ਹਾਂ ਦੀ ਰਿਸਰਚ ਨਹੀਂ ਹੋਵੇਗੀ, ਮੈਡੀਕਲ ਐਜੂਕੇਸ਼ਨ ਨਹੀਂ ਦਿਤੀ ਜਾਵੇਗੀ ਤਾਂ ਇਨ੍ਹਾਂ ਬਿਮਾਰੀਆਂ ਦਾ ਪਤਾ ਨਹੀਂ ਲੱਗ ਸਕੇਗਾ । ਜੇ ਉਨ੍ਹਾਂ ਦੀ ਰਿਸਰਚ ਨਹੀਂ ਹੋਵੇਗੀ ਤਾਂ ਪਤਾ ਨਹੀਂ ਲਗੇਗਾ ਕਿ ਕਿਸ ਤਰੀਕੇ ਨਾਲ ਇਹ ਬਿਮਾਰੀਆਂ ਚਾਲੂ ਹੁੰਦੀਆਂ ਹਨ । ਸੋ ਇਨ੍ਹਾਂ ਦੀ ਰਿਸਰਚ ਵਾਸਤੇ ਇਹ ਜਿਹੜਾ ਕੰਮ ਕੀਤਾ ਗਿਆ ਹੈ ਇਹ ਬੜਾ ਸ਼ਲਾਘਾਯੋਗ ਕਦਮ ਹੈ । ਬਿਮਾਰੀ ਦੀ ਰਿਸਰਚ ਕਰਕੇ ਫਿਰ ਉਸ ਦੀ ਪਰੀਵੈਨਸ਼ਨ ਦਾ ਕੰਮ ਕੀਤਾ ਜਾਵੇਗਾ । ਮੈਂ ਹੈਲਥ ਮਨਿਸਟਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਠਿੰਡਾ ਜ਼ਿਲ੍ਹੇ ਵਿਚ ਜਿਹੜੇ ਡਾਕਟਰ ਹਨ ਜਾਂ ਹੋਰ ਜਿਹੜੇ ਡਿਸਪੈਂਸਰਜ਼ ਹਨ, ਖਾਸ ਕਰਕੇ ਜਿਹੜੇ ਕੁਐਕਸ ਹਨ ਉਨ੍ਹਾਂ ਨੂੰ ਜ਼ਰੂਰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ । ਉਹ ਕਈ ਕਿਸਮ ਦੀਆਂ ਦਵਾਈਆਂ ਵੇਚਦੇ ਹਨ ਜਿਨ੍ਹਾਂ ਵਿਚ ਕਿ ਮਿਲਾਵਟ ਹੁੰਦੀ ਹੈ ਉਹ ਨਸ਼ੇ ਦੀਆਂ ਗੋਲੀਆਂ ਅਤੇ ਕੈਪਸੂਲ ਵੇਚਦੇ ਹਨ । ਉਨ੍ਹਾਂ ਨੂੰ ਫੜਕੇ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ । ਕਈ ਮੁਲਕਾਂ ਵਿਚ ਅਜਿਹੇ ਕੁਐਕਸ ਨੂੰ ਫੜਕੇ ਫਾਂਸੀ ਤੱਕ ਦੀਆਂ ਸਜ਼ਾਵਾਂ ਦਿਤੀਆਂ ਗਈਆਂ ਹਨ ਜਿਨ੍ਹਾਂ ਨੇ ਕਿ ਦਵਾਈਆਂ ਵਿਚ ਮਿਲਾਵਟ ਕੀਤੀ । ਇਹ ਬੜੀ ਸ਼ਰਮਨਾਕ ਗੱਲ ਹੈ ਅਤੇ ਅਖ਼ਬਾਰ ਵਿਚ ਵੀ ਇਹ ਗੱਲ ਆਈ ਸੀ ਕਿ ਮਾਨਸਾ ਸਬ-ਡਵੀਜ਼ਨ ਦੇ 25% ਲੋਕ ਨਸ਼ੇ ਦੀਆਂ ਗੋਲੀਆਂ ਖਾ ਕੇ ਗੁਜ਼ਾਰਾ ਕਰਦੇ ਹਨ । ਇਸ ਗੱਲ ਵਲ ਸਾਡੀ ਸਰਕਾਰ ਨੂੰ ਬੜੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਗੰਭੀਰਤਾ ਨਾਲ ਸੋਚਕੇ ਕਦਮ ਚੁੱਕਣਾ ਚਾਹੀਦਾ ਹੈ । ਇਸੇ ਤਰ੍ਹਾਂ ਹੀ ਸਕੂਲਾਂ ਦੇ ਬੱਚਿਆਂ ਵਿਚ ਟਰੇਕੋਮਾ ਦੀ ਬਿਮਾਰੀ ਬਹੁਤ ਹੁੰਦੀ ਹੈ । ਅੱਖਾਂ ਵਿਚ ਕੁੱਕਰੇ ਪੈ ਜਾਂਦੇ ਹਨ । ਮੈਂ ਕਹਾਂਗਾ ਕਿ ਪ੍ਰਾਇਮਰੀ ਸਕੂਲ ਤੋਂ ਲੈ ਕੇ ਹਾਈ ਸਕੂਲ ਤੱਕ ਜਿਹੜੇ ਬੱਚੇ ਉਹਨਾਂ ਸਕੂਲਾਂ ਵਿਚ ਪੜ੍ਹਦੇ ਹਨ, ਡਾਕਟਰ ਨੂੰ ਹੁਕਮ ਹੋਣਾ ਚਾਹੀਦਾ ਹੈ ਕਿ ਉਹ ਉਨ੍ਹਾਂ ਸਕੂਲਾਂ ਵਿਚ ਹਫ਼ਤੇ ਵਿਚ ਇਕ ਦਿਨ ਜਾ ਕੇ ਉਨ੍ਹਾਂ ਬੱਚਿਆਂ ਦੀਆਂ ਅੱਖਾਂ ਦੇਖਿਆ ਕਰਨ, ਜਾਂ ਉਨ੍ਹਾਂ ਦਾ ਕੋਈ ਅਸਿਸਟੈਂਟ ਜਾ ਕੇ ਦੇਖਿਆ ਕਰੇ । ਇਸ ਸਬੰਧੀ ਜ਼ਰੂਰ ਇੰਤਜ਼ਾਮ ਹੋਣਾ ਚਾਹੀਦਾ ਹੈ । ਜੇ ਬੱਚਿਆਂ ਦੀਆਂ ਅੱਖਾਂ ਖ਼ਰਾਬ ਹੋ ਗਈਆਂ ਤਾਂ ਸਾਰੀ ਨੇਸ਼ਨ ਨੂੰ ਇਸ ਦਾ ਨੁਕਸਾਨ ਹੋਣਾ ਹੈ । ਇਸ ਲਈ ਬੱਚਿਆਂ ਦੀਆਂ ਅੱਖਾਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੇ ਸਬੰਧ ਵਿਚ ਕੁਝ ਕਹਿਣਾ ਚਾਹੁੰਦਾ ਹਾਂ । ਸਾਡੇ ਰਾਜ ਦੀ, ਮੁਲਕ ਦੀ 80% ਆਬਾਦੀ ਐਗਰੀਕਲਚਰ ਤੇ ਡਿਪੈਂਡ ਕਰਦੀ ਹੈ ਅਤੇ ਐਗਰੀਕਲਚਰ ਦੇ ਖ਼ੇਤਰ ਵਿਚ ਅਸੀਂ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ ਅਤੇ ਖੇਤੀਬਾੜੀ ਦੇ ਖੇਤਰ ਵਿਚ ਬੜਾ ਭਾਰੀ ਪਰਿਵਰਤਨ ਆਇਆ ਹੈ । ਕਣਕ ਅਸੀਂ ਦਿੰਦੇ ਹਾਂ, ਮੱਕੀ ਅਸੀਂ ਦਿੰਦੇ ਹਾਂ, ਬਾਜਰਾ ਅਸੀਂ ਦਿੰਦੇ ਹਾਂ ਅਤੇ ਚੌਲ ਅਸੀਂ ਦਿੰਦੇ ਹਾਂ ਲੇਕਿਨ 40% ਲੋਕ ਸਾਡੇ ਦੇਸ਼ ਵਿਚ ਐਸੇ ਹਨ ਜਿਹੜੇ ਕਿ ਪਾਵਰਟੀ ਲਾਇਨ ਤੋਂ ਥੱਲੇ ਹਨ । ਸਾਡੇ ਕੋਲ ਜ਼ਮੀਨ ਬਹੁਤ ਹੈ । ਸਾਡੇ ਪਾਸ ਕੱਲਰ ਵਾਲੀ ਜ਼ਮੀਨ ਵੀ ਬਹੁਤ ਹੈ ਅਤੇ ਉਸ ਨੂੰ ਠੀਕ ਕਰਨ ਵਾਸਤੇ ਪੈਸਾ ਰੱਖਿਆ ਗਿਆ ਹੈ । ਕੱਲਰ ਵਾਲੀ ਜ਼ਮੀਨ ਨੂੰ ਰੀਕਲੇਮੇਸ਼ਨ ਕਰਨ ਵਾਸਤੇ ਸਕੀਮ ਚੱਲ ਰਹੀ ਹੈ, ਇਸ ਸਬੰਧੀ ਕਾਰਪੋਰੇਸ਼ਨ ਬਣਾਉਣ ਲਈ ਸਰਕਾਰ ਨੇ ਮਨਜ਼ੂਰ ਕੀਤੀ ਹੈ । ਉਸ ਵਾਸਤੇ ਸੈਂਟਰ ਸਰਕਾਰ ਨੇ ਪੈਸਾ ਦੇਣਾ ਹੈ । ਜਿੰਨਾ ਚਿਰ ਐਗਰੀਕਲਚਰ ਤਰੱਕੀ ਨਹੀਂ ਕਰਦੀ ਉਤਨਾ ਚਿਰ ਸਾਡਾ ਦੇਸ਼ ਅੱਗੇ ਨਹੀਂ ਜਾ ਸਕਦਾ । ਅਸੀਂ ਕਣਕ ਦਾ ਟੀਚਾ, ਮੱਕੀ ਦਾ ਟੀਚਾ ਵਧਾਇਆ ਹੈ । ਪਰ ਮੱਕੀ ਦਾ ਭਾਅ ਘੱਟ ਗਿਆ ਹੈ ਅਤੇ ਜ਼ਿਮੀਦਾਰਾਂ ਨੂੰ ਮੱਕੀ ਦਾ ਭਾਅ ਘੱਟ ਮਿਲਿਆ ਹੈ । ਮੈਂ ਸਮਝਦਾ ਹਾਂ ਕਿ ਜ਼ਿਮੀਦਾਰਾਂ ਨੂੰ ਮੱਕੀ ਦੀ ਫਸਲ ਵਿਚ ਕੋਈ ਪੈਸਾ ਨਹੀਂ ਬਚਿਆ । ਇਸ ਚੀਜ਼ ਵੱਲ ਦੇਖਣਾ ਪਵੇਗਾ । ਉਨ੍ਹਾਂ ਨੂੰ ਬੋਨਸ ਦੇਣਾ ਪਵੇਗਾ । ਅਸੀਂ ਕਿਸਾਨਾਂ ਨੂੰ ਬੋਨਸ ਦਿਤਾ ਹੈ, ਇਹ ਬੜੀ ਅੱਛੀ ਗੱਲ ਕੀਤੀ ਹੈ ਪਰ ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੇ ਪੂਰੇ ਅਤੇ ਠੀਕ ਭਾਅ ਮਿਲਣੇ ਚਾਹੀਦੇ ਹਨ । ਉਸ ਦੇ ਨਾਲ ਹੀ ਨਾਲ ਇਨਪੁਟਸ, ਖਾਦਾਂ ਦੀ ਕੀਮਤ ਵੱਲ ਵੀ ਧਿਆਨ ਕੀਤਾ ਜਾਣਾ ਚਾਹੀਦਾ ਹੈ । ਠੀਕ ਉਨ੍ਹਾਂ ਦੀਆਂ ਕੀਮਤਾਂ ਵਿਚ ਵੀ ਫਰਕ ਪਿਆ ਹੈ । ਮੈਂ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਕਹਾਂਗਾ ਜਿਸ ਤਰ੍ਹਾਂ ਇਨ੍ਹਾਂ ਨੇ ਕੱਲਰ ਵਾਲੀ ਜ਼ਮੀਨ ਦੀ ਰਿਕਲੇਮੇਸ਼ਨ ਵਾਸਤੇ ਧਿਆਨ ਦਿਤਾ ਹੈ ਇਸ ਪਾਸੇ ਹੋਰ ਜ਼ਿਆਦਾ ਧਿਆਨ ਦਿਤਾ ਜਾਵੇ, ਇਸ ਤਰ੍ਹਾਂ ਉਹ ਕੱਲਰ ਵਾਲੀ ਜ਼ਮੀਨ ਠੀਕ ਹੋਵੇਗੀ । ਫਿਰ ਉਸ ਜ਼ਮੀਨ ਨੂੰ ਇਰੀਗੇਟ ਕਰਕੇ ਉਪਜ ਵਿਚ ਵਾਧਾ ਹੋਵੇਗਾ । ਇਰੀਗੇਸ਼ਨ ਸਬੰਧੀਂ ਕਾਫੀ ਕਦਮ ਚੁੱਕੇ ਗਏ ਹਨ । ਸਿਬੀਆ ਸਾਹਿਬ ਨੇ ਕਿਹਾ ਕਿ ਸ਼ਾਹ ਨਹਿਰ 1978 ਤੱਕ ਤਿਆਰ ਹੋ ਜਾਵੇਗੀ । ਉਹ 1978 ਵਿਚ ਚਾਲੂ ਹੋ ਜਾਵੇਗੀ ਅਤੇ ਇਸ ਤਰ੍ਹਾਂ 65 ਹਜ਼ਾਰ ਏਕੜ ਨੂੰ ਪਾਣੀ ਮਿਲੇਗਾ । ਇਸ ਤਰ੍ਹਾਂ ਹੋਰ ਛੋਟੇ ਛੋਟੇ ਪ੍ਰਾਜੈਕਟ ਬਣਾਉਣੇ ਹਨ, ਪਿੰਡਾਂ ਵਿਚ ਬਿਜਲੀ ਪਹੁੰਚਾਉਣੀ ਹੈ ਅਤੇ ਟਿਊਬਵੈਲ ਲਗਾਏ ਜਾਣੇ ਹਨ, ਇਸ ਤਰ੍ਹਾਂ ਖੇਤੀ ਹੋਰ ਵਧੇਗੀ । ਮੈਂ ਅਰਜ਼ ਕਰਾਂਗਾ ਕਿ ਜ਼ਿਮੀਂਦਾਰਾਂ ਨੂੰ ਕਿਸਾਨਾਂ ਨੂੰ ਰੇਟ ਠੀਕ ਹਿਸਾਬ ਨਾਲ

Original with;
Punjab Vidhan Sabha
Digitized by;
Panjab Digital Library

ਮਿਲਣੇ ਚਾਹੀਦੇ ਹਨ ਜਦ ਕਿ ਹੋਰ ਚੀਜ਼ਾਂ ਉਨ੍ਹਾਂ ਨੂੰ ਬਹੁਤ ਮਹਿੰਗੀਆਂ ਲੈਣੀਆਂ ਪੈਂਦੀਆਂ ਹਨ । ਟਰੈਕਟਰਾਂ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ । ਦੋ ਕਿਸਮ ਦੇ ਟਰੈਕਟਰ ਹਨ ਜਿਨ੍ਹਾਂ ਤੋਂ ਕੰਟਰੋਲ ਚੁੱਕਿਆ ਗਿਆ ਹੈ ਇਕ ਸੀ 335 ਵਿਕਾਸ ਅਤੇ ਦੂਸਰਾ ਮੈਸੀਫਰਗੂਸਨ ਟਰੈਕਟਰ । ਇਨ੍ਹਾਂ ਤੋਂ ਕੰਟਰੋਲ ਚੁੱਕਣ ਤੇ ਇਨ੍ਹਾਂ ਦੀ ਕੀਮਤ 4 ਹਜ਼ਾਰ ਰੁਪਿਆ ਵੱਧ ਗਈ ਹੈ । ਮੈਨੂੰ ਇਹ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਇਕ ਟਰੈਕਟਰ ਦੀ ਕੀਮਤ 63-64 ਹਜ਼ਾਰ ਰੁਪਏ ਹੋਵੇ ਤਾਂ ਜ਼ਿਮੀਦਾਰ ਨੂੰ ਟਰੈਕਟਰ ਲੈਣਾ ਬਹੁਤ ਔਖਾ ਹੈ । ਹਰ ਆਦਮੀ ਆਪਣਾ ਸਟੈਂਡਰਡ ਚੰਗਾ ਰੱਖਣਾ ਚਾਹੁੰਦਾ ਹੈ ਅਤੇ ਬੱਚਿਆਂ ਦੇ ਨਾਲ ਹੀ ਇਹ ਚੀਜ਼ਾਂ ਚੰਗੀਆਂ ਲੱਗਦੀਆਂ ਹਨ । ਹਰ ਜ਼ਿਮੀਦਾਰ, ਕਿਸਾਨ ਅਤੇ ਆਦਮੀ ਚਾਹੁੰਦਾ ਹੈ ਕਿ ਮੈਂ ਆਪਣੇ ਬੱਚਿਆਂ ਨੂੰ ਚੰਗੀ ਐਜੂਕੇਸ਼ਨ ਦੇਵਾਂ ਪਰ ਜੇ ਉਸ ਦੇ ਪੈਸੇ ਖਾਦਾਂ ਅਤੇ ਟਰੈਕਟਰ ਆਦਿ ਜੋ ਕਿ ਇਤਨੇ ਮਹਿੰਗੇ ਹੋ ਗਏ ਹਨ, ਉਨ੍ਹਾਂ ਉਤੇ ਲੱਗ ਜਾਣ ਤਾਂ ਉਹ ਕਿਸ ਤਰ੍ਹਾਂ ਆਪਣੇ ਬੱਚਿਆਂ ਨੂੰ ਚੰਗੀ ਐਜੂਕੇਸ਼ਨ ਦੇ ਸਕਦਾ ਹੈ । ਇਸ ਤਰ੍ਹਾਂ ਉਹ ਆਪਣੇ ਬੱਚਿਆਂ ਨੂੰ ਚੰਗੀ ਐਜੂਕੇਸ਼ਨ ਨਹੀਂ ਦੇ ਸਕਦਾ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਐਗਰੀਕਲਚਰ ਵੱਲ ਸਾਨੂੰ ਠੀਕ ਧਿਆਨ ਦੇਣਾ ਚਾਹੀਦਾ ਹੈ ।

ਪਿੰਡਾਂ ਵਿਚ ਪਬਲਿਕ ਹੈਲਥ ਦਾ ਬੜਾ ਜ਼ਿਕਰ ਕੀਤਾ ਗਿਆ ਹੈ । ਇਥੇ ਮਾਨਯੋਗ ਮੈਂਬਰਜ਼ ਨੇ ਕਿਹਾ ਹੈ ਕਿ ਇਸ ਸਬੰਧੀ ਪਬਲਿਕ ਹੈਲਥ ਡਿਪਾਰਟਮੈਂਟ ਕੰਮ ਕਰਦਾ ਹੈ । ਸ਼ਹਿਰਾਂ ਵਿਚ ਸੀਵਰੇਜ ਦਾ ਕੰਮ ਜਦ ਹੋ ਰਿਹਾ ਹੈ ਤਾਂ ਮੈਂ ਸਮਝਦਾ ਹਾਂ ਕਿ ਸੀਵਰੇਜ ਦਾ ਕੰਮ ਪਿੰਡਾਂ ਵਿਚ ਕਿਉਂ ਨਾ ਹੋਵੇ । ਪਿੰਡਾਂ ਵਿਚ 80% ਆਬਾਦੀ ਵਸਦੀ ਹੈ । ਪਿੰਡਾਂ ਦੀਆਂ ਸੜਕਾਂ ਅਤੇ ਨਾਲੀਆਂ ਪੱਕੀਆਂ ਹੋਣ । ਉਨ੍ਹਾਂ ਦਾ ਤਾਂ ਸਿਰਫ ਮੂੰਹ ਹੀ ਪੂੰਝਿਆ ਜਾ ਰਿਹਾ ਹੈ, ਮੈਂ ਕਹਾਂਗਾ ਕਿ ਪਬਲਿਕ ਹੈਲਥ ਡਿਪਾਰਟਮੈਂਟ ਨੂੰ ਪਿੰਡਾਂ ਵਿਚ ਐਕਸਟੈਂਡ ਕਰੋ, ਪਿੰਡਾਂ ਵੱਲ ਖਾਸ ਧਿਆਨ ਦਿਓ । ਪਬਲਿਕ ਹੈਲਥ ਡਿਪਾਰਟਮੈਂਟ ਪਿੰਡਾਂ ਵਿਚ ਸਕੀਮਾਂ ਚਲਾਵੇ । ਪਿੰਡਾਂ ਵਿਚ ਸੀਵਰੇਜ ਸਿਸਟਮ ਹੋਣਾ ਚਾਹੀਦਾ ਹੈ । ਇਹ ਸ਼ਲਾਘਾਯੋਗ ਗੱਲ ਹੈ ਕਿ ਇਨ੍ਹਾਂ ਨੇ 31 ਸੌ ਪਿੰਡ ਐਸੇ ਲਏ ਹਨ ਜਿਥੇ ਇਹ ਕੰਮ ਕਰਨੇ ਹਨ । 1974-75 ਵਿਚ ਇਸ ਕੰਮ ਲਈ 16.57 ਕਰੋੜ ਰੁਪਿਆ ਰੱਖਿਆ ਸੀ, 1975-76 ਵਿਚ 63 ਕਰੋੜ ਰੁਪਿਆ ਇਸ ਕੰਮ ਵਾਸਤੇ ਰੱਖਿਆ ਸੀ ਹੁਣ ਇਸ ਤੋਂ ਜ਼ਿਆਦਾ ਰੁਪਿਆ ਰੱਖਿਆ ਹੈ । ਇਹ 31 ਸੌ ਪਿੰਡ ਐਸੇ ਸਨ ਜਿਥੇ ਪਾਣੀ ਨਹੀਂ ਸੀ ਮਿਲਦਾ ਅਤੇ ਬੜੇ ਅਫਸੋਸ ਦੀ ਗੱਲ ਸੀ ਕਿ ਉਥੋਂ ਦੇ ਲੋਕ ਡਿੱਘੀਆਂ (ਛੱਪੜਾਂ) ਦਾ ਪਾਣੀ ਪੀਂਦੇ ਸਨ । ਸਾਡੀ ਸਰਕਾਰ ਨੇ ਉਨ੍ਹਾਂ ਵਾਸਤੇ ਪਾਣੀ ਦਾ ਪ੍ਰਬੰਧ ਕੀਤਾ ਹੈ, ਇਹ ਸਾਡੀ ਸਰਕਾਰ ਨੂੰ ਕਰੈਡਿਟ ਜਾਂਦਾ ਹੈ । ਪਿੰਡਾਂ ਵਿਚ ਟਿਊਬਵੈਲ ਲੱਗ ਰਹੇ ਹਨ ਸੜਕਾਂ ਬਣ ਰਹੀਆਂ ਹਨ ਅਤੇ ਬਣੀਆਂ ਹਨ ਅਤੇ ਇਸ ਤਰ੍ਹਾਂ ਲੋਕਾਂ ਵਿਚ ਲਹਿਰ ਆਈ ਹੈ । ਜਿਹੜੇ ਦੇਸ਼ ਵਿਚ ਪਾਣੀ ਪੀਣ ਲਈ ਨਹੀਂ ਮਿਲਦਾ ਉਥੇ ਖੇਤੀ ਕਿਸ ਤਰ੍ਹਾਂ ਹੋ ਸਕਦੀ ਹੈ ? ਅਗਰ ਕੋਈ ਨੇਸ਼ਨ ਜਾਂ ਦੇਸ਼ ਜਾਂ ਸਰਕਾਰ ਲੋਕਾਂ ਨੂੰ ਪਾਣੀ ਨਹੀਂ ਪਿਲਾ ਸਕਦੀ ਤਾਂ ਇਸ ਨਾਲੋਂ ਹੋਰ ਮਾੜੀ ਗੱਲ ਕੀ ਹੋ ਸਕਦੀ ਹੈ ।

9.46 ਸਵੇਰ

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

Original with:
Punjab Vidhan Sabha
Digitized by:
Panjab Digital Library

[ਸਰਦਾਰ ਬੇਅੰਤ ਸਿੰਘ]

ਇਹ ਜੋ ਸਰਕਾਰ ਦੇ ਪਬਲਿਕ ਹੈਲਥ ਡਿਪਾਰਟਮੈਂਟ ਨੇ ਲੋਕਾਂ ਵਾਸਤੇ ਗੱਲ ਕੀਤੀ ਹੈ, ਇਹ ਬੜੀ ਅੱਛੀ ਗੱਲ ਹੈ। ਐਸਾ ਪ੍ਰਬੰਧ ਹੋ ਜਾਵੇ ਕਿ ਲੋਕਾਂ ਨੂੰ ਪਾਣੀ ਟੂਟੀਆਂ ਰਾਹੀਂ ਮਿਲ ਸਕੇ, ਇਹ ਬੜਾ ਅੱਛਾ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਕੇ ਖ਼ਤਮ ਕਰਾਂਗਾ। ਪਬਲਿਕ ਹੈਲਥ ਡਿਪਾਰਟਮੈਂਟ ਨੂੰ ਸਾਡੇ ਪਿੰਡਾਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਪਿੰਡਾਂ ਵਿਚ ਪੰਚਾਇਤਾਂ ਨੇ ਬੜਾ ਅੱਛਾ ਕੰਮ ਕੀਤਾ ਹੈ। ਇਹ ਸਾਰਾ ਕੰਮ ਰੰਧਾਵਾ ਜੀ ਦੀ ਸਰਪਰੱਸਤੀ ਹੇਠ ਹੋਇਆ ਹੈ। ਪੰਚਾਇਤਾਂ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਬਰਥ ਕੰਟਰੋਲ ਦਾ ਕੰਮ ਚਲ ਰਿਹਾ ਹੈ। ਸਾਡੇ ਹੈਲਥ ਮਨਿਸਟਰ ਨੇ ਇਸ ਦਾ ਉਦਘਾਟਨ ਕੀਤਾ ਹੈ ਅਤੇ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪੰਚਾਇਤਾਂ ਨੂੰ ਇਸ ਦੇ ਵਿਚ ਨੁਮਾਇਆਂ ਹਿੱਸਾ ਪਾਉਣਾ ਚਾਹੀਦਾ ਹੈ। ਪੰਚਾਇਤਾਂ ਹੀ ਪਿੰਡਾਂ ਨੂੰ ਕੰਟਰੋਲ ਕਰਦੀਆਂ ਹਨ। ਜੇ ਪਿੰਡਾਂ ਦੇ ਲੋਕ ਇਸ ਪਾਸੇ ਨੂੰ ਧਿਆਨ ਦੇਣ ਤਾਂ ਬਰਥ ਕੰਟਰੋਲ ਤੇ ਕਾਫੀ ਕਾਬੂ ਪਾਇਆ ਜਾ ਸਕਦਾ ਹੈ। ਸਾਡੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿ ਹਰੀਜਨਾਂ ਦੀ ਆਬਾਦੀ 26% ਵਧੀ ਹੈ ਜਦ ਕਿ ਸਾਡੀ 22% ਵੱਧੀ ਹੈ। ਇਹ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਮਖੌਲ ਵਿਚ ਗੱਲ ਕਹੀ ਹੈ। ਪਰ ਇਹ ਬੜੀ ਸੋਚਣ ਵਾਲੀ ਗੱਲ ਹੈ। ਇਹ ਬੜਾ ਡੂੰਘਾ ਮਸਲਾ ਹੈ। ਗਰੀਬ ਲੋਕ ਮਹਿਸੂਸ ਕਰਦੇ ਹਨ ਕਿ ਲੜਕੇ ਜ਼ਿਆਦਾ ਹੋਣਗੇ ਤਾਂ ਉਹ ਦਿਹਾੜੀ ਜ਼ਿਆਦਾ ਕਰਨਗੇ ਅਤੇ ਜ਼ਿਆਦਾ ਪੈਸੇ ਲਿਆਉਣਗੇ। ਇਸ ਲਈ ਜਿਹੜੇ ਗਰੀਬ ਲੋਕ ਹਨ ਉਹ ਬੱਚੇ ਜ਼ਿਆਦਾ ਪੈਦਾ ਕਰਦੇ ਹਨ। ਪਰ ਜਿਨ੍ਹਾਂ ਕੋਲ ਪ੍ਰਾਪਰਟੀ ਜ਼ਿਆਦਾ ਹੈ ਜਾਂ ਜਿਹੜੇ ਤਕੜੇ ਲੋਕ ਹਨ ਉਹ ਘੱਟ ਬੱਚੇ ਪੈਦਾ ਕਰਨਾ ਚਾਹੁੰਦੇ ਹਨ ਅਤੇ ਜਿਨ੍ਹਾਂ ਕੋਲ ਪ੍ਰਾਪਰਟੀ ਨਹੀਂ ਹੈ ਉਹ ਬੱਚੇ ਜ਼ਿਆਦਾ ਪੈਦਾ ਕਰਨਾ ਚਾਹੁੰਦੇ ਹਨ। ਸੋ ਇਹ ਗੱਲ ਬੜੀ ਸੋਚਣ ਵਾਲੀ ਹੈ ਅਤੇ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ। ਕੇਂਦਰ ਦੇ ਹੈਲਥ ਮਨਿਸਟਰ ਡਾਕਟਰ ਕਰਨ ਸਿੰਘ ਨੇ ਕਿਹਾ ਸੀ ਕਿ ਫੈਮਿਲੀ ਪਲਾਨਿੰਗ ਵਾਸਤੇ ਸਟਰਿੰਜੈਂਟ ਮਈਅਰਜ਼ ਲਵਾਂਗੇ ਅਤੇ ਸਟਰਿੰਜੈਂਟ ਮਈਜਰਜ਼ ਲੈਣੇ ਜ਼ਰੂਰੀ ਹਨ, ਤਾਂ ਹੀ ਇਹ ਜਿਹੜੀ ਆਬਾਦੀ ਵੱਧ ਰਹੀ ਹੈ, ਪਾਪੂਲੇਸ਼ਨ ਵੱਧ ਰਹੀ ਹੈ ਇਸ ਤੇ ਕਾਬੂ ਪਾਵਾਂਗੇ। ਜਿਹੜੀ ਐਨੀਂ ਅਸੀਂ ਮੱਕੀ ਪੈਦਾ ਕਰ ਰਹੇ ਹਾਂ, ਚਾਵਲ ਪੈਦਾ ਕਰ ਰਹੇ ਹਾਂ ਅਤੇ ਕਣਕ ਪੈਦਾ ਹੋ ਰਹੀ ਹੈ ਇਨ੍ਹਾਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਜੇਕਰ ਅਸੀਂ ਪਾਪੂਲੇਸ਼ਨ ਕੰਟਰੋਲ ਨਹੀਂ ਕਰਦੇ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਵਲ ਜੋ ਸਰਕਾਰ ਨੇ ਮਈਅਰਜ਼ ਲਏ ਹਨ ਉਹ ਠੀਕ ਹਨ ਪਰ ਹੋਰ ਮਈਯਰਜ਼ ਲੈਣ ਦੀ ਲੋੜ ਹੈ ਜੋ ਕਿ ਲੈਣੇ ਚਾਹੀਦੇ ਹਨ। ਜਿਹੜਾ ਮੁਲਾਜ਼ਮਾਂ ਨੂੰ ਕਿਹਾ ਗਿਆ ਹੈ ਕਿ ਜ਼ਿਆਦਾ ਬੱਚੇ ਪੈਦਾ ਨਾ ਕਰੋ, ਇਹ ਗਲ ਇਥੇ ਹੀ ਮੁਕਣ ਵਾਲੀ ਨਹੀਂ ਹੈ। ਮੈਂ ਸਮਝਦਾ ਹਾਂ ਕਿ ਚੰਗੀ ਤਰ੍ਹਾਂ ਨਾਲ ਇਸ ਮੱਸਲੇ ਨੂੰ ਨਜਿਠਣਾ ਚਾਹੀਦਾ ਹੈ।

ਟਰਾਂਸਪੋਰਟ ਦੇ ਮਾਮਲੇ ਬਾਰੇ ਹੁਣ ਮੈਂ ਅਰਜ਼ ਕਰਨਾ ਚਾਹੁੰਦਾ ਹਾਂ। ਜਿਥੇ ਸੜਕਾਂ ਵੱਧੀਆਂ ਹਨ ਉਥੇ ਸੜਕਾਂ ਦੇ ਨਾਲ ਟਰਾਂਸਪੋਰਟ ਵੀ ਵੱਧੀ ਹੈ। ਹਰ ਆਦਮੀ ਨੇ ਹਰ ਪਿੰਡ ਨੇ ਇਹ ਚਾਹਿਆ ਹੈ ਕਿ ਜੇ ਸੜਕ ਉਥ ਗਈ ਹੈ ਤਾਂ ਉਥੇ ਮੋਟਰ ਵੀ ਜਾਵੇ। ਮੋਟਰਾਂ ਬਹੁਤ ਵੱਧੀਆਂ ਹਨ ਇਸ ਵਿਚ ਕੋਈ ਸ਼ੱਕ ਵਾਲੀ ਗਲ ਨਹੀਂ ਹੈ। ਇਸ ਗਲ ਲਈ ਮੈਂ ਸਰਕਾਰ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਪਰ ਜਿਥੇ ਪੈਟਰੋਲ ਦੀ ਕੀਮਤ ਵਿਚ

Original with;
Punjab Vidhan Sabha
Digitized by;
Panjab Digital Library

ਵਾਧਾ ਹੋਇਆ ਹੈ, ਹੋਰ ਟਰਾਂਸਪੋਰਟ ਨਾਲ ਸਬੰਧ ਰਖਣ ਵਾਲੀਆਂ ਚੀਜ਼ਾਂ ਵਿਚ ਵਾਧਾ ਹੋਇਆ ਹੈ ਉਥੇ ਕਰਾਏ ਵਿਚ ਸਾਡੀ ਸਰਕਾਰ ਨੇ ਕੋਈ ਵਾਧਾ ਨਹੀਂ ਕੀਤਾ ਹੈ । (ਵਿਘਨ)

ਕੰਪਲਸਰੀ ਰਿਟਾਇਰਮੈਂਟ ਦੇ ਸਿਲਸਿਲੇ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਥੇ ਇੱਕ ਮੈਂਬਰ ਸਾਹਿਬ ਬੋਲਦਿਆਂ ਇਸ ਬਾਰੇ ਕੁਝ ਕਹਿ ਰਹੇ ਸਨ । ਮੈਂ ਉਨ੍ਹਾਂ ਨੂੰ ਇੰਟਰਪਟ ਕਰਨਾ ਠੀਕ ਨਹੀਂ ਸਮਝਿਆ । ਕਈ ਅਫਸਰਾਂ ਨੂੰ ਜਬਰੀ ਰਿਟਾਇਰ ਕੀਤਾ ਗਿਆ ਹੈ । ਜਨਰਲ ਮੈਨੇਜਰ ਨੂੰ ਕੰਪਲਸਰਲੀ ਰਿਟਾਇਰ ਕੀਤਾ ਗਿਆ ਹੈ । ਹੁਸ਼ਿਆਰਪੁਰ ਦੇ ਜਨਰਲ ਮੈਨੇਜਰ ਨੂੰ ਰਿਵਰਟ ਕੀਤਾ ਗਿਆ ਹੈ । ਲੁਧਿਆਣੇ ਦਾ ਅੱਡਾ ਅੱਛਾ ਬਣਾਇਆ ਗਿਆ ਹੈ । ਮੈਂ ਇਹ ਕਹਾਂਗਾ ਕਿ ਅੱਡਿਆਂ ਦੀ ਕਲੀਨਲੀਨੈਸ ਵਲ ਵੀ ਸਾਡਾ ਧਿਆਨ ਹੋਣਾ ਚਾਹੀਦਾ ਹੈ । ਚੰਗੇ ਅੱਛੇ ਅਤੇ ਚੰਗੇ ਸ਼ੈਡਜ਼ ਜੇ ਨਹੀਂ ਬਨਾਣਗੇ ਤਾਂ ਲੋਕਾਂ ਨੂੰ ਤਕਲੀਫ ਹੋਵੇਗੀ । ਹਰਿਆਣੇ ਵਿਚ ਕਿਸੇ ਵੀ ਅੱਡੇ ਤੇ ਚਲੇ ਜਾਵੋ ਉਥੇ ਹੋਟਲਾਂ, ਰੈਸਟੋਰੈਂਟਾਂ ਅਤੇ ਹੋਰ ਅਜਿਹੀਆਂ ਚੀਜ਼ਾਂ ਦਾ ਅੱਛਾ ਪਰਬੰਧ ਕੀਤਾ ਹੋਇਆ ਹੈ । ਇਸ ਲਈ ਮੈਂ ਇਹ ਕਹਾਂਗਾ ਕਿ ਸਾਡੇ ਵੀ ਬੱਸ ਅੱਡਿਆਂ ਤੇ ਸਰਕਾਰ ਵਲੋਂ ਹੋਟਲ ਖੋਲ੍ਹਣੇ ਚਾਹੀਦੇ ਹਨ ਅਤੇ ਜਿਹੜੇ ਇਸ ਵੇਲੇ ਉਥੇ ਢਾਬੇ ਵਾਲੇ ਜਾਂ ਹੋਟਲ ਵਾਲੇ ਪ੍ਰਾਈਵੇਟ ਤੌਰ ਤੇ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਉਥੋਂ ਹਟਾਕੇ ਕਿਤੇ ਹੋਰ ਥਾਂ ਕੰਮ ਕਰਨ ਲਈ ਦੇਣੀ ਚਾਹੀਦੀ ਹੈ ਤੇ ਬਸ ਅੱਡਿਆਂ ਤੇ ਜੋ ਹੋਟਲਾਂ ਆਦਿ ਦਾ ਪਰਬੰਧ ਹੋਵੇ ਉਹ ਸਰਕਾਰ ਵਲੋਂ ਹੋਣਾ ਚਾਹੀਦਾ ਹੈ । ਜੇ ਉਥੇ ਅੱਡਿਆਂ ਤੇ ਸਰਕਾਰ ਵਲੋਂ ਸਾਰਾ ਕੰਮ ਕਾਜ ਚਲਾਇਆ ਜਾਵੇਗਾ ਤਾਂ ਇਹ ਬੜਾ ਸ਼ਲਾਘਾਯੋਗ ਕੰਮ ਹੋਵੇਗਾ ।

ਡਿਪਟੀ ਸਪੀਕਰ ਸਾਹਿਬ, ਗੰਨੇ ਦੀ ਕੀਮਤ ਬਾਰੇ ਬੜਾ ਅੱਛਾ ਕੰਮ ਕੀਤਾ ਹੈ । ਫਸਲ ਤੇ ਦਵਾਈਆਂ ਛਿੜਕਣ ਵਾਸਤੇ ਦਿੱਤੀਆਂ ਹਨ । 50% ਸ਼ੂਗਰ ਮਿੱਲਾਂ ਵਲੋਂ ਅਤੇ ਬਾਕੀ ਦੀਆਂ 50% ਸਰਕਾਰ ਖਦ ਇਹ ਕੰਮ ਕਰਦੀ ਹੈ । ਪਿਛੇ ਜਿਹੇ ਗਿਆਨੀ ਜੀ ਦੀ ਪਰਧਾਨਗੀ ਹੇਠ ਇੱਕ ਮੀਟਿੰਗ ਹੋਈ ਜਿਸ ਵਿਚ 14.35 ਰੁਪਏ ਗੰਨੇ ਦੀ ਕੀਮਤ ਰਖੀ ਗਈ ਸੀ ਪਰ ਧੂਰੀ ਐਰ ਫਗਵਾੜਾ ਦੀਆਂ ਮਿੱਲਾਂ ਇਹ ਕੀਮਤ ਦੇਣ ਤੋਂ ਇਨਕਾਰ ਕਰਦੀਆਂ ਹਨ । ਇਹ ਮਿੱਲਾਂ 14.35 ਰੁਪਏ ਗੰਨੇ ਦੀ ਕੀਮਤ ਨਹੀਂ ਦਿੰਦੀਆਂ ਹਨ । ਇਹ ਜਾ ਕੇ ਨਵਾਂ ਸ਼ਹਿਰ ਗੰਨਾ ਵਿਕਦਾ ਹੈ । ਪਰਸੋਂ ਦੀ ਗੱਲ ਹੈ ਕਿ ਉਨ੍ਹਾਂ ਮਿਲਾਂ ਨੇ 9.45 ਰੁਪਏ ਦੇ ਹਿਸਾਬ ਨਾਲ ਇਸ ਦੀ ਕੀਮਤ ਦਿੱਤੀ ਹੈ । ਕਿਤੇ ਵੀ ਫੇਵਰੇਟਿਜ਼ਿਮ ਨਹੀਂ ਹੋਣਾ ਚਾਹੀਦਾ ਕਈ ਵਾਰੀ ਰੈਡ ਟੈਪਿਜ਼ਿਮ ਵੀ ਖਰਾਬ ਕਰਦਾ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ ਖਾਸ ਕਰਕੇ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ । ਇਨ੍ਹਾਂ ਨੂੰ ਮਿਲਾਂ ਵਾਲਿਆਂ ਨੂੰ ਝੰਝੋੜਨਾ ਚਾਹੀਦਾ ਹੈ । ਇਸ ਨਾਲ ਜ਼ਿਮੀਂਦਾਰਾਂ ਵਿਚ ਬੇਚੈਨੀ ਹੋ ਰਹੀ ਹੈ ਅਤੇ ਇਹ ਕੋਈ ਚੰਗੀ ਗਲ ਨਹੀਂ ਹੈ ।

ਡਿਪਟੀ ਸਪੀਕਰ ਸਾਹਿਬ, ਜਨਰਲ ਐਡਮਨਿਸਟ੍ਰੇਸ਼ਨ ਐਮਰਜੈਂਸੀ ਲਗਣ ਤੋਂ ਬਾਅਦ ਬੜੀ ਅੱਛੀ ਤਰ੍ਹਾਂ ਨਾਲ ਚਲ ਰਹੀ ਹੈ । ਸਰਕਾਰ ਦੀ ਮਸ਼ੀਨਰੀ ਚੰਗੀ ਤਰ੍ਹਾਂ ਨਾਲ ਕੰਮ ਕਰ ਰਹੀ ਹੈ । ਇਹ ਜਿਹੜਾ ਕੰਪਲਸਰੀ ਰਿਟਾਇਰਮੈਂਟ ਵਾਲਾ ਕੰਮ ਹੈ ਕਿ 50 ਸਾਲ ਦੀ ਉਮਰ ਜਾਂ 25 ਸਾਲ ਦੀ ਸਰਵਿਸ ਵਾਲਾ ਕੰਪਲਸਰੀ ਰਿਟਾਇਰ ਹੋ ਸਕਦਾ ਹੈ, ਇਹ ਗੱਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਇਥੇ ਹੀ ਨਹੀਂ ਮੁਕ ਜਾਣੀ ਚਾਹੀਦੀ। ਮੈਂ ਤਾਂ ਇਹ ਕਹਾਂਗਾ ਕਿ ਜਿਹੜੇ ਅਫਸਰ ਚੰਗਾ ਕੰਮ ਨਹੀਂ ਕਰਦੇ ਅਤੇ ਕੁਰੱਪਟ ਹਨ ਉਨ੍ਹਾਂ ਦੀ ਉਮਰ ਚਾਹੇ ਘੱਟ ਹੀ ਹੋਵੇ ਅਤੇ ਸਰਵਿਸ ਵੀ ਘੱਟ ਹੀ ਹੋਵੇ ਉਨ੍ਹਾਂ ਨੂੰ ਵੀ ਕੰਪਲਸਰੀ ਰਿਟਾਇਰ ਕਰ ਦੇਣਾ ਚਾਹੀਦਾ ਹੈ। ਸਾਡੇ ਚੀਫ ਮਨਿਸਟਰ ਸਾਹਿਬ ਦੀ ਇਸ ਨਾਲ ਬੜੀ ਵਾਹ ਵਾਹ ਹੋ ਰਹੀ ਹੈ ਜੋ ਇਨ੍ਹਾਂ ਦੀ ਸਰਕਾਰ ਇਸ ਵੇਲੇ ਕੰਮ ਕਰ ਰਹੀ ਹੈ। ਪਰ ਜਿਹੜੇ ਹੋਰ ਵੀ ਕੁਰੱਪਟ ਅਫਸਰ ਹਨ ਅਤੇ 25 ਸਾਲ ਜਾਂ 50 ਸਾਲ ਦੀ ਕੈਟੇਗਰੀ ਵਿਚ ਨਹੀਂ ਆਉਂਦੇ ਉਨ੍ਹਾਂ ਨੂੰ ਵੀ ਹੱਥ ਪਾਉਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰਾਂ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਕੁਰੱਪਟ ਬੰਦਿਆਂ ਨੂੰ ਉਹ ਆਨ ਦੀ ਸਪਾਟ ਹੀ ਹੱਥ ਪਾ ਸਕਣ ਅਤੇ ਉਨ੍ਹਾਂ ਨੂੰ ਸਜ਼ਾ ਦੇ ਸਕਣ। ਜਿਹੜੇ ਛੋਟੀ ਉਮਰ ਦੇ ਅਫਸਰ ਫੜੇ ਜਾਂਦੇ ਹਨ ਮੈਂ ਤਾਂ ਇਹ ਵੀ ਕਹਾਂਗਾ ਕਿ ਅਜਿਹੇ ਅਫਸਰਾਂ ਨੂੰ ਕਾਲੇ ਬਿੱਲੇ ਲਗਾਉਣੇ ਚਾਹੀਦੇ ਹਨ ਕਿ ਲੋਕਾਂ ਨੂੰ ਪਤਾ ਲਗ ਸਕੇ ਕਿ ਕਾਲੇ ਬਿੱਲੇ ਲਗਾਉਣ ਵਾਲੇ ਬੰਦੇ ਕੁਰੱਪਟ ਹਨ। ਉਨ੍ਹਾਂ ਨੂੰ ਖੱਜਲ ਖੁਆਰ ਕਰਨਾ ਚਾਹੀਦਾ ਹੈ। ਕੁਰੱਪਸ਼ਨ ਸਾਡੇ ਮਹਿਕਮਿਆਂ ਵਿਚੋਂ ਪੂਰੀ ਤਰ੍ਹਾਂ ਨਹੀਂ ਨਿਕਲੀ ਜਿਸ ਤਰ੍ਹਾਂ ਕਿ ਬਲੈਕ ਮਾਰਕਿਟ ਇਥੋਂ ਨਿਕਲੀ ਹੈ। ਕੀਮਤਾਂ ਤੇ ਕੰਟ੍ਰੋਲ ਹੋਇਆ ਹੈ ਪਰ ਕੁਰੱਪਸ਼ਨ ਤੇ ਕੰਟਰੋਲ ਨਹੀਂ ਹੋਇਆ ਸਾਡੀ ਮਨਿਸਟਰੀ ਨੂੰ, ਲੈਜਿਸਲੇਟਰਾਂ ਨੂੰ ਅਤੇ ਚੰਗੇ ਅਫਸਰਾਂ ਨੂੰ ਸਾਰਿਆਂ ਨੂੰ ਮਿਲ ਕੇ ਕੁਰੱਪਸ਼ਨ ਨੂੰ ਰੋਕਣਾ ਚਾਹੀਦਾ ਹੈ। ਕੁਰੱਪਸ਼ਨ ਉਦੋਂ ਰੋਕੀ ਜਾ ਸਕਦੀ ਹੈ ਜਦੋਂ ਕਿ ਬੜੀ ਭਾਰੀ ਸਜਾਵਾਂ ਦਿੱਤੀਆਂ ਜਾ ਸਕਣ ਅਤੇ ਉਨ੍ਹਾਂ ਨੂੰ ਹਿਊਮੀਲੇਟ ਕੀਤਾ ਜਾਵੇ। ਟ੍ਰੇਨਿੰਗ ਸਕੂਲਾਂ ਵਿਚ ਇਨ੍ਹਾਂ ਨੂੰ ਟ੍ਰੇਨਿੰਗ ਵੀ ਦੇਣੀ ਚਾਹੀਦੀ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਕੰਮ ਨੂੰ ਠੀਕ ਤਰ੍ਹਾਂ ਨਾਲ ਚਲਾਉਣਾ ਹੈ ਤਾਂ ਸਜ਼ਾਵਾਂ ਸਾਨੂੰ ਦੇਣੀਆਂ ਪੈਣਗੀਆਂ। ਅੱਗੇ ਵੀ ਸਜ਼ਾਵਾਂ ਕਰਕੇ ਲੋਕ ਠੀਕ ਰਾਹ ਤੇ ਆਏ ਹਨ ਅਤੇ ਰਹਿੰਦੀ ਕੁਰੱਪਸ਼ਨ ਨੂੰ ਠੀਕ ਕਰਨ ਲਈ ਵੀ ਹੋਰ ਬੰਦਿਆਂ ਨੂੰ ਸਜ਼ਾਵਾਂ ਦੇਣੀਆਂ ਪੈਣਗੀਆਂ। ਇਹ ਗਲ ਵੀ ਦਿਲ ਵਿਚ ਆਉਂਦੀ ਹੈ ਕਿ ਐਡਮਨਿਸਟ੍ਰੇਸ਼ਨ ਬੜੀ ਹੈਵੀ ਹੋ ਗਈ ਹੈ। ਲੇਕਿਨ ਇਹ ਹੈਵੀ ਐਡਮਨਿਸਟ੍ਰੇਸ਼ਨ ਕਰਨੀ ਪੈਂਦੀ ਹੈ। ਇਹਦੇ ਬਗੈਰ ਗੁਜ਼ਾਰਾ ਵੀ ਨਹੀਂ ਹੈ। ਅਗਰ ਕੁਰੱਪਟ ਆਦਮੀਆਂ ਨੂੰ ਕਢ ਦਿੱਤਾ ਜਾਵੇ ਤਾਂ ਇਸ ਨਾਲ ਅਨ-ਐਂਪਲਾਇਮੈਂਟ ਵੀ ਦੂਰ ਹੁੰਦੀ ਹੈ। ਐਮਰਜੈਂਸੀ ਤੋਂ ਬਾਅਦ ਜੋ ਵੀ ਸਟੈਪਸ ਸਾਡੀ ਸਰਕਾਰ ਨੇ ਚੁੱਕੇ ਹਨ, ਉਹ ਸਾਰੇ ਹੀ ਸ਼ਲਾਘਾਯੋਗ ਹਨ। ਜਨਤਾ ਇਨ੍ਹਾਂ ਕੰਮਾਂ ਦੀ ਸ਼ਲਾਘਾ ਕਰਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ।

**ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ (ਸਰਦਾਰ ਬਲਬੀਰ ਸਿੰਘ) :** ਮਾਨਯੋਗ ਮੈਂਬਰ ਸਰਦਾਰ ਬੇਅੰਤ ਸਿੰਘ ਜੀ ਨੇ ਦੋ ਮਹੱਤਵਪੂਰਨ ਮਸਲਿਆਂ ਬਾਰੇ ਕਿਹਾ ਹੈ। ਇਕ ਤਾਂ ਉਨ੍ਹਾਂ ਨੇ ਇਸ ਗਲ ਦਾ ਜ਼ਿਕਰ ਕੀਤਾ ਹੈ ਕਿ ਪੰਜਾਬ ਦੇ ਮਾਲਵੇ ਏਰੀਏ ਵਿਚ ਨੌਜਵਾਨਾਂ ਨੂੰ ਨਸ਼ੀਲੀਆਂ ਗੋਲੀਆਂ ਖਾਣ ਦੀ ਆਦਤ ਹੈ ਅਤੇ ਇਹ ਆਦਤ ਵੱਧ ਰਹੀ ਹੈ। ਇਸ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਹਿਬਾਨ ਨੂੰ ਅਤੇ ਹਾਊਸ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਸਾਰੇ ਭਾਰਤਵਰਸ਼ ਵਿਚੋਂ ਪਹਿਲਾਂ ਇਹ ਫੈਸਲਾ ਕੀਤਾ ਹੈ ਕਿ ਇਸ ਤੇ ਕੋਈ ਪਾਬੰਧੀ ਲਗਾਈ ਜਾਵੇ। ਪਹਿਲਾਂ ਨਸ਼ੀਲੀਆਂ ਗੋਲੀਆਂ ਜੋ ਕੈਮਿਸਟ ਰਖਦੇ ਸਨ ਜਾਂ ਹੋਰ ਵੀ ਕੋਈ ਰਖਦਾ ਸੀ ਤਾਂ ਇਸ ਤੇ ਅੱਗੇ ਕੋਈ ਪਾਬੰਧੀ ਨਹੀਂ ਸੀ ਕੋਈ ਡਾਕਟਰ ਜਿੰਨੀ ਮਰਜ਼ੀ ਕਿਸੇ ਮਰੀਜ਼ ਨੂੰ ਇਹ ਪ੍ਰੈਸਕਰਾਈਬ ਕਰ

Original with;
Punjab Vidhan Sabha
Digitized by;
Panjab Digital Library

ਦਿੰਦਾ ਸੀ ਪਰ ਹੁਣ ਇਸ ਬਾਰੇ ਅਸੀਂ ਇੱਕ ਨੋਟੀਫੀਕੇਸ਼ਨ ਜਾਰੀ ਕੀਤਾ ਹੈ ਇਸ ਨਾਲ ਉਨ੍ਹਾਂ ਤੇ ਪਾਬੰਦੀ ਲਗ ਗਈ ਹੈ। ਦੂਜੇ ਮੈਂ ਸਹਿਮਤ ਹਾਂ ਕਿ 20,000 ਦੇ ਕਰੀਬ ਵੈਦ ਰਜਿਸਟਰ ਕੀਤੇ ਹੋਏ ਹਨ। ਉਹ ਅੰਗਰੇਜ਼ੀ ਦਵਾਈ ਦੀ ਵਰਤੋਂ ਕਰਦੇ ਹਨ ਅਤੇ ਜੇ ਮੈਂ ਇਹ ਕਹਾਂ ਕਿ ਉਹ ਉਸਦੀ ਦੁਰਵਰਤੋਂ ਕਰਦੇ ਹਨ ਤਾਂ ਇਹ ਵੀ ਗਲਤ ਨਹੀਂ ਹੋਵੇਗਾ। ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸਬੰਧ ਵਿਚ ਅਸੀਂ ਕਮੇਟੀ ਬਣਾਈ ਹੋਈ ਹੈ ਅਤੇ ਉਹ ਇਹ ਦੇਖ ਰਹੀ ਹੈ ਕਿ ਕਿਹੜੀਆਂ ਕਿਹੜੀਆਂ ਦਵਾਈਆਂ, ਨਸ਼ੀਲੀਆਂ ਦਵਾਈਆਂ ਦਾ ਵੇਚਣਾ ਉਨ੍ਹਾਂ ਵਲੋਂ ਵਰਜਿਤ ਕੀਤਾ ਜਾਵੇ। ਇਸ ਤੇ ਅਸੀਂ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਾਂ ਕਿਉਂਕਿ ਸਾਡਾ ਤਜਰਬਾ ਇਹ ਹੈ ਕਿ ਮਾਲਵਾ ਸਾਈਡ ਤੇ ਇਹ ਨਸ਼ੀਲੀਆਂ ਗੋਲੀਆਂ ਬਹੁਤ ਸਾਰੀਆਂ ਜਿਹੜੇ ਆਰ. ਐਮ. ਪੀਜ਼. ਹਨ ਉਨ੍ਹਾਂ ਦੇ ਥਰੂ ਵਿਕਦੀਆਂ ਹਨ। ਇਸ ਤੇ ਸਰਕਾਰ ਬੜੀ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

ਦੂਸਰਾ, ਡਿਪਟੀ ਸਪੀਕਰ ਸਾਹਿਬ, ਫੈਮਿਲੀ ਪਲੈਨਿੰਗ ਦੇ ਬਾਰੇ ਜ਼ਿਕਰ ਸਰਦਾਰ ਬੇਅੰਤ ਸਿੰਘ ਜੀ ਨੇ ਕੀਤਾ ਹੈ। ਸਾਨੂੰ ਇਹ ਬੜੀ ਖੁਸ਼ੀ ਹੈ ਕਿ ਸਾਡੇ ਮਾਨਯੋਗ ਮੈਂਬਰ ਇਸ ਦੀ ਮਹੱਤਤਾ ਨੂੰ ਮਹਿਸੂਸ ਕਰਦੇ ਹਨ। ਕਈ ਵਾਰੀ ਸਾਨੂੰ ਪੰਜਾਬ ਵਾਲਿਆਂ ਨੂੰ ਇਹ ਖਿਆਲ ਆ ਜਾਂਦਾ ਹੈ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ ਜਿਆਦਾ ਹੈ ਅਸੀਂ ਇੰਡਸਟਰੀਜ਼ ਵਿਚ ਬਹੁਤ ਅਗੇ ਹਾਂ ਅਤੇ ਐਗਰੀਕਲਚਰ ਵਿਚ ਸਭ ਤੋਂ ਅਗੇ ਹਾਂ ਇਸ ਲਈ ਸਾਡੇ ਇਥੇ ਫੈਮਿਲੀ ਪਲੈਨਿੰਗ ਦੀ ਜ਼ਿਆਦਾ ਲੋੜ ਨਹੀਂ। ਇਹ ਇਕ ਗੱਲਤ ਫਹਿਮੀ ਹੈ ਕਿਉਂਕਿ ਇਸ ਵੇਲੇ ਦੀ ਜਿਹੜੀ ਸਾਡੀ ਗਰੋਥ ਰੇਟ ਹੈ ਉਹ 2.1 ਹੈ ਔਰ ਜਿਹੜੀਆਂ ਦੂਸਰੀਆਂ ਜਾਤੀਆਂ ਔਰ ਸ਼ੈਡਿਊਲਡ ਕਾਸਟਸ ਵਿਚ ਇਹ 2.6 ਹੈ। ਜਿਹੜੇ ਦੂਸਰੇ ਡੀਵੈਲਪਡ ਮੁਲਕ ਹਨ ਜਿਵੇਂ ਕਿ ਅਮਰੀਕਾ ਉਥੇ ਗਰੋਥ ਰੇਟ 8.8 ਹੈ ਅਤੇ ਇਸੇ ਤਰ੍ਹਾਂ ਇੰਗਲੈਂਡ ਦਾ 1 ਪੁਆਇੰਟ ਹੈ। ਪੰਜਾਬ ਵਿਚ ਹਰ ਸਾਲ ਆਬਾਦੀ ਦਾ ਵਾਧਾ ਸਾਢੇ 3 ਲੱਖ ਦੇ ਕਰੀਬ ਹੋ ਜਾਂਦਾ ਹੈ ਜਿਹੜੇ ਕਿ ਇਕ ਪੂਰੇ ਜਲੰਧਰ ਦੀ ਆਬਾਦੀ ਜਿੰਨੀ ਹੈ। ਵਿਗਿਆਨੀਆਂ ਨੇ ਇਸ ਗਲ ਦਾ ਅੰਦਾਜ਼ਾ ਲਗਾਇਆ ਹੈ ਕਿ ਜੇ ਆਬਾਦੀ ਦੀ ਰਫਤਾਰ ਇਸੇ ਤਰ੍ਹਾਂ ਵੱਧਦੀ ਰਹੀ ਤਾਂ 27-28 ਸਾਲ ਵਿਚ ਇਕ ਪੰਜਾਬ ਦੀ ਥਾਂ ਦੋ ਪੰਜਾਬ ਹੋ ਜਾਣਗੇ। ਸੋ ਸਾਡੇ ਜਿਹੜੇ ਨਵੇਂ ਪ੍ਰੋਗਰਾਮ ਹਨ, ਨਵੇਂ ਪ੍ਰੋਜੈਕਟ ਹਨ, ਨਵੀਆਂ ਸੜਕਾਂ ਹਨ, ਨਵੇਂ ਹਸਪਤਾਲ ਵਗੈਰਾ ਬਣ ਰਹੇ ਹਨ ਉਨ੍ਹਾਂ ਦਾ ਮੰਤਵ ਬਿਲਕੁਲ ਅਧੂਰਾ ਰਹਿ ਜਾਵੇਗਾ। ਇਸ ਗੱਲ ਨੂੰ, ਡਿਪਟੀ ਸਪੀਕਰ ਸਾਹਿਬ, ਮੁੱਖ ਰਖਦਿਆਂ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਇਸ ਗਲ ਦੀ ਗੰਭੀਰਤਾ ਨੂੰ ਬਹੁਤ ਚੰਗੀ ਤਰ੍ਹਾਂ ਮਹਿਸੂਸ ਕੀਤਾ ਹੈ ਅਤੇ ਇਕ ਉਚ ਪੱਧਰੀ ਕਮੇਟੀ ਬਣਾਈ ਹੈ ਜਿਸ ਦੇ ਚੇਅਰਮੈਨ ਉਹ ਆਪ ਹਨ। ਅਸੀਂ ਕੁਝ ਫੈਸਲੇ ਲਏ ਸਨ। ਜਿਹੜੇ ਸਰਕਾਰੀ ਕਰਮਚਾਰੀ ਹਨ ਉਨ੍ਹਾਂ ਨੂੰ ਕੁਝ ਫੈਸਿਲਿਟੀਜ਼ ਦਿਤੀਆਂ ਜਾਂਦੀਆਂ ਹਨ। ਜੇ ਉਹ ਆਪਣਾ ਪਰਿਵਾਰ ਸੀਮਤ ਰਖਣ ਤਾਂ ਉਨ੍ਹਾਂ ਨੂੰ ਇਨਸੈਂਟਿਵ ਦਿਤੇ ਜਾਣਗੇ ਅਤੇ ਜੇ ਉਹ ਸੀਮਿਤ ਨਾ ਰਖਣ ਤਾਂ ਉਨ੍ਹਾਂ ਲਈ ਡਿਸਇਨਸੈਂਟਿਵਜ਼ ਵੀ ਹੋਣਗੇ। ਪਿਛੇ ਜਿਹੇ ਮੈਨੂੰ ਕਿਸੇ ਮੈਂਬਰ ਨੇ ਇਹ ਕਿਹਾ ਸੀ ਕਿ ਸਰਕਾਰੀ ਕਰਮਚਾਰੀਆਂ ਤੋਂ ਇਹ ਚੀਜ਼ ਕਿਉਂ ਸ਼ੁਰੂ ਕੀਤੀ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਸਾਡੀ ਇਕ ਪਾਲਿਸੀ ਹੈ, ਨੈਸ਼ਨਲ ਪਾਲਿਸੀ ਹੈ ਔਰ ਪ੍ਰਾਈਮ ਮਨਿਸਟਰ ਸਾਹਿਬਾ ਨੇ ਵੀ ਫੈਮਿਲੀ ਪਲੈਨਿੰਗ ਤੇ ਜ਼ੋਰ ਦਿਤਾ ਹੈ। ਸਰਕਾਰੀ ਕਰਮਚਾਰੀ ਜਿਹੜੇ ਹਨ ਉਹ ਗੌਰਮਿੰਟ ਪਾਲਿਸੀਜ਼ ਲਈ ਬਾਊਂਡ ਹਨ, ਕਮਿਟਿਡ ਹਨ ਇਸ ਲਈ

Original with;
Punjab Vidhan Sabha
Digitized by;
Panjab Digital Library

[ ਸਿਹਤ ਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ]

ਇਹ ਉਨ੍ਹਾਂ ਤੋਂ ਸ਼ੁਰੂ ਕੀਤਾ ਹੈ । ਇਸ ਸਬੰਧ ਵਿਚ ਇਕ ਟੈਕਨੀਕਲ ਕਮੇਟੀ ਬਣਾਈ ਹੋਈ ਹੈ ਜਿਸ ਦੇ ਵਿਚ ਕਾਨੂੰਨੀ ਮਾਹਿਰ ਹਨ, ਡਾਕਟਰਜ਼ ਹਨ ਔਰ ਐਡਮਨਿਸਟਰੇਟਰਜ਼ ਵੀ ਹਨ ਜੋ ਇਹ ਸੋਚ ਰਹੇ ਹਨ ਕਿ ਜੇ ਲੋਕਾਂ ਨੇ ਆਪਣੇ ਆਪ ਸਹਿਯੋਗ ਨਾ ਦਿਤਾ ਤਾਂ ਕੋਈ ਐਸਾ ਕਾਨੂੰਨ ਲਿਆਂਦਾ ਜਾਵੇ ਜਿਸ ਨਾਲ ਵੱਧਦੀ ਆਬਾਦੀ ਨੂੰ ਰੋਕਿਆ ਜਾਵੇ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਫੈਮਿਲੀ ਪਲੈਨਿੰਗ ਦਾ ਪ੍ਰੋਗਰਾਮ ਹੈ ਜਿਸ ਤਰ੍ਹਾਂ ਮਾਨਯੋਗ ਮੁੱਖ ਮੰਤਰੀ ਜੀ ਨੇ ਵੀ ਆਪਣੇ ਭਾਸ਼ਨ ਵਿਚ ਕਿਹਾ ਸੀ, ਪੰਜਾਬ ਇਸ ਕੰਮ ਵਿਚ ਪਿਛੇ ਰਹਿ ਗਿਆ ਸੀ, ਹੁਣ ਅਸੀਂ ਆਪਣੇ ਟੀਚੇ ਪ੍ਰਾਪਤ ਕਰ ਰਹੇ ਹਾਂ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਸ਼ਰਮਾ ਜੀ ਨੇ ਜੋ ਬਜਟ ਪੇਸ਼ ਕੀਤਾ ਹੈ, ਜੋ 22 ਕਰੋੜ ਰੁਪਏ ਦੇ ਘਾਟੇ ਦਾ ਬਜਟ ਪੇਸ਼ ਕੀਤਾ ਹੈ ਇਹ ਬਜਟ ਮਜ਼ਦੂਰ, ਕਿਸਾਨ ਅਤੇ ਮੁਲਾਜ਼ਮ ਮਾਰੂ ਬਜਟ ਹੈ । (ਵਿਘਨ)

**ਇਕ ਆਵਾਜ਼** : ਹਮੇਸ਼ਾ ਇਕੋ ਹੀ ਗੱਲ ਕਰਦੇ ਹੋ, ਕੋਈ ਨਵੀਂ ਗੱਲ ਕਰਿਆ ਕਰੋ । (ਵਿਘਨ)

**ਮਾਸਟਰ ਚੰਦ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਘਾਟੇ ਦਾ ਬਜਟ ਪੇਸ਼ ਕੀਤਾ ਗਿਆ ਹੈ । ਮਜ਼ਦੂਰਾਂ ਦੇ ਬਾਰੇ ਬਜਟ ਵਿਚ ਕੋਈ ਵੀ ਵਰਨਣ ਨਹੀਂ ਕੀਤਾ ਗਿਆ । ਸਾਡੇ ਪਿੰਡਾਂ ਦੇ ਵਿਚ ਮਜ਼ਦੂਰਾਂ ਨੂੰ 4 ਰੁਪਏ ਦਿਹਾੜੀ ਦਿਤੀ ਜਾਂਦੀ ਹੈ ਭਾਵੇਂ ਸਰਕਾਰ ਨੇ ਮਜ਼ਦੂਰਾਂ ਦੀ ਦਿਹਾੜੀ ਨਿਸ਼ਚਤ ਕੀਤੀ ਹੋਈ ਹੈ ਪਰ ਉਨ੍ਹਾਂ ਨੂੰ ਜੋ ਦਿਹਾੜੀ ਦਿਤੀ ਜਾਂਦੀ ਹੈ ਉਸ ਮੁਤਾਬਕ ਨਹੀਂ ਦਿਤੀ ਜਾਂਦੀ । ਜੋ ਸਰਕਾਰ ਨੇ ਦਿਹਾੜੀ ਨਿਸ਼ਚਿਤ ਕੀਤੀ ਹੋਈ ਹੈ ਉਹ ਪਿੰਡਾਂ ਵਿਚ ਬਿਲਕੁਲ ਲਾਗੂ ਨਹੀਂ ਹੋ ਰਹੀ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਮਜ਼ਦੂਰਾਂ ਨੂੰ ਬੜਾ ਹੈਰਾਨ ਹੋਣਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਬਹੁਤ ਘੱਟ ਉਜਰਤ ਪੰਜਾਬ ਦੇ ਵਿਚ ਮਿਲ ਰਹੀ ਹੈ । ਇਸ ਬਜਟ ਦੇ ਵਿਚ ਉਨ੍ਹਾਂ ਦੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ । ਇਹ ਕਹਿ ਰਹੇ ਹਨ ਕਿ 20 ਨੁਕਾਤੀ ਪ੍ਰੋਗਰਾਮ ਦੇ ਅਧੀਨ ਮਜ਼ਦੂਰ ਬੜਾ ਡਸਿਪਲਿਨ ਵਿਚ ਕੰਮ ਕਰ ਰਿਹਾ ਹੈ ਅਤੇ ਬੜਾ ਵਧੀਆ ਕੰਮ ਕਰ ਰਿਹਾ ਹੈ ਪਰ ਅਸਲ ਗੱਲ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਮਜ਼ਦੂਰਾਂ ਦੀ ਛਾਂਟੀ ਹੋ ਰਹੀ ਹੈ, ਤਾਲਾ ਬੰਦੀ ਹੋ ਰਹੀ ਹੈ ਅਤੇ ਮਜ਼ਦੂਰ ਵਿਹਲੇ ਭੁਖੇ ਮਰ ਰਹੇ ਹਨ । ਇਸ ਤਰ੍ਹਾਂ ਦੀ ਹਾਲਤ ਮਜ਼ਦੂਰਾਂ ਦੀ ਪੰਜਾਬ ਦੇ ਵਿਚ ਹੋ ਰਹੀ ਹੈ ।

ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਸਰਕਾਰ ਨੇ ਇਥੇ ਬੜੀਆਂ ਫੜ੍ਹਾਂ ਮਾਰੀਆਂ ਹਨ ਕਿ ਅਸੀਂ ਖੇਤੀਬਾੜੀ ਵਿਚ ਨੰਬਰ ਇਕ ਤੇ ਪਹੁੰਚ ਗਏ ਹਾਂ ਪਰ ਅਫਸੋਸ ਦੀ ਗੱਲ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੇ ਪੂਰੇ ਭਾ ਨਹੀਂ ਦਿਤੇ ਜਾਂਦੇ । ਪਿਛਲੇ ਸਮੇਂ ਵਿਚ ਇਸ ਸਰਕਾਰ ਨੇ ਕਿਸਾਨਾਂ ਦੇ ਉਤੇ ਕਮੱਰਸ਼ਲ ਟੈਕਸ ਠੋਕ ਦਿਤਾ । ਇਕ ਪਾਸੇ ਇਹ ਕਮਰਸ਼ਲ ਟੈਕਸ ਠੋਕ ਰਹੇ ਹਨ ਅਤੇ ਦੂਸਰੇ ਪਾਸੇ ਉਨ੍ਹਾਂ ਨੂੰ ਕੋਈ ਸਹੂਲਤਾਂ ਨਹੀਂ ਦਿਤੀਆਂ ਜਾਂਦੀਆਂ ਅਤੇ ਉਨ੍ਹਾਂ ਦੀਆਂ ਫਸਲਾਂ ਦੀਆਂ ਕੀਮਤਾਂ ਘੱਟ ਦਿੰਦੇ ਹਨ, ਇਸ ਤਰ੍ਹਾਂ ਕਿਸਾਨਾਂ ਦਾ ਕਚੂਮਰ ਨਿਕਲ

Original with;
Punjab Vidhan Sabha
Digitized by;
Panjab Digital Library

ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਕਪਾਹ, ਨਰਮਾ, ਆਲੂ ਅਤੇ ਹੋਰ ਪੈਡੀ ਦੀਆਂ ਫਸਲਾਂ ਦੇ ਭਾਅ ਕਿਸਾਨਾਂ ਨੂੰ ਬਹੁਤ ਘੱਟ ਦਿਤੇ ਜਾਂਦੇ ਹਨ ਅਤੇ ਇਸ ਤਰ੍ਹਾਂ ਕਿਸਾਨ ਇਸ ਰਾਜ ਵਿਚ ਕੁਰਲਾ ਰਿਹਾ ਹੈ ਪਰ ਉਸ ਦੀ ਕੋਈ ਸੁਣੀ ਨਹੀਂ ਜਾਂਦੀ ਭਾਵੇਂ ਇਹ ਕਹਿੰਦੇ ਹਨ ਕਿ ਅਸੀਂ ਕਿਸਾਨ ਨੂੰ ਹਰ ਫੈਸਿਲਟੀਜ਼ ਦਿੰਦੇ ਹਾਂ। ਇਹ ਕਹਿੰਦੇ ਹਨ ਕਿ ਡਾਈਮੋਨੀਆ ਖਾਦ ਸਸਤਾ ਕੀਤਾ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕਿਸਾਨ ਨੂੰ ਇਸ ਦੀ ਲੋੜ ਹੁੰਦੀ ਹੈ ਉਦੋਂ ਨਹੀਂ ਦਿਤਾ ਜਾਂਦਾ। ਜਦੋਂ ਉਸ ਨੂੰ ਡਾਈਮੋਨੀਆ ਦੀ ਲੋੜ ਹੁੰਦੀ ਹੈ ਤਾਂ ਉਸ ਨੂੰ ਯੂਰੀਆ ਦੇ ਦਿੰਦੇ ਹਨ ਅਤੇ ਜਦੋਂ ਯੂਰੀਆ ਚਾਹੀਦਾ ਹੈ ਤਾਂ ਇਹ ਡਾਈਮੋਨੀਆ ਦਿੰਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਉਸ ਨੂੰ ਜਦੋਂ ਕੋਈ ਚੀਜ਼ ਦੀ ਲੋੜ ਹੁੰਦੀ ਹੈ ਸਮੇਂ ਸਿਰ ਨਹੀਂ ਮਿਲਦੀ। ਮੇਰੀ ਬੇਨਤੀ ਹੈ ਕਿ ਇਨ੍ਹਾਂ ਗੱਲਾਂ ਵਲ ਇਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਫਿਰ ਮੈਂ ਮੁਲਾਜ਼ਮਾਂ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਮੁਲਾਜ਼ਮਾਂ ਨੂੰ ਇਨ੍ਹਾਂ ਨੇ ਡੀ. ਏ. ਦੀਆਂ 2 ਕਿਸ਼ਤਾਂ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਮੁਲਾਜ਼ਮ ਜਿਹੜੇ ਹਨ ਉਹ ਸੈਟਿਸਫਾਈ ਨਹੀਂ ਹਨ। ਇਹ ਕੋਈ ਉਨ੍ਹਾਂ ਨੂੰ ਵਡੀ ਰਿਆਇਤ ਨਹੀਂ ਹੈ ਕਿਉਂਕਿ ਉਨ੍ਹਾਂ ਦਾ ਹੱਕ 5 ਡੀ. ਏ. ਦੀਆਂ ਕਿਸ਼ਤਾਂ ਦਾ ਸੀ। 1970 ਵਿਚ ਸੈਂਟਰ ਗੌਰਮਿੰਟ ਨਾਲ ਇਨ੍ਹਾਂ ਦਾ ਡੀ. ਏ. ਲਿੰਕ ਕਰਨ ਦਾ ਸਿਸਟਮ ਚਲਾਇਆ ਗਿਆ ਸੀ ਪਰ ਇਸ ਨੂੰ ਇਹ ਹੁਣ ਤੋੜ ਰਹੇ ਹਨ। ਇਹ ਮੁਲਾਜ਼ਮਾਂ ਨਾਲ ਬੜਾ ਧੋਖਾ ਹੈ ਜਿਹੜੀਆਂ ਉਨ੍ਹਾਂ ਨੂੰ 3 ਕਿਸ਼ਤਾਂ ਘੱਟ ਦਿਤੀਆਂ ਗਈਆਂ ਹਨ। ਇਹ ਉਨ੍ਹਾਂ ਤੇ ਇਕ ਕਿਸਮ ਦਾ ਹਮਲਾ ਹੈ। ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਘਟੋ ਘੱਟ 5 ਕਿਸ਼ਤਾਂ ਜਿਹੜੀਆਂ ਉਨ੍ਹਾਂ ਦੀਆਂ ਬਣਦੀਆਂ ਹਨ ਉਹ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਇਸ ਮਹਿੰਗਾਈ ਵਿਚ ਉਨ੍ਹਾਂ ਦਾ ਗੁਜ਼ਾਰਾ ਚਲ ਸਕੇ।

ਫਿਰ, ਡਿਪਟੀ ਸਪੀਕਰ ਸਾਹਿਬ, 22 ਕਰੋੜ ਰੁਪਏ ਦਾ ਘਾਟੇ ਦਾ ਬਜਟ ਪੇਸ਼ ਕੀਤਾ ਹੈ। ਭਾਵੇਂ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਕੋਈ ਟੈਕਸ ਨਹੀਂ ਲਾਉਣਾ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਵੀ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਕੋਈ ਟੈਕਸ ਨਹੀਂ ਲਾਉਣਾ ਪਰ ਇਹ ਸਿੱਧੇ ਟੈਕਸ ਲਾਉਣ ਦੀ ਬਜਾਏ ਅੱਜ ਇਹ ਅਸਿੱਧੇ ਟੈਕਸਾਂ ਨਾਲ ਲੋਕਾਂ ਤੇ ਭਾਰ ਪਾ ਰਹੇ ਹਨ। ਮੈਨੂੰ ਸ਼ਕ ਹੈ ਕਿ ਇਹ ਅਸਿੱਧੇ ਟੈਕਸਾਂ ਨਾਲ ਅਪਣਾ ਜਿਹੜਾ ਘਾਟਾ ਹੈ ਉਹ ਪੂਰਾ ਕਰਨਗੇ। ਅੱਜ ਹਿੰਦੁਸਤਾਨ ਦੇ ਵਿਚ ਸਭ ਤੋਂ ਵੱਧ ਪੰਜਾਬ ਦੇ ਵਿਚ ਅਸਿੱਧਾ ਟੈਕਸ ਪਰ ਕੈਪੀਟਾ ਹੈ। ਅੱਜ ਪੰਜਾਬ ਦੇ ਵਿਚ ਅਸਿੱਧਾ ਟੈਕਸ 83.92 ਪਰ ਕੈਪੀਟਾ ਹੈ। ਯੂ. ਪੀ. ਦੇ ਵਿਚ ਇਹ 28.2 ਹੈ। ਬੰਗਾਲ ਦੇ ਵਿਚ ਇਹ 44.70 ਹੈ। ਇਸੇ ਤਰ੍ਹਾਂ ਗੁਜਰਾਤ ਦੇ ਵਿਚ 58.45 ਹੈ ਅਤੇ ਅੰਧਰਾ ਦੇ ਵਿਚ 37.85 ਪਰ ਕੈਪੀਟਾ ਟੈਕਸ ਹੈ। ਪੰਜਾਬ ਦੇ ਵਿਚ ਸਭ ਤੋਂ ਵੱਧ ਹੈ ਅਤੇ ਇਸ ਤਰ੍ਹਾਂ ਇਹ ਪੰਜਾਬ ਦੇ ਲੋਕਾਂ ਨੂੰ ਟੈਕਸਾਂ ਨਾਲ ਮਾਰ ਦੇਣਗੇ। ਪਹਿਲਾਂ ਬਿਜਲੀ ਦਾ ਰੇਟ 12 ਰੁਪਏ ਸੀ ਪਰ ਹੁਣ ਇਨ੍ਹਾਂ 19 ਰੁਪਏ ਪਾਵਰ ਦੇ ਹਿਸਾਬ ਨਾਲ ਕਰ ਦਿਤਾ ਹੈ। ਹੁਣ 5 ਹਾਰਸ ਪਾਵਰ ਦੇ 95 ਰੁਪਏ ਦੇਣੇ ਪੈਂਦੇ ਹਨ। ਇਸ ਦੇ ਨਾਲ ਹੀ ਹੋਰ ਚੀਜ਼ਾਂ ਦੇ ਭਾਅ ਵੱਧਾ ਦਿਤੇ ਹਨ ਅਤੇ ਗਰੀਬਾਂ ਤੇ ਟੈਕਸਾਂ ਦਾ ਭਾਰ ਬਹੁਤ ਜ਼ਿਆਦਾ ਪੈ ਰਿਹਾ ਹੈ। ਭਾਵੇਂ ਲੋਕਾਂ ਨੂੰ ਇਹ ਕਹਿਣਾ ਕਿ ਅਸੀਂ ਟੈਕਸ ਨਹੀਂ ਲਾਉਣਾ, ਪਰ ਮੈਨੂੰ ਇਹ ਖਤਰਾ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]
ਹੈ ਕਿ ਇਹ ਟੈਕਸ ਲਾਉਣਗੇ ਅਤੇ ਜਿਹੜਾ ਘਾਟੇ ਦਾ ਬਜਟ ਹੈ ਇਸ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕਰਨਗੇ ।

ਡਿਪਟੀ ਸਪੀਕਰ ਸਾਹਿਬ, ਬੇਰੋਜ਼ਗਾਰੀ ਬਾਰੇ ਇਨ੍ਹਾਂ ਨੇ ਗੱਲ ਕੀਤੀ ਹੈ ਅਤੇ ਕਿਹਾ ਹੈ ਕਿ ਬੇਰੋਜ਼ਗਾਰੀ ਸਾਡੇ ਪੰਜਾਬ ਵਿਚ ਕੋਈ ਅੱਡ ਕਿਸਮ ਦੀ ਨਹੀਂ ਪਰ ਇਹ ਹਰ ਗੱਲ ਨੂੰ ਅੰਡਰ ਐਸਟੀਮੇਟ ਕਰਕੇ ਵਿਖਾਉਂਦੇ ਹਨ । ਤੁਸੀਂ ਹਰ ਸਾਲ ਦੇ ਅੰਕੜੇ ਕੱਢ ਕੇ ਵੇਖ ਲਵੋ ਉਸ ਵਿਚੋਂ ਪਤਾ ਲਗੇਗਾ ਕਿ ਇਹ ਹਰ ਸਾਲ ਵੱਧਦੀ ਹੀ ਗਈ । ਇਹ ਇਸ ਲਈ ਹੈ ਕਿਉਂਕਿ ਇਨ੍ਹਾਂ ਦੀਆਂ ਪਾਲੀਸੀਆਂ ਲੋਕਾਂ ਨੂੰ ਕੁਚਲਣ ਵਾਲੀਆਂ ਹਨ । ਇਸ ਐਮਰਜੈਂਸੀ ਦੇ ਦੌਰਾਨ ਬੇਰੋਜ਼ਗਾਰੀ ਹੋਰ ਵੱਧੀ ਹੈ, ਕਿਉਂਕਿ ਤਾਲਾ ਬੰਦੀਆਂ ਹੋਈਆਂ ਹਨ । ਮਜ਼ਦੂਰ ਧੜਾ ਧੜ ਬੇਰੋਜ਼ਗਾਰ ਹੋ ਰਹੇ ਹਨ । ਇਹ ਜਿਹੜਾ ਬੇਰੋਜ਼ਗਾਰੀ ਦਾ ਮਾਮਲਾ ਹੈ ਇਹ ਬਿਲਕੁਲ ਹੱਲ ਨਹੀਂ ਕਰ ਸਕੇ ਅਤੇ ਗਰੀਬਾਂ ਵਿਚ ਬੇਰੋਜ਼ਗਾਰੀ ਨਹੀਂ ਹਟਾ ਸਕੇ । ਇਹ ਆਪ ਮੰਨੇ ਹਨ ਕਿ ਅਜ ਵੀ 70% ਲੋਕ ਗਰੀਬੀ ਦੀ ਹੱਦ ਤੋਂ ਥਲੇ ਰਹਿੰਦੇ ਹਨ ! ਜਦ ਇਹ ਹਾਲਤ ਹੈ ਤਾਂ ਫਿਰ ਕਿਸ ਤਰਾਂ ਉਨ੍ਹਾਂ ਨੂੰ ਰੋਜ਼ਗਾਰ ਮੁਹੱਈਆ ਕਰਨਗੇ । ਇਨ੍ਹਾਂ ਦਾ ਕੋਈ ਪ੍ਰੋਗਰਾਮ ਨਹੀਂ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਅਪਰ-ਸ਼੍ਰੇਣੀ ਨਾਲ ਲਿਆਂਦਾ ਜਾਵੇ ਅਤੇ ਉਹ ਇਸ ਤਰ੍ਹਾਂ ਰੋਜ਼ਗਾਰ ਠੀਕ ਤਰ੍ਹਾਂ ਨਾਲ ਕਮਾ ਸਕਣ । ਇਨ੍ਹਾਂ ਕੋਲ ਕੋਈ ਐਸਾ ਪਲਾਨ ਨਹੀਂ ਜਿਸ ਨਾਲ ਬੇਰੋਜ਼ਗਾਰੀ ਦੂਰ ਕਰ ਸਕਣ । ਇਨਾਂ ਨੇ ਕੋਈ ਇਹੋ ਜਿਹਾ ਠੋਸ ਕਦਮ ਨਹੀਂ ਚੁਕਿਆ ਜਿਸ ਨਾਲ ਗਰੀਬੀ ਦੀ ਹੱਦ ਘਟੇ ਅਤੇ ਨਾਲ ਹੀ ਬੇਰੋਜ਼ਗਾਰੀ ਘਟੇ । ਇਨ੍ਹਾਂ ਦੇ ਪਲਾਨਾਂ ਦੇ ਮੁਤਾਬਕ ਤਾਂ ਬੇਰੋਜ਼ਗਾਰੀ ਵੱਧਦੀ ਹੀ ਜਾਏਗੀ । ਮੈਂ ਹਿੰਦੁਸਤਾਨ ਦੇ ਤੁਹਾਨੂੰ ਅੰਕੜੇ ਦਸਦਾ ਹਾਂ ਕਿ ਅੱਜ 105 ਮਿਨੀ ਸਟੀਲ ਪਲਾਂਟਸ ਬੰਦ ਪਏ ਹਨ । ਇਸ ਨਾਲ ਕਿੰਨੀ ਬੇਰੋਜ਼ਗਾਰੀ ਵੱਧੀ ਹੈ । ਇਹ ਤਾਂ ਇੱਕਲੀ ਮਿਨੀ ਸਟੀਲ ਪਲਾਂਟਸ ਦੀ ਗੱਲ ਹੈ ਹੋਰ ਪਤਾ ਨਹੀਂ ਕਿੰਨੇ ਹੋਣਗੇ । ਸਾਡੇ ਪੰਜਾਬ ਵਿਚ ਵੇਖ ਲਵੋ ਕਿ ਅੰਮ੍ਰਿਤਸਰ, ਲੁਧਿਆਣਾ ਆਦਿ ਵਿਚ ਕਿਡੀਆਂ ਵਡੀਆਂ ਮਿੱਲਾਂ ਬੰਦ ਪਈਆਂ ਹਨ । ਮਜ਼ਦੂਰ ਵਿਹਲੇ ਹੋ ਰਹੇ ਹਨ । ਬੇਰੋਜ਼ਗਾਰੀ ਨੂੰ ਦੂਰ ਕਰਨ ਦੇ ਕੋਈ ਯਤਨ ਨਹੀਂ ਕੀਤੇ ਜਾ ਰਹੇ । ਸ਼ਰਮਾ ਜੀ ਆਪਣੇ ਭਾਸ਼ਣ ਨੂੰ ਬੜਾ ਪੇਚ ਪਾਕੇ ਲਿਆਉਂਦੇ ਹਨ ਅਸੀਂ ਇਹ ਕਰ ਰਹੇ ਹਾਂ ਉਹ ਕਰ ਰਹੇ ਹਾਂ (ਵਿਘਨ)

ਡਿਪਟੀ ਸਪੀਕਰ ਸਾਹਿਬ, ਜ਼ਮੀਨੀ ਸੁਧਾਰ ਬਾਰੇ ਇਸ ਭਾਸ਼ਣ ਵਿਚ ਕੋਈ ਗਲ ਨਹੀਂ ਕੀਤੀ ਗਈ ਕਿ ਕਿੰਨੀ ਜ਼ਮੀਨ ਨਿਕਲੀ ਹੈ । ਭਾਵੇਂ ਅਸੈਂਬਲੀ ਦੇ ਸੁਆਲ ਜਵਾਬ ਵਿਚ ਆਪਣੇ ਸੀ. ਪੀ. ਐਸ. ਸਾਹਿਬ ਨੂੰ ਕਿਹਾ ਕਿ ਸਾਨੂੰ ਦਸਿਆ ਜਾਏ ਕਿ ਕਿੰਨੀ ਜ਼ਮੀਨ ਨਿਕਲੀ ਹੈ, ਦੱਸੀ ਨਹੀਂ ਗਈ ਅਤੇ ਟਾਲਣ ਦੀ ਕੋਸ਼ਿਸ਼ ਹੀ ਕੀਤੀ ਗਈ । ਕੋਈ ਅੰਕੜੇ ਨਹੀਂ ਦੱਸੇ ਕਿ ਇੰਨੀ ਜ਼ਮੀਨ ਨਿਕਲੀ ਹੈ ਇੰਨੀ ਵੰਡ ਦਿਤੀ ਗਈ ਹੈ । ਗਿਆਨੀ ਜ਼ੈਲ ਸਿੰਘ ਜੀ ਨੇ 18 ਦਸੰਬਰ, 1975, ਨੂੰ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਮੰਨਿਆ ਸੀ ਕਿ ਸਾਡੇ ਜ਼ਮੀਨ ਦਾ ਕੋਈ ਮਸਲਾ ਨਹੀਂ । ਮੇਰੇ ਤੋਂ ਪਹਿਲਾਂ ਸਾਡੇ ਕਾਮਰੇਡ ਅਰਜਨ ਸਿੰਘ ਮਸਤਾਨਾ ਨੇ ਦਸਿਆ ਕਿ ਪੰਜਾਬ ਵਿਚ ਕਿੰਨੇ ਵੱਡੇ ਵੱਡੇ ਜ਼ਿਮੀਂਦਾਰ ਹਨ ਢੀਂਡਸਾ ਵਰਗੇ । ਇਹ ਸਿਬੀਆ ਸਾਹਿਬ ਵੀ ਬੈਠੇ ਹਨ । ਇਨ੍ਹਾਂ ਵੱਡੇ ਵੱਡੇ

Original with;
Punjab Vidhan Sabha
Digitized by;
Panjab Digital Library

ਜ਼ਿਮੀਂਦਾਰਾਂ ਕੋਲੋਂ ਜ਼ਮੀਨਾਂ ਲੈ ਕੇ ਗਰੀਬਾਂ ਵਿਚ 5 ਏਕੜ ਪ੍ਰਤੀ ਜੀਅ ਦੇ ਹਿਸਾਬ ਨਾਲ ਵੰਡ ਦੇਣੀ ਚਾਹੀਦੀ ਹੈ। (ਵਿਘਨ) ਬਾਕੀ ਜੋ ਜਿਹੜੀ ਸਰਪੱਲਸ ਲੈਂਡ ਬਾਰੇ ਹੈ ਉਸ ਬਾਰੇ ਪੀ. ਟੀ. ਆਈ. ਨੇ ਲਖਨਊ ਤੋਂ 22 ਦਸੰਬਰ, 1975 ਵਿਚ ਪਾਰਲੀਮੈਂਟ ਸ਼ੈਡਿਊਲਡ ਕਾਸਟਸ ਕਮੇਟੀ ਨੂੰ ਰਿਵਿਊ ਕਰਾਉਂਦੇ ਹੋਏ ਕਿਹਾ ਕਿ 1,36,637 ਏਕੜ ਜ਼ਮੀਨ ਸਾਰੇ ਹਿੰਦੁਸਤਾਨ ਵਿਚ ਨਿਕਲੀ ਹੈ। ਪਰ ਇਹ ਕਾਗਜ਼ਾਂ ਵਿਚ ਹੈ ਵੰਡੀ ਕਿਤੇ ਵੀ ਨਹੀਂ ਗਈ। ਇਨ੍ਹਾਂ ਦੇ ਆਪਣੇ ਅਖਬਾਰ ਵੀ ਇਹੀ ਦਸਦੇ ਹਨ ਕਿ ਜ਼ਮੀਨ ਕਾਗਜ਼ਾਂ ਵਿਚ ਪੂਰੀ ਕਰ ਦਿਤੀ ਹੈ, ਵੰਡੀ ਨਹੀਂ ਗਈ। ਇਹ ਲੋਕਾਂ ਨਾਲ ਫਰਾਡ ਹੈ, ਆਪਣੇ ਪੁਲੀਟੀਕਲ ਮੋਟਿਵ ਵਾਸਤੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਕਲ ਕਨੇਡੀਅਨ ਜੀ ਨੇ ਅਕਾਲੀਆਂ ਬਾਰੇ ਟਿਪਣੀ ਕੀਤੀ ਸੀ ਅਤੇ ਸਾਡੇ ਤੇ ਵੀ ਮਾੜੀ ਜਿਹੀ ਟਿਪਣੀ ਕੀਤੀ ਸੀ। ਮੈਂ ਭੁਲੇਖੇ ਦੂਰ ਕਰਨਾ ਚਾਹੁੰਦਾ ਹਾਂ ਕਿ ਅੱਜ ਹਿੰਦੁਸਤਾਨ ਵਿਚ ਹਿੰਦੁਸਤਾਨ ਦੀ ਸਰਕਾਰ ਕਿਧਰ ਨੂੰ ਜਾ ਰਹੀ ਹੈ। (ਵਿਘਨ)

**ਸ੍ਰੀ ਡਿਪਟੀ ਸਪੀਕਰ :** ਕਾਮਰੇਡ ਸਾਹਿਬ, ਤੁਸੀਂ ਅਕਾਲੀਆਂ ਵਲੋਂ ਕੁਝ ਕਹਿਣਾ ਹੈ (ਵਿਘਨ)

**ਮਾਸਟਰ ਚੰਦ ਸਿੰਘ :** ਨਹੀ ਜੀ, ਮੈਂ ਸੀ. ਪੀ. ਆਈ. (ਐਮ) ਵਲੋਂ ਕਹਿਣਾ ਹੈ।

**ਸ੍ਰੀ ਡਿਪਟੀ ਸਪੀਕਰ :** ਉਨ੍ਹਾਂ ਨੇ ਤਾਂ ਨਕਸਲਬਾੜੀਆਂ ਬਾਰੇ ਗੱਲ ਕੀਤੀ ਸੀ।

**ਮਾਸਟਰ ਚੰਦ ਸਿੰਘ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਬੋਨਸ ਬੰਦ ਕਰ ਦਿੱਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਵਿਚ ਜਿਹੜਾ ਬੋਨਸ ਬੰਦ ਕਰਨ ਨਾਲ 250 ਕਰੋੜ ਰੁਪਏ ਦਾ ਮੁਨਾਫ਼ਾ ਹੋਇਆ ਹੈ ਉਹ ਮਨਾਪੋਲਿਸਟਾਂ ਨੂੰ ਹੋਇਆ ਹੈ। ਇਹ ਕਿਹੜੀ ਸਰਕਾਰ ਕਰ ਰਹੀ ਹੈ ? ਇਹ ਕਾਂਗਰਸ ਦੀ ਸਰਕਾਰ ਕਰ ਰਹੀ ਹੈ। ਅੱਜ ਬਹੁ ਰਾਸ਼ਟਰੀ ਕਾਰਪੋਰੇਸ਼ਨ ਕਾਇਮ ਕਰਕੇ ਸੀ. ਆਈ. ਏ. ਨੂੰ ਪੈਸੇ ਲਾਉਣ ਲਈ ਸੱਦੇ ਦੇ ਰਹੇ ਹਨ ਕਿ ਸਾਡੇ ਹਿੰਦੁਸਤਾਨ ਵਿਚ ਆ ਕੇ ਪੈਸੇ ਲਾਓ ਅਤੇ ਜਿਹੜੀਆਂ ਜਮਹੂਰੀ ਸ਼ਕਤੀਆਂ ਹਨ ਉਨ੍ਹਾਂ ਨੂੰ ਕੁਚਲੋ। ਇਹ ਸਰਕਾਰ ਉਨ੍ਹਾਂ ਦੀ ਮਦਦ ਕਰ ਰਹੀ ਹੈ। (ਵਿਘਨ) ਜਿਸ ਦੀ ਇਹ C.P.I. ਵਾਲੇ ਮਦਦ ਕਰਦੇ ਹਨ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਪਲਾਟਾਂ ਬਾਰੇ ਗੱਲ ਕਰਨੀ ਹੈ। ਬੜੀਆਂ ਫੜਾਂ ਮਾਰੀਆਂ ਗਈਆਂ ਹਨ ਕਿ 3 ਲੱਖ ਤੋਂ ਵੱਧ ਪਲਾਟ ਹਰੀਜਨਾਂ ਨੂੰ ਦਿੱਤੇ ਹਨ। ਮੈਂ ਕਹਿੰਦਾ ਹਾਂ ਕਿ ਕਈ ਪਿੰਡਾਂ ਵਿਚ ਤਾਂ ਉਕਾ ਹੀ ਕਿਸੇ ਨੂੰ ਪਲਾਟ ਨਹੀਂ ਮਿਲਿਆ ਅਤੇ ਕਈਆਂ ਵਿਚ ਜੇ ਦਿੱਤੇ ਹਨ ਤਾਂ ਉਨ੍ਹਾਂ ਦੇ ਕਬਜ਼ੇ ਤੱਕ ਨਹੀਂ ਮਿਲੇ। ਇਕ ਪਿੰਡ ਦਿਦਾਰਗੜ੍ਹ ਹੈ ਤਹਿਸੀਲ ਮਲੇਰਕੋਟਲਾ ਵਿਚ ਉਥੇ ਹਰੀਜਨਾਂ ਦੀਆਂ 65 ਅਰਜ਼ੀਆਂ ਸਨ ਅਤੇ 4 ਨੂੰ ਪਲਾਟ ਦਿੱਤੇ ਉਹ ਵੀ ਗੈਰ ਹਰੀਜਨਾਂ ਨੂੰ ਅਤੇ ਕਹਿ ਦਿੱਤਾ ਕਿ ਸਾਰੇ ਹਰੀਜਨਾਂ ਕੋਲ ਪਲਾਟ ਜਾਂ ਘਰ ਹਨ। ਇਸੇ ਤਰ੍ਹਾਂ ਚੁਹਾਣਕੇਕਲਾਂ, ਤਹਿਸੀਲ ਬਰਨਾਲਾ, ਵਿਚ ਇਨ੍ਹਾਂ ਨੇ ਜਿਹੜੇ ਪਲਾਟ ਦਿਤੇ ਉਹ ਟੋਬਿਆਂ ਵਿਚ ਦੇ ਦਿਤੇ। ਉਹ ਵੀ ਏ. ਐਸ. ਪੀ. ਨੇ ਇਕੱਠੇ ਕਰਕੇ ਉਨ੍ਹਾਂ ਦੇ ਦਸਤਖਤ ਕਰਾ ਲਏ। ਉਸ ਨੇ ਕਿਹਾ ਕਿ ਦਸਤਖਤ ਕਰ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਦਿਓ ਨਹੀਂ ਤਾਂ ਤੁਹਾਡੇ ਖਿਲਾਫ਼ ਕੇਸ ਬਣਾ ਦੇਵਾਂਗੇ । ਜਲੰਧਰ ਵਿਚ ਪਿੰਡ ਵੰਡਾਲਾ ਹੈ, 150 ਅਰਜ਼ੀਆ ਸਨ ਅਤੇ 14 ਨੂੰ ਪਲਾਟ ਦਿਤੇ, ਬਠਿੰਡੇ ਵਿਚ ਜੈਤੂਕੇ ਵਿਚ 60 ਪਲਾਟ ਕਟੇ ਹਨ ਪਰ ਕਬਜ਼ਾ ਕੋਈ ਨਹੀਂ ਦਿਤਾ, ਘਰੇਲ ਵਿਚ 13 ਵਿਚੋਂ 9 ਨੂੰ ਦਿਤੇ ਹਨ ਪਰ ਕਬਜ਼ਾ ਕੋਈ ਨਹੀਂ ਦਿਤਾ, ਚੱਕਾਂ ਪਿੰਡ ਵਿਚ ਨਿਸ਼ਾਨ ਤਕ ਨਹੀਂ ਦਿਤੇ, ਤੁੰਗਾਵਾਲੀ ਵਿਚ ਕੋਈ ਜ਼ਮੀਨ ਨਹੀਂ ਦਿਤੀ ਗਈ । ਇਸੇ ਤਰ੍ਹਾਂ ਜ਼ਿਲ੍ਹਾ ਫ਼ਰੀਦਕੋਟ ਵਿਚ ਲਾਲਾ ਲਾਜਪਤ ਰਾਏ ਦੇ ਪਿੰਡ ਢੁਡੀਕੇ ਵਿਚ ਕੋਈ ਪਲਾਟ ਕਿਸੇ ਨੂੰ ਨਹੀਂ ਦਿਤਾ ਗਿਆ । ਅਗਰ ਕਿਧਰੇ ਪਿੰਡਾਂ ਵਿਚ ਕੋਈ ਪਲਾਟ ਦਿਤੇ ਹਨ ਤਾਂ ਬੜੀ ਦੂਰ ਟੋਬਿਆਂ ਵਲ ਅਤੇ ਕਬਰਾਂ ਵਲ ਦਿਤੇ ਹਨ । ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਹਰੀਜਨਾਂ ਦੀਆਂ ਅਰਜ਼ੀਆਂ ਆਈਆਂ ਹਨ ਉਨ੍ਹਾਂ ਸਾਰਿਆਂ ਨੂੰ ਸਾਫ਼ ਔਰ ਬਸਤੀਆਂ ਦੇ ਨੇੜੇ ਪਲਾਟ ਦਿਤੇ ਜਾਣ । ਜੇ ਦੂਰ ਹੋਣਗੇ ਤਾਂ ਉਹ ਡਿਸਲੋਕੇਟ ਹੋਣਗੇ ਅਤੇ ਨਾਲ ਹੀ ਮੈਂ ਇਹ ਵੀ ਅਪੀਲ ਕਰਾਂਗਾ ਕਿ ਜਿਹੜੀਆਂ ਕਾਲੋਨੀਆਂ ਬਣਨੀਆਂ ਹਨ ਉਨ੍ਹਾਂ ਨੂੰ ਮਕਾਨਾਂ ਲਈ ਵੱਧ ਤੋਂ ਵੱਧ ਹੋਰ ਪੈਸੇ ਦਿਤੇ ਜਾਣ ਤਾਂ ਕਿ ਉਹ ਆਪਣੀਆਂ ਕਾਲੋਨੀਆਂ ਵਧੀਆ ਬਣਾ ਸਕਣ । ਜਿਸ ਨਾਲ ਹਰੀਜਨਾਂ ਨੂੰ ਫ਼ਾਇਦਾ ਹੋ ਜਾਵੇ । ਸਰਕਾਰ ਕਹਿੰਦੀ ਹੈ ਕਿ ਅਸੀਂ ਹਰੀਜਨਾਂ ਬਾਰੇ ਬਹੁਤ ਕੁਝ ਕਰਦੇ ਹਾਂ ਪਰ ਅਸਲ ਵਿਚ ਹਰੀਜਨਾਂ ਲਈ ਕੁਝ ਵੀ ਨਹੀਂ ਕੀਤਾ ਜਾਂਦਾ । ਹਰੀਜਨਾਂ ਵਾਸਤੇ ਸ਼ੈਡਿਊਲਡ ਕਾਸਟਸ ਐਂਡ ਡਿਵੈਲਪਮੈਂਟ ਕਾਰਪੋ-ਰੇਸ਼ਨ ਬਣਾਈ ਹੈ । ਇਹ ਉਨ੍ਹਾਂ ਨੂੰ ਬਹੁਤ ਘੱਟ ਪੈਸੇ ਦਿੰਦੀ ਹੈ । ਦੋ ਸਾਲਾਂ ਵਾਸਤੇ ਵਸੂਲੀ ਪੋਸਟਪੋਨ ਕਰ ਦਿਤੀ ਗਈ ਹੈ, ਨਾਲ ਹੀ ਇਹ ਹੋਇਆ ਹੈ ਕਿ ਉਨ੍ਹਾਂ ਨੂੰ ਹੋਰ ਕਰਜ਼ੇ ਨਹੀਂ ਮਿਲ ਰਹੇ । ਜਿਹੜਾ ਸ਼ਾਹੂਕਾਰ ਕਰਜ਼ਾ ਦਿੰਦਾ ਹੈ ਉਹ 100 ਰੁਪਿਆ ਦੇ ਕੇ 150 ਪਹਿਲੋਂ ਹੀ ਲਿਖਵਾ ਲੈਂਦਾ ਹੈ । ਮਜ਼ਦੂਰਾਂ ਨੂੰ, ਹਰੀਜਨਾਂ ਨੂੰ ਪੈਸੇ ਨਹੀਂ ਮਿਲ ਰਹੇ ਉਨ੍ਹਾ ਦੀ ਪੋਜ਼ੀਸ਼ਨ ਬੜੀ ਆਕਵਰਡ ਹੋ ਰਹੀ ਹੈ । ਸ਼ਾਹੂਕਾਰੀ ਕਰਜ਼ਾ ਜਿਹੜਾ ਹੈ ਉਹ ਮਾਫ਼ ਕੀਤਾ ਹੈ । ਮੈਂ ਸਰਕਾਰ ਨੂੰ ਕਹਾਂਗਾ ਕਿ ਸਰਕਾਰੀ ਕਰਜ਼ੇ ਵੀ ਮਾਫ਼ ਹੋਣੇ ਚਾਹੀਦੇ ਹਨ । ਪਿੰਡਾਂ ਵਿਚ ਬੈਂਕ ਖੋਲ੍ਹਣੇ ਚਾਹੀਦੇ ਹਨ ਤਾਂਕਿ ਉਹ ਪੈਸੇ ਉਥੋਂ ਲੈ ਸਕਣ । ਉਹ ਬੈਂਕਾਂ ਦੀ ਬਜਾਏ ਕਾਰਪੋਰੇਸ਼ਨ ਤੋਂ ਪੈਸੇ ਲੈਂਦੇ ਹਨ । ਕਾਰਪੋਰੇਸ਼ਨ ਨੂੰ ਬਹੁਤ ਘੱਟ ਪੈਸੇ ਅਲਾਟ ਹੋਏ ਹਨ । ਉਨ੍ਹਾਂ ਨੂੰ ਪੈਸੇ ਵੱਧ ਦੇਣੇ ਚਾਹੀਦੇ ਹਨ ਤਾਂ ਕਿ ਜਿਹੜੇ ਗਰੀਬ ਹਨ ਉਹ ਆਪਣੇ ਘਰਾਂ ਦੀਆਂ ਲੋੜੀਂਦੀਆਂ ਵਸਤਾਂ ਲੈ ਸਕਣ ਅਤੇ ਆਪਣਾ ਧੰਦਾ ਚੰਗੀ ਤਰ੍ਹਾਂ ਚਲਾ ਸਕਣ ।

ਬਾਕੀ ਜਿਹੜੀਆਂ ਪੁਲਿਸ ਬਾਰੇ ਇਸ ਸਰਕਾਰ ਦੀਆਂ ਨਵੀਆਂ ਸਕੀਮਾਂ ਹਨ, ਉਨ੍ਹਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ । ਨਿਊ ਐਕਸਪੈਂਡੀਚਰ ਫਾਰ ਦੀ ਯੀਅਰ 1976-77 ਵਿਚ ਇਨ੍ਹਾਂ ਨੇ ਜੋ ਕਿਹਾ ਹੈ ਉਸ ਦੇ ਮੁਤਾਬਿਕ ਬਜਟ ਦਾ ਇਕ ਬਹੁਤ ਵੱਡਾ ਹਿੱਸਾ ਪੁਲਿਸ ਤੇ ਖਰਚ ਕੀਤਾ ਜਾਵੇਗਾ । ਇਕ ਇਨ੍ਹਾਂ ਨੇ "ਪੰਜਾਬ ਪ੍ਰਗਤੀ ਦੀ ਰਾਹ ਤੇ" ਪੈਂਫਲਟ ਦਿੱਤਾ ਹੈ, ਜਿਸ ਦੇ ਵਿਚ ਲਿਖਿਆ ਹੈ ਕਿ :

> "ਸਮਾਜ ਦੇ ਕਮਜ਼ੋਰ ਵਰਗਾਂ ਜਿਵੇਂ ਕਿ ਹਰੀਜਨਾਂ ਅਤੇ ਇਸਤ੍ਰੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਲ ਪੁਲਿਸ ਨੇ ਵਿਸ਼ੇਸ਼ ਧਿਆਨ ਦਿੱਤਾ.... ।"

ਜਿਥੋਂ ਤੱਕ ਹਰੀਜਨਾਂ ਦਾ ਸਵਾਲ ਹੈ, ਗਰੀਬਾਂ ਦਾ ਸਵਾਲ ਹੈ, ਉਨ੍ਹਾਂ ਨਾਲ ਤਾਂ ਧੱਕਾ ਹੋ ਰਿਹਾ ਹੈ ਅਤੇ ਇਥੇ ਪੁਲਿਸ ਰਾਜ ਹੈ, ਪੁਲਿਸ ਜੋ ਮਰਜ਼ੀ ਕਰੇ ਉਹ ਸੱਚੋ ਸੱਚ ਹੈ, ਗਰੀਬ ਲੋਕਾਂ ਤੇ ਝੂਠੇ ਕੇਸ ਬਣਾਏ ਜਾਂਦੇ ਹਨ ਅਤੇ ਪੁਲਿਸ ਪਿੰਡਾਂ ਵਿਚ ਜਾ ਕੇ ਉਨ੍ਹਾਂ ਗਰੀਬ ਲੋਕਾਂ

Original with;
Punjab Vidhan Sabha
Digitized by;
Panjab Digital Library

ਦੇ ਸਿਰ ਅਫ਼ੀਮ ਅਤੇ ਸ਼ਰਾਬ ਪਾ ਕੇ ਝੂਠੇ ਕੇਸ ਬਣਾਉਂਦੀ ਹੈ । ਪਰ ਇਹ ਸਰਕਾਰ ਇਸ ਨਾਦਰਸ਼ਾਹੀ ਦੀ ਪੁਲਿਸ ਤੇ ਵੱਧ ਤੋਂ ਵੱਧ ਖਰਚ ਕਰ ਰਹੀ ਹੈ । ਇਸ ਪੁਲਿਸ ਦੀ ਗਿਣਤੀ ਨੂੰ ਘਟਾਉਣਾ ਚਾਹੀਦਾ ਹੈ ਅਤੇ ਇਸ ਨੂੰ ਲਗਾਮ ਵੀ ਦੇਣੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਕੁਝ ਸੌਖ ਹੋ ਸਕੇ । ਪੁਲਿਸ ਬਾਰੇ ਮੈਂ ਹਰੀਜਨਾਂ ਦੀ ਮਿਸਾਲ ਦੇਣਾ ਚਾਹੁੰਦਾ ਹਾਂ । ਸੰਗਰੂਰ ਜ਼ਿਲੇ ਵਿਚ ਛਾਂਗਲੀ ਦੀ ਹਰੀਜਨ ਔਰਤ ਨੂੰ ਜਾਗੀਰ ਪਿੰਡ ਲੈ ਜਾਇਆ ਗਿਆ, ਪਤਾ ਨਹੀਂ ਉਸ ਨੂੰ ਮਾਰ ਦਿੱਤਾ ਪਰ ਪੁਲਿਸ ਨਾਲ ਮਿਲ ਮਿਲਾ ਕੇ ਇਸ ਮਾਮਲੇ ਵਿਚ ਵੀ ਕੁਝ ਨਹੀਂ ਕੀਤਾ ਗਿਆ, ਬਾਲੀਆਂ ਪਿੰਡ ਵਿਚ ਹਰੀਜਨ ਔਰਤ ਨੂੰ ਗੁੰਡੇ ਲੈ ਕੇ ਨੱਸ ਗਏ, ਜਿਸ ਬਾਰੇ ਲਿਖ ਕੇ ਪੁਲਿਸ ਨੂੰ ਰਿਪੋਰਟ ਵੀ ਕੀਤੀ ਗਈ ਪਰ ਅਜੇ ਤੱਕ ਪਤਾ ਨਹੀਂ ਲਗ ਸਕਿਆ ਕਿ ਗੁੰਡੇ ਉਸ ਨੂੰ ਕਿਥੇ ਲੈ ਲਏ । ਇਸ ਦੇ ਨਾਲ ਵਜ਼ੀਦੇਕਾ ਕਲਾਂ ਦੇ ਇਕ ਹਰੀਜਨ ਦੀ ਲੜਕੀ ਨੂੰ ਰਜਵਾਹਾ ਤੇ ਕੰਮ ਕਰਦਿਆਂ ਅਗਸਤ ਦੇ ਮਹੀਨੇ ਵਿਚ ਗੁੰਡੇ ਲੈ ਗਏ, ਪੁਲਿਸ ਵਿਚ ਰਿਪੋਰਟ ਵੀ ਲਿਖਵਾਈ, ਪਰ ਕੁਝ ਪਤਾ ਨਹੀਂ ਚਲਿਆ । ਦੱਧਾਹੂਰ ਵਿਚ ਹਰੀਜਨ ਔਰਤ ਦੀ ਗੁੰਡਿਆਂ ਨੇ ਬੇਇਜ਼ਤੀ ਕੀਤੀ, ਪਰ ਉਹ ਗੁੰਡੇ ਅਜੇ ਤੱਕ ਖੁਲ੍ਹੇ ਫ਼ਿਰਦੇ ਹਨ ਅਤੇ ਉਨ੍ਹਾਂ ਨੂੰ ਪੁਛਣ ਵਾਲਾ ਕੋਈ ਨਹੀਂ ਅਤੇ ਉਨ੍ਹਾਂ ਬਾਰੇ ਅਜੇ ਤਕ ਕੁਝ ਨਹੀਂ ਕੀਤਾ ਗਿਆ । ਇਸ ਤਰ੍ਹਾਂ ਹਰੀਜਨਾਂ ਨਾਲ ਧੱਕਾ ਹੋ ਰਿਹਾ ਹੈ । ਸਰਕਾਰ ਇਸ ਪਾਸੇ ਧਿਆਨ ਦੇਵੇ ਅਤੇ ਜਿਹੜੀ ਗੁੰਡਾਗਰਦੀ ਵੱਧ ਰਹੀ ਹੈ, ਉਸ ਨੂੰ ਰੋਕੇ ਅਤੇ ਪੁਲਿਸ ਨੂੰ ਖੁਲ੍ਹੀ ਛੁੱਟੀ ਨਾ ਦਿੱਤੀ ਜਾਵੇ, ਇਸ ਨੂੰ ਲਗਾਮ ਪਾਉਣੀ ਚਾਹੀਦੀ ਹੈ । ਇਸ ਦੇ ਨਾਲ ਹੀ ਬਰਨਾਲੇ ਦੇ ਥਾਣੇਦਾਰ ਦੇ ਬਾਰੇ ਮੈਂ ਪਹਿਲਾਂ ਵੀ ਕਿਹਾ ਸੀ ਕਿ ਉਹ ਮਨਮਾਨੀਆਂ ਕਰ ਰਿਹਾ ਹੈ, ਇਸ ਬਾਰੇ ਲਿਖ ਕੇ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਵੀ ਦਿੱਤਾ ਲੇਕਿਨ ਕੁਝ ਨਹੀਂ ਹੋਇਆ । ਮੈਂ ਕੋਈ ਪੁਲਿਸ ਦੇ ਬਰਖਿਲਾਫ਼ ਨਹੀਂ ਲੇਕਿਨ ਉਹ ਥਾਣੇਦਾਰ ਲੋਕਾਂ ਨੂੰ ਬੜਾ ਤੰਗ ਕਰਦਾ ਹੈ ਅਤੇ ਗਰੀਬ ਲੋਕਾਂ ਦੇ ਸਿਰ ਗਲਤ ਤਰੀਕੇ ਨਾਲ ਸ਼ਰਾਬ ਜਾਂ ਅਫ਼ੀਮ ਦੇ ਕੇਸ ਮੜ੍ਹਦਾ ਹੈ । ਜੇ ਉਸ ਦੇ ਕੋਲ ਪੰਚਾਇਤ ਜਾਵੇ ਜਾਂ ਕੋਈ ਹੋਰ ਆਦਮੀ ਜਾਵੇ ਤਾਂ ਉਹ ਗਾਲੀ ਕਢੇ ਬਿਨਾਂ ਕਿਸੇ ਨਾਲ ਗੱਲ ਨਹੀਂ ਕਰਦਾ, ਕਿਉਂਕਿ ਉਸ ਨੂੰ ਬਲੱਡ ਪਰੈਸ਼ਰ ਦੀ ਬੀਮਾਰੀ ਹੈ । ਇਸ ਕਰਕੇ ਜੇ ਕੋਈ ਥਾਣੇਦਾਰ ਜਾਂ ਸਰਕਾਰ ਦਾ ਆਦਮੀ ਜਿਹੜਾ ਕਿ ਇਸ ਤਰ੍ਹਾਂ ਦੀ ਜ਼ਿਮੇਂਦਾਰੀ ਦੀ ਪੋਸਟ ਤੇ ਲੱਗਾ ਹੋਵੇ ਅਤੇ ਉਸ ਨੂੰ ਬਲੱਡ ਪਰੈਸ਼ਰ ਦੀ ਬੀਮਾਰੀ ਹੋਵੇ ਤਾਂ ਸਰਕਾਰ ਦਾ ਇਖਲਾਕੀ ਫਰਜ਼ ਬਣ ਜਾਂਦਾ ਹੈ ਕਿ ਉਸ ਦੀ ਡਾਕਟਰੀ ਕਰਵਾਵੇ ਅਤੇ ਕੋਈ ਪ੍ਰਬੰਧ ਕੀਤਾ ਜਾਵੇ ਤਾਂ ਜੋ ਲੋਕਾਂ ਵਿਚ ਬੇਚੈਨੀ ਨਾ ਹੋਵੇ ਅਤੇ ਲੋਕੀਂ ਸੁਖ ਦਾ ਸਾਹ ਲੈ ਸਕਣ । ਇਸ ਕਰਕੇ ਮੈਂ ਸਰਕਾਰ ਨੂੰ ਕਹਾਂਗਾ ਕਿ ਉਸ ਥਾਣੇਦਾਰ ਦੇ ਖਿਲਾਫ਼ ਐਕਸ਼ਨ ਲੈਣਾ ਚਾਹੀਦਾ ਹੈ । ਮੈਨੂੰ ਆਸ ਹੈ ਕਿ ਸਰਕਾਰ ਇਸ ਪਾਸੇ ਜ਼ਰੂਰ ਧਿਆਨ ਦੇਵੇਗੀ ।

**ਕੈਪਟਨ ਰਤਨ ਸਿੰਘ** : ਕੋਈ ਚੰਗੀ ਗੱਲ ਵੀ ਕਹਿ ਦੇਵੋ ।

**ਮਾਸਟਰ ਚੰਦ ਸਿੰਘ** : ਹੁਣ ਮੈਂ ਇੰਡਸਟਰੀ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਇਸ ਸਰਕਾਰ ਨੇ ਭਾਵੇਂ ਇਹ ਕਿਹਾ ਹੈ ਕਿ ਅਸੀਂ ਇੰਡਸਟਰੀ ਦੇ ਵਿਚ ਬਹੁਤ ਤਰੱਕੀ ਕੀਤੀ ਹੈ ਪਰ ਸਾਡੇ ਪੰਜਾਬ ਦੇ ਵਿਚ ਇੰਡਸਟਰੀ ਜਿਹੜੀ ਹੈ ਉਸ ਵਿਚ ਬਹੁਤ ਲਾਰਜ ਸਕੇਲ ਦੀ, ਵੱਡੀ ਇੰਡਸਟਰੀ ਕੋਈ ਨਹੀਂ ਹੈ, ਛੋਟੀਆਂ ਛੋਟੀਆਂ ਹਨ । ਇਸ ਕਰਕੇ ਇੰਡਸਟਰੀ ਵਾਸਤੇ ਵੱਧ ਤੋਂ ਵੱਧ ਪੈਸੇ ਰਖਣੇ ਚਾਹੀਦੇ ਹਨ ਤਾਂ ਜੋ ਕੁਝ ਨਾ ਕੁਝ ਤਾਂ ਐਂਪਲਾਇਮੈਂਟ ਦੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਪਰਾਬਲਮ ਹੱਲ ਹੋ ਸਕੇ । ਇਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਵੱਡੀ ਇੰਡਸਟਰੀ ਪੰਜਾਬ ਵਿਚ ਜ਼ਿਲ੍ਹਾ ਸੰਗਰੂਰ ਵਿਚ ਲਗਣੀ ਚਾਹੀਦੀ ਹੈ, ਕਿਉਂਕਿ ਇਹ ਪਿਛੜਿਆ ਜ਼ਿਲ੍ਹਾ ਹੈ । ਇਸ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਸਾਡੇ ਲੋਕਾਂ ਦੀ ਕੀ ਹਾਲਤ ਹੈ ? ਭਾਵੇਂ ਸਰਕਾਰ ਛੋਟੇ ਛੋਟੇ ਕਾਰਖਾਨੇ ਲਗਾ ਰਹੀ ਹੈ ਲੇਕਿਨ ਲੋਕਾਂ ਦੀ ਖਰੀਦਣ ਸ਼ਕਤੀ ਬਹੁਤ ਘੱਟ ਗਈ ਹੈ । 10 ਸਾਲ ਪਹਿਲਾਂ 16 ਮੀਟਰ ਪ੍ਰਤੀ ਆਦਮੀ ਕਪੜੇ ਦੀ ਕਨਜ਼ੰਪਸ਼ਨ ਸੀ ਪਰ ਅੱਜ ਘੱਟ ਕੇ 12 ਮੀਟਰ ਰਹਿ ਗਈ ਹੈ । ਇਹ ਕਿਉਂ ਘੱਟੀ ? ਕਿਉਂਕਿ ਕੋਈ ਵੀ ਮਿੱਲ ਆਪਣੀ ਪੂਰੀ ਕਪੈਸਿਟੀ ਨਾਲ ਕੰਮ ਨਹੀਂ ਕਰ ਰਹੀ ਹੈ । ਇਸ ਕਰਕੇ ਸਰਕਾਰ ਨੂੰ ਮੈਂ ਕਹਾਂਗਾ ਕਿ ਹਰ ਮਿੱਲ ਤੋਂ ਉਸ ਦੀ ਪੂਰੀ ਕਪੈਸਿਟੀ ਦੇ ਹਿਸਾਬ ਨਾਲ ਕੰਮ ਲਿਆ ਜਾਵੇ ਅਤੇ ਇਹ ਵੀ ਕਹਾਂਗਾ ਕਿ ਇਨ੍ਹਾਂ ਵੱਡੀਆਂ ਵੱਡੀਆਂ ਮਿੱਲਾਂ ਦਾ ਕੌਮੀਕਰਨ ਕੀਤਾ ਜਾਵੇ ਅਤੇ ਮਿੱਲ ਮਾਲਿਕਾਂ ਦੇ ਗਲਬੇ ਤੋਂ ਆਜ਼ਾਦ ਹੋਣਾ ਚਾਹੀਦਾ ਹੈ ।

ਹੁਣ ਮੈਂ ਐਜੂਕੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਸ਼ਰਮਾ ਜੀ ਨੇ ਕਿਹਾ ਕਿ ਐਜੂਕੇਸ਼ਨ ਤੇ ਪਿਛਲੇ ਸਾਲ ਨਾਲੋਂ ਬੜਾ ਖਰਚ ਕੀਤਾ ਹੈ । ਐਜੂਕੇਸ਼ਨ ਤੇ ਖਰਚ ਤਾਂ ਠੀਕ ਹੈ, ਇਕ ਹਜ਼ਾਰ ਕਰੋੜ ਰੁਪਏ ਦਾ ਬਜਟ ਇਨ੍ਹਾਂ ਨੇ ਪੇਸ਼ ਕੀਤਾ ਹੈ, ਪਰ ਇਸ ਦਫਾ ਹਿਸਾਬ ਲਗਾ ਕੇ ਵੇਖਿਆ ਜਾਵੇ ਤਾਂ ਪ੍ਰਸੈਂਟੇਜ ਐਜੂਕੇਸ਼ਨ ਤੇ ਖਰਚ ਦੀ ਘੱਟ ਹੈ । ਇਹ ਇਕ ਬਹੁਤ ਵੱਡਾ ਡਿਪਾਰਟਮੈਂਟ ਹੈ ਅਤੇ ਇਸ ਤੇ ਵੱਧ ਤੋਂ ਵੱਧ ਖਰਚ ਕਰਨਾ ਚਾਹੀਦਾ ਹੈ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਮਹਿਕਮੇ ਦੇ ਵਿਚ ਕੁਰੱਪਟ ਆਦਮੀਆ ਗਏ ਹਨ । ਇਸ ਬਾਰੇ ਸ਼ਰਮਾ ਜੀ ਨੂੰ ਪਤਾ ਹੀ ਹੋਣਾ ਹੈ ਕਿ 31 ਜਨਵਰੀ ਨੂੰ ਟਰਾਂਸਫਰਾਂ ਬੰਦ ਹੋਈਆਂ ਹਨ । ਮੈਂ ਇਹ ਕਹਾਂਗਾ ਕਿ ਐਮਰਜੈਂਸੀ ਲਗਣ ਨਾਲ ਅਫਸਰਸ਼ਾਹੀ ਭੂਤਰ ਗਈ ਹੈ, ਜਿਥੇ ਮਰਜ਼ੀ ਕਿਸੇ ਨੂੰ ਟਰਾਂਸਫਰ ਕਰ ਦਿੱਤਾ ਜਾਂਦਾ ਹੈ, ਕੋਈ ਕਿਸੇ ਦੀ ਆਵਾਜ਼ ਨਹੀਂ, ਕੋਈ ਬੋਲ ਨਹੀਂ ਸਕਦਾ, ਕਿਸੇ ਨੂੰ ਕੋਈ ਆਜ਼ਾਦੀ ਨਹੀਂ, ਧੱਕੇ ਨਾਲ ਹੀ ਨੌਕਰੀ ਕਰਵਾਈ ਜਾਂਦੇ ਹਨ, ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਡਿਸਟ੍ਰਿਕਟ ਲੈਵਲ ਅਤੇ ਡਾਇਰੈਕਟੋਰੇਟ ਲੈਵਲ ਤੇ ਜਿਹੜੇ ਕੁਰੱਪਟ ਆਦਮੀ ਹਨ, ਉਨ੍ਹਾਂ ਨੂੰ ਲਗਾਮ ਪਾਉਣੀ ਚਾਹੀਦੀ ਹੈ ਤਾਂ ਜੋ ਮਹਿਕਮੇ ਦਾ ਕੰਮ ਠੀਕ ਤਰੀਕੇ ਨਾਲ ਚਲ ਸਕੇ । ਮੈਂ ਐਜੂਕੇਸ਼ਨ ਬਾਰੇ ਸਾਰੀ ਗੱਲ ਤਫਸੀਲ ਨਾਲ ਦੱਸਾਂਗਾ । ਐਜੂਕੇਸ਼ਨ ਬਾਰੇ ਗੱਲ ਇਹ ਹੈ ਕਿ ਜਿਹੜੇ ਸਕੂਲ ਅੱਪਗਰੇਡ ਕੀਤੇ ਜਾਂਦੇ ਹਨ, ਉਨ੍ਹਾਂ ਬਾਰੇ ਮੈਂ ਪਹਿਲਾਂ ਵੀ ਲਿਖਿਆ ਸੀ ਕਿ ਆਪੋ-ਜ਼ੀਸ਼ਨ ਦੇ ਹਲਕਿਆਂ ਨੂੰ ਇਗਨੋਰ ਕੀਤਾ ਜਾਂਦਾ ਹੈ, ਸਿਰਫ ਮੇਰੇ ਹਲਕੇ ਨੂੰ ਹੀ ਨਹੀਂ ਬਲਕਿ ਸਾਰੇ ਹਲਕਿਆਂ ਨੂੰ ਹੀ ਇਗਨੋਰ ਕੀਤਾ ਜਾਂਦਾ ਹੈ, ਜਿਹੜੇ ਆਪੋਜ਼ੀਸ਼ਨ ਦੇ ਹਨ । ਚਾਰ ਸਕੂਲ ਮਿਡਲ ਤੋਂ ਹਾਈ ਬਣਨ ਵਾਲੇ ਹਨ, ਇਕ ਪੰਜਗਰਾਈਂ, ਟਿੱਬਾ, ਮਹੋਲੀ ਕਲਾਂ ਅਤੇ ਖੇੜੀ ਚਾਹੇਲਾਂ ਪਰ ਇਹ ਨਹੀਂ ਬਣਾਏ ਗਏ ਹਨ । ਇਸ ਦੇ ਨਾਲ ਪ੍ਰਾਈਮਰੀ ਸਕੂਲ ਹਨ, ਜਿਹੜੇ ਕਿ ਮਿਡਲ ਬਣਨ ਵਾਲੇ ਹਨ, ਉਹ ਹਨ ਹੇੜੀਕੇ, ਪੁੰਨਾਵਾਲ, ਕਲਿਆਨ ਖੁਰਦ, ਬਾਜਵਾ ਰੰਗੀਸਾਂ, ਝਨੇਰ ਵਗੈਰਾ, ਇਨ੍ਹਾਂ ਨੂੰ ਅੱਪ-ਗਰੇਡ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਦੀ ਐਜੂਕੇਸ਼ਨ ਦੀ ਡਿਮਾਂਡ ਪੂਰੀ ਹੋ ਸਕੇ । ਇਸ ਲਈ ਮੈਂ ਸਰਕਾਰ ਤੋਂ ਇਹ ਮੰਗ ਕਰਦਾ ਹਾਂ ਕਿ ਇਨ੍ਹਾਂ ਸਕੂਲਾਂ ਨੂੰ ਛੇਤੀ ਤੋਂ ਛੇਤੀ ਅੱਪ-ਗਰੇਡ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਰੋਡਜ਼ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਭਾਵੇਂ ਸਰਕਾਰ ਨੇ ਕਿਹਾ ਕਿ ਸੜਕਾਂ, ਲਿੰਕ ਰੋਡਜ਼ ਬਣਾਵਾਂਗੇ, ਪਰ ਇਸ ਸੈਸ਼ਨ ਦੇ ਦੌਰਾਨ ਪਿਛਲੇ ਦਿਨਾਂ ਵਿਚ ਕਾਮਰੇਡ ਅੱਛਰਾ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਦੇ ਹਲਕੇ ਵਿਚ 15 ਪਿੰਡ ਹਨ ਜਿਥੇ ਸੜਕਾਂ ਨਹੀਂ ਬਣੀਆਂ। ਸੋ ਜੇ ਇਕ ਹਲਕੇ ਵਿਚ ਔਸਤਨ 4, 5 ਵੀ ਇਸ ਤਰ੍ਹਾਂ ਦੀਆਂ ਸੜਕਾਂ ਲਗਾ ਲਈਏ ਤਾਂ ਸਾਰੇ ਹਲਕਿਆਂ ਵਿਚ ਨਾ ਬਣੀਆਂ ਹੋਈਆਂ ਸੜਕਾਂ ਦੀ ਗਿਣਤੀ 400 ਜਾਂ 500 ਹੋ ਜਾਵੇਗੀ। ਇਸ ਕਰਕੇ ਇਕ ਸਰਵੇ ਕਰਕੇ 31 ਮਾਰਚ, 1976 ਤੋਂ ਪਹਿਲਾਂ ਪਹਿਲਾਂ ਸਾਰੀਆਂ ਲਿੰਕ ਰੋਡਜ਼ ਬਣ ਜਾਣੀਆਂ ਚਾਹੀਦੀਆਂ ਹਨ ਅਤੇ ਲੋਕਾਂ ਦੀਆਂ ਡੀਮਾਂਡਜ਼ ਪੂਰੀਆਂ ਕੀਤੀਆਂ ਜਾਣ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਿੰਡ ਹਮੀਦੀ ਤੋਂ ਜਿਹੜੀ 8 ਮੀਲ ਦੀ ਸੜਕ ਹੈ ਅਤੇ ਜੋ ਬਰਨਾਲਾ ਸ਼ਹਿਰ ਨੂੰ ਮਿਲਾਉਂਦੀ ਹੈ, ਉਸ ਨੂੰ ਸਿਧੀ ਹਮੀਦੀ ਤੋਂ ਭੱਦਲ ਵੱਡ ਤੀਕ ਜਲਦੀ ਤੋਂ ਜਲਦੀ ਬਣਾਇਆ ਜਾਵੇ। ਕੈਪਟਨ ਸਾਹਿਬ ਨੇ ਕਿਹਾ ਸੀ ਕਿ ਕੋਈ ਗੱਲ ਚੰਗੀ ਵੀ ਕਰ ਦਿਆ ਕਰੋ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਹਰੀਜਨਾਂ ਦੇ ਬੱਚਿਆਂ ਦਾ ਵਜ਼ੀਫਾ ਹੋਰ ਵਧਾਉਣਾ ਚਾਹੀਦਾ ਹੈ, ਕਿਉਂਕਿ ਇਹ ਨਹੀਂ ਦੱਸਿਆ ਗਿਆ ਕਿ ਕਿੰਨਾਂ ਵਧਾਇਆ ਜਾਣਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਗਰੀਬ ਲੋਕਾਂ ਦਾ ਵੱਧ ਤੋਂ ਵੱਧ ਖਿਆਲ ਰਖੇ ਅਤੇ ਉਨ੍ਹਾਂ ਨੂੰ ਹੋਰ ਵਧੇਰੇ ਸਹੂਲਤਾਂ ਦੇਵੇ।

ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਇਕ ਦੋ ਗਲਾਂ ਹੋਰ ਕਰਨੀਆਂ ਹਨ। ਪਹਿਲੀ ਗਲ ਇਹ ਹੈ ਕਿ ਅੱਜ ਕੱਲ ਜਿਹੜੀ ਐਮਰਜੈਂਸੀ ਲੱਗੀ ਹੈ ਇਸ ਵਿਚ ਇਹ ਚਰਚਾ ਹੈ ਕਿ ਜੇ ਕਾਂਗਰਸੀ ਬਣਨਾ ਹੋਵੇ ਤਾਂ ਚੋਰ ਬਜ਼ਾਰੀ ਦਾ ਲਾਇਸੈਂਸ ਲੈਣਾ ਹੈ। (ਵਿਘਨ) ਮੈਂ ਤੁਹਾਨੂੰ ਇਸ ਦੀ ਮਿਸਾਲ ਦਿੰਦਾਂ ਹਾਂ। ਧੂਰੀ ਸ਼ਹਿਰ ਵਿਚ ਇਕ ਡਿਸਟ੍ਰਿਕਟ ਪੱਧਰ ਦਾ ਜਿਹੜਾ ਕਾਂਗਰਸੀ ਹੈ....

**ਸ੍ਰੀ ਗੁਰਦਿਆਲ ਸੈਣੀ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਜੋ ਇਹ ਲਫਜ ਚੋਰ ਬਜ਼ਾਰੀ ਦਾ ਕਿਹਾ ਹੈ ਇਹ ਐਕਸਪੰਜ ਕਰ ਦਿੱਤਾ ਜਾਵੇ। ਇਹ ਪਾਰਲੀਮੈਂਟਰੀ ਨਹੀਂ ਹੈ।

**ਮਾਸਟਰ ਚੰਦ ਸਿੰਘ** ਡਿਪਟੀ ਸਪੀਕਰ ਸਾਹਿਬ, ਮੈਂ ਧੂਰੀ ਦੀ ਗਲ ਕਰ ਰਿਹਾ ਸੀ। ਉਹ ਜਿਹੜਾ ਆਦਮੀ ਹੈ ਉਹ ਬਹੁਤ ਫਰਾਡ ਕਰ ਰਿਹਾ ਹੈ। ਉਹ ਦਵਾਈਆਂ ਵਾਸਤੇ ਤੇਜ਼ਾਬ ਲੈ ਕੇ ਉਸ ਨੂੰ ਬਲੈਕ ਵਿਚ ਵੇਚਦਾ ਹੈ ਅਤੇ ਉਸ ਵਿਚ ਮਿਲਾਵਟ ਵੀ ਕਰਦਾ ਹੈ। ਇਸ ਨਾਲ ਲੋਕਾਂ ਦੀ ਸਿਹਤ ਜਿਹੜੀ ਹੈ ਉਹ ਖਰਾਬ ਹੋ ਰਹੀ ਹੈ ਅਤੇ ਉਨ੍ਹਾਂ ਦੀ ਸਿਹਤ ਦਾ ਖਿਆਲ ਨਹੀਂ ਰਖਿਆ ਜਾਂਦਾ। ਉਨ੍ਹਾਂ ਦੀ ਸੇਹਤ ਡਾਊਨ ਹੋ ਗਈ ਹੈ। ਉਹ ਬੋਤਲ 1 ਰੁਪਏ 80 ਪੈਸੇ ਦੀ ਲੈ ਰਿਹਾ ਹੈ ਤੇ 8 ਰੁਪਏ ਵਿਚ ਵੇਚ ਰਿਹਾ ਹੈ। ਇਹ ਬਹੁਤ ਵਡਾ ਸਕੈਂਡਲ ਹੈ। ਇਸ ਨੂੰ ਦੂਰ ਕੀਤਾ ਜਾਵੇ। ਇਸ ਲਈ ਮੈਂ ਸਰਕਾਰ ਤੋਂ ਮੰਗ ਕਰਾਂਗਾ ਕਿ ਇਹੋ ਜਿਹੇ ਜਿਹੜੇ ਭਦੱਰ ਪੁਰਸ਼ ਹਨ ਉਨ੍ਹਾਂ ਦੀ ਇਨਕੁਆਇਰੀ ਕਰਾਏ ਅਤੇ ਘੱਟੋ ਘੱਟ ਉਨ੍ਹਾਂ ਤੇ ਕੇਸ ਚਲਾਕੇ ਉਨ੍ਹਾਂ ਤੇ ਸਖੱਤ ਕਾਰਵਾਈ ਕੀਤੀ ਜਾਵੇ।

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਇਸੇ ਤਰ੍ਹਾਂ ਇਕ ਗਲ ਮੈਂ ਬੇਨੜਾ ਦੀ ਵੀ ਦੱਸਣਾ ਚਾਹੁੰਦਾ ਹਾਂ ਕਿ ਉਥੇ ਇਕ ਕਾਂਗਰਸ ਦਾ ਬੜਾ ਵਡਾ ਵਰਕਰ ਹੈ ਉਸ ਨੂੰ ਹਰੀਜਨਾਂ ਨੂੰ ਹਥਾਈ ਵਾਸਤੇ ਦੇਣ ਲਈ 2 ਹਜ਼ਾਰ ਰੁਪਿਆ ਮਿਲਿਆ ਹੈ । ਪਰ ਉਸ ਨੇ ਇਸ 2 ਹਜ਼ਾਰ ਰੁਪਏ ਦੀਆਂ ਜਾਲੀ ਰਸੀਦਾਂ ਕੱਟ ਦਿੱਤੀਆਂ ਅਤੇ ਉਹ ਪੈਸਾ ਆਪ ਖਾ ਗਿਆ । (ਵਿਘਨ)

**ਸ੍ਰੀ ਪ੍ਰੇਮ ਗੁਪਤਾ** : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਜਿਹੜਾ ਆਦਮੀ ਹਾਊਸ ਵਿਚ ਹਾਜ਼ਰ ਨਹੀਂ ਹੈ ਉਸ ਦੇ ਖਿਲਾਫ ਚਾਰਜਿਜ਼ ਕਿਉਂ ਲਗਾਏ ਜਾ ਰਹੇ ਹਨ ?

**ਮਾਸਟਰ ਚੰਦ ਸਿੰਘ** : ਮੈਂ ਨਾਉਂ ਨਹੀਂ ਲੈ ਰਿਹਾ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਬਜਟ ਤੇ ਬੋਲੋ । ਵਜ਼ੀਰ ਸਾਹਿਬ ਬੈਠੇ ਹਨ, ਜਿਹੜੀਆਂ ਤਕਲੀਫ਼ਾਂ ਹਨ ਉਹ ਉਨ੍ਹਾਂ ਨੂੰ ਨੋਟ ਕਰਵਾਓ ।

**ਮਾਸਟਰ ਚੰਦ ਸਿੰਘ** : ਮੈਂ ਬਿਲਕੁਲ ਨਾਉਂ ਨਹੀਂ ਲੈ ਰਿਹਾ ਜੀ । ਮੈਂ ਹਰੀਜਨਾਂ ਦੀ ਗਲ ਕਰ ਰਿਹਾ ਸੀ ਕਿ ਉਸ ਵਰਕਰ ਨੂੰ 2 ਹਜ਼ਾਰ ਰੁਪਿਆ ਹਰੀਜਨਾਂ ਦੀ ਹਥਾਈ ਬਣਾਉਣ ਵਾਸਤੇ ਦਿੱਤਾ ਗਿਆ ਪਰ ਉਸ ਨੇ ਜਾਲੀ ਰਸੀਦਾਂ ਬਣਾ ਕੇ ਇਹ ਕਹਿ ਦਿੱਤਾ ਕਿ ਇਹ ਪੈਸਾ ਲਾ ਦਿੱਤਾ ਗਿਆ ਹੈ । ਪਰ ਅੱਜੇ ਤਕ ਇਹ ਪੈਸਾ ਹਰੀਜਨਾਂ ਨੂੰ ਮਿਲਿਆ ਨਹੀਂ । ਇਸ ਲਈ ਮੇਰੀ ਇਹ ਬੇਨਤੀ ਹੈ ਕਿ ਇਹ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਸ ਦੀ ਇਨਕੁਆਇਰੀ ਕਰਵਾਈ ਜਾਵੇ ਅਤੇ ਪਤਾ ਕਰੇ ਕਿ ਜਿਹੜਾ ਪੈਸਾ ਹਥਾਈ ਬਣਾਉਣ ਵਾਸਤੇ ਦਿੱਤਾ ਗਿਆ ਸੀ ਉਹ ਕਿਥੇ ਗਿਆ ਹੈ । ਉਸ ਦੀਆਂ ਜਾਲੀ ਰਸੀਦਾਂ ਕਿਉਂ ਕੱਟੀਆਂ ਗਈਆਂ ਹਨ । ਉਸ ਵਿਚ ਕਈ ਆਦਮੀਆਂ ਦੇ ਹਿੱਸੇ ਹਨ । ਉਸ ਵਿਚ ਤਹਿਸੀਲ ਤੇ ਜ਼ਿਲ੍ਹਾ ਭਲਾਈ ਅਫ਼ਸਰ ਸ਼ਾਮਲ ਹਨ । ਇਹੋ ਜਿਹੀਆਂ ਜਿਹੜੀਆਂ ਰਿਵਾਇਤਾਂ ਚਲ ਰਹੀਆਂ ਹਨ ਇਨ੍ਹਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ ਤਾਂਕਿ ਹਰੀਜਨਾਂ ਨੂੰ ਜਿਹੜੀਆਂ ਇਹ ਰਿਆਇਤਾਂ ਸਰਕਾਰ ਦਿੰਦੀ ਹੈ ਉਹ ਮਿਲ ਸਕੱਣ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਸਹਿਕਾਰਤਾ ਦੇ ਬਾਰੇ ਵਿਚ ਇਕ ਗਲ ਕਰਨੀ ਚਾਹੁੰਦਾ ਹਾਂ । ਅੱਜ ਕਲ ਸਾਡੇ ਪੰਜਾਬ ਵਿਚ ਕੋਆਪਰੇਟਿਵ ਸੋਸਾਇਟੀਆਂ ਵਿਚ ਬਹੁਤ ਜ਼ਿਆਦਾ ਗਬਨ ਹੋ ਰਿਹਾ ਹੈ । ਅੱਜ ਕੱਲ ਪੰਜਾਬ ਕੋਆਪਰੇਟਿਵ ਸੁਸਾਇਟੀਆਂ ਵਿਚ ਇਹੋ ਜਿਹੇ ਬਹੁਤ ਘੱਟ ਆਦਮੀ ਹਨ ਜਿਹੜੇ ਕਿ ਵਧੀਆ ਕੰਮ ਕਰਦੇ ਹਨ, ਬਾਕੀ ਤਾਂ ਸਾਰੇ ਹੀ ਕਰੱਪਟ ਹਨ ਪਰ ਸਾਡੀ ਸਰਕਾਰ ਇਨ੍ਹਾਂ ਕੁਰਪੱਟ ਅਫ਼ਸਰਾਂ ਨੂੰ ਹੀ ਪਰਮੋਸ਼ਨ ਦੇ ਰਹੀ ਹੈ । ਉਨ੍ਹਾਂ ਨੂੰ ਏ. ਆਰ. ਤੋਂ ਡੀ. ਆਰ. ਬਣਾ ਰਹੀ ਹੈ । ਇਨ੍ਹਾਂ ਦੇ ਖਿਲਾਫ ਬੜੇ ਚਾਰਜਿਜ਼ ਲਗੇ ਹੁੰਦੇ ਹਨ ਪਰ ਉਨ੍ਹਾਂ ਨੂੰ ਕੋਈ ਨਹੀਂ ਵੇਖਦਾ । ਇਸ ਤਰ੍ਹਾਂ ਇਹ ਜਿਹੜੀਆਂ ਕੋਆਪਰੇਟਿਵ ਸੁਸਾਇਟੀਆਂ ਹਨ ਇਨ੍ਹਾਂ ਵਿਚ ਲੱਖਾਂ ਰੁਪਏ ਦਾ ਗਬਨ ਹੋ ਰਿਹਾ ਹੈ । ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਕੁਰੱਪਸ਼ਨ ਨੂੰ ਰੋਕਣ ਲਈ ਪਿੰਡਾਂ ਦੇ ਲੋਕਾਂ ਦੀਆਂ ਕਮੇਟੀਆਂ ਅਤੇ ਉਥੇ ਦੇ ਜਿਹੜੇ ਮਜ਼ਦੂਰ ਹਨ ਉਨ੍ਹਾਂ ਦੀਆਂ ਕਮੇਟੀਆਂ ਬਣਾਈਆਂ ਜਾਣ ਤਾਕਿ ਇਨ੍ਹਾਂ ਸੁਸਾਇਟੀਆਂ ਨੇ ਜਿਹੜੇ ਗਬਨ ਕੀਤੇ ਹਨ, ਉਹ ਨਿਕਲ ਸਕਣ, ਔਰ ਜਿਹੜੇ

Original with;
Punjab Vidhan Sabha
Digitized by;
Panjab Digital Library

ਕੁਰੱਪਟ ਅਫ਼ਸਰ ਹਨ ਉਨ੍ਹਾਂ ਦਾ ਪਰਦਾ ਫਾਸ਼ ਹੋ ਸਕੇ । ਇਸ ਤਰ੍ਹਾਂ ਮੇਰੀ ਇਹ ਮੰਗ ਹੈ ਕਿ ਇਹ ਕਮੇਟੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ ।

ਇਸ ਤੋਂ ਅੱਗੇ ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਦੇ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਇਨ੍ਹਾਂ ਨੇ ਆਪਣੀ ਬਜਟ ਸਪੀਚ ਵਿਚ ਕਿਹਾ ਹੈ ਕਿ ਪਹਿਲਾਂ ਬਿਜਲੀ ਦਾ 110 ਮੈਗਾਵਾਟ ਦਾ ਯੂਨਿਟ ਦਸੰਬਰ, 1974 ਵਿਚ ਚਾਲੂ ਕਰ ਦਿੱਤਾ ਸੀ ਅਤੇ ਦੂਜਾ ਅਕਤੂਬਰ, 975 ਵਿਚ ਚਾਲੂ ਕਰ ਦਿੱਤਾ ਹੈ ਅਤੇ ਤੀਜੇ ਲਈ ਇਹ ਕਹਿੰਦੇ ਹਨ ਕਿ ਸਤੰਬਰ, 977 ਵਿਚ ਚਾਲੂ ਕਰ ਦਿੱਤਾ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਮੈਂ ਇਕ ਅਰਜ਼ ਕਰਾਂ ਕਿ ਇਨ੍ਹਾਂ ਨੇ ਪਿਛੇ ਜਿਹੜੇ ਯੂਨਿਟ ਚਾਲੂ ਕਰਨ ਵਾਸਤੇ ਡੇਟਾਂ ਫਿਕਸ ਕੀਤੀਆਂ ਸਨ, ਇਹ ਉਸ ਸਮੇਂ ਦੇ ਮੁਤਾਬਕ ਕੋਈ ਵੀ ਯੂਨਿਟ ਨਹੀਂ ਸੀ ਚਾਲੂ ਕਰ ਸਕੇ, ਇਨ੍ਹਾਂ ਸਭ ਨੂੰ ਚਾਲੂ ਕਰਨ ਵਿਚ ਬਹੁਤ ਸਮਾਂ ਲਗਦਾ ਰਿਹਾ ਹੈ ।

**ਇਕ ਆਵਾਜ਼ :** ਹੁਣ ਤਾਂ ਚਾਲੂ ਹੋ ਗਏ ਹਨ ?

**ਮਾਸਟਰ ਚੰਦ ਸਿੰਘ :** ਹਾਂ, ਇਹ ਹੁਣ ਚਾਲੂ ਹੋਏ ਹਨ ਪਰ ਇਨ੍ਹਾਂ ਨੂੰ ਚਾਲੂ ਕਰਨ ਲਈ ਜਿਹੜੀਆਂ ਤਾਰੀਖਾਂ ਫਿਕਸ ਕੀਤੀਆਂ ਸਨ ਉਸ ਤਾਰੀਖ ਦੇ ਮੁਤਾਬਕ ਇਹ ਯੂਨਿਟ ਚਾਲੂ ਨਹੀਂ ਸਨ ਹੋ ਸਕੇ । ਸੋਸ਼ਲਿਸਟਿਕ ਕੰਟਰੀਜ਼ ਵਿਚ ਤਾਂ ਕੋਈ ਵੀ ਕੰਮ ਕਰਨ ਲਈ ਜਿਹੜੀ ਵੀ ਡੇਟ ਦਿੱਤੀ ਜਾਂਦੀ ਹੈ, ਉਸ ਡੇਟ ਤੋਂ ਪਹਿਲਾਂ ਹੀ ਉਹ ਕੰਮ ਹੋ ਜਾਂਦਾ ਹੈ ਉਸ ਸਮੇਂ ਤੋਂ ਬਾਅਦ ਨਹੀਂ ਹੁੰਦਾ । ਇਸ ਲਈ ਮੈਂ ਇਸ ਸਰਕਾਰ ਨੂੰ ਵਧਾਈ ਦੇਵਾਂਗਾ ਜੇਕਰ ਇਹ ਬਿਜਲੀ ਦਾ ਤੀਜਾ ਯੂਨਿਟ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਸਤੰਬਰ, 1977 ਵਿਚ ਚਾਲੂ ਕਰ ਦੇਵਾਂਗੇ, ਸਮੇਂ ਸਿਰ ਸ਼ੁਰੂ ਹੋ ਗਿਆ । ਫਿਰ ਬਿਜਲੀ ਬਾਰੇ ਮੈਂ ਇਕ ਹੋਰ ਅਰਜ਼ ਕਰਾਂ ਕਿ ਇਹ ਬਿਜਲੀ ਹਰ ਇਕ ਪਿੰਡ ਨੂੰ ਦੇਣੀ ਚਾਹੀਦੀ ਹੈ ਹਰ ਇਕ ਪਿੰਡ ਵਿਚ ਜਿਸ ਨੇ ਵੀ ਬਿਜਲੀ ਵਾਸਤੇ ਐਪਲਾਈ ਕੀਤਾ ਹੋਵੇ ਉਸ ਨੂੰ ਬਿਜਲੀ ਦੇਣੀ ਚਾਹੀਦੀ ਹੈ । ਬਿਜਲੀ ਬਾਰੇ ਕੀ ਕੀਤਾ ਜਾਂਦਾ ਹੈ ਕਿ ਜਦੋਂ ਬਿਜਲੀ ਪਿੰਡ ਵਿਚ ਪਹੁੰਚਦੀ ਹੈ ਤਾਂ ਇਹ ਕਿਸੇ ਗੁਰਦੁਆਰੇ ਜਾਂ ਮੰਦਰ ਵਿਚ ਦੇ ਕੇ ਫਿਰ ਅੱਗੇ ਨੂੰ ਤਾਰਾਂ ਖਿਚ ਲਈਆਂ ਜਾਂਦੀਆਂ ਹਨ, ਹੋਰ ਕਿਸੇ ਨੂੰ ਨਹੀਂ ਦਿੱਤੀ ਜਾਂਦੀ ਅਤੇ ਕਹਿ ਦਿੱਤਾ ਜਾਂਦਾ ਹੈ ਕਿ ਐਨੇ ਪਿੰਡਾਂ ਨੂੰ ਬਿਜਲੀ ਦੇ ਦਿੱਤੀ ਗਈ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਜਦੋਂ ਕਿਸੇ ਪਿੰਡ ਵਿਚ ਬਿਜਲੀ ਪਹੁੰਚਦੀ ਹੈ ਤਾਂ ਉਸ ਪਿੰਡ ਵਿਚ ਜਿਨ੍ਹਾਂ ਨੇ ਵੀ ਬਿਜਲੀ ਵਾਸਤੇ ਐਪਲਾਈ ਕੀਤਾ ਹੋਵੇ ਉਸ ਨੂੰ ਇਹ ਬਿਜਲੀ ਦੇਣੀ ਚਾਹੀਦੀ ਹੈ । ਮੈਨੂੰ ਉਮੀਦ ਹੈ ਕਿ ਇਸ ਸਰਕਾਰ ਨੇ ਬਿਜਲੀ ਦੇਣ ਵਾਸਤੇ ਜਿਹੜੀ ਡੇਟ ਫਿਕਸ ਕੀਤੀ ਹੈ, ਉਹ ਇਸ ਡੇਟ ਤਕ ਸਭ ਨੂੰ ਬਿਜਲੀ ਦੇ ਦੇਵੇਗੀ ।

ਇਨ੍ਹਾਂ ਨੇ ਥੀਨ ਡੈਮ ਬਾਰੇ ਜੰਮੂ ਕਸ਼ਮੀਰ ਨਾਲ ਗਲ ਬਾਤ ਕਰਕੇ ਫੈਸਲਾ ਕੀਤਾ ਹੈ ਬੜੀ ਵੱਧੀਆ ਗਲ ਹੈ ਅਤੇ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ।

**ਇਕ ਆਵਾਜ਼ :** ਸ਼ੁਕਰ ਹੈ ਕਿਸੇ ਕੰਮ ਲਈ ਤਾਂ ਵਧਾਈ ਦਿੱਤੀ ਹੈ ।

**ਮਾਸਟਰ ਚੰਦ ਸਿੰਘ :** ਪਰ ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ ਇਹ ਡੈਮ ਬਣਨ ਤੇ ਜਿਹੜੇ ਕੰਮ ਕਰਨ ਵਾਲੇ ਮਜ਼ਦੂਰ ਹੋਣਗੇ ਜਿਸ ਤਰ੍ਹਾਂ ਕਿ ਤਲਵਾੜੇ ਦੇ 4,500

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਵਰਕਰਜ਼ ਹਨ ਅਤੇ ਸ਼ਾਹਪੁਰ ਤੇ ਭੰਡੋ ਦੇ 2,500 ਵਰਕਰਜ਼ ਹਨ ਅਤੇ ਹੋਰ ਜਿਹੜੇ ਡੈਮ ਜਿਸ ਤਰ੍ਹਾਂ ਬਿਆਸ ਦੇ 35,000 ਵਰਕਰਜ਼ ਹਨ ਉਨ੍ਹਾਂ ਨੂੰ ਨੋਟਿਸ ਦੇ ਦਿਤੇ ਗਏ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵਰਕਰਜ਼ ਨੂੰ ਜਿਨ੍ਹਾਂ ਨੂੰ ਨੌਕਰੀ ਤੋਂ ਕਢਣ ਦੇ ਨੋਟਿਸ ਦਿਤੇ ਗਏ ਹਨ, ਇਨ੍ਹਾਂ ਨੂੰ ਜਿਹੜੇ ਥੀਨ ਡੈਮ ਜਾਂ ਸ਼ਾਨਨ ਪਰਾਜੈਕਟ ਬਣ ਰਹੇ ਹਨ ਉਥੇ ਲਾਉਣਾ ਚਾਹੀਦਾ ਹੈ। ਇਸ ਤਰ੍ਹਾਂ ਮਜ਼ਦੂਰਾਂ ਨੂੰ ਨੌਕਰੀ ਤੋਂ ਨਹੀਂ ਕਢਣਾ ਚਾਹੀਦਾ ਅਤੇ ਛਾਂਟੀ ਬੰਦ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਇਨ੍ਹਾਂ ਡੈਮਾਂ ਤੇ ਲਾ ਕੇ ਰੋਜ਼ਗਾਰ ਦੇਣਾ ਚਾਹੀਦਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਮੰਗ ਕਰਦਾ ਹਾਂ ਕਿ ਇਹ ਜਿਹੜੇ ਮਜ਼ਦੂਰ ਹਨ ਇਨ੍ਹਾਂ ਨੂੰ ਇਨ੍ਹਾਂ ਡੈਮਾਂ ਤੇ ਆਬਜ਼ਰਵ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਨੌਕਰੀ ਦੀ ਗਰੰਟੀ ਦਿੱਤੀ ਜਾਵੇ।

ਹੁਣ ਮੈਂ ਇਕ ਗਲ ਗੰਨੇ ਦੇ ਬਾਰੇ ਵਿਚ ਵੀ ਕਹਿਣੀ ਚਾਹੁੰਦਾ ਹਾਂ। ਗੰਨੇ ਦੀ ਜੋ ਕੀਮਤ ਇਨ੍ਹਾਂ ਨੇ 14 ਰੁਪਏ 35 ਪੈਸੇ ਫਿਕਸ ਕੀਤੀ ਹੈ, ਇਹ ਧੂਰੀ ਅਤੇ ਫਗਵਾੜੇ ਵਿਚ ਨਹੀਂ ਮਿਲ ਰਹੀ।

ਇਥੇ ਕਿਸਾਨਾਂ ਨੂੰ ਜਿਹੜੀ ਕੀਮਤ ਦਿੱਤੀ ਜਾਂਦੀ ਹੈ ਉਹ ਇਸ ਤਰ੍ਹਾਂ ਦਿੱਤੀ ਜਾਂਦੀ ਹੈ ਕਿ ਜਿਹੜਾ ਗਡੇ ਤੇ ਲੈ ਕੇ ਆਉਂਦਾ ਹੈ ਉਸ ਨੂੰ 200 ਰੁਪਏ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਂਦੇ ਹਨ ਅਤੇ ਜਿਹੜਾ ਟਰਾਲੀ ਤੇ ਲੈ ਕੇ ਆਉਂਦਾ ਹੈ ਉਸ ਨੂੰ 500 ਰੁਪਏ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਂਦੇ ਹਨ ਅਤੇ ਟਰੱਕ ਵਾਲੇ ਨੂੰ 800 ਰੁਪਏ ਦਿਤੇ ਜਾਂਦੇ ਹਨ। ਹੁਣ ਤਾ ਉਹ ਵੀ ਨਹੀਂ ਦਿੰਦੇ। ਜਦੋਂ ਦਾ ਇਸ ਸਰਕਾਰ ਨੇ ਇਸ ਦਾ ਐਲਾਨ ਕੀਤਾ ਹੈ ਉਸ ਦਿਨ ਤੋਂ ਇਹ ਵੀ ਦੇਣ ਤੋਂ ਹੱਟ ਗਏ ਹਨ। ਉਹ ਕਹਿੰਦੇ ਹਨ ਕਿ ਹੁਣ ਤਾਂ ਸਰਕਾਰ ਇਸ ਨੂੰ ਆਪਣੇ ਹੱਥ ਵਿਚ ਲੈ ਲਵੇ? ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਇਹ ਸਰਕਾਰ ਠੀਕ ਭਾਅ ਦੇ ਪੈਸੇ ਦਿਵਾਉਣ ਲਈ ਯਤਨ ਕਰੇ। ਉਸ ਤੇ ਕੰਟਰੋਲ ਕੀਤਾ ਜਾਵੇ। ਇਸ ਲਈ ਮੇਰੀ ਫਿਰ ਬੇਨਤੀ ਹੈ ਕਿ ਉਨ੍ਹਾਂ ਨੂੰ ਠੀਕ ਭਾਅ ਤੇ ਪੈਸੇ ਦਿਵਾਏ ਜਾਣ ਅਤੇ ਜਿਹੜੇ ਪਿਛਲੇ ਪੈਸੇ ਉਨ੍ਹਾਂ ਦੇ ਰਹਿੰਦੇ ਹਨ ਉਹ ਵੀ ਚੁਕਤੇ ਕੀਤੇ ਜਾਣ ਤਾਂਕਿ ਕਿਸਾਨਾਂ ਨੂੰ ਇਸ ਵਿਚ ਕੋਈ ਦਿਕੱਤ ਨਾ ਆ ਸਕੇ।

ਹੁਣ ਮੈਂ ਟਰਾਂਸਪੋਰਟ ਦੇ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਸੰਗਰੂਰ, ਬਠਿੰਡੇ ਅਤੇ ਫਰੀਦਕੋਟ ਵਿਚ ਕੋਈ ਵੀ ਅਜਿਹਾ ਡਿਪੂ ਨਹੀਂ ਜਿਸ ਦੀ ਵਰਕਸ਼ਾਪ ਤੇ 20 ਜਾਂ 25 ਬੱਸਾਂ ਖੜੀਆਂ ਨਾ ਹੋਣ। ਉਹ ਖਰਾਬ ਹੁੰਦੀਆਂ ਹਨ। ਸ਼ਾਮ ਨੂੰ ਜਦ ਬੱਸ ਸਟੈਂਡ ਤੇ ਬੱਸ ਲੈਣ ਲਈ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਫਲਾਣੀ ਬੱਸ ਦੀਆਂ ਲਾਈਟਾਂ ਖਰਾਬ ਹਨ ਇਸ ਲਈ ਉਹ ਬੱਸ ਨਹੀਂ ਜਾ ਰਹੀ। ਇਸ ਤਰ੍ਹਾਂ ਇਹ ਛੋਟੇ ਛੋਟੇ ਕਾਰਨਾਂ ਕਰਕੇ ਬੱਸਾਂ ਰੁਕੀਆਂ ਰਹਿੰਦੀਆਂ ਹਨ ਪਰ ਇਸ ਨਾਲ ਲੋਕਾਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ।

**ਸ਼੍ਰੀ ਡਿਪਟੀ ਸਪੀਕਰ :** ਹੁਣ ਵਾਈਂਡ ਅੱਪ ਕਰੋ।

**ਮਾਸਟਰ ਚੰਦ ਸਿੰਘ :** ਹੁਣੇ ਖ਼ਤਮ ਹੀ ਕਰਨ ਲਗਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਇਸ ਵਿਚ ਗਬਨ ਵੀ ਬਹੁਤ ਕੀਤਾ ਗਿਆ ਹੈ ਅਤੇ ਕਈ ਇਸ ਮਹਿਕਮੇ ਦੇ

Original with;
Punjab Vidhan Sabha
Digitized by;
Panjab Digital Library

ਅਫ਼ਸਰ ਰਿਟਾਇਰ ਵੀ ਕਰ ਦਿੱਤੇ ਹਨ । ਪਰ ਜਿਹੜੇ ਜੀ.ਐਮ. ਸਾਹਿਬਾਨ ਕੁਰੱਪਸ਼ਨ ਕਰ ਕੇ ਲੱਖਾਂ ਰੁਪਏ ਹਜ਼ਮ ਕਰ ਗਏ ਹਨ. ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦੇ ਰਹੇ । ਜਿਹੜੇ ਸਾਰੇ ਪਹਿਲਾਂ ਜੀ.ਐਮ.ਸਨ ਉਹ ਮਾਰਕਫੈਡ ਦੇ ਵਿਚ ਆ ਗਏ, ਉਨ੍ਹਾਂ ਨੇ ਛਪ ਕੇ ਕਾਰਾਂ ਕੋਠੀਆਂ ਬਣਾ ਲਈਆਂ ਹਨ । ਉਨ੍ਹਾਂ ਨੇ ਜਿਹੜਾ ਗਬਨ ਕੀਤਾ ਹੋਇਆ ਹੈ ਉਹ ਕਢਾਉਣਾ ਚਾਹੀਦਾ ਹੈ ਤਾਂਕਿ ਲੋਕਾਂ ਦਾ ਪੈਸਾ ਲੋਕਾਂ ਵਿਚ ਵੰਡਿਆ ਜਾਏ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਲੋਕਾਂ ਦੀਆਂ ਮੰਗਾਂ ਨੂੰ ਮੁੱਖ ਰੱਖਦੇ ਹੋਏ ਮੈਂ ਇਹ ਮੰਗ ਕਰਦਾ ਹਾਂ ਕਿ ਹਰ ਵਿਧਾਨ ਸਭਾ ਹਲਕੇ ਤੋਂ ਚੰਡੀਗੜ੍ਹ ਨੂੰ ਜਿਹੜੀ ਕਿ ਰਾਜਧਾਨੀ ਹੈ, ਬੱਸ ਚਲਾਉਣੀ ਚਾਹੀਦੀ ਹੈ ਤਾਂਕਿ ਲੋਕ ਸੌਖੇ ਹੀ ਇਥੇ ਪਹੁੰਚ ਸਕਣ । ਇਹ ਮੰਗ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ਼੍ਰੀ ਸਰਦਾਰੀ ਲਾਲ ਕਪੂਰ**(ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਮਾਨਯੋਗ ਮੰਤਰੀ ਜੀ ਨੂੰ ਜਿਹੜਾ ਉਨ੍ਹਾਂ ਨੇ ਬੱਜਟ ਪੇਸ਼ ਕੀਤਾ ਹੈ, ਉਸ ਲਈ ਵਧਾਈ ਦਿੰਦਾ ਹਾਂ । ਮੈਂ ਸਮਝਦਾ ਹਾਂ ਕਿ ਜਿਹੜੀਆਂ ਪਿਛਲੇ ਸਾਲ ਵਿਚ ਬੜੀਆਂ ਮੁਸ਼ਕਲਾਂ ਆਈਆਂ ਹਨ, ਕੁਝ ਕੁਦਰਤ ਵਲੋਂ ਅਤੇ ਕੁਝ ਹੋਰ, ਇਨ੍ਹਾਂ ਹਾਲਾਤ ਦਾ ਮੁਕਾਬਲਾ ਕਰਦੇ ਹੋਏ ਅਗੇ ਨਿਕਲਦੇ ਹੋਏ, ਇਕ ਬੱਜਟ ਦੀ ਸਕੀਮ ਜਿਹੜੀ ਦਿੱਤੀ ਹੈ ਇਸ ਦਾ ਮੈਂ ਜ਼ਿਕਰ ਕਰਦਾ ਹਾਂ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਹਾਲਤਾਂ ਵਿਚ ਇਸ ਤਰ੍ਹਾਂ ਦਾ ਬੱਜਟ ਬਨਾਉਣਾ ਬੜਾ ਔਖਾਂ ਕੰਮ ਸੀ । ਸਾਰੇ ਵੇਰਵੇ ਜਿਹੜੇ ਹਨ, ਇਸ ਵਿਚ ਦਿੱਤੇ ਹੋਏ ਹਨ । ਇਸ ਸ਼ਾਨਦਾਰ ਕੰਮ ਲਈ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । ਜੇਕਰ ਇਸ ਬੱਜਟ ਨੂੰ ਸੰਨ 1972-73 ਦੇ ਮੁਕਾਬਲੇ ਵੇਖਿਆ ਜਾਵੇ ਤਾਂ ਅੱਜ ਦਾ ਬੱਜਟ ਦੋ ਗੁਣਾ ਸੁੱਧਰਿਆ ਹੋਇਆ ਹੈ । ਔਰ ਹੁਣ ਦਾ ਬੱਜਟ ਜੇਕਰ ਇਸ ਨਿਗਾਹ ਨਾਲ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਅਸੀਂ ਸੰਨ 1972-73 ਨਾਲੋਂ ਦੋ ਢਾਈ ਗੁਣਾ ਅਗੇ ਚਲੇ ਗਏ ਹਾਂ । ਸਾਰੀਆਂ ਮੰਗਾਂ ਮਸਲਨ ਇੰਡਸਟਰੀ ਹੈ, ਪਿੰਡਾਂ ਦੇ ਮਕਾਨਾਂ ਦੀ ਗਲ ਹੈ ਔਰ ਦੂਸਰੇ ਪਾਸੇ ਵੀ ਕਾਫੀ ਜ਼ਿਆਦਾ ਪੈਸਾ ਵਧਾਇਆ ਹੈ । ਮੈਂ ਅਰਜ਼ ਕਰਾਂਗਾ ਕਿ ਜਿਹੜਾ 20 ਨੁਕਾਤੀ ਪ੍ਰੋਗਰਾਮ ਪ੍ਰਾਈਮ ਮਨਿਸਟਰ ਨੇ ਸ਼ੁਰੂ ਕੀਤਾ ਹੈ ਉਹ ਸਾਡੀ ਸਰਕਾਰ ਨੇ ਸਹੀ ਮਾਅਨਿਆਂ ਵਿਚ ਸ਼ੁਰੂ ਕੀਤਾ ਹੈ, ਔਰ ਕਾਮਯਾਬੀ ਵੀ ਹਾਸਿਲ ਕੀਤੀ ਹੈ । ਮੈਂ ਸਮਝਦਾ ਹਾਂ ਕਿ ਪਿੰਡਾਂ ਦੇ ਵਿਚ ਤਿੰਨ ਲੱਖ ਆਦਮੀਆਂ ਨੂੰ ਜਗ੍ਹਾ ਦਿੱਤੀ ਹੈ, ਉਨ੍ਹਾਂ ਨੂੰ ਕਰਜ਼ੇ ਦਿੱਤੇ ਗਏ ਮਕਾਨ ਬਣਾਉਣ ਵਾਸਤੇ ਜਿਸ ਨਾਲ ਉਹ ਮਕਾਨ ਬਣਾਉਣਗੇ, ਇਹ ਸ਼ਲਾਘਾਯੋਗ ਗਲ ਹੈ । ਅੱਜ ਪੰਜਾਬ ਸਾਰਾ ਅਵੱਲ ਨੰਬਰ ਉਤੇ ਹੈ । ਲੇਕਿਨ ਇਹ ਕਹਾਂਗਾ ਕਿ ਜਿਨ੍ਹਾਂ ਨੂੰ ਅਜੇ ਵੀ ਜਗ੍ਹਾ ਨਹੀਂ ਮਿਲੀ, ਉਨ੍ਹਾਂ ਦੀ ਇਨਕੁਆਇਰੀ ਕਰਵਾ ਕੇ, ਪੜਤਾਲ ਕਰਵਾ ਕੇ ਜਗ੍ਹਾ ਦਿੱਤੀ ਜਾਵੇ ਤਾਂ ਕਿ ਉਹ ਵੀ ਆਪਣੇ ਮਕਾਨ ਬਣਾ ਸਕਣ । ਇਹ ਗਲ ਵੀ ਆਈ ਹੈ ਕਿ ਕੁਝ ਲੋਕਾਂ ਨੂੰ ਜਗ੍ਹਾ ਦਿੱਤੀ ਗਈ ਪਰ ਕਈ ਬਣਾਉਂਦੇ ਨਹੀਂ ਜਾਂ ਹਾਈਕੋਰਟ ਵਿਚ ਦਾਅਵੇ ਕਰਦੇ ਹਨ, ਜਗ੍ਹਾਂ ਨਹੀਂ ਦੇ ਰਹੇ । ਇਸ ਲਈ ਜਿਨ੍ਹਾਂ ਲੋਕਾਂ ਨੂੰ ਮਕਾਨਾਂ ਲਈ ਜਗ੍ਹਾਂ ਦੇਣ ਦੀ ਗਲ ਨਹੀਂ ਬਣੀ, ਉਨ੍ਹਾਂ ਨੂੰ ਜਗ੍ਹਾ ਨਹੀਂ ਮਿਲ ਰਹੀ, ਉਨ੍ਹਾਂ ਵਾਸਤੇ ਵੀ ਗੌਰਮਿੰਟ ਨੂੰ ਕੋਈ ਤਰਕੀਬ ਸੋਚਣੀ ਚਾਹੀਦੀ ਹੈ । ਜੇਕਰ ਕਿਸੇ ਪਿੰਡ ਵਿਚੋਂ ਜਗ੍ਹਾ ਨਹੀਂ ਮਿਲਦੀ ਤਾਂ ਨਾਲ ਦੇ ਪਿੰਡ ਵਿਚ ਵੀ ਜਗ੍ਹਾਂ ਮਿਲ ਜਾਏ ਤਾਂ ਉਹ ਵੀ ਠੀਕ ਹੈ । ਮੇਰਾ ਖਿਆਲ ਹੈ ਕਿ ਹਾਲੇ ਵੀ ਕਈ ਥਾਵਾਂ ਐਸੀਆਂ ਹਨ ਜਿਹੜੀਆਂ ਕਿ ਉਨ੍ਹਾਂ ਲੋਕਾਂ ਨੂੰ ਦਿੱਤੀਆਂ ਜਾ ਸਕਦੀਆਂ ਹਨ ।

Original with; Punjab Vidhan Sabha Digitized by; Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਇਸ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਅਸੀਂ ਇੰਡਸਟਰੀ ਵਿਚ ਵੀ ਅਗੇ ਵੱਧੇ ਹਾਂ। ਇੰਡਸਟਰੀ ਵਿਚ ਅਸੀਂ ਸੰਨ 1972-73 ਵਿਚ ਸਾਢੇ ਚਾਰ ਫ਼ੀਸਦੀ ਵਿਚ ਆਏ ਸੀ ਪਰ ਅੱਜ ਪੁਜ਼ੀਸ਼ਨ ਇਹ ਹੈ ਕਿ ਇੰਡਸਟਰੀ ਵਿਚ ਹਿੰਦੁਸਤਾਨ ਵਿਚ ਅਸੀਂ 1 ਫੀਸਦੀ ਵਿਚ ਆ ਗਏ ਹਾਂ। ਇਹ ਦਰ ਸਾਡੀ ਇੰਡਸਟਰੀ ਦੀ ਹੈ। ਇਸ ਲਈ ਇਹ ਸਰਕਾਰ ਮੁਬਾਰਿਕਬਾਦ ਦੇ ਕਾਬਿਲ ਹੈ। ਜਿਸ ਸੂਬੇ ਦੀ ਇੰਡਸਟਰੀ ਤਰੱਕੀ ਕਰੇ, ਉਸ ਸੂਬੇ ਦੀ ਮਾਲੀ ਪੁਜ਼ੀਸ਼ਨ ਮਜ਼ਬੂਤ ਹੁੰਦੀ ਹੈ। ਮੈਂ ਲੁਧਿਆਣੇ ਦੇ ਮੁਤੱਲਿਕ ਹੀ ਕਹਿਣਾ ਚਾਹੁੰਦਾ ਹਾਂ ਕਿ ਲੁਧਿਆਣੇ ਦੇ ਵਿਚ ਇੰਡਸਟਰੀ ਜਿਹੜੀ ਹੈ ਉਹ ਜ਼ਿਆਦਾ ਤੋਂ ਜ਼ਿਆਦਾ ਅੱਗੇ ਵਧ ਰਹੀ ਹੈ। ਪਿਛਲੇ ਦਿਨਾਂ ਦੇ ਵਿਚ ਕੋਇਲਾ ਨਾ ਮਿਲਣ ਕਰ ਕੇ, ਜ਼ਿਆਦਾ ਰਾਅ ਮੈਟੀਰੀਅਲ ਨਾ ਮਿਲਣ ਕਰਕੇ, ਬਿਜ਼ਲੀ ਪੂਰੀ ਨਾ ਮਿਲਣ ਕਰ ਕੇ, ਸੰਨ 1974-75 ਦੇ ਵਿਚ ਤਕਰੀਬਨ 18 ਕਰੋੜ ਰੁਪਏ ਦਾ ਮਾਲ ਹਿੰਦੁਸਤਾਨ ਤੋਂ ਬਾਹਰ ਸਿਰਫ ਲੁਧਿਆਣੇ ਨੇ ਭੇਜਿਆ ਹੈ ਔਰ ਅੱਜ ਪੁਜ਼ੀਸ਼ਨ ਇਹ ਹੈ ਕਿ ਸੰਨ 1975-76 ਦੇ ਵਿਚ ਤਕਰੀਬਨ 24 ਕਰੋੜ ਰੁਪਏ ਦਾ ਮਾਲ ਸਿਰਫ਼ ਲੁਧਿਆਣੇ ਨੇ ਹੌਜ਼ਰੀ ਅਤੇ ਦੂਸਰੇ ਮਾਲ ਨੂੰ ਬਾਹਰਲੇ ਮੁਲਕਾਂ ਦੇ ਵਿਚ ਭੇਜਿਆ ਹੈ। ਇਹ ਇਸ ਕਰਕੇ ਹੈ ਕਿ ਲੋਹਾ ਮਿਲ ਸਕਦਾ ਹੈ. ਬਿਜਲੀ ਪੂਰੀ ਮਿਲਦੀ ਹੈ। ਅਸੀਂ ਆਸ ਇਹ ਕਰਦੇ ਹਾਂ ਕਿ ਕੁਦਰਤ ਨੇ ਮਿਹਰਬਾਨੀ ਕੀਤੀ ਹੈ, ਕਿ ਬਾਰਸ਼ ਬੜੀ ਹੀ ਵੇਲੇ ਸਿਰ ਪੈ ਗਈ ਹੈ, ਐਗਰੀਕਲਚਰ ਵਿਚ ਵੀ ਵਾਧਾ ਹੋਵੇਗਾ ਔਰ ਬਿਜਲੀ ਪੂਰੀ ਮਿਲਣ ਨਾਲ ਇੰਡਸਟਰੀ ਦੀ ਪ੍ਰੋਡਕਸ਼ਨ ਵਿਚ ਵੀ ਵਾਧਾ ਜ਼ਿਆਦਾ ਹੋਵੇਗਾ ਔਰ ਪੰਜਾਬ ਜ਼ਿਆਦਾ ਪਰਫੁੱਲਤ ਹੋਵੇਗਾ। ਵੈਸੇ ਲੁਧਿਆਣਾ ਪੰਜਾਬ ਵਿਚੋਂ ਐਸਾ ਸ਼ਹਿਰ ਹੈ ਜਿਸ ਵਿਚ ਪਰ ਵਿਅਕਤੀ ਆਮਦਨ ਸ਼ਾਇਦ ਦੋ ਗੁਣਾ ਹੈ। ਉਹ ਇਸ ਕਰਕੇ ਹੈ ਕਿ ਉਥੇ ਦੇ ਸਾਰੇ ਹੀ ਮਰਦ ਔਰ ਔਰਤਾਂ ਕੰਮ ਕਰਦੇ ਹਨ। ਲੁਧਿਆਣੇ ਵਿਚ ਇਸਤਰੀਆਂ ਘਰਾਂ ਵਿਚ ਬੈਠ ਕੇ ਵੀ ਕੰਮ ਕਰਦੀਆਂ ਹਨ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇੰਡਸਟਰੀ ਵਿਚ ਵੀ ਪੰਜਾਬ ਨੇ ਤਰੱਕੀ ਕੀਤੀ ਹੈ। ਇਕ ਗਲ ਮੈਂ ਇਹ ਕਹਾਂਗਾ ਕਿ ਪਬਲਿਕ ਅੰਡਰਟੇਕਿੰਗਜ਼ ਦਾ ਜਿਹੜਾ ਸਿਲਸਲਾ ਹੈ ਮੇਰਾ ਮਤਲਬ ਹੈ ਕਿ ਪਬਲਿਕ ਸੈਕਟਰ ਵਿਚ ਜਿਹੜੀਆਂ ਇੰਡਸਟਰੀਜ਼ ਲਗੀਆਂ ਹੋਈਆਂ ਹਨ ਉਨ੍ਹਾਂ ਨੂੰ ਪਹਿਲਾਂ ਘਾਟਾ ਰਿਹਾ ਪਰ ਸੰਨ 1975-76 ਵਿਚ ਉਹ ਘਾਟਾ ਬਦਲ ਕੇ ਪ੍ਰਾਫਿਟ ਹੋਇਆ ਔਰ ਮੈਂ ਆਸ ਕਰਦਾ ਹਾਂ ਕਿ ਸੰਨ 1976-77 ਦੇ ਵਿਚ ਹੋਰ ਵੀ ਆਮਦਨੀ ਵਧੇਗੀ। ਸੰਨ 1971 ਦੇ ਵਿਚ ਜਿਹੜੀਆਂ ਵੱਡੀਆਂ ਇੰਡਸਟਰੀਆਂ ਦੇ ਸਾਨੂੰ ਲਾਈਸੈਂਸ ਮਿਲੇ ਸਨ ਉਹ ਕੈਂਸਲ ਹੋ ਗਏ ਸਨ ਕਿਉਂਕਿ ਅਸੀਂ ਇੰਡਸਟਰੀਜ਼ ਨਹੀਂ ਸਨ ਲਗਾਈਆਂ ਮਗਰ ਗਿਆਨੀ ਜੀ ਦੀ ਸਰਕਾਰ ਨੇ ਜਿਹੜੇ ਲਾਈਸੈਂਸ ਲਏ ਉਨ੍ਹਾਂ ਨੂੰ ਇਸਤੇਮਾਲ ਕੀਤਾ ਔਰ ਪੰਜਾਬ ਗੌਰਮਿੰਟ ਹੋਰ ਲਾਈਸੈਂਸ ਮੰਗ ਰਹੀ ਹੈ ਤਾਂ ਕਿ ਹੈਵੀ ਇੰਡਸਟਰੀ ਪੰਜਾਬ ਵਿਚ ਲਗੇ। ਛੋਟੀਆਂ ਇੰਡਸਟਰੀਆਂ ਵੀ ਅਗੇ ਵੱਧਣ। ਉਨ੍ਹਾਂ ਨੂੰ ਤਕਵੀਅਤ ਮਿਲੇਗੀ। ਮੈਂ ਇਕ ਗਲ ਕਹਾਂਗਾ ਕਿ ਪੰਜਾਬ ਦੇ ਵਿਚ ਜਿਹੜੀ ਬਰੀਵਰੀ ਲਗਾਈ ਹੈ, ਉਹ ਘਾਟੇ ਵਿਚ ਜਾ ਰਹੀ ਹੈ।..

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਤੁਹਾਨੂੰ ਕਿਉਂ ਫ਼ਿਕਰ ਲਗਿਆ ਹੋਇਆ ਹੈ।

**ਸ੍ਰੀ ਸਰਦਾਰੀ ਲਾਲ ਕਪੂਰ :** ਉਹ ਘਾਟੇ ਵਿਚ ਜਾ ਰਹੀ ਹੈ, ਇਸ ਕਰਕੇ ਫਿਕਰ ਹੈ। ਮੈਂ ਇਹ ਕਹਾਂਗਾ ਕਿ ਇਹ ਘਾਟੇ ਵਿਚ ਚਲ ਰਹੀ ਹੈ. ਇਸ ਕਰਕੇ ਮਿਹਰਬਾਨੀ ਕਰਕੇ ਉਸ ਗੰਦ ਨੂੰ ਬੰਦ ਕਰ ਦਿਉ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਜੇਕਰ ਇਹ ਬਰੀਵਰੀ ਵਾਧੇ ਵਿਚ ਚਲੇ ਤਾਂ ਫਿਰ ਕਪੂਰ ਸਾਹਿਬ ਤੁਹਾਡਾ ਖਿਆਲ ਹੈ ਕਿ ਇਸ ਨੂੰ ਚਲਦੀ ਰਹਿਣ ਦੇਣਾ ਚਾਹੀਦਾ ਹੈ । (ਹਾਸਾ)

**ਕੈਪਟਨ ਰਤਨ ਸਿੰਘ** : ਜੇਕਰ ਆਮਦਨ ਵਿਚ ਵਾਧਾ ਕਰਨਾ ਹੈ ਤਾਂ ਬੀਅਰ ਪੀਣ ਵਾਲਿਆਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ ।

**ਸ੍ਰੀ ਸਰਦਾਰੀ ਲਾਲ ਕਪੂਰ** : ਮੁੜਕੇ ਕੈਪਟਨ ਸਾਹਿਬ ਨੂੰ ਮਨਿਸਟਰ ਲਗਾ ਦਿਓ ਤਾਂ ਇਹ ਵਧਾ ਦੇਣਗੇ । (ਹਾਸਾ)

**ਕੈਪਟਨ ਰਤਨ ਸਿੰਘ** : ਕੀ ਤੁਸੀਂ ਤਾਈਦ ਕਰਦੇ ਹੋ ? (ਹਾਸਾ)

**ਸ੍ਰੀ ਸਰਦਾਰੀ ਲਾਲ ਕਪੂਰ** : ਹਾਂ ਜੀ, ਮੈਂ ਤਾਂ ਤਾਈਦ ਕਰਦਾ ਹਾਂ । ਤੁਸੀਂ ਮਿਹਰਬਾਨੀ ਕਰਕੇ ਚੇਅਰ ਵੱਲ ਮੂੰਹ ਕਰਕੇ ਗਲ ਕਰੋ । ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਵੀਹ ਨੁਕਾਤੀ ਪ੍ਰੋਗਰਾਮ ਜਿਹੜਾ ਹੈ, ਇਹ ਗਰੀਬਾਂ ਵਾਸਤੇ ਹੈ । ਮੈਂ ਇਸ ਦੀ ਸ਼ਲਾਘਾ ਕਰਦਾ ਹਾਂ । ਮੇਹਰਬਾਨੀ ਕਰਕੇ ਫਾਈਨਾਂਸ ਮਨਿਸਟਰ ਸਾਹਿਬ ਸੁਣ ਲੈਣ । (ਇਸ ਸਮੇਂ ਵਿੱਤ ਮੰਤਰੀ ਜੀ ਮਾਲ ਮੰਤਰੀ ਜੀ ਨਾਲ ਗਲਾਂ ਕਰ ਰਹੇ ਸਨ ।)

**ਸ੍ਰੀ ਡਿਪਟੀ ਸਪੀਕਰ** : ਸ਼ਰਮਾ ਸਾਹਿਬ, ਸੁਣੋ ਕਪੂਰ ਸਾਹਿਬ ਕੀ ਕਹਿੰਦੇ ਹਨ ।

**ਸ੍ਰੀ ਸਰਦਾਰੀ ਲਾਲ ਕਪੂਰ** : ਡਿਪਟੀ ਸਪੀਕਰ ਸਾਹਿਬ, ਜਿਹੜੇ ਦੁਨੀਆਂ ਦੇ ਅਮੀਰ ਮੁਲਕ ਹਨ ਦੋ ਗੱਲਾਂ ਦੇ ਉਤੇ ਉਨ੍ਹਾਂ ਵਲੋਂ ਪੈਸਾ ਜ਼ਿਆਦਾ ਲਗਾਇਆ ਜਾਂਦਾ ਹੈ । ਇਕ ਤਾਂ ਹੈਲਥ ਉਤੇ ਔਰ ਦੂਸਰਾ ਐਜੂਕੇਸ਼ਨ ਦੇ ਉਤੇ । ਹੈਲਥ ਦੇ ਮੁਤਾਬਿਕ ਪੈਸਾ ਰੱਖਿਆ ਹੈ ਲੇਕਿਨ ਮੇਰੀ ਗੁਜ਼ਾਰਿਸ਼ ਹੈ ਕਿ ਹੈਲਥ ਦੇ ਮੁਤਾਬਿਕ ਪੈਸਾ ਥੋੜ੍ਹਾ ਰੱਖਿਆ ਗਿਆ ਹੈ, ਜ਼ਿਆਦਾ ਰੱਖਣਾ ਚਾਹੀਦਾ ਹੈ । ਸਾਡੇ ਪੰਜਾਬ ਦੇ ਵਿਚ ਸ਼ਹਿਰਾਂ ਦੇ ਵਿਚ ਜਿਹੜਾ ਗਰੀਬ ਤਬਕਾ ਹੈ ਉਹ ਮੈਡੀਕਲ ਏਡ ਪੂਰੀ ਨਹੀਂ ਲੈ ਸਕਦਾ । ਐਸੇ ਹਾਲਾਤ ਹਨ । ਮੈਂ ਸਮਝਦਾ ਹਾਂ ਕਿ ਜਦੋਂ ਤੱਕ ਪੂਰੀ ਏਡ ਨਾ ਮਿਲੇ ਤਦ ਤਕ ਪੰਜਾਬ ਦੀ ਗੱਲ ਨਹੀਂ ਬਣ ਸਕਦੀ । ਇਸ ਵੇਲੇ ਜਿਹੜੇ ਹਸਪਤਾਲ ਖੋਲ੍ਹੇ ਹਨ ਜੇਕਰ ਕੋਈ ਆਦਮੀ ਦਾਖਲ ਹੋਣ ਜਾਂਦਾ ਹੈ, ਬੜੀ ਬਦਕਿਸਮਤੀ ਦੀ ਗੱਲ ਹੈ ਕਿ ਸਿਵਲ ਹਸਪਤਾਲ ਵਿਚ ਉਹ ਦਾਖਲ ਹੋ ਕੇ ਰਾਜ਼ੀ ਨਹੀਂ ਹੈ । ਕਿਉਂਕਿ ਉਥੇ ਪੂਰੀ ਤਰ੍ਹਾਂ ਦਵਾਈਆਂ ਨਹੀਂ ਮਿਲਦੀਆਂ, ਡਾਕਟਰਾਂ ਵਲੋਂ ਪੂਰਾ ਧਿਆਨ ਨਹੀਂ ਕੀਤਾ ਜਾਂਦਾ ਜਿਸ ਤਰ੍ਹਾਂ ਕਿ ਦੂਸਰੇ ਹਸਪਤਾਲਾਂ ਵਿਚ ਕੀਤਾ ਜਾਂਦਾ ਹੈ । ਜਿਸ ਤਰ੍ਹਾਂ ਕਿ ਲੁਧਿਆਣਾ ਹੈ, ਉਥੇ ਤਿੰਨ ਹੋਰ ਹਸਪਤਾਲ ਹਨ, ਉਥੇ ਲੋਕ ਜਾਣਾ ਚਾਹੁੰਦੇ ਹਨ ਔਰ ਸਿਵਲ ਹਸਪਤਾਲਾਂ ਵਿਚ ਨਹੀਂ ਜਾਂਦੇ ਕਿਉਂਕਿ ਉਥੇ ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਉਥੇ ਨਾ ਦਵਾਈਆਂ ਮਿਲਦੀਆਂ ਹਨ ਅਤੇ ਨਾ ਹੀ ਡਾਕਟਰ ਧਿਆਨ ਕਰਦੇ ਹਨ । ਦੂਸਰੇ ਹਸਪਤਾਲਾਂ ਵਿਚ ਜ਼ਿਆਦਾ ਧਿਆਨ ਕਰਦੇ ਹਨ ਮਗਰ ਦੂਸਰੇ ਹਸਪਤਾਲਾਂ ਵਿਚ ਚਾਰਜਿਜ਼ ਜ਼ਿਆਦਾ ਹਨ, ਗਰੀਬ ਆਦਮੀ ਉਹ ਚਾਰਜਿਜ਼ ਪੇ ਨਹੀਂ ਕਰ ਸਕਦੇ । ਇਸ ਲਈ ਮੈਂ ਤਾਂ ਸਮਝਦਾ ਹਾਂ ਕਿ ਸਾਰੇ ਪੰਜਾਬ ਦੇ ਲੋਕਾਂ ਨੂੰ ਫਰੀ ਮੈਡੀਕਲ ਏਡ ਹੋਣੀ ਚਾਹੀਦੀ ਹੈ । ਦੂਸਰੀ ਗੱਲ ਹੈ ਐਜੂਕੇਸ਼ਨ ਦੇ ਮੁਤਾਬਿਕ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਨੇ ਕਿਹਾ ਹੈ ਕਿ ਪੈਸੇ ਵਧਾਏ ਹਨ । ਮੈਂ ਅਦਾਦੋ ਸ਼ੁਮਾਰ ਵਿਚ ਤਾਂ ਨਹੀਂ ਜਾਂਦਾ, ਇਹ ਚੰਗੀ ਗੱਲ ਹੈ ਲੇਕਿਨ ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਜਿਹੜੇ ਆਦਮੀ ਪੜ੍ਹ ਕੇ ਨਿਕਲਣ ਉਨ੍ਹਾਂ ਨੂੰ ਇਹ ਫਿਕਰ ਨਾ ਹੋਵੇ ਕਿ ਰੋਟੀ ਕਿੱਥੋਂ ਮਿਲਣੀ ਹੈ । ਆਦਮੀ ਕਾਰੋਬਾਰ ਲਈ ਫਿਕਰਮੰਦ ਨਾ ਹੋਵੇ । ਨੌਕਰੀਆਂ ਤਾਂ ਇਤਨੀਆਂ ਹੋ ਨਹੀਂ ਸਕਦੀਆਂ ਭਾਵੇਂ ਪ੍ਰਾਈਵੇਟ ਸੈਕਟਰ ਵਿਚ ਤੇ ਭਾਵੇਂ ਸਰਕਾਰੀ ਸੈਕਟਰ ਵਿਚ ਲੈ ਲਵੋ । ਕੁਝ ਤਾਂ ਵੈਸੇ ਹੀ ਥਰਡ ਕਲਾਸ ਹੁੰਦੇ ਹਨ ਔਰ ਕਾਲਜਾਂ ਵਿਚ ਅੱਗੇ ਦਾਖਲਾ ਨਹੀਂ ਮਿਲਦਾ । ਉਹ ਫਿਰ ਵੇਹਲੇ ਫਿਰਦੇ ਰਹਿੰਦੇ ਹਨ । ਕਈਆਂ ਨੂੰ ਕਾਲਜਾਂ ਵਿਚ ਜਗ੍ਹਾ ਮਿਲ ਜਾਂਦੀ ਹੈ ਪਰ ਕਾਲਜਾਂ ਵਿਚ ਖਰਚਾ ਇਤਨਾ ਜ਼ਿਆਦਾ ਹੁੰਦਾ ਹੈ ਕਿ ਉਸ ਦੇ ਵਾਲਦੈਨ ਉਹ ਖਰਚਾ ਨਹੀਂ ਦੇ ਸਕਦੇ । ਜੇਕਰ ਉਹ ਇਤਨਾ ਖਰਚਾ ਕਰਦੇ ਹਨ ਤਾਂ ਬੱਚਾ ਪੜ੍ਹ ਕੇ ਕਾਲਜ ਤੋਂ ਜਦੋਂ ਬਾਹਰ ਨਿਕਲਦਾ ਹੈ ਤਾਂ ਬੇਕਾਰ ਫਿਰਦਾ ਹੈ । ਇਸ ਲਈ ਵੋਕੇਸ਼ਨਲ ਟਾਈਪ ਦਾ ਕੰਮ ਹੋਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਪੰਜਾਬੀ ਬਹਾਦਰ ਹੈ, ਮਿਹਨਤੀ ਹੈ । ਤੁਸੀਂ ਵੇਖ ਲਵੋ, ਮੈਂ ਲੁਧਿਆਣੇ ਦੀ ਗੱਲ ਕਰਦਾ ਹਾਂ । ਜਿਹੜੇ ਲੋਕ ਮਸ਼ੀਨਾਂ ਤੇ ਕੰਮ ਕਰਦੇ ਹਨ, ਮੈਂ ਅਰਜ਼ ਕਰਾਂਗਾ, ਡਿਪਟੀ ਸਪੀਕਰ ਸਾਹਿਬ, ਉਹ ਲੋਕ 60/60 ਰੁਪਏ ਡੇਲੀ ਆਮਦਨ ਕਰਦੇ ਹਨ । 60 ਰੁਪਏ ਰੋਜ਼ ਦੀ ਆਮਦਨੀ ਹੈ ਉਨ੍ਹਾਂ ਦੀ ਜਿਹੜੇ ਇਹ ਮਸ਼ੀਨਾਂ ਚਲਾਂਦੇ ਹਨ । ਮੇਰੇ ਖਿਆਲ ਵਿਚ ਇਸ ਤਰ੍ਹਾਂ ਦਾ ਕੋਈ ਮਜ਼ਦੂਰ ਨਹੀਂ ਹੈ ਜਿਸ ਦੀ ਆਮਦਨੀ 10 ਰੁਪਏ ਤੋਂ ਘੱਟ ਹੋਵੇਗੀ । ਇਹ ਪੰਜਾਬ ਦਾ ਸੂਬਾ ਹੈ ਜਿਹੜਾ ਦੂਸਰੇ ਸੂਬਿਆਂ ਨਾਲੋਂ ਅੱਗੇ ਹੈ । ਤੁਸੀਂ ਬਿਹਾਰ ਵੱਲ ਨਿਗਾਹ ਮਾਰੋ, ਉਥੇ ਇੱਕ ਵਰਕਰ ਦੀ ਆਮਦਨੀ ਚਾਰ ਰੁਪਏ ਤੋਂ ਵੱਧ ਨਹੀਂ ਹੈ । ਜਿਹੜਾ ਉੜੀਸਾ ਹੈ ਉਸ ਦੀ ਆਮਦਨੀ ਪ੍ਰਤਿ ਵਰਕਰ ਸਾਡੇ ਤਿੰਨ ਰੁਪਏ ਹੈ । ਇਸ ਦੇ ਮੁਕਾਬਲੇ ਵਿਚ ਗੁਜਰਾਤ ਹੈ ਜਿਸ ਦੇ ਹਰ ਮਜ਼ਦੂਰ ਦੀ ਆਮਦਨੀ ਸਾਢੇ ਪੰਜ ਰੁਪਏ ਤੋਂ ਜ਼ਿਆਦਾ ਨਹੀਂ ਹੈ । ਪੰਜਾਬ ਦੇ ਸੂਬੇ ਦੀ ਕਿਸੇ ਵੀ ਮਜ਼ਦੂਰ ਦੀ ਆਮਦਨੀ 8/- ਰੁਪਏ ਤੋਂ ਘੱਟ ਨਹੀਂ ਹੈ । ਪਰ ਕੁਝ ਇਸ ਤਰ੍ਹਾਂ ਦੇ ਮਜ਼ਦੂਰ ਹਨ ਜਿਹੜੇ ਮਜ਼ਦੂਰ ਤਾਂ ਨਹੀਂ ਹਨ ਪਰ ਉਨ੍ਹਾਂ ਨੂੰ ਗੌਰਮਿੰਟ ਨੇ ਆਪ ਕੰਮ ਦਿੱਤਾ ਹੋਇਆ ਹੈ । ਪਿਛਲੇ ਦਿਨਾਂ ਵਿਚ ਇਨ੍ਹਾਂ ਨੂੰ 4 ਰੁਪਏ ਦਿੱਤੇ ਜਾਂਦੇ ਸੀ ਪਰ ਹੁਣ ਇਨ੍ਹਾਂ ਦੀ ਉਜਰਤ 5/- ਰੁਪਏ ਕਰ ਦਿੱਤੀ ਗਈ ਹੈ । ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ 5/– ਰੁਪਏ ਹਰ ਹਾਲਤ ਵਿਚ ਘੱਟ ਹਨ, ਇਸ ਨਾਲ ਇਨ੍ਹਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ । ਇਸ ਲਈ ਉਨ੍ਹਾਂ ਦੇ ਪੈਸੇ ਵਧਾ ਦਿੱਤੇ ਜਾਣ ਦੀ ਲੋੜ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗੌਰਮਿੰਟ ਦੇ ਮਹਿਕਮੇ ਵਿਚ, ਮਿਸਾਲ ਦੇ ਤੌਰ ਤੇ ਬਿਜਲੀ ਦਾ ਮਹਿਕਮਾ ਹੈ, ਪੀ. ਡਬਲਿਊ. ਡੀ. ਦਾ ਮਹਿਕਮਾ ਹੈ ਅਤੇ ਪਬਲਿਕ ਹੈਲਥ ਦਾ ਮਹਿਕਮਾ ਹੈ ਇਨ੍ਹਾਂ ਵਿਚ ਟੀ-ਮੇਟ ਰੱਖੇ ਜਾਂਦੇ ਹਨ, ਜਿਹੜੇ ਵਰਕਚਾਰਜ ਹੁੰਦੇ ਹਨ. ਇਨ੍ਹਾਂ ਨੂੰ ਕਈ ਕਈ ਸਾਲ ਪੱਕਾ ਨਹੀਂ ਕੀਤਾ ਜਾਂਦਾ, ਕਈਆਂ ਨੂੰ ਤਾਂ 18 ਸਾਲ ਹੋ ਗਏ ਹਨ ਵਰਕਚਾਰਜ ਦਾ ਕੰਮ ਕਰਦੇ ਪਰ ਉਨ੍ਹਾਂ ਨੂੰ ਅਜੇ ਤੱਕ ਪੱਕਾ ਨਹੀਂ ਕੀਤਾ ਗਿਆ, ਇਨ੍ਹਾਂ ਨੂੰ ਪੱਕਾ ਕਰ ਦੇਣਾ ਚਾਹੀਦਾ ਹੈ । ਹਰ ਹਾਲਤ ਵਿਚ ਲਾਜ਼ਮੀ ਤੌਰ ਤੇ 3 ਸਾਲ ਜਾਂ 5 ਸਾਲ ਤੋਂ ਬਾਅਦ ਇਨ੍ਹਾਂ ਨੂੰ ਪੱਕਾ ਕਰ ਦੇਣਾ ਚਾਹੀਦਾ ਹੈ । ਇਹ ਗੱਲ ਕਈ ਵਾਰੀ ਗੌਰਮਿੰਟ ਨੇ ਕਹੀ ਹੈ ਕਿ ਇਨ੍ਹਾਂ ਨੂੰ 5 ਸਾਲ ਦੇ ਬਾਅਦ ਪੱਕਾ ਕਰ ਦਿੱਤਾ ਜਾਂਦਾ ਹੈ ਪਰ ਇਨ੍ਹਾਂ ਨੂੰ ਹਾਲੇ ਤਕ ਪੱਕਾ ਨਹੀਂ ਕੀਤਾ ਗਿਆ ।

ਹੁਣ ਮੈਂ ਐਜੂਕੇਸ਼ਨ ਦੇ ਮੁਤਾਲਿਕ ਅਰਜ਼ ਕਰਨੀ ਚਾਹੁੰਦਾ ਹਾਂ । ਐਜੂਕੇਸ਼ਨ

Original with;
Punjab Vidhan Sabha
Digitized by;
Panjab Digital Library

ਦੇ ਵਿਚ ਜਿਹੜੇ ਮਾਸਟਰ ਸਕੂਲਾਂ ਵਿਚ ਪੜ੍ਹਾਂਦੇ ਹਨ ਉਨ੍ਹਾਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਸਕੂਲ ਵਿਚ ਲੋੜ ਪੰਜਾਬੀ ਟੀਚਰ ਦੀ ਹੁੰਦੀ ਹੈ ਤਾਂ ਹਿੰਦੀ ਦੇ ਟੀਚਰ ਨੂੰ ਭੇਜ ਦਿੰਦੇ ਹਨ ਅਤੇ ਜੇਕਰ ਹਿੰਦੀ ਟੀਚਰ ਦੀ ਲੋੜ ਹੁੰਦੀ ਹੈ ਤਾਂ ਪੰਜਾਬੀ ਦਾ ਟੀਚਰ ਭੇਜ ਦਿੰਦੇ ਹਨ। ਇਸ ਤਰ੍ਹਾਂ ਇਹ ਜਿਹੜੀਆਂ ਕਮੀਆਂ ਹਨ ਉਹ ਦੂਰ ਕਰਨੀਆਂ ਚਾਹੀਦੀਆ ਹਨ। ਇਸ ਦੇ ਨਾਲ ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਜਗ੍ਹਾ ਜਗ੍ਹਾ ਪ੍ਰਾਇਮਰੀ ਸਕੂਲ ਖੋਲ੍ਹੇ ਜਾ ਰਹੇ ਹਨ, ਜਿਹੜੀ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਪਲਾਨ ਬਣਾਈ ਹੈ ਉਸ ਦੇ ਨਾਲ ਮਿਡਲ ਸਕੂਲਾਂ ਲਈ ਪਲਾਨ ਵੀ ਬਣਾਉਣੀ ਚਾਹੀਦੀ ਹੈ। ਇਹ ਗੱਲ ਠੀਕ ਹੈ ਕਿ ਕਾਫੀ ਮਾਤਰਾ ਵਿਚ ਸਕੂਲ ਖੁਲ੍ਹ ਰਹੇ ਹਨ। (ਵਿਘਨ) ਪਰ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾਈ ਅੱਛੀ ਨਹੀਂ ਹੁੰਦੀ ਜਿਸ ਦਾ ਮਾੜਾ ਅਸਰ ਐਜੂਕੇਸ਼ਨ ਤੇ ਪੈਂਦਾ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਸਕੂਲਾਂ ਨੂੰ ਅਤੇ ਕਾਲਜਾਂ ਨੂੰ, ਨੈਸ਼ਨੇਲਾਈਜ਼ ਕਰਕੇ ਸਰਕਾਰ ਖੁਦ ਚਲਾਏ ਤਾਕਿ ਉਨ੍ਹਾਂ ਸਕੂਲਾਂ ਦੇ ਬੱਚਿਆਂ ਦੀ ਪੜ੍ਹਾਈ ਖਰਾਬ ਨਾ ਹੋਵੇ। ਇਕ ਮੈਂ ਮੈਡੀਕਲ ਐਜੂਕੇਸ਼ਨ ਦੇ ਮੁਤਾਲਿਕ ਅਰਜ਼ ਕਰਾਂਗਾ ਕਿ ਮੈਡੀਕਲ ਐਜੂਕੇਸ਼ਨ ਲੈਣ ਲਈ ਬੜੀ ਮੇਹਨਤ ਕਰਕੇ ਅਤੇ ਫਸਟ ਡਵੀਜ਼ਨ ਹਾਸਲ ਕਰਨ ਦੀ ਲੋੜ ਪੈਂਦੀ ਹੈ। ਕਿਉਂਕਿ 50 ਜਾਂ 55 ਫੀਸਦੀ ਨੰਬਰ ਤੋਂ ਘੱਟ ਦਾਖਲਾ ਹੁੰਦਾ ਨਹੀਂ ਹੈ। ਯੂਨੀਵਰਸਿਟੀ ਦੇ ਰੂਲਜ਼ ਦੇ ਮੁਤਾਬਿਕ ਸਿਰਫ ਹਰੀਜਨਾਂ ਨੂੰ ਘੱਟ ਨੰਬਰਾਂ ਤੇ ਦਾਖਲਾ ਮਿਲਦਾ ਹੈ। ਜਿਹੜੇ ਬੱਚੇ ਮੈਡੀਕਲ ਐਜੂਕੇਸ਼ਨ ਦੇ ਵਾਸਤੇ ਜਾਂਦੇ ਹਨ ਉਨ੍ਹਾਂ ਨੂੰ ਬੜੀਆਂ ਫੀਸਾਂ ਦੇਣੀਆਂ ਪੈਂਦੀਆਂ ਹਨ। ਮਿਸਾਲ ਦੇ ਤੌਰ ਤੇ ਮੈਂ ਆਪਣੇ ਦਿਆਨੰਦ ਮੈਡੀਕਲ ਕਾਲਜ ਦੀ ਮਿਸਾਲ ਦਿੰਦਾ ਹਾਂ। ਉਥੇ ਪਹਿਲੇ ਸਾਲ ਦਾਖਲੇ ਦੇ ਸਮੇਂ ਹਰ ਇਕ ਕੋਲੋਂ ਸਿਰਫ ਇਕ ਸਾਲ ਲਈ 9 ਹਜ਼ਾਰ ਰੁਪਏ ਲੈਂਦੇ ਹਨ ਤਾਂ ਕੋਈ ਦਾਖਲ ਹੋ ਸਕਦਾ ਹੈ ਨਹੀਂ ਤਾਂ ਨਹੀਂ ਹੋ ਸਕਦਾ। ਕੋਈ ਗਰੀਬ ਬਚਾ ਭਾਵੇਂ ਹਰੀਜਨ ਹੋਵੇ ਜਾਂ ਨਾਨ-ਹਰੀਜਨ ਹੋਵੇ ਉਹ ਦਾਖਲ ਨਹੀਂ ਹੋ ਸਕਦਾ, ਕਿਉਂਕਿ ਉਹ 9 ਹਜ਼ਾਰ ਰੁਪਏ ਜਮ੍ਹਾਂ ਨਹੀਂ ਕਰਵਾ ਸਕਦੇ। ਮੇਰਾ ਖਿਆਲ ਹੈ ਕਿ ਹੁਣ ਪ੍ਰਾਈਵੇਟ ਕਾਲਜ ਆਫ ਮੈਡੀਕਲ ਘੱਟ ਰਹੇ ਹਨ, ਜਿਹੜੇ ਹਨ ਉਸ ਨੂੰ ਵੀ ਐਕੁਆਇਰ ਕਰਕੇ ਗੌਰਮਿੰਟ ਦੇ ਅਧੀਨ ਲਿਆਉਣਾ ਚਾਹੀਦਾ ਹੈ ਤਾਂਕਿ ਪੜ੍ਹਾਈ ਸਸਤੀ ਹੋ ਸਕੇ, ਜਿਸ ਨਾਲ ਲੋਕਾਂ ਦਾ ਭਲਾ ਹੋ ਸਕੇ, ਜਿਸ ਨਾਲ ਉਨ੍ਹਾਂ ਨੂੰ ਜ਼ਿਆਦਾ ਖਰਚ ਨਾ ਕਰਨਾ ਪਏ। (ਘੰਟੀ)।

ਮੈਂ ਇਕ ਹੋਰ ਅਰਜ਼ ਕਰਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਹੈਲਥ ਦੇ ਸਿਲਸਿਲੇ ਵਿਚ ਪੰਜਾਬ ਵਿਚ ਬਹੁਤ ਤਰੱਕੀ ਹੋਈ ਹੈ ਔਰ ਪਿਛਲੇ ਸਾਲ ਨਾਲੋਂ ਇਸ ਦਾ ਕਾਫੀ ਚੰਗਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਹ ਬੜੀ ਅੱਛੀ ਗੱਲ ਹੈ। ਮਿਲਾਵਟ ਘੱਟ ਗਈ ਹੈ ਪਰ ਮੈਂ ਇਸ ਸਿਲਸਿਲੇ ਵਿਚ ਅਰਜ਼ ਕਰਾਂਗਾ ਕਿ ਜਿਹੜੇ ਲੋਕਾਂ ਦੇ ਨਮੂਨੇ ਲਏ ਜਾਂਦੇ ਹਨ ਉਨ੍ਹਾਂ ਦੇ ਨਮੂਨਿਆਂ ਨੂੰ ਟੈਸਟ ਹੋਣ ਤੋਂ ਬਾਅਦ ਮਹੀਨਾਂ ਜਾਂ ਦੋ ਮਹੀਨੇ ਲੱਗ ਜਾਂਦੇ ਹਨ। ਜਿਹੜੀਆਂ ਲੋਕਲ ਤੌਰ ਤੇ ਮਿਊਂਸਪਲ ਕਮੇਟੀਆਂ ਹਨ, ਉਹ ਨਮੂਨੇ ਉਥੇ ਹੀ ਅਨੈਲੇਸਿਜ਼ ਹੋਣ। ਉਹ ਉਨ੍ਹਾਂ ਨੂੰ ਜਲਦੀ ਹੀ ਟੈਸਟ ਕਰਕੇ ਤਿੰਨਾਂ ਦਿਨਾਂ ਵਿਚ ਰਿਪੋਰਟ ਦੇ ਸਕਣਗੇ। ਨਹੀਂ ਤਾਂ ਉਨ੍ਹਾਂ ਦੇ ਕੇਸਿਜ਼ ਲਈ ਕਿੰਨੀ ਕਿੰਨੀ ਦੇਰ ਕੋਰਟਾਂ ਵਿਚ ਲੱਗ ਜਾਂਦੀ ਹੈ, ਇਨ੍ਹਾਂ ਨੂੰ ਜਲਦੀ ਕਰਨ ਵਾਸਤੇ ਹੋਰ ਅੱਛਾ ਤਰੀਕਾ ਨਿਕਾਲਣਾ ਚਾਹੀਦਾ ਹੈ। ਇਹ ਲੋਕਲੀ ਲੇਬਾਰਟਰੀਆਂ ਖੋਲ੍ਹੀਆਂ ਜਾਣ ਤਾਕਿ ਜਲਦੀ ਨਮੂਨਿਆਂ ਦਾ ਪਤਾ ਲਗ ਸਕੇ। ਜਿਹੜੇ ਸਪੈਸ਼ਲ ਮੈਜਿਸਟਰੇਟ ਹਨ ਉਹ ਇਸ ਕੰਮ ਲਈ ਮੁਕੱਰਰ ਕੀਤੇ ਜਾਣ ਤਾਕਿ ਕੇਸਿਜ਼ ਦਾ ਨਿਪਟਾਰਾ ਜਲਦੀ ਹੋ ਸਕੇ।

Original with:
Punjab Vidhan Sabha
Digitized by:
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਹੁਣ ਮੈਂ ਲੇਬਰ ਦੇ ਮੁਤਾਲਿਕ ਗੱਲ ਕਰਾਂਗਾ । ਜਿਹੜੇ ਲੇਬਰਰ ਹੜਤਾਲਾਂ ਨਹੀਂ ਕਰਦੇ ਅਤੇ ਲੇਬਰ ਕੋਰਟਾਂ ਵਿਚ ਚਲੇ ਜਾਂਦੇ ਹਨ ਉਨ੍ਹਾਂ ਦੇ ਬਾਰੇ ਮੈਂ ਆਪਣੇ ਲੁਧਿਆਣੇ ਦੀ ਲੇਬਰ ਕੋਰਟ ਬਾਰੇ ਗੱਲ ਕਰਾਂਗਾ । ਜਿਹੜੇ ਲੁਧਿਆਣੇ ਲੇਬਰ ਕੋਰਟ ਵਿਚ ਕੇਸਿਜ਼ ਜਾਂਦੇ ਹਨ ਉਹ ਉਥੇ 7-7 ਸਾਲ ਹੋ ਗਏ ਹਨ, ਪਏ ਹਨ । ਉਨ੍ਹਾਂ ਨੂੰ ਕੁਝ ਨਹੀਂ ਮਿਲਣਾ । ਜਿਹੜੇ ਲੇਬਰ ਕੋਰਟ ਵਿਚ ਕੇਸਿਜ਼ ਚਲ ਰਹੇ ਹਨ, ਮੈਂ ਪ੍ਰਾਰਥਨਾ ਕਰਾਂਗਾ ਕਿ ਇਸ ਸਿਲਸਿਲੇ ਵਿਚ ਲੇਬਰ ਕੋਰਟਾਂ ਦਾ ਵਾਧਾ ਕੀਤਾ ਜਾਵੇ ਤਾਕਿ ਕੇਸਿਜ਼ ਦਾ ਨਿਪਟਾਰਾ ਜਲਦੀ ਹੋ ਸਕੇ ਅਤੇ ਲੇਬਰ ਨੂੰ ਇਹ ਤਕਲੀਫ ਨਾ ਹੋਵੇ । ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਸ਼ਲਾਘਾ ਕਰਦਾ ਹਾਂ ਕਿ ਮੈਨੇਜਮੈਂਟ ਵਿਚ ਲੇਬਰ ਨੂੰ ਨੁਮਾਇੰਦਗੀ ਦਿੱਤੀ ਗਈ ਹੈ ਔਰ ਹੁਣ ਲੇਬਰ ਆਪਣੀ ਮਰਜ਼ੀ ਨਾਲ ਕੰਮ ਕਰ ਸਕੇਗੀ । ਦੂਸਰਾ ਇਹ ਵੀ ਹੋਵੇਗਾ ਕਿ ਉਹ ਆਪਣੀ ਦਿਲਚਸਪੀ ਨਾਲ ਕੰਮ ਕਰੇਗੀ ਕਿਉਂਕਿ ਉਹ ਮੈਨੇਜਮੈਂਟ ਵਿਚ ਹਿੱਸੇਦਾਰ ਹੈ । ਇਸ ਕੰਮ ਵਿਚ ਸਾਡੇ ਸੂਬੇ ਨੇ ਸਾਰਿਆਂ ਸੂਬਿਆਂ ਨਾਲੋਂ ਲੀਡ ਕੀਤਾ ਹੈ । ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਸਾਡੇ ਪੰਜਾਬ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ ਅਤੇ ਹਾਲਾਂ ਦੂਸਰਿਆਂ ਸੂਬਿਆਂ ਵਿਚ ਇਸ ਤਰ੍ਹਾਂ ਨਹੀਂ ਕੀਤਾ ਗਿਆ । ਮੈਂ ਇਸ ਕੰਮ ਦੀ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ । ਇਸ 20-ਨੁਕਾਤੀ ਪ੍ਰੋਗਰਾਮ ਨੂੰ ਚਾਲੂ ਕਰਨ ਵਿਚ, ਲਾਗੂ ਕਰਨ ਵਿਚ ਜਿਹੜੀਆਂ ਖਾਮੀਆਂ ਹਨ ਉਨ੍ਹਾਂ ਬਾਰੇ ਮੈਂ ਪ੍ਰਾਰਥਨਾ ਕਰਾਂਗਾ ਕਿ ਆਪਣੇ ਅਧਿਕਾਰੀਆਂ ਨੂੰ ਦੇਖੋ ਕਿ ਕੀ ਉਹ ਇਨ੍ਹਾਂ ਨੂੰ ਲਾਗੂ ਕਰਨ ਵਿਚ ਦਿਲਚਸਪੀ ਲੈਂਦੇ ਹਨ ਜਾਂ ਨਹੀਂ, ਜੇ ਕੋਈ ਅਧਿਕਾਰੀ ਦਿਲਚਸਪੀ ਨਹੀਂ ਲੈਂਦਾ ਤਾਂ ਉਸ ਵੱਲ ਦੇਖਣ । ਇਨ੍ਹਾਂ 20-ਨੁਕਾਤੀ ਪ੍ਰੋਗਰਾਮ ਨੂੰ ਚਲਾਉਣ ਵਾਸਤੇ ਲਾਜ਼ਮੀ ਤੌਰ ਤੇ ਜਿਹੜਾ ਅਧਿਕਾਰੀ ਸੋਸ਼ਲਿਸਟ ਖਿਆਲ ਦਾ ਹੋਵੇਗਾ ਉਹ ਚਲਾ ਸਕੇਗਾ ਅਤੇ ਜਿਹੜਾ ਅਧਿਕਾਰੀ ਇਸ ਪਾਸੇ ਧਿਆਨ ਨਹੀਂ ਦਿੰਦਾ ਉਸ ਨੂੰ ਜਾਚਣ ਦੀ ਲੋੜ ਹੈ ਕਿ ਆਇਆ ਉਹ ਇਨ੍ਹਾਂ ਪ੍ਰੋਗਰਾਮਜ਼ ਨੂੰ ਚਲਾ ਰਹੇ ਹਨ ਜਾਂ ਨਹੀਂ ਚਲਾ ਰਹੇ । ਕਿਸੇ ਪ੍ਰੋਗਰਾਮ ਨੂੰ ਚਾਲੂ ਕਰਨਾ, ਜਦ ਤੱਕ ਉਸ ਦੀ ਇੰਪਲੀਮੈਂਟੇਸ਼ਨ ਨਾ ਹੋਵੇ ਤਦ ਤਕ ਉਹ ਕਾਮਯਾਬ ਨਹੀਂ ਹੋ ਸਕਦਾ । ਸਾਨੂੰ ਹਰ ਹਫਤੇ ਜਾਂ ਹਰ 15 ਦਿਨਾਂ ਬਾਅਦ ਦੇਖਣਾ ਚਾਹੀਦਾ ਹੈ ਕਿ ਇਨ੍ਹਾਂ 20-ਨੁਕਾਤੀ ਪ੍ਰੋਗਰਾਮਾਂ ਤੇ ਆਇਆ ਕਿਸ ਪੁਆਇੰਟ ਤੇ ਕੰਮ ਕਿਥੇ ਚਲ ਰਿਹਾ ਹੈ ਅਤੇ ਜਿਹੜੇ ਅਧਿਕਾਰੀ ਹਨ ਕੀ ਉਹ ਮਿਲਵਰਤਣ ਦੇ ਰਹੇ ਹਨ ਜਾਂ ਨਹੀਂ ਅਤੇ ਕਿਹੜੇ ਕਿਹੜੇ ਜ਼ਿਲ੍ਹਿਆਂ ਵਿਚ ਮਿਲਵਰਤਣ ਨਹੀਂ ਮਿਲ ਰਿਹਾ । ਅਗਰ ਉਨ੍ਹਾਂ ਵਲੋਂ ਇਸ ਸਬੰਧੀ ਮਿਲਵਰਤਣ ਦਿਤਾ ਗਿਆ ਤਾਂ ਇਨ੍ਹਾਂ ਸਾਰੇ ਪੁਆਇੰਟਸ ਦੇ ਮੁਤਾਬਿਕ ਅਸੀਂ ਅੱਗੇ ਵਧਾਂਗੇ ਅਤੇ ਪੰਜਾਬ ਨੂੰ ਹੋਰ ਅੱਗੇ ਲੈ ਜਾਵਾਂਗੇ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਟਾਈਮ ਦੀ ਫੇਅਰ ਡਿਸਟਰੀਬਿਊਸ਼ਨ ਕਰਨੀ ਚਾਹੀਦੀ ਹੈ । ਸਾਡੇ ਵਲੋਂ ਕਨੇਡੀਅਨ ਜੀ ਬੋਲੇ ਸੀ ਅਤੇ ਕਾਮਰੇਡ ਮਹਿਤਾਬ ਸਿੰਘ ਨੂੰ ਟਾਈਮ ਮਿਲਣਾ ਚਾਹੀਦਾ ਹੈ ।

**ਸ੍ਰੀ ਡਿਪਟੀ ਸਪੀਕਰ** : ਉਹ ਬੋਲਣਗੇ ।

**ਸ੍ਰੀ ਗੁਰਦਿਆਲ ਸੈਣੀ** : ਡਿਪਟੀ ਸਪੀਕਰ ਸਾਹਿਬ, ਸਾਡੀ ਵਾਰੀ ਆਵੇਗੀ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ :** ਤੁਹਾਡੀ ਵਾਰੀ ਵੀ ਆਵੇਗੀ।

**आचार्य पृथ्वी सिंह आज़ाद (खन्ना, एस. सी.) :** इस बजट पर, जो मेरे मित्र शर्मा जी ने इस सदन में प्रस्तुत किया है, जिस भाषा में मैं अपने विचार रखूंगा, वह भाषा न तो मेरे कम्यूनिस्ट दोस्तों की है और न मेरे अपनी पार्टी के साथियों की है बल्कि मैं यह कोशिश करूँगा कि सिर्फ उन बातों की ओर ही आपके द्वारा अपनी सरकार का ध्यान दिलाऊं जिन पर मेरे माननीय मित्रों ने बोलने का कष्ट नहीं किया। डिप्टी स्पीकर साहिब, यह बजट एक संतुलित बजट है, बैलैंस्ड बजट है।

**ਸਰਦਾਰ ਦਰਬਾਰਾ ਸਿੰਘ:** ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਆਚਾਰਿਆ ਜੀ ਕਹਿੰਦੇ ਹਨ ਕਿ ਜਿਹੜੀ ਭਾਸ਼ਾ ਮੈਂ ਬੋਲਣੀ ਹੈ ਉਹ ਭਾਸ਼ਾ ਨਾ ਇਸ ਹਾਊਸ ਦੀ ਹੈ ਅਤੇ ਨਾ ਸਰਕਾਰ ਦੀ ਹੈ।

**आचार्य पृथ्वी सिंह आज़ाद :** मैंने यह नहीं कहा।

**ਸਰਦਾਰ ਦਰਬਾਰਾ ਸਿੰਘ:** ਮੈਂ ਬੇਨਤੀ ਕਰਾਂਗਾ ਕਿ ਜਿਹੜੀ ਉਹ ਭਾਸ਼ਾ ਬੋਲਦੇ ਹਨ ਉਹ ਸਾਡੇ ਵਜ਼ੀਰ ਸਾਹਿਬ ਨੂੰ ਸਮਝ ਨਹੀਂ ਆਉਂਦੀ। ਇਸ ਕਰਕੇ ਕਿਉਂ ਨਾ ਉਹ ਅਪਣੀ ਪੰਜਾਬੀ ਭਾਸ਼ਾ ਵਿਚ ਬੋਲਣ।

**ਸ੍ਰੀ ਡਿਪਟੀ ਸਪੀਕਰ:** ਆਚਾਰਿਆ ਜੀ, ਤੁਸੀਂ ਇਨ੍ਹਾਂ ਨੂੰ ਸਮਝਾ ਦਿਆ ਕਰੋ।

**आचार्य पृथ्वी सिंह आज़ाद :** डिप्टी स्पीकर साहिब, मेरा भाषा से मतलब लगुएज से नहीं है, मेरा मतलब उन ख्यालात से है जिस ढंग से कुछ दोस्तों ने बजट पर इस दृष्टि से बोछाड़ की है कि यह अच्छा नहीं है, कुछ दोस्तों ने जिन्होंने प्रशंसा की है कहा है कि इसमें कोई कमी नहीं है। मैं यह कहना चाहता हूँ कि यह बजट एक ऐसा बजट है जो प्रधान मन्त्री के 20 नुकाती प्रोग्राम को सामने रखते हुए सरकार ने इस दृष्टिकोण से तैयार किया है कि पंजाब के अन्दर उस समाजवाद की स्थापना हो सके जिस समाजवाद की आज अत्यन्त आवश्यकता है। मैं समझता हूँ कि यह सरकार का एक मजबूत कदम है, सफल प्रयास है और जितनी इस रास्ते पर चलने के लिए सरकार ने कोशिश की है यह उसके लिए बधाई की पात्र है।

डिप्टी स्पीकर साहिब, जैसे मेरे एक मित्र ने अपने विचार रखते हुए कहा है कि प्रोग्राम कितना भी अच्छा क्यों न हो जब तक उस प्रोग्राम को सफल बनाने वालों की नीयत न हो तब तक वह सफल नहीं हो सकता। मैं यह विश्वास के साथ कह सकता हूँ कि इस सदन के नेता, सदन के मुख्य मन्त्री उस समाजवाद के सिद्धांत के समर्थक हैं जिस समाजवाद को लाने के लिये हम सब प्रयत्नशील हैं। लेकिन इन के द्वारा जो समाजवाद लाने के लिए कोशिश हो रही है जब तक उस प्रयत्न को सफल बनाने वाले लोगों की विचारधारा और विशेष करके उन अधिकारियों की विचार धारा, उस क्षेत्र में काम करने वाले कर्मचारियों की विचारधारा पूर्ण रूप से समाजवादी विचारधारा न हो तो ज्ञानी जैल सिंह की सरकार का समाजवाद की स्थापना करने का सपना अधूरा रह

Original with;
Punjab Vidhan Sabha
Digitized by;
Panjab Digital Library

[आचार्य पृथ्वी सिंह आजाद]

जाएगा। इस लिये मैं आप के द्वारा पहली प्रार्थना सदन के नेता ज्ञानी जैल सिंह जी से जो करना चाहता हूँ वह यह है कि जो 20 नुकाती प्रोग्राम है इस 20 नुकाती प्रोग्राम की इम्पली-मैन्टेशन को देखने के लिये कुछ लोगों की यहां से लेकर ज़िला तक ड्यूटी लग जानी चाहिए ताकि वे देखें कि उस विचारधारा को जिसको लेकर प्रोग्राम बनाया है, उसके मुताबिक उस क्षेत्र में काम हो रहा है अथवा नहीं। पहली अर्ज़ मैं यह करना चाहता हूँ।

दूसरी अर्ज़ मैं यह करना चाहता हूँ कि अब जो राज्य के अन्दर ऐमरजैंसी लगी हुई है वह लगी क्यों? लगी इसलिये कि जो पार्टियां सत्तारूढ़ नहीं थीं उन्होंने सत्ता-हथियाने के लिए उस रास्ते को जिस रास्ते पर चल कर महात्मा गांधी, पंडित जवाहर लाल नेहरू और देश के महान नेताओं ने देश को स्वतन्त्र बनाया, प्रजा तन्त्र के सिद्धांत को अपनाया, उस सत्य और अहिंसा के रास्ते को छोड़ कर असत्य और हिंसा के मार्ग को अपना लिया। अगर इन्होंने असत्य और हिंसा का मार्ग न अपनाया होता तो आप कई दिन से दाइं तरफ के बैंचों पर अकेले न बैठते। इन लोगों की जो सत्य मार्ग को छोड़ गए और हिंसा के मार्ग को छोड़ गए यह बात देश की आज़ादी के लिए खतरनाक थी, समाजवाद के लिए खतरनाक थी उनको रास्ते पर लाने के लिए और कोई दूसरा रास्ता रह नहीं जाता था। मैं समझता हूँ कि केन्द्र ने उस रास्ते को अपना कर ठीक ढंग से डैमोक्रेसी की पालना की है। अब इस बात को ज़रूरत है कि जिस डैमोक्रसी की पालना के लिए सख्त काम किया गया है, उसको कायम रखने के लिये राज के अंदर अनुशासन लाना चाहिए, राज के कर्मचारियों के अन्दर डिसिपलिन लाना चाहिए, व्यापा-रियों के अन्दर अनुशासन लाना चाहिए, यह सब कुछ करने के लिए आज हमारी सरकार को जिस ढंग से लोगों के अन्दर प्रचार करना चाहिए, वह किया नहीं जाता। अनुशासन लाने के लिये जो लोग गलतियां करते हैं उनको समझाया नहीं जाता। इस लिये मैं अपनी सरकार से कहना चाहता हू कि नीचे से लेकर ऊपर तक सब को ठीक किया जाए। उनको डिसिपलिन में लाया जाए तभी ही समाजवाद आ सकता है और बेकारी दूर हो सकती है।

डिप्टी स्पीकर साहिब, मैंने आरम्भ में अर्ज़ किया था कि यह बजट पंजाब का चतुर्मुखी विकास के लिए एक सफल प्रयास है। और इस बजट को ठीक ढंग से बना कर ही हम अपनी मंजले मकसूद की तरफ जा सकते हैं। जितने भी सरकार ने उन्नति के काम किए हैं उनसे बेहतरी ही बेहतरी हुई है। इसलिये मैं अलग अलग क्षेत्र को लेकर उस तरफ अपने विचार व्यक्त नहीं करूँगा। लेकिन, डिप्टी स्पीकर साहिब, जब मैंने वित्त मंत्री महोदय का भाषण सुना, पृष्ठ 35 पर जब वह यह पढ़ रहे थे..........

'This deficit, to an extent, is due to additional expenditure on Welfare of Scheduled Castes, Backward Classes and weaker sections of the society.'

तो मुझे उनकी ज़ुबान से यह सुन कर अत्यन्त दुख हुआ। दुख इसलिए था, डिप्टी स्पीकर साहिब, कि हमारी सरकार ने अभी पिछले दिनों ही गुरू गोबिन्द सिंह मार्ग बनाया था। गुरू गोबिन्द सिंह मार्ग बनाना एक बहुत अच्छा काम है। लेकिन उस मार्ग के पीछे जिस महापुरुष का नाम है उस महापुरुष की भावना को अगर हमने समझ लिया होता

Original with;
Punjab Vidhan Sabha
Digitized by;
Panjab Digital Library

तो हमारे वित्त मंत्री जी यहां यह न लिखते । मेरे माननीय मित्र ज्ञानी जी सिख इतिहास के अच्छे विद्यार्थी हैं । गुरू गोबिन्द सिंह महाराज के जीवन में एक कठिनाई उस वक्त आई जब पहाड़ी राजाओं ने उनको कहा कि अगर आप इन तथा कथित छोटे लोगों का साथ छोड़ दें और हम जो राजपूत हैं हमारा साथ लें तो हम आपको पूरा साथ दे सकते हैं । तो हमारी सरकार के वित्त मंत्री ने अपने भाषण से पहले अगर यह शब्द सुन लिये होते तो मुझे उम्मीद है कि वह यहां यह शब्द न लिखते । इन्होंने पढ़ा हुआ है कि उस वक्त गुरु गोबिन्द सिंह जी ने क्या जवाब दिया था । उन्होंने ललकार कर कहा था कि इन्हीं के प्रताप से ही तो हम जिन्दा हैं । तो मैं श्री हंसराज शर्मा जी से कहना चाहता हूँ कि इन्हीं लोगों ने कांग्रेस को इन बैंचों पर बिठाया है । जिन लोगों ने कांग्रेस की सेवा की है और इनको राजगद्दी पर बिठाया है वह कौन हैं ? वह यही लोग हैं जिनकी बाबत शर्मा जी ने कहा है कि बजट में deficit उनके कारण हुआ है । डिप्टी स्पीकर साहिब, मैं कहना चाहता हू कि पंजाब सरकार ने Scheduled Castes के लिए बहुत ज्यादा काम किया है चाहे वह आर्थिक क्षेत्र में हो, चाहे विद्यक क्षेत्र में हो और चाहे सामाजिक क्षेत्र में हो। किसी क्षेत्र में भी सरकार ने उनके कल्याण के लिए कोई कसर नहीं छोड़ी है । मैं भी इतिहास का विद्यार्थी हूँ, जो कांग्रेस के लिए, देश के लिए , इन्होंने contribution की है और जिन लोगों को लाखों सालों तक पछाड़ कर रखा गया है, अगर मेरी कांग्रेस सरकार ने इनके लिये इतना महान कार्य किया है तो मैं समझता हूँ कि यह कार्य नहीं है परन्तु यह तो प्रायश्चित कर रहे हैं और प्रायश्चित करते हुए 29 साल हो गए हैं । अगर शर्मा साहिब यह कहते हैं कि deficit उनके कारण हुआ है तो यह उनके साथ अन्याय है । इसलिए मैं कहना चाहता हूँ कि जो हम ने किया है वह तो आटे में नमक के बराबर है । हमें उस समय तक इनके लिए काम करते रहना चाहिए जब तक कि यह पिछड़े वर्ग के लोग हर क्षेत्र में चाहे वह आर्थिक हो, चाहे सामाजिक हो और चाहे कोई और हो, हर क्षेत्र में यह लोग दूसरो के बराबर खड़े नहीं कर दिए जाते । डिप्टी स्पीकर साहिब, आप शर्मा साहिब, के भाषण के पृष्ठ 14 पर देखें , वहां लिखा हुआ है कि :—

Welfare of Safai Sewaks employed in the Municipal Committees.

जैसे कि मैंने कहा कि सरकार ने बहुत अच्छे काम किए हैं । जो सफाई मजदूर हैं विशेष करके वाल्मीकि भाई हैं उनको ज्ञानी ज़ैल सिंह जी ने बहुत सहूलतें दी हैं । इस लिये हम जितना उनका धन्यवाद करें उतना ही कम है । लेकिन, डिप्टी स्पीकर साहिब, जिस उद्देश्य की पूर्ति के लिए इतनी सहूलतें इस पछड़े वर्ग के अन्दर वालमीकियों को दी है, क्या सरकार ने कभी सोचा है कि इतना करने के बावजूद भी क्या वालमीकियों को दूसरों के बराबर ला कर खड़ा कर सकते हैं ? डिप्टी स्पीकर साहिब, मैं दावे के साथ कह सकता हूँ कि जिस ढंग से वालमीकियों के कल्याण के लिए मेरी सरकार ने काम आरम्भ किया है अगर ज्ञानी ज़ैल सिंह को भगवान शक्ति दे और उनकी आयु 100 वर्ष हो और वह उनके लिए काम करते जाएं तब भी उनकी पसमांदगी दूर नहीं हो सकती है । जिन्होंने Social Science को पढ़ा है वह इस बात को जानते हैं कि इस हाउस में आज तो नहीं परन्तु पीछे कई बार संकेत आया

Original with:
Punjab Vidhan Sabha
Digitized by:
Panjab Digital Library

[आचार्य पृथ्वी सिंह आज़ाद]

है कि रामदासिये बहुत तरक्की कर रहे हैं।। लेकिन यह नहीं सोचा कि तरक्की किस तरह से वह कर रहे हैं। डिप्टी स्पीकर साहिब, आज से 589 साल पहले जब रामदासिये लोग मरे हुए पशु खाते थे, मरे हुए पशुओं का मांस खाते थे तब उनकी दशा इतनी खराब थी कि लोग उनको अपने पास तक नहीं बिठाते थे। वाल्मीकि जी महाराज पहले महा-पुरुष हुए हैं जिन्होंने सब से पहले इस बात का प्रचार किया कि रामदासिये मुर्दा पशुओं का मास खाना छोड़ दें। 589 साल पहले यह विचारधारा थी। उसके बाद आर्य समाज की विचारधारा आई और फिर सिंह सभा की विचारधारा आई फिर जाकर कहीं जो समाज में इनको नीचा बना कर रखने की बात थी वह 80 प्रतिशत दूर हो गई।

डिप्टी स्पीकर साहिब, वाल्मीकियों के अन्दर भी एक बुनयादी कमज़ोरी है। यह बुनयादी कमज़ोरी क्या है। जिस तरह मुर्दाखोर जो हैं, मुर्दाखाने वाला जो है उस ढंग से सोच नहीं सकता जिस ढंग से दूसरे लोग सोचते हैं, समझते हैं उसी तरह से सफाई करने वाला, जूठा खाने वाला, सुबह उठते ही दुनिया भर का गंद साफ करने वाला नहीं सोच सकता कि वह किस वातावरण में रहता है। मुझे खुशी है कि पंजाब में सब से पहले शेरे पंजाब लाजपत राय जी ने 1927 में लाहौर स्वीपर्ज यूनीयन कायम की थी और इनके लिये आवाज़ उठाई थी। उसके बाद मुझे इस संस्था को चलाने का अवसर मिला है। मैं बहुत ज्यादा तो नहीं मगर यह कह सकता हूं कि सैंकड़ों वाल्मीकियों के नाम जानता हूँ जिनके मां बाप को जूठा खाना खाने से छुड़वाया और गंदगी के काम से छुड़वाया। आज वे पंजाब का बेहतरीन अंग हैं। इस काम के लिये एक मुलतानी कमेटी मुकर्रर की गई थी। उस मुलतानी कमेटी ने अपनी रिपोर्ट दी। फिर उसके बाद एक और कमेटी बनी। उसके बाद उसी सरकार ने एक और कमेटी बनाई जिसकी अध्यक्षता श्री बृषभान जी ने की। उस कमेटी ने भी अपनी रिपोर्ट दी। इसी तरह से 3-4 कमेटियां बनी, जिन्होंने इस सवाल को अच्छी तरह से एगज़ामिन किया। अब ज्ञानी ज़ैल सिंह जी ने एक और कमेटी भगत गुरां दास हंस कमेटी बनाई। उस कमेटी ने जो रिपोर्ट दी है वह मैं सदन की जानकारी के लिये बताना चाहता हूँ। यह इस विषय में है :—

The Government of India had constituted a Multani Committee in 1957 for the improvement of the lot of the Harijans. The Committee recommended to abolish the practice of carrying night soil on heads. This recommendation had been under the consideration of the Government of India. It recommended to the State Government to take necessary steps to abolish this practice.

रिकमैंडेशन यह है कि इस बुरी बिमारी को....

**ਚੌਧਰੀ ਦਰਸ਼ਨ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸਮਾਂ ਥੋੜ੍ਹਾ ਹੈ। ਇਨ੍ਹਾਂ 600 ਸਾਲ ਪਹਿਲੋਂ ਤੋਂ ਸ਼ੁਰੂ ਕੀਤਾ ਹੈ ਔਰ ਹਾਲੇ 20 ਸਾਲ ਹੋਰ ਪਏ ਹਨ। ਮੇਰੀ ਆਚਾਰਿਆ ਸਾਹਿਬ ਅਗੇ ਬੇਨਤੀ ਹੈ ਕਿ ਥੋੜ੍ਹੀ ਜਿਹੀ ਬੈਕਗਰਾਊਂਡ ਦੇ ਕੇ he should give constructive suggestions for the welfare of Harijans.

**Acharya Prithvi Singh Azad** : Mr. Deputy Speaker, Sir, I am thankful to our unofficial L. R., for the suggestion. (*Interruption*)

Original with;
Punjab Vidhan Sabha
Digitized by;
Panjab Digital Library

डिप्टी स्पीकर साहिब, मैं कभी कभी बोलता हूँ अगर कुछ सजैशनज़ देने के लिये मैं आपके 5 मिनट ज्यादा भी ले लूं तो मैं समझता हूँ कि आप मुझे क्षमा करेंगे ।

तो मैं अर्ज़ कर रहा था कि रिकमैंडेशन यह थी कि बुरी आदत को अबालिश किया जाए। सरकार ने इन रिकमैंडेशन्ज को मान लिया है। सारी रिकमैंडेशन्ज़ जो सरकार ने मान ली हैं अगर उन पर अमल हो जाये तो मैं समझता हूँ कि इनका कल्याण हो सकता है । इनका पूरा कल्याण नहीं हो सकता जब तक इस बीमारी की जड़ तक न पहुंचा जाये। तो सरकार ने जो ऐक्शन लिया है उसके बारे में मैं अर्ज़ करना चाहता हूँ—

The practice of carrying nightsoil on heads shall not be banned through legislation. The Social Welfare Department had recommended that it would provide wheel-barrows to the private scavengers so as to eliminate the practice of carrying nightsoil on heads. In their opinion, the existing system is most convenient especially for females. Government has, therefore, decided that study should be conducted by the Social Welfare Department before taking any decision in this regard.

यह जो डिसीज़न लिया है यह 1947 से इसी तरह से होता चला आ रहा है । अब कहते हैं कि हम बैन नहीं कर सकते । सैंट्रल गवर्नमैंट कहती है कि इसको बैन किया जा सकता है । डिप्टी स्पीकर साहिब, मैं आपके द्वारा सरकार को कहना चाहता हूँ कि इस समय जो सफाई मजदूर काम करने वाले हैं, मैं चौधरी दर्शन सिंह की बात मान लेता हूँ, उन के लिये मेरी सजैशन है कि उनकी रजिस्ट्रेशन कर ली जाये और रजिस्ट्रेशन करने के बाद जिनकी उम्र 20 साल से कम है या 18 साल से कम है उनको इस प्रोफैशन में आने से रोका जाये। जो रजिस्टर्ड हैं उनको ही काम करने दिया जाये । दूसरी सजशन मैं यह देना चाहता हूँ कि ज्ञानी जी ने बहुत कृपा की है कि इस बिरादरी के लिए 50 फीसदी तक रिज़र्व नौकरियां सुरक्षित करदी हैं। डिप्टी स्पीकर साहिब, आप तो ला के स्टूडैंट रहे हैं। आप तो जानते हैं कि there can be no reservation within the reservation. यह रिज़र्वेशन विदइन रिज़र्वेशन जो है यह टिक नहीं सकती। मेरी हमदर्दी तो अपने लोगों से है।। मैं यह कहना चाहता हूँ कि 50 फीसदी नहीं 100 फीसदी नौकरी रिज़र्व कर दें । (विघ्न) हम पढ़ेंगे तब जब हमको कोई प्राप्ति होगी । हमे ठीक तालीम नहीं मिलती । न टैकनीकल एजुकेशन मिलती है, न कोई दूसरी इस किस्म की तालीम मिलती है । साधारण एजुकेशन हासिल करके अगर हम कम्पेयर करेंगे किसी सकंड डवीज़न वाले के साथ तो हमारा कम्पैरिज़न नही हो सकता। इस लिये मेरी प्रार्थना है कि सरकार हर जिला में एक स्पैशल स्कूल खोले, पब्लिक स्कूल खोलें जो रैज़ीडैंशल हो और 80 फीसदी वाल्मीकि लड़के हों और 20 फीसदी दूसरे होने चाहिएं । इस तरह की एजुकेशन देकर अगर कोई प्रचार करे तब ही यह आगे आ सकते हैं।

डिप्टी स्पीकर साहिब, तीसरे नंबर पर मैं कहना चाहता हूँ कि हर रोज़ इस हाऊस के अंदर कहा जाता है कि आज यह लोग दूसरों के बराबर आ गये हैं। मैं अर्ज़ करना चाहता हूँ कि चौधरी सुन्दर सिंह, मास्टर गुरबंता सिंह, चौधरी गुरमेल सिंह और पृथ्वी सिंह आज़ाद जैसे लोगों की हिन्दुस्तान में, पंजाब में अगर गिनती की जाये तो यह 0.05 फीसदी

Original with:
Punjab Vidhan Sabha
Digitized by:
Panjab Digital Library

[आचार्य पृथ्वी सिंह आज़ाद]

होंगे । हमें शडयूल्ड कास्टस के जो राईटस हैं उनसे वंचित करना है तो बेशक कर दो, हम नहीं चाहते कि परमानैंट रिज़र्वेशन शडयूल्ड कास्टस की रहे, मगर क्या सरकार ने यह सोचा है कि इस का आलटरनेटिव क्या है । डिप्टी स्पीकर साहिब, मैंने जैसे पहले भी कहा था कि मैं सोशल साइंस का विद्यार्थी हूँ और मैं स्वाध्याय करता हूँ । मुझे मालूम है कि नौकरी के लिये जब आवेदन पत्र मांगे जाते हैं तो उसमें ऐसे शडयूल्ड कास्टस भी होते हैं जो टाप कलास के होते है उनको रिज़र्वेशन कोटा में न लिया जाये तो वे ऐनक्रेजमैंट फील करेंगे । लेकिन होता क्या है जो ऐजुकेशनल कुआलीफिकेशन्ज की बिना पर आये हैं वे भी रिज़र्व कोटे में आ जाते हैं और जो थर्ड डिवीज़नर हैं वे भी रिज़र्व कोटे में आ जाते हैं । नतीजा यह होता है कि हमारी जो पर्सैंटेज है वह हमें पूरी नहीं मिलती । अब ज्ञानी जी और ऐजुकेशन मिनिस्टर साहिब ने परिश्रम किया है स्पैशल क्लासिज़ खोल कर उनको ट्रेनिंग दी जा रही है ताकि पर्सैंटेज पूरी हो सके । इसके लिये दो तरीके हैं--एक तो यह कि जो मरिट पर आ जाये वह मैरिट में चला जाए और जो मैरिट में न आये उसको रिज़र्वेशन में ले लिया जाये लेकिन अब क्या होता है कि जो मैरिट में आता है उसको भी रैंज़र्वेशन में ले लिया जाता है । डिप्टी स्पीकर साहिब, मैं आपके द्वारा अपनी सरकार को अर्ज़ करना चाहता हूँ कि हरिजन वैल्फेयर की जो स्कीमें हैं हिन्दुस्तान भर में पंजाब एक ऐसा राज्य है जिसने सबसे ज्यादा लागू की है । लेकिन सरकार ने ऐसा कोई कदम नहीं उठाया कि लोगों में यह विचारधारा पैदा की जाये कि वे रैंज़र्वेशन के पीछे न भागें । मैं कहना चाहता हूँ ठीक है कि उनको ओपन कम्पीटीशन में आना चाहिए । यह कहा जाता है कि पृथ्वी सिंह आज़ाद, मास्टर गुरबन्ता सिंह, चौधरी सुन्दर सिंह रिज़र्व सीट पर न लड़ें, मैं कहता हूं कि आप साधन पैदा करें हमें तो नुमायंदगी ज्यादा मिलेगी । हमें तो और भी ज्यादा फायदा होगा । चौधरी सुन्दर सिंह जी हैं, मास्टर गुरबन्ता सिंह जी हैं, मैं हूँ हम तो दूसरों का मुकाबला कर सकते हैं, हम अपने आप को किसी से कम नहीं समझते ।

**ਚੌਧਰੀ ਸੁੰਦਰ ਸਿੰਘ** : ਜੋ ਆਜ਼ਾਦ ਸਾਹਿਬ ਨੇ ਗਲ ਕੀਤੀ ਹੈ ਇਹ ਠੀਕ ਹੈ ਸਾਨੂੰ ਜਨਰਲ ਸੀਟਾਂ ਤੇ ਲੜਨਾ ਚਾਹੀਦਾ ਹੈ ਕਿਉਂਕਿ ਅਸੀਂ ਹੁਣ ਬਾਲਗ ਹੋ ਗਏ ਹਾਂ । ਮਗਰ ਸਾਰੀ ਉਮਰ ਗੁਜ਼ਰ ਗਈ ਹੈ ਹੁਣ ਪਤਾ ਨਹੀਂ ਸਾਨੂੰ ਸੀਟ ਮਿਲਣੀ ਵੀ ਹੈ ਜਾਂ ਨਹੀਂ ।
(ਵਿਘਨ)

**ਸਰਦਾਰ ਦਰਬਾਰਾ ਸਿੰਘ** : ਇਹ ਆਜ਼ਾਦ ਸਾਹਿਬ ਨੇ ਚੰਗਾ ਸੁਝਾਵ ਦਿਤਾ ਹੈ ਮੈਂ ਬੇਨਤੀ ਕਰਾਂਗਾ ਕਿ ਇਹ ਇਸ ਸਜੈਸ਼ਨ ਤੇ ਅਮਲ ਕਰਨ ਅਤੇ ਇਹ ਅਗੇ ਨੂੰ ਸ਼ਡਿਊਲਡ ਕਾਸਟ ਦੀ ਰਿਜ਼ਰਵੇਸ਼ਨ ਦਾ ਫ਼ਾਇਦਾ ਨਾ ਉਠਾਉਣ । (ਵਿਘਨ)

**आचार्य पृथ्वी सिंह आज़ाद** : मैं सरदार दरबारा सिंह का सुझाव मानने के लिये तैयार हूँ, पर जिस तरह मुझे मेरे लीडर कहेंगे मैं वैसे करूंगा ।

**ਸ੍ਰੀ ਡਿਪਟੀ ਸਪੀਕਰ** : ਆਜ਼ਾਦ ਸਾਹਿਬ, ਵਾਲੰਟੇਰੇਲੀ ਅਗੇ ਆ ਜਾਵੇ (ਵਿਘਨ)

**Acharya Prithvi Singh Azad** : I am following my Leader. Whatever orders he gives me I will follow, I am always to follow my leaders.

Original with;
Punjab Vidhan Sabha
Digitized by;
Panjab Digital Library

मैं अर्ज कर रहा था, डिप्टी स्पीकर साहिब, कि सरकार को ऐसे कदम उठाने चाहिएं, जिससे यह रैजर्वेशन वाले रैजर्वेशन की मांग न करें। हम क्यों हाथ फलाते रहें मुद्दततक ।

मैं एक अर्ज और करनी चाहता हूँ, लीडर साहिब चले हैं, मेरी बात शायद उन तक पहुँच जायेगी, वह यह है कि इस ऐमरजैंसी में रिशवत खोरी जो है वह घटनी चाहिए थी, पर एक दो महकमों में रिशवत बढ़ गई है । मैं तफ़सील में नहीं जाऊंगा, लेकिन एक बात कहना चाहता हूँ, डिप्टी स्पीकर साहिब, अगर आप कभी जो सर्विस में आए हुए हैं I.A.S. व I.P.S. जो direct सैंटर से आते हैं उनका और जिनको हम स्टेट वाले भरती करते है उनकी कानफीडैशल तरीका से जानकारी प्राप्त करें तो आप इस नतीजा पर पहुँचेंगे कि यह जो I.A.S. व I.P.S. जो सट्रल सर्विसिज़ में directly रिक्रूट हो कर आते हैं उनमें से 99 फीसदी आनैस्ट मोस्टएफीशैंट और टाईम बाऊंड काम करने वाले आपको मिलेंगे, लेकिन यह बात डिप्टी स्पीकर साहिब, हमारे अपने अदारों से जो रिक्रूटमैंट में आते है, मैं किसी का नाम नहीं लूंगा फिर आप कह दोगे आज़ाद साहिब नाम लेते हैं, सिर्फ संकेत ही करूँगा।

अक्लमंदां रा इशारा काफी अस्त ।

मेरा संकेत यह है कि जो सैंटर से रिक्रूट होकर आते हैं वे ईमानदार और ऐफीशट होते हैं और जिनको हम रिक्रूट करते हैं, मैं दावे से कहता हूँ कि उनमें से 50 फीसदी कुरप्ट और मोस्ट इनऐफीशैंट होते हैं । मैं आपको शेखसादी का शेअर सुनाता हूँ

खिश्ते अव्वल चूँ नहद मामारे कज
ता सुरैया मी रवद दीवारे कज ।

अगर एक इमारत की बुनियाद रखने वाला उसमें अगर एक ईंट टेढ़ी रख दे, वह इमारत सुरइया तक चुन कर ले जाये वह टेढ़ी की टेढ़ी रहेगी। मैंने उन लोगों से पूछा कि तुम ऐसा क्यों करते हो? मुझे बताया गया कि जब हम भरती होते हैं तो दान-दक्षिणा से होते हैं। जब भरती दान-दक्षिणा से होते हैं तो वह हम सर्विस में आने के बाद पूरा कर लेते हैं। मैं डिप्टी स्पीकर साहिब, आपकी मारफत सरकार से कहना चाहता हूँ कोई साधन इख्तयार करने चाहिएं ...

(इस समय सरदार संतोख सिंह जी रंधावा, राज मन्त्री, विकास सदन में आए ।)

**ਸ੍ਰੀ ਡਿਪਟੀ ਸਪੀਕਰ :** ਆਜ਼ਾਦ ਸਾਹਿਬ, ਰੰਧਾਵਾ ਸਾਹਿਬ, ਤਸ਼ਰੀਫ਼ ਲੈ ਆਏ ਹਨ ।

**आचार्य पृथ्वी सिंह आज़ाद :** इनका महकमा तो इमानदार महकमा है ।

**ਸ੍ਰੀ ਡਿਪਟੀ ਸਪੀਕਰ :** ਇਹ ਤੁਹਾਡੀ ਤਕਲੀਫ਼ ਦੂਰ ਕਰ ਦੇਣਗੇ ...

**आचार्य पृथ्वी सिंह आज़ाद :** डिप्टी स्पीकर साहब आप किस दुनियां में रह रहे हैं ।

**ਕੈਪਟਨ ਰਤਨ ਸਿੰਘ :** * **

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ :** ਦੂਸਰਾ ਪੁਆਇੰਟ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਤੁਸੀਂ ਕਿਹੜੀ ਦੁਨੀਆਂ ਵਿਚ ਰਹਿੰਦੇ ਹੋ। ਮੇਰੇ ਮੁਤਾਬਿਕ ਤਾਂ ਤੁਸੀਂ ਇਸ ਦੁਨੀਆਂ ਵਿਚ ਹੋ। ਇਨ੍ਹਾਂ ਦੇ ਅਨੁਸਾਰ ਕਿੰਨੀਆਂ ਦੁਨੀਆਵਾਂ ਵਿਚ ਕੋਈ ਰਹਿ ਸਕਦਾ ਹੈ ਅਤੇ ਕੀ ਤੁਸੀਂ ਇਸ ਦੁਨੀਆਂ ਵਿਚ ਨਹੀਂ ਹੋ ?

**ਸ੍ਰੀ ਡਿਪਟੀ ਸਪੀਕਰ :** ਇਹ ਸਮਝਣ ਦੀ ਗੱਲ ਹੈ।

**आचार्य पृथ्वी सिंह आज़ाद :** डिप्टी स्पीकर साहिब मुझे अफसोस है कि कप्तान साहब इशारा नहीं समझे, हालांकि वह सारे इशारे समझते हैं।

तो मैं अर्ज़ कर रहा था, डिप्टी स्पीकर साहिब, कि सरकार ने बहुत अच्छे प्रयत्न किये हैं, आपके द्वारा क्योंकि आप उस कमेटी के इन्चार्ज हैं जिसने बेकारी को दूर करने के लिये पढ़े लिखे नौजवानों को काम देना है मुझे आप की मारफत अपनी सरकार से कहना है कि जो बेकारों को काम पर लगाने वाले अदारे हैं उनकी सेवा के लिये इस हाउस के सदस्य जिनको हाउस के लीडर साहिब बेहतरीन समझें कि निगरानी कर सकते हैं, उनको उन अदारों में लगा कर उनकी इम्पलीमैंटेशन पर लगाना चाहिए।

**ਚੌਧਰੀ ਦਰਸ਼ਨ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਆਜ਼ਾਦ ਜੀ ਨੇ ਇਕ ਬੜੀ ਸੀਰੀਅਸ ਐਲੀਗੇਸ਼ਨ ਲਗਾਈ ਹੈ ਕਿ ਜਿਹੜੇ ਆਈ. ਏ. ਐਸ. ਕੇਡਰ ਜਾਂ ਉਪਰਲੇ ਕੇਡਰ ਦੇ ਅਫ਼ਸਰ ਜਾਂਦੇ ਹਨ, ਉਹ ਥਰੂ ਬਰਾਈਬ, ਪੈਸੇ ਦੇ ਕੇ ਜਾਂਦੇ ਹਨ Selection Committee is not a Government appointed Committee. ਕਮੇਟੀਆਂ ਇੰਡੀਪੈਂਡੈਂਟ ਹਨ। ਨਾ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਅਤੇ ਨਾ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਪੰਜਾਬ ਸਰਕਾਰ ਦੇ ਥੱਲੇ ਹੈ, ਇਹ ਸਿੱਧੀ ਕਮੇਟੀਆਂ ਤੇ ਐਸਪਰਸ਼ਨ ਹੈ। Either he should clarify the case or he should withdraw these words.

**आचार्य पृथ्वी सिंह आज़ाद :** मेरे दोस्त ने खाहमखाह एक प्वायंट उठा दिया है, मैं उसकी तफसील में नहीं जाऊंगा। अगर मुझ से मेरे लीडर पूछना चाहेंगे तो मैं उनको विश्वास के साथ बता दूंगा।

**मुख्य संसदीय सचिव :** डिप्टी स्पीकर साहिब, खाहमखाह लफज़ पार्लीयामैंटरी है या नहीं।

**आचार्य पृथ्वी सिंह आज़ाद :** अनपार्लियामैंटरी नहीं है, मैं इस की बजाए अन इच्छित कह देता हूँ।

**ਚੌਧਰੀ ਦਰਸ਼ਨ ਸਿੰਘ :** ਇਹ ਸਿਲੈਕਸ਼ਨ ਕਮੇਟੀਆਂ ਕੰਸਟੀਚਿਊਸ਼ਨ ਦੇ ਥੱਲੇ ਬਣੀਆਂ ਹੋਈਆਂ ਹਨ ਅਤੇ ਦੋਨੋਂ ਇੰਡੀਪੈਂਡੈਂਟ ਬਾਡੀਜ਼ ਹਨ, ਉਨ੍ਹਾਂ ਦੇ ਮੈਂਬਰਾਂ ਨੂੰ ਹਟਾਇਆ ਨਹੀਂ ਜਾ ਸਕਦਾ ਅਤੇ ਉਨ੍ਹਾਂ ਦੀ ਇੰਪਾਰਸ਼ੀਐਲਿਟੀ ਅਤੇ ਆਨੈਸਟੀ ਨੂੰ ਕੰਸਟੀਚਿਊਸ਼ਨ ਗਾਰਡ ਕਰਦੀ ਹੈ। ਇਸ ਕਰਕੇ ਉਨ੍ਹਾਂ ਕਮੇਟੀਆਂ ਤੇ ਕਿਸੇ ਕਿਸਮ ਦਾ ਐਲੀਗੇਸ਼ਨ ਲਗਾਉਣਾ ਜਾਇਜ਼ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**आचार्य पृथ्वी सिंह आज़ाद :** मेरे फ़ाज़िल दोस्त ने एक बहस छेड़ दी है। मैंने तो एक संकेत किया है। अगर मेरे लीडर इस बिमारी का इलाज कर ल और इस बारे आवश्यक कदम उठाएंगे तो ठीक है। मैंने किसी संस्था का नाम नहीं लिया। खाहमखाह कलैरीफिकेशन मांगी गई है।

**ਸ੍ਰੀ ਪ੍ਰੇਮ ਗੁਪਤਾ :** ਆਜ਼ਾਦ ਸਹਿਬ ਨੇ ਕਿਹਾ ਹੈ ਕਿ ਕਿਸੇ ਸੰਸਥਾ ਦਾ ਉਨ੍ਹਾਂ ਨੇ ਨਾਂ ਨਹੀਂ ਲਿਆ। ਮੈਂ ਇਹ ਕਹਿੰਦਾ ਹਾਂ ਕਿ ਜਦੋਂ ਆਈ. ਏ. ਐਸ. ਅਤੇ ਪੀ. ਸ.ੀ ਐਸ. ਦਾ ਨਾਂ ਲੈ ਦਿੱਤਾ ਤਾਂ ਸੰਸਥਾ ਦਾ ਨਾ ਤਾਂ ਆਪ ਹੀ ਆ ਗਿਆ।

**ਸਰਦਾਰ ਦਰਬਾਰਾ ਸਿੰਘ :** ਇਹ ਅਵਸਥਾ ਸਵਾ ਸਾਲ ਤੋਂ ਪਹਿਲਾਂ ਵੀ ਸੀ ਜਾਂ ਡੇਢ੍ਹ ਸਾਲ ਤੋਂ ਬਾਅਦ ਹੋਈ ਹੈ।

**आचार्य पृथ्वी सिंह आज़ाद :** अच्छी बात है अगर इस बात का रहस्योद्‌घाटन न हो। मैंने एक बिमारी कह दी है, लीडर साहिब इलाज करें। मेरा तो काम दुख रोना है।

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਮਸਲਾ ਸਾਧਾਰਨ ਨਹੀਂ, ਬੜਾ ਮਹੱਤਵਪੂਰਨ ਹੈ ਅਤੇ ਜੇ ਇਸ ਦਾ ਇਲਾਜ ਕਰਨਾ ਹੋਵੇ, ਜੇ ਆਜ਼ਾਦ ਜੀ ਦੀ ਗੱਲ ਸੱਚੀ ਹੋਵੇ ਅਤੇ ਇਲਾਜ ਲਭਣਾ ਹੋਵੇ ਤਾਂ ਇਸ ਦਾ ਇਲਾਜ ਪੰਜਾਬ ਦਾ ਚੀਫ ਮਨਿਸਟਰ ਵੀ ਨਹੀਂ ਕਰ ਸਕਦਾ, ਇਸ ਦਾ ਇਲਾਜ ਸੁਪਰੀਮ ਕੋਰਟ ਤਕ ਜਾਵੇਗਾ। ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਇਹ ਐਕਸਪਰਸ਼ਨ ਨਹੀਂ ਸੀ ਕਰਨੀ ਚਾਹੀਦੀ ਅਤੇ ਹੁਣ ਵੀ ਉਨ੍ਹਾਂ ਨੂੰ ਇਹ ਗੱਲ ਵਾਪਿਸ ਲੈਣੀ ਚਾਹੀਦੀ ਹੈ ਜਾਂ ਹਾਊਸ ਵਿਚ ਦੱਸਣ ਕਿ ਫਲਾਣੀ ਗੱਲ ਕੀਤੀ ਗਈ ਹੈ ਤੇ ਮੈਂ ਉਸ ਕੇਸ ਨੂੰ ਅਗੇ ਲੈ ਜਾਵਾਂਗਾ।

**ਚੌਧਰੀ ਦਰਸ਼ਨ ਸਿੰਘ :** ਡੈਫੇਮੇਸ਼ਨ ਇਹ ਹੀ ਨਹੀਂ ਹੁੰਦੀ ਕਿ ਕੁਝ ਬੰਦਿਆਂ ਦਾ ਨਾਂ ਲਵੇ, ਜੇ ਨਿਊਜ਼ ਜਾਂ ਕਿਸੇ ਦੀ ਸਪੀਚ ਨੂੰ ਕਲੈਰੀਫਾਈ ਕੀਤਾ ਜਾਵੇ ਅਤੇ ਪਾਰਟੀਕੁਲਰਲੀ ਕਿਸੇ ਨੂੰ ਪੁਆਇੰਟ ਆਊਟ ਕੀਤਾ ਜਾਵੇ that amounts to defamation. ਡੈਫੇਮੇਸ਼ਨ ਇਹ ਵੀ ਹੋ ਸਕਦੀ ਹੈ ਕਿ ਕਿਸੇ ਅਫਸਰ ਦਾ ਨਾਂ ਲਏ ਬਗੈਰ ਵੀ ਕੋਈ ਲਫਜ਼ ਕਹੇ ਜਾ ਸਕਦੇ ਹਨ।

**ਸ੍ਰੀ ਡਿਪਟੀ ਸਪੀਕਰ :** ਤੁਸੀਂ ਰੂਲ 93 ਦੀ ਗੱਲ ਕਰ ਰਹੇ ਹੋ ?

**ਚੌਧਰੀ ਦਰਸ਼ਨ ਸਿੰਘ :** ਆਈ. ਏ. ਐਸ. ਦੀ ਸਰਵਿਸ ਆਲ ਇੰਡੀਆ ਸਰਵਿਸ ਹੈ ਅਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਆਈਨ ਦੇ ਥੱਲੇ ਹੈ, ਪਾਰਲੀਮੈਂਟ ਵੀ ਇਸ ਵਿਚ ਕੁਝ ਨਹੀਂ ਕਰ ਸਕਦੀ। ਆਚਾਰਿਆ ਜੀ ਦਾ ਐਲੀਗੇਸ਼ਨ ਬੜਾ ਸਖ਼ਤ ਸੀ।

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੇਰੇ ਫਾਜ਼ਿਲ ਦੋਸਤ ਚੌਧਰੀ ਦਰਸ਼ਨ ਸਿੰਘ ਜੀ ਨੂੰ ਕੁਝ ਫਰਕ ਲਗ ਗਿਆ ਹੈ। ਆਚਾਰਿਆ ਜੀ ਨੇ ਇਹ ਕਿਹਾ ਕਿ ਆਈ. ਏ. ਐਸ. ਅਤੇ ਆਈ.ਪੀ.ਐਸ. ਜੋ ਸੈਂਟਰ ਤੋਂ ਰਿਕਰੂਟ ਹੋ ਕੇ ਆਉਂਦੇ ਹਨ, ਉਹ 99% ਆਨੈਸਟ ਹੁੰਦੇ ਹਨ, ਅਤੇ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਦੀ ਰਿਕਰੂਟਮੈਂਟ ਅੱਛੀ ਹੁੰਦੀ ਹੈ ਅਤੇ ਜਿਹੜੀ ਸਟੇਟਸ ਵਿਚ, ਪੰਜਾਬ ਵਿਚ ਰਿਕਰੂਟਮੈਂਟ ਹੁੰਦੀ ਹੈ ਪਬਲਿਕ ਸਰਵਿਸ ਕਮਿਸ਼ਨ ਦੇ ਰਾਹੀਂ ਉਹ 50% ਕੁਰੱਪਟ ਹੁੰਦੀ ਹੈ। ਜਿਹੜੀ ਆਚਾਰਿਆ ਜੀ ਨੇ ਦਾਨ ਦਕਸ਼ਿਨਾ ਵਾਲੀ ਗੱਲ ਕੀਤੀ ਹੈ, ਇਹ ਬੜਾ ਸੀਰੀਅਸ ਐਲੀਗੇਸ਼ਨ ਹੈ ਅਤੇ ਜਾਂ ਤਾਂ, ਜਿਸ ਤਰ੍ਹਾਂ ਲੀਡਰ ਆਫ ਦੀ ਹਾਊਸ ਨੇ ਕਿਹਾ ਹੈ, ਆਜ਼ਾਦ ਸਾਹਿਬ ਨੂੰ ਵਾਪਿਸ ਲੈਣਾ ਚਾਹੀਦਾ ਹੈ ਜਾਂ ਸਾਫ ਗੱਲ ਕਰਨ ਕਿ ਕਿਹੜੇ ਲੋਕ ਦਾਨ ਦਕਸ਼ਿਨਾਂ ਨਾਲ ਰਿਕਰੂਟ ਕੀਤੇ ਗਏ ਹਨ। ਇਹ ਆਜ਼ਾਦ ਸਾਹਿਬ ਵਲੋਂ ਬੜਾ ਸੀਰੀਅਸ ਐਲੀਗੇਸ਼ਨ ਹੈ।

**Mr. Deputy Speaker**: It is laid down in rule 93.

'A member while speaking shall not utter treasonable, seditious, defamatory or offensive words.' ਇਹ ਡੈਫੇਮੇਟਰੀ ਵਰਡਜ਼ ਤਾਂ ਹਨ।

**आचार्य पृथ्वी सिंह आज़ाद**: डिप्टी स्पीकर साहिब, अगर आप की रूलिंग यह है कि यह लफ़ज़ डैफ़ेमेटरी हैं तो मैं चीफ मिनिस्टर साहिब को पत्र लिख दूंगा मगर मैं आपका कहना मान लेता हूं और मेरी शिकायत इनके पास जाएगी। आपके कहने पर मैं यह लफज़ वापिस ले लेता हूँ।

**Chaudhri Darshan Singh**: The entire discussion should not form part of the proceedings.

**Mr. Deputy Speaker**: Those words which are defamatory. ਦਾਨ ਦਕਸ਼ਿਨਾਂ ਦੇ ਜਿਹੜੇ ਲਫਜ਼ ਹਨ, ਉਹ ਪਾਰਟ ਵਾਪਸ ਲਿਆ ਗਿਆ ਹੈ।

**आचार्य पृथ्वी सिंह आज़ाद**: मेरे कहने का लहजा जो कुछ था उसको चौधरी साहिब ने हाई लाईट कर दिया है।

**ਮੁੱਖ ਮੰਤਰੀ**: ਮੈਨੂੰ ਤਾਂ ਆਸ ਨਹੀਂ ਸੀ ਕਿ ਇਹ ਆਨਰੇਬਲ ਮੈਂਬਰ ਵਾਪਿਸ ਲੈ ਕੇ ਫਿਰ ਕਹਿ ਦਿੰਦੇ ਕਿ ਹਾਈਲਾਈਟ ਕਰ ਦਿੱਤਾ ਹੈ। ਜੇ ਹਾਈਲਾਈਟ ਹੀ ਕਰ ਦਿੱਤਾ ਹੈ ਤਾਂ ਹਾਈਲਾਈਟ ਹੀ ਰਹਿਣ ਦੇਵੋ। ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਸਾਰੇ ਇਲਜ਼ਾਮ ਇਥੇ ਲਗਾਉਣ ਜਾਂ ਸਾਫ ਤੌਰ ਤੇ ਦਲੇਰੀ ਨਾਲ, ਫਰਾਖਦਿਲੀ ਨਾਲ ਆਪਣੇ ਲਫਜ਼ ਵਾਪਿਸ ਲੈਣ ਅਤੇ ਇਹ ਜਿਹੜੀ ਇਥੇ ਡਿਸਕਸ਼ਨ ਹੋਈ ਹੈ ਇਹ ਪ੍ਰੋਸੀਡਿੰਗਜ਼ ਵਿਚ ਨਹੀਂ ਆਵੇਗੀ। ਜੇ ਉਨ੍ਹਾਂ ਨੂੰ ਪਹਿਲਾਂ ਇਨ੍ਹਾਂ ਗੱਲਾਂ ਦਾ ਪਤਾ ਸੀ ਤਾਂ ਉਨ੍ਹਾਂ ਨੇ ਚੀਫ ਮਨਿਸਟਰ ਨੂੰ ਕਿਉਂ ਨਹੀਂ ਲਿਖਿਆ, ਅੱਜ ਤੋਂ ਸਵਾ, ਡੇਢ ਜਾਂ ਚਾਰ ਸਾਲ ਪਹਿਲਾਂ ਕੀ ਹੁੰਦਾ ਸੀ, ਉਸ ਵੇਲੇ ਕਿਉਂ ਨਹੀਂ ਬੋਲੇ?

**ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ)**: ਡਿਪਟੀ ਸਪੀਕਰ ਸਾਹਿਬ, ਪ੍ਰੋਸੀਡਿੰਗਜ਼ ਕਢਵਾ ਕੇ ਵੇਖ ਲਵੋ। ਜਿਸ ਵੇਲੇ ਚੀਫ ਮਨਿਸਟਰ ਸਾਹਿਬ ਜਾ ਰਹੇ ਸਨ, ਉਸ ਵੇਲੇ ਇਨ੍ਹਾਂ ਆਨਰੇਬਲ ਮੈਂਬਰ ਨੇ ਕਿਹਾ ਸੀ ਕਿ ਮੇਰੀ ਵੀ ਗੱਲ ਸੁਣ ਕੇ ਜਾਣਾ, ਪਰ ਉਨ੍ਹਾਂ ਨੂੰ ਕੰਮ ਸੀ, ਚਲੇ ਗਏ। ਦੂਜੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਚਾਰਿਆ

Original with;
Punjab Vidhan Sabha
Digitized by;
Panjab Digital Library

ਸਾਹਿਬ ਇਥੇ ਹਾਊਸ ਵਿਚ ਸਾਫ਼ ਸਾਫ਼ ਕਿਉਂ ਨਹੀਂ ਕਹਿੰਦੇ, ਇਨ੍ਹਾਂ ਨੂੰ ਆਪਣੇ ਘਰ ਦਾ ਤਜਰਬਾ ਹੈ, ਇਹ ਸਾਫ ਸਾਫ ਹਾਊਸ ਵਿਚ ਕਹਿਣ ।

**ਕਾਮਰੇਡ ਸੱਤ ਪਾਲ ਡਾਂਗ** : ਪਬਲਿਕ ਸਰਵਿਸ ਕਮਿਸ਼ਨ ਬਾਰੇ ਐਲੀਗੇਸ਼ਨ ਬਹੁਤ ਲੋਕੀਂ ਵੀ ਲਗਾਉਂਦੇ ਹਨ । ਆਨਰੇਬਲ ਮੈਂਬਰ ਵੀ ਹਾਊਸ ਦੇ ਇਕ ਜ਼ਿੰਮੇਵਾਰ ਮੈਂਬਰ ਹਨ, ਇਸ ਕਰਕੇ ਬਜਾਏ ਉਨ੍ਹਾਂ ਦੇ ਲਫਜ਼ ਵਾਪਿਸ ਕਰਾਉਣ ਦੇ ਇਸ ਹਾਊਸ ਦੀ ਇਕ ਕਮੇਟੀ ਕਿਉਂ ਨਹੀਂ ਬਣਾ ਦਿੱਤੀ ਜਾਂਦੀ ?

**ਸ੍ਰੀ ਡਿਪਟੀ ਸਪੀਕਰ** : ਡਾਂਗ ਸਾਹਿਬ, ਇਹ ਲਫਜ਼ ਤਾਂ ਉਨ੍ਹਾਂ ਨੇ ਆਲਰੇਡੀ ਵਾਪਿਸ ਲੈ ਲਏ ਹਨ ਅਤੇ ਜੇ ਉਨ੍ਹਾਂ ਦੀ ਕੋਈ ਸ਼ਿਕਾਇਤ ਹੋਵੇਗੀ ਤਾਂ ਉਹ ਲਿਖ ਕੇ ਚੀਫ਼ ਮਨਿਸਟਰ ਸਾਹਿਬ ਨੂੰ ਭੇਜ ਦੇਣਗੇ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਇਥੇ ਵਾਤਾਵਰਨ ਕੁਝ ਇਸ ਤਰ੍ਹਾਂ ਦਾ ਪੈਦਾ ਕੀਤਾ ਗਿਆ ....

**ਸ੍ਰੀ ਪ੍ਰੇਮ ਗੁਪਤਾ** : ਉਸ ਕਾਰਵਾਈ ਦਾ ਕੀ ਬਣੇਗਾ । ਉਹ ਵਿਦਡਰਾ ਕਰ ਲਈ ਹੈ ਜਾਂ ਨਹੀਂ ?

**ਸ੍ਰੀ ਡਿਪਟੀ ਸਪੀਕਰ** : ਉਨ੍ਹਾਂ ਨੇ ਪਬਲਿਕ ਸਰਵਿਸ ਕਮਿਸ਼ਨ ਅਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਬਾਰੇ ਜੋ ਗੱਲ ਕਹੀ ਹੈ ਉਹ ਵਿਦਡਰਾ ਕਰ ਲਈ ਹੈ ।

**ਸਰਦਾਰ ਦਰਬਾਰਾ ਸਿੰਘ** : ਡਿਪਟੀ ਸਪੀਕਰ ਸਾਹਿਬ, ਤੁਹਾਡੇ ਕੋਲ ਪਾਵਰਜ਼ ਹਨ, ਤੁਸੀਂ ਉਨ੍ਹਾਂ ਰਿਮਾਰਕਸ ਨੂੰ ਐਕਸਪੰਜ ਕਰ ਸਕਦੇ ਹੋ ।

**ਸ੍ਰੀ ਡਿਪਟੀ ਸਪੀਕਰ** : ਕੰਡੀਸ਼ਨਲ ਹੈ ਜੀ । ਜੇ ਉਹ ਵਿਦਡਰਾ ਨਹੀਂ ਕਰਨਗੇ ਤਾਂ ਮੈਂ ਐਕਸਪੰਜ ਕਰ ਦੇਵਾਂਗਾ ।

**ਸਰਦਾਰ ਬੇਅੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕੰਡੀਸ਼ਨਲ ਵਿਦਡਰਾ ਕੀਤਾ ਹੈ। ਇਹ ਕਿਹੜਾ ਰੂਲ ਹੈ ਜੀ । ਜੇ ਵਿਦਡਰਾ ਕਰਨਾ ਹੈ ਤਾਂ ਚੰਗੀ ਤਰ੍ਹਾਂ ਕਰਨ। ਕੰਡੀਸ਼ਨਲ ਦਾ ਕੀ ਮਤਲਬ ਹੈ ।

**आचार्य पृथ्वी सिंह आज़ाद** : डिप्टी स्पीकर साहिब, मैंने कहा है कि मैंने जो बात अपनी स्पीच में कही है अगर वह अनुचित हैं तो मैं उसको वापिस लेता हूँ । इसके साथ मैंने यह भी कहा है कि मैं अपनी शिकायत चीफ मिनिस्टर साहिब को लिख कर भेज दूंगा ।

**श्री डिप्टी स्पीकर** : आपने यही कहा है कि आप लिख कर भेज देंगे ।

**ਚੌਧਰੀ ਜਗਤ ਰਾਮ** : ਡਿਪਟੀ ਸਪੀਕਰ ਸਾਹਿਬ, ਥੋੜ੍ਹੇ ਪੁਆਇੰਟ ਆਫ਼ ਆਰਡਰ ਕਰਵਾਓ, ਮੈਂਬਰ ਸਾਹਿਬ ਨੂੰ ਬਲੱਡ ਪਰੈਸ਼ਰ ਵੀ ਜ਼ਿਆਦਾ ਰਹਿੰਦਾ ਹੈ । (ਹਾਸਾ)

Original with;
Punjab Vidhan Sabha
Digitized by;
Panjab Digital Library

**आचार्य पृथ्वी सिंह आजाद :** डिप्टी स्पीकर साहिब, मैं प्रधान मंत्री के 20 सूत्री प्रोग्राम के बारे में अंतिम बात कहना चाहता हूँ। प्रधान मंत्री ने जैसे 20 सूत्री प्रोग्राम बनाया वैसे ही प्रधान मंत्री ने एक 12 सूत्री प्रोग्राम बनाया जो कि prohibition के लिए है। उसके अनुसार हर स्टेट को prohibition के लिए एक planned कदम उठाना चाहिए ! मगर हमारी सरकार ने इस बात के लिये कोई अपने बजट में ऐसा सुझाव नहीं दिया। जिससे यह prohibition की बात लागू की जा सके। अगर इसका 10 साल का प्रोग्राम भी बना लिया जाये और हर साल इसका 10 वां हिस्सा कम कर दिया जाये तो कम से कम 10 साल के अंदर हम prohibition को ला सकेंगे। लेकिन वित्त मंत्री महोदय का ख्याल है कि इससे बजट घाटे में हो जाएगा। लेकिन डिप्टी स्पीकर साहिब, मैं यह कहना चाहता हूँ कि इससे बजट घाटे में नहीं जायेगा। इनको इससे आमदनी कम नहीं होगी अगर टैक्सेशन मिनिस्टर साहिब अपने महकमे की आमदनी पर पूरा पूरा कंट्रोल करें और taxation की evasion को रोकें तथा taxation की वसूली का पूरा प्रबन्ध करें तो मैं समझता हूँ कि दसवां हिस्सा कम करने से और जो इस के लागू करने से कमी होगी वह दूसरी तरफ से दुगनी आमदनी देगी।

इन शब्दों के साथ मैं चीफ मिनिस्टर साहिब से यह आशा करूंगा कि वह prohibition की तरफ पूरा ध्यान देंगे ! जिस तरह इन्होंने 20 point programme लागू करने के लिए ध्यान दिया, उसी तरह इसके लिए भी ध्यान करेंगे। इन शब्दों के साथ मैं आपका धन्यवाद करता हूं तथा उस बात के लिए क्षमा चाहता हूं जिस से इस हाऊस में खिचाव पैदा हुआ है।

**ਸਰਦਾਰ ਗੁਰਮੇਜ ਸਿੰਘ (ਵੇਰਕਾ, ਐਸ.ਸੀ.):** ਮੇਰੇ ਸਤਿਕਾਰ ਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਹੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਬਜਟ ਤੇ ਬਹਿਸ ਕਰਨ ਲਈ ਵਕਤ ਦਿੱਤਾ ਹੈ। ਜੋ ਇਥੇ ਪੰਜਾਬ ਸਰਕਾਰ ਵਲੋਂ ਬਜਟ ਪੇਸ਼ ਹੋਇਆ ਹੈ, ਇਸ ਦੇ ਲਈ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ। ਪਰ ਇਕ ਗਲ ਦੀ ਵਧਾਈ ਮੈਂ ਪੰਜਾਬ ਦੇ ਚੀਫ਼ ਮਨਿਸਟਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਦਿੱਤੇ ਬਗੈਰ ਨਹੀਂ ਰਹਿ ਸਕਦਾ ਕਿ ਉਨ੍ਹਾਂ ਨੇ ਉਸ ਪਛੜੇ ਹੋਏ ਵਰਗ ਨੂੰ ਜਿਸ ਨੂੰ ਪੰਜਾਬ ਵਿਚ ਪਹਿਲੇ ਕੋਈ ਨੁਮਾਇੰਦਗੀ ਨਹੀਂ ਸੀ ਦਿੱਤੀ ਗਈ ਔਰ ਅਜ਼ਾਦੀ ਤੋਂ ਬਾਅਦ ਇਹ ਪੰਜਾਬ ਦੀ ਪਹਿਲੀ ਸਰਕਾਰ ਹੈ ਜਿਸ ਨੇ ਹਰੀਜਨਾਂ ਵਿਚ ਉਸ ਪਛੜੇ ਹੋਏ ਵਰਗ ਵਲ ਧਿਆਨ ਦਿਤਾ ਹੈ ਔਰ ਟੋਟਲ ਰਿਜ਼ਰਵੇਸ਼ਨ ਵਿਚੋਂ ਬਾਲਮੀਕੀ ਤੇ ਮਜ਼ਬੀ ਸਿੱਖਾਂ ਨੂੰ 50 ਫ਼ੀਸਦੀ ਹੱਕ ਦੇਣ ਦਾ ਵਿਚਾਰ ਹੈ। ਮੈਂ ਇਸ ਲਈ ਪੰਜਾਬ ਸਰਕਾਰ ਦਾ ਦਿਲੋਂ ਧੰਨਵਾਦੀ ਹਾਂ ਔਰ ਨਾਲ ਹੀ ਬਾਲਮੀਕੀ ਬਰਾਦਰੀ ਅਤੇ ਮਜ਼ਬੀ ਸਿੱਖਾਂ ਵਲੋਂ ਪੰਜਾਬ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਦਾ ਧੰਨਵਾਦ ਕਰਦਾ ਹਾਂ।

**ਸਰਦਾਰ ਦਰਬਾਰਾ ਸਿੰਘ :** ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਗਲ ਸਰਦਾਰ ਗੁਰਮੇਜ ਸਿੰਘ ਜੀ ਨੇ ਕਹੀ ਹੈ, ਜਿਹੜਾ ਤੌਖ਼ਲਾ ਅਜ਼ਾਦ ਸਾਹਿਬ ਨੇ ਅੱਗੇ ਦਸਿਆ ਹੈ ਉਸ ਨੂੰ ਮੁੱਖ ਰਖਦੇ ਹੋਏ ਮੈਂ ਬੇਨਤੀ ਕਰਦਾ ਹਾਂ ਕਿ ਜਿਸ ਭਾਵ ਨੂੰ ਮੁੱਖ ਰਖਕੇ ਕੁਝ ਅਧਿਕਾਰ ਬਾਲਮੀਕੀਆਂ ਅਤੇ ਮਜ਼ਬੀ ਸਿੱਖਾਂ ਨੂੰ ਵੱਖਰੇ ਦਿੱਤੇ ਹਨ ਉਹਨਾਂ ਤੇ ਸੱਟ ਨਾ ਵਜੇ ਮੈਂ ਇਹ

Original with;
Punjab Vidhan Sabha
Digitized by;
Panjab Digital Library

ਬੇਨਤੀ ਕਰਦਾ ਹਾਂ ਕਿ ਇਹ ਹਿੱਸਾ ਰਿਕਾਰਡ ਤੇ ਨਾ ਲਿਆਂਦਾ ਜਾਵੇ ਤਾਂਕਿ ਕਿਸੇ ਰਿਟ ਵਿਚ ਨਾ ਵਰਤੀ ਜਾਵੇ ।

**ਸ੍ਰੀ ਡਿਪਟੀ ਸਪੀਕਰ**: ਇਹ ਦੁਬਾਰਾ ਕਹਿ ਦਿਓ ।

**ਸਰਦਾਰ ਦਰਬਾਰਾ ਸਿੰਘ** : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਟੋਟਲ ਰਿਜ਼ਰਵੇਸ਼ਨ ਵਿਚ ਜਿਹੜੀ ਬੜੀ ਹਿੰਮਤ ਕਰਕੇ 50 ਫੀਸਦੀ ਹਰੀਜਨ ਬਾਲਮੀਕੀਆਂ ਲਈ ਰਿਜ਼ਰਵੇਸ਼ਨ ਦੇਣ ਦਾ ਯਤਨ ਕੀਤਾ ਹੈ ।

11.58 ਸਵੇਰ

(ਇਸ ਵੇਲੇ ਸ੍ਰੀ ਸਪੀਕਰ ਦੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਉਸ ਵਿਚ ਨਵੀਂ ਗੱਲ ਅੱਜ ਆਜ਼ਾਦ ਸਾਹਿਬ ਨੇ ਲਿਆਂਦੀ ਹੈ ਕਿ ਸ਼ਾਇਦ ਉਸ ਰਿਜ਼ਰਵੇਸ਼ਨ ਵਿਚ ਰਿਜ਼ਰਵੇਸ਼ਨ ਨਹੀਂ ਹੋ ਸਕਦੀ । ਪਿਛੇ ਵੀ ਸਾਡੀ ਹਾਊਸ ਦੀਆਂ ਕਾਰਵਾਈਆਂ ਹਾਈ ਕੋਰਟ ਵਿਚ ਪੇਸ਼ ਹੋਈਆਂ ਸਨ । ਪਿਛੇ ਜਿਹੜਾ ਹੁਕਮ ਹੋਇਆ ਸੀ ਉਸ ਵਿਚ ਇਹ ਪਰੋਸੀਡਿੰਗਜ਼ ਰੋੜਾ ਨਾ ਬਣਨ, ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹੋ ਜਿਹੀਆਂ ਗੱਲਾਂ ਹਾਊਸ ਦੇ ਰਿਕਾਰਡ ਤੇ ਨਾ ਆਉਣ ।

**Mr. Speaker**: It is a suggestion.

**ਸਰਦਾਰ ਗੁਰਮੇਜ਼ ਸਿੰਘ**: ਸਪੀਕਰ ਸਾਹਿਬ, ਜਦੋਂ ਪੰਜਾਬ ਦੇ ਵਿਚ ਪਛੜੇ ਹੋਏ ਵਰਗ ਲਈ ਬਹੁਤ ਸਾਧਨ ਪੈਦਾ ਹੋਏ ਸਨ ਔਰ ਉਨ੍ਹਾਂ ਸਾਧਨਾਂ ਦੇ ਕਾਰਨ ਬਹੁਤ ਤਰੱਕੀ ਹੋਈ ਪਰ ਉਸ ਵੇਲੇ ਵੀ ਹਰੀਜਨਾਂ ਨੂੰ ਕੋਈ ਬਹੁਤੀ ਸ਼ਕਤੀ ਨਹੀਂ ਸੀ ਮਿਲੀ ਲੇਕਨ ਹੁਣ ਮੈਂ ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਸੰਨ 1971-72 ਵਿਚ ਹਰੀਜਨਾਂ ਲਈ ਇਕ ਕਰੋੜ ਉਨ੍ਹਾਂ ਦੀ ਭਲਾਈ ਲਈ ਬੱਜਟ ਸੀ ਲੇਕਿਨ ਅੱਜ ਸੰਨ 1975-76 ਦੇ ਬੱਜਟ ਵਿਚ ਪੰਜਾਬ ਦੀ ਸਰਕਾਰ ਨੇ ਅਪਣੇ ਉਦਮ ਨਾਲ ਚਾਰ ਕਰੋੜ 55 ਲੱਖ ਰੁਪਏ ਰਖੇ ਹਨ । ਇਸ ਕਰਕੇ ਮੈਂ ਅੱਜ ਦੀ ਸਰਕਾਰ ਨੂੰ ਵਧਾਈ ਪੇਸ਼ ਕਰਦਾ ਹਾਂ । ਇਥੇ ਹੀ ਬੱਸ ਨਹੀਂ ਹੈ, ਜਿਥੇ ਹਰੀਜਨਾਂ ਨੂੰ ਬਹੁਤੀਆਂ ਔਕੜਾਂ ਸਨ, ਉਨ੍ਹਾਂ ਦੀ ਰਿਕਰੂਟਮੈਂਟ ਵਿਚ, ਉਨ੍ਹਾਂ ਦੀ ਪ੍ਰੋਮੋਸ਼ਨ ਵਿਚ ਉਥੇ ਪੰਜਾਬ ਦੀ ਸਰਕਾਰ ਨੇ ਕਲਾਸ ਵੰਨ ਔਰ ਕਲਾਸ ਟੂ ਵਿਚ 14% ਰਿਜ਼ਰਵੇਸ਼ਨ ਕਰ ਦਿਤੀ ਹੈ ਔਰ ਇਸ ਤੋਂ ਇਲਾਵਾ ਪੁਲਿਸ ਦੀ ਭਰਤੀ ਵਿਚ ਉਤਨੇ ਚਿਰ ਵਾਸਤੇ ਜਦ ਤਕ ਤਾਦਾਦ ਦੀ ਭਰਤੀ ਪੂਰੀ ਨਹੀਂ ਹੋ ਜਾਂਦੀ 50% ਭਰਤੀ ਹਰੀਜਨਾਂ ਦੀ ਜਾਰੀ ਰਖੀ ਜਾਵੇਗੀ । ਇਥੇ ਹੀ ਬੱਸ ਨਹੀਂ, ਪੰਜਾਬ ਦੇ ਵਿਚ ਜਿਹੜੇ ਪਸਮਾਂਦਾ ਸ਼ਰੇਣੀਆਂ ਦੇ ਬੱਚੇ ਹਨ, ਜੋ ਪੜ੍ਹਦੇ ਹਨ ਉਨ੍ਹਾਂ ਨੂੰ ਛੇ ਰੁਪਏ ਮਹੀਨਾ ਵਜ਼ੀਫਾ ਮਿਲਦਾ ਸੀ ਔਰ ਉਹ ਵਜ਼ੀਫਾ ਵੀ ਨੌਵੀਂ ਕਲਾਸ ਤੋਂ ਸ਼ੁਰੂ ਹੁੰਦਾ ਸੀ ਪਰ ਅੱਜ ਪੰਜਾਬ ਦੀ ਸਰਕਾਰ ਨੇ ਉਸ ਵਜ਼ੀਫੇ ਦੀ ਰਕਮ ਵੱਧਾ ਕੇ 25 ਰੁਪਏ ਮਹੀਨਾ ਕਰ ਦਿਤੀ ਹੈ ਔਰ ਉਹ ਵਜ਼ੀਫਾ ਛੇਵੀਂ, ਸੱਤਵੀਂ ਔਰ ਅੱਠਵੀਂ ਕਲਾਸਾਂ ਤਕ ਵੀ ਲਾਗੂ ਕਰ ਦਿਤਾ ਹੈ । ਮੈਂ, ਸਪੀਕਰ ਸਾਹਿਬ, ਤੁਹਾਡੀ ਸੇਵਾ ਵਿਚ ਇਹ ਅਰਜ਼ ਕਰਦਾ ਹਾਂ ਕਿ ਇਹ ਰੁਪਿਆ ਤਕਰੀਬਨ 4 ਕਰੋੜ ਬਣਦਾ ਹੈ ਜਿਹੜਾ ਹਰੀਜਨਾਂ ਦੀ ਭਲਾਈ ਲਈ ਹੈ ਔਰ ਬਾਕੀ ਬਚਿਆਂ ਲਈ ਵੱਖਰਾ ਹੈ । ਇਸ ਗੱਲ ਦਾ ਵੀ ਮੈਂ ਪੰਜਾਬ ਦੀ ਸਰਕਾਰ ਔਰ ਉਸ ਦੇ ਬਾਨੀ ਗਿਆਨੀ ਜ਼ੈਲ ਸਿੰਘ ਜੀ ਨੂੰ ਮੁਬਾਰਿਕਬਾਦ ਦਿੰਦਾ

Original with
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੇਜ ਸਿੰਘ]

ਹਾਂ ਜਿਹੜੇ ਕਿ ਮੁਬਾਰਿਕਬਾਦ ਦੇ ਮੁਸਤਹਿਕ ਹਨ ਪਰ ਮੈਂ ਇਕ ਚੀਜ਼ ਦਸੇ ਬਗੈਰ ਨਹੀਂ ਰਹਿ ਸਕਦਾ ਕਿ ਅੱਜ ਤੋਂ ਬਹੁਤ ਚਿਰ ਪਹਿਲੋਂ ਹਰੀਜਨਾਂ ਦੀ ਕੀ ਦਸ਼ਾ ਸੀ ਔਰ ਉਸ ਦਸ਼ਾ ਵਲ ਵੇਖਕੇ ਅੱਜ ਦੀ ਹਾਲਤ ਵਲ ਵੇਖਿਆ ਜਾਵੇ ਤਾਂ ਜ਼ਮੀਨ ਆਸਮਾਨ ਦਾ ਫਰਕ ਨਿਕਲਦਾ ਹੈ । ਆਰੀਆ ਤੋਂ ਬਾਅਦ ਮਨੂੰ ਜੀ ਦਾ ਕਾਨੂੰਨ ਬਣਾਉਣਾ, 'ਮਨੂੰ ਸਿਮਰਤੀ', ਉਸ ਵਿਚ ਬਰਾਹਮਣ, ਖੱਤਰੀ ਵੈਸ਼ ਅਤੇ ਸ਼ੂਦਰ ਜੋ ਵਰਣ ਹਨ, ਆਹਿਸਤਾ ਅਹਿਸਤਾ ਇਨ੍ਹਾਂ ਵਿਚ ਫਰਕ ਪੈਂਦਾ ਗਿਆ ਔਰ ਉਸ ਫਰਕ ਨੇ ਇਥੇ ਲੈ ਆਂਦਾ ਕਿ ਜੋ ਪਸਮਾਂਦਾ ਲੋਕ ਸਨ, ਜਿਨ੍ਹਾਂ ਨੂੰ ਸ਼ੂਦਰ ਕਰਾਰ ਦਿੱਤਾ ਗਿਆ ਸੀ, ਉਹ ਬਹੁਤੇ ਗਰੀਬ ਹੁੰਦੇ ਗਏ ਔਰ ਗਰੀਬ ਹੋਣ ਤੋਂ ਇਲਾਵਾ ਇਥੋਂ ਤਕ ਵੀ ਹੋ ਗਿਆ ਕਿ ਉਨ੍ਹਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿਤਾ ਜਾਣ ਲਗਾ ਤਾਂਕਿ ਇਹ ਨਾ ਵੇਦ ਸੁਣ ਸਕਣ ਅਤੇ ਨਾ ਇਹ ਪੂਜਾ ਪਾਠ ਕਰ ਸਕਣ । ਇਹ ਉਸ ਵੇਲੇ ਦਸ਼ਾ ਸੀ ਪਰ ਭਗਵਾਨ ਰਾਮ ਨੇ ਆਪਣੇ ਜ਼ਮਾਨੇ ਵਿਚ ਭੀਲਣੀ ਦੇ ਬੇਰ ਪੰਚਵਟੀ ਵਿਚ ਖਾਕੇ ਇਹ ਗੱਲ ਸਿੱਧ ਕਰ ਦਿਤੀ ਕਿ ਸਮਾਜ ਦੇ ਲੋਕਾਂ ਵਿਚ ਜੋ ਆਪਣੇ ਆਪ ਨੂੰ ਉਚਾ ਸਮਝਦੇ ਹਨ ਉਨ੍ਹਾਂ ਵਿਚ ਹੀ ਪਰਮਾਤਮਾਂ ਨਹੀਂ ਹੈ ਬਾਕੀ ਲੋਕਾਂ ਵਿਚ ਵੀ ਪਰਮਾਤਮਾਂ ਵਸਦਾ ਹੈ । ਉਨ੍ਹਾਂ ਸ਼ੂਦਰਾਂ ਵਿਚ ਵੀ ਪਰਮਾਤਮਾ ਵਸਦਾ ਹੈ ਔਰ ਉਨ੍ਹਾਂ ਦੀ ਵੀ ਉਤਨੀ ਸ਼ਕਤੀ ਹੈ ਜਿਤਨੀ ਕਿ ਦੂਸਰੇ ਲੋਕਾਂ ਦੀ ਹੈ ਪਰ ਕੋਈ ਇਸ ਗਲ ਦਾ ਬਹੁਤਾ ਅਸਰ ਨਾ ਹੋਇਆ । ਉਸ ਤੋਂ ਬਾਅਦ ਸਮਾਂ ਚਲਦਾ ਗਿਆ । ਫਿਰ ਅੰਗਰੇਜ਼ਾਂ ਦਾ ਰਾਜ ਆਇਆ । ਅੰਗਰੇਜ਼ਾਂ ਦੇ ਰਾਜ ਦੇ ਬਾਅਦ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਨਾਹਰਾ ਲਗਿਆ ਔਰ ਉਸ ਨਾਹਰੇ ਦੇ ਵਿਚ ਹੀ ਸਾਈਮਨ ਕਮਿਸ਼ਨ ਹਿੰਦੁਸਤਾਨ ਦੇ ਵਿਚ ਆਇਆ । ਉਸ ਨੇ ਆਪਣਾ ਫੈਸਲਾ ਦਿਤਾ ਕਿ ਸਿੱਖ ਸਿੱਖ ਨੂੰ ਵੋਟ ਦੇਵੇ, ਹਿੰਦੂ ਹਿੰਦੂ ਨੂੰ ਵੋਟ ਪਾਵੇ ਅਤੇ ਮੁਸਲਮਾਨ ਮੁਸਲਮਾਨ ਨੂੰ ਵੋਟ ਪਾਵੇ ਅਤੇ ਸ਼ੂਦਰ ਜਿਸ ਨਾਲ ਚਾਹੁੰਣ ਉਹ ਆਪਣੀ ਸਾਂਝੀ ਇਲੈਕਸ਼ਨ ਕਰ ਸਕਦੇ ਹਨ । ਉਸ ਦਾ ਮੰਤਵ ਸੀ ਕਿ ਸ਼ੂਦਰ ਜੋ ਹਿੰਦੁਸਤਾਨ ਵਿਚ ਨੌਂ ਕਰੋੜ ਦੀ ਤਾਦਾਦ ਵਿਚ ਵਸਦੇ ਹਨ ਉਹ ਮੁਸਲਮਾਨਾਂ ਨਾਲ ਰਲ ਜਾਣ ਔਰ ਦਿੱਲੀ ਦੀਆਂ ਕੰਧਾਂ ਤਕ ਪਾਕਿਸਤਾਨ ਦੀ ਤਾਮੀਰ ਕੀਤੀ ਜਾਵੇ ਪਰ ਉਸ ਵੇਲੇ ਹਰੀਜਨ ਨੇਤਾਵਾਂ ਨੇ ਔਰ ਮਹਾਤਮਾਂ ਗਾਂਧੀ ਜੀ ਨੇ ਪੂਨੇ ਵਿਚ ਭੁੱਖ ਹੜਤਾਲ ਰਖ ਕੇ ਇਹ ਫੈਸਲਾ ਕੀਤਾ ਕਿ ਜਦੋਂ ਵੀ ਹਿੰਦੁਸਤਾਨ ਆਜ਼ਾਦ ਹੋਵੇਗਾ ਉਸ ਵੇਲੇ ਹਰੀਜਨਾਂ ਨੂੰ ਪੂਰੇ ਹਕੂਕ ਦਿਤੇ ਜਾਣਗੇ । ਪਰ ਮੈਂ ਸਪੀਕਰ ਸਾਹਿਬ, ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਜਿਸ ਵੇਲੇ ਆਜ਼ਾਦੀ ਆਈ ਔਰ ਆਜ਼ਾਦੀ ਤੋਂ ਬਾਅਦ ਕੁਝ ਐਸੇ ਲੋਕ ਜੋ ਪਸਮਾਂਦਾ ਸ਼ਰੇਣੀਆਂ ਵਿਚੋਂ ਸਨ, ਮਜ਼ਬੀ ਸਿੱਖ, ਰਾਮਦਾਸੀਏ ਵਗੈਰਾ ਉਨ੍ਹਾਂ ਨੂੰ ਹਕੂਕ ਨਹੀਂ ਮਿਲੇ । ਉਸ ਵੇਲੇ ਵੀ ਹੋਰ ਸਾਰੇ ਲੋਕਾਂ ਨੇ ਜਾ ਕੇ ਸਰਦਾਰ ਪਟੇਲ ਜੀ ਕੋਲ ਸਾਰੀ ਗੱਲ ਰੱਖੀ ਔਰ ਉਸ ਤੋਂ ਬਾਅਦ ਸਰਦਾਰ ਪਟੇਲ ਨੇ ਗਿਆਨੀ ਕਰਤਾਰ ਸਿੰਘ ਨੂੰ ਸਦਿਆ ਅਤੇ ਕਿਹਾ ਕਿ ਜਦੋਂ ਸਿੱਖਾਂ ਵਿਚ ਕੋਈ ਭਿੰਨ ਭੇਦ ਨਹੀਂ ਹੈ ਤਾਂ ਇਹ ਬਰਾਦਰੀਆਂ ਵੀ ਸਿੱਖਾਂ ਵਿਚੋਂ ਹਨ, ਉਨ੍ਹਾਂ ਵਿਚ ਸ਼ਾਮਲ ਕਰੋ ਤਾਂ ਗਿਆਨੀ ਕਰਤਾਰ ਸਿੰਘ ਜੀ ਸਾਨੂੰ ਸਾਹਮਣੇ ਬੈਠਿਆਂ ਨੂੰ ਵੇਖਕੇ ਇਹ ਗਲ ਮੰਨ ਗਏ ਤਾਂ ਇਹ ਸਾਨੂੰ ਰਿਜ਼ਰਵੇਸ਼ਨ ਮਿਲੀ । ਸੰਨ 1950—52 ਦੀਆਂ ਇਲੈਕਸ਼ਨਾਂ ਵਿਚ ਇਹ ਹਕੂਕ ਮਿਲੇ ਪਰ ਮੈਂ ਸਪੀਕਰ ਸਾਹਿਬ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਪੰਜਾਬ ਪਹਿਲਾ ਸੂਬਾ ਹੈ ਸਾਰੇ ਹਿੰਦੁਸਤਾਨ ਵਿਚੋਂ ਜਿਸ ਸੂਬੇ ਦੇ ਵਿਚ ਤਮਾਮ ਹਰੀਜਨ ਬਚਿਆਂ ਨੂੰ ਵਜ਼ੀਫੇ ਦਿਤੇ ਜਾਂਦੇ ਹਨ ਔਰ ਮੈਂ ਇਸ ਗੱਲ ਦੀ ਪੰਜਾਬ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਔਰ ਮੈਂ

Original with;
Punjab Vidhan Sabha
Digitized by;
Panjab Digital Library

ਇਸ ਗਲ ਦੀ ਵੀ ਵਧਾਈ ਦਿੰਦਾ ਹਾਂ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਜੋ ਪਛੜੇ ਹੋਏ ਵਰਗ ਹਨ ਹਰੀਜਨਾਂ ਵਿਚੋਂ ਉਸ ਵਲ ਧਿਆਨ ਕੀਤਾ ਹੈ । ਇਹ ਧਿਆਨ ਇਸ ਗਲ ਵਲ ਕਿਸੇ ਸਰਕਾਰ ਨੇ ਨਹੀਂ ਸੀ ਕੀਤਾ ਔਰ ਮੈਂ ਇਹ ਗਲ ਦਾਅਵੇ ਨਾਲ ਕਹਿਣ ਲਈ ਤਿਆਰ ਹਾਂ ਕਿ ਪੰਜਾਬ ਦੇ ਵਿਚ ਜਦੋਂ ਵੀ ਕਾਂਗਰਸ ਦੀ ਸਰਕਾਰ ਬਣੀ ਉਸ ਨੇ ਇਨ੍ਹਾਂ ਸ਼ਰੇਣੀਆਂ ਵਲ ਜ਼ਿਆਦਾ ਧਿਆਨ ਦਿਤਾ ਹੈ। ਮੈਂ, ਸਪੀਕਰ ਸਾਹਿਬ, ਬਠਿੰਡੇ, ਫਰੀਦਕੋਟ, ਫਿਰੋਜ਼ਪੁਰ, ਪਟਿਆਲੇ ਕਪੂਰਥਲੇ ਅਤੇ ਅੰਮ੍ਰਿਤਸਰ ਦੇ ਮਜ਼ਬੀ ਸਿੱਖਾਂ ਔਰ ਬਾਲਮੀਕੀਆਂ ਨੂੰ ਬਹੁਤ ਸਾਰੀਆਂ ਗਲਾਂ ਪੁਛਦਾ ਰਿਹਾ ਹਾਂ ਪਰ ਉਨ੍ਹਾਂ ਨੂੰ ਇਹ ਤੌਖਲਾ ਰਿਹਾ ਹੈ ਕਿ ਪੰਜਾਬ ਦੀ ਪਿਛਲੀਆਂ ਸਰਕਾਰਾਂ ਨੇ ਇਨ੍ਹਾਂ ਬਰਾਦਰੀਆਂ ਵਲ ਉਤਨਾ ਧਿਆਨ ਨਹੀਂ ਕੀਤਾ ਔਰ ਇਹ ਪੰਜਾਬ ਦੀ ਪਹਿਲੀ ਸਰਕਾਰ ਹੈ ਕਿ ਜਿਸ ਨੇ ਮਜ਼ਬੀ ਸਿੱਖਾਂ ਅਤੇ ਬਾਲਮੀਕੀਆਂ ਦੀ ਪੁਛ ਕੀਤੀ ਹੈ। ਇਹ ਗਲ ਹੁਣ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ ਉਨ੍ਹਾਂ ਨੂੰ ਹੁਣ ਕਿਸੇ ਕਿਸਮ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਔਰ ਵੱਧ ਤੋਂ ਵੱਧ ਕਾਂਗਰਸ ਦਾ ਸਾਥ ਦੇਣਾ ਚਾਹੀਦਾ ਹੈ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਮੁੱਖ ਮੰਤਰੀ ਜੀ ਦੇ ਉਦਮ ਨਾਲ ਸ਼ਹੀਦ ਬਾਬਾ ਜੀਵਨ ਸਿੰਘ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ, ਜਿਸ ਦੇ ਉਹ ਸਰਪ੍ਰਸਤ ਹਨ । ਇਸ ਦੇ ਲਈ ਡੇਢ ਲੱਖ ਰੁਪਿਆ ਇਕੱਠਾ ਹੋ ਚੁਕਾ ਹੈ (ਥੰਪਿੰਗ) ਉਹ ਸ਼ਹੀਦ ਬਾਬਾ ਜੀਵਨ ਸਿੰਘ ਜਿਸ ਨੇ ਨੌਵੀਂ ਪਾਤਸ਼ਾਹੀ ਦਾ ਸੀਸ ਲਿਆਂਦਾ ਔਰ ਉਨ੍ਹਾਂ ਦਾ ਸੀਸ ਲਿਆਂਦਾ ਜਿਨ੍ਹਾਂ ਨੇ ਹਿੰਦੁਸਤਾਨ ਦੀ ਰਾਖੀ ਕਰਦਿਆਂ, ਹਿੰਦੁਸਤਾਨ ਦੀ ਚਾਦਰ, ਹਿੰਦੁਸਤਾਨ ਦੇ ਮਜ਼੍ਹਬ ਦੀ ਰਾਖੀ ਕਰਦਿਆਂ ਹੋਇਆਂ ਉਨ੍ਹਾਂ ਨੇ ਆਪਣਾ ਬਲੀਦਾਨ ਦਿਤਾ । ਉਸ ਵੇਲੇ ਦੀ ਹਕੂਮਤ ਨੇ ਕਿਹਾ ਕਿ ਤੁਸੀਂ ਆਪਣਾ ਮਜ਼ਬ ਛੱਡ ਕੇ ਮੁਸਲਮਾਨ ਬਣ ਜਾਓ ਪਰ ਉਨ੍ਹਾਂ ਨੇ ਕਿਹਾ ਕਿ ਈਮਾਨ ਹਮੇਸ਼ਾਂ ਸਾਥ ਜਾਂਦਾ ਹੈ, ਇਸ ਨੇ ਹਮੇਸ਼ਾਂ ਰਹਿਣਾ ਹੈ ਪਰ ਸਰੀਰ ਨੇ ਹਮੇਸ਼ਾਂ ਨਹੀਂ ਰਹਿਣਾ । ਉਨ੍ਹਾਂ ਨੇ ਆਪਣਾ ਸੀਸ ਪੇਸ਼ ਕੀਤਾ ਤਾਂਕਿ ਈਮਾਨ ਨਾ ਜਾਵੇ ।

**ਇਕ ਆਵਾਜ਼ :** ਇਹ ਕਹੋ, ਸਿਰ ਜਾਇ ਤਾਂ ਜਾਇ ਮੇਰਾ ਸਿੱਖੀ ਸਿਦਕ ਨਾ ਜਾਇ ।

**ਸਰਦਾਰ ਗੁਰਮੇਜ ਸਿੰਘ :** ਉਨ੍ਹਾਂ ਨੇ ਆਪਣੀ ਜ਼ਿੰਦਗੀ ਇਸ ਪਾਸੇ ਦਿੱਤੀ । ਉਹ ਹਿੰਦੁਸਤਾਨ ਔਰ ਇਨਸਾਨੀਅਤ ਦੇ ਪੁਜਾਰੀ ਸਨ ਔਰ ਇਸ ਨੂੰ ਬਚਾਉਣ ਲਈ ਆਪਣਾ ਬਲੀਦਾਨ ਦਿੱਤਾ ਔਰ ਬਲੀਦਾਨ ਦੇਣ ਵੇਲੇ ਭਾਈ ਜੈਤਾ ਜੀ ਜਿਹੜੇ ਕਿ ਬਾਬਾ ਜੀਵਨ ਸਿੰਘ ਜੀ ਅੰਮ੍ਰਿਤ ਛੱਕ ਕੇ ਬਣੇ ਔਰ ਇਥੇ ਹੀ ਬੱਸ ਨਹੀਂ, ਭਾਈ ਜੈਤਾ ਜੀ ਨੇ ਨੌਵੇਂ ਪਾਤਸ਼ਾਹ ਦਾ ਸੀਸ ਅਨੰਦਪੁਰ ਸਾਹਿਬ ਲਿਆਂਦਾ ਔਰ ਜਦੋਂ ਉਹ ਲੈ ਕੇ ਆਏ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਮਣੇ ਖੜ੍ਹੇ ਭਾਈ ਜੈਤਾ ਜੀ ਨੂੰ ਕਿਹਾ ਕਿ ਭਾਈ ਜੈਤਾ ਜਿਸ ਵੇਲੇ ਇਹ ਜ਼ੁਲਮ ਹੋਇਆ ਕੀ ਉਸ ਵੇਲੇ ਉਥੇ ਕੋਈ ਹਿੰਦੂ ਸੀ ? ਉਸ ਨੇ ਕਿਹਾ, ਹਾਂ ਜੀ । ਗੁਰੂ ਜੀ ਨੇ ਕਿਹਾ, ਕੀ ਕੋਈ ਉਥੇ ਕੋਈ ਸਿੱਖ ਵੀ ਸੀ ? ਉਸ ਨੇ ਕਿਹਾ, ਹਾਂ ਜੀ। ਗੁਰੂ ਜੀ ਕਹਿਣ ਲਗੇ ਤਾਂ ਫਿਰ ਇਸ ਜ਼ੁਲਮ ਦੇ ਖਿਲਾਫ ਕਿਸੇ ਨੇ ਆਵਾਜ਼ ਨਹੀਂ ਚੁੱਕੀ ? ਭਾਈ ਜੈਤੇ ਨੇ ਕਿਹਾ, ਨਹੀਂ । ਤਾਂ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤੇ ਨੂੰ ਛਾਤੀ ਨਾਲ ਲਗਾ ਕੇ ਇਹ ਬਚਨ ਕੀਤੇ, 'ਰੰਗਰੇਟਾ ਗੁਰੂ ਕਾ ਬੇਟਾ' । ਉਨ੍ਹਾਂ ਸ਼ਪਤ ਲਈ ਕਿ ਅੱਜ ਤੋਂ ਬਾਅਦ ਮੈਂ ਦੁਨੀਆਂ ਦੇ ਖਿਆਲ ਅਤੇ ਜਜ਼ਬਾਤ ਬਦਲ ਦਿਆਂਗਾ । ਮੇਰਾ ਇਕ ਸਿੱਖ ਜਿਹੜਾ ਹੈ ਉਹ ਸਵਾ ਲੱਖ ਨਾਲ ਲੜੇਗਾ, ਮਜ਼ਲੂਮ ਦੀ ਰਾਖੀ ਕਰੇਗਾ । ਫਿਰ ਬਾਬਾ ਜੀਵਨ ਸਿੰਘ ਜੀ ਦੇ ਰੂਪ ਵਿਚ ਭਾਈ ਜੈਤਾ ਜੀ ਚਮਕੌਰ ਦੀ ਗੜ੍ਹੀ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੇਜ ਸਿੰਘ]

ਸ਼ਹੀਦ ਹੋਏ । ਉਨ੍ਹਾਂ ਦੀ ਸ਼ਹੀਦੀ ਇਸ ਤਰ੍ਹਾਂ ਹੁੰਦੀ ਹੈ ਕਿ ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਜੰਗ ਵਿਚ ਜਾਣ ਲਈ ਗੁਰੂ ਜੀ ਤੋਂ ਇਜਾਜ਼ਤ ਮੰਗੀ ਤਾਂ ਬਾਬਾ ਜੀਵਨ ਸਿੰਘ ਜੀ ਨੇ ਕਿਹਾ ਕਿ ਮੈਂ ਗੁਰੂ ਕਾ ਬੇਟਾ ਹਾਂ ਤਾਂ ਵੱਡਾ ਫਿਰ ਮੈਂ ਹਾਂ । ਇਸ ਲਈ ਪਹਿਲਾਂ ਮੈਂ ਸ਼ਹੀਦੀ ਪ੍ਰਾਪਤ ਕਰਾਂਗਾ । ਫਿਰ ਸਾਹਿਬਜ਼ਾਦਾ ਅਜੀਤ ਸਿੰਘ ਜੀ ਜਾਣਗੇ । ਸੋ ਇੰਨੇ ਵੱਡੇ ਤੇ ਮਹਾਨ ਸ਼ਹੀਦ ਦੀ ਯਾਦਗਾਰ ਬਣਾਉਣ ਵਾਸਤੇ ਜੋ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਜੀ ਨੇ 'ਭਾਈ ਜੀਵਨ ਸਿੰਘ ਮੈਮੋਰੀਅਲ ਟਰੱਸਟ' ਬਣਵਾਇਆ ਹੈ, ਮੈਂ ਇਸ ਕਰਕੇ ਪੰਜਾਬ ਦੇ ਮਜ਼੍ਹਬੀ ਸਿੱਖਾਂ ਵਲੋਂ, ਪੰਜਾਬ ਦੇ ਬਾਲਮੀਕੀਆਂ ਵਲੋਂ, ਔਰ ਪੰਜਾਬ ਦੇ ਉਨ੍ਹਾਂ ਲੋਕਾਂ ਵਲੋਂ ਜੋ ਭਾਈ ਜੀਵਨ ਸਿੰਘ ਜੀ ਨੂੰ ਮੰਨਦੇ ਹਨ ਪੰਜਾਬ ਦੀ ਸਰਕਾਰ ਅਤੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੂੰ ਵਧਾਈ ਪੇਸ਼ ਕਰਦਾ ਹਾਂ ।

ਬਾਕੀ ਆਜ਼ਾਦ ਜੀ ਨੇ ਕਿਹਾ ਸੀ, ਮੈਂ ਖੈਰ ਕੰਟਰੋਵਰਸੀ ਵਿਚ ਨਹੀਂ ਪੈਣਾ ਚਾਹੁੰਦਾ ।

**ਸ੍ਰੀ ਸਪੀਕਰ** : ਤੁਸੀਂ ਆਪਣੀ ਸਪੀਚ ਕੰਟੀਨਿਊ ਕਰੋ, ਐਫ. ਐਮ. ਸਾਹਿਬ ਆਪੇ ਹੀ ਜਵਾਬ ਦੇ ਲੈਣਗੇ ।

**ਸਰਦਾਰ ਗੁਰਮੇਜ ਸਿੰਘ** : ਚਲੋ ਜੀ, ਉਨ੍ਹਾਂ ਉਤੇ ਹੀ ਛੱਡ ਦਿੰਦਾ ਹਾਂ । ਮੈਂ ਇਕ ਗੱਲ ਤੁਹਾਡੀ ਸੇਵਾ ਵਿਚ ਕਹਾਂਗਾ ਕਿ ਪੰਜਾਬ ਦੇ ਵਿਚ ਕੁਝ ਐਸੇ ਵਕਤ ਵੀ ਆਏ ਜਿਨ੍ਹਾਂ ਵਕਤਾਂ ਵਿਚ ਪੰਜਾਬ ਦੇ ਕੁਝ ਲੋਕਾਂ ਨੇ ਜੋ ਉੱਚ ਸ਼੍ਰੇਣੀਆਂ ਨਾਲ ਸਬੰਧ ਰਖਦੇ ਸੀ ਔਰ ਉਨ੍ਹਾਂ ਨੇ ਜਾਅਲੀ ਸ਼ਡਿਊਲਡ ਕਾਸਟਸ ਸਰਟੀਫੀਕੇਟ ਬਣਾ ਕੇ ਮੈਡੀਕਲ ਕਾਲਿਜਾਂ ਵਿਚ ਦਾਖਲੇ ਲੈ ਲਏ ਅਤੇ ਆਪਣੀ ਤਾਲੀਮ ਹਾਸਲ ਕਰ ਲਈ । ਉਹ ਲੋਕ ਹਰੀਜਨਾਂ ਦੀਆਂ ਨੌਕਰੀਆਂ ਲੈਣਾ ਚਾਹੁੰਦੇ ਸਨ ਪਰ ਪੰਜਾਬ ਦੀ ਸਰਕਾਰ ਨੇ ਇਹ ਪੜਤਾਲ ਪੂਰੀ ਕਰਕੇ ਉਨ੍ਹਾਂ ਲੋਕਾਂ ਨੂੰ ਪ੍ਰਾਪਰ ਸਜ਼ਾ ਦੇ ਕੇ ਇਹ ਫੈਸਲਾ ਕੀਤਾ ਹੈ ਕਿ ਅਸਲ ਜੋ ਹੱਕਦਾਰ ਹਨ ਉਨ੍ਹਾਂ ਨੂੰ ਹੀ ਹੱਕ ਦਿੱਤਾ ਜਾਣਾ ਹੈ ਹੋਰ ਕੋਈ ਧੋਖੇ ਨਾਲ ਹਰੀਜਨਾਂ ਦਾ ਹੱਕ ਨਹੀਂ ਲੈ ਸਕੇਗਾ । ਇਹੋ ਅਰਜ਼ ਕਰਦਾ ਹੋਇਆ ਮੈਂ ਪੰਜਾਬ ਸਰਕਾਰ ਨੂੰ ਨਵੇਂ ਬੱਜਟ ਤੇ ਵਧਾਈ ਦਿੰਦਾ ਹਾਂ । ਜੈ ਹਿੰਦ ।

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** (ਜਲਾਲਾਬਾਦ) : ਮਾਨਯੋਗ ਸਪੀਕਰ ਸਾਹਿਬ......

**ਸ੍ਰੀ ਸਪੀਕਰ** : ਅੱਜ ਫਾਈਨਾਂਸ ਮਨਿਸਟਰ ਸਾਹਿਬ ਨੇ ਰਿਪਲਾਈ ਦੇਣਾ ਹੈ ਇਸ ਕਰਕੇ ਤੁਸੀਂ 5 ਮਿੰਟਾਂ ਵਿਚ ਆਪਣੀ ਸਪੀਚ ਖ਼ਤਮ ਕਰਨਾ ।

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** : ਜੇ 5 ਮਿੰਟ ਹੀ ਮਿਲਣੇ ਹਨ ਤਾਂ ਫਿਰ ਤਾਂ ਕੋਈ ਬੋਲਣ ਵਾਲੀ ਗੱਲ ਹੀ ਨਹੀਂ ।

**ਸ੍ਰੀ ਸਪੀਕਰ** : ਚਲੋ ਤੁਸੀਂ 10 ਮਿੰਟਾਂ ਵਿਚ ਖ਼ਤਮ ਕਰ ਦੇਣਾ ।

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** : ਸਪੀਕਰ ਸਾਹਿਬ, ਜਿਸ ਹਾਲਤ ਵਿਚੋਂ ਦੇਸ਼ ਗੁਜ਼ਰਿਆ ਹੈ ਔਰ ਸਾਡਾ ਬੱਜਟ ਸਮਾਗਮ ਹੋ ਰਿਹਾ ਹੈ, ਬੜਾ ਨਾਜ਼ਕ ਸਮਾਂ ਗੁਜ਼ਰਿਆ

Original with;
Punjab Vidhan Sabha
Digitized by;
Panjab Digital Library

ਹੈ । ਇਹ ਬੱਜਟ ਜਿਹੜਾ ਵਿੱਤ ਮੰਤਰੀ ਦੇ ਵੱਲੋਂ ਪੇਸ਼ ਕੀਤਾ ਗਿਆ ਹੈ ਇਸ ਨਾਲ 20 ਨੁਕਾਤੀ ਪ੍ਰੋਗਰਾਮ ਦੀ ਇਕ ਕਾਪੀ ਮਿਲੀ ਹੈ । ਪਹਿਲੇਂ ਪਿਛਲੇ ਸਾਲਾਂ ਵਿਚ ਬੱਜਟ ਪੇਸ਼ ਹੋਏ ਇਸ ਤਰ੍ਹਾਂ ਕਦੇ ਨਹੀਂ ਹੋਇਆ । ਕਿਉਂਕਿ ਮੁਲਕ ਦੇ ਹਾਲਾਤ ਮੰਗ ਕਰਦੇ ਹਨ ਕਿ ਜਦ ਤੱਕ ਮੁਲਕ ਦੀ ਨਵੀਂ ਤਸਵੀਰ ਨਾ ਖਿੱਚੀ ਜਾਏ ਤਦ ਤਕ ਉਹ ਠੀਕ ਨਹੀਂ ਰਹਿੰਦੀ । ਪ੍ਰਾਈਮ ਮਨਿਸਟਰ ਦੇ ਉਸ 20 ਨੁਕਾਤੀ ਪ੍ਰੋਗਰਾਮ ਉਤੇ ਇਹ ਪੰਜਾਬ ਸਰਕਾਰ ਚੱਲੀ ਹੈ । ਸਪੀਕਰ ਸਾਹਿਬ, ਸਾਡਾ ਦੇਸ਼ ਇਨ੍ਹਾਂ ਹਾਲਾਤ ਵਿਚੋਂ ਦੀ ਲੰਘਿਆ ਹੈ ਕਿ ਦੇਸ਼ ਵਿਚ ਮਹਿੰਗਾਈ, ਬੇਰੁਜ਼ਗਾਰੀ, ਮਿਲਾਵਟ, ਹੋਰਡਿੰਗ ਅਤੇ ਸਮੱਗਲਿੰਗ, ਭ੍ਰਿਸ਼ਟਾਚਾਰ ਜ਼ੋਰਾਂ ਤੇ ਸੀ । ਇਸ ਵਿਚ ਉਨ੍ਹਾਂ ਲੋਕਾਂ ਨੇ ਹਫੜਾ ਦਫੜੀ ਮਚਾਈ ਹੋਈ ਸੀ । ਉਨ੍ਹਾਂ ਤਾਕਤਾਂ ਨੇ ਦੇਸ਼ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਪਰ ਜੇ ਅੱਜ ਵੀ ਸਾਡੀ ਸਰਕਾਰ ਇਨ੍ਹਾਂ 20 ਨੁਕਾਤੀ ਪ੍ਰੋਗਰਾਮ ਨੂੰ ਅਮਲ ਵਿਚ ਨਹੀਂ ਲਿਆਵੇਗੀ ਤਾਂ ਇਹ ਚੀਜ਼ਾਂ ਖ਼ਤਮ ਨਹੀਂ ਹੋਣਗੀਆਂ ਅਤੇ ਸਾਡੇ ਮੁਲਕ ਵਿਚ ਸੀ. ਆਈ. ਏ. ਦੀ ਤਲਵਾਰ ਲਟਕਦੀ ਰਹੇਗੀ । ਇਸ ਲਈ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਪਵੇਗਾ । ਸਪੀਕਰ ਸਾਹਿਬ, ਲੈਂਡ ਰਿਫਾਰਮ ਬਿੱਲ ਪਾਸ ਹੋਏ ਨੂੰ ਕਾਫੀ ਸਮਾਂ ਹੋ ਗਿਆ ਹੈ ਪਰ ਉਸ ਤੇ ਹਾਲਾਂ ਤੱਕ ਕੋਈ ਅਮਲ ਨਹੀਂ ਹੋਇਆ। ਇਹ ਵੀ ਸਾਡੇ 20 ਨੁਕਾਤੀ ਪ੍ਰੋਗਰਾਮ ਵਿਚ ਆਉਂਦਾ ਹੈ । ਜੇ ਪਿਛੇ ਜਿਹੇ ਪੰਜਾਬ ਵਿਚ ਕੁਝ ਹਲੂਣਾ ਦਿਤਾ ਤਾਂ ਪੰਜਾਬ ਵਿਚ ਹੱਲ ਚਲ ਮੱਚ ਗਈ । ਜਿਸ ਵੇਲੇ ** ਕੋਲੋਂ ਜ਼ਮੀਨ ਕਢਾਈ ਗਈ ਸੀ ਅਤੇ ਮੁਕਤਸਰ ਦੇ ਮੁਜ਼ਾਰਿਆਂ ਨੂੰ ਦਿਤੀ ਗਈ ਸੀ ਤਾਂ ਸਾਰੇ ਲੋਕੀਂ ਕਹਿੰਦੇ ਸਨ ਕਿ ਇਹ ਸਰਕਾਰ ਨੇ ਬੜਾ ਚੰਗਾ ਕਦਮ ਪੁੱਟਿਆ ਹੈ । ਜੇ ਜਾਗੀਰਦਾਰਾਂ ਦੀਆਂ ਸਰਪਲੱਸ ਜ਼ਮੀਨਾਂ ਕੱਢ ਕੇ ਮੁਜ਼ਾਰਿਆਂ ਵਿਚ ਵੰਡ ਦਿਤੀਆਂ ਜਾਂਦੀਆਂ ਤਾਂ ਮੁਜ਼ਾਰਿਆਂ ਨੇ ਬਹੁਤ ਖੁਸ਼ ਹੋਣਾ ਸੀ । ਜਦ ਉਸ ਕੋਲੋਂ ਕੁਝ ਜ਼ਮੀਨ ਕੱਢੀ ਗਈ ਤਾਂ ਲੋਕੀ ਕਹਿਣ ਲੱਗੇ ਕਿ ਐਮਰਜੈਂਸੀ ਦਾ ਕੁਝ ਫਾਇਦਾ ਹੋਇਆ ਹੈ । ਪਰ ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਇਸ ਤਰ੍ਹਾਂ ਨਹੀਂ ਹੋਇਆ । ਇਹ ਤਾਂ ਇਸ ਤਰ੍ਹਾਂ ਹੋਇਆ ਕਿ ਜਿਵੇਂ....

**ਮੁੱਖ ਮੰਤਰੀ** : ਜਿਹੜਾ ਕੋਈ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਵੇ ਉਸ ਦਾ ਪਰਸਨਲ ਨਾਮ ਲੈ ਕੇ ਇਸ ਤਰ੍ਹਾਂ ਇਲਜ਼ਾਮ ਨਹੀਂ ਲਾਉਣਾ ਚਾਹੀਦਾ ।

**ਸ਼੍ਰੀ ਸਪੀਕਰ** : ਠੀਕ ਹੈ, ਜੋ ਨਾਮ ਲੈ ਕੇ ਕਿਹਾ ਹੈ ਉਹ ਨਾਮ ਰਿਕਾਰਡ ਨਾ ਕੀਤਾ ਜਾਵੇ ।

**ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ** : ਸਪੀਕਰ ਸਾਹਿਬ ਮੈਂ ਨਾਮ ਨਹੀਂ ਲੈਂਦਾ । ਜਾਗੀਰਦਾਰਾਂ ਦੀ ਜ਼ਮੀਨ ਲੈ ਕੇ ਵੰਡੀ ਜਾਵੇ । ਸਪੀਕਰ ਸਾਹਿਬ, ਇਹ ਤਾਂ ਉਹ ਗੱਲ ਹੋਈ ਜਿਵੇਂ ਕਿਸੇ ਦੀ ਬਿਰਧ ਉਮਰ ਵਿਚ ਜਾਂ 20-25 ਸਾਲ ਸ਼ਾਦੀ ਤੋਂ ਬਾਅਦ ਕਿਸੇ ਦਾ ਬੱਚਾ ਹੋਵੇ ਤਾਂ ਉਸ ਵੇਲੇ ਉਸ ਨੂੰ ਕਿੰਨੀ ਖੁਸ਼ੀ ਹੁੰਦੀ ਹੈ, ਇਸੇ ਤਰ੍ਹਾਂ ਹੀ ਉਨ੍ਹਾਂ ਨੂੰ ਵੀ ਖੁਸ਼ੀ ਹੋਈ ਕਿ ਹੁਣ ਜ਼ਮੀਨਾਂ ਮਿਲਣਗੀਆਂ ਪਰ ਥੋੜੇ ਸਮੇਂ ਬਾਅਦ ਉਨ੍ਹਾਂ ਕੋਲੋ ਜ਼ਮੀਨਾਂ ਫਿਰ ਲੈ ਲਈਆਂ ਅਤੇ ਮੁਜ਼ਾਰਿਆਂ ਨੂੰ ਫਿਰ ਬੇ ਦਖਲ ਕਰ ਦਿਤਾ ਗਿਆ । ਸਪੀਕਰ ਸਾਹਿਬ, ਯੂ. ਪੀ. ਦੇ ** ਨੂੰ ਉਹ ਜ਼ਮੀਨ ਦਿਤੀ ਗਈ ਅਤੇ ਮੁਜ਼ਾਰਿਆਂ ਨੂੰ ਕੱਢ

**Not recorded as ordered by the Chair.

Original with
Punjab Vidhan Sabha
Digitized by;
Panjab Digital Library

[ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ]

ਦਿਤਾ ਗਿਆ । ਇਸ ਤਰ੍ਹਾਂ ਲੋਕਾਂ ਦੀਆਂ ਆਸਾਂ ਟੁੱਟ ਗਈਆਂ ਅਤੇ ਜਿਹੜਾ ਐਮਰਜੈਂਸੀ ਤੋਂ ਲੋਕਾਂ ਨੂੰ ਫਾਇਦਾ ਹੋਣਾ ਸੀ ਉਸ ਦਾ ਹੋਰ ਵੀ ਰੀਐਕਸ਼ਨ ਹੋ ਰਿਹਾ ਹੈ । ਮੈਂ ਕਹਾਂਗਾ ਕਿ ਇਸ ਗੱਲ ਵੱਲ ਧਿਆਨ ਦੇ ਕੇ ਲੈਂਡ ਰਿਫਾਰਮ ਨੂੰ ਜਲਦੀ ਲਾਗੂ ਕੀਤਾ ਜਾਵੇ ਅਤੇ ਜ਼ਮੀਨ ਉਨ੍ਹਾਂ ਕੋਲੋਂ ਲੈ ਕੇ ਵੰਡਣੀ ਚਾਹੀਦੀ ਹੈ । ਜਾਗੀਰਦਾਰਾਂ ਕੋਲੋਂ ਜ਼ਮੀਨ ਕੱਢ ਲੈਣੀ ਚਾਹੀਦੀ ਹੈ । ਸਪੀਕਰ ਸਾਹਿਬ, ਤੁਸੀਂ ਦੇਖੋ ਇਹ ਜਿਹੜੀਆਂ ਬੇਨਾਮੀਆਂ ਹੋਈਆਂ ਹਨ, ਉਸ ਬਾਰੇ ਮੈਂ ਕਹਾਂਗਾ ਕਿ ਇਕ ਕਮੇਟੀ ਮੁੱਕਰਰ ਕਰ ਦਿਤੀ ਜਾਵੇ ਤਾਂ ਕਿ ਪਤਾ ਲੱਗ ਸਕੇ ਉਹ ਕਿੰਨੀਆਂ ਕਿੰਨੀਆਂ ਜ਼ਮੀਨਾਂ ਸਾਂਭੀ ਬੈਠੇ ਹਨ, ਉਹ ਹਜ਼ਾਰਾਂ ਏਕੜ ਜ਼ਮੀਨਾਂ ਦੇ ਮਾਲਿਕ ਹਨ ਉਹ ਇਤਨੇ ਇਤਨੇ ਟਰੈਕਟਰ ਰਖਦੇ ਹਨ, ਉਨ੍ਹਾਂ ਦਾ ਐਨਾ ਖਰਚਾ ਕਿਥੋਂ ਪੂਰਾ ਹੁੰਦਾ ਹੈ । ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਕੋਲੋਂ ਜ਼ਮੀਨ ਨਹੀਂ ਨਿਕਲੀ ਉਨ੍ਹਾਂ ਨੇ ਗਲਤ ਤਰੀਕੇ ਨਾਲ ਬੇਨਾਮੀਆਂ ਕੀਤੀਆਂ ਹੋਈਆਂ ਹਨ । ਉਨ੍ਹਾਂ ਕੋਲੋਂ ਜ਼ਮੀਨ ਲੈ ਕੇ ਬੇਜ਼ਮੀਨਿਆਂ ਵਿਚ ਜ਼ਮੀਨ ਵੰਡੀ ਜਾਵੇ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਆਨਰੇਬਲ ਮੈਂਬਰ ** ਦਾ ਜ਼ਿਕਰ ਕੀਤਾ ਹੈ, ਉਹ ਆਪਣੇ ਆਪ ਨੂੰ ਇਥੇ ਡੀਫੈਂਡ ਨਹੀਂ ਕਰ ਸਕਦੇ, ਇਸ ਲਈ ਉਨ੍ਹਾਂ ਉਤੇ ਐਲੀਗੇਸ਼ਨ ਲਾਉਣਾ, ਉਨ੍ਹਾਂ ਦਾ ਨਾਮ ਲੈਣਾ ਠੀਕ ਨਹੀਂ ਹੈ ।

**ਸ੍ਰੀ ਸਪੀਕਰ :** ਜਿਹੜੇ ਬੰਦੇ ਬਾਹਰ ਹਨ ਅਤੇ ਜਿਹੜੇ ਆਪਣੇ ਆਪ ਨੂੰ ਡੀਫੈਂਡ ਨਹੀਂ ਕਰ ਸਕਦੇ ਉਨ੍ਹਾਂ ਉਤੇ ਐਲੀਗੇਸ਼ਨ ਨਹੀਂ ਲਗਾਉਣਾ ਚਾਹੀਦਾ । ** ਦਾ ਨਾਮ ਰਿਕਾਰਡ ਵਿਚੋਂ ਕੱਢ ਦਿਤਾ ਜਾਵੇ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਇਹ ਪਾਰਲੀਮੈਂਟਰੀ ਪਰੋਸੀਜਰ ਦੇ ਅਨੁਕੂਲ ਹੈ । ਇਸ ਤਰ੍ਹਾਂ ਤਾਂ ਫਿਰ ਅਸੀਂ ਕਿਸੇ ਦਾ ਵੀ ਨਾਮ ਨਹੀਂ ਲੈ ਸਕਾਂਗੇ ਕਿਉਂਕਿ ਉਹ ਇਥੇ ਹਾਊਸ ਵਿਚ ਨਹੀਂ ਬੈਠੇ ਹੁੰਦੇ । ਕਈ ਵਾਰੀ ਪੁਲਿਟੀਕਲ ਆਦਮੀ ਦਾ ਜ਼ਿਕਰ ਕਰਨਾ ਹੁੰਦਾ ਹੈ ਅਤੇ ਹੋਰਨਾਂ ਦਾ ਜ਼ਿਕਰ ਆਦਿ ਆਉਂਦਾ ਹੈ, ਇਸ ਲਈ ਚੀਫ ਮਨਿਸਟਰ ਸਾਹਿਬ ਦੀ ਇਹ ਜਿਹੜੀ ਪਰੀਜ਼ੈਂਪਸ਼ਨ ਹੈ, ਇਹ ਗਲਤ ਹੈ । ਜੇ ਅਸੀਂ ਲੈਂਡਲਾਰਡਾਂ ਦਾ ਨਾਮ ਨਹੀਂ ਲੈ ਸਕਦੇ ਤਾਂ ਕਿਸ ਦਾ ਨਾਮ ਲੈ ਸਕਦੇ ਹਾਂ ? ਇਥੇ ਕਿਹਾ ਜਾਂਦਾ ਹੈ ਕਿ ਨਾਮ ਨਾ ਲਓ ਅਤੇ ਜੇ ਅਸੀਂ ਕਹਿੰਦੇ ਹਾਂ ਕਿ ਮਹਾਰਾਜਾ ਫਰੀਦਕੋਟ ਨੇ ਐਨੀ ਜ਼ਮੀਨ ਰੱਖੀ ਹੋਈ ਹੈ ਤਾਂ ਕੀ ਕਹੋਗੇ ਕਿ ਇਸ ਤਰ੍ਹਾਂ ਨਾ ਕਹੋ ? So please withdraw your ruling. (*Interruption*)

**Mr. Speaker :** I will examine it.

**ਚੌਧਰੀ ਦਰਸ਼ਨ ਸਿੰਘ :** ਪੁਆਇੰਟ ਆਫ਼ ਆਰਡਰ, ਸਰ । ਠੀਕ ਹੈ ਕਿ ਹਾਊਸ ਦੇ ਰਾਈਟਸ ਬੜੇ ਪ੍ਰਿਵਿਲਜਡ ਹਨ । ਪੰਜਾਬ ਸਰਕਾਰ ਦੇ ਆਫੀਸ਼ੀਅਲ ਕਪੈਸਿਟੀ ਵਿਚ ਕੀਤੇ ਹੋਏ ਕੰਮਾਂ ਨੂੰ ਕਰਿਟੇਸਾਈਜ਼ ਕਰ ਸਕਦੇ ਹਾਂ, ਤਾਰੀਫ ਵੀ ਉਨ੍ਹਾਂ ਦੀ ਕਰ ਸਕਦੇ ਹਾਂ ਲੇਕਿਨ ਰੂਲ ਹਾਊਸ ਆਫ ਕਾਮਨਜ਼ ਅਤੇ ਲੋਕ ਸਭਾ ਦੇ ਮੁਤਾਬਿਕ ਇਸ ਗੱਲ ਨੂੰ ਪਰੋਹਿਬਟ ਕਰਦੇ ਹਨ ਕਿ ਕੋਈ ਹਾਈ ਡਿਗਨੇਟਰੀ ਜਿਹੜਾ ਕਿ ਆਪਣੇ ਆਪ ਨੂੰ ਡਿਫੈਂਡ

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਨਹੀਂ ਕਰ ਸਕਦਾ ਉਸ ਦਾ ਹਾਊਸ ਵਿਚ ਨਾਮ ਲਿਆ ਜਾਵੇ। Acts of the Government can be discussed but the person with a high position in Govt. of India cannot be discussed.

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਚੌਧਰੀ ਸਾਹਿਬ ਨੇ ਜੋ ਕਿਹਾ ਹੈ ਉਹ ਸੁਣਕੇ ਮੈਂ ਹੈਰਾਨ ਹਾਂ। ਇਸ ਹਾਊਸ ਵਿਚ ਇਕ ਵਾਰੀ ਨਹੀਂ ਬਲਕਿ ਦੋ ਤਿੰਨ ਵਾਰੀ ਰੈਵਨਿਊ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਮੈਨੂੰ ਇਸ ਗਲ ਦਾ ਇਲਮ ਹੈ ਕਿ ਬੜੇ ਵੱਡੇ ਲੈਂਡਲਾਰਡਾਂ ਨੇ ਜ਼ਮੀਨ ਬੇਨਾਮੀ ਕਰਾਈ ਹੋਈ ਹੈ। ਜੋ ਵੀ ਸਾਨੂੰ ਇਸ ਬਾਰੇ ਇਨਫਰਮੇਸ਼ਨ ਦੇਵੇਗਾ ਤਾਂ ਅਸੀਂ ਕਦਮ ਚੁਕਾਂਗੇ, ਬੇਨਾਮੀ ਕੈਂਸਿਲ ਕਰਾਂਗੇ ਅਤੇ ਉਹ ਜ਼ਮੀਨ ਲੈ ਕੇ ਲੋਕਾਂ ਵਿਚ ਵੰਡਾਂਗੇ ਪਰ ਹੁਣ ਜੇ ਕੋਈ ਇਥੇ ਅਜਿਹੀ ਗੱਲ ਦੱਸਦਾ ਹੈ ਤਾਂ ਇਹ ਕਹਿੰਦੇ ਹਨ ਕਿ ਨਾਮ ਕਿਉਂ ਲੈਂਦੇ ਹੋ। ਇਸ ਦੇ ਵਿਚ ਕੋਈ ਕਿਸੇ ਦੇ ਖਿਲਾਫ ਜਾਂ ਡੈਫੇਮੇਟਰੀ ਗੱਲ ਨਹੀਂ ਹੈ। ਬਹੁਤ ਸਾਰੇ ਲੈਂਡਲਾਰਡਾਂ ਨੇ ਦੋ ਦੋ ਸੌ, ਪੰਜ ਪੰਜ ਸੌ, ਹਜ਼ਾਰ ਹਜ਼ਾਰ ਏਕੜ ਜ਼ਮੀਨ ਰੱਖੀ ਹੋਈ ਹੈ ਅਤੇ ਬੇਨਾਮੀ ਕਰਾਈ ਹੋਈ ਹੈ ਅਤੇ ਉਨ੍ਹਾਂ ਕੋਲੋਂ ਜ਼ਮੀਨ ਸਰਪਲੱਸ ਡਿਕਲੇਅਰ ਨਹੀਂ ਹੋ ਰਹੀ। ਸਗੋਂ ਜੇ ਕੋਈ ਇਨ੍ਹਾਂ ਦੇ ਧਿਆਨ ਵਿਚ ਅਜਿਹੀ ਗੱਲ ਲਿਆਉਂਦਾ ਹੈ ਤਾਂ ਸਰਕਾਰ ਨੂੰ, ਚੀਫ ਮਨਿਸਟਰ ਨੂੰ ਇਸ ਗੱਲ ਨੂੰ ਵੈਲਕਮ ਕਰਨਾ ਚਾਹੀਦਾ ਹੈ ਨਾ ਕਿ ਇਸ ਗੱਲ ਤੇ ਸਟਰੈਸ ਕਰਨ ਕਿ ਉਨ੍ਹਾਂ ਦਾ ਨਾਮ ਨਾ ਲਿਆ ਜਾਵੇ ਨਹੀਂ ਤਾਂ ਫਿਰ ਇਸ ਦਾ ਨਤੀਜਾ ਇਹੀ ਨਿਕਲੇਗਾ ਕਿ ਉਹ ਬੇਨਾਮੀ ਚਲਦੀ ਰਹੇਗੀ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਪਰੋਟੈਕਸ਼ਨ ਮਿਲੇਗੀ ਅਤੇ ਹੋਰ ਜ਼ਮੀਨ ਨਹੀਂ ਨਿਕਲੇਗੀ।

**ਸ੍ਰੀ ਸਪੀਕਰ** : ਆਨਰੇਬਲ ਮੈਂਬਰ ਕਿਸੇ ਵੇਲੇ ਵੀ ਵਜ਼ੀਰ ਸਾਹਿਬ ਨੂੰ ਲਿਖ ਕੇ ਭੇਜ ਸਕਦੇ ਹਨ ਪਰ ਹਾਊਸ ਵਿਚ ਡੈਫੇਮੇਟਰੀ ਕਿਸਮ ਦੇ ਐਲੀਗੇਸ਼ਨ ਨਹੀਂ ਲੱਗ ਸਕਦੇ।

**ਕਾਮਰੇਡ ਸੱਤ ਪਾਲ ਡਾਂਗ** : ਜੇ ਅਸੀਂ ਕਹੀਏ ਕਿ ਮਹਾਰਾਜਾ ਫਰੀਦਕੋਟ ਨੇ 500 ਏਕੜ ਜ਼ਮੀਨ ਬੇਨਾਮੀ ਰੱਖੀ ਹੋਈ ਹੈ ਤਾਂ ਇਸ ਦੇ ਵਿਚ ਡੈਫੇਮੇਟਰੀ ਕਿਹੜੀ ਗੱਲ ਹੈ।

**ਮਕਾਨ ਉਸਾਰੀ ਦੇ ਰਾਜ ਮੰਤਰੀ** (ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ): ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਕਿ 30 ਤਾਰੀਖ਼ ਨੂੰ ਇਥੇ ਕੋਈ ਸਪੀਚ ਹੋਈ ਸੀ ਉਸ ਵਿਚ ਕੁਝ ਲਫਜ਼ ਕਹੇ ਗਏ ਸਨ। ਪਿਛੇ ਜਿਹੇ ਜੋ ਵਾਕਿਆ ਹੋਇਆ ਉਸ ਬਾਰੇ ਤੁਹਾਨੂੰ ਸਾਰਿਆਂ ਨੂੰ ਪਤਾ ਹੈ। ਸਪੀਕਰ ਸਾਹਿਬ, ਉਹ ਸਾਰਾ ਪਿੰਡ ਵਸਦਾ ਹੈ। ਉਥੇ 1952-53 ਦੇ ਮੁਜ਼ਾਰੇ ਬੈਠੇ ਹਨ, ਉਹ ਕੰਮ ਕਰ ਰਹੇ ਹਨ। ਪਰ ਕਿਸੇ ਤਰੀਕੇ ਨਾਲ ਇਸ ਦਾ ਕੇਸ ਕੋਰਟ ਵਿਚ ਚਲ ਰਿਹਾ ਹੈ। ਉਹ ਕੋਰਟ ਵਿਚ ਚਲੇ ਗਏ। ਲੇਕਿਨ ਇਥੇ ਗਿਆਨੀ ਜੀ, ਲੀਡਰ ਆਫ ਦੀ ਹਾਊਸ ਬੈਠੇ ਹਨ ਇਸ ਕਰਕੇ ਮੈਂ ਇਸ ਬਾਰੇ ਜ਼ਿਆਦਾ ਨਹੀਂ ਕਹਿਣਾ ਚਾਹੁੰਦੀ।

**ਸ੍ਰੀ ਸਪੀਕਰ**: ਇਹ ਡਿਸਕੱਸ ਨਹੀਂ ਕੀਤਾ ਜਾ ਸਕਦਾ।

Original with;
Punjab Vidhan Sabha
Digitized by;
Panjab Digital Library

**ਮਕਾਨ ਉਸਾਰੀ ਦੇ ਰਾਜ ਮੰਤਰੀ:** ਇਹ ਕਦੇ ਨਹੀਂ ਹੋ ਸਕਦਾ ਕਿ ਉਹ ਬਗੈਰ ਕਿਸੇ ਰੂਲ ਦੇ ਉਹ ਵਾਪਿਸ ਦੇ ਦੇਵੇ । ਇਹ ਮੈਂ ਦੱਸਣਾ ਚਾਹੁੰਦੀ ਹਾਂ ।

**ਕੈਪਟਨ ਰਤਨ ਸਿੰਘ:** ਪੁਆਇਟ ਆਫ ਆਰਡੇਰ, ਸਰ । ਸਪੀਕਰ ਸਾਹਿਬ, ਬੇਨਾਮੀ ਟਰਾਂਜ਼ੈਕਸ਼ਨ ਬਾਰੇ ਜਿਥੋਂ ਤੱਕ ਮੈਨੂੰ ਪਤਾ ਹੈ ਹਾਲਾਂ ਤੱਕ ਹਿੰਦੁਸਤਾਨ ਦੇ ਕਾਨੂੰਨ ਦੇ ਮੁਤਾਬਿਕ ਇਹ ਲੀਗਲ ਹੈ। ਇਹ ਬੇਨਾਮੀ ਟਰਾਂਜ਼ੈਕਸ਼ਨ ਬਿਲਕੁਲ ਲੀਗਲ ਹੈ, ਇਹ ਕਾਨੂੰਨੀ ਤੌਰ ਤੇ ਲੀਗਲ ਹੈ । ਪਰ ਲੋੜ ਇਸ ਗੱਲ ਦੀ ਹੈ ਕਿ ਬੇਨਾਮੀ ਟਰਾਂਜ਼ੈਕਸ਼ਨ ਨਹੀਂ ਹੋਣੀ ਚਾਹੀਦੀ । ਇਸ ਨੂੰ ਇਲਲੀਗਲ ਬਣਾਉਣ ਲਈ ਰੈਜ਼ੋਲਿਊਸ਼ਨ ਪਾਸ ਕਰਕੇ ਸੈਂਟਰਲ ਗੌਰਮਿੰਟ ਨੂੰ ਭੇਜਣਾ ਚਾਹੀਦਾ ਹੈ । (ਤਾੜੀਆਂ) ਬੇਨਾਮੀ ਟਰਾਂਜ਼ੈਕਸ਼ਨ ਬਾਰੇ ਗੌਰਮਿੰਟ ਆਫ ਇੰਡੀਆ ਕਰ ਸਕਦੀ ਹੈ, ਇਹ ਸਾਡੀ ਪਾਵਰ ਵਿਚ ਨਹੀਂ ਹੈ । ਚਾਹੀਦਾ ਤਾਂ ਇਹ ਹੈ ਕਿ ਸਾਡਾ ਹਾਊਸ ਨਾਨ-ਆਫੀਸ਼ੀਅਲ ਡੇ ਤੇ ਇਹੋ ਜਿਹਾ ਮਤਾ ਲਿਆਵੇ ਕਿ ਇਹ ਜਿਹੜਾ ਬੇਨਾਮੀ ਐਕਟ ਹੈ ਇਸ ਨੂੰ ਇਲਲੀਗਲ ਕਰਾਰ ਦਿਤਾ ਜਾਵੇ । ਨਹੀਂ ਤਾਂ ਇਹ ਜਿਹੜੀ ਬੇਨਾਮੀ ਹੈ ਇਸ ਨੂੰ ਕਾਨੂੰਨ ਮੁਤਾਬਿਕ ਜ਼ਰੂਰ ਪਰੋਟੈਕਸ਼ਨ ਹੈ ਅਤੇ ਇਸ ਨੂੰ ਕੋਈ ਰੋਕ ਨਹੀਂ ਸਕਦਾ ।

**ਮਕਾਨ ਉਸਾਰੀ ਦੇ ਰਾਜ ਮੰਤਰੀ:** ਸਪੀਕਰ ਸਾਹਿਬ, ਇਹ ਜਿਹੜੀ ਬੇਨਾਮੀ ਦੀ ਗੱਲ ਹੈ ਸਰਾਏ ਨਾਂਗਾ ਇਕ ਵੱਡਾ ਪਿੰਡ ਹੈ । ਉਸ ਵਿਚ ਕਿੰਨੀਆਂ ਹੀ ਫੈਮਲੀਜ਼ ਰਹਿੰਦੀਆਂ ਹਨ । ਉਥੇ ਦੇ ਲੋਕ ਜੋ ਹਨ ਉਹ ਉਸ ਜ਼ਮੀਨ ਨੂੰ 1952-53 ਤੋਂ ਲੈ ਕੇ ਵਾਹੁੰਦੇ ਆਏ ਹਨ । ਉਹ ਉਨ੍ਹਾਂ ਨੇ ਖੁਦ ਖਰੀਦੀ ਹੈ । ਉਨ੍ਹਾਂ ਕੋਲ ਕਾਗਜ਼ ਹਨ । ਉਨ੍ਹਾਂ ਦੇ ਘਰ ਉਥੇ ਹਨ । ਉਥੇ ਪਿੰਡ ਵਿਚ ਉਨ੍ਹਾਂ ਦੇ ਪਸ਼ੂ ਹਨ । ਉਨ੍ਹਾਂ ਕੋਲ ਹੱਲ ਹਨ । ਇਹ ਸਾਰਾ ਕੁਝ ਜੋ ਹੋ ਰਿਹਾ ਹੈ ਠੀਕ ਹੋ ਰਿਹਾ ਹੈ । ਮੈਂ ਦੱਸਣਾ ਚਾਹੁੰਦੀ ਹਾਂ ਕਿ ਉਹ ਜਿਹੜੇ ਆਦਮੀ ਉਥੇ ਬੈਠੇ ਹਨ ਉਹ ਜੀਉਂਦੇ ਜਾਗਦੇ ਹਨ, ਉਹ ਉਨ੍ਹਾਂ ਦੀ ਜ਼ਮੀਨ ਹੈ।

**ਮਾਲ ਅਤੇ ਚੋਣ ਮੰਤਰੀ:** ਸਪੀਕਰ ਸਾਹਿਬ, ਬੇਨਾਮੀ ਦੇ ਮੁਤੱਲਿਕ ਜ਼ਿਕਰ ਕੀਤਾ ਗਿਆ ਹੈ । ਬੇਨਾਮੀ ਚੀਜ਼ ਹੋਰ ਹੈ ਅਤੇ ਲੈਂਡ ਰਿਫਾਰਮ ਜਾਂ ਸੀਲਿੰਗ ਦਾ ਜਿਹੜਾ ਐਕਟ ਹੈ ਉਹ ਵੱਖ ਚੀਜ਼ ਹੈ । ਇਸ ਐਕਟ ਥੱਲੇ ਬੇਨਾਮੀ ਹੋਣੀ ਜਾਂ ਨਾ ਹੋਣੀ ਇਸ ਦਾ ਉਸ ਨਾਲ ਕੋਈ ਤੁਅੱਲਕ ਨਹੀਂ ਹੈ । ਅਸੀਂ ਤਾਰੀਖ ਫਿਕਸ ਕੀਤੀ ਹੈ ਕਿ ਉਸ ਦੇ ਬਾਅਦ ਕੋਈ ਵੀ ਅਗਰ ਜ਼ਮੀਨ ਟਰਾਂਸਫਰ ਹੁੰਦੀ ਹੈ ਤਾਂ ਜਿੰਨੀ ਦੇਰ ਤੱਕ ਉਹ ਸਾਬਤ ਨਹੀਂ ਕਰ ਸਕਦਾ ਕਿ ਉਹ ਬੋਨਾਫਾਈਡ ਹੈ ਉਤਨੀ ਦੇਰ ਤੱਕ ਅਸੀਂ ਉਸ ਨੂੰ ਨਹੀਂ ਮੰਨਦੇ, ਉਸ ਨੂੰ ਇਗਨੋਰ ਕਰ ਦਿੰਦੇ ਹਾਂ । ਲੇਕਿਨ ਬੇਨਾਮੀ ਹੈ ਜਾਂ ਬੇਨਾਮੀ ਨਹੀਂ ਇਸ ਦਾ ਇਸ ਲੈਂਡ ਸੀਲਿੰਗ, ਲੈਂਡ ਰਿਫਾਰਮ ਨਾਲ ਕੋਈ ਤੁਅੱਲਕ ਨਹੀਂ ਹੈ ਅਤੇ ਸਾਡਾ ਐਕਟ ਜਿਹੜਾ ਹੈ ਉਹ ਇਸ ਗੱਲ ਨੂੰ ਫੂਲੀ ਪਰੋਟੈਕਟ ਕਰਦਾ ਹੈ । ਮੈਂ ਡਾਂਗ ਸਾਹਿਬ ਨੂੰ ਕਹਾਂਗਾ ਅਤੇ ਮੈਂ ਕਨੇਡੀਅਨ ਜੀ ਦੀ ਸਪੀਚ ਵੀ ਸੁਣੀ ਹੈ ਅਤੇ ਹੋਰ ਵੀ ਜਿਹੜੇ ਮੈਂਬਰ ਬੋਲੇ ਹਨ ਉਨ੍ਹਾਂ ਨੂੰ ਸੁਣਿਆਂ ਹੈ ਪਰ ਕਿਸੇ ਨੇ ਇਹ ਨਹੀਂ ਕਿਹਾ ਕਿ ਸਾਡੇ ਇਸ ਐਕਟ ਵਿਚ ਅਗਰ ਲੂਪ ਹੋਲਜ਼ ਹਨ ਤਾਂ ਉਨ੍ਹਾਂ ਨੂੰ ਹਟਾਓ । ਇਸ ਦੇ ਉਤੇ ਇਤਰਾਜ਼ ਨਾ ਕਰਨ ਦਾ ਮਤਲਬ ਹੈ ਕਿ ਇਸ ਵਿਚ ਕੋਈ ਲੂਪ ਹੋਲਜ਼ ਹਨ ਤਾਂ ਉਹ ਉਨ੍ਹਾਂ ਨੂੰ ਕਵਰ ਕਰਦਾ ਹੈ ।

**ਸ੍ਰੀ ਪ੍ਰੇਮ ਗੁਪਤਾ:** ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਮਾਮਲਾ ਕੋਰਟ ਵਿਚ ਹੈ ਉਸ ਬਾਰੇ ਸਾਨੂੰ ਦੱਸਿਆ ਜਾਵੇ ਕਿ ਕੀ ਉਹ ਜੁਡੀਸ਼ੀਅਲ ਕੋਰਟ ਵਿਚ ਹੈ ਜਾਂ ਐਡਮਨਿਸਟਰੇਟਿਵ ਕੋਰਟ ਵਿਚ ਹੈ ?

Original with;
Punjab Vidhan Sabha
Digitized by;
Panjab Digital Library

**Mr. Speaker**: No need of discussion here.

**ਕਾਮਰੇਡ ਅਰਜਨ ਸਿੰਘ ਮਸਤਾਨਾ**: ** ** **

**ਸ਼੍ਰੀ ਸਪੀਕਰ**: ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, it should not be recorded.

**ਕਾਮਰੇਡ ਸੱਤ ਪਾਲ ਡਾਂਗ**: ਜਿਹੜਾ ਕੇਸ ਸਬ-ਜੁਡਿਸ ਹੈ, ਉਸ ਤੇ ਕੋਈ ਕਮੈਂਟਰੀ ਨਾ ਹੋਵੇ, ਇਸ ਨਾਲ ਮੈਂ ਸਹਿਮਤ ਹਾਂ । ਇਕ ਪੁਆਇੰਟ ਆਫ ਆਰਡਰ ਸ਼ੁਰੂ ਹੋਇਆ ਔਰ ਮਾੜੀ ਜਿਹੀ ਬਹਿਸ ਹੋ ਗਈ । ਤੁਸੀਂ ਕਲੈਰੀਫਾਈ ਕਰ ਦਿਉ ਜੋ ਸਰਦਾਰ ਉਮਰਾਓ ਸਿੰਘ ਬੋਲੇ ਹਨ ਕਿ ਐਕਟ ਪਾਸ ਹੋਣ ਸਮੇਂ ਕੋਈ ਇਸ ਤਰ੍ਹਾਂ ਨਹੀਂ ਕਿਹਾ ਗਿਆ, ਕੀ ਇਹ ਠੀਕ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਸ ਵੇਲੇ ਅਮੈਂਡਮੈਂਟਾਂ ਪਰੋਪੋਜ਼ ਹੋਈਆਂ ਸਨ ਪਰ ਉਹ ਮੰਨੀਆਂ ਨਹੀਂ ਗਈਆਂ । ਇਹ ਐਕਟ ਪਾਸ ਹੋਣ ਤੋਂ ਪਹਿਲਾਂ ਬੜੇ ਬੜੇ ਲੈਂਡ ਲਾਰਡ ਪੜ੍ਹੇ ਲਿਖੇ ਹੋਣ ਕਰਕੇ ਉਨ੍ਹਾਂ ਨੇ ਆਪਣੀਆਂ ਜ਼ਮੀਨਾਂ ਬੇਨਾਮੀ ਕਰ ਦਿੱਤੀਆਂ । ਕੈਪਟਨ ਸਾਹਿਬ ਕਹਿੰਦੇ ਹਨ ਉਹ ਠੀਕ ਹੈ (ਵਿਘਨ)

**ਸ਼੍ਰੀ ਸਪੀਕਰ**: ਤੁਸੀਂ ਵੀ ਡਿਸਕਸ਼ਨ ਸ਼ੁਰੂ ਕਰ ਦਿੱਤੀ ਹੈ ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਮੈਂ ਕਲੈਰੀਫੀਕੇਸ਼ਨ ਲੈਣੀ ਹੈ । ਕੀ ਉਹ ਬੇਨਾਮੀਆਂ ਇਲਲੀਗਲ ਨਹੀਂ ਹਨ ? ਅਗਰ ਕੋਈ ਮੈਂਬਰ ਕਹਿੰਦਾ ਹੈ ਕਿ ਬੇਨਾਮੀਆਂ ਨੂੰ ਕੈਂਸਲ ਕਰਨ ਵਾਸਤੇ ਕੋਈ ਸਟੈਪ ਨਹੀਂ ਲਏ ਜਾਂਦੇ, ਇਸ ਨਾਲ ਸਰੱਪਲਸ ਲੈਂਡ ਨਿਕਲੇਗੀ, ਉਹਨੂੰ ਤੁਸੀਂ ਕਿਉਂ ਰੋਕਦੇ ਹੋ। ਉਹਦੇ ਨਾਲ ਤਾਂ ਸਰਕਾਰ ਦੀ ਮਦਦ ਹੋਵੇਗੀ।

**ਸ਼੍ਰੀ ਸਪੀਕਰ**: ਕਾਮਰੇਡ ਮਹਿਤਾਬ ਸਿੰਘ । (ਵਿਘਨ)

**ਸ਼੍ਰੀ ਪ੍ਰੇਮ ਗੁਪਤਾ**: ਸਪੀਕਰ ਸਾਹਿਬ, ਇਹ ਬੜਾ ਵਾਈਟਲ ਪੁਆਇੰਟ ਹੈ । ਮੇਰੇ ਪੁਆਇੰਟ ਦਾ ਕੇਸ ਦੇ ਸਬ-ਜੁਡਿਸ ਹੋਣ ਨਾਲ ਤਾਲੁਕ ਹੈ ।

**ਸ਼੍ਰੀ ਸਪੀਕਰ**: ਡਿਸਕਸ਼ਨ ਦੀ ਲੋੜ ਨਹੀਂ ਹੈ । ਇਨ੍ਹਾਂ ਨੇ ਕਿਹਾ ਹੈ ਕਿ ਮਾਮਲਾ ਅਦਾਲਤ ਵਿਚ ਹੈ । ਜਿਹੜਾ ਮਾਮਲਾ ਸਬ-ਜੁਡਿਸ ਹੋਵੇ ਉਸ ਤੇ ਡਿਸਕਸ਼ਨ ਨਹੀਂ ਹੋ ਸਕਦੀ ਹੈ ।

**ਸ਼੍ਰੀ ਪ੍ਰੇਮ ਗੁਪਤਾ**: ਸਪੀਕਰ ਸਾਹਿਬ, ਜਿਹੜਾ ਮਾਮਲਾ ਡੀ. ਸੀ. ਦੀ ਅਦਾਲਤ ਵਿਚ ਹੋਵੇ ਉਹ ਮਾਮਲਾ ਸਬ-ਜੁਡਿਸ ਨਹੀਂ ਹੁੰਦਾ ਹੈ । ਜਿਹੜਾ ਮਾਮਲਾ ਐਡਮਨਿਸਟ੍ਰੇਟਿਵ ਕੋਰਟ ਵਿਚ ਹੋਵੇ ਉਹ ਮਾਮਲਾ ਸਬ-ਜੁਡਿਸ ਕਿਸ ਤਰ੍ਹਾਂ ਬਣ ਸਕਦਾ ਹੈ ।

**Mr. Speaker**: Rule of Sub-judice has application during the period when the matter is under active consideration of court of law. ਇਹ ਠੀਕ ਹੈ ਜਦ ਕੇਸ ਕੋਰਟ ਵਿਚ ਚਲਾ ਗਿਆ ਤਾਂ ਉਹ ਸਬ-ਜੁਡਿਸ ਹੋ ਗਿਆ ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ:** ਸਪੀਕਰ ਸਾਹਿਬ, ਸਟੇਟ ਜਾਂ ਕੇਂਦਰ ਦੇ ਰਕਬੇ ਵਿਚ ਜਿਥੇ ਆਬਾਦਕਾਰ ਬੈਠੇ ਹਨ ਉਥੇ ਵੀ ਤਰੀਖ਼ਾਂ ਮੁਕੱਰਰ ਕਰਕੇ ਨਿਲਾਮੀ ਕੀਤੀ ਜਾ ਰਹੀ ਹੈ। ਜਦ ਕਿ ਉਥੇ 20 ਸਾਲਾਂ ਤੋਂ ਕਿਸਾਨ ਬੈਠੇ ਹਨ, ਸਾਡੀ ਪਾਰਟੀ ਵਾਲੇ ਅਤੇ ਕਿਸਾਨ ਪਾਰਟੀ ਵਾਲੇ ਇਹ ਮੰਗ ਕਰ ਰਹੇ ਹਨ ਕਿ ਕਾਸ਼ਤਕਾਰਾਂ ਨੂੰ ਜਿਨ੍ਹਾਂ ਕੋਲ ਜ਼ਮੀਨ ਨਹੀਂ ਹੈ ਉਨ੍ਹਾਂ ਬੇਜ਼ਮੀਨਿਆਂ ਨੂੰ ਜ਼ਮੀਨ ਦਿੱਤੀ ਜਾਏ, ਘੱਟ ਤੋਂ ਘੱਟ 5 ਏਕੜ ਜ਼ਮੀਨ ਦਿੱਤੀ ਜਾਏ। ਚਾਹੇ ਉਹ ਪੰਡਿਤ ਹੋਵੇ ਜਾਂ ਦੁਕਾਨਦਾਰ ਦਾ ਲੜਕਾ ਹੋਵੇ ਚਾਹੇ ਕੋਈ ਵੀ ਹੋਵੇ ਜਿਸ ਦਾ ਜ਼ਮੀਨ ਤੇ ਗੁਜ਼ਾਰਾ ਚਲਦਾ ਹੈ ਉਸਨੂੰ ਜ਼ਮੀਨ ਜ਼ਰੂਰ ਮਿਲਣੀ ਚਾਹੀਦੀ ਹੈ। ਸਰਕਾਰ ਨੇ ਕਿਹਾ ਹੈ ਕਿ ਜਿਹੜੇ ਹਰੀਜਨ ਹਨ ਉਹੀ ਹੀ ਜ਼ਮੀਨ ਦੀ ਨਿਲਾਮੀ ਦੇ ਸਕਣਗੇ। ਸਾਨੂੰ ਖੁਸ਼ੀ ਹੈ ਕਿ ਵੀਕਰ ਸੈਕਸ਼ਨ ਨੂੰ ਜ਼ਮੀਨ ਮਿਲਣੀ ਚਾਹੀਦੀ ਹੈ। ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਰਾਏ ਆਬਾਦਕਾਰਾਂ ਦੀ ਜ਼ਮੀਨ ਦੀ ਨਿਲਾਮੀ ਨਹੀਂ ਹੋਏਗੀ ਉਨ੍ਹਾਂ ਨੂੰ ਰਿਜ਼ਰਵ ਬੋਲੀ ਤੇ ਜ਼ਮੀਨ ਦਿੱਤੀ ਜਾਏਗੀ। ਪਰ ਅਜਿਹੀ ਜ਼ਮੀਨਾਂ ਦੀ ਵੀ ਕਈਆਂ ਦੀ ਨਿਲਾਮੀ ਹੋ ਚੁਕੀ ਹੈ ਅਤੇ ਉਹ ਲੋਕ ਕੋਰਟਾਂ ਵਿਚ ਫਿਰ ਰਹੇ ਹਨ। ਹਰੀਜਨਾਂ ਨੂੰ ਵੀ ਜਿਹੜੀਆਂ ਜ਼ਮੀਨਾਂ ਦਿੱਤੀਆਂ ਜਾ ਰਹੀਆਂ ਹਨ ਕੱਲਰ ਵਾਲੀ ਜਾਂ ਹੋਰ ਘੱਟੀਆ ਕਿਸਮ ਦੀਆਂ ਜ਼ਮੀਨਾਂ ਦਿੱਤੀਆਂ ਜਾ ਰਹੀਆਂ ਹਨ। ਮੈਂ ਇਸ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਵੀ ਅੱਛੀਆਂ ਜ਼ਮੀਨਾਂ ਦੇਣੀਆਂ ਚਾਹੀਦੀਆਂ ਹਨ।

**Mr. Speaker:** Please wind up.

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ:** ਸਪੀਕਰ ਸਾਹਿਬ, ਸਾਰਾ ਟਾਈਮ ਤਾਂ ਪੁਆਇੰਟ ਆਫ ਆਰਡਰਾਂ ਵਿਚ ਹੀ ਗੁਜ਼ਰ ਗਿਆ ਹੈ। ਇਸੇ ਤਰ੍ਹਾਂ ਹੀ ਬੇਟ ਦੇ ਇਲਾਕੇ ਵਿਚ ਠਾਕੁਰ ਸਿੰਘ ਦੀ ਕਾਫੀ ਜ਼ਮੀਨ ਹੈ। ਉਹ ਸਾਰੀ ਜ਼ਮੀਨ ਸੈਂਟਰਲ ਗੌਰਮਿੰਟ ਦੀ ਹੈ। ਉਸ ਦੀ ਵੀ ਨਿਲਾਮੀ ਹੋ ਕੇ ਹਰੀਜਨਾਂ ਨੂੰ ਮਿਲਣੀ ਚਾਹੀਦੀ ਹੈ।

ਮੇਰੇ ਹਲਕੇ ਜਲਾਲਾਬਾਦ ਵਿਚ ਕੋਈ ਸੜਕ ਨਹੀਂ ਹੈ ਜਿਹੜੀ ਕਿ ਦੂਸਰੀ ਸੜਕ ਨੂੰ ਮਿਲਾਵੇ। ਮੇਰੇ ਕਹਿਣ ਦਾ ਭਾਵ ਹੈ ਕਿ ਉਥੇ ਲਿੰਕ ਰੋਡਜ਼ ਨਹੀਂ ਹਨ। ਦੋ ਸਾਲ ਹੋਏ ਜਦੋਂ ਕਿ ਸਰਦਾਰ ਨਸੀਬ ਸਿੰਘ ਗਿੱਲ, ਮੇਰੇ ਹਲਕੇ ਵਿਚ ਗਏ ਸੀ, ਉਥੇ ਕਾਂਗਰਸ ਪਾਰਟੀ ਦੀ ਮੀਟਿੰਗ ਸੀ। ਕਾਫੀ ਆਨਰੇਬਲ ਮੈਂਬਰ ਉਥੇ ਆਏ ਹੋਏ ਸੀ। ਉਸ ਵੇਲੇ ਸਰਦਾਰ ਨਸੀਬ ਸਿੰਘ ਗਿੱਲ ਸਾਹਿਬ ਨੇ ਕਿਹਾ ਸੀ ਕਿ ਸਾਰੀ ਚੀਜ਼ਾਂ, ਇੱਟਾਂ, ਰੋੜੀ, ਲੁਕ ਆਦਿ ਸਾਡੇ ਕੋਲ ਹੈ ਅਤੇ ਅਸੀਂ ਸੜਕਾਂ ਬਣਾ ਦਿਆਂਗੇ। ਪਰ ਉਥੇ ਹਾਲੇ ਤਕ ਕੋਈ ਸੜਕ ਨਹੀਂ ਬਣੀ ਹੈ।

ਬਿਜਲੀ ਲਈ ਸਾਡੇ ਬਾਰਡਰ ਦੇ ਇਲਾਕੇ ਲਈ ਇੱਕ ਐਡਵਾਇਜ਼ਰੀ ਕਮੇਟੀ ਬਣੀ ਹੈ। ਸੀ. ਐਮ. ਸਾਹਿਬ ਉਸਦੇ ਚੇਅਰਮੈਨ ਹਨ। ਉਹ 16 ਕਿੱਲੋ ਮੀਟਰ ਦੀ ਪੱਟੀ ਨੂੰ ਕਿਹਾ ਗਿਆ ਸੀ ਕਿ ਜ਼ਿਆਦਾ ਪਰਾਇਰਟੀ ਦਿੱਤੀ ਜਾਏਗੀ। ਪਰ ਹਾਲੇ ਤਕ ਉਥੇ ਕਈ ਪਿੰਡ ਬਿਜਲੀ ਤੋਂ ਵਾਂਝੇ ਪਏ ਹਨ ਅਤੇ ਇਸੇ ਤਰ੍ਹਾਂ ਹੀ ਸਕੂਲਾਂ ਦੀ ਅਪਗਰੇਡੇਸ਼ਨ ਵੀ ਨਹੀਂ ਹੋਈ ਹੈ। ਜਲਾਲਾਬਾਦ ਅਤੇ ਫਾਜ਼ਿਲਕਾ ਦੇ ਹਲਕੇ ਵਿਚ ਇੱਕ ਵੀ ਹਾਈ ਸਕੂਲ ਨਹੀਂ ਹੈ। ਉਥੇ 16 ਕਿਲੋ ਮੀਟਰ ਦੀ ਪੱਟੀ ਖਾਲੀ ਪਈ ਹੈ। ਉਥੇ ਸਕੂਲਾਂ ਨੂੰ ਅਪਗਰੇਡ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਕੇ ਹੀ ਪਛੜੇ ਹੋਏ ਲੋਕਾਂ ਦਾ ਪਛੜਾਪਨ ਦੂਰ ਹੋ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

ਇਥੇ ਪਛੜੀਆਂ ਜਾਤੀਆਂ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਕਮਜ਼ੋਰ ਸ਼੍ਰੇਣੀਆਂ ਦੀ ਭਲਾਈ ਬਾਰੇ ਕਿਹਾ ਗਿਆ ਹੈ । ਪੰਜਾਬ ਵਿਚ 1947 ਤੋਂ ਪਹਿਲਾਂ 8 ਅਨੁਸੂਚਿਤ ਕਬੀਲਿਆਂ, ਸ਼ਡਿਊਲਡ ਟ੍ਰਾਈਬਜ਼ ਸਨ ਜਿਨ੍ਹਾਂ ਵਿਚੋਂ 7 ਲਈ ਰਿਜ਼ਰਵੇਸ਼ਨ ਕਰ ਲਈ ਗਈ ਹੈ ਪਰ ਅੱਠਵੀਂ ਨੂੰ ਛਡ ਦਿੱਤਾ ਗਿਆ ਹੈ । ਆਜ਼ਾਦੀ ਤੋਂ ਬਾਅਦ ਇਸ ਨੂੰ ਕੋਈ ਹੱਕ ਨਹੀਂ ਮਿਲੇ ਹਨ । ਇਹਦੇ ਨਤੀਜੇ ਵਜੋਂ ਸਾਰੇ ਆਜ਼ਾਦ ਹਿੰਦੁਸਤਾਨ ਵਿਚ ਰਾਏ ਸਿੱਖਾਂ ਵਲੋਂ ਆਈ.ਏ.ਐਸ. ਨੂੰ ਛੱਡ ਕੇ ਬਾਕੀ ਪਟਵਾਰੀ ਤੋਂ ਲੈਕੇ ਨਾਇਬ ਤਹਿਸੀਲ-ਦਾਰ ਤਕ ਕੋਈ ਰਾਏ ਸਿੱਖ ਨਹੀਂ ਹੈ । ਇਹ ਲੋਕ ਟੱਕਰਾਂ ਮਾਰਕੇ ਰਹਿ ਗਏ ਹਨ । ਸਾਡੇ ਮੁੱਖ ਮੰਤਰੀ ਜੀ ਨੇ ਪਿਛਲੇ ਸੈਸ਼ਨ ਵਿਚ ਕਿਹਾ ਸੀ ਅਤੇ ਅਫਸੋਸ ਪ੍ਰਗਟ ਕੀਤਾ ਸੀ ਪਰ ਫਿਰ ਵੀ ਇਨ੍ਹਾਂ ਵੀਕਰ ਸੈਕਸ਼ਨ ਦੀ ਰਿਜ਼ਰਵੇਸ਼ਨ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ ਹੈ । ਇਨ੍ਹਾਂ ਵਲ ਵੀ ਧਿਆਨ ਦੇਣਾ ਚਾਹੀਦਾ ਹੈ । ਹੁਣ ਸਰਕਾਰ ਨੇ ਇਨ੍ਹਾਂ ਦੀ ਵੈਲਫੇਅਰ ਲਈ ਇੱਕ ਕਮੇਟੀ ਬਣਾਈ ਹੈ । ਰਾਏ ਸਿੱਖਾਂ ਬਾਰੇ ਡਿਪਟੀ ਕਮਿਸ਼ਨਰਾਂ ਤੋਂ ਰਿਪੋਰਟਾਂ ਮੰਗਵਾਈਆਂ ਗਈਆਂ ਸਨ । ਛੇ ਮਹੀਨੇ ਹੋ ਗਏ ਹਨ ਪਰ ਕੋਈ ਰਿਪੋਰਟ ਉਨ੍ਹਾਂ ਵਲੋਂ ਨਹੀਂ ਆਈ ਹੈ। ਇਤਨੇ ਚਿਰ ਤੋਂ ਮਾਮਲਾ ਲਟਕਦਾ ਆ ਰਿਹਾ ਹੈ । ਡਿਪਟੀ ਕਮਿਸ਼ਨਰਾਂ ਵਲੋਂ ਰਿਪੋਰਟਾਂ ਆਉਣੀਆਂ ਚਾਹੀਦੀਆਂ ਹਨ । ਇਸ ਕੰਮ ਨੂੰ ਜਲਦੀ ਸਿਰੇ ਲਗਾਉਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਆਸ ਰਖਦਾ ਹਾਂ ਕਿ ਸਰਕਾਰ ਮੇਰੇ ਪਛੜੇ ਹੋਏ ਇਲਾਕੇ ਵਿਚ ਬਿਜਲੀ, ਸੜਕਾਂ ਅਤੇ ਸਕੂਲਾਂ ਨੂੰ ਅੱਪਗਰੇਡ ਕਰਨ ਦਾ ਕੰਮ ਜਲਦੀ ਕਰੇਗੀ । ਇਹ ਬਾਰਡਰ ਦੇ ਇਲਾਕੇ ਵਲ ਗਰੀਬ ਲੋਕਾਂ ਵਲ ਸਰਕਾਰ ਧਿਆਨ ਦੇਵੇਗੀ ਔਰ ਜਿਤਨੇ ਤਰੱਕੀ ਦੇ ਕੰਮ ਹਾਲੇ ਰਹਿ ਗਏ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਏਗਾ ।

**ਸ੍ਰੀ ਸਪੀਕਰ**: ਸਰਦਾਰ ਗੁਰਬਚਨ ਸਿੰਘ (ਰੋਪੜ) । ਪੰਜ ਪੰਜ ਮਿੰਟ ਲੈ ਲਉ ਕਿਉਂਕਿ 12-45 ਤੇ ਐਫ.ਐਮ ਸਾਹਿਬ ਬੋਲਣਾ ਚਾਹੁੰਦੇ ਹਨ ।

**ਸਰਦਾਰ ਗੁਰਬਚਨ ਸਿੰਘ** (ਰੋਪੜ) : ਡਾਕਟਰ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ 1976-77 ਦਾ ਬਜਟ ਜਿਹੜਾ ਕਿ ਖਬੂਸੂਰਤ ਫਾਈਨਾਂਸ ਮਨਿਸਟਰ ਸਾਹਿਬ ਨੇ ਆਪਣੀ ਅਕਲ ਦੀ ਖੂਬਸੂਰਤੀ ਨਾਲ ਤਿਆਰ ਕੀਤਾ, ਬੜਾ ਖੂਬਸੂਰਤ ਔਰ ਤਾਰੀਫਯੋਗ ਬਜਟ ਹੈ ਜਿਸ ਦੀ ਪੰਜਾਬ ਦੀ ਅਸੈਂਬਲੀ ਔਰ ਪੰਜਾਬ ਦੀ ਜਨਤਾ ਤਾਰੀਫ ਕੀਤੇ ਬਗੈਰ ਨਹੀਂ ਰਹਿ ਸਕਦੀ ਹੈ । ਇਸ ਬਜਟ ਤੇ ਡਾਕਟਰ ਗਿਆਨੀ ਜ਼ੈਲ ਸਿੰਘ, ਉਨ੍ਹਾਂ ਦੀ ਸਰਕਾਰ ਅਤੇ ਫਾਈਨੈਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ (ਥੰਪਿੰਗ) ਜਿਸ ਵੇਲੇ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਦੀ ਵਾਗ ਡੋਰ ਸੰਭਾਲੀ ਉਸ ਵੇਲੇ ਇਸ ਦਾ ਬਜਟ 86.75 ਕਰੋੜ ਸੀ, ਉਸ ਤੋਂ ਅਗਲੇ ਸਾਲ ਇਹ 126.58 ਕਰੋੜ ਰੁਪਏ ਦਾ ਸੀ ਅਤੇ ਉਸ ਤੋਂ ਬਾਅਦ ਅਗਲੇ ਸਾਲ ਇਹ 163.60 ਕਰੋੜ ਰੁਪਏ ਦਾ ਹੋਇਆ ਹੈ ਔਰ ਹੁਣ 1976-77 ਦੇ ਵਿਚ 219.47 ਕਰੋੜ ਰੁਪਿਆ ਹੋ ਗਿਆ ਹੈ ਜਿਹੜਾ ਕਿ ਮੈਂ ਸਮਝਦਾ ਹਾਂ 4 ਸਾਲਾਂ ਵਿਚ ਡੇਢ ਗੁਣਾ ਹੋ ਗਿਆ ਹੈ । ਇਹ ਪੰਜਾਬ ਦੀਆਂ ਵਖ ਵਖ ਸਕੀਮਾਂ ਦੇ ਵਿਚ ਇਤਨਾ ਵਡਾ ਬਜਟ ਲਗ ਕੇ ਪੰਜਾਬ ਦੀ ਇਸ ਤਰ੍ਹਾਂ ਦੀ ਹਾਲਤ ਹੋ ਜਾਵੇਗੀ ਜਿਹੋ ਜਿਹੀ ਤਕੜੇ ਪਹਿਲਵਾਨ ਦੇ ਬਲ ਦੀ ਹੁੰਦੀ ਹੈ । ਪੰਜਾਬ ਇਕ ਬੜਾ ਬਲਵਾਨ ਸੂਬਾ ਹੋ ਜਾਵੇਗਾ ਅਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਚਨ ਸਿੰਘ]

ਚੰਗੇ ਦ੍ਰਿਸ਼ਟੀਕੋਣ ਵਿਚ ਆ ਜਾਵੇਗਾ । ਪੰਜਾਬ ਦੇ ਵਿਚ 2 ਖੇਤਰ ਹਨ, ਇਕ ਇੰਡਸਟਰੀ ਅਤੇ ਦੂਸਰੀ ਖੇਤੀਬਾੜੀ ਜਾਂ ਐਗਰੀਕਲਚਰ । ਐਗਰੀਕਲਚਰ ਦੇ ਖੇਤਰ ਵਿਚ ਇਸ ਬਜਟ ਵਿਚ ਕਾਫੀ ਰੁਪਿਆ ਰਖਿਆ ਗਿਆ ਹੈ । ਜਿਹੜੀਆਂ 2 ਚੀਜ਼ਾਂ ਕਿਸਾਨਾਂ ਨੂੰ ਲੋੜੀਂਦੀਆਂ ਹਨ ਉਨ੍ਹਾਂ ਨੂੰ ਮੁਹੱਈਆ ਕਰਨ ਦੇ ਲਈ ਇਸ ਬਜਟ ਦੇ ਵਿਚ ਕਾਫੀ ਰੁਪਿਆ ਰਖਿਆ ਗਿਆ ਹੈ। ਇਸ ਬਜਟ ਦੇ ਵਿਚ ਬੜੇ ਬੜੇ ਚੰਗੇ ਕੰਮ ਕਰਨ ਲਈ ਪੈਸਾ ਰਖਿਆ ਗਿਆ ਹੈ । ਮਸਲਨ ਟੈਸਟ ਆਫ ਦੀ ਸੌਇਲ, ਭੋਂ ਦੀ ਪਰਖ ਕਰਨ ਵਾਸਤੇ ਬਜਟ ਵਿਚ ਪ੍ਰੋਵੀਜ਼ਨ ਕੀਤਾ ਗਿਆ ਹੈ ਤਾਂ ਕਿ ਇਸ ਸੂਬੇ ਦੀ ਜ਼ਿਆਦਾ ਉਪਜ ਹੋ ਸਕੇ । ਇਸੇ ਤਰ੍ਹਾਂ ਲੁਧਿਆਣੇ ਐਗਰੀਕਲਚਰ ਯੂਨੀਵਰਸਿਟੀ ਬੀਜ਼ਾਂ ਨੂੰ ਜ਼ਿਆਦਾ ਉਪਜਾਊ ਸ਼ਕਤੀ ਦੇਣ ਲਈ ਆਪਣਾ ਕੰਮ ਕਰ ਰਹੀ ਹੈ । ਇਸ ਦੇ ਵਿਚ ਇਹ ਵੀ ਯਤਨ ਕੀਤਾ ਗਿਆ ਹੈ ਕਿ ਜਿਨ੍ਹਾਂ ਕਿਸਾਨਾਂ ਕੋਲ, ਜਿਨ੍ਹਾਂ ਜ਼ਿਮੀਂਦਾਰਾਂ ਕੋਲ ਬੀਜ ਨਹੀਂ ਜਾਂਦਾ ਉਨ੍ਹਾਂ ਕੋਲ ਬੀਜ ਪਹੁੰਚਾਉਣ ਦਾ ਯਤਨ ਵੀ ਇਸ ਸਰਕਾਰ ਨੇ ਕੀਤਾ ਹੈ । ਇਸ ਲਈ ਸਪੀਕਰ ਸਾਹਿਬ, ਕੋਈ ਵਜ੍ਹਾ ਨਹੀਂ ਸਾਡੀ ਉਪਜਾਊ ਸ਼ਕਤੀ ਵਧ ਨਾ ਜਾਵੇ ਇਸੇ ਤਰ੍ਹਾਂ ਖਾਦ, ਦੇਸੀ ਖਾਦ ਦੇ ਨਮੂਨੇ ਦੇ ਤੌਰ ਤੇ ਮਹਿਕਮਾ ਐਗਰੀਕਲਚਰ ਹਰ ਢੰਗ ਨਾਲ ਜ਼ਿਮੀਦਾਰਾਂ ਨੂੰ ਉਤਸ਼ਾਹ ਦੇ ਰਿਹਾ ਹੈ। ਉਨ੍ਹਾਂ ਨੂੰ ਹਰ ਕਿਸਮ ਦੀ ਜਾਣਕਾਰੀ ਵੀ ਇਹ ਮਹਿਕਮਾਂ ਦਿੰਦਾ ਹੈ। ਵੱਖ ਵੱਖ ਕਿਸਮ ਦੀਆਂ ਫਸਲਾਂ ਦੀ ਜਾਣਕਾਰੀ ਨਵੇਂ ਢੰਗਾਂ ਨਾਲ ਖੇਤੀਬਾੜੀ ਦੀ ਜਾਣਕਾਰੀ, ਵਖ ਵਖ ਤਰੀਕਿਆਂ ਨਾਲ ਖੇਤੀਬਾੜੀ ਦੀ ਜਾਣਕਾਰੀ ਇਹ ਮਹਿਕਮਾ ਜ਼ਿਮੀਦਾਰਾਂ ਨੂੰ ਦਿੰਦਾ ਹੈ । ਰਿਸਾਲਿਆਂ ਰਾਹੀਂ ਅਤੇ ਰੇਡੀਓ ਰਾਹੀਂ ਅਤੇ ਹੋਰ ਹਰ ਪ੍ਰਕਾਰ ਲੋੜੀਂਦੀ ਸੂਚਨਾ ਹਰ ਵਕਤ ਜ਼ਿਮੀਦਾਰਾਂ ਨੂੰ ਦਿਤੀ ਜਾਂਦੀ ਹੈ । ਇਸੇ ਤਰ੍ਹਾਂ ਕੀੜੇ ਮਾਰ ਦਵਾਈਆਂ ਲਈ ਵੀ ਇਸ ਬਜਟ ਵਿਚ ਪ੍ਰੋਵੀਜ਼ਨ ਕੀਤਾ ਗਿਆ ਹੈ ਜੋ ਕਿ ਇਕ ਸ਼ਾਨਦਾਰ ਚੀਜ਼ ਹੈ ਤਾਂ ਕਿ ਕੀੜੇ ਮਾਰ ਦਵਾਈਆਂ ਦਾ ਛਿੜਕਾ ਕਰਕੇ ਜ਼ਿਮੀਂਦਾਰਾਂ ਦੀ ਜੋ ਫ਼ਸਲ ਕੀੜੇ ਮਕੌੜੇ ਤਬਾਹ ਕਰ ਜਾਂਦੇ ਸਨ ਉਸ ਤੋਂ ਬਚਾਇਆ ਜਾ ਸਕੇ । ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜ਼ਿਮੀਂਦਾਰਾਂ ਦੀਆਂ ਜਿਹੜੀਆਂ ਫਸਲਾਂ ਮੰਡੀਆਂ ਵਿਚ ਆਉਂਦੀਆਂ ਹਨ ਉਨ੍ਹਾਂ ਦੀ ਖਰੀਦ ਦੇ ਲਈ ਵਖ ਵਖ ਏਜੰਸੀਆਂ ਵੀ ਕਾਇਮ ਕੀਤੀਆਂ ਗਈਆਂ ਹਨ । ਇਹ ਸਰਕਾਰ ਦਾ ਕਦਮ ਬੜਾ ਹੀ ਸ਼ਲਾਘਾ ਯੋਗ ਹੈ । ਜੇ, ਸਪੀਕਰ ਸਾਹਿਬ, ਇਹ ਵਖ ਵਖ ਏਜੰਸੀਆਂ ਨਾ ਕਾਇਮ ਕੀਤੀਆਂ ਜਾਂਦੀਆਂ ਤਾਂ ਅਨਾਜ ਦਾ ਭਾਅ ਜੋ ਅੱਜ ਇਸ ਵੇਲੇ ਹੈ ਇਹ ਨਾ ਹੁੰਦਾ ਅਤੇ ਅਨਾਜ ਸ਼ਾਹੂਕਾਰ 70—75 ਰੁਪਏ ਦੇ ਹਿਸਾਬ ਨਾਲ ਖਰੀਦ ਕੇ ਪਬਲਿਕ ਨੂੰ ਬਾਅਦ ਵਿਚ 200 ਰੁਪਏ ਤਕ ਵੇਚਦਾ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਇਹ ਕਦਮ ਬੜਾ ਸ਼ਲਾਘਾ ਯੋਗ ਹੈ ।

ਇਸੇ ਤਰ੍ਹਾਂ ਸਪੀਕਰ ਸਾਹਿਬ, ਜਿਹੜੇ ਜ਼ਿਮੀਦਾਰਾਂ ਨੂੰ ਕਰਜ਼ੇ ਦਿਤੇ ਜਾਂਦੇ ਹਨ ਉਹ ਵੀ ਇਕ ਚੰਗੀ ਗਲ ਹੈ ਪਰ ਇਸ ਸਬੰਧ ਵਿਚ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਕਰਜ਼ੇ ਦੀ ਜਿਹੜੀ ਸ਼ਰਾ ਸੂਦ ਦੀ ਹੈ ਇਹ ਜ਼ਿਆਦਾ ਹੈ ਅਤੇ ਇਹ ਘਟ ਹੋਣੀ ਚਾਹੀਦੀ ਹੈ ਤਾਂ ਕਿ ਜ਼ਿਮੀਂਦਾਰ ਇਸ ਤੋਂ ਵਧ ਤੋਂ ਵਧ ਫਾਇਦਾ ਉਠਾ ਸਕੇ । (ਵਿਘਨ) ਸਪੀਕਰ ਸਾਹਿਬ, ਖਾਦ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਖਾਦ ਦੀ ਕੀਮਤ ਬਹੁਤ ਚੜ੍ਹੀ ਹੋਈ ਹੈ ਬੇਸ਼ਕ ਇਸ ਦੇ ਲਈ ਸਬਸਿਡੀ ਦਿਤੀ ਜਾਂਦੀ ਹੈ ਪਰ ਖਾਦ ਦੀ ਜਿਹੜੀ ਕੀਮਤ ਹੈ ਉਹ ਚੜ੍ਹੀ ਹੋਈ ਹੈ ਅਤੇ ਇਸ ਨੂੰ ਪਾਉਣ ਤੋਂ ਕਿਸਾਨ ਗੁਰੇਜ਼ ਕਰਦਾ ਹੈ । ਫਿਰ ਇਸ

Original with;
Punjab Vidhan Sabha
Digitized by;
Panjab Digital Library

ਦੇ ਵਿਚ ਇਕ ਹੋਰ ਵੀ ਗਲ ਹੈ ਕਿ ਪਿੰਡਾਂ ਦੇ ਵਿਚ ਕੋਆਪਰੇਟਿਵ ਸੋਸਾਇਟੀਆਂ ਖਾਦ ਜੋ ਦਿੰਦੀਆਂ ਹਨ ਉਸ ਦੇ ਵਿਚ ਇਕ ਲੂਪ ਹੋਲ ਉਨ੍ਹਾਂ ਨੇ ਰਖਿਆ ਹੋਇਆ ਹੈ। ਕੁਝ ਹੁਸ਼ਿਆਰ ਬੰਦੇ ਇਸ ਗਲ ਦਾ ਫਾਇਦਾ ਉਠਾ ਰਹੇ ਹਨ, ਪਤਾ ਨਹੀਂ ਕੀ ਵਜ੍ਹਾ ਹੈ ਕਿਉਂ ਇਸ ਤਰ੍ਹਾਂ ਕੀਤਾ ਗਿਆ ਹੈ? ਉਥੇ ਉਹ ਕਿਸਾਨਾਂ ਨੂੰ ਬੁਲਾ ਕੇ ਕਹਿੰਦੇ ਹਨ ਕਿ ਲੈ ਬਈ 'ਡੀ' ਫ਼ਾਰਮ ਭਰ ਦੇ ਉਸ ਤੋਂ ਦਸਤਖ਼ਤ ਵਗੈਰਾ ਉਸ ਵੇਲੇ ਫ਼ਾਰਮ ਦੇ ਉਤੇ ਕਰਵਾ ਲੈਂਦੇ ਹਨ ਲੇਕਿਨ ਖਾਦ ਕਈ ਦਿਨ ਦੇ ਬਾਅਦ ਆਉਂਦੀ ਹੈ। ਖਾਦ ਲਈ ਉਹ ਫ਼ਾਰਮ 'ਏ', 'ਬੀ', 'ਸੀ' ਭਰ ਕੇ ਦੇ ਦਿੰਦਾ ਹੈ ਅਤੇ 'ਡੀ' ਫ਼ਾਰਮ ਦੀ ਉਹ ਭਰ ਕੇ ਦੇ ਦਿੰਦਾ ਹੈ ਅਤੇ ਇਸ ਤਰ੍ਹਾਂ ਕਈ ਗਰੀਬ ਕਿਸਾਨ ਉਨ੍ਹਾਂ ਦੇ ਧੋਖੇ ਵਿਚ ਫਸ ਜਾਂਦੇ ਹਨ ਅਤੇ ਉਸ ਨੂੰ ਇਸ ਦਾ ਨੁਕਸਾਨ ਉਠਾਉਣਾ ਪੈਂਦਾ ਹੈ ਅਤੇ ਜਿਹੜੇ ਸੈਕਟਰੀ ਜਾਂ ਹੋਰ ਇੰਤਜ਼ਾਮੀਆਂ ਕਮੇਟੀ ਵਿਚ ਹੁਸ਼ਿਆਰ ਲੋਕ ਹਨ ਉਨ੍ਹਾਂ ਤੋਂ ਉਹ ਨਾਜਾਇਜ਼ ਫਾਇਦਾ ਉਠਾ ਲੈਂਦੇ ਹਨ। ਇਹੀ ਵਜ੍ਹਾ ਹੈ ਕਿ ਕਈ ਕੋਅਪਰੇਟਿਵ ਸੋਸਾਇਟੀਆਂ ਡੀਫਾਲਟਰ ਹੋਈਆਂ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਜਿਹੜਾ 'ਡੀ' ਫਾਰਮ ਹੈ ਇਹ ਹਟਾ ਦੇਣਾ ਚਾਹੀਦਾ ਹੈ ਤਾਂ ਜ਼ਰੱਅਈ ਦੇ ਖੇਤਰ ਵਿਚ ਕਿਸਾਨਾਂ ਦੀ ਪੂਰੀ ਮਦਦ ਹੋ ਸਕੇ। (ਘੰਟੀ) (ਵਿਘਨ) ਇਸ ਤੋਂ ਇਲਾਵਾ ਜ਼ਰੱਅਈ ਖੇਤਰ ਵਿਚ ਸਭ ਤੋਂ ਜ਼ਰੂਰੀ ਚੀਜ਼ਾਂ ਆਬਪਾਸ਼ੀ ਤੇ ਬਿਜਲੀ ਹੈ। ਆਬਪਾਸ਼ੀ ਦੇ ਲਈ ਇਸ ਬਜਟ ਦੇ ਵਿਚ 108 ਕਰੋੜ ਰੁਪਿਆ ਰਖਿਆ ਗਿਆ ਹੈ। ਇਹ ਇਕ ਬੜੀ ਸ਼ਲਾਘਾਯੋਗ ਗਲ ਹੈ। ਆਬਪਾਸ਼ੀ ਦੇ ਖੇਤਰ ਵਿਚ ਗਿਆਨੀ ਜੀ ਨੇ ਜਿਹੜਾ ਉਪਰਾਲਾ ਕੀਤਾ ਹੈ, ਜਿਹੜਾ ਜੰਮੂ ਐਂਡ ਕਸ਼ਮੀਰ ਗੌਰਮਿੰਟ ਦੇ ਨਾਲ ਫੈਸਲਾ ਕੀਤਾ ਹੈ ਇਹ ਇਕ ਬੜੀ ਸ਼ਲਾਘਾ ਯੋਗ ਗਲ ਹੈ। ਥੀਨ ਡੈਮ ਬਣ ਜਾਣ ਦੇ ਬਾਅਦ, ਅਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ ਬਣਨ ਦੇ ਬਾਅਦ, ਬਠਿੰਡਾ ਥਰਮਲ ਪਲਾਂਟ ਕੰਪਲੀਟ ਹੋ ਜਾਣ ਦੇ ਬਾਅਦ ਸਾਡੀ ਬਹੁਤ ਸਾਰੀ ਜ਼ਮੀਨ ਉਪਜਾਊ ਹੋ ਜਾਵੇਗੀ। (ਵਿਘਨ) (ਘੰਟੀ) ਆਬਪਾਸ਼ੀ ਲਈ ਸਰਕਾਰ ਆਪਣਾ ਪੂਰਾ ਧਿਆਨ ਦੇ ਰਹੀ ਹੈ। (ਘੰਟੀ)

ਇਸ ਤੋਂ ਇਲਾਵਾ ਸਪੀਕਰ ਸਾਹਿਬ, ਜਿਹੜਾ ਹੜ੍ਹਾਂ ਤੋਂ ਬਚਾਉਣ ਲਈ ਬੰਨ ਪੱਕੇ ਕਰਨ ਦਾ ਇਸ ਸਰਕਾਰ ਨੇ ਫੈਸਲਾ ਕੀਤਾ ਹੈ, ਇਹ ਵੀ ਸਲਾਘਾਯੋਗ ਹੈ। ਇਸੇ ਤਰ੍ਹਾਂ ਸੜਕਾਂ ਤੇ ਪੁਲਾਂ ਬਣਾਉਣ ਦੇ ਖੇਤਰ ਵਿਚ ਕਾਫੀ ਰੁਪਿਆ ਇਸ ਬਜਟ ਵਿਚ ਰਖਿਆ ਗਿਆ ਹੈ। ਇਥੇ ਪੀ. ਡਬਲਿਯੂ. ਡੀ. ਮਨਿਸਟਰ ਸਾਹਿਬ ਨੇ ਸਵਾਲਾਂ ਦੇ ਜਵਾਬ ਵਿਚ ਇਸ ਹਾਊਸ ਨੂੰ ਯਕੀਨ ਦੁਆਇਆ ਸੀ ਕਿ ਜਿਹੜੀਆਂ ਸੜ੍ਹਕਾਂ ਰਹਿੰਦੀਆਂ ਹਨ ਉਹ ਵੀ ਬਹੁਤ ਜਲਦੀ ਹੀ ਬਣਾ ਦਿਤੀਆਂ ਜਾਣਗੀਆਂ। ਲੇਕਿਨ ਸਪੀਕਰ ਸਾਹਿਬ, ਇਕ ਗਲ ਮੈਨੂੰ ਬੜੇ ਅਫ਼ਸੋਸ ਨਾਲ ਕਹਿਣੀ ਪੈਂਦੀ ਹੈ ਕਿ ਇਤਨਾ ਰੁਪਿਆ ਪੁਲਾਂ ਨੂੰ ਬਣਾਉਣ ਵਾਸਤੇ ਰਖਿਆ ਗਿਆ ਹੈ ਪਰ ਰੋਪੜ ਜ਼ਿਲ੍ਹੇ ਦੇ ਵਿਚ ਇਸ ਕਮ ਲਈ ਧਿਆਨ ਨਹੀਂ ਰਖਿਆ ਗਿਆ। ਰੋਪੜ ਤੋਂ ਚਮਕੌਰ ਸਾਹਿਬ ਨੂੰ ਦੋ ਨਦੀਆਂ ਬੁਤਕੀ ਅਤੇ ਸਿਸਵਾਂ ਪੈਂਦੀਆਂ ਹਨ। ਬਰਸਾਤਾਂ ਵਿਚ ਤਕਰੀਬਨ ਤਿੰਨ ਮਹੀਨੇ ਉਥੇ ਲੋਕਾਂ ਨੂੰ ਬਹੁਤ ਤਕਲੀਫ ਪੇਸ਼ ਆਉਂਦੀ ਹੈ। ਇਨ੍ਹਾਂ ਦਿਨਾਂ ਦੇ ਵਿਚ ਉਥੇ ਦੇ ਲੋਕੀਂ ਇਹ ਮਹਿਸੂਸ ਕਰਦੇ ਹਨ ਕਿ ਅਸੀਂ ਆਜ਼ਾਦ ਨਹੀਂ ਹਾਂ। ਇਸ ਲਈ ਮੇਰੀ ਅਰਜ਼ ਹੈ ਕਿ ਉਥੇ ਦੇ ਲੋਕਾਂ ਨੂੰ ਆਜ਼ਾਦ ਕਰਨ ਦੇ ਲਈ ਪੀ. ਡਬਲਿਯੂ. ਡੀ. ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਉਥੇ ਪੁਲ ਜਲਦੀ ਤੋਂ ਜਲਦੀ ਬਣਾਉਣ ਤਾਂਕਿ ਲੋਕਾਂ ਨੂੰ ਮੁਸ਼ਕਲ ਤੋਂ ਬਚਾਇਆ ਜਾ ਸਕੇ। ਮੈਂ ਸਰਕਾਰ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਉਹ ਕੰਮ ਇਸ ਲਈ ਵੀ ਜ਼ਰੂਰੀ ਹੈ ਕਿ ਬਹੁਤ ਸਾਰੇ ਲੋਕ ਅੰਨਦਪੁਰ ਸਾਹਿਬ, ਚਮਕੌਰ ਸਾਹਿਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਚਨ ਸਿੰਘ]

ਮੱਥਾ ਟੇਕਣ ਲਈ ਜਾਂਦੇ ਹਨ, ਉਹ ਆਪਣੀ ਸ਼ਰਧਾਂਜਲੀ ਸਾਹਿਬ ਬਾਬਾ ਅਜੀਤ ਸਿੰਘ ਤੇ ਝੁਜਾਰ ਸਿੰਘ ਜੀ ਨੂੰ ਭੇਟ ਕਰਨ ਲਈ ਜਾਂਦੇ ਹਨ ਔਰ ਉਨ੍ਹਾਂ ਨੂੰ ਵੀ ਬੜੀ ਦਿਕੱਤ ਪੇਸ਼ ਆਉਂਦੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਜਿਥੇ ਪੁਲਾਂ ਵਾਸਤੇ ਇਸ ਬਜਟ ਵਿਚ ਦਿਤਨਾ ਰੁਪਿਆ ਰਖਿਆ ਹੈ ਉਥੇ ਇਸ ਗੱਲ ਵਲ ਵੀ ਧਿਆਨ ਰਖਿਆ ਜਾਵੇ ਕਿ ਇਹ ਪੁਲ ਜਲਦੀ ਤੋਂ ਜਲਦੀ ਬਣਾਏ ਜਾਣ ਤਾਂਕਿ ਲੋਕਾਂ ਨੂੰ ਸਹੂਲਤ ਹੋ ਸਕੇ । (ਘੰਟੀ)

ਇਸੇ ਤਰ੍ਹਾਂ ਸਪੀਕਰ ਸਾਹਿਬ, ਪੰਜਾਬ ਦੇ ਵਿਚ ਜੋ ਇੰਡਸਟਰੀ ਹੈ ਉਸ ਦੇ ਬਾਰੇ ਵੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਇਤਨੇ ਲੈਟਰ ਆਫ ਇੰਟੇਂਟ ਇਸ ਪੰਜਾਬ ਵਿਚ ਇੰਡਸਟਰੀਜ਼ ਵਾਸਤੇ ਆਏ ਹਨ, ਮੈਂ ਡਾਕਟਰ ਗਿਆਨੀ ਜ਼ੈਲ ਸਿੰਘ ਜੀ ਨੂੰ ਇਹ ਬੇਨਤੀ ਕਰਾਂਗਾ ਕਿ ਰੋਪੜ ਦਾ ਇਸ ਦੇ ਵਿਚ ਖਿਆਲ ਰਖਿਆ ਜਾਵੇ । ਪਹਿਲਾਂ ਉਥੇ ਇਕ ਟਾਇਰ ਟਿਊਬ ਦਾ ਕਾਰਖਾਨਾ ਖੋਲ੍ਹਣ ਦਾ ਵਿਚਾਰ ਸੀ ਪਤਾ ਨਹੀਂ ਉਹ ਗਲ ਹੁਣ ਕਿਹੜੇ ਕੋਲਡ ਸਟੋਰ ਵਿਚ ਚਲੀ ਗਈ ਹੈ । ਮੈਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਸਾਡੇ ਰੋਪੜ ਵਿਚ 2-3 ਕਾਰਖਾਨੇ ਲਗਵਾਉਣ ਤਾਂ ਕਿ ਉਥੇ ਦੇ ਲੋਕਾਂ ਨੂੰ ਵੀ ਰੁਜ਼ਗਾਰ ਮਿਲ ਸਕੇ, ਉਹ ਇਲਾਕਾ ਵੀ ਤਰੱਕੀ ਕਰ ਸਕੇ । (ਘੰਟੀ)

**ਸ੍ਰੀ ਸਪੀਕਰ :** ਤਸ਼ਰੀਫ ਰਖੋ ਜੀ ।

**ਸਰਦਾਰ ਗੁਰਬਚਨ ਸਿੰਘ :** ਬਸ ਜੀ ਦੋ ਮਿੰਟ ਵਿਚ ਹੀ ਮੈਂ ਆਪਣੀ ਸਪੀਚ ਖਤਮ ਕਰ ਦਿੰਦਾ ਹਾਂ । ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਬੈਕਵਰਡ ਕਰਾਰ ਦਿਤਾ ਗਿਆ ਹੈ ਇਸੇ ਤਰ੍ਹਾਂ ਰੋਪੜ ਨੂੰ ਵੀ ਬੈਕਵਰਡ ਕਰਾਰ ਦੇ ਕੇ ਇਸ ਇਲਾਕੇ ਨੂੰ ਇੰਡਸਟਰੀ ਦੇਣੀ ਚਾਹੀਦੀ ਹੈ ਅਤੇ ਹੋਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ । (ਘੰਟੀ) (ਵਿਘਨ)

ਅੰਤ ਵਿਚ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੇ ਖੇਤਰ ਵਿਚ, ਖੇਤੀਬਾੜੀ ਦੇ ਖੇਤਰ ਵਿਚ ਪੰਜਾਬ ਨੇ ਬੜੀ ਤਰੱਕੀ ਕੀਤੀ ਹੈ । ਪੰਜਾਬੀਆਂ ਦੀ ਪਰ ਕੈਪੀਟਾ ਇਨਕਮ ਜੋ ਹੈ ਉਹ ਮੈਂ ਦੱਸਣਾ ਚਾਹੁੰਦਾ ਹਾਂ ਕਿ 1971-72 ਵਿਚ 1054 ਰੁਪਏ ਸੀ । (ਘੰਟੀ)

**ਸ੍ਰੀ ਸਪੀਕਰ :** ਹੁਣ ਤਸ਼ਰੀਫ ਰਖੋ ।

**ਸਰਦਾਰ ਗੁਰਬਚਨ ਸਿੰਘ :** ਬਸ ਜੀ ਇਕ ਮਿੰਟ । 1972-73 ਵਿਚ 1,105 ਰੁਪਏ ਸੀ । 1973-74 ਵਿਚ 1386 ਰੁਪਏ ਸੀ । (ਵਿਘਨ) (ਘੰਟੀ) ਔਰ ਇਸ ਦੇ ਬਾਅਦ ਹੁਣ ਇਹ ਪਰ ਕੈਪੀਟਾ ਇਨਕਮ ਡਿਉਢੀ ਹੋ ਗਈ ਹੈ । (ਘੰਟੀ) (ਵਿਘਨ) ਬਸ ਜੀ ਇਤਨਾ ਕਹਿਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ ।

**ਸਰਦਾਰ ਪ੍ਰਿਥੀਪਾਲ ਸਿੰਘ (ਅੰਮ੍ਰਿਤਸਰ ਦੱਖਣ) :** ਸਤਿਕਾਰ ਯੋਗ ਸਪੀਕਰ ਸਾਹਿਬ, ਮੈਂ ਬਜਟ ਦੀ ਹਿਮਾਇਤ ਕਰਨ ਲਈ ਖੜ੍ਹਾ ਹੋਇਆ ਹਾਂ । ਵਿੱਤ ਮੰਤਰੀ ਜੀ ਨੇ ਇਹ ਜਿਹੜਾ ਬਜਟ ਪੇਸ਼ ਕੀਤਾ ਹੈ ਇਹ ਬੜਾ ਚੰਗਾ ਬਜਟ ਹੈ । ਇਸ ਦੇ ਲਈ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । ਭਾਵੇਂ ਬਜਟ ਵਿਚ 14 ਕਰੋੜ 80 ਲੱਖ ਦਾ ਘਾਟਾ ਹੈ ਅਤੇ ਇਹ

Original with;
Punjab Vidhan Sabha
Digitized by;
Panjab Digital Library

ਅਗੇ ਵੱਧ ਕੇ 22 ਕਰੋੜ ਰੁਪਏ ਹੋ ਜਾਣਾ ਹੈ ਕਿਉਂਕਿ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਭੱਤੇ ਦੀਆਂ ਦੋ ਕਿਸ਼ਤਾਂ ਦਿੱਤੀਆਂ ਜਾਣੀਆਂ ਹਨ, ਬਾਵਜੂਦ ਇਸ ਗੱਲ ਦੇ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ। ਸਗੋਂ ਟੈਕਸਾਂ ਦੀ ਚੋਰੀ ਨੂੰ ਰੋਕ ਕੇ ਅਤੇ ਏਰੀਅਰਜ਼ ਦੀ ਉਗਰਾਹੀ ਕਰਕੇ ਅਤੇ ਹੋਰ ਵਸੀਲਿਆਂ ਤੋਂ ਇਹ ਖਸਾਰਾ ਪੂਰਾ ਕੀਤਾ ਜਾਣਾ ਹੈ।

ਸਪੀਕਰ ਸਾਹਿਬ, ਜਦੋਂ ਦੀ ਐਮਰਜੰਸੀ ਲਾਗੂ ਹੋਈ ਹੈ, ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਤ ਵਿਚ ਸੁਧਾਰ ਹੋਇਆ ਹੈ। ਅਗਰ ਪਿਛਲੇ ਸਾਲਾਂ ਨੂੰ ਮੁੱਖ ਰੱਖ ਕੇ ਵੇਖਿਆ ਜਾਏ ਤਾਂ ਪਤਾ ਲਗੇਗਾ ਕਿ ਐਮਰਜੰਸੀ ਦੇ ਦੌਰਾਨ ਬਹੁਤ ਘੱਟ ਜੁਰਮ ਹੋਏ ਹਨ। ਐਮਰਜੰਸੀ ਲਾਗੂ ਹੋਣ ਪਿਛੋਂ ਰਾਜ ਵਿਚ ਬੜੇ ਅਮਨ ਭਰਪੂਰ ਹਾਲਾਤ ਹੋ ਗਏ ਹਨ। ਸਮੱਗਲਰਾਂ ਨੂੰ ਡਿਸਕਰੇਜ ਕੀਤਾ ਹੈ, ਵਿਦੇਸ਼ੀ ਸਿੱਕੇ ਦੀ ਹੇਰਾ ਫੇਰੀ ਕਰਨ ਵਾਲਿਆਂ ਤੇ ਕੜੀ ਨਜ਼ਰ ਰਖੀ ਹੈ ਅਤੇ ਸਮਾਜ ਵਿਰੋਧੀ ਅਨਸਰ ਨੂੰ ਦਬਾਇਆ ਹੈ। ਸ਼੍ਰੀਮਤੀ ਇੰਦਰਾ ਗਾਂਧੀ ਨੇ 20-ਨੁਕਾਤੀ ਪ੍ਰੋਗਰਾਮ ਦਾ ਐਲਾਨ ਕੀਤਾ ਹੈ ਜਿਸ ਨਾਲ ਗਰੀਬਾਂ ਨੂੰ ਰਾਹਤ ਮਿਲੇਗੀ। ਸਾਡੀ ਪੰਜਾਬ ਸਰਕਾਰ ਨੇ ਸਾਰੇ ਪਿੰਡਾਂ ਵਿਚ ਸੱਸਤੇ ਭਾਅ ਦੇ ਡਿਪੂ ਖੋਲ੍ਹੇ ਹਨ ਤਾਂ ਕਿ ਜ਼ਰੂਰਤ ਦੀਆਂ ਵਸਤਾਂ ਉਨ੍ਹਾਂ ਲੋਕਾਂ ਨੂੰ ਠੀਕ ਢੰਗ ਨਾਲ ਮਿਲ ਸਕਣ।

ਸਪੀਕਰ ਸਾਹਿਬ, ਪੰਜਾਬ ਅਨਾਜ ਦਾ ਭੰਡਾਰ ਹੈ। ਪੰਜਾਬ ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਵਿਚ 60 ਪ੍ਰਤੀਸ਼ਤ ਹਿੱਸਾ ਪਾਉਂਦਾ ਹੈ, ਪਰ ਇੰਡਸਟਰੀ ਦੇ ਖੇਤਰ ਵਿਚ ਪੰਜਾਬ ਪਿਛੇ ਹੈ। ਪੰਜਾਬ ਵਿਚ ਸਮਾਲ ਸਕੇਲ ਇੰਡਸਟਰੀ ਕਾਫੀ ਹੈ ਪਰ ਉਹ ਸਿਰਫ ਜ਼ਿਲ੍ਹਾ ਲੁਧਿਆਣਾ ਅਤੇ ਅੰਮ੍ਰਿਤਸਰ ਵਿਚ ਹੀ ਹੈ। ਇਹ ਠੀਕ ਹੈ ਕਿ ਵੱਡੇ ਪੈਮਾਨੇ ਦੀ ਇੰਡਸਟਰੀ, ਬਾਰਡਰ ਦਾ ਏਰੀਆ ਹੋਣ ਕਰਕੇ, ਬਹੁਤ ਨਹੀਂ ਲਗ ਸਕੀ। ਮੈਂ ਬੇਨਤੀ ਕਰਾਂਗਾ ਕਿ ਵੱਡੀ ਇੰਡਸਟਰੀ ਵੀ ਲਾਈ ਜਾਏ। ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਢੰਡਾਰੀ ਕਲਾਂ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਰਾਜਪੁਰਾ ਵਿਚ ਫੋਕਲ ਪੁਆਇੰਟ ਬਣਾਏ ਹਨ। ਮੈਂ ਅਰਜ਼ ਕਰਾਂਗਾ ਕਿ ਅੰਮ੍ਰਿਤਸਰ ਵਿਚ ਵੀ ਫੋਕਲ ਪੁਆਇੰਟ ਬਣਾਇਆ ਜਾਵੇ।

ਸਪੀਕਰ ਸਾਹਿਬ, ਹੁਣ ਮੈਂ ਅੰਮ੍ਰਿਤਸਰ ਦੇ ਮੁਤੱਅਲਕ ਕੁਝ ਅਰਜ਼ ਕਰਾਂਗਾ। ਅੰਮ੍ਰਿਤਸਰ ਵਿਚ ਪਾਵਰ-ਹਾਊਸ ਠੀਕ ਢੰਗ ਨਾਲ ਪਿਛਲੇ ਸਠਾਂ (60) ਸਾਲਾਂ ਤੋਂ ਚਲ ਰਿਹਾ ਹੈ। ਮਿਊਂਸਪਲ ਕਮੇਟੀ ਅੰਮ੍ਰਿਤਸਰ ਇਸ ਦੀ ਲਾਇਸੈਂਸੀ ਹੈ। ਇਸ ਖੇਤਰ ਵਿਚ ਪਾਵਰ-ਹਾਊਸ ਅੰਮ੍ਰਿਤਸਰ ਦੀ ਕਮੇਟੀ ਨੂੰ 36 ਲੱਖ ਰੁਪਏ ਸਾਲਾਨਾ ਨਾਨ ਟੈਕਸ ਦੇ ਇਕੱਠਾ ਕਰਕੇ ਦਿੰਦੀ ਹੈ। ਅੱਜ ਮਿਊਂਸਪਲ ਕਮੇਟੀ, ਭਾਵੇਂ ਸਸਪੈਂਡ ਹੈ ਅਤੇ ਐਡਮਨਿਸਟਰੇਟਰ ਠੀਕ ਢੰਗ ਨਾਲ ਕੰਮ ਕਰ ਰਿਹਾ ਹੈ। ਇਹ ਪਾਵਰ-ਹਾਊਸ ਬਿਜਲੀ ਬੋਰਡ ਨੂੰ ਦੇਣ ਨਾਲ ਲੋਕਾਂ ਦੇ ਜਜ਼ਬਾਤ ਭੜਕ ਉਠਣਗੇ। ਉਸ ਪਾਵਰ ਹਾਊਸ ਵਿਚ ਕੋਈ ਇਕ ਹਜ਼ਾਰ ਦੇ ਕਰੀਬ ਮੁਲਾਜ਼ਮ ਹਨ ਜਿਹੜੇ ਉਸ ਵਿਚ ਕੰਮ ਕਰਦੇ ਹਨ। ਜਦੋਂ ਬੋਰਡ ਕੋਲ ਚਲਾ ਗਿਆ ਤਾਂ ਉਨ੍ਹਾਂ ਲੋਕਾਂ ਦੀ ਟਰਾਂਸਫਰ ਹੋ ਜਾਏਗੀ ਅਤੇ ਉਨ੍ਹਾਂ ਦੀਆਂ ਫੈਮਲੀਜ਼ ਨੂੰ ਬੜੀ ਪ੍ਰੇਸ਼ਾਨੀ ਹੋਵੇਗੀ। ਇਸ ਤੋਂ ਇਲਾਵਾ ਪਾਵਰ-ਹਾਊਸ ਦੇ ਟਰਾਂਸਫਰ ਹੋ ਜਾਣ ਨਾਲ ਕਮੇਟੀ ਨੂੰ 36 ਲੱਖ ਦਾ ਘਾਟਾ ਪਵੇਗਾ ਅਤੇ ਉਸ ਘਾਟੇ ਨੂੰ ਪੂਰਾ ਕਰਨ ਵਾਸਤੇ ਕਮੇਟੀ ਨੂੰ ਟੈਕਸ਼ ਲਾਉਣੇ ਪੈਣਗੇ। ਕੇਵਲ ਅੰਮ੍ਰਿਤਸਰ ਹੀ ਨਹੀਂ ਬਲਕਿ ਹੋਰ ਵੀ ਬੜੇ ਬੜੇ ਸ਼ਹਿਰਾਂ ਵਿਚ ਜਿਵੇਂ ਬੰਬਈ, ਦਿੱਲੀ, ਕਾਨਪੁਰ ਅਤੇ ਕੱਲਕਤਾ ਵਿਚ ਕਾਰਪੋਰੇਸ਼ਨਾਂ ਹੀ ਆਪਣੇ ਬਿਜਲੀ ਘਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਿਥੀਪਾਲ ਸਿੰਘ]

ਚਲਾ ਰਹੀਆਂ ਹਨ । ਇਸ ਕਰਕੇ ਮੈਂ ਅਰਜ਼ ਕਰਾਂਗਾ ਕਿ ਅਮ੍ਰਿਤਸਰ ਵਿਚ ਵੀ ਬਿਜਲੀ ਘਰ ਮਿਉਂਸਪਲ ਕਮੇਟੀ ਕੋਲ ਹੀ ਰਹਿਣ ਦਿਤਾ ਜਾਏ । ਅੰਮ੍ਰਿਤਸਰ ਜਲਦੀ ਹੀ ਕਾਰਪੋਰੇਸ਼ਨ ਬਣਨ ਵਾਲੀ ਹੈ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਇਸ ਗਲ ਤੇ ਜ਼ਰੂਰ ਗੌਰ ਕੀਤਾ ਜਾਏ । ਇਨ੍ਹਾਂ ਲਫਜਾਂ ਨਾਲ, ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਕੇ ਬੈਠਦਾ ਹਾਂ ।

**ਵਿੱਤ ਮੰਤਰੀ** (ਸ਼੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਸਾਰੇ ਮੈਂਬਰ ਸਾਹਿਬਾਨ ਦਾ ਜਿਨ੍ਹਾਂ ਨੇ ਮਜਮੂਈ ਤੌਰ ਤੇ ਇਸ ਬਜਟ ਦਾ ਸੁਆਗਤ ਕੀਤਾ ਹੈ । ਔਰ ਤਾਰੀਫ ਕੀਤੀ ਹੈ ਔਰ ਇਸ ਦੇ ਮੁਖਤਲਿਫ ਪਹਿਲੂ ਹਾਊਸ ਦੇ ਸਾਹਮਣੇ ਰੱਖੇ ਹਨ । ਐਮਰਜੈਂਸੀ ਨਾਲ ਜ਼ਿਆਦਾ ਫਾਇਦਾ ਇਕ ਜੋ ਹੋਇਆ ਹੈ ਉਹ ਇਹ ਵੀ ਹੋਇਆ ਕਿ ਜ਼ਿਆਦਾ ਬਜਟ ਦਾ ਪੜ੍ਹਨਾ ਸੋਚਣਾ, ਸਮਝਣਾ ਅਤੇ ਇਸ ਦਾ ਅਖਬਾਰਾਂ ਵਿਚ ਵੀ ਕਾਫੀ ਜ਼ਿਕਰ ਆਉਣਾ. ਇਹ ਐਮਰਜੈਂਸੀ ਦੀ ਵਜ੍ਹਾ ਕਰਕੇ ਹੋਇਆ ਹੈ । ਵਰਨਾ ਹੋਰ ਹੀ ਗਲਾਂ ਬਾਤਾਂ ਵਿਚ ਟਾਈਮ ਵੇਸਟ ਹੋ ਜਾਂਦਾ ਹੁੰਦਾ ਸੀ । ਅਸਲ ਜਿਹੜੇ ਪੰਜਾਬ ਦੇ ਮਸਲੇ ਹਨ ਇਕਨਾ-ਮਿਕ ਔਰ ਸੋਸ਼ਲ ਉਹ ਕਈ ਵਾਰੀ ਰਹਿ ਜਾਂਦੇ ਸੀ । ਸਪੀਕਰ ਸਾਹਿਬ, ਹਾਊਸ ਦੇ ਲੀਡਰ ਸਾਹਿਬ ਗਿਆਨੀ ਜ਼ੈਲ ਸਿੰਘ ਜੀ ਵੱਲੋਂ ਮੈਨੂੰ ਇਕ ਆਦੇਸ਼ ਮਿਲਿਆ ਸੀ ਕਿ ਇਹ ਬਜਟ ਪ੍ਰਾਈਮ ਮਨਿਸਟਰ ਸਾਹਿਬਾ ਦੇ 20-ਪੁਆਇੰਟ ਪ੍ਰੋਗਰਾਮ ਦੇ ਮੁਤਾਬਕ ਚਲਣਾ ਚਾਹੀਦਾ ਹੈ ਔਰ ਹਾਊਸ ਦੇ ਮੈਂਬਰਾਨ ਸਾਹਿਬ ਖੁਸ਼ ਹੋਣਗੇ ਕਿ ਜਿਸ ਦਿਨ ਇਸ ਪ੍ਰੋਗਰਾਮ ਦਾ ਐਲਾਨ ਹੋਇਆ ਉਸ ਦਿਨ ਤੋਂ ਅਸੀਂ ਕਰੰਟ ਈਅਰ ਦੇ ਬਜਟ ਨੂੰ ਨਵੀਂ ਡਾਇਰੈਕਸ਼ਨ ਦਿਤੀ ਔਰ ਕੁਝ ਜ਼ਿਆਦਾ ਜ਼ੋਰ ਤੇ ਐਮਫੇਸਿਜ਼ ਉਸ ਪ੍ਰੋਗਰਾਮ ਤੇ ਦੇਣ ਵਾਸਤੇ ਇਕ ਕਾਪੀ ਮੈਂਬਰ ਸਾਹਿਬਾਨ ਨੂੰ ਦਿਤੀ ਹੈ, 'ਬਜਟ ਐਂਡ ਦੀ 20-ਪੁਆਇੰਟ ਸੋਸ਼ੋ-ਇਕਨਾਮਿਕ ਪ੍ਰੋਗਰਾਮ' । ਇਸ ਨੂੰ ਲਾਗੂ ਕਰਨ ਲਈ ਕਰੰਟ ਈਅਰ ਵਿਚ ਵੀ 4 ਕਰੋੜ 64 ਲੱਖ ਰੁਪਏ ਦੀ ਤਬਦੀਲੀ ਕਰਨੀ ਪਈ । ਇਹ ਖਰਚ ਸਾਨੂੰ ਇਸ ਪਾਸੇ ਵੱਲ ਲਗਾਉਣਾ ਪਿਆ ਜਿਹੜੇ ਪ੍ਰਾਈਮ ਮਨਿਸਟਰ ਸਾਹਿਬਾ ਦੇ ਪੁਆਇੰਟਸ ਸਨ । ਫਿਰ, ਸਪੀਕਰ ਸਾਹਿਬ, 1976-77 ਦਾ ਬਜਟ ਜਿਸ ਤੇ ਭਾਸ਼ਣ ਹੋ ਰਹੇ ਹਨ ਉਸ ਦੇ ਇਕੱਲੇ ਇਕੱਲੇ ਪੁਆਇੰਟ ਤੇ ਧਿਆਨ ਦਿਤਾ ਹੈ ਅਤੇ ਪੂਰਾ ਕਰਨ ਤੇ ਜ਼ੋਰ ਲਾਇਆ ਹੈ ਔਰ ਪੈਸੇ ਰੱਖੇ ਹਨ । ਪਹਿਲੀ ਆਈਟਮ ਜਿਸ ਤਰ੍ਹਾਂ ਵੇਖਿਆ ਗਿਆ ਹੈ : 'ਡਿਸਟਰੀਬਿਊਸ਼ਨ ਆਫ ਅਸੈਂਸ਼ੀਅੱਲ ਕਮੋਡਿਟੀਜ਼' । ਇਸ ਪੁਆਇੰਟ ਦੇ ਅੰਦਰ ਜਿਹੜੀਆਂ ਡਿਫੰਕਟ ਸੋਸਾਇਟੀਆਂ ਸਨ ਖਾਣ ਪੀਣ ਦੀਆਂ ਚੀਜ਼ਾਂ ਨਹੀਂ ਸੀ ਪ੍ਰੋਵਾਈਡ ਕਰਦੀਆਂ, ਉਨ੍ਹਾਂ ਲਈ 61 ਲੱਖ 42 ਹਜ਼ਾਰ ਰੁਪਏ ਦਾ ਪ੍ਰਬੰਧ ਕੀਤਾ ਹੈ ਤਾਂ ਕਿ ਸਾਰੇ ਪਿੰਡਾਂ ਵਿਚ ਜਿਥੇ ਸੋਸਾਇਟੀਆਂ ਕੰਮ ਨਹੀਂ ਕਰਦੀਆਂ ਉਥੇ ਡਿਪੂ ਖੋਲ੍ਹੇ ਜਾਣ ਤਾਂ ਕਿ ਚੀਜ਼ਾਂ ਲੋਕਾਂ ਨੂੰ ਮੁਨਾਸਬ ਕੀਮਤ ਤੇ ਮਿਲ ਜਾਣ । ਪ੍ਰੋਕਿਉਰਸੈਂਟ ਐਂਡ ਸਪਲਾਈ ਵਾਸਤੇ 1 ਕਰੋੜ 15 ਲੱਖ ਅਤੇ ਕੰਨਜ਼ਿਊਮਰਜ਼ ਕੋਆਪ੍ਰੇਟਿਵਜ਼ ਵਾਸਤੇ 33 ਲੱਖ 45 ਹਜ਼ਾਰ ਰੁਪਿਆ ਰਖਿਆ ਹੈ ਇਹ ਪ੍ਰਾਈਮ ਮਨਿਸਟਰ ਸਾਹਿਬਾ ਦਾ ਪਹਿਲਾ ਪੁਆਇੰਟ ਸੀ । ਦੂਸਰਾ ਪੁਆਇੰਟ ਸੀ ਲੈਂਡ ਸੀਲਿੰਗ ਬਾਰੇ ਤੇ ਅਸੀਂ ਲੈਂਡ ਸੀਲਿੰਗ ਬਾਰੇ ਅੱਜ ਵੀ ਕੋਈ ਸਾਢੇ 9 ਲੱਖ ਰੁਪਿਆ ਰਖਿਆ ਹੈ ਤਾਂ ਕਿ ਲੈਂਡ ਰਿਫਾਰਮਜ਼ ਐਕਟ ਤੇ ਅਮਲ ਆਸਾਨੀ ਨਾਲ ਹੋ ਸਕੇ ਔਰ ਸਰਪੱਲਸ ਏਰੀਆ ਯੂਟੇਲਾਈਜ਼ ਹੋ ਸਕੇ । ਲੈਂਡ ਆਨਰਜ਼ ਨੂੰ ਕੰਪੇਨਸੇਸ਼ਨ ਦੇਣ ਲਈ 1 ਕਰੋੜ 39 ਲੱਖ ਰਖਿਆ ਹੈ । ਫਿਰ ਲੀਗਲ

Original with;
Punjab Vidhan Sabha
Digitized by;
Panjab Digital Library

ਏਡ ਵਾਸਤੇ 10 ਹਜ਼ਾਰ ਰੁਪਿਆ ਰਖਿਆ ਸੀ ਪਰ ਬਜਟ ਸਪੀਚ ਵਿਚ 10 ਲੱਖ ਕਰਨਾ ਪਿਆ ਕਿਉਂਕਿ ਜਿਹੜੇ ਗਰੀਬ ਲੋਕ ਹਨ, ਜਿਹੜੇ ਗਰੀਬ ਵਰਕਰ ਹਨ ਜਿਸ ਦੇ ਕੋਲ ਹਿੰਮਤ ਨਹੀਂ ਕਿ ਅਦਾਲਤਾਂ ਵਿਚ ਜਾ ਸਕਣ ਉਨ੍ਹਾਂ ਦੀ ਜੈਨੂਅਨ ਮਦਦ ਕੀਤੀ ਜਾ ਸਕੇ ਤਾਂਕਿ ਉਹ ਵੀ ਚੰਗੇ ਵਕੀਲ ਕਰਕੇ ਆਪਣਾ ਹੱਕ ਪ੍ਰਾਪਤ ਕਰ ਸਕਣ । ਤੀਸਰਾ ਪੁਆਇੰਟ ਜਿਹੜਾ ਹੈ ਉਹ ਹੈ ਲੋਨਜ਼ ਟੂ ਦਾ ਲੈਂਡਲੈੱਸ । ਇਹ ਵਰਕਰਜ਼ ਨੂੰ ਮਕਾਨ ਵਾਸਤੇ ਦੇਣੇ ਹਨ । ਇਸ ਦੇ ਲਈ ਇਕ ਕਰੋੜ ਰੁਪਿਆ ਰਖਿਆ ਹੈ । ਬਾਕੀ ਉਹ ਕੋਆਪ੍ਰੇਟਿਵ ਬੈਂਕਾਂ ਤੋਂ ਅਤੇ ਸੋਸਾਇਟੀਆਂ ਤੋਂ ਲੈ ਸਕਣਗੇ । ਇਸ ਦੇ ਨਾਲ ਹੀ ਇਸ ਦੇ ਲਈ ਜਿਹੜੀਆਂ ਕੋਆਪ੍ਰੇਟਿਵ ਸੋਸਾਇਟੀਆਂ ਬਣਨੀਆਂ ਹਨ ਉਨ੍ਹਾਂ ਦੇ ਲਈ 36 ਲੱਖ 25 ਹਜ਼ਾਰ ਰੁਪਏ ਰੱਖੇ ਹਨ ਤਾਂਕਿ ਲੋਕ ਕੋਆਪ੍ਰੇਟਿਵ ਸੋਸਾਇਟੀਆਂ ਬਣਾ ਕੇ ਆਪਣੇ ਮਕਾਨ ਪਿੰਡਾਂ ਵਿਚ ਬਣਾ ਸਕਣ । ਅਗਲਾ ਪੁਆਇੰਟ ਜਿਹੜਾ ਸਾਡੇ ਨਾਲ ਕੰਸਰਨ ਕਰਦਾ ਸੀ ਉਹ ਮਿਨੀਮੱਮ ਵੇਜਿਜ਼ ਦਾ ਸੀ, ਇੰਡਸਟਰੀ ਵਿਚ ਵੀ ਐਂਰ ਐਗਰੀਕਲਚਰ ਵਿਚ ਵੀ ਵੇਜਿਜ਼ ਵੱਧਾ ਦਿਤੇ ਜਾਣ । ਇਸ ਦੇ ਲਈ ਐਗਰੀਕਲਚਰ ਬਾਰੇ, ਖੇਤ ਮਜ਼ਦੂਰ ਬਾਰੇ ਸਪੀਕਰ ਸਾਹਿਬ 12 ਅਫਸਰ ਅਸੀਂ ਰਖੇ ਹਨ ਜਿਹੜੇ ਵੇਖਣਗੇ ਕਿ ਜਿਹੜੇ ਅਸੀਂ ਮਿਨੀਮੱਮ ਵੇਜਿਜ਼ ਦਿਤੇ ਹਨ ਪੰਜਾਬ ਦੇ ਅੰਦਰ ਉਸ ਤੇ ਅਮਲ ਹੋ ਰਿਹਾ ਹੈ ਜਾਂ ਨਹੀਂ ਉਨ੍ਹਾਂ 12 ਅਫਸਰਾਂ ਕੋਲ ਇਕ ਇਕ ਜੀਪ ਹੋਵੇਗੀ । ਇਸ ਵਿਚ 9 ਲੱਖ ਰੁਪਿਆ ਪ੍ਰੋਵਾਈਡ ਕਰ ਦਿਤਾ ਹੈ ਤਾਂਕਿ ਇਹ ਕਾਗਜ਼ਾਂ ਵਿਚ ਨਾ ਰਹਿ ਜਾਏ ।

ਉਸ ਤੋਂ ਬਾਅਦ ਇਹ ਸੀ ਕਿ ਅਸੀਂ 5 ਮਿਲੀਅਨ ਹੈਕਟੇਅਰ ਜ਼ਮੀਨ ਨੂੰ ਜ਼ੇਰੇ ਕਾਸ਼ਤ ਲਿਆਉਣਾ ਹੈ, ਉਸ ਦੇ ਵਾਸਤੇ, ਸਪੀਕਰ ਸਾਹਿਬ, ਤੁਸੀਂ ਵੇਖਿਆ ਹੋਣਾ ਹੈ ਕਿ ਪਹਿਲੀ ਆਇਟਮ ਹੈ, ਮਾਈਨਰ ਈਰੀਗੇਸ਼ਨ, ਮਲਟੀਪਰਪਜ਼ ਮੀਡੀਅਮ ਐਂਡ ਮੇਜਰ ਈਰੀਗੇਸ਼ਨ ਸਕੀਮ, ਇਸ ਦੇ ਵਾਸਤੇ ਅਸੀਂ 18 ਕਰੋੜ 98 ਲੱਖ ਰੁਪਿਆ ਰਖਿਆ ਹੈ । ਇਸ ਦੇ ਨਾਲ ਹੀ ਗਰਾਊਂਡ ਵਾਟਰ ਸੈਲ ਵਾਸਤੇ ਅਸੀਂ 2 ਲੱਖ 74 ਹਜ਼ਾਰ ਰੁਪਿਆ, ਪਲੈਨ ਅਤੇ ਨਾਨ-ਪਲੈਨ ਦੋਨਾਂ ਮੱਦਾਂ ਵਾਸਤੇ ਰੱਖਿਆ ਹੈ । ਇਸ ਦੇ ਨਾਲ ਹੀ ਫਲੱਡਜ਼ ਜ਼ਿਆਦਾ ਨੁਕਸਾਨ ਕਰਦੇ ਹਨ, ਇਸ ਵਾਸਤੇ ਅਸੀਂ ਲੋਕਲ ਪ੍ਰੋਟੇਕਸ਼ਨ ਵਰਕਸ ਵਾਸਤੇ 1 ਕਰੋੜ 32 ਲੱਖ ਰੁਪਿਆ ਰੱਖਿਆ ਹੈ, ਫਲੱਡ ਕੰਟਰੋਲ ਵਾਸਤੇ 5 ਕਰੋੜ ਅਤੇ ਵਾਟਰ ਸਪਲਾਈ ਜਿਹੜੀ ਕਿ ਪਿੰਡਾਂ ਨੂੰ ਪਾਣੀ ਦੇਵੇਗੀ ਉਸ ਦੇ ਲਈ ਅਸੀਂ 4 ਕਰੋੜ ਰੁਪਿਆ ਰਖਿਆ ਹੈ । ਅਸੀਂ ਇਹ ਪੈਸਾ ਇਸ ਕਰਕੇ ਰੱਖਿਆ ਹੈ ਤਾਂ ਜੋ ਜਿਹੜੇ ਹੜ ਫਸਲਾਂ ਦਾ ਨੁਕਸਾਨ ਕਰਦੇ ਹਨ ਜ਼ਮੀਨਾਂ ਨੂੰ ਤਬਾਹ ਕਰਦੇ ਹਨ, ਉਨ੍ਹਾਂ ਨੂੰ ਬਰਬਾਦ ਕਰਦੇ ਹਨ, ਅਤੇ ਲੋਕਾਂ ਨੂੰ ਮੁਸ਼ਕਲਾਤ ਆਉਂਦੀਆਂ ਹਨ, ਉਨ੍ਹਾਂ ਵਾਸਤੇ ਰਖਿਆ ਹੈ ਅਤੇ ਅਗੇ ਨੂੰ ਹੋਰ ਵੀ ਪੈਸਾ ਰੱਖਾਂਗੇ ਅਤੇ ਅਗੇ ਨੂੰ ਹੋਰ ਜ਼ਮੀਨ ਨੂੰ ਜ਼ੇਰੇ ਕਾਸ਼ਤ ਲਿਆਉਣ ਵਾਸਤੇ ਇਸ ਬਜਟ ਵਿਚ ਧਿਆਨ ਰੱਖਿਆ ਹੈ ਅਤੇ ਪ੍ਰੋਵੀਜ਼ਨ ਕੀਤੀ ਹੈ । ਇਕ ਹੋਰ ਪ੍ਰੋਗਰਾਮ ਇਹ ਮਿਲਿਆ ਸੀ ਜਿਹੜਾ ਕਿ ਐਸੈਲਰੇਟਿਡ ਪਾਵਰ ਪ੍ਰੋਗਰਾਮ, ਸੁੱਪਰ ਥਰਮਲ ਸਟੇਸ਼ਨਜ਼ ਅੰਡਰ ਸੈਂਟਰਲ ਕੰਟਰੋਲ ਹੈ ਇਸ ਵਾਸਤੇ 90 ਕਰੋੜ ਰੁਪਿਆ ਰਖਿਆ ਗਿਆ ਹੈ। ਸਾਰੀ ਡਿਮਾਂਡ ਦੀ ਸਕੀਮ ਪਹਿਲੀ ਦਫ਼ਾ ਪੰਜਾਬ ਦੇ ਬੱਜਟ ਵਿਚ ਆਈ ਹੈ ਤਾਂ ਜੋ ਅਸੀਂ ਕਿਸਾਨ ਨੂੰ ਬਿਜਲੀ ਵੀ ਦੇ ਸਕੀਏ ਅਤੇ ਬਿਜ਼ਲੀ ਜ਼ਿਆਦਾ ਪੈਦਾ ਕਰਕੇ ਇੰਡਸਟਰੀ ਅਤੇ ਕਾਰਖਾਨਿਆਂ ਦੀ ਸੇਵਾ ਕਰ ਸਕੀਏ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਸ ਤੋਂ ਬਾਅਦ ਹੈਂਡ ਲੂਮ ਦੇ ਬਾਰੇ ਪ੍ਰੋਗਰਾਮ ਹੈ, ਇਹ 9 ਵੀਂ ਆਈਟਮ ਹੈ ਇਸ ਦੇ ਵਾਸਤੇ ਅਸੀਂ 2 ਲੱਖ 50 ਹਜ਼ਾਰ ਰੁਪਿਆ ਰੱਖਿਆ ਹੈ ਅਤੇ ਸਪੈਸ਼ਲ ਮਸ਼ੀਨਾਂ ਵਾਸਤੇ ਪ੍ਰੋਵੀਜ਼ਨ ਰਖੀ ਹੈ ਜਿਹੜੀ ਕਿ 2 ਲੱਖ 50 ਹਜ਼ਾਰ ਹੈ ਅਤੇ ਇਸ ਦੇ ਨਾਲ ਹੀ ਇੰਟਰੱਸਟ ਫ਼ਰੀ ਲੌਨਜ਼ ਫਾਰ ਮਾਰਜਿਨ ਮਨੀ ਵਾਸਤੇ ਵੀ 2 ਲੱਖ 50 ਹਜ਼ਾਰ ਰੁਪਿਆ ਰੱਖਿਆ ਹੈ, ਇਸ ਦੇ ਨਾਲ ਟਰੇਨਿੰਗ ਆਫ਼ ਵੀਵਰਜ਼ ਵਾਸਤੇ 50 ਹਜ਼ਾਰ ਰੁਪਿਆ ਰਖਿਆ ਹੈ । ਫਿਰ ਟੈਕਸਟਾਈਲ ਡਿਵੈਲਪਮੈਂਟ ਕਾਰਪੋਰੇਸ਼ਨ ਵਾਸਤੇ ਵੀ ਪੈਸਾ ਇਸ ਬਜਟ ਵਿਚ ਰੱਖਿਆ ਹੈ ਅਤੇ ਮਾਲ ਬਣਾਉਣ ਵਾਲਿਆਂ ਵਾਸਤੇ 20 ਲੱਖ ਰੁਪਿਆ ਰੱਖਿਆ ਗਿਆ ਹੈ ਤਾਂ ਜੋ ਪੰਜਾਬ ਵਿਚ ਹੀ ਮਾਲ ਤਿਆਰ ਕੀਤਾ ਜਾ ਸਕੇ । ਇਨ੍ਹਾਂ ਵੀਵਰਜ਼ ਦੀਆਂ ਕੋਆਪਰੇਟਿਵ ਸੋਸਾਇਟੀਆਂ ਵਾਸਤੇ ਢਾਈ ਲੱਖ ਰੁਪਿਆ ਰਖਿਆ ਹੈ ਤਾਂ ਜੋ ਇਹ ਛੋਟੇ ਛੋਟੇ ਆਦਮੀ ਆਪਣਾ ਕੰਮ ਕਰ ਸਕਣ ।

ਫਿਰ, ਚਿਲਡਰਨ ਨੂੰ, ਕਾਲਜਾਂ ਦੇ ਬੱਚਿਆਂ ਨੂੰ ਕਿਤਾਬਾਂ ਵਾਸਤੇ ਬੁੱਕ ਟਰੱਸਟ ਬਣਾਉਣ ਵਾਸਤੇ 2 ਲੱਖ 80 ਹਜ਼ਾਰ ਰੁਪਿਆ ਰਖਿਆ ਹੈ । ਕਿਤਾਬਾਂ ਅਤੇ ਸਟੇਸ਼ਨਰੀ ਸਟੂਡੈਂਟਸ ਨੂੰ, ਖਾਸ ਕਰਕੇ ਹਰੀਜਨਾਂ ਦੇ 6ਵੀਂ ਤੋਂ 8ਵੀਂ ਵਾਲੇ ਬੱਚਿਆਂ ਲਈ 10 ਲੱਖ ਰੁਪਿਆ ਰੱਖਿਆ ਹੈ । ਇਹ ਚੀਜ਼ ਪ੍ਰਾਈਮ ਮਨਿਸਟਰ ਸਾਹਿਬਾ ਦੇ ਪ੍ਰੋਗਰਾਮ ਵਿਚ ਸੀ, ਅਸੀਂ ਇਹ ਕਰ ਦਿੱਤਾ ਹੈ (ਥੰਪਿੰਗ) ਪੰਜਾਬ ਗਿਆਨੀ ਜ਼ੈਲ ਸਿੰਘ ਜੀ ਦੀ ਮੇਹਰਬਾਨੀ ਨਾਲ ਇਕ ਅਜਿਹਾ ਸੂਬਾ ਹੈ ਜਿਸ ਨੇ ਕਿ ਐਸੀ ਸਕੀਮ ਰਾਇ ਕੀਤੀ ਹੈ ਜਿਸ ਦੇ ਨਾਲ ਹਰੀਜ਼ਨਾਂ ਦੇ ਵਜ਼ੀਫੇ ਵਧਾਏ ਗਏ ਅਤੇ ਜਿਹੜੇ ਗੈਰ ਹਰੀਜਨ ਅਤੇ ਬਾਕੀ ਗਰੀਬ ਲੋਕ ਹਨ, ਉਨ੍ਹਾਂ ਬਾਰੇ ਅਸੀਂ ਪ੍ਰਾਈਮ ਮਨਿਸਟਰ ਸਾਹਿਬਾ ਦੇ ਪ੍ਰੋਗਰਾਮ ਤੋਂ ਅਗੇ ਗਏ ਹਾਂ, ਅਤੇ ਉਨ੍ਹਾਂ ਗਰੀਬਾਂ ਨੂੰ ਜਿਹੜੇ ਹਰੀਜਨ ਨਹੀਂ ਹਨ, ਉਨ੍ਹਾਂ ਦਾ ਵੀ ਖਿਆਲ ਰੱਖਿਆ ਗਿਆ ਹੈ । ਮੈਨੂੰ ਭਗਤ ਗੁਰਾਂ ਦਾਸ ਹੰਸ ਜੀ ਦੀ ਗੱਲ ਬਹੁਤ ਪਸੰਦ ਆਈ ਅਤੇ ਉਹ ਸੱਚ ਮੁੱਚ ਭਗਤ ਹਨ। ਉਨ੍ਹਾਂ ਕਿਹਾ ਕਿ ਜਦੋਂ ਪਿੰਡਾਂ ਵਿਚ ਵੋਟਾਂ ਮੰਗਣ ਜਾਂਦੇ ਸੀ ਤਾਂ ਇਹ ਕਹਿੰਦੇ ਸੀ ਕਿ ਹਰੀਜਨਾਂ ਨੂੰ ਸਹੂਲਤ ਮਿਲੇਗੀ ਤਾਂ ਸਾਨੂੰ ਬਾਕੀ ਗਰੀਬ ਲੋਕ, ਬੈਕਵਾਰਡ ਕਲਾਸਿਜ਼ ਦੇ ਲੋਕ ਕਹਿੰਦੇ ਸਨ ਕਿ ਉਨ੍ਹਾਂ ਨੂੰ ਸਹੂਲਤ ਮਿਲਦੀ ਹੈ, ਪਰ ਅਸੀਂ ਵੀ ਤਾਂ ਗਰੀਬ ਆਦਮੀ ਹਾਂ, ਸਾਡਾ ਵੀ ਖ਼ਿਆਲ ਰਖਿਆ ਜਾਵੇ, ਤੇ ਭਗਤ ਜੀ ਕਹਿੰਦੇ ਸਨ ਕਿ ਉਨ੍ਹਾਂ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਸੀ । ਇਸ ਕਰਕੇ ਮੈਂ ਇਹ ਕਹਾਂਗਾ ਕਿ ਸਾਡੀ ਸਾਰੀ ਪਾਰਟੀ ਨੇ, ਚੀਫ਼ ਮਨਿਸਟਰ ਸਾਹਿਬ ਦੀ ਸਾਰੀ ਪਾਰਟੀ ਨੇ, ਉਨ੍ਹਾਂ ਗਰੀਬ ਆਦਮੀਆਂ ਦਾ ਵੀ ਧਿਆਨ ਰੱਖਿਆ ਹੈ । ਕਮਊਨਿਸਟ ਭਰਾ ਵੀ ਸਾਡੀ ਮਦਦ ਕਰਦੇ ਹਨ ਕਈ ਗੱਲਾਂ ਵਿਚ,, ਕਦੇ ਕਦੇ ਉਹ ਉਖੜ ਜਾਂਦੇ ਹਨ । ਪਰ ਜਿਹੜੇ ਮੈਂਬਰ ਇਥੇ ਹਾਜ਼ਰ ਨਹੀਂ ਹੋ ਰਹੇ, ਉਨ੍ਹਾਂ ਵਾਸਤੇ ਇਹ ਚੀਜ਼ ਕੋਈ ਸ਼ੋਭਾ ਨਹੀਂ ਦਿੰਦੀ ਪਰ ਇਹ ਸਾਰੇ ਹਾਊਸ ਦੀ ਸ਼ੋਭਾ ਹੈ ਕਿ ਹਰੀਜ਼ਨਾਂ ਵਾਸਤੇ ਵਜ਼ੀਫੇ ਲਗਾਏ ਅਤੇ ਗੈਰ ਹਰੀਜ਼ਨਾਂ ਦਾ ਵੀ ਖਿਆਲ ਰੱਖਿਆ ਗਿਆ ਹੈ ਇਹ ਸਭ ਚੀਜ਼ਾਂ ਇਸ ਸਰਕਾਰ ਨੇ ਹੀ ਕੀਤੀਆਂ ਹਨ ।

ਇਸ ਤੋਂ ਬਾਅਦ ਐਪਰੈਂਟਿਸਸ਼ਿਪ ਸਕੀਮ ਆਈ । ਪੰਜਾਬ ਨੇ ਜੋ ਟੀਚਾ ਮੁਕੱਰਰ ਕੀਤਾ ਹੈ ਅਸੀਂ ਉਸ ਤੋਂ ਵੀ ਅਗੇ ਵਧੇ ਹਾਂ । 20 ਮੋਬਾਇਲ ਇੰਡਸਟਰੀਅਲ ਟਰੇਨਿੰਗ ਸੈਂਟਰਜ਼ ਵਾਸਤੇ ਅਸੀਂ 5 ਲੱਖ 50 ਹਜ਼ਾਰ ਰੁਪਿਆ ਰਖਿਆ ਹੈ ਤਾਂ ਜੋ ਬੇਕਾਰਾਂ ਨੂੰ ਟਰੇਨਿੰਗ ਦਿੱਤੀ ਜਾਵੇ। ਇਸ ਦੇ ਨਾਲ ਹੀ ਆਈ. ਟੀ. ਆਈ. ਵਾਸਤੇ ਵੀ ਹੋਰ ਕਰ

Original with;
Punjab Vidhan Sabha
Digitized by;
Panjab Digital Library

ਰਹੇ ਹਾਂ ਅਤੇ ਇਸ ਦੇ ਵਾਸਤੇ ਵੀ ਦੋ ਲੱਖ ਰੁਪਿਆ ਰੱਖਿਆ ਹੈ । ਇਸਦੇ ਵਿਚ 17 ਗਰੈਜੂਏਟ ਇੰਜੀਨੀਅਰਜ਼ ਐਪਰੈਂਟਿਸਿਜ਼ ਦੀਆਂ ਪੋਸਟਾਂ, 49 ਸੈਕਸ਼ਨ ਅਫਸਰ ਐਪਰੈਂਟਿਸਿਜ ਕਰੀਏਟ ਕਰਨ ਬਾਰੇ ਵੀ ਪ੍ਰਬੰਧ ਕੀਤਾ ਗਿਆ ਹੈ ਅਤੇ ਇਹ ਚੀਜ਼ ਐਪਰੈਂਟਿਸਸ਼ਿਪ (ਅਮੈਂਡਮੈਂਟ) ਐਕਟ ਦੇ ਤਹਿਤ ਕੀਤੀ ਗਈ ਹੈ । ਇਸ ਦੇ ਵਾਸਤੇ 1 ਲੱਖ 30 ਹਜ਼ਾਰ ਰੁਪਿਆ ਰਖਿਆ ਗਿਆ ਹੈ ਫਿਰ ਐਪਰੈਂਟਿਸ ਡਰਾਫਟਸਮੈਨ ਦੀਆਂ ਦੋ ਅਤੇ ਐਪਰੈਂਟਿਸ ਪਲੰਬਰ ਦੀ ਇਕ ਪੋਸਟ ਕੰਟੀਨਿਊ ਕਰਨ ਵਾਸਤੇ ਵੀ 5 ਹਜ਼ਾਰ ਰੁਪਏ ਦੀ ਪ੍ਰੋਵੀਜਨ ਕੀਤੀ ਹੈ । ਇਸ ਦੇ ਨਾਲ ਹੀ ਬੱਚਿਆਂ ਦਾ ਵੀ, ਜਿਨ੍ਹਾਂ ਦੀਆਂ ਮਾਤਾਵਾਂ ਕੰਮ ਕਰਦੀਆਂ ਹਨ, ਜਿਸ ਤਰ੍ਹਾਂ ਸਵੀਪਰ ਦਾ ਕੰਮ ਕਰਦੀਆਂ ਹਨ, ਭਗਤ ਗੁਰਾਂਦਾਸ ਹੰਸ ਜੀ ਨੇ ਜ਼ਿਕਰ ਕੀਤਾ ਸੀ ਕਿ ਔਰਤਾਂ ਕੰਮ ਕਰਦੀਆਂ ਹਨ ਉਨ੍ਹਾਂ ਦੇ ਬੱਚਿਆਂ ਦੀ ਦੇਖ ਭਾਲ ਨਹੀਂ ਹੁੰਦੀ ਇਸ ਵਾਸਤੇ ਵੀ ਅਸੀਂ ਦੋ ਲੱਖ ਰੁਪਿਆ ਰਖਿਆ ਹੈ ।

ਇਸ ਦੇ ਨਾਲ ਹੀ ਇਕ ਨਵੀਂ ਸਕੀਮ ਹੈ ਇੰਪਲਾਈਮੈਂਟ ਅਤੇ ਟਰੇਨਿੰਗ ਨੂੰ ਐਨਲਾਰਜ਼ ਕਰਨ ਵਾਸਤੇ । ਡਾਂਗ ਸਾਹਿਬ ਕਹਿੰਦੇ ਹਨ ਐਪਰੈਂਟਿਸਸ਼ਿਪ ਐਕਟ ਨੂੰ ਹੋਰ ਜ਼ਿਆਦਾ ਸੁਧਾਰ ਕੇ ਲਿਆਇਆ ਜਾਵੇ । ਇਸ ਸਕੀਮ ਦੇ ਵਾਸਤੇ ਵੀ ਪੈਸੇ ਰਖੇ ਗਏ ਹਨ । 120 ਕਰੋੜ 32 ਲਖ ਰੁਪਿਆ ਪਲੈਨ ਦਾ ਹੈ ਅਤੇ ਚਾਰ ਕਰੋੜ 94 ਲੱਖ ਰੁਪਿਆ ਨਾਨ-ਪਲੈਨ ਦੇ ਵਿਚ ਰੱਖਿਆ ਗਿਆ ਹੈ, ਜਿਸ ਨਾਲ ਕਿ ਪ੍ਰਾਈਮ ਮਨਿਸਟਰ ਸਾਹਿਬਾ ਦੇ ਪਰੋਗਰਾਮ ਨੂੰ ਲਾਗੂ ਕੀਤਾ ਜਾਵੇਗਾ ਅਤੇ ਪੰਜਾਬ ਦਾ ਇਸ ਦੇ ਲਈ 125 ਕਰੋੜ ਰੁਪਿਆ ਹੋਵੇਗਾ ਇਕ ਸਾਲ ਦੇ ਵਿਚ, ਜਿਸ ਲਈ ਇਹ ਸਰਕਾਰ ਮੁਬਾਰਿਕਬਾਦ ਦੀ ਹੱਕਦਾਰ ਹੈ ।

ਇਸ ਤੋਂ ਇਲਾਵਾ ਹੁਣ ਮੈਂ ਪਲੈਨ ਦਾ ਜ਼ਿਕਰ ਕਰਾਂਗਾ ਇਸ ਦੇ ਵਿਚ ਪਲੈਨ ਦਾ ਜੋ ਐਕਸਪੈਂਡੀਚਰ ਹੈ, ਜੋ ਪਿਛਲੇ ਚਾਰ ਸਾਲਾਂ ਦਾ ਸੀ, ਉਹ ਹੁਣ 219 ਕਰੋੜ ਤਕ ਪੁੱਜ ਗਿਆ ਹੈ । 219 ਕਰੋੜ ਦੀ ਪਲਾਨ ਬਣਾ ਕੇ ਪਲੈਨਿੰਗ ਕਮਿਸ਼ਨ ਕੋਲ ਲੈ ਕੇ ਗਏ ਸੀ । ਸਾਡੇ ਚੀਫ਼ ਮਨਿਸਟਰ ਸਾਹਿਬ, ਇਹ ਪਲੈਨ ਲੈ ਕੇ ਗਏ ਸਨ, ਨਾਲ ਮੈਨੂੰ ਵੀ ਬਤੌਰ ਪਲੈਨਿੰਗ ਮਨਿਸਟਰ ਦੇ ਲੈ ਗਏ ਸਨ ।ਚੀਫ ਮਨਿਸਟਰ ਸਾਹਿਬ ਦੀ ਮੇਹਰਬਾਨੀ ਕਰਕੇ ਹੀ ਸੈਂਟਰਲ ਅਸਿਸਟੈਂਸ ਮਨਜ਼ੂਰ ਹੋਈ ਹੈ । ਜਦੋਂ ਉਨ੍ਹਾਂ ਨੇ ਕਿਹਾ ਕਿ ਇੰਨਾਂ ਰੁਪਿਆ ਸੈਂਟਰਲ ਅਸਿਸਟੈਂਸ ਦਾ ਕਿਸ ਤਰ੍ਹਾਂ ਦਿੱਤਾ ਜਾਵੇ ਤਾਂ ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿ ਪੰਜਾਬ ਬਹੁਤ ਜ਼ਿਆਦਾ ਪੈਦਾਵਾਰ ਕਰਦਾ ਹੈ ਅਤੇ ਸਾਰੇ ਦੇਸ਼ ਦੀ ਸੇਵਾ ਕਰਦਾ ਹੈ, ਇਸ ਕਰਕੇ ਜ਼ਿਆਦਾ ਅਸਿਸ-ਟੈਂਸ ਮਿਲਣੀ ਚਾਹੀਦੀ ਹੈ ਅਤੇ ਇਹ ਅਸਿਸਟੈਂਸ ਮਿਲੀ, ਪੰਜਾਬ ਲੜਿਆ ਨਹੀਂ ਅਤੇ ਆਪਣਾ ਪੱਖ ਪੇਸ਼ ਕਰਕੇ 219 ਕਰੋੜ ਦੀ ਪਲੈਨ ਮੰਨਜ਼ੂਰ ਕਰਵਾ ਲਈ. ਹੋਰ ਕੋਈ ਵੀ ਸੂਬਾ ਅਜਿਹਾ ਨਹੀਂ ਹੋਣਾ ਜਿਸ ਤੇ ਕੱਟ ਨਾ ਲੱਗੀ ਹੋਵੇ ।

**ਸ਼੍ਰੀ ਸਪੀਕਰ** : ਜ਼ੋਰ ਤਾਂ ਤੁਹਾਡਾ ਵੀ ਲਗਿਆ ਹੋਣਾ ਹੈ ।

**ਵਿੱਤ ਮੰਤਰੀ** : ਮੈਂ ਤਾਂ ਆਪਣਾ ਜ਼ੋਰ ਲਾਉਣਾ ਸੀ, ਪਰ ਜਿਥੇ ਲੜਾਈ ਵਾਲੀ ਗੱਲ ਹੁੰਦੀ ਸੀ ਉਥੇ ਚੁੱਪ ਕਰ ਜਾਂਦਾ ਸੀ । ਸੋ ਸਪੀਕਰ ਸਾਹਿਬ, ਇਹ ਪੰਜਾਬ ਦੀ ਬੜੀ ਭਾਰੀ ਕਾਮਯਾਬੀ ਹੈ ।

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਮੈਂ ਇਕ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਇਨਫਰਮੇਸ਼ਨ ਬਾਅਦ ਵਿਚ ਲੈ ਲੈਣਾ ਜੀ, ਉਨ੍ਹਾਂ ਨੂੰ ਸਪੀਚ ਖਤਮ ਕਰ ਲੈਣ ਦੇਵੋ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ ਮੈਂ ਤਾਂ ਸਿਰਫ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਕੋਈ ਦਬਕਾ ਤਾਂ ਨਹੀਂ ਵੱਜਾ, ਵਰਨਾ ਉਸੀ ਤਨਖਾਹ ਤੇ ਕੰਮ ਕਰਾਂਗੇ ।

ਵਿੱਤ ਮੰਤਰੀ : ਇਨ੍ਹਾਂ ਨੂੰ ਆਪਣੀ ਪੁਰਾਣੀ ਤਨਖ਼ਾਹ ਯਾਦ ਆ ਰਹੀ ਹੈ (ਹਾਸਾ) ਸਪੀਕਰ ਸਾਹਿਬ, ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ ਉਨ੍ਹਾਂ ਦਾ ਸਪੈਸ਼ਲ ਸਟੇਟਸ ਹੈ ਬਾਕੀ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਪਲੈਨ ਬਣੀ ਸੀ, ਇਸ ਬਾਰੇ ਮੈਂ ਤੁਹਾਨੂੰ ਪਰ ਕੇਪਿਟਾ ਪਲੈਨ ਐਕਸਪੈਂਡੀਂਚਰ ਦੱਸਾਂ ਤਾਂ ਤੁਸੀਂ ਹੈਰਾਨ ਹੋਵੋਗੇ । ਪੰਜਾਬ ਦੇ ਵਿਚ ਪਲੈਨ ਦਾ ਪਰ ਕੈਪਿਟਾ ਐਕਸਪੈਂਡੀਚਰ 161 ਰੁਪਿਆ ਹੈ, ਹਰਿਆਣੇ ਵਿਚ 110 ਰੁਪਏ ਹੈ ਮਹਾਂਰਾਸ਼ਟਰਾ ਵਿਚ ਸਿਰਫ 91 ਰੁਪਏ, ਰਾਜਿਸਥਾਨ ਵਿਚ 52 ਰੁਪਏ, ਯੂ. ਪੀ. ਵਿਚ 52 ਰੁਪਏ, ਵੈਸਟ ਬੰਗਾਲ ਵਿਚ 52 ਰੁਪਏ, ਮਧਿਆ ਪ੍ਰਦੇਸ਼ ਵਿਚ 65 ਰੁਪਏ ਆਂਧਰਾ ਪ੍ਰਦੇਸ਼ ਵਿਚ 57 ਰੁਪਏ, ਆਸਾਮ ਵਿਚ 49 ਰੁਪਏ, ਬਿਹਾਰ ਵਿਚ 43 ਰੁਪਏ ਅਤੇ ਗੁਜਰਾਤ ਵਿਚ 72 ਰੁਪਏ ਹੈ । ਕੇਰਲਾ ਦਾ ਮੈਂ ਜਾਣ ਕੇ ਨਹੀਂ ਦੱਸਿਆ, ਪਰ ਉਨ੍ਹਾਂ ਦਾ ਵੀ ਘੱਟ ਹੈ । ਪੰਜਾਬ ਦਾ ਇਨ੍ਹਾਂ ਸਾਰਿਆਂ ਸੂਬਿਆਂ ਨਾਲੋਂ ਪਲੈਨ ਦਾ ਪਰ ਕੈਪਿਟਾ ਐਕਸਪੈਂਡੀਚਰ ਵੱਧ ਹੈ ।

ਹੁਣ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਪਲੈਨਿੰਗ ਦੀ ਜੋ ਸਟ੍ਰੈਟਿਜੀ ਬਣਾਈ ਹੈ, ਉਹ ਹਾਊਸ ਦੇ ਸਾਰੇ ਮੈਂਬਰਾਂ ਦੀ ਖਾਹਿਸ਼ ਦੇ ਮੁਤਾਬਕ ਬਣਾਈ ਗਈ ਹੈ ਤਾਂਕਿ ਐਕੋਨਮੀ ਦੇ ਗਰੋਥ ਰੇਟ ਨੂੰ ਐਕਸੈਲਰੇਟ ਕੀਤਾ ਜਾਵੇ । ਇਸ ਲਈ ਅਸੀਂ ਇਕੋਨਮੀ ਸਟ੍ਰੈਟਿਜੀ ਨੂੰ ਹਾਈ ਪਰਾਇਰਟੀ ਦਿੱਤੀ ਹੈ, ਇੰਡਸਟਰੀ ਨੂੰ ਹਾਈ ਪਰਾਇਰਟੀ ਦਿੱਤੀ ਹੈ, ਪਾਵਰ ਅਤੇ ਬਿਜਲੀ ਨੂੰ ਹਾਈ ਪਰਾਇਰਟੀ ਦਿੱਤੀ ਹੈ । ਲਾਰਜ ਸਕੇਲ ਤੇ ਇੰਪਲਾਇਮੈਂਟ ਦਿੱਤੀ ਹੈ ਆਪਣੇ ਸਕਿਲਡ ਵਰਕਰਜ਼ ਨੂੰ ਅਤੇ ਅਨ-ਇੰਪਲਾਇਡ ਵਰਕਰਜ਼ ਨੂੰ ਐਜੂਕੇਸ਼ਨ ਵਲ ਲਾਇਆ ਹੈ ਅਸੀਂ ਆਪਣੇ ਵੀਕਰ ਸੈਕਸ਼ਨ ਦੀ ਭਲਾਈ ਵਾਸਤੇ ਅਤੇ ਅੰਡਰ ਪਰੀਵਿਲੇਜ਼ਡ ਸੈਕਸ਼ਨ ਵਾਸਤੇ ਜਿਹੜੇ ਪਛੜੇ ਹੋਏ ਲੋਕ ਹਨ ਉਨ੍ਹਾਂ ਵਾਸਤੇ ਫੰਡ ਪਰੋਵਾਈਡ ਕੀਤੇ ਹਨ । ਇਸ ਤਰ੍ਹਾਂ ਸਾਡੀ ਸਰਕਾਰ ਨੇ ਪਛੜੇ ਹੋਏ ਲੋਕਾਂ ਵਲ ਬਹੁਤ ਧਿਆਨ ਦਿੱਤਾ ਹੈ ।

ਸਪੀਕਰ ਸਾਹਿਬ, ਮੈਂ ਉਨ੍ਹਾਂ ਮੈਂਬਰ ਸਾਹਿਬਾਨ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਇਸ ਗੱਲ ਦੀ ਤਾਰੀਫ ਕੀਤੀ ਹੈ ਕਿ ਪਾਵਰ ਤੇ ਸਭ ਤੋਂ ਜ਼ਿਆਦਾ ਧਿਆਨ ਦਿੱਤਾ ਗਿਆ ਹੈ ਅਤੇ ਇਸ ਲਈ 99 ਕਰੋੜ ਰੁਪਿਆ ਰੱਖਿਆ ਗਿਆ ਹੈ । ਇਥੇ ਕਪੂਰ ਸਾਹਿਬ ਨੇ ਕਿਹਾ ਸੀ ਕਿ ਪਾਵਰ ਅਤੇ ਇੰਡਸਟਰੀ ਵਾਸਤੇ ਤਾਂ ਬਹੁਤ ਰੱਖਿਆ ਹੈ ਪਰ ਐਜੂਕੇਸ਼ਨ ਅਤੇ ਹੈਲਥ ਵਲ ਧਿਆਨ ਨਹੀਂ ਦਿੱਤਾ ਗਿਆ । ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਅਸੀਂ ਇਸ ਵਾਸਤੇ 99 ਕਰੋੜ ਰੁਪਿਆ ਰੱਖਿਆ ਹੈ ਤਾਂ ਐਜੂਕੇਸ਼ਨ ਅਤੇ ਹੈਲਥ ਦੋਨਾਂ ਨੂੰ ਮਿਲਾ ਕੇ 94 ਕਰੋੜ ਰੁਪਿਆ ਇਸ ਬਜਟ ਵਿਚ ਰਖਿਆ ਗਿਆ ਹੈ । (ਤਾੜੀਆਂ)

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਐਫ. ਐਮ. ਦਾ ਬਜਟ ਵਿਚ ਕੀ ਰੋਲ ਹੁੰਦਾ ਹੈ । ਉਸ ਦਾ ਰੋਲ ਇਹ ਹੁੰਦਾ ਹੈ ਕਿ ਡਿਵੈਲਪਮੈਂਟ ਦੇ ਜਿਹੜੇ ਖਰਚੇ ਹਨ ਉਨ੍ਹਾਂ ਨੂੰ ਵਧਾਏ ਅਤੇ ਜਿਹੜੇ ਨਾਨ ਡਿਵੈਲਪਮੈਂਟ ਦੇ ਖਰਚੇ ਹਨ ਉਨ੍ਹਾਂ ਨੂੰ ਘਟਾਏ । ਸਪੀਕਰ ਸਾਹਿਬ, ਅਸੀਂ ਇਸ ਬਜਟ ਵਿਚ 5 ਕਰੋੜ ਰੁਪਏ ਦੀ ਸੇਵਿੰਗ ਕੀਤੀ ਹੈ । ਇਹ ਨਾਨ-ਅਸੈਂਸੀਅਲ ਇਕੋਨਮੀ ਕੀਤੀ ਹੈ । ਜਿਹੜੀਆਂ ਨਾਨ-ਅਸੈਂਸ਼ੀਅਲ ਚੀਜ਼ਾਂ ਸਨ ਉਨ੍ਹਾਂ ਨੂੰ ਘਟਾਇਆ ਹੈ । ਇਸ ਦੇ ਨਾਲ ਹੀ ਜਿਹੜੇ ਰਿਸੋਰਸਿਜ਼ ਹਨ ਦੇਸ਼ ਨੂੰ ਤਰੱਕੀ ਵਲ ਲੈ ਜਾਣ ਦੇ ਔਰ ਇਨਫਲੇਸ਼ਨ ਘਟਾਉਣ ਦੇ ਵਧਾਏ ਹਨ । ਇਸ ਦੇ ਨਤੀਜੇ ਦੇ ਤੌਰ ਤੇ ਜੇ 1976-77 ਦਾ ਰੈਵੇਨਿਊ ਦਾ ਬਜਟ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਜਿਹੜਾ 74 ਫੀਸਦੀ ਖਰਚ ਹੈ ਉਹ ਡਿਵੈਲਪਮੈਂਟ ਦੇ ਕੰਮਾਂ ਵਾਸਤੇ ਰੱਖਿਆ ਹੈ । ਇਸ 74 ਫੀਸਦੀ ਤੋਂ ਇਲਾਵਾ ਸਿਰਫ 26 ਫੀਸਦੀ ਖਰਚ ਨਾਨ-ਡਿਵੈਲਪਮੈਂਟ ਦੇ ਕੰਮਾਂ ਵਾਸਤੇ ਰੱਖਿਆ ਹੈ । ਔਰ ਇਹੀ ਇਕ ਵਜ੍ਹਾ ਹੈ ਕਿ ਅਸੀਂ ਟੈਕਸਾਂ ਤੋਂ ਲੋਕਾਂ ਨੂੰ ਬਚਾ ਸਕੇ ਹਾਂ । ਅਸੀਂ ਫਾਲਤੂ ਖਰਚ ਨੂੰ ਘਟਾਇਆ ਹੈ ਅਤੇ ਲੋਕਾਂ ਨੂੰ ਟੈਕਸ ਦੇ ਮੂੰਹ ਤੋਂ ਸਾਡੇ ਮੁੱਖ ਮੰਤਰੀ, ਗਿਆਨੀ ਜ਼ੈਲ ਸਿੰਘ ਜੀ ਨੇ ਬਚਾਇਆ ਹੈ । ਇਸ ਤੋਂ ਪਹਿਲਾਂ ਹੋਰ ਵੀ ਕਈ ਮੁੱਖ ਮੰਤਰੀ ਆਏ ਹਨ, ਕੋਈ ਵੀ ਅਜਿਹਾ ਨਹੀਂ ਕਰ ਸਕਿਆ ।

ਸਪੀਕਰ ਸਾਹਿਬ, ਹੁਣ ਮੈਂ ਕੈਪੀਟਲ ਬਜਟ ਦੀ ਗੱਲ ਸੁਣਾਉਣ ਲਗਾ ਹਾਂ । ਸਾਡੇ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਵੀ ਇਸ ਨੂੰ ਧਿਆਨ ਨਾਲ ਸੁਣਨ । ਇਸ ਦਾ 99 ਫੀਸਦੀ ਜੋ ਖਰਚ ਹੋਣਾ ਹੈ ਉਹ ਡਿਵੈਲਪਮੈਂਟ ਤੇ ਹੋਣਾ ਹੈ ਅਤੇ ਬਾਕੀ ਜਿਹੜਾ ਖਰਚ ਹੋਣਾ ਹੈ ਉਹ ਹੁਕਮ ਚਲਾਉਣ ਜਾਂ ਲਾਅ ਐਂਡ ਆਰਡਰ ਤੇ ਨਹੀਂ ਹੋਣਾ, ਇਹ ਵੀ ਬਕਾਇਦਾ ਜਿਹੜੀਆਂ ਸਕੀਮਾਂ ਬਣਾਈਆਂ ਗਈਆਂ ਹਨ ਉਨ੍ਹਾਂ ਤੇ ਖਰਚ ਕੀਤਾ ਜਾਣਾ ਹੈ । ਮੈਂ ਕਨੇਡੀਅਨ ਸਾਹਿਬ ਨੂੰ ਯਾਦ ਦਿਵਾਉਂਦਾ ਹਾਂ ਕਿ....

**ਚੌਧਰੀ ਜਗਤ ਰਾਮ :** ** ** ** (ਹਾਸਾ) (ਵਿਘਨ)

**Mr. Speaker :** This is no point of order.

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਕਨੇਡੀਅਨ ਸਾਹਿਬ ਦੀ ਸੇਵਾ ਵਿਚ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਉਹ ਇਹ ਗੱਲ ਨਾਪਣ ਕਿ ਅਸੀਂ ਸੋਸ਼ਲਿਜ਼ਮ ਵੱਲ ਵਧੇ ਹਾਂ ਜਾਂ ਕੈਪੀਟਿਲਿਜ਼ਮ ਵਲ ਵਧੇ ਹਾਂ....

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਮੇਰੇ ਆਨਰੇਬਲ ਦੋਸਤ ਨੇ ਸਾਡੇ ਰੈਵਨਿਊ ਮਨਿਸਟਰ ਦੇ ਮੁਤੱਲਕ ਇਹ ਕਿਹਾ ਸੀ ਕਿ ਉਹ ਉਪਰੇ ਪਾਸੇ ਭੜਕਦੇ ਫਿਰਦੇ ਹਨ, ਇਹ ਐਕਸਪੰਜ ਕਰ ਦਿੱਤੇ ਜਾਣ । (ਵਿਘਨ)

**ਸ੍ਰੀ ਸਪੀਕਰ :** ਨਹੀਂ ਜੀ, ਇਹ ਉਨ੍ਹਾਂ ਨੇ ਨਹੀਂ ਕਿਹਾ ।

**ਚੌਧਰੀ ਜਗਤ ਰਾਮ :** ਦਰਅਸਲ ਜੀ, ਇਹ ਆਪਣੇ ਦਿਲ ਦੀ ਗੱਲ ਕਹਿਣਾ ਚਾਹੁੰਦੇ ਸੀ ਉਹ ਉਨ੍ਹਾਂ ਨੇ ਹੁਣ ਕਹਿ ਲਈ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ :** ਸਪੀਕਰ ਸਾਹਿਬ ਅਸੀਂ ਸਮਾਜਵਾਦ ਵਲ ਜਾ ਰਹੇ ਹਾਂ ਸਰਮਾਇਦਾਰੀ ਵਲ ਨਹੀਂ ਜਾ ਰਹੇ ਹਾਂ। ਸਮਾਜਵਾਦੀ ਬਜਟ ਦਾ ਇਕ ਦੂਸਰਾ ਪਹਿਲੂ ਵੀ ਹੁੰਦਾ ਹੈ ਔਰ ਉਹ ਹੈ ਜਸਟਿਸ। ਹੁਣ ਵੇਖੋ ਕਿ ਆਇਆ ਇਹ ਬਜਟ ਜਸਟਿਸ ਦਿੰਦਾ ਹੈ ਜਾਂ ਨਹੀਂ। ਆਇਆ ਇਸ ਨਾਲ ਗਰੀਬ ਲੋਕਾਂ ਨੂੰ ਫਾਇਦਾ ਹੋਇਆ ਹੈ ਜਾਂ ਨਹੀਂ। ਸਪੀਕਰ ਸਾਹਿਬ, ਇਹ ਬਜਟ ਵੀਕਰ ਸੈਕਸ਼ਨ ਲਈ ਜ਼ਿਆਦਾ ਜ਼ੋਰ ਦਿੰਦਾ ਹੈ। ਗਰੀਬਾਂ ਦੀਆਂ ਸਕੀਮਾਂ ਤੇ ਜ਼ਿਆਦਾ ਖਰਚ ਕਰਨ ਲਈ ਪੈਸਾ ਰੱਖਿਆ ਗਿਆ ਹੈ। ਸਪੀਕਰ ਸਾਹਿਬ, ਟੋਟਲ ਰੈਵਨਿਊ ਐਕਸਪੈਂਡੀਚਰ ਦੇ ਖਰਚ ਵਿਚੋਂ 40 ਫੀਸਦੀ ਖਰਚ ਐਸਾ ਹੈ ਜਿਹੜਾ ਹਰੀਜਨਾਂ ਅਤੇ ਪਛੜੀਆਂ ਜਾਤੀਆਂ ਅਤੇ ਉਨ੍ਹਾਂ ਲੋਕਾਂ ਦੀ ਪਰਾਇਮਰੀ ਐਜੂਕੇਸ਼ਨ ਤੇ, ਗਰੀਬ ਬੱਚਿਆਂ ਦੇ ਵਜ਼ੀਫਿਆਂ ਤੇ, ਮਜ਼ਦੂਰਾਂ ਦੀ ਭਲਾਈ, ਖੇਤ ਮਜ਼ਦੂਰਾਂ ਔਰ ਛੋਟੇ ਕਿਸਾਨਾਂ ਅਤੇ ਗਰੀਬ ਵਿਦਿਆਰਥੀਆਂ ਤੇ ਖਰਚ ਹੋਵੇਗਾ। (ਤਾੜੀਆਂ) ਸਪੀਕਰ ਸਾਹਿਬ, ਸੋਸ਼ਲਿਜ਼ਮ ਦਾ ਸਿੱਧਾ ਤੇ ਆਸਾਨ ਡੈਮੋਕਰੈਟਿਕ ਤਰੀਕਾ ਇਹੋ ਹੈ, ਦੂਜਾ ਹੋਰ ਕੋਈ ਤਰੀਕਾ ਹਾਲੇ ਲਭਿਆ ਨਹੀਂ।

ਸਪੀਕਰ ਸਾਹਿਬ, ਜਦੋਂ ਕਾਮਰੇਡ ਸਾਹਿਬਾਨ ਪਰਜਾ ਮੰਡਲ ਵਿਚ ਕੰਮ ਕਰਦੇ ਹੁੰਦੇ ਸੀ ਤਾਂ ਇਹ ਸਾਨੂੰ ਕਿਹਾ ਕਰਦੇ ਸੀ ਕਿ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਨੇ ਇਥੇ ਕੀ ਸੋਸ਼ਲਿਜ਼ਮ ਲਿਆਉਣਾ ਹੈ, ਇਹ ਇਸ ਤਰ੍ਹਾਂ ਨਹੀਂ ਲਿਆ ਸਕਦੇ। ਇਨ੍ਹਾਂ ਦਾ ਕਹਿਣਾ ਸੀ ਕਿ ਲੜਾਈ ਅਤੇ ਜ਼ੋਰ ਜ਼ਬਰ ਨਾਲ ਸੋਸ਼ਲਿਜ਼ਮ ਆ ਸਕਦਾ ਹੈ। ਪਰ ਉਨ੍ਹਾਂ ਨੀਤੀਆਂ ਤੇ ਚਲ ਕੇ ਹੀ ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਨੇ ਇਹ ਸੋਸ਼ਲਿਜ਼ਮ ਵਲ ਕਦਮ ਚੁਕਿਆ ਹੈ। ਸਾਡੀ ਪ੍ਰਧਾਨ ਮੰਤਰੀ ਨੇ ਇਹ ਦੱਸਿਆ ਹੈ ਕਿ ਪੁਰਅਮਨ ਤਰੀਕੇ ਨਾਲ ਵੀ ਸਮਾਜਵਾਦ ਆ ਸਕਦਾ ਹੈ ਔਰ ਇਹ ਆਏਗਾ। ਇਸ ਨੂੰ ਕੋਈ ਰੋਕ ਨਹੀਂ ਸਕਦਾ। ਕਾਨੂੰਨ ਬਦਲੇ ਜਾ ਸਕਦੇ ਹਨ, ਕਾਂਸਟੀਚਿਊਸ਼ਨ ਨੂੰ ਅਮੈਂਡ ਕੀਤਾ ਜਾ ਸਕਦਾ ਹੈ।

**ਇਕ ਆਵਾਜ਼ :** ਰੂਸ ਵਲ ਵੇਖ ਲਓ।

**ਵਿੱਤ ਮੰਤਰੀ :** ਰੂਸ ਸਾਡਾ ਦੋਸਤ ਹੈ। ਉਸ ਨੇ ਸਾਡੀ ਮਦਦ ਕੀਤੀ ਹੈ। ਅਸੀਂ ਰੂਸ ਦੀ ਇੱਜ਼ਤ ਕਰਦੇ ਹਾਂ। ਸੋਸ਼ਲਿਜ਼ਮ ਹਿੰਦੁਸਤਾਨ ਵਿਚ ਵੀ ਆ ਸਕਦਾ ਹੈ ਅਤੇ ਇਸੇ ਤਰ੍ਹਾਂ ਹਰ ਇਕ ਮੁਲਕ ਆਪਣਾ ਆਪਣਾ ਸਮਾਜਵਾਦ ਲਿਆ ਸਕਦਾ ਹੈ।

ਚੀਨ ਦਾ ਆਪਣਾ ਸੋਸ਼ਲਿਜ਼ਮ ਹੈ, ਯੁਗੋਸਲੋਵਾਕੀਆ ਦਾ ਆਪਣਾ ਸੋਸ਼ਲਿਜ਼ਮ ਹੈ, ਇਸੇ ਤਰ੍ਹਾਂ ਹਰ ਇਕ ਮੁਲਕ ਵਿਚ ਸੋਸ਼ਲਿਜ਼ਮ ਹੁੰਦਾ ਹੈ। ਰਸ਼ੀਆ ਦਾ ਆਪਣਾ ਸੋਸ਼ਲਿਜ਼ਮ ਹੈ। ਪਰ ਸਾਡੇ ਕੋਲ ਇਕ ਸੀ. ਪੀ. ਐਮ. ਦਾ ਮੈਂਬਰ ਹੈ, ਉਸ ਨੂੰ ਸੀ. ਆਈ. ਏ. ਦੇ ਏਜੰਟਾਂ ਤੋਂ ਬਚਾਓ। ਸਾਨੂੰ ਤਾਂ ਕੋਈ ਡਰ ਨਹੀਂ। ਸਾਡੀ ਪ੍ਰਾਇਮ ਮਨਿਸਟਰ ਨੇ ਜਿਹੜੇ ਅੰਦਰੂਨੀ ਅਤੇ ਬੈਰੂਨੀ ਖਤਰੇ ਹਨ ਉਨ੍ਹਾਂ ਨੂੰ ਖੂੰਜੇ ਲਾ ਦਿੱਤਾ ਅਤੇ ਦੇਸ਼ ਨੂੰ ਤਰੱਕੀ ਵਲ ਲੈ ਆਉਂਦਾ ਹੈ।

ਸਪੀਕਰ ਸਾਹਿਬ, ਇਥੇ ਕਨੇਡੀਅਨ ਸਾਹਿਬ ਨੇ ਕਿਹਾ ਹੈ ਕਿ ਇਹ ਵੈਲਫੇਅਰ ਓਰੀਐਂਟਿਡ ਬਜਟ ਹੈ। ਇਹ ਲੋਕਾਂ ਦੇ ਭਲੇ ਦਾ ਬਜਟ ਹੈ। ਸਪੀਕਰ ਸਾਹਿਬ, ਇਹ ਕੋਈ ਛੋਟੀ ਜਿਹੀ ਗੱਲ ਨਹੀਂ। ਕਿ ਸੀ. ਪੀ. ਆਈ. ਦੇ ਮੈਂਬਰ ਕਹਿਣ ਕਿ ਇਹ

Original with;
Punjab Vidhan Sabha
Digitized by;
Panjab Digital Library

ਵੈਲਫੇਅਰ ਓਰੀਐਂਟਿਡ ਬਜਟ ਹੈ । ਇਸ ਵਿਚ ਗਰੀਬਾਂ ਲਈ ਜ਼ਿਆਦਾ ਪੈਸਾ ਰੱਖਿਆ ਗਿਆ ਹੈ । ਇਹ ਕੋਈ ਛੋਟੀ ਗੱਲ ਨਹੀਂ । ਇਹ ਸੀ. ਪੀ. ਆਈ. ਦੇ ਮੈਂਬਰਜ਼ ਤਾਂ ਥੀਸਿਜ਼ ਪੜ੍ਹ ਕੇ ਆਉਂਦੇ ਹਨ ਤਾਂ ਇਥੇ ਆ ਕੇ ਸਪੀਚ ਕਰਦੇ ਹਨ । ਸਾਡੇ ਮੈਂਬਰਜ਼ ਤਾਂ ਤਿਆਰੀ ਕਰਕੇ ਹੀ ਆਉਂਦੇ ਹਨ ਪਰ ਉਹ ਤਾਂ ਥੀਸਿਜ਼ ਤੋਂ ਪੜ੍ਹ ਕੇ ਤਿਆਰ ਹੋ ਕੇ ਆਉਂਦੇ ਹਨ ਤੇ ਉਨ੍ਹਾਂ ਨੇ ਵੀ ਕਿਹਾ ਹੈ ਕਿ ਇਸ ਬਜਟ ਵਿਚ ਗਰੀਬਾਂ ਲਈ ਜ਼ਿਆਦਾ ਪੈਸਾ ਰੱਖਿਆ ਗਿਆ ਹੈ ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸੀ. ਪੀ. ਆਈ. ਦੇ ਮੈਂਬਰਜ਼ ਤਾਂ ਥੀਸਿਜ਼ ਪੜ੍ਹ ਕੇ ਆਉਂਦੇ ਹਨ ਪਰ ਸਾਡੇ ਮੈਂਬਰ ਪੜ੍ਹ ਕੇ ਨਹੀਂ ਆਉਂਦੇ । ਇਹ ਇਕ ਬੜਾ ਭਾਰੀ ਐਸਪਰਸ਼ਨ ਹੈ ।

**ਵਿੱਤ ਮੰਤਰੀ :** ਮੈਂ ਇਹ ਨਹੀਂ ਕਿਹਾ ਕਿ ਉਹ ਬਗੈਰ ਪੜ੍ਹੇ ਹੀ ਆ ਜਾਂਦੇ ਹਨ, ਮੈਂ ਤਾਂ ਕਿਹਾ ਸੀ ਕਿ ਸਾਡੇ ਮੈਂਬਰਜ਼ ਤਾਂ ਤਿਆਰੀ ਕਰਕੇ ਆਉਂਦੇ ਹਨ ਅਤੇ ਉਹ ਥੀਸਿਜ਼ ਤੋਂ ਪੜ੍ਹ ਕੇ ਆਉਂਦੇ ਹਨ । ਮੈਂ ਕੈਪਟਨ ਸਾਹਿਬ ਨੂੰ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਵੇਖੋ ਅਖਬਾਰਾਂ ਦੇ ਐਡੀਟੋਰੀਅਲ ਕੀ ਕਹਿੰਦੇ ਹਨ । ਮੈਂ ਅਖਬਾਰਾਂ ਪੇਸ਼ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਹਿੰਦੁਸਤਾਨ ਟਾਈਮਜ਼ ਲਿਖਦਾ ਹੈ :—

'But the Government's concern is not limited to economy alone. Education receives Rs. 67 crores. More important, an academy for art, literature and culture is to be set up to train and encourage young writers and artists and so on.

Here is surely an example which some of the other States can follow.

The Tribune writes :

The plan performance continues to be commendable with stepped up investment each year. The greater reliance on institutional finance for maintaining the State's tempo of development is un-exceptionable.

ਇਹ ਟਰੀਬਿਊਟ ਅਖਬਾਰਾਂ ਨੇ ਦਿੱਤਾ ਹੈ ।....

**ਕਮਿਊਨਿਸਟ ਪਾਰਟੀ ਦਾ ਇਕ ਮਾਨਯੋਗ ਮੈਂਬਰ :** ਇਹ ਬਿਰਲੇ ਦਾ ਅਖਬਾਰ ਤਾਂ ਨਹੀਂ ਹੈ । (ਹਾਸਾ)

**ਵਿੱਤ ਮੰਤਰੀ :** ਇਹ ਬਿਰਲੇ ਦੇ ਅਖਬਾਰ ਨਹੀਂ । ਹੁਣ ਸਾਰੇ ਅਖਬਾਰ ਇਕੋ ਜਿਹੇ ਕੀਤੇ ਹੋਏ ਹਨ । ਇਹ ਸਪੀਕਰ ਸਾਹਿਬ, ਪਿਛਲੀ ਗੱਲ ਨਹੀਂ ਛੱਡਦੇ ਜਿਹੜੀ ਕਿ ਇਨ੍ਹਾਂ ਦੇ ਦਿਮਾਗਾਂ ਵਿਚ ਵੜੀ ਹੋਈ ਹੈ । ਇਹ ਪਹਿਲੀ ਗੱਲ ਹੀ ਸੋਚਦੇ ਹਨ ਜੋ ਇਹ ਚਾਹੁੰਦੇ ਹੁੰਦੇ ਸਨ ਹਿੰਦੁਸਤਾਨ ਟਾਈਮਜ਼ ਵਿਚ ਛਪਵਾ ਦਿੰਦੇ ਸਨ, ਪਰ ਹੁਣ ਛਪਦੀ ਨਹੀਂ ਹੈ । ਹੁਣ ਤਾਂ ਅਖਬਾਰਾਂ ਵਿਚ ਬਿਜਲੀ ਦੇ ਕੰਮ ਵਿਦਿਆ ਦੇ ਕੰਮ ਲੋਕਾਂ ਦੀ ਤਰੱਕੀ ਦੇ ਕੰਮ ਛਪਦੇ ਹਨ । ਇਸ ਲਈ ਮੈਂ ਅਖਬਾਰਾਂ ਵਾਲਿਆਂ ਨੂੰ ਮੁਬਾਰਿਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਕਨਸਟਰੱਕਟਿਵ ਐਟੀਚਿਊਡ ਰੱਖਿਆ ਹੈ । (ਥੰਪਿੰਗ) ਸਪੀਕਰ ਸਾਹਿਬ, ਇਹ ਐਵੇਂ ਮੈਨੂੰ ਕਿਉਂ ਛੇੜੀ ਜਾਂਦੇ ਹਨ । ਸਮਾਜਵਾਦ ਦਾ ਦੂਸਰਾ ਟਾਰਗੇਟ ਹੈ ਰੁਜ਼ਗਾਰ ਵਧਾਇਆ ਜਾਵੇ ਔਰ ਧਨ ਨੂੰ ਵੰਡਿਆ ਜਾਵੇ ।

Original with;
Punjab Vidhan Sabha
Digitized by;
Panjab Digital Library

ਇਕ ਆਵਾਜ਼ : ਇਹ ਵੀ ਕਹਿ ਦਿਓ ਕਿ ਧਰਤੀ ਨੂੰ ਵੀ ਵੰਡਿਆ ਜਾਵੇ ।

ਵਿੱਤ ਮੰਤਰੀ : ਸਪੀਕਰ ਸਾਹਿਬ, ਸਮਾਜਵਾਦ ਦਾ ਟਾਰਗੇਟ ਹੁੰਦਾ ਹੈ ਕਿ ਰੁਜ਼ਗਾਰ ਵਧੇ, ਪੈਦਾਵਾਰ ਵਧੇ । ਪੈਦਾਵਾਰ ਵੱਧਦੀ ਹੈ ਤਾਂ ਖੁਸ਼ਹਾਲੀ ਵੱਧਦੀ ਹੈ । ਰੁਜ਼ਗਾਰ ਨਾਲ ਖੁਸ਼ਹਾਲੀ ਔਰ ਪੈਦਾਵਾਰ ਵੱਧਦੀ ਹੈ । ਪੈਦਾਵਾਰ ਨਾਲ ਇਡਂਟਸਰੀ ਵੱਧਦੀ ਹੈ, ਦੇਸ਼ ਦੀ ਖੁਸ਼ਹਾਲੀ ਵੱਧਦੀ ਹੈ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਰੇਜ਼ ਕਰਨਾ ਚਾਹੁੰਦਾ ਹਾਂ ਜੀ ।....

ਸ੍ਰੀ ਸਪੀਕਰ : ਪੁੱਛਣ ਦਾ ਤਾਂ ਕੋਈ ਪੁਆਇੰਟ ਆਫ ਆਡਰ ਨਹੀਂ ਬਣਦਾ ।

ਕਾਮਰੇਡ ਅਰਜਨ ਸਿੰਘ ਮਸਤਾਨਾ : ** ** **

Mr. Speaker : This is no point of order.

ਸ਼ਰਮਾ ਜੀ ਕਿਤਨਾ ਟਾਈਮ ਲਉਗੇ ? ਡੇਢ ਵਜੇ ਖ਼ਤਮ ਕਰ ਦਿਉਗੇ ਜਾਂ ਨਹੀਂ ?

ਵਿੱਤ ਮੰਤਰੀ : ਨਹੀਂ ਜੀ ।

## EXTENSION OF TIME OF THE SITTING

ਸ੍ਰੀ ਸਪੀਕਰ : ਹਾਊਸ ਦੀ ਮਰਜ਼ੀ ਹੋਵੇ ਤਾਂ 15 ਮਿੰਟ ਹਾਊਸ ਦਾ ਟਾਈਮ ਵਧਾ ਦਿੱਤਾ ਜਾਵੇ । is it the pleasure of the House ?

Voices : Yes, yes.

ਸ੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟ ਵਧਾਇਆ ਜਾਂਦਾ ਹੈ ।

## RESUMPTION OF GENERAL DISCUSSION ON THE BUDGET FOR THE YEAR 1976-77

ਵਿੱਤ ਮੰਤਰੀ : ਸਪੀਕਰ ਸਾਹਿਬ, ਛੇ ਪੁਆਇੰਟ ਇਸ ਸਮਾਜਵਾਦ ਵਿਚ ਅਹਿਮ ਹਨ । ਪੈਦਾਵਾਰ ਬੜ੍ਹੇ, ਰੁਜ਼ਗਾਰ ਬੜ੍ਹੇ, ਸਰਕਾਰ ਦਾ ਗਰੀਬ ਲੋਕਾਂ ਉਪਰ ਖ਼ਰਚ ਬੜ੍ਹੇ, ਮਹਿੰਗਾਈ ਘੱਟੇ, ਟੈਕਸ ਘੱਟੇ ਔਰ ਪੰਜਾਬ ਦੇ ਉਹਨਾਂ ਲੋਕਾਂ ਦਾ ਪਛੜਾਪਨ ਜਿਹੜੇ ਫਾਇਨੈਸ਼ੀਅਲੀ ਵੀਕਰ ਹਨ, ਪਛੜੇ ਹੋਏ ਹਨ, ਉਨ੍ਹਾਂ ਦਾ ਪਛੜਾਪਨ ਘੱਟੇ । ਹੁਣ ਮੈਂ ਤੁਹਾਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ, ਸਪੀਕਰ ਸਾਹਿਬ, ਸਨ 1971-72 ਵਿਚ 1,051 ਸੀ ਔਰ ਸੰਨ 1973-74 ਵਿਚ 1,386 ਹੋ ਗਈ । ਅਗਲੇ ਵੀ ਅੰਕੜੇ ਆਉਣਗੇ । ਉਹ ਵੀ ਹਾਊਸ ਨੂੰ ਦੱਸਾਂਗਾ ਕਿ ਕਿਤਨੀ ਆਮਦਨ ਵੱਧੀ ਹੈ ।

ਕਮਿਊਨਿਸਟ ਪਾਰਟੀ ਦੇ ਬੈਂਚਾਂ ਵਲੋਂ ਆਵਾਜ਼ : ਨੈਟ ਇਨਕਮ ਦੱਸੋ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ** : ਉਹ ਵੀ ਦੱਸਾਂਗਾ, ਮੈਨੂੰ ਮੁਕੰਮਲ ਕਰ ਲੈਣ ਦਿਤੇ । ਅਸੀਂ ਇਸ ਜਗ੍ਹਾ ਪੁੱਜ ਗਏ ਹਾਂ, ਕਾਮਯਾਬ ਸਟ੍ਰੈਟਿਜੀ ਤੇ ਚਲੇ ਹਾਂ, ਅਤੇ ਜ਼ਿਆਦਾ ਪੈਸਾ ਗਰੀਬਾਂ ਉਤੇ ਖ਼ਰਚ ਕੀਤਾ ਹੈ, ਆਮਦਨ ਵਧਾਈ ਹੈ, ਟੈਕਸ ਨਹੀਂ ਲਗਾਏ । ਇਸ ਤੋਂ ਇਲਾਵਾ ਹੋਰ ਸਾਡਾ ਕੋਈ ਮਕਸਦ ਨਹੀਂ ਹੁੰਦਾ । ਤੁਸੀਂ ਵੀ ਸਪੀਕਰ ਸਾਹਿਬ, ਪੁਰਾਣੇ ਪਾਰਲੀਮੈਂਟੇਰੀਅਨ ਹੋ । ਤੁਸੀਂ ਜਾਣਦੇ ਹੋ ਕਿ ਹੋਰ ਮੈਂ ਇਨ੍ਹਾਂ ਨੂੰ ਕੀ ਦੱਸ ਸਕਦਾ ਹਾਂ, ਹੋਰ ਸੀ. ਐਮ. ਸਾਹਿਬ ਵੀ ਕਿਹੜਾ ਤੋਹਫਾ ਹਾਊਸ ਨੂੰ ਦੇ ਸਕਦੇ ਹਨ । ਇਸ ਕਰਕੇ ਆਪੋਜ਼ੀਸ਼ਨ ਨੂੰ ਵੀ ਇਸ ਤੋਂ ਚੰਗਾ ਬੱਜਟ ਨਹੀਂ ਦਿਤਾ ਜਾ ਸਕਦਾ । ਸਪੀਕਰ ਸਾਹਿਬ, ਮੈਂ ਇਹ ਵੀ ਦੱਸ ਦੇਵਾਂ ਕਿ ਸਾਡੀ ਪਲਾਨ ਦਾ ਅੱਛਾ ਨਤੀਜਾ ਇਹ ਹੈ ਕਿ ਅੰਧੇਰਾ ਦੂਰ ਹੋਣ ਲਗਾ ਹੈ । ਬਿਜਲੀ ਛੇਤੀ ਛੇਤੀ ਪਿੰਡਾਂ ਨੂੰ ਜਾ ਰਹੀ ਹੈ, ਇਸ ਤਰ੍ਹਾਂ ਅੰਧੇਰਾ ਦੂਰ ਹੋ ਜਾਵੇਗਾ, ਤਾਲੀਮ ਦੀ ਰੋਸ਼ਨੀ ਵੱਧੇਗੀ, ਜਹਾਲਤ ਘੱਟ ਹੋ ਜਾਵੇਗੀ । ਕਈ ਲੋਕ ਤਾਂ ਜਹਾਲਤ ਛੱਡਣਾ ਨਹੀਂ ਚਾਹੁੰਦੇ, ਉਹ ਹਾਊਸ ਵਿਚ ਬੈਠਦੇ ਹੀ ਨਹੀਂ ਹਨ । ਇਸ ਲਈ ਤਾਲੀਮ ਦੀ ਰੌਸ਼ਨੀ ਵਧੇਗੀ, ਰਚਨਾਤਮਕ ਕਾਰਜਾਂ ਵਲ ਜ਼ਿਆਦਾ ਲੋਕ ਲੱਗਣਗੇ । ਇਸ ਵਾਸਤੇ ਅਸੀਂ ਇਹ ਫੈਸਲਾ ਕੀਤਾ ਹੈ ਕਿ ਸਾਡੀ ਸਰਕਾਰ ਔਰ ਗਿਆਨੀ ਜ਼ੈਲ ਸਿੰਘ ਜੀ ਚੀਫ਼ ਮਨਿਸਟਰ ਸਾਹਿਬ ਨੇ ਇਹ ਫੈਸਲਾ ਕੀਤਾ ਹੈ ਕਿ ਅਸੀਂ ਸੋਸ਼ਲਿਜ਼ਮ ਵਲ ਤੇਜ਼ੀ ਨਾਲ ਵਧਨਾ ਹੈ, ਰੀਐਕਸ਼ਨਰੀ ਤਾਕਤਾਂ ਤੋਂ ਘਬਰਾਉਣ ਦੀ ਲੋੜ ਨਹੀਂ, ਉਹ ਤਾਕਤਾਂ ਇਥੇ ਵੀ ਬੈਠੀਆਂ ਹੋਣ, ਉਹ ਲੜਾਈ ਜਾਰੀ ਰਹੇਗੀ, ਸਮਾਜਵਾਦ ਆਵੇਗਾ, ਇਸ ਨੂੰ ਕੋਈ ਰੋਕ ਨਹੀ ਸਕਦਾ ।

ਸਰਦਾਰ ਬੇਅੰਤ ਸਿੰਘ ਜੀ ਔਰ ਚੌਧਰੀ ਰਾਮ ਸਿੰਘ ਜੀ ਨੇ ਕਿਹਾ ਸੀ ਕਿ ਟੈਕਸ ਹੋਰ ਵੀ ਲਗਾਏ ਜਾ ਸਕਦੇ ਸਨ, ਜਿਸ ਤਰ੍ਹਾਂ ਲਗਜ਼ਰੀ ਗੁਡਜ਼ ਹੈ ਜਾਂ ਕਈ ਹੋਰ ਚੀਜ਼ਾਂ ਹਨ ਉਨ੍ਹਾਂ ਉਪਰ ਕਈਆਂ ਨੇ ਟੈਕਸ ਤਜਵੀਜ਼ ਕੀਤੇ ਸਨ ਲੇਕਿਨ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਟੈਕਸ ਲਗਾ ਸਕਦੇ ਸਨ ਲੇਕਿਨ ਖ਼ਤਰਾ ਇਹ ਹੈ ਕਿ ਜੋ ਅਨਾਜ ਪੈਦਾ ਕਰ ਰਿਹਾ ਹੈ, ਉਹ ਕਿਧਰੇ ਖ਼ਤਮ ਨਾ ਹੋ ਜਾਵੇ, ਉਸ ਉਪਰ ਬੋਝ ਜ਼ਿਆਦਾ ਨਾ ਪੈ ਜਾਵੇ । ਇਸ ਕਰਕੇ ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੈ ਕਿ ਅਸੀਂ ਬੋਨਸ ਵੀ ਲੋਕਾਂ ਨੂੰ ਦਿੰਦੇ ਹਾਂ । ਇਹ ਅਸੀਂ ਖਾਦ ਦੀ ਸ਼ਕਲ ਵਿਚ ਦਿੰਦੇ ਹਾਂ ਖਾਦ ਵੀ ਸੱਸਤੀ ਭਾਰਤ ਸਰਕਾਰ ਨੇ ਕੀਤੀ ਹੈ ਲੇਕਿਨ ਅਗਰ ਅਸੀਂ ਹਿਸਾਬ ਲਗਾਈਏ ਔਰ ਇਰੀਗੇਸ਼ਨ ਪਰਪਜ਼ ਲਈ ਨੋ-ਪ੍ਰਾਫਿੱਟ ਨੋ-ਲਾਸ ਬੇਸਿਜ਼ ਤੇ ਅਗਰ ਪਾਣੀ ਦਾ ਹਿਸਾਬ ਲਗਾਈਏ ਜਿਹੜਾ ਕਿ ਕਿਸਾਨ ਨੂੰ ਦਿੱਤਾ ਜਾਂਦਾ ਹੈ ਤਾਂ ਸਪੀਕਰ ਸਾਹਿਬ, 6 ਕਰੋੜ 24 ਲੱਖ ਰੁਪਏ ਦੇ ਟੈਕਸ ਕਿਸਾਨਾਂ ਉਪਰ ਲਗ ਸਕਦੇ ਹਨ ਔਰ ਅਗਲੇ ਸਾਲ ਵਿਚ ਹੋਰ ਵੀ ਜ਼ਿਆਦਾ ਹੋਣਾ ਹੈ । ਅਗਰ ਬਿਜਲੀ ਬੋਰਡ ਨੇ ਜਿਤਨਾਂ ਖ਼ਰਚਾ ਕੀਤਾ ਹੈ, ਅਗਰ ਉਸ ਖਰਚੇ ਉਤੇ ਹੀ ਨੋ-ਪ੍ਰਾਫਿਟ ਨੋ-ਲਾਸ ਬੇਸਿਜ਼ ਉਤੇ ਹਿਸਾਬ ਲਗਾਈਏ ਤਾਂ 4 ਕਰੋੜ ਦੇ ਟੈਕਸ ਹੋਰ ਪੰਜਾਬ ਦੇ ਕਿਸਾਨਾਂ ਉਤੇ ਲਗਣੇ ਚਾਹੀਦੇ ਹਨ ਲੇਕਿਨ ਅਸੀਂ ਜਾਣ ਬੁਝ ਕੇ 12 ਕਰੋੜ ਰੁਪਏ ਦੀ ਹਿਡਨ ਸਬਸਿੱਡੀ ਦਿੰਦੇ ਹਾਂ ਤਾਂਕਿ ਉਹ ਤਕੜੇ ਰਹਿਣ ਔਰ ਅਨਾਜ ਦੀ ਲੋੜ ਨੂੰ ਪੂਰਾ ਕਰਦੇ ਰਹਿਣ । ਇਸ ਤੋਂ ਇਲਾਵਾ ਸਪੀਕਰ ਸਾਹਿਬ, ਕੁਝ ਮਾਨਯੋਗ ਮੈਂਬਰਾਂ ਨੇ ਇਹ ਵੀ ਕਿਹਾ ਸੀ ਕਿ ਕਿਰਪਾਲ ਸਿੰਘ ਢਿਲੋਂ ਨੇ ਬੜੀ ਚੰਗੀ ਸਪੀਚ ਕੀਤੀ ਹੈ, ਬੜਾ ਮਜ਼ਾ ਆਇਆ ਹੈ ਲੇਕਿਨ ਉਨ੍ਹਾਂ ਨੇ ਘਾਟੇ ਬਾਰੇ ਵੀ ਕਿਹਾ ਸੀ ਕਿ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

22 ਕਰੋੜ ਦਾ ਘਾਟਾ ਹੈ। ਉਨ੍ਹਾਂ ਨੇ ਕਿਹਾ ਸੀ ਕਿ 22 ਕਰੋੜ ਦਾ ਘਾਟਾ ਪੂਰਾ ਹੋ ਜਾਵੇਗਾ ਲੇਕਿਨ ਸਰਦਾਰ ਬੇਅੰਤ ਸਿੰਘ ਹੋਰਾਂ ਨੂੰ ਖ਼ਤਰਾ ਇਹ ਸੀ ਕਿ ਕਿਧਰੇ ਦਰਮਿਆਨ ਵਿਚੋਂ ਹੀ ਟੈਕਸ ਨਾ ਲਗ ਜਾਣ ਪਰ ਇਹ ਗ਼ਲਤ ਹੈ। ਸਾਡਾ ਕੋਈ ਵੀ ਇਰਾਦਾ ਨਹੀਂ ਹੈ ਕਿ ਸਾਲ ਦੇ ਦਰਮਿਆਨ ਵਿਚ ਟੈਕਸ ਲਗਾਏ ਜਾਣ। (ਥੰਪਿੰਗ) ਫਿਰ ਸਪੀਕਰ ਸਾਹਿਬ, ਇਹ ਕਹਿਣਗੇ ਕਿ 22 ਕਰੋੜ ਰੁਪਏ ਘਾਟੇ ਦੀ ਐਕਸਪਲਾਨੇਸ਼ਨ ਚਾਹੀਦੀ ਹੈ। ਸਪੀਕਰ ਸਾਹਿਬ, ਇਕ ਤਾਂ ਪ੍ਰਮਾਤਮਾ ਦੀ ਕਿਰਪਾ ਹੋ ਗਈ, ਐਫ. ਸੀ. ਆਈ. ਦਾ ਸੇਲਜ਼ ਟੈਕਸ ਦਾ ਮਾਮਲਾ ਕੋਰਟ ਵਿਚ ਚਲਾ ਗਿਆ ਸੀ ਉਹ ਹਿੰਦ ਦੀ ਸਰਕਾਰ ਨੇ ਨਿਪਟਾ ਦਿਤਾ ਹੈ। ਸੱਤ ਕਰੋੜ ਰੁਪਿਆ ਹੋਰ ਮਿਲ ਜਾਣਾ ਹੈ। ਇਹ ਬੱਜਟ ਤੋਂ ਬਾਅਦ ਪਤਾ ਲਗਿਆ ਹੈ। ਔਰ ਚਾਰ ਕਰੋੜ ਰੁਪਿਆ ਇੰਦਰਾ ਜੀ ਦੇ ਪ੍ਰੋਗਰਾਮ ਦੇ ਮੁਤਾਬਿਕ ਨਾਨ-ਅਸੈਂਸ਼ੀਅਲ ਖਰਚਿਆਂ ਉਤੇ ਕੱਟ ਜਿਹੜੀ ਲਗਾਉਂਦੇ ਹਾਂ, ਐਤਕੀਂ ਕੁਝ ਨਰਮ ਹੋਣਾ ਚਾਹੁੰਦੇ ਹਾਂ। ਇਸ ਲਈ ਤਿੰਨ-ਚਾਰ ਕਰੋੜ ਰੁਪਿਆ ਉਸ ਪਾਸਿਓਂ ਆ ਜਾਵੇਗਾ ਔਰ ਇਸ ਤੋਂ ਇਲਾਵਾ ਕਾਲਾ ਧਨ ਜਿਹੜਾ ਹੈ, ਉਸ ਦਾ ਪੰਜ ਕਰੋੜ ਰੁਪਿਆ ਮਿਲਣਾ ਹੈ। (ਥੰਪਿੰਗ) ਔਰ ਜਿਹੜਾ ਸੈਂਟਰ ਦੇ ਟੈਕਸ ਦੀ ਵਸੂਲੀ ਹੋਈ ਹੈ ਉਸ ਵਿਚੋਂ ਵੀ ਦੋ ਢਾਈ ਕਰੋੜ ਰੁਪਿਆ ਮਿਲਣਾ ਹੈ। ਔਰ ਜਿਹੜੀ ਐਮਰਜੈਂਸੀ ਕਰਕੇ ਟੈਕਸਾਂ ਦੇ ਵਿਚ ਵਸੂਲੀ ਠੀਕ ਢੰਗ ਨਾਲ ਹੋਈ ਹੈ, ਫਲਾਇੰਗ ਸਕੁਐਡ ਕਾਇਮ ਕੀਤੇ ਹਨ ਉਸ ਨਾਲ ਵੀ ਸਾਨੂੰ ਜ਼ਿਆਦਾ ਆਮਦਨ ਹੋਵੇਗੀ। ਇਸ ਲਈ ਤੌਖਲਾ ਨਹੀਂ ਹੋਣਾ ਚਾਹੀਦਾ। ਇਹ 22 ਕਰੋੜ ਰੁਪਿਆ ਪੂਰਾ ਕਰਾਂਗੇ ਜਿਸ ਤਰ੍ਹਾਂ ਪਰਮਾਤਮਾ ਨੇ ਪਿਛਲੇ ਸਾਲ ਪੂਰਾ ਕਰਵਾਇਆ ਸੀ। (ਥੰਪਿੰਗ) ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੈ ਕਿ ਹਰੀਜਨਾਂ ਦੀ ਡਿਵੈਲਪਮੈਂਟ ਦੀ ਕਾਰਪੋਰੇਸ਼ਨ ਬਣਾਈ ਹੈ ਉਨ੍ਹਾਂ ਨੂੰ ਰੁਪਿਆ ਵੀ ਹੋਰ ਦਿੱਤਾ ਹੈ। ਜਿਹੜਾ ਰੁਪਿਆ ਪਹਿਲਾਂ ਸੀ ਉਨ੍ਹਾਂ ਨੂੰ ਕਿਹਾ ਹੈ ਕਿ ਮਾਰਜਨ ਮਨੀ ਬਣਾ ਕੇ ਹੋਰ ਪੈਸਾ ਲੈ। ਇਕ ਹੋਰ ਨਵੀਂ ਸਕੀਮ ਹੈ। ਮੇਰਾ ਖਿਆਲ ਨਹੀਂ ਹੈ ਕਿ ਕਿਸੇ ਸੂਬੇ ਨੇ ਇਸ ਤਰ੍ਹਾਂ ਕੀਤਾ ਹੋਵੇ। ਉਹ ਇਹ ਹੈ ਕਿ ਬੈਕਵਰਡ ਕਲਾਸਿਜ਼ ਔਰ ਹੋਰ ਇਕਨਾਮੀਕਲੀ ਬੈਕਵਰਡ ਲੋਕਾਂ ਲਈ ਉਨ੍ਹਾਂ ਦੀ ਕਾਰਪੋਰੇਸ਼ਨ ਬਣਾਈ ਜਾਵੇ। ਇਕ ਕਰੋੜ ਰੁਪਿਆ ਇਸ ਵਾਸਤੇ ਰਖਿਆ ਹੈ। ਉਹ ਲੋਕ ਮੱਝਾਂ ਰੱਖ ਸਕਣ, ਗਾਈਆਂ ਰੱਖ ਸਕਣ ਟਰੱਕ ਲੈ ਸਕਣ, ਕੋਈ ਹੋਰ ਛੋਟਾ ਮੋਟਾ ਕਾਰੋਬਾਰ ਕਰ ਸਕਣ। ਇਹ ਪਹਿਲੀ ਵਾਰੀ ਹੈ ਅਤੇ ਇਹ ਪਹਿਲਾ ਸੂਬਾ ਹੈ ਜਿਸ ਨੇ ਇਸ ਤਰ੍ਹਾਂ ਦੀ ਕਾਰਪੋਰੇਸ਼ਨ ਬਣਾਈ ਹੈ। (ਥੰਪਿੰਗ) ਗਿਆਨੀ ਜ਼ੈਲ ਸਿੰਘ ਜੀ ਦੇ ਰਾਜ ਵਿਚ ਉਹ ਲੋਕ ਜਿਹੜੇ ਹਰੀਜਨਾਂ ਵਰਗੇ ਹੀ ਹਨ, ਜਿਨ੍ਹਾਂ ਸਾਹਮਣੇ ਭਗਤ ਗੁਰਾਂ ਦਾਸ ਜੀ ਜਾਂਦੇ ਹਨ ਤਾਂ ਉਨ੍ਹਾਂ ਨੂੰ ਸਿਰ ਝੁਕਾਉਣਾ ਪੈਂਦਾ ਸੀ, ਹੁਣ ਨਹੀਂ ਝੁਕਾਉਣਾ ਪਵੇਗਾ। ਹਰੀਜਨਾਂ ਵਾਲੇ ਸੂਦ ਉਤੇ ਹੀ ਜਿਹੜੇ ਬੈਕਵਰਡ ਕਲਾਸਿਜ਼ ਦੇ ਲੋਕ ਹਨ ਉਹ ਕਰਜ਼ਾ ਲੈ ਸਕਣਗੇ।

ਲੈਂਡ ਰਿਫਾਰਮਜ਼ ਦੇ ਬਾਰੇ ਹੁਣ ਮੈਂ ਦਸਦਾ ਹਾਂ ਕਿ ਅਦਾਲਤਾਂ ਨੇ ਸਾਡੇ ਕਾਨੂੰਨ ਨੂੰ ਰੱਦ ਕਰ ਦਿਤਾ ਸੀ। ਇਹ 9ਵੇਂ ਸ਼ਡਿਊਲਡ ਵਿਚ ਆ ਗਿਆ ਹੈ। ਹੁਣੇ ਮਾਲ ਮੰਤਰੀ ਜੀ ਨੇ ਮੈਨੂੰ ਦਸਿਆ ਹੈ ਕਿ 34427 ਰਿਟਰਨਾਂ ਆਈਆਂ ਹਨ। ਅਸੀਂ ਸਕਰੂਟੇਨਾਈਜ਼ ਕਰ ਰਹੇ ਹਾਂ ਸਾਰੇ ਇਸ ਮਹੀਨੇ ਦੇ ਅੰਤ ਤਕ ਸਕਰੂਟੇਨਾਈਜ਼ ਕਰ ਦੇਵਾਂਗੇ। ਜਿਹੜਾ ਸਰਪਲੱਸ ਏਰੀਆ ਹੈ, ਟੈਨੈਂਸ ਜਿਹੜੇ ਹਨ ਉਨ੍ਹਾਂ ਨੂੰ 30 ਜੂਨ ਤਕ ਜ਼ਮੀਨਾਂ ਵੰਡ ਦਿਤੀਆਂ

Original with;
Punjab Vidhan Sabha
Digitized by;
Panjab Digital Library

ਜਾਣਗੀਆਂ । ਇਹ ਉਹ ਤਾਰੀਖ ਹੈ ਜਿਹੜੀ ਤਾਰੀਖ ਹਿੰਦ ਸਰਕਾਰ ਨੇ ਨਿਸਚਿਤ ਕੀਤੀ ਹੈ । ਇਸ ਵਿਚ ਤੁਹਾਨੂੰ ਕੋਈ ਤੌਖਲਾ ਨਹੀਂ ਹੋਣਾ ਚਾਹੀਦਾ ਹੈ, ਅਸੀਂ 30 ਜੂਨ ਤੋਂ ਪਹਿਲਾਂ ਪਹਿਲਾਂ ਹੀ ਇਸ ਸਰਪਲੱਸ ਏਰੀਆ ਨੂੰ ਵੰਡ ਦਿਆਂਗੇ । ਸਪੀਕਰ ਸਾਹਿਬ, ਮੈਂ ਕਿਹਾ ਸੀ ਕਿ ਮੈਂ ਆਪਣੀ ਬਜਟ ਸਪੀਚ ਵਿਚ ਕਹਾਂਗਾ ਬੇਨਾਮੀ ਜ਼ਮੀਨ ਦੇ ਬਾਰੇ ਵਿਚ, ਜਿਸ ਤਰ੍ਹਾਂ ਕੈਪਟਨ ਸਾਹਿਬ ਨੇ ਫਰਮਾਇਆ ਹੈ ਕਿ ਕੋਈ ਕਾਨੂੰਨ ਨਹੀਂ ਹੈ ਅਤੇ ਨਾ ਇਸ ਐਕਟ ਦੇ ਅਧੀਨ ਲੈਂਡ ਲਾਰਡ ਆਪਣੀ ਜ਼ਮੀਨ ਨੂੰ ਟਰਾਂਸਫਰ ਕਰ ਸਕਦਾ ਹੈ ਕਿਉਂਕਿ ਅਸੀਂ ਉਸ ਦੀ ਟਰਾਂਸਫਰ ਨੂੰ ਨਹੀਂ ਮੰਨਦੇ ਜਦੋਂ ਤਕ ਉਹ ਆਪਣੀ ਬੋਨਾਫਾਈਡ ਸਬੂਤ ਨਹੀਂ ਕਰਦਾ ਔਰ ਇਸ ਦੇ ਅਧੀਨ ਸਾਡੀ ਸਾਰੀ ਮਸ਼ੀਨਰੀ ਐਕਸ਼ਨ ਲੈ ਸਕਦੀ ਹੈ । ਜੇ ਕੋਈ ਬੇਨਾਮੀ ਜ਼ਮੀਨ ਹੋਵੇਗੀ ਉਹ ਇਸ ਦੇ ਅਧੀਨ ਆ ਸਕਦੀ ਹੈ । ਤੁਸੀਂ ਸਟੱਡੀ ਕਰ ਸਕਦੇ ਹੋ । ਇਹ ਭਾਰਤ ਸਰਕਾਰ ਦੇ ਕਾਨੂੰਨ ਦੇ ਮੁਤਾਬਿਕ ਹੈ । ਪ੍ਰਧਾਨ ਮੰਤਰੀ ਜੀ ਦਾ 20-ਨੁਕਾਤੀ ਪ੍ਰੋਗਰਾਮ ਚਲਾਇਆ ਹੋਇਆ ਹੈ ਇਹ ਲੋਕਾਂ ਦਾ ਆਪਣਾ ਪ੍ਰੋਗਰਾਮ ਹੈ । ਸਿਰਫ ਇਹ ਪ੍ਰਧਾਨ ਮੰਤਰੀ ਜੀ ਦਾ ਹੀ ਪ੍ਰੋਗਰਾਮ ਨਹੀਂ ਹੈ । ਇਹ ਨਾ ਸਮਝੋ ਕਿ 20-ਨੁਕਾਤੀ ਪ੍ਰੋਗਰਾਮ ਖ਼ਤਮ ਹੋ ਜਾਵੇਗਾ ।

ਇਸ ਦੇ ਬਾਅਦ ਹੋਰ ਪ੍ਰੋਗਰਾਮ ਵੀ ਆਉਣੇ ਹਨ । ਕਾਂਗਰਸ ਵਿਚ ਵੀ ਉਹੀ ਰਹੇਗਾ ਜਿਹੜਾ ਇੰਦਰਾ ਗਾਂਧੀ ਦੇ ਪ੍ਰੋਗਰਾਮ ਵਿਚ ਦਿਲੋਂ ਵਿਸ਼ਵਾਸ ਰੱਖਦਾ ਹੈ ਅਤੇ ਓਪਰਾ ਪਣ ਨਹੀਂ ਚਲੇਗਾ । ਤੁਹਾਡੇ ਵਿਚ ਵੀ ਲੈਂਡਲਾਰਡ ਨਹੀਂ ਰਹਿਣਗੇ । ਸੀ.ਪੀ.ਆਈ. ਵਿਚ ਵੀ ਗਲਤ ਰਿਟਰਨ ਦੇਣ ਵਾਲੇ ਨਹੀਂ ਰਹਿ ਸਕਣਗੇ । (ਤਾੜੀਆਂ) ਮੈਂ ਐਨੀ ਅਰਜ਼ ਕਰਨੀ ਚਾਹੁੰਦਾ ਸੀ ਕਿ ਪ੍ਰੋਗਰਾਮ ਬੜੀ ਤੇਜ਼ੀ ਨਾਲ ਚਲ ਰਹੇ ਹਨ ਅਤੇ ਪੰਜਾਬ ਇਕ ਬੜੀ ਚੰਗੀ ਤਰੱਕੀ ਦੇ ਰਸਤੇ ਤੇ ਚੱਲ ਰਿਹਾ ਹੈ ਅਤੇ ਲਗਾਤਾਰ ਸਟੈਬਿਲਿਟੀ ਪੰਜਾਬ ਦੇ ਲੋਕਾਂ ਨੇ ਆਪਣੇ ਪੰਜਾਬ ਨੂੰ ਦਿਤੀ ਹੈ ਅਤੇ ਗਿਆਨੀ ਜੀ ਦੀ ਰਹਿਨੁਮਾਈ ਵਿਚ ਪੰਜਾਬ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ । ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਹੋਰ ਅੱਗੇ ਵਧੇਗਾ, ਸਾਰੇ ਦੇਸ਼ ਦਾ ਮੁਕਾਬਲਾ ਕਰੇਗਾ ਅਤੇ ਇਹ ਦੇਸ਼ ਦੀ ਹਿਫਾਜ਼ਤ ਅਤੇ ਦੇਸ਼ ਦੀ ਤਰੱਕੀ ਵਿਚ ਆਪਣਾ ਪੂਰਾ ਹਿੱਸਾ ਪਵੇਗਾ । (ਤਾੜੀਆਂ)

**ਕੈਪਟਨ ਰਤਨ ਸਿੰਘ** : ਪੁਆਇੰਟ ਆਫ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਮੈਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ । ਇਨ੍ਹਾਂ ਨੇ 219 ਕਰੋੜ ਰੁਪਿਆ ਪਲਾਨ ਵਿਚ ਰੱਖਿਆ ਹੈ । ਸ਼ਰਮਾ ਜੀ ਨੇ ਇਹ ਕਿਹਾ ਹੈ ਕਿ 219 ਕਰੋੜ ਰੁਪਿਆ ਸਾਡੀ ਪਲਾਨ ਦਾ ਜੋ ਐਕਸਪੈਂਸਿਜ਼ ਹੈ ਇਹ ਹਾਈਐਸਟ ਇਨ ਦੀ ਕੰਟਰੀ ਹੈ । ਇਹ ਠੀਕ ਹੈ । ਇਸ ਸਬੰਧੀ ਮੈਂ ਸ਼ਰਮਾ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੈਂਟਰਲ ਗੌਰਮਿੰਟ ਦੀ ਇਸ ਦੇ ਵਿਚ ਕੀ ਕੰਟਰੀਬਿਊਸ਼ਨ ਹੈ ਅਤੇ ਪੰਜਾਬ ਸਰਕਾਰ ਦੀ ਆਪਣੇ ਰਿਸੋਰਸਿਜ਼ ਤੋਂ ਇਸ ਵਿਚ ਕੀ ਕੰਟਰੀਬਿਊਸ਼ਨ ਹੈ । ਦਿਸ ਇਜ਼ ਨੰਬਰ ਵੰਨ ਕੁਐਸਚਨ ।

ਦੂਸਰਾ ਇਹ ਹੈ ਜਿਸ ਦੇ ਬਾਰੇ ਮੇਰੀ ਜ਼ਾਤੀ ਰਾਏ ਹੈ ਅਤੇ ਇਹ ਉਸ ਨੂੰ ਕਨਫਿਊਜ਼ ਕਰ ਗਏ ਹਨ । ਉਸ ਨੂੰ ਇਹ ਜ਼ਰੂਰ ਕਲੀਅਰ ਕਰਨ ਕਿ 24 ਜਨਵਰੀ, 1971 ਤੋਂ ਇਹ ਲੈਂਡ ਰਿਫਾਰਮ ਲਾਗੂ ਹੋਈਆਂ ਹਨ । ਉਸ ਤੋਂ ਪਹਿਲਾਂ ਜਿਨ੍ਹਾਂ ਨੇ ਬੇਨਾਮੀਆਂ ਕਰਵਾਈਆਂ ਹਨ ਉਨ੍ਹਾਂ ਨੂੰ ਇਹ ਕਾਨੂੰਨ ਟੱਚ ਨਹੀਂ ਕਰਦਾ । ਮੈਂ ਸ਼ਰਮਾ ਜੀ ਨੂੰ ਕਹਾਂਗਾ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਿ ਤੁਸੀਂ ਸੈਂਟਰਲ ਗੌਰਮਿੰਟ ਨੂੰ ਕਹੋ ਕਿ ਬੇਨਾਮੀ ਟਰਾਂਜ਼ੈਕਸ਼ਨ ਨੂੰ ਬੰਦ ਕਰਵਾਓ। 24 ਜਨਵਰੀ, 1971 ਤੋਂ ਪਹਿਲਾਂ ਜਿਸ ਨੇ ਜ਼ਮੀਨ ਬੇਨਾਮੀ ਕਰਵਾਈ ਹੈ ਉਹ ਲੈਂਡ ਰਿਫਾਰਮ ਵਿਚ ਨਹੀਂ ਆਉਂਦਾ, ਇਸ ਦੇ ਵਿਚ ਤਬਦੀਲੀ ਜ਼ਰੂਰ ਕਰਵਾਓ। ਮੈਂ ਇਹ ਹੀ ਕਹਿਣਾ ਚਾਹੁੰਦਾ ਹਾਂ।

**ਕਾਮਰੇਡ ਸੱਤ ਪਾਲ ਡਾਂਗ :** ਮੈਂ ਛੋਟੀ ਜਿਹੀ ਗੱਲ ਪੁੱਛਣੀ ਚਾਹੁੰਦਾ ਹਾਂ। ਪਿਛਲੇ 2-3 ਸਾਲਾਂ ਦੇ ਵਿਚ ਇਕ ਪਰੋਸੀਜ਼ਰ ਇੰਟਰੋਡਿਊਸ ਹੋਇਆ ਸੀ ਬੱਜਟ ਦੇ ਸਿਲਸਿਲੇ ਵਿਚ ਕਿ 2-3-ਮਹਿਕਮੇ ਹਰ ਸਾਲ ਚੁਣਕੇ ਉਨ੍ਹਾਂ ਬਾਰੇ ਡਿਟੇਲਡ ਫਿਜ਼ੀਕਲ ਪੁਜ਼ੀਸ਼ਨ, ਬੱਜਟ ਦਾ ਟਾਰਗੇਟ ਅਤੇ ਅਚੀਵਮੈਂਟ ਬਾਰੇ ਸਾਨੂੰ ਕੁਝ ਪੁਸਤਕਾਂ ਮਿਲਦੀਆਂ ਸਨ ਪਰ ਐਤਕੀਂ ਇਹ ਪਰੋਸੀਜ਼ਰ ਬੰਦ ਕਰ ਦਿਤਾ ਗਿਆ ਹੈ। ਇਹ ਜਿਹੜੀ ਪਰੈਕਟਿਸ ਸੀ ਕਿ ਦੋ ਮਹਿਕਮੇ ਘੱਟੋ ਘੱਟ ਹਰ ਸਾਲ ਚੁਣਕੇ ਉਨ੍ਹਾਂ ਦੇ ਬੱਜਟ ਆਦਿ ਬਾਰੇ ਸਾਰੀ ਫਿਜ਼ੀਕਲ ਪੁਜ਼ੀਸ਼ਨ ਦੀ ਕਾਪੀ ਸਾਨੂੰ ਦਿਤੀ ਜਾਂਦੀ ਸੀ ਉਹ ਕਿਉਂ ਬੰਦ ਕੀਤੀ ਗਈ ਹੈ ?

**ਵਿੱਤ ਮੰਤਰੀ :** ਐਤਕੀਂ ਪਹਿਲੀ ਵਾਰ ਸਾਰਾ ਪਲਾਨ ਜੋ ਹੈ ਉਸ ਬਾਰੇ ਕਿਤਾਬਾਂ ਛਪੀਆਂ ਹਨ, ਹਰ ਮਹਿਕਮੇ ਦੇ ਬਾਰੇ ਜੋ ਸਾਡੇ ਪਲਾਨ ਵਿਚ ਖਰਚ ਹੋਣਾ ਹੈ ਉਸ ਵਿਚ ਦਰਜ ਹੈ। ਇਹ ਪਹਿਲੀ ਦਫਾ ਕੀਤਾ ਹੈ। ਬਾਕੀ ਜੋ ਡਾਂਗ ਸਾਹਿਬ ਨੇ ਸਵਾਲ ਉਠਾਇਆ ਹੈ ਅਤੇ ਕੈਪਟਨ ਸਾਹਿਬ ਨੇ ਕਿਹਾ ਹੈ, ਇਕ ਪੂਰਾ ਦਿਨ ਹੋਰ ਐਪਰੋਪਰੀਏਸ਼ਨ ਬਿੱਲ ਵਾਸਤੇ ਐਪਰੋਪਰੀਏਸ਼ਨ ਬਿਲ ਆਉਣਾ ਹੈ, ਉਸ ਵਿਚ ਨਵੇਂ ਟਾਰਗੇਟ ਵੀ ਦੱਸਾਂਗੇ, ਸਾਰੀਆਂ ਚੀਜ਼ਾਂ ਦਾ ਜਵਾਬ ਦਿਆਂਗੇ। ਐਪਰੋਪਰੀਏਸ਼ਨ ਬਿੱਲ ਆ ਰਿਹਾ ਹੈ ਇਨ੍ਹਾਂ ਨੇ ਜੋ ਕਹਿਣਾ ਹੈ ਕਹਿ ਲੈਣ ਔਰ ਉਨ੍ਹਾਂ ਦਾ ਪੂਰਾ ਜਵਾਬ ਆਵੇਗਾ।

**Mr. Speaker:** The House stands adjourned till 9-00 a.m. on Wednesday, the 4th February, 1976.

1.42 p.m | *(The Sabha then adjourned till 9-00 a.m. on Wednesday, the 4th February, 1976.)*

1822—18-6-76—286—ਪੰਜਾਬ ਗੌਰਮਿੰਟ ਪਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

10

SP

# PUNJAB VIDHAN SABHA

## DEBATES

*4th February, 1976*

Vol. I—No. 10

## OFFICIAL REPORT

CONTENTS

*Wednesday, the 4th February, 1976*


| | | PAGE |
|---|---|---|
| Postponed Starred Questions and Answers | .. | (10)1 |
| Starred Questions and Answers | .. | (10)7 |
| Written Answers to Starred Questions laid on the Table of the House under Rule 38 | .. | (10)33 |
| Question of Privilege | .. | (10)42 |
| Call Attention Notices under Rule 66 | .. | (10)43 |
| Statements laid on the Table of the House in reply to Call Attention Notices | .. | (10)45 |
| Third Report of the Business Advisory Committee | .. | (10)47 |
| Discussion and Voting of Demands for Grants | .. | (10)48 |



Punjab Vidhan Sabha Secretariat, Chandigarh.

Price Rs. 30-8 30-80



Original with;
Punjab Vidhan Sabha
Digitized by;
Panjab Digital Library

Original w
Punjab Vi
Digitized b
Panjab Dig

## PUNJAB VIDHAN SABHA

*Wednesday, the 4th February, 1976*

*The Vidhan Sabha met in the Punjab Vidhan Sabha Hall, Vidhan Bhavan, Chandigarh 160001, at 9-00 A.M. of the Clock. Mr. Speaker (Dr. Kewal Krishan) in the Chair.*

---

## POSTPONED STARRED QUESTIONS AND ANSWERS

### NOMINATION OF STUDENTS FOR B. ED. CLASSES DURING THE ACADEMIC YEAR 1975-76

*3394. **Comrade Satya Pal Dang :** Will the Minister for Education be pleased to state—

(a) whether the Governments has nominated certain students for B.Ed classes for the academic year 1975-76 in the various training Colleges of the State ;

(b) if the reply to part (a) above be in the affirmative the number of applications recieved for the purpose, the criterion adopted for selection and the total number of students nominated by the Government indicating the number of girls and boys among them ;

(c) the total number of students admitted for the academic year 1975-76 by the training Colleges themselves together with the total number of girls and boys belonging to the Scheduled Castes, Backward Classes, Backward areas and ex-servicemen families among them ?

**ਸ੍ਰੀ ਗੁਰਮੇਲ ਸਿੰਘ** (ੲ) ਹਾਂ ਜੀ ।

(ਬੀ) ਪ੍ਰਾਪਤ ਹੋਈਆਂ ਕੁੱਲ ਦਰਖਾਸਤਾਂ ਲਗ ਭਗ 1600 ਸਨ । ਇਹਨਾਂ ਵਿਚੋਂ 802 ਵਿਅਕਤੀ ਨਾਮਜ਼ਦ ਕੀਤੇ/ਚੁਣੇ ਗਏ ਹਨ, ਜਿਨ੍ਹਾਂ ਵਿਚੋਂ 659 ਲੜਕੇ ਅਤੇ 143 ਲੜਕੀਆਂ ਹਨ । ਇਨ੍ਹਾਂ ਦੀ ਚੋਣ/ਨਾਮੀਨੇਸ਼ਨ, ਮੈਰਿਟ/ਵਿਅਕਤੀਗਤ ਉਚਤਿਤਾ ਦੇ ਆਧਾਰ ਤੇ ਕੀਤੀ ਗਈ ।

(ਸ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

*Original with;*
Punjab Vidhan Sabha
*Digitized by;*
Panjab Digital Library

## APPLICATIONS FOR ALLOTMENT OF RESIDENTIAL PLOTS TO LANDLESS ETC. IN THE STATE

*3411. 1. Comrade Saghar Singh
2. Comrade Satya Pal Dang : Will the Minister of State for Housing be pleased to state —

(a) whether there are any villages in the State from which no application for allotment of a residential plot was received from any landless, houseless, unskilled labourer; if so, a district-wise list of such villages be laid on the Table of the House;

(b) whether any legislator wrote to the Minister any letter on 10th November, 1975 in this connection, if so, the contents thereof;

(c) the action, if any, taken by the Government on the said letter ?

**ਸ੍ਰੀਮਤੀ ਗੁਰਬਿੰਦਰ ਕੌਰ ਬਰਾੜ** : (ੳ) ਅਜਿਹੇ ਪਿੰਡਾਂ ਦੀ ਸੂਚੀ **ਜਿਨ੍ਹਾਂ ਵਿਚੋਂ ਕਿਸੇ ਭੂਮੀ ਹੀਣ, ਬੇਘਰ, ਅਨਸਿੱਖਿਅਤ ਮਜ਼ਦੂਰ ਵਲੋਂ ਰਿਹਾਇਸ਼ੀ ਪਲਾਟ ਦੀ ਅਲਾਟਮੈਂਟ ਬਾਰੇ ਕੋਈ ਦਰਖਾਸਤ ਪ੍ਰਾਪਤ ਨਹੀਂ ਹੋਈ, ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਹਾਂ, ਜੀ । ਪੱਤਰ ਦਾ ਉਤਾਰਾ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

(ੲ) ਇਸ ਪੜਾਅ ਤੇ, ਜਦੋਂ ਕਿ ਪਲਾਟਾਂ ਦੀ ਅਲਾਟਮੈਂਟ ਦਾ ਕੰਮ ਲਗਭਗ ਮੁੱਕ ਚੁੱਕਾ ਹੈ, ਸਰਕਾਰ ਲਈ ਦਿੱਤੇ ਗਏ ਸੁਝਾਵਾਂ ਨੂੰ ਮੰਨਣਾ ਸੰਭਵ ਨਹੀਂ ।

### COPY OF THE LETTER

Satya Pal Dang,
Ekta Bhawan,
Chheharta.
(Camp Chandigarh)

Dated 10th November, 1975

My dear

I am writing this to draw your urgent and personal attention to the following :-

The scheme for giving free of cost plots for constructing houses to landless, unskilled labourers residing in rural areas and having no houses of their own, was first introduced nearly 3 years ago. The instructions issued in this connection laid down a last date for making applications. At the same time, it was provided that if at the time of on-the-spot verifications etc. any persons found to be entitled to get plots but who did not make applications in time, then such persons too should be included in the lists of persons to be given plots. This was a very correct instruction as it took into account the fact of much backwardness and illiteracy of the potential beneficiaries of the Scheme.

Despite this instruction, however, a certain number of deserving persons from certain villages got left out. When they came to know of the scheme, they applied. They have been and are being told that nothing can be done to help them because they did not apply in time.

---

**ਸੂਚੀ ਲਾਇਬ੍ਰੇਰੀ ਵਿਚ ਰਖੀ ਹੈ ।

Original with:
Punjab Vidhan Sabha
Digitized by:
Panjab Digital Library

I think this is not in accordance with the spirit of the scheme. It is al o not right, in view of the emphasis placed afresh on this scheme in the 20 point economic programme, of the Prime Minister announced on Ist July, 1975.

I would request that the matter may be reconsidered and instructions may be issued to the District Authorities of all the districts to find ways and means of accommodating such deserving persons.

Secondly, in cases of villages from which no persons at all applied in time because they did not come to know of the scheme before the last date, there should be no difficulty in extending the scheme to such villages even at this time. The District Authorities, however, are taking a very rigid view and are saying that they are helpless in the matter in view of the instructions issued to them.

I know of one such case in the Amritsar District. It is of village Kotli Nagir Khan. There are not likely to be many such cases in the whole of the State.

In this connection, I should rcquest fresh instructions to the district authorities telling them to take steps to bring such villages also under the scheme and to ensure that deserving persons of these villages too get plots.

That would be very much in accordance with the spirit of the 20-poin t economic programme of the Prime Minister.

With kind regards.

Yours sincerely,
Sd/-
Satyapal Dang

1. Mrs. Gurbrinder Kaur Brar,
State Minister for Housing,
Punjab, Chandigarh.

2. Dr. Zail Singh
Chief Minister,
Punjab Chandigarh.

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਇਹਦੀ ਸੂਚੀ ਸਦਨ ਦੀ ਮੇਜ਼ ਤੇ ਨਹੀਂ ਹੈ ।

**ਸ਼੍ਰੀ ਸਪੀਕਰ :** ਮੇਰੇ ਕੋਲ ਤਾਂ ਹੈ । ਸਦਨ ਦੀ ਮੇਜ਼ ਤੇ ਵੀ ਰੱਖ ਦੇਣੀ ਚਾਹੀਦੀ ਹੈ । ਤੁਹਾਨੂੰ ਦੇ ਦਿੱਤੀ ਜਾਏਗੀ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਇਨ੍ਹਾਂ ਨੇ ਮੰਨਿਆ ਹੈ ਕਿ ਕੁਝ ਪਿੰਡ ਅਜਿਹੇ ਹਨ ਜਿਨ੍ਹਾਂ ਵਿਚੋਂ ਕਿਸੇ ਲੈਂਡਲੈਸ ਦੀ ਪਲਾਟ ਵਾਸਤੇ ਦਰਖ਼ਾਸਤ ਨਹੀਂ ਆਈ । ਇਹ ਆਬਵੀਅਸ ਵਜ੍ਹਾ ਇਹ ਹੋ ਸਕਦੀ ਹੈ ਕਿ ਇਨ੍ਹਾਂ ਲੋਕਾਂ ਨੂੰ ਇਤਲਾਹ ਨਾ ਮਿਲੀ ਹੋਵੇ । ਇਨ੍ਹਾਂ ਨੂੰ ਪਤਾ ਨਾ ਲਗਿਆ ਹੋਵੇ ਕਿ ਉਹਦੀ ਮਿਆਦ ਖਤਮ ਹੋ ਗਈ ਹੈ । ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਕੋਈ ਪਿੰਡ ਅਜਿਹੇ ਹੋਣ 10, 15, 20 ਪਿੰਡ ਹੋਣ, ਜਿਨ੍ਹਾਂ ਤੋਂ ਦਰਖ਼ਾਸਤਾਂ ਨਹੀਂ ਆਈਆਂ ਕਿਉਂਕਿ ਉਨ੍ਹਾਂ ਨੂੰ ਵਕਤ ਸਿਰ ਪਤਾ ਨਹੀਂ ਲਗ ਸਕਿਆ, ਜ਼ਮੀਨ ਐਕੁਆਇਰ ਕਰਨ ਲਈ ਅਵੇਲੇਬਲ ਵੀ ਹੋਵੇ ਤਾਂ ਫਿਰ ਮਨਿਸਟਰ ਸਾਹਿਬਾ ਕਿਉਂ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਦਰਖਾਸਤਾਂ ਐਂਟਰਟੇਨ ਨਹੀਂ ਕੀਤੀਆਂ ਜਾ ਸਕਦੀਆਂ । ਇਹ 20-ਪੁਆਇੰਟ ਪਰੋਗਰਾਮ ਨਾਲ ਕਿਸ ਤਰਾਂ ਢੁੱਕਦਾ ਹੈ ?

Original with;
Punjab Vidhan Sabha
Digitized by;
Panjab Digital Library

... with this ... in accordance with the spirit of the scheme. ...
... economic programme of the Prime Minister announced on 1st July 1975.

I ... that the matter may be ... considered and ... functions ... accommodation ... 

... scheme ... that ... these ...
... authorities, however, are taking a very valid view and the extent ...

... District ...
... there are ... such ... the whole of the ...

... to the district authorities ...

... very ... with the spirit of the ... economic programme of the ... Prime Minister.

Yours sincerely,

Satyapal Dang

... Mrs. Gurbinder ... Dang ...

... के ... ही ... है ...

... है ...

...

*Original with;*
Punjab Vidhan Sabha
*Digitized by;*
Panjab Digital Library

**ਪੰਜਾਬ ਰੋਡਵੇਜ਼ ਅੰਮ੍ਰਿਤਸਰ ਦੇ ਲੋਕਲ ਰੂਟ ਨੰ: 70 ਦਾ ਅਸੰਤੋਸ਼ਜਨਕ ਕੰਮ ।**

*3434. 1. ਕਾਮਰੇਡ ਸੱਘੜ ਸਿੰਘ
2. ਕਾਮਰੇਡ ਸੱਤ ਪਾਲ ਡਾਂਗ : ਕੀ ਆਵਾਜਾਈ ਅਤੇ ਸ਼ਹਿਰੀ ਹਵਾ-ਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਇਹ ਦਸਣਗੇ ਕੀ ਕਿਸੇ ਵਿਧਾਨਕਾਰ ਨੇ, ਪੰਜਾਬ ਰੋਡਵੇਜ਼, ਅੰਮ੍ਰਿਤਸਰ ਦੇ ਲੋਕਲ ਰੂਟ ਨੰ: 70 ਦੇ ਅਸੰਤੋਸ਼ਜਨਕ ਕੰਮ ਬਾਰੇ 18 ਸਤੰਬਰ, 1975 ਜਾਂ 22 ਸਤੰਬਰ, 1975 ਨੂੰ ਇਕ ਪੱਤਰ ਲਿਖਿਆ; ਜੇ ਕਰ ਅਜਿਹਾ ਹੋਵੇ; ਤਾਂ ਉਸ ਦਾ ਵੇਰਵਾ ਕੀ ਹੈ ਅਤੇ ਇਸ ਸਬੰਧ ਵਿਚ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ਅਤੇ ਕੇਸ ਦੀ ਮੌਜੂਦਾ ਸਥਿਤੀ ਕੀ ਹੈ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : ਸ੍ਰੀ ਸੱਤ ਪਾਲ ਡਾਂਗ, ਐਮ. ਐਲ. ਏ., ਨੇ ਪੰਜਾਬ ਰੋਡਵੇਜ਼, ਅੰਮ੍ਰਿਤਸਰ ਦੇ ਲੋਕਲ ਰੂਟ ਨੰ: 70 ਤੇ ਨਾ-ਤਸੱਲੀਬਖਸ਼ ਕੰਮ ਦੇ ਸਿਲਸਲੇ ਵਿਚ ਇਕ ਸ਼ਿਕਾਇਤ, ਸ਼ਿਕਾਇਤ ਨਿਵਾਰਨ ਅਫ਼ਸਰ, ਅੰਮ੍ਰਿਤਸਰ ਨੂੰ ਮਿਤੀ 18 ਸਤੰਬਰ, 1975 ਨੂੰ ਭੇਜੀ ਸੀ, ਜਿਹੜੀ ਕਿ ਬਾਅਦ ਵਿਚ ਜਨਰਲ ਮੈਨੇਜਰ, ਪੰਜਾਬ ਰੋਡਵੇਜ਼ ਅੰਮ੍ਰਿਤਸਰ ਨੂੰ ਵਸੂਲ ਹੋ ਗਈ ਸੀ ।

ਉਨ੍ਹਾਂ ਨੇ ਇਕ ਹੋਰ ਚਿਠੀ ਮਿਤੀ 22 ਨਵੰਬਰ, 1975 ਨੂੰ ਮੁੱਖ ਮੰਤਰੀ ਜੀ ਨੂੰ ਭੇਜੀ ਸੀ, ਉਹ ਵੀ ਰਾਜ ਮੰਤਰੀ, ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਰਾਹੀਂ ਜਨਰਲ ਮਨੈਜਰ, ਪੰਜਾਬ ਰੋਡਵੇਜ਼, ਅੰਮ੍ਰਿਤਸਰ ਨੂੰ ਮਿਲ ਗਈ ਸੀ ।

ਇਸ ਰੂਟ ਤੇ ਬੱਸ ਸੇਵਾ ਦੇ ਸੁਧਾਰ ਲਈ ਕਾਰਵਾਈ ਕੀਤੀ ਗਈ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਮਨਿਸਟਰ ਸਾਹਿਬ ਦੱਸਣਗੇ ਕਿ ਕੀ ਇਹ ਹਕੀਕਤ ਹੈ ਕਿ ਇਸ ਬੱਸ ਸਟੈਂਡ ਨੂੰ ਸੁਧਾਰਣ ਵਾਸਤੇ ਹਰ ਸਾਲ ਕਾਰਵਾਈ ਹੁੰਦੀ ਹੈ ਪਰ ਇਸ ਦਾ ਨਤੀਜਾ 2 ਦਿਨ ਹੀ ਨਿਕਲਦਾ ਹੈ ਅਤੇ ਤੀਸਰੇ ਦਿਨ ਫਿਰ ਪਤਾ ਨਹੀਂ ਲਗਦਾ ਕਿ ਕਿਸ ਵੇਲੇ ਬੱਸ ਜਾਣੀ ਹੈ ਜਾਂ ਕੀ ਹੋਣਾ ਹੈ । ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਤੋਂ ਕੋਈ ਟਾਪ ਦਾ ਅਫ਼ਸਰ ਉਥੇ ਡਿਪਿਊਟ ਕਰਨਗੇ ਤਾਂ ਕਿ ਉਥੇ ਪੇਸੈਂਜਰਜ਼ ਦੇ ਰਿਪ੍ਰੇਜ਼ੈਂਟੇਟਿਵਜ਼ ਨਾਲ ਡਿਸਕਸ ਕਰਨ ਕਿ ਇਹ ਰੂਟ ਕਿਵੇਂ ਇਮਪਰੂਵ ਹੋ ਸਕਦਾ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਡਾਂਗ ਸਾਹਿਬ ਨੂੰ ਇਹ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਇਹ ਹਾਲਤ ਹੁਣ ਨਹੀਂ ਹੈ । ਉਸ ਵੇਲੇ ਤਰਨਤਾਰਨ ਅਤੇ ਅੰਮ੍ਰਿਤਸਰ ਦੇ ਡਿਪੂਆਂ ਦੀ ਵੰਡ ਹੋ ਗਈ ਸੀ ਜਿਸ ਕਰਕੇ ਕੁਝ ਹਾਲਤ ਖਰਾਬ ਸੀ ਲੇਕਿਨ ਉਸ ਦੇ ਬਾਅਦ ਜਦੋਂ ਵੰਡ ਮੁਕੰਮਲ ਹੋ ਗਈ ਤਾਂ ਉਥੇ ਹਾਲਤ ਤਸੱਲੀਬਖਸ਼ ਹੋ ਗਈ ਹੈ । ਜਨਵਰੀ ਦੀ ਰਿਪੋਰਟ ਹੈ ਕਿ 1204 ਕਿਲੋ ਮੀਟਰ ਕੁਲ ਉਸ ਰੂਟ ਤੇ ਬੱਸ ਚਲਣੀ ਸੀ ਪਰ 1133 ਕਿਲੋਮੀਟਰ ਚੱਲੀ ਹੈ। ਕੇਵਲ 71 ਕਿਲੋ ਮੀਟਰ ਮਿੱਸ ਹੋਏ ਹਨ । ਮੈਂ ਇਸ ਗੱਲ ਦਾਂ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਉਸ ਰੂਟ ਤੇ ਖਾਸ ਤੌਰ ਤੇ ਧਿਆਨ ਦੇਕੇ ਉਥੇ ਮਾਈਲੇਜ ਪੂਰੀ ਕਵਰ ਕਰਵਾਈ ਜਾਵੇਗੀ । ਫ਼ਿਰ ਵੀ ਅਗਰ ਇਹ ਚਾਹੁਣ ਤਾਂ ਮੈਂ ਆਪਣੇ ਡਾਇਰੈਕਟਰ ਸਾਹਿਬ ਨੂੰ ਉਥੇ ਭੇਜ ਕੇ ਇਸ ਰੂਟ ਦੀ ਹਾਲਤ ਹੋਰ ਤਸੱਲੀਬਖਸ਼ ਕਰਾਉਣ ਲਈ ਡਿਸਕਸ਼ਨ ਕਰਵਾ ਸਕਦਾ ਹਾਂ । ਵੈਸੇ ਅੱਗੇ ਵਾਸਤੇ ਇਨ੍ਹਾਂ ਨੂੰ ਕੋਈ ਸ਼ਿਕਾਇਤ ਨਹੀਂ ਹੋਵਗੀ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਠੀਕ ਹੈ ਇਹ ਡਾਇਰੈਕਟਰ ਸਾਹਿਬ ਨੂੰ ਉਥੇ ਭੇਜ ਦੇਣ ਅਤੇ ਉਨ੍ਹਾਂ ਨਾਲ ਉਥੇ ਡਿਸਕਸ਼ਨ ਹੋ ਜਾਏਗੀ ।

**ਰਾਜ ਮੰਤਰੀ :** ਠੀਕ ਹੈ, ਮੈਂ ਉਨ੍ਹਾਂ ਨੂੰ ਭੇਜ ਦਿਆਂਗਾ ।

---

**ਬਲਾਚੌਰ ਵਿਖੇ ਬੱਸ ਅੱਡਾ ਬਣਾਉਣਾ**

*3449. **ਮਾਸਟਰ ਦਲੀਪ ਚੰਦ :** ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਬਲਾਚੌਰ ਵਿਖੇ ਇਕ ਸਰਕਾਰੀ ਬੱਸ ਅੱਡਾ ਬਣਾਉਣ ਦੀ ਕੋਈ ਤਜਵੀਜ਼ ਸਰਾਕਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਿਸ ਸਮੇਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ :** ਹਾਂ ਜੀ, ਬੱਸ ਸਟੈਂਡ ਦੀ ਉਸਾਰੀ ਲਈ ਥਾਂ ਦੀ ਚੋਣ ਹਾਲੇ ਕਰਨੀ ਹੈ । ਇਸ ਲਈ ਇਹ ਦੱਸਣਾ ਸੰਭਵ ਨਹੀਂ ਕਿ ਇਹ ਅੱਡਾ ਕਦੋਂ ਤੱਕ ਬਣ ਜਾਵੇਗਾ ।

**ਮਾਸਟਰ ਦਲੀਪ ਚੰਦ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਹੁੰਦਾ ਹਾਂ ਕਿ ਬਲਾਚੌਰ ਦੇ ਵਿਚੋਂ ਘੱਟ ਤੋਂ ਘੱਟ ਸੌ ਸਵਾ ਸੌ ਬੱਸਾਂ ਰੋਜ਼ਾਨਾ ਚੰਡੀਗੜ੍ਹ ਤੋਂ ਜੰਮੂ ਅਤੇ ਚੰਡੀਗੜ੍ਹ ਤੋਂ ਅੰਮ੍ਰਿਤਸਰ ਜਾਂਦੀਆਂ ਹਨ । ਉਥੇ ਬੱਸ ਅੱਡਾ ਨਾ ਹੋਣ ਕਰਕੇ ਲੋਕਾਂ ਨੂੰ ਬਾਰਸ਼ ਅਤੇ ਗਰਮੀ ਵਿਚ ਬਹੁਤ ਦਿਕਤ ਹੁੰਦੀ ਹੈ । ਕੀ ਸਰਕਾਰ ਇਸ ਇਲਾਕੇ ਨੂੰ ਕੰਡੀ ਏਰੀਆ ਤੇ ਬੈਕਵਰਡ ਇਲਾਕਾ ਸਮਝਦੇ ਹੋਏ ਬਲਾਚੌਰ ਵਿਚ ਬੱਸ ਅੱਡਾ ਇਸ ਸਾਲ 1976-77 ਵਿਚ ਬਣਾਉਣ ਦਾ ਵਿਚਾਰ ਕਰੇਗੀ ਅਤੇ ਇਸ ਬੱਸ ਅੱਡੇ ਨੂੰ ਬਾਕੀ ਅੱਡਿਆਂ ਦੇ ਬਣਾਉਣ ਵਿਚ ਪ੍ਰਾਇਰਟੀ ਦੇਵੇਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਹਾਨੂੰ ਪਤਾ ਹੀ ਹੈ ਕਿ ਬੱਸ ਸਟੈਂਡ ਜਿਹੜੇ ਬਣਨੇ ਹਨ ਇਨ੍ਹਾਂ ਨੂੰ ਪ੍ਰਾਇਰਟੀ ਲਿਸਟ ਵਿਚ ਨਹੀਂ ਰਖਿਆ ਜਾਂਦਾ ਅਤੇ ਨਾ ਹੀ ਇਨ੍ਹਾਂ ਨੂੰ ਕੋਈ ਬਹੁਤ ਜ਼ਰੂਰੀ ਸਮਝਿਆ ਜਾਂਦਾ ਹੈ । ਸਾਡੇ ਪਾਸ ਫ਼ੰਡਜ਼ ਵਗੈਰਾ ਘੱਟ ਹਨ । ਅਗਰ ਸਾਨੂੰ ਫ਼ੰਡਜ਼ ਹੋਰ ਮਿਲ ਜਾਣਗੇ ਤਾਂ ਜ਼ਰੂਰ ਬਣਾ ਦੇਵਾਂਗੇ ।

**ਸਰਦਾਰ ਗੁਰਬਚਨ ਸਿੰਘ (ਰੋਪੜ) :** ਸਪੀਕਰ ਸਾਹਿਬ, ਰੋਪੜ ਬਸ ਅੱਡੇ ਤੇ ਜਿੱਥੇ ਬੱਸਾਂ ਖੜ੍ਹਦੀਆਂ ਹਨ ਅੰਬਾਲਾ ਬੱਸ ਸਿੰਡੀਕੇਟ ਦੇ ਅੱਗੇ ਉਥੇ 20-20, 25-25 ਬੱਸਾਂ ਖੜ੍ਹ ਜਾਂਦੀਆਂ ਹਨ ਅਤੇ ਲੋਕਾਂ ਨੂੰ ਆਵਾਜਾਈ ਵਿਚ ਬੜੀ ਤਕਲੀਫ਼ ਹੁੰਦੀ ਹੈ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਰੋਪੜ ਵਿਚ ਬੱਸ ਸਟੈਂਡ ਦੀ ਕੰਸਟਰੱਕਸ਼ਨ ਕਦੋਂ ਤਕ ਸ਼ੁਰੂ ਹੋ ਜਾਵੇਗੀ ।

**ਸ੍ਰੀ ਸਪੀਕਰ :** ਇਹ ਤਾਂ ਇਸ ਸਵਾਲ ਦੇ ਨਾਲ ਤੁਅਲਕ ਨਹੀਂ ਰਖਦਾ ।

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਦੇ ਵਾਸਤੇ ਫ਼ਰੈੱਸ਼ ਨੋਟਿਸ ਦੇ ਦੇਣ ਤਾਂ ਹੀ ਮੈਂ ਜਵਾਬ ਦੇ ਸਕਦਾ ਹਾਂ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਇਸ ਗੱਲ ਦੇ ਪੇਸ਼ੇ ਨਜ਼ਰ ਕਿ ਪਿਛਲੇ ਸਾਲ ਬੱਸ ਅੱਡਿਆਂ ਵਾਸਤੇ ਸਾਰੇ ਬਜਟ ਦੇ ਵਿਚ 20 ਲੱਖ ਰੁਪਿਆ ਰਖਿਆ ਹੈ ਲੇਕਿਨ ਇਕੱਲੇ ਜਲੰਧਰ ਬੱਸ ਅੱਡੇ ਤੇ 35 ਲੱਖ ਰੁਪਿਆ ਖ਼ਰਚ ਹੋਣਾ ਹੈ ਅਤੇ ਇਸੇ ਤਰ੍ਹਾਂ ਲੁਧਿਆਣੇ ਦੇ ਬਸ ਅੱਡੇ ਤੇ 20-25 ਲੱਖ ਰੁਪਿਆ ਖ਼ਰਚ ਹੋਣਾ ਹੈ ਤਾਂ ਫਿਰ ਜਿਹੜੇ ਪਿੰਡਾਂ ਵਿਚ ਬੱਸ ਸਟੈਂਡ ਜਾਂ ਕਿਯੂ ਸ਼ੈੱਲਟਰ ਵਗੈਰਾ ਬਣਾਉਣੇ ਹਨ ਇਤਨੇ ਥੋੜੇ ਫ਼ੰਡਾਂ ਨਾਲ, ਇਨ੍ਹਾਂ ਫ਼ੰਡਾਂ ਦੀ ਰੋਸ਼ਨੀ ਵਿਚ ਉਨ੍ਹਾਂ ਦੀ ਵਾਰੀ ਕਦੋਂ ਆਵੇਗੀ ?

**ਰਾਜ ਮੰਤਰੀ** : ਸ਼ਪੀਕਰ ਸਾਹਿਬ, ਇਸ ਦੇ ਬਾਰੇ ਮੈਂ ਚੀਫ਼ ਮਨਿਸਟਰ ਸਾਹਿਬ ਅਤੇ ਫਾਈਨਾਂਸ ਮਨਿਸਟਰ ਸਾਹਿਬ ਨਾਲ ਗੱਲ-ਬਾਤ ਕੀਤੀ ਹੈ ਕਿ ਬੱਸ ਅੱਡਿਆਂ ਨੂੰ ਪ੍ਰਾਇਰਟੀ ਲਿਸਟ ਵਿਚ ਲਿਆ ਕੇ ਇਸ ਕੰਮ ਦੇ ਵਾਸਤੇ ਵੱਧ ਤੋਂ ਵੱਧ ਰੁਪਿਆ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਬੱਸ ਅੱਡਿਆਂ ਦੇ ਵਾਸਤੇ ਹੋਰ ਰੁਪਿਆ ਦਿੱਤਾ ਜਾਵੇਗਾ ।

---

## NEW BLOCK OF CIVIL HOSPITAL, DHURI

*3462. **Comrade Achhra Singh** : Will the Minister of State for Health and Family Planning be pleased to state whether there is any proposal under the consideration of Government to raise a new block for Civil Hospital, Dhuri, if so, the time by which it is likely to be completed ?

**Sardar Balbir Singh** : (a) Not for the present.

(b) Question does not arise.

**ਕਾਮਰੇਡ ਅੱਛਰਾ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਧੂਰੀ ਦੀ ਆਬਾਦੀ 25 ਹਜ਼ਾਰ ਦੇ ਕਰੀਬ ਹੈ ਅਤੇ ਉਥੇ ਕਾਰਖਾਨੇ ਵੀ ਬਹੁਤ ਹਨ। ਉਥੇ ਰਾਜੇ ਦੇ ਵੇਲੇ ਦਾ ਹਸਪਤਾਲ ਬਣਿਆ ਹੋਇਆ ਹੈ । ਕੀ ਇਸ ਗੱਲ ਨੂੰ ਮੁੱਖ ਰਖਦੇ ਹੋਏ ਕੀ ਵਜ਼ੀਰ ਸਾਹਿਬ ਕੋਈ ਸੋਚਣ ਨੂੰ ਤਿਆਰ ਹਨ ਜਾਂ ਕੋਈ ਤਜਵੀਜ਼ ਜ਼ੇਰੇ ਗੌਰ ਹੈ ਕਿ ਉਥੇ ਨਵਾਂ ਹਸਪਤਾਲ ਬਣਾਇਆ ਜਾਵੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੋ ਇਨ੍ਹਾਂ ਦਾ ਸਵਾਲ ਸੀ ਉਸ ਦਾ ਜਵਾਬ ਮੈਂ ਬਿਲਕੁਲ ਸਾਫ਼ ਦਿੱਤਾ ਹੈ ਕਿ ਇਸ ਵੇਲੇ ਕੋਈ ਤਜਵੀਜ਼ ਨਹੀਂ । (ਵਿਘਨ) ਇਸ ਦਾ ਮਤਲਬ ਇਹ ਨਹੀਂ ਕਿ ਅਗੇ ਵਾਸਤੇ ਕੋਈ ਵਿਚਾਰ ਨਹੀਂ ਕਰ ਸਕਦੇ । (ਵਿਘਨ) ਉਥੇ, ਸਪੀਕਰ ਸਾਹਿਬ, 25 ਬਿਸਤਰਿਆਂ ਜਾਂ ਬੈੱਡਜ਼ ਦਾ ਪ੍ਰਬੰਧ ਕੀਤਾ ਹੈ ਜਿਸ ਤੇ 2 ਲੱਖ 80 ਹਜ਼ਾਰ ਰੁਪਿਆ ਖਰਚ ਆਇਆ ਹੈ ਅਤੇ ਇਸੇ ਤਰ੍ਹਾਂ ਆਊਟ-ਡੋਰ ਬਣਾਇਆ ਹੈ ਜਿਸ ਤੇ ਕਾਫ਼ੀ ਰੁਪਿਆ ਖ਼ਰਚ ਆਇਆ ਹੈ । ਪੰਜ ਸਾਲਾ ਯੋਜਨਾ ਦੇ ਦੌਰਾਨ 2 ਕਰੋੜ 73 ਲੱਖ ਰੁਪਿਆ ਇਨ੍ਹਾਂ ਕੰਮਾਂ ਵਾਸਤੇ ਹੈ ਉਸ ਪਲੈਨ ਦੇ ਵਿਚ ਇਸ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਕਿਹਾ ਗਿਆ ਸੀ ਕਿ ਜਲੰਧਰ ਦੇ ਹਸਪਤਾਲ ਨੂੰ 200 ਬੈਡਜ਼ ਦੀ ਬਜਾਏ 400 ਬੈਡਜ਼ ਵਾਲਾ ਕਰ ਦਿੱਤਾ ਜਾਏਗਾ, ਉਹ ਕਦੋਂ ਤਕ ਹੋ ਜਾਏਗਾ ?

Original with:
Punjab Vidhan Sabha
Digitized by:
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਜੇ ਸੈਣੀ ਸਾਹਿਬ ਸ਼ਰਮਾ ਜੀ ਦੀ ਬਜਟ ਸਪੀਚ ਪੜ੍ਹ ਲੈਂਦੇ ਤਾਂ ਇਹ ਸਵਾਲ ਨਾ ਕਰਦੇ, ਉਸ ਵਿਚ ਦਸਿਆ ਗਿਆ ਹੈ ਕਿ ਕਰ ਦਿੱਤਾ ਜਾਏਗਾ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਹਸਪਤਾਲ, ਪ੍ਰਾਇਮਰੀ ਹੈਲਥ ਸੈਂਟਰ ਜਿਹੜੇ ਹਨ ਉਹ ਐਮ.ਐਲ.ਏ. ਜਾਂ ਪੁਲੀਟੀਕਲ ਹਾਈ ਅੱਪਸ ਦੇ ਕਹਿਣ ਤੇ ਖੋਲ੍ਹੇ ਜਾਂਦੇ ਹਨ । ਆਇਆ ਪੰਜਾਬ ਸਰਕਾਰ ਕੋਈ ਇਹੋ ਜਿਹੀ ਪਰਪੋਜ਼ਲ ਤੇ ਗੌਰ ਕਰੇਗੀ ਜਾਂ ਕੋਈ ਇਹੋ ਜਿਹੀ ਸਟਰੈਟਿਜੀ ਅਡਾਪਟ ਕਰੇਗੀ ਕਿ ਇਹ ਜਿਹੜੇ ਹਸਪਤਾਲ ਵਗੈਰਾ ਹਨ ਪਾਪੂਲੇਸ਼ਨ ਔਰ ਏਰੀਆ ਦੇ ਹਿਸਾਬ ਨਾਲ ਖੋਲ੍ਹੇ ਜਾਣ । ਕਈ ਜਗ੍ਹਾ ਤੇ ਡੇਢ ਡੇਢ, ਦੋ ਦੋ ਮੀਲ ਤੇ ਹਨ ਅਤੇ ਕਈ ਜਗ੍ਹਾ ਤੇ ਬਹੁਤ ਦੂਰ ਤਕ ਕੋਈ ਨਹੀਂ ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਐਮ.ਐਲ.ਏਜ਼. ਦੇ ਕਹਿਣ ਤੇ ਕੀਤਾ ਜਾਂਦਾ ਹੈ, ਇਸ ਬਾਰੇ ਇਹ ਆਪ ਹੀ ਵੇਖ ਲੈਣ। ਵੈਸੇ ਅਸੀਂ ਪਾਪੂਲੇਸ਼ਨ ਔਰ ਏਰੀਆ ਨੂੰ ਮੱਦੇਨਜ਼ਰ ਰੱਖ ਕੇ ਹੀ ਕਰਦੇ ਹਾਂ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਪਿਛੇ ਜਿਹੇ ਸਰਕਾਰ ਨੇ ਇਹ ਫ਼ੈਸਲਾ ਕੀਤਾ ਸੀ ਕਿ ਪ੍ਰਾਇਮਰੀ ਹੈਲਥ ਸੈਂਟਰਜ਼ ਨੂੰ ਦੋ ਹਿੱਸਿਆਂ ਵਿਚ ਬਾਈਫ਼ਰਕੇਟ ਕਰਕੇ ਬਲਾਕ ਦੇ ਦੋ ਹਿੱਸਿਆਂ ਵਿਚ ਕਰ ਦਿੱਤਾ ਜਾਏਗਾ, ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਫ਼ੈਸਲੇ ਤੇ ਹੁਣ ਤਕ ਅਮਲ ਕਿਉਂ ਨਹੀਂ ਹੋਇਆ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਸ ਗੱਲ ਤੇ ਵਿਚਾਰ ਜ਼ਰੂਰ ਕੀਤਾ ਸੀ। ਇਹ ਹੈਲਥ ਸੈਂਟਰਜ਼ ਸੈਂਟਰਲ ਸਰਕਾਰ ਦੀ ਮਨਜ਼ੂਰੀ ਨਾਲ ਬਣੇ ਸੀ ਸੈਂਟਰ ਵਾਲੇ ਬਾਈਫਰਕੇਸ਼ਨ ਨਹੀਂ ਮੰਨੇ ।

**ਕਾਮਰੇਡ ਅੱਛਰਾ ਸਿੰਘ :** ਸਪੀਕਰ ਸਾਹਿਬ, ਧੂਰੀ ਹਸਪਤਾਲ ਬਾਰੇ ਕਿਹਾ ਹੈ ਕਿ ਪੈਸੇ ਦੀ ਥੁੜ ਹੈ । ਉਥੇ ਦੀ ਜ਼ਿਲ੍ਹਾ ਐਡਮਨਿਸਟਰੇਸ਼ਨ ਨੇ ਇਕ ਲੱਖ ਰੁਪਏ ਦਾ ਇੰਤਜ਼ਾਮ ਕਰ ਲਿਆ ਹੈ। ਇਸ ਦੇ ਪੇਸ਼ੇ ਨਜ਼ਰ ਇਕ ਲੱਖ ਰੁਪਿਆ ਕੁਲੈਕਟ ਹੋ ਗਿਆ ਹੈ । ਕੀ ਵਜ਼ੀਰ ਸਾਹਿਬ ਉਥੇ ਨਵਾਂ ਬਲਾਕ ਬਣਾਉਣ ਲਈ ਤਿਆਰ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਵੀ ਨਹੀਂ ਕਿਹਾ ਕਿ ਸਾਡਾ ਵਿਚਾਰ ਹੀ ਨਹੀਂ । ਚੰਗੀ ਗੱਲ ਹੈ ਐਡਮਨਿਸਟਰੇਸ਼ਨ ਨੇ ਇਕ ਲੱਖ ਰੁਪਿਆ ਜਮ੍ਹਾਂ ਕਰ ਲਿਆ ਹੈ ਹੋਰ ਲੋਕਾਂ ਤੋਂ ਵੀ ਪੈਸੇ ਇਕੱਠੇ ਕਰਨ ਅਤੇ ਸਰਕਾਰ ਵੀ ਆਪਣਾ ਹਿੱਸਾ ਪਾ ਦੇਵੇਗੀ ।

---

## ਦਿਹਾਤੀ ਵਿਕਾਸ ਵਾਸਤੇ ਕਰੈਸ਼ ਪ੍ਰੋਗਰਾਮ ਲਈ ਸਿੰਜਾਈ ਵਿਭਾਗ ਦੇ ਅੰਮ੍ਰਿਤਸਰ ਡਰੇਨੇਜ਼ ਸਰਕਲ ਲਈ ਫੰਡ

*3424. **ਕਾਮਰੇਡ ਸੱਤ ਪਾਲ ਡਾਂਗ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ 15 ਮਾਰਚ, 1974 ਲਈ ਬਿਨਾਂ ਨਿਸ਼ਾਨ ਪ੍ਰਸ਼ਨਾਂ ਦੀ ਅਨੁਪੂਰਕ ਸੂਚੀ ਵਿਚ ਦਰਜ "ਦਿਹਾਤੀ ਵਿਕਾਸ ਵਾਸਤੇ ਕ੍ਰੈਸ਼ ਪ੍ਰੋਗਰਾਮ ਲਈ ਸਿੰਜਾਈ ਵਿਭਾਗ ਦੇ ਅੰਮ੍ਰਿਤਸਰ ਡ੍ਰੇਨੇਜ ਸਰਕਲ ਲਈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਫੰਡ'' ਦੇ ਵਿਸ਼ੇ ਤੇ ਨਿਸ਼ਾਨ ਵਾਲੇ ਪ੍ਰਸ਼ਨ ਨੰ: 2472 (ਬਿਨਾਂ ਨਿਸ਼ਾਨ ਵਿਚ ਬਦਲਿਆ ਗਿਆ) ਦੇ ਉੱਤਰ ਦੇ ਹਵਾਲੇ ਨਾਲ ਕ੍ਰਿਪਾ ਕਰਕੇ ਦੱਸਣਗੇ ਕਿ :

(ੳ) ਕੀ ਚੌਕਸੀ ਵਿਭਾਗ ਨੇ ਇਸ ਮਾਮਲੇ ਸਬੰਧੀ ਜਾਂਚ ਪੜਤਾਲ ਮੁਕੰਮਲ ਕਰ ਲਈ ਹੈ ਅਤੇ ਸਬੰਧਤ ਵਿਭਾਗ ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਹੀਂ ਵਿੱਚ ਹੈ ਤਾਂ ਮਾਮਲੇ ਨੂੰ ਤੇਜ਼ ਕਰਨ ਲਈ ਵਿਭਾਗ ਦੁਆਰਾ ਹੁਣ ਤੱਕ ਕੀ ਕਾਰਵਾਈ ਕੀਤੀ ਗਈ ?

**ਸ੍ਰੀ ਗੁਰਬਖਸ਼ ਸਿੰਘ ਸਿਬੀਆ :** (ੳ) ਹੁਣ ਤੱਕ ਕੁੱਲ 6 ਕੇਸਾਂ ਵਿਚੋਂ 2 ਕੇਸਾਂ ਦੀ ਤਫਤੀਸ਼ ਚੌਕਸੀ ਵਿਭਾਗ ਵਲੋਂ ਕੀਤੀ ਗਈ ਅਤੇ ਹੁਣ ਮਾਮਲਾ ਵਿਭਾਗ ਦੇ ਪੜਤਾਲ ਅਧੀਨ ਹੈ ।

(ਅ) ਸਰਕਾਰ ਵੱਲੋਂ ਚੌਕਸੀ ਵਿਭਾਗ ਨੂੰ ਬਾਕੀ 4 ਕੇਸਾਂ ਵਿਚ ਤਫਤੀਸ਼ ਬਿਨਾਂ ਕਿਸੇ ਹੋਰ ਦੇਰੀ ਤੁਰੰਤ ਕਰਵਾਉਣ ਹਿੱਤ ਕਿਹਾ ਗਿਆ ਹੈ ।

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜਾ ਵਾਕਿਆ 20 ਲੱਖ ਦੇ ਗਬਨ ਦਾ ਹੋਇਆ, ਇਹ ਕਦੋਂ ਹੋਇਆ ਸੀ, ਇਸ ਵਿਚ ਕਿੰਨੇ ਅਫ਼ਸਰ ਸਸਪੈਂਡ ਹੋਏ ਹਨ ਔਰ ਕਿਸ ਤਾਰੀਖ ਤੋਂ ਅਤੇ ਕਦੋਂ ਤਕ ਇਸ ਕੇਸ ਦਾ ਆਖ਼ਰੀ ਫ਼ੈਸਲਾ ਹੋ ਜਾਏਗਾ ਆਇਆ ਇਹ ਵੀ ਹਕੀਕਤ ਹੈ ਕਿ ਕਈ ਜਿਹੜੇ ਸਸਪੈਂਕਟਿਡ ਅਫ਼ਸਰ ਸਨ ਉਨ੍ਹਾਂ ਵਿਚ ਕੋਈ ਐਸਾ ਵੀ ਹੈ ਜਿਸ ਨੂੰ ਪਦਮਸ਼੍ਰੀ ਦਿਤਾ ਗਿਆ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਸਿਲਸਲੇ ਵਿਚ 6 ਕੇਸ ਅੱਡ ਅੱਡ ਥਾਵਾਂ ਤੇ ਦਰਜ ਹੋਏ ਹੋਏ ਹਨ । ਇਕ ਜੰਡਿਆਲਾ, ਰਾਮਦਾਸ, ਵਲਟੋਹਾ ਅਤੇ ਝਬਾਲ । ਜਿਹੜੇ ਉਨ੍ਹਾਂ ਵਿਚੋਂ ਦੋ ਕੇਸ ਹਨ ਉਨ੍ਹਾਂ ਦੀ ਇਨਵੈਸਟੀਗੇਸ਼ਨ ਕੰਪਲੀਟ ਹੋ ਚੁਕੀ ਹੈ ਅਤੇ ਬਾਕੀ ਚਾਰਾਂ ਦੀ ਹਾਲੇ ਤਕ ਨਹੀਂ ਹੋਈ । ਇਹ ਸਾਰੇ ਕੇਸ ਇੰਟਰਲਿੰਕਡ ਹਨ । ਜਦ ਤੱਕ ਸਾਰੇ ਕੇਸ ਮੁਕੰਮਲ ਨਾ ਹੋ ਜਾਣ ਕੋਈ ਇੰਨਕੁਆਇਰੀ ਨਹੀਂ ਹੋ ਸਕਦੀ । ਅਜਿਹਾ ਕੋਈ ਵੀ ਅਫ਼ਸਰ ਨਹੀਂ ਜਿਹੜਾ ਇਨ੍ਹਾਂ ਕੇਸਾਂ ਵਿਚ involve ਹੋਵੇ ਤੇ ਉਸ ਨੂੰ ਪਦਮਸ਼੍ਰੀ ਮਿਲਿਆ ਹੋਵੇ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਮੇਰਾ ਸੁਆਲ ਇਹ ਹੈ ਕਿ ਜਦੋਂ ਕੋਈ ਅਫ਼ਸਰ ਰਿਟਾਇਰ ਹੋ ਜਾਵੇ ਤਾਂ ਉਸ ਦੇ ਖਿਲਾਫ਼ ਕੋਈ ਐਕਸ਼ਨ ਨਹੀਂ ਲਿਆ ਜਾ ਸਕਦਾ। ਇਥੇ ਕਿਹਾ ਗਿਆ ਕਿ ਕੋਈ ਰਿਟਾਇਰ ਹੋ ਗਿਆ ਜਿਸ ਦੇ ਖਿਲਾਫ਼ ਮੁਕਦਮਾ ਦਰਜ ਹੈ ਅਤੇ ਕਾਰਵਾਈ ਚੱਲ ਰਹੀ ਹੈ । ਕੀ ਇਹ ਇਸ ਤਰ੍ਹਾਂ ਕਰਨ ਨੂੰ ਤਿਆਰ ਹਨ ਕਿ ਕਿਸੇ ਅਫ਼ਸਰ ਦੇ ਖਿਲਾਫ਼ ਅਗਰ ਕੋਈ ਕੇਸ ਹੋਵੇ ਅਤੇ ਉਹ ਦੋਸ਼ੀ ਹੋਵੇ, ਉਸ ਦੇ ਰਿਟਾਇਰ ਹੋਣ ਤੋਂ ਪਹਿਲਾਂ ਉਸ ਤੇ ਕਾਰਵਾਈ ਕੀਤੀ ਜਾਇਆ ਕਰੇਗੀ ?

Original with
Punjab Vidhan Sabha
Digitized by
Panjab Digital Library

**ਰਾਜ ਮੰਤਰੀ** : ਕਿਸੇ ਆਦਮੀ ਨੂੰ ਕਿਸੇ ਐਸੀ ਬਿਨਾ ਤੇ ਨਹੀਂ ਛੱਡਿਆ ਜਾਏਗਾ। ਜਦੋਂ ਵੀ ਇਨਵੈਸਟੀਗੇਸ਼ਨ ਕੰਪਲੀਟ ਹੋ ਗਈ, ਕਸੂਰਵਾਰ ਨੂੰ ਜ਼ਰੂਰ ਸਜ਼ਾ ਦਿਤੀ ਜਾਏਗੀ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੇਸ 26 ਜੂਨ, 1973 ਦੇ ਹਨ ਇੰਨੀ ਦੇਰ ਹੋ ਗਈ ਹੈ ਹਾਲੇ ਤਕ ਅਦਾਲਤ ਵਿਚ ਕੇਸ ਕਿਉਂ ਨਹੀਂ ਭੇਜੇ ?

**ਰਾਜ ਮੰਤਰੀ** : ਵਿਜੀਲੈਂਸ ਡਿਪਾਰਟਮੈਂਟ ਇਨਵੈਸਟੀਗੇਸ਼ਨ ਕਰ ਰਿਹਾ ਹੈ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਇਹ ਜਿਹੜਾ ਗੜਬੜ ਘੁਟਾਲਾ ਹੋਇਆ ਹੈ ਇਹ ਮੇਰੇ ਹਲਕੇ ਵਿਚ ਵੀ ਹੋਇਆ ਹੈ। ਇਨ੍ਹਾਂ ਨੇ ਕਿਹਾ ਹੈ ਕਿ ਕੇਸ ਦਰਜ ਹੈ। ਸਾਡੇ ਉਥੇ ਹਰੀਜਨਾਂ ਦੇ ਮੁਹੱਲਿਆਂ ਵਿਚ ਜਾ ਕੇ ਤਫ਼ਤੀਸ਼ ਕਰ ਰਹੇ ਹਨ। ਕੀ ਇਸ ਦੀ ਇਨਵੈਸਟੀਗੇਸ਼ਨ ਦੀ ਕੋਈ ਡੇਟ ਮੁਕੱਰਰ ਕਰਨਗੇ ਕਿਉਂਕਿ ਦੋ ਸਾਲ ਹੋ ਚੁਕੇ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਦੇ ਵਾਸਤੇ ਪਰਸਨਲ ਤੌਰ ਤੇ ਡਾਇਰੈਕਟਰ, ਵਿਜੀਲੈਂਸ ਡਿਪਾਰਟਮੈਂਟ ਨੂੰ ਕਿਹਾ ਗਿਆ ਹੈ ਕਿ ਇਨਕੁਆਇਰੀ ਜਲਦੀ ਖਤਮ ਕੀਤੀ ਜਾਵੇ। ਇਸ ਵਿਚ ਕਾਫ਼ੀ ਇਨਵਾਲਵਮੈਂਟ ਹੈ। ਲੋਕਾਂ ਦੇ ਬਿਆਨ ਲੈਣੇ ਹਨ ਅਤੇ ਜਲਦੀ ਤੋਂ ਜਲਦੀ ਇਸ ਨੂੰ ਸਿਰੇ ਚਾੜ੍ਹ ਦਿਤਾ ਜਾਏਗਾ।

**ਸਰਦਾਰ ਗੁਰਬਚਨ ਸਿੰਘ** (ਰੋਪੜ) : ਇਹੋ ਜਿਹੇ ਕਰਮਚਾਰੀ ਜਿਹੜੇ ਕਿ ਕੇਸਾਂ ਵਿਚ ਇਨਵਾਲਵਡ ਹੁੰਦੇ ਹਨ ਜਦ ਤਕ ਉਨ੍ਹਾਂ ਨੂੰ ਸਸਪੈਂਡ ਨਾ ਕੀਤਾ ਜਾਏ ਉਹ ਰਿਕਾਰਡ ਖਰਾਬ ਕਰਨ ਦੀ ਕੋਸ਼ਿਸ਼ ਵਿਚ ਲਗੇ ਰਹਿੰਦੇ ਹਨ ਜਾਂ ਕਰਵਾਉਂਦੇ ਰਹਿੰਦੇ ਹਨ। ਇਸ ਕੇਸ ਵਿਚ ਕਿੰਨੇ ਅਫ਼ਸਰ ਸਸਪੈਂਡ ਹੋਏ ਹਨ ਜਿਨ੍ਹਾਂ ਦੇ ਖ਼ਿਲਾਫ਼ ਇਨਕੁਆਇਰੀ ਚਲ ਰਹੀ ਹੈ ?

**ਰਾਜ ਮੰਤਰੀ** : ਇਹ ਕੋਈ ਕੁਐਸਚਨ ਤਾਂ ਬਣਦਾ ਹੀ ਨਹੀਂ ਜੀ।

**Chaudhri Darshan Singh**: The Hon. Minister has said that in six cases investigation was completed by the Vigilance Department and the matter was handed over to the Police. The matter goes out of the hand of Vigilance Department. The entire investigation rests with the Police and under the law it must put up challan within two months.

ਮੈਂ ਪੁਛਣ ਦੀ ਖੇਚਲ ਕਰਾਂਗਾ। ਉਨ੍ਹਾਂ ਨੇ ਜਵਾਬ ਦੇਣ ਦੀ ਖੇਚਲ ਤਾਂ ਕਰਨੀ ਹੀ ਨਹੀਂ ਕਿ ਇਹ ਕੇਸ ਦੋ ਮਹੀਨੇ ਦੇ ਅੰਦਰ ਪੁਲਿਸ ਨੇ ਅਦਾਲਤ ਵਿਚ ਪੇਸ਼ ਕਰਨੇ ਹੁੰਦੇ ਹਨ, ਇਹ ਕਿਉਂ ਨਹੀਂ ਕੀਤੇ ?

**ਰਾਜ ਮੰਤਰੀ** : ਮੈਂ ਅੱਗੇ ਵੀ ਦਸਿਆ ਹੈ ਕਿ ਇਹ 6 ਕੇਸਿਜ਼ ਹਨ ਅਤੇ ਇਕ ਦੂਜੇ ਨਾਲ ਇੰਟਰਲਿੰਕਡ ਹਨ। ਦੋ ਵਿਚ ਇਨਕੁਆਇਰੀ ਕੰਪਲੀਟ ਹੋ ਚੁਕੀ ਹੈ ਅਤੇ ਬਾਕੀਆਂ ਵਿਚ ਹੋ ਰਹੀ ਹੈ। ਹਾਲੇ ਤਕ ਕੇਸ ਵਿਜੀਲੈਂਸ ਡਿਪਾਰਟਮੈਂਟ ਕੋਲ ਹਨ ਉਸ ਦੇ ਬਾਅਦ ਪੁਲਿਸ ਕੋਲ ਜਾਣਗੇ ਅਤੇ ਉਹ ਚਲਾਨ ਪੇਸ਼ ਕਰਨਗੇ।

Original with; Punjab Vidhan Sabha Digitized by; Panjab Digital Library

**ਕਾਮਰੇਡ ਸੱਤਪਾਲ ਡਾਂਗ** : ਮਨਿਸਟਰ ਸਾਹਿਬ, ਇਹ ਦੱਸਣਗੇ ਕਿ ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਜਿਸ ਅਫ਼ਸਰ ਨੇ ਇਹ ਕੇਸ ਕੱਢਿਆ ਅਤੇ ਝੂਠੇ ਨਾਂ ਲਿਖ ਲਿਖ ਕੇ ਰੁਪਏ ਦੀ ਡਿਸਬਰਸਮੈਂਟ ਕਰ ਦਿੱਤੀ ਅਤੇ ਡਰੇਨ ਬਣੀ ਨਹੀਂ। ਉਹ ਅਫ਼ਸਰ ਪੀਨਾਲਾਈਜ਼ ਹੋਇਆ, ਮਿਸਟਰ ਸੈਣੀ ਉਸ ਦਾ ਨਾਮ ਹੈ, ਅਤੇ ਜਿੰਨੇ ਸਸਪੈਂਡਿਡ ਅਫ਼ਸਰ ਸਨ ਉਨ੍ਹਾਂ ਨੂੰ ਮੁੜ ਕੇ ਰੀਇਨਸਟੇਟ ਕਰ ਦਿੱਤਾ ਗਿਆ। ਫਿਰ ਪਬਲਿਕ ਵਿਚ ਰੌਲਾ ਪਿਆ ਤੇ ਫਿਰ ਸਸਪੈਂਡ ਕਰ ਦਿਤੇ ਗਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਨਾ ਲੈਣ ਲਈ ਕੋਈ ਪੁਲੀਟੀਕਲ ਪ੍ਰੈਸ਼ਰ ਤਾਂ ਨਹੀਂ ਪੈ ਗਿਆ ?

**ਰਾਜ ਮੰਤਰੀ** : ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਕਿਸੇ ਅਫ਼ਸਰ ਦਾ ਇਥੇ ਨਾਂ ਨਹੀਂ ਲਿਆ ਜਾ ਸਕਦਾ, ਜਿਹੜਾ ਇਥੇ ਜਵਾਬ ਨਾ ਦੇ ਸਕੇ।

**ਸਰਦਾਰ ਹਰਚੰਦ ਸਿੰਘ** (ਬੈਠੇ ਬੈਠੇ) : ਜਿਹੜਾ ਕੁਰੱਪਟ ਹੋਵੇ......

**ਰਾਜ ਮੰਤਰੀ** : ਰੂਲਜ਼ ਇਹ ਹਨ ਕਿ ਛੇ ਮਹੀਨੇ......

**ਸ੍ਰੀ ਸਪੀਕਰ** : ਮੈਂਬਰ ਸਾਹਿਬ ਨੇ ਸਿੱਧਾ ਸਵਾਲ ਪੁਛਿਆ ਹੈ ਕਿ ਕੋਈ ਪੁਲੀਟੀਕਲ ਪਰੈੱਸ਼ਰ ਤਾਂ ਨਹੀਂ।

**ਰਾਜ ਮੰਤਰੀ** : ਕੋਈ ਪੁਲੀਟੀਕਲ ਪਰੈੱਸ਼ਰ ਨਹੀਂ ਹੈ ਜੀ।

---

**ਤਹਿਸੀਲ ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਿਸਤ ਦੁਆਬ ਨਹਿਰ ਤੇ ਪੁਲ ਬਣਾਉਣਾ**

●3447. **ਮਾਸਟਰ ਦਲੀਪ ਚੰਦ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਇਸ ਤੱਥ ਦਾ ਪਤਾ ਹੈ ਕਿ ਪਿੰਡਾਂ ਮੈਂਹਦੀ-ਪੁਰ ਅਤੇ ਜੈਮਤਗੜ੍ਹ ਭੱਲੇ, ਤਹਿਸੀਲ ਬਲਾਚੌਰ, ਜ਼ਿਲਾ ਹੁਸ਼ਿਆਰਪੁਰ ਦੇ ਵਸਨੀਕਾਂ ਲਈ ਬਿਸਤ ਦੁਆਬ ਨਹਿਰ ਤੇ ਕੋਈ ਰਸਤਾ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਨ੍ਹਾਂ ਪਿੰਡਾਂ ਦੇ ਸਾਹਮਣੇ ਉਕਤ ਨਹਿਰ ਤੇ ਪੁਲ ਬਣਾਉਣ ਦਾ ਵਿਚਾਰ ਰਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ?

**ਸ੍ਰੀ ਗੁਰਬਖਸ਼ ਸਿੰਘ ਸਿਬੀਆ** : ਸਰਕਾਰ ਦੀ ਪਾਲਿਸੀ ਅਨੁਸਾਰ ਬਿਸਤ ਨਹਿਰ ਉਤੇ ਪਿੰਡ ਮੈਂਹਦੀਪੁਰ ਅਤੇ ਜਮੀਅਤਗੜ੍ਹ ਭੱਲੇ ਲਈ ਦੋ ਪੁਲ ਪਹਿਲਾਂ ਹੀ ਬਣੇ ਹੋਏ ਹਨ। ਇਸ ਤੋਂ ਇਲਾਵਾਂ ਇਕ ਸੁਪਰ ਪੈਸੇਜ਼ ਉਤੇ ਇਕ ਪੈਦਲ ਪੁਲੀ ਵੀ ਪਿੰਡਾਂ ਦੇ ਵਸਨੀਕਾਂ ਦੇ ਲਾਭ ਲਈ ਮੌਜੂਦ ਹੈ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਸਿਆ ਹੈ ਕਿ ਮਹਿੰਦੀਪੁਰ ਪਿੰਡ ਵਾਸਤੇ ਪਹਿਲਾਂ ਹੀ ਨਹਿਰ ਬਿਸਤ ਦੋਆਬ ਤੇ ਪੁਲ ਬਣਿਆ ਹੋਇਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਮਹਿੰਦੀਪੁਰ ਪਿੰਡ ਨੂੰ ਗੁਜ਼ਰਣ ਵਾਸਤੇ ਪਹਿਲਾਂ ਕੋਈ ਪੁੱਲ ਦੋ ਮੀਲ ਦੇ ਅੰਦਰ ਨਾ ਹੋਵੇ ਤਾਂ ਕੀ ਸਰਕਾਰ ਪੁੱਲ ਬਣਾਉਣ ਤੇ ਵਿਚਾਰ ਕਰੇਗੀ ਕਿਉਂਕਿ ਇਸ ਪਿੰਡ ਤੋਂ ਇਕ ਪੁੱਲ ਕੰਗਣਾ ਬੇਟ ਦੋ ਮੀਲ ਤੇ ਹੈ ਅਤੇ ਦੂਜਾ ਮਹਿਤਪੁਰ ਅਲਾਹੀ ਢਾਈ ਮੀਲ ਦੇ ਫ਼ਾਸਲੇ ਤੇ ਹੈ। ਕੀ ਮਨਿਸਟਰ ਸਾਹਿਬ

Original with;
Punjab Vidhan Sabha
Digitized by;
Panjab Digital Library

ਇਸ ਤਕਲੀਫ ਨੂੰ ਮੁੱਖ ਰਖਦੇ ਹੋਏ ਕਿ ਦੋ ਮੀਲ ਦੇ ਅੰਦਰ ਕੋਈ ਪੁੱਲ ਨਹੀਂ ਹੈ, ਇਸ ਪਿੰਡ ਵਾਸਤੇ ਪੁੱਲ ਬਣਾਉਣ ਤੇ ਵਿਚਾਰ ਕਰਨਗੇ ਜਦੋਂ ਇਸ ਪਿੰਡ ਦੀ ਅਬਾਦੀ ਢਾਈ ਹਜ਼ਾਰ ਹੈ ?

**ਰਾਜ ਮੰਤਰੀ** : ਮਹਿੰਦੀਪੁਰ ਜਿਹੜਾ ਪਿੰਡ ਹੈ, ਉਸ ਵਾਸਤੇ ਆਰ. ਡੀ. 8000 ਤੇ ਬਿਸਤ ਦੋਆਬ ਕੈਨਾਲ ਤੇ ਪੁੱਲ ਹੈ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਪੁੱਲ ਦੇ 2000 ਫੁਟ ਦੇ ਅੰਦਰ ਹੋਰ ਕੋਈ ਪੁੱਲ ਨਹੀਂ ਬਣ ਸਕਦਾ, ਦੋ ਪੁੱਲ ਆਲਰੇਡੀ ਬਣੇ ਹੋਏ ਹਨ ਅਤੇ ਛੋਟੀਆਂ ਛੋਟੀਆਂ ਪੁਲੀਆਂ ਵੀ ਬਣੀਆਂ ਹੋਈਆਂ ਹਨ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਮੰਤਰੀ ਜੀ ਨੂੰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਉਥੇ ਪੁੱਲ ਨਾ ਹੋਵੇ . . . .

**ਸ੍ਰੀ ਸਪੀਕਰ** : ਮਨਿਸਟਰ ਸਾਹਿਬ ਕਹਿੰਦੇ ਹਨ ਕਿ ਮਹਿੰਦੀਪੁਰ ਦੇ ਇਲਾਕੇ ਵਿਚ ਦੋ ਪੁੱਲ ਹਨ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਜੇ ਨਾ ਹੋਣ ਤਾਂ ਕੀ ਇਹ ਬਣਾ ਦੇਣਗੇ ?

(ਕੋਈ ਉੱਤਰ ਨਹੀਂ ਦਿੱਤਾ ਗਿਆ)

**ਮਾਸਟਰ ਦਲੀਪ ਚੰਦ** : ਮੈਂ ਬੇਨਤੀ ਕਰਦਾ ਹਾਂ ਕਿ ਜੇ 2 ਮੀਲ ਦੇ ਅੰਦਰ ਕੋਈ ਪੁੱਲ ਨਾ ਹੋਵੇ ਤਾਂ ਕੀ ਇਹ ਬਣਾਉਣਗੇ?

**ਰਾਜ ਮੰਤਰੀ** : ਮਹਿੰਦੀਪੁਰ, ਕਾਂਗਣਾ ਬੇਟ ਵਾਸਤੇ ਆਲਰੇਡੀ ਪੁੱਲ ਐਗਜ਼ਿਸਟ ਕਰਦੇ ਹਨ। ਉਨ੍ਹਾਂ ਦਾ ਫ਼ਾਸਲਾ ਦੋ ਮੀਲ ਤੋਂ ਘੱਟ ਹੈ ।

**ਬਲਾਕ ਨਰੋਟ ਜੈਮਲ ਸਿੰਘ ਵਿਚ ਸਪਰਜ਼ ਅਤੇ ਬੰਨ੍ਹ ਬਣਾਉਣਾ**

*3579. **ਚੌਧਰੀ ਸੁੰਦਰ ਸਿੰਘ** : ਕੀ ਸਿੰਜਾਈ ਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਰਸਾਤ ਦਾ ਮੌਸਮ ਸ਼ੁਰੂ ਹੋਣ ਤੋਂ ਪਹਿਲਾਂ ਬਲਾਕ ਨਰੋਟ ਜੈਮਲ ਸਿੰਘ, ਜ਼ਿਲ੍ਹਾ ਗੁਰਦਾਸਪੁਰ ਵਿਚ ਸਪਰਜ਼ ਅਤੇ ਬੰਨ੍ਹ ਬਣਾਉਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਸ੍ਰੀ ਗੁਰਬਖਸ਼ ਸਿੰਘ ਸਿਬੀਆ** : ਬਲਾਕ ਨਰੋਟ ਜੈਮਲ ਸਿੰਘ, ਜ਼ਿਲ੍ਹਾ ਗੁਰਦਾਸਪੁਰ ਵਿਖੇ ਪਿੰਡ ਗੋਗਰਾ ਅਤੇ ਬਹਾਦਰਪੁਰ ਦੇ ਨੇੜੇ ਹੜ੍ਹ ਬਚਾਉ ਬੰਧ ਨੂੰ ਉਚਾ ਤੇ ਮਜ਼ਬੂਤ ਕਰਨ ਅਤੇ ਸਟੱਡ ਬਣਾਉਣ ਦੇ ਕੰਮ ਸ਼ੁਰੂ ਕਰ ਦਿੱਤੇ ਗਏ ਹਨ ਅਤੇ 1976 ਦੇ ਹੜ੍ਹਾਂ ਦੇ ਮੌਸਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਸੰਪੂਰਨ ਹੋ ਜਾਣ ਦੀ ਆਸ ਹੈ ।

**ਚੌਧਰੀ ਸੁੰਦਰ ਸਿੰਘ** : ਮੰਤਰੀ ਜੀ ਨੇ ਜਵਾਬ ਵਿਚ ਦਸਿਆ ਹੈ ਕਿ ਗੋਗਰਾਂ ਅਤੇ ਬਹਾਦਰਪੁਰ ਦੇ ਪਿੰਡਾਂ ਦੇ ਨਜ਼ਦੀਕ ਸਟੱਡਜ਼ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ ਅਤੇ ਕੰਪਲੀਟ ਨਹੀਂ ਹੋਇਆ । ਮੈਂ ਸਾਰੇ ਬਲਾਕ ਦਾ ਸਵਾਲ ਪੁਛਿਆ ਸੀ । ਉਸ ਦੇ ਵਿਚ ਕਈ ਜਗ੍ਹਾ ਐਸੀਆਂ ਹਨ, ਜਿਥੇ ਇਕ ਇਕ ਫਰਲਾਂਗ ਦੇ ਉਤੇ ਦਰਿਆ ਆਇਆ ਹੈ ਅਤੇ ਉਥੇ ਕਚੇ ਬੰਨ੍ਹ ਬਣਾਉਣੇ ਪੈਂਦੇ ਹਨ । ਇਸ ਬਾਰੇ ਇਕ ਡੈਪੂਟੇਸ਼ਨ ਚੀਫ਼ ਮਨਿਸਟਰ ਸਾਹਿਬ

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਨੂੰ ਵੀ ਮਿਲਿਆ ਸੀ, ਜਿਸਦਾ ਇਥੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਅਤੇ ਇਹ ਜਵਾਬ ਇਨਕੰਪਲੀਟ ਹੈ ਕਿ ਕੰਮ ਜਲਦੀ ਜਲਦੀ ਸਰਕਾਰ ਕਰ ਦੇਵੇਗੀ। ਇਨ੍ਹਾਂ ਤੋਂ ਸਾਰੇ ਬਲਾਕ ਦਾ ਜਵਾਬ ਨਹੀਂ ਆਇਆ । ਜਿਹੜੇ ਪਿੰਡ; ਚੱਕ ਜੱਗੂ, ਜੱਗੂ ਖਾਲਸਾ, ਚੱਕ ਜਗੀਰ, ਹਾਜੀ ਬੇਲਾ, ਸਹਾਰਨਪੁਰ, ਹਾਜੀਪੁਰ, ਇਕ ਇਕ ਮੀਲ ਤੇ ਹਨ ਅਤੇ ਇਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ....।

**ਸ੍ਰੀ ਸਪੀਕਰ** : ਤੁਸੀਂ ਇਹ ਪੁਛਣਾ ਚਾਹੁੰਦੇ ਹੋ ਕਿ ਇਨ੍ਹਾਂ ਪਿੰਡਾਂ ਬਾਰੇ ਕਿਉਂ ਐਕਸ਼ਨ ਨਹੀਂ ਲਿਆ ?

**ਰਾਜ ਮੰਤਰੀ** : ਚੀਫ ਮਨਿਸਟਰ ਸਾਹਿਬ ਦੀ ਪ੍ਰਧਾਨਗੀ ਥੱਲੇ ਇਕ ਮੀਟਿੰਗ ਹੋਈ ਸੀ ਅਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਨਰੋਟ ਜੈਮਲ ਸਿਘ ਦੇ ਐਂਬੈਂਕਮੈਂਟ ਨੂੰ ਸਟਰੈਂਗਥਨ ਕੀਤਾ ਜਾਵੇਗਾ ਕਿਉਂਕਿ ਉਥੇ ਪਾਣੀ ਜ਼ਿਆਦਾ ਮਾਰ ਕਰਦਾ ਹੈ ਅਤੇ ਉਸ ਨੂੰ ਮਜ਼ਬੂਤ ਕਰਨ ਬਾਰੇ ਭਰੋਸਾ ਦਵਾਇਆ ਸੀ । ਉਥੇ ਸਪਰਜ਼ ਬਣਾਉਣੇ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਬਣਾਉਣ ਦਾ ਯਤਨ ਕੀਤਾ ਜਾਵੇਗਾ ।

**ਚੌਧਰੀ ਸੁੰਦਰ ਸਿੰਘ** : ਕੰਮ ਕਦੋਂ ਤਕ ਮੁਕੰਮਲ ਕੀਤਾ ਜਾਵੇਗਾ ਅਜੇ ਕੰਮ ਸ਼ੁਰੂ ਨਹੀਂ ਹੋਇਆ ?

**ਰਾਜ ਮੰਤਰੀ** : ਅਗਲੀਆਂ ਬਾਰਿਸ਼ਾਂ ਤੋਂ ਪਹਿਲਾਂ ਪਹਿਲਾਂ ਕੰਮ ਮੁਕੰਮਲ ਹੋ ਜਾਵੇਗਾ ।

---

ਦੋਹਾਂ ਫ਼ਸਲਾਂ ਲਈ ਖਰੀਦ ਕੇਂਦਰਾਂ ਨੂੰ ਖੁਲ੍ਹੇ ਰਖਣਾ

*3450. **ਮਾਸਟਰ ਦਲੀਪ ਚੰਦ** : ਕੀ ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਦੋਹਾਂ ਫਸਲਾਂ ਅਰਥਾਤ ਹਾੜੀ ਅਤੇ ਸਾਉਣੀ ਲਈ ਜ਼ਿਲ੍ਹੇ ਹੁਸ਼ਿਆਰ-ਪੁਰ ਵਿਚ ਖਰੀਦ ਕੇਂਦਰ ਕਾਠਗੜ੍ਹ, ਸਾਹਿਬਾ ਅਤੇ ਸਰੋਆ ਨੂੰ ਖੁਲ੍ਹੇ ਰਖਣ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਕੀ ਸਰਕਾਰ ਮਾਰਕੀਟਿੰਗ ਕਮੇਟੀ ਬਲਾਚੌਰ ਦੇ ਇਲਾਕੇ ਵਿਚ ਸਥਿਤ ਪਿੰਡ ਮਾਜਰੀ (ਮਜਾਰੀ) ਜਿਹੜਾ ਕਿ ਪੱਕੀ ਸੜਕ ਤੇ ਸਥਿਤ ਹੈ ਅਤੇ ਬਹੁਤ ਉਪਜਾਊ ਇਲਾਕੇ ਦੇ ਕੇਂਦਰ ਵਿਚ ਹੈ, ਵਿਖੇ ਇਕ ਖਰੀਦ ਕੇਂਦਰ ਸਥਾਪਤ ਕਰਨ ਦਾ ਵਿਚਾਰ ਰਖਦੀ ਹੈ ?

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** (ਮੁੱਖ ਸੰਸਦੀ ਸਕੱਤਰ) :

(ੳ) ਨਹੀਂ ਜੀ ।

(ਅ) ਸਰਕਾਰ ਇਸ ਸਿਫਾਰਸ਼ ਤੇ ਵਿਚਾਰ ਕਰੇਗੀ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਦਲੀਪ ਚੰਦ** : ਮੇਰੇ ਹਲਕੇ, ਬਲਾਚੌਰ ਵਿਚ ਪਿੰਡ ਕਾਠਗੜ੍ਹ, ਸਾਹਿਬਾ ਅਤੇ ਸਰੋਆ ਦੇ ਤਿੰਨ ਪਰਚੇਜ਼ ਸੈਂਟਰਜ਼ ਨੂੰ ਨਾ ਖੋਲ੍ਹਣ ਕਾਰਨ ਲੋਕਾਂ ਨੂੰ ਬੜੀ ਤਕਲੀਫ ਹੈ, ਇਹ ਕੰਡੀ ਦਾ ਇਲਾਕਾ ਹੈ ਅਤੇ ਇਹ ਤਿੰਨ ਜਗ੍ਹਾਂ ਬਲਾਚੌਰ ਤੋਂ 8—10 ਮੀਲ ਦੂਰ ਪੈਂਦੀਆਂ ਹਨ । ਸੋ ਕੀ ਸਰਕਾਰ ਇਨ੍ਹਾਂ ਪਰਚੇਜ਼ ਸੈਂਟਰਜ਼ ਨੂੰ ਸੌਣੀ ਦੀ ਫਸਲ ਵਾਸਤੇ ਵੀ ਰਖਣ ਨੂੰ ਤਿਆਰ ਹੈ ?

**ਮੁੱਖ ਸੰਸਦੀ ਸਕੱਤਰ** (ਚੌਧਰੀ ਗੁਰਚਰਨ ਸਿੰਘ ਨਿਹਾਲਸਿੰਘਵਾਲਾ) : ਕਾਠਗੜ੍ਹ ਸਾਹਿਬਾ ਅਤੇ ਸਰੋਆ 3 ਪਰਚੇਜ਼ ਸੈਂਟਰ 1975-76 ਵਿਚ ਸਰਕਾਰ ਨੇ ਖੋਲ੍ਹੇ ਸਨ, ਪਰ ਜੋ ਇਕ ਸੈਂਟਰ ਵਿਚ ਘਟ ਤੋਂ ਘਟ ਅਨਾਜ ਆਉਣ ਦਾ ਟੀਚਾ ਸੀ, ਉਸ ਤੋਂ ਵੀ ਘਟ ਇਨ੍ਹਾਂ ਸੈਂਟਰਾਂ ਵਿਚ ਅਨਾਜ ਆਇਆ । ਕਾਠਗੜ੍ਹ ਵਿਚ 327 ਕੁਇੰਟਲ, ਸਾਹਿਬਾ ਵਿਚ 479 ਕੁਇੰਟਲ ਅਤੇ ਸਰੋਆ ਵਿਚ 269 ਕੁਇੰਟਲ ਅਨਾਜ ਆਇਆ, ਜਦੋਂ ਕਿ ਅਗਰ ਕਿਸੇ ਸੈਂਟਰ ਵਿਚ 500 ਕੁਇੰਟਲ ਤੋਂ ਘਟ ਅਨਾਜ ਆਏ ਤਾਂ ਉਹ ਪਰਚੇਜ਼ ਸੈਂਟਰ ਨਹੀਂ ਚਲ ਸਕਦਾ । ਇਸ ਕਰਕੇ ਮੈਂ ਕਹਿ ਨਹੀਂ ਸਕਦਾ ਕਿ ਉਹ ਪਰਚੇਜ਼ ਸੈਂਟਰ ਖੋਲ੍ਹੇ ਜਾਣਗੇ ਜਾਂ ਨਹੀਂ ।

**ਮਾਸਟਰ ਦਲੀਪ ਚੰਦ** : ਹਾੜ੍ਹੀ ਦੀ ਫਸਲ ਵਾਸਤੇ ਕੀਤਾ ਸੀ, ਇਹ ਸਬਮੌਨਟੇਨਸ ਏਰੀਆ ਹੈ ਅਤੇ ਆਉਣ ਜਾਣ ਲਈ ਲੋਕਾਂ ਨੂੰ ਦਿੱਕਤ ਹੁੰਦੀ ਹੈ, ਇਸ ਕਰਕੇ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਤਿੰਨਾਂ ਪਰਚੇਜ਼ ਸੈਂਟਰਾਂ ਨੂੰ ਸੌਣੀ ਦੀ ਫਸਲ ਵਾਸਤੇ ਵੀ ਚਾਲੂ ਕੀਤਾ ਜਾਵੇਗਾ ?

**ਮੁੱਖ ਸੰਸਦੀ ਸਕੱਤਰ** : ਮੇਰੇ ਫਾਜ਼ਿਲ ਦੋਸਤ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਹਾੜ੍ਹੀ ਦੀ ਫਸਲ ਆਉਣੀ ਹੈ, ਸੌਣੀ ਤਾਂ ਹੁਣ ਆਉਣ ਵਾਲੀ ਨਹੀਂ ਹੈ ।

---

## APPLICATIONS RECEIVED FROM LANDLESS, HOUSELESS AND UNSKILLED LABOURERS OF VILLAGE GHANUPUR AND KALA OF VERKA BLOCK IN DISTRICT AMRITSAR

*3435. 1. Comrade Saghar Singh
2. Comrade Satya Pal Dang

Will the Minister of State for Housing be pleased to state —

(a) the total number of applications for plots for building house received from the landless, houseless and unskilled labourers of villages Ghanupur and Kala separately Block Verka, district Amritsar;

(b) the number of plots sanctioned together with their dates;

(c) the number of cases in which physical possession of plots has been delivered to the allottees;

(d) if physical possession has not been given to any of the allottees the reasons for the same ?

Original with;
Punjab Vidhan Sabha
Digitized by;
Panjab Digital Library

**ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ** : (ੳ)

| | ਘਨੁਪੁਰ | ਕਾਲਾ | ਜੋੜ |
|---|---|---|---|
| | 355 | 347 | 702 |
| (ਅ) | 281<br>ਮਿਤੀ 12 ਜੂਨ, 1973 | 311<br>ਮਿਤੀ 12 ਜੂਨ, 1973 | 592 |
| (ੲ) | ਕੋਈ ਨਹੀਂ | ਕੋਈ ਨਹੀਂ | ਕੋਈ ਨਹੀਂ |

(ਸ) 137 ਕਨਾਲ 15 ਮਰਲਾ ਜ਼ਮੀਨ ਵਾਕਿਆ ਪਿੰਡ ਕਾਲਾ ਘਨੁਪੁਰ, 592 ਬੇਘਰੇ ਲੋਕਾਂ ਨੂੰ ਅਲਾਟ ਕਰਨ ਲਈ ਪ੍ਰਾਪਤ ਕੀਤੀ ਗਈ ਸੀ । ਮਾਲਕਾਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਿਵਲ ਰਿਟਾਂ ਦਾਇਰ ਕੀਤੀਆਂ ਅਤੇ ਸਟੇ ਆਰਡਰ ਹਾਸਲ ਕਰ ਲਏ । ਇਸ ਕਾਰਨ ਬੇਘਰੇ ਲੋਕਾਂ ਨੂੰ ਪਲਾਟਾਂ ਦਾ ਕਬਜ਼ਾ ਨਹੀਂ ਦਿਤਾ ਜਾ ਸਕਿਆ । ਹਾਈ ਕੋਰਟ ਨੇ ਪ੍ਰਾਪਤ ਕੀਤੀ ਗਈ ਜ਼ਮੀਨ ਦੀ ਕਾਰਵਾਈ ਰੱਦ ਕਰ ਦਿਤੀ ਹੈ ਅਤੇ ਇਸ ਦੇ ਫਲ ਸਰੂਪ ਬੇਘਰੇ ਲੋਕਾਂ ਲਈ ਨਵੀਂ ਥਾਂ ਦੀ ਚੋਣ ਕੀਤੀ ਜਾ ਰਹੀ ਹੈ । ਜਿਉਂ ਹੀ ਨਵੀਂ ਥਾਂ ਉਪਲਬਧ ਹੋ ਗਈ ਬੇਘਰੇ ਲੋਕਾਂ ਨੂੰ ਪਲਾਟ ਅਲਾਟ ਕਰਕੇ ਉਨ੍ਹਾਂ ਦਾ ਕਬਜ਼ਾ ਦੇ ਦਿਤਾ ਜਾਵੇਗਾ ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਸ ਗੱਲ ਦਾ ਯਕੀਨ ਦਿਵਾਉਣਗੇ ਕਿ ਜਿਹੜੀ ਨਵੀਂ ਜਗ੍ਹਾ ਉਨ੍ਹਾਂ ਨੂੰ ਅਲਾਟ ਕੀਤੀ ਜਾਵੇਗੀ ਉਹ ਬਿਲਕੁਲ ਪਿੰਡਾਂ ਦੇ ਨੇੜੇ ਹੋਵੇਗੀ ਅਤੇ ਉਸ ਜਗ੍ਹਾ ਤੇ ਹੋਵੇਗੀ ਜਿਥੇ ਕਿ ਲੈਣ ਵਾਲਿਆਂ ਦੀ ਖ਼ਾਹਿਸ਼ ਹੋਵੇਗੀ । ਕੀ ਉਨ੍ਹਾਂ ਦੀ ਤਸੱਲੀ ਦੇ ਮੁਤਾਬਕ ਜਗ੍ਹਾ ਦਿਤੀ ਜਾਵੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਡਾਂਗ ਸਾਹਿਬ ਨੂੰ ਪਤਾ ਹੈ ਅਤੇ ਇਸ ਕੰਮ ਲਈ ਉਹ 2 ਦਫ਼ਾ ਸਾਡੇ ਕੋਲ ਵੀ ਆਏ ਹਨ । ਉਨ੍ਹਾਂ ਨੂੰ ਇਹ ਦਸਿਆ ਗਿਆ ਸੀ ਕਿ ਇਹ ਪਲਾਟ ਉਥੇ ਹੀ ਦਿਤੇ ਜਾਂਦੇ ਹਨ ਜਿਥੇ ਲੋਕਾਂ ਦੀ ਤਸੱਲੀ ਹੋਵੇ ।

**ਸ੍ਰੀ ਕੇਸ਼ੋ ਰਾਮ ਗਇਲ** : ਸਪੀਕਰ ਸਾਹਿਬ, ਮੈਂ ਇਹ ਗੱਲ ਪੁਛਣੀ ਚਾਹੁੰਦਾ ਹਾਂ ਕਿ ਕਈ ਆਦਮੀ ਜਿਸ ਵੇਲੇ ਇਸ ਲਈ ਨੋਟੀਫਿਕੇਸ਼ਨ ਕੀਤੀ ਜਾਂਦੀ ਹੈ ਤਾਂ ਉਹ ਅਫਸਰਾਂ ਨਾਲ ਮਿਲ ਕੇ ਇਸ ਦੀ ਨੋਟੀਫਿਕੇਸ਼ਨ ਗਲਤ ਕਰਵਾ ਦਿੰਦੇ ਹਨ । ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਵਾਉਣਗੇ ?

**ਰਾਜ ਮੰਤਰੀ** : ਜੇ ਕੋਈ ਇਹੋ ਜਿਹਾ ਕੇਸ ਹੋਇਆ ਹੈ ਤਾਂ ਸੈਪਰੇਟ ਨੋਟਿਸ ਦੇ ਦੇਣ, ਪਤਾ ਕਰ ਲਵਾਂਗੇ ।

**ਸ੍ਰੀ ਸਪੀਕਰ** : ਨੈਕਸਟ ਕੁਐਸਚਨ ।

---

PLOTS TO LANDLESS PEOPLE OF VILLAGES OF TEHSIL PATHANKOT

*3578. **Chaudhri Sunder Singh** : Will the Minister of State for Housing be pleased to state the names of the villages in tehsil Pathankot where plots for the construction of houses have been allotted to the landless people and the Harijans together with the number and names of such villages among those where actual possession of the plots has been given to the allottees ?

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ** : ਤਹਿਸੀਲ ਪਠਾਨਕੋਟ ਦੇ 318 ਪਿੰਡਾਂ ਦੀ ਸੂਚੀ, ਜਿਥੇ ਯੋਗ ਭੂਮੀ ਰਹਿਤ ਕਿਰਤੀਆਂ ਨੂੰ, ਜਿਨ੍ਹਾਂ ਵਿਚ ਹਰੀਜਨ ਵੀ ਸ਼ਾਮਲ ਹਨ, ਮਕਾਨ ਉਸਾਰੀ ਲਈ ਪਲਾਟਾਂ ਦੀ ਅਲਾਟਮੈਂਟ ਅਤੇ ਕਬਜ਼ੇ ਦਿਤੇ ਜਾ ਚੁਕੇ ਹਨ, ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

ਤਹਿਸੀਲ ਪਠਾਨਕੋਟ ਦੇ ਪਿੰਡਾਂ ਦੇ ਨਾਂ, ਜਿਥੇ ਭੂਮੀ ਰਹਿਤ ਕਿਰਤੀਆਂ ਨੂੰ, ਵਿਚ ਹਰੀਜਨ ਵੀ ਸ਼ਾਮਲ ਹਨ, ਮਕਾਨ ਉਸਾਰੀ ਲਈ ਪਲਾਟਾਂ ਦੀ ਅਲਾਟਮੈਂਟ ਅਤੇ ਕਰਜ਼ੇ ਦਿੱਤੇ ਜਾ ਚੁੱਕੇ ਹਨ :—

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 1. | ਸ਼ਹਿਰ ਛਨੀ | 21. | ਗਗੜੋਲੀ |
| 2. | ਮਿਰਜ਼ਾ ਪੁਰ | 22. | ਕਰੋਲੀ |
| 3. | ਅਤੇਪੁਰ | 23. | ਛਤਵਾਲ |
| 4. | ਭੂਲ ਚਕ | 24. | ਜੰਡਵਾਲ |
| 5. | ਫਿਰੋਜ਼ਪੁਰ ਕਲਾਂ | 25. | ਹਲਾੜ |
| 6. | ਕਾਹਨਪੁਰ | 26. | ਝੜੋਲੀ |
| 7. | ਮੁਤਫਰਕਾ | 27. | ਬੜੋਤਵਾਂ |
| 8. | ਪੰਗੋਲੀ | 28. | ਅਠੋਤਰਵਾਂ |
| 9. | ਘੋਹ | 29. | ਪੁਗੰਲ |
| 10. | ਰਾਨੀਪੁਰ | 30. | ਬਦਾਨੀ |
| 11. | ਬਰਿਆਲ | 31. | ਹਰਿਆਲ/ਬਗਾਰ |
| 12. | ਮਾਧੋਪੁਰ | 32. | ਚਕੜ |
| 13. | ਜੁਗਿਆਲ | 33. | ਖੁਖ ਨਿਹਾਲ |
| 14. | ਛਨੀ ਜੁਗਿਆਲ | 34. | ਹਾੜਾ |
| 15. | ਜੈਨੀ ਚਿਕਲੀ | 35. | ਲਦੇਟੀ |
| 16. | ਜੈਨੀ ਉਪਰਲੀ | 36. | ਢਾਗੂ |
| 17. | ਜੰਦਰਾਈ | 37. | ਫ਼ੰਗੋਤਾ |
| 18. | ਬਡੋਈ | 38. | ਫੁਰੰਗਖਡ |
| 19. | ਡਡਵਾਂ | 39. | ਤਰੋਠੀ |
| 20. | ਨਗਰੋਟਾ | 40. | ਕੋਟ |

Original with;
Punjab Vidhan Sabha
Digitized by;
Panjab Digital Library

[Minister of State for Housing]

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ. | ਪਿੰਡ ਦਾ ਨਾਂ |
|---|---|---|---|
| 41. | ਸ਼ਾਹਪੁਰ ਕੰਡੀ | 67. | ਬਲੋਤਰ |
| 42. | ਡੱਲਾ | 68. | ਬਸਾਊ ਬਾੜਵਾਂ |
| 43. | ਥੜਾ ਉਪਰਲਾ | 69. | ਭਗਵਾਲ |
| 44. | ਥੜਾ ਚਿਕਲਾ | 70. | ਭਗਵਾਨ ਪੁਰ |
| 45. | ਧਾਰਕਲਾਂ | 71. | ਝੇਲਾਚੱਕ |
| 46. | ਚਮਰੋਰ | 72. | ਝਾੜਕ |
| 47. | ਚਿਬੜ | 73. | ਚੱਕਰਾਲ |
| 48. | ਫੰਗੋਤਾ | 74. | ਦਰਸੋਪੁਰ |
| 49. | ਸਾਲਟੀ | 75. | ਦਤਿਆਲ (ਮਜੀਰੀ) |
| 50. | ਭੰਮਲਾਦਾ | 76. | ਦਤਿਆਲ (ਗੋਲ) |
| 51. | ਨਲੋਰ | 77. | ਦਲਪੱਤ ਤਰਫ ਨਰੋਟ |
| 52. | ਧਾਰ ਖੁਰਦ | 78. | ਦਨਵਾਲ |
| 53. | ਦੁਨੇਰਾ | 79. | ਫਤੂਚੱਕ |
| 54. | ਗਾਲ | 80. | ਫਤੇਹਪੁਰ |
| 55. | ਨਹਰੂਮ | 81. | ਗਜੂ ਜਾਗੀਰ |
| 56. | ਅਨਿਆਲ | 82. | ਗੰਡੇ ਪਿੰਡੀ |
| 57. | ਅਖਵਾੜਾ | 83. | ਗਾਜ਼ੀ ਬਾੜਵਾਂ |
| 58. | ਆਦਮਬਾੜਵਾਂ | 84. | ਗੁੰਗੜਾਂ |
| 59. | ਅਨਤੋੜ | 85. | ਹੈਬਤ ਪਿੰਡੀ |
| 60. | ਬਮਿਆਲ | 86. | ਭੂੰਬਰ ਤਰਫ ਨਰੋਟ |
| 61. | ਬੈਗੋਵਾਲ | 87. | ਜੈਨਪੁਰ |
| 62. | ਬਹਾਦਰਪੁਰ | 88. | ਜੈਤਪੁਰ/ਖੁਦੀਪੁਰ |
| 63. | ਬਲੌਰ | 89. | ਜਾਨੀ ਚੱਕ |
| 64. | ਬਹਿਰੂਨ ਪੁਰ | 90. | ਜੋਗਤ |
| 65. | ਭਟੋਵਾ | 91. | ਜੰਨਿਆਲ |
| 66. | ਬਕਨੌਰ | | |

Original with; Punjab Vidhan Sabha Digitized by; Panjab Digital Library

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 92. | ਝੇਲਾ-ਆਮਦਾ-ਛਕੜਗੜ੍ਹ | 119. | ਮੈਰਾਕਲਾਂ |
| 93. | ਝੇਲਾ-ਆਮਦਾ ਗੁਰਦਾਸਪੁਰ | 120. | ਮਦੀਨਪੁਰ |
| 94. | ਕੀੜੀ ਖੁਰਦ | 121. | ਨੰਗਲ |
| 95. | ਖੜਖੜਾ ਤਰਫ ਨਰੋਟ | 122. | ਨੰਗਲ ਫਰੀਦਾ |
| 96. | ਖਿਆਲਾ | 123. | ਨਰੈਣਪੁਰ |
| 97. | ਖੁਸ਼ੀ ਨਗਰ | 124. | ਨਰੋਟ ਜੈਮਲ ਸਿੰਘ |
| 98. | ਕਥਲੌਰ | 125. | ਨਰੋਲੀ |
| 99. | ਕਾਸ਼ੀ ਬਾੜਵਾਂ | 126. | ਫਰਵਾਲ |
| 100. | ਖੜਖੜਾ ਠੁਠੋਵਾਲ | 127. | ਪਲਾਹ |
| 101. | ਖੋਜਕੀਚੱਕ | 128. | ਪੋਲਾ |
| 102. | ਕੋਟ ਖਟੀਆਂ | 129. | ਪਖੋ ਚੱਕ |
| 103. | ਕੋਟਲੀ ਜਵਾਹਰ | 130. | ਪਹਾੜੀਪੁਰ |
| 104. | ਕੋਹਲੀਆਂ | 131. | ਰਕਵਾਲ |
| 105. | ਖੋਖਰ ਕੋਟਲੀ | 132. | ਰਾਜੀ |
| 106. | ਕਿਲ ਪੁਰ | 133. | ਰਤਨ ਗੜ੍ਹ |
| 107. | ਕਠਾਨਾ | 134. | ਰਮਕਾਲਵਾਂ |
| 108. | ਮਲੜਵਾਂ | 135. | ਹਤੜਵਾਂ |
| 109. | ਮਾਜਰਾਂ | 136. | ਰੈਪਰ |
| 110. | ਮਾਨ ਨੰਗਲ | 137. | ਸਿੰਬਲ |
| 111. | ਮੰਨਵਾਲ ਮੰਗਵਾਲ | 138. | ਸਾਹੂਚੱਕ |
| 112. | ਮੰਗਆਲ | 139. | ਸਹਾਰਨਪੁਰ |
| 113. | ਮਾਖਣ ਪੁਰ | 140. | ਸ਼ੇਮੂਚਕ |
| 114. | ਮਿਤਜਾ ਪੁਰ | 141. | ਸਮਰਾਲਾ |
| 115. | ਮਜਤਪੁਰ | 142. | ਸ਼ਰੀਫ ਚੱਕ |
| 116. | ਮਾਨ ਸਿੰਘ ਪੁਰ (ਸੁੰਦਰਚੱਕ) | 143. | ਸੋਹੜਾ ਕਲਾਂ |
| 117. | ਮੱਲ ਪੁਰ | 144. | ਸ਼ੇਖਪੁਰ ਮਜ਼ੀਰੀ |
| 118. | ਮੁੱਠੀ | 145. | ਸਿਊਟੀ ਤਰਫ ਨਰੋਟ |

Original with;
Punjab Vidhan Sabha
Digitized by;
Panjab Digital Library

[Minister of State for Housing]

| ਲੜੀ ਨ. | ਪਿੰਡ ਦਾ ਨਾਂ |
|---|---|
| 146. | ਸੋਹੜਾ ਖੁਰਦ |
| 147. | ਤਾਰਾ ਗੜ੍ਹ |
| 148. | ਤਾਹਰਪੁਰ |
| 149. | ਤਲੂਰ |
| 150. | ਊਦੀਪੁਰ ਐਮਾ |
| 151. | ਜਸਵਾਂ |
| 152. | ਮਨਵਾਲ |
| 153. | ਸਿਊਟੀ |
| 154. | ਕੁਠੇੜ |
| 155. | ਨੰਗਲ |
| 156. | ਭੂਰ |
| 157. | ਕੌਂਤਰਪੁਰ |
| 158. | ਤਲਵਾਧਾ ਗੁਜ਼ਰਾਂ |
| 159. | ਤਲਵਾੜਾ ਜੱਟਾਂ |
| 160. | ਕੰਡਰਾਂ |
| 161. | ਢਾਕੀ ਛੇਦਾ |
| 162. | ਫੁਲੜਾ |
| 163. | ਕਬੇ |
| 164. | ਚੱਕ ਭਟੀਆਂ |
| 165. | ਚੱਕ ਚਿਮਨਾਂ |
| 166. | ਲਾੜੀ ਬ੍ਰਾਹਮਣਾਂ |
| 167. | ਚੱਕ ਭਰਾਈਆਂ |
| 168. | ਘਿਆਲਾ |
| 169. | ਅਨੇੜ |
| 170. | ਬਾੜਵਾਂ |
| 171. | ਚੱਕ ਨਿਰਾਨਾ |
| 172. | ਚੱਕ ਮਨਹੰਸਾ |
| 173. | ਅਨੰਦੋਈ |
| 174. | ਨਲੂੰਗਾ |
| 175. | ਗੁੜਾਕਲਾਂ |
| 176. | ਮੀਰਥਲ |
| 177. | ਬਾਰਠ |
| 178. | ਬਲਸੂਹਾ |
| 179. | ਫੰਗੜੀਆਂ |
| 180. | ਭੜੋਲੀ ਕਲਾਂ |
| 181. | ਭੜੋਲੀ ਖੁਰਦ |
| 182. | ਭਾਖੋਲਾੜੀ |
| 183. | ਕੋਟਲੀ ਮੁਗਲਾਂ |
| 184. | ਸ਼ੋਕਾਲ ਗੜ੍ਹ |
| 185. | ਸਮਰਾਲਾ |
| 186. | ਗੋਬਿੰਦਸਰ |
| 187. | ਡਿਬ੍ਰੂਕ |
| 188. | ਸਿੰਬਲੀ |
| 189. | ਲਾੜੀ |
| 190. | ਭਬਿਆਲ |
| 191. | ਗੁਲਪੁਰ |
| 192. | ਤਲੌਂੜੀਆਂ |
| 193. | ਭਵਾਨੀ |
| 194. | ਹੇਬੋ |
| 195. | ਫਤੇਹਗੜ੍ਹ |
| 196. | ਸ਼ਾਲਾ |
| 197. | ਭੀਮਪੁਰ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡ ਦਾ ਨਾਂ |
|---|---|
| 198. | ਖਨੀ ਖਹੀ |
| 199. | ਬਡਾਲਾ |
| 200. | ਮਿਲਵਾਂ |
| 201. | ਨੌਸ਼ਿਹਰਾ ਠਾਲ ਬੰਦਾ |
| 202. | ਗਰੋਟਾ |
| 203. | ਫੀਰੀਦਾ ਨਗਰ |
| 204. | ਮੀਕੀਮ ਪੁਰ |
| 205. | ਨਰੰਗਪੁਰ |
| 206. | ਨਾਜੋਚੱਕ |
| 207. | ਝਲੋਵਾ |
| 208. | ਪਪਿਆਲ |
| 209. | ਨਾਲਾ |
| 210. | ਅਜੀਜਪੁਰ ਖੁਰਦ |
| 211. | ਝੋਹਾਨ |
| 212. | ਮੋਹਰਾ ਮਹੰਤਾ |
| 213. | ਬਿਆਸ ਲਾੜੀ |
| 214. | ਐਮਾ ਦਾਕਨਾ |
| 215. | ਲਾੜੀ |
| 216. | ਸਿੰਬਲੀ ਗੁਜਰਾਂ |
| 217. | ਬਬਿਆਲ |
| 218. | ਲਾਡੋਚੱਕ |
| 219. | ਦਰਸ਼ੋ ਪੁਰ |
| 220. | ਤਾਜਪੁਰ |
| 221. | ਪੰਜੂਪੁਰਾ |
| 222. | ਜਮਾਲਪੁਰ |
| 223. | ਰਾਜ ਪੁਰੁਰਾ |
| 224. | ਜਵਾਲ ਲਾੜੀ |

| ਲੜੀ ਨੰ. | ਪਿੰਡ ਦਾ ਨਾਂ |
|---|---|
| 225. | ਅਜੀਜਪੁਰ (ਖਾਦਾਵੜੂ) |
| 226. | ਲਾੜੀ ਬਾਵੇਆਂ |
| 227. | ਸ਼ਰਨਾ |
| 228. | ਚੱਕ ਮਾਧੋ ਸਿੰਘ |
| 229. | ਮੰਮੂਨ |
| 230. | ਆਸਾ ਬਾਨੋ |
| 231. | ਇਟੀ |
| 232. | ਗੋਸਾਂਈਪੁਰ |
| 233. | ਮਲਕਪੁਰ |
| 234. | ਕਿੰਗਰੀਆਂ |
| 235. | ਥੋਥਾ |
| 236. | ਪਜੂਰਾ |
| 237. | ਅਸਲਾਮਪੁਰ |
| 238. | ਖਾਨਪੁਰ |
| 239. | ਬਹਿਲੋਲਪੁਰ |
| 240. | ਛੋਟੇਪੁਰ |
| 241. | ਸ਼ਲੀ |
| 242. | ਐਮਾ ਗੁਜਰਾ |
| 243. | ਫੂਲ ਪਿਆਰਾ |
| 244. | ਮੁਰਾਦਪੁਰ |
| 245. | ਭਨਵਾਲ |
| 246. | ਐਮ ਮੁਗਲਾਂ |
| 247. | ਸ਼ੇਰਪੁਰ |
| 248. | ਪੰਜੋਰ |
| 249. | ਬਸਰੂਪ |
| 250. | ਭਡਰਾਲੀ |
| 251. | ਬਤੌਰਾ |

Original with;
Punjab Vidhan Sabha
Digitized by;
Panjab Digital Library

[Minister of State for Housing]

| ਲੜੀ ਨੰ: | ਪਿੰਡ ਦਾ ਨਾਂ | ਲੜੀ ਨੰ: | ਪਿੰਡ ਦਾ ਨਾਂ |
|---|---|---|---|
| 252. | ਕਲੇਸਰ | 278. | ਠਾਕਰਪੁਰ |
| 253. | ਫਰਕਪੁਰ | 279. | ਚਸ਼ਮਾ |
| 254. | ਕਾਲੇ ਚੱਕ | 280. | ਜਕਰੋੜ |
| 255. | ਕਲਾਸਪੁਰ | 281. | ਹਜਾਤੀ ਚੱਕ |
| 256. | ਸ਼ੈਲੀ ਭੋਲੀ | 282. | ਗੁਰਦਾਸਪੁਰ ਭਾਈਆਂ |
| 257. | ਕੁੰਡਾ ਫੇਰੋਜ਼ਪੁਰ | 283. | ਧੋਬੜਾ |
| 258. | ਮਦਾਰਪੁਰ | 284. | ਦਨੌਰ |
| 259 | ਘੇਦੋਚੱਕ | 285. | ਮਲਕਾਨਾ |
| 260. | ਤੰਗੋਸ਼ਾਹ | 286. | ਅਖਰੋਟਾ |
| 261. | ਅਲੀਖਾਂ | 287. | ਭਗਵਾਨ ਸਰ |
| 262. | ਜੰਗਲ | 288. | ਸ਼ੇਰਪੁਰ ਗਿਦੜਪੁਰ |
| 263. | ਛਨੀ ਟੋਲਾ | 289. | ਪਠਾਨ ਚੱਕ |
| 264. | ਸ਼ੈਦੀਪੁਰ | 290. | ਗੁਜਰਾਂ ਲਾੜੀ |
| 265. | ਢੋਲੇਵਾਲ | 291. | ਗੋਤਰਾ ਲਾੜੀ |
| 266. | ਭਾੜੋਚੱਕ | 292. | ਤਤਗੜ੍ਹ |
| 267. | ਲਡਪਾਲਵਾਂ | 293. | ਭੋਆ |
| 268. | ਜਗਤਪੁਰ | 294. | ਸੁੰਦਰਚੱਕ |
| 269. | ਕਾਨਵਾਂ | 295. | ਲੁਹਿਰਾ ਖੁਰਦ |
| 260. | ਸ਼ਹੀਦਪੁਰ | 296. | ਬਨੀ ਲੋਧੀ |
| 271. | ਨਾਜੋਵਾਲ | 297. | ਸੁਲਤਾਨਪੁਰ |
| 272. | ਨਮਾਲਾ | 298. | ਲਮੀਨੀ |
| 273. | ਪਰਮਾ ਨੰਦ | 299. | ਮਿਰਜਾਪੁਰ |
| 274. | ਡਲਾ ਬਲੀਮ | 300. | ਕੋਠੇ |
| 275. | ਮਾੜੀ | 301. | ਭਦਰੋਆ |
| 276. | ਸਾਦੋਵਾਲ | 302. | ਨਰੋਟ ਮੇਹਰਾ |
| 277. | ਸ਼ਾਲੋਵਾਲ | 303. | ਕਟਾਰੂ ਚੱਕ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਪਿੰਡਾਂ ਦਾ ਨਾਂ | ਲੜੀ ਨੰ: | ਪਿੰਡਾਂ ਦਾ ਨਾਂ |
|---|---|---|---|
| 304. | ਗੋਰੀਵਾਲ | 312. | ਝੰਡਪੁਰ |
| 305. | ਬਹਾਦਰ ਲਾੜੀ | 313. | ਲਾੜੀ ਸ਼ਰਮੋ |
| 306. | ਜੰਮੂ | 314. | ਜਾਖਿਆਂ ਲਾੜੀ |
| 307. | ਖਦਾਵਰ | 315. | ਅਜ਼ਾਦ ਗੜ੍ਹ |
| 308. | ਗੰਦੜਾਂ ਲਾੜੀ | 316. | ਸੰਗੋੜ |
| 309. | ਪਡਿਆ ਲਾੜੀ | 317. | ਬਹਿਲਾਦਪੁਰ |
| 310 | ਦੌਲਤਪੁਰ (ਬੀਰਾਂ) | 318. | ਬੱਸੀ ਅਫ਼ਗਾਨਾ |
| 311. | ਰਹੀਮਪੁਰ | | |

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, 318 ਪਿੰਡਾਂ ਦੀ ਲਿਸਟ ਮੇਰੇ ਕੋਲ ਆ ਗਈ ਹੈ। ਮੈਂ ਪੁੱਛਿਆ ਸੀ ਕਿ ਕਿਨ੍ਹਾਂ ਕਿਨ੍ਹਾਂ ਨੂੰ ਕਬਜ਼ੇ ਮਿਲੇ ਸੀ ਅਤੇ ਕਿਨ੍ਹਾਂ ਕਿਨ੍ਹਾਂ ਨੂੰ ਨਹੀਂ ਮਿਲੇ। ਮੈਂ ਇਹ ਦੱਸਦਾ ਹਾਂ ਕਿ ਜਿਹੜੇ ਤਾਂ ਮੈਨੂੰ ਯਾਦ ਹਨ ਪਿੰਡ ਦਰਸੋਪੁਰ ਅਤੇ ਦਰਸੋਵਾਲ ਇਹੋ ਜਿਹੇ ਹੋਰ ਵੀ ਕਈ ਪਿੰਡ ਹਨ ਜਿਥੇ ਹੁਣ ਤਕ ਕਬਜ਼ੇ ਨਹੀਂ ਦਿੱਤੇ ਗਏ। ਪਰ ਇਹ ਕਹਿੰਦੇ ਹਨ ਕਿ ਦੇ ਦਿੱਤੇ ਗਏ ਹਨ ?

**ਸ੍ਰੀ ਸਪੀਕਰ** : ਹਾਂ ਜੀ, ਜਿਥੇ ਨਹੀਂ ਮਿਲੇ, ਉਥੇ ਇਨਕੁਆਇਰੀ ਕਰਵਾਉਣ ਲਈ ਦੱਸੋ ?

**ਰਾਜ ਮੰਤਰੀ** : ਇਹ ਨੋਟਿਸ ਵਿਚ ਲੈ ਆਉਣ, ਜਿਹੜੇ ਪਿੰਡ ਰਹਿ ਗਏ ਹਨ। ਪਰ ਮੇਰੇ ਖਿਆਲ ਵਿਚ ਤਾਂ ਅਜਿਹਾ ਕੋਈ ਪਿੰਡ ਨਹੀਂ। ਜੋ ਮੇਰੇ ਕੋਲ ਇਨਫਰਮੇਸ਼ਨ ਆਈ ਹੈ ਉਸ ਦੇ ਮੁਤਾਬਕ ਤਾਂ 318 ਪਿੰਡਾਂ ਨੂੰ ਕਬਜ਼ੇ ਦਿਤੇ ਜਾ ਚੁਕੇ ਹਨ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 318 ਪਿੰਡਾਂ ਨੂੰ ਮਿਲ ਗਏ ਹਨ। ਪਰ ਗੁਰਦਾਸਪੁਰ ਵਿਚ 347 ਪਿੰਡ ਹਨ ਜਿਥੋਂ ਕਿ ਇਕ ਦਰਖ਼ਾਸਤ ਵੀ ਨਹੀਂ ਆਈ ਅਤੇ ਸਾਰੇ ਪੰਜਾਬ ਵਿਚ 3071 ਪਿੰਡ ਹਨ ਜਿਥੋਂ ਕਿ ਦਰਖ਼ਾਸਤਾਂ ਨਹੀਂ ਆਈਆਂ। ਕੀ ਇਸ ਗੱਲ ਦੀ ਰੋਸ਼ਨੀ ਵਿਚ ਇਹ ਇਸ ਗੱਲ ਦੀ ਇਨਕੁਆਇਰੀ ਕਰਵਾਉਣਗੇ ਕਿ ਜਿਨ੍ਹਾਂ ਪਿੰਡਾਂ ਤੋਂ ਕੋਈ ਦਰਖਾਸਤਾਂ ਨਹੀਂ ਆਈਆਂ, ਉਥੇ ਸਮੇਂ ਸਿਰ ਮਹਿਕਮੇ ਦੇ ਅਫਸਰਾਂ ਨੇ ਇਤਲਾਹ ਨਹੀਂ ਦਿੱਤੀ ?

**ਸ੍ਰੀ ਸਪੀਕਰ** : ਇਸ ਦਾ ਜਵਾਬ ਤਾਂ ਦੇ ਦਿੱਤਾ ਗਿਆ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਬੇਘਰਿਆਂ ਨੂੰ ਘਰ ਦੇਣ ਬਾਰੇ ਜਿਹੜੀ ਸਕੀਮ ਹੈ ਉਹ ਕਾਂਗਰਸ ਪਾਰਟੀ ਦੀ ਹਦਾਇਤ ਉਤੇ ਸੈਂਟਰਲ ਗੌਰਮਿੰਟ ਨੇ ਬਣਾਈ ਸੀ। ਬੇਘਰਾਂ ਨੂੰ ਘਰ ਦੇਣ ਦੀ ਸਕੀਮ ਹੋਰ ਕਿਸੇ ਪਾਰਟੀ ਨੇ ਨਹੀਂ ਬਣਾਈ। ਜਦ ਇਹ ਸਕੀਮ ਬਣਾ ਲਈ ਗਈ ਤਾਂ ਸੀ. ਪੀ. ਆਈ. ਵਾਲਿਆਂ ਨੇ ਵੀ ਕਿਹਾ ਕਿ ਮਕਾਨ ਦਿੱਤੇ ਜਾਣੇ ਚਾਹੀਦੇ ਹਨ। ਡਾਂਗ ਸਾਹਿਬ ਨੇ ਵੀ ਚਿੱਠੀਆਂ ਲਿਖੀਆਂ ਅਤੇ ਚਿੱਠੀ ਲਿਖ ਕੇ ਕਿਹਾ ਕਿ ਹਾਲੇ

Original with; Punjab Vidhan Sabha Digitized by; Panjab Digital Library

[ਮੁੱਖ ਮੰਤਰੀ]

ਇਸ ਵਿਚ ਕਮੀ ਰਹਿ ਗਈ ਹੈ। ਸਪੀਕਰ ਸਾਹਿਬ, 3 ਵਾਰ ਸਰਵੇ ਹੋ ਚੁੱਕੇ ਹਨ। ਜਿਨ੍ਹਾਂ ਪਿੰਡਾਂ ਵਿਚੋਂ ਕੋਈ ਦਰਖ਼ਾਸਤਾਂ ਨਹੀਂ ਆਈਆਂ, ਉਥੇ ਬੇਘਰੇ ਕੋਈ ਵੀ ਨਹੀਂ ਸੀ। ਪਰ ਡਾਂਗ ਸਾਹਿਬ ਜ਼ਬਰਦਸਤੀ ਉਨ੍ਹਾਂ ਨੂੰ ਬੇਘਰੇ ਬਣਾਉਣਾ ਚਾਹੁੰਦੇ ਹਨ ਅਤੇ ਹਰ ਵਾਰ ਕੋਈ ਨਾ ਕੋਈ ਅਜਿਹੀਆਂ ਗੱਲਾਂ ਕਰਦੇ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਣ ਮਕਾਨਾਂ ਦੀ ਨੋਟੀਫਿਕੇਸ਼ਨ ਨਹੀਂ ਹੋਵੇਗੀ ਅਤੇ ਜੇ ਕੋਈ ਜੈਨੂਇਨ ਕੇਸ ਸਾਡੇ ਕੋਲ ਆਇਆ ਜਿਸ ਕੋਲ ਪਿੰਡ ਵਿਚ ਕੋਈ ਮਕਾਨ ਨਹੀਂ ਹੋਵੇਗਾ ਅਤੇ ਉਸ ਨੇ ਉਸੇ ਪਿੰਡ ਵਿਚ ਹੀ ਰਹਿਣਾ ਹੈ ਉਸ ਨੂੰ ਅਸੀਂ ਜ਼ਰੂਰ ਦੇਵਾਂਗੇ। ਪਰ ਦੁਬਾਰਾ ਸਰਵੇ ਕਰਾਓ ਫਿਰ ਦੁਬਾਰਾ ਸਰਵੇ ਕਰਾਓ, ਇਹ ਗੱਲ ਕਹਿਣਾ ਠੀਕ ਨਹੀਂ। ਸੀ. ਪੀ. ਆਈ. ਵਾਲਿਆਂ ਨੂੰ ਹੁਣ ਇਹ ਨਹੀਂ ਕਹਿਣਾ ਚਾਹੀਦਾ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਲੋਕਾਂ ਨੂੰ ਪਲਾਟ ਦਿੱਤੇ ਗਏ ਸੀ ਪਰ ਉਥੇ ਕਈ ਲੋਕਾਂ ਵਲੋਂ ਕਬਜ਼ੇ ਨਹੀਂ ਕੀਤੇ ਗਏ ਕਿਉਂਕਿ ਉਹ ਪਲਾਟ ਟੋਭਿਆਂ ਵਿਚ ਸਨ ਜਾਂ ਪਿੰਡ ਤੋਂ ਬਹੁਤ ਦੂਰ ਸਨ ਜਿਥੇ ਕਿ ਉਹ ਜਾਣਾ ਨਹੀਂ ਸਨ ਚਾਹੁੰਦੇ। ਕੀ ਵਜ਼ੀਰ ਸਾਹਿਬ ਇਸਦਾ ਕੋਈ ਹੱਲ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਹਰ ਮੁਨਾਸਬ ਕਾਰਵਾਈ ਕੀਤੀ ਜਾ ਸਕਦੀ ਹੈ। ਜੇਕਰ ਕਿਸੇ ਖਾਸ ਕਾਰਣ ਕਰਕੇ ਜਿਹੜੀ ਅਲਾਟਮੈਂਟ ਹੋਈ ਹੈ ਅਤੇ ਉਹ ਦਰੁੱਸਤ ਨਹੀਂ ਹੋਈ, ਉਹ ਜਗ੍ਹਾ ਮਕਾਨ ਬਣਾਉਣ ਦੇ ਕਾਬਲ ਨਹੀਂ ਜਾਂ ਕੋਈ ਹੋਰ ਖਾਸ ਰੁਕਾਵਟ ਹੈ ਤਾਂ ਅਜਿਹੇ ਬੇਘਰਾਂ ਨੂੰ ਜਗ੍ਹਾ ਬਦਲ ਕੇ ਦੇਣ ਲਈ ਸਰਕਾਰ ਨੂੰ ਕੋਈ ਇਤਰਾਜ਼ ਨਹੀਂ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਹੁਣੇ ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਜਿਥੇ ਜੈਨੂਇਨ ਕੇਸ ਹੋਵੇਗਾ ਉਸ ਨੂੰ ਜ਼ਰੂਰ ਦੇਵਾਂਗੇ। ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਅਤੇ ਹਾਊਸਿੰਗ ਮਨਿਸਟਰ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਸੀ ਕਿ ਇਸ ਵਾਸਤੇ ਕਮੇਟੀਆਂ ਬਣਾਈਆਂ ਗਈਆਂ ਸਨ ਜਿਸ ਵਿਚ ਮੈਂਬਰ ਵੀ ਸੀ ਅਤੇ ਪਬਲਿਕ ਦੇ ਵੀ ਕਈ ਬੰਦੇ ਸੀ। ਮੈਂ ਇਹ ਪੁੱਛਦਾ ਹਾਂ ਕਿ ਜਿਥੇ ਇਸ ਕਮੇਟੀ ਦੇ ਮੈਂਬਰਾਂ ਵਲੋਂ ਐਸ. ਡੀ. ਐਮ. ਅਤੇ ਡੀ. ਸੀ. ਨੂੰ ਇਹ ਲਿਖ ਕੇ ਦੇ ਦਿੱਤਾ ਗਿਆ ਹੋਵੇ ਕਿ ਫਲਾਂ ਪਿੰਡਾਂ ਵਿਚ ਹਰੀਜਨਾਂ ਨੂੰ ਇਹ ਪਲਾਟ ਦਿਤੇ ਜਾਣ ਜਾਂ ਨਾ ਦਿੱਤੇ ਜਾਣ ਅਤੇ ਫਿਰ ਵੀ ਮਹਿਕਮੇ ਦੇ ਅਫ਼ਸਰਾਂ ਨੇ ਇਹੋ ਜਿਹੀ ਜਗ੍ਹਾ ਤੇ ਪਲਾਟ ਦੇ ਦਿੱਤੇ ਹੋਣ ਤਾਂ ਉਨ੍ਹਾਂ ਅਫ਼ਸਰਾਂ ਅਤੇ ਪਬਲਿਕਮੈਨ ਦੇ ਖਿਲਾਫ਼ ਕੀ ਕੋਈ ਕਾਰਵਾਈ ਕਰਨਗੇ ?

**ਸ੍ਰੀ ਸਪੀਕਰ** : ਜੇ ਕੋਈ ਅਜਿਹਾ ਕੇਸ ਹੈ ਤਾਂ ਵੱਖਰਾ ਨੋਟਿਸ ਦੇ ਦਿਉ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਹ ਜਿਹੜੇ 3,000 ਪਿੰਡਾਂ ਵਿਚੋਂ ਦਰਖਾਸਤਾਂ ਨਹੀਂ ਆਈਆਂ ਅਤੇ ਇਸ ਲਈ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸੀ. ਪੀ. ਆਈ. ਵਾਲੇ ਐਵੇਂ ਹੀ ਰੌਲਾ ਪਾਉਂਦੇ ਹਨ। ਕੀ ਚੀਫ਼ ਮਨਿਸਟਰ ਸਾਹਿਬ

Original with; Punjab Vidhan Sabha Digitized by; Panjab Digital Library

ਇਸ ਗੱਲ ਦੀ ਇਨਕੁਆਰੀ ਕਰਨਗੇ ਕਿ ਦਰਖ਼ਾਸਤਾਂ ਜਿਹੜੀਆਂ ਨਹੀਂ ਆਈਆਂ ਉਹ ਇਸ ਕਰਕੇ ਨਹੀਂ ਆਈਆਂ ਕਿਉਂਕਿ ਉਨ੍ਹਾਂ ਲੋਕਾਂ ਨੂੰ ਸਮੇਂ ਸਿਰ ਮਹਿਕਮੇ ਵਲੋਂ ਇਤਲਾਹ ਨਹੀਂ ਦਿੱਤੀ ਗਈ, ਉਹ ਅਨਪੜ੍ਹ ਸਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਾ ਲੱਗ ਸਕਿਆ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਡਾਊਟ ਕਰਨਾ ਕਿ ਸਰਕਾਰ ਦੇ ਅਫ਼ਸਰ ਜਿਹੜੇ ਹਨ ਉਹ ਜਾਣ ਬੁਝ ਕੇ ਅਜਿਹਾ ਕਰਦੇ ਹਨ, ਇਸ ਗੱਲ ਲਈ ਮੈਂ ਸਾਫ ਕਹਿਣਾ ਚਾਹੁੰਦਾ ਹਾਂ ਕਿ ਅਫ਼ਸਰਾਂ ਨੇ ਬੜੀ ਇਮਾਨਦਾਰੀ ਨਾਲ ਕੰਮ ਕੀਤਾ ਹੈ ਅਤੇ ਬੇਘਰਾਂ ਨੂੰ ਘਰ ਦੇਣ ਵਾਸਤੇ ਕੋਈ ਰਿਜ਼ਰਵੇਸ਼ਨ ਨਹੀਂ ਰੱਖੀ । ਜਿਥੋਂ ਤਕ ਹੋ ਸਕਿਆ ਉਨ੍ਹਾਂ ਨੇ ਪੂਰੀ ਕੋਸ਼ਿਸ਼ ਕੀਤੀ ਹੈ । ਹੁਣ ਇਹ ਗੱਲ ਕਹਿਣਾ ਕਿ ਜਿਹੜੇ 3000 ਪਿੰਡ ਰਹਿੰਦੇ ਹਨ ਉਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ; ਇਹ ਠੀਕ ਨਹੀਂ ਹੈ । ਇਹ ਕਈ ਵਾਰ ਪਬਲਿਸ਼ ਕੀਤਾ ਗਿਆ ਹੈ, ਪਬਲਿਕ ਰਿਲੇਸ਼ਨਜ਼ ਵਿਭਾਗ ਵਲੋਂ ਵੀ ਜਲਸਿਆਂ ਵਿਚ ਕਈ ਵਾਰ ਕਿਹਾ ਗਿਆ ਹੈ, ਅਸੀਂ ਵੀ ਜਲਸਿਆਂ ਵਿਚ ਕਹਿੰਦੇ ਰਹੇ ਹਾਂ ਅਤੇ ਇਹ ਸੀ. ਪੀ. ਆਈ. ਵਾਲੇ ਵੀ ਆਪਣੇ ਜਲਸਿਆਂ ਵਿਚ ਕਹਿੰਦੇ ਰਹੇ ਹਨ । ਇੰਨਾਂ ਕੁਝ ਹੋਣ ਤੇ ਵੀ ਜੇ ਕਿਸੇ ਪਿੰਡ ਤੋਂ ਦਰਖ਼ਾਸਤਾਂ ਨਹੀਂ ਆਈਆਂ ਤਾਂ ਇਸ ਦਾ ਮਤਲਬ ਇਹ ਹੈ ਕਿ ਉਥੇ ਕੋਈ ਬੇਘਰੇ ਨਹੀਂ ਹਨ ।

(ਇਸ ਵੇਲੇ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜੇ ਹੋਏ ।)

**Mr. Speaker** : No more supplementary please. Next question

**ਰਾਜ ਵਿਚ ਸੜਕ ਦੁਰਘਟਨਾਵਾਂ**

*3423 **ਚੌਧਰੀ ਰਾਮ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਪਹਿਲੀ ਅਪਰੈਲ, 1975 ਤੋਂ 31 ਅਕਤੂਬਰ, 1975 ਤਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਜ਼ਿਲ੍ਹਾਵਾਰ ਕੁਲ ਕਿੰਨੀਆਂ ਸੜਕ ਦੁਰਘਟਨਾਵਾਂ ਹੋਈਆਂ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਦੁਰਘਟਨਾਵਾਂ ਵਿਚੋਂ ਜ਼ਿਲ੍ਹਾਵਾਰ ਕਿੰਨੀਆਂ ਘਟਨਾਵਾਂ ਘਾਤਕ ਸਿੱਧ ਹੋਈਆਂ ?

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** (ਮੁੱਖ ਸੰਸਦੀ ਸਕੱਤਰ) : (ੳ) ਪਹਿਲੀ ਅਪਰੈਲ, 1975 ਤੋਂ 31 ਅਕਤੂਬਰ, 1975 ਤਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਕੁਲ 457 ਦੁਰਘਟਨਾਵਾਂ ਹੋਈਆਂ ਹਨ ਜਿਨ੍ਹਾਂ ਦਾ ਜ਼ਿਲ੍ਹੇਵਾਰ ਵੇਰਵਾ ਇਸ ਪ੍ਰਕਾਰ ਹੈ :—

| ਕ੍ਰਮ ਅੰਕ | ਜ਼ਿਲ੍ਹਾ | | ਦੁਰਘਟਨਾਵਾਂ ਦੀ ਤਾਦਾਦ |
|---|---|---|---|
| 1. | ਅੰਮ੍ਰਿਤਸਰ | .. | 51 |
| 2. | ਗੁਰਦਾਸਪੁਰ | .. | 34 |
| 3. | ਜਲੰਧਰ | .. | 64 |
| 4. | ਕਪੂਰਥਲਾ | .. | 12 |

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ]

| ਕ੍ਰਮ ਅੰਕ | ਜ਼ਿਲ੍ਹਾ | | ਦੁਰਘਟਨਾਵਾਂ ਦੀ ਤਾਦਾਦ |
|---|---|---|---|
| 5. | ਹੁਸ਼ਿਆਰਪੁਰ | .. | 25 |
| 6. | ਲੁਧਿਆਣਾ | .. | 82 |
| 7. | ਫ਼ਿਰੋਜ਼ਪੁਰ | .. | 42 |
| 8. | ਫਰੀਦਕੋਟ | .. | 24 |
| 9. | ਬਠਿੰਡਾ | .. | 16 |
| 10. | ਸੰਗਰੂਰ | .. | 34 |
| 11. | ਪਟਿਆਲਾ | .. | 51 |
| 12. | ਰੋਪੜ | .. | 22 |
| | ਕੁਲ ਜੋੜ | | 457 |

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੜਕ ਦੁਰਘਟਨਾਵਾਂ ਵਿਚੋਂ 191 ਦੁਰਘਟਨਾਵਾਂ ਘਾਤਕ ਸਿੱਧ ਹੋਈਆਂ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

| ਕ੍ਰਮ ਅੰਕ | ਜ਼ਿਲ੍ਹਾ | | ਘਾਤਕ ਦੁਰਘਟਨਾਵਾਂ |
|---|---|---|---|
| 1. | ਅੰਮ੍ਰਿਤਸਰ | .. | 18 |
| 2. | ਗੁਰਦਾਸਪੁਰ | .. | 19 |
| 3. | ਜਲੰਧਰ | .. | 22 |
| 4. | ਕਪੂਰਥਲਾ | .. | 6 |
| 5. | ਹੁਸ਼ਿਆਰਪੁਰ | .. | 9 |
| 6. | ਲੁਧਿਆਣਾ | .. | 44 |
| 7. | ਫਿਰੋਜ਼ਪੁਰ | .. | 9 |
| 8. | ਫਰੀਦਕੋਟ | .. | 10 |
| 9. | ਬਠਿੰਡਾ | .. | 7 |
| 10. | ਸੰਗਰੂਰ | .. | 6 |
| 11. | ਪਟਿਆਲਾ | .. | 28 |
| 12. | ਰੋਪੜ | .. | 13 |
| | ਕੁਲ ਜੋੜ | | 191 |

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ :** ਕੀ ਸੀ. ਪੀ. ਐਸ. ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜਾ ਇਨ੍ਹਾਂ ਨੇ ਫ਼ਰਮਾਇਆ ਹੈ ਕਿ 457 ਐਕਸੀਡੈਂਟ ਹੋਏ ਔਰ 191 ਮੌਤਾਂ ਹੋਈਆਂ, ਇਸ ਚੀਜ਼ ਨੂੰ ਵੇਖ ਕੇ ਇਨ੍ਹਾਂ ਨੇ ਕੋਈ ਤਰੀਕਾਕਾਰ ਜਾਂ ਪਲਾਨਿੰਗ ਬਣਾਈ ਹੈ ਜਿਸ ਨਾਲ ਐਕਸੀਡੈਂਟ ਘੱਟ ਹੋਣ, ਮੌਤਾਂ ਘੱਟ ਹੋਣ ?

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਸਰਕਾਰ ਦੀ ਹਮੇਸ਼ਾ ਕੋਸ਼ਿਸ਼ ਇਹ ਰਹਿੰਦੀ ਹੈ ਕਿ ਇਸ ਕਿਸਮ ਦੀਆਂ ਦੁਰਘਟਨਾਵਾਂ ਨਾ ਹੋਣ । ਟ੍ਰੈਫ਼ਿਕ ਅਫ਼ਸਰ ਲਗਾਏ ਹੋਏ ਹਨ ਪਰ ਆਬਾਦੀ ਵੱਧਦੀ ਜਾਂਦੀ ਹੈ, ਟਰੈਫ਼ਿਕ ਵੱਧਦੀ ਜਾਂਦੀ ਹੈ, ਇਸ ਲਈ ਇਹ ਤਾਂ ਇਸ ਤੋਂ ਵੀ ਵੱਧ ਹੋਣਗੇ । ਚੌਧਰੀ ਸਾਹਿਬ, ਇਹ ਸਾਡੇ ਵੱਸ ਦੀ ਗੱਲ ਨਹੀਂ ਹੈ ।

**ਸ੍ਰੀ ਸਪੀਕਰ :** ਸੀ. ਪੀ. ਐਸ. ਸਾਹਿਬ, ਇਹ ਕਹਿਣਾ ਠੀਕ ਨਹੀਂ ਹੈ । ਗੌਰਮਿੰਟ ਦੀ ਜ਼ਿੰਮੇਵਾਰੀ ਹੈ ਐਕਸੀਡੈਂਟ ਰੋਕਣ ਦੀ ।

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਸਾਡੀਆਂ ਜਿਹੜੀਆਂ ਰੋਡਜ਼ ਹਨ, ਉਹ ਚੌੜੀਆਂ ਹੋਣ ਔਰ ਸਾਡੀਆਂ ਪ੍ਰੋਵੀਜ਼ਨਜ਼ ਜਿਹੜੀਆਂ ਸਜ਼ਾ ਦੇਣ ਲਈ ਹਨ ਡਰਾਈਵਰਜ਼ ਨੂੰ ਉਹ ਸਖ਼ਤ ਹੋਣ ।....

**ਸ੍ਰੀ ਸਪੀਕਰ :** ਤੁਸੀਂ ਸੁਜੈਸ਼ਨ ਦੇਣ ਲੱਗੇ ਹੋ ਜਾਂ ਸਵਾਲ ਪੁੱਛਣ ਲੱਗੇ ਹੋ ?

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਟਰੱਕਾਂ ਵਾਲੇ ਹਨ ਜਾਂ ਬੱਸਾਂ ਵਾਲੇ ਹਨ ਉਹ ਜੇਕਰ ਕਿਸੇ ਨੂੰ ਮਾਰ ਦਿੰਦੇ ਹਨ ਤਾਂ ਮਾਈਨਰ ਪਨਿਸ਼ਮੈਂਟ ਹੁੰਦੀ ਹੈ । ਕੀ ਸਰਕਾਰ ਸਖ਼ਤ ਪ੍ਰੋਵੀਜ਼ਨ ਐਕਟ ਵਿਚ ਕਰਨ ਲਈ ਤਿਆਰ ਹੈ ਕਿ ਬੱਸ ਡਰਾਈਵਰਾਂ ਤੇ ਟਰੱਕ ਡਰਾਈਵਰਾਂ ਦੇ ਲਾਈਸ਼ੈਂਸਿਜ਼ ਛੇ ਛੇ ਮਹੀਨਿਆਂ ਲਈ ਜਾਂ ਸਾਲ ਸਾਲ ਲਈ ਕੈਂਸਲ ਹੋਣ, ਆਇਆ ਇਹੋ ਜਿਹੀ ਕੋਈ ਪ੍ਰੋਵੀਜ਼ਨ ਕਰਨ ਨੂੰ ਤਿਆਰ ਹਨ ?

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਆਲਰੈਡੀ ਇਹ ਚੀਜ਼ ਹੈ। ਜਿਹੜੇ ਡਰਾਈਵਰਜ਼ ਅਣਗਹਿਲੀ ਕਰਦੇ ਹਨ ਕੋਰਟ ਸਜ਼ਾ ਦਿੰਦੀ ਹੈ, ਲਾਈਸੈਂਸ ਕੈਂਸਲ ਹੁੰਦਾ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਐਕਸੀਡੈਂਟਸ ਰੋਕਣ ਲਈ ਪੁਲੀਸ ਤਾਇਨਾਤ ਕਰਨਾ ਜਾਂ ਹੋਰ ਹਰ ਕਿਸਮ ਦੇ ਸਾਧਨ ਵਰਤਣ ਦੀ ਜਿਨ੍ਹਾਂ ਨਾਲ ਐਕਸੀਡੈਂਟ ਨਾ ਹੋਣ, ਸਰਕਾਰ ਦੀ ਕੋਸ਼ਿਸ਼ ਹੈ।

**ਸ੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਐਕਸੀ-ਡੈਂਟ ਹੋਏ ਹਨ, ਇਨ੍ਹਾਂ ਵਿਚ ਮਿਊਂਸਪਲ ਏਰੀਏ ਵਿਚ ਕਿਤਨੇ ਹੋਏ ਹਨ, ਔਰ ਮਿਊਂਸਪਲ ਏਰੀਏ ਤੋਂ ਬਾਹਰ ਕਿਤਨੇ ਹੋਏ ਹਨ ?

**ਮੁੱਖ ਸੰਸਦੀ ਸਕੱਤਰ :** ਫਰੈਸ਼ ਨੋਟਿਸ ਦੇ ਦੇਣ । ਸਵਾਲ ਇਸ ਦੇ ਬਾਰੇ ਤਾਂ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਪਰਤਾਪ ਚੰਦ ਭੰਡਾਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਸਪੈਸਿਫ਼ਿਕ ਪੁਆਇੰਟਸ ਹਨ ਜੀ. ਟੀ. ਰੋਡ ਉਤੇ। ਆਇਆ ਸਰਕਾਰ ਉਨ੍ਹਾਂ ਥਾਵਾਂ ਦਾ ਸਰਵੇ ਕਰਵਾ ਕੇ ਉਥੇ ਐਕਸੀਡੈਂਟਸ ਨੂੰ ਰੋਕਣ ਦਾ ਪਰਬੰਧ ਕਰੇਗੀ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਨਾਂ ਤਾਂ ਇਨ੍ਹਾਂ ਨੇ ਜੀ. ਟੀ, ਰੋਡ ਦੱਸੀ ਹੈ ਕਿ ਕਿਹੜੀ ਹੈ ਔਰ ਨਾ ਹੀ ਸਪੈਸੇਫ਼ਿਕ ਪੁਆਇੰਟ ਹੀ ਦੱਸੇ ਹਨ। ਇਹ ਦੱਸ ਦੇਣ।

**ਸ਼੍ਰੀ ਪਰਤਾਪ ਚੰਦ ਭੰਡਾਰੀ** : ਪੰਜਾਬ ਵਿਚ ਜੀ. ਟੀ. ਰੋਡ ਇਕੋ ਹੀ ਹੈ।

**ਸ਼੍ਰੀ ਸਪੀਕਰ** : ਉਹ ਤਾਂ ਭੰਡਾਰੀ ਸਾਹਿਬ ਬਹੁਤ ਲੰਮੀ ਚੌੜੀ ਹੈ। (ਹਾਸਾ)

**ਸ਼੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਇਹ ਗੱਲ ਸਰਕਾਰ ਦੇ ਨੋਟਿਸ ਦੇ ਵਿਚ ਹੋਵੇਗੀ ਕਿ ਜਿਹੜੇ ਐਕਸੀਡੈਂਟ ਹੁੰਦੇ ਹਨ ਚਾਹੇ ਜੀ. ਟੀ. ਰੋਡ ਹੋਵੇ ਜਾਂ ਹੋਰ ਹੋਵੇ ਜਾਂ ਮਿਊਂਸਪਲ ਏਰੀਆ ਹੋਵੇ, ਉਹ ਇਸ ਕਰਕੇ ਹੁੰਦੇ ਹਨ ਕਿ ਉਨ੍ਹਾਂ ਥਾਵਾਂ ਉਪਰ ਨਾ ਕੋਈ ਟਰੈਫ਼ਿਕ ਲਾਈਟ ਦਾ ਪ੍ਰਬੰਧ ਹੁੰਦਾ ਹੈ, ਨਾ ਕੋਈ ਗਾਈਡ ਦਾ। ਕੀ ਸਰਕਾਰ ਉਨ੍ਹਾਂ ਥਾਵਾਂ ਉਤੇ ਇਸ ਦਾ ਪ੍ਰਬੰਧ ਕਰੇਗੀ ?

**ਮੁੱਖ ਸੰਸਦੀ ਸਕੱਤਰ** : ਇਨ੍ਹਾਂ ਦੇ ਸੁਝਾਓ ਉਤੇ ਪੂਰੀ ਗੌਰ ਕਰਾਂਗੇ ਜੀ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਬਾਹਰਲੇ ਮੁਲਕਾਂ ਵਿਚ ਪ੍ਰੀਵੈਨਟਿਵ ਮੈਯਰਜ਼ ਦੇ ਤੌਰ ਤੇ ਇਹ ਪ੍ਰੋਵੀਜ਼ਨ ਹੁੰਦੀ ਹੈ ਕਿ ਡਰਾਇਵਰਾਂ ਦੇ ਲਇਸੈਂਸਿਜ਼ ਜਿਹੜੇ ਹਨ ਉਨ੍ਹਾਂ ਨੂੰ ਸ਼ਸਪੈਂਡ ਕੀਤਾ ਜਾਂਦਾ ਹੈ, ਆਇਆ ਸਰਕਾਰ ਪਾਸ ਵੀ ਕੋਈ ਪ੍ਰੋਵੀਜ਼ਨ ਹੈ ਜਿਸ ਨਾਲ ਉਹ ਵੀ ਡਰਾਈਵਰਾਂ ਦੇ ਲਾਈਸੈਂਸਿਜ਼ ਸਸਪੈਂਡ ਕਰ ਸਕਣ ?

**ਮੁੱਖ ਸੰਸਦੀ ਸਕੱਤਰ** : ਚੌਧਰੀ ਸਾਹਿਬ, ਦੀ ਗੱਲ ਦਰੁਸਤ ਹੈ, ਮੈਂ ਇਸ ਨੂੰ ਵੈਲਕਮ ਕਰਦਾ ਹਾਂ। (ਥੰਪਿੰਗ) ਮੈਂ ਕਿਹਾ ਹੈ ਕਿ ਵਧੀਆ ਸੁਜੈਸ਼ਨ ਹੈ, ਇਸ ਮੁਲਕ ਦੇ ਲੋਕਾਂ ਦੇ ਹਿੱਤ ਵਿਚ ਹੈ। ਅਸੀਂ ਛੇਤੀ ਗੌਰ ਕਰਾਂਗੇ ਕਿ ਕੋਈ ਨਾ ਕੋਈ ਕਿਸੇ ਤਰ੍ਹਾਂ ਦਾ ਕਾਨੂੰਨ ਬਣਾਇਆ ਜਾਵੇ ਜਿਸ ਨਾਲ ਸ਼ਰਾਬ ਪੀਕੇ ਗੱਡੀ ਚਲਾਉਣ ਵਾਲਾ ਡਰਾਈਵਰ ਜਾਂ ਗਲਤੀ ਕਰਨ ਵਾਲਾ ਡਰਾਈਵਰ ਜਿਹੜਾ ਹੋਵੇ ਉਸ ਦਾ ਲਾਈਸੈਂਸ ਕੈਂਸਲ ਕੀਤਾ ਜਾਵੇ।

**(ਇਸ ਸਮੇਂ ਸ਼੍ਰੀ ਬਾਲ ਮੁਕੰਦ ਸ਼ਰਮਾ ਜੀ ਸਪਲੀਮੈਂਟਰੀ ਕਰਨ ਲਈ ਖੜੇ ਹੋਏ। ਕੁਝ ਹੋਰ ਮੈਂਬਰ ਸਾਹਿਬਾਨ ਵੀ ਸਪਲੀਮੈਂਟਰੀ ਕਰਨ ਲਈ ਆਗਿਆ ਮੰਗਣ ਲਗੇ।)**

**ਸ਼੍ਰੀ ਸਪੀਕਰ** : ਇਹ ਇਕੋ ਵਾਰ ਹੀ ਖੜ੍ਹੇ ਹੋਏ ਹਨ, ਇਨ੍ਹਾਂ ਨੂੰ ਸਪਲੀਮੈਂਟਰੀ ਕਰ ਲੈਣ ਦਿਓ। (ਹਾਸਾ)

**ਅਵਾਜ਼ਾਂ** : ਕੀ ਸਾਰੀ ਉਮਰ ਵਿਚ ਇਕ ਵਾਰ ਖੜ੍ਹੇ ਹੋਏ ਹਨ ?

**ਸ਼੍ਰੀ ਸਪੀਕਰ** : ਨਹੀਂ ਜੀ, ਏਸੇ ਸਸ਼ਨ ਵਿਚ।

Original with:
Punjab Vidhan Sabha
Digitized by:
Panjab Digital Library

**ਸ਼੍ਰੀ ਬਾਲ ਮੁਕੰਦ ਸ਼ਰਮਾ** : ਮੈਂ ਵੈਸੇ ਪਹਿਲਾਂ ਵੀ ਖੜ੍ਹਾ ਹੋਇਆ ਸੀ ਜੀ ।

**ਸ਼੍ਰੀ ਸਪੀਕਰ** : ਠੀਕ ਹੈ, ਤੁਸੀਂ ਸਵਾਲ ਕਰੋ ਜੀ ।

**ਸ਼੍ਰੀ ਬਾਲ ਮੁਕੰਦ ਸ਼ਰਮਾ** : ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਜਨਤਾ ਵਧਦੀ ਜਾਂਦੀ ਹੈ, ਟਰੈਫਿਕ ਵਧਦੀ ਜਾਂਦੀ ਹੈ ਇਸ ਲਈ ਸਾਡੇ ਵੱਸ ਦਾ ਰੋਗ ਨਹੀਂ ਹੈ ।....

**ਸ਼੍ਰੀ ਸਪੀਕਰ** : ਉਹ ਤਾਂ ਉਨ੍ਹਾਂ ਨੇ ਮਜ਼ਾਕ ਦੀ ਗੱਲ ਕੀਤੀ ਹੈ । ਤੁਸੀਂ ਸਵਾਲ ਕਰੋ ।

**ਸ਼੍ਰੀ ਬਾਲ ਮੁਕੰਦ ਸ਼ਰਮਾ** : ਸਪੀਕਰ ਸਾਹਿਬ, ਇਹ ਅਸੈਂਬਲੀ ਹੈ ਮਜ਼ਾਕ ਦੀ ਗੱਲ ਨਹੀਂ; ਇਹ ਗੌਰਮਿੰਟ ਦੀ ਜ਼ਿੰਮੇਵਾਰੀ ਹੁੰਦੀ ਹੈ । ਇਹ ਗੱਲ ਕਹਿਣੀ ਕਿ ਅਸੀਂ ਕੰਟਰੋਲ ਨਹੀਂ ਕਰ ਸਕਦੇ ਇਹ ਠੀਕ ਨਹੀਂ ਹੈ। ਸਾਨੂੰ ਕਹਿਣਾ ਚਾਹੀਦਾ ਹੈ ਕਿ ਅਸੀਂ ਪ੍ਰਬੰਧ ਕਰ ਰਹੇ ਹਾਂ । ਇਹ ਜਵਾਬ ਇਨ੍ਹਾਂ ਦਾ ਠੀਕ ਸੀ । ਸੀ. ਪੀ. ਐਸ. ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੀ ਚੀਜ਼ ਦਾ ਪ੍ਰਬੰਧ ਡਾਕਟਰ ਜ਼ੈਲ ਸਿੰਘ ਦੀ ਸਰਕਾਰ ਵਿਚ ਨਹੀਂ ਹੋਇਆ ।

**ਸ਼੍ਰੀ ਸਪੀਕਰ** : ਵਾਪਸ ਲੈਣ ਵਾਲੀ ਗੱਲ ਨਹੀਂ ਹੈ । ਤੁਸੀਂ ਇਹ ਕਹੋ ਕਿ ਜਿਹੜਾ ਜਵਾਬ ਸੀ ਉਹ ਗ਼ਲਤ ਸੀ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਸੜਕਾਂ ਚੌੜੀਆਂ ਘੱਟ ਹਨ ਲੇਕਿਨ ਗੌਰਮਿੰਟ ਨੇ ਇਹ ਡਿਕਲੇਅਰ ਕੀਤਾ ਸੀ ਕਿ ਨੈਸ਼ਨਲ ਹਾਈਵੇ ਵਾਸਤੇ ਸਾਲ ਤਕ ਕੈਦ ਔਰ ਪੰਜ ਹਜ਼ਾਰ ਤਕ ਜੁਰਮਾਨਾ ਕਰੋ ਜਿਹੜਾ ਇਨਕਰੋਚਮੈਂਟ ਕਰੇ । ਉਥੇ ਇਨਕਰੋਚਮੈਂਟਾਂ ਹੁੰਦੀਆਂ ਹਨ । ਉਧਰ ਵੀ ਰਿਸਪਾਂਸੇਬਿਲਟੀ ਸਰਕਾਰ ਦੀ ਹੈ । ਕੀ ਸਰਕਾਰ ਉਧਰ ਵੀ ਧਿਆਨ ਕਰ ਰਹੀ ਹੈ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਮੈਨੂੰ ਤਾਂ ਇਨ੍ਹਾਂ ਦੇ ਸਵਾਲ ਦੀ ਸਮਝ ਨਹੀਂ ਆਈ ਜੇਕਰ ਤੁਹਾਨੂੰ ਕੋਈ ਆਈ ਹੈ ਤਾਂ ਦੱਸ ਦਿਉ । (ਹਾਸਾ)

**ਅਵਾਜ਼ਾਂ** : ਦੁਬਾਰਾ ਕਰ ਦਿਉ ਜੀ, ਚੌਧਰੀ ਸਾਹਿਬ ।

**ਸ਼੍ਰੀ ਸਪੀਕਰ** : ਚੌਧਰੀ ਸਾਹਿਬ, ਮੈਂਬਰਜ਼ ਚਾਹੁੰਦੇ ਹਨ ਕਿ ਸਵਾਲ ਇੰਪਾਰਟੈਂਟ ਹੈ, ਤੁਸੀਂ ਫਿਰ ਸਵਾਲ ਕਰੋ । (ਹਾਸਾ)

(ਮਾਨਯੋਗ ਮੈਂਬਰ ਵਲੋਂ ਮੁੜ ਸਪਲੀਮੈਂਟਰੀ ਨਹੀਂ ਕੀਤਾ ਗਿਆ ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3533**

**Mr. Speaker** : Next question by Comrade Dana Ram.

**ਕਾਮਰੇਡ ਦਾਨਾ ਰਾਮ** : ਨਹੀਂ ਪੁੱਛਣਾ ਜੀ ।

Original with;
Punjab Vidhan Sabha
Digitized by;
Panjab Digital Library

**ਮਾਲ ਮੰਤਰੀ :** ਸਪੀਕਰ ਸਾਹਿਬ, ਇਹ ਹਾਊਸ ਦੀ ਕੰਟੇਂਪਟ ਹੈ ਜੀ। ਮੈਂਬਰ ਹਾਜ਼ਰ ਹੋਵੇ ਔਰ ਉਹ ਪੁਛਣਾ ਨਾ ਚਾਹਵੇ।

(**ਇਸ ਸਮੇਂ ਕਈ ਮਾਨਯੋਗ ਮੈਂਬਰ ਬੋਲ ਰਹੇ ਸਨ।**) (ਵਿਘਨ)

**ਅਵਾਜ਼ਾਂ :** ਤੁਸੀਂ ਜਵਾਬ ਦਿਉ ਜੀ।

**ਸ੍ਰੀ ਸਪੀਕਰ :** ਹੁਣ ਪੁੱਟ ਕਰਨਗੇ ਜਾਂ ਪਹਿਲਾਂ ਵਿਦਡਰਾ ਕਰ ਲੈਂਦੇ। ਹਾਂ ਜੀ ਸਵਾਲ ਨੰ: 3533

(**ਇਸ ਸਮੇਂ ਸਬੰਧਤ ਮਾਨਯੋਗ ਮੈਂਬਰ, ਕਾਮਰੇਡ ਦਾਨਾ ਰਾਮ ਜੀ ਸਵਾਲ ਪੇਸ਼ ਕਰਨ ਲਈ ਨਾ ਉੱਠੇ।**)

**ਚੌਧਰੀ ਦਰਸ਼ਨ ਸਿੰਘ :** ਇਹ ਰਾਂਗ ਹੈ ਜੀ। The question should be answered,

**ਸ੍ਰੀ ਸਪੀਕਰ :** ਸਵਾਲ ਨੰ: 3533 ਕਾਮਰੇਡ ਦਾਨਾ ਰਾਮ ਜੀ ਦਾ ਹੈ ਜੀ।

**ਕਾਮਰੇਡ ਦਾਨਾ ਰਾਮ :** ਮੈਂ ਵਿਦਡਰਾ ਕਰਦਾ ਹਾਂ ਜੀ। (ਵਿਘਨ)

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਇਹ ਕੋਈ ਤਰੀਕਾ ਨਹੀਂ ਹੈ ਕਿ ਅਸੀਂ ਪਹਿਲਾਂ ਇਤਨੀ ਲੇਬਰ ਕਰਦੇ ਹਾਂ। I should be at liberty to refuse to give replies to his questions. ਇਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

**ਸ੍ਰੀ ਸਪੀਕਰ :** ਡਾਂਗ ਸਾਹਿਬ, ਰੂਲ ਬੜਾ ਕਲੀਅਰ ਹੈ। ਬਿਫੋਰ ਸਿਟਿੰਗ ਇਹ ਵਿਦਡਰਾ ਕਰ ਸਕਦੇ ਹਨ, ਆਨ ਦੀ ਸਪਾਟ ਨਹੀਂ ਕਰ ਸਕਦੇ।

**Comrade Satya Pal Dang :** We do not want to put.

**Mr. Speaker :** Rule 44 of the Rules of Procedure and Conduct of Business in the Punjab Legislative Assembly reads as under :—

> "A member may, by notice given at any time before the sitting for which his question has been placed on the list, withdraw his question....

Now the Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly.

———

Original with;
Punjab Vidhan Sabha
Digitized by;
Panjab Digital Library

# WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

## PENSIONS TO FREEDOM FIGHTERS.

***3533. Comrade Dana Ram**
**Comrade Satya Pal Dang** } : Will the Chief Minister be pleased to state—

(a) the number of "freedom fighters" in Punjab who were granted pension by the Government of India at the rate of Rs. 200/- P.M. but whose pensions were latter on stopped because they were not found to be genuine freedom fighters and a district-wise list of such pensions may please be laid on the Table of the House;

(b) whether any criminal cases have been registered against the said persons;

(c) the action, if any, taken against them ?

**ਗਿਆਨੀ ਜ਼ੈਲ ਸਿੰਘ** : (ੳ) ਸੁਤੰਤਰਤਾ ਸੰਗਰਾਮੀਆਂ ਨੂੰ ਪੈਨਸ਼ਨਾਂ ਦੇਣਾ ਕੇਂਦਰੀ ਸਰਕਾਰ ਦੇ ਪ੍ਰਬੰਧ ਅਧੀਨ ਹੈ । ਇਸ ਲਈ ਰਾਜ ਸਰਕਾਰ ਇਸ ਬਾਰੇ ਪੂਰੀ ਤੇ ਵਿਸਥਾਰ ਪੂਰਵਕ ਸੂਚਨਾ ਨਹੀਂ ਦੇ ਸਕਦੀ । ਰਾਜ ਸਰਕਾਰ ਕੋਲ ਉਪਲੱਬਧ ਰਿਕਾਰਡ ਅਨੁਸਾਰ 13 ਕੇਸਾਂ ਵਿਚ ਕੇਂਦਰੀ ਸਰਕਾਰ ਵਲੋਂ ਪੜਤਾਲ ਅਤੇ ਅੰਤਮ ਫੈਸਲਾ ਹੋਣ ਤਕ, ਪੈਨਸ਼ਨਾਂ ਰੋਕ ਦਿੱਤੀਆਂ ਗਈਆਂ ਹਨ । ਇਨ੍ਹਾਂ ਕੇਸਾਂ ਦੀ ਜ਼ਿਲ੍ਹਾਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ । ਕਿਸੇ ਵਿਚ ਵੀ ਕਿਸੇ ਸੁਤੰਤਰਤਾ ਸੰਗਰਾਮੀ ਦੀ ਪੈਨਸ਼ਨ ਹੁਣ ਤਕ ਜੈਨੂਇਨ (genuine) ਸੁਤੰਤਰਤਾ ਸੰਗ੍ਰਾਮੀ ਨਾ ਹੋਣ ਕਾਰਨ ਆਖਰੀ ਤੌਰ ਤੇ ਬੰਦ ਨਹੀਂ ਕੀਤੀ ਗਈ ।

(ਅ) ਤੇ (ੲ) ਰਾਜ ਸਰਕਾਰ ਦੇ ਨੋਟਿਸ ਵਿਚ ਅਜਿਹਾ ਕੇਸ ਨਹੀਂ ।

**ਅਨੁਲੱਗ "ੲ"**

| ਨਾਂ ਅਤੇ ਪਤਾ | ਪੈਨਸ਼ਨ ਰੋਕਣ ਜਾਂ ਬੰਦ ਕਰਨ ਦੇ ਕਾਰਨ |
|---|---|
| **ਜ਼ਿਲ੍ਹਾ ਹੁਸ਼ਿਆਰਪੁਰ** | |
| 1. ਸ੍ਰੀ ਰਾਮ ਸਿੰਘ ਪੁੱਤਰ ਰਲਾ ਸਿੰਘ ਪਿੰਡ ਤੇ ਡਾਕਘਰ ਕੁੱਕਰਾਂ, ਤਹਿਸੀਲ ਗੜ੍ਹ ਸ਼ੰਕਰ । | ਕਿਸੇ ਨੇ ਸ਼ਕਾਇਤ ਕੀਤੀ ਕਿ ਇਹ ਅਸਲੀ ਸੁਤੰਤਰਤਾ ਸੰਗਰਾਮੀ ਨਹੀਂ ਹੈ । |
| 2. ਸੁੱਚਾ ਸਿੰਘ ਪੁੱਤਰ ਗੰਗਾ ਸਿੰਘ, ਪਿੰਡ ਤੇ ਡਾਕਘਰ ਪੱਖੋਵਾਲ, ਤਹਿਸੀਲ ਗੜ੍ਹ ਸ਼ੰਕਰ । | ,, |

Original with
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| | | |
|---|---|---|
| 3. | ਬੂਟਾ ਸਿੰਘ ਪੁੱਤਰ ਕਰਮ ਸਿੰਘ, ਵਾਸੀ ਸੁਖ-ਨਿਵਾਸ, ਟਾਂਡਾ | ਕਿਸੇ ਨੇ ਇਹ ਸ਼ਕਾਇਤ ਕੀਤੀ ਕਿ ਇਹ ਅਸਲੀ ਸੁਤੰਤਰਤਾ ਸੰਗਰਾਮੀ ਨਹੀਂ ਹੈ। |
| 4. | ਮੋਤਾ ਸਿੰਘ ਪੁੱਤਰ ਗੋਪਾਲ ਸਿੰਘ, ਪਿੰਡ ਚੱਕ ਗੁਜਰਾਂ, ਤਹਿਸੀਲ ਹੁਸ਼ਿਆਰਪੁਰ। | ਕਿਸੇ ਨੇ ਸ਼ਕਾਇਤ ਕੀਤੀ ਹੈ ਕਿ ਇਹ ਵਿਅਕਤੀ ਪੰਜਾਬ ਅਤੇ ਹਰਿਆਣਾ ਦੋਹਾਂ ਰਾਜਾਂ ਵਿਚੋਂ ਭਾਰਤ ਸਰਕਾਰ ਦੀ ਪੈਨਸ਼ਨ ਲੈ ਰਿਹਾ ਹੈ। |

ਜ਼ਿਲ੍ਹਾ ਲੁਧਿਆਣਾ

| | | |
|---|---|---|
| 5. | ਬੱਗਾ ਸਿੰਘ ਪੁੱਤਰ ਨੱਥਾ ਸਿੰਘ, ਪਿੰਡ ਤੇ ਡਾ: ਨੱਥੋਵਾਲ, ਤਹਿਸੀਲ ਜਗਰਾਉਂ। | ਸਬੂਤ ਦੀ ਕਮੀ ਕਾਰਨ |
| 6. | ਸੱਜਨ ਸਿੰਘ ਪੁਤਰ ਨੰਦ ਸਿੰਘ, ਪਿੰਡ ਤੇ ਡਾਕਘਰ ਜੰਗਪੁਰ। | ਸ਼ਕਾਇਤ ਪ੍ਰਾਪਤ ਹੋਈ ਕਿ ਉਸ ਦੀ ਵਾਰਸ਼ਕ ਆਮਦਨ 5000 ਰੁਪਏ ਤੋਂ ਵਧ ਹੈ। |

ਜ਼ਿਲ੍ਹਾ ਬਠਿੰਡਾ

| | | |
|---|---|---|
| 7. | ਨੇਕ ਸਿੰਘ ਪੁਤਰ ਸਰਵਨ ਸਿੰਘ, ਪਿੰਡ ਡੇਲੂਆਣਾ ਤਹਿਸੀਲ ਮਾਨਸਾ। | ਕਿਸੇ ਨੇ ਸ਼ਿਕਾਇਤ ਕੀਤੀ ਹੈ ਕਿ ਉਹ ਅਸਲੀ ਸੁਤੰਤਰਤਾ ਸੰਗਰਾਮੀ ਨਹੀਂ ਹੈ। |
| 8. | ਭਾਗ ਸਿੰਘ ਪੁੱਤਰ ਧਰਮ ਸਿੰਘ, ਪਿੰਡ ਸੰਡੋਹਾ, ਡਾਕਖਾਨਾ ਮੌੜ ਮੰਡੀ। | ,, |
| 9. | ਮੇਹਰ ਸਿੰਘ ਪੁੱਤਰ ਭਾਗ ਸਿੰਘ, ਪਿੰਡ ਕੋਟਲੀ ਖੁਰਦ, ਡਾਕਖਾਨਾ ਮੌੜ ਮੰਡੀ। | ਕਿਸੇ ਨੇ ਸ਼ਿਕਾਇਤ ਕੀਤੀ ਕਿ ਇਸਨੇ ਝੂਠੇ ਜੇਲ੍ਹ ਸਾਥੀਆਂ ਨੂੰ ਸਰਟੀਫੀਕੇਟ ਜਾਰੀ ਕੀਤੇ ਹਨ। |
| 10. | ਮੋਦਨ ਸਿੰਘ ਪੁਤਰ ਜਸਮੇਰ ਸਿੰਘ, ਨੰਗਲ ਖੁਰਦ, ਡਾਕਖਾਨਾ ਮਾਨਸਾ। | ,, |
| 11. | ਚਤਰ ਸਿੰਘ ਪੁੱਤਰ ਨਰੈਣ ਸਿੰਘ, ਪਿੰਡ ਤੇ ਡਾਕਖਾਨਾ ਸਾਹੋਕਾ, ਵਾਯਾ ਕੋਟਕਪੂਰਾ, ਤਹਿਸੀਲ ਮੋਗਾ। | ,, |

ਜ਼ਿਲ੍ਹਾ ਗੁਰਦਾਸਪੁਰ

| | | |
|---|---|---|
| 12. | ਪੁੰਨਾ ਸਿੰਘ ਪੁੱਤਰ ਅਰਜਨ ਸਿੰਘ, ਵਾਸੀ ਲਾਢੂਪੁਰ, ਡਾਕਖਾਨਾ ਭੱਟੀਆਂ, ਤਹਿਸੀਲ ਗੁਰਦਾਸਪੁਰ। | ਕਿਸੇ ਨੇ ਸ਼ਕਾਇਤ ਕੀਤੀ ਹੈ ਕਿ ਇਹ ਅਸਲੀ ਸੁਤੰਤਰਤਾ ਸੰਗ੍ਰਾਮੀ ਨਹੀਂ ਹੈ। |

Original with;
Punjab Vidhan Sabha
Digitized by;
Panjab Digital Library

13. ਅਮਰ ਸਿੰਘ ਪੁਤਰ ਗੁਪਾਲ ਸਿੰਘ, ਕਿਸੇ ਨੇ ਸ਼ਕਾਇਤ ਕੀਤੀ ਹੈ ਕਿ ਇਹ ਅਸਲੀ ਵਾਸੀ ਮੁੱਹਲਾ ਸਲੇਰੀਆਂ ਸੁਜਾਨਪੁਰ, ਸੁਤੰਤਰਤਾ ਸੰਗ੍ਰਾਮੀ ਨਹੀ ਹੈ। ਤਹਿਸੀਲ ਪਠਾਨਕੋਟ।

---

**ਸਬ-ਡਵੀਜ਼ਨ ਮਲੇਰਕੋਟਲਾ ਦੇ ਕੁਝ ਪਿੰਡਾਂ ਵਿਚ ਨਜ਼ੂਲ ਭੂਮੀ**

*3540. ਕਾਮਰੇਡ ਅੱਛਰ ਸਿੰਘ : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) 31 ਦਸੰਬਰ, 1975 ਨੂੰ ਸਬ-ਡਵੀਜ਼ਨ ਮਲੇਰਕੋਟਲਾ ਦੇ ਪਿੰਡਾਂ ਸੇਹਕਾ, ਬੂੰਗਾ ਅਤੇ ਖਾਨਪੁਰ ਵਿਚ ਕੁਲ ਕਿੰਨੀ ਨਜ਼ੂਲ ਭੂਮੀ ਸੀ ;

(ਅ) ਉਕਤ ਭੂਮੀ ਨੂੰ ਯੋਗ ਭੂਮੀ-ਹੀਨ ਵਿਅੱਕਤੀਆਂ ਵਿਚ ਅਲਾਟ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਅਤੇ ਇਸ ਦੇ ਉਨ੍ਹਾਂ ਨੂੰ ਕਿੰਨੇ ਸਮੇਂ ਵਿਚ ਅਲਾਟ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਉਮਰਾਓ ਸਿੰਘ : (ੳ) ਸਹਿਕੇ .. 30 ਏਕੜ।

ਬੂੰਗਾ .. ਲੱਗਭਗ 60 ਏਕੜ।

ਖਾਨਪੁਰ .. ਲੱਗਭਗ 117 ਏਕੜ।

(ਅ) ਦੀਵਾਨੀ ਅਦਾਲਤ ਪਟਿਆਲਾ ਨੇ ਹੁਕਮ ਦਿਤਾ ਹੈ ਕਿ ਇਸ ਭੋਂ ਸਬੰਧੀ ਦਾਵੇ ਦਾ ਫੈਸਲਾ ਹੋਣ ਤੱਕ ਇਸ ਭੋਂ ਦੀ ਅਲਾਟਮੈਂਟ ਰੋਕ ਦਿਤੀ ਜਾਵੇ।

---

DEARNESS ALLOWANCE PAID TO GOVERNMENT EMPLOYEES IN THE STATE

*3433. 1. Comrade Saghar Singh
2. Comrade Satya Pal Dang } Will the Minister for Finance be pleased to state—

(a) whether the Dearness Allowance being paid to the Government Employees at present is at par with the Dearness Allowance being paid to the Central Government employees; if not, the reasons therefor;

(b) whether any legislator wrote a letter on 27th October, 1975 to him in this connection, if so, the contents thereof, the action taken thereon and the present position of the case ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਹੰਸ ਰਾਜ ਸ਼ਰਮਾ : (ੳ) ਹਾਂ ਜੀ ਸਵਾਏ ਵਾਧੂ ਮਹਿੰਗਾਈ ਭੱਤੇ ਦੀਆਂ 5 ਕਿਸ਼ਤਾਂ ਦੇ ਜਿਹੜੀਆਂ ਕਿ ਕੇਂਦਰ ਸਰਕਾਰ ਦੇ ਕਰਮਚਾਰੀਆਂ ਨੂੰ 1 ਅਕਤੂਬਰ, 1974, 1 ਨਵੰਬਰ, 1974, 1 ਦਸੰਬਰ, 1974, 1 ਫਰਵਰੀ, 1975, ਅਤੇ 1 ਮਾਰਚ, 1975 ਤੋਂ, ਦਿਤੀਆਂ ਜਾ ਚੁੱਕੀਆਂ ਹਨ । ਉਨ੍ਹਾਂ 5 ਕਿਸਤਾਂ ਵਿਚੋਂ 2 ਕਿਸ਼ਤਾਂ 1 ਮਾਰਚ, 1976 ਦੇਣ ਸਬੰਧੀ ਫੈਸਲਾ ਹੁਣ ਕੀਤਾ ਜਾ ਚੁੱਕਾ ਹੈ ।

(ਅ) ਹਾਂ ਜੀ । ਪੱਤਰ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Copy of letter dated 27th October, 1975 from Mr. Satya Pal Dang, M.L.A. Ekta Bhawan, Chheharta to the Finance Minister, Punjab, Chandigarh.

As you know that the Punjab Government is committed to pay D. A. to its employees on the Central Government Pattern. Once it was even announced on behalf of the Government that no opportunity would ever be given to the employees to feel aggrieved on this account and that there would not be any delay any time.

Soon after the declaration of emergency, the Government of India decided to give to its employees due five instalments of D. A. The decision has been implemented. The Punjab Government, however, has not yet granted these five instalments of D. A. to its employees. there is naturally discontentment amongst the employees. Any further delay is bound to given rise to a feeling that the State Government is taking wrongful advantage of the emergency to deny the employees of their rights.

I would, therefore, request that the decision to grant the due D.A. instalments may please be announced without further delay.

---

## ਮੈਸਰਜ਼ ਲੀਡਰ ਇੰਜੀਨੀਅਰਿੰਗ ਵਰਕਸ, ਜਲੰਧਰ ਦੇ ਕਾਮਿਆਂ ਦੁਆਰਾ ਮੁੱਖ ਮੰਤਰੀ ਹੜ੍ਹ ਸਹਾਇਤਾ ਫੰਡ ਵਿਚ ਦਿਤਾ ਗਿਆ ਅੰਸ਼ਦਾਨ

*3409. ਕਾਮਰੇਡ ਸੱਤ ਪਾਲ ਡਾਂਗ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਸਾਲ 1975 ਦੇ ਦੌਰਾਨ ਮੈਸਰਜ਼ ਲੀਡਰ ਇੰਜੀਨੀਅਰਿੰਗ ਵਰਕਸ, ਜਲੰਧਰ ਦੇ ਕਾਮਿਆਂ ਨੂੰ ਮੁੱਖ ਮੰਤਰੀ ਹੜ੍ਹ ਸਹਾਇਤਾ ਫੰਡ ਵਿਚ ਅੰਸ਼ਦਾਨ ਦੇਣ ਲਈ ਕਿਸੇ ਸਪਤਾਹਿਕ ਛੁੱਟੀਆਂ ਵਾਲੇ ਦਿਨਾਂ ਨੂੰ ਕੰਮ ਕੀਤਾ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਨੇ ਕਿਸ ਕਿਸ ਤਰੀਕ ਨੂੰ ਕੰਮ ਕੀਤਾ ਅਤੇ ਕੀ ਇਨ੍ਹਾਂ ਛੁਟੀਆਂ ਵਾਲੇ ਦਿਨਾਂ ਨੂੰ ਫੈਕਟਰੀ ਖੋਲਣ ਬਾਰੇ ਕਿਰਤ ਵਿਭਾਗ ਤੋਂ ਅਗੇਤੀ ਆਗਿਆ ਲਈ ਗਈ ;

(ਅ) ਇਨ੍ਹਾਂ ਛੁੱਟੀਆਂ ਵਾਲੇ ਦਿਨਾਂ ਤੇ ਕੰਮ ਕਰਨ ਵਾਲੇ ਕੁਲ ਕਿੰਨੇ ਕਾਮੇ ਸਨ ਅਤੇ ਉਨ੍ਹਾਂ ਦੀ ਤਰਫੋਂ ਹੜ੍ਹ ਸਹਾਇਤਾ ਵਿਚ ਕੁਲ ਕਿੰਨੀ ਰਕਮ ਅਦਾ ਕੀਤੀ ਗਈ ;

(ੲ) ਕੀ ਇਸ ਅੰਸ਼ਦਾਨ ਤੋਂ ਇਲਾਵਾ, ਕਾਮਿਆਂ ਨੂੰ ਕੋਈ ਨਕਦ ਅਦਾਇਗੀ ਮਿਲੀ; ਜੇਕਰ ਅਜਿਹਾ ਹੋਵੇ ਤਾਂ ਕਿੰਨੀ ;

(ਸ) ਕੀ ਫੰਡ ਵਿਚ ਮੈਨੇਜਮੈਂਟ ਵਲੋਂ ਵੀ ਕੋਈ ਹਿੱਸਾ ਪਾਇਆ ਗਿਆ ; ਜੇਕਰ ਅਜਿਹਾ ਹੋਵੇ ਤਾਂ ਕਿੰਨਾ ;

Original with
Punjab Vidhan Sabha
Digitized by
Panjab Digital Library

(ਹ) ਕੀ ਕਾਮਿਆਂ ਨੂੰ ਇਨ੍ਹਾਂ ਦਿਨਾਂ ਲਈ ਦੁਗਣੇ ਨਾਰਮਲ ਦਰਾਂ ਦੀ ਜਾਂ ਨਾਰਮਲ ਦਰਾਂ ਤੇ ਮਜ਼ਦੂਰੀ ਅਦਾ ਕੀਤੀ ਗਈ ;

(ਕ) ਕੀ ਕਾਨੂੰਨ ਦੇ ਨਿਯਮਾਂ ਅਧੀਨ ਲੋੜੀਂਦੀਆਂ ਕੋਈ ਇਵਜ਼ੀ ਛੁੱਟੀਆਂ ਦਿਤੀਆਂ ਗਈਆਂ ਸਨ ?

**ਸ੍ਰੀ ਹੰਸ ਰਾਜ ਸ਼ਰਮਾ :** (ੳ) ਕਿਰਤੀਆਂ ਨੇ ਮਿਤੀ 9 ਅਕਤੂਬਰ, 1975, 16 ਅਕਤੂਬਰ 1975, 18 ਦਸੰਬਰ, 1975 ਅਤੇ 25 ਦਸੰਬਰ, 1975 ਦੇ ਦਿਨ ਕੰਮ ਕੀਤਾ ਪਰ ਕਿਰਤ ਵਿਭਾਗ ਦੀ ਪਹਿਲਾਂ ਆਗਿਆ ਨਹੀਂ ਲਈ ਗਈ ਸੀ ।

(ਅ) ਮਿਤੀ 9 ਅਕਤੂਬਰ, 1975 ਨੂੰ 1164 ਕਿਰਤੀਆਂ

ਮਿਤੀ 16 ਅਕਤੂਬਰ, 1975 ਨੂੰ 1252 ਕਿਰਤੀਆਂ

ਮਿਤੀ 18 ਦਸੰਬਰ, 1975 ਨੂੰ 1312 ਕਿਰਤੀਆਂ

ਮਿਤੀ 25 ਦਸੰਬਰ, 1975 ਨੂੰ 1337 ਕਿਰਤੀਆਂ

ਪਰ ਕਿਰਤੀਆਂ ਦੀ ਤਰਫੋਂ ਕੋਈ ਸਹਾਇਤਾ ਫੰਡ ਨਹੀਂ ਦਿਤਾ ਗਿਆ ।

(ੲ) ਨਹੀਂ ਜੀ

(ਸ) ਹਾਂ ਜੀ, 2100/- ਰੁਪਏ

(ਹ) ਨਾਰਮਲ ਰੇਟ ਤੇ

(ਕ) ਨਹੀਂ ਜੀ ।

---

**ਮਿਉਂਸਪਲ ਕਮੇਟੀ, ਅੰਮ੍ਰਿਤਸਰ ਦੁਆਰਾ ਪਾਣੀ ਦੀ ਸਪਲਾਈ ਦੀਆਂ ਦਰਾਂ ਵਧਾਉਣਾ**

***3427 1. ਕਾਮਰੇਡ ਸੱਤ ਪਾਲ ਡਾਂਗ**

**2. ਕਾਮਰੇਡ ਮੱਘਰ ਸਿੰਘ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਮਿਉਂਸਪਲ ਕਮੇਟੀ, ਅੰਮ੍ਰਿਤਸਰ ਦੁਆਰਾ 26 ਜੂਨ, 1975 ਨੂੰ ਸੰਕਟ ਕਾਲ ਦਾ ਐਲਾਨ ਕਰਨ ਤੋਂ ਬਾਅਦ ਪਾਣੀ ਦੀ ਸਪਲਾਈ ਦੀਆਂ ਦਰਾਂ ਵਿਚ ਵਾਧਾ ਕੀਤਾ ਗਿਆ ਹੈ; ਜੇਕਰ ਹੋਵੇ ਤਾਂ ਇਸ ਦਾ ਵੇਰਵਾ ਕੀ ਹੈ;

(ਅ) ਕੀ ਇਨ੍ਹਾਂ ਵਿਚ ਵਾਧਾ ਕਰਨ ਤੋਂ ਪਹਿਲਾਂ ਕੋਈ ਇਤਰਾਜ਼ ਮੰਗੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਸਦਨ ਦੀ ਮੇਜ਼ ਤੇ ਇਕ ਅਜਿਹਾ ਵਿਵਰਣ ਰੱਖਿਆ ਜਾਵੇ ਜਿਸ ਵਿਚ ਇਹ ਸੂਚੀ ਹੋਵੇ ਕਿ ਕਿੰਨੇ ਇਤਰਾਜ ਪ੍ਰਾਪਤ ਹੋਏ, ਇਨ੍ਹਾਂ ਦੀਆਂ ਤਰੀਕਾਂ ਕੀ ਕੀ ਹਨ ਅਤੇ ਉਨ੍ਹਾਂ ਵਿਅਕਤੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਪਾਸੋਂ ਇਹ ਇਤਰਾਜ਼ ਮਿਲੇ ;

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ
ਕਾਮਰੇਡ ਸੱਘੜ ਸਿੰਘ

(ੲ) ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਵਿਅਕਤੀਆਂ ਨੂੰ ਆਪਣੇ ਇਤਰਾਜ਼ ਬਿਆਨ ਕਰਨ ਦਾ ਕੋਈ ਮੌਕਾ ਦਿੱਤਾ ਗਿਆ ਸੀ; ਜੇਕਰ ਨਹੀ, ਤਾਂ ਇਸ ਦੇ ਕੀ ਕਾਰਨ ਹਨ ?

ਸ਼੍ਰੀ ਹੰਸ ਰਾਜ ਸ਼ਰਮਾ : (ੳ) ਹਾਂ ਜੀ । ਵਿਵਰਣ ਅਨੁਲਗ I ਤੇ ਦਿੱਤਾ ਜਾਂਦਾ ਹੈ ।

(ਅ) ਹਾਂ ਜੀ । ਸੂਚੀ ਅਨੁਲਗ II ਤੇ ਰੱਖੀ ਜਾਂਦੀ ਹੈ ।

(ੲ) ਨਹੀਂ ਜੀ । ਪੰਜਾਬ ਮਿਉਂਸਪਲ ਐਕਟ ਦੀ ਧਾਰਾ 62 (3) ਦੇ ਅਧੀਨ ਇਨ੍ਹਾਂ ਇਤਰਾਜ਼ਾਂ ਤੇ ਵਿਚਾਰ ਕਰਨਾ ਹੀ ਜ਼ਰੂਰੀ ਹੁੰਦਾ ਹੈ ਅਤੇ ਇਨ੍ਹਾਂ ਇਤਰਾਜ਼ ਕਰਨ ਵਾਲਿਆਂ ਨੂੰ ਨਿੱਜੀ ਤੌਰ ਤੇ ਇਤਰਾਜ਼ ਬਿਆਨ ਕਰਨ ਲਈ ਮੌਕਾ ਦੇਣ ਦੀ ਕੋਈ ਪਰੋਵੀਜ਼ਨ ਨਹੀਂ ਹੈ ।

## ANNEXURE I

### Previous Rates

(a) The registered consumer shall pay each quarter for the water consumed during the previous quarter at the rate of ten annas per thousand gallons.

(b) The charges for water-supply through unmetered connections till date of their being metered shall be as follows :—

| Size of ferrule | Monthly charges | | |
|---|---|---|---|
| | Rs. | A. | P. |
| 1/4" | 1 | 14 | 0 |
| 3/8" | 3 | 12 | 0 |
| 1/2" | 5 | 0 | 0 |
| 3/4" | 7 | 8 | 0 |
| 1" | 10 | 0 | 0 |

Provided that these basic monthly charges are for one tap only.

For an additional tap for each size an additional monthly charges per tap at the rate of $\frac{1}{4}$th of the monthly basic charge herein prescribed for that size shall be charged.

(c) All mosques, temples, churches, dharamsalas, gurdwaras, immambaras, bona-fide private free hospitals and private troughs for animals, shall be supplied water through connections fitted with $\frac{1}{2}$" or smaller size of ferrule and water rate shall be charged at half the rates prescribed.

Original with;
Punjab Vidhan Sabha
Digitized by;
Panjab Digital Library

**New Rates**

Bye-laws No. 10 (i) For private metered connections : At the rate of 35 paise per thousand litres of water consumed for domestic purpose and 50 paise per thousand liters of water consumed for industrial, and commercial purpose, the meter reading to be taken once a month;

Provided that minimum charges for the water consumed shall be Rupees Five per month per water connection.

(ii) For private unmetered connections : At the following rate :—

| Size of Ferrule | No. of taps installed at the premises | Charges per quarter (three months) | Extra charges per additional tap per quarter |
|---|---|---|---|
| 1/4″ | 1 | Fifteen Rupees | Three Rupees |
| 3/8″ | 1 | Eighteen Rupees | Three Rupees |
| 1/2″ | 1 | Twenty-four Rupees | Six Rupees |
| 3/4″ | 1 | Fifty-one rupees | Twelve rupees |
| 1″ | 1 | Sixty rupees | Fifteen rupees. |

For all mosques, temples, Churches, Imam-baras, Dharamsalas, Gurdwaras, bonafide Private free hospitals and private troughs for animals supplied with water through connections fitted with 1/2″ or smaller size of ferrule, the water rates shall be charged at half the rates prescribed in by-law 10 (i).

**ਅਨੁਲਗ 2**

| ਲੜੀ ਨੰ: | ਇਤਰਾਜ਼ ਕਰਨ ਵਾਲੇ ਦਾ ਨਾਮ | | ਮਿਤੀ |
|---|---|---|---|
| 1. | ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ, ਅੰਮ੍ਰਿਤਸਰ | .. | 28-4-75 |
| 2. | ਸ੍ਰੀ ਗੁਰਬਚਨ ਸਿੰਘ, 3, ਫਿਰੋਜ਼ ਦੀਨ ਰੋਡ, ਅੰਮ੍ਰਿਤਸਰ | .. | 7-5-75 |
| 3. | ਸਕੱਤਰ, ਅੰਮ੍ਰਿਤਸਰ ਸਿਟੀ ਕਮੇਟੀ, ਕਮਿਊਨਿਸਟ ਪਾਰਟੀ ਆਫ ਇੰਡੀਆ, ਪੁਤਲੀ ਘਰ, ਅੰਮ੍ਰਿਤਸਰ | .. | 13-5-75 |
| 4. | ਚੌਰਸਤੀ ਅਟਾਰੀ, ਅੰਮ੍ਰਿਤਸਰ ਦੇ ਵਸਨੀਕਾਂ ਵਲੋਂ | .. | 13-5-75 |
| 5. | ਕੂਚਾ ਤਿਵਾੜੀਆਂ, ਅੰਮ੍ਰਿਤਸਰ ਦੇ ਵਸਨੀਕਾਂ ਵਲੋਂ | .. | 13-5-75 |
| 6. | ਸ੍ਰੀ ਬ੍ਰਿਜ ਲਾਲ, ਮਕਾਨ ਨੰ: 1306/11-12 ਨਿਮਕ ਮੰਡੀ, ਅੰਮ੍ਰਿਤਸਰ | .. | 26-5-75 |

Original with;
Punjab Vidhan Sabha
Digitized by;
Panjab Digital Library

## ਪੰਜਾਬ ਦੀਆਂ ਜੇਲ੍ਹਾਂ ਵਿਚ ਕੈਦੀ

*3422. **ਚੌਧਰੀ ਰਾਮ ਸਿੰਘ** : ਕੀ ਕਰ ਅਤੇ ਆਬਕਾਰੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਦੀਆਂ ਵੱਖ ਵੱਖ ਜੇਲ੍ਹਾਂ ਵਿਚ 31 ਅਕਤੂਬਰ, 1975 ਨੂੰ ਨਿਮਨਲਿਖਤ ਸ਼੍ਰੇਣੀਆਂ ਦੇ ਕਿੰਨੇ ਕਿੰਨੇ ਕੈਦੀ ਸਨ —

1. ਰਾਜਨੀਤਕ ਕੈਦੀ;
2. ਚਰਸ, ਭੰਗ ਅਤੇ ਅਫ਼ੀਮ ਦੇ ਸਮੱਗਲਰ;
3. ਜਿਨ੍ਹਾਂ ਕੈਦੀਆਂ ਨੂੰ ਮੌਤ ਦੀ ਸਜ਼ਾ ਹੋਈ;
4. ਜਿਨ੍ਹਾਂ ਕੈਦੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ;
5. ਉਹ ਕੈਦੀ ਜਿਹੜੇ ਉਪਰੋਕਤ (1) ਤੋਂ (4) ਤੱਕ ਦੀਆਂ ਸ਼੍ਰੇਣੀਆਂ ਅਧੀਨ ਨਹੀਂ ਆਉਂਦੇ ?

**ਸ੍ਰੀ ਯਸ਼ ਪਾਲ** : 1. ਜੇਕਰ ਪੋਲੀਟੀਕਲ ਕੈਦੀਆਂ ਤੋਂ ਮੁਰਾਦ 'ਮੀਸਾ', ਡਿਫੈਂਸ ਆਫ਼ ਇੰਡੀਆ ਐਕਟ, 1971 ਅਤੇ ਐਮਰਜੈਂਸੀ ਸਬੰਧੀ ਫੜੇ ਵਿਅਕਤੀਆਂ ਤੋਂ ਹੈ ਤਾਂ ਇਹ ਸੂਚਨਾ ਦੇਣੀ ਲੋਕ ਹਿੱਤ ਵਿਚ ਨਹੀਂ ।

2. ਤੋਂ 5. ਲੋੜੀਂਦੀ ਸੂਚਨਾ ਨੱਥੀ ਕੀਤੇ ਵਿਵਰਣ ਵਿਚ ਹੈ ।

### ਵਿਵਰਣ

| ਲੜੀ ਨੰ: | ਜੇਲ੍ਹ ਦਾ ਨਾਮ | ਰਾਜਨੀਤਕ ਕੈਦੀ | ਚਰਸ, ਭੰਗ ਅਤੇ ਅਫ਼ੀਮ ਦੇ ਸਮੱਗਲਰ | ਜਿਨ੍ਹਾਂ ਕੈਦੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ | ਜਿਨ੍ਹਾਂ ਕੈਦੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ | ਉਹ ਕੈਦੀ ਜਿਹੜੇ ਉਪਰੋਕਤ (1) ਤੋਂ (4) ਤੱਕ ਦੀਆਂ ਸ਼੍ਰੇਣੀਆਂ ਅਧੀਨ ਨਹੀਂ ਆਉਂਦੇ | ਜੋੜ |
|---|---|---|---|---|---|---|---|
| | | (1) | (2) | (3) | (4) | (5) | |
| | 1 | | 3 | 4 | 5 | 6 | 7 |
| 1. | ਕੇਂਦਰੀ ਜੇਲ੍ਹ, ਫਿਰੋਜ਼ਪੁਰ | — | 135 | 12 | 535 | 520 | 1202 |
| 2. | ਕੇਂਦਰੀ ਜੇਲ੍ਹ, ਪਟਿਆਲਾ | — | — | 11 | 760 | 586 | 1357 |
| 3. | ਕੇਂਦਰੀ ਜੇਲ੍ਹ, ਅੰਮ੍ਰਿਤਸਰ | — | 187 | 6 | 495 | 992 | 1680 |
| 4. | ਜ਼ਿਲ੍ਹਾ ਜੇਲ੍ਹ, ਜਲੰਧਰ | — | 4 | 3 | 96 | 481 | 584 |
| 5. | ਜ਼ਿਲ੍ਹਾ ਜੇਲ੍ਹ, ਗੁਰਦਾਸਪੁਰ | — | — | 1 | 96 | 240 | 337 |
| 6. | ਜ਼ਿਲ੍ਹਾ ਜੇਲ੍ਹ, ਨਾਭਾ | — | — | — | 210 | 182 | 392 |
| 7. | ਜ਼ਿਲ੍ਹਾ ਜੇਲ੍ਹ, ਬਠਿੰਡਾ | — | 10 | 2 | 206 | 368 | 586 |

Original with;
Punjab Vidhan Sabha
Digitized by;
Panjab Digital Library

| 1 | | 3 | 4 | 5 | 6 | 7 |
|---|---|---|---|---|---|---|
| 8. ਜ਼ਿਲ੍ਹਾ ਜੇਲ੍ਹ, ਲੁਧਿਆਣਾ | — | 89 | 5 | 64 | 500 | 658 |
| 9. ਜ਼ਿਲ੍ਹਾ ਜੇਲ੍ਹ, ਸੰਗਰੂਰ | — | 22 | 5 | 146 | 163 | 336 |
| 10. ਬੋਰਸਟਲ ਜੇਲ੍ਹ, ਫਰੀਦਕੋਟ | — | — | — | 379 | 228 | 607 |
| 11. ਸਬ ਜੇਲ੍ਹ, ਹੁਸ਼ਿਆਰਪੁਰ | — | 13 | — | 5 | 106 | 124 |
| 12. ਸਬ ਜੇਲ੍ਹ, ਕਪੂਰਥਲਾ | — | 1 | — | — | 87 | 88 |
| 13. ਸਬ ਜੇਲ੍ਹ, ਫਾਜ਼ਿਲਕਾ | — | — | — | — | 57 | 57 |
| 14. ਸਬ ਜੇਲ੍ਹ, ਮੋਗਾ | — | — | — | — | 51 | 51 |
| 15. ਸਬ ਜੇਲ੍ਹ, ਪੱਟੀ | — | — | — | — | 40 | 40 |
| 16. ਸਬ ਜੇਲ੍ਹ, ਮੁਕਤਸਰ | — | — | — | — | 47 | 47 |
| 17. ਸਬ ਜੇਲ੍ਹ, ਰੋਪੜ | — | — | — | — | 34 | 34 |
| 18. ਸਬ ਜੇਲ੍ਹ, ਬਰਨਾਲਾ | — | — | — | — | 41 | 41 |
| 19. ਸਬ ਜੇਲ੍ਹ, ਮਲੇਰਕੋਟਲਾ | — | 1 | — | — | 17 | 18 |
| 20. ਸਬ ਜੇਲ੍ਹ, ਫਗਵਾੜਾ | — | — | — | — | 28 | 28 |
| 21. ਸਬ ਜੇਲ੍ਹ, ਦਸੂਆ | — | — | — | — | 8 | 8 |
| 22. ਸਬ ਜੇਲ੍ਹ, ਮਾਨਸਾ | — | 2 | — | — | 64 | 66 |
| 23. ਸਬ ਜੇਲ੍ਹ, ਪਠਾਨਕੋਟ | — | — | — | — | 20 | 20 |
| 24. ਖੁਲ੍ਹੀ ਖੇਤੀ ਬਾੜੀ ਜੇਲ੍ਹ, ਨਾਭਾ | — | — | — | 56 | — | 56 |
| 25. ਸਬ ਜੇਲ੍ਹ, ਬੱਸੀ ਪਠਾਣਾ | — | — | — | — | 9 | 9 |
| ਜੋੜ | — | 464 | 45 | 3048 | 4869 | 8426 |

## ਬਧਿਆਲ ਦੇ ਨੇੜੇ ਜਲਾਲਿਆਂ ਦਰਿਆ ਤੇ ਪੁਲ ਬਣਾਉਣਾ ।

*3577. **ਚੌਧਰੀ ਸੁੰਦਰ ਸਿੰਘ :** ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਬਧਿਆਲ ਦੇ ਨੇੜੇ ਜਲਾਲਿਆਂ ਦਰਿਆ ਤੇ ਪੁਲ ਬਣਾਉਣ ਲਈ ਨਿਗਰਾਨ ਇੰਜੀਨੀਅਰ; ਪੀ.ਡਬਲਯੂ.ਡੀ., ਬੀ. ਐਂਡ ਆਰ. ਪਠਾਨਕੋਟ ਪਾਸ ਛੇ ਲੱਖ ਰੁਪਿਆ ਪਿਆ ਹੈ ਅਤੇ ਉਸ ਦਾ ਡੀਜ਼ਾਇਨ ਨਾ ਹੋਣ ਕਰਕੇ ਉਸਾਰੀ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ ?

(ਅ) ਜੇਕਰ ਉਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਤਕਰੀਬਨ ਕਿੰਨੇਕੁ ਸਮੇਂ ਤੱਕ ਪੁਲ ਬਣਨਾ ਸ਼ੁਰੂ ਹੋ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਰੁਪਏ ਵਾਲੀ ਗੱਲ ਠੀਕ ਨਹੀਂ । ਇਸ ਪੁਲ ਦੀ ਸਰਵੇ ਕਰ ਲਈ ਹੈ ਅਤੇ ਹਾਈ ਡਰੋਲਿਕ ਡਾਟਾ ਇੱਕਠਾ ਕਰ ਲਿਆ ਹੈ । ਇਸ ਡਾਟੇ ਦੇ ਆਧਾਰ ਤੇ ਪੁਲ ਦਾ ਡੀਜ਼ਾਈਨ ਤਿਆਰ ਕੀਤਾ ਜਾ ਰਿਹਾ ਹੈ ।

(ਅ) ਇਸ ਕੰਮ ਲਈ ਨਿਗਰਾਨ ਇੰਜੀਨੀਅਰ ਨੂੰ ਟੈਂਡਰ ਸੱਦਣ ਲਈ ਭੀ ਕਿਹਾ ਜਾ ਰਿਹਾ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਚਾਲੂ ਮਾਲੀ ਸਾਲ ਵਿਚ ਪੁਲ ਦੀ ਉਸਾਰੀ ਦਾ ਕੰਮ ਹੱਥ ਵਿੱਚ ਲੈ ਲਿਆ ਜਾਵੇਗਾ ।

---

**ਪਿੰਡ ਜਲਾਲ, ਜ਼ਿਲ੍ਹਾ ਬਠਿੰਡਾ ਦੇ ਸਰਪੰਚ ਵਿਰੁੱਧ ਸ਼ਕਾਇਤ**

*3514. **ਕਾਮਰੇਡ ਅੱਛਰਾ ਸਿੰਘ** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ —

(ੳ) ਕੀ 1975 ਅਤੇ/ਜਾਂ 1974 ਦੇ ਦੌਰਾਨ ਪਿੰਡ ਜਲਾਲ, ਜ਼ਿਲ੍ਹਾ ਬਠਿੰਡਾ ਦੇ ਪੰਚ ਜਲੌਰ ਸਿੰਘ ਵਲੋਂ ਪਿੰਡ ਦੇ ਸਰਪੰਚ ਵਿਰੁੱਧ ਪੰਚਾਇਤੀ ਫੰਡਾਂ ਦੀ ਕਥਿਤ ਕੁਵਰਤੋਂ ਸਬੰਧੀ ਡਾਇਰੈਕਟਰ ਪੰਚਾਇਤਾਂ ਨੂੰ ਕੋਈ ਲਿਖ਼ਤੀ ਸ਼ਕਾਇਤ ਕੀਤੀ ਗਈ ; ਜੇਕਰ ਅਜਿਹਾ ਹੋਵੇ, ਉਸ ਦੇ ਵੇਰਵੇ ਕੀ ਹਨ ;

(ਅ) ਕੀ ਉਪਰੋਕਤ ਦੋਸ਼ਾਂ ਦੀ ਕੋਈ ਪੜਤਾਲ ਕੀਤੀ ਗਈ ਹੈ, ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਨਤੀਜਾ ?

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ) ਹਾਂ ਜੀ ਸਰਪੰਚ ਵਲੋਂ ਅਣ-ਅਧਕਾਰਿਤ ਅਤੇ ਵਾਧੂ ਖਰਚ ਕੀਤਾ ਦੱਸਿਆ ਗਿਆ ਅਤੇ ਨਾਲ ਹੀ ਸਭਾ ਫੰਡ ਦਾ ਬਹੁਤ ਸਾਰਾ ਰੁਪਿਆ ਪੰਜਾਬ ਗਰਾਮ ਪੰਚਾਇਤ ਰੂਲਜ਼, 1965 ਦੇ ਨਿਯਮ 23 ਦੀ ਉਲੰਘਣਾ ਕਰਦੇ ਹੋਏ ਆਪਣੇ ਹੱਥ ਵਿਚ ਰਖਿਆ ਹੈ ।

(ਅ) ਹਾਂ । ਪੜਤਾਲੀਆ ਅਫਸਰ ਦੇ ਨਿਰਨੇ ਅਨੁਸਾਰ ਸਰਪੰਚ ਨੂੰ ਹਟਾਏ ਜਾਣ ਲਈ ਕਾਰਨ ਦਸੋ ਨੋਟਿਸ ਮਿਤੀ 24 ਨਵੰਬਰ, 1975 ਨੂੰ ਦਿੱਤਾ ਗਿਆ ਹੈ ।

---

## QUESTION OF PRIVILEGE

**Mr. Speaker** : I have received notice of a Privilege Motion from Comrade Satya Pal Dang, M.L.A., where in he has alleged that the Minister concerned has given a wrong reply to unstarred question No. 1001, regarding Cycle Rickshaw Bye-laws enforced by the Municipal Committees in the State, included in the list of Unstarred Questions for the 21st January, 1976.

As per past practice, I am asking the Minister concerned to clarify the position. On receipt of his clarification, I will give my ruling.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੂੰ ਮਾਨ-ਪੱਤਰ ਦੇਣਾ ਚਾਹੀਦਾ ਹੈ, ਇਨ੍ਹਾਂ ਨੇ ਮਹਿੰਗਾਈ ਭਤੇ ਦੀਆਂ ਕਿਸ਼ਤਾਂ ਦਾ ਸਵਾਲ ਨਹੀਂ ਆਉਣ ਦਿੱਤਾ ।

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਇਹ ਜ਼ਿਆਦਤੀ ਕਰ ਰਹੇ ਹਨ । ਇਹ ਇਨ੍ਹਾਂ ਦੀ ਜ਼ਿਆਦਤੀ ਹੈ । ਮੈਂਬਰ ਸਾਹਿਬ ਬੈਠੇ ਹਨ । ਗੌਰਮਿੰਟ ਦੀ ਇਤਨੀ ਲੇਬਰ ਇਨ-ਵਾਲਵਡ ਹੁੰਦੀ ਹੈ ਔਰ ਇਥੇ ਆ ਕੇ ਨਾ ਕਰਨ । ਮਤਲਬ ਇਹ ਹੈ ਕਿ ਜਿਸ ਮੈਂਬਰ ਦਾ ਸਵਾਲ ਸੀ ਜੇਕਰ ਇਸ ਤਰ੍ਹਾਂ ਕਰਨੀ ਹੈ ਤਾਂ ਉਨ੍ਹਾਂ ਨੂੰ ਡੀਬਾਰ ਕੀਤਾ ਜਾਵੇ ।

**ਕਾਮਰੇਡ ਸੱਤ ਪਾਲ ਡਾਂਗ** : ਮਹਿੰਗਾਈ ਭੱਤੇ ਦਾ ਸਵਾਲ ਨਹੀਂ ਆਉਣ ਦਿੱਤਾ, ਸਰਦਾਰ ਉਮਰਾਓ ਸਿੰਘ ਜੀ ਨੂੰ ਸਪੀਕਰ ਸਾਹਿਬ ਮਾਨ-ਪੱਤਰ ਦੇ ਦਿਓ ।

**ਸ੍ਰੀ ਸਪੀਕਰ** : ਹਾਂ ਜੀ, ਕਾਲ ਅਟੈਨਸ਼ਨ ਮੋਸ਼ਨ ਨੰ: 70 ।

---

## CALL ATTENTION NOTICES UNDER RULE 66

(ਕ੍ਰਮ ਨੰ: 70)

**ਮਾਸਟਰ ਚੰਦ ਸਿੰਘ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ । ਅਰਥਾਤ, ਜ਼ਿਲ੍ਹਾ ਜਲੰਧਰ ਦੇ ਨਵਾਂ ਸ਼ਹਿਰ ਕੁਆਪਰੇਟਿਵ ਸ਼ੂਗਰ ਮਿਲ ਨੂੰ ਗੰਨਾ ਸਪਲਾਈ ਕਰਨ ਲਈ ਪਿੰਡ ਗੁਣਾਚੋਰ ਵਿਖੇ ਪਿਛਲੇ 8 ਸਾਲਾਂ ਤੋਂ ਕੰਡਾ ਲੱਗਾ ਹੋਇਆ ਸੀ । ਇਹ ਕੰਡਾ ਬੰਗਾ ਤੋਂ ਲੁਧਿਆਣਾ ਬਰਾਸਤਾ ਮਕੰਦਪੁਰ ਸੜਕ ਤੇ ਲੱਗਾ ਸੀ ਜਿੱਥੇ ਪੰਜ ਲਿੰਕ ਰੋਡਾਂ ਮਿਲਦੀਆਂ ਹਨ । ਕਿਸਾਨਾਂ ਨੂੰ ਗਨਾ ਨਵਾਂ ਸ਼ਹਿਰ ਸੁੱਟਣ ਲਈ ਇਥੋਂ ਬਹੁਤ ਸੌਖ ਸੀ ਪਰ ਹੁਣ ਇਹ ਕੰਡਾ ਇਥੋਂ ਪੁੱਟ ਕੇ ਕਿਸੇ ਹੋਰ ਥਾਂ ਲਾ ਦਿੱਤਾ ਹੈ ਜਿਥੇ ਸਿਰਫ ਇਕ ਹੀ ਪਿੰਡ ਨੂੰ ਫਾਇਦਾ ਹੋ ਸਕਦਾ ਹੈ । ਨਾ ਹੀ ਇਸ ਥਾਂ ਕੰਡਾ ਲਾਉਣ ਬਾਰੇ ਮਹਿਕਮੇ ਦੀ ਮਨਜ਼ੂਰੀ ਹੈ । ਕੇਨ ਕਮਿਸ਼ਨਰ ਪੰਜਾਬ ਨੇ ਵੀ ਇਹ ਕੰਡਾ ਪੁਰਾਣੀ ਥਾਂ ਯਾਨੀ ਕਿ ਗੁਣਾਚੋਰ ਲਾਉਣ ਲਈ ਕਿਹਾ ਹੈ ਪਰ ਅਜੇ ਤੀਕ ਕੰਡਾ ਲਾਇਆ ਨਹੀਂ । ਇਹ ਬਹੁਤ ਅਹਿਮ ਮਸਲਾ ਹੈ । ਲੋਕਾਂ ਵਿਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਲੋਕਾਂ ਦੇ ਗੁੱਸੇ ਨੂੰ ਠੰਡਾ ਕਰਨ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਹਾਊਸ ਵਿਚ ਬਿਆਨ ਦੇਵੇ ।

**ਸ੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਜਵਾਬ ਦੇਣ ਦੀ ਕਿਰਪਾਲਤਾ ਕਰਨ ।

(ਕ੍ਰਮ ਨੰ: 72)

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਸਰਕਾਰ ਨੇ ਇਕ ਐਲਾਨ ਰਾਹੀਂ ਇਹ ਵਚਨ ਕੀਤਾ ਹੈ ਕਿ ਪਾਕਿਸਤਾਨ ਨਾਲ ਲਗਦੇ 16 ਕਿਲੋ ਮੀਟਰ ਸਰਹੱਦੀ ਇਲਾਕਿਆਂ ਤੋਂ ਮਾਲੀਆ ਨਹੀਂ ਵਸੂਲਿਆ ਜਾਵੇਗਾ, ਮੁਆਫ ਕਰ ਦਿੱਤਾ ਗਿਆ ਹੈ । ਪਰ ਸਬ-ਡਿਵੀਜ਼ਨ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਤੋਂ ਮਾਲੀਆ ਜ਼ਬਰਦਸਤੀ ਵਸੂਲਿਆ ਜਾ ਰਿਹਾ ਹੈ । ਇਸ ਗੱਲ ਦੀ ਲੋਕਾਂ ਵਿਚ ਕਾਫੀ ਬੇਚੈਨੀ ਫੈਲੀ ਹੋਈ ਹੈ, ਸਰਕਾਰ ਇਸ ਸਦਨ ਵਿਚ ਬਿਆਨ ਦੇਣ ਦੀ ਕ੍ਰਿਪਾਲਤਾ ਕਰੇ ।

**ਸ੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਜਵਾਬ ਦੇਣ ਦੀ ਕਿਰਪਾਲਤਾ ਕਰਨ ।

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 74)

**ਕਾਮਰੇਡ ਅਰਜਨ ਸਿੰਘ ਮਸਤਾਨਾ :** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੱਟੀ ਸਬ-ਡਵੀਜ਼ਨ, ਜ਼ਿਲ੍ਹਾ ਅੰਮ੍ਰਿਤਸਰ ਦਾ ਬੜਾ ਵੱਡਾ ਇਲਾਕਾ ਜਿਸ ਨੂੰ ਖਾਰਾ ਮਾਝਾ ਕਿਹਾ ਜਾਂਦਾ ਹੈ। ਇਸ ਇਲਾਕੇ ਦਾ ਪੀਣ ਵਾਲਾ ਪਾਣੀ ਬਹੁਤ ਖਰਾਬ ਹੈ। ਜਿਸ ਤਰ੍ਹਾਂ ਦੰਦਾਂ ਦਾ ਖਰਾਬ ਹੋਣਾ ਤੇ ਵਡੇਰੀ ਉਮਰ ਦੇ ਆਦਮੀਆਂ ਦਾ ਕੱਬ ਹੋਣਾਂ ਇਤਿ ਆਦਿ ਹੋਰ ਵੀ ਕਈ ਬਿਮਾਰੀਆਂ ਲੋਕਾਂ ਨੂੰ ਹੁੰਦੀਆਂ ਹਨ ਜਿਸ ਦੀ ਤਸਦੀਕ ਮਹਿਕਮਾ ਪਬਲਿਕ ਹੈਲਥ ਵੀ ਕਰਦਾ ਹੈ ਪਰ ਦੋ ਸਾਲ ਤੋਂ ਵੱਧ ਹੋ ਗਿਆ ਹੈ ਅਜੇ ਤੱਕ ਇਕ ਵੀ ਪਿੰਡ ਨੂੰ ਸਾਫ ਸੁਥਰਾ ਪਾਣੀ ਵਾਟਰ ਵਰਕਸ ਰਾਹੀਂ ਨਹੀਂ ਮਿਲਿਆ ਹੈ। ਲੋਕਾਂ ਵਿਚ ਬੜੀ ਬੇਚੈਨੀ ਹੈ। ਸਰਕਾਰ ਬਿਆਨ ਦੇਣ ਦੀ ਕਿਰਪਾ ਕਰੇ।

**ਸ਼੍ਰੀ ਸਪੀਕਰ :** ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਜਵਾਬ ਦੇਣ ਦੀ ਕਿਰਪਾਲਤਾ ਕਰਨ।

**ਸ਼੍ਰੀ ਗੁਰਦਿਆਲ ਸੈਣੀ :** ਸਪੀਕਰ ਸਾਹਿਬ, ਮੇਰੀਆਂ ਕਾਲ ਅਟੈਂਸ਼ਨ ਮੋਸ਼ਨਜ਼ ਨੰ: 75 ਅਤੇ 76 ਤੁਸੀਂ ਨਾ ਮਨਜ਼ੂਰ ਕਰ ਦਿੱਤੀਆਂ ਹਨ। ਮੇਰੀ ਕੋਈ ਵੀ ਕਾਲ ਅਟੈਂਸ਼ਨ ਮਸ਼ਨ ਤੁਸੀਂ ਮਨਜ਼ੂਰ ਨਹੀਂ ਕੀਤੀ ਹੈ। ਸਾਰੀਆਂ ਕਾਲ ਅਟੈਂਸ਼ਨ ਮੋਸ਼ਨਜ਼ ਜਿਹੜੀਆਂ ਸੀ.ਪੀ.ਆਈ. ਵਾਲੇ ਦਿੰਦੇ ਹਨ ਉਹ ਤੁਸੀਂ ਮਨਜ਼ੂਰ ਕਰ ਲੈਂਦੇ ਹੋ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਸੈਣੀ ਸਾਹਿਬ ਨੂੰ ਕਹੋ ਕਿ ਉਹ ਜਿਹੜੀ ਕਾਲ ਅਟੈਂਸ਼ਨ ਮੋਸ਼ਨ ਦੇਣੀ ਚਾਹੁੰਦੇ ਹਨ, ਉਹ ਸਾਨੂੰ ਦੇ ਦਿਆ ਕਰਨ ਤਾਂ ਕਿ ਮਨਜ਼ੂਰ ਹੋ ਜਾਵੇ।

**ਸ਼੍ਰੀ ਸਪੀਕਰ :** ਸੈਣੀ ਸਾਹਿਬ, ਤੁਸੀਂ ਮੇਰੇ ਚੈਂਬਰ ਵਿਚ ਗੱਲ ਕਰ ਲੈਣਾ।

(*Serial No. 77*)

**Comrade Shamsher Singh Josh** : Sir, I beg to draw the attention of the Government towards a matter of urgent public importance, namely, that non-absorption of nearly 100 Graduate and diploma holder employees of the Industries Department who were recruited for Small Scale Industries Census and who were retrenched a year ago. At the time of their recruitment in the Industries Department Government of India had asked the Punjab Government to absorb them against vacant posts in Industries Department. Because they are not being absorbed and instead direct recruitment is being made to fill vacant posts in Industries Department. A wide-spread resentment has spread among these technically qualified youngmen.

In view of the obvious importance of the matter, the State Government may please be asked to make a statement in the House.

**Mr. Speaker** : Admitted. The hon. Minister concerned may please make a statement.

Original with;
Punjab Vidhan Sabha
Digitized by;
Panjab Digital Library

# STATEMENTS LAID ON THE TABLE OF THE HOUSE IN REPLY TO CALL ATTENTION NOTICES

**Chief Parliamentary Secretary** (Sardar Gurcharan Singh Nihalsinghwala) : Sir, I beg to lay on the Table of the House replies to Call Attention Notices Nos. 32 and 45.

---

(*Serial No. 32*)

**Comrade Satya Pal Dang** : To draw the attention of the Government towards a matter of urgent public importance, namely, in pursuance of the direction of the State Government some private Transport Companies too have issued passes to students which are expected to enable them to travel at concessional rates. These companies include Ambala Syndicate Bus Service Private Ltd., in Ropar District, but this Company is reportedly not allowing students with passes to board its buses. The matter has been reported by the students organizations to the Ropar District Authorities but without any effect.

This has caused serious discontentment amongst the student community in the Ropar District.

In view of the obvious and urgent importance of the matter the Government may please be asked to make a statement in the House.

**ਸਰਦਾਰ ਦਿਲਬਾਗ ਸਿੰਘ ਡਾਲੇਕੇ** (ਰਾਜ ਮੰਤਰੀ, ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ): ਸਰਕਾਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਪ੍ਰਾਈਵੇਟ ਟ੍ਰਾਂਸਪੋਰਟ ਕੰਪਨੀਆਂ ਵਿਦਿਆਰਥੀਆਂ ਨੂੰ ਉਨ੍ਹਾਂ ਨੂੰ ਦਿੱਤੇ ਗਏ ਰਿਆਇਤੀ ਪਾਸਾਂ ਤੇ ਸਫਰ ਕਰਨ ਦੇਣਗੀਆਂ। ਰੋਪੜ ਜ਼ਿਲ੍ਹਾ, ਅਧਿਕਾਰੀਆਂ ਨੂੰ ਪ੍ਰਿੰਸੀਪਲ ਗੌਰਮਿੰਟ ਕਾਲਜ, ਰੋਪੜ ਵੱਲੋਂ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਅੰਬਾਲਾ ਬੱਸ ਸਿੰਡੀਕੇਟ ਵੱਲੋਂ ਵਿਦਿਆਰਥੀਆਂ ਨੂੰ ਰਿਆਇਤੀ ਪਾਸਾਂ ਤੇ ਸਫਰ ਨਹੀਂ ਕਰਨ ਦਿੱਤਾ ਜਾਂਦਾ ਅਤੇ ਇਸ ਟ੍ਰਾਂਸਪੋਰਟ ਕੰਪਨੀ ਦੇ ਕਰਮਚਾਰੀ ਵਿਦਿਆਰਥੀਆਂ ਨਾਲ ਦੁਰ ਵਿਵਹਾਰ ਕਰਦੇ ਹਨ। ਅਜਿਹੀ ਇਕ ਸ਼ਿਕਾਇਤ ਪ੍ਰਿੰਸੀਪਲ, ਆਈ. ਟੀ. ਆਈ. ਰੋਪੜ ਤੋਂ ਵੀ ਪ੍ਰਾਪਤ ਹੋਈ ਸੀ। ਗੌਰਮਿੰਟ ਕਾਲਜ, ਰੋਪੜ ਦੇ ਇਕ ਪ੍ਰੋਫੈਸਰ ਇਕਬਾਲ ਸਿੰਘ ਵੀ ਇਸ ਸਬੰਧ ਵਿਚ ਡੀ. ਸੀ. ਨੂੰ ਮਿਲੇ ਸਨ। ਇਸ ਉਪਰੰਤ ਡੀ. ਐਸ. ਪੀ. ਹੈਡਕੁਆਟਰਜ਼ ਕਾਲਜ ਗਏ ਅਤੇ ਵਿਦਿਆਰਥੀਆਂ ਤੋਂ ਪੁੱਛ-ਪੜਤਾਲ ਕੀਤੀ। ਡੀ. ਸੀ. ਰੋਪੜ ਨੇ ਵੀ ਪ੍ਰੋਫੈਸਰ ਇਕਬਾਲ ਸਿੰਘ ਨੂੰ ਲਿਖਤੀ ਰੂਪ ਵਿਚ ਸ਼ਿਕਾਇਤ ਦੇਣ ਹਿੱਤ ਕਿਹਾ।

ਵਿਦਿਆਰਥੀਆਂ ਦੀ ਸ਼ਿਕਾਇਤ ਦੀ ਪੜਤਾਲ ਕਰਨ ਵਾਸਤੇ ਪ੍ਰਿੰਸੀਪਲ ਗੌਰਮਿੰਟ ਕਾਲਜ, ਰੋਪੜ ਨੇ ਦੋ ਪ੍ਰੋਫੈਸਰਾਂ ਦੀ ਇਕ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ ਡੀ. ਸੀ. ਰੋਪੜ ਨੂੰ ਭੇਜੀ ਜਿਸ ਵਿਚ ਉਨ੍ਹਾਂ ਕਿਹਾ ਕਿ ਅੰਬਾਲਾ ਬੱਸ ਸਿੰਡੀਕੇਟ ਦੇ ਕਰਮਚਾਰੀ ਵਿਦਿਆਰਥੀਆਂ ਨਾਲ ਠੀਕ ਵਰਤਾਉ ਨਹੀਂ ਕਰ ਰਹੇ। ਇਸ ਕਮੇਟੀ ਨੇ ਸੁਝਾਅ ਦਿੱਤਾ ਸੀ ਕਿ ਕੁਰਾਲੀ ਤੋਂ ਰੋਪੜ, ਨੂਰਪੁਰ ਬੇਦੀ ਤੋਂ ਰੋਪੜ ਅਤੇ ਚਮਕੌਰ ਸਾਹਿਬ ਤੋਂ ਰੋਪੜ ਤੱਕ ਵਿਦਿਆਰਥੀਆਂ ਵਾਸਤੇ ਸਵੇਰੇ 8.30 ਤੋਂ ਸਪੈਸ਼ਲ ਬੱਸਾਂ ਚਲਾਈਆਂ ਜਾਣ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ]

ਅਤੇ ਇਸੇ ਤਰ੍ਹਾਂ ਦੁਪਹਿਰ 2.30 ਵਜੇ ਰੋਪੜ ਤੋਂ ਇਨ੍ਹਾਂ ਥਾਵਾਂ ਵੱਲ ਬੱਸਾਂ ਚਲਾਈਆਂ ਜਾਣ। ਇਹ ਵੀ ਸੁਝਾਅ ਦਿੱਤਾ ਗਿਆ ਕਿ ਇਸ ਟ੍ਰਾਂਸਪੋਰਟ ਕੰਪਨੀ ਦੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਵਿਦਿਆਰਥੀਆਂ ਨਾਲ ਠੀਕ ਵਰਤਾਉ ਕਰਨ। ਇਹ ਵੀ ਸੁਝਾਅ ਦਿੱਤਾ ਗਿਆ ਸੀ ਕਿ ਪੁਲਿਸ ਪ੍ਰਬੰਧ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਬੱਸਾਂ ਵਿਚ ਸਵਾਰ ਹੋਣ ਵਾਸਤੇ ਸਹਾਇਤਾ ਦਿੱਤੀ ਜਾਵੇ।

ਮੰਗ ਅਨੁਸਾਰ ਅੰਬਾਲਾ ਬੱਸ ਸਿੰਡੀਕੇਟ ਵੱਲੋਂ ਕੁਰਾਲੀ ਅਤੇ ਨੂਰਪੁਰ ਬੇਦੀ ਤੋਂ ਰੋਪੜ ਵਾਸਤੇ 8.15 ਅਤੇ 8.45 ਤੇ ਅਤੇ ਦੁਪਹਿਰ 2.15 ਅਤੇ 3.35 ਤੇ ਬੱਸਾਂ ਚਲਾਈਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਚਮਕੌਰ ਸਾਹਿਬ ਅਤੇ ਰੋਪੜ ਵਿਚਕਾਰ ਵੀ ਨਿਸਚਿਤ ਸਮੇਂ ਤੇ ਬੱਸਾਂ ਚਲਾਈਆਂ ਗਈਆਂ ਹਨ।

ਡੀ. ਸੀ. ਰੋਪੜ ਵਲੋਂ ਐਸ. ਪੀ. ਰੋਪੜ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਪੁਲਿਸ ਦੇ ਸਿਪਾਹੀ ਬੱਸ ਅੱਡਿਆਂ ਤੇ ਭੇਜੇ ਜਾਣ ਤਾਂ ਜੋ ਵਿਦਿਆਰਥੀਆਂ ਨਾਲ ਠੀਕ ਵਰਤਾਉ ਹੋਵੇ। ਇਸ ਸਬੰਧ ਵਿਚ ਡੀ. ਐਸ. ਪੀ. ਹੈਡਕੁਆਰਟਰਜ਼ ਦੋ ਵਾਰ ਕੁਰਾਲੀ ਜਾ ਆਏ ਹਨ। ਅੰਬਾਲਾ ਬਸ ਸਿੰਡੀਕੇਟ ਦੇ ਐਮ. ਡੀ. ਵਲੋਂ ਡੀ. ਸੀ. ਰੋਪੜ ਨੂੰ ਲਿਖਤੀ ਰੂਪ ਵਿਚ ਦੱਸਿਆ ਗਿਆ ਹੈ ਕਿ ਉਨ੍ਹਾਂ ਵਲੋਂ ਆਪਣੇ ਕਰਮਚਾਰੀਆਂ ਨੂੰ ਕਰੜੀ ਹਦਾਇਤ ਕੀਤੀ ਗਈ ਹੈ ਕਿ ਉਹ ਵਿਦਿਆਰਥੀਆਂ ਨਾਲ ਠੀਕ ਤਰ੍ਹਾਂ ਪੇਸ਼ ਆਉਣ। ਵਿਦਿਆਰਥੀਆਂ ਵਲੋਂ ਇਸ ਕੰਪਨੀ ਦੀ ਇਕ ਬੱਸ ਦਾ ਤੋੜ-ਭੰਨ ਅਤੇ ਨੁਕਸਾਨ ਕਰਨ ਤੇ ਵੀ ਇਸ ਕੰਪਨੀ ਵਲੋਂ ਕੋਈ ਚਾਰਾ-ਜੋਈ ਨਹੀਂ ਕੀਤੀ ਗਈ।

ਛੁੱਟੀਆਂ ਤੋਂ ਮਗਰੋਂ ਕਾਲਜ ਦੇ ਖੁਲ੍ਹਣ ਉਪਰੰਤ ਕੋਈ ਸ਼ਿਕਾਇਤ ਨਹੀਂ ਮਿਲੀ। ਸਰਕਾਰ ਵਲੋਂ ਹਰ ਸੰਭਵ ਕਦਮ ਚੁਕਿਆ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਔਕੜ ਪੇਸ਼ ਨਾ ਆਵੇ।

---

(*Serial No. 45*)

**Sardar Gurbachan Singh** (Ropar) : To draw the attention of the Government towards a matter of urgent public importance, namely, that auction of custodian property (land) in village Kakrala (Tehsil & District Rupar), vast area of Custodian/evacuee land is lying which has not been auctioned so far. There is great resentment among the Harijans/Landless of that area regarding the auction of this land.

The Government may please be asked to make a statement in the House in this regard.

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਪਿੰਡ ਕਕਰਾਲਾ ਤਹਿਸੀਲ ਤੇ ਜ਼ਿਲ੍ਹਾ ਰੋਪੜ ਵਿਚ 1 ਸਤੰਬਰ, 1974 ਨੂੰ 43 ਏਕੜ ਵਾਫਰ ਪੇਂਡੂ ਨਿਕਾਸੀ ਜ਼ਮੀਨ ਵੇਚਣਯੋਗ ਸੀ। ਇਸ ਵਿਚੋਂ 6 ਏਕੜ ਜ਼ਮੀਨ 4 ਕਾਬਜ਼ਾਂ ਨੂੰ ਰੱਬੀ, 1972 ਦੇ ਕਬਜ਼ੇ ਦੇ ਆਧਾਰ ਤੇ ਮੁੰਤਕਿਲ ਕੀਤੀ ਜਾ ਚੁੱਕੀ ਹੈ ਤੇ ਬਾਕੀ ਦੀ 37 ਏਕੜ ਜ਼ਮੀਨ 26 ਫਰਵਰੀ, 1976 ਨੂੰ ਸੀਮਤ ਬੋਲੀ ਰਾਹੀਂ ਪਿੰਡ ਦੇ ਭੂਮੀਹੀਣ ਪਾਤਰ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਵਿਚ ਵੇਚੀ ਜਾ ਰਹੀ ਹੈ।

Original with;
Punjab Vidhan Sabha
Digitized by;
Panjab Digital Library

## THIRD REPORT OF THE BUSINESS ADVISORY COMMITTEE

**Mr. Speaker** : I have to report the programme of the Punjab Vidhan Sabha as contained in the Third Report of the Business Advisory Committee. The report reads as under :—

The Committee re-considered the programme of the Punjab Vidhan Sabha already approved, and after some discussion decided that the following business be transacted at the under-mentioned sittings of the Vidhan Sabha :—

| | |
|---|---|
| Wednesday, the 4th February (Morning) | Discussion and Voting of Demands for Grants in respect of Agriculture and Irrigation and Power relating to Budget Estimates, 1976-77. |
| Thursday, the 5th February (Morning) | Non-Official Business. |
| Friday, the 6th February (Morning) | (1) Appropriation Bill on Supplementary Estimates, 1975-76 (2nd Instalment); (2 hours)<br>(2) Legislative Business;<br>(i) The Public Wakfs (Extension of Limitation) (Punjab Amendment) Bill, 1976. (20 minutes)<br>(ii) The Punjab Agricultural Produce Markets (Validation) Bill, 1976. (20 minutes)<br>(iii) The Punjab Gram Panchayat (Common Purposes Land) Eviction and Rent Recovery Bill, 1976. (20 minutes) |
| Saturday, the 7th February | Off-day. |
| Sunday, the 8th February | Holiday. |
| Monday, the 9th February (Afternoon) | Discussion and Voting of Demands for Grants in respect of Labour and Education relating to the Budget Estimates, 1976-77; and guillotine will be applied in respect of the remaining Demands for Grants, under the Rules. |
| Tuesday, the 10th February (Morning) | (i) Presentation of the Report of the Comptroller and Auditor General of India for the year 1974-75 alongwith the Finance Accounts and Appropriation Accounts; and<br>(ii) Appropriation Bill on the Budget Estimates, 1976-77. |
| Wednesday, the 11th February (Morning) | Legislative Business. |

Original with;
Punjab Vidhan Sabha
Digitized by;
Panjab Digital Library

**Minister for Revenue & Elections** (Sardar Umrao Singh) : Sir, I beg to move—

> That this House agrees with the recommendations contained in the Third Report of the Business Advisory Committee.

**Mr. Speaker** : Motion moved—

> That this House agrees with the recommendations contained in the Third Report of the Business Advisory Committee.

**Mr. Speaker** : Question is—

> That this House agrees with the recommendations contained in the Third Report of the Business Advisory Committee.

*The motion was carried.*

---

## DISCUSSION AND VOTING OF DEMANDS FOR GRANTS

**Mr. Speaker** : There are 4 Demands for Grants which are to be discussed and voted upon to-day. These will be deemed to have been read and moved. If the hon. Members agree, these may be discussed together.

*Voices* : Yes, yes.

**Mr. Speaker** : The hon. Members, while speaking, may indicate the Demand number on which they would like to raise discussion. At the end, I shall put the Demands one by one to the vote of the House.

### Demand No. 25

> That a sum not exceeding Rs. 14,76,75,000 be granted to the Governor to defray the charges that will come in course of payment for the year 1976-77 in respect of Agriculture.

### Demand No. 37

> That a sum not exceeding Rs. 35,32,44,000 be granted to the Governor to defray the charges that will come in course of payment for the year 1976-77 in respect of Multipurpose River Projects.

### Demand No. 38

> That a sum not exceeding Rs. 25,81,68,000 be granted to the Governor to defray the charges that will come in course of payment for the year 1976-77 in respect of Irrigation, Drainage and Flood Control.

### Demand No. 40

> That a sum not exceeding Rs. 1,00,93,80,000 be granted to the Governor to defraythe charges that will come in course of payment for the year 1976-77 in respect of Loans and Advances by the State Government.

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ (ਕੁੰਮ ਕਲਾਂ) :** ਸਪੀਕਰ ਸਾਹਿਬ, ਅੱਜ ਸਰਕਾਰ ਵਲੋਂ ਜਿਹੜੀਆਂ ਡਿਮਾਂਡਜ਼ ਨੰ: 25, 37, 38 ਅਤੇ 40 ਰੱਖੀਆਂ ਗਈਆਂ ਹਨ, ਜੇ ਇਨ੍ਹਾਂ ਦਾ ਟੋਟਲ ਕੀਤਾ ਜਾਵੇ ਤਾਂ ਇਹ 176 ਕਰੋੜ 84 ਲੱਖ 67 ਹਜ਼ਾਰ ਰੁਪਏ ਦੀ ਇਸ ਸਦਨ ਤੋਂ ਮਨਜ਼ੂਰੀ ਮੰਗੀ ਗਈ ਹੈ। ਸਪੀਕਰ ਸਾਹਿਬ, ਡਿਮਾਂਡਜ਼ ਤੇ ਜਿਹੜੀ ਬਹਿਸ ਹੁੰਦੀ ਹੈ ਉਹ ਸੀਮਿਤ ਹੁੰਦੀ ਹੈ ਲੇਕਿਨ ਇਹ ਜਿਹੜੀਆਂ 4 ਡਿਮਾਂਡਜ਼ ਹਨ ਇਹ ਪੰਜਾਬ ਦੀ ਡਿਵੈਲਪਮੈਂਟ ਦੀ, ਪੰਜਾਬ ਦੀ ਤਰੱਕੀ ਦੀ ਕੋਰ ਹੈ ਅਤੇ ਇਹ ਤੁਸੀਂ ਆਪ ਮਿਹਰਬਾਨੀ ਕੀਤੀ ਹੈ ਕਿ ਇਨ੍ਹਾਂ 4 ਡਿਮਾਂਡਜ਼ ਦੀ ਡਿਸਕਸ਼ਨ ਇੱਕਠੀ ਹੋ ਜਾਵੇਗੀ ਅਤੇ ਕੰਮ ਬੜਾ ਸੌਖਾ ਹੋ ਜਾਵੇਗਾ। ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਕਿ ਹਾਊਸ ਵਲੋਂ ਜਿਸ ਵੇਲੇ ਬੱਜਟ ਦੀ ਡਿਸਕਸ਼ਨ ਹੋਈ ਤਾਂ ਸਾਰਿਆਂ ਪਾਸਿਆਂ ਤੋਂ ਬੜੀ ਖੁਸ਼ੀ ਦਾ ਇਜ਼ਹਾਰ ਹੋਇਆ ਅਤੇ ਬੜੀ ਪ੍ਰਸ਼ੰਸਾ ਹੋਈ ਹੈ। ਐਨੀ ਪ੍ਰਸ਼ੰਸਾ ਹੋਈ, ਸਪੀਕਰ ਸਾਹਿਬ, ਕਿ ਮੈਨੂੰ ਥੋੜਾ ਜਿਹਾ ਸ਼ੱਕ ਪੈਣ ਲੱਗ ਪਿਆ ਕਿ ਕਈ ਦਫਾ ਇਹ ਹੁੰਦਾ ਹੈ, ਸਪੀਕਰ ਸਾਹਿਬ, ਕਿ ਜਿਸ ਵਕਤ ਕੋਈ ਟੀਮ ਬਹੁਤ ਅੱਗੇ ਵਧ ਜਾਂਦੀ ਹੈ ਅਤੇ ਜਾਂ ਫੌਜ ਅੱਗੇ ਜਾਂਦੀ ਹੋਵੇ ਤਾਂ ਉਸ ਦੇ ਵਿਚ ਉਨ੍ਹਾਂ ਨੂੰ ਕੰਪਲੇਸੈਂਸੀ ਦੇਣ ਵਾਸਤੇ ਕਈ ਦਫਾ ਉਨ੍ਹਾਂ ਦੀ ਪ੍ਰਸ਼ੰਸਾ ਕਰਕੇ ਉਨ੍ਹਾਂ ਨੂੰ ਅੱਗੇ ਵੱਧਣ ਤੋਂ ਰੋਕਿਆ ਜਾਂਦਾ ਹੈ। ਪਰ ਮੈਨੂੰ ਇਸ ਗੱਲ ਦਾ ਖਤਰਾ ਇਸ ਕਰਕੇ ਨਹੀਂ ਹੁੰਦਾ ਕਿਉਂਕਿ ਸਾਡੇ ਚੀਫ ਮਨਿਸਟਰ ਸਾਹਿਬ ਬੜੇ ਹੁਸ਼ਿਆਰ ਹਨ ਅਤੇ ਉਹ ਪਤਾ ਲਗਾ ਲੈਂਦੇ ਹਨ ਕਿ ਕੀ ਹੋ ਰਿਹਾ ਹੈ। ਸਪੀਕਰ ਸਾਹਿਬ, ਜੇ ਅਸੀਂ ਫਿੱਗਰਜ਼ ਦੇਖੀਏ ਤਾਂ ਵਾਕਿਆ ਹੀ ਬੜੀਆਂ ਇੰਪਰੈਸਿਵ (impressive) ਫਿੱਗਰਜ਼ ਹਨ। ਅਗਰ 1971-72 ਦੀ ਡਿਮਾਂਡਜ਼ ਦਾ ਇਨ੍ਹਾਂ ਹੁਣ ਦੀਆਂ ਐਨੂਅਲ ਪਲਾਨ ਦੀਆਂ ਫਿੱਗਰਜ਼ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਕਿਸੇ ਨੂੰ ਕੋਈ ਸ਼ੰਕਾ ਨਹੀਂ ਰਹਿ ਜਾਂਦਾ ਕਿ ਅਸੀਂ ਕਿੰਨੀ ਤਰੱਕੀ ਵੱਲ ਜਾ ਰਹੇ ਹਾਂ। ਐਗਰੀਕਲਚਰ ਤੇ 1971-72 ਵਿਚ 6 ਕਰੋੜ 36 ਲੱਖ ਰੁਪਿਆ ਖਰਚ ਕੀਤਾ ਗਿਆ ਜਦ ਕਿ 1976-77 ਵਿਚ ਇਹ 11 ਕਰੋੜ 80 ਲੱਖ ਰੁਪਿਆ ਕਰ ਦਿੱਤਾ ਹੈ। ਇਰੀਗੇਸ਼ਨ ਤੇ 1971-72 ਵਿਚ 18 ਕਰੋੜ 54 ਲੱਖ ਰੁਪਿਆ ਸੀ ਅਤੇ 1976-77 ਵਿਚ ਇਹ 43 ਕਰੋੜ 48 ਲੱਖ ਰੁਪਿਆ ਕੀਤਾ ਗਿਆ ਹੈ। ਇਸੇ ਤਰ੍ਹਾਂ ਹੀ ਪਾਵਰ ਤੇ 1971-72 ਵਿਚ 41 ਕਰੋੜ 12 ਲੱਖ ਰੁਪਿਆ ਖਰਚ ਕੀਤਾ ਸੀ ਜਦ ਕਿ 1976-77 ਵਿਚ ਇਹ 90 ਕਰੋੜ ਕਰ ਦਿੱਤਾ ਹੈ। ਇਹ ਤਿੰਨ ਚੀਜ਼ਾਂ ਜੇ ਦੇਖੀਆਂ ਜਾਣ ਤਾਂ ਇੰਜ ਲੱਗਦਾ ਹੈ ਜਿਸ ਤਰ੍ਹਾਂ ਅਸੀਂ ਬਹੁਤ ਤਰੱਕੀ ਕੀਤੀ ਹੈ। ਫਾਈਨੈਂਸ ਮਨਿਸਟਰ ਦੀ ਸਪੀਚ ਵਿਚੋਂ ਇਹ ਜ਼ਾਹਿਰ ਹੁੰਦਾ ਸੀ ਲੇਕਿਨ ਜਿੱਥੇ ਇਨ੍ਹਾਂ ਨੇ ਜੋ ਬੋਲਣ ਵਿਚ ਇਹ ਗੱਲ ਕੀਤੀ ਤਾਂ ਮੈਨੂੰ ਬੜੀ ਖੁਸ਼ੀ ਹੈ ਕਿ ਜੋ ਕੁਝ ਇਨ੍ਹਾਂ ਨੇ ਲਿਖਿਆ ਹੈ ਉਸ ਦੇ ਵਿਚ ਬੜਾ ਰਿਅਲਿਜ਼ਿਮ ਲਿਆਂਦਾ ਹੈ। ਜੇ ਅਸੀਂ ਮੁਕਾਬਲਾ ਕਰੀਏ, ਸਪੀਕਰ ਸਾਹਿਬ, ਕਿ ਜਿੰਨਾ ਪੈਸਾ ਖਰਚ ਕੀਤਾ ਹੈ 1971-72, 1972-73, 1973-74, 1974-75 ਅਤੇ 1975-76 ਵਿਚ ਅਤੇ ਹੁਣ 1976-77 ਵਿਚ ਜਿੰਨਾ ਪੈਸਾ ਰੱਖਿਆ ਹੈ, ਜੇ ਉਸ ਹਿਸਾਬ ਨਾਲ ਲਈਏ ਤਾਂ ਮੈਨੂੰ ਥੋੜ੍ਹਾ ਜਿਹਾ ਦੁੱਖ ਹੁੰਦਾ ਹੈ। ਸਪੀਕਰ ਸਾਹਿਬ, ਇਹ ਜਿਹੜਾ ਡਾਕੂਮੈਂਟ ਹੈ ਇਹ ਫਾਈਨੈਂਸ ਮਨਿਸਟਰ ਵਲੋਂ ਪੇਸ਼ ਹੋਇਆ ਹੈ। ਇਸ ਦੇ ਵਿਚ ਸਫਾ ਨੰ: 2 ਤੇ ਐਗਰੀਕਲਚਰ ਦੇ ਮੁਤੱਲਕ ਲਿਖਿਆ ਹੈ। ਮੈਨੂੰ ਬੜੀ ਖੁਸ਼ੀ ਹੈ ਜਿਥੇ ਇਨ੍ਹਾਂ ਨੇ ਬੋਲਣ ਵਿਚ ਕਿਹਾ ਪਰ ਲਿਖਣ ਵਿਚ ਰੀਅਲਿਸਟਿਕ ਪਿਕਚਰ ਪੇਸ਼ ਕੀਤੀ ਹੈ। ਉਹ ਇਸ ਤਰ੍ਹਾਂ ਹੈ :—

Production of 79.25 lakh tonnes of foodgrains was at its peak in 1971-72. However, due to certain unfavourable conditions this level could not be sustained

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

and the production suffered a setback in 1972-73 when it declined to 76.92 lakh tonnes but it picked up again to 77.28 lakh tonnes in 1973-74. It is expected that the State's foodgrains production would maintain the rising trend. Production of foodgrains in 1974-75 is anticipated at 80.00 lakh tonnes as against the target of 90.00 lakh tonnes fixed for 1975-76.

ਇਸ ਦਾ ਮਤਲਬ ਇਹ ਹੈ ਕਿ ਅਸੀਂ 10 ਲੱਖ ਟਨ ਜਿਹੜਾ ਅਨਾਜ ਵਧਾਉਣਾ ਸੀ ਉਹ ਨਹੀਂ ਵਧਾ ਸਕੇ । ਇਸ ਨੂੰ ਕ੍ਰਿਟਿਸਾਈਜ਼ ਕਰਨਾ ਬੜਾ ਸੌਖਾ ਹੈ ਪਰ ਮੈਂ ਇਸ ਦੇ ਕ੍ਰਿਟਿਸਿਜ਼ਮ ਵਿਚ ਪੈਣਾ ਛੱਡ ਕੇ, ਕਿ ਇਹ ਕਿਉਂ ਨਹੀਂ ਹੋਇਆ, ਦੱਸਣਾ ਚਾਹੁੰਦਾ ਹਾਂ ਕਿ ਜੇ ਇਹ ਇਹ ਕਦਮ ਉਠਾਏ ਜਾਣ ਤਾਂ ਅਸੀਂ ਇਸ ਟੀਚੇ ਨੂੰ ਉਪਰ ਲੈ ਜਾ ਸਕਦੇ ਹਾਂ । ਸਪੀਕਰ ਸਾਹਿਬ, ਮੈਂ ਇਕ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਆਈ. ਏ. ਡੀ. ਪੀ. ਪ੍ਰੋਗਰਾਮ ਹਿੰਦੁਸਤਾਨ ਦੇ 7 ਜ਼ਿਲ੍ਹਿਆਂ ਵਿਚ ਚਾਲੂ ਹੋਇਆ ਸੀ ਅਤੇ ਇਨ੍ਹਾਂ ਵਿਚ ਇਕ ਜ਼ਿਲ੍ਹਾ ਪੰਜਾਬ ਦਾ ਸੀ । ਲੁਧਿਆਣਾ ਜ਼ਿਲ੍ਹੇ ਵਿਚ ਇਹ ਪ੍ਰੋਗਰਾਮ ਚਾਲੂ ਕੀਤਾ ਗਿਆ ਸੀ । ਲੁਧਿਆਣਾ ਜ਼ਿਲ੍ਹੇ ਵਿਚ ਆਈ. ਏ. ਡੀ. ਪੀ. ਦਾ ਪ੍ਰੋਗਰਾਮ ਚਾਲੂ ਹੋਇਆ ਸੀ, ਉਥੇ ਸਟਾਫ ਰੱਖਿਆ ਸੀ ਅਤੇ ਉਥੇ ਇਕ ਛੱਤ ਦੇ ਥੱਲੇ ਉਸ ਦਾ ਇਕ ਅਫਸਰ ਇੰਚਾਰਜ ਬਣਾਇਆ ਸੀ ਅਤੇ ਉਸ ਵਿਚ ਕੋਆਪ੍ਰੇਟਿਵ ਮਹਿਕਮੇ ਦੇ, ਇਲੈਕਟ੍ਰਿਸਿਟੀ ਆਦਿ ਦੀ ਸਹਾਇਤਾ ਲਈ ਗਈ ਸੀ ਅਤੇ ਡੀ. ਸੀ. ਡਾਇਰੈਕਟ ਉਸ ਵਿਚ ਸੀ । ਉਸ ਨੇ ਜੋ ਤਰੱਕੀ ਕੀਤੀ ਹੈ ਅਤੇ ਜੋ ਉਸ ਦਾ ਸਿੱਟਾ ਨਿਕਲਿਆ ਹੈ, ਅੱਜ ਲੁਧਿਆਣਾ ਜ਼ਿਲ੍ਹਾ ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਵ੍ਹੀਟ ਪ੍ਰੋਡੱਕਸ਼ਨ ਵਿਚ ਉਪਰ ਹੈ । ਜੋ ਐਵਰੇਜ ਕਣਕ ਪ੍ਰੋਡੱਕਸ਼ਨ ਲੁਧਿਆਣਾ ਜ਼ਿਲ੍ਹੇ ਦੀ ਹੈ ਜੇ ਉਸ ਦਾ ਮੁਕਾਬਲਾ ਪੰਜਾਬ ਦੇ ਹੋਰ ਜ਼ਿਲ੍ਹਿਆਂ ਨਾਲ ਕੀਤਾ ਜਾਵੇ ਤਾਂ ਇਸ ਵਿਚ ਬੜਾ ਫਰਕ ਹੈ । ਜੋ ਕੁਝ ਅਸੀਂ ਲੁਧਿਆਣਾ ਵਿਚ ਕੀਤਾ ਹੈ, ਜੇ ਇਸ ਤਰ੍ਹਾਂ ਹੀ ਪੰਜਾਬ ਦੇ ਦੂਜੇ ਜ਼ਿਲ੍ਹਿਆਂ ਵਿਚ ਵੀ ਹੋ ਜਾਵੇ ਤਾਂ ਘੱਟੋ ਘੱਟ ਇਕੱਲੀ ਕਣਕ ਵਿਚ 15 ਲੱਖ ਟਨ ਸਾਡੀ ਹੋਰ ਜ਼ਿਆਦਾ ਪ੍ਰੋਡੱਕਸ਼ਨ ਹੋ ਸਕਦੀ ਹੈ, ਜਿਸ ਦਾ ਮਤਲਬ ਹੈ ਕਿ 150 ਕਰੋੜ ਰੁਪਿਆ ਪੰਜਾਬ ਦੇ ਕਿਸਾਨ ਦੇ ਪੱਲੇ ਪੈ ਸਕਦਾ ਹੈ ਅਤੇ ਜਿਸ ਦਾ ਮਤਲਬ ਇਹ ਹੋਇਆ ਕਿ ਘੱਟੋ ਘੱਟ 100 ਰੁਪਿਆ ਪਰ ਕੈਪੀਟਾ ਇਨਕਮ ਪੰਜਾਬ ਦੀ ਵੱਧ ਸਕਦੀ ਹੈ । ਆਈ. ਏ. ਡੀ. ਪੀ. ਦੀ ਸਕੀਮ ਹੋਰ ਜ਼ਿਲ੍ਹਿਆਂ ਵਿਚ ਵੀ ਚਾਲੂ ਕੀਤੀ ਗਈ ਹੈ ਲੇਕਿਨ ਜੇ ਉਨ੍ਹਾਂ ਜ਼ਿਲ੍ਹਿਆਂ ਦੀਆਂ ਫਿਗਰਜ਼ ਦੇਖੀਏ ਜਾਂ ਉਨ੍ਹਾਂ ਦਾ ਸਟਾਫ ਦੇਖਿਆ ਜਾਵੇ ਤਾਂ ਉਦੋਂ ਥੋੜ੍ਹੀ ਜਿਹੀ ਤਕਲੀਫ ਹੁੰਦੀ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਗਰੀਕਲਚਰ ਮਨਿਸਟਰ ਨੂੰ, ਖਾਸ ਕਰਕੇ ਚੀਫ ਮਨਿਸਟਰ ਨੂੰ ਬੇਨਤੀ ਕਰਾਂਗਾ ਕਿ ਜਿੱਥੇ ਸਾਡੀ ਆਮਦਨ ਡੇਢ ਸੌ ਕਰੋੜ ਰੁਪਿਆ ਸਾਲ ਦੀ ਵੱਧ ਸਕਦੀ ਹੈ ਉਥੇ ਜੇ ਤਿੰਨ, ਚਾਰ ਜਾਂ ਪੰਜ ਕਰੋੜ ਰੁਪਿਆ ਇਨ੍ਹਾਂ ਜ਼ਿਲ੍ਹਿਆਂ ਤੇ ਖਰਚ ਕਰਨਾ ਪੈ ਜਾਵੇ ਤਾਂ ਬਹੁਤ ਫਾਇਦਾ ਹੋਵੇਗਾ ਅਤੇ ਇਹ ਕੋਈ ਘਾਟੇ ਵਾਲਾ ਸੌਦਾ ਨਹੀਂ ਹੋਵੇਗਾ । ਮੈਂ ਬੇਨਤੀ ਕਰਾਂਗਾ, ਸਿਫਾਰਿਸ਼ ਕਰਾਂਗਾ ਕਿ ਜਿਨ੍ਹਾਂ ਜ਼ਿਲ੍ਹਿਆਂ ਵਿਚ ਇਹ ਆਈ. ਏ. ਡੀ. ਪੀ. ਦੀ ਸਕੀਮ ਚਾਲੂ ਹੈ ਜਿਸ ਤਰ੍ਹਾਂ ਫਿਰੋਜ਼ਪੁਰ, ਸੰਗਰੂਰ, ਗੁਰਦਾਸਪੁਰ, ਅੰਮ੍ਰਿਤਸਰ ਆਦਿ ਜ਼ਿਲ੍ਹਿਆਂ ਵਿਚ ਇਹ ਸਕੀਮ ਚਾਲੂ ਹੈ ਪਰ ਲੁਧਿਆਣਾ ਨੇ ਸਭ ਤੋਂ ਜ਼ਿਆਦਾ ਤਰੱਕੀ ਕੀਤੀ ਹੈ ਇਸ ਮਾਮਲੇ ਵਿਚ, ਜੇ ਇਹੀ ਫੈਸਿਲਿਟੀਜ਼ ਉਨ੍ਹਾਂ ਦੂਜਿਆਂ ਜ਼ਿਲ੍ਹਿਆਂ ਨੂੰ ਨਹੀਂ ਮਿਲਦੀਆਂ ਤਾਂ ਤਰੱਕੀ ਨਹੀਂ ਹੋ ਸਕਦੀ । ਇਸ ਲਈ ਇਹ ਸਾਰੀਆਂ ਫੈਸਿਲਿਟੀਜ਼ ਜਿਹੜੀਆਂ ਲੁਧਿਆਣਾ ਜ਼ਿਲ੍ਹੇ ਵਿਚ ਦਿੱਤੀਆਂ ਗਈਆਂ ਹਨ ਇਹ ਦੂਜਿਆਂ ਜ਼ਿਲ੍ਹਿਆਂ ਵਿਚ ਵੀ ਦਿਉ ਤਾਂਕਿ ਉਹ ਜ਼ਿਲ੍ਹੇ ਵੀ

Original with;
Punjab Vidhan Sabha
Digitized by;
Panjab Digital Library

ਤਰੱਕੀ ਕਰ ਸਕਣ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਆਦਮੀ ਅਗਰ ਸਿਪਾਹੀ ਹੋਵੇ ਅਤੇ ਉਸ ਨੂੰ ਜਰਨੈਲ ਦੀ ਵਰਦੀ ਪਾ ਦਿੱਤੀ ਜਾਵੇ ਤਾਂ ਉਸ ਦੇ ਵਿਚ ਜਰਨੈਲ ਦੀਆਂ ਕੁਆਲਿਟੀਜ਼ ਨਹੀਂ ਆ ਸਕਦੀਆਂ। ਇਸ ਲਈ ਇਹ ਜਿਹੜੀ ਆਈ.ਏ.ਡੀ.ਪੀ. ਦੀ ਸਕੀਮ ਦੂਸਰਿਆਂ ਜ਼ਿਲ੍ਹਿਆਂ ਵਿਚ ਸ਼ੁਰੂ ਕੀਤੀ ਗਈ ਹੈ ਉਥੇ ਵੀ ਲੁਧਿਆਣੇ ਜਿਹੀਆਂ ਸਹੂਲਤਾਂ ਦਿੱਤੀਆਂ ਜਾਣ, ਸਟਾਫ਼ ਪੂਰਾ ਹੋਵੇ, ਉਥੇ ਵੀ ਉਸੇ ਹਿਸਾਬ ਨਾਲ ਖ਼ਰਚ ਕੀਤਾ ਜਾਵੇ ਤਾਂ ਪੈਦਾਵਾਰ ਵੱਧ ਸਕਦੀ ਹੈ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜਾ ਆਈ. ਏ. ਡੀ. ਪੀ. ਦਾ ਲੁਧਿਆਣਾ ਦਾ ਤਜਰਬਾ ਹੈ ਉਸ ਨੂੰ ਘਟਾਇਆ ਨਾ ਜਾਵੇ । ਸਗੋਂ ਉਸ ਵਿਚ ਜਿਹੜੀਆਂ ਕਮੀਆਂ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਵੇ । ਸਟਾਫ ਚੰਗੀ ਤਰ੍ਹਾਂ ਚੁਣਿਆਂ ਜਾਵੇ । ਉਸ ਸਟਾਫ ਦੀ 3-4 ਸਾਲਾਂ ਲਈ ਟਰਾਂਸਫਰ ਨਾ ਕੀਤੀ ਜਾਵੇ । ਉਥੇ ਹੀ ਉਨ੍ਹਾਂ ਦੀ ਪਰਮੋਸ਼ਨ ਕੀਤੀ ਜਾਵੇ । ਜਦ ਉਹ ਟਾਰਗੇਟ ਅਚੀਵ ਕਰ ਲੈਣ ਤਾਂ ਉਨ੍ਹਾਂ ਦੀ ਰੈਪਿੱਡ ਪਰਮੋਸ਼ਨ ਕੀਤੀ ਜਾਵੇ ਤਾਂ ਠੀਕ ਹੈ । ਇਹ ਤਾਂ ਮੈਂ ਇਕ ਪਹਿਲੂ ਲਿਆ ਹੈ । ਸਪੀਕਰ ਸਾਹਿਬ, ਐਗਰੀਕਲਚਰ ਮਨਿਸਟਰ ਨੇ ਪੰਜਾਬ ਦੀ ਜਿਹੜੀ ਆਉਣ ਵਾਲੀ ਲੋੜ ਹੈ ਉਸ ਨੂੰ ਜ਼ਰੂਰ ਧਿਆਨ ਵਿਚ ਰੱਖਿਆ ਹੈ । ਪੰਜਾਬ ਅੱਜ ਤਾਈਂ ਬਾਕੀ ਸੂਬਿਆਂ ਨੂੰ ਅੰਨ ਦਿੰਦਾ ਰਿਹਾ ਹੈ । ਲੇਕਿਨ ਅੰਨ ਦਿੰਦਾ ਰਿਹਾ ਹੈ ਜਾਂ ਦਿੰਦੇ ਰਹਿਣਾ ਇਹ ਬਹੁਤਾ ਫਾਇਦੇ ਵਾਲਾ ਪਾਸਾ ਨਹੀਂ ਹੈ । ਪੰਜਾਬ ਵਿਚ ਜਿਥੇ ਪੰਜਾਬ ਦੇ ਕਿਸਾਨ ਨੂੰ ਕਣਕ ਦਾ ਭਾਅ 113 ਰੁਪਏ, 105 ਰੁਪਏ ਅਤੇ 76 ਰੁਪਏ ਭਾਅ ਮਿਲਦਾ ਰਿਹਾ ਹੈ ਉਸ ਦੇ ਮੁਕਾਬਲੇ ਵਿਚ ਦੂਸਰਿਆਂ ਸੂਬਿਆਂ ਵਿਚ ਯੂ. ਪੀ. ਅਤੇ ਮਹਾਰਾਸ਼ਟਰ ਦੇ ਕਿਸਾਨਾਂ ਨੇ ਕਣਕ ਦਾ ਭਾਅ ਡੇਢ ਸੌ ਜਾਂ ਪੌਣੇ ਦੋ ਸੌ ਰੁਪਿਆ ਭਾਅ ਲਿਆ ਹੈ । ਅਨਾਜ ਦੇ ਭੰਡਾਰ ਵਿਚ ਪੰਜਾਬ ਦੇ ਕਿਸਾਨ ਦੀ ਬਹੁਤ ਭਾਰੀ ਕੰਟਰੀਬਿਊਸ਼ਨ ਹੈ ਪਰ ਉਸ ਨੂੰ ਭਾਅ ਘੱਟ ਮਿਲਿਆ ਹੈ ਬਨਿਸਬਤ ਦੂਸਰਿਆਂ ਸੂਬਿਆਂ ਦੇ ਕਿਸਾਨਾਂ ਦੇ । ਮੈਂ ਕਹਾਂਗਾ ਕਿ ਸਾਨੂੰ ਗੌਰਮਿੰਟ ਆਫ ਇੰਡੀਆ ਨੂੰ ਦੱਸਣਾ ਚਾਹੀਦਾ ਹੈ ਕਿ ਜਿੱਥੇ ਪੰਜਾਬ ਦੇ ਕਿਸਾਨ ਨੇ ਅਨੀ ਤਰੱਕੀ ਕੀਤੀ ਹੈ, ਜਿਥੇ ਉਸ ਨੇ ਸਾਰੇ ਦੇਸ਼ ਦੇ ਲੋਕਾਂ ਲਈ ਐਨਾ ਅੰਨ ਪੈਦਾ ਕੀਤਾ ਹੈ ਉਥੇ ਉਸ ਨੂੰ ਜ਼ਾਤੀ ਨਫਾ ਹੋਣਾ ਚਾਹੀਦਾ ਸੀ । ਮੈਂ ਬੇਨਤੀ ਕਰਾਂਗਾ ਕਿ ਪੰਜਾਬ ਨੂੰ ਨਿਰਾ ਅੰਨ ਪੈਦਾ ਕਰਨ ਵਾਲਾ ਪਾਸਾ ਛੱਡਣਾ ਚਾਹੀਦਾ ਹੈ । ਮਾਸਟਰ ਗੁਰਬੰਤਾ ਸਿੰਘ ਨੇ ਨਵੇਂ ਪਲਾਨ ਵਿਚ ਸੀਡ ਕਾਰਪੋ-ਰੇਸ਼ਨ ਬਣਾਉਣ ਲਈ ਸਾਡੇ ਕੋਲੋਂ ਰਕਮ ਮੰਗੀ ਹੈ । ਉਸ ਦੇ ਲਈ ਓ. ਐਸ. ਡੀ. ਅਤੇ ਹੋਰ ਸਟਾਫ ਦਿੱਤਾ ਹੈ । ਬੜੀ ਚੰਗੀ ਸਕੀਮ ਸਟਾਰਟ ਕੀਤੀ ਹੈ । ਇਹ ਇਕ ਛੋਟੀ ਜਿਹੀ ਝਲਕ ਹੈ । ਮੇਰੇ ਖਿਆਲ ਦੇ ਮੁਤਾਬਿਕ ਪੰਜਾਬ ਦੀ ਘੱਟ ਤੋਂ ਘੱਟ 30 ਪ੍ਰਤੀਸ਼ਤ ਪੈਦਾਵਾਰ ਸੀਡ ਦੀ ਸ਼ਕਲ ਵਿਚ ਬਾਹਰ ਦੇ ਸੂਬਿਆਂ ਵਿਚ ਜਾਣੀ ਚਾਹੀਦੀ ਹੈ । ਉਸਦੇ ਨਾਲ ਪੰਜਾਬ ਵਿਚੋਂ ਟੈਕਸਿਜ਼ ਦੀ ਸ਼ਕਲ ਵਿਚ ਜੋ ਰਕਮ ਬਾਹਰ ਜਾਏਗੀ ਉਹਦੇ ਵਿਚ ਫਾਇਦਾ ਹੋਏਗਾ। ਪੰਜਾਬ ਦੇ ਕਿਸਾਨ ਦਾ ਫਾਇਦਾ ਹੋਏਗਾ । ਜਿਹੜੀ ਕਣਕ 105 ਰੁਪਏ ਕੁਇੰਟਲ ਵਿਕਦੀ ਹੈ ਔਰ ਨੈਸ਼ਨਲ ਸੀਡ ਕਾਰਪੋਰੇਸ਼ਨ ਤੋਂ 150 ਰੁਪਏ ਲੈਂਦੇ ਹਾਂ ਅਗਰ ਪੰਜਾਬ ਵਿਚ ਕਮੱਰਸ਼ਿਅਲ ਆਰਗੇ-ਨਾਈਜ਼ੇਸ਼ਨ ਬਣਾ ਲਈ ਜਾਵੇ ਤਾਂ ਉਹਦੇ ਰਾਹੀਂ ਪੰਜਾਬ ਦੀਆਂ ਫਸਲਾਂ ਸੀਡ ਰਾਹੀਂ ਵਿੱਕ ਸਕਣਗੀਆਂ । ਇਹ ਸਿਰਫ ਹਿੰਦੁਸਤਾਨ ਵਿਚ ਹੀ ਨਹੀਂ ਵਿੱਕ ਸਕਣਗੀਆਂ ਬਲਕਿ ਇਹਦਾ ਹਿੰਦੁਸਤਾਨ ਤੋਂ ਬਾਹਰ ਵੀ ਵਿਕਣ ਦਾ ਮੌਕਾ ਮਿਲ ਸਕਦਾ ਹੈ । ਆਲੂਆਂ ਵਿਚ ਕਿਸਾਨਾਂ ਨੇ ਪੰਜਾਬ ਵਿਚ ਘਾਟਾ ਖਾਦਾ ਹੈ । ਲੇਕਿਨ ਐਗਰੀਕਲਚਰ ਡਿਪਾਰਟਮੈਂਟ ਨੇ ਹਿੰਮਤ ਕੀਤੀ ਹੈ ਕੁਝ ਐਕਸਪੋਰਟ ਤੋਂ ਹਿੱਸਾ ਲਿਆ ਹੈ ਲੇਕਿਨ ਅਗਰ ਪੰਜਾਬ ਇਕ ਸੀਡ ਆਲੂਆਂ ਦੀ ਕਾਰਪੋਰੇਸ਼ਨ ਬਣਾਏ, ਪੋਟੈਟੋ ਐਕਸਪੋਰਟ ਕਾਰਪੋਰੇਸ਼ਨ ਬਣਾਏ ਤਾਂ ਕਾਫੀ ਫਾਇਦਾ ਹੋ ਸਕਦਾ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਹੈ। ਆਲੂਆਂ ਦੀ ਮੰਗ ਇੰਗਲੈਂਡ ਵਿਚ, ਯੂਰਪ ਵਿਚ ਬਹੁਤ ਜ਼ਿਆਦਾ ਹੈ। ਇਹਦੇ ਵਾਸਤੇ ਬਿਜ਼ਨੈਸ ਪੁਆਇੰਟ ਆਫ ਵਿਊ ਨਾਲ ਕੰਮ ਕੀਤਾ ਜਾਣਾ ਚਾਹੀਦਾ ਹੈ। ਔਰ ਚੋਟੀ ਦੇ ਅਫਸਰ ਇਸ ਕੰਮ ਲਈ ਤਾਇਨਾਤ ਕਰਨੇ ਚਾਹੀਦੇ ਹਨ। ਕਈ ਵੇਰੀ ਛੋਟੇ ਅਫਸਰਾਂ ਨੂੰ ਇਸ ਕੰਮ ਲਈ ਲਾਉਣਾ ਪੈਂਦਾ ਹੈ ਜੋ ਕਿ ਗੌਰਮਿੰਟ ਆਫ ਇੰਡੀਆਂ ਨਾਲ ਗੱਲ-ਬਾਤ ਕਰਨ ਪਰ ਇਥੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਕੰਮ ਲਈ ਪੁਸ਼ਿੰਗ ਔਰ ਇੰਟੈਲੀਜੈਂਟ, Efficient ਅਫਸਰਾਂ ਦੀ ਲੋੜ ਹੈ। ਮੁੱਖ ਮੰਤਰੀ ਜੀ ਔਰ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਛੇਤੀ ਤੋਂ ਛੇਤੀ ਇਨ੍ਹਾਂ ਨੂੰ ਪੋਟੈਟੋ ਕਾਰਪੋਰੇਸ਼ਨ, ਕਾਟਨ ਕਾਰਪੋਰੇਸ਼ਨ ਇਸ ਤਰ੍ਹਾਂ ਦੀਆਂ ਫਸਲਾਂ ਬਾਰੇ ਇਹ ਕਾਰਪੋਰੇਸ਼ਨਾਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਕਿ ਇਹ ਬਾਹਰ ਵਿੱਕ ਸਕਣ। ਸਾਨੂੰ ਪਤਾ ਲਗਿਆ ਹੈ ਕਿ ਅਰਬ ਦੇਸ਼ਾਂ ਤੋਂ ਜਿਨ੍ਹਾਂ ਤੋਂ ਤੇਲ ਇੰਮਪੋਰਟ ਕਰਕੇ ਘਾਟਾ ਖਾਧਾ ਸੀ, ਅੱਜ ਹਿੰਦੁਸਤਾਨ ਵਿਚ ਸ਼ਕਤੀ ਹੈ ਔਰ ਹਿੰਦੁਸਤਾਨ ਤੋਂ ਇੱਕਲੇ ਪੰਜਾਬ ਵਿਚ ਹੀ ਸ਼ਕਤੀ ਹੈ ਕਿ ਐਗਰੀਕਲਚਰਲ ਪਰੋਡਕਟਸ ਐਕਸਪੋਰਟ ਕਰਕੇ ਉਸ ਘਾਟੇ ਨੂੰ ਪੂਰਾ ਕਰ ਸਕਦੇ ਹਾਂ। ਪੰਜਾਬ ਦੀ ਪਰ ਕੈਪੀਟਾ ਇਨਕਮ 1300/-, 1400/- ਔਰ 1500/- ਰੁਪਏ ਤੋਂ ਵਧ ਕੇ 2,000 ਰੁਪਏ ਹੋ ਸਕਦੀ ਹੈ। ਇਸ ਕੰਮ ਲਈ ਜੋ ਗੌਰਮਿੰਟ ਆਫ ਇੰਡੀਆਂ ਨਾਲ ਲੜਨਾ ਵੀ ਪਏ ਤਾਂ ਲੜਨਾ ਚਾਹੀਦਾ ਹੈ। ਉਨ੍ਹਾਂ ਨੂੰ ਜਿਨਾ ਅਨਾਜ ਚਾਹੀਦਾ ਹੈ ਉਹ ਉਨ੍ਹਾਂ ਨੂੰ ਦੇ ਦਿੱਤਾ ਜਾਣਾ ਚਾਹੀਦਾ ਹੈ। ਪਰ ਕਣਕ, ਮੱਕੀ ਅਤੇ ਹੋਰ ਵੈਜੀਟੇਬਲ ਸੀਡ ਵਾਲੇ ਪਾਸੇ ਚੱਲ ਕੇ ਹੋਰ ਜ਼ਿਆਦਾ ਤਰੱਕੀ ਕਰਨੀ ਚਾਹੀਦੀ ਹੈ। ਮੈਂ ਆਸ ਕਰਦਾ ਹਾਂ ਕਿ ਇਸ ਨੂੰ ਕਾਫੀ ਡਿਟੇਲ ਵਿਚ ਸੋਚਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਮੇਰੀ ਗੱਲ ਮੰਨ ਲੈਂਦੇ ਹੁੰਦੇ ਹਨ ਔਰ ਕਦੇ ਕਦੇ ਇਹ ਕਹਿੰਦੇ ਹੁੰਦੇ ਹਨ ਕਿ ਇਸ ਤਰ੍ਹਾਂ ਨਹੀਂ ਕਰਨਾ। ਪਰ ਜੋ ਮੇਰੇ ਦਿਲ ਵਿਚ ਹੈ ਮੈਂ ਉਹ ਕਹਿਣਾ ਚਾਹੁੰਦਾ ਹਾਂ। ਕਿਸੇ ਵਕਤ ਸੀਨੀਅਰ ਅਫ਼ਸਰਾਂ ਨੂੰ ਇਸ ਕੰਮ ਲਈ ਲਗਾ ਕੇ ਕੰਮ ਨਹੀਂ ਬਣਦਾ ਹੈ। ਪਰ ਜਿਹੜੇ ਪੁਸ਼ਿੰਗ ਅਫਸਰ ਹੋਣ ਪਰ ਉਨ੍ਹਾਂ ਦੀ ਇੰਟੈਗਰਿਟੀ ਡਾਊਟਫੁਲ ਹੋਵੇ ਇਸ ਨੂੰ ਮੈਂ ਦਰਗੁਜ਼ਰ ਕਰ ਸਕਦਾ ਹਾਂ, ਜੇ ਇਨ੍ਹਾਂ ਨੂੰ ਇਸ ਕੰਮ ਲਈ ਲਗਾਇਆ ਜਾਏ। ਮੈਂ ਦਰਗੁਜ਼ਰ ਵਾਲੀ ਜੋ ਗੱਲ ਕੀਤੀ ਹੈ ਉਹਦਾ ਮਤਲਬ ਇਹ ਨਹੀਂ ਹੈ ਕਿ ਉਹ ਅਫਸਰ ਕੁਰੱਪਟ ਹੀ ਹੋਣ। (ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੈਪਟਨ ਸਾਹਿਬ ਦੀ ਇਹ ਪਰਾਪੋਜ਼ੀਸ਼ਨ—

"Corrupt but an efficient Officer is better than an honest but an inefficient Officer."

ਕੀ ਇਹ ਤੁਸੀਂ ਅਲਾਓ ਕਰ ਸਕਦੇ ਹੋ ?

**ਸ੍ਰੀ ਸਪੀਕਰ** : ਇਹ ਉਨ੍ਹਾਂ ਨੇ ਆਪਣੇ ਵਿਊਜ਼ ਦੱਸੇ ਹਨ। ਆਨਰੇਬਲ ਮਨਿਸਟਰ ਸਾਹਿਬ ਉਸ ਬਾਰੇ ਆਪਣਾ ਜਵਾਬ ਦੇਣਗੇ।

**ਸਰਦਾਰ ਦਰਬਾਰਾ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਇਹ ਗੱਲ ਚੰਗੀ ਨਹੀਂ ਹੋਏਗੀ ਕਿ ਆਨੈੱਸਟ ਔਰ ਇਨਐਫੀਸ਼ੈਂਟ ਅਫ਼ਸਰ ਹੀ ਲਏ ਜਾਣ। ਜਿਹੜੇ ਅਫ਼ਸਰ ਆਨੈੱਸਟ ਹੋਣਗੇ ਉਹ ਜ਼ਰੂਰੀ ਨਹੀਂ ਕਿ ਇਨਐਫੀਸ਼ੈਂਟ ਹੋਣਗੇ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਇਹਦਾ ਮਨਿਸਟਰ ਸਾਹਿਬ ਜਵਾਬ ਦੇਣਗੇ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਆਨੈਸਟੀ ਨਾਲ ਦੀ ਚੀਜ਼ ਨਹੀਂ ਹੋ ਸਕਦੀ ਹੈ । ਲੇਕਿਨ ਮੈਂ ਕਿਹਾ ਸੀ ਕਿ ਜਿਹੜੇ ਆਪਣੇ ਆਪ ਨੂੰ ਆਨੈਸਟ ਕਹਿੰਦੇ ਹਨ ਉਹ ਕੰਮ ਨਹੀਂ ਕਰਦੇ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਿਹੜਾ ਆਨੈਸਟ ਔਰ ਐਫੀਸ਼ੈਂਟ ਅਫ਼ਸਰ ਹੈ ਉਸ ਨੂੰ ਤਾਂ ਖ਼ੁਦਾ ਤੋਂ ਵੀ ਵੱਧ ਇੱਜ਼ਤ ਦੇਣੀ ਚਾਹੀਦੀ ਹੈ । ਔਰ ਜਿਹੜਾ ਆਨੈਸਟ ਹੈ ਔਰ ਇਨਐਫੀਸ਼ੈਂਟ ਹੈ ਉਸ ਨੂੰ ਕੱਢਣਾ ਨਹੀਂ ਚਾਹੀਦਾ ਹੈ । ਉਸ ਦੀ ਲੋੜ ਹੈ । ਉਹਨੂੰ ਉਹ ਕੰਮ ਦਿਉ ਜਿਸ ਵਿਚ ਉਹ ਰੁਕਾਵਟ ਨਾ ਪਾ ਸਕੇ । ਉਹ ਵੀ ਚੰਗਾ ਕੰਮ ਕਰ ਸਕਦਾ ਹੈ । ਮੇਰੇ ਨਾਲ ਤੁਸੀਂ ਸਹਿਮਤ ਹੋਵੋ ਜਾਂ ਨਾ ਹੋਵੋ । (ਵਿਘਨ)

**ਚੌਧਰੀ ਦਰਸ਼ਨ ਸਿੰਘ** : ** ** (ਵਿਘਨ)

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇੰਟ੍ਰਪਸ਼ਨ ਨਹੀਂ ਕਰਨੀ ਚਾਹੀਦੀ ।

**ਸਰਦਾਰ ਗੁਰਬਚਨ ਸਿੰਘ (ਰੋਪੜ)** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਕੈਪਟਨ ਸਾਹਿਬ ਜੋ ਤਕਰੀਰ ਵਿਚ ਸੁਝਾਉ ਦੇ ਰਹੇ ਹਨ ਔਰ ਉਸ ਤੇ ਜੋ ਕੁਝ ਮੇਰੇ ਦੋਸਤਾਂ ਨੇ ਆਪਣੇ ਪੁਆਇੰਟ ਆਫ ਆਰਡਰਾਂ ਰਾਹੀਂ ਭਾਵਨਾ ਲਈ ਹੈ, ਮੈਂ ਨਹੀਂ ਕਹਿ - ਰਿਹਾ ਕਿ ਕੈਪਟਨ ਸਾਹਿਬ ਦੀ ਉਹ ਭਾਵਨਾ ਹੈ । ਇਨ੍ਹਾਂ ਨੇ ਤਾਂ ਇਹ ਕਿਹਾ ਹੈ ਕਿ ਐਫੀਸ਼ੈਂਟ ਅਫਸਰਾਂ ਨੂੰ ਮਹੱਤਤਾ ਜ਼ਰੂਰ ਦੇਣੀ ਚਾਹੀਦੀ ਹੈ । ਡਿਸਆਨੈਸਟੀ ਨੂੰ ਐਫੀਸ਼ੈਂਸੀ ਦੇ ਬਹਾਨੇ ਹੌਸਲਾ ਦਿੱਤਾ ਜਾਏ ਮੇਰਾ ਖ਼ਿਆਲ ਨਹੀਂ ਕਿ ਉਨ੍ਹਾਂ ਦੀ ਭਾਵਨਾ ਹੋਵੇ । ਹੋਰ ਆਨਰੇਬਲ ਮੈਂਬਰਾਂ ਦੇ ਵਿਚਾਰ ਵੀ ਸੁਣੇ ਹਨ । ਪੰਜਾਬ ਗੌਰਮਿੰਟ ਦੀ ਇਹ ਨੀਤੀ ਹੈ ਕਿ ਸਭ ਤੋਂ ਜ਼ਿਆਦਾ ਆਨੈਸਟੀ ਨੂੰ ਮਹੱਤਤਾ ਦਿੱਤੀ ਜਾਵੇ । ਆਨੈਸਟੀ ਦੇ ਨਾਲ ਨਾਲ ਐਫੀਸ਼ੈਂਸੀ ਜਿਹੜੀ ਹੈ ਉਸ ਦਾ ਵੀ ਪੂਰਾ ਸਨਮਾਨ ਕੀਤਾ ਜਾਂਦਾ ਹੈ । ਆਨੈਸਟ ਔਰ ਐਫੀਸ਼ੈਂਟ ਜਿਹੜੇ ਅਫ਼ਸਰ ਹਨ ਉਨ੍ਹਾਂ ਨੂੰ ਅਸੀਂ ਸਭ ਤੋਂ ਜ਼ਿਆਦਾ ਤਰਜੀਹ ਦਿੰਦੇ ਹਾਂ । ਲੇਕਿਨ ਕੁਝ ਅਫਸਰ ਡਿਸਆਨੈਸਟ ਨਾ ਹੋਣ ਪਰ ਸੁਸਤ ਹੋਣ ਉਨ੍ਹਾਂ ਨੂੰ ਇੰਪਰੂਵਮੈਂਟ ਕਰਨ ਲਈ ਵੀ ਕੁਝ ਸਮਾਂ ਅਸੀਂ ਦੇ ਦਿੰਦੇ ਹਾਂ । ਲੇਕਿਨ ਕਿੰਨਾ ਵੀ ਐਫੀਸ਼ੈਂਟ ਹੋਵੇ ਉਸ ਰਾਹੀਂ ਕਰੋੜਾਂ ਰੁਪਏ ਬਣ ਸਕਦੇ ਹੋਣ ਪਰ ਉਹਦੀ ਡਿਸਆਨੈਸਟੀ ਹੋਣ ਦਾ ਹੱਕ ਉਹਨੂੰ ਨਹੀਂ ਦਿੱਤਾ ਜਾ ਸਕਦਾ ਹੈ । (ਥੰਪਿੰਗ)

**ਕੈਪਟਨ ਰਤਨ ਸਿੰਘ** : ਜੋ ਮੁੱਖ ਮੰਤਰੀ ਜੀ ਨੇ ਕਿਹਾ ਹੈ ਮੈਂ ਉਨ੍ਹਾਂ ਨਾਲ 100% ਸਹਿਮਤ ਹਾਂ । ਮੈਂ ਆਪਣੀ ਤਕਰੀਰ ਵਿਚ ਜਿਹੜੀ ਗੱਲ ਕਹੀ ਸੀ ਉਸ ਨੂੰ ਮੈਂ ਹੁਣ ਨਹੀਂ ਦੋਹਰਾਣਾ ਚਾਹੁੰਦਾ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਮੈਂ ਤਾਂ ਸੁਜੇਸ਼ਨਜ਼ ਦੇ ਰਿਹਾ ਹਾਂ ਜਿਹੜੀਆਂ ਸਰਕਾਰ ਨੇ ਸਵੀਕਾਰ ਕਰਨੀਆਂ ਹਨ ਉਹ ਲਾਗੂ ਕਰ ਲਉ ਅਤੇ ਜਿਹੜੀਆਂ ਸਵੀਕਾਰ ਨਹੀਂ ਕਰਨੀਆਂ ਉਹ ਲਾਗੂ ਨਾ ਕਰੋ। ਮੈਂ ਕਹਿ ਰਿਹਾ ਸੀ ਕਿ ਜਿਸ ਤਰ੍ਹਾਂ ਮੈਂ ਅੱਗੇ ਕਹਿ ਆਇਆ ਹਾਂ ਉਸ ਤਰ੍ਹਾਂ ਨਾਲ ਸੀਡ ਕਾਰਪੋਰੇਸ਼ਨਾਂ ਬਣਾਉਣੀਆਂ ਚਾਹੀਦੀਆਂ ਹਨ ਔਰ ਜਿਸ ਤਰ੍ਹਾਂ ਕਈ ਚੀਜ਼ਾਂ ਲੁਧਿਆਣਾ, ਜਲੰਧਰ ਔਰ ਫ਼ਰੀਦਕੋਟ ਦੇ ਜ਼ਿਲ੍ਹਿਆਂ ਨੂੰ ਹੀ ਮਹਿਦੂਦ ਕੀਤੀਆਂ ਗਈਆਂ ਹਨ ਇਹ ਫੈਸਿਲਿਟੀਜ਼ ਹੋਰ ਜ਼ਿਲ੍ਹਿਆਂ ਨੂੰ ਦੇਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਹੀ ਤਰੱਕੀ ਹੋ ਸਕਦੀ ਹੈ।

**ਚੌਧਰੀ ਦਰਸ਼ਨ ਸਿੰਘ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕੈਪਟਨ ਰਤਨ ਸਿੰਘ :** ਮੈਂ ਮਾਨਯੋਗ ਮਨਿਸਟਰ ਸਾਹਿਬ ਨੂੰ ਵੀ ਬੇਨਤੀ ਕਰਾਂਗਾ ਕਿ ਜਿਹੜੀ ਸੁਜੇਸ਼ਨ ਮੈਂ ਦਿੱਤੀ ਹੈ ਉਹ ਪੰਜਾਬ ਨੂੰ ਇਕ ਬਹੁਤ ਵੱਡੀ ਸੀਡ ਪ੍ਰੋਡਿਉਸਿੰਗ ਸਟੇਟ ਬਣਾ ਦੇਵੇਗੀ। ਇਸ ਦੇ ਲਈ, ਸਪੀਕਰ ਸਾਹਿਬ, ਜੋ ਰਕਮ ਰੱਖੀ ਗਈ ਹੈ ਅਤੇ ਜੋ ਮੈਨੂੰ ਜਾਪੀ ਹੈ, ਥੋੜ੍ਹੀ ਰਕਮ ਰੱਖੀ ਹੈ। ਐਗਰੀਕਲਚਰ ਵਾਸਤੇ ਮੈਂ ਇਹ ਕਹਾਂਗਾ ਕਿ ਸਾਡੀ ਕੋਰ ਇੰਡਸਟਰੀ ਹੈ ਅਤੇ ਇਸ ਦੇ ਵਾਸਤੇ ਜੋ ਖਰਚ ਰੱਖਿਆ ਗਿਆ ਹੈ ਉਹ ਬਹੁਤ ਥੋੜ੍ਹਾ ਰੱਖਿਆ ਗਿਆ ਹੈ। ਨਵੀਆਂ ਸਕੀਮਾਂ ਵਾਸਤੇ ਕੋਈ ਬਹੁਤਾ ਖਰਚ ਨਹੀਂ ਰੱਖਿਆ ਗਿਆ। ਲੋਨਜ਼ ਵਿਚ ਬਹੁਤ ਪੈਸਾ ਰੱਖਿਆ ਗਿਆ ਹੈ ਪਰ ਦੂਸਰੇ ਕੰਮਾਂ ਵਾਸਤੇ ਪੈਸਾ ਘੱਟ ਰੱਖਿਆ ਗਿਆ ਹੈ ਅਤੇ ਇਹ ਖਰਚ ਮਾਰਜਿਨਲ ਹੀ ਵਧਾਇਆ ਗਿਆ ਹੈ ਪਿਛਲੇ ਸਾਲਾਂ ਦੇ ਮੁਕਾਬਲੇ ਵਿਚ। ਕਈ ਖਰਚ ਤਾਂ ਇਸ ਦੇ ਵਿਚ ਘਟਾਏ ਵੀ ਹਨ। ਸੋ ਮੇਰੀ ਬੇਨਤੀ ਹੈ ਕਿ ਇਸ ਦੇ ਵਾਸਤੇ ਹੋਰ ਪੈਸੇ ਦੀ ਲੋੜ ਹੈ। ਸਪੀਕਰ ਸਾਹਿਬ, ਸੀਡ ਕਾਰਪੋਰੇਸ਼ਨ ਦੇ ਕੰਮ ਲਈ ਜਿੰਨੀ ਜਲਦੀ ਸੈਂਟਰ ਦੀ ਸਰਕਾਰ ਨੂੰ ਪੰਜਾਬ ਸਰਕਾਰ ਨੇ ਸਕੀਮ ਸਬਮਿਟ ਕੀਤੀ ਹੈ ਉਸ ਦੇ ਮੁਤਾਬਕ ਬੜੇ ਜ਼ੋਰ ਸ਼ੋਰ ਨਾਲ ਚੰਗੇ ਚੰਗੇ ਅਫਸਰ ਲਾ ਕੇ ਜਿਹੜੇ ਕਿ ਇਸ ਕੰਮ ਨੂੰ ਸਮਝਦੇ ਹੋਣ ਇਹ ਕੰਮ ਕਰਵਾਇਆ ਜਾਵੇ। (ਘੰਟੀ) (ਵਿਘਨ) ਐਗਰੀਕਲਚਰ ਦੇ ਵਿਚ ਇਕ ਇਹ ਬੇਨਤੀ ਕਰਾਂਗਾ ਕਿ 40% ਮਾਰਜਿਨਲ ਫਾਰਮਰਜ਼ ਜੋ ਹਨ, ਬੀਲੋ-ਦੀ-ਪਾਵਰਟੀ-ਲਾਈਨ ਵਿਚ ਹਨ ਉਨ੍ਹਾਂ ਲਈ ਸਰਕਾਰ ਨੇ ਮਾਰਜਿਨਲ ਫਾਰਮਰਜ਼ ਏਜੰਸੀਜ਼ ਕਾਇਮ ਕੀਤੀਆਂ ਸਨ, ਸਮਾਲ ਫਾਰਮਰਜ਼ ਡਿਵੈਲਪਮੈਂਟ ਏਜੰਸੀਆਂ ਕਾਇਮ ਕੀਤੀਆਂ ਸਨ ਔਰ ਮੇਰਾ ਅਨੁਮਾਨ ਹੈ ਕਿ ਇਹ ਸਾਰਿਆਂ ਜ਼ਿਲ੍ਹਿਆਂ ਵਿਚ ਸ਼ੁਰੂ ਕੀਤੀਆਂ ਗਈਆਂ ਹਨ ਲੇਕਿਨ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ, ਔਰ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਦੇ ਵਾਸਤੇ ਪੈਸਾ ਬਹੁਤ ਘੱਟ ਰੱਖਿਆ ਗਿਆ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਖਜ਼ਾਨਾ ਮੰਤਰੀ ਜੀ ਨੂੰ ਕਹਿ ਕੇ ਇਨ੍ਹਾਂ ਰਕਮਾਂ ਵਿਚ ਹੋਰ ਬਹੁਤ ਸਾਰਾ ਵਾਧਾ ਕਰਨ ਤਾਂ ਹੀ ਇਸ ਦਾ ਕੋਈ ਲਾਭ ਹੋ ਸਕਦਾ ਹੈ। (ਵਿਘਨ) ਪਹਿਲਾਂ ਸੈਂਟਰ ਤੋਂ ਪੈਸੇ ਆਉਂਦੇ ਸੀ ਔਰ ਸੈਂਟਰ ਸਰਕਾਰ ਨੇ ਇਹ ਰਕਮ ਥੋੜ੍ਹੀ ਦਿੱਤੀ ਸੀ ਲੇਕਿਨ ਪੰਜਾਬ ਸਰਕਾਰ ਨੇ

**Expunged as ordered by the Chair.

Original with: Punjab Vidhan Sabha
Digitized by: Panjab Digital Library

ਦੂਸਰਿਆਂ ਰਿਸੋਰਸਿਜ਼ ਤੋਂ ਇਸ ਪਾਸੇ ਵਲ ਪੈਸੇ ਲਾਏ ਹਨ । ਇਨ੍ਹਾਂ ਏਜੰਸੀਆਂ ਵਿਚ ਕਿਤੇ ਕਰੋੜ ਰੁਪਿਆ ਰੱਖਿਆ ਹੈ, ਕਿਤੇ 40,000 ਰੁਪਿਆ ਰੱਖਿਆ ਹੈ । ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਜਿਹੜੇ ਇਕਨਾਮੀਕਲੀ ਬੈਕਵਰਡ ਹਨ ਉਨ੍ਹਾਂ ਦੇ ਵਾਸਤੇ ਇਹ ਪੈਸਾ ਰੱਖਿਆ ਗਿਆ ਹੈ ਪਰ ਇਹ ਪੈਸਾ ਥੋੜ੍ਹਾ ਹੈ ਅਤੇ ਇਸ ਵਿਚ ਹੋਰ ਵਾਧਾ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਕੰਡੀ ਦੇ ਏਰੀਆ ਦੇ ਵਿਚ ਡਿਵੈਲਪਮੈਂਟ ਹੋਣੀ ਬੜੀ ਔਖੀ ਹੈ । ਉਥੇ ਪਾਣੀ ਮੁਸ਼ਕਲ ਨਾਲ ਮਿਲਦਾ ਹੈ, ਪਾਣੀ ਡੂੰਘਾ ਹੈ, ਜ਼ਮੀਨ ਲੈਵਲ ਨਹੀਂ । ਜਿਹੜਾ ਸਪੀਕਰ ਸਾਹਿਬ, ਫਲੱਡ ਕੰਟਰੋਲ ਦੇ ਲਈ 5 ਕਰੋੜ ਰੁਪਿਆ ਰੱਖਿਆ ਹੈ ਜੇ ਇਸੇ ਤਰ੍ਹਾਂ ਹੀ ਕੰਡੀ ਏਰੀਆ ਵਿਚ ਜੰਗਲਾਤ ਦੀ ਹਾਲਤ ਰਹੀ ਔਰ ਦਰੱਖਤ ਕੱਟੇ ਗਏ ਤਾਂ ਉਧਰੋਂ ਹੋਰ ਰੇਤ ਆਏਗੀ, ਪੱਥਰ ਆਏਗਾ ਅਤੇ ਪਲੇਨਜ਼ ਵਿਚ ਹੋਰ ਫਲੱਡ ਆਉਣਗੇ ਔਰ ਇਹ ਜਿਹੜੀ ਫਲੱਡ ਕੰਟਰੋਲ ਵਾਸਤੇ ਰਕਮ ਰੱਖੀ ਗਈ ਹੈ ਇਹ ਜ਼ਾਇਆ ਹੋਵੇਗੀ । ਇਸ ਲਈ ਜੇ ਇਸ ਗੱਲ ਵਲ ਧਿਆਨ ਨਹੀਂ ਦੇਵਾਂਗੇ ਤਾਂ ਇਸ ਦਾ ਕੋਈ ਲਾਭ ਨਹੀਂ ਹੋਵੇਗਾ । (ਵਿਘਨ) ਇਸ ਲਈ ਮੇਰੀ ਸਰਕਾਰ ਅੱਗੇ ਬੇਨਤੀ ਹੈ ਕਿ ਉਹ ਇਸ ਪਾਸੇ ਵਲ ਵੀ ਆਪਣਾ ਧਿਆਨ ਦੇਵੇ ।

ਸਪੀਕਰ ਸਾਹਿਬ, ਮੈਂ ਇਕ ਬੇਨਤੀ ਇਹ ਕਰਾਂਗਾ ਕਿ ਸਾਡੀ ਜਿਹੜੀ ਵੈਜੀਟੇਬਲ ਕਰਾਪ ਹੈ ਉਹ ਕਾਫੀ ਐਕਸਪੋਰਟ ਹੋ ਸਕਦੀ ਹੈ । ਪਿਆਜ਼ ਦਾ ਭਾਅ ਪਿੱਛੇ ਕਾਫੀ ਵੱਧ ਗਿਆ ਸੀ ਕਿਉਂਕਿ ਇਹ ਐਕਸਪੋਰਟ ਹੋਣਾ ਸੀ । ਪੰਜਾਬ ਆਲੂ ਅਤੇ ਪਿਆਜ਼ ਕਾਫੀ ਪੈਦਾ ਕਰ ਸਕਦਾ ਹੈ ਅਤੇ ਇਸ ਦੀ ਇਥੋਂ ਪੰਜਾਬ ਵਿਚੋਂ ਕਾਫੀ ਐਕਸਪੋਰਟ ਹੋ ਸਕਦੀ ਹੈ । ਤੁਹਾਨੂੰ ਪਤਾ ਹੈ ਕਿ Bangalore ਦੇ ਵਿਚੋਂ ਵੈਜੀਟੇਬਲ Seeds ਯੂਰਪ ਨੂੰ ਜਾਂਦਾ ਹੈ । ਪਹਿਲਾਂ ਅਸੀਂ ਇਸ ਪਾਸੇ ਵਲ ਕੋਈ ਖਾਸ ਧਿਆਨ ਨਹੀਂ ਦਿੱਤਾ । ਜੇ ਹੁਣ ਇਸ ਪਾਸੇ ਵਲ ਕੋਈ ਧਿਆਨ ਦਿੱਤਾ ਜਾਵੇ ਤਾਂ ਸਾਡੀ ਜੋ ਵੈਜੀਟੇਬਲ ਕਰਾਪਸ ਹੈ ਉਹ ਅਸੀਂ ਕਾਫੀ ਐਕਸਪੋਰਟ ਕਰ ਸਕਦੇ ਹਾਂ । ਜੇ ਇਸ ਦੇ ਲਈ ਸੈਪਰੇਟ ਏਜੰਸੀ ਬਣਾ ਦਿੱਤੀ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਸ ਪਾਸੇ ਵਲ ਪੰਜਾਬ ਦੀ ਹੋਰ ਜ਼ਿਆਦਾ ਤਰੱਕੀ ਹੋ ਸਕਦੀ ਹੈ । (ਘੰਟੀ)

**ਸ੍ਰੀ ਸਪੀਕਰ** : ਹੋਰ ਡਿਮਾਂਡਜ਼ ਦੇ ਬਾਰੇ ਵੀ ਕੁਝ ਕਹਿ ਲਓ, ਕੈਪਟਨ ਸਾਹਿਬ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਹੁਣੇ ਪਾਵਰ ਵਲ ਵੀ ਆਉਂਦਾ ਹਾਂ । ਜਿਸ ਤਰ੍ਹਾਂ ਫ਼ਾਈਨਾਂਸ ਮਨਿਸਟਰ ਸਾਹਿਬ ਨੂੰ ਸਾਰਿਆਂ ਵਲੋਂ ਵਧਾਈ ਮਿਲੀ ਹੈ, ਮੈਂ ਵੀ ਉਨ੍ਹਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਕੋਈ ਐਸਾ ਫ਼ਾਈਨਾਂਸ ਮਨਿਸਟਰ ਨਹੀਂ ਮਿਲਿਆ ਜਿਸ ਨੇ ਪੰਜ ਬਜਟ ਪੇਸ਼ ਕੀਤੇ ਹੋਣ । ਸ਼ਰਮਾ ਜੀ ਨੂੰ ਇਸ ਗੱਲ ਦਾ ਫਖ਼ਰ ਹਾਸਲ ਹੈ ਕਿ ਉਨ੍ਹਾਂ ਨੇ ਇਸ ਹਾਊਸ ਵਿਚ ਪੰਜ ਬਜਟ ਪੇਸ਼ ਕੀਤੇ ਹਨ । (ਵਿਘਨ)

**ਸ੍ਰੀ ਸਪੀਕਰ** : ਤੁਸੀਂ ਛੇਵਾਂ ਬਜਟ ਪੇਸ਼ ਕਰਨ ਲਈ ਹੁਣ ਪ੍ਰਾਰਥਨਾ ਕਰੋ ।

**ਕੈਪਟਨ ਰਤਨ ਸਿੰਘ** : ਹੁਣ, ਸਪੀਕਰ ਸਾਹਿਬ, ਮੈਂ ਪਾਵਰ ਵਲ ਆਉਂਦਾ ਹਾਂ । ਜਿਹੜੇ ਕਾਗਜ਼ ਸਾਨੂੰ ਦਿੱਤੇ ਗਏ ਹਨ ਇਸ ਦੇ ਵਿਚ ਪਾਵਰ ਬਾਰੇ ਹਾਈਟਲੀ ਐਡਮਿਟ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਕੀਤਾ ਗਿਆ ਹੈ ਕਿ 1973 ਦੇ ਵਿਚ ਡਿਮਾਂਡ ਜਿਹੜੀ ਸੀ ਉਹ 696 ਮੈਗਾਵਾਟ ਸੀ ਭਾਵੇਂ ਇਸ ਦੀ ਸਪਰੈਸਡ ਡਿਮਾਂਡ ਸੀ ਪਰਨੈਟ ਅਵੇਲੇਬਿਲਟੀ ਜੋ ਸੀ ਉਹ 479 ਮੈਗਾਵਾਟ ਸੀ ਯਾਨੀ ਮਾਈਨਸ 217 ਮੈਗਾਵਾਟ ਸੀ । ਉਸ ਤੋਂ ਬਾਅਦ ਇਸ ਦੀ ਪੋਜ਼ੀਸ਼ਨ ਕੁਝ ਚੰਗੀ ਦਿੱਸਦੀ ਹੈ । 1977-78 ਵਿਚ ਜਿਹੜੀ ਪਰੋਡਕਸ਼ਨ ਦੱਸੀ ਹੈ ਉਸ ਦੇ ਮੁਤਾਬਕ ਦਸਿਆ ਹੈ ਕਿ 994 ਮੈਗਾਵਾਟ ਦੀ ਡੀਮਾਂਡ ਹੈ ਅਤੇ 990 ਮੈਗਾਵਾਟ ਅਸੀਂ ਜੈਨਰੇਟ ਕਰ ਲਵਾਂਗੇ ਯਾਨੀ ਮਾਈਨਸ 4 ਰਹਿ ਜਾਵੇਗੀ । ਇਹ ਤਾਂ ਠੀਕ ਹੈ ਔਰ 1978-79 ਤਕ ਠੀਕ ਹੈ । (ਵਿਘਨ) ਜਿਹੜਾ ਪੈਸਾ ਰੱਖਿਆ ਗਿਆ ਹੈ ਇਸ ਦੇ ਵਾਸਤੇ ਉਹ 90 ਕਰੋੜ ਰੁਪਿਆ ਰੱਖਿਆ ਗਿਆ ਹੈ । 1972 ਤੋਂ ਬਾਅਦ ਚੀਫ ਮਨਿਸਟਰ ਸਾਹਿਬ ਨੇ ਆਪਣੀਆਂ ਗਵਾਂਢੀ ਸਟੇਟਸ ਨਾਲ ਗੱਲ ਬਾਤ ਕਰਕੇ, ਮਿਲਵਰਤਣ ਕਰਕੇ ਅਤੇ ਸਮਝੌਤਾ ਕਰਕੇ ਪਾਵਰ ਲੈਣ ਲਈ ਬੜਾ ਕੰਮ ਕੀਤਾ ਹੈ ਜਿਸ ਦੇ ਲਈ ਇਹ ਵਧਾਈ ਦੇ ਹੱਕਦਾਰ ਹਨ । ਲੇਕਿਨ, ਸਪੀਕਰ ਸਾਹਿਬ, ਇਹ ਗੱਲ ਮੈਂ ਦੱਸਣੀ ਚਾਹੁੰਦਾ ਹਾਂ ਕਿ ਜੋ ਪਾਵਰ ਸਾਡੇ ਕੋਲ ਹੈ ਉਹ ਅਸੀਂ ਇੰਡਸਟਰੀ ਨੂੰ ਜ਼ਿਆਦਾ ਦਿੰਦੇ ਹਾਂ ਲੇਕਿਨ ਐਗਰੀਕਲਚਰ ਨੂੰ ਅੱਜ ਵੀ ਘੱਟ ਪਾਵਰ ਮਿਲਦੀ ਹੈ ਜਿਹੜੀ ਕਿ ਨਾਮੁਨਾਸਬ ਗੱਲ ਹੈ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਗੱਲ ਵਲ ਆਪਣਾ ਧਿਆਨ ਦੇਵੇ । ਇੰਡਸਟਰੀ ਔਰ ਐਗਰੀਕਲਚਰ ਵਿਚ ਅਗਰ ਕੋਈ ਅਸੀਂ ਰਿਆਇਤ ਦੇ ਸਕਦੇ ਹਾਂ ਤਾਂ ਪਾਵਰ ਵਿਚ ਹੀ ਦੇ ਸਕਦੇ ਹਾਂ । ਪਾਵਰ ਦਾ ਭਾਅ ਅੱਗੇ ਨਾਲੋਂ ਵਧਾਇਆ ਹੈ, ਜ਼ਿਆਦਾ ਕੀਤਾ ਹੈ । ਮੈਂ ਮੁੱਖ ਮੰਤਰੀ ਜੀ ਦੇ ਪਾਸ ਬੇਨਤੀ ਕਰਾਂਗਾ ਕਿ ਇਸ ਨੂੰ ਕੁਝ ਘਟਾ ਦਿਉ । ਇੰਡਸਟਰੀ ਤਾਂ ਹੀ ਡਿਵੈਲਪ ਹੋ ਸਕਦੀ ਹੈ, ਐਗਰੀਕਲਚਰ ਤਾਂ ਹੀ ਡਿਵੈਲਪ ਹੋ ਸਕਦੀ ਹੈ ਜੇ ਸਾਡੇ ਕੋਲ ਪਾਵਰ ਜ਼ਿਆਦਾ ਹੋਵੇਗੀ ....(ਵਿਘਨ)

**ਸਰਦਾਰ ਪ੍ਰਿਥੀਪਾਲ ਸਿੰਘ** : ** ** ** (ਵਿਘਨ)

**Mr. Speaker** : This is no point of order.

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਕਲੀਅਰ ਕਰਨਾ ਚਾਹੁੰਦਾ ਹਾਂ ਕਿਉਂਕਿ ਇਹ ਮੈਂਬਰ ਸਾਹਿਬ ਨਵੇਂ ਆਏ ਹਨ । ਪਾਵਰ ਆਪੇ ਨਹੀਂ ਆਉਂਦੀ.... (ਵਿਘਨ) ਜਿੰਨਾ ਚਿਰ ਗਿਆਨੀ ਜੀ ਮੁੱਖ ਮੰਤਰੀ ਸਾਹਿਬ ਹਨ ਉਤਨਾ ਚਿਰ ਮੈਂ ਆਪਣੇ ਆਪ ਨੂੰ ਪਾਵਰ ਵਿਚ ਹੀ ਸਮਝਦਾ ਹਾਂ । (ਥੰਪਿੰਗ) ਜਿਹੜੀ ਮੈਂ ਪਾਵਰ ਦੀ ਗੱਲ ਕੀਤੀ ਹੈ ਉਹ ਮੈਂ ਬਿਜਲੀ ਦੀ ਪਾਵਰ ਦੀ ਗੱਲ ਕਰ ਰਿਹਾ ਸੀ । (ਵਿਘਨ)

ਸਪੀਕਰ ਸਾਹਿਬ, ਪੰਜਾਬ ਨੂੰ 2 ਚੀਜ਼ਾਂ ਨੇਚਰ ਨੇ ਦਿੱਤੀਆਂ ਹਨ । ਇਕ ਮੈਨ-ਪਾਵਰ ਅਤੇ ਦੂਸਰਾ ਗਰਾਊਂਡ-ਵਾਟਰ । ਮੈਨ-ਪਾਵਰ ਜਿਹੜੀ ਹੈ ਉਹ ਸਾਡੀ ਬੜੀ ਮਜ਼ਬੂਤ ਹੈ, ਬੜੀ ਚੰਗੀ ਹੈ । ਦੂਸਰਾ ਗਰਾਊਂਡ ਵਾਟਰ, ਜਿਹੜਾ ਪਹਾੜੀਆਂ ਦਾ ਪਾਣੀ ਆਉਂਦਾ ਸੀ ਉਹ ਪਹਿਲੇ ਲੀਡਰਾਂ ਨੇ ਵੰਡ ਕੇ ਸਾਡੇ ਸੂਬੇ ਦਾ ਹਿਮਾਚਲ ਨੂੰ ਦੇ ਦਿਤਾ । (ਵਿਘਨ)

---

**Expunged as ordered by the Chair.

Original with: Punjab Vidhan Sabha Digitized by: Panjab Digital Library

**ਸ੍ਰੀ ਸਪੀਕਰ** : ਕੈਪਟਨ ਸਾਹਿਬ, ਹੁਣ ਵਾਈਂਡ ਅਪ ਕਰ ਦਿਉ । ਤੁਹਾਡੀ ਪਾਰਟੀ ਦੇ 3-4 ਮਾਨਯੋਗ ਮੈਂਬਰਾਂ ਨੇ ਹੋਰ ਵੀ ਬੋਲਣਾ ਹੈ ਅਤੇ 12.30 ਤੇ ਮਨਿਸਟਰ ਸਾਹਿਬਾਨ ਨੇ ਜਵਾਬ ਵੀ ਦੇਣਾ ਹੈ । ਇਸ ਲਈ ਤੁਸੀਂ 2-4 ਮਿੰਟਾਂ ਵਿਚ ਹੀ ਆਪਣੀ ਸਪੀਚ ਵਾਈਂਡ ਅੱਪ ਕਰ ਦਿਉ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਸਾਡਾ ਵੀ ਇਕ ਮੈਂਬਰ ਬੋਲੇਗਾ ਜੀ । (ਵਿਘਨ)

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜਾ ਗਿਆਨੀ ਜੀ ਨੇ ਜੰਮੂ ਐਂਡ ਕਸ਼ਮੀਰ ਨਾਲ ਸਮਝੌਤਾ ਕੀਤਾ ਇਹ ਇਕ ਨੇਕ ਕਦਮ ਹੈ । ਹਿਮਾਚਲ ਨਾਲ ਕੋਸ਼ਿਸ਼ ਕਰਕੇ ਪਾਵਰ ਮੁੱਲ ਲੈ ਕੇ ਜੋ ਕੰਮ ਕੀਤਾ ਮੈਂ ਤਾਂ ਇਸ ਖਿਆਲ ਦਾ ਹਾਂ ਕਿ ਉਹ ਇਕ ਬੜਾ ਹੀ ਨੇਕ ਕਦਮ ਹੈ । ਇਸ ਪਾਸੇ ਹੋਰ ਜ਼ਿਆਦਾ ਤੇਜ਼ੀ ਨਾਲ ਕੰਮ ਕਰਕੇ ਪਾਵਰ ਜ਼ਿਆਦਾ ਕੀਤੀ ਜਾਵੇ ਤਾਂ ਕਿ ਇੰਡਸਟਰੀਜ਼ ਨੂੰ ਪਾਵਰ ਮਿਲ ਸਕੇ, ਐਗਰੀਕਲਚਰ ਨੂੰ ਪਾਵਰ ਹੋਰ ਮਿਲ ਸਕੇ । ਜੇ ਇੰਡਸਟਰੀਜ਼ ਐੇਰ ਐਗਰੀਕਲਚਰ ਨੂੰ ਅਸੀਂ ਪਾਵਰ ਜ਼ਿਆਦਾ ਦਿਆਂਗੇ ਤਾਂ ਹੀ ਅਸੀਂ ਤਰੱਕੀ ਕਰ ਸਕਦੇ ਹਾਂ । ਤਰੱਕੀ ਦੇ ਰਾਹ ਵਿਚ ਅਗਰ ਕੋਈ ਰੁਕਾਵਟ ਹੈ ਤਾਂ ਉਹ ਪਾਵਰ ਨਾ ਮਿਲਣ ਦੀ ਹੈ । ਮੈਂ ਇਸ ਸਬੰਧ ਵਿਚ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਵਲ ਹੋਰ ਜ਼ਿਆਦਾ ਧਿਆਨ ਦਿਉ ।

ਸਪੀਕਰ ਸਾਹਿਬ, ਫਲੱਡਜ਼ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ । ਮੈਨੂੰ ਖੁਸ਼ੀ ਹੈ ਕਿ ਇਸ ਦੇ ਵਾਸਤੇ ਪੈਸਾ ਰੱਖਿਆ ਗਿਆ ਹੈ ਲੇਕਿਨ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਫ਼ਾਈਨਾਂਸ ਸੈਕਟਰੀ ਜੋ ਹਨ ਇਸ ਦੇ ਵਿਚ ਸ਼ੱਕ ਨਹੀਂ ਕਿ ਬੜੀ ਮਿਹਨਤ ਉਨ੍ਹਾਂ ਨੇ ਕੀਤੀ ਹੈ, ਲੇਕਿਨ ਪਤਾ ਨਹੀਂ ਉਨ੍ਹਾਂ ਨੇ ਕਿਸ ਤਰ੍ਹਾਂ ਫਾਈਨੈਂਸ਼ਲ ਸਟੇਟਮੈਂਟ ਦੇ ਕਨਕਲੂਯਨ ਦੇ ਵਿਚ ਕਹਿ ਦਿੱਤਾ ਹੈ ।

On page 16 of the Annual Financial Statement and Explanatory memorandum it is written as under : —

> A point which requires emphasis is that the structure of the State taxes is such that tax revenues are not responsive adequately to growth in State income. This is largely attributable to a heavy reliance of the State Government on a few taxes whose elasticity to income is low. This also under-scores the importance of raising adequate revenues from such activities of the State Government which can be described and categorised as commercial. Losses on servicing of commercial activities amount to an indirect subsidy to the beneficiaries of those services.

ਸਪੀਕਰ ਸਾਹਿਬ, ਇਹ ਮੈਂ ਦੋਹਾਂ ਦੀ ਕੰਪੈਰੇਟਿਵ ਫ਼ਿੱਗਰ ਦੇਣੀ ਹੈ ਟੈਕਸਿਜ਼ ਦੀ । ਜਿਥੋਂ ਤਕ ਪੰਜਾਬ ਦਾ ਤੁਅੱਲਕ ਹੈ 1969-70 ਵਿਚ ਜਿਹੜੀ ਸਾਡੀ ਟੋਟਲ ਟੈਕਸ ਰਿਸੀਟ ਸੀ ਉਹ ਸੀ 75.85 ਕਰੋੜ ਐਰ 1976-77 ਵਿਚ ਇਹ 200.52 ਕਰੋੜ ਹੈ । ਪਰਸੈਂਟੇਜ ਆਫ਼ ਕੁਲੈਕਸ਼ਨ ਅਤੇ ਖ਼ਰਚ ਜਿਹੜਾ ਹੋਇਆ ਹੈ ਉਹ 1969-70 ਵਿਚ 3.93% ਅਤੇ ਹੁਣ 3.15% ਹੈ । ਇਸ ਦਾ ਮਤਲਬ ਇਹ ਹੈ ਕਿ ਸਾਡੀ ਟੈਕਸ ਕੁਲੈਕਸ਼ਨ ਏਜੰਸੀ ਨੇ ਬੜਾ ਐਫੀਸ਼ੈਂਟਲੀ ਕੰਮ ਕੀਤਾ ਹੈ । ਇਹ ਟੈਕਸ ਰੇਜ਼ ਹੋਏ ਹਨ । ਜਿਥੇ ਸਾਡੀ ਐਕਸਾਈਜ਼ ਡਿਊਟੀ 1969-70 ਵਿਚ 23 ਕਰੋੜ ਸੀ ਅੱਜ 70 ਕਰੋੜ ਹੈ । ਇਹ 23 ਤੋਂ 70 ਕਰੋੜ ਹੋਈ ਹੈ । ਇਸ ਦੇ ਅੱਗੇ ਹੈ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਟੈਕਸ ਆਨ ਵੈਹੀਕਲਜ਼। ਸਾਡੀਆਂ ਸੜਕਾਂ ਬਣੀਆਂ 1969-70 ਵਿਚ 8 ਕਰੋੜ ਅਤੇ ਅੱਜ 14 ਕਰੋੜ ਹੈ। ਇਸੇ ਤਰ੍ਹਾਂ ਸੇਲਜ਼ ਟੈਕਸ 124 ਕਰੋੜ ਹੋ ਗਿਆ 50 ਕਰੋੜ ਤੋਂ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਟੈਕਸ ਬੜੇ ਹੈਵੀ ਹਨ ਪੰਜਾਬ ਵਿਚ। ਇਹ ਅੱਛੀ ਗੱਲ ਹੈ ਕਿ ਇਹ ਟੈਕਸ ਥੋੜ੍ਹੀਆਂ ਮੱਦਾਂ ਵਿਚ ਹਨ। ਮੈਂ ਇਹ ਕਹਾਂਗਾ ਕਿ ਜਿੰਨੇ ਡਾਇਰੈਕਟ ਟੈਕਸ ਕਰ ਸਕੇ ਹਨ ਇਹ ਅੱਛਾ ਹੈ।

ਇਸ ਤੋਂ ਅੱਗੇ ਮੈਂ 20 ਪੁਆਇੰਟ ਪ੍ਰੋਗਰਾਮ ਤੇ ਆਉਂਦਾ ਹਾਂ। ਜਿਸ ਤਰ੍ਹਾਂ ਜੂਨ, 1975 ਤੋਂ ਪਹਿਲਾਂ ਜੋ ਅਵਸਥਾ ਸੀ ਦੇਸ਼ ਦੀ ਕਿ ਜਿਸ ਤਰ੍ਹਾਂ ਕਈ ਸਮਝਦੇ ਸਨ ਕਿ ਕੰਟਰੋਲ ਨਹੀਂ ਕਰ ਸਕਦੇ ਅਤੇ ਜੋ ਬੰਗਲਾ ਦੇਸ਼ ਦੇ ਹਾਲਾਤ ਹੋਏ ਹਨ ਉਹ ਹੋਣੇ ਸੀ। ਸਾਡੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਬਰਵਕਤ ਸਟੈਂਡ ਲਿਆ ਅਤੇ ਸਾਡੇ ਮੁੱਖ ਮੰਤਰੀ ਜੀ ਨੇ ਜੋ ਸਪੋਰਟ ਦਿੱਤੀ ਉਸ ਵਕਤ ਸਾਡਾ ਦੇਸ਼ ਬੱਚ ਗਿਆ ਅਤੇ ਇਸ ਜਗ੍ਹਾ ਤੇ ਪਹੁੰਚਿਆ। ਕਿਉਂ ਪਹੁੰਚਿਆ, ਕਿਉਂਕਿ ਇੰਪਲੀਮੈਂਟੇਸ਼ਨ ਵਿਚ ਢਿੱਲ ਹੋ ਗਈ ਸੀ। ਅੱਜ ਮੌਕਾ ਹੈ। ਅਨੁਸ਼ਾਸਨ ਹੈ, ਡਿਸਿਪਲਿਨ ਹੈ ਇਸ ਵਿਚ ਇੰਪਲੀਮੈਂਟੇਸ਼ਨ ਦਾ ਕੰਮ ਤੇਜ਼ ਹੋਵੇ। ਇਹ 20 ਪੁਆਇੰਟ ਜਿਹੜਾ ਪ੍ਰੋਗਰਾਮ ਹੈ, ਜਿਸ ਤਰ੍ਹਾਂ ਕੱਲ ਗੌਰਮਿੰਟ ਵਲੋਂ ਕਿਹਾ ਗਿਆ ਸੀ ਕਿ ਇਹ ਸਾਡਾ ਔਬਜੈਕਟਿਵ ਨਹੀਂ ਹੈ ਅਤੇ ਸਾਡਾ ਔਬਜੈਕਟਿਵ ਸਮਾਜਵਾਦ ਹੈ। ਉਸ ਦੇ ਲਈ ਇਹ 20 ਪੁਆਇੰਟ ਪ੍ਰੋਗਰਾਮ ਕਾਫ਼ੀ ਨਹੀਂ। ਇਹ ਤਾਂ ਸਿਰਫ ਸਾਰਿਆਂ ਨੂੰ ਦਿਮਾਗੀ ਤੌਰ ਤੇ ਤਿਆਰ ਕਰਨਾ ਹੈ। ਇਹ 20 ਪੁਆਇੰਟ ਪ੍ਰੋਗਰਾਮ ਸਿਰਫ ਇਸ ਕਰਕੇ ਹੈ। ਇਹ ਸਾਡੇ ਕਮਿਊਨਿਸਟ ਭਰਾ ਕਹਿ ਦਿੰਦੇ ਹਨ ਕਿ ਇਹ ਘੱਟ ਹੈ, ਉਹ ਘੱਟ ਹੈ। ਅਗਰ ਉਨ੍ਹਾਂ ਦੀਆਂ ਗੱਲਾਂ ਕਰ ਲਈਏ ਤਾਂ ਇਹ ਇੰਪਰੈਕਟੀਕਲ ਹਨ। ਸਾਨੂੰ ਪਤਾ ਹੈ ਕਿ ਹਿੰਦੁਸਤਾਨ ਦੀ ਨਬਜ਼ ਕੀ ਹੈ ਅਤੇ ਕਿਸ ਤਰ੍ਹਾਂ ਆਪਣੇ ਟੀਚੇ ਤੇ ਪਹੁੰਚ ਸਕਦੇ ਹਾਂ।

ਰਿਫਾਰਮਜ਼ ਆਫ ਲੈਂਡ ਹੈ। ਲੈਂਡ ਰਿਫਾਰਮਜ਼ ਇਸ ਦਾ ਮਤਲਬ ਹੱਲ ਨਹੀਂ ਕਰ ਸਕਦਾ। ਇਹ ਉਸ ਵਕਤ ਹੋਵੇਗਾ ਜਦ ਤਕ ਸਾਡੀ ਪ੍ਰਾਈਵੇਟ ਪ੍ਰਾਪਰਟੀ ਨੈਸ਼ਨੇਲਾਈਜ਼ ਨਹੀਂ ਹੋ ਜਾਂਦੀ। ਮੈਂ ਸਮਝਦਾ ਹਾਂ ਕਿ ਇਸ ਪਾਰਟੀ ਦੇ ਮੁੱਖ ਮੰਤਰੀ ਦੀ ਲੀਡਰਸ਼ਿਪ ਅਤੇ ਉਪਰ ਪ੍ਰਧਾਨ ਮੰਤਰੀ ਜੀ ਦੀ ਲੀਡਰਸ਼ਿਪ ਇਸ ਪਾਸੇ ਵਲ ਦੇਸ਼ ਨੂੰ ਲਿਜਾ ਰਹੀ ਹੈ। ਸਾਨੂੰ ਇਸ ਵਾਸਤੇ ਦਿਮਾਗੀ ਤੌਰ ਤੇ ਤਿਆਰ ਹੋ ਜਾਣਾ ਚਾਹੀਦਾ ਹੈ। ਇਸ 20 ਪੁਆਇੰਟ ਪ੍ਰੋਗਰਾਮ ਦੀ ਜਗ੍ਹਾ ਕੱਲ ਨੂੰ 5 ਪੁਆਇੰਟ ਪ੍ਰੋਗਰਾਮ ਹੋ ਜਾਏਗਾ ਪਰ ਇਹ ਸਾਡਾ ਟੀਚਾ ਤਾਂ ਪੂਰਾ ਹੋਵੇਗਾ ਜਦੋਂ ਪ੍ਰਾਈਵੇਟ ਪ੍ਰਾਪਰਟੀ ਹਮੇਸ਼ਾਂ ਹਮੇਸ਼ਾਂ ਲਈ ਖ਼ਤਮ ਕਰ ਦਿਤੀ ਜਾਏ। ਸਮਾਜਵਾਦ ਬਾਰੇ ਸਾਡੇ ਗੁਰੂਆਂ ਨੇ ਕਿਹਾ ਹੈ ਅਤੇ ਦੋ ਸ਼ਬਦਾਂ ਵਿਚ ਮੁਕਾਇਆ ਹੈ, "ਵੰਡ ਛਕਣਾ"। ਸਹੀ ਸਮਾਜਵਾਦ ਲਈ ਮੈਂ ਸਮਝਦਾ ਹਾਂ ਕਿ ਸਾਡੇ ਪੰਜਾਬ ਨੂੰ ਲੀਡ ਦੇਣੀ ਚਾਹੀਦੀ ਹੈ ਜਿਸ ਤਰ੍ਹਾਂ ਅੱਗੇ ਦਿੱਤੀ ਹੈ। ਮੈਂ ਕਹਿੰਦਾ ਹਾਂ ਕਿ ਜਿੰਨੀਆਂ ਡਿਮਾਂਡਜ਼ ਸਰਕਾਰ ਨੇ ਰਖੀਆਂ ਹਨ ਇਹ ਸਾਨੂੰ ਸਾਰਿਆਂ ਨੂੰ ਖੁਸ਼ੀ ਨਾਲ ਪ੍ਰਵਾਨ ਕਰਨੀਆਂ ਚਾਹੀਦੀਆਂ ਹਨ ਔਰ ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਅੱਜ ਡਸਿਪਲਿਨ ਹੈ ਅਤੇ ਇਸ ਮੌਕੇ ਤੇ ਢਿੱਲ ਨਹੀਂ ਕਰਨੀ ਚਾਹੀਦੀ। ਜਿਹੜੀ ਤੇਜ਼ੀ ਜੂਨ, ਜੁਲਾਈ ਅਤੇ ਅਗਸਤ ਵਿਚ ਆਈ ਸੀ ਹੁਣ ਉਸ ਵਿਚ ਢਿੱਲ ਆਉਂਦੀ ਜਾ ਰਹੀ ਹੈ, ਇਹ ਢਿੱਲ ਨਹੀਂ ਆਉਣੀ ਚਾਹੀਦੀ। ਜਿਹੜੀਆਂ ਰਿਐਕਸ਼ਨਰੀ ਤਾਕਤਾਂ ਹਨ ਉਹ ਬੜੀਆਂ ਮਜ਼ਬੂਤ ਹਨ ਉਨ੍ਹਾਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਇੰਨਾਂ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਕੇ ਆਪਣੀ ਸੀਟ ਲੈਂਦਾ ਹਾਂ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅੱਛਰਾ ਸਿੰਘ**(ਰੂੜੀ) : ਸਪੀਕਰ ਸਾਹਿਬ, ਅੱਜ ਹਾਊਸ ਦੇ ਸਾਹਮਣੇ 4 ਮੰਗਾਂ ਹਨ 25, 37, 38 ਅਤੇ 40 ਜਿਨ੍ਹਾਂ ਵਾਸਤੇ ਸਰਕਾਰ ਨੇ ਪੈਸਾ ਮੰਗਿਆ ਹੈ । ਸਪੀਕਰ ਸਾਹਿਬ, ਸਾਡਾ ਸਿਰ ਫਖਰ ਨਾਲ ਉੱਚਾ ਹੁੰਦਾ ਹੈ ਜਿਹੜਾ ਸਾਡੀ ਕੌਮ ਦਾ ਅਨਾਜ ਦਾ ਭੰਡਾਰ ਹੈ ਉਸ ਵਿਚ ਸਾਡਾ ਬੜਾ ਹਿੱਸਾ ਹੈ ਔਰ ਇਸ ਦੇ ਦੋ ਕਾਰਨ ਹਨ । ਇਕ ਤਾਂ ਇਹ ਕਿ ਸਾਡੇ ਇਥੇ ਸਿੰਜਾਈ ਦੀਆਂ ਸਹੂਲਤਾਂ ਕਾਫੀ ਹਨ ਅਤੇ 70% ਰਕਬਾ ਜ਼ੇਰੇ ਕਾਸ਼ਤ ਹੈ ਔਰ ਦੂਸਰਾ ਸਾਡਾ ਪੰਜਾਬ ਦਾ ਕਿਸਾਨ ਬੜਾ ਮੇਹਨਤੀ ਹੈ ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਖੇਤੀਬਾੜੀ ਦੀ ਮੰਗ ਵਿਚ ਸਭ ਤੋਂ ਵੱਧ ਪੈਸਾ ਲਿਆ ਜਾ ਰਿਹਾ ਹੈ । ਖੇਤੀਬਾੜੀ ਔਰ ਲੈਂਡ ਰਿਫਾਰਮ ਵਿਚ ਕਈ ਚੰਗੀਆਂ ਗੱਲਾਂ ਹੋਈਆਂ । ਪਰ ਹਾਲੇ ਵੀ ਹੋਰ ਅਨਾਜ ਪੈਦਾ ਕਰਨ ਦੀ ਸ਼ਕਤੀ ਸਾਡੇ ਵਿਚ ਹੈ ਜਿਹੜੀ ਕਿ ਕਈ ਹੋਰ ਗੱਲਾਂ ਕਾਰਨ ਮੱਧਮ ਪਈ ਹੋਈ ਹੈ । ਇਹ, ਡਿਪਟੀ ਸਪੀਕਰ ਸਾਹਿਬ, ਮੈਂ ਨਹੀਂ ਕਹਿ ਰਿਹਾ ਇਹ ਸੈਂਟਰ ਦੀ ਐਗਰੀਕਲਚਰਲ ਮਨਿਸਟਰੀ ਦਾ ਇੰਪਰੈਸ਼ਨ ਹੈ । ਮੈਂ ਤੁਹਾਡਾ ਧਿਆਨ 'ਨਿਊ ਏਜ' ਵੱਲ ਦਿਵਾਉਂਦਾ ਹਾਂ :

"We have still not been able to generate enough Political will and mobilise public opinion to sustain land reform measures.," this observation is contained in the latest review prepared by the Agricultural Ministry on the progress of the implementation of land reform measures in the country since the proclamation of emergency on June last year.

ਔਰ ਜੇ ਇਸ ਤੋਂ ਅਗੇ ਚਲੀਏ :

"Only some weeks back the ruling Congress party took the decision to complete the distribution of the declared surplus land by June 30, 1976. But taking into account the latest reports from the States, the Agriculture Ministry feels that by all indications, it is unlikely that the announced time schedule of June, 1976 for completing the process of implementation can be adhered to."

ਜੇ ਪੰਜਾਬ ਦੀ ਹਾਲਤ ਜ਼ਮੀਨ ਸੁਧਾਰ ਵਲ ਵੇਖੀਏ ਤਾਂ ਪੰਜਾਬ ਸਰਕਾਰ ਕਹਿ ਸਕਦੀ ਹੈ ਕਿ 74 ਹਜ਼ਾਰ ਏਕੜ ਦਿੱਤੀ ਗਈ ਹੈ । ਪਰ ਪਿਛਲੀ ਵਾਰੀ ਸਾਡੀ ਜ਼ਮੀਨ ਸੁਧਾਰ ਕਮੇਟੀ ਨੇ 17 ਦਸੰਬਰ, 1975 ਨੂੰ ਮੰਨਿਆ ਸੀ ਕਿ 5 ਹਜ਼ਾਰ ਏਕੜ ਦੇ ਕਬਜ਼ੇ ਦਿੱਤੇ ਗਏ ਹਨ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਸੈਂਟਰ ਦੀ ਔਰ ਸਮਾਜਿਕ ਇਨਸਾਫ ਦੀ ਮੰਗ ਹੈ ਕਿ ਪੈਦਾਵਾਰ ਵਧਾਉਣ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਜਾਏ ਇਸ ਦੇ ਲਈ ਜਿਹੜੀ ਢਿੱਲ ਹੈ ਇਹ ਬੜੀ ਮੁਜਰਮਾਨਾ ਹੈ ਔਰ ਇਸ ਦੇ ਲਈ ਕੋਈ ਠੀਕ ਪ੍ਰੋਸੀਜਰ ਅਖਤਿਆਰ ਕਰਨਾ ਚਾਹੀਦਾ ਹੈ । ਸ੍ਰੀ ਬਰੂਆ ਜੋ ਕਿ ਰੂਲਿੰਗ ਕਾਂਗਰਸ ਦੇ ਪ੍ਰੈਜ਼ੀਡੈਂਟ ਹਨ ਉਨ੍ਹਾਂ ਦੀਆਂ ਕਈ ਹਦਾਇਤਾਂ ਹਨ ਪਰ ਉਨ੍ਹਾਂ ਦੇ ਬਾਵਜੂਦ ਵੀ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ । ਮੈਂ ਬੇਨਤੀ ਕਰਾਂਗਾ ਕਿ ਇਸ ਜ਼ਰੂਰੀ ਮਸਲੇ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਇਸ ਦੇ ਨਾਲ ਜਿਹੜੀ ਖੇਤੀ ਬਾੜੀ ਦੀ ਤਰੱਕੀ ਹੋਣ ਵਾਲੀ ਹੈ ਉਸੇ ਦੇ ਵਿਚ ਸਾਡੀ ਸੁਰੱਖਿਆ ਹੈ । ਇਸ ਤੋਂ ਅੱਗੇ ਜਿਹੜਾ ਕਿਸਾਨੀ ਨੂੰ ਦਰਪੇਸ਼ ਬੜਾ ਅਹਿਮ ਮਸਲਾ ਹੈ, ਉਸ ਬਾਰੇ ਅਰਜ਼ ਕਰਾਂਗਾ । ਇਹ ਜਿਹੜੀਆਂ ਕੈਸ਼ ਕਰਾਪਸ ਦੀਆਂ ਕੀਮਤਾਂ ਹਨ, ਇਹ ਬੜਾ ਭਾਰੀ ਮਸਲਾ ਹੈ ਜਿਹੜਾ ਕਿ ਕਿਸਾਨੀ ਨੂੰ ਦਰਪੇਸ਼ ਹੈ । ਇਨ੍ਹਾਂ ਫਸਲਾਂ ਵਿਚ ਨਰਮਾ, ਕਮਾਦ ਅਤੇ ਆਲੂਆਂ ਦੀਆਂ ਫਸਲਾਂ ਸ਼ਾਮਿਲ ਕੀਤੀਆਂ ਹਨ । ਜੇ ਮੰਡੀਆਂ ਵਿਚੋਂ ਕੋਟੇਸ਼ਨਾਂ ਲਈਆਂ ਜਾਣ ਅਤੇ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅੱਛਰਾ ਸਿੰਘ]

ਦਾ ਮੁਕਾਬਲਾ ਪਿਛਲੇ ਸਾਲ ਦੀਆਂ ਕੀਮਤਾਂ ਨਾਲ ਕੀਤਾ ਜਾਵੇ ਤਾਂ ਕਪਾਹ ਦਾ ਭਾਅ ਤਾਂ ਬਿਲਕੁਲ ਅੱਧਾ ਰਹਿ ਗਿਆ ਹੈ ਅਤੇ ਕਿਸਾਨੀ ਦੀ ਹਾਲਤ ਬੜੀ ਤਰਸਯੋਗ ਹੈ। ਇਸ ਦੇ ਨਾਲ ਆਲੂਆਂ ਦੀ ਹਾਲਤ ਲੈ ਲਵੋ, ਇਸ ਦਾ ਭਾਅ 19 ਰੁਪਏ ਕੁਇੰਟਲ ਹੈ। ਇਸ ਦੇ ਨਾਲ ਹੀ ਮੈਂ ਗੰਨੇ ਬਾਰੇ ਕਹਿਣਾ ਚਾਹੁੰਦਾ ਹਾਂ। ਸਰਕਾਰ ਨੇ ਸਦਨ ਵਿਚ ਇਕ ਬੜਾ ਭਾਰਾ ਭਰੋਸਾ ਵੀ ਦਵਾਇਆ ਸੀ ਕਿ ਗੰਨੇ ਦਾ ਭਾਅ 14 ਰੁਪਏ 35 ਪੈਸੇ ਫੀ ਕੁਇੰਟਲ ਹੋਵੇਗਾ ਪਰ ਇਸ ਤੇ ਅਮਲ ਨਹੀਂ ਹੋਇਆ ਅਤੇ ਸਰਕਾਰ ਵਲੋਂ ਇਸ ਬਾਰੇ ਆਸ਼ਵਾਸਨ ਦਵਾਉਣ ਦੇ ਬਾਵਜੂਦ ਨਹੀਂ ਕਰ ਰਹੇ। ਧੂਰੀ ਅਤੇ ਫਗਵਾੜਾ ਮਿੱਲਾਂ ਹਨ, ਅਤੇ ਇਹ ਸਾਰੇ ਪੰਜਾਬ ਦਾ ਮਸਲਾ ਹੈ। ਪੰਜਾਬ ਦੀ ਕਿਸਾਨ ਸਭਾ ਜਾਂ ਹੋਰ ਕਿਸਾਨ ਜਥੇਬੰਦੀਆਂ ਵਲੋਂ ਇਹ ਤਜਵੀਜ਼ ਆਈ ਹੈ ਕਿ ਜਦੋਂ ਤਕ ਫ਼ਸਲ ਦੇ ਆਉਣ ਦਾ ਖਰਚ, ਆਲੂਆਂ ਦੀ ਫ਼ਸਲ ਜਾਂ ਗੰਨੇ ਜਾਂ ਹੋਰ ਫ਼ਸਲਾਂ ਦਾ ਖ਼ਰਚ ਕੀਮਤ ਨਾਲ ਨਹੀਂ ਜੋੜਿਆ ਜਾਂਦਾ, ਉਦੋਂ ਤਕ ਗ਼ਰੀਬ ਕਿਸਾਨਾਂ ਨੂੰ ਇਨਸਾਫ ਨਹੀਂ ਦਿੱਤਾ ਜਾ ਸਕਦਾ। ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ "ਮਾਰਕਿਟ ਡਿਮਾਂਡ ਐਂਡ ਸਪਲਾਈ" ਵਾਲੀ ਗੱਲ ਹੈ, ਉਸ ਦੇ ਮੁਤਾਬਿਕ ਭਾਅ ਮੁਕੱਰਰ ਹੁੰਦਾ ਹੈ, ਇਸ ਦੇ ਨਾਲ ਕਿਸਾਨ ਨੂੰ ਨੁਕਸਾਨ ਹੁੰਦਾ ਹੈ, ਉਹ ਵਿਚਾਰਾ ਆਪਣੀ ਗੁਰਬਤ ਕਰਕੇ, ਮਜਬੂਰ ਹੋ ਕੇ ਆਪਣੀ ਫ਼ਸਲ ਨੂੰ ਵੇਚਦਾ ਹੈ, ਉਸ ਨੇ ਵੀ ਰੋਟੀ ਖਾਣੀ ਹੁੰਦੀ ਹੈ। ਇਸ ਕਰਕੇ ਮੈਂ ਸਰਕਾਰ ਅੱਗੇ ਬੇਨਤੀ ਕਰਾਂਗਾ ਕਿ ਇਸ ਬਾਰੇ ਵੀ ਸਰਕਾਰ ਵਲੋਂ ਪੂਰੇ ਯਤਨ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਕਿਸਾਨਾਂ ਦੇ ਗ਼ਰੀਬ ਤਬਕੇ ਨੂੰ ਵੀ ਇਨਸਾਫ ਮਿਲੇ। ਇਸ ਦੇ ਨਾਲ ਹੀ ਅਸੀਂ ਵੇਖ ਰਹੇ ਹਾਂ ਕਿ ਜਿਹੜਾ ਫ਼ਸਲਾਂ ਨੂੰ ਪੈਦਾ ਕਰਨ ਵਿਚ ਜ਼ਿਆਦਾ ਹਿੱਸਾ ਹੈ, ਉਸ ਦੇ ਨਾਲ ਖਾਦ ਨੂੰ ਜੋੜਿਆ ਹੋਇਆ ਹੈ, ਸਪੇਅਰ ਪਾਰਟਸ ਦਾ ਹਿੱਸਾ ਹੈ ਇੰਜਨਾਂ ਦਾ ਹਿੱਸਾ ਹੈ। ਇਸ ਬਾਰੇ ਤੁਸੀਂ ਵੇਖੋਗੇ ਕਿ ਟਰੈਕਟਰ ਦੀ ਕੀਮਤ ਪਿਛਲੇ ਦਿਨਾਂ ਵਿਚ ਦੋ-ਤਿੰਨ ਵਾਰੀ ਚੜ੍ਹ ਗਈ। ਖਾਦ, ਡੀ.ਏ.ਪੀ. 200 ਰੁਪਏ ਕੁਇੰਟਲ ਵਿਕਦੀ ਸੀ—ਇਹ ਖੁਸ਼ੀ ਦੀ ਗੱਲ ਹੈ ਕਿ ਸਰਕਾਰ ਨੇ ਇਸ ਪਾਸੇ ਵਲ ਸੋਚਣਾ ਸ਼ੁਰੂ ਕੀਤਾ ਹੈ ਅਤੇ ਇਸ ਦੀ ਕੀਮਤ 10—15 ਰੁਪਏ ਕੁਇੰਟਲ ਡਿਕਰੀਜ਼ ਤੇ ਆਈ ਹੈ।

ਪਿਛਲੇ ਹਫ਼ਤੇ ਇਕ ਸੈਂਟਰ ਦੇ ਵਜ਼ੀਰ ਸਾਹਿਬ, ਮਨਿਸਟਰ ਆਫ਼ ਕੈਮੀਕਲਜ਼ ਦਾ ਬਿਆਨ ਆਇਆ ਸੀ ਕਿ ਉਹ ਸੋਚ ਰਹੇ ਹਨ ਕਿ ਖਾਦ ਤੇ ਐਕਸਾਈਜ਼ ਡਿਊਟੀ ਜਿਹੜੀ 15% ਲਗਦੀ ਹੈ, ਉਸ ਨੂੰ ਐਬੋਲਿਸ਼ ਕਰ ਦਿਤਾ ਜਾਵੇ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਆਪਣਾ ਪੂਰਾ ਅਸਰੋ-ਰਸੂਖ਼ ਵਰਤੇ ਤਾਂ ਕਿ ਖਾਦ ਦੀ ਕੀਮਤ ਹੋਰ ਘੱਟ ਹੋ ਸਕੇ ਕਿਉਂਕਿ ਇਸ ਖਾਦ ਦੇ ਨਾਲ ਹੀ ਪੰਜਾਬ ਦਾ ਜ਼ਰੱਈ ਸੈਕਟਰ ਜੁੜਿਆ ਹੋਇਆ ਹੈ। ਇਸ ਕਰਕੇ ਜਿਹੜੀ ਖਾਦ ਦੀ ਕੀਮਤ ਸੈਂਟਰ ਵਲੋਂ ਅਨਾਊਂਸ ਹੋਣ ਵਾਲੀ ਹੈ, ਕਿ ਉਹ ਕੀਮਤ ਘੱਟ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਸ ਬਾਰੇ ਸਾਡੀ ਸਰਕਾਰ ਆਪਣਾ ਪੂਰਾ ਅਸਰੋ-ਰਸੂਖ ਵਰਤੇ ਅਤੇ ਐਕਸਾਈਜ਼ ਡਿਊਟੀ ਨੂੰ ਘਟ ਕਰਾਉਣ ਵਾਸਤੇ ਪੂਰੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਛੋਟੇ ਕਿਸਾਨ ਨੂੰ, ਦਰਮਿਆਨੇ ਤਬਕੇ ਨੂੰ ਬਹੁਤ ਫ਼ਾਇਦਾ ਹੋਵੇਗਾ ਕਿਉਂਕਿ ਉਨ੍ਹਾਂ ਦੀ ਹਾਲਤ ਇਸ ਵੇਲੇ ਪਤਲੀ ਹੈ। ਅਤੇ ਨਾਲ ਹੀ ਉਨ੍ਹਾਂ ਨੂੰ ਸਬਸਿਡਾਈਜ਼ ਵੀ ਕਰਨਾ ਚਾਹੀਦਾ ਹੈ ਤਾਂ ਜੋ ਛੋਟਾ ਕਿਸਾਨ ਜਿਹੜਾ ਹੈ, ਉਸ ਨੂੰ ਫ਼ਾਇਦਾ ਹੋਵੇ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਇਕ ਹੋਰ ਮਸਲਾ ਹੈ, ਜਿਸ ਵਲ ਵੀ ਮੈਂ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਕਿਸਾਨਾਂ ਦੀ ਮਦਦ ਕਰਨ ਵਾਸਤੇ ਦੋ ਏਜੰਸੀਆਂ ਹਨ, ਇਕ ਮਫ਼ਾਲਾ ਅਤੇ ਇਕ ਐਸ.ਟੀ.ਏ. ਅਤੇ ਇਹ ਏਜੰਸੀਆਂ ਦਰਮਿਆਨੇ ਤਬਕੇ ਦੇ ਲੋਕਾਂ ਦੀ ਮਦਦ ਕਰਦੀਆਂ ਹਨ ਜਿਨ੍ਹਾਂ ਕੋਲ ਢਾਈ ਤੋਂ ਸਾਢੇ ਸੱਤ ਏਕੜ ਤਕ ਜ਼ਮੀਨ ਹੋਵੇ। ਸਰਕਾਰ ਨੂੰ ਪਤਾ ਹੈ ਅਤੇ ਸਾਰਿਆਂ ਨੂੰ ਪਤਾ ਹੈ ਕਿ ਦਰਮਿਆਨੇ ਕਿਸਾਨ ਦੀ ਹਾਲਤ ਬੜੀ ਤਰਸ-ਯੋਗ ਹੈ ਅਤੇ ਉਨ੍ਹਾਂ ਦੀ ਹਾਲਤ ਨੂੰ ਵੇਖਦੇ ਹੋਏ ਸਰਕਾਰ ਨੂੰ ਉਨ੍ਹਾਂ ਏਜੰਸੀਆਂ ਦਾ ਜਿਹੜਾ ਖਰਚ ਹੈ, ਉਸ ਨੂੰ ਚੋਖਾ ਵਧਾ ਦੇਣਾ ਚਾਹੀਦਾ ਹੈ। ਇਸ ਵੇਲੇ ਜਿਹੜਾ ਅਮਾਊਂਟ ਉਨ੍ਹਾਂ ਦਾ ਹੈ, ਉਹ ਬੜਾ ਲੈਗਲਿਜੀਬਲ ਹੈ, ਇਸ ਵਿਚ ਸਬਸਟਾਂਸ਼ਲ ਇਨਕਰੀਜ਼ ਕਰਨੀ ਚਾਹੀਦੀ ਹੈ।

ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਰਜ਼ੇ ਦੇ ਕਾਨੂੰਨ ਦੀ ਗੱਲ ਬੜੀ ਅੱਛੀ ਹੈ ਜਿਹੜੀ ਕਿ ਪੰਜਾਬ ਸਰਕਾਰ ਨੇ ਕੀਤੀ ਹੈ ਜਿਹੜਾ ਕਾਨੂੰਨ ਰੂਰਲ ਇੰਡੇਟਿਡਨੈਸ ਨੂੰ ਖ਼ਤਮ ਕਰਨ ਵਾਸਤੇ ਬਣਾਇਆ ਹੈ ਅਤੇ 2 ਏਕੜ ਦੇ ਮਾਲਿਕਾਂ ਨੂੰ ਵੀ ਰਾਹਤ ਦਿੱਤੀ ਹੈ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅਸੀਂ ਪਿੰਡਾਂ ਵਿਚ ਵੇਖਦੇ ਹਾਂ ਕਿ ਹਾਲਤ ਚੰਗੀ ਨਹੀਂ ਹੈ —ਮੈਂ ਇਸ ਬਾਰੇ ਇਕ ਕਾਲ ਅਟੈਨਸ਼ਨ ਨੋਟਿਸ ਵੀ ਦਿਤਾ ਸੀ ਕਿ ਦਿੜ੍ਹਵਾ ਥਾਣੇ ਵਿਚ ਇਕ ਪਿੰਡ ਖੇਤਰਾ ਹੈ, ਉਥੇ ਦੇ ਗਰੀਬ ਲੋਕਾਂ ਨੂੰ ਸ਼ਾਹੂਕਾਰ ਨੇ ਜਕੜਿਆ ਹੋਇਆ ਹੈ ਅਤੇ ਐਸ. ਐਚ. ਓ. ਨਾਲ ਮਿਲ ਮਿਲਾ ਕੇ ਉਥੇ ਦੇ ਲੋਕਾਂ ਨੂੰ ਤੰਗ ਕਰ ਰਹੇ ਹਨ ਅਤੇ ਲੋਕਾਂ ਨੂੰ ਬੜੀ ਤਕਲੀਫ਼ ਹੋ ਰਹੀ ਹੈ। ਇਹ ਕਾਨੂੰਨ ਤਾਂ ਹੀ ਸਿਰੇ ਚੜ੍ਹ ਸਕਦਾ ਹੈ ਜੇ ਇਸ ਕਾਨੂੰਨ ਤੇ ਅਮਲ ਕਰਵਾਉਣ ਵਾਸਤੇ ਸਰਕਾਰ ਕੋਈ ਮਸ਼ੀਨਰੀ ਕਾਇਮ ਕਰੇ ਜਿਸ ਦਾ ਇਹ ਕੰਮ ਹੋਵੇ ਕਿ ਉਹ ਇਕ ਲਿਸਟ ਤਿਆਰ ਕਰਨ ਜਿਹੜੇ ਗਰੀਬ ਆਦਮੀ ਹਨ ਅਤੇ ਜਿਨ੍ਹਾਂ ਨੇ ਕਰਜ਼ਾ ਦੇਣਾ ਹੈ ਅਤੇ ਗਵਰਨਮੈਂਟ ਵਲੋਂ ਇਹ ਹਦਾਇਤ ਦਿਤੀ ਜਾਵੇ ਕਿ ਪੁਲਿਸ ਕੋਈ ਇਸ ਕੰਮ ਵਿਚ ਦਖ਼ਲ ਨਾ ਦੇਵੇ। ਜਿਹੜੇ ਵਡੇ ਲੋਕ ਹਨ, ਸ਼ਾਹੂਕਾਰ ਹਨ ਜਾਂ ਜਿਨ੍ਹਾਂ ਨੇ ਗਰੀਬ ਆਦਮੀਆਂ ਤੋਂ ਕਰਜ਼ਾ ਲੈਣਾ ਹੈ, ਉਹ ਬੜੇ ਅਸਰੋ-ਰਸੂਖ਼ ਵਾਲੇ ਹਨ, ਮਨੀ ਲੈਂਡਿੰਗ ਦਾ ਕੰਮ ਕਰਦੇ ਹਨ ਅਤੇ ਆਪਣੇ ਅਸਰੋ-ਰਸੂਖ ਨਾਲ ਹੀ ਗਰੀਬ ਲੋਕਾਂ ਤੋਂ ਪੈਸੇ ਵਸੂਲ ਲੈਂਦੇ ਹਨ। ਇਸ ਤਰ੍ਹਾਂ ਦੀਆਂ ਹੋਰ ਵੀ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ।

ਹੁਣ ਮੈਂ ਸਿੰਜਾਈ ਦੀ ਗੱਲ ਵਲ ਆਉਂਦਾ ਹਾਂ। ਇਸ ਬਾਰੇ ਇਕ ਬੜੀ ਅੱਛੀ ਗੱਲ ਹੈ ਕਿ ਜੰਮੂ ਅਤੇ ਕਸ਼ਮੀਰ ਦੀਆਂ ਸਰਕਾਰਾਂ ਦਾ ਥੀਨ ਡੈਮ ਬਾਰੇ ਸਮਝੌਤਾ ਹੋ ਗਿਆ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਪ੍ਰਾਜੈਕਟ ਨੂੰ ਟਾਈਮ-ਬਾਊਂਡ ਰਖ ਕੇ ਬਣਾਉਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੀ ਧਰਤੀ ਨੂੰ ਹੋਰ ਪਾਣੀ ਮਿਲ ਸਕੇ ਅਤੇ ਪੈਦਾਵਾਰ ਵਧਾਈ ਜਾ ਸਕੇ। ਇਸ ਦੇ ਨਾਲ ਹੀ ਮੁਕੇਰੀਆਂ ਹਾਈਡਲ ਸ਼ਾਹ ਨਹਿਰ ਬਾਰੇ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕੋਈ ਟਾਈਮ ਲਿਮਿਟ ਮੁਕੱਰਰ ਕਰਨੀ ਚਾਹੀਦੀ ਹੈ ਅਤੇ ਲੋਕਾਂ ਨੂੰ ਜਲਦੀ ਫ਼ਾਇਦਾ ਪਹੁੰਚਾਉਣਾ ਚਾਹੀਦਾ ਹੈ।

ਇਸ ਦੇ ਨਾਲ ਮੈਂ ਬਿਜਲੀ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਇਥੇ ਦਸਿਆ ਵੀ ਗਿਆ ਸੀ, ਪਿਛਲੀ ਵਾਰੀ ਕਿ 33% ਬਿਜਲੀ ਜਿਹੜੀ ਹੈ, ਉਸ ਦੀ ਲੀਕੇਜ ਹੁੰਦੀ ਹੈ। ਇਹ ਤਾਂ ਮੰਨ ਲਿਆ ਕਿ ਕੁਝ ਬਿਜਲੀ ਦੀ ਲਾਈਨਾਂ ਵਗੈਰਾ ਖ਼ਰਾਬ ਹੋਣ ਕਾਰਨ ਲੀਕੇਜ ਹੋ ਗਈ, ਪਰ ਕਾਫ਼ੀ ਸਾਰੀ ਤਾਂ ਚੋਰੀ ਹੁੰਦੀ ਹੈ ਅਤੇ ਅਫ਼ਸਰ ਆਪਣਾ ਅਸਰੋ-

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅੱਛਰ ਸਿੰਘ]

ਰਸੂਖ਼ ਵਰਤ ਕੇ ਬਿਨਾਂ ਮੀਟਰ ਦੇ ਬਿਜਲੀ ਇਸਤੇਮਾਲ ਕਰਦੇ ਰਹਿੰਦੇ ਹਨ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਪੂਰੀ ਬਿਜਲੀ ਦਾ ਠੀਕ ਇਸਤੇਮਾਲ ਕਰਕੇ ਦੇਸ਼ ਦੀ ਅਤੇ ਸੂਬੇ ਦੀ ਪੈਦਾਵਾਰ ਵਧਾਉਣੀ ਚਾਹੀਦੀ ਹੈ।

ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ 19 ਰੁਪਏ ਪ੍ਰਤੀ ਹਾਰਸ ਪਾਵਰ ਫਲੈਟ ਰੇਟ ਬਿਜਲੀ ਦਾ ਵੱਧ ਕੀਤਾ ਹੈ ਅਤੇ ਇਹ ਕਿਸਾਨ ਮਾਰੂ ਕਦਮ ਹੈ। ਜਿਥੇ ਅਸੀਂ 20 ਨੁਕਾਤੀ ਪ੍ਰੋਗਰਾਮ ਪੇਸ਼ ਕਰਦੇ ਹਾਂ ਤਾਂ ਸਾਨੂੰ ਕਿਸਾਨਾਂ ਨੂੰ ਵੀ ਰਾਹਤ ਦੇਣੀ ਚਾਹੀਦੀ ਹੈ। ਇਹ ਜਿਹੜਾ 19 ਰੁਪਏ ਦਾ ਵਾਧਾ ਕੀਤਾ ਹੈ ਇਸ ਨਾਲ ਕਿਸਾਨਾਂ ਨੂੰ ਨੁਕਸਾਨ ਹੋਵੇਗਾ ਅਤੇ ਸਾਡੀ ਪੈਦਾਵਾਰ ਤੇ ਵੀ ਸੱਟ ਲਗਣੀ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜਾ 19 ਰੁਪਏ ਦਾ ਵਾਧਾ ਹੋਇਆ ਹੈ ਇਹ ਨਹੀਂ ਹੋਣਾ ਚਾਹੀਦਾ ਅਤੇ ਇਹ ਕਿਸਾਨ-ਮਾਰੂ ਹੈ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਬਿਜਲੀ ਬੋਰਡ ਦੇ ਮੁਲਾਜ਼ਮਾਂ ਦੀਆਂ ਕੁਝ ਮੰਗਾਂ ਹਨ। ਇਹ 30 ਹਜ਼ਾਰ ਦੇ ਕਰੀਬ ਜਿਹੜੇ ਛੋਟੇ ਮੁਲਾਜ਼ਮ ਹਨ ਇਨ੍ਹਾਂ ਦੀਆਂ ਮੰਗਾਂ ਬੜੀਆਂ ਅਹਿਮ ਹਨ। ਪਿਛਲੀ ਵਾਰ ਵੀ ਇਨ੍ਹਾਂ ਨੇ ਇਨ੍ਹਾਂ ਮੰਗਾਂ ਵਾਸਤੇ ਬੜਾ ਸੰਘਰਸ਼ ਕੀਤਾ ਸੀ ਅਤੇ ਹੁਣ ਵੀ ਉਹ ਕਰਦੇ ਰਹਿੰਦੇ ਹਨ। ਇਸ ਕਰਕੇ ਉਨ੍ਹਾਂ ਦੀਆਂ ਜਿਹੜੀਆਂ ਮੰਗਾਂ ਹਨ ਉਹ ਮੰਨ ਲੈਣੀਆਂ ਚਾਹੀਦੀਆਂ ਹਨ। ਇਹ ਜਿਹੜੀ ਸੈਂਟਰਲ ਗੌਰਮਿੰਟ ਵਾਲੀ ਗਾਈਡ ਲਾਈਨ ਹੈ ਇਸ ਦੇ ਤਹਿਤ ਉਨ੍ਹਾਂ ਨੂੰ 30 ਰੁਪਏ ਪ੍ਰਤੀ ਮੁਲਾਜ਼ਮ ਫਾਇਦਾ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਦੀ ਜਾਇਜ਼ ਮੰਗ ਹੈ ਅਤੇ ਇਹ ਮੰਨ ਲੈਣੀ ਚਾਹੀਦੀ ਹੈ। ਇਹ ਮੰਗ 12 ਸੂਬਿਆਂ ਦੇ ਬਿਜਲੀ ਬੋਰਡਾਂ ਨੇ ਪਰਵਾਨ ਕਰ ਲਈ ਹੈ।

ਇਸ ਦੇ ਨਾਲ ਹੀ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਦਸਣਾ ਚਾਹੁੰਦਾ ਹਾਂ ਕਿ ਅੱਜ ਕੱਲ ਬਿਜਲੀ ਬੋਰਡ ਵਾਲਿਆਂ ਦੀਆਂ ਤਨਖਾਹਾਂ ਤਾਂ ਨਹੀਂ ਵਧਾਈਆਂ ਪਰ ਉਨ੍ਹਾਂ ਤੇ ਵਰਕ-ਲੋਡ ਜ਼ਿਆਦਾ ਕਰ ਦਿੱਤਾ ਗਿਆ ਹੈ। ਜਿਹੜੇ ਪਹਿਲੇ 1000 ਕਨੈਕਸ਼ਨਾਂ ਪਿੱਛੇ ਇਕ ਲਾਈਨਮੈਨ ਹੁੰਦਾ ਸੀ ਉਥੇ ਹੁਣ 2000 ਪਿੱਛੇ ਇਕ ਲਾਈਨਮੈਨ ਕਰ ਦਿੱਤਾ ਹੈ। ਇਸ ਤਰ੍ਹਾਂ ਜਿਹੜਾ ਕੰਮ ਹੈ ਇਹ ਤਾਂ ਇਨ੍ਹਾਂ ਨੇ ਵਧਾ ਦਿਤਾ ਹੈ ਪਰ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ। ਉਨ੍ਹਾਂ ਨੂੰ ਇਨ੍ਹਾਂ ਮੰਗਾਂ ਦੀ ਰਾਹਤ ਦੇਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਜਿਹੜੇ ਇਸ ਬੋਰਡ ਵਿਚ ਵਰਕ-ਚਾਰਜਡ ਆਦਮੀ ਕੰਮ ਕਰਦੇ ਹਨ, ਉਨ੍ਹਾਂ ਨੂੰ 5, 5 ਸਾਲ ਹੋ ਗਏ ਹਨ ਪਰ ਉਨ੍ਹਾਂ ਨੂੰ ਹੁਣ ਤਕ ਰੈਗੂਲਰ ਨਹੀਂ ਕੀਤਾ ਗਿਆ। ਅਤੇ ਹੋਰ ਵੀ ਜਿਹੜੀਆਂ ਉਨ੍ਹਾਂ ਦੀਆਂ ਯੋਗ ਸਹੂਲਤਾਂ ਹਨ ਜਿਹੜੀਆਂ ਕਿ ਉਨ੍ਹਾਂ ਨੂੰ ਨਹੀਂ ਦਿੱਤੀਆਂ ਜਾ ਰਹੀਆਂ ਉਹ ਦੇ ਦੇਣੀਆਂ ਚਾਹੀਦੀਆਂ ਹਨ ਅਤੇ ਜਿਹੜੇ ਉਹ ਵਰਕ-ਚਾਰਜਡ ਮੁਲਾਜ਼ਮ 5, 5 ਸਾਲ ਤੋਂ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਰੈਗੂਲਰ ਕਰ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਕਿਸਾਨਾਂ ਦੇ ਮਸਲੇ ਵਲ ਆਉਂਦਾ ਹਾਂ। ਉਨ੍ਹਾਂ ਦਾ ਇਕ ਬੜਾ ਭਾਰੀ ਮਸਲਾ ਹੈ। ਜਿਸ ਵੇਲੇ ਉਹ ਰਜਿਸਟਰੀ ਕਰਾਉਣ ਲਈ

Original with;
Panjab Vidhan Sabha
Digitized by;
Panjab Digital Library

ਤਹਿਸੀਲਦਾਰ ਪਾਸ ਜਾਂਦੇ ਹਨ ਤਾਂ ਉਥੇ ਸਮਾਲ ਸੇਵਿੰਗ ਫੰਡ ਚਲਦੇ ਹਨ । ਇਹ ਉਨ੍ਹਾਂ ਦੀ ਮਰਜ਼ੀ ਹੁੰਦੀ ਹੈ ਕਿ ਉਹ ਇਹ ਫੰਡ ਕਿਸੇ ਕੋਲੋਂ ਘੱਟ ਲੈਣ ਜਾਂ ਵੱਧ ਲੈਣ । ਸੋ ਇਸ ਕੰਮ ਵਿਚ ਬਹੁਤ ਰਿਸ਼ਵਤ ਚਲਦੀ ਹੈ, ਲਿਹਾਜ਼ਦਾਰੀ ਚਲਦੀ ਹੈ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਜੇ ਇਹ ਸਮਾਲ ਸੇਵਿੰਗ ਬਹੁਤ ਜ਼ਰੂਰੀ ਕਰਨੀ ਹੈ ਤਾਂ ਇਸ ਦੀ ਕੋਈ ਪਰਸੈਂਟੇਜ ਫਿਕਸ ਕਰ ਦੇਣੀ ਚਾਹੀਦੀ ਹੈ । ਇਸ ਤਰ੍ਹਾਂ ਮਰਜ਼ੀ ਨਾਲ ਪੈਸੇ ਲੈਣ ਨਾਲ ਤਾਂ ਇਸ ਵਿਚੋਂ ਰਿਸ਼ਵਤ-ਖੋਰੀ ਜਨਮ ਲੈਂਦੀ ਹੈ, ਗ਼ਬਨ ਕਾਫ਼ੀ ਹੁੰਦਾ ਹੈ । ਇਸ ਲਈ ਇਸ ਰਿਸ਼ਵਤਖੋਰੀ ਨੂੰ ਖ਼ਤਮ ਕਰਨ ਲਈ ਕੁਝ ਨਾ ਕੁਝ ਪਰਸੈਂਟੇਜ ਫਿਕਸ ਕਰ ਦੇਣੀ ਚਾਹੀਦੀ ਹੈ । (ਘੰਟੀ)

**ਸ੍ਰੀ ਡਿਪਟੀ ਸਪੀਕਰ :** ਹੁਣ ਵਾਈਂਡ ਅਪ ਕਰੋ ।

**ਕਾਮਰੇਡ ਅੱਛਰਾ ਸਿੰਘ :** ਹਾਂ ਜੀ, ਮੈਂ ਕਰ ਹੀ ਰਿਹਾ ਹਾਂ ਜੀ । ਡਿਪਟੀ ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਦੀ ਇਕ ਮਿਸਾਲ ਹੈ ਕਿ ਉਥੇ ਕੀ ਹੋ ਰਿਹਾ ਹੈ । ਇਹ ਮੈਂ ਅੱਗੇ ਵੀ ਦਸਿਆ ਸੀ ਕਿ ਉਥੇ ਬੇਜ਼ਮੀਨੇ ਕਿਸਾਨਾਂ ਨੂੰ ਖਾਦ ਨਹੀਂ ਮਿਲ ਰਹੀ । ਇਥੋਂ ਤਕ ਕਿ ਕੋਆਪਰੇਟਿਵ ਸੁਸਾਇਟੀਆਂ ਦੇ ਮੈਂਬਰਾਂ ਨੂੰ ਵੀ ਖਾਦ ਨਹੀਂ ਮਿਲਦੀ ਅਤੇ ਨਾ ਹੀ ਉਥੇ ਕੋਈ ਖਾਦ ਦੀ ਕੀਮਤ ਮੁਕੱਰਰ ਕੀਤੀ ਹੈ । ਇਹ ਬੜਾ ਇੰਪੋਰਟੈਂਟ ਮਸਲਾ ਹੈ । ਇਸ ਦੇ ਨਾਲ ਜਿਹੜੀ ਕੱਲਰ ਵਾਲੀ ਜ਼ਮੀਨ ਜ਼ਿਲ੍ਹਾ ਸੰਗਰੂਰ ਵਿਚ ਹਜ਼ਾਰਾਂ ਏਕੜ ਪਈ ਹੈ, ਇਸ ਨੂੰ ਹੁਣ ਤਕ ਵਾਹੀਯੋਗ ਨਹੀਂ ਬਣਾਇਆ ਗਿਆ । ਮੇਰੀ ਇਹ ਬੇਨਤੀ ਹੈ ਕਿ ਇਸ ਨੂੰ ਜਲਦੀ ਹੀ ਵਾਹੀਯੋਗ ਬਣਾਇਆ ਜਾਣਾ ਚਾਹੀਦਾ ਹੈ । (ਘੰਟੀ) ਪਾਣੀ ਦੇ ਮਸਲੇ ਵਿਚ ਜ਼ਿਲ੍ਹਾ ਸੰਗਰੂਰ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ । ਮੇਰੀ ਇਹ ਦਰਖਾਸਤ ਹੈ ਕਿ ਇਸ ਜ਼ਿਲ੍ਹੇ ਨੂੰ ਵੀ ਬਠਿੰਡੇ ਦੇ ਬਰਾਬਰ ਲਿਆਉਣਾ ਚਾਹੀਦਾ ਹੈ । ਤੁਸੀਂ ਹੈਰਾਨ ਹੋਵੋਗੇ ਕਿ ਉਸ ਜ਼ਿਲ੍ਹੇ ਵਿਚ ਇਕ ਇਕ ਪਾਣੀ ਸਾਰੀ ਕਣਕ ਨੂੰ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਕਿਸਾਨਾਂ ਨੂੰ ਮਾਮਲਾ ਪੂਰਾ ਦੇਣਾ ਪੈਂਦਾ ਹੈ । (ਘੰਟੀ)

**ਸ੍ਰੀ ਡਿਪਟੀ ਸਪੀਕਰ :** ਹੁਣ ਵਾਈਂਡ ਅਪ ਕਰੋ ਜੀ।

**ਕਾਮਰੇਡ ਅੱਛਰਾ ਸਿੰਘ :** ਮੈਂ ਇਕ ਗੱਲ ਹੋਰ ਕਹਿ ਕੇ ਖ਼ਤਮ ਕਰ ਦੇਵਾਂਗਾ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਖੇਤੀ ਬਾੜੀ ਦੇ ਜਾਂ ਕਿਸਾਨਾਂ ਦੇ ਮਸਲੇ ਹਨ ਇਸੇ ਤਰ੍ਹਾਂ ਜਿਹੜੇ ਐਗਰੀਕਲਚਰ ਇੰਸਪੈਕਟਰ ਹਨ ਉਨ੍ਹਾਂ ਦੇ ਵੀ ਕੁਝ ਮਸਲੇ ਕਾਫ਼ੀ ਦੇਰ ਤੋਂ ਲਟਕਦੇ ਪਏ ਹਨ । ਉਨ੍ਹਾਂ ਮਸਲਿਆਂ ਬਾਰੇ ਸਾਡੀ ਸਰਕਾਰ ਨਹੀਂ ਸੋਚਦੀ । ਉਹ ਬੜੇ ਜੈਨੂਅਨ ਮਸਲੇ ਹਨ । ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ ਤਾਕਿ ਉਨ੍ਹਾਂ ਵਿਚ ਜਿਹੜੀ ਨਿਰਾਸਤਾ ਛਾਈ ਹੋਈ ਹੈ ਉਹ ਦੂਰ ਹੋ ਸਕੇ ਅਤੇ ਉਹ ਖੇਤੀਬਾੜੀ ਨੂੰ ਹੋਰ ਜ਼ਿਆਦਾ ਤਰੱਕੀ ਦੇਣ ਵਿਚ ਜ਼ਿਆਦਾ ਸਹਿਯੋਗ ਦੇਣ । (ਘੰਟੀ)

ਇਸੇ ਤਰ੍ਹਾਂ ਸਾਡੀ ਸੈਂਟਰਲ ਕੋਆਪਰੇਟਿਵ ਸੰਗਰੂਰ ਵਿਚ ਜਿਹੜੇ ਸੁਪਰਵਾਈਜ਼ਰ ਹਨ ਉਨ੍ਹਾਂ ਦੇ ਵੀ ਕੁਝ ਮਸਲੇ ਹਨ । ਸਪੀਕਰ ਸਾਹਿਬ, ਇਹ 200 ਜਾਂ 250 ਦੇ ਕਰੀਬ ਸਾਰੇ ਹਨ, ਪਰ ਇਨ੍ਹਾਂ ਨੂੰ ਜਿਹੜਾ ਗਰੇਡ ਦਿੱਤਾ ਜਾਂਦਾ ਹੈ ਉਹ 110 ਰੁਪਏ ਦਾ ਹੀ ਦਿੱਤਾ ਜਾਂਦਾ ਹੈ ਇਹ ਤਾਂ ਕਲਰਕਾਂ ਤੋਂ ਵੀ ਘੱਟ ਸਕੇਲ ਤੇ ਰਖੇ ਹਨ, ਉਨ੍ਹਾਂ ਦੀ ਗਰੇਡ ਵਧਾਉਣ ਵਾਸਤੇ ਜਿਹੜੀ ਮੰਗ ਹੈ ਇਹ ਜ਼ਰੂਰ ਮੰਨ ਲੈਣੀ

Original with
Punjab Vidhan Sabha
Digitized by;
Panjab Digital Library

[ਕਾਮਰੇਡ ਅੱਛਰਾ ਸਿੰਘ]

ਚਾਹੀਦੀ ਹੈ (ਘੰਟੀ) ਅੰਤ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਇਸ ਸਰਕਾਰ ਨੂੰ ਇੰਨੀ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਕਿਸਾਨਾਂ ਦਾ ਫ਼ਲੈਟ ਰੇਟ ਦਾ ਮਸਲਾ ਹੈ, ਜ਼ਮੀਨ ਸੁਧਾਰ ਦਾ ਮਸਲਾ ਹੈ ਅਤੇ ਹੋਰ ਜਿਹੜੀਆਂ ਮੈਂ ਬੇਨਤੀਆਂ ਕੀਤੀਆਂ ਹਨ, ਇਨ੍ਹਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਤਾਂ ਹੀ ਗਰੀਬ ਕਿਸਾਨਾਂ ਨਾਲ ਸਹੀ ਇਨਸਾਫ ਹੋ ਸਕੇਗਾ। ਫਿਰ ਇਹ ਜਿਹੜਾ 20 ਪੁਆਇੰਟ ਪ੍ਰੋਗਰਾਮ ਹੈ ਇਸ ਦੇ ਪਹਿਲੇ 6 ਨੁਕਤੇ ਜਿਹੜੇ ਹਨ ਉਹ ਪਿੰਡਾਂ ਨਾਲ ਹੀ ਸਬੰਧ ਰਖਦੇ ਹਨ। ਪਹਿਲਾ ਨੁਕਤਾ ਜ਼ਮੀਨ ਸੁਧਾਰ ਦਾ ਹੈ। ਜੇ ਸਾਡੀ ਸਰਕਾਰ ਇਸ ਵਲ ਧਿਆਨ ਨਹੀਂ ਦੇਵੇਗੀ ਤਾਂ ਫਿਰ ਜਿਹੜਾ 20 ਪੁਆਇੰਟ ਪ੍ਰੋਗ੍ਰਾਮ ਹੈ ਇਸ ਦੇ ਨਾਲ ਸਹੀ ਇਨਸਾਫ ਨਹੀਂ ਹੋਵੇਗਾ। ਮੈਂ ਇਕ ਬੇਨਤੀ ਹੋਰ ਕਰਨੀ ਹੈ ਜੀ....

**ਸ੍ਰੀ ਡਿਪਟੀ ਸਪੀਕਰ :** ਬੈਠੋ ਜੀ।

**ਕਾਮਰੇਡ ਅੱਛਰਾ ਸਿੰਘ :** ਬੱਸ ਜੀ, ਮੈਂ ਇਕ ਗੱਲ ਹੋਰ ਕਰਨੀ ਹੈ।

**ਸ੍ਰੀ ਡਿਪਟੀ ਸਪੀਕਰ :** ਬੱਸ ਜੀ। That is all.

**ਕਾਮਰੇਡ ਅੱਛਰਾ ਸਿੰਘ :** ** **

**ਸ੍ਰੀ ਡਿਪਟੀ ਸਪੀਕਰ :** ਇਹ ਜੋ ਕੁਝ ਮੈਂਬਰ ਸਾਹਿਬ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ।

**ਕਾਮਰੇਡ ਅੱਛਰਾ ਸਿੰਘ :** ਅੱਛਾ ਜੀ, ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ।

**ਸ੍ਰੀਮਤੀ ਜਸਵੰਤ ਕੌਰ** (ਖਡੂਰ ਸਾਹਿਬ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਜੋ 1976-77 ਦਾ ਬਜਟ ਪੇਸ਼ ਹੋਇਆ ਹੈ, ਉਸ ਵਿਚ ਅੱਜ ਜੋ ਐਗਰੀਕਲਚਰ ਦੀਆਂ ਮੰਗਾਂ ਤੇ ਬਹਿਸ ਚੱਲ ਰਹੀ ਹੈ ਮੈਂ ਉਸਤੇ ਬੋਲਣ ਦੇ ਵਾਸਤੇ ਖੜ੍ਹੀ ਹੋਈ ਹਾਂ। ਡਿਪਟੀ ਸਪੀਕਰ ਸਾਹਿਬ, ਜੋ ਸਾਲ 1976-77 ਦਾ ਬਜਟ ਹੈ ਇਹ ਇਕ ਸਮਾਜਵਾਦੀ ਬਜਟ ਹੈ, ਅਗਾਂਹ ਵੱਧੂ ਬਜਟ ਹੈ। ਡਿਪਟੀ ਸਪੀਕਰ ਸਾਹਿਬ, ਇਹ ਜੋ ਪੰਜਾਬ ਦਾ ਸੂਬਾ ਹੈ ਇਹ ਇਕ ਐਗਰੀਕਲਚਰ ਦਾ ਸੂਬਾ ਹੈ। ਸਾਡੇ ਪੰਜਾਬ ਦੇ 80% ਲੋਕ ਜਿਹੜੇ ਹਨ ਉਹ ਪਿੰਡਾਂ ਵਿਚ ਰਹਿੰਦੇ ਹਨ। ਪਿੰਡਾਂ ਦੀ ਵਸੋਂ ਜਿਹੜੀ ਹੈ ਇਹ ਐਗਰੀਕਲਚਰ ਤੇ ਹੀ ਨਿਰਭਰ ਕਰਦੀ ਹੈ ਅਤੇ ਐਗਰੀਕਲਚਰ ਲਈ 5 ਚੀਜ਼ਾਂ ਜਿਹੜੀਆਂ ਹਨ ਉਹ ਬਹੁਤ ਜ਼ਰੂਰੀ ਹਨ। ਉਹ ਪੰਜ ਚੀਜ਼ਾਂ ਇਹ ਹਨ ਪਾਣੀ, ਬਿਜਲੀ, ਖਾਦ, ਬੀਜ ਅਤੇ ਕੀੜੇਮਾਰ ਦਵਾਈਆਂ। 1976-77 ਵਿਚ ਜਿਹੜੀ ਖਾਦ ਦੀ ਸਪਲਾਈ ਹੋਣੀ ਹੈ ਇਹ ਪਿਛਲੇ ਸਮੇਂ ਨਾਲੋਂ ਬਹੁਤ ਅੱਛੀ ਸਪਲਾਈ ਹੋ ਰਹੀ ਹੈ। ਮੈਂ ਇਸ ਦੀ ਇਕ ਮਿਸਾਲ ਦੇਣੀ ਚਾਹੁੰਦੀ ਹਾਂ ਕਿ ਮੇਰੇ ਹਲਕੇ ਖਡੂਰ ਸਾਹਿਬ ਵਿਚ ਮਾਰਕਿਟ ਸੁਸਾਇਟੀਆਂ ਤੋਂ ਹਰ ਸਾਲ ਢਾਈ ਲੱਖ ਰੁਪਏ ਦੀ ਖਾਦ ਖਰੀਦਕੇ ਵਰਤੋਂ ਵਿਚ ਲਿਆਂਦੀ ਜਾਂਦੀ ਸੀ ਪਰ ਇਸ ਸਾਲ 1975-76 ਵਿਚ 25 ਲੱਖ ਰੁਪਏ ਦੀ ਖਾਦ ਕਿਸਾਨਾਂ ਨੇ ਕੋਆਪਰੇਟਿਵ ਸੁਸਾਇਟੀਆਂ ਤੋਂ ਲੈ ਕੇ ਇਸਤੇਮਾਲ ਕੀਤੀ ਹੈ। ਇਸ ਲਈ ਇਹ ਜੋ ਖਾਦ ਦਾ ਮਸਲਾ ਹੈ ਇਹ ਬਹੁਤ ਅੱਛਾ ਹੋ ਰਿਹਾ ਹੈ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਖਾਦ ਦੇ ਸਿਲਸਿਲੇ ਵਿਚ ਮੈਂ ਪੰਜਾਬ ਸਰਕਾਰ ਨੂੰ ਇਕ ਸੁਝਾਵ ਦੇਣਾ ਚਾਹੁੰਦੀ ਹਾਂ। ਉਹ ਸੁਝਾਵ ਇਹ ਹੈ ਕਿ ਖਾਦ ਦੇ ਵਿਚ ਪੰਜਾਬ ਦੇ ਕਿਸਾਨਾਂ ਨੂੰ ਸਬਸਿਡੀ ਦੇਣੀ ਬਹੁਤ ਜ਼ਰੂਰੀ ਹੈ ਕਿਉਂਕਿ ਹੁਣ ਖੇਤੀ ਬਾੜੀ ਦੀਆਂ ਵਰਤੋਂ ਦੀਆਂ ਚੀਜ਼ਾਂ ਜਿਵੇਂ ਟਰੈਕਟਰ ਹਨ ਜਾਂ ਹੋਰ ਕੋਈ ਸਮਾਨ ਹੈ, ਇਨ੍ਹਾਂ ਦੇ ਰੇਟ ਪਹਿਲੇ ਨਾਲੋਂ ਬਹੁਤ ਚੜ੍ਹ ਗਏ ਹਨ। ਇਸ ਲਈ ਮੈਂ ਪੰਜਾਬ ਸਰਕਾਰ ਪਾਸੋਂ ਮੰਗ ਕਰਦੀ ਹਾਂ ਕਿ ਇਸ ਵਿਚ ਸਬਸਿਡੀ ਦੇਣੀ ਬਹੁਤ ਜ਼ਰੂਰੀ ਹੈ।

ਡਿਪਟੀ ਸਪੀਕਰ ਸਾਹਿਬ, ਲੁਧਿਆਣੇ ਦੀ ਜੋ ਐਗਰੀਕਲਚਰ ਯੂਨੀਵਰਸਿਟੀ ਹੈ ਉਸ ਦੇ ਰਾਹੀਂ ਵੀ ਪੰਜਾਬ ਦੀ ਸਰਕਾਰ ਦੀ ਮਿਹਨਤ ਦੇ ਸਦਕੇ ਅਸੀਂ ਕਣਕ ਦੇ ਝਾੜ ਵਿਚ ਦੁਨੀਆਂ ਨੂੰ ਮਾਤ ਕਰ ਦਿੱਤਾ ਹੈ। ਸਭ ਤੋਂ ਉੱਚਾ ਝਾੜ ਲੁਧਿਆਣੇ ਦੇ ਕਿਸਾਨਾਂ ਨੇ ਕਣਕ ਦਾ ਪੈਦਾ ਕੀਤਾ ਹੈ। ਇਹ ਇਕ ਬੜੀ ਅੱਛੀ ਗੱਲ ਹੈ ਕਿ ਪੰਜਾਬ ਐਗਰੀਕਲਚਰ ਦੇ ਮਸਲੇ ਵਿਚ, ਖੇਤੀ ਬਾੜੀ ਦੇ ਮਸਲੇ ਵਿਚ ਦੁਨੀਆਂ ਵਿਚ ਰਿਕਾਰਡ ਪੈਦਾ ਕੀਤਾ ਹੈ। ਆਲੂਆਂ ਦੀ ਪੈਦਾਵਾਰ ਵਿਚ ਵੀ ਪੰਜਾਬ ਦੇ ਕਿਸਾਨ ਨੇ ਬੜਾ ਅੱਛਾ ਵਾਧਾ ਕੀਤਾ ਹੈ। ਪੰਜਾਬ ਦੀ ਸਰਕਾਰ ਦੀ ਹਿੰਮਤ ਤੇ ਮੇਹਨਤ ਦੇ ਸਦਕੇ ਇਹ ਹੋਇਆ ਹੈ ਕਿ ਸੈਂਟਰ ਦੀ ਜਿਹੜੀ ਏਜੰਸੀ ਹੈ ਉਸ ਨੇ ਆਲੂਆਂ ਨੂੰ ਖਰੀਦਣਾ ਸ਼ੁਰੂ ਕਰ ਦਿੱਤਾ ਹੈ ਜਿਸ ਨਾਲ ਕਿਸਾਨਾਂ ਨੂੰ ਭਾਅ ਠੀਕ ਮਿਲੇਗਾ, ਰੇਟ ਡਾਊਨ ਨਹੀਂ ਹੋਣਗੇ। ਮੈਂ ਇਸ ਗੱਲ ਦੀ ਭਰਪੂਰ ਸ਼ਲਾਘਾ ਕਰਦੀ ਹਾਂ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਸਰਕਾਰ ਨੇ ਕੱਲਰ ਵਾਲੀਆਂ ਜ਼ਮੀਨਾਂ ਜਾਂ ਹੋਰ ਜੋ ਇਸ ਤਰ੍ਹਾਂ ਦੀਆਂ ਜ਼ਮੀਨਾਂ ਹਨ ਉਨ੍ਹਾਂ ਦਾ ਸੁਧਾਰ ਕਰਨ ਦਾ ਕੰਮ ਸ਼ੁਰੂ ਕੀਤਾ ਹੈ। ਮੇਰੇ ਹਲਕੇ ਖਡੂਰ ਸਾਹਿਬ ਵਿਚ ਤੀਹ ਪਿੰਡ ਹਨ ਜਿਨ੍ਹਾਂ ਦੀ ਜ਼ਮੀਨ ਖਰਾਬ ਹੋ ਚੁੱਕੀ ਹੈ। ਉਥੇ ਸਪੱਰ ਲਗਾ ਕੇ 10 ਹਜ਼ਾਰ ਏਕੜ ਤੀਹ ਪਿੰਡਾਂ ਦੀ ਜ਼ਮੀਨ ਹੈ ਜੋ ਕਿ ਪਾਣੀ ਨੇ ਮਾਰੀ ਹੋਈ ਹੈ, ਉਸ ਉਤੇ ਕੁਝ ਖਰਚਾ ਪੰਜਾਬ ਸਰਕਾਰ ਕਰੇ ਔਰ ਉਹ ਜ਼ਮੀਨ ਬਚਾ ਕੇ ਜਿਹੜੇ ਛੋਟੇ ਕਿਸਾਨ ਹਨ ਜਿਨ੍ਹਾਂ ਦੀਆਂ ਉਹ ਜ਼ਮੀਨਾਂ ਹਨ, ਉਨ੍ਹਾਂ ਨੂੰ ਵੰਡ ਦਿੱਤੀਆਂ ਜਾਣ। ਇਸ ਤਰ੍ਹਾਂ ਨਾਲ ਜ਼ਮੀਨ ਦਾ ਸੁਧਾਰ ਵੀ ਹੋ ਜਾਵੇਗਾ ਔਰ ਉਨ੍ਹਾਂ ਲੋਕਾਂ ਦੀ ਮੱਦਦ ਵੀ ਹੋ ਜਾਵੇਗੀ।

ਫਿਰ, ਡਿਪਟੀ ਸਪੀਕਰ ਸਾਹਿਬ, ਬਾਗਬਾਨੀ ਦਾ ਮਸਲਾ ਹੈ। ਇਸ ਮਸਲੇ ਵਿਚ ਪੰਜਾਬ ਸਰਕਾਰ ਨੇ ਨੀਮ-ਪਹਾੜੀ ਇਲਾਕਿਆਂ ਨੂੰ ਉਤਸ਼ਾਹ ਦਿੱਤਾ ਹੈ। ਮੈਂ ਜ਼ੋਰਦਾਰ ਸ਼ਬਦਾਂ ਨਾਲ ਮੰਗ ਕਰਦੀ ਹਾਂ ਅਤੇ ਕਹਿੰਦੀ ਹਾਂ ਕਿ ਇਹ ਸ਼ਲਾਘਾਯੋਗ ਕੰਮ ਕੀਤਾ ਹੈ ਜਿਹੜਾ ਕਿ ਨੀਮ-ਪਹਾੜੀ ਇਲਾਕਿਆਂ ਨੂੰ ਉਤਸ਼ਾਹ ਦਿੱਤਾ ਹੈ। ਡਿਸਟ੍ਰਿਕਟ ਅੰਮ੍ਰਿਤਸਰ ਜੋ ਕਿ ਬਾਰਡਰ ਦਾ ਏਰੀਆ ਹੈ, ਉਥੇ ਵੀ ਉਹੀ ਰਿਆਇਤਾਂ ਦਿੱਤੀਆਂ ਜਾਣ ਜਿਹੜੀਆਂ ਕਿ ਨੀਮ-ਪਹਾੜੀ ਇਲਾਕਿਆਂ ਵਿਚ ਦਿੱਤੀਆਂ ਜਾਂਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਨੇ ਜੰਮੂ ਔਰ ਕਸ਼ਮੀਰ ਦੇ ਮੁੱਖ ਮੰਤਰੀ ਸ਼ੇਖ ਅਬਦੁਲਾ ਨਾਲ ਥੀਨ ਡੈਮ ਦਾ ਫੈਸਲਾ ਕੀਤਾ ਹੈ, ਇਹ ਬੜਾ ਅੱਛਾ ਕਦਮ ਹੈ। ਇਸ ਨਾਲ ਪਾਣੀ ਦੀ ਲੋੜ ਜਿਹੜੀ ਹੈ ਹੋਰ ਪੂਰੀ ਹੋਣ ਲਗ ਜਾਵੇਗੀ। ਇਹ ਬੜਾ ਅੱਛਾ ਅਤੇ ਸ਼ਲਾਘਾਯੋਗ ਕਦਮ ਹੈ। ਮੈਂ ਅਖੀਰ ਵਿਚ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੰਜਾਬ ਸਰਕਾਰ ਪਾਸ ਬੇਨਤੀ ਕਰਦੀ ਹਾਂ ਕਿ ਜੋ ਅੰਮ੍ਰਿਤਸਰ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਜਸਵੰਤ ਕੌਰ]

ਦਾ ਜ਼ਿਲ੍ਹਾ ਹੈ ਜਿਸ ਦੀ ਅਬਾਦੀ ਸਾਢੇ 21 ਲੱਖ ਦੇ ਕਰੀਬ ਹੈ, ਉਹ ਪੰਜਾਬ ਦਾ ਸ੍ਰੋਮਣੀ ਜ਼ਿਲ੍ਹਾ ਹੈ ਜਦੋਂ ਵੀ ਲੜਾਈ ਹੋਵੇ, ਚਾਹੇ ਸੰਨ 62 ਦੀ ਹੋਵੇ ਜਾਂ 65 ਦੀ ਹੋਵੇ ਜਾਂ 71 ਦੀ ਹੋਵੇ ਤਾਂ ਇਸ ਜ਼ਿਲ੍ਹੇ ਦੇ ਲੋਕਾਂ ਨੇ ਹਮੇਸ਼ਾਂ ਹਿੰਮਤ ਨਾਲ, ਬਹਾਦਰੀ ਨਾਲ, ਦੁਸ਼ਮਣ ਦਾ ਮੁਕਾਬਲਾ ਕੀਤਾ ਹੈ। ਇਸ ਲਈ ਅੰਮ੍ਰਿਤਸਰ ਜ਼ਿਲ੍ਹੇ ਦੇ ਲੋਕਾਂ ਨੂੰ ਜੋ ਹੋਰ ਥਾਵਾਂ ਉਤੇ ਰਿਆਇਤਾਂ ਦਿੱਤੀਆਂ ਹਨ ਮੇਰਾ ਖਿਆਲ ਹੈ ਕਿ ਉਥੇ ਵੀ ਮਿਲਣੀਆਂ ਚਾਹੀਦੀਆਂ ਹਨ। ਇਸ ਲਈ ਮੇਰੀ ਪੁਰਜ਼ੋਰ ਸ਼ਬਦਾਂ ਵਿਚ ਮੰਗ ਹੈ ਕਿ ਅੰਮ੍ਰਿਤਸਰ ਜਿੱਥੇ ਕਿ ਕੋਈ ਵੀ ਗੰਨਾ ਮਿੱਲ ਨਹੀਂ ਹੈ, ਭੋਗਪੁਰ ਜਾਂ ਹਮੀਰੇ ਜਾਣਾ ਪੈਂਦਾ ਹੈ ਔਰ ਜਦੋਂ ਸਮੇਤ ਗੰਨੇ ਦੇ ਲੋਕਾਂ ਨੂੰ ਵਾਪਸ ਆਉਣਾ ਪੈ ਜਾਂਦਾ ਹੈ ਤਾਂ ਬੜਾ ਅਫਸੋਸ ਹੁੰਦਾ ਹੈ। ਇਸ ਲਈ ਮੈਂ ਪੁਰਜ਼ੋਰ ਸ਼ਬਦਾਂ ਵਿਚ ਖੇਤੀ-ਬਾੜੀ ਮਨਿਸਟਰ ਪਾਸੋਂ ਮੰਗ ਕਰਦੀ ਹਾਂ ਕਿ ਅੰਮ੍ਰਿਤਸਰ ਵਿਖੇ ਇਕ ਗੰਨਾ ਮਿੱਲ ਜ਼ਰੂਰ ਲਗਾਈ ਜਾਵੇ। ਉਸ ਦੇ ਨਾਲ ਇਕ ਤਾਂ ਮਜ਼ਦੂਰਾਂ ਨੂੰ ਮਜ਼ਦੂਰੀ ਮਿਲੇਗੀ ਔਰ ਦੂਸਰਾ ਕਿਸਾਨਾਂ ਨੂੰ ਉਤਸ਼ਾਹ ਮਿਲੇਗਾ। ਇਤਨਾਂ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਕੁਝ ਗੱਲਾਂ ਕਹਿਣ ਵਾਸਤੇ ਸਮਾਂ ਦਿੱਤਾ ਹੈ। (ਥੰਪਿੰਗ)

**ਸਰਦਾਰ ਲਛਮਣ ਸਿੰਘ** (ਗੁਰੂ ਹਰ ਸਹਾਏ) : ਡਿਪਟੀ ਸਪੀਕਰ ਸਾਹਿਬ, ਸੰਨ 1976-77 ਦਾ ਬੱਜਟ ਪੇਸ਼ ਹੈ। ਸਿੰਜਾਈ ਔਰ ਬਿਜਲੀ ਦੇ ਬਾਰੇ ਵਿਚ ਮੈਂ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਰਕਮ ਇਸ ਦੇ ਵਾਸਤੇ ਰੱਖੀ ਗਈ ਹੈ, ਇਹ ਬਿਲਕੁਲ ਲੋੜ ਦੇ ਮੁਤਾਬਿਕ ਹੈ ਕਿਉਂਕਿ ਖੇਤੀ ਬਾੜੀ ਹੀ ਪੰਜਾਬ ਨੂੰ ਅੱਗੇ ਲੈ ਜਾਣ ਵਾਲਾ ਸਾਧਨ ਹੈ। ਇਸ ਲਈ ਇਸ ਉਪਰ ਜਿਤਨਾ ਵੀ ਖਰਚ ਕਰੀਏ ਉਤਨਾ ਹੀ ਥੋੜਾ ਹੈ। ਪੰਜਾਬ ਨੇ ਖੇਤੀ ਬਾੜੀ ਵਿਚ ਬੜੀ ਤਰੱਕੀ ਕੀਤੀ ਹੈ। ਸਾਡੀ ਜਿਹੜੀ ਲੁਧਿਆਣੇ ਯੂਨੀਵਰਸਿਟੀ ਹੈ ਇਸ ਦੀ ਉਸ ਨੂੰ ਹੀ ਮੁਬਾਰਕ ਹੈ ਕਿਉਂਕਿ ਜੋ ਨਵੇਂ ਬੀਜ ਤਿਆਰ ਹੋਏ ਤਾਂ ਉਸ ਦੇ ਨਾਲ ਪੈਦਾਵਾਰ ਜੋ ਹੈ ਇਹ ਵਧੀ ਹੈ। ਅੱਛੇ ਬੀਜ ਅੱਛੀ ਪੈਦਾਵਾਰ ਕਰਦੇ ਹਨ। ਪਰ ਕੁਝ ਬੀਜ ਅਜੇ ਸੁਧਾਰੇ ਜਾਣ ਵਾਲੇ ਹਨ, ਉਨ੍ਹਾਂ ਵਲ ਮੈਂ ਸਰਕਾਰ ਦਾ ਧਿਆਨ ਦਿਵਾਵਾਂਗਾ। ਨਰਮੇ ਦਾ ਬੀਜ ਹੈ ਉਸ ਵੱਲੀ ਅਜੇ ਤਾਂਈਂ ਕੋਈ ਖਾਸ ਧਿਆਨ ਨਹੀਂ ਦਿੱਤਾ ਗਿਆ। ਤਜਰਬੇ ਤਾਂ ਹੋਏ/ਹੋਣਗੇ ਮਗਰ ਕਾਮਯਾਬ ਤਜਰਬੇ ਨਹੀਂ ਹੋਏ ਕਿਉਂਕਿ ਨਰਮੇ ਦੀ ਫਸਲ ਜ਼ਿਆਦਾ ਤਰ ਫਿਰੋਜ਼ਪੁਰ, ਬਠਿੰਡਾ ਦੇ ਜ਼ਿਲ੍ਹਿਆਂ ਵਿਚ ਹੁੰਦੀ ਹੈ ਔਰ ਉਸ ਦੇ ਵਾਸਤੇ ਬੜਾ ਜ਼ਰੂਰੀ ਹੈ ਕਿ ਇਸ ਦਾ ਬੀਜ ਜਿਹੜਾ ਹੈ ਉਸ ਵਲ ਜ਼ਿਆਦਾ ਤੋਂ ਜ਼ਿਆਦਾ ਧਿਆਨ ਦੇ ਕੇ ਇਸ ਦਾ ਬੀਜ ਤਿਆਰ ਕੀਤਾ ਜਾਵੇ ਤਾਂਕਿ ਉਥੇ ਦਾ ਜਿਹੜਾ ਸਾਡਾ ਕਿਸਾਨ ਹੈ ਉਸ ਨੂੰ ਇਸ ਯੂਨੀਵਰਸਿਟੀ ਦਾ ਫਾਇਦਾ ਪਹੁੰਚ ਸਕੇ। ਹੋਰ ਵੀ ਬੀਜ ਹਨ, ਛੋਲਿਆਂ ਦਾ ਬੀਜ ਹੈ, ਇਹ ਸਾਰੇ ਬੀਜਾਂ ਵਲ ਅਜੇ ਤਕ ਯੂਨੀਵਰ-ਸਿਟੀ ਨੇ ਜ਼ਿਆਦਾ ਧਿਆਨ ਨਹੀਂ ਦਿੱਤਾ। ਇਸ ਲਈ ਇਸ ਵਲ ਧਿਆਨ ਦੇਣਾ ਬੜਾ ਜ਼ਰੂਰੀ ਹੈ। ਇਸ ਨਾਲ ਛੋਲਿਆਂ ਦੀ ਅੱਛੀ ਪੈਦਾਵਾਰ ਹੋਵੇਗੀ। ਮੈਂ ਬੇਨਤੀ ਕਰਾਂਗਾ ਕਿ ਜਦੋਂ ਅਸੀਂ ਐਨੀ ਤਰੱਕੀ ਕੀਤੀ ਹੈ, ਜੇਕਰ ਅਸੀਂ ਇਨ੍ਹਾਂ ਬੀਜਾਂ ਨੂੰ ਵਧੀਆ ਪੈਦਾ ਕਰ ਲਈਏ ਤਾਂ ਕਿਸਾਨਾਂ ਨੂੰ ਹੋਰ ਵੀ ਫਾਇਦਾ ਪਹੁੰਚੇਗਾ। ਪਿੱਛੇ ਜਿਹੇ ਪਾਸ ਬੁੱਕਾਂ ਦੀ ਸਕੀਮ ਚੱਲੀ ਸੀ। ਪਾਸ ਬੁੱਕਾਂ ਦੀ ਕਿਸਾਨਾਂ ਦੇ ਵਾਸਤੇ ਬਹੁਤ ਫਾਇਦੇਮੰਦ ਸਕੀਮ ਸੀ। ਪਤਾ ਨਹੀਂ ਕਿ ਕਿਉਂ ਨਹੀਂ ਉਸ ਵਲ ਜ਼ਿਆਦਾ ਧਿਆਨ ਦਿੱਤਾ ਗਿਆ। ਮੈਂ ਸੁਝਾਓ ਦੇਵਾਂਗਾ ਕਿ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਪਾਸ-ਬੁੱਕ ਹੋਵੇ ਤਾਂ ਕਿਸਾਨ

Original with;
Punjab Vidhan Sabha
Digitized by;
Panjab Digital Library

ਨੂੰ ਪਟਵਾਰੀ ਪਾਸ ਨਹੀਂ ਜਾਣਾ ਪੈਂਦਾ। ਪਟਵਾਰੀ ਕੋਲ ਜਾਣ ਨਾਲ ਟਾਈਮ ਦਾ ਨੁਕਸਾਨ ਹੁੰਦਾ ਹੈ, ਕੁਝ ਹੋਰ ਵੀ ਨੁਕਸਾਨ ਹੁੰਦਾ ਹੈ, ਇਸ ਤਰ੍ਹਾਂ ਨਾਲ ਇਹ ਸਾਰਾ ਕੁਝ ਬੱਚ ਸਕਦਾ ਹੈ। ਇਸ ਲਈ ਸਰਕਾਰ ਪਾਸ-ਬੁੱਕ ਸਿਸਟਮ ਜਿਹੜਾ ਸੀ, ਉਸ ਦੇ ਵਲ ਵੀ ਧਿਆਨ ਦੇਵੇ। ਇਸ ਦੇ ਵਿਚ ਕਿਸਾਨ ਨੂੰ ਫਾਇਦਾ ਦੇਣਾ ਚਾਹੀਦਾ ਹੈ। ਜੇਕਰ ਕਿਸਾਨ ਕੋਲ ਆਪਣੀ ਪਾਸ-ਬੁੱਕ ਹੋਵੇ ਜਦੋਂ ਉਹ ਕਰਜ਼ਾ ਲੈਣ ਜਾਵੇ ਤਾਂ ਪਟਵਾਰੀ ਵਲ ਦੌੜਨਾ ਨਾ ਪਵੇ। ਇਹ ਚੀਜ਼ ਹੈ ਜਿਹੜੀ ਕਿ ਕਿਸਾਨ ਨੂੰ ਬਚਾਉਣ ਵਾਸਤੇ ਚਲਣੀ ਚਾਹੀਦੀ ਹੈ।

ਫ਼ਿਰ, ਬਿਜਲੀ ਹੈ। ਇਸ ਵਿਚ ਵੀ ਅਸੀਂ ਕਾਫੀ ਤਰੱਕੀ ਕੀਤੀ ਹੈ। ਥੀਨ ਡੈਮ ਦੀ ਜੋ ਸਾਨੂੰ ਮਨਜ਼ੂਰੀ ਮਿਲੀ ਹੈ ਇਸ ਦੇ ਨਾਲ ਪੰਜਾਬ ਨੂੰ ਕਾਫੀ ਇਮਦਾਦ ਮਿਲੇਗੀ। ਇਹ ਪੰਜਾਬ ਨੂੰ ਅੱਗੇ ਲੈ ਜਾਵੇਗਾ। ਬਿਜਲੀ ਵੀ ਪੈਦਾ ਹੋਵੇ ਪਾਣੀ ਵੀ ਕਿਸਾਨ ਨੂੰ ਪੂਰਾ ਮਿਲੇ, ਉਸ ਦੇ ਨਾਲ ਕਿਸਾਨ ਦੀ ਹੌਸਲਾ ਅਫਜ਼ਾਈ ਵੀ ਹੋਵੇਗੀ ਔਰ ਦੇਸ਼ ਦੀ ਪੈਦਾਵਾਰ ਵਧੇਗੀ। ਇਸ ਦੇ ਵਾਸਤੇ ਗਿਆਨੀ ਜੀ ਨੂੰ ਮੁਬਾਰਕਬਾਦ ਦੇਵਾਂ ਕਿ ਜਿਹੜਾ ਇਹ ਥੀਨ ਡੈਮ ਦਾ ਮਸਲਾ ਸੀ ਉਸ ਨੂੰ ਨਿਪਟਾਇਆ ਹੈ। ਜਦੋਂ ਇਹ ਪ੍ਰਾਜੈਕਟ ਸਾਡੇ ਸਾਹਮਣੇ ਆਵੇਗਾ, ਚੱਲੇਗਾ, ਤਾਂ ਉਸ ਦੇ ਨਾਲ ਸਾਡੇ ਪੰਜਾਬ ਨੂੰ ਜ਼ਿਆਦਾ ਫਾਇਦਾ ਪਹੁੰਚੇਗਾ।

ਕੁਝ ਵਰਲੱਡ ਬੈਂਕ ਤੋਂ ਟਰੈਕੱਟਰਾ ਲਈ ਕਰਜ਼ਾ ਆਉਂਦਾ ਹੈ। ਇਹ ਵੀ ਕਿਸਾਨਾਂ ਵਾਸਤੇ ਬੜਾ ਫ਼ਾਇਦੇਮੰਦ ਹੈ। ਇਸ ਦੇ ਨਾਲ ਹੀ ਅਸੀਂ ਪਹਿਲੇ ਹੱਲ ਜੋੜ ਕੇ ਵਾਹੀ ਕਰਦੇ ਸੀ ਪਰ ਹੁਣ ਟਰੈਕਟਰ ਨਾਲ ਕਰਦੇ ਹਾਂ, ਜਿਸ ਨਾਲ ਕਾਫੀ ਪੈਦਾਵਾਰ ਹੁੰਦੀ ਹੈ। ਇਸ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਕਿਸਾਨ ਦਾ ਵੱਧ ਤੋਂ ਵੱਧ ਫਾਇਦਾ ਹੋ ਸਕੇ। ਕੁਝ ਸਬਸਿਡੀ ਖਾਦ ਵਿਚ ਵੀ ਹੋਣੀ ਚਾਹੀਦੀ ਹੈ ਕਿਉਂਕਿ ਖਾਦ ਦੀਆਂ ਕੀਮਤਾਂ ਕੁਝ ਜ਼ਿਆਦਾ ਹਨ। ਪਰ ਕੁਝ ਸਹਾਇਤਾ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਕਿਸਾਨ ਨੂੰ ਉਸ ਦੀ ਪੈਦਾਵਾਰ ਦਾ ਪੂਰਾ ਲਾਭ ਪਹੁੰਚੇ। ਭਾਅ ਕੇਂਦਰ ਸਰਕਾਰ ਮੁਕੱਰਰ ਕਰਦੀ ਹੈ। ਉਸ ਭਾਅ ਤੋਂ ਘੱਟ ਅਸੀਂ ਵੇਚ ਨਹੀਂ ਸਕਦੇ, ਇਸ ਲਈ ਸਾਨੂੰ ਕੁਝ ਸਬਸਿਡੀ ਦੇਣੀ ਚਾਹੀਦੀ ਹੈ ਤਾਂ ਕਿ ਉਸ ਦਾ ਹੌਸਲਾ ਬਣਿਆ ਰਹੇ ਅਤੇ ਉਸ ਦਾ ਫਾਇਦਾ ਹੋਵੇ, ਨਾਲ ਹੀ ਸਾਡੀ ਪੈਦਾਵਾਰ ਵਿਚ ਵਾਧਾ ਹੋਵੇਗਾ। ਇਸ ਵੱਲ ਸਾਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਅਸੀਂ ਕਿਸਾਨਾਂ ਨੂੰ ਕੁਝ ਫਾਇਦਾ ਪਹੁੰਚਾ ਸਕੀਏ।

ਡਿਪਟੀ ਸਪੀਕਰ ਸਾਹਿਬ, ਇਹ ਦਰਿਆਵਾਂ ਦਾ ਏਰੀਆ ਹੈ। ਇਥੇ ਦਰਿਆ ਹਮੇਸ਼ਾਂ ਹੀ ਜ਼ਮੀਨਾਂ ਦੀ ਖਾਰ ਕਰਦਾ ਹੈ। ਇਸ ਲਈ ਉਸ ਵਿਚ ਕੁਝ ਸਪੱਰ ਬਣਾਉਣੇ ਚਾਹੀਦੇ ਹਨ ਅਤੇ ਜਿਸ ਨਾਲ ਜ਼ਮੀਨਾਂ ਨੂੰ ਜਿਹੜੀ ਢਾਹ ਲੱਗ ਜਾਂਦੀ ਹੈ ਉਸ ਤੋਂ ਬਚਾਇਆ ਜਾ ਸਕਦਾ ਹੈ। ਮੇਰੇ ਇਲਾਕੇ ਵਿਚੋਂ ਫਿਰੋਜ਼ਪੁਰ ਤੋਂ ਅੱਗੇ ਜਾ ਕੇ ਦਰਿਆ ਆਉਂਦਾ ਹੈ, ਉਥੇ ਇਹ ਸਕੀਮ ਸਾਡੇ ਜ਼ਰੂਰ ਆਉਣੀ ਚਾਹੀਦੀ ਹੈ ਅਤੇ ਜੋ ਡਰੇਨੇਜ ਹਨ, ਉਨ੍ਹਾਂ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਬੱਜਟ ਵਿਚ ਕੁਝ ਰਕਮ ਰੱਖੀ ਹੈ ਪਰ ਉਹ ਥੋੜ੍ਹੀ ਹੈ। ਇਸ ਕਰਕੇ ਮੈਂ ਕਹਾਂਗਾ ਕਿ ਕੁਝ ਹੋਰ ਰਕਮ ਇਸ ਕੰਮ ਵਾਸਤੇ ਰੱਖ ਦਿਤੀ ਜਾਵੇ ਤਾਂ ਬੜੀ ਅੱਛੀ ਗੱਲ ਹੋਵੇਗੀ। ਜਦੋਂ ਤੱਕ ਸੇਮ ਦਾ ਪਾਣੀ ਇਨ੍ਹਾਂ ਜ਼ਮੀਨਾਂ ਵਿਚੋਂ ਖਾਰਜ ਨਹੀਂ ਕਰਦੇ ਤਦ ਤੱਕ ਜ਼ਮੀਨਾਂ ਦੀ ਪੈਦਾਵਾਰ ਵਿਚ ਵਾਧਾ ਨਹੀਂ ਹੋ ਸਕਦਾ। ਇਹ ਜਿਹੜੇ ਨਾਲੇ ਹਨ ਉਨ੍ਹਾਂ ਦੀ ਸਫਾਈ ਹੋਣੀ ਚਾਹੀਦੀ ਹੈ, ਇਹ ਬਹੁਤ ਜ਼ਰੂਰੀ ਹੈ। ਬਾਰਸ਼ਾਂ ਦਾ ਪਾਣੀ ਅਤੇ ਸੇਮ ਦਾ ਪਾਣੀ ਬਾਹਰ ਨਹੀਂ ਜਾ ਸਕਦਾ, ਜੇ ਪਾਣੀ ਜ਼ਮੀਨ ਵਿਚ ਰਹਿਣਾ ਹੈ ਤਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਲਛਮਣ ਸਿੰਘ]

ਪੈਦਾਵਾਰ ਨਹੀਂ ਹੋਣੀ। ਇਸ ਲਈ ਮੈਂ ਸਿੰਜਾਈ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਜੋ ਸੇਮ ਦਾ ਮਸਲਾ ਹੈ, ਇਹ ਇਕ ਅਹਿਮ ਮਸਲਾ ਹੈ। ਡਰੇਨਾਂ ਤੇ ਜ਼ਿਆਦਾ ਤੋਂ ਜ਼ਿਆਦਾ ਰਕਮਾਂ ਖਰਚ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਸੇਮ ਦਾ ਪਾਣੀ ਬਾਹਰ ਜਾਵੇ ਔਰ ਖੇਤੀ ਦੀ ਪੈਦਾਵਾਰ ਜ਼ਿਆਦਾ ਹੋ ਸਕੇ। ਇਹ ਮੇਰੀ ਮੰਗ ਹੈ ਜਿਥੇ ਮੇਰੇ ਹਲਕੇ ਵਿਚ ਤਕਲੀਫ ਹੈ। ਮੇਰੇ ਹਲਕੇ ਗੁਰੂ ਹਰ ਸਹਾਏ ਵਿੱਚ ਜਿਹੜੇ ਨਾਲੇ ਹਨ ਉਨ੍ਹਾਂ ਦੀ 10-12 ਸਾਲਾਂ ਤੋਂ ਸਫਾਈ ਨਹੀਂ ਹੋ ਸਕੀ। ਪਹਿਲਾਂ ਸਾਨੂੰ ਇਸ ਕੰਮ ਦਾ ਤਜਰਬਾ ਨਹੀਂ ਸੀ। ਇਹ ਜਿਹੜੇ ਪੁੱਲ ਸੀ, ਇਹ ਨੀਵੇਂ ਰਹਿ ਗਏ, ਹੁਣ ਜਿਹੜੇ ਨਵੇਂ ਬਣੇ ਹਨ, ਇਸ ਨਾਲ ਸਾਨੂੰ ਤਜਰਬਾ ਹੋ ਗਿਆ ਹੈ। ਇੰਜੀਨੀਅਰਜ਼ ਨੇ ਵੱਡੇ ਪੁੱਲ ਬਣਾ ਦਿੱਤੇ ਹਨ ਜਿਸ ਨਾਲ ਪਾਣੀ ਦਾ ਨਿਕਾਸ ਹੋ ਗਿਆ ਹੈ। ਇਸ ਲਈ ਸਰਵੇ ਕਰਕੇ ਇਸ ਪਾਸੇ ਸਾਨੂੰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਪਾਣੀ ਹਰ ਸਮੇਂ ਬਾਹਰ ਨਿਕਲਦਾ ਰਹੇ, ਫਿਰ ਇਹ ਸਾਡੀ ਖੇਤੀ ਦਾ ਨੁਕਸਾਨ ਨਹੀਂ ਕਰੇਗਾ। ਇਸ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਇਹ ਕਿਸਾਨਾਂ ਦੀਆਂ ਤਕਲੀਫਾਂ ਹਨ। ਮੈਂ ਇਹ ਸਿੰਜਾਈ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ, ਔਰ ਮੇਰਾ ਖਿਆਲ ਹੈ ਕਿ ਇਸ ਵੱਲ ਪੂਰਾ ਧਿਆਨ ਦੇਣਗੇ। ਇਸ ਨਾਲ ਕਿਸਾਨਾਂ ਨੂੰ ਫਾਇਦਾ ਪਹੁੰਚੇਗਾ। ਜਿਥੋਂ ਤੱਕ ਬਿਜਲੀ ਦੀ ਪੈਦਾਵਾਰ ਦਾ ਸਵਾਲ ਹੈ ਇਹ ਬਹੁਤ ਜ਼ਿਆਦਾ ਹੋ ਗਈ ਹੈ। ਇਸ ਵਾਸਤੇ ਕਾਫ਼ੀ ਰੁਪਏ ਰੱਖੇ ਗਏ ਹਨ। ਇਹ ਜਿਹੜੇ 90 ਕਰੋੜ ਰੁਪਏ ਦੇ ਪ੍ਰਾਜੈਕਟ ਹਨ। ਇਹ ਸਾਰੇ ਮੁਕੰਮਲ ਕਰ ਲਏ ਜਾਣਗੇ ਤਾਂ ਫੇਰ ਇਹ ਜਿਹੜਾ ਬਿਜਲੀ ਦਾ ਮਸਲਾ ਪੰਜਾਬ ਵਿਚ ਥੋੜ੍ਹਾ ਹੈ ਉਹ ਵੀ ਪੂਰਾ ਹੋ ਜਾਵੇਗਾ। ਬਿਜਲੀ ਦਾ ਕਿਸਾਨਾਂ ਨੂੰ ਵੀ ਫਾਇਦਾ ਹੋਵੇਗਾ, ਖੇਤੀ ਦੇ ਕੰਮਾਂ ਵਾਸਤੇ ਇੰਡਸਟਰੀ ਦੇ ਵਾਸਤੇ, ਇਸ ਦਾ ਫਾਇਦਾ ਕਾਫ਼ੀ ਹੋਵੇਗਾ।

ਇਹ ਬਜਟ ਬੜਾ ਸੋਚ ਵਿਚਾਰ ਕੇ ਬਣਾਇਆ ਗਿਆ ਹੈ। ਇਹ ਬਹੁਤ ਚੰਗਾ ਬਜਟ ਹੈ। ਮੈਂ ਇਸ ਦੀ ਗਿਆਨੀ ਜੀ ਨੂੰ ਅਤੇ ਨਾਲ ਸ਼ਰਮਾ ਜੀ ਨੂੰ ਵੀ ਵਧਾਈ ਦੇਵਾਂਗਾ।

**ਸਰਦਾਰ ਗੁਰਬਚਨ ਸਿੰਘ ਚੀਮਾ (ਦਸੂਹਾ)** : ਡਿਪਟੀ ਸਪੀਕਰ ਸਾਹਿਬ, ਸਾਡੇ ਖਜ਼ਾਨਾ ਮੰਤਰੀ ਜੀ ਨੇ ਇਸ ਬੱਜਟ ਵਿੱਚ ਐਗਰੀਚਲਚਰ ਲਈ ਕਾਫ਼ੀ ਪੈਸਾ ਰਖਿਆ ਹੈ। ਮੈਂ ਇਸ ਗੱਲ ਦੀ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਨਾਲ ਹੀ ਮੈਂ ਆਪਣੇ ਹਲਕੇ ਦੇ ਜ਼ਿਮੀਦਾਰਾਂ ਦੀਆਂ ਜਿਹੜੀਆਂ ਤਕਲੀਫ਼ਾਂ ਹਨ ਉਹ ਵੀ ਤੁਹਾਨੂੰ ਦੱਸੇ ਬਗੈਰ ਨਹੀਂ ਰਹਿ ਸਕਦਾ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਬਹੁਤੀ ਵਸੋਂ ਪਿੰਡਾਂ ਵਿੱਚ ਰਹਿੰਦੀ ਹੈ, ਅਤੇ ਪਿੰਡਾਂ ਵਿੱਚ ਰਹਿਣ ਵਾਲਿਆਂ ਦੀ ਜ਼ਿੰਦਗੀ ਦਾ ਗੁਜ਼ਾਰਾ ਜਾਂ ਉਨ੍ਹਾਂ ਦਾ ਰਹਿਣ ਸਹਿਣ ਜਿਹੜਾ ਹੈ, ਉਹ ਖੇਤੀ ਬਾੜੀ ਤੇ ਨਿਰਭਰ ਕਰਦਾ ਹੈ। ਖੇਤੀਬਾੜੀ ਲਈ ਸਭ ਤੋਂ ਜ਼ਰੂਰੀ ਪਾਣੀ ਦੀ ਜ਼ਰੂਰਤ ਹੈ, ਖਾਦ ਦੀ ਜ਼ਰੂਰਤ ਹੈ ਅਤੇ ਟਰੈਕਟਰ ਵੀ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਨਾਲ ਜਿਹੜੀ ਜ਼ਮੀਨ ਹੈ ਉਸ ਦੀ ਮਿੱਟੀ ਵੀ ਟੈਸਟ ਹੋਣੀ ਚਾਹੀਦੀ ਹੈ ਤਾ ਕਿ ਜ਼ਿਮੀਂਦਾਰ ਜ਼ਮੀਨ ਵਿੱਚ ਪੂਰੀ ਮਿਕਦਾਰ ਨਾਲ ਖਾਦ ਪਾ ਸਕਣ। ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਕਿੰਨੀ ਮਿਕਦਾਰ ਵਿੱਚ ਖਾਦ ਪਾਉਣੀ ਚਾਹੀਦੀ ਹੈ। ਅਗਰ ਉਨ੍ਹਾਂ ਨੂੰ ਮਿੱਟੀ ਟੈਸਟ ਕਰਕੇ ਖਾਦ ਦੀ ਮਿਕਦਾਰ ਦੱਸੀ ਜਾਵੇ ਕਿ ਇਤਨੀ ਮਿਕਦਾਰ ਵਿੱਚ ਖਾਦ ਪਾਓ ਤਾਂ ਇਸ ਦੇ ਨਾਲ ਜ਼ਿਮੀਦਾਰਾਂ ਨੂੰ ਫ਼ਾਇਦਾ ਹੋਵੇਗਾ।

Original with;
Punjab Vidhan Sabha
Digitized by;
Panjab Digital Library

ਇਸ ਤਰ੍ਹਾਂ ਫ਼ਸਲ ਵੀ ਅੱਗੇ ਨਾਲੋਂ ਦੁੱਗਣੀ ਹੋ ਸਕਦੀ ਹੈ । ਇਹ ਜਿਹੜੀਆਂ ਮਿੱਟੀ ਟੈਸਟ ਕਰਨ ਦੀਆਂ ਲੈਬਾਰਟਰੀਆਂ ਹਨ, ਇਹ ਕਾਫ਼ੀ ਥੋੜੀਆਂ ਹਨ । ਇਹ ਲੈਬਾਰਟਰੀਆਂ ਹੋਰ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ ਚਲਦੀਆਂ ਫਿਰਦੀਆਂ ਲੈਬਾਰਟਰੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਪਿੰਡਾਂ ਵਿਚ ਜਾਣ ਅਤੇ ਉਥੇ ਜ਼ਿਮੀਦਾਰਾਂ ਦੀਆਂ ਜ਼ਮੀਨਾਂ ਟੈਸਟ ਕਰਕੇ ਉਨ੍ਹਾਂ ਨੂੰ ਦੱਸਣ ਕਿ ਤੁਹਾਨੂੰ ਇਤਨੀ ਮਿਕਦਾਰ ਵਿੱਚ ਖਾਦ ਪਾਉਣੀ ਚਾਹੀਦੀ ਹੈ ਅਤੇ ਇਸ ਕਿਸਮ ਦੀ ਖਾਦ ਪਾਓ । ਇਸ ਨਾਲ ਜ਼ਿਮੀਦਾਰਾਂ ਨੂੰ ਬੜਾ ਫ਼ਾਇਦਾ ਹੋਵੇ ਗਾ ।

ਦੂਸਰੀ ਜਿਹੜੀ ਸਾਡੇ ਜ਼ਿਲ੍ਹੇ ਵਿਚ ਸਭ ਤੋਂ ਵੱਡੀ ਬਿਮਾਰੀ ਹੈ ਉਹ ਚੂਹਿਆਂ ਦੀ ਹੈ । ਇਸ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ ਚੂਹੇ ਜ਼ਿਮੀਦਾਰਾਂ ਦਾ ਬਹੁਤ ਨੁਕਸਾਨ ਕਰਦੇ ਹਨ, ਚੂਹੇ ਜ਼ਿਮੀਦਾਰ ਦੇ ਸਭ ਤੋਂ ਵੱਡੇ ਦੁਸ਼ਮਣ ਹਨ । ਖਾਸ ਕਰਕੇ ਸਾਡੇ ਜ਼ਿਲ੍ਹੇ ਵਿਚਬਰਾਨੀ ਇਲਾਕੇ ਵਿੱਚ ਚੂਹੇ ਫ਼ਸਲ ਨਹੀਂ ਰਹਿਣ ਦਿੰਦੇ । ਜਿਥੇ ਤਾਂ ਪਾਣੀ ਲਗਦਾ ਹੈ ਉਥੇ ਚੂਹੇ ਮਰ ਜਾਂਦੇ ਹਨ । ਜਦ ਪਾਣੀ ਲਗਦਾ ਹੈ ਤਾ ਚੂਹੇ ਬਾਹਰ ਨਿਕਲਦੇ ਹਨ ਅਤੇ ਕੁਝ ਨੂੰ ਜ਼ਿਮੀਂਦਾਰ ਮਾਰ ਦਿੰਦੇ ਹਨ ਅਤੇ ਕੁਝ ਚੂਹਿਆਂ ਨੂੰ ਇੱਲਾਂ ਚੁੱਕ ਕੇ ਲੈ ਜਾਂਦੀਆਂ ਹਨ । ਪਰ ਬਰਾਨੀ ਇਲਾਕੇ ਵਿੱਚ ਪਾਣੀ ਨਹੀਂ ਜਾਂਦਾ ਜਿਸ ਕਰਕੇ ਉਸ ਇਲਾਕੇ ਵਿੱਚ ਚੂਹੇ ਬੜਾ ਨੁਕਸਾਨ ਕਰਦੇ ਹਨ ਜਿਹੜਾ ਕਿ ਕਾਬਲੇ ਬਰਦਾਸ਼ਤ ਨਹੀਂ ਹੈ । ਮੈਂ ਕਹਾਂਗਾ ਕਿ ਸਾਡੇ ਜ਼ਿਲ੍ਹੇ ਵਿੱਚ ਐਗਰੀਕਲਚਰ ਦੇ ਇਨਸਪੈਕਟਰ ਅਤੇ ਹੋਰ ਹੋਰ ਮਹਿਕਮਿਆਂ ਦੇ ਵੱਖਰੇ ਵੱਖਰੇ ਇਨਸਪੈਕਟਰ ਹਨ ਪਰ ਉਹ ਕੰਮ ਨਹੀਂ ਕਰਦੇ। ਇਨਸਪੈਕਟਰ ਅਤੇ ਗਰਾਮ ਸੇਵਕ ਦੀ ਇਹ ਡਿਊਟੀ ਹੋਣੀ ਚਾਹੀਦੀ ਹੈ ਕਿ ਜਿਹੜਾ ਜਿਹੜਾ ਹਲਕਾ ਉਨ੍ਹਾਂ ਦੇ ਕੋਲ ਹੈ ਉਥੇ ਉਹ ਆਪ ਜਾ ਕੇ ਜ਼ਿਮੀਦਾਰਾਂ ਨੂੰ ਨਾਲ ਲੈ ਕੇ ਉਹ ਉਨ੍ਹਾਂ ਨੂੰ ਚੂਹਿਆ ਵਾਸਤੇ ਦਵਾਈ ਦੇਣ । ਚੂਹੇ ਦਵਾਈ ਖਾਂਦੇ ਹੀ ਨਹੀਂ ਉਹ ਇਤਨੇ ਸ਼ੈਤਾਨ ਹੋ ਗਏ ਹਨ । ਇਸ ਲਈ ਮੈਂ ਕਹਾਂਗਾ ਕਿ ਆਪਣੇ ਆਪਣੇ ਹਲਕਿਆਂ ਵਿਚ ਇਨਸਪੈਕਟਰ ਨੂੰ, ਉਸ ਹਲਕੇ ਦੇ ਬੀ. ਡੀ. ਓ. ਅਤੇ ਗਰਾਮ ਸੇਵਕ ਨੂੰ ਇਕ ਟੀਮ ਵਾਂਗ ਕੰਮ ਕਰਨਾ ਚਾਹੀਦਾ ਹੈ । ਇਹ ਨਾ ਹੋਵੇ ਕਿ ਉਹ ਇਕ ਖੇਤ ਵਿਚੋਂ ਤਾਂ ਚੂਹੇ ਮਾਰ ਦੇਣ ਅਤੇ ਦੂਜੀ ਜਗ੍ਹਾ ਰਹਿਣ ਦੇਣ । ਇਸ ਤਰ੍ਹਾਂ ਉਹ ਖ਼ਤਮ ਨਹੀਂ ਹੋ ਸਕਦੇ । ਉਨ੍ਹਾਂ ਨੂੰ ਸਾਰਿਆਂ ਪਾਸਿਆਂ ਤੋਂ ਖਤਮ ਕਰ ਦਿੱਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਸਾਡਾ ਜ਼ਿਲ੍ਹਾ ਪਛੜਿਆ ਹੋਇਆ ਜ਼ਿਲ੍ਹਾ ਹੈ । ਮੈਂ ਸਮਝਦਾ ਹਾਂ ਕਿ ਉਥੇ ਟਿਊਬਵੈਲਾਂ ਵਿਚ ਕੋਈ ਰਿਆਇਤ ਨਹੀਂ ਮਿਲਦੀ। ਟਿਊਬਵੈਲ ਲਗਾਉਣ ਲਈ ਜ਼ਿਮੀਂਦਾਰ ਕੋਲੋਂ ਇਕ ਇਕ ਹਜ਼ਾਰ ਰੁਪਿਆ ਐਡਵਾਂਸ ਜਮ੍ਹਾਂ ਕਰਾਇਆ ਜਾਂਦਾ ਹੈ ਪਰ ਉਹ ਜ਼ਿਮੀਂਦਾਰ ਦੇ ਨਹੀਂ ਸਕਦੇ । ਮੈਂ ਕਹਾਂਗਾ ਕਿ ਮੇਰਾ ਹਲਕਾ ਜੋ ਕਿ ਬੈਕਵਰਡ ਹੈ ਉਨ੍ਹਾਂ ਕੋਲੋਂ ਇਹ ਇਕ ਹਜ਼ਾਰ ਰੁਪਿਆ ਐਡਵਾਂਸ ਨਾ ਲਿਆ ਜਾਵੇ ਕਿਉਂ ਕਿ ਉਹ ਦੇ ਨਹੀਂ ਸਕਦੇ । ਖਾਸ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਲੋਕਾਂ ਕੋਲ ਜ਼ਮੀਨ ਬਹੁਤ ਥੋੜੀ ਹੈ, ਉਹ ਪਛੜਿਆ ਹੋਇਆ ਇਲਾਕਾ ਹੈ । ਉਨਾਂ ਨੂੰ ਇਹ ਰਿਆਇਤ ਜ਼ਰੂਰ ਦਿਤੀ ਜਾਵੇ । ਬਿਜਲੀ ਦਾ ਫ਼ਲੈਟ ਰੇਟ ਜਿਹੜਾ ਹੈ ਇਹ ਪਹਿਲੇ ਨੌਂ ਰੁਪਏ ਪਰ ਹਾਰਸ ਪਾਵਰ ਸੀ ਜਦ ਕਿ ਹੁਣ ਇਹ 18 ਰੁਪਏ ਪਰ ਹਾਰਸ ਪਾਵਰ ਕਰ ਦਿੱਤਾ ਗਿਆ ਹੈ । ਇਸ ਦਾ ਨਤੀਜਾ ਇਹ ਹੋਵੇਗਾ ਕਿ ਜ਼ਿਮੀਂਦਾਰ ਫ਼ਸਲਾ ਨੂੰ ਘੱਟ ਪਾਣੀ ਦੇਵੇਗਾ ਅਤੇ

Original with;
Punjab Vidhan Sabha
Digitized by;
Panjab Digital Library

[ ਸਰਦਾਰ ਗੁਰਬਚਨ ਸਿੰਘ ਚੀਮਾ ]

ਫ਼ਸਲ ਘੱਟ ਹੋਵੇਗੀ । ਇਹ ਖਰਚਾ ਜ਼ਿਮੀਂਦਾਰ ਬਰਦਾਸ਼ਤ ਨਹੀ ਕਰ ਸਕਦਾ । ਇਹ ਖਰਚਾ ਘਟਾਉਣਾ ਚਾਹੀਦਾ ਹੈ । ਸਾਡਾ ਜਿਹੜਾ ਜ਼ਿਲ੍ਹਾ ਹੈ ਉਸ ਵਿੱਚ ਕੁਝ ਕੰਡੀ ਦਾ ਏਰੀਆ ਹੈ ਅਤੇ ਦੂਸਰਾ ਬੇਟ ਦਾ ਇਲਾਕਾ ਹੈ । ਕੰਡੀ ਦੇ ਇਲਾਕੇ ਵਿਚ ਜਿਹੜੇ ਟਿਊਬਵੈੱਲ ਲਗਾਏ ਗਏ ਹਨ ਉਥੇ ਬਹੁਤੀਆਂ ਮੋਟਰਾਂ 70 —75 ਹਾਰਸ ਪਾਵਰ ਦੀਆਂ ਹਨ । ਉਨ੍ਹਾਂ ਮੋਟਰਾਂ ਦਾ ਖਰਚ ਉਹ ਜ਼ਿਮੀਂਦਾਰ ਦੇ ਨਹੀਂ ਸਕਦੇ । ਇਕ ਵਾਰੀ ਪਾਣੀ ਦੇਣ ਨਾਲ ਸੌ ਸੌ ਰੁਪਿਆ ਜ਼ਿਮੀਂਦਾਰ ਦੇ ਸਿਰ ਚੜ੍ਹ ਜਾਂਦਾ ਹੈ, ਇਸ ਕਰਕੇ ਜ਼ਿਮੀਂਦਾਰ ਪਾਣੀ ਨਹੀਂ ਲਾਂਉਦਾ ਅਤੇ ਜਿਸ ਕਰਕੇ ਜ਼ਿਮੀਂਦਾਰ ਦਾ ਨੁਕਸਾਨ ਹੁੰਦਾ ਹੈ । ਉਥੇ ਉਹ ਟਿਊਬਵੈੱਲ ਵੇਹਲੇ ਪਏ ਹਨ । ਉਨ੍ਹਾਂ ਦੇ ਰੇਟ ਘੱਟ ਕੀਤੇ ਜਾਣ ਤਾਕਿ ਜ਼ਿਮੀਦਾਰ ਆਪਣੀ ਫ਼ਸਲ ਨੂੰ ਪੂਰਾ ਪਾਣੀ ਦੇ ਸਕੇ ਅਤੇ ਆਪਣੀ ਫ਼ਸਲ ਨੂੰ ਸਿਰੇ ਚਾੜ੍ਹ ਸਕੇ ।

ਹੁਣ ਮੈਂ ਲਿਫਟ ਸਕੀਮ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਸ਼ਾਹ ਨਹਿਰ ਤੋਂ ਲਿਫਟ ਸਕੀਮ ਰਾਹੀਂ ਜ਼ਿਆਦਾ ਪਾਣੀ ਮਿਲਣਾ ਚਾਹੀਦਾ ਹੈ, ਇਹ ਦੂਸਰੇ ਨਾਲੋਂ ਪਾਣੀ ਘੱਟ ਕੀਮਤ ਤੇ ਮਿਲੇ । ਕੰਡੀ ਇਲਾਕੇ ਵਿਚ ਲਿਫਟ ਸਕੀਮ ਰਾਂਹੀਂ ਪਾਣੀ ਦਿੱਤਾ ਜਾਵੇ ਤਾਂ ਹੀ ਉਨ੍ਹਾਂ ਦਾ ਫ਼ਾਇਦਾ ਹੋ ਸਕਦਾ ਹੈ ।

ਹੁਣ ਮੈਂ ਖਾਦ ਵੱਲ ਆਉਂਦਾ ਹਾਂ । ਖਾਦ ਦੀਆਂ ਕੀਮਤਾਂ ਬਹੁਤ ਜ਼ਿਆਦਾ ਹਨ । ਇਨ੍ਹਾਂ ਨੂੰ ਜ਼ਰੂਰ ਘਟਾਇਆ ਜਾਵੇ ਤਾਕਿ ਜ਼ਿਮੀਂਦਾਰ ਖਾਦ ਜ਼ਿਆਦਾ ਪਾ ਸਕੇ ਅਤੇ ਜਿੰਨੀ ਜ਼ਿਮੀਂਦਾਰ ਖਾਦ ਜ਼ਿਆਦਾ ਪਾਵੇਗਾ ਉਤਨਾ ਹੀ ਅਨਾਜ ਜ਼ਿਆਦਾ ਹੋਵੇਗਾ । ਖਾਦ ਮਹਿੰਗੀ ਹੋਣ ਕਰਕੇ ਜ਼ਿਮੀਦਾਰ ਖਾਦ ਪਾ ਨਹੀਂ ਸਕਦਾ ਅਤੇ ਜ਼ਮੀਨ ਵੀ ਖਾਦ ਤੋਂ ਬਗੈਰ ਕੁਝ ਨਹੀ ਉਪਜ ਦਿੰਦੀ । ਇਸ ਲਈ ਖਾਦ ਦੀਆਂ ਕੀਮਤਾਂ ਘੱਟ ਹੋਣ ਤਾਕਿ ਜ਼ਿਮੀਂਦਾਰ ਪੂਰੀ ਮਿਕਦਾਰ ਵਿਚ ਖਾਦ ਪਾ ਸਕੇ ।

ਹੁਣ ਮੈਂ ਟਰੈਕਟਰਾਂ ਵੱਲ ਆਉਂਦਾ ਹਾਂ । ਟਰੈਕਟਰਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਹੋ ਗਈਆਂ ਹਨ । ਖਾਸ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਛੋਟਾ ਜ਼ਿਮੀਂਦਾਰ ਟਰੈਕਟਰ ਨਹੀਂ ਲੈ ਸਕਦਾ । ਟਰੈਕਟਰ ਲੈਣ ਲਈ ਵਰਲਡ ਬੈਂਕ ਸਕੀਮ ਅਨੁਸਾਰ ਉਨ੍ਹਾਂ ਜ਼ਿਮੀਂਦਾਰਾ ਨੇ ਟਰੈਕਟਰ ਲੈਣ ਲਈ ਪੈਸੇ ਜਮ੍ਹਾਂ ਕਰਵਾਏ ਸੀ । ਉਨ੍ਹਾਂ ਨੇ ਟਰੈਕਟਰ ਲਣ ਲਈ ਪੰਜ ਪੰਜ ਹਜ਼ਾਰ ਰੁਪਿਆ ਜਮ੍ਹਾਂ ਕਰਵਾਇਆ ਸੀ । ਜਦੋਂ ਉਨ੍ਹਾਂ ਨੇ ਇਹ ਰੁਪਿਆ ਜਮ੍ਹਾਂ ਕਰਵਾਇਆ ਸੀ ਉਸ ਵਕਤ ਨਾਲੋਂ ਹੁਣ ਟਰੈਕਟਰਾਂ ਦੀਆਂ ਕੀਮਤਾਂ 18-20 ਹਜ਼ਾਰ ਰੁਪਿਆ ਜ਼ਿਆਦਾ ਹੋ ਗਈਆਂ । ਇਸ ਵਿਚ ਜ਼ਿਮੀਂਦਾਰ ਦਾ ਕੋਈ ਕਸੂਰ ਨਹੀਂ ਹੈ । ਜੇ ਉਸ ਵਕਤ ਟਰੈਕਟਰ ਸਪਲਾਈ ਕਰ ਦਿੰਦੇ ਤਾਂ ਉਨ੍ਹਾਂ ਨੂੰ 18-20 ਹਜ਼ਾਰ ਰੁਪਿਆ ਸਸਤਾ ਮਿਲ ਜਾਣਾ ਸੀ । ਹੁਣ ਜੇ ਜ਼ਿਮੀਂਦਾਰ ਆਪਣਾ ਜਮ੍ਹਾਂ ਕਰਵਾਇਆ ਹੋਇਆ ਪੰਜ ਪੰਜ ਹਜ਼ਾਰ ਰੁਪਿਆ ਮੰਗਦੇ ਹਨ ਤਾਂ ਉਹ ਵਾਪਸ ਨਹੀ ਕਰਦੇ । ਉਹ ਕਹਿੰਦੇ ਹਨ ਕਿ ਵਾਪਸ ਨਹੀਂ ਹੋ ਸਕਦਾ । ਅਗਰ ਜ਼ਿਮੀਦਾਰ ਟਰੈਕਟਰ ਨਹੀਂ ਲੈਣਾ ਚਾਹੁੰਦਾ ਤਾਂ ਉਸ ਨੇ ਟਰੈਕਟਰ ਲੈਣ ਲਈ ਪੰਜ ਹਜ਼ਾਰ ਰੁਪਿਆ ਸਿਕਿਉਰਟੀ ਦੇ ਤੌਰ ਤੇ, ਐਡਵਾਂਸ ਜਮ੍ਹਾਂ ਕਰਵਾਇਆ ਹੋਇਆ ਹੈ ਉਹ ਸਮੇਤ ਸੂਦ ਦੇ ਵਾਪਿਸ ਮਿਲਣਾ ਚਾਹੀਦਾ ਹੈ । ਉਨ੍ਹਾਂ ਜ਼ਿਮੀਂਦਾਰਾਂ ਦੇ ਡੇਢ ਦੋ ਸਾਲਾਂ ਦੇ ਪੈਸੇ ਜਮ੍ਹਾਂ ਪਏ ਹਨ । ਜ਼ਿਮੀਂਦਾਰ ਕਹਿੰਦੇ ਹਨ ਕਿ ਜਿਸ ਵਕਤ ਤੁਸੀਂ ਸਾਡੇ ਕੋਲੋਂ ਪੈਸੇ ਜਮ੍ਹਾਂ ਕਰਵਾਏ ਸੀ ਉਸ ਵਕਤ

Original with;
Punjab Vidhan Sabha
Digitized by;
Panjab Digital Library

ਟਰੈਕਟਰ ਦੀ ਕੀਮਤ 48 ਹਜ਼ਾਰ ਰੁਪਏ ਸੀ ਅਤੇ ਉਹ ਸਾਨੂੰ 48 ਹਜ਼ਾਰ ਰੁਪਏ ਵਿਚ ਟਰੈਕਟਰ ਮਿਲ ਜਾਣਾ ਸੀ ਪਰ ਹੁਣ ਉਸ ਦੀ ਕੀਮਤ 60-62 ਹਜ਼ਾਰ ਰੁਪਿਆ ਹੋ ਗਈ ਹੈ ।/ਇਸ ਵਿਚ ਜ਼ਿਮੀਦਾਰਾਂ ਦਾ ਕੋਈ ਕਸੂਰ ਨਹੀਂ ਹੈ । ਜਿਸ ਕੀਮਤ ਤੇ ਉਨ੍ਹਾਂ ਨੇ ਪੈਸੇ ਜਮ੍ਹਾਂ ਕਰਵਾਏ ਸਨ ਉਸੇ ਕੀਮਤ ਤੇ ਉਨ੍ਹਾਂ ਨੂੰ ਟਰੈਕਟਰ ਮਿਲਣੇ ਚਾਹੀਦੇ ਹਨ ਅਤੇ ਜਿਹੜੇ ਟਰੈਕਟਰ ਨਹੀ ਲੈਣਾ ਚਾਹੁੰਦੇ ਤਾਂ ਜਿਹੜੇ ਪੈਸੇ ਉਨ੍ਹਾਂ ਨੇ ਜਮ੍ਹਾਂ ਕਰਵਾਏ ਸਨ ਉਹ ਉਨ੍ਹਾਂ ਨੂੰ ਸਮੇਤ ਸੂਦ ਵਾਪਸ ਮਿਲਣੇ ਚਾਹੀਦੇ ਹਨ । ਸਾਡਾ ਇਲਾਕਾ ਬੈਕਵਰਡ ਹੈ ਅਤੇ ਉਹ ਲੋਕ ਟਰੈਕਟਰ ਨਹੀਂ ਖਰੀਦ ਸਕਦੇ । ਇਸ ਲਈ ਇਸ ਸਾਡੇ ਜ਼ਿਲ੍ਹੇ ਵਿਚ ਸਾਨੂੰ ਰਿਆਇਤ ਮਿਲਣੀ ਚਾਹੀਦੀ ਹੈ । ਵੈਸੇ ਤਾਂ ਸਾਰੇ ਬੈਕਵਰਡ ਇਲਾਕਿਆਂ ਨੂੰ ਰਿਆਇਤ ਮਿਲਣੀ ਚਾਹੀਦੀ ਹੈ । ਇਹ ਜਿਹੜਾ ~~ਕੁਮਰਸ਼ੀਅਲ~~ ਸੈਸ ਫ਼ਸਲਾਂ ਤੇ ਲਗਦਾ ਹੈ, ਇਹ ਜਿਹੜਾ ਫ਼ਸਲਾਂ ਤੇ ਟੈਕਸ ਲੱਗਦਾ ਹੈ ਇਹ ਠੀਕ ਨਹੀਂ ਹੈ । ਇਹ ਘਟਾਉਣਾ ਚਾਹੀਦਾ ਹੈ । ਜ਼ਿਮੀਦਾਰ ਅੱਗੇ ਹੀ ਦਬਿਆ ਪਿਆ ਹੈ । ਇਸ ਤਰ੍ਹਾਂ ਉਹ ਹੋਰ ਦਬ ਜਾਵੇਗਾ । ਫ਼ਸਲਾਂ ਨੂੰ ਬਿਮਾਰੀਆਂ ਲੱਗ ਜਾਂਦੀਆਂ ਹਨ, ਉਨ੍ਹਾਂ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ । ਜਿਸ ਤਰ੍ਹਾਂ ਸਾਡੇ ਇਲਾਕੇ ਵਿੱਚ ਕਮਾਦ ਅਤੇ ਪੈਡੀ ਦੀ ਫਸਲ ਹੁੰਦੀ ਹੈ । ਇਨ੍ਹਾਂ ਫ਼ਸਲਾਂ ਲਈ ਸਪਰੇ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਫਿਰੋਜ਼ਪੁਰ ਅਤੇ ਹੋਰ ਜ਼ਿਲ੍ਹਿਆਂ ਵਿਚ ਹੈਲੀਕਾਪਟਰ ਰਾਹੀਂ ਸਪਰੇ ਹੁੰਦੀ ਹੈ, ਜੇ ਉਥੇ ਸਾਡੇ ਹਲਕੇ ਵਿਚ ਵੀ ਇਸ ਤਰ੍ਹਾਂ ਹੈਲੀਕਾਪਕਰ ਰਾਹੀਂ ਸਪਰੇ ਹੋ ਜਾਵੇ ਤਾਂ ਠੀਕ ਹੈ । ਜ਼ਿਮੀਦਾਰ ਕਰਾਇਆ ਦੇਣ ਵਾਸਤੇ ਤਿਆਰ ਹਨ । ਜ਼ਿਮੀਦਾਰ ਪੰਪਾ ਨਾਲ ਚੰਗੀ ਤਰ੍ਹਾਂ ਦਵਾਈ ਨਹੀਂ ਛਿੜਕ ਸਕਦੇ । ਇਸ ਲਈ ਜੇ ਸਪਰੇ ਦਾ ਅਜਿਹਾ ਇੰਤਜ਼ਾਮ ਹੋ ਜਾਵੇ ਤਾਂ ਫ਼ਸਲਾਂ ਦੀਆਂ ਬਿਮਾਰੀਆਂ ਖ਼ਤਮ ਹੋ ਸਕਦੀਆਂ ਹਨ । ਸਾਡੇ ਇਲਾਕੇ ਵਿਚ ਕਮਾਦ ਨੂੰ ਤੇਲੇ ਦੀ ਬਿਮਾਰੀ ਲੱਗ ਜਾਂਦੀ ਹੈ । ਕਮਾਦ ਦੀ ਫ਼ਸਲ ਨੂੰ ਪੰਪਾਂ ਨਾਲ ਸਪਰੇ ਨਹੀਂ ਹੋ ਸਕਦਾ ਕਿਉਂਕਿ ਕਮਾਦ ਬਹੁਤ ਉਚਾ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਕਮਾਦ ਦੀ ਫ਼ਸਲ ਨੂੰ ਸਪਰੇ ਨਹੀਂ ਹੋ ਸਕਦਾ । ਉਥੇ ਤੇਲੇ ਨੇ ਬਹੁਤ ਨੁਕਸਾਨ ਕੀਤਾ ਹੈ । ਮਿੱਲਾਂ ਵਾਲੇ ਗੰਨਾ ਲੈ ਨਹੀਂ ਰਹੇ ਅਤੇ ਉਹ ਕਹਿੰਦੇ ਹਨ ਕਿ ਕਮਾਦ ਨੂੰ ਬਿਮਾਰੀ ਲੱਗੀ ਹੋਈ ਹੈ । ਸਾਡੇ ਉਥੇ ਭੋਗਪੁਰ ਮਿੱਲ ਹੈ । ਜਦੋਂ ਉਸ ਇਲਾਕੇ ਵਿਚ ਮਿੱਲ ਵਾਲਿਆਂ ਨੇ ਹੈਲੀਕਾਪਟਰ ਰਾਹੀਂ ਇਸ ਕਮਾਦ ਦੀ ਫ਼ਸਲ ਤੇ ਸਪਰੇ ਕੀਤਾ ਸੀ ਤਾਂ ਜਦ ਜ਼ਿਮੀਦਾਰ ਉਸ ਮਿੱਲ ਵਾਲਿਆਂ ਨੂੰ ਗੰਨਾ ਸਪਲਾਈ ਕਰਦੇ ਸੀ ਤਾਂ ਉਹ ਮਿੱਲ ਵਾਲੇ ਵਿੱਚੋਂ ਪੈਸੇ ਕੱਟ ਲੈਂਦੇ ਸੀ (ਘੰਟੀ) ਮੈਂ ਕਹਿੰਦਾ ਹਾਂ ਕਿ ਉਸ ਇਲਾਕੇ ਵਿਚ ਕਮਾਦ ਨੂੰ ਜ਼ਰੂਰ ਸਪਰੇ ਕਰਾਉਣ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਖ਼ਤਮ ਕਰੋ ਜੀ ।

**ਸਰਦਾਰ ਗੁਰਬਚਨ ਸਿੰਘ ਚੀਮਾ:** ਜ਼ਿਮੀਦਾਰ ਖੁਦ ਸਪਰੇ ਨਹੀਂ ਕਰ ਸਕਦੇ । ਇਹ ਮਿੱਲਾਂ ਵਾਲਿਆਂ ਦੀ ਡਿਊਟੀ ਹੋਣੀ ਚਾਹੀਦੀ ਹੈ । ਭੋਗਪੁਰ ਮਿੱਲ ਵਾਲਿਆਂ ਨੇ ਜਿੰਨਾ ਜਿੰਨਾ ਜ਼ਿਮੀਦਾਰ ਦਾ ਕਮਾਦ ਬੁੱਕ ਕੀਤਾ ਸੀ ਲੈਣ ਵੇਲੇ ਉਹ ਉਸ ਨਾਲੋਂ ਅੱਧਾ ਲੈ ਰਹੇ ਹਨ । ਉਸ ਬੇਟ ਦੇ ਇਲਾਕੇ ਵਿਚ ਗੁੜ ਨਹੀਂ ਬਣਦਾ ਜਿਸ ਕਰਕੇ ਕਮਾਦ ਖ਼ਰਾਬ ਹੁੰਦਾ ਹੈ । ਉਹ ਜ਼ਿਮੀਦਾਰ ਕਹਿੰਦੇ ਹਨ ਕਿ ਜਿੰਨਾ ਇਨ੍ਹਾਂ ਮਿੱਲ ਵਾਲਿਆਂ ਨੇ ਬੁੱਕ ਕੀਤਾ ਸੀ ਉਸ ਹਿਸਾਬ ਨਾਲ ਉਨ੍ਹਾਂ ਨੂੰ ਚੁੱਕਣਾ ਚਾਹੀਦਾ ਹੈ । ਇਹ ਵੀ ਜ਼ਿਮੀਦਾਰਾਂ ਨਾਲ ਧੱਕਾ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਚਨ ਸਿੰਘ ਚੀਮਾ]

ਪੈਡੀ ਦੀ ਬਿਜਾਈ ਵੇਲੇ ਬਿਜਲੀ ਵਾਲੇ ਜ਼ਿਮੀਦਾਰਾਂ ਨੂੰ ਤੰਗ ਕਰਦੇ ਹਨ। ਉਹ ਟਰਿੱਪਿੰਗ ਕਰਤੇ ਹਨ। ਟਰਿੱਪਿੰਗ ਕਰਨ ਨਾਲ ਟਿਊਬਵੈੱਲ ਦਾ ਪਾਣੀ ਫ਼ਸਲ ਤੱਕ ਵੀ ਨਹੀਂ ਪਹੁੰਚਦਾ ਕਿ ਮੋਟਰ ਬੰਦ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਨਿਕਾਲ ਰਸਤੇ ਵਿਚ ਹੀ ਰਹਿ ਜਾਂਦਾ ਹੈ। ਜ਼ਿਮੀਦਾਰ ਆਪ ਤਾਂ ਬਿਜਲੀ ਠੀਕ ਨਹੀਂ ਕਰ ਸਕਦੇ। ਉਨ੍ਹਾਂ ਨੂੰ ਕੁਨੈਕਸ਼ਨ ਲਾਉਣ ਦਾ ਕੋਈ ਪਤਾ ਨਹੀਂ ਹੈ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਫਿਊਜ਼ ਕਿਸ ਤਰ੍ਹਾਂ ਲਾਇਆ ਜਾਂਦਾ ਹੈ। ਪਰ ਜਿਹੜਾ ਲਾਈਨ ਮੈਨ ਹੁੰਦਾ ਹੈ ਉਹ ਬੜੀ ਦੂਰ ਬੈਠਾ ਹੁੰਦਾ ਹੈ। ਮੈਂ ਕਹਾਂਗਾ ਕਿ 10 ਮੋਟਰਾਂ ਮਗਰ ਇਕ ਲਾਈਨਮੈਨ ਹੋਣਾ ਚਾਹੀਦਾ ਹੈ। ਤਾਕਿ ਉਹ ਵਕਤ ਸਿਰ ਆਕੇ ਮੋਟਰ ਚਾਲੂ ਕਰ ਦੇਵੇ (ਘੰਟੀ)

**ਸ੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਗੁਰਬਚਨ ਸਿੰਘ ਚੀਮਾਂ**: ਇਹ ਜਿਹੜੀਆਂ ਮੈਂ ਗੱਲਾਂ ਕਹੀਆਂ ਹਨ ਅਤੇ ਇਹ ਜਿਹੜਾ ਜ਼ਿਮੀਦਾਰਾਂ ਦਾ ਨੁਕਸਾਨ ਹੁੰਦਾ ਹੈ, ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।

**ਮਾਸਟਰ ਦਲੀਪ ਚੰਦ** (ਬਲਾਚੌਰ) : ਡਿਪਟੀ ਸਪੀਕਰ ਸਾਹਿਬ, ਮੈਂ ਐਗਰੀਕਲਚਰ ਅਤੇ ਇਰੀਗੇਸ਼ਨ ਦੀਆਂ ਡਿਮਾਂਡਜ਼ ਤੇ ਕੁਝ ਵਿਚਾਰ ਰਖਣਾ ਚਾਹੁੰਦਾ ਹਾਂ। ਪੰਜਾਬ ਵਿਚ ਐਗਰੀਕਲਚਰ ਨੇ ਬਹੁਤ ਤਰੱਕੀ ਕੀਤੀ ਹੈ। ਮੈਂ ਕਹਿ ਸਕਦਾ ਹਾਂ ਕਿ ਪੰਜਾਬ ਹਿੰਦੁਸਤਾਨ ਦੇ ਅਨਾਜ ਦਾ ਭੰਡਾਰ ਹੈ ਕਿਉਂਕਿ ਇਹ 60% ਅਨਾਜ ਸੈਂਟਰ ਨੂੰ ਦਿੰਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਜਿਥੇ ਪੰਜਾਬ ਵਿਚ ਉਪਜ ਬਹੁਤ ਵਧੀ ਹੈ ਉਥੇ ਮੈਂ ਕੁਝ ਸੁਝਾਉ ਰਖਣਾ ਚਾਹੁੰਦਾ ਹਾਂ। ਕਿਸਾਨ ਨੂੰ ਪੂਰੀ ਉਜਰਤ ਨਹੀਂ ਮਿਲਦੀ ਕਿਉਂਕਿ ਖਾਦ ਮਹਿੰਗੀ ਹੈ, ਬਿਜਲੀ ਮਹਿੰਗੀ ਹੈ। ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਦਵਾਈਆਂ ਵਿਚ ਮਿਲਾਵਟ ਬਹੁਤ ਹੈ। ਮੈਂ ਕਹਾਂਗਾ ਕਿ ਗੌਰਮਿੰਟ ਦਵਾਈਆਂ ਆਪ ਸਪਲਾਈ ਕਰੇ ਅਤੇ ਦਵਾਈਆਂ ਛਿੜਕਨ ਦਾ ਕੰਮ ਆਪ ਕਰੇ। ਇਸ ਦੇ ਨਾਲ ਹੀ ਖਾਦ ਵਿਚ ਵੀ ਮਿਲਾਵਟ ਹੁੰਦੀ ਹੈ। ਇਹ ਵੀ ਸਰਕਾਰ ਆਪ ਹੀ ਸਪਲਾਈ ਕਰੇ। ਇਸ ਸਬੰਧੀ ਸਰਕਾਰ ਆਪਣੀ ਏਜੰਸੀ ਕਾਇਮ ਕਰੇ ਅਤੇ ਆਪ ਸਪਲਾਈ ਕਰੇ। ਐਗਰੀਕਲਚਰ ਦੇ ਵਾਸਤੇ ਅਗੇ ਨਾਲੋਂ ਜ਼ਿਆਦਾ ਰੁਪਿਆ ਰਖਿਆ ਗਿਆ ਹੈ, ਇਹ ਸ਼ਲਾਘਾਯੋਗ ਕੰਮ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਨੀਮ ਪਹਾੜੀ ਇਲਾਕੇ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਕਿਉਂਕਿ ਇਹ ਪਛੜਿਆ ਹੋਇਆ ਇਲਾਕਾ ਹੈ। ਉਥੇ ਛੋਟੇ ਜ਼ਿਮੀਦਾਰ ਦੀ ਤਰੱਕੀ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਉਸ ਇਲਾਕੇ ਵਿਚ ਮੰਡੀ ਵਿਚ ਅਨਾਜ ਲਿਆਉਣ ਲਈ ਲਿੰਕ ਸੜਕਾਂ ਨਹੀਂ ਹਨ। ਇਹ ਲਿੰਕ ਸੜਕਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ ਤਾਕਿ ਜ਼ਿਮੀਦਾਰ ਆਪਣਾ ਅਨਾਜ ਮੰਡੀ ਵਿਚ ਆਸਾਨੀ ਨਾਲ ਲਿਆ ਸਕਣ। ਮੈਂ ਬਲਾਚੌਰ ਬਾਰੇ ਦਸਣਾ ਚਾਹੁੰਦਾ ਹਾਂ ਕਿ ਉਥੇ 45 ਪਿੰਡਾਂ ਵਿਚ ਸੜਕ ਨਹੀਂ ਹੈ ਅਤੇ ਉਥੋਂ ਦੇ ਲੋਕਾਂ ਨੂੰ ਬੜੀ ਮੁਸ਼ਕਲ ਪੇਸ਼ ਆ ਰਹੀ ਹੈ। ਉਥੇ ਜਿਹੜੇ ਟਿਊਬਵੈੱਲਾਂ ਨਾਲ ਸਿੰਜਾਈ ਹੁੰਦੀ ਹੈ ਉਥੇ ਬਿਜਲੀ ਦਾ ਰੇਟ ਜ਼ਿਆਦਾ ਹੈ। ਜਿਸ ਤਰ੍ਹਾਂ ਨੂਰਪੁਰ ਬੇਦੀ, ਬਲਾਚੌਰ ਵਿਚ ਜਿਨ੍ਹਾਂ ਨੇ ਆਪਣੇ ਟਿਊਬਵੈੱਲ ਲਗਾਏ ਹਨ ਭਾਵੇਂ ਉਨ੍ਹਾਂ ਨੇ ਪੰਜ ਹਾਰਸ ਪਾਵਰ ਦੇ ਲਗਾਏ ਹਨ ਜਾਂ 10 ਹਾਰਸ ਪਾਵਰ ਦੇ ਲਗਾਏ ਹਨ ਉਥੇ ਬਿਜਲੀ ਦਾ ਰੇਟ ਜ਼ਿਆਦਾ ਹੈ ਪਰ ਪਾਣੀ ਦਾ ਪ੍ਰੈਸ਼ਰ ਘੱਟ ਹੈ। ਬੇਟ ਦੇ ਇਲਾਕੇ ਵਿਚ ਜਿਥੇ

Original with;
Punjab Vidhan Sabha
Digitized by;
Panjab Digital Library

ਲੋਕਾਂ ਨੇ 5 ਹਾਰਸ ਪਾਵਰ ਦੀਆਂ ਮੋਟਰਾਂ ਲਗਾਈਆਂ ਹਨ ਉਨ੍ਹਾਂ ਦੇ ਰੇਟ ਵੀ ਜ਼ਿਆਦਾ ਹਨ। ਇਹ ਘਟ ਕਰਨੇ ਚਾਹੀਦੇ ਹਨ। ਇਹ ਜਿਹੜੀ ਟਿਊਬ ਵੈਲਾਂ ਨਾਲ ਸਿੰਜਾਈ ਹੁੰਦੀ ਹੈ ਇਸ ਦੇ ਫਲੈਟ ਰੇਟ ਬਾਰੇ ਮੈਂ ਕਹਾਂਗਾ ਕਿ ਇਸ ਦੀ ਵਸੂਲੀ ਹਰ ਮਹੀਨੇ ਫਸਲ ਦੀ ਬਿਜਾਈ ਤੋਂ ਹੋਣੀ ਚਾਹੀਦੀ ਹੈ। ਸਿੰਜਾਈ ਵਾਸਤੇ ਕੰਡੀ ਏਰੀਆ ਵਿਚ ਨੂਰਪੁਰ, ਬਲਾਚੌਰ ਵਿਚ ਡੀਪ ਟਿਊਬਵੈੱਲ ਨਹੀਂ ਲਗ ਸਕਦੇ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਨੂਰਪੁਰ ਵਿਚ ਇਕ ਸਵਾਂ ਨਦੀ ਹੈ ਉਥੇ ਲਿਫਟ ਇਰੀਗੇਸ਼ਨ ਸਕੀਮ ਰਾਹੀਂ ਸਿੰਜਾਈ ਹੋ ਸਕਦੀ ਹੈ। ਇਸੇ ਤਰ੍ਹਾਂ ਹੀ ਬਲਾਚੌਰ ਵਿਚ ਬਿਸਤ ਦੁਆਬ ਨਹਿਰ ਹੈ, ਉਥੋਂ ਵੀ ਉਸੇ ਤਰ੍ਹਾਂ ਹੀ ਲਿਫਟ ਸਕੀਮ ਰਾਹੀਂ ਸਿੰਜਾਈ ਹੋ ਸਕਦੀ ਹੈ।

ਇਸ ਤਰ੍ਹਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਪਹਾੜੀ ਇਲਾਕਿਆਂ ਵਿਚ ਉਪਜ ਵਧਾਉਣ ਵਾਸਤੇ ਚੈਕ ਡੈਮ ਜ਼ਰੂਰ ਹੋਣੇ ਚਾਹੀਦੇ ਹਨ ਤਾਂ ਕਿ ਉਸ ਏਰੀਆ ਵਿਚ ਆਸਾਨੀ ਨਾਲ ਥੋੜ੍ਹਾ ਥੋੜ੍ਹਾ ਪਾਣੀ ਮਿਲ ਸਕੇ।

ਬਿਜਲੀ ਦੇ ਬਾਰੇ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਕੰਡੀ ਏਰੀਏ ਵਿਚ ਬਿਜਲੀ ਦੇ ਰੇਟ ਘੱਟ ਕਰ ਦਿਤੇ, ਇਹ ਅੱਛੀ ਗਲ ਹੈ ਪਰ ਇਹਦੇ ਨਾਲ ਹੀ ਜਿਹੜੀ ਰੂਰਲ ਡਿਬੈਂਚਰ ਸਕੀਮ ਉਸ ਏਰੀਏ ਲਈ ਲਾਗੂ ਕਰ ਦਿਤੀ ਉਸ ਨਾਲ ਹਰ ਜ਼ਿਮੀਂਦਾਰ ਨੂੰ ਬਿਜਲੀ ਦਾ ਕੁਨੈਕਸ਼ਨ ਲੈਣ ਲਈ 16 ਰੁਪਏ ਜਮ੍ਹਾਂ ਕਰਾਉਣੇ ਪੈਂਦੇ ਹਨ। ਜਿਥੇ ਬਿਜਲੀ ਦੇ ਰੇਟ ਘਟਾਏ ਹਨ ਉਥੇ ਇਹ ਰੁਪਏ ਜਮ੍ਹਾਂ ਕਰਾਉਣੇ ਵੀ ਮੁਆਫ ਹੋਣੇ ਚਾਹੀਦੇ ਹਨ। ਬਲਾਚੌਰ ਵਿਚ ਸਾਰੇ ਪਿੰਡਾਂ ਵਿਚ ਬਿਜਲੀ ਆ ਗਈ ਹੈ। ਉਥੇ 33 ਕਿਲੋ ਵਾਟ ਦਾ ਸਬ ਸਟੇਸ਼ਨ ਹੈ। ਪਰ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ 33 ਤੋਂ 62 ਕਿਲੋ ਵਾਟ ਦਾ ਸਟੇਸ਼ਨ ਬਣਾ ਦੇਣਾ ਚਾਹੀਦਾ ਹੈ।

ਡਰੇਨੇਜ ਦੇ ਮਹਿਕਮੇ ਨੇ ਵੀ ਉਥੇ ਕਾਫੀ ਕੰਮ ਕੀਤਾ ਹੈ। ਇਸ ਨਾਲ ਪੰਜਾਬ ਵਿਚ ਜ਼ਮੀਨਾਂ ਨੂੰ ਕਾਫੀ ਉਪਜਾਊ ਬਣਾ ਦਿਤਾ ਗਿਆ ਹੈ। 1972 ਤੋਂ ਪਹਿਲਾਂ ਡਰੇਨੇਜ ਦੇ ਮਹਿਕਮੇ ਨੇ ਮੇਰੇ ਹਲਕੇ ਵਿਚ ਕੋਈ ਕੰਮ ਨਹੀਂ ਕੀਤਾ ਸੀ। ਪਰ 1972 ਤੋਂ ਬਾਅਦ ਜਦ ਤੋਂ ਇਹ ਹੁਣ ਦੀ ਸਰਕਾਰ ਆਈ ਹੈ ਇਸ ਨੇ ਇਸ ਪਾਸੇ ਵਲ ਬਹੁਤ ਕੰਮ ਕੀਤਾ ਹੈ। ਇਸ ਲਈ ਮੈਂ ਮੁੱਖ ਮੰਤਰੀ ਜੀ ਅਤੇ ਹੋਰ ਸਰਕਾਰ ਨੂੰ ਬਹੁਤ ਵਧਾਈ ਦਿੰਦਾ ਹਾਂ। ਮਹਿਮੂਦਪੁਰ ਡਰੇਨੇਜ ਬਣਾਉਣ ਨਾਲ ਸਾਢੇ ਚਾਰ ਹਜ਼ਾਰ ਏਕੜ ਜ਼ਮੀਨ ਜ਼ਰਖੇਜ਼ ਹੋਈ ਹੈ। ਇਸ ਨਾਲ ਉਥੇ ਜ਼ਮੀਨਾਂ ਦਾ ਭਾ ਬਹੁਤ ਵਧ ਗਿਆ ਹੈ। ਇਹ ਬਹੁਤ ਅੱਛਾ ਕੰਮ ਕੀਤਾ ਗਿਆ ਹੈ। ਉਥੇ ਚੋਆਂ ਨੂੰ ਬੰਦ ਕਰਕੇ ਵੀ ਪਿੰਡਾਂ ਨੂੰ ਬਚਾਇਆ ਗਿਆ ਹੈ। ਇਸ ਲਈ ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ। ਸੋ ਜਿਹੜੇ ਪਹਿਲਾਂ ਜ਼ਮੀਨਾਂ ਨੂੰ ਤਬਾਹ ਕਰਦੇ ਸੀ ਇਨ੍ਹਾਂ ਨੂੰ ਬੰਦ ਕਰਕੇ ਕਾਫੀ ਅੱਛਾ ਕੰਮ ਕੀਤਾ ਗਿਆ ਹੈ। ਪਰ ਇਸ ਦੇ ਨਾਲ ਹੀ ਨਾਲ ਮੈਂ ਇਹ ਵੀ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਚੋਆਂ ਨੂੰ ਦਰਿਆ ਵਿਚ ਹੀ ਪਾਉਣਾ ਚਾਹੀਦਾ ਹੈ। ਤਾਂ ਕਿ ਇਨ੍ਹਾਂ ਦਾ ਪੱਕਾ ਇਲਾਜ ਹੋ ਸਕੇ। ਇਕ ਡਰੇਨ ਮਹਿਮੂਦ ਪੁਰ 15 ਕਿਲੋ ਮੀਟਰ ਨਿਕਲ ਗਈ ਹੈ ਅਤੇ ਬਾਕੀ ਹਾਲੇ 5 ਕਿਲੋ ਮੀਟਰ ਰਹਿੰਦੀ ਹੈ। ਇਸ ਰਹਿੰਦੀ ਥਾਂ ਤੇ ਵੀ ਇਹ ਕੰਪਲੀਟ ਕਰਨੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

[ਮਾਸਟਰ ਦਲੀਪ ਚੰਦ]

ਫਲੱਡਾਂ ਨਾਲ ਅੰਮ੍ਰਿਤਸਰ ਔਰ ਗੁਰਦਾਸਪੁਰ ਜ਼ਿਲਿਆਂ ਵਿਚ ਬਹੁਤ ਤਬਾਹੀ ਹੋਈ ਹੈ। ਪਿਛਲੇ ਸਾਲ ਯੂਨਿਟ ਸਿਸਟਮ ਨਾਲ ਜੋ ਸਤਲਜ ਦਰਿਆ ਵਿਚ ਕੰਮ ਕੀਤਾ ਹੈ ਉਹ ਬਹੁਤ ਅੱਛਾ ਕੰਮ ਕੀਤਾ ਹੈ। ਇਸ ਦੇ ਨਾਲ ਹੀ ਨਾਲ ਪੱਕੇ ਸਪੱਰ ਵੀ ਲਗਾਣੇ ਚਾਹੀਦੇ ਹਨ। ਭਾਈਪੁਰ ਔਰ ਹਾਨੀ ਮਾਜਰਾ ਵਿਖੇ ਕਾਫੀ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਥਾਵਾਂ ਤੇ ਜ਼ਰੂਰ ਸਪੱਰ ਲਗਾਉਣੇ ਚਾਹੀਦੇ ਹਨ। (ਘੰਟੀ) ਆਖ਼ੀਰ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਹਾਂਗਾ ਕਿ ਇਹ ਚਾਰ ਸਾਲਾਂ ਵਿਚ 1972 ਤੋਂ ਲੈ ਕੇ ਹੁਣ ਤਕ ਬਹੁਤ ਜ਼ਿਆਦਾ ਹੀ ਕੰਮ ਹੋਇਆ ਹੈ। ਔਰ ਮੈਂ ਤਾਂ ਇਹ ਵੀ ਕਹਿਣ ਨੂੰ ਤਿਆਰ ਹਾਂ ਕਿ ਮੇਰੇ ਹਲਕੇ ਨੂੰ ਤਾਂ ਦਰਅਸਲ ਵਿਚ 1972 ਤੋਂ ਹੀ ਆਜ਼ਾਦੀ ਮਿਲੀ ਹੈ। (ਥੰਪਿੰਗ) ਇਸ ਲਈ ਮੈਂ ਗਿਆਨੀ ਜੀ ਨੂੰ ਬਹੁਤ ਬਹੁਤ ਵਧਾਈ ਦੇਣਾ ਚਾਹੁੰਦਾ ਹਾਂ। ਇਨ੍ਹਾਂ ਦੇ ਰਾਜ ਵਿਚ ਸੜਕਾਂ ਦਾ ਜਾਲ ਵਿਛਾ ਦਿਤਾ ਗਿਆ ਹੈ, ਬਿਜਲੀ ਦਿਤੀ ਗਈ ਹੈ, ਮਿਡਲ ਤੋਂ ਹਾਈ ਸਕੂਲ ਅਪਗਰੇਡ ਹੋਏ ਹਨ, ਜਗ੍ਹਾ ਜਗ੍ਹਾ ਡੀਪ ਟਿਊਬਵੈਲ ਲਗਾਏ ਗਏ ਹਨ, ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ, ਹਰੀਜਨਾਂ ਨੂੰ ਇੰਡਸਟਰੀਜ਼ ਦਿਤੀਆਂ ਗਈਆਂ ਹਨ। ਮੈਂ ਗਿਆਨੀ ਜੀ ਦਾ ਬਹੁਤ ਹੀ ਮਸ਼ਕੂਰ ਹਾਂ ਕਿ ਇਨ੍ਹਾਂ ਦੇ ਉਦਮ ਨਾਲ 60-65 ਕਰੋੜ ਰੁਪਏ ਦੀ ਡੀ.ਸੀ.ਐਮ. ਦੀ ਫੈਕਟਰੀ ਉਥੇ ਤੇਜ਼ੀ ਨਾਲ ਲਗਾਈ ਜਾ ਰਹੀ ਹੈ। ਇਸ ਨਾਲ ਰੋਜ਼ਗਾਰ ਵੀ ਕਾਫੀ ਆਦਮੀਆਂ ਨੂੰ ਮਿਲੇਗਾ ਔਰ ਅਨ-ਐਂਪਲਾਇਮੈਂਟ ਦੂਰ ਹੋ ਸਕੇਗੀ।

ਨੈਸ਼ਨਲ ਹਾਈ-ਵੇ ਰੋਡ ਰੋਪੜ ਤੋਂ ਦਲਵਾੜੇ ਤਕ ਜਾ ਰਹੀ ਹੈ, ਉਥੇ ਪੁਲ ਬਣਾਇਆ ਜਾ ਰਿਹਾ ਹੈ। ਇਹ ਬਹੁਤ ਅੱਛਾ ਕੰਮ ਹੋ ਰਿਹਾ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਇਕ ਮਿੰਟ ਹੋਰ ਲਵਾਂਗਾ। ਐਸਾ ਕੰਮ ਹੁੰਦਿਆਂ ਹੋਇਆਂ ਵੀ ਜੇ ਇਥੇ ਅਪੋਜ਼ੀਸ਼ਨ ਨੇ ਨੁਕਤਾਚੀਨੀ ਕਰਨੀ ਹੈ ਤਾਂ ਇਸ ਬਾਰੇ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਉਹ ਮਿਸਾਲ ਇਸ ਤਰ੍ਹਾਂ ਹੈ ਕਿ ਇਕ ਬੁਢੀ ਤੜਕੇ ਉਠ ਕੇ ਆਪਣੇ ਪਿੰਡ ਵਿਚ ਰੋਣ ਲਗ ਗਈ। ਉਸ ਦਾ ਰੋਣਾ ਸੁਣਕੇ ਨਾਲ ਦੀਆਂ ਗਵਾਂਢਣਾਂ ਵੀ ਇਕੱਠੀਆਂ ਹੋ ਗਈਆਂ। ਉਸ ਨੂੰ ਰੋਂਦੀ ਵੇਖ ਕੇ ਨਾਲ ਦੀਆਂ ਗਵਾਂਢਣਾਂ ਵੀ ਪਿਟਨ ਲਗ ਗਈਆਂ। ਇਕ ਸਿਆਣੀ ਬੁਢੀ ਸੋਚਣ ਲਗੀ ਕਿ ਇਸ ਤਰ੍ਹਾਂ ਤਾਂ ਥੱਕ ਜਾਵਾਂਗੀਆਂ। ਉਹ ਪੁੱਛਣ ਲਗੀ ਕਿ ਤੁਸੀਂ ਕਿਉਂ ਰੋਂਦੀਆਂ ਹੋ, ਤੁਹਾਡਾ ਕੀ ਨੁਕਸਾਨ ਹੋ ਗਿਆ ਹੈ। ਕੀ ਕੋਈ ਮਰ ਗਿਆ ਹੈ ? ਪਰ ਉਹ ਰੋਈ ਹੀ ਗਈਆਂ। ਇਸ ਤੇ ਸਾਰੀਆਂ ਨੇ ਰੋਣਾ ਸ਼ੁਰੂ ਕਰ ਦਿਤਾ। ਜਦ ਉਹ ਥੱਕ ਗਈਆਂ ਤਾਂ ਉਹ ਬੁਢੀ ਕਹਿਣ ਲਗੀ ਕਿ ਮੈਂ ਤੁਹਾਨੂੰ ਦਸਦੀ ਹਾਂ ਕਿ ਕੀ ਹੋਇਆ ਹੈ। ਉਹ ਕਹਿਣ ਲਗੀ ਕਿ ਇਸ ਨੂੰ ਧਿਆਨ ਨਾਲ ਸੁਣ ਲਉ ਕਿ ਕੀ ਹੋਇਆ ਹੈ। ਉਹ ਕਹਿਣ ਲਗੀ ਕਿ ਮੈਂ ਅਜ ਵੇਹਲੀ ਸੀ ਇਸ ਲਈ ਮੈਂ ਸੋਚਿਆ ਕਿ ਰੋ ਕੇ ਹੀ ਵੇਖ ਲਉ। ਇਹੀ ਆਪੋਜ਼ੀਸ਼ਨ ਵਾਲਿਆਂ ਦੀ ਗਲ ਹੈ। (ਹਾਸਾ) ਉਹ ਕਿਉਂ ਨਾ ਰੋਣ। ਐਨਾ ਹੀ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ।

**ਚੌਧਰੀ ਜਗਤ ਰਾਮ** (ਬੰਗਾ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ। ਇਹ ਜਿਹੜੀਆਂ ਡਿਮਾਂਡਾਂ ਐਗਰੀਕਲਚਰ ਔਰ ਪਾਵਰ ਦੀਆਂ ਹਨ ਇਹਦੇ ਮੁਤੱਲਕ ਮੈਂ ਇਹ ਕਹਿੰਦਾ ਹਾਂ ਕਿ ਜਿਸ ਦੇਸ਼ ਨੇ, ਜਿਸ ਮੁਲਕ ਨੇ ਤਰੱਕੀ ਕਰਨੀ ਹੋਵੇ, ਜਿਸ ਨੇ

Original with;
Punjab Vidhan Sabha
Digitized by;
Panjab Digital Library

ਮਜ਼ਦੂਰਾਂ ਔਰ ਕਿਸਾਨ ਦੀ ਤਰੱਕੀ ਕਰਨੀ ਹੋਵੇ, ਉਹਦੇ ਲਈ ਇਹ ਡਿਮਾਂਡਾਂ ਬਹੁਤ ਹੀ ਲਾਜ਼ਮੀ ਹਨ ।

"ਜੋ ਜਹਾਜ਼ੋਂ ਕੋ ਗਿਰਾ ਦੇ
ਉਸੇ ਤੂਫਾਨ ਕਹਿਤੇ ਹੈਂ,
ਔਰ ਜੋ ਤੂਫਾਨ ਕੋ ਗਿਰਾ ਦੇ
ਉਸੇ ਮਜ਼ਦੂਰ ਔਰ ਕਿਸਾਨ ਕਹਿਤੇ ਹੈਂ ।"

ਸਰਕਾਰ ਦਾ ਧਿਆਨ ਖੇਤੀ ਬਾੜੀ ਵਲ ਹੋਣ ਕਰਕੇ ਮਜ਼ਦੂਰਾਂ ਔਰ ਕਿਸਾਨਾਂ ਵਲ ਵੀ ਹੈ । ਇਹ ਪੁਰਾਣੀ ਕਹਾਵਤ ਹੈ ਕਿ ਦੀਵੇ ਥਲੇ ਹਨੇਰਾ । ਇਹ ਹੁਣ ਹਨੇਰਾ ਨਹੀਂ ਰਹਿਣ ਦੇਣਾ ਹੈ । ਪਾਵਰ ਦੀ ਬਹੁਤ ਲੋੜ ਸੀ ਖੇਤੀਬਾੜੀ ਲਈ । ਡਿਪਟੀ ਸਪੀਕਰ ਸਾਹਿਬ, ਜਿਸ ਦੇਸ਼ ਦੀ ਪੈਦਾਵਾਰ ਚੰਗੀ ਹੈ, ਉਸ ਦੇਸ਼ ਦੇ ਮਜ਼ਦੂਰ ਔਰ ਕਿਸਾਨ ਦੀ ਹਾਲਤ ਵੀ ਚੰਗੀ ਹੁੰਦੀ ਹੈ । ਉਸ ਦੇਸ਼ ਦਾ ਮਜ਼ਦੂਰ, ਹਰੀਜਨ, ਕਿਸਾਨ ਔਰ ਬਾਣੀਆ ਵੀ ਚੰਗਾ ਹੈ ਜਿਸ ਨੇ ਫਸਲ ਉਤੇ ਗੁਜ਼ਾਰਾ ਕਰਨਾ ਹੈ । ਉਹ ਮਹਿਕਮਾ ਸਚਮੁਚ ਇਕ ਮਜ਼ਦੂਰ ਆਦਮੀ ਨੂੰ ਦੇ ਕੇ, ਮਾਸਟਰ ਗੁਰਬੰਤਾ ਸਿੰਘ ਨੂੰ ਦੇ ਕੇ ਬੜਾ ਅਛਾ ਕੰਮ ਕੀਤਾ ਹੈ । (ਥੰਪਿੰਗ) ਇਸ ਨੇ ਬੜੇ ਸੁਚੱਜੇ ਢੰਗ ਨਾਲ ਇਸ ਮਹਿਕਮੇ ਦਾ ਕੰਮ ਕਾਜ ਚਲਾਇਆ ਹੈ । ਇਨ੍ਹਾਂ ਨੇ ਬੜਾ ਅਛਾ ਕੰਮ ਕੀਤਾ ਹੈ ਅਤੇ ਇਸ ਨਾਲ ਸਾਡਾ ਸਿਰ, ਮਜ਼ਦੂਰ ਦਾ ਐਜ਼ ਏ ਹਰੀਜਨ ਬੜਾ ਉਚਾ ਕੀਤਾ ਹੈ । ਇਨ੍ਹਾਂ ਨੇ ਵਧ ਤੋਂ ਵਧ ਪੈਦਾਵਾਰ ਕਰਾ ਕੇ ਦਿਖਾ ਦਿਤੀ ਹੈ । ਇਨ੍ਹਾਂ ਨੇ ਕਣਕ ਲਈ, ਗੰਨੇ ਲਈ, ਇਨ੍ਹਾਂ ਦੇ ਭਾਵਾਂ ਲਈ ਸੈਂਟਰ ਦੀ ਸਰਕਾਰ ਨਾਲ ਕਾਫੀ ਤਕੜੀ ਲੜਾਈ ਲੜੀ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਜੇ ਕਿਤੇ ਕੋਈ ਹੋਰ ਮਨਿਸਟਰ ਹੁੰਦਾ ਤਾਂ ਸ਼ਾਇਦ ਉਹ ਇਤਨੀ ਲੜਾਈ ਇਸ ਲਈ ਨਾ ਲੜ ਸਕਦਾ । ਇਨ੍ਹਾਂ ਨੇ ਚੀਫ ਮਨਿਸਟਰ ਸਾਹਿਬ ਦੇ ਸਹਾਰੇ ਨਾਲ, ਉਨ੍ਹਾਂ ਦੇ ਸਹਿਯੋਗ ਨਾਲ, ਇਨ੍ਹਾਂ ਨੇ ਗੰਨੇ ਦਾ ਭਾਅ 14.35 ਰੁਪਏ ਮੁਕੱਰਰ ਕਰਾਇਆ । ਇਸ ਭਾਅ ਨਾਲ ਕਿਸਾਨਾਂ ਦਾ ਹੌਂਸਲਾ ਵਧਿਆ ਹੈ । ਔਰ ਉਹ ਬੜੇ ਹੌਂਸਲੇ ਨਾਲ ਹੋਰ ਵਧ ਕੰਮ ਕਰ ਰਹੇ ਹਨ ।

ਬਿਜਲੀ ਦੇ ਸਿਲਸਿਲੇ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜ਼ਮੀਨਾਂ ਦੀ ਦਸ਼ਾ 1947 ਤੋਂ ਪਹਿਲਾਂ ਨਾਲੋਂ ਹੁਣ ਬਹੁਤ ਜ਼ਿਆਦਾ ਬਦਲ ਗਈ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਕਾਫੀ ਤਕੜੇ ਜਾਪਦੇ ਹੋ, ਇਧਰ ਗੁਰਚਰਨ ਸਿੰਘ ਜੀ ਵੀ ਬੈਠੇ ਹਨ, ਕਿਸਾਨਾਂ ਦੀ ਕਾਫੀ ਬੇਹਤਰੀ ਹੋਈ ਹੈ । (ਵਿਘਨ)

**ਕਾਮਰੇਡ ਅੱਛਰਾ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਚੌਧਰੀ ਸਾਹਿਬ ਨੇ ਬੋਲਦਿਆਂ ਹੋਇਆਂ ਮਾਸਟਰ ਗੁਰਬੰਤਾ ਸਿੰਘ ਜੀ ਨੂੰ ਅਤੇ ਗੁਰਚਰਨ ਸਿੰਘ ਨੂੰ ਮਜ਼ਦੂਰ ਔਰ ਕਿਸਾਨ ਕਿਹਾ ਹੈ । ਇਹ ਰੋਂਗ ਕਲਾਸੀਫਿਕੇਸ਼ਨ ਕੀਤੀ ਹੈ । (ਵਿਘਨ)

**ਚੌਧਰੀ ਜਗਤ ਰਾਮ :** ਜੋ ਉਸ ਪਾਸੇ ਵਲ ਬੈਠੇ ਹਨ ਜੇ ਇਹ ਕਿਹਾ ਜਾਵੇ ਕਿ ਉਹੀ ਗਰੀਬ ਹਨ ਤਾਂ ਇਹ ਠੀਕ ਨਹੀਂ ਹੋਵੇਗਾ । ਮੈਂ ਤਾਂ ਇਹ ਕਹਿੰਦਾ ਹਾਂ ਕਿ ਅਸੀਂ ਹਰ ਇਕ ਨੂੰ ਉਚਾ ਚੁਕਣਾ ਹੈ ਅਤੇ ਕਿਸੇ ਨੂੰ ਵੀ ਘਸਿਆਰਾ ਨਹੀਂ ਬਣਾਉਣਾ ਹੈ । ਹਰ ਇਨਸਾਨ ਨੂੰ ਉਚਾ ਕਰਨਾ ਹੈ । ਜਿਹੜੇ ਸਮੱਗਲਰ ਔਰ ਲੁਟੇਰੇ ਹਨ ਉਨ੍ਹਾਂ ਨੂੰ ਸਖਤ ਸਜ਼ਾਵਾਂ ਦੇਣੀਆਂ ਹਨ । ਜਿਹੜੇ ਕਿਰਤ ਕਰਕੇ ਆਪਣਾ ਪੇਟ ਪਾਲਦੇ ਹਨ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਕਿਸ ਤਰ੍ਹਾਂ ਨਾਲ ਕਹੋਗੇ ਕਿ ਉਹ ਕਿਸਾਨ ਨਹੀਂ ਹਨ । ਪੁਰਾਣੇ ਸਮੇਂ ਵਿਚ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਦੀ ਖੇਤੀ ਕਰਨਾ ਦਾ ਤਰੀਕਾ ਹੀ ਨਹੀਂ ਆਉਂਦਾ ਸੀ । ਉਸ ਵੇਲੇ ਚਰਸ ਨਾਲ ਆਬਪਾਸ਼ੀ ਹੋਇਆ ਕਰਦੀ ਸੀ । ਫਿਰ ਇਹ ਆਬਪਾਸ਼ੀ ਹਲਟਾਂ ਰਾਹੀਂ ਹੋਣ ਲਗ ਪਈ । ਪਰ ਹੁਣ ਜਿਹੜੀ ਸਰਕਾਰ ਆਈ ਹੈ ਉਸ ਦੇ ਵੇਲੇ ਸਵਿਚ ਦਬਾਉਣ ਨਾਲ ਹੀ ਬਿਜਲੀ ਨਾਲ ਖੇਤੀ ਨੂੰ ਪਾਣੀ ਜਾਣ ਲਗ ਗਿਆ ਹੈ ਅਤੇ ਕਿਸਾਨ ਨੂੰ ਸਿਰਫ ਇਹ ਸੋਚ ਹੀ ਰਹਿੰਦੀ ਹੈ ਕਿ ਹੋਰ ਪੈਦਾਵਾਰ ਕਿਸ ਤਰ੍ਹਾਂ ਨਾਲ ਵਧਾਵਾਂ । ਪਹਿਲਾਂ ਤਾਂ ਇਹੀ ਉਸ ਦੇ ਦਿਮਾਗ ਵਿਚ ਹੁੰਦਾ ਸੀ ਕਿ ਸਰਕਾਰ ਦਾ ਮਾਮਲਾ ਕਿਸ ਤਰ੍ਹਾਂ ਦੇਣਾ ਹੈ, ਕਿਹੜੇ ਬਾਣੀਏ ਤੋਂ ਲੈ ਕੇ ਦੇਣਾ ਹੈ ਅਤੇ ਉਸ ਦੀ ਸੋਚ ਕਿਸੇ ਹੋਰ ਪਾਸੇ ਨਹੀਂ ਸੀ ਜਾਂਦੀ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਵਧਾਈ ਦੀ ਮੁਸਤਹਿਕ ਹੈ । ਵਧਾਈ ਤੋਂ ਵਧ ਲਫਜ਼ ਕੋਈ ਨਹੀਂ ਜਿਹੜਾ ਸਰਕਾਰ ਨੂੰ ਦੇਈਏ । ਵਧਾਈ ਜਾਂ ਮੁਬਾਰਕਬਾਦ ਹੀ ਲਫਜ਼ ਹੈ ਜਿਹੜਾ ਕਿ ਅਸੀਂ ਕਹਿ ਸਕਦੇ ਹਾਂ । ਜੇ ਇਸ ਤੋਂ ਵਧ ਕੋਈ ਲਫਜ਼ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਉਹ ਵੀ ਅਸੀਂ ਇਸ ਸਰਕਾਰ ਨੂੰ ਦੇ ਸਕਦੇ ਹਾਂ ।

ਡਿਪਟੀ ਸਪੀਕਰ ਸਾਹਿਬ, ਮੈਂ ਬਿਲਕੁਲ ਆਪਣੇ ਜਜ਼ਬਾਤ ਨਾਲ, ਆਪਣੇ ਦਿਲ ਤੇ ਹਿਰਦੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ, ਇਸ ਸਰਕਾਰ ਦੇ ਮਹਿਕਮੇ ਦੇ ਅਫਸਰ ਵਧਾਈ ਦੇ ਹੱਕਦਾਰ ਹਨ । ਮੈਂ ਚੀਫ ਮਨਿਸਟਰ ਸਾਹਿਬ ਬਾਰੇ ਕਹਿਣਾ ਚਾਹੁੰਦਾ ਹਾਂ, ਇਹ ਮਹਿਸੂਸ ਨਾ ਕਰਨ ਲੇਕਿਨ ਮੈਂ ਤਾਂ ਅਰਜ਼ ਕਰ ਹੀ ਦੇਣੀ ਹੈ ਕਿ ਸਾਡੇ ਜਿਹੜੇ ਚੀਫ ਮਨਿਸਟਰ ਸਾਹਿਬ ਹਨ ਉਹ ਉਨ੍ਹਾਂ ਫੈਮਲੀਜ਼ ਨੂੰ ਬੀਲੋਂਗ ਕਰਦੇ ਹਨ ਜਿਨ੍ਹਾਂ ਫੈਮਲੀਜ਼ ਨੇ ਦੇਸ਼ ਲਈ ਬਣਾਇਆ ਹੀ ਬਣਾਇਆ ਹੈ ਇਹ ਉਨ੍ਹਾਂ ਫੈਮਲੀਜ਼ ਨਾਲ ਬੀਲੋਂਗ ਨਹੀਂ ਕਰਦੇ ਜਿਨ੍ਹਾਂ ਨੇ ਦੇਸ਼ ਨੂੰ ਢਾਇਆ ਹੀ ਢਾਇਆ ਹੈ। (ਵਿਘਨ)

**ਇਕ ਆਵਾਜ਼** : ਢਾਹੁਣ ਵਾਲੇ ਕਿਹੜੇ ਹਨ, ਇਹ ਵੀ ਦਸ ਦਿਉ ।

**ਚੌਧਰੀ ਜਗਤ ਰਾਮ** : ਢਾਉਣ ਵਾਲੇ ਚਲੇ ਗਏ । ਉਹ ਹਾਊਸ ਵਿਚ ਨਹੀਂ ਆਉਂਦੇ। (ਵਿਘਨ)

ਡਿਪਟੀ ਸਪੀਕਰ ਸਾਹਿਬ, ਜਿਸ ਦੇਸ਼ ਦਾ ਮੋਹਰੀ ਸਿਆਣਾ ਅਤੇ ਸੁਲਝਿਆ ਹੋਇਆ ਹੋਵੇ ਉਹ ਦੇਸ਼ ਬਣਦਾ ਹੈ, ਜਿਸ ਕੌਮ ਦਾ ਮੋਹਰੀ ਸਿਆਣਾ ਤੇ ਸੁਲਝਿਆ ਹੋਇਆ ਹੋਵੇ ਉਹ ਕੌਮ ਬਣਦੀ ਹੈ । ਅਜ ਅਪੋਜ਼ੀਸ਼ਨ ਇਥੇ ਹੈ ਨਹੀਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਹੀ ਮਾਅਨਿਆਂ ਵਿਚ ਜਮਹੂਰੀਅਤ ਦੇ ਜ਼ਮਾਨੇ ਵਿਚ ਡੈਮੋਕਰੇਸੀ ਤਾਂ ਹੀ ਵਧ ਫੁਲ ਸਕਦੀ ਹੈ, ਤਰੱਕੀ ਦੇ ਕਮ ਤਾਂ ਹੀ ਹੋ ਸਕਦੇ ਹਨ ਜੇ ਅਪੋਜ਼ੀਸ਼ਨ ਤਗੜੇ ਢੰਗ ਨਾਲ, ਸੁਲਝੀ ਹੋਈ ਅਤੇ ਸਿਆਣੀ ਅਤੇ ਬਰੇਨ ਵਾਲੀ ਸਾਹਮਣੇ ਬੈਠੀ ਹੋਵੇ ਅਤੇ ਉਹ ਤਗੜੀਆਂ ਤੇ ਠੋਸ ਦਲੀਲਾਂ ਦੇਵੇ ਤਾਂ ਹੀ ਤਰੱਕੀ ਹੋ ਸਕਦੀ ਹੈ । ਲੇਕਿਨ ਇਸ ਅਪੋਜ਼ੀਸ਼ਨ ਨੇ ਥੋੜੀ ਜਿਹੀ ਨਹੀਂ ਬਹੁਤੀ ਗਲਤੀ ਕੀਤੀ ਹੈ ਕਿ ਉਹ ਇਜਲਾਸ ਦਾ ਬਾਈਕਾਟ ਕਰਕੇ ਹਾਊਸ ਤੋਂ ਬਾਹਰ ਚਲੇ ਗਏ ਹਨ, ਇਹ ਕਿੰਨੀ ਗਲਤ ਗਲ ਉਨ੍ਹਾਂ ਨੇ ਕੀਤੀ ਹੈ । (ਘੰਟੀ)

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ, ਮਾਸਟਰ ਗੁਰਬੰਤਾ ਸਿੰਘ ਜੀ ਨੂੰ, ਸਿਬੀਆ ਸਾਹਿਬ ਨੂੰ, ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਖੇਤੀਬਾੜੀ ਅਤੇ ਬਿਜਲੀ ਪੈਦਾ ਕਰਨ ਵਿਚ ਵਾਧਾ ਕੀਤਾ ਹੈ। ਸਿਬੀਆ ਸਾਹਿਬ ਨੂੰ ਤਾਂ ਮੈਂ ਬੇਨਤੀ ਕਰਾਂਗਾ ਕਿ ਜਿਸ ਢੰਗ ਨਾਲ ਤੁਸੀਂ ਆਪਣੀ ਦਾੜ੍ਹੀ ਨੂੰ ਵਟ ਚਾੜਦੇ ਹੋ, ਜਿਸ ਢੰਗ ਨਾਲ ਤੁਸੀਂ ਆਪਣੀ ਸਰਦਾਰੀ ਦੇ ਨਾੜੇ ਚਲ ਰਹੇ ਹੋ....(ਵਿਘਨ) ਇਸੇ ਢੰਗ ਨਾਲ ਜਿਹੜੀ ਕਮੀ ਹੈ ਉਸ ਵਲ ਪੂਰਾ ਧਿਆਨ ਦੇ ਕੇ ਇਸ ਕਮੀ ਨੂੰ ਪੂਰਾ ਕਰ ਦਿਉ। (ਘੰਟੀ) ਡਿਪਟੀ ਸਪੀਕਰ ਸਾਹਿਬ, ਰਾਜ ਭਾਗ ਜਿਹੜਾ ਹੈ ਰਿਸ਼ੀਆਂ, ਮੁਨੀਆਂ, ਗੁਰੂਆਂ ਅਵਤਾਰਾਂ ਦੇ ਪ੍ਰਚਾਰ ਨਾਲ ਕਾਇਮ ਰਹਿੰਦਾ ਹੈ। ਜਿਹੜੀ ਰਾਜ ਕਰਦੀ ਪਾਰਟੀ ਹੈ ਅਗਰ ਉਹ ਜੋ ਗੁਰੂ ਸਾਹਿਬ ਕਹਿ ਗਏ ਹਨ ਉਨ੍ਹਾਂ ਤੇ ਅਮਲ ਕਰਦੀ ਹੋਵੇ ਤਾਂ ਉਹ ਸਰਕਾਰ ਜਿਹੜੀ ਹੈ ਉਹ ਸਹੀ ਮਾਅਨਿਆਂ ਵਿਚ ਗਰੀਬਾਂ ਦੀ ਸਰਕਾਰ ਹੋਵੇਗੀ। ਸਹੀ ਮਾਅਨਿਆਂ ਵਿਚ ਉਹ ਗਰੀਬਾਂ ਦਾ, ਗਰੀਬ ਹਰੀਜਨਾਂ ਦਾ ਭਲਾ ਕਰ ਸਕਦੀ ਹੈ। ਇਹ ਸਰਕਾਰ ਗੁਰੂਆਂ ਦੇ ਉਪਦੇਸ਼ਾਂ ਤੇ ਬਿਲਕੁਲ ਠੀਕ ਅਮਲ ਕਰ ਰਹੀ ਹੈ। (ਵਿਘਨ) (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਸਿਬੀਆ ਸਾਹਿਬ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸਿਬੀਆ ਸਾਹਿਬ ਨੂੰ ਆਪਣੀ ਹਰੀਜਨਾਂ ਵਾਲੀ ਜਗ੍ਹਾ ਨਹੀਂ ਦੇਣਾ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਦੀਆਂ ਸਰਦਾਰੀਆਂ ਕਾਇਮ ਰਹਿਣ। ਇਹ ਵੀ ਸਰਦਾਰੀ ਵਿਚ ਰਹਿਣ ਤੇ ਅਸੀਂ ਵੀ ਸਰਦਾਰੀ ਵਿਚ ਰਹੀਏ। ਹੁਣ ਸਾਰਿਆਂ ਨੂੰ ਸਰਦਾਰੀ ਦਿਤੀ ਜਾਵੇਗੀ। (ਘੰਟੀ) (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਨੂੰ ਕਿਸੀ ਦਿਨ ਖੁਲ੍ਹਾ ਟਾਈਮ ਦੇ ਦੇਣਾ। ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਥੋੜਾ ਜਿਹਾ ਸਮਾਂ ਦਿਤਾ ਹੈ।

(ਮਾਨਯੋਗ ਖੇਤੀਬਾੜੀ ਅਤੇ ਜੰਗਲਾਤ ਦੇ ਮੰਤਰੀ ਅਤੇ ਮਾਨਯੋਗ ਮੈਂਬਰ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਬੋਲਣ ਲਈ ਖੜੇ ਹੋਏ। ਡਿਪਟੀ ਸਪੀਕਰ ਸਾਹਿਬ ਨੇ ਮਾਨਯੋਗ ਖੇਤੀਬਾੜੀ ਅਤੇ ਜੰਗਲਾਤ ਦੇ ਮੰਤਰੀ, ਮਾਸਟਰ ਗੁਰਬੰਤਾ ਸਿੰਘ ਜੀ ਨੂੰ ਬੋਲਣ ਲਈ ਇਜਾਜ਼ਤ ਦਿਤੀ।)

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਡਿਪਟੀ ਸਪੀਕਰ ਸਾਹਿਬ, 5-4 ਮਿੰਟ ਬੋਲਣ ਦਿਉ। ਇਤਨਾ ਸ਼ੂਮ ਨਹੀਂ ਹੋਣਾ ਚਾਹੀਦਾ। (ਵਿਘਨ)

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** (ਮਾਸਟਰ ਗੁਰਬੰਤਾ ਸਿੰਘ) : ਡਿਪਟੀ ਸਪੀਕਰ ਸਾਹਿਬ, ਅੱਜ ਖੇਤੀਬਾੜੀ ਦੇ ਮੁਤੱਅਲਕ ਵਿਚਾਰ ਹੋਈ ਹੈ। ਖੇਤੀਬਾੜੀ ਦਾ ਬਜਟ ਪੇਸ਼ ਹੈ ਅਤੇ ਉਸ ਦੇ ਵਿਚ ਮੇਰੇ ਦੋਸਤਾਂ ਨੇ ਕੁਝ ਸੁਜੈਸ਼ੱਨਜ਼ ਵੀ ਦਿਤੇ ਹਨ ਅਤੇ ਕੁਝ ਥੋੜ੍ਹੀ ਜਿਹੀ ਨੁਕਤਾਚੀਨੀ ਵੀ ਕੀਤੀ ਹੈ ਜਿਹੜੀ ਕਿ ਜ਼ਰੂਰ ਕਰਨੀ ਚਾਹੀਦੀ ਸੀ। ਡਿਪਟੀ ਸਪੀਕਰ ਸਾਹਿਬ, ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜਿਹੜੇ ਆਪਣੇ ਆਪ ਨੂੰ ਖੇਤੀਬਾੜੀ ਦੇ ਮੁਦੱਈ ਸਮਝਦੇ ਸੀ ਉਹ ਇਥੇ ਹੈ ਨਹੀਂ ਜੇ ਇਥੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਸਾਰੀਆਂ ਗੱਲਾਂ ਦੱਸਦਾ ਕਿ ਕਿਸ ਤਰ੍ਹਾਂ ਅਸੀਂ ਐਗਰੀਕਲਚਰ ਦੇ ਵਿਚ ਅੱਗੇ ਵੱਧ ਰਹੇ ਹਾਂ। ਡਿਪਟੀ ਸਪੀਕਰ ਸਾਹਿਬ, ਜਦੋਂ ਦੀ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਆਈ ਹੈ ਉਦੋਂ ਤੋਂ ਲੈ ਕੇ ਹੁਣ ਤਕ ਅਗਰ ਦੇਖੀਏ ਤਾਂ ਤੁਹਾਨੂੰ ਪਤਾ ਲਗੇਗਾ ਕਿ ਖੇਤੀਬਾੜੀ ਦਾ, ਐਗਰੀਕਲਚਰ ਦਾ ਬਜਟ ਕਿਤਨਾ ਵਧਿਆ ਹੈ! ਐਗਰੀਕਲਚਰ ਦੇ ਬਜਟ ਤੇ ਪਹਿਲਾਂ 6 ਕਰੋੜ ਰੁਪਿਆ ਸੀ ਅਤੇ ਇਸ ਸਾਲ ਅਸੀਂ 15 ਕਰੋੜ ਰੁਪਿਆ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਇਸ ਤੇ ਖ਼ਰਚ ਕਰਨਾ ਹੈ । ਇਹ ਇਕ ਬੜਾ ਵਾਧਾ ਹੈ ਅਤੇ ਇਸ ਦੇ ਨਾਲ ਖੇਤੀਬਾੜੀ ਵਿਚ ਤਰੱਕੀ ਹੋਵੇਗੀ, ਲੋਕਾਂ ਨੂੰ ਫ਼ਾਇਦਾ ਹੋਵੇਗਾ ਅਤੇ ਜ਼ਿਮੀਦਾਰ ਖੁਸ਼ਹਾਲ ਹੋਵੇਗਾ ਤੇ ਉਹ ਆਪਣੇ ਖੇਤਾਂ ਵਿਚ ਜ਼ਿਆਦਾ ਪੈਦਾਵਾਰ ਕਰੇਗਾ । ਡਿਪਟੀ ਸਪੀਕਰ ਸਾਹਿਬ, ਜੇ ਸਾਰਾ ਹਿਸਾਬ ਕਿਤਾਬ ਦੇਖੀਏ ਕਿ ਪਿਛਲੇ ਸਾਲਾਂ ਵਿਚ ਕਿੰਨੀ ਫ਼ਸਲ ਹੁੰਦੀ ਰਹੀ ਹੈ ਅਤੇ ਹੁਣ ਕਿੰਨੀ ਹੁੰਦੀ ਹੈ ਤਾਂ ਤੁਹਾਨੂੰ ਪਤਾ ਲਗੇਗਾ ਕਿ ਇਸ ਦੇ ਵਿਚ ਬਹੁਤ ਵਾਧਾ ਹੋਇਆ ਹੈ । ਜੇ ਪਿਛਲੇ ਸਾਲ ਨਾਲ ਹੀ ਇਸ ਦਾ ਮੁਕਾਬਲਾ ਕਰੀਏ ਕਿ ਪਿਛਲੇ ਸਾਲ ਕਿੰਨੀ ਫ਼ਸਲ ਹੋਈ ਅਤੇ ਇਸ ਸਾਲ ਕਿੰਨੀ ਫ਼ਸਲ ਹੋਈ ਹੈ ਤਾਂ ਤੁਸੀਂ ਹੈਰਾਨ ਹੋਵੋਗੇ। ਮੈਂ ਜ਼ਿਆਦਾ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ ਸਿਰਫ਼ ਮੰਡੀਆਂ ਵਿਚ ਜੋ ਜਿਣਸ ਆਈ ਹੈ ਉਸ ਦੇ ਬਾਰੇ ਹੀ ਦੱਸਣਾ ਚਾਹੁੰਦਾ ਹਾਂ ਕਿ 2 ਫ਼ਰਵਰੀ ਤਕ ਪਿਛਲੇ ਸਾਲ ਮੰਡੀਆਂ ਵਿਚ ਜੋ ਜਿਣਸ ਆਈ ਉਹ 20 ਲੱਖ 74 ਹਜ਼ਾਰ ਟਨ ਸੀ ਅਤੇ ਐਤਕੀ ਇਹ 24 ਲੱਖ ਤੇ 33 ਹਜ਼ਾਰ ਟਨ ਆਈ ਹੈ ਯਾਨੀ ਪਿਛਲੇ ਸਾਲ ਨਾਲੋਂ ਚਾਰ ਸਵਾ ਚਾਰ ਲੱਖ ਟਨ ਮੰਡੀਆਂ ਵਿਚ ਕਣਕ ਜ਼ਿਆਦਾ ਆ ਗਈ ਹੈ । ਇਸੇ ਤਰ੍ਹਾਂ ਜਿਹੜੀ ਪੈਡੀ ਦੀ ਫ਼ਸਲ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਝੋਨਾ ਪਿਛਲੇ ਸਾਲ 2 ਫ਼ਰਵਰੀ ਤਕ 14.58 ਲੱਖ ਟੱਨ ਆਇਆ ਸੀ ਅਤੇ ਐਤਕੀਂ 18 ਲੱਖ ਟਨ ਝੋਨਾ ਮੰਡੀਆਂ ਵਿਚ ਆ ਗਿਆ ਹੈ । (ਥੰਪਿੰਗ) ਇਹ ਗੱਲ ਸਾਬਤ ਕਰਦੀ ਹੈ, ਡਿਪਟੀ ਸਪੀਕਰ ਸਾਹਿਬ, ਕਿ ਅਸੀਂ ਐਗਰੀਕਲਚਰ ਵਿਚ, ਖੇਤੀਬਾੜੀ ਵਿਚ ਅੱਗੇ ਜਾ ਰਹੇ ਹਾਂ । ਮੈਨੂੰ ਇਹ ਗੱਲ ਦੱਸਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਹਰ ਸਾਲ ਇਸ ਦਾ ਵਾਧਾ ਹੀ ਹੁੰਦਾ ਹੈ, ਘਾਟਾ ਨਹੀਂ ਹੁੰਦਾ । ਪੈਡੀ ਦੀ ਫ਼ਸਲ 14 ਲੱਖ ਟੱਨ ਤੋਂ 18 ਲੱਖ ਟਨ ਤਕ ਚਲੀ ਗਈ ਹੈ । ਬਾਕੀ ਕਣਕ ਦਾ ਜੋ ਸਾਡਾ ਟੀਚਾ ਹੈ ਮੇਰਾ ਆਪਣਾ ਵਿਚਾਰ ਹੈ ਕਿ ਪ੍ਰਮਾਤਮਾ ਨੇ ਬੜੀ ਕਿਰਪਾ ਕੀਤੀ ਹੈ ਕਿ ਬਾਰਸ਼ ਪਾ ਦਿੱਤੀ ਹੈ ਅਤੇ ਸੋਇੰਗ ਬਹੁਤ ਅੱਛੀ ਹੋ ਗਈ ਹੈ । ਅਸੀਂ ਆਪਣੇ ਟੀਚੇ ਨੂੰ ਐਕਸੀਡ ਐਤਕੀ ਕਰ ਜਾਵਾਂਗੇ । ਇਸ ਦੇ ਨਾਲ ਪੰਜਾਬ ਖੁਸ਼ਹਾਲ ਹੋਵੇਗਾ, ਪੰਜਾਬ ਤਰੱਕੀ ਕਰੇਗਾ ਔਰ ਹਿੰਦੁਸਤਾਨ ਦੇ ਵਿਚ ਜੋ ਅਨਾਜ ਦਾ ਤੋਟਾ ਹੈ ਉਹ ਪੰਜਾਬ ਪੂਰਾ ਕਰੇਗਾ । ਇਹ ਪੰਜਾਬ ਦੀ ਸਰਕਾਰ ਅਤੇ ਪੰਜਾਬ ਦੇ ਕਿਸਾਨ ਦੀ ਹਿੰਮਤ, ਕੋਸ਼ਿਸ਼ ਅਤੇ ਰਾਤ ਦਿਨ ਮਿਹਨਤ ਦਾ ਹੀ ਸਦਕਾ ਹੈ ਕਿ ਅਸੀਂ ਅਨਾਜ ਦੀ ਪੈਦਾਵਾਰ ਨੂੰ ਵਧਾਇਆ ਹੈ ।

ਡਿਪਟੀ ਸਪੀਕਰ ਸਾਹਿਬ, ਇਥੇ ਸਭ ਤੋਂ ਪਹਿਲਾਂ ਕੈਪਟਨ ਰਤਨ ਸਿੰਘ ਜੀ ਨੇ ਜ਼ਿਕਰ ਕੀਤਾ ਸੀ ਜਿਸ ਤਰ੍ਹਾਂ ਲੁਧਿਆਣੇ ਵਿਚ ਇਕ ਪ੍ਰੋਗਰਾਮ ਸ਼ੁਰੂ ਕੀਤਾ ਸੀ, ਮੈਂ ਉਸ ਵੇਲੇ ਵੀ ਮਨਿਸਟਰ ਸਾਂ । ਲੁਧਿਆਣੇ ਵਿਚ ਇਕ ਆਈ.ਏ.ਡੀ.ਪੀ. ਦਾ ਪ੍ਰੋਗਰਾਮ ਸ਼ੁਰੂ ਕੀਤਾ ਸੀ । ਲੁਧਿਆਣਾ ਇਕ ਸੈਂਟਰਲ ਜਗ੍ਹਾ ਸੀ ਅਤੇ ਉਥੇ ਐਗਰੀਕਲਚਰ ਯੂਨੀਵਰਸਿਟੀ ਸੀ, ਇਸ ਲਈ ਅਸੀਂ ਲੁਧਿਆਣਾ ਡਿਸਟ੍ਰਿਕਟ ਸਿਲੈਕਟ ਕੀਤਾ ਸੀ ਅਤੇ ਜਿੰਨਾਂ ਵੱਧ ਤੋਂ ਵੱਧ ਖਰਚ ਕਰ ਸਕਦੇ ਸੀ ਪੰਜਾਬ ਦੀ ਸਰਕਾਰ ਨੇ ਉਤਨਾ ਖਰਚ ਕੀਤਾ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਵਿਚ ਹੀ ਨਹੀਂ, ਹਿੰਦੁਸਤਾਨ ਵਿਚ ਹੀ ਨਹੀਂ ਪ੍ਰੋਡਕਸ਼ਨ ਦੇ ਲਿਹਾਜ਼ ਨਾਲ, ਕਣਕ ਦੀ ਪ੍ਰੋਡਕਸ਼ਨ ਦੇ ਲਿਹਾਜ਼ ਨਾਲ ਲੁਧਿਆਣਾ ਜ਼ਿਲ੍ਹਾ ਸਭ ਤੋਂ ਅਗੇ ਹੈ । ਇਹ ਉਸ ਸਕੀਮ ਦਾ ਹੀ ਸਦਕਾ ਹੈ । ਇਸੀ ਤਰ੍ਹਾਂ ਅਸੀਂ ਬਾਕੀ ਜ਼ਿਲ੍ਹਿਆਂ ਵਿਚ ਵੀ ਇਹ ਪ੍ਰੋਗਰਾਮ ਸ਼ੁਰੂ ਕੀਤਾ ਹੈ । ਜਿਸ ਤਰ੍ਹਾਂ ਲੁਧਿਆਣੇ ਜ਼ਿਲ੍ਹੇ ਵਿਚ ਖਰਚ ਕੀਤਾ ਹੈ ਹੋਰ ਜ਼ਿਲ੍ਹਿਆਂ ਵਿਚ ਵੀ ਪ੍ਰੋਡਕਸ਼ਨ ਵਧਾਉਣ ਵਿਚ ਇਸ ਤਰ੍ਹਾਂ ਕਰ ਸਕਦੇ ਹਾਂ ਪਰ

Original with;
Punjab Vidhan Sabha
Digitized by;
Panjab Digital Library

ਕਈ ਮਜ਼ਬੂਰੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਵਜ੍ਹਾ ਕਰਕੇ ਬਾਕੀ ਜ਼ਿਲ੍ਹਿਆਂ ਵਿਚ ਜੋ ਕੰਮ ਸ਼ੁਰੂ ਕੀਤਾ ਹੈ ਉਹ ਤੇਜ਼ੀ ਨਾਲ ਨਹੀਂ ਸ਼ੁਰੂ ਕੀਤਾ ਜਿਸ ਤਰ੍ਹਾਂ ਕਿ ਲੁਧਿਆਣੇ ਵਿਚ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਕੈਪਟਨ ਸਾਹਿਬ ਨੇ ਸੀਡ ਕਾਰਪੋਰੇਸ਼ਨ ਤੇ ਵੀ ਜ਼ੋਰ ਦਿਤਾ ਹੈ । ਮੈਨੂੰ ਇਹ ਦੱਸਣ ਵਿਚ ਖੁਸ਼ੀ ਹੁੰਦੀ ਹੈ ਕਿ ਪੰਜਾਬ ਸਾਰੇ ਸੂਬਿਆਂ ਨਾਲੋਂ ਪਹਿਲਾ ਸੂਬਾ ਹੈ ਜਿਸ ਨੇ ਵਰਲਡ ਬੈਂਕ ਦੀ ਮਦਦ ਨਾਲ 20 ਕਰੋੜ ਰੁਪਿਆ ਖ਼ਰਚ ਕਰਨ ਦੀ ਉਮੀਦ ਨਾਲ ਸੀਡ ਕਾਰਪੋਰੇਸ਼ਨ ਬਣਾਈ ਹੈ । ਉਹ ਇਥੇ ਪੰਜਾਬ ਵਿਚ ਸ਼ੁਰੂ ਹੋ ਗਈ ਹੈ, ਕੰਮ ਸ਼ੁਰੂ ਕਰ ਦਿਤਾ ਹੈ, ਸਾਰੀਆਂ ਸਕੀਮਾਂ ਬਣ ਗਈਆਂ ਹਨ ਔਰ ਜਿਸ ਤਰ੍ਹਾਂ ਕੈਪਟਨ ਰਤਨ ਸਿੰਘ ਨੇ ਇਥੇ ਦਸਿਆ ਸੀ, ਅਸੀਂ ਬਾਹਰਲੇ ਸੂਬਿਆਂ ਵਿਚ ਵੀ ਕਪਾਹ, ਆਲੂ, ਕਣਕ ਅਤੇ ਆਇਲ ਸੀਡਜ਼ ਵਗੈਰਾ ਭੇਜਾਂਗੇ । ਇਥੇ ਮੇਰੇ ਕਈ ਦੋਸਤਾਂ ਨੇ ਸ਼ਿਕਾਇਤ ਕੀਤੀ ਸੀ ਕਿ ਸੀਡਜ਼ ਅੱਛੇ ਨਹੀਂ । ਇਸ ਬਾਰੇ ਵੀ ਮੈਂ ਕਹਿੰਦਾ ਹਾਂ ਕਿ ਹੁਣ ਕਾਰਪੋਰੇਸ਼ਨ ਦੇ ਸ਼ੁਰੂ ਹੋਣ ਨਾਲ ਜਿਹੜੇ ਚੰਗੇ ਸੀਡਜ਼ ਹੋਣਗੇ ਉਹ ਪੈਦਾ ਕਰਨ ਲਗ ਜਾਵਾਂਗੇ । ਇਸ ਤੋਂ ਇਲਾਵਾ ਵਾਧੂ ਬੀਜ ਪੈਦਾ ਕਰਕੇ ਬਾਹਰਲੇ ਸੂਬਿਆਂ ਨੂੰ ਵੀ ਭੇਜਾਂਗੇ ।

ਇਹੋ ਹੀ ਨਹੀਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਇਥੇ ਇਕ ਕਾਟਨ ਪ੍ਰੋਜੈਕਟ ਵੀ ਲਿਆਂਦਾ ਹੈ । ਉਸ ਦੇ ਲਈ ਵਰਲਡ ਬੈਂਕ ਨੇ ਢਾਈ ਕਰੋੜ ਰੁਪਏ ਦੇਣੇ ਹਨ । ਸਰਦਾਰ ਲਛਮਣ ਸਿੰਘ ਨੇ ਕਿਹਾ ਸੀ ਕਿ ਇਸ ਦੀ ਇੰਪਰੂਵਮੈਂਟ ਨਹੀਂ ਹੋ ਰਹੀ । ਮੈਂ ਕਹਿੰਦਾ ਹਾਂ ਕਿ ਹੁਣ ਹੋ ਜਾਵੇਗੀ । ਇਸ ਤੋਂ ਅਗੇ ਡਿਪਟੀ ਸਪੀਕਰ ਸਾਹਿਬ, ਇਥੇ ਆਲੂਆਂ ਦੇ ਭਾਅ ਦਾ ਜ਼ਿਕਰ ਹੋਇਆ ਕਿ ਭਾਅ ਘੱਟ ਗਏ ਹਨ । ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਨੇਫਡ ਵਾਲੇ ਪੰਜਾਬ ਵਿਚ ਆ ਗਏ ਹਨ ਅਤੇ ਉਨ੍ਹਾਂ ਨੇ ਖਰੀਦ ਸ਼ੁਰੂ ਕਰ ਦਿਤੀ ਹੈ । ਗਿਆਨੀ ਜੀ ਦੀ ਸਰਕਾਰ ਨੇ ਉਨ੍ਹਾਂ ਨੂੰ ਕੁਝ ਰਿਆਇਤਾਂ ਦਿੱਤੀਆਂ ਹਨ.... ...

**ਚੌਧਰੀ ਜਗਤ ਰਾਮ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਵੜੇਵੇਂ ਦੇ ਬੀਜ ਦਾ ਕੀ ਬਣਿਆ ਉਸ ਵਿਚ ਕੋਈ ਸੁਧਾਰ ਲਿਆਂਦਾ ਹੈ....

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਅਸੀਂ ਇਸ ਵਲ ਵੀ ਪੂਰਾ ਧਿਆਨ ਦੇ ਰਹੇ ਹਾਂ ਤਾਂ ਕਿ ਅਸੀਂ ਲੰਮੇ ਰੇਸ਼ੇ ਵਾਲੀ ਕਪਾਹ ਪੈਦਾ ਕਰ ਸਕੀਏ ।

**ਸਰਦਾਰ ਗੁਰਬਚਨ ਸਿੰਘ ਚੀਮਾ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜ਼ਿਮੀਂਦਾਰਾਂ ਦੇ ਆਲੂਆਂ ਦੀ ਖਰੀਦ ਸ਼ੁਰੂ ਹੋ ਗਈ ਹੈ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀਆਂ ਜਿੰਨੀਆਂ ਸਖ਼ਤ ਸ਼ਰਤਾਂ ਹਨ ਉਨ੍ਹਾਂ ਦੇ ਮੁਤਾਬਕ ਤਾਂ ਕੋਈ ਵੀ ਜ਼ਿਮੀਂਦਾਰ ਉਨ੍ਹਾਂ ਨੂੰ ਆਲੂ ਨਹੀਂ ਵੇਚ ਸਕੇਗਾ ਕਿਉਂਕਿ ਉਨ੍ਹਾਂ ਦੇ ਮੁਤਾਬਕ ਡੇਢ ਇੰਚ ਤੋਂ ਛੋਟਾ ਅਤੇ ਤਿੰਨ ਇੰਚ ਤੋਂ ਮੋਟਾ ਉਨ੍ਹਾਂ ਨੇ ਲੈਣਾ ਨਹੀਂ ।

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** : ਚੀਮਾ ਸਾਹਿਬ ਨੇ ਸ਼ਿਕਾਇਤ ਕੀਤੀ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਆਲੂ ਹੈ ਇਹ ਖਰੀਦ ਕੇ ਬਾਹਰਲੇ ਮੁਲਕਾਂ ਵਿਚ ਭੇਜਣਾ ਹੈ । ਉਹ ਆਲੂ ਕੋਈ ਖਾਸ ਸਾਈਜ਼ ਦਾ ਲੈਂਦੇ ਹਨ । ਜਿਹੜੀ ਛੋਟੀ ਗੋਲੀ ਹੈ ਉਹ ਕੱਢ ਦਿੰਦੇ ਹਨ ਔਰ ਬਾਕੀ ਸਾਰਾ ਲੈ ਲੈਂਦੇ ਹਨ । ਕਿਉਂਕਿ ਆਲੂ ਬਾਹਰਲੇ ਦੇਸ਼ਾਂ ਨੂੰ ਭੇਜਣੇ ਸੀ ਅਤੇ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਅੱਜ ਤੋਂ ਦਸ ਪੰਦਰਾਂ ਦਿਨ ਪਹਿਲਾਂ ਆਲੂਆਂ ਦੀ ਛਿੱਲ ਕੱਚੀ ਸੀ ਅਤੇ ਹੁਣ ਪੱਕ ਗਈ ਹੈ ਇਸ ਲਈ ਨੇਫੈਡ ਪੰਜਾਬ ਵਿਚ ਹੁਣ ਆਈ ਹੈ । ਸਾਡੀ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ 3 ਰੁਪਏ ਹਿਆਇਤ ਦਿਤੀ ਹੈ ਔਰ ਇਸ ਦੇ ਵਾਸਤੇ 20 ਲੱਖ ਰੁਪਏ ਰੱਖੇ ਹਨ ਮਾਰਕਿਟ ਬੋਰਡ ਵਲੋਂ ਜਿੰਨਾਂ ਦੇਣਾ ਪਏਗਾ, ਦੇਵਾਂਗੇ । ਇਕ ਇਨ੍ਹਾਂ ਨੇ ਹੋਰ ਕਿਹਾ ਸੀ ਕਿ ਜਿਹੜਾ ਸਮਾਲ ਫਾਰਮਰ ਹੈ ਜਾਂ ਮਿਡਲ ਫ਼ਾਰਮਰ ਹੈ....

**ਸਰਦਾਰ ਸੁਰਜੀਤ ਸਿੰਘ ਅਟਵਾਲ** : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ ।

**ਸ੍ਰੀ ਡਿਪਟੀ ਸਪੀਕਰ** : ਅਟਵਾਲ ਸਾਹਿਬ, ਵਿਚ ਇੰਟ੍ਰਪਟ ਨਾ ਕਰੋ ਬਾਅਦ ਵਿਚ ਜਿਹੜੀ ਇੰਨਫ਼ਰਮੇਸ਼ਨ ਲੈਣੀ ਹੋਵੇ, ਲੈ ਲੈਣਾ ਅਤੇ ਮਾਸਟਰ ਜੀ ਨੂੰ ਬੋਲਣ ਦਿਉ ।

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਜਿੰਨੇ ਵੀ ਸੁਆਲ ਪੁੱਛਣਗੇ ਮੈਂ ਜਵਾਬ ਦਿਆਂਗਾ, ਮੈਨੂੰ ਪਹਿਲਾਂ ਬੋਲ ਲੈਣ ਦੇਣ ।

ਮੈਂ ਕਹਿ ਰਿਹਾ ਸੀ ਕਿ ਇਹ ਜਿਹੜੀਆਂ ਛੋਟੀਆਂ ਏਜੰਸੀਆਂ ਹਨ ਉਨ੍ਹਾਂ ਦੇ ਮੁਤੱਅਲਕ ਕਿਹਾ ਗਿਆ ਹੈ । ਮੈਨੂੰ ਦਸ ਕੇ ਖੁਸ਼ੀ ਹੁੰਦੀ ਹੈ ਕਿ ਹਿੰਦੁਸਤਾਨ ਦੇ ਕਿਸੇ ਸੂਬੇ ਵਿਚ ਇਤਨਾ ਰਕਬਾ ਨਹੀਂ ਕਵਰ ਕੀਤਾ ਗਿਆ ਜਿੰਨਾਂ ਗਿਆਨੀ ਜੀ ਦੀ ਸਰਕਾਰ ਨੇ ਪੰਜਾਬ ਵਿਚ ਕੀਤਾ ਹੈ । ਬਾਕੀ ਸਟੇਟਾਂ ਵਿਚ ਕਿਸੇ ਦੇ ਇਕ ਜ਼ਿਲ੍ਹੇ ਵਿਚ ਕਿਸੇ ਦੇ ਦੋ ਜ਼ਿਲ੍ਹਿਆਂ ਵਿਚ ਹੋਵੇਗਾ ਪਰ ਸਾਡੀਆਂ ਏਜੰਸੀਆਂ ਸਾਰੇ ਪੰਜਾਬ ਵਿਚ ਹਨ । ਤੇ ਤੁਹਾਨੂੰ ਖੁਸ਼ੀ ਹੋਵੇਗੀ ਕਿ ਇਨ੍ਹਾਂ ਏਜੰਸੀਆਂ ਰਾਹੀਂ ਅਸੀਂ ਕੋਈ 3 ਲੱਖ 26 ਹਜ਼ਾਰ ਫਾਰਮਰਜ਼ ਨੂੰ ਆਈਡੈਂਟੀਫਾਈ ਕੀਤਾ ਹੈ । ਔਰ 25372 ਟਿਊਬਵੈੱਲਜ਼ ਲੱਗ ਚੁੱਕੇ ਹਨ, ਇਹਨਾਂ ਏਜੰਸੀਆਂ ਦੀ ਖ਼ਾਤਰ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ । ਇਸ ਤੋਂ ਇਲਾਵਾ 27211 ਮੱਝਾਂ, ਗਾਵਾਂ ਅਸੀਂ ਲੇਬਰਰਜ਼ ਨੂੰ, ਗਰੀਬ ਨੂੰ ਖਰੀਦ ਕੇ ਦੇ ਚੁੱਕੇ ਹਾਂ । ਇਸ ਤਰ੍ਹਾਂ ਹੀ ਕੋਈ 14 ਲੱਖ 31 ਹਜ਼ਾਰ ਰੁਪਏ ਦੇ ਪੋਲਟਰੀ ਫ਼ਾਰਮਜ਼ ਵਾਸਤੇ ਬਰਡਜ਼ ਖਰੀਦ ਕੇ ਦੇ ਚੁੱਕੇ ਹਾਂ । ਇਸੇ ਤਰ੍ਹਾਂ 4 ਕਰੋੜ 85 ਲੱਖ ਦੇ ਕਰੀਬ ਅਸੀਂ ਮਜ਼ਦੂਰਾਂ ਨੂੰ, ਛੋਟੇ ਕਿਸਾਨਾਂ ਨੂੰ, ਛੋਟੇ ਜ਼ਮੀਂਦਾਰਾਂ ਨੂੰ ਸੱਬਸਿਡੀ ਦੇ ਚੁੱਕੇ ਹਾਂ । ਕਰਜ਼ੇ ਵਿਚ ਜਿਹੜੇ ਛੋਟੇ ਕਿਸਾਨ ਹਨ ਉਨ੍ਹਾਂ ਨੂੰ 33% ਸੱਬਸਿਡੀ ਔਰ ਜਿਹੜੇ ਜ਼ਰਾ ਵੱਡੇ ਹਨ ਉਨ੍ਹਾਂ ਨੂੰ 25% ਸੱਬਸਿਡੀ ਦਿੱਤੀ ਹੈ ਇਨ੍ਹਾਂ ਏਜੰਸੀਆਂ ਦੀ ਰਾਹੀਂ ਅਤੇ ਕੋਈ 34.36 ਲੱਖ ਰੁਪਏ ਖਰਚ ਆਏ ਹਨ । ਇਸ ਤੋਂ ਇਲਾਵਾ 62.98 ਕਿਲੋਮੀਟਰ ਪਿੰਡਾਂ ਵਿਚ ਸੜਕਾਂ ਵੀ ਬਣਾਈਆਂ ਹਨ । ਇਹ ਵੀ ਇਕ ਵੱਡੀ ਗੱਲ ਹੈ । ਮੇਰੇ ਦੋਸਤਾਂ ਨੇ ਇਥੇ ਕਿਹਾ ਸੀ ਕਿ ਕਪਾਹ ਅਤੇ ਕਮਾਦ ਤੇ ਸਪਰੇ ਹੋਣੀ ਚਾਹੀਦੀ ਹੈ । ਤੁਸੀਂ ਖੁਸ਼ ਹੋਵੋਗੇ ਕਿ ਅਸੀਂ ਏਰੀਅਲ ਸਪਰੇ ਕੀਤਾ ਹੈ ਕਪਾਹ ਤੇ ਕਿਸੇ ਵੀ ਹੋਰ ਸਟੇਟ ਨੇ ਹਿੰਦੁਸਤਾਨ ਭਰ ਵਿਚ ਭਾਵੇਂ ਮਹਾਰਾਸ਼ਟਰ ਔਰ ਗੁਜਰਾਤ ਵਿਚ ਕਪਾਹ ਜਿਆਦਾ ਪੈਦਾ ਹੁੰਦੀ ਹੈ । ਸਾਡੇ ਪੰਜਾਬ ਵਿਚ ਸਭ ਤੋਂ ਜ਼ਿਆਦਾ ਸਪਰੇ ਹੋਈ ਹੈ । ਇਸ ਤੇ 752.59 ਲੱਖ ਰੁਪਏ ਖਰਚ ਕੀਤੇ ਹਨ । ਪਹਿਲਾਂ ਗੌਰਮਿੰਟ ਆਫ ਇੰਡੀਆਂ ਸੱਬਸਿਡੀ ਦਿੰਦੀ ਸੀ, ਹੁਣ ਅਸੀਂ ਮਾਰਕੀਟ ਬੋਰਡ ਤੋਂ ਸੱਬਸਿਡੀ ਲੈ ਕੇ ਸਪਰੇ ਕੀਤੀ ਹੈ । ਚੀਮਾਂ ਸਾਹਿਬ ਨੇ ਕਿਹਾ ਸੀ ਕਿ ਕਮਾਦ ਤੇ ਸਪਰੇ ਹੋਣੀ ਚਾਹੀਦੀ ਹੈ । ਮੈਂ ਦਸਦਾ ਹਾਂ ਕਿ ਪੂਰੀ ਦੀ ਮਿੱਲ ਨੂੰ ਛੱਡ ਕੇ

Original with;
Punjab Vidhan Sabha
Digitized by;
Panjab Digital Library

ਬਾਕੀ ਪੰਜਾਂ ਮਿੱਲਾਂ ਦੇ ਏਰੀਆ ਵਿਚ ਅਸੀਂ ਗੰਨੇ ਤੇ ਸਪਰੇ ਕੀਤੀ ਅਤੇ ਇਸ ਤੋਂ ਇਲਾਵਾ ਜਿਹੜੇ ਵੀ ਜ਼ਿਮੀਂਦਾਰ ਨੇ ਕਿਹਾ ਸਪਰੇ ਵਾਸਤੇ ਅਸੀਂ ਕੀਤੀ । ਇਸ ਤੇ 9 ਲੱਖ ਰੁਪਏ ਖਰਚ ਆਏ । ਕੋਈ ਖ਼ਾਸ ਕੀਮਤ ਉਨ੍ਹਾਂ ਤੋਂ ਚਾਰਜ ਨਹੀਂ ਕੀਤੀ। ਅਸੀਂ ਲੱਖਾਂ ਰੁਪਏ ਆਇਲ ਸੀਡ ਦੀਂ ਫ਼ਸਲ ਤੇ ਸਪਰੇ ਕਰਨ ਤੇ ਖਰਚ ਕੀਤੇ ।

ਇਥੇ ਮੇਰੇ ਕੁਝ ਦੋਸਤਾਂ ਨੇ ਕੱਲਰ ਲੈਂਡ ਦਾ ਜ਼ਿਕਰ ਕੀਤਾ ਸੀ । ਇਥੇ ਪੰਜਾਬ ਵਿਚ 16 ਲੱਖ ਏਕੜ ਕੱਲਰ ਲੈਂਡ ਹੈ । ਅਸੀਂ ਆਪਣੀ ਪ੍ਰੋਡਕਸ਼ਨ ਦੇ ਟੀਚੇ ਤੇ ਪਹੁੰਚੇ ਹੋਏ ਹਾਂ । ਅਸੀਂ ਉਨ੍ਹਾਂ ਖੇਤਾਂ ਵਿਚ ਹੋਰ ਜ਼ਿਆਦਾ ਪ੍ਰੋਡਕਸ਼ਨ ਨਹੀਂ ਕਰ ਸਕਦੇ ਜਿਨ੍ਹਾਂ ਵਿਚ ਅੱਗੇ ਬਹੁਤ ਜ਼ਿਆਦਾ ਫ਼ਸਲ ਹੁੰਦੀ ਹੈ । ਸਾਡੇ ਕੋਲ 16 ਲੱਖ ਏਕੜ ਕੱਲਰ ਜ਼ਮੀਨ ਹੈ ਜਿਹੜੀ ਕਿ ਰਿਕਲੇਮ ਕਰਨ ਵਾਸਤੇ ਹੈ । ਤੁਸੀਂ ਖੁਸ਼ ਹੋਵੋਗੇ ਕਿ ਗੌਰਮੈਂਟ ਆਫ਼ ਇੰਡੀਆ ਨੇ ਕਿਹਾ ਸੀ ਕਿ 50 ਫੀ ਸਦੀ ਸੱਬਸਿਡੀ ਦਿਉ ਜਿਪਸਮ ਤੇ । ਗਿਆਨੀ ਜੀ ਦੀ ਸਰਕਾਰ ਨੇ ਛੋਟੇ ਜ਼ਿਮੀਂਦਾਰ ਨੂੰ, 75% ਸੱਬਸਿਡੀ ਦਿੱਤੀ ਹੈ । ਇਸ ਤੇ ਲੱਖਾਂ ਰੁਪਿਆ ਖ਼ਰਚ ਕੀਤਾ ਹੈ ਤਾਂ ਕਿ ਕੱਲਰ ਲੈਂਡ ਵੀ ਰਿਕਲੇਮ ਹੋ ਸਕੇ । ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਇਥੇ ਸੀਡਜ਼ ਤੇ ਸੱਬਸਿਡੀ ਦੇਣ ਦਾ ਜ਼ਿਕਰ, ਕੀਤਾ ਗਿਆ ਹੈ । ਅਸੀਂ ਪਿਛਲੇ ਸਾਲ 50% ਸੱਬਸਿਡੀ ਦਿੱਤੀ ਹੈ ਗਾਚੇ ਦੇ ਸੀਡ ਤੇ, ਕਿਉਂਕਿ ਖਾਦ ਦੇ ਰੇਟ ਵੱਧ ਗਏ ਸੀ ਅਸੀਂ ਉਸ ਨੂੰ ਰਿਪਲੇਸ ਕਰਨਾ ਚਾਹੁੰਦੇ ਸੀ ਗਰੀਨ ਮੈਨਿਓਰ ਨਾਲ 75% ਸੱਬਸਿਡੀ ਦਿੱਤੀ ਹੈ ਔਰ ਕਣਕ ਦੇ ਸੀਡ ਤੇ ਲੱਖਾਂ ਰੁਪਏ ਸੱਬਸਿਡੀ ਦਿਤੀ ਹੈ ਤਾਂ ਕਿ ਕਿਸਾਨ ਨੂੰ ਫ਼ਾਇਦਾ ਹੋ ਸਕੇ । ਅਤੇ ਉਹ ਆਪਣੀ ਜ਼ਿਆਦਾ ਫ਼ਸਲ ਪੈਦਾ ਕਰ ਸਕੇ । ਇਸ ਲਈ ਹਰ ਤਰ੍ਹਾਂ ਕਿਸਾਨਾਂ ਨੂੰ ਸਹੂਲਤ ਦਿੱਤੀ । ਡਿਪਟੀ ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕੀਤੀ, ਕੋਸ਼ਿਸ਼ ਹੀ ਨਹੀਂ ਕੀਤੀ, ਬਲਕਿ ਐਗਰੀਕਲਚਰ ਪ੍ਰੋਡਕਸ਼ਨ ਵਾਸਤੇ ਕਮੇਟੀਆਂ ਬਣਾਈਆਂ ਹਨ । ਸਟੇਟ ਲੇਵਲ ਤੇ ਚੀਫ਼ ਮਨਿਸਟਰ, ਗਿਆਨੀ ਜ਼ੈਲ ਸਿੰਘ ਜੀ ਕਮੇਟੀ ਦੇ ਚੇਅਰਮੈਨ ਹਨ ਜਿਸ ਵਿਚ ਚੰਗੇ ਸਾਈਂਟਿਸਟ ਅਤੇ ਚੰਗੇ ਆਦਮੀ ਹੋਣਗੇ ਅਤੇ ਡਿਸਟ੍ਰਿਕਟ ਲੈਵਲ ਤੇ ਡਿਪਟੀ ਕਮਿਸ਼ਨਰਾਂ ਦੀ ਚੇਅਰਮੈਨਸ਼ਿਪ ਥੱਲੇ ਐਗਰੀਕਲਚਰਲ ਪ੍ਰੋਡਕਸ਼ਨ ਵਾਸਤੇ ਕਮੇਟੀਆਂ ਬਣਾਈਆਂ ਹਨ ਤਾਂ ਕਿ ਲੋਕਾਂ ਦੀਆਂ ਤਕਲੀਫ਼ਾਂ ਸੁਣੀਆਂ ਜਾਣ ਅਤੇ ਜਿਸ ਚੀਜ਼ ਦੀ ਉਨ੍ਹਾਂ ਨੂੰ ਜ਼ਰੂਰਤ ਹੋਵੇ ਉਹ ਮਿਲ ਸਕੇ ।

ਡਿਪਟੀ ਸਪੀਕਰ ਸਾਹਿਬ, ਆਪ ਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਭਾਵੇਂ ਖਾਦ ਦੀ ਕੀਮਤ ਜ਼ਿਆਦਾ ਹੋ ਗਈ ਹੈ ਲੇਕਿਨ ਪਿਛਲਿਆਂ 6 ਮਹੀਨਿਆਂ ਤੋਂ ਘਟੀ ਹੈ, ਵਧੀ ਨਹੀਂ ਹੈ । ਖਾਦ ਦੀ ਕੀਮਤ ਮੁਕੱਰਰ ਕਰਨਾ ਸੈਂਟਰ ਦਾ ਕੰਮ ਹੈ ਸਾਡਾ ਕੰਮ ਨਹੀਂ, ਪਰ ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਖਾਦ ਜ਼ਰਾ ਮਹਿੰਗੀ ਹੋਣ ਦੇ ਬਾਵਜੂਦ ਵੀ ਲੋਕਾਂ ਨੇ ਬਹੁਤ ਇਸਤੇਮਾਲ ਕੀਤੀ ਹੈ ਪਿਛਲੀ ਖ਼ਰੀਫ਼ ਦੀ ਫ਼ਸਲ ਵਾਸਤੇ ਅਸੀਂ 4 ਲੱਖ 49 ਹਜ਼ਾਰ ਟੱਨ ਖਾਦ ਇਸਤੇਮਾਲ ਕੀਤੀ ਹੈ ਅਤੇ ਇਸ ਸਾਲ ਦੀ 5 ਲੱਖ 25 ਹਜ਼ਾਰ ਟਨ ਇਸਤੇਮਾਲ ਹੋਈ ਹੈ । ਸੋ ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਇਹ ਕਿਹਾ ਜਾਂਦਾ ਹੈ ਕਿ ਖਾਦ ਮਹਿੰਗੀ ਹੋ ਗਈ ਉਸ ਦੇ ਲਿਹਾਜ਼ ਨਾਲ ਪਹਿਲਾਂ ਨਾਲੋਂ ਸਵਾਈ ਖਾਦ ਖੇਤਾਂ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਵਿਚ ਪਾਈ ਗਈ ਹੈ। ਅਪ੍ਰੈਲ ਤੋਂ ਸਤੰਬਰ ਤਕ ਰੱਬੀ ਤੇ ਕਪਾਹ ਦੀ ਫ਼ਸਲ ਤੇ ਪਿਛਲੇ ਸਾਲ 4 ਲੱਖ 61 ਹਜ਼ਾਰ ਟੱਨ ਖਾਦ ਵਿੱਕੀ ਅਤੇ ਹਾੜੀ ਦੀ ਫ਼ਸਲ ਵਾਸਤੇ 6 ਲੱਖ 79 ਹਜ਼ਾਰ ਟੱਨ ਖਾਦ ਇਸਤੇਮਾਲ ਹੋਈ ਸੀ। ਖਾਦ ਮਹਿੰਗੀ ਹੋਣ ਦੇ ਬਾਵਜੂਦ ਵੀ ਇਸ ਦੀ ਕਨਜ਼ੰਪਸ਼ਨ ਲੋਕਾਂ ਨੇ ਬਹੁਤ ਕੀਤੀ ਹੈ। ਇਸ ਦੇ ਨਾਲ ਜਿਥੋਂ ਤਕ ਖਾਦ ਵਿਚ ਇਨਸੈਕਟੀਸਾਈਡਜ਼ ਵਿਚ ਮਿਲਾਵਟ ਦਾ ਸਵਾਲ ਹੈ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਬੜੀਆਂ ਬੜੀਆਂ ਕੰਪਨੀਆਂ ਨੇ ਗਵਰਨਮੈਂਟ ਆਫ਼ ਇੰਡੀਆ ਤੋਂ ਇਜ਼ਾਜਤ ਲੈ ਕੇ ਸਾਡੇ ਦੇਸ਼ ਵਿਚ ਖਾਦਾਂ ਭੇਜੀਆਂ ਸਨ, ਉਹ ਚੁੱਕ ਕੇ ਲੈ ਗਏ, ਕਿਉਂਕਿ ਅਸੀਂ ਸੁਪਰਵੀਜ਼ਨ ਕੀਤੀ, ਸੈਂਪਲ ਭਰੇ ਕਿ ਲੋਕ ਕਹਿੰਦੇ ਹਨ ਕਿ ਸਾਡੇ ਡਿੱਪੋ ਹੀ ਵਾਪਸ ਲੈ ਲਵੋ ਕਿਉਂਕਿ ਉਹ ਡਰਦੇ ਹਨ ਕਿ ਮਾੜੀ ਖਾਦ ਆਈ ਤਾਂ ਸਰਕਾਰ ਸੈਂਪਲ ਭਰੇਗੀ। ਇਸ ਦਾ ਨਤੀਜਾ ਕੀ ਹੋਇਆ ਕਿ ਵੱਡੀਆਂ ਵੱਡੀਆਂ ਕੰਪਨੀਆਂ ਵਾਲੇ ਆਪਣੀ ਖਾਦ ਚੁੱਕ ਕੇ ਵਾਪਿਸ ਲੈ ਗਏ। ਜਿਥੋਂ ਤਕ ਇਨਸੈਕਟੀਸਾਈਡਜ਼ ਦਾ ਸਬੰਧ ਹੈ, ਅਸੀਂ ਪਹਿਲਾਂ ਖਿਆਲ ਨਹੀਂ ਕੀਤਾ, ਪਰ ਹੁਣ ਦਵਾਈਆਂ ਵੇਚਣ ਵਾਲਿਆਂ ਦੇ ਵੀ ਸੈਂਪਲ ਭਰੇ ਜਾਂਦੇ ਹਨ ਅਤੇ ਕਈਆਂ ਦੇ ਸੈਂਪਲ ਖਰਾਬ ਨਿਕਲੇ ਅਤੇ ਉਹ ਲੋਕ ਦੁਕਾਨਾਂ ਬੰਦ ਕਰ ਗਏ ਹਨ, ਜੰਦਰੇ ਲਗਾ ਗਏ ਹਨ। ਮੈਂ ਅਰਜ਼ ਕਰਦਾ ਹਾਂ ਕਿ ਇਸ ਬਾਰੇ ਕਿਸੇ ਨੂੰ ਤੌਖਲਾ ਨਹੀਂ ਰੱਖਣਾ ਚਾਹੀਦਾ ਕਿ ਖਾਦ ਵਿਚ ਜਾਂ ਦਵਾਈਆਂ ਵਿਚ ਮਿਲਾਵਟ ਹੈ। ਪੰਜਾਬ ਵਿਚ ਇਹ ਚੀਜ਼ਾਂ ਬਗੈਰ ਮਿਲਾਵਟ ਦੇ ਵੇਚੀਆਂ ਜਾ ਰਹੀਆਂ ਹਨ ਅਤੇ ਗਿਆਨੀ ਜ਼ੈਲ ਸਿੰਘ ਜੀ ਦੇ ਚੀਫ਼ ਮਨਿਸਟਰ ਹੁੰਦਿਆਂ ਹੋਇਆਂ ਕਿਸੇ ਦਾ ਹੌਸਲਾ ਨਹੀਂ ਪੈਂਦਾ ਕਿ ਉਹ ਕਿਸੇ ਚੀਜ਼ ਵਿਚ ਮਿਲਾਵਟ ਕਰੇ। ਅਸੀਂ ਸੈਂਕੜੇ ਸੈਂਪਲ ਭਰੇ, ਸੈਂਕੜੇ ਫ਼ੇਲ ਹੋਏ ਲੋਕ ਦੁਕਾਨਾਂ ਬੰਦ ਕਰ ਗਏ ਅਤੇ ਸਾਡੇ ਕੋਲੋਂ ਇਜਾਜ਼ਤ ਮੰਗਦੇ ਫਿਰਦੇ ਹਨ ਕਿ ਉਨ੍ਹਾਂ ਨੂੰ ਕਿਸੇ ਹੋਰ ਜਗ੍ਹਾ ਜਾਣ ਦਿੱਤਾ ਜਾਵੇ ਅਤੇ ਅਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਇਜ਼ਾਜ਼ਤ ਵੀ ਮੁਸ਼ਕਿਲ ਦਿੰਦੇ ਹਾਂ।

ਫਿਰ ਮੈਂ ਬੇਨਤੀ ਕਰਾਂਗਾ ਕਿ ਗੰਨੇ ਦੀ ਕੀਮਤ ਬਾਰੇ ਇਥੇ ਕਿਹਾ ਗਿਆ ਹੈ। ਸਾਡੇ ਚਾਰ ਕੁਆਪਰੇਟਿਵ ਮਿੱਲਾਂ ਹਨ। ਉਨ੍ਹਾਂ ਮਿਲਾਂ ਨੇ ਫੈਸਲਾ ਕੀਤਾ ਅਤੇ ਉਹ ਇਹ ਫੈਸਲਾ ਆਪ ਕਰ ਸਕਦੀਆਂ ਹਨ ਕਿ ਗੰਨੇ ਦੀ ਕੀਮਤ ਮੁਕੱਰਰ ਕਰ ਸਕਣ। ਪਿਛਲੇ ਸਾਲ ਗੱਲ ਇਹ ਸੀ ਕਿ ਜਿੰਨੀ ਖੰਡ ਦੀ ਕੀਮਤ ਸੀ, ਉਹ ਵੱਧ ਸੀ, ਇਸ ਕਰਕੇ ਮਿਲਾਂ ਨੇ ਗੰਨੇ ਦੀ ਕੀਮਤ ਮੰਨ ਲਈ ਸੀ। ਲੇਕਿਨ ਹਿੰਦੁਸਤਾਨ ਦੀ ਸਰਕਾਰ ਦਾ ਹੁਣ ਇਹ ਇਰਾਦਾ ਹੈ ਕਿ ਜਿੰਨੀਆਂ ਵੀ ਜਿਨਸਾਂ ਹਨ ਉਨ੍ਹਾਂ ਦੀ ਕੀਮਤ ਘਟਾਈ ਜਾਵੇ। ਪਹਿਲਾਂ ਮਿੱਲਾਂ ਨੂੰ ਖੰਡ ਦੀ ਕੀਮਤ ਜ਼ਿਆਦਾ ਮਿਲਦੀ ਸੀ। ਹੁਣ ਅਸੀਂ ਤਾਂ ਗੰਨੇ ਦਾ ਭਾਅ 14 ਰੁਪਏ 35 ਪੈਸੇ ਮੁਕੱਰਰ ਕਰ ਦਿੱਤਾ, ਪਰ ਮਿਲਾਂ ਵਾਲੇ ਇਹ ਕਹਿੰਦੇ ਹਨ ਕਿ ਇਸ ਭਾਅ ਤੇ ਗੰਨਾਂ ਲੈ ਕੇ ਉਨ੍ਹਾਂ ਨੂੰ ਫਾਇਦਾ ਨਹੀਂ ਹੋਣਾ। ਬਲਕਿ ਉਨ੍ਹਾਂ ਨੂੰ ਘਾਟਾ ਪੈਣਾ ਹੈ। ਇਸ ਕਰਕੇ ਉਨ੍ਹਾਂ ਨੇ ਕੋਈ ਸ਼ੇਅਰ ਕੈਪੀਟਲ ਇਕੱਠਾ ਕਰਨ ਵਾਸਤੇ ਜ਼ਿਮੀਂਦਾਰਾਂ ਕੋਲੋਂ ਲੋਨ ਲੈਣ ਵਾਸਤੇ ਹੋਰ ਪੈਸੇ ਮੰਗੇ ਹਨ ਤਾਂ ਜੋ ਉਨ੍ਹਾਂ ਨੂੰ ਘਾਟਾ ਨਾ ਪਵੇ। 14 ਰੁਪਏ 35 ਪੈਸੇ ਕੀਮਤ ਤਾਂ ਮੁਕੱਰਰ ਹੋ ਗਈ ਹੈ ਲੇਕਿਨ ਮਿੱਲਾਂ ਨੇ ਜ਼ਿਮੀਂਦਾਰਾਂ ਕੋਲੋਂ, ਕਿਸਾਨਾਂ ਕੋਲੋਂ

Original with;
Punjab Vidhan Sabha
Digitized by;
Panjab Digital Library

ਜਿਥੇ ਪਹਿਲਾਂ 35 ਪੈਸੇ ਸ਼ੇਅਰ ਕ ਪੀਟਲ ਇਕੱਠਾ ਕਰਦੇ ਸਨ ਉਸ ਦੀ ਜਗ੍ਹਾਂ ਇਕ ਰੁਪਿਆ 10 ਪੈਸੇ ਸ਼ੇਅਰ ਕੈਪੀਟਲ ਇਕੱਠਾ ਕਰਕੇ ਕਰਜ਼ਾ ਲੈਣਾ ਹੈ ।

**ਚੌਧਰੀ ਦਰਸ਼ਨ ਸਿੰਘ :** ਮੈਂ ਇਕ ਇਨਫਰਮੇਸ਼ਨ ਲੈਣੀ ਹੈ ਜੀ ।

**ਸ੍ਰੀ ਡਿਪਟੀ ਸਪੀਕਰ :-** ਤੁਸੀਂ ਉਨ੍ਹਾਂ ਨੂੰ ਸਪੀਚ ਖਤਮ ਕਰ ਲੈਣ ਦੇਵੋ, ਫਿਰ ਬਾਅਦ ਵਿਚ ਕੋਈ ਚੀਜ਼ ਪੁੱਛ ਲੈਣਾ ।

**ਖੇਤੀ ਬਾੜੀ ਅਤੇ ਜੰਗਲਾਤ ਮੰਤਰੀ :** ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਲਾਗੇ ਹੀ ਹਰਿਆਣਾ ਸਰਕਾਰ ਹੈ, ਉਹ ਮਿਲਾਂ ਕੋਲੋਂ 1 ਰੁਪਏ 25 ਪੈਸੇ ਫ਼ੀ ਕੁਇੰਟਲ ਦੇ ਹਿਸਾਬ ਨਾਲ ਕੇਨ ਸੱਸ ਲੈਂਦੇ ਹਨ । ਅਸੀਂ 24 ਪੈਸੇ ਫ਼ੀ ਕੁਇੰਟਲ ਦੀ ਸੈੱਸ 1963 ਤੋਂ ਲੈਕੇ ਪਿਛਲੇ ਸਾਲ ਤਕ ਮੁਆਫ਼ ਕਰ ਦਿੱਤੀ ਹੈ ਅਤੇ ਇਸ ਕਰਕੇ ਮਿੱਲਾਂ ਨੂੰ ਫਾਇਦਾ ਪੁੱਜਾ ਅਤੇ ਮੈਂ ਆਸ ਰੱਖਦਾ ਹਾਂ ਕਿ ਮਿਲਾਂ ਜ਼ਿਮੀਦਾਰਾਂ ਦਾ ਗੰਨਾਂ ਜਲਦੀ ਤੋਂ ਜਲਦੀ ਚੁੱਕਣਗੀਆਂ, ਹੋਰ ਮਿਲਾਂ ਲਗਾਉਣ ਬਾਰੇ ਤੁਹਾਡੇ ਇਲਾਕੇ ਦੀ ਮੰਗ ਹੈ, ਪਟਿਆਲੇ ਵਿਚ ਵੀ ਮੰਗ ਹੈ ।ਗੁਰਦਾਸਪਰ ਵਿਚ ਵੀ ਮੰਗ ਹੈ । ਨਾਲ ਹੀ ਮੈਂ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਪਹਿਲਾਂ ਡੇਢ ਕਰੋੜ ਰੁਪਿਆ ਲਗਦਾ ਸੀ ਮਿੱਲ ਲਗਾਉਣ ਵਾਸਤੇ ਪਰ ਹੁਣ 7-8 ਕਰੋੜ ਰੁਪਿਆ ਲਗਦਾ ਹੈ । ਅਸੀਂ ਸਾਰੇ ਇਲਾਕੇ ਦਾ ਸਰਵੇ ਕਰ ਰਹੇ ਹਾਂ ਕਿ ਕਿੱਥੇ ਮਿੱਲਾਂ ਲਗ ਸਕਦੀਆਂ ਹਨ ਅਤੇ ਕਿਹੜੀ ਕਿਹੜੀ ਮਿੱਲ ਵਿਚ ਅਕਸਪੈਨਸ਼ਨ ਕੀਤੀ ਜਾ ਸਕਦੀ ਹੈ, ਅਸੀਂ ਕੋਸ਼ਿਸ਼ ਕਰ ਰਹੇ ਹਾਂ ।

ਡਿਪਟੀ ਸਪੀਕਰ ਸਾਹਿਬ, ਇਹ ਵੀ ਕਿਹਾ ਗਿਆ ਹੈ ਕਿ ਕੁਝ ਇਲਾਕਿਆਂ ਵਿਚ ਸੜਕਾਂ ਨਹੀਂ ਬਣੀਆਂ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਰਕੀਟ ਕਮੇਟੀਆਂ ਨੇ ਕਰੋੜਾਂ ਰੁਪਏ ਖ਼ਰਚ ਕੀਤੇ ਹਨ ਆਪਣੇ ਇਲਾਕੇ ਵਿਚ ਸੜਕਾਂ ਬਣਾਉਣ ਵਾਸਤੇ ਅਤੇ ਕਰੋੜਾਂ, ਲੱਖਾਂ ਰੁਪਏ ਹੋਰ ਖ਼ਰਚ ਕਰ ਰਹੇ ਹਨ ਕਿ ਕਿਸ ਤਰੀਕੇ ਨਾਲ ਆਪਣੇ ਹਲਕਿਆਂ ਵਿਚ ਸੜਕਾਂ ਬਣਾਈਆਂ ਜਾਣ । ਮੈਂ ਡਿਪਟੀ ਸਪੀਕਰ ਸਾਹਿਬ ਇਹ ਵੀ ਅਰਜ਼ ਕਰਾਂਗਾ ਕਿ ਜਿਥੋਂ ਤਕ ਚੂਹੇ ਮਾਰਨ ਦੇ ਮੁਤਅੱਲਕ ਮੇਰੇ ਦੋਸਤਾਂ ਨੇ ਕਿਹਾ ਹੈ, ਇਸ ਵਾਸਤੇ ਵੀ ਅਸੀਂ ਸਕੀਮ ਬਣਾਈ ਹੈ । ਚੂਹੇ ਮਾਰਨ ਦਾ ਪਿਛਲੀ ਦਫ਼ਾ ਦਿਨ ਵੀ ਮੁਕਰਰ ਕੀਤਾ ਗਿਆ, ਪਰ ਦਵਾਈਆਂ ਚੂਹੇ ਮਾਰਨ ਵਾਲੀਆਂ ਨਹੀਂ ਮਿਲੀਆਂ ਸਨ, ਇਸ ਕਰਕੇ ਪੋਸਟਪੋਨ ਕਰ ਦਿੱਤਾ ਸੀ । ਜਿਸ ਵੇਲੇ ਦਵਾਈਆਂ ਮਿਲ ਗਈਆਂ, ਇਹ ਕੰਮ ਸ਼ੁਰੂ ਕਰ ਦੇਵਾਂਗੇ ਅਤੇ ਕਾਲਜਾਂ ਅਤੇ ਸਕੂਲਾਂ ਦੇ ਲੜਕਿਆਂ ਤੋਂ ਜਿਸ ਤਰ੍ਹਾਂ ਝੋਨੇ ਦੀ ਫ਼ਸਲ ਦੀ ਕਟਾਈ ਵਿਚ ਮਦਦ ਲਈ ਹੈ, ਉਸ ਤਰ੍ਹਾਂ ਇਸ ਕੰਮ ਵਿਚ ਵੀ ਮਦਦ ਲਵਾਂਗੇ ।

ਇਸ ਦੇ ਨਾਲ ਮੈਂ ਇਹ ਵੀ ਅਰਜ਼ ਕਰਾਂਗਾ ਅਤੇ ਇਸ ਬਾਰੇ ਮੇਰੇ ਕੁਝ ਦੋਸਤਾਂ ਨੇ ਵੀ ਕਿਹਾ । 20 ਕਰੋੜ ਰੁਪਏ ਨਾਲ ਸੀਡ ਕਾਰਪੋਰੇਸ਼ਨ ਦੀ ਉਸਾਰੀ ਕੀਤੀ ਹੈ । ਇਸ ਦੇ ਨਾਲ ਕਾਟਨ ਪ੍ਰਾਜੈਕਟ ਦਾ ਵੀ ਸੁਧਾਰ ਕੀਤਾ ਗਿਆ ਹੈ । ਅਤੇ ਵੱਧ ਸੈਂਪਲ ਖਾਦ ਦੇ ਭਰੇ ਗਏ ਹਨ । 1974-75 ਵਿਚ 908 ਅਤੇ ਇਸ ਦਫ਼ਾ 702 ਸੈਂਪਲ ਭਰੇ ਗਏ ਅਤੇ 903 ਵਿਚੋਂ 110 ਸੈਂਪਲ ਖਰਾਬ ਨਿਕਲੇ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਅਤੇ 702 ਵਿਚੋਂ 86 ਖ਼ਰਾਬ ਨਿਕਲੇ ਅਸੀਂ ਦਵਾਈਆਂ ਦੇ ਸੈਂਪਲ ਵੀ ਲੈ ਰਹੇ ਹਾਂ । ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਫ਼ਸਲਾਂ ਵੱਧ ਤੋਂ ਵੱਧ ਪੈਦਾ ਹੋਣ ਅਤੇ ਪੰਜਾਬ ਦਾ ਕਿਸਾਨ, ਪੰਜਾਬ ਦੀ ਜਨਤਾ ਅਤੇ ਪੰਜਾਬ ਦਾ ਐਗਰੀਕਲਕਰ ਡਿਪਾਰਟਮੈਂਟ ਇਸ ਗੱਲ ਲਈ ਤੁਲੇ ਹੋਏ ਹਨ ਕਿ ਕਿਸ ਤਰੀਕੇ ਨਾਲ ਅਪਣੀ ਪ੍ਰੋਡਕਸ਼ਨ ਵਿਚ ਹੋਰ ਵਾਧਾ ਕੀਤਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਹੋਰ ਵੀ ਕਮਿਊਨਿਸਟ ਦੋਸਤਾਂ ਨੇ ਸੀਲਿੰਗ ਦੀ ਗੱਲ ਕੀਤੀ । ਇਸ ਬਾਰੇ ਮੈਂ ਇਹ ਅਰਜ਼ ਕਰਦਾ ਹਾਂ ਕਿ ਜਿਸ ਵੇਲੇ ਸੀਲਿੰਗ ਦੀ ਮੱਦ ਆਵੇਗੀ, ਉਸ ਵੇਲੇ ਗਲ ਕਰ ਲੈਣਗੇ । ਪਰ ਮੈਂ ਯਕੀਨ ਦਵਾਉਂਦਾ ਹਾਂ ਜਿਹੜੀਆਂ ਤਰੁਟੀਆਂ ਹਨ, ਕੰਮਜ਼ੋਰੀਆਂ ਹਨ, ਕਮੀਆਂ ਹਨ ਐਗਰੀਕਲਚਰ ਡਿਪਾਰਟਮੈਂਟ ਇਨ੍ਹਾਂ ਨੂੰ ਬੜੀ ਜਲਦੀ ਦੂਰ ਕਰਨ ਦਾ ਯਤਨ ਕਰੇਗਾ ।

ਇਸ ਦੇ ਨਾਲ ਐਗਰੀਕਲਚਰਲ ਇਨਸਪੈਕਟਰਜ਼ ਦੇ ਸਬੰਧ ਵਿਚ ਵੀ ਕੁਝ ਦੋਸਤਾਂ ਨੇ ਜ਼ਿਕਰ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀਆਂ ਡਿਮਾਂਡਜ਼ ਮੰਨ ਲੈਣੀਆਂ ਚਾਹੀਦੀਆਂ ਹਨ । ਪਿਛਲੇ ਸਾਲ ਵੀ ਉਨ੍ਹਾਂ ਦੀਆਂ ਡਿਮਾਂਡਜ਼ ਮੰਨੀਆਂ ਗਈਆਂ ਸਨ ਉਹ ਹੜਤਾਲਾਂ ਤੇ ਸਨ । ਉਨ੍ਹਾਂ ਨੂੰ ਕਿਹਾ ਗਿਆ ਕਿ ਕੰਮ ਤੇ ਚਲੇ ਜਾਉ, ਉਹ ਕੰਮ ਤੇ ਚਲੇ ਗਏ ਅਤੇ ਉਨ੍ਹਾਂ ਦੀਆਂ ਡਿਮਾਂਡਜ਼ ਮੰਨ ਲਈਆਂ ਅਤੇ ਉਨ੍ਹਾਂ ਨੂੰ ਕੋਈ ਤਕਲੀਫ ਨਹੀ ਦਿੱਤੀ । ਜਿਥੋਂ ਤਕ ਉਨ੍ਹਾਂ ਦੀ ਤਨਖ਼ਾਹ ਦੀ ਡਿਮਾਂਡਜ ਹੈ । ਇਸ ਬਾਰੇ ਮੈਂ ਉਨ੍ਹਾਂ ਵਿਚੋਂ ਮੈਂ ਚੰਗੇ, ਸਿਆਣੇ ਸੁਲਝੇ ਹੋਏ ਇਨਸਪੈਕਟਰਾਂ ਨੂੰ ਬੁਲਾਇਆ ਅਤੇ ਕਿਹਾ ਸੀ ਕਿ ਤਸੀਂ ਤਾਂ ਕਲਾਸ ਟੂ ਤੋਂ ਵੀ ਵੱਧ ਤਨਖਾਹ ਮੰਗਦੇ ਹੋ ਅਤੇ ਤੁਸੀਂ ਸੱਚ ਮੁੱਚ ਦੱਸੋ ਕਿ ਤੁਹਾਡੀ ਡਿਮਾਂਡ ਕੀ ਹੈ ਅਤੇ ਕਿਸੇ ਪਾਰਟੀ ਨੂੰ ਨਾ ਮੁੱਖ ਰਖਦੇ ਹੋਏ ਮੈਨੂੰ ਦੱਸੋ ਕਿੰਨੇ ਪੈਸੇ ਚਾਹੀਦੇ ਹਨ । ਉਹ ਮੈਨੂੰ ਪੈਸੇ ਦੱਸ ਗਏ ਹਨ ਅਤੇ ਮੈਂ ਆਪਣੇ ਚੀਫ ਮਨਿਸਟਰ ਸਾਹਿਬ ਨੂੰ ਇਹ ਚੀਜ਼ ਸਬਮਿਟ ਕਰ ਦਿੱਤੀ ਹੈ ।

ਐਗਰੀਕਲਚਰਲ ਇੰਸਪੈਕਰਾਂ ਦੀ ਜਿਹੜੀ ਥੋੜੀ ਬਹੁਤੀ ਡਿਫ਼ੀਕਲਟੀ ਸੀ ਉਹ ਦੂਰ ਕਰ ਦਿੱਤੀ ਗਈ ਹੈ । ਅਤੇ ਜਿਹੜੇ ਐਗਰੀਕਲਚਰਲ ਇੰਨਸਪੈਕਟਰ ਹਨ ਉਹ ਵੀ ਚੰਗੇ ਕੰਮ ਕਰਨ ਲਗ ਪਏ ਹਨ । ਹੁਣ ਉਹ ਐਜੀਟੇਸ਼ਨਾਂ ਕਰਨ ਦਾ ਹੌਸਲਾ ਨਹੀਂ ਕਰਦੇ, ਉਨ੍ਹਾਂ ਦੇ ਦਿਮਾਗ ਵਿਚ ਜਿਹੜੀ ਐਜੀਟੇਸ਼ਨ ਕਰਨ ਦੀ ਗੱਲ ਸੀ ਉਹ ਹਟ ਗਈ ਹੈ । ਇਹ ਮੈਂ ਥੋੜੀ ਜਿਹੀ ਗੱਲ ਐਗਰੀਕਲਚਰਲ ਇੰਨਸਪੈਕਰਾਂ ਦੀ ਕਰਨੀ ਚਾਹੁੰਦਾ ਸੀ ਤਾਕਿ ਮੈਂਬਰਜ਼ ਨੂੰ ਪਤਾ ਲੱਗ ਜਾਵੇ । ਹੁਣ ਜੇ ਕੋਈ ਮੈਂਬਰਜ਼ ਕਝ ਪੁੱਛਣਾ ਚਾਹੁੰਦੇ ਹਨ ਤਾਂ ਪੁੱਛ ਲੈਣ ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ [illegible] ਕਿ 45 ਰੁਪਏ ਦੇ ਹਿਸਾਬ ਨਾਲ ਵਪਾਰੀ ਖ਼ਰੀਦਦੇ ਸੀ ਉਸ ਵਿਚ ਇਨ੍ਹਾਂ ਨੇ 3 ਰੁਪਏ ਦੀ ਰਿਆਇਤ ਦਿੱਤੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਤਿੰਨ ਰੁਪਏ ਸਰਕਾਰ ਦੀ ਤਰਫੋਂ ਦੇ ਰਹੇ ਹਨ ਜਾਂ ਵਪਾਰੀ ਇਸ ਤੋਂ ਘੱਟ ਭਾਅ ਤੇ ਖਰੀਦਦੇ ਹਨ ।

Original with: Punjab Vidhan Sabha Digitized by: Panjab Digital Library

**ਖੇਤੀਬਾੜੀ ਅਤੇ ਜੰਗਲਾਤ ਮੰਤਰੀ :** ਡਿਪਟੀ ਸਪੀਕਰ ਸਾਹਿਬ, ਨੈਫਡ ਵਾਲੇ ਪੰਜਾਬ ਵਿਚ ਆਲੂ ਦੀ ਖਰੀਦ ਲਈ ਨਹੀਂ ਆਉਂਦੇ ਕਿਉਂਕਿ ਉਨ੍ਹਾਂ ਨੂੰ ਦਿਲੀ ਤੋਂ ਜਾਂ ਯੂ.ਪੀ ਤੋਂ ਇਥੇ ਆਉਣਾ ਪੈਂਦਾ ਸੀ। ਅਤੇ ਇਸ ਤਰ੍ਹਾਂ ਉਨ੍ਹਾਂ ਦਾ ਕਰਾਇਆ ਹੀ ਜ਼ਿਆਦਾ ਲੱਗ ਜਾਂਦਾ ਸੀ । ਇਸ ਲਈ ਅਸੀਂ ਉਨ੍ਹਾਂ ਨੂੰ ਪ੍ਰੇਰਣਾ ਦਿੱਤੀ । ਅਸੀਂ ਕਿਹਾ ਕਿ 25 ਫ਼ੀਸਦੀ ਕਰਾਇਆ ਟੋਟਲ ਦਾ ਚਾਹੇ ਉਹ ਬੰਬੇ ਤੋਂ ਆਏ ਹਨ ਜਾਂ ਕਲਕੱਤੇ ਤੋਂ ਆਏ ਮਾਰਕੀਟ ਬੋਰਡ ਵਲੋਂ ਦਿੱਤਾ ਜਾਵੇਗਾ । 45 ਰੁਪਏ ਆਲੂ ਦੀ ਕੀਮਤ ਮੁੱਕਰਰ ਕੀਤੀ ਗਈ ਸੀ ਅਤੇ ਨੈਫਡ ਵਾਲਿਆਂ ਨੂੰ 3 ਰੁਪਏ ਆਪਣੀ ਤਰਫੋਂ ਦੇਣ ਲਈ ਅਸੀਂ ਮਾਰਕਿਟ ਬੋਰਡ ਨੂੰ ਲਿਖ ਦਿੱਤਾ । ਇਸ ਕੰਮ ਲਈ ਮਾਰਕਿਟ ਬੋਰਡ ਕੋਲ 20 ਲੱਖ ਰੁਪਿਆ ਰੱਖਿਆ ਗਿਆ ਹੈ । ਹੁਣ ਆਲੂ ਦੀ ਖ਼ਰੀਦ ਸ਼ੁਰੂ ਹੋ ਗਈ ਹੈ ।

**ਚੌਧਰੀ ਦਰਸ਼ਨ ਸਿੰਘ :** ਡਿਪਟੀ ਸਪੀਕਰ ਸਾਹਿਬ, ਖੇਤੀਬਾੜੀ ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਗੰਨੇ ਦੀਆਂ ਮਿੱਲਾਂ ਚਲ ਰਹੀਆਂ ਹਨ ਅਤੇ ਇਸ ਦਾ ਭਾ ਇਨ੍ਹਾਂ ਨੇ 14 ਰੁਪਏ 35 ਪੈਸੇ ਰਖਿਆ ਹੈ । ਪਰ ਧੂਰੀ ਅਤੇ ਫਗਵਾੜੇ ਦੀਆਂ ਜਿਹੜੀਆਂ ਸ਼ੂਗਰ ਮਿੱਲਾਂ ਹਨ ਇਹ 11 ਰੁਪਏ ਕੁਇੰਟਲ ਨੂੰ ਗੰਨਾਂ ਚੁਕਦੀਆਂ ਹਨ । ਪਰ ਭੋਗਪੁਰ ਕੋਆਪਰੇਟਿਵ ਸ਼ੂਗਰ ਮਿੱਲ ਜਿਹੜੀ ਹੈ ਇਹ 14 ਰੁਪਏ 35 ਪੈਸੇ ਦੇ ਭਾ ਲੈ ਰਹੀ ਹੈ, ਜਿਹੜੀ ਕਿ ਪੰਜਾਬ ਸਰਕਾਰ ਵਲੋਂ ਫਿਕਸ ਕੀਤੀ ਗਈ ਹੈ । ਮੈਂ ਇਹ ਪੁੱਛਦਾ ਹਾਂ ਕਿ ਕੀ ਇਨ੍ਹਾਂ ਨੇ ਵਰਕ ਆਊਟ ਕੀਤਾ ਹੈ ਕਿ ਧੂਰੀ ਅਤੇ ਫਗਵਾੜੇ ਦੀ ਮਿੱਲਾਂ ਨੂੰ ਕਿੰਨਾ ਘਾਟਾ ਹੋ ਰਿਹਾ ਹੈ ਅਤੇ ਹੋਰ ਸ਼ੂਗਰ ਮਿਲਾਂ ਨੂੰ ਕਿੰਨਾ ਮੁਨਾਫ਼ਾ ਹੋ ਰਿਹਾ ਹੈ । ਇਕ ਮਿੱਲ ਜਿਹੜੀ ਹੈ ਉਹ 80 ਲੱਖ ਟਨ ਗੰਨਾ ਕਰੱਸ਼ ਕਰਦੀ ਹੈ। ਇਸ ਤਰ੍ਹਾਂ ਇਕ ਮਿੱਲ ਨੂੰ ਕਿੰਨਾ ਘਾਟਾ ਹੁੰਦਾ ਹੈ ਅਤੇ ਦੂਜੀ ਮਿੱਲ ਨੂੰ ਕਿੰਨਾ ਫਾਇਦਾ ਹੁੰਦਾ ਹੈ, ਕੀ ਇਹ ਚੀਜ਼ ਵਰਕ ਆਊਟ ਕੀਤੀ ਹੈ ?

**ਖੇਤੀਬਾੜੀ ਅਤੇ ਜੰਗਲਾਤ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਕ ਮਿੱਲ 80 ਲੱਖ ਟੱਨ ਗੰਨਾ ਕਰੱਸ਼ ਨਹੀਂ ਕਰਦੀ ਬਲਕਿ 12 ਲੱਖ ਤੋਂ 15 ਲੱਖ ਕੁਇੰਟਲ ਤਕ ਕਰਦੀ ਹੈ । ਇਹ ਜਿਹੜੀ ਗੰਨੇ ਦੀ ਕੀਮਤ ਮੁਕੱਰਰ ਕੀਤੀ ਜਾਂਦੀ ਹੈ, ਇਹ ਸੈਂਟਰ ਦੀ ਸਰਕਾਰ ਵਲੋਂ ਕੀਤੀ ਜਾਂਦੀ ਹੈ । ਸੈਂਟਰ ਦੀ ਸਰਕਾਰ ਨੇ ਇਸ ਦੀ ਕੀਮਤ ਸਾਢੇ 8 ਰੁਪਏ ਮੁਕੱਰਰ ਕੀਤੀ ਸੀ ਪਰ ਅਸੀਂ ਪਹਿਲਾਂ ਵੀ ਸੈਂਟਰ ਦੀ ਸਰਕਾਰ ਨਾਲੋਂ ਵੱਧ ਕੀਮਤ ਦਿੰਦੇ ਰਹੇ ਹਾਂ । ਪਿਛਲੇ ਸਾਲ ਅਸੀਂ 14 ਰੁਪਏ 35 ਪੈਸੇ ਦੇ ਭਾ ਕੀਮਤ ਦਿੱਤੀ ਸੀ । ਪਰ ਸਾਡੀਆਂ ਮਿੱਲਾਂ ਨੇ ਫੈਸਲਾ ਕੀਤਾ ਹੈ ਕਿ..

**ਸ਼੍ਰੀ ਡਿਪਟੀ ਸਪੀਕਰ :** ਤੁਸੀਂ ਇਨ੍ਹਾਂ ਨੂੰ ਵਰਕ ਆਊਟ ਕਰਕੇ ਬਾਅਦ ਵਿਚ ਦਸ ਦੇਣਾ ਅਤੇ ਸੈਟਿਸਫ਼ਾਈ ਕਰ ਦੇਣਾ ।

**ਖੇਤੀਬਾੜੀ ਅਤੇ ਜੰਗਲਾਤਮੰਤਰੀ :** ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਹੁਣੇ ਹੀ ਦਸ ਦਿੰਦਾ ਹਾਂ ਕਿ ਅਸੀਂ ਧੂਰੀ ਅਤੇ ਫਗਵਾੜੇ ਦੀਆਂ ਮਿੱਲਾਂ ਨੂੰ ਪ੍ਰੇਰਣਾ ਦੇ ਸਕਦੇ ਹਾਂ ਇਸ ਲਈ । ਪਿਛਲੀ ਵਾਰ ਸਾਡੀਆਂ ਮਿੱਲਾਂ ਨੇ ਜਦ ਹਿਸਾਬ ਕਿਤਾਬ ਕੀਤਾ ਸੀ ਤਾਂ ਇਨ੍ਹਾਂ ਨੇ ਤਾਂ 20,25 ਲੱਖ ਦਾ ਮੁਨਾਫ਼ਾ ਵਿਖਾਇਆ ਸੀ ਲੇਕਿਨ ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਧੂਰੀ ਅਤੇ ਫਗਵਾੜਾ ਦਾ ਜਦ ਹਿਸਾਬ ਕਿਤਾਬ ਅਸੀਂ ਕੀਤਾ ਜਿੰਨਾ ਕਿ ਕਾਨੂੰਨ ਦੇ ਮੁਤਾਬਕ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਅਸੀਂ ਕਰ ਸਕਦੇ ਸੀ, ਕੀਤਾ ਤਾਂ ਇਹ ਪਤਾ ਲਗਿਆ ਕਿ ਇਨ੍ਹਾਂ ਨੂੰ 5,10 ਲੱਖ ਦਾ ਘਾਟਾ ਹੋਇਆ ਹੈ ।

(ਚੌਧਰੀ ਦਰਸ਼ਨ ਸਿੰਘ ਜੀ ਵਲੋਂ ਵਿਘਨ)

**ਸ੍ਰੀ ਡਿਪਟੀ ਸਪੀਕਰ**: ਮਾਸਟਰ ਜੀ, ਤੁਸੀਂ ਇਨ੍ਹਾਂ ਨੂੰ ਬਾਅਦ ਵਿਚ ਵਰਕ ਆਊਟ ਕਰ ਕੇ ਦਸ ਦੇਣਾ ।

**ਖੇਤੀਬਾੜੀ ਅਤੇ ਜੰਗਲਾਤ ਮੰਤਰੀ**: ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦਸਿਆ ਹੈ ਕਿ ਅਸੀਂ ਉਨ੍ਹਾਂ ਨੂੰ ਪ੍ਰੇਰਣਾ ਦੇ ਸਕਦੇ ਹਾਂ ਪਰ ਸਰਕਾਰ ਉਨ੍ਹਾਂ ਨੂੰ ਮਜਬੂਰ ਨਹੀਂ ਕਰ ਸਕਦੀ ਐਕਟ ਦੇ ਅਨੁਸਾਰ । ਫਿਰ ਵੀ ਅਸੀਂ ਪ੍ਰੇਰਣਾ ਹੀ ਕਰਾਂਗੇ । ਪਰ ਐਕਟ ਦੇ ਮੁਤਾਬਿਕ ਮਜਬੂਰ ਨਹੀਂ ਕੀਤਾ ਜਾ ਸਕਦਾ ।

(ਇਸ ਵੇਲੇ ਸ੍ਰੀ ਡਿਪਟੀ ਸਪੀਕਰ ਸਾਹਿਬ ਨੇ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਨੂੰ ਕਾਲ ਅਪੌਨ ਕੀਤਾ ਪਰ ਹੋਰ ਵੀ ਕਈ ਆਨਰੇਬਲ ਮੈਂਬਰਜ਼ ਬੋਲਣ ਲਈ ਖੜ੍ਹੇ ਸਨ ।)

**ਸ੍ਰੀ ਡਿਪਟੀ ਸਪੀਕਰ**: ਪਲੀਜ਼ ਰਿਜ਼ਿਊਮ ਯੁਅਰ ਸੀਟ । ਮੈਂ ਸਿਬੀਆ ਸਾਹਿਬ ਨੂੰ ਕਾਲ ਅਪੌਨ ਕੀਤਾ ਹੈ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ**: ** ** **

**ਸ੍ਰੀ ਡਿਪਟੀ ਸਪੀਕਰ**: ਇਹ ਜੋ ਕੁਝ ਆਨਰੇਬਲ ਮੈਂਬਰ ਬਗੈਰ ਪਰਮਿਸ਼ਨ ਤੋਂ ਬੋਲਣ ਲੱਗ ਪਏ ਹਨ ਇਹ ਰਿਕਾਰਡ ਨਾ ਕੀਤਾ ਜਾਵੇ ।

**ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ (ਸਰਦਾਰ ਗੁਰਬਖਸ਼ ਸਿੰਘ ਸਿਬੀਆ)**: ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਜਟ ਪੇਸ਼ ਹੋਇਆ ਹੈ ਇਸ ਦੇ 219.7 ਕਰੋੜ ਵਿਚੋਂ 108.90 ਕਰੋੜ ਰੁਪਿਆ ਇਰੀਗੇਸ਼ਨ ਅਤੇ ਪਾਵਰ ਦੀ ਵਰਤੋਂ ਵਾਸਤੇ ਰਖਿਆ ਗਿਆ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਕੰਮ ਵਾਸਤੇ ਕਾਫ਼ੀ ਜ਼ਿਆਦਾ ਰਕਮ ਰਖੀ ਗਈ ਹੈ । ਇਸ ਉਤੇ ਮੈਂਬਰਜ਼ ਸਾਹਿਬਾਨ ਵਲੋਂ ਕਾਫ਼ੀ ਵਿਚਾਰ ਪਰਗਟ ਕੀਤੇ ਗਏ ਹਨ । ਕੱਲ ਜਦੋਂ ਬਜਟ ਤੇ ਬਹਿਸ ਹੋ ਰਹੀ ਸੀ ਤਾਂ ਦਸਿਆ ਗਿਆ ਸੀ ਕਿ 10 ਚੀਜ਼ਾਂ ਲਈ ਹਿੰਦੁਸਤਾਨ ਵਿਚ ਪੰਜਾਬ ਸਭ ਤੋਂ ਅੱਵਲ ਰਿਹਾ ਹੈ । ਇਸ ਦੇ ਲਈ ਮੈਂ ਵੀ ਦਸਦਾ ਹਾਂ ਕਿ ਪੰਜਾਬ ਦੀ ਕੁੱਲ ਜ਼ਮੀਨ 124 ਲੱਖ ਏਕੜ ਵਿਚੋਂ 110 ਲੱਖ ਏਕੜ ਜ਼ਮੀਨ ਕਾਬਲੇ ਕਾਸ਼ਤ ਹੈ । (ਤਾੜੀਆਂ) ਇਸ ਦੇ ਨਾਲ ਇਹ ਵੀ ਦਸਦਾ ਹਾਂ ਕਿ ਪੰਜਾਬ ਦੀ ਜ਼ਮੀਨ ਨੂੰ ਸਾਰੇ ਹਿੰਦੁਸਤਾਨ ਨਾਲੋਂ 80% ਜ਼ਿਆਦਾ ਪਾਣੀ ਇਰੀਗੇਸ਼ਨ ਲਈ ਦਿੱਤਾ ਗਿਆ ਹੈ । ਇਸ ਲਈ ਇਰੀਗੇਸ਼ਨ ਲਈ ਪੰਜਾਬ ਸਾਰੇ ਹਿੰਦੁਸਤਾਨ ਵਿਚ ਇਕ ਨੰਬਰ ਤੇ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਮਕਸਦ ਲਈ 1972 ਤੋਂ ਹੁਣ ਤਕ 4 ਸਾਲਾਂ ਵਿਚ ਸਭ ਤੋਂ ਜ਼ਿਆਦਾ ਇਰੀਗੇਸ਼ਨ ਇਨਕਰੀਜ਼ ਕੀਤੀ ਹੈ । ਗਿਆਨੀ ਜ਼ੈਲ ਸਿੰਘ ਜੀ ਦੀ ਲੀਡਰਸ਼ਿਪ ਹੇਠ ਇਨ੍ਹਾਂ 4 ਸਾਲਾਂ ਵਿਚ, ਜੇ ਪਿਛਲੇ ਸਾਲਾਂ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

4.36 ਲੱਖ ਏਕੜ ਜ਼ਮੀਨ ਨੂੰ ਜ਼ਿਆਦਾ ਪਾਣੀ ਲਗਿਆ ਹੈ । ਜਿਨ੍ਹਾਂ ਸਕੀਮਾਂ ਰਾਹੀਂ ਇਹ ਪਾਣੀ ਦਿੱਤਾ ਗਿਆ ਹੈ ਉਹ ਹਨ Extension of Non-perennial Irrigation to areas in U.B.D.C. Tract Utilisation of surplus Ravi Beas Waters in Punjab, Extension and Improvement of Shah Nahar System Lift Irrigation etc. etc.

ਇਸ ਤਰ੍ਹਾਂ ਹੋਰ ਵੀ ਕਈ ਮਹੱਤਵਪੂਰਣ ਸਕੀਮਾਂ ਹਨ ਜਿਨ੍ਹਾਂ ਨਾਲ ਸਾਡੀ ਇਸ ਕੰਮ ਵਿਚ ਬੜ੍ਹੋਤਰੀ ਹੋਈ ਹੈ ।

12.31 p.m. (ਇਸ ਵੇਲੇ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਜਿਥੋਂ ਤਕ ਹੋਰ ਨਵੇਂ ਪ੍ਰਾਜੈਕਟ ਬਣਾ ਕੇ ਚਾਲੂ ਕਰਨ ਦੀ ਗਲ ਹੈ, ਉਸ ਲਈ ਸਾਡੀ ਉਮੀਦ ਹੈ ਕਿ ਸਾਡੇ ਪ੍ਰਧਾਨ ਮੰਤਰੀ ਜੀ ਨੇ ਜਿਹੜਾ 20 ਪੁਆਇੰਟ ਪ੍ਰੋਗ੍ਰਾਮ ਦਿੱਤਾ ਹੈ ਉਸ ਵਿਚ ਇਰੀਗੇਸ਼ਨ ਲਈ ਬਹੁਤ ਜ਼ੋਰ ਦਿੱਤਾ ਗਿਆ ਹੈ ਅਤੇ ਸਾਡੀਂ ਪੰਜਾਬ ਸਰਕਾਰ ਨੇ ਇਸ 20 ਪੁਆਇੰਟ ਪ੍ਰੋਗ੍ਰਾਮ ਨੂੰ ਪੂਰਾ ਕਰਨ ਲਈ ਸਭ ਤੋਂ ਜ਼ਿਆਦਾ ਪਹਿਲ ਕੀਤੀ ਹੈ । ਅਤੇ ਇਸ ਨੂੰ ਲਾਗੂ ਕਰਨ ਵਿਚ ਪੂਰੀ ਕੋਸ਼ਿਸ਼ ਕੀਤੀ ਗਈ ਹੈ । ਇਸ ਦੇ ਨਾਲ ਹੀ 1970 ਵਿਚ ਇਸ ਸਰਕਾਰ ਨੇ ਇਕ ਟਿਊਬਵੈਲ ਕਾਰਪੋਰੇਸ਼ਨ ਬਣਾਈ ਉਸ ਟਿਊਬਵੈਲ ਕਾਰਪੋਰੇਸ਼ਨ ਨੇ ਇਰੀਗੇਸ਼ਨ ਦੇ ਸਿਸਟਮ ਨੂੰ ਤੇਜ਼ੀ ਨਾਲ ਕਰਨ ਲਈ ਇਕ ਨਵੀਂ ਸਕੀਮ 'ਐਮਰਜੰਸੀ ਐਗਰੀਕਲਚਰ ਪਰੋਡਿਊਸਿੰਗ ਪ੍ਰੋਗ੍ਰਾਮ' ਬਣਾਈ ।

ਇਸ ਤਰ੍ਹਾਂ ਅਸੀਂ ਤਕਰੀਬਨ ਤਿੰਨ ਸੌ ਟਿਊਬਵੈੱਲ ਲਗਾਇਆ ਹੈ ਔਰ ਉਨ੍ਹਾਂ ਨਾਲ ਇਰੀਗੇਸ਼ਨ ਜ਼ਿਆਦਾ ਹੋਈ ਹੈ । ਹੁਣ ਵੀ ਐਸੀਆਂ ਪਲਾਨਜ਼ ਅਸੀਂ ਬਣਾਈਆਂ ਹਨ ਬਜਵਾੜਾ ਬਲਾਕ, ਰਾਜਪੁਰਾ ਬਲਾਕ, ਹੁਸ਼ਿਆਰਪੁਰ ਬਲਾਕ ਵਿਚ ਅਸੀਂ ਹੋਰ ਵੀ ਪਲਾਨਜ਼ ਬਣਾਈਆਂ ਹਨ ਜਿਨ੍ਹਾਂ ਨਾਲ ਇਰੀਗੇਸ਼ਨ ਪੁਟੈਂਸ਼ਿਅਲ ਵਧੇਗੀ ਇਸ ਤਰ੍ਹਾਂ ਹੀ ਜਿਸ ਤਰ੍ਹਾਂ ਕਿ ਸੰਨ 1972-73 ਤੋਂ ਲੈ ਕੇ ਸੰਨ 1976 ਤਕ ਇਰੀਗੇਸ਼ਨ ਪੁਟੈਂਸ਼ਿਅਲ ਵੱਧੀ ਹੈ । 85 ਹਜ਼ਾਰ ਏਕੜ ਜ਼ਮੀਨ ਟਿਊਬਵੈੱਲਾਂ ਰਾਹੀਂ ਜਾਂ ਹੋਰ ਸਕੀਮਾਂ ਰਾਹੀਂ ਸੈਰਾਬ ਕਰਨੀ ਹੈ । ਇਰੀਗੇਸ਼ਨ ਡਿਪਾਰਟਮੈਂਟ ਵਿਚ ਇਕ ਨਵੀਂ ਚੀਜ਼ ਆਈ ਹੈ ਔਰ ਉਹ ਇਹ ਹੈ ਕਿ ਲੋਕਾਂ ਦੇ ਵਾਟਰ ਕੋਰਸਾਂ ਨੂੰ ਪੱਕੇ ਕਰਾਂਗੇ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸੰਗਰੂਰ, ਬਠਿੰਡਾ, ਫਰੀਦਕੋਟ ਔਰ ਫਿਰੋਜ਼ਪੁਰ ਵਿਚ ਦੋ ਸੌ ਕਿਊਸਿਕ ਪਾਣੀ ਜ਼ਿਆਦਾ ਵਧੇਗਾ । ਅੱਠ ਹਜ਼ਾਰ ਏਕੜ ਜ਼ਮੀਨ ਨੂੰ ਪਾਣੀ ਆਉਂਦਾ ਹੈ । ਇਹ ਸਕੀਮਾਂ ਹਨ ਜਿਨ੍ਹਾਂ ਨਾਲ ਪੰਜਾਬ ਦੇ ਵਿਚ ਸਰਕਾਰ ਨੇ ਰੈਵੋਲਿਊਸ਼ਨ ਲਿਆਉਣਾ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਅਸੀਂ ਦੂਸਰਿਆਂ ਸੂਬਿਆਂ ਨਾਲੋਂ ਅੱਗੇ ਵੱਧੇ ਹਾਂ । ਇੰਡੀਆ ਦੇ ਪਾਣੀ ਦੀ ਐਵਰੇਜ 25 ਹੈ ਔਰ ਪੰਜਾਬ ਦੀ 80 ਹੈ ਔਰ ਇਹ ਹਾਈਐਸਟ ਨੰਬਰ ਹੈ, ਸਭ ਤੋਂ ਜ਼ਿਆਦਾ ਹੈ । ਇਸ ਦੇ ਨਾਲ ਹੀ ਅਸੀਂ ਜਿਹੜਾ ਨਵਾਂ ਪ੍ਰਾਜੈਕਟ ਗਿਆਨੀ ਜ਼ੈਲ ਸਿੰਘ ਜੀ ਦੀ ਹਿੰਮਤ ਨਾਲ, ਇਨ੍ਹਾਂ ਦੀ ਸਿਆਣਪ ਨਾਲ, ਜਿਹੜਾ ਨਵਾਂ ਪ੍ਰਾਜੈਕਟ ਸ਼ੁਰੂ ਕਰਨ ਜਾ ਰਹੇ ਹਾਂ, ਥੀਨ ਡੈਮ ਦਾ ਇਹ ਮਸਲਾ ਥੀਨ ਡੈਮ ਦਾ ਬਹੁਤ ਵੱਡਾ ਮਸਲਾ ਸੀ, ਇਨ੍ਹਾਂ ਦੀ ਸਿਆਣਪ ਨਾਲ, ਇਨ੍ਹਾਂ ਨਵਾਂ ਫੈਸਲਾ ਕੀਤਾ ਹੈ, ਉਸ ਦੇ ਨਾਲ ਕੰਮ-ਅਜ਼-

Original with;
Punjab Vidhan Sabha
Digitized by;
Panjab Digital Library

[ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ]

ਕੰਮ 9 ਲੱਖ ਏਕੜ ਜ਼ਮੀਨ ਨੂੰ ਪਾਣੀ ਮਿਲਣ ਲਗ ਪਵੇਗਾ ਔਰ 480 ਮੈਗਾਵਾਟ ਬਿਜਲੀ ਪੈਦਾ ਹੋਵੇਗੀ। ਪਿਛਲੇ ਮਹੀਨੇ ਹੀ ਚੀਫ ਮਨਿਸਟਰ ਸਾਹਿਬ, ਸ਼ਾਹ ਨਹਿਰ ਫੀਡਰ ਦਾ ਨੀਂਹ ਪੱਥਰ ਰੱਖ ਕੇ ਆਏ ਹਨ। ਉਸ ਨਾਲ ਤਿੰਨ ਲੱਖ ਏਕੜ ਜ਼ਮੀਨ ਪਾਣੀ ਹੇਠ ਆਵੇਗੀ। ਮੁਕੇਰੀਆਂ ਵਿਚ ਹਾਈਡਲ ਚੈਨਲ ਹੈ 45 ਮੈਗਾਵਾਟ ਬਿਜਲੀ ਦਾ ਉਹ ਪ੍ਰਾਜੈਕਟ ਹੈ। ਉਸ ਦੇ ਨਾਲ ਵੀ ਪੰਜਾਬ ਦੇ ਵਿਚ ਐਗਰੀਕਲਚਰ ਤੇ ਇੰਡਸਟਰੀਅਲ ਸੈਕਟਰਾਂ ਵਿਚ ਤਰੱਕੀ ਹੋਵੇਗੀ, ਭਾਰੀ ਰੈਵੋਲਿਊਸ਼ਨ ਆ ਸਕੇਗਾ। ਫਿਰ ਇਥੇ ਪਾਵਰ ਦੀਆਂ ਗੱਲਾਂ ਹੋਈਆਂ ਹਨ। ਬਿਜਲੀ ਦੇ ਮੁਤੱਅਲਕ ਵੀ ਕਿਹਾ ਗਿਆ ਹੈ ਕਿ ਪਾਵਰ ਦੇ ਰੇਟਸ ਜ਼ਿਆਦਾ ਹਨ। ਪਰ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਦੇ ਵਿਚ ਪਾਵਰ ਜਿਸ ਰੇਟ ਉਤੇ ਅਸੀਂ ਦਿੰਦੇ ਹਾਂ ਮਹਾਰਾਸ਼ਟਰ ਨੂੰ ਛੱਡ ਕੇ ਬਾਕੀ ਸਬ ਸੂਬਿਆਂ ਨਾਲੋਂ ਘੱਟ ਹਨ। 15.62 ਪੈਸੇ ਪਰ ਯੂਨਿਟ ਰੇਟ ਹੈ ਜਿਹੜਾ ਕਿ ਡਮੈਸਟਿਕ ਲਾਈਟਨਿੰਗ ਅਤੇ ਸਮਾਲ ਪਾਵਰ ਦਾ ਹੈ, ਮਹਾਰਾਸ਼ਟਰ ਵਿਚ 14.83 ਪੈਸੇ ਹੈ। ਔਰ ਇਹ ਖੁਸ਼ਕਿਸਮਤੀ ਹੈ ਕਿ ਸੰਨ 1972 ਤੋਂ ਬਾਅਦ ਅਸੀਂ ਗਿਆਨੀ ਜ਼ੈਲ ਸਿੰਘ ਜੀ ਦੀ ਮਨਿਸਟਰੀ ਨੇ ਇਸ ਪਾਸੇ ਬੜਾ ਧਿਆਨ ਦਿੱਤਾ ਹੈ। ਆਂਕੜੇ ਹਨ, ਇਹ ਰਿਕਾਰਡ ਦੀ ਗੱਲ ਹੈ। ਮਹਾਰਾਸ਼ਟਰ ਦੇ ਵਿਚ 128.86 ਹੈ ਜਿਸ ਵਿਚ ਕਿ ਵਾਟਰ ਵਰਕਸ ਔਰ ਦੂਸਰੇ ਵਰਕਸ ਆਉਂਦੇ ਹਨ ਔਰ ਪੰਜਾਬ ਵਿਚ 127.69 ਹੈ ਇਸ ਵਿਚ ਵੀ ਪੰਜਾਬ ਦੂਸਰੇ ਨੰਬਰ ਉਤੇ ਹੈ। ਇਸ ਲਈ ਐਗਰੀਕਲਚਰ ਨੂੰ ਬਿਜਲੀ ਵੱਧ ਦਿੰਦੇ ਹਾਂ। ਔਰ ਪੰਜਾਬ ਹਿੰਦੁਸਤਾਨ ਦੇ ਇਸ ਲਿਹਾਜ਼ ਨਾਲ ਅਵੱਲ ਨੰਬਰ ਉਤੇ ਹੈ। ਹੋਰ ਸੂਬਿਆਂ ਵਿਚ ਪੰਜਾਬ ਦੇ ਮੁਕਾਬਲੇ ਬਿਜਲੀ ਘੱਟ ਦਿੱਤੀ ਜਾਂਦੀ ਹੈ ਹੋਰ ਮੁਕਾਬਲਾ ਕਰੀਏ, ਜਿਹੜੀ ਬਿਜਲੀ ਜੈਨਰੇਟ ਕੀਤੀ ਹੈ, ਅਸੀਂ ਵੇਖ ਸਕਦੇ ਹਾਂ ਕਿ ਲੁਧਿਆਣਾ ਇੰਡਸਟਰੀ ਦੇ ਪੱਖ ਤੋਂ ਕਿਥੇ ਵਧਿਆ ਹੈ। ਸੰਨ 1972-73 ਤੋਂ ਲੈਕੇ ਸੰਨ 1975-76 ਤਕ ਅਸੀਂ 11.39 ਤੋਂ ਲੈ ਕੇ 14.83 ਤਕ ਬਿਜਲੀ ਦੀ ਪਰ ਕੈਪੀਟਾ ਕੰਜ਼ੰਪਸ਼ਨ ਇਨਕਰੀਜ਼ ਕੀਤੀ ਹੈ। ਇਹ ਮਹੱਤਵਪੂਰਨ ਗੱਲ ਹੈ। ਔਰ ਜਿਹੜਾ ਬਿਜਲੀ ਦਾ ਅਜੇ ਵੀ ਘਾਟਾ ਹੈ ਜਿਹੜੇ ਨਵੇਂ ਪ੍ਰਾਜੈਕਟ ਅਸੀਂ ਸਾਹਮਣੇ ਲੈ ਕੇ ਜਾ ਰਹੇ ਹਾਂ ਉਨ੍ਹਾਂ ਦੇ ਲੱਗਣ ਨਾਲ ਉਹ ਵੀ ਪੂਰਾ ਹੋ ਜਾਵੇਗਾ। ਕੈਪਟਨ ਸਾਹਿਬ ਨੇ ਮਹਿਸੂਸ ਕੀਤਾ ਸੀ ਕਿ ਆਉਣ ਵਾਲੇ ਸਾਲਾਂ ਵਿਚ ਸੰਨ 1983-84 ਵਿਚ ਪਿੰਡਾਂ ਦੀ ਆਬਾਦੀ ਵੱਧਣ ਤੋਂ ਰੁੱਕ ਜਾਵੇਗੀ ਔਰ ਬਿਜਲੀ ਪੂਰੀ ਮਿਲਣ ਲੱਗ ਪਵੇਗੀ। ਲੇਕਿਨ ਮੈਂ ਇਹ ਦੱਸਦਾ ਹਾਂ ਕਿ ਥੀਨ ਡੈਮ ਹੈ, ਪੌਂਗ ਡੈਮ ਹੈ, ਇਨ੍ਹਾਂ ਵਰਗੇ ਪ੍ਰਾਜੈਕਟਾਂ ਦੇ ਆਉਣ ਨਾਲ ਪੰਜਾਬ ਵਿਚ ਆਉਣ ਵਾਲੇ ਥੋੜ੍ਹੇ ਸਮੇਂ ਦੇ ਵਿਚ ਹੀ ਬਿਜਲੀ ਦੀ ਘਾਟ ਨੂੰ ਪੂਰਾ ਕਰਾਂਗੇ। (ਥੰਪਿੰਗ)

ਤੀਸਰੀ ਗੱਲ ਜਿਹੜੀ ਫਲੱਡਜ਼ ਦੀ ਹੈ। ਮੈਨੂੰ ਖੁਸ਼ੀ ਹੈ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ, 35 ਲੱਖ ਹੈਕਟੇਅਰ ਜ਼ਮੀਨ ਐਸੀ ਸੀ, ਜਿਹੜੀ ਕਿ ਤਬਾਹ ਹੋ ਚੁੱਕੀ ਸੀ 20.7 ਲੱਖ ਹੈਕਟੇਅਰ ਜ਼ਮੀਨ ਸਰਕਾਰ ਦੀਆਂ ਹਿੰਮਤਾਂ ਨਾਲ ਇਰੀਗੇਸ਼ਨ ਦੇ ਲਾਇਕ ਬਣਾਈ ਹੈ, ਰਿਕਲੇਮ ਕੀਤੀ ਹੈ ਇਸ ਲਈ ਕਿਤਨੇ ਬੰਨ੍ਹ ਹਨ ਉਨ੍ਹਾਂ ਨੂੰ ਚਾਲੂ ਕਰਨ ਤੋਂ ਬਾਅਦ, ਮਜ਼ਬੂਤ ਕਰਨ ਤੋਂ ਬਾਅਦ ਅਸੀਂ ਇਸ ਗੱਲ ਉਪਰ ਪਹੁੰਚ ਸਕੇ ਹਾਂ ਕਿ ਚਾਰ ਸਾਲਾਂ ਦੇ ਵਿਚ ਜਿਹੜੇ ਬੰਨ੍ਹ ਬਣਾ ਸਕੇ ਹਾਂ ਉਨ੍ਹਾਂ ਨਾਲ ਪੰਜ ਸੌ ਬ੍ਰਿਜ ਹੈ ਜਿਹੜਾ ਕਿ ਅਸੀਂ ਲੋਕਾਂ ਦੇ ਆਰਾਮ ਦੀ ਖਾਤਰ, ਦਿਹਾਤੀਆਂ ਦੀ ਖਾਤਰ ਬਣਾਇਆ ਹੈ। ਇਸ ਨਾਲ ਮੈਂ ਸਮਝਦਾ ਹਾਂ ਕਿ ਪੰਜਾਬ ਦੂਸਰਿਆਂ ਸੂਬਿਆਂ ਨਾਲੋਂ ਘੱਟ ਨਹੀਂ ਹੈ। ਇਰੀਗੇਸ਼ਨ

Original with;
Punjab Vidhan Sabha
Digitized by;
Panjab Digital Library

ਐਰ ਪਾਵਰ ਵਿਚ ਪੰਜਾਬ ਦਾ ਸੂਬਾ ਨੰਬਰ ਇਕ ਉਤੇ ਹੈ । (ਥੰਪਿੰਗ) ਮੈਂ ਸਮਝਦਾ ਹਾਂ ਕਿ ਗਿਆਨੀ ਜੀ ਦੀ ਲੀਡਰਸ਼ਿੱਪ ਨੇ ਸਾਨੂੰ ਇਹ ਕੁੱਝ ਦਿੱਤਾ ਹੈ । ਇਹ ਸਾਡੀਆ ਅਚੀਵਮੈਂਟਸ ਹਨ । ਮੈਂ ਸਮਝਦਾ ਹਾਂ ਕਿ ਜਿਹੜੀਆਂ ਡਿਮਾਂਡਜ਼ ਹਨ, ਇਹ ਪਾਸ ਕਰਕੇ ਆਉਣ ਵਾਲੇ ਸਮੇਂ ਲਈ ਗਰੀਬੀ ਦੀ ਹਾਲਤ ਨੂੰ, ਅਨਪੜ੍ਹਤਾ ਦੀ ਲਾਹਨਤ ਨੂੰ ਦੂਰ ਕਰ ਸਕੀਏ ।

(ਇਸ ਸਮੇਂ ਕਾਮਰੇਡ ਅਰਜਨ ਸਿੰਘ ਮਸਤਾਨਾ ਖੜ੍ਹੇ ਹੋਏ।)

**ਕਾਮਰੇਡ ਅਰਜਨ ਸਿੰਘ ਮਸਤਾਨਾ :** ਸਪੀਕਰ ਸਾਹਿਬ, ਫਿਰੋਜ਼ਪੁਰ. ਫਰੀਦਕੋਟ ਵਿਚ ਨਾਲੇ ਪੱਕੇ ਕਰਨ ਵਾਸਤੇ ਪੈਸਾ ਦਿੱਤਾ ਹੈ, ਉਥੇ ਬਾਰਡਰ ਦੇ ਲੋਕ ਇਸ ਤਰ੍ਹਾਂ ਦੇ ਹਨ ਕਿ ਉਨ੍ਹਾਂ ਵਿਚ ਕੋਈ ਇਤਨੀ ਹਿੰਮਤ ਨਹੀਂ ਹੈ ਆਪਣੇ ਪੈਸੇ ਖਰਚ ਕਰਕੇ ਇਹ ਕੰਮ ਕਰਨ ਦੀ, ਆਇਆ ਇਹ ਉਨ੍ਹਾਂ ਨੂੰ ਕੋਈ ਪੈਸੇ ਦੇਣਗੇ ਨਾਲੇ ਪੱਕੇ ਕਰਨ ਵਾਸਤੇ । ਦੂਸਰੇ ਇਹ ਕਿ ਐਡਵਾਂਸ ਬੰਨ੍ਹ ਜੇ ਕਰ ਲਗਾਇਆ ਜਾਵੇ ਤਾਂ ਹਰੀਕੇ ਤੋਂ ਥੱਲੇ 34 ਹਜ਼ਾਰ ਏਕੜ ਜ਼ਮੀਨ ਬਚਦੀ ਹੈ । ਕੀ ਮਨਿਸਟਰ ਸਾਹਿਬ, ਉਥੇ ਕੋਈ 24-25 ਲੱਖ ਰੁਪਿਆ ਲਗਦਾ ਹੈ, ਉਹ ਲਗਾ ਕੇ ਐਡਵਾਂਸ ਬੰਨ੍ਹ ਲਈ ਰੁਪਿਆ ਉਨ੍ਹਾਂ ਨੂੰ ਦੇਣਗੇ ? ਇਹ ਦੋ ਗੱਲਾਂ ਹਨ ਜੀ ਜਿਹੜੀਆਂ ਮੈਂ ਪੁੱਛਣਾ ਚਾਹੁੰਦਾ ਹਾਂ ।

**ਰਾਜ ਮੰਤਰੀ (ਸਿੰਜਾਈ ਅਤੇ ਬਿਜਲੀ) :** ਸਪੀਕਰ ਸਾਹਿਬ, ਇਨ੍ਹਾਂ ਦੇ ਇਲਾਕੇ ਦੀ ਲਾਈਨਿੰਗ ਪੱਕੀ ਕਰਨ ਦਾ ਪ੍ਰੋਗਰਾਮ ਹੈ, ਅਸੀਂ ਨੈਕਸਟ ਪਲਾਨ ਵਿਚ ਰਖਿਆ ਹੈ । ਉਸ ਨੂੰ ਪੂਰਾ ਕਰਾਂਗੇ ।

(ਇਸ ਸਮੇਂ ਸਰਦਾਰ ਪ੍ਰੇਮ ਸਿੰਘ ਜੀ ਪ੍ਰੇਮ ਖੜ੍ਹੇ ਹੋਏ)

**ਸ੍ਰੀ ਸਪੀਕਰ :** ਤੁਸੀਂ ਵੀ ਪ੍ਰੇਮ ਜੀ ਕਹਿ ਲਓ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ :** ਸਪੀਕਰ ਸਾਹਿਬ, ਪਿਛਲੇ ਸਾਲ ਵੀ ਇਹ ਗੱਲ ਅਸੈਂਬਲੀ ਵਿਚ ਆਈ ਸੀ । ਉਥੇ ਪਟਿਆਲੇ ਤਹਿਸੀਲ ਵਿਚ ਘੱਗਰ, ਟਾਂਗਰੀ ਅਤੇ ਮਾਰਕੰਡਾ ਤਿੰਨ ਦਰਿਆ ਪੈਂਦੇ ਹਨ । ਉਥੇ ਵਾਸਤੇ ਸਕੀਮਾਂ ਮਨਜ਼ੂਰ ਹੋਈਆਂ ਹੋਈਆਂ ਹਨ ਪਰ ਕੰਮ ਸ਼ੁਰੂ ਨਹੀਂ ਹੋਇਆ । ਕੀ ਮਨਿਸਟਰ ਸਾਹਿਬ ਉਥੇ ਕੰਮ ਸ਼ੁਰੂ ਕਰਵਾ ਦੇਣਗੇ ?

**ਸ੍ਰੀ ਸਪੀਕਰ :** ਹਾਂ ਜੀ, ਵਜ਼ੀਰ ਸਾਹਿਬ, ਕੋਈ ਜਵਾਬ ਦੇਣਾ ਚਾਹੁੰਦੇ ਹੋ ?

**ਰਾਜ ਮੰਤਰੀ (ਸਿੰਜਾਈ ਅਤੇ ਬਿਜਲੀ) :** ਜਿਹੜਾ ਜ਼ਿਕਰ ਆਨਰੇਬਲ ਮੈਂਬਰ ਨੇ ਕੀਤਾ ਹੈ ਉਸ ਲਈ ਐਡਮਨਿਸਟਰੇਟਿਵ ਐਪਰੂਵਲ ਤਾਂ ਹੋ ਗਈ ਹੈ । ਆਉਣ ਵਾਲੇ ਫਾਇਨਾਨਸ਼ਿਅਲ ਯੀਅਰ ਵਿਚ ਕੰਮ ਹੋ ਜਾਵੇਗਾ ।

**Demand No. 25**

**Mr. Speaker**: Question is—

That a sum not exceeding Rs. 14,76,75,000 be granted to the Governor to defray the charges that will come in course of payment for the year 1976-77 in respect of Agriculture.

*The Motion was carried.*

Original with;
Punjab Vidhan Sabha
Digitized by;
Panjab Digital Library

**Demand No. 37**

**Mr. Speaker**: Question is—

That a sum not exceeding Rs. 35,32,44,000 be granted to the Governor to defray the charges that will come in course of payment for the year 1976-77 in respect of Multipurpose River Projects.

*The Motion was carried.*

**Demand No. 38**

**Mr. Speaker**: Question is—

That a sum not exceeding Rs. 25,81,68,000 be granted to the Governor to defray the charges that will come in course of payment for the year 1976-77 in respect of Irrigation, Drainage and Flood Control.

*The motion was carried.*

**Demand No. 40**

**Mr. Speaker**: Question is—

That a sum not exceeding Rs. 1,00,93,80,000 be granted to the Governor to defray the charges that will come in course of payment for the year 1976-77 in respect of Loans and Advances by the State Government.

*The motion was carried.*

**Mr. Speaker** : The House stands adjourned till 9-00 a. m. on Thursday, the 5th February, 1976.

12.45 p. m.

*(The Sabha then adjourned till 9.00 a. m. on Thursday, the 5th February, 1976)*

1764—286—4-5-76— ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with; Punjab Vidhan Sabha Digitized by; Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

*Original with;*
Punjab Vidhan Sabha
*Digitized by;*
Panjab Digital Library

11 SP

# PUNJAB VIDHAN SABHA

## DEBATES

*5th February, 1976*

Vol. I—No. 11

## OFFICIAL REPORT

### CONTENTS

*Thursday, the 5th February, 1976*


| | | | PAGE |
|---|---|---|---|
| Starred Questions and Answers | .. | (11) | 1 |
| Unstarred Questions and Answers | .. | (11) | 33 |
| Call Attention Notices under Rule 66 | .. | (11) | 45 |
| Statements laid on the Table of the House in reply to Call Attention Notices | .. | (11) | 48 |
| Presentation of Report | .. | (11) | 50 |
| Resolution— | | | — |
| re-construction of free of cost houses for rural wage workers | .. | (11) | 50 |
| Short Adjournment of the House | .. | (11) | 55 |
| Resolution— | | | — |
| re-construction of free of cost houses for rural wage workers (*Resumption of discussion*) | .. | (11) | 55 |
| Extension of time of the sitting | .. | (11) | 89 |
| Resolution— | | | — |
| re-construction of free of cost houses for rural wage workers (*Resumption of Discussion*) | .. | (11) | 89 |



Punjab Vidhan Sabha Secretariat, Chandigarh.

Price Rs. 28-25



*Original with;*
Punjab Vidhan Sabha
*Digitized by;*
Panjab Digital Library

Original w
Punjab Vidhan Sabha
Digitized b
Panjab Digital Library

# PUNJAB VIDHAN SABHA

*Thursday, the 5th February, 1976*

*The Vidhan Sabha met in the Vidhan Sabha Hall, Vidhan Bhavan, Chandigarh—160001, at 9.00 a.m. of the Clock. Mr. Speaker (Dr. Kewal Krishan) in the Chair.*

## STARRED QUESTIONS AND ANSWERS

### STARRED QUESTION NO. 3599

(Starred question No. 3599 was not put because the hon. Member concerned was not present in the House.)

### PREMATURE RETIREMENT OF OFFICERS/OFFICIALS OF THE TRANSPORT DEPARTMENT.

* 3387. **Shri Sardari Lal Kapur** : Will the Minister of State for Transport and Civil Aviation be pleased to state the number and names of officers/officials categorywise or the Transport Department who have been retired under the Punjab Civil Services (Premature Retirement) Rule, 1975 ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : ਲੜੀਂਦੀ ਸੂਚਨਾ ਹੇਠ ਦਿਤੀ ਜਾਂਦੀ ਹੈ—

| ਲੜੀ ਨੰ: | ਸ਼੍ਰੇਣੀ | ਅਫਸਰ/ਕਰਮਚਾਰੀ ਜੋ ਰੀਟਾਇਰ ਹਏ। | ਅਫਸਰ/ਕਰਮਚਾਰੀ ਦਾ ਨਾਂ । |
|---|---|---|---|
| 1 | ਜਨਰਲ ਮੈਨੇਜਰ | 1 | ਸ੍ਰੀ ਲਾਲ ਸਿੰਘ ਪ. ਰ. ਮੋਗਾ । |

**ਸ੍ਰੀ ਸਰਦਾਰੀ ਲਾਲ ਕਪੂਰ** : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਹ ਜਿਹੜਾ ਲਾਲ ਸਿੰਘ ਦਾ ਨਾਮ ਲਿਆ ਹੈ ਕੀ ਉਸ ਦੀ ਰਿਟਾਇਰਮੈਂਟ ਦੇ ਵਿਚ ਵੀ ਤਿੰਨ ਮਹੀਨੇ ਰਹਿੰਦੇ ਸਨ ਅਤੇ ਕੀ ਇਹ ਗਲ ਠੀਕ ਹੈ ਕਿ ਕਾਫੀ ਜ਼ਿਆਦਾ ਕਰੱਪਟ ਹੋਣ ਕਰ ਕੇ ਉਸ ਨੂੰ ਹਟਾਇਆ ਗਿਆ ? ਕੀ ਇਹ ਵੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]
ਦੱਸਣਗੇ ਕਿ ਇਸ ਮਹਿਕਮੇ ਵਿਚ ਹੋਰ ਜਿੰਨੇ ਵੀ ਆਦਮੀ ਕੰਮ ਕਰਦੇ ਹਨ ਉਹ ਸਾਰੇ ਦੇ ਸਾਰੇ ਕਾਫੀ ਇਮਾਨਦਾਰ ਹਨ ? ਕੀ ਉਨ੍ਹਾਂ ਵਿਚੋਂ ਕਿਸੇ ਦੀ ਰਿਵਰਸ਼ਨ ਕੀਤੀ ਹੈ ਜਾਂ ਨਹੀਂ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਜੀ. ਐਮ. ਦੇ ਖਿਲਾਫ ਸਟੇਟ ਟਰਾਂਸਪੋਰਟ ਡਾਇਰੈਕਟਰ ਵਲੋਂ ਇਕ ਦੋਸ਼ ਪੱਤਰ ਆਇਆ ਸੀ । ਉਸ ਦੀ ਰਿਟਾਇਰਮੈਂਟ ਵਿਚ ਵੀ ਤਿੰਨ ਮਹੀਨੇ ਰਹਿੰਦੇ ਸਨ । ਇਸ ਲਈ ਸਰਕਾਰ ਨੇ ਸੋਚਿਆ ਕਿ ਇਸ ਨੂੰ 3 ਮਹੀਨੇ ਦੇਣੇ ਵੀ ਠੀਕ ਨਹੀਂ ਹਨ ਅਤੇ ਇਸ ਲਈ ਉਸ ਨੂੰ 3 ਮਹੀਨੇ ਪਹਿਲਾਂ ਹੀ ਭੇਜ ਦਿੱਤਾ ਸੀ । ਅਸੀਂ ਹੋਰ ਅਫਸਰਾਂ ਨੂੰ ਵੀ ਨੋਟਿਸ ਦਿੱਤੇ ਹੁਨ ਅਤੇ ਉਨ੍ਹਾਂ ਨੋਟਸਿਜ਼ ਦੀ ਜਾਂਚ ਹੋ ਰਹੀ ਹੈ । ਮੇਰਾ ਖਿਆਲ ਹੈ ਕਿ ਅਸੀਂ ਉਨ੍ਹਾਂ ਦੇ ਵਿਚੋਂ ਕੁਝ ਤਾਂ ਰਿਵਰਟ ਕਰ ਦਿੱਤੇ ਹਨ ਜਿਹੜੇ ਕਿ ਰਿਟਾਇਰ ਨਹੀਂ ਸੀ ਕਰ ਸਕਦੇ। ਬਾਕੀਆਂ ਦੇ ਖਿਲਾਫ ਦੇਖ ਰਹੇ ਹਾਂ ਅਤੇ ਜੇ ਉਨ੍ਹਾਂ ਦੇ ਖਿਲਾਫ ਵੀ ਸਾਬਤ ਹੋ ਗਿਆ ਤਾਂ ਕੁਝ ਹੋਰ ਵੀ ਕੱਢਾਂਗੇ ।

**ਚੌਧਰੀ ਰਾਮ ਸਿੰਘ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਇਸ ਕੰਮ ਵਾਸਤੇ ਐਸੀ ਕੰਪਰੀਹੈਨਸਿਵ ਕਮੇਟੀ ਬਣਾ ਰਹੇ ਹਨ, ਕਿਉਂਕਿ ਇਹ ਜਿਹੜਾ ਮਹਿਕਮਾ ਹੈ ਇਹ ਪਬਲਿਕ ਦੀ ਸੇਵਾ ਲਈ ਵੀ ਹੈ ਅਤੇ ਇਨਕਮ ਦਾ ਸਾਧਨ ਵੀ ਹੈ, ਇਸ ਲਈ ਕੀ ਇਹ ਕੋਈ ਕੰਪਰਹੈਨਸਿਵ ਪ੍ਰੋਗਰਾਮ ਬਣਾਉਣਗੇ ਜਿਸ ਨਾਲ ਕਿ ਜਿਹੜੇ ਭੈੜੇ ਆਦਮੀ ਹਨ ਉਹ ਨਿਕਲ ਜਾਣ, ਇਸ ਨਾਲ ਇਸ ਮਹਿਕਮੇ ਦੀ ਹੋਰ ਇੰਪਰੂਵਮੈਂਟ ਹੋਵੇਗੀ ਅਤੇ ਇਹ ਠੀਕ ਵੀ ਹੈ ਕਿ ਕੁਝ ਇੰਪਰੂਵਮੈਂਟ ਹੋਈ ਵੀ ਹੈ ।

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਤਾਂ ਸਰਕਾਰ ਨੇ ਜੋ ਰੂਲਜ਼ ਬਣਾਏ ਹਨ ਉਸ ਦੇ ਮੁਤਾਬਿਕ ਹੀ ਕੀਤਾ ਜਾ ਰਿਹਾ ਹੈ ਅਤੇ ਉਸ ਦੇ ਮੁਤਾਬਿਕ ਹੀ ਰਿਟਾਇਰ ਕੀਤਾ ਜਾ ਰਿਹਾ ਹੈ । ਰੂਲਜ਼ ਦੇ ਬਾਹਰ ਅਸੀਂ ਨਹੀਂ ਜਾ ਸਕਦੇ । ਅਸੀਂ ਤਾਂ ਹੋਰ ਮਹਿਕਮਿਆਂ ਦੇ ਮੁਤਾਬਿਕ ਹੀ ਕੀਤਾ ਹੈ ।

**ਚੌਧਰੀ ਸੁੰਦਰ ਸਿੰਘ :** ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਕੁਝ ਅਫਸਰਾਂ ਨੂੰ ਅਸੀਂ ਸਸਪੈਂਡ ਕੀਤਾ ਹੈ ।

**ਸ੍ਰੀ ਸਪੀਕਰ :** ਉਹ ਕਹਿੰਦੇ ਹਨ ਕਿ ਰਿਵਰਟ ਕੀਤਾ ਹੈ ।

**ਚੌਧਰੀ ਸੁੰਦਰ ਸਿੰਘ :** ਨਹੀਂ ਜੀ ਸਸਪੈਂਡ ਕੀਤਾ ਹੈ । ਜਿਹੜੇ ਜਿਹੜੇ ਅਫਸਰ ਸਸਪੈਂਡ ਕੀਤੇ ਹਨ ਉਨ੍ਹਾਂ ਦੇ ਨਾਮ ਦੱਸੇ ਜਾਣ । ਕੀ ਬਾਕੀ ਦੇ ਅਫਸਰ ਚੰਗਾ ਕੰਮ ਕਰਦੇ ਹਨ । ਇਹ ਠੀਕ ਹੈ ਕਿ ਕੁਝ ਕੰਮ ਠੀਕ ਹੋਇਆ ਹੈ ਅਤੇ ਅੱਗੇ ਨਾਲੋਂ ਕੁਝ ਲੋਕਾਂ ਨੂੰ ਪੀਸ ਆਫ ਮਾਈਂਡ ਆਇਆ ਹੈ । ਇਹ ਨੌਜਵਾਨ ਵਜ਼ੀਰ ਹਨ ਅਤੇ ਇਹ ਚੰਗੀ ਤਰ੍ਹਾਂ ਗੰਦ ਕੱਢ ਦੇਣਗੇ ।

**ਸ੍ਰੀ ਸਪੀਕਰ :** ਚੌਧਰੀ ਸਾਹਿਬ ਤੁਸੀਂ ਸਵਾਲ ਕਰੋ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਸੁੰਦਰ ਸਿੰਘ** : ਮੇਰਾ ਸਵਾਲ ਇਹ ਹੈ ਕਿ ਕਿਹੜੇ ਕਿਹੜੇ ਅਫਸਰ ਰਿਵਰਟ ਕੀਤੇ ਹਨ ਅਤੇ ਸਸਪੈਂਡ ਕੀਤੇ ਗਏ ਹਨ, ਉਨ੍ਹਾਂ ਦੇ ਨਾਮ ਦੱਸੇ ਜਾਣ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਦੱਸ ਦਿੰਦਾ ਹਾਂ ਕਿ ਕਿਹੜੇ ਕਿਹੜੇ ਅਫਸਰਾਂ/ਕਰਮਚਾਰੀਆਂ ਨੂੰ ਰਿਟਾਇਰ ਕਰਨ ਦੇ ਨੋਟਿਸ ਦਿੱਤੇ ਹਨ । ਉਹ ਇਹ ਹਨ :

1. ਸ੍ਰੀ ਹੰਸ ਰਾਜ ਵਡੇਰਾ, ਸੁਪਰਡੰਟ
2. ਸ੍ਰੀ ਐਮ. ਐਲ. ਸਹਿਗਲ, ਸੁਪਰਡੰਟ
3. ਸ੍ਰੀ ਜਸਵੰਤ ਸਿੰਘ, ਐਸ. ਐਸ.-1
4. ਸ੍ਰੀ ਕਿਸ਼ਨ ਦੱਤ, ਇੰਸਪੈਕਟਰ
5. ਸ੍ਰੀ ਰੋਸ਼ਨ ਲਾਲ, ਇੰਸਪੈਕਟਰ
6. ਸ੍ਰੀ ਹਰੀ ਮਿੱਤਰ, ਇੰਸਪੈਕਟਰ
7. ਸ੍ਰੀ ਜੁਗਲ ਕਿਸ਼ੋਰ, ਇੰਸਪੈਕਟਰ, ਅਤੇ
8. ਸ੍ਰੀ ਨਰਿੰਦਰ ਨਾਥ, ਇੰਸਪਕਟਰ ।

ਇਨਾਂ ਨੂੰ ਅਸੀਂ ਰਿਟਾਇਰ ਕਰਨ ਦੇ ਨੋਟਿਸ ਦਿੱਤੇ ਸੀ । ਇਨ੍ਹਾਂ ਨੂੰ 3 ਮਹੀਨਿਆਂ ਦੇ ਨੋਟਿਸ ਦਿੱਤੇ ਗਏ ਹਨ । ਉਸ ਦੇ ਬਾਅਦ ਅਸੀਂ ਜਿਹੜੇ ਰਿਵਰਟ ਕੀਤੇ ਹਨ ਉਨ੍ਹਾਂ ਦੇ ਨਾਮ ਇਹ ਹਨ :

1. ਸ੍ਰੀ ਸ਼ਿੰਗਾਰਾ ਸਿੰਘ, ਹੈੱਡ ਮਕੈਨਿਕ
2. ਸ੍ਰੀ ਮਸੱਦੀ ਲਾਲ, ਹੈਡ ਮਕੈਨਿਕ
3. ਸ੍ਰੀ ਰਘਬੀਰ ਸਿੰਘ, ਇੰਸਪੈਕਟਰ, ਅਤੇ
4. ਸ੍ਰੀ ਮੰਗਲ ਸਿੰਘ ਇੰਸਪੈਕਟਰ

ਇਨ੍ਹਾਂ ਨੂੰ ਅਸੀਂ ਰਿਵਰਟ ਕੀਤਾ ਹੈ ।

**ਸਰਦਾਰ ਸੁਰਜੀਤ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਟਾਫ ਇਨ੍ਹਾਂ ਨੇ ਰੋਡਵੇਜ਼ ਦੇ ਵਿਚ ਸਸਪੈਂਡ ਕੀਤਾ ਹੈ ਅਤੇ ਜਿਨ੍ਹਾਂ ਨੂੰ ਨੋਟਿਸ ਦਿੱਤੇ ਹਨ ਕੀ ਇਸ ਕੰਮ ਵਾਸਤੇ ਉਨ੍ਹਾਂ ਨੇ ਕੋਈ ਕਮੇਟੀ ਬਣਾਈ ਹੈ ? ਜੇ ਕਮੇਟੀ ਬਣਾਈ ਹੈ ਤਾਂ ਉਸ ਕਮੇਟੀ ਦੇ ਜਿਹੜੇ ਮੈਂਬਰ ਹਨ ਕੀ ਉਨ੍ਹਾਂ ਦਾ ਰਿਕਾਰਡ ਇਨ੍ਹਾਂ ਨੇ ਚੈੱਕ ਕੀਤਾ ਹੈ ਕਿ ਉਹ ਠੀਕ ਹੈ ?

**ਰਾਜ ਮੰਤਰੀ** : ਜਿਹੜੇ ਆਫੀਸ਼ੀਅਲਜ਼ ਦੇ ਨਾਮ ਮੈਂ ਦੱਸੇ ਹਨ ਉਹ ਨਾਨ-ਗਜ਼ਟਿਡ ਕਰਮਚਾਰੀ ਹਨ । ਪੰਜਾਬ ਸਿਵਲ ਸਰਵਿਸ ਰੂਲਜ਼ ਰਾਹੀਂ ਡਾਇਰੈਕਟਰ ਇਸ ਸਬੰਧੀ ਸਮਰੱਥ ਅਧਿਕਾਰੀ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ** : ਪਬਲਿਕ ਵਿਚ ਇਸ ਯਕੀਨ ਦੇ ਪੈਸ਼ੇਨਜ਼ਤ ਕਿ ਬਹੁਤ ਸਾਰੇ ਉੱਚ ਅਧਿਕਾਰੀਆਂ ਨੇ ਆਪਣੀ ਆਮਦਨ ਤੋਂ ਕਿਤੇ ਵੱਧ ਜਾਇਦਾਦ ਬਣਾਈ ਹੋਈ ਹੈ, ਕੀ ਕੋਈ ਅਜਿਹੀ ਸਕੀਮ ਜਾਂ ਕੋਈ ਤਰੀਕਾ ਸਰਕਾਰ ਦੇ ਸਾਹਮਣੇ ਇਸ ਵੇਲੇ ਹੈ ਜਿਸ ਦੇ ਨਾਲ ਉਨ੍ਹਾਂ ਨੂੰ ਰਿਟਾਇਰ ਕਰਨ ਲੱਗਿਆਂ ਪਤਾ ਲੱਗੇ ਕਿ ਉਨ੍ਹਾਂ ਦੀ ਡਿਸਪਰਪੋਰਸ਼ਨੇਟ ਪ੍ਰਾਪਰਟੀ ਹੈ, ਉਨ੍ਹਾਂ ਦੀ ਆਮਦਨ ਨਾਲੋਂ ਜ਼ਿਆਦਾ ਪ੍ਰਾਪਰਟੀ ਹੈ। ਕੀ ਅਜਿਹੇ ਅਧਿਕਾਰੀਆਂ ਨੂੰ ਰਿਟਾਇਰ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਕੁਐਸਚਨ ਨਹੀਂ ਹੈ। ਇਹ ਤਾਂ ਸਪੀਕਰ ਸਾਹਿਬ ਹੀ ਕਰ ਸਕਦੇ ਹਨ।

**ਚੌਧਰੀ ਰਾਮ ਸਿੰਘ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੇ ਰੂਲਜ਼ ਆਫ ਕੰਡਕਟ ਹਨ, ਉਸ ਮੁਤਾਬਿਕ ਅਗਰ ਕੋਈ ਅਫਸਰ ਪ੍ਰਾਪਰਟੀ ਜ਼ਿਆਦਾ ਬਣਾ ਲਵੇ ਤਾਂ ਕੀ ਉਸ ਨੂੰ ਚੈੱਕ ਕਰਦੇ ਹੋ ਜਾਂ ਨਹੀਂ ?

**ਰਾਜ ਮੰਤਰੀ** : ਵਿਜੀਲੈਂਸ ਸਟਾਫ਼ ਨੂੰ ਕੇਸ ਦਿੱਤੇ ਜਾਂਦੇ ਹਨ ਅਤੇ ਉਹ ਇਨ-ਕੁਆਇਰੀ ਕਰਦੇ ਹਨ। ਜੇ ਉਹ ਸਾਬਤ ਹੋ ਜਾਵੇ ਤਾਂ ਐਕਸ਼ਨ ਲੈਂਦੇ ਹਾਂ।

**ਸ੍ਰੀ ਸਰਦਾਰੀ ਲਾਲ ਕਪੂਰ** : ਜਿਥੇ ਡਿਪਾਰਟਮੈਂਟ ਵਿਚ ਪਾਰਟੀਬਾਜ਼ੀ ਹੁੰਦੀ ਹੈ ਉਸ ਦੀ ਬਿਨਾਂ ਤੇ ਕਈ ਦਫਾ ਇਹੋ ਜਿਹੇ ਆਦਮੀ ਦਾ ਨਾਮ ਅੱਗੇ ਆ ਜਾਂਦਾ ਹੈ ਕਿ ਉਹ ਬਦਨਾਮ ਹੋ ਜਾਂਦਾ ਹੈ ਪਰ ਜਿਨ੍ਹਾਂ ਨੂੰ ਮਹਿਕਮੇ ਦੇ ਅਫਸਰ ਸਪੋਰਟ ਕਰਦੇ ਹਨ ਉਹ ਛੁਪ ਜਾਂਦੇ ਹਨ। ਕੀ ਇਹ ਦਿਲਚਸਪੀ ਲੈ ਕੇ ਇਨਕੁਆਇਰੀ ਕਰਕੇ ਉਨ੍ਹਾਂ ਲੋਕਾਂ ਨੂੰ ਰਿਟਾਇਰ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪਾਰਟੀਬਾਜ਼ੀ ਨਾਲ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ। ਬਾਕੀ ਜੇ ਇਨ੍ਹਾਂ ਦੇ ਨੋਟਿਸ ਵਿਚ ਹੋਵੇ ਅਤੇ ਜਿਹੜੇ ਅਫਸਰ ਦੇ ਖਿਲਾਫ ਕਾਰਵਾਈ ਨਹੀਂ ਹੋਈ, ਇਹ ਸਾਡੇ ਨੋਟਿਸ ਵਿਚ ਲਿਆਉਣ ਅਸੀਂ ਉਸ ਦੇ ਖਿਲਾਫ ਕਾਰਵਾਈ ਕਰਨ ਨੂੰ ਤਿਆਰ ਹਾਂ।

**ਕਾਮਰੇਡ ਸੱਤ ਪਾਲ ਡਾਂਗ** : ਰੁਟੀਨ ਇਹ ਸੀ ਕਿ ਜਿਹੜੇ ਇਨਐਫੀਸ਼ੈਂਟ ਔਰ ਕਰੱਪਟ ਹਨ ਉਨ੍ਹਾਂ ਨੂੰ 50 ਸਾਲ ਦੀ ਉਮਰ ਜਾਂ 25 ਸਾਲ ਦੀ ਸਰਵਿਸ ਤੋਂ ਬਾਅਦ ਰਿਟਾਇਰ ਕਰ ਦਿੱਤਾ ਜਾਏ। ਕੀ ਮਨਿਸਟਰ ਸਾਹਿਬ, ਦੱਸਣਗੇ ਕਿ ਇਸ ਮਹਿਕਮੇ ਵਿਚ ਇਕ ਮਹਾਨ ਪਰੂਵਡ ਕੁਰੱਪਟ ਆਦਮੀ ਨੂੰ ਮੋਗੇ ਵਿਚ ਸੁਪਰਐਨੂਏਸ਼ਨ ਹੋਣ ਤੋਂ ਬਾਅਦ ਵੀ ਢਾਈ ਤਿੰਨ ਸਾਲ ਦੀ ਐਕਸਟੈਨਸ਼ਨ ਕਿਉਂ ਦਿੱਤੀ ਸੀ ? ਔਰ ਜਦੋਂ ਬਹੁਤ ਰੌਲਾ ਪਿਆ ਇਸ ਗੱਲ ਦਾ ਤਾਂ ਫਿਰ ਇਸ ਨੂੰ ਹਟਾਇਆ ਗਿਆ। ਇਹ ਦੱਸਿਆ ਜਾਵੇ ਕਿ ਇਸ ਨੂੰ ਤਿੰਨ ਸਾਲ ਕਿਉਂ ਰੱਖਿਆ ਗਿਆ ?

**ਰਾਜ ਮੰਤਰੀ** : ਇਹਨੂੰ ਐਕਸਟੈਨਸ਼ਨ ਮੇਰੇ ਵੇਲੇ ਨਹੀਂ ਮਿਲੀ ਹੈ। ਇਹ ਪਹਿਲਾਂ ਮਿਲੀ ਹੋਵੇਗੀ ਅਤੇ ਜਦੋਂ ਇਹ ਚੀਜ਼ ਮੇਰੇ ਨੋਟਿਸ ਵਿਚ ਆਈ ਤਾਂ ਮੈਂ ਇਹਨੂੰ ਹਟਾ ਦਿੱਤਾ।

**ਸ੍ਰੀ ਪ੍ਰੇਮ ਗੁਪਤਾ** : ਜਿਹੜੇ ਬੰਦੇ ਰਿਟਾਇਰ ਹੋਏ ਹਨ, ਉਨ੍ਹਾਂ ਬਾਰੇ ਮੈਂਬਰਜ਼ ਸਾਹਿਬਾਨ ਨੇ ਕਿਹਾ ਹੈ ਕਿ ਪਾਰਟੀਬਾਜ਼ੀ ਕਰਕੇ ਹੋਏ ਹਨ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਿਚੋਂ ਆਪਣੀ ਰਿਟਾਇਰਮੈਂਟ ਦੇ ਖਿਲਾਫ ਰਿਪਰਜ਼ੈਂਟ ਕਿੰਨਿਆਂ ਨੇ ਕੀਤਾ ਹੈ ਔਰ ਸਰਕਾਰ ਨੇ ਕੀ ਕੀਤਾ ਹੈ ?

**ਰਾਜ ਮੰਤਰੀ** : ਕਿਸ ਨੇ ਰਿਪਰਜ਼ੈਂਟ ਨਹੀਂ ਕੀਤਾ ਹੈ ;

Original with;
Punjab Vidhan Sabha
Digitized by;
Panjab Digital Library

## ਸਿਹਤ ਅਤੇ ਸਤਾਨ ਸੰਜਮ ਵਿਭਾਗ ਦੇ ਅਫ਼ਸਰਾਂ/ਕਰਮਚਾਰੀਆਂ ਦੀ ਸਮਾਂ-ਪੂਰਵ ਰਿਟਾਇਰਮੈਂਟ

*3388. **ਸ਼੍ਰੀ ਸਰਦਾਰੀ ਲਾਲ ਕਪੂਰ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਹਤ ਸੰਤਾਨ ਸੰਜਮ ਵਿਭਾਗ ਦੇ ਉਨ੍ਹਾਂ ਅਫ਼ਸਰਾਂ/ਕਰਮਚਾਰੀਆਂ ਦੀ ਸ਼੍ਰੇਣੀਵਾਰ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਪੰਜਾਬ ਸਿਵਲ ਸੇਵਾਵਾਂ (ਸਮਾਂ-ਪੂਰਵ ਰਿਟਾਇਰਮੈਂਟ) ਨਿਯਮਾਵਲੀ, 1975 ਅਧੀਨ ਰਿਟਾਇਰ ਕੀਤਾ ਗਿਆ ਹੈ ?

**ਸਰਦਾਰ ਬਲਬੀਰ ਸਿੰਘ** : ਸਿਹਤ ਅਤੇ ਸੰਤਾਨ ਸੰਜਮ ਦੇ ਵਿਭਾਗ ਵਿੱਚ ਅੱਜੇ ਤੀਕ ਕਿਸੇ ਵੀ ਅਫ਼ਸਰ/ ਕਰਮਚਾਰੀ ਨੂੰ ਪੰਜਾਬ ਸਿਵਲ ਸੇਵਾਵਾਂ (ਸਮਾਂ-ਪੂਰਵ ਰਿਟਾਇਰਮੈਂਟ) ਨਿਯਮਾਵਲੀ, 1975, ਅਧੀਨ ਸਮਾਂ-ਪੂਰਵ ਰਿਟਾਇਰ ਨਹੀਂ ਕੀਤਾ ਗਿਆ ।

**ਸ਼੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਜਿਨ੍ਹਾਂ ਦੇ ਨਾਂਉਂ ਦੱਸੇ ਹਨ, ਉਸ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਿਵਿਲ ਹਸਪਤਾਲਾਂ ਵਿਚ ਅਮੂਮਨ ਜਿਹੜੀਆਂ ਦਵਾਈਆਂ ਵਗੈਰਾ ਹਨ ਮਰੀਜ਼ਾਂ ਲਈ ਉਨਾਂ ਦੀ ਵੰਡ ਵਿਚ ਉਥੇ ਦੇ ਅਧਿਕਾਰੀ ਬੇਈਮਾਨੀ ਕਰਦੇ ਹਨ । ਇਸ ਚੀਜ਼ ਨੂੰ ਜਾਂਚਣ ਲਈ ਕੀ ਇਨ੍ਹਾਂ ਨੇ ਕੋਈ ਕਮੇਟੀ ਬਣਾਈ ਹੋਈ ਹੈ ਜਿਸ ਨਾਲ ਇਹ ਪਤਾ ਲਗ ਸਕੇ ਕਿ ਮਰੀਜ਼ਾਂ ਨੂੰ ਦਵਾਈਆਂ ਕਿਉਂ ਨਹੀਂ ਮਿਲ ਰਹੀਆਂ ਹਨ ਅਤੇ ਸਬੰਧਤ ਕਰਮਚਾਰੀਆਂ ਦੇ ਖਿਲਾਫ਼ ਜਾਂਚਣ ਤੋਂ ਬਾਅਦ ਕੀ ਇਹ ਕੋਈ ਐਕਸ਼ਨ ਲੈਣਗੇ ?

**ਰਾਜ ਮੰਤਰੀ** : ਮੈਂ ਤਾਂ ਕਿਹਾ ਸੀ ਕਿ ਕੋਈ ਨਾਂ ਨਹੀਂ ਸੀ ਲਿਆ ਗਿਆ ਜਿਸ ਨੂੰ ਕਿ ਇਸ ਤਰ੍ਹਾਂ ਨਾਲ ਰਿਟਾਇਰ ਕੀਤਾ ਹੋਵੇ । ਸਵਾਲ ਪਰੀ-ਮੈਚਿਓਰ ਰਿਟਾਇਰਮੈਂਟ ਦਾ ਹੈ । ਮੇਰੇ ਮਾਨਯੋਗ ਮੈਂਬਰ ਬਜ਼ੁਰਗ ਹਨ ਜਿਹੜੇ ਕਿ ਸਿਹਤ ਦੇ ਮਹਿਕਮੇ ਵਿਚ ਪਰੀ-ਮੈਚਿਓਰ ਗੱਲਾਂ ਕਰਦੇ ਹਨ । ਸ਼ਾਇਦ ਉਨ੍ਹਾਂ ਦਾ ਤਜਰਬਾ ਨਹੀਂ ਹੈ । ਅਸੀਂ ਡਾਕਟਰ ਅਤੇ ਹੋਰ ਕਰਮਚਾਰੀਆਂ ਨੂੰ ਪਰੀ-ਮੈਚਿਓਰ ਜੋ ਕਰਾਈਟੇਰੀਆ ਲੇ ਕੀਤਾ ਹੈ ਉਹਦੇ ਮੁਤਾਬਕ ਕਰ ਰਹੇ ਹਾਂ ।

**ਚੌਧਰੀ ਰਾਮ ਸਿੰਘ** : ਇਹ ਤਾਂ ਗੱਲ ਠੀਕ ਹੈ । ਉਨ੍ਹਾਂ ਨੇ ਗਲ ਕੀਤੀ ਹੈ । ਇਹਦੇ ਵਿਚ ਕੋਈ ਜਬਰੀ ਰਿਟਾਇਰ ਨਹੀਂ ਕੀਤਾ ਹੈ ਲੇਕਿਨ ਅੱਗੇ ਤੋਂ ਇਹ ਪਰਾਸੈਸ ਜਾਰੀ ਹੈ ਜੇ ਅੱਗੇ ਨੂੰ ਕੋਈ ਅਜਿਹਾ ਅਫ਼ਸਰ ਆ ਜਾਵੇ ਤਾਂ ਕੀ ਇਹ ਉਸ ਨੂੰ ਕੰਪਲਸਰੀ ਰਿਟਾਇਰ ਕਰਨਗੇ ?

**ਰਾਜ ਮੰਤਰੀ** : ਇਹ ਕੰਟੀਨੁਐਸ ਪਰਾਸੈਸ ਹੈ । ਇਹ ਕੰਮ ਤਾ ਚਲਦਾ ਹੀ ਰਹਿਣਾ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲਤਾ ਕਰਨਗੇ ਕਿ ਜਿਹੜੀ ਸਰਕਾਰ ਦੀ ਨੀਤੀ ਵਿਚ ਇਕ ਨਵਾਂ ਗਲਤ ਰੁਝਾਣ ਆ ਰਿਹਾ ਹੈ ਕਿ ਜ਼ਬਰਦਸਤੀ ਫ਼ੈਮਿਲੀ ਪਲੈਨਿੰਗ ਕਰਾਈ ਜਾਵੇ, ਇਸ ਦੀ ਰੋਸ਼ਨੀ ਵਿਚ ਇਸ ਦੇ ਮੁਤਾਬਿਕ ਫ਼ੈਮਿਲੀ ਪਲੈਨਿੰਗ ਡਿਪਾਰਟਮੈਂਟ ਵਿਚ ਉਨ੍ਹਾਂ ਅਫ਼ਸਰਾਂ ਨੂੰ ਜਿਨ੍ਹਾਂ ਦੇ ਬੱਚੇ ਤਿੰਨ ਤੋਂ ਵਧ ਹਨ ਕੀ ਉਨ੍ਹਾਂ ਨੂੰ ਕੰਪਲਸਰੀ ਰਿਟਾਇਰ ਕਰ ਦਿੱਤਾ ਜਾਏਗਾ ?

(ਕੋਈ ਉੱਤਰ ਨਹੀਂ ਦਿੱਤਾ ਗਿਆ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਕਿਉਂ ਅਜਿਹੀ ਗੱਲ ਮੇਰੇ ਮੁਤਲੱਕ ਕਹੀ ਸੀ । ਕਿਉਂਜੋ ਇਨ੍ਹਾਂ ਦੀ ਜ਼ਿੰਦਗੀ ਆਪਣੀ ਹੀ ਮੈਰਿਓਰ ਨਹੀਂ ਹੈ ਇਸ ਕਰਕੇ ਇਨ੍ਹਾਂ ਨੇ ਇਸ ਤਰ੍ਹਾਂ ਦਾ ਜਵਾਬ ਦਿੱਤਾ ਸੀ ।

**ਸ੍ਰੀ ਸਪੀਕਰ** : ਇਹ ਐਸਪਰਸ਼ਨ ਹੈ । ਇਹ ਠੀਕ ਨਹੀਂ ਹੈ ।

---

PREMATURE RETIREMENT OF OFFICERS/OFFICIALS OF THE PWD (IRRIGATION BRANCH.)

*3389. **Sh. Sardari Lal Kapur**
**Ch. Ram Singh.** : Will the Minister of State for Irrigation and Power be pleased to sta'e the number and names of officers/officials category-wise of the Public Works Department (Irrigation Branch) who have been retired under the Punjab Civil Services (Pre-mature Retirement) Rules, 1975 ?

**ਚੌਧਰੀ ਬਲਰਾਮ** (ਉਪ ਮੰਤਰੀ, ਸਿੰਜਾਈ ਅਤੇ ਬਿਜਲੀ) : 7 (ਸ਼੍ਰੇਣੀ III)

ਨਾਮ ਤੇ ਅਹੁਦਾ

1. ਸ਼ੇਰ ਸਿੰਘ, ਜ਼ਿਲ੍ਹੇਦਾਰ
2. ਜੋਗਿੰਦਰ ਸਿੰਘ, ਭਾਗ ਅਫ਼ਸਰ
3. ਹਰਬੰਸ ਸਿੰਘ, ਭਾਗ ਅਫ਼ਸਰ
4. ਅੰਮ੍ਰਿਤ ਲਾਲ ਮਹਿਤਾ, ਹੈਡ ਕਲਰਕ
5. ਹਰਬੰਸ ਸਿੰਘ, ਭਾਗ ਅਫ਼ਸਰ
6. ਭਗਵਾਨ ਦਾਸ, ਹੈਡ ਕਲੱਰਕ
7. ਲੇਖ ਸਿੰਘ ਹੈਡ ਸਟੋਰ-ਕੀਪਰ ।

**ਚੌਧਰੀ ਰਾਮ ਸਿੰਘ** : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਦੀ ਲਿਸਟ ਵਿਚ ਜੋ ਨਾਂ ਇਥੇ ਪੜ੍ਹੇ ਗਏ ਹਨ ਇਨ੍ਹਾਂ ਵਿਚ ਹੈਡ ਕਲੱਰਕ ਤਕ ਨਾਂ ਆਏ ਹਨ । ਇਸ ਵਿਚ ਕੋਈ ਵੀ ਉਪਰਲੀ ਸਤ੍ਹਾ ਦਾ ਅਫ਼ਸਰ ਨਹੀਂ ਹੈ ਜਿਹੜਾ ਕਿ ਕੁਰੱਪਸ਼ਨ ਕਰਦਾ ਹੋਵੇ । ਇਨ੍ਹਾਂ ਦੇ ਬਾਰੇ ਦਸਿਆ ਜਾਵੇ ।

**ਉਪ ਮੰਤਰੀ** : ਲਿਸਟ ਤੇ ਗੌਰ ਹੋ ਰਿਹਾ ਹੈ ।

**ਸ੍ਰੀ ਸਰਦਾਰੀ ਲਾਲ ਕਪੂਰ** : ਮੰਤਰੀ ਜੀ ਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ ਇਸ ਮਹਿਕਮੇ ਦੇ ਬੰਦਿਆਂ ਦੇ ਮੁਤਅੱਲਕ ਜਿਹੜੇ ਕੇਸਿਜ਼ ਤੇ ਇਨਵੈਸਟੀਗੇਸ਼ਨ ਹੋ ਰਹੀ ਸੀ ਪਰ ਹੁਣ ਜਿਹੜੇ ਨਾਵਾਂ ਦੀ ਲਿਸਟ ਦਿੱਤੀ ਗਈ ਹੈ, ਇਹਦੇ ਵਿਚ ਛੋਟੇ ਛੋਟੇ ਆਫ਼ੀਸ਼ਲਜ਼ ਹੀ ਹਨ । ਜਿਹੜੇ ਅੰਮ੍ਰਿਤਸਰ ਦੀ ਮੈਂ ਗੱਲ ਕੀਤੀ ਹੈ ਉਹ ਬੜੇ ਤਕੜੇ ਤਕੜੇ ਅਫ਼ਸਰ ਸਨ । ਕੀ ਉਨ੍ਹਾਂ ਦੇ ਮੁਤਅੱਲਕ ਵੀ ਜਾਂਚਣ ਦੀ ਖੇਚਲ ਕਰਨਗੇ ?

Original with: Punjab Vidhan Sabha Digitized by: Panjab Digital Library

**ਉਪ ਮੰਤਰੀ** : ਉਹ ਬੇਈਮਾਨ ਸਨ ਤਾਂ ਹੀ ਉਨ੍ਹਾਂ ਦੇ ਖਿਲਾਫ ਕੇਸਿਜ਼ ਰਜਿਸਟਰ ਕਰਾਏ ਗਏ ਸੀ ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਹ ਦਸੱਣਗੇ ਕਿ ਜਿਹੜੇ ਉਹ ਵੈਲ-ਨੋਨ ਡੇ੍ਰਨਜ਼ ਸਕੈਂਡਲ ਹੈ ਜਿਨ੍ਹਾਂ ਦੇ ਮੁਤਅੱਲਕ ਕਾਫ਼ੀ ਰੌਲਾ ਇਥੇ ਪਿਆ ਸੀ, ਉਹ ਚੀਫ ਇੰਜੀਨੀਅਰ ਵਗੈਰਾ ਸਸਪੈਂਡ ਹੋਏ ਹਨ ? ਉਨ੍ਹਾਂ ਵਿਚ ਕੋਈ 25 ਸਾਲ ਦੀ ਸਰਵਿਸ ਵਾਲਾ ਹੋਵੇ ਜਾਂ 50 ਸਾਲ ਦੀ ਉਮਰ ਵਾਲਾ ਬੰਦਾ ਹੋਵੇ ਕੀ ਮੈਨੂੰ ਇਸ ਬਾਰੇ ਦਸਿਆ ਜਾਵੇਗਾ ਕਿ ਕੀ ਉਨ੍ਹਾਂ ਵਿਚ ਕੋਈ ਐਸਾ ਬੰਦਾ ਸੀ ?

90(A)

**ਉਪ ਮੰਤਰੀ** ਵਿਜੀਲੈਂਸ ਪਾਸ ਕੇਸ ਹੈ ਅੌਰ ਇਨਕੁਆਇਰੀ ਚਲ ਰਹੀ ਹੈ ।

**ਚੌਧਰੀ ਦਰਸ਼ਨ ਸਿੰਘ** : ਸਰਵਿਸ ਬੁੱਕ ਦੇ ਹਿਸਾਬ ਨਾਲ ਜ਼ਿਲ੍ਹੇਦਾਰ ਤੋਂ ਹੇਠਾਂ ਇਨ੍ਹਾਂ ਨੇ ਕੰਪਲਸਰੀ ਰਿਟਾਇਰ ਕੀਤੇ ਹਨ । ਜਿਹੜੇ ਇਨ੍ਹਾਂ ਤੋਂ ਉਪਰ ਦੇ ਕਰਮਚਾਰੀ ਹਨ ਅੌਰ ਅਗਰ ਉਨ੍ਹਾਂ ਦਾ ਸਰਵਿਸ ਰਿਕਾਰਡ ਖ਼ਰਾਬ ਹੋਵੇ. ਉਹਦੇ ਮੁਤੱਲਕ ਕੀ ਕੀਤਾ ਜਾ ਰਿਹਾ ਹੈ ?

**ਚੌਧਰੀ ਰਾਮ ਸਿੰਘ** : ਉਨ੍ਹਾਂ ਨੇ ਕਿਹਾ ਹੈ ਕਿ ਉਪਰਲੇ ਅਫਸਰਾਂ ਦੇ ਕੇਸਿਜ਼ ਤੇ ਗੌਰ ਹੋ ਰਿਹਾ ਹੈ। ਕੀ ਇਹ ਪਰਾਸੈਸ ਐਨਾ ਲੰਬਾ ਸਾਲਾਂ ਬੱਧੀ ਹੋ ਸਕਦਾ ਹੈ। ਕੀ ਇਸ ਬਾਰੇ ਇਹ ਕੋਈ ਸਮਾਂ ਨਿਸ਼ਚਿਤ ਕਰਨਗੇ ਕਿ ਇਹ ਕੰਮ ਐਨੇ ਸਮੇਂ ਦੇ ਅੰਦਰ ਅੰਦਰ ਹੋ ਜਾਏਗਾ ?

**ਉਪ ਮੰਤਰੀ** : ਜਦੋਂ ਇਹ ਕੰਮ ਹੋ ਜਾਏਗਾ ਤਾਂ ਜਵਾਬ ਦੇ ਦਿੱਤਾ ਜਾਏਗਾ ।

**ਸ਼੍ਰੀ ਸਰਦਾਰੀ ਲਾਲ ਕਪੂਰ** : ਕੀ ਮੰਤਰੀ ਮਹੋਦੇ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਜਿਹੜੇ ਕੇਸਿਜ਼ ਦੇ ਮੁਤਲੱਕ ਇਨਕੁਆਇਰੀ ਚਲ ਰਹੀ ਹੈ, ਇਨ੍ਹਾਂ ਨੂੰ ਕਾਫ਼ੀ ਸਾਲ ਹੋ ਗਏ ਹਨ, ਇਸ ਬਾਰੇ ਕੀ ਦਸਿਆ ਜਾਏਗਾ ਕਿ ਇਨ੍ਹਾਂ ਕੇਸਿਜ਼ ਦੇ ਮੁਤਲੱਕ ਹੁਣ ਕਦ ਤਕ ਫ਼ੈਸਲਾ ਹੋ ਜਾਏਗਾ ?

**ਉਪ ਮੰਤਰੀ** : ਲੰਬੇ ਕੇਸਿਜ਼ ਹੁੰਦੇ ਹਨ । ਕਈਆਂ ਦੀਆਂ ਇਹਦੇ ਵਿਚ ਸ਼ਹਾਦਤਾਂ ਹੁੰਦੀਆਂ ਹਨ। ਸੋ ਇਸ ਬਾਰੇ ਫੈਸਲਾ ਹੋ ਰਿਹਾ ਹੈ ।

**ਚੌਧਰੀ ਸੁੰਦਰ ਸਿੰਘ** : ਕੀ ਡਿਪਟੀ ਮਨਿਸਟਰ ਸਾਹਿਬ ਇਹ ਦਸੱਣਗੇ ਕਿ ਪਹਿਲਾਂ ਪਹਿਲਾਂ ਇਹ ਬੜੇ ਤਕੜੇ ਸੀ । ਸਾਨੂੰ ਉਮੀਦ ਸੀ ਕਿ ਇਨ੍ਹਾਂ ਨੇ ਕਿਸੇ ਨੂੰ ਛੱਡਣਾ ਨਹੀਂ ਹੈ । ਇਸ ਮਹਿਕਮੇ ਵਿਚ ਕੋਈ ਕੁਰੱਪਸ਼ਨ ਨਹੀਂ ਹੈ (ਹਾਸਾ) ਇਸ ਵਾਸਤੇ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੀ ਕੋਈ ਪੇਸ਼ ਵੀ ਚਲਦੀ ਪਈ ਹੈ ਜਾਂ ਨਹੀਂ ।

**ਉਪ ਮੰਤਰੀ** : ਜੇ ਉਸਦੇ ਖਿਲਾਫ਼ ਕੋਈ ਐਕਸ਼ਨ ਲੈਂਦੇ ਹਾਂ ਤਾਂ ਹੀ ਐਕਸ਼ਨ ਹੁੰਦਾ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲਤਾ ਕਰਨਗੇ ਕਿ ਛੋਟੇ ਕਰਮਚਾਰੀਆਂ ਦੇ ਖਿਲਾਫ਼ ਤਾਂ ਇਨਕੁਆਇਰੀ ਬਹੁਤ ਜਲਦੀ ਕੰਪਲੀਟ ਹੋ ਜਾਂਦੀ ਹੈ ਪਰ ਅਫ਼ਸਰਾਂ ਦੇ ਖਿਲਾਫ਼ ਇਨਕੁਆਇਰੀ ਜਲਦੀ ਪੂਰੀ ਕਿਉਂ ਨਹੀਂ ਹੁੰਦੀ ਹੈ ?

Original with;
Punjab Vidhan Sabha
Digitized by;
Panjab Digital Library

**ਉਪ ਮੰਤਰੀ** : ਅਲਹਿਦਾ ਅਲਹਿਦਾ ਪਰੋਸੀਜਰ ਹੁੰਦਾ ਹੈ ।

**ਸ਼੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਮੈਂ ਇਹ ਗੱਲ ਜਾਨਣਾ ਚਾਹੁੰਦਾ ਹਾਂ ਕਿ ਜਿਹੜੇ ਪਰੀ-ਮੈਚਿਓਰ ਰਿਟਾਇਰਮੈਂਟ ਰੂਲਜ਼ ਬਣੇ ਹਨ, ਐਕਸਟੈਨਸ਼ਨ ਰੂਲਜ਼ ਵਿਚ ਅਮੈਂਡਮੈਂਟ ਕੀਤੀ ਹੈ, ਉਹ ਇਸ ਕਰਕੇ ਕੀਤਾ ਹੈ ਕਿ ਇਸ ਕੰਮ ਵਿਚ ਦੇਰ ਨਾ ਲਗੇ ਅਤੇ ਛੇਤੀ ਹੋ ਜਾਵੇ । ਸਰਵਿਸ ਰੂਲਜ਼ ਦੋਨਾਂ ਕੈਟੇਗਰੀਜ਼ ਵਾਸਤੇ ਸਿਮੀਲਰ ਹਨ । ਫਿਰ ਇਸ ਤਰ੍ਹਾਂ ਕਿਉਂ ਹੁੰਦਾ ਹੈ ਕਿ ਛੋਟੇ ਮੁਲਾਜ਼ਮਾਂ ਦੇ ਕੇਸ ਤਾਂ ਜਲਦੀ ਕੰਪਲੀਟ ਹੋ ਜਾਂਦੇ ਹਨ ਪਰ ਬੜੇ ਮੁਲਾਜ਼ਮਾਂ ਦੇ ਕੇਸ ਕੰਪਲੀਟ ਹੋਣ ਵਿਚ ਦੇਰੀ ਲਗ ਜਾਂਦੀ ਹੈ। ਇਸ ਬਾਰੇ ਦਸਿਆ ਜਾਵੇ ।

**Deputy Minister** : It depends on the gravity of the situation.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਛੋਟੇ ਮੁਲਾਜ਼ਮਾਂ ਲਈ ਅਤੇ ਵੱਡੇ ਮੁਲਾਜ਼ਮਾਂ ਲਈ ਅੱਡ ਅੱਡ ਰੂਲਜ਼ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਫ਼ਰਕ ਤਾਂ ਨਹੀਂ ਕਿ ਛੋਟੇ ਦਾ ਮਾੜਾ ਜਿਹਾ ਕਸੂਰ ਹੈ ਤਾਂ ਉਸ ਨੂੰ ਕੱਢ ਦਿਉ ਅਤੇ ਵੱਡੇ ਅਫ਼ਸਰ ਦਾ ਵੱਡਾ ਕਸੂਰ ਹੋਵੇ ਤਾਂ ਵੀ ਕੋਈ ਐਕਸ਼ਨ ਨਾ ਲਓ ?

**उप-मन्त्री**: यह फर्क नहीं है बिल्कुल ।

**ਚੌਧਰੀ ਰਾਮ ਸਿੰਘ** : ਕੀ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਇਹ ਪਰੀ-ਮੈਚਿਓਰ ਰਿਟਾਇਰਮੈਂਟ ਦਾ ਜਿਹੜਾ ਝਗੜਾ ਹੈ ਉਹ ਐਮਰਜੈਂਸੀ ਵਿਚ ਸ਼ੁਰੂ ਹੋਇਆ ਅਤੇ ਉਹ ਇਸ ਵਾਸਤੇ ਸ਼ੁਰੂ ਹੋਇਆ ਕਿ ਜਿਹੜੇ ਕੁਰੱਪਟ ਬੰਦੇ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਕੱਢ ਦਿੱਤਾ ਜਾਵੇ । ਪਰ ਇਸ ਦਾ ਮਤਲਬ ਇਹ ਨਹੀਂ ਕਿ ਜਿਹੜੇ ਛੋਟੇ ਮੁਲਾਜ਼ਮ ਹਨ ਉਨ੍ਹਾਂ ਨੂੰ ਕੱਢੀ ਜਾਓ ਅਤੇ ਜਿਹੜੇ ਵੱਡੇ ਅਫ਼ਸਰ ਹਨ ਉਨ੍ਹਾਂ ਤੇ ਕੋਈ ਐਕਸ਼ਨ ਨਾ ਹੋਵੇ । ਕੀ ਅਫ਼ਸਰਾਂ ਦਾ ਧਿਆਨ ਰਖ ਕੇ ਰਿਆਇਤ ਕੀਤੀ ਜਾਂਦੀ ਹੈ ।

**उप-मन्त्री** : ऐसी कोई बात नहीं है ।

**ਸਰਦਾਰ ਹਰਚੰਦ ਸਿੰਘ** : ਸਪੀਕਰ ਸਾਹਿਬ, ਇਰੀਗੇਸ਼ਨ ਬਰਾਂਚ ਵਿਚ ਪਰੀਮੈਚਿਓਰ ਰਿਟਾਇਰਮੈਂਟ ਬਾਰੇ ਸਵਾਲ ਹੈ । ਇਰੀਗੇਸ਼ਨ ਡੀਪਾਰਟਮੈਂਟ ਨੇ ਭਾਖੜਾ ਡੈਮ ਬਣਾਇਆ, ਭਾਖੜਾ ਦੀਆਂ ਨਹਿਰਾਂ ਬਣਾਈਆਂ ਤਲਵਾੜਾ ਡੈਮ ਅਤੇ ਹੋਰ ਵੱਡੇ ਵੱਡੇ ਕੰਮ ਕੀਤੇ ਔਰ ਅੱਜ ਤਕ ਕਿਸੇ ਇੰਜੀਨੀਅਰ ਨੂੰ ਪਦਮ ਸ਼੍ਰੀ ਨਹੀਂ ਦਿੱਤਾ ਗਿਆ । ** ** ** ** (ਵਿਘਨ)

**Mr. Speaker** : This is aspersion on the Government. It should not form part of the proceedings.

---

**Expunged as ordered by the Chair

Original with;
Punjab Vidhan Sabha
Digitized by;
Panjab Digital Library

## CRASH PROGRAMME FOR INSTALLATION OF GOVERNMENT TUBEWELLS IN SUB-MONTANE AREAS OF DISTRICT GURDASPUR, HOSHIARPUR AND ROPAR

*3539. **Comrade Shamsher Singh Josh,** : Will the Minister of state for Irrigation and power be pleased to state whether there is any crash programme for installing Government Tubewells in sub-montane areas of Gurdaspur, Hoshiarpur and Ropar Districts; if so; the details thereof ?

**Shri Balram** (Deputy Minister, Irrigation and Power) : No, Sir.

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ 3 ਜ਼ਿਲ੍ਹੇ ਹਨ ਜਿਹੜੇ ਜੋਸ਼ ਸਾਹਿਬ ਨੇ ਦੱਸੇ ਹਨ ਇਨ੍ਹਾਂ ਦੇ ਵਿਚ ਟਿਊਬਵੈਲਜ਼ ਲਗਾਉਣੇ ਬਹੁਤ ਜ਼ਰੂਰੀ ਹਨ ਚਾਹੇ ਕਰੈਸ਼ ਪ੍ਰੋਗਰਾਮ ਨਾਲ ਲਗਾਉਣ ਜਾਂ ਕਿਸੇ ਹੋਰ ਢੰਗ ਨਾਲ ਲਗਾਉਣ ਔਰ ਇਸ ਦੇ ਲਈ ਸਰਕਾਰ ਵਚਨਬੱਧ ਹੈ। ਇਨ੍ਹਾਂ ਨੇ ਜਵਾਬ ਵਿਚ ਕਹਿ ਦਿੱਤਾ 'ਨੋ ਸਰ'। ਇਹ ਬੜੀ ਅਜੀਬ ਜਿਹੀ ਗੱਲ ਹੈ। ਇਹ ਇਸ ਗੱਲ ਦਾ ਜਵਾਬ ਦੇਣ ਕਿ ਉਥੇ ਟਿਊਬਵੈਲ ਲਗ ਰਹੇ ਹਨ ਜਾਂ ਨਹੀਂ ਲਗ ਰਹੇ? (ਵਿਘਨ)

**उप मन्त्री** : सवाल में पूछा गया था कि क्या कोई crash programme है तो मैंने जवाब दिया है crash Programme नहीं है, planned programme है ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੇਰਾ ਸਵਾਲ ਹੈ ਕਿ ਪ੍ਰਾਈਮ ਮਨਿਸਟਰ ਸਾਹਿਬਾ ਦੇ 20 ਨੁਕਾਤੀ ਪ੍ਰੋਗਰਾਮ ਵਿਚ ਸਿੰਜਾਈ ਨੂੰ ਪ੍ਰਾਥਮਿਕਤਾ ਦਿਤੀ ਗਈ ਹੈ। ਗੁਰਦਾਸਪੁਰ, ਰੋਪੜ ਔਰ ਹੁਸ਼ਿਆਰਪੁਰ ਦੇ ਜਿਹੜੀ ਨੀਮ ਪਹਾੜੀ ਇਲਾਕੇ ਹਨ ਉਨ੍ਹਾਂ ਵਿਚ ਬਾਕੀਆਂ ਦੇ ਮੁਕਾਬਲੇ ਵਿਚ ਸਿੰਜਾਈ ਬਹੁਤ ਘੱਟ ਹੈ। ਉਥੇ 56% ਜ਼ਮੀਨ ਬਿਨਾ ਪਾਣੀ ਤੋਂ ਹੈ। ਉਥੇ ਨਹਿਰਾਂ ਨਾਲ ਪਾਣੀ ਨਹੀਂ ਦਿੱਤਾ ਜਾ ਸਕਦਾ। ਇਸ ਰੋਸ਼ਨੀ ਵਿਚ ਮੇਰਾ ਸਵਾਲ ਇਹ ਹੈ ਕਿ ਪਲੈਨਿੰਗ ਪ੍ਰੋਗਰਾਮ ਜਿਹੜਾ ਚੌਧਰੀ ਸਾਹਿਬ ਨੇ ਦਸਿਆ ਹੈ ਉਹ ਫੇਲ੍ਹ ਹੋਇਆ ਹੈ ਔਰ ਉਸ ਇਲਾਕੇ ਨੂੰ ਲੋੜ ਮੁਤਾਬਕ ਟਿਊਬਵੈਲ ਨਹੀਂ ਮਿਲ ਸਕੇ। 20 ਨੁਕਾਤੀ ਪ੍ਰੋਗਰਾਮ ਦੇ ਅਧੀਨ ਇਸ ਦੇ ਵਾਸਤੇ ਕਰੈਸ਼ ਪ੍ਰੋਗਰਾਮ ਕਿਉਂ ਨਹੀਂ ਬਣਿਆ, ਕੀ ਇਸ ਦਾ ਜਵਾਬ ਦੇਣਗੇ ?

**उप मन्त्री** : स्पीकर साहिब, पहले सर्वे किया जाता है और फिर survey report P.S.T.C. के पास आती है और फिर वह A.R.C. के पास मनजूरी के लिये भेजते हैं । सारा प्रासैस करने के बाद A.R.C. approval देता है । (विघ्न) मेरे पास complete data है जो Block-wise survey किया गया है । अगर आप चाहें तो मैं हाउस को बता सकता हूं ।

**आवाज़ें** : दस दिउ जी ।

**ਸ੍ਰੀ ਸਪੀਕਰ** : ਸਵਾਲ ਥੋੜੇ ਹੀ ਹਨ। ਤੁਸੀਂ ਬੇਸ਼ਕ ਦੱਸ ਦਿਉ।

Original with;
Punjab Vidhan Sabha
Digitized by;
Panjab Digital Library

उप मन्त्री : सर, डेरा बस्सी, सारे का सारा sub montane area है और वहां 25 tubewell लगा दिये गए हैं।

हुश्यारपुर बलाक में 66 tubewells के लिये scheme बनाई थी उन में से 20 tubewell approve हुए हैं और इन 20 में से 9 बन चुके हैं।

बजवाड़ा बलाक में 50 की scheme थी, 35 के लिये approval आ गई है और इन में से 10 बन चुके हैं और 1 जो है वह under development है।

भुंगा बलाक के लिये A. R. C. को 92 केस भेजे गये हैं लोन के लिये और A. R. C. से approval की wait की जा रही है।

सरोहा बलाक सारे का सारा sub montane area है और इस के लिये 45 tubewells का केस गया था और A. R. C. से 35 की approval आ गई है। इन 35 में से 21 complete हो चुके हैं।

धारकलां बलाक के 40 tubewells के लिये scheme under preparation है।

आनंदपुर साहिब बलाक के 20 tubewells के लिये scheme under preparation है।

हाजीपुर बलाक के ground water balance study report की Director, Water Resources से wait की जा रही है।

नूरपुर बेदी बलाक के 30 tubewells के लिये केस बना कर A.R.C. को उन की approval के लिये भेजा है।

बलाचौर बलाक के 50 tubewells के लिये केस था इन में से 30 की मनजूरी हुई है और इन 30 में से 21 लग चु हैं।

रोपड़, खरड़ and सयाला माजरी बलाकों के 94 tubewells की scheme P. S. T. C. के Board of Directors ने मन्जूर की थी। इन 94 में से 40 के लिये Government of India ने under AAPP Fund provide किये हैं और 16 instal किये जा चुके हैं।

Original with; Punjab Vidhan Sabha Digitized by; Panjab Digital Library

गढ़शंकर बलाक के लिये 5 tubewells की bankable scheme under preparation है ।

दसूहा बलाक के 20 tubewells की bankable scheme under preparation है ।

पठानकोट बलाक के लिये Irrigation Branch से investigation data और ground water balance study की इंतज़ार की जा रही है ।

मुकेरियां बलाक के लिये Director of Water Resources की ground water balance study की इंतज़ार की जा रही है ।

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜੋ ਡਿਟੇਲ ਦਸੀ ਹੈ ਉਸ ਤੋਂ ਪਤਾ ਲਗਦਾ ਹੈ ਕਿ ਜਿਹੜਾ 3 ਜ਼ਿਲ੍ਹਿਆਂ ਦਾ ਸਬ-ਮਾਉਂਟੇਨੱਸ ਦਾ ਜ਼ਿਕਰ ਇਸ ਸਵਾਲ ਵਿਚ ਕੀਤਾ ਗਿਆ ਹੈ ਉਸ ਦੇ ਵਿਚ ਹਾਂਡਲੀ ਇਕ ਹੀ ਬਲਾਕ ਹੈ ਜਿਥੇ 2-4 ਜਾਂ ਕੋਈ 5-10 ਟਿਊਬਵੈਲ ਲਗੇ ਹਨ ਔਰ ਬਾਕੀ ਕਿਧਰੇ ਸਰਵੇ ਹੋ ਰਿਹਾ ਹੈ ਕਿਧਰੇ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ ਜਾਂ ਤਾਦਾਦ ਦਸੀ ਹੈ ਕਿ ਇੰਨੇ ਲਗਣੇ ਹਨ। (ਵਿਘਨ) ਮੈਂ ਪੁਛਣਾ ਚਾਹੁੰਦਾ ਹਾਂ ਕਿ ਸਬ-ਮਾਉਂਟੇਨੱਸ ਏਰੀਆ ਵਿਚ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ ? (ਵਿਘਨ)

उप मन्त्री : पानी available होगा तभी हम लगा सकेंगे, वैसे कैसे लगायेंगे । (विघ्न)

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਸਪੀਕਰ ਸਾਹਿਬ, 28 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਜਿਥੇ ਪੰਜਾਬ ਦਾ ਪਾਣੀ ਬੀਕਾਨੇਰ ਅਤੇ ਰਾਜਿਸਥਾਨ ਵਿਚ ਪਹੁੰਚ ਗਿਆ ਹੈ ਔਰ ਇਥੇ ਦਾ ਪਥਰ ਪਾ ਕੇ ਉਥੇ ਸੜਕਾਂ ਬਣਾਈਆਂ ਗਈਆਂ ਹਨ ਪਰ ਹੁਸ਼ਿਆਰਪੁਰ ਦੇ 300 ਪਿੰਡਾਂ ਵਿਚ ਸੜਕਾਂ ਹੈ ਨਹੀਂ । (ਵਿਘਨ)

**ਇੱਕ ਆਵਾਜ਼ :** ਸੜਕਾਂ ਦੀ ਗਲ ਨਹੀਂ, ਇਹ ਟਿਊਬਵੈਲਾਂ ਦੀ ਗਲ ਹੈ ।

(ਵਿਘਨ)

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਮੈਂ ਉਧਰ ਹੀ ਆ ਰਿਹਾ ਹਾਂ । ਸਪੀਕਰ ਸਾਹਿਬ, ਅਜੇ 29% ਪਾਣੀ ਹੁਸ਼ਿਆਰਪੁਰ ਦੇ ਇਲਾਕੇ ਨੂੰ ਲਗਿਆ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਪਾਣੀ ਬੀਕਾਨੇਰ ਅਤੇ ਰਾਜਿਸਥਾਨ ਪਹੁੰਚਾਇਆ ਜਾ ਸਕਦਾ ਹੈ ਤਾਂ ਕੀ ਵਜ਼ੀਰ ਸਾਹਿਬ ਇਸ ਗਲ ਦਾ ਯਕੀਨ ਦੁਆਉਣਗੇ ਕਿ ਹਰ ਪਿੰਡ ਨੂੰ ਉਥੇ ਪਾਣੀ ਦਿਤਾ ਜਾਵੇਗਾ। ਜੇ ਉਥੇ ਪਹੁੰਚਾਇਆ ਜਾ ਸਕਦਾ ਹੈ ਤਾਂ ਕੰਡੀ ਦੇ ਏਰੀਆਂ ਵਿਚ ਵੀ ਪਹੁੰਚਾਇਆ ਜਾ ਸਕਦਾ ਹੈ । ਕੀ ਆਉਣ ਵਾਲੇ 2-3 ਸਾਲਾਂ ਵਿਚ ਹਰ ਪਿੰਡ ਨੂੰ ਸਿੰਜਾਈ ਵਾਸਤੇ ਪਾਣੀ ਦਿਤਾ ਜਾਵੇਗਾ ? ਇਸ ਗਲ ਦਾ ਕੋਈ ਯਕੀਨ ਦੁਆਉਣਗੇ ?

Original with;
Punjab Vidhan Sabha
Digitized by;
Panjab Digital Library

उप मन्त्री : स्पीकर साहिब, गवर्नमेंट का इरादा पुखता है। जितना पानी दे सकते हैं हम ने दिया है। Sub montane area में 3-4 साल में हम ने बहुत पानी दिया है।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਜਿਹੜਾ ਡਿਪਟੀ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਇਤਨੇ ਟਿਊਬਵੈਲ ਲਗ ਗਏ ਹਨ ਕੀ ਇਹ ਗਲ ਠੀਕ ਨਹੀਂ ਕਿ ਜਿਹੜੇ ਟਿਊਬਵੈਲ ਲਗੇ ਦਸੇ ਹਨ ਉਹ ਇਨ ਔਪਰੇਸ਼ਨ ਹਨ ਯਾਨੀ 50% ਹਨ ਜਿਥੇ ਕਿਧਰੇ ਕੋਈ ਇੰਜਨ ਕੰਪਲੀਟ ਨਹੀਂ, ਕਿਧਰੇ ਕੋਈ ਨਾਲਾ ਕੰਪਲੀਟ ਨਹੀਂ ?

ਦੂਸਰਾ ਮੇਰਾ ਸਪਲੀਮੈਂਟਰੀ ਇਹ ਹੈ ਕਿ ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੇ ਟਿਊਬਵੈਲ ਇਸ ਵੇਲੇ ਲਗੇ ਹਨ ਉਨ੍ਹਾਂ ਵਿਚੋਂ ਬਹੁਤ ਸਾਰੇ ਚਲ ਨਹੀਂ ਰਹੇ ਅਤੇ ਜਿਹੜੇ ਚਲ ਰਹੇ ਹਨ ਉਹ ਚੰਗੇ ਨਹੀਂ ਕੋਈ ਨਾ ਕੋਈ ਨੁਕਸ ਰਹਿੰਦਾ ਹੈ। ਇਸ ਦੀ ਕੀ ਵਜ੍ਹਾ ਹੈ ?

उप मन्त्री : स्पीकर साहिब, मशीनरी में गड़बड़ होती रहती है। जहां मशीनरी लगेगी उस में नुक्स भी पड़ सकता है लेकिन हमारी कोशिश जारी है कि कहीं नुक्स न रहे।

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜੇ ਟਿਊਬਵੈਲਜ਼ ਹਨ ਇਹ ਸਾਰੇ ਦੇ ਸਾਰੇ ਹੁਸ਼ਿਆਰਪੁਰੀਏ ਜਾਂ ਰੋਪੜੀਏ ਲਈ ਜਾਂਦੇ ਹਨ ਅਤੇ ਦੂਜੇ ਗੁਰਦਾਸਪੁਰ ਤਕ ਪੁੱਜੇ ਹੀ ਨਹੀਂ ? ਮੈਂ ਪੁੱਛਦਾ ਹਾਂ ਕਿ ਕੀ ਜੈਮਲਕੋਟ ਆਦਿ ਦਾ ਸਰਵੇ ਵੀ ਕੀਤਾ ਹੈ ਜਾਂ ਨਹੀਂ ?

**ਉੱਪ ਮੰਤਰੀ** : ਉਸ ਦਾ ਵੀ ਸਰਵੇ ਕਰਵਾ ਰਹੇ ਹਾਂ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ : 3403, 3481 ਅਤੇ 3401**

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਕੀਤੇ ਗਏ।)

---

**ਸਟੇਡੀਅਮ ਬਣਾਉਣ ਬਾਰੇ**

***3482. ਸਰਦਾਰ ਸੁਖਦੇਵ ਸਿੰਘ ਢੀਂਡਸਾ** : (ਸ੍ਰੀ ਪ੍ਰੇਮ ਗੁਪਤਾ ਵੱਲੋਂ ਪੇਸ਼ ਕੀਤਾ ਗਿਆ) ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਰਾਜ ਵਿੱਚ ਜ਼ਿਲ੍ਹਾ ਵਾਰ ਉਨ੍ਹਾਂ ਪਿੰਡਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਪੰਜਾਬ ਸਟੇਟ ਸਪੋਰਟਸ ਕੌਂਸਲ ਦੁਆਰਾ ਸਟੇਡੀਅਮ ਬਣਾਉਣ ਦਾ ਵਿਚਾਰ ਹੈ,

(ਅ) ਉਨ੍ਹਾਂ ਸਬੰਧੀ ਉਸਾਰੀ ਦਾ ਕੰਮ ਕਿਸ ਸਮੇਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

Original with:
Punjab Vidhan Sabha
Digitized by:
Panjab Digital Library

**ਸਰਦਾਰ ਉਮਰਾਓ ਸਿੰਘ** : ਸਪੋਰਟਸ ਕੌਂਸਲ ਕਿਸੇ ਪਿੰਡ ਵਿਚ ਸਟੇਡੀਅਮ ਨਹੀਂ ਬਣਾ ਰਹੀ ਜੀ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਬਸੰਤ ਦਾ ਦਿਹਾੜਾ ਹੈ । ਹਕੀਕਤ ਰਾਏ ਜੀ ਨੇ ਉਸ ਵੇਲੇ ਬੜੀ ਕੁਰਬਾਨੀ ਕੀਤੀ ।ਗਿਆਨੀ ਜੀ ਦੀ ਸਰਕਾਰ ਨੇ ਹਰ ਸ਼ਹੀਦ ਦੇ ਲਈ ਕੁਝ ਨਾ ਕੁਝ ਬਣਾਇਆ ਹੈ । ਕੀ ਹਕੀਕਤ ਰਾਏ ਵਾਸਤੇ ਵੀ ਕੁਝ ਕੀਤਾ ਜਾਏਗਾ ?

**ਸ੍ਰੀ ਸਪੀਕਰ** : ਇਹ ਤਾਂ ਸੈਕੂਲਰ ਸਰਕਾਰ ਹੈ ।

**ਮੰਤਰੀ** : ਸਪੀਕਰ ਸਾਹਿਬ, ਸ਼ਹੀਦਾਂ ਦਾ ਸਨਮਾਨ ਕਰਨ ਵਾਸਤੇ ਪੰਜਾਬ ਸਰਕਾਰ ਹਮੇਸ਼ਾਂ ਤਿਆਰ ਬਰ ਤਿਆਰ ਹੈ ਅਤੇ ਹਕੀਕਤ ਰਾਏ ਦੀ ਸ਼ਹੀਦੀ ਤਾਂ ਲਾ-ਮਿਸਾਲ ਹੈ। ਜੋ ਕੁਝ ਵੀ ਹੋ ਸਕਿਆ ਪੰਜਾਬ ਸਰਕਾਰ ਜ਼ਰੂਰ ਕਰੇਗੀ ।

**ਸਰਦਾਰ ਬੇਅੰਤ ਸਿੰਘ**: ਕੀ ਸਪੋਰਟਸ ਦੇ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਥੇ ਦੋ ਅਜੰਸੀਆਂ ਹਨ ਸਪੋਰਟਸ ਦੀਆਂ । ਇਕ ਤਾਂ ਸਪੋਰਟਸ ਡਿਪਾਰਟਮੈਂਟ ਅਤੇ ਦੂਜੀ ਖੇਡ ਪ੍ਰੀਸ਼ਦ । ਖੇਡ ਪ੍ਰੀਸ਼ਦ ਪਿੰਡਾਂ ਨੂੰ ਡੀਲ ਕਰਦੀ ਹੈ। ਕੀ ਇਨ੍ਹਾਂ ਦੋਨਾ ਦੀ ਕੁਆਰਡੀਨੇਸ਼ਨ ਕਰਕੇ ਇਹ ਵੇਖਣਗੇ ਕਿ ਸ਼ਹਿਰਾਂ ਨੂੰ ਛੱਡ ਕੇ ਪਿੰਡਾਂ ਵਿਚ ਚੰਗੇ ਸਟੇਡੀਅਮ ਬਣਾਏ ਜਾਣ ?

**ਮੰਤਰੀ** : ਮੈਂ ਤਾਂ ਅੱਗੇ ਹੀ ਦੱਸਿਆ ਹੈ ਕਿ ਸਟੇਡੀਅਮ ਰੋਪੜ, ਸੰਗਰੂਰ, ਲੁਧਿਆਣਾ ਬਠਿੰਡਾ, ਫਿਰੋਜ਼ਪੁਰ ਅਤੇ ਹੁਸ਼ਿਆਰਪੁਰ ਅਤੇ ਹੋਰ ਕਈ ਥਾਂਵਾਂ ਤੇ ਕੰਮ ਸ਼ੁਰੂ ਹੋ ਚੁੱਕਾ ਹੈ । ਲੁਧਿਆਣਾ ਔਰ ਸੰਗਰੂਰ ਦਾ ਕਾਫੀ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਹੋਣ ਵਾਲੇ ਹਨ । ਜਿੱਥੋਂ ਤਕ ਪਿੰਡਾਂ ਦਾ ਖ਼ਿਆਲ ਹੈ ਖੇਡ-ਪ੍ਰੀਸ਼ਦ ਕਾਫੀ ਅੱਛਾ ਕੰਮ ਕਰ ਰਹੀ ਹੈ । ਇਸ ਵਿਚ ਪੰਚਾਇਤ ਸੰਮਤੀਆਂ ਕਾਫੀ ਸਹਾਇਤਾ ਦੇ ਰਹੀਆਂ ਹਨ। ਅਸੀਂ ਸਾਰੇ ਯਤਨ ਕਰ ਰਹੇ ਹਾਂ ਪੰਜਾਬ ਨੂੰ ਅੱਗੇ ਲਿਜਾਣ ਦੇ ।

**ਸਰਦਾਰ ਗੁਰਬਚਨ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹੈ ਕਿ ਦਸੂਹੇ ਵਿਚ ਇਨ੍ਹਾਂ ਨੇ ਇਲਾਨ ਕੀਤਾ ਸੀ ਕਿ ਇਥੇ ਸਟੇਡੀਅਮ ਬਣਵਾਂਗੇ ਅਤੇ ਉਸ ਦੇ ਲਈ ਜ਼ਮੀਨ ਵੀ ਲਈ ਸੀ । ਪਰ ਜਿਹੜਾ ਆਦਮੀ ਪਹਿਲੋਂ ਜ਼ਮੀਨ ਵਾਹੁੰਦਾ ਸੀ ਉਸ ਨੇ ਫਿਰ ਸ਼ੁਰੂ ਕਰ ਦਿਤੀ ਹੈ । ਮੈਂ ਪੁੱਛਦਾ ਹਾਂ ਕਿ ਇਸ ਦਾ ਕੀ ਕਾਰਣ ਹੈ ਔਰ ਉਥੇ ਸਟੇਡੀਅਮ ਕਦੋਂ ਬਣਗਾ ?

**ਰਾਜ ਮੰਤਰੀ ਵਿਕਾਸ** (ਸਰਦਾਰ ਸੰਤੋਖ ਸਿੰਘ ਰੰਧਾਵਾ) : ਸਪੀਕਰ ਸਾਹਿਬ ਉਸ ਦੇ ਲਈ ਖੇਡ ਪ੍ਰੀਸ਼ਦ ਵਲੋਂ ਪੈਸੇ ਭੇਜ ਦਿੱਤੇ ਹਨ, ਜ਼ਮੀਨ ਲੈ ਲਈ ਹੈ ਅਤੇ ਕੰਮ ਬਹੁਤ ਜਲਦੀ ਸ਼ੁਰੂ ਕਰ ਦਿੱਤਾ ਜਾਏਗਾ ।

**ਸਰਦਾਰ ਸੁਰਜੀਤ ਸਿੰਘ ਅਟਵਾਲ**: ਸਪੀਕਰ ਸਾਹਿਬ, ਕਈ ਦਫਾ ਕਈ ਕਿਸਮ ਦੀਆਂ ਸਪੋਰਟਸ ਵੇਖਣ ਵਾਸਤੇ ਮੰਤਰੀ ਸਾਹਿਬ ਇੰਗਲੈਂਡ ਵਗੈਰਾ ਜਾਂਦੇ ਹਨ । ਕੀ ਉਹ ਪੰਜਾਬ ਦੇ ਪਿੰਡਾਂ ਵਿਚ ਕਿ ਕਿਥੇ ਸਟੇਡੀਅਮ ਬਣ ਸਕਦਾ ਹੈ ਕਿਥੇ ਨਹੀਂ ਇਹ ਵੇਖਣ ਵਾਸਤੇ ਕਦੇ ਇਨ੍ਹਾਂ ਨੂੰ ਟਾਇਮ ਮਿਲਿਆਂ ਹੈ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਇਹ ਸਟੇਡੀਅਮ ਬਣਾਉਣ ਵਾਸਤੇ ਸੁਆਲ ਹੈ ਵੇਖਣ ਵਾਸਤੇ ਨਹੀਂ (ਵਿਘਨ)

**ਮੰਤਰੀ** : ਸਪੀਕਰ ਸਾਹਿਬ, ਇਹ ਆਪ ਤਾਂ ਦਿੱਲੀ ਵਿਚ ਰਹਿੰਦੇ ਹਨ, ਜੇ ਪੰਜਾਬ ਵਿਚ ਹੋਣ ਤਾਂ ਇਨ੍ਹਾਂ ਨੂੰ ਪਤਾ ਲੱਗੇ।

**ਸ਼੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ ਲੁਧਿਆਣਾ ਦਾ ਜਿਹੜਾ ਸਟੇਡੀਅਮ ਹੈ ਉਹ ਤਕਰੀਬਨ ਮੁਕੰਮਲ ਹੋ ਚੁੱਕਾ ਹੈ ਅਤੇ ਥੋੜ੍ਹਾ ਜਿਹਾ ਰਹਿੰਦਾ ਹੈ। ਉਸ ਦੇ ਲਈ ਜਿਹੜੇ ਪੈਸੇ ਦਰਕਾਰ ਸਨ, ਜਿਹੜੇ ਪੰਜਾਬ ਸਰਕਾਰ ਨੇ ਖ਼ਰਚ ਕੀਤੇ ਉਸ ਤੋਂ ਇਲਾਵਾ, ਗੌਰਮਿੰਟ ਨੇ ਕਿਹਾ ਸੀ ਕਿ ਤੁਸੀਂ ਖਰਚ ਕਰ ਦਿਉ ਅਸੀਂ ਹੋਰ ਦੇ ਦੇਵਾਂਗੇ ਪਰ ਹਾਲੇ ਤਕ ਪੈਸੇ ਨਹੀਂ ਮਿਲੇ ਅਤੇ ਉਹ ਹਾਲੇ ਤਕ ਇਨਕੰਪਲੀਟ ਪਿਆ ਹੈ। ਮੈਂ ਪੁੱਛਦਾ ਹਾਂ ਕਿ ਕੀ ਉਸ ਨੂੰ ਕੰਪਲੀਟ ਕਰਨ ਵਾਸਤੇ ਮੰਤਰੀ ਸਾਹਿਬ ਹੋਰ ਪੈਸੇ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਲੁਧਿਆਣਾ ਨੂੰ ਅੱਗੇ ਕਾਫੀ ਪੈਸਾ ਦਿੱਤਾ ਹੈ, ਤਕਰੀਬਨ 3 ਲੱਖ ਰੁਪਏ ਦਿੱਤੇ ਹਨ ਅਤੇ ਸਟੇਡੀਅਮ ਕਾਫੀ ਕੰਪਲੀਟ ਹੋ ਚੁੱਕਾ ਹੈ। ਉਥੇ ਬੈਡਮਿੰਟਨ ਹਾਲ ਵੀ ਬਣਾਇਆ ਹੈ ਅਗਰ ਹੋਰ ਪੈਸੇ ਦੀ ਲੋੜ ਪਈ ਤਾਂ ਉਹ ਵੀ ਦੇਵਾਂਗੇ ਅਤੇ ਉਥੇ ਹੋਸਟਲ ਵਾਸਤੇ ਵੀ ਅਸੀਂ ਪੈਸੇ ਦੇ ਰਹੇ ਹਾਂ।

**ਸਰਦਾਰ ਸਾਧੂ ਸਿੰਘ** : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਸੁਲਤਾਨ ਪੁਰ ਲੋਧੀ ਵਿਚ ਅਨਾਊਂਸ ਕਰਕੇ ਆਏ ਹਨ ਕਿ ਉਥੇ ਸਟੇਡੀਅਮ ਬਣਾਵਾਂਗੇ, ਪਰ ਅਜੇ ਤੱਕ ਨਹੀਂ ਬਣਿਆ। ਇਹ ਕਦੋਂ ਤਕ ਬਣ ਜਾਵੇਗਾ (ਵਿਘਨ)

**ਸ਼੍ਰੀ ਸਪੀਕਰ** : ਕੌਣ ਕਰਕੇ ਆਏ ਹਨ ਅਨਾਊਂਸਮੈਂਟ ?

**ਸਰਦਾਰ ਸਾਧੂ ਸਿੰਘ** : ਗਿਆਨੀ ਜੀ ਔਰ ਸਰਦਾਰ ਉਮਰਾਓ ਸਿੰਘ ਜੀ ਅਨਾਊਂਸ ਕਰਕੇ ਆਏ ਹਨ ਜੀ।

**ਮੰਤਰੀ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅਸੀਂ ਐਸੀਆਂ ਥਾਵਾਂ ਲਈ ਵਿਚਾਰ ਕਰ ਰਹੇ ਹਾਂ ਅਤੇ ਇਹ ਸਾਲ ਜਿਹੜਾ ਚੱਲ ਰਿਹਾ ਹੈ ਇਸ ਕੰਮ ਲਈ 10 ਲੱਖ ਰੁਪਿਆ ਮਿਲਿਆ ਹੈ।

**ਸਰਦਾਰ ਸੁਰਜੀਤ ਸਿੰਘ ਅਟਵਾਲ** : ** ** ** (ਵਿਘਨ)

**ਵਿਦਿਆ ਮੰਤਰੀ** : ** ** ** ** **

**Mr. Speaker** : These words are not in good taste. These should not form part of the proceedings.

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਇਹ ਮਨਿਸਟਰ ਸਾਹਿਬ ਗਹਿਰੀ ਦਿਲਚਸਪੀ ਲੈਂਦੇ ਹਨ ਖੇਡਾਂ ਵਿਚ, ਅਤੇ ਕਈ ਬਾਹਰਲੇ ਮੁਲਕਾਂ ਵਿਚ ਜਾ ਆਏ ਹਨ ਇਸ ਸਿਲਸਿਲੇ ਵਿਚ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਾਹਲਪੁਰ ਤਕੜਾ ਸੈਂਟਰ ਹੈ ਸਪੋਰਟਸ ਦਾ ਅਤੇ ਖਾਸ ਕਰਕੇ ਫੁਟਬਾਲ ਦਾ ਅੱਛਾ ਸੈਂਟਰ ਹੈ। ਉਥੇ ਕਾਲਜ ਨੇ ਪ੍ਰਬੰਧ ਕਰਕੇ ਸਟੇਡੀਅਮ ਦੀ ਉਸਾਰੀ ਸ਼ੁਰੂ ਕੀਤੀ ਹੋਈ ਹੈ ਜ਼ਮੀਨ ਵੀ ਤਿਆਰ ਹੈ ਉਨ੍ਹਾਂ ਕੋਲ। ਕੀ ਇਹ ਪੱਲਾ ਝਾੜਨਗੇ ਤਾਂ ਕਿ ਉਹ ਜਲਦੀ ਪੂਰਾ ਹੋ ਸਕੇ ?

**ਵਿਦਿਆ ਮੰਤਰੀ** : ਸਪੀਕਰ ਸਾਹਿਬ, ਮੈਂ ਵੀ ਉਥੇ ਗਿਆ ਸਾਂ ਅਤੇ ਤੁਸੀਂ ਵੀ ਤਸ਼ਰੀਫ ਲੈ ਗਏ ਸੀ। (ਵਿਘਨ)

**ਸ੍ਰੀ ਸਪੀਕਰ** : ਹਾਂ, ਮੈਂ ਵੀ ਗਿਆ ਸੀ।

**ਮੰਤਰੀ** : ਕਾਲਜ ਵਾਲਿਆਂ ਨੂੰ ਕਿਹਾ ਕਿ ਜਗਾ ਸਪੋਰਟਸ ਡਿਪਾਰਟਮੈਂਟ ਨੂੰ ਦੇ ਦਿਓ ਤਾਂ ਕਿ ਉਹ ਸਟੇਡੀਅਮ ਬਣਾ ਲੈਣ, ਪਰ ਉਸ ਕਾਲਜ ਦੀ ਜਿਹੜੀ ਮੈਨੇਜਮੈਂਟ ਹੈ ਉਹ ਮੰਨੀ ਨਹੀਂ। ਇਸ ਕਰਕੇ ਸਪੋਰਟਸ ਕੌਂਸਲ ਵਾਲੇ ਉਹ ਸਟੇਡੀਅਮ ਨਹੀਂ ਬਣਾ ਸਕਦੇ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਸਵਾਲ ਦਾ ਜੁਆਬ ਦਿੰਦਿਆਂ ਵਜ਼ੀਰ ਸਾਹਿਬ ਨੇ ਕੁਝ ਜ਼ਿਲ੍ਹਿਆਂ ਦਾ ਜ਼ਿਕਰ ਕੀਤਾ ਹੈ। ਜਿਹੜੇ ਰਹਿ ਗਏ ਹਨ ਉਥੇ ਵੀ ਸਰਕਾਰ ਦੀ ਸਟੇਡੀਅਮ ਬਣਾਉਣ ਦੀ ਕਈ ਪ੍ਰਪੋਜ਼ਲ ਹੈ ?

**ਮੰਤਰੀ** : ਪੰਜਾਬ ਸਰਕਾਰ ਦੀ ਪਰਪੋਜ਼ਲ ਹੈ ਕਿ ਹਰ ਜ਼ਿਲ੍ਹਾ ਹੈਡ ਕਵਾਟਰ ਤੇ ਸਟੇਡੀਅਮ ਬਣ ਜਾਏ।

**ਚੌਧਰੀ ਜਗਤ ਰਾਮ** : ਸਪੀਕਰ ਸਾਹਿਬ ਤਰਨਤਾਰਨ ਵਿੱਚ ਚੀਫ ਮਨਿਸਟਰ ਸਾਹਿਬ, ਇਲਾਨ ਕਰਕੇ ਆਏ ਸਨ ਕਿ ਇਥੇ ਪੰਜਾਬ ਸਰਕਾਰ ਸਟੇਡੀਅਮ ਬਣਾਏਗੀ, ਪਰ ਕੀ ਵਜ੍ਹਾ ਹੈ ਕਿ ਬਾਵਜੂਦ ਇਲਾਨ ਦੇ ਉਥੇ ਨਹੀਂ ਬਣਾਇਆ ਗਿਆ।

**ਮੰਤਰੀ** : ਤਰਨਤਾਰਨ ਦਾ ਪ੍ਰੋਜੈਕਟ ਤਿਆਰ ਹੋ ਰਿਹਾ ਹੈ। ਉਥੇ ਦੀ ਕਮੇਟੀ ਨੇ ਜ਼ਮੀਨ ਔਰ ਪੈਸੇ ਦੇਣ ਦਾ ਵਿਚਾਰ ਕੀਤਾ ਹੈ ਅਸੀਂ ਵੀ ਵਿਚਾਰ ਕਰ ਰਹੇ ਹਾਂ।

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਜਿੰਨਾ ਪੈਸਾ ਹੈ ਲੁਧਿਆਣਾ ਵਿਚ ਸੁੱਟੀ ਜਾਂਦੇ ਹਨ ਭਾਵੇਂ ਇੰਡਸਟਰੀ ਹੋਵੇ ਭਾਵੇਂ ਸਟੇਡੀਅਮ ਹੋਵੇ ਕੀ ਗੁਰਦਾਸਪੁਰ ਜ਼ਿਲੇ ਦਾ ਵੀ ਖਿਆਲ ਕਰਨਗੇ ਅਤੇ ਇਹ ਜਿਹੜਾ ਵੀ ਪੈਸਾ ਹੁੰਦਾ ਹੈ ਜ਼ਿਲੇ ਵਾਰ ਬਰਾਬਰ ਬਰਾਬਰ ਤਕਸੀਮ ਕਰਨ ਦੀ ਕ੍ਰਿਪਾਲਤਾ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਪਠਾਨਕੋਟ ਦੀ ਗੱਲ ਜਿਹੜੀ ਹੈ, ਉਸ ਵਾਸਤੇ ਤਾਂ ਮੈਂ 25,000 ਰੁਪਿਆ ਦੇ ਆਇਆਂ ਹਾਂ, ਹੁਣੇ ਹੀ ਪਿਛੇ ਜਿਹੇ ਦੇ ਕੇ ਆਇਆ ਹਾਂ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਕਨੇਡੀਅਨ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਮਾਹਿਲਪੁਰ ਫੁਟਬਾਲ ਦਾ ਇਕ ਬਹੁਤ ਵੱਡਾ ਕੇਂਦਰ ਹੈ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਮੈਨੇਜਿੰਗ ਕਮੇਟੀ ਉਸ ਜ਼ਮੀਨ ਦਾ ਇੰਤਕਾਲ ਸਪੋਰਟਸ ਕੌਂਸਿਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਦੇ ਨਾਂ ਕਰਨ ਨੂੰ ਤਿਆਰ ਨਹੀਂ ਹੈ । ਇਸ ਗੱਲ ਦੀ ਰੌਸ਼ਨੀ ਵਿਚ ਕਿ ਮਾਹਿਲਪੁਰ ਫੁੱਟਬਾਲ ਦਾ ਬਹੁਤ ਬੜਾ ਕੇਂਦਰ ਹੈ, ਇਸ ਕਰਕੇ ਜੇ ਮਨੇਜਿੰਗ ਕਮੇਟੀ ਨਹੀਂ ਮੰਨਦੀ ਤਾਂ ਸਬੰਧਤ ਰੂਲ ਨੂੰ ਸਸਪੈਂਡ ਕਰਨ ਤੋਂ ਬਾਅਦ ਸਟੇਡੀਅਮ ਬਣਾਉਣ ਲਈ ਕਿਉਂ ਪੈਸੇ ਨਹੀਂ ਦਿੰਦੇ, ਇਸ ਦੇ ਵਿਚ ਲੋਕਾਂ ਦਾ ਫਾਇਦਾ ਹੈ ।

**ਸ੍ਰੀ ਸਪੀਕਰ** : ਤੁਸੀਂ ਸਵਾਲ ਕਰੋ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਇਸ ਕੰਡੀਸ਼ਨ ਨੂੰ ਰਿਲੈਕਸ ਕਰਕੇ, ਰੂਲ ਨੂੰ ਸਸਪੈਂਡ ਕਰਕੇ ਮਾਹਿਲਪੁਰ ਵਾਸਤੇ ਸਟੇਡੀਅਮ ਵਾਸਤੇ ਪੈਸੇ ਕਿਉਂ ਨਹੀਂ ਦਿੱਤੇ ਜਾਂਦੇ ?

**ਵਿਦਿਆ ਮੰਤਰੀ** : ਇਹ ਸਪਲੀਮੈਂਟਰੀ ਸਵਾਲ ਕਨੇਡੀਅਨ ਸਾਹਿਬ ਵੀ ਕਰ ਸਕਦੇ ਸਨ, ਲੋਕਾਂ ਨੇ ਮੈਨੂੰ ਵੀ ਕਿਹਾ ਅਤੇ ਮਨੇਜਿੰਗ ਕਮੇਟੀ ਨੂੰ ਵੀ ਕਿਹਾ ਪਰ ਮਨੇਜਿਗ ਕਮੇਟੀ ਜ਼ਮੀਨ ਦੇਣ ਨੂੰ ਤਿਆਰ ਨਹੀਂ ਹੋਈ । ਉਸ ਮਨੇਜਿੰਗ ਕਮੇਟੀ ਨੇ ਉਥੇ ਆਪਣਾ ਸਟੇਡੀਅਮ ਬਣਾਉਣਾ ਸ਼ੁਰੂ ਕਰ ਦਿੱਤਾ, ਕੁਝ ਪੈਸਾ ਉਨ੍ਹਾਂ ਕੋਲ ਬਾਹਰੋਂ ਆਇਆ ਸੀ ਅਤੇ ਕੁਝ ਉਥੇ ਇਕੱਠਾ ਕਰ ਲਿਆ । ਜੇ ਜ਼ਮੀਨ ਦੇ ਇੰਤਕਾਲ ਵਾਲੀ ਗੱਲ ਵੀ ਸਿਰੇ ਨਾ ਚੜ੍ਹੀ ਤਾਂ ਕੋਈ ਨਾ ਕੋਈ ਹੋਰ ਵਾਇਆ ਮੀਡੀਆ ਕੱਢ ਕੇ ਸਟੇਡੀਅਮ ਬਣਾਉਣ ਦਾ ਯਤਨ ਕਰਾਂਗੇ, ਮਾਹਿਲਪੁਰ ਫੁੱਟਬਾਲ ਦੀ ਨਰਸਰੀ ਮੰਨੀ ਜਾਂਦੀ ਹੈ ।

**ਚੌਧਰੀ ਦਰਸ਼ਨ ਸਿੰਘ**: ਸਵਾਲ ਨੰ: 3483

Mr. Speaker : My permission is necessary. ਜੇ ਮਨਿਸਟਰ ਸਾਹਿਬ ਜੁਆਬ ਦੇਣ ਨੂੰ ਤਿਆਰ ਹੋਣਗੇ ਤਾਂ ਮੈਂ ਡਾਇਰੈਕਟ ਕਰਾਂਗਾਂ ।

**ਵਿਦਿਆ ਮੰਤਰੀ** : ਜ਼ਵਾਬ ਤੇ ਤਾਂ ਡਿਪੈਂਡ ਨਹੀਂ ਕਰਦਾ, ਮੈਂਬਰ ਸਾਹਿਬ ਕੋਲ ਅਥਾਰਿਟੀ ਵੀ ਹੋਣੀ ਚਾਹੀਦੀ ਹੈ ।

Mr. Speaker : My permission is necessary.

**ਚੌਧਰੀ ਦਰਸ਼ਨ ਸਿੰਘ** : ਤੁਸੀਂ ਪਰਮਿਸ਼ਨ ਤਾਂ ਦੇ ਦਿੱਤੀ ਹੈ ।

**ਸ੍ਰੀ ਸਪੀਕਰ** : ਪਰਮਿਸ਼ਨ ਅਜੇ ਨਹੀਂ ਦਿੱਤੀ ਗਈ । ਅਗਰ ਗਵਰਨਮੈਂਟ ਜਵਾਬ ਦੇਣ ਨੂੰ ਤਿਆਰ ਹੋਵੇਗੀ ਤਾਂ ਪਰਮਿਸ਼ਨ ਦਿੱਤੀ ਜਾ ਸਕਦੀ ਹੈ ।

**ਚੌਧਰੀ ਦਰਸ਼ਨ ਸਿੰਘ** : It is with the permission of the Chair. ਜੇ ਚੇਅਰ ਪਰਮਿਸ਼ਨ ਦੇ ਦੇਵੇ ਗਵਰਨਮੈਂਟ ਜ਼ਰੂਰ ਜਵਾਬ ਦੇਵਗੀ । It is already laid down on the Table. ਗਵਰਨਮੈਂਟ ਕਿਸ ਤਰ੍ਹਾਂ ਡਿਨਾਈ ਕਰ ਸਕਦੀ ਹੈ ।

**Mr. Speaker** : I have directed.

Original with;
Punjab Vidhan Sabha
Digitized by;
Panjab Digital Library

**ਰਾਜ ਵਿੱਚ ਸਪੋਰਟਸ ਬਾਡੀਜ਼ ਲਈ ਵਿੱਤੀ ਸਹਾਇਤਾ**

3483. **ਸਰਦਾਰ ਸੁਖਦੇਵ ਸਿੰਘ ਢੀਂਡਸਾ** (ਚੌਧਰੀ ਦਰਸ਼ਨ ਸਿੰਘ ਵਲੋਂ ਪੇਸ਼ ਕੀਤਾ ਗਿਆ) : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1974 ਅਤੇ 1975 ਦੇ ਦੌਰਾਨ ਰਾਜ ਵਿਚ ਵੱਖ ਵੱਖ ਸਪੋਰਟਸ ਬਾਡੀਜ਼ ਨੂੰ ਕਿੰਨੀ ਕਿੰਨੀ ਵਿੱਤੀ ਸਹਾਇਤਾ ਦਿੱਤੀ ਗਈ ਅਤੇ ਉਸ ਦਾ ਵੇਰਵਾ ਕੀ ਹੈ ?

**ਸਰਦਾਰ ਉਮਰਾਓ ਸਿੰਘ** : ਸਾਲ 1974 ਅਤੇ 1975 ਵਿਚ ਪੰਜਾਬ ਸਟੇਟ ਸਪੋਰਟਸ ਕੌਂਸਲ ਵੱਲੋਂ ਵੱਖ 2 ਸਪੋਰਟਸ ਬਾਡੀਜ਼ ਨੂੰ ਰੁਪਏ 2,05,649-90 ਅਤੇ ਰੁਪਏ 1,95, 488-30 ਕਰਮਵਾਰ ਬਤੌਰ ਵਿੱਤੀ ਸਹਾਇਤਾ ਦਿੱਤੇ ਗਏ ਹਨ । ਇਨ੍ਹਾਂ ਦਾ ਵਿਵਰਨ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

**Statement showing the grants to Associations/Bodies given by the Punjab State Sports Council during the Year 1974.**

| Name of the Association/Body | | Amount | Purpose |
|---|---|---|---|
| Punjab Badminton Association | .. | 10,000-00 | Holding of National and Indo-Malaysian Badminton Test Match. |
| Pepsu Women Hockey Association | .. | 14,539-00 | Participation in National and Junior National Championship. Holding State Championship. |
| Punjab Women Cricket Association | .. | 4,516-00 | Participation in National and Holding State Championship. |
| Punjab Basketball Association | .. | 8,769-65 | Participation in National and Holding State Championship. |
| Punjab Kho-Kho Association | .. | 8,360-00 | Holding National Championship. |
| Patiala Union Hockey Association | .. | 2,129-00 | Participation in National. |
| Punjab Table Tennis Association | .. | 8,250-00 | For Holding Coaching Camp. Participation in National & Holding State Championship. |
| Punjab Rifle Association | .. | 5,608-00 | Participation in Asian Games and National Championship. |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| Punjab Cricket Association | .. | 13,079-75 | Participation in Ranji Trophy Match and Holding of West Indies and North Zone Cricket Match. |
| Indian Olympic Association | .. | 34,200-00 | For participation in Asian Games. |
| Punjab Swimming Association | .. | 9,773-50 | Participation in National and Holding State Championship. |
| Punjab Women Hockey Association | .. | 39,136-00 | For World Cup and State Championship. |
| Punjab Football Association | .. | 3,000-00 | Holding State Championship. |
| Punjab Amateur Athletic Association | .. | 13,492-00 | Participation in National Cross Country and in National. |
| Punjab Volleyball Association | .. | 3,915-00 | Participation in National. |
| Punjab Weight Lifting Association | .. | 8,879-00 | Holding National and Participation in National Championship and Junior National also. |
| Punjab Kabaddi Association | .. | 6,144-00 | Participation in National State Championship. |
| Punjab Boxing Association | .. | 1,859-00 | Participation in National Championship |
| Punjab State Lawn Tennis Association | .. | 10,000-00 | For the promotion of Games. |
| Total | .. | 2,05,649-90 | |

Original with;
Punjab Vidhan Sabha
Digitized by;
Panjab Digital Library

## Statement for 1975

| Name of the Association/Body | | Amount | Purpose |
|---|---|---|---|
| Punjab Badminton Association | .. | 18,000-00 | Participation in National and North Zone Inter State Championship. |
| Pepsu Women Hockey Association | .. | 11,311-00 | Participation in National and State Championship, |
| Punjab Basketball Association | .. | 17,316-00 | Participation in North Zone State Championship. |
| Patiala Union Hockey Association | .. | 2,500-00 | Participation in Nationals. |
| Punjab Table Tennis Association | .. | 14,231-80 | Participation in North Zone Inter State Championship and State Championship. |
| Punjab Cricket Association | .. | 5,000-00 | Participation in Nationals. |
| Punjab Swimming Association | .. | 18,678-50 | For State Championship and Indo-Cylon Meet. |
| Punjab Women Hockey Association | .. | 10,686-00 | Participation in National and State Championship. |
| Punjab Amateur Athletic Association | .. | 19,000-00 | Participation in National and State Championship. |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| Punjab Volleyball Association | .. | 5,000-00 | Participation in National. |
| Punjab Weight Lifting Association | .. | 8,441-00 | Participation in National. |
| Punjab Lawn Tennis Association | .. | 15,000-00 | Participation in National and Indo-Thailand Devis Cup. |
| Punjab Gymnastic Association | .. | 7,542-00 | Participation in National. |
| Punjab Boxing Association | .. | 2,800-00 | Participation in National and State Championship. |
| Punjab Wrestling Association | .. | 16,556-00 | Participation in National and State Championship. |
| Patiala Union Wrestling Association | .. | 3,294-00 | Participation in National. |
| All Indian Women Hockey Association | .. | 9,332-00 | For World Cup. |
| Chandigarh Cricket Association | .. | 4,000-00 | Participation in Ranji Trophy Match. |
| Punjab Kabaddi Association | .. | 4,800-00 | Participation in National. |
| President Punjab & Haryana Hockey Association | .. | 1,000-00 | Holding Seminars. |
| Secretary Chandigarh Athletic Association | .. | 1,000-00 | Participation in National. |
| Total | .. | 1,95,483-30 | |

Original with;
Punjab Vidhan Sabha
Digitized by;
Panjab Digital Library

**ਸਾਲ 1974 ਵਿਚ ਪੰਜਾਬ ਸਪੋਰਟਸ ਕੌਂਸਲ, ਵੱਲੋਂ ਦਿਤੀਆਂ ਗਈਆਂ ਗਰਾਂਟਾਂ ਦਾ ਵੇਰਵਾ ।**

| ਐਸੋਸੀਏਸ਼ਨ ਦਾ ਨਾਮ | ਰਕਮ | ਮੰਤਵ |
|---|---|---|
| ਪੰਜਾਬ ਬੈਡਮਿੰਟਨ ਐਸੋਸੀਏਸ਼ਨ | 10,000.00 | ਇੰਡੋਮਲੇਸ਼ਿਅਨ ਬੈਡਮਿਨਟਨ ਮੈਚ ਦੇ ਸਬੰਧ ਵਿਚ |
| ਪੈਪਸੂ ਵੂਮੈਨ ਹਾਕੀ ਐਸੋਸੀਏਸ਼ਨ | 14,539.00 | ਨੈਸ਼ਨਲ ਭਾਗ ਲੈਣ ਲਈ ਅਤੇ ਜੂਨੀਅਰ ਵਿਚ ਭਾਗ ਲੈਣ ਲਈ ਅਤੇ ਚੈਂਪੀਅਨਸ਼ਿਪ ਕਰਾਉਣ ਲਈ । |
| ਪੰਜਾਬ ਵੂਮੈਨ ਕ੍ਰਿਕਟ ਐਸੋਸੀਏਸ਼ਨ | 4,516.00 | ਨੈਸ਼ਨਲ ਅਤੇ ਸਟੇਟ ਚੈਂਪੀਅਨਸ਼ਿਪ ਵਿਚ ਭਾਗ ਲੈਣ ਲਈ । |
| ਪੰਜਾਬ ਬਾਸਕਿਟਬਾਲ ਐਸੋਸੀਏਸ਼ਨ | 8,769.65 | ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਸਟੇਟ ਚੈਂਪੀਅਨਸ਼ਿਪ ਕਰਾਉਣ ਲਈ । |
| ਪੰਜਾਬ ਖੋਹ ਖੋਹ ਐਸੋਸੀਏਸ਼ਨ | 8,360.00 | ਨੈਸ਼ਨਲ ਚੈਂਪੀਅਨਸ਼ਿਪ ਕਰਾਉਣ ਲਈ । |
| ਪਟਿਆਲਾ ਯੂਨੀਅਨ ਹਾਕੀ ਐਸੋਸੀਏਸ਼ਨ | 2,129.00 | ਨੈਸ਼ਨਲ ਵਿਚ ਭਾਗ ਲੈਣ ਲਈ । |
| ਪੰਜਾਬ ਟੇਬਲ ਟੈਨਿਸ ਐਸੋਸੀਏਸ਼ਨ | 8,250.00 | ਕੋਚਿੰਗ ਕੈਂਪ ਲਗਾਉਣ ਸਬੰਧੀ ਅਤੇ ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਸਟੇਟ ਚੈਂਪੀਅਨਸ਼ਿਪ ਕਰਾਉਣ ਲਈ । |
| ਪੰਜਾਬ ਰਾਇਫਲ ਐਸੋਸੀਏਸ਼ਨ | 5,608.00 | ਨੈਸ਼ਨਲ ਅਤੇ ਏਸ਼ੀਅਨ ਗੇਮ ਵਿਚ ਭਾਗ ਲੈਣ ਲਈ । |
| ਪੰਜਾਬ ਕ੍ਰਿਕਟ ਐਸੋਸੀਏਸ਼ਨ | 13,079.75 | ਰਾਂਜੀ ਟਰੋਫੀ ਵਿਚ ਭਾਗ ਲੈਣ ਲਈ ਅਤੇ ਵੈਸਟ ਇੰਡੀਜ਼ ਅਤੇ ਨੋਰਥ ਜ਼ੋਨ ਵਿਚ ਕ੍ਰਿਕਟ ਮੈਚ ਕਰਾਉਣ ਲਈ । |

Original with;
Punjab Vidhan Sabha
Digitized by;
Panjab Digital Library

| | | |
|---|---|---|
| ਇੰਡੀਅਨ ਓਲੰਪਿਕ ਐਸੋਸੀਏਸ਼ਨ | 34,200.00 | ਏਸ਼ੀਅਨ ਗੇਮ ਵਿਚ ਭਾਗ ਲੈਣ ਲਈ । |
| ਪੰਜਾਬ ਸਵਿਮਿੰਗ ਐਸੋਸੀਏਸ਼ਨ | 9,773.50 | ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਸਟੇਟ ਚੈਂਪੀਅਨਸ਼ਿਪ ਕਰਾਉਣ ਲਈ । |
| ਪੰਜਾਬ ਵੂਮੈਨ ਹਾਕੀ ਐਸੋਸੀਏਸ਼ਨ | 39,136.00 | ਸਟੇਟ ਚੈਂਪੀਅਨਸ਼ਿਪ ਲਈ ਅਤੇ ਵਰਲਡ ਕੱਪ ਵਿਚ ਭਾਗ ਲੈਣ ਲਈ । |
| ਫੁਟਬਾਲ ਐਸੋਸੀਏਸ਼ਨ ਪੰਜਾਬ | 3,000.00 | ਸਟੇਟ ਚੈਂਪੀਅਨਸ਼ਿਪ ਕਰਵਾਉਣ ਲਈ । |
| ਪੰਜਾਬ ਐਮਚਿਓਰ ਐਥਲੈਟਿਕ ਐਸੋਸੀਏਸ਼ਨ | 13,492.00 | ਨੈਸ਼ਨਲ ਕਰਾਸ ਕੰਟਰੀ ਅਤੇ ਨੈਸ਼ਨਲ ਵਿਚ ਭਾਗ ਲੈਣ ਲਈ । |
| ਪੰਜਾਬ ਬਾਲੀਬਾਲ ਐਸੋਸੀਏਸ਼ਨ | 3,915.00 | ਨੈਸ਼ਨਲ ਵਿਚ ਭਾਗ ਲੈਣ ਲਈ । |
| ਪੰਜਾਬ ਵੇਟ ਲਿਫਟਿੰਗ ਐਸੋਸੀਏਸ਼ਨ | 8,879.00 | ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਨੈਸ਼ਨਲ ਕਰਵਾਉਣ ਲਈ । |
| ਕਬੱਡੀ ਐਸੋਸੀਏਸ਼ਨ ਪੰਜਾਬ | 6,144.00 | ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਸਟੇਟ ਚੈਂਪੀਅਨਸ਼ਿਪ ਲਈ । |
| ਬੋਕਸਿੰਗ ਐਸੋਸੀਏਸ਼ਨ | 1,859.00 | ਨੈਸ਼ਨਲ ਵਿਚ ਭਾਗ ਲੈਣ ਲਈ । |
| ਪੰਜਾਬ ਸਟੇਟ ਲਾਨ ਟੈਨਿਸ ਐਸੋਸੀਏਸ਼ਨ | 10,000.00 | ਖੇਡਾਂ ਦੀ ਉੱਨਤੀ ਲਈ । |
| ਕੁਲ ਜੋੜ | 2,05,649.90 | |

Original with;
Punjab Vidhan Sabha
Digitized by;
Panjab Digital Library

ਵੇਰਵਾ ਸਾਲ 1975

| ਐਸੋਸੀਏਸ਼ਨ ਦਾ ਨਾਮ | ਰਕਮ | ਮੰਤਵ |
|---|---|---|
| ਪੰਜਾਬ ਬੈਡਮਿਨਟਨ ਐਸੋਸੀਏਸ਼ਨ | 18,000-00 | ਨੈਸ਼ਨਲ ਵਿਚ ਭਾਗ ਲੈਣ ਲਈ ਅੰਤਰ ਰਾਜੀ ਚੈਂਪੀਅਨਸ਼ਿਪ ਲਈ |
| ਪੇਪਸੂ ਵੂਮੈਨ ਹਾਕੀ ਐਸੋਸੀਏਸ਼ਨ | 11,311-00 | ਨੈਸ਼ਨਲ ਵਿਚ ਭਾਗ ਲੈਣ ਲਈ ਸਟੇਟ ਚੈਂਪੀਅਨਸ਼ਿਪ ਕਰਵਾਉਣ ਲਈ |
| ਪੰਜਾਬ ਬਾਸਕਿਟਬਾਲ ਐਸੋਸੀਏਸ਼ਨ | 17,316-00 | ਨੌਰਥ ਜ਼ੋਨ ਸਟੇਟ ਚੈਂਪੀਅਨਸ਼ਿਪ ਵਿਚ ਭਾਗ ਲੈਣ ਲਈ |
| ਪਟਿਆਲਾ ਯੂਨੀਅਨ ਹਾਕੀ ਐਸੋਸੀਏਸ਼ਨ | 2,500-00 | ਨੈਸ਼ਨਲ ਵਿਚ ਭਾਗ ਲੈਣ ਲਈ |
| ਪੰਜਾਬ ਟੇਬਲ ਟੈਨਿਸ ਐਸੋਸੀਏਸ਼ਨ | 14,231-80 | ਨੌਰਥ ਜ਼ੋਨ ਅੰਤਰ ਰਾਜੀ ਚੈਂਪੀਅਨਸ਼ਿਪ ਅਤੇ ਸਟੇਟ ਚੈਂਪੀਅਨਸ਼ਿਪ ਵਿਚ ਭਾਗ ਲੈਣ ਲਈ |
| ਪੰਜਾਬ ਕ੍ਰਿਕਟ ਐਸੋਸੀਏਸ਼ਨ | 5,000-00 | ਨੈਸ਼ਨਲ ਵਿਚ ਭਾਗ ਲੈਣ ਲਈ |
| ਪੰਜਾਬ ਸਵਿਮਿੰਗ ਐਸੋਸੀਏਸ਼ਨ | 18,678-50 | ਸਟੇਟ ਚੈਂਪੀਅਨਸ਼ਿਪ ਕਰਾਉਣ ਲਈ ਅਤੇ ਇੰਡੋ ਸਲੋਨ ਮੀਟ ਕਰਵਾਉਣ ਲਈ |
| ਪੰਜਾਬ ਵੂਮੈਨ ਹਾਕੀ ਐਸੋਸੀਏਸ਼ਨ | 10,686-00 | ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਸਟੇਟ ਚੈਂਪੀਅਨਸ਼ਿਪ ਕਰਾਉਣ ਲਈ |
| ਪੰਜਾਬ ਐਮਚਿਉਰ ਐਥਲੈਟਿਕ ਐਸੋਸੀਏਸ਼ਨ | 19,000-00 | ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਸਟੇਟ ਚੈਂਪੀਅਨਸ਼ਿਪ ਕਰਾਉਣ ਲਈ |
| ਪੰਜਾਬ ਬਾਲੀਬਾਲ ਐਸੋਸੀਏਸ਼ਨ | 5,000-00 | ਨੈਸ਼ਨਲ ਵਿਚ ਭਾਗ ਲੈਣ ਲਈ |

Original with;
Punjab Vidhan Sabha
Digitized by;
Panjab Digital Library

| | | |
|---|---|---|
| ਪੰਜਾਬ ਵੇਟ ਲਿਫਟਿੰਗ ਐਸੋਸੀਏਸ਼ਨ | 8,441-00 | ਨੈਸ਼ਨਲ ਵਿਚ ਭਾਗ ਲੈਣ ਲਈ |
| ਪੰਜਾਬ ਲਾਨ ਟੈਨਿਸ ਐਸੋਸੀਏਸ਼ਨ | 15,000-00 | ਇੰਡੋ ਥਾਈਲੈਂਡ ਡੈਵਿਸ ਕੱਪ ਮੈਚ ਲਈ ਅਤੇ ਨੈਸ਼ਨਲ ਵਿਚ ਭਾਗ ਲੈਣ ਲਈ |
| ਪੰਜਾਬ ਜਿਮਨਾਸਟਕ ਐਸੋਸੀਏਸ਼ਨ | 7,542-00 | ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਚੈਂਪੀਅਨਸ਼ਿਪ ਕਰਾਉਣ ਲਈ |
| ਪੰਜਾਬ ਬੋਕਸਿੰਗ ਐਸੋਸੀਏਸ਼ਨ | 2,800-00 | ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਸਟੇਟ ਚੈਂਪੀਅਨਸ਼ਿਪ ਕਰਾਉਣ ਲਈ |
| ਪੰਜਾਬ ਰੈਸਲਿੰਗ ਐਸੋਸੀਏਸ਼ਨ | 16,556-00 | ਨੈਸ਼ਨਲ ਵਿਚ ਭਾਗ ਲੈਣ ਲਈ ਅਤੇ ਸਟੇਟ ਚੈਂਪੀਅਨਸ਼ਿਪ ਕਰਾਉਣ ਲਈ |
| ਪਟਿਆਲਾ ਯੂਨੀਅਨ ਰੈਸਲਿੰਗ ਐਸੋਸੀਏਸ਼ਨ | 3,294-00 | ਨੈਸ਼ਨਲ ਵਿਚ ਭਾਗ ਲੈਣ ਲਈ |
| ਆਲ ਇੰਡੀਆ ਵੂਮੈਨ ਹਾਕੀ ਐਸੋਸੀਏਸ਼ਨ | 9,332-00 | ਵਰਲਡ ਕੱਪ ਵਿਚ ਭਾਗ ਲੈਣ ਲਈ |
| ਚੰਡੀਗੜ੍ਹ ਕ੍ਰਿਕਟ ਐਸੋਸੀਏਸ਼ਨ | 4,000-00 | ਰਾਂਜੀ ਟਰੋਫੀ ਮੈਚ ਵਾਸਤੇ |
| ਪੰਜਾਬ ਕਬੱਡੀ ਐਸੋਸੀਏਸ਼ਨ | 4,800-00 | ਨੈਸ਼ਨਲ ਵਿਚ ਭਾਗ ਲੈਣ ਲਈ |
| ਪਰੈਜ਼ੀਡੈਂਟ ਪੰਜਾਬ ਅਤੇ ਹਰਿਆਣਾ ਹਾਕੀ ਐਸੋਸੀਏਸ਼ਨ | 1,000-00 | ਸੈਮੀਨਾਰ ਕਰਾਉਣ ਸਬੰਧੀ |
| ਸੈਕਟਰੀ ਚੰਡੀਗੜ੍ਹ ਐਥਲੈਟਿਕ ਐਸੋਸੀਏਸ਼ਨ | 1,000-00 | ਨੈਸ਼ਨਲ ਵਿਚ ਭਾਗ ਲੈਣ ਲਈ |
| ਕੁਲ ਜੋੜ | 195488-30 | |

Original with;
Punjab Vidhan Sabha
Digitized by;
Panjab Digital Library

**ਚੋਧਰੀ ਦਰਸ਼ਨ ਸਿੰਘ :** ਕੀ ਸਪੋਰਟਸ ਮਨਿਸਟਰ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜੀਆਂ ਸਪੋਰਟਸ ਬਾਡੀਜ਼ ਬਣੀਆਂ ਹੋਈਆਂ ਹਨ, ਉਨ੍ਹਾਂ ਦੇ ਜਿਹੜੇ ਪ੍ਰਧਾਨ ਹਨ, ਉਹ ਡੀ. ਸੀ. ਜਾਂ ਐਸ. ਪੀ ਹਨ, who have got nothing to do with the sports ? ਸਪੋਰਟਸ ਨਾਲ ਉਨ੍ਹਾਂ ਦਾ ਕੋਈ ਤਾਅਲੁਕ ਨਹੀਂ ਜਾਂ ਉਨ੍ਹਾਂ ਨੂੰ ਕੋਈ ਇੰਟਰੈਸਟ ਨਹੀਂ । ਇਸ ਕਰਕੇ ਕੀ ਕੋਈ ਅਜਿਹੇ ਰੂਲਜ਼ ਬਣਾਏ ਜਾਣਗੇ ਕਿ ਜਿਹੜੇ ਬੰਦੇ ਸਪੋਰਟਸ ਨਾਲ ਸਬੰਧ ਰਖਦੇ ਹੋਣ ਉਨ੍ਹਾਂ ਨੂੰ ਹੀ ਇਨ੍ਹਾਂ ਕਮੇਟੀਆਂ ਵਿਚ ਰਖਿਆ ਜਾਵੇ ?

**ਮੰਤਰੀ :** ਜਿਹੜੀਆਂ ਸਪੋਰਟਸ ਆਰਗੇਨਾਈਜ਼ੇਸ਼ਨਜ਼ ਹਨ, ਉਹ ਅਟਾਨੋਮਸ ਹੁੰਦੀਆਂ ਹਨ ਅਤੇ ਗਵਰਮੈਂਟ ਉਨ੍ਹਾਂ ਦੇ ਇੰਟਰਨਲ ਅਫੇਅਰਜ਼ ਵਿਚ ਇੰਟਰਫੀਅਰ ਨਹੀਂ ਕਰਦੀ । ਚੌਧਰੀ ਸਾਹਿਬ ਨੇ ਜਿਹੜਾ ਵਿਚਾਰ ਪੇਸ਼ ਕੀਤਾ ਹੈ ਉਹ ਸਪੋਰਟਸ ਦੀ ਤਰੱਕੀ ਵਾਸਤੇ ਹੈ ਇਸ ਵਾਸਤੇ ਇਸ ਤੇ ਜ਼ਰੂਰ ਵਿਚਾਰ ਕਰਾਂਗੇ ।

---

BI-PARTITE COMMITTEE IN PURSUANCE OF 20 POINT PROGRAMME

***3548. Comrade Shamsher Singh Josh :** Will the Minister for Finance be pleased to state :—

(a) the names of industries in the State in which Bi-partite Committe have been constituted in pursuance of the 20 point Socio-Economic Programme:

(b) the reasons for not constituting such Committees in all the industries;

(c) the scope and functions of such Committees whereever these have been constituted ?

**Shri Hans Raj Sharma :** (a) Bi-partite Committees have been constituted in the following industries :—

(1) Textile Industy
(2) General Engineering Industry
(3) Sugar Industry
(4) Private Transport Industry
(5) Brick Kiln Industry
(6) State Transport
(7) Pepsu Road Transport Corporation.

Original with;
Punjab Vidhan Sabha
Digitized by;
Panjab Digital Library

(b) In pursuance of the 20 point Socio-Economic Programme an Apex Body has been constituted at the State level with a view to sorting out general problems of industrial relations in the Private Sector and in order to motivate the workers and employers to increase productivity and production and help and advise the Punjab Government to solve other related problems. It is on the recommendation of this Body that the State Government have constituted the Bi-partite Committees. Such Committees may be formed in other industries also if and when considered necessary.

(c) To sort out general problems relating to industrial relations between the employers and employees and to ensure higher production and productivity, quality control and fuller utilisation of capacity in respective industries.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਕੀ ਲੇਬਰ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਨ੍ਹਾਂ ਕਮੇਟੀਆਂ ਦੇ ਬਣਾਏ ਜਾਣ ਦਾ ਜ਼ਿਕਰ ਇਨ੍ਹਾਂ ਨੇ ਕੀਤਾ ਹੈ, ਉਨਾਂ ਦੀਆਂ ਹੁਣ ਤਕ ਕਿੰਨੀਆਂ ਕਿੰਨੀਆਂ ਮੀਟਿੰਗਜ਼ ਹੋਈਆਂ ਹਨ ਅਤੇ ਉਨ੍ਹਾਂ ਮੀਟਿੰਗਜ਼ ਵਿਚ ਜਿਹੜੇ ਸੁਝਾਓ ਦਿੱਤੇ ਹਨ, ਸਰਕਾਰ ਨੇ ਕਿਸ ਹੱਦ ਤੱਕ ਪ੍ਰਵਾਨ ਕੀਤੇ ?

**ਵਿੱਤ ਮੰਤਰੀ :** ਮੈਨੂੰ ਨੋਟਿਸ ਚਾਹੀਦਾ ਹੈ ਇਸ ਵਾਸਤੇ । ਪਰ ਜਿਹੜੇ ਸੁਝਾਓ ਦਿੱਤੇ ਜਾਂਦੇ ਹਨ, ਅਸੀਂ ਨਾਰਮਲੀ ਉਨ੍ਹਾਂ ਤੇ ਬਹੁਤ ਹਮਦਰਦਾਨਾ ਗੌਰ ਕਰਦੇ ਹਾਂ ਤਾਂ ਜੋ ਇਸ ਵਿਚ ਫ਼ਾਇਦਾ ਹੋਵੇ, ਜ਼ਿਆਦਾ ਪ੍ਰੋਡਕਸ਼ਨ ਵਧੇ ਅਤੇ ਜ਼ਿਆਦਾ ਪ੍ਰੋਡਕਟਿਵਿਟੀ ਵਧੇ । ਇਸ ਦੇ ਵਿਚ ਮੰਗਾਂ ਨਹੀਂ ਆਉਂਦੀਆਂ ।

**ਕਾਮਰੇਡ ਰਾਜ ਕੁਮਾਰ :** ਪਲ਼ਾਂਟ ਲੈਵਲ ਤੇ ਬਾਈਪਾਰਟਾਈਟ ਕਮੇਟੀਆਂ ਬਣਾਉਣ ਦਾ ਕੰਮ ਐਂਪਲਾਇਰ ਤੇ ਛੱਡ ਦਿੱਤਾ ਹੈ । ਧਾਰੀਵਾਲ ਦੇ ਬਾਰੇ ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਥੇ ਮਜ਼ਦੂਰਾਂ ਨੂੰ ਨੁਮਾਇੰਦਗੀ ਦਿੱਤੀ ਗਈ ਹੈ ਜਾਂ ਨਹੀਂ । ਉਥੇ ਦੇ ਐਂਪਲਾਇਰ ਆਪਣੀ ਮਰਜ਼ੀ ਨਾਲ ਆਪਣੇ ਪਿੱਠੂ ਹੀ ਨੁਮਾਇੰਦੇ ਲਈ ਜਾਂਦੇ ਹਨ । ਕੀ ਮਨਿਸਟਰ ਸਾਹਿਬ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਜਿਹੜੀਆਂ ਸੈਂਟਰਲ ਐਪੈਕਸ ਬਾਡੀ ਦੀਆਂ ਗਾਈਡਲਾਈਨਜ਼ ਹਨ, ਉਨ੍ਹਾਂ ਦੇ ਮੁਤਾਬਿਕ ਐਟਕ, ਇੰਟੱਕ ਅਤੇ ਐਚ. ਐਮ. ਐਸ. ਦੇ ਨੁਮਾਇੰਦੇ ਵੀ ਲਏ ਜਾਣਗੇ ?

**ਵਿੱਤ ਮੰਤਰੀ :** ਸੈਂਟਰਲ ਗਾਈਡਲਾਈਨਜ਼ ਦੇ ਮੁਤਾਬਿਕ ਐਂਪਲਾਇਰਜ਼ ਨੂੰ ਕਿਹਾ ਗਿਆ ਸੀ, ਅਗਰ ਉਥੇ ਕੋਈ ਯੂਨੀਅਨਜ਼ ਹੋਣ । ਜਿਨ੍ਹਾਂ ਯੂਨੀਅਨਜ਼ ਦਾ ਇਨ੍ਹਾਂ ਨੇ ਨਾਂ ਲਿਆ, ਜੇ ਉਨ੍ਹਾਂ ਦੇ ਨੁਮਾਇੰਦੇ ਹੋਣ ਤਾਂ ਹੀ ਲਏ ਜਾਣਗੇ, ਖ਼ਾਹਮਖ਼ਾਹ ਥੋੜ੍ਹੇ ਹੀ ਲੈ ਲੈਣਗੇ । ਜੇ ਇੰਟਕ ਮੌਜੂਦ ਹੈ ਤਾਂ ਉਸ ਨੂੰ ਨੁਮਾਇੰਦਗੀ ਦਿੱਤੀ ਜਾਣੀ ਹੈ ਅਤੇ ਜੇ ਐਟਕ ਮੌਜੂਦ ਹੈ ਤਾਂ ਉਸ ਨੂੰ ਨੁਮਾਇੰਦਗੀ ਦਿੱਤੀ ਜਾਣੀ ਹੈ ਅਤੇ ਜੇ ਤਿੰਨੇ ਹੀ ਯੂਨੀਅਨਜ਼ ਮੌਜੂਦ ਹੋਣ ਤਾਂ ਤਿੰਨਾਂ ਦੇ ਨੁਮਾਇੰਦੇ ਲਏ ਜਾਣਗੇ । ਜਿਹੜੀ ਯੂਨੀਅਨ ਮੌਜੂਦ ਨਹੀਂ ਉਸ ਨੂੰ ਨੁਮਾਇੰਦਗੀ ਨਹੀਂ ਦਿੱਤੀ ਜਾ ਸਕਦੀ, ਪੁਆੜਾ ਥੋੜੇ ਹੀ ਪੁਵਾਉਣਾ ਹੈ ।

**ਕਾਮਰੇਡ ਸੱਤ ਪਾਲ ਡਾਂਗ :** ਜਦੋਂ ਇਨਾਂ ਯਤਨ ਹੋ ਰਿਹਾ ਹੈ ਕਿ ਪ੍ਰਾਈਵੇਟ ਇੰਡਸਟਰੀ ਵਿਚ ਵਰਕਰਾਂ ਨੂੰ ਸ਼ੇਅਰ ਦਵਾਇਆ ਜਾਏ, ਤਾਂ ਮੈਂ ਇਹ ਪੁੱਛਣਾ ਚਾਹੁੰਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤ ਪਾਲ ਡਾਂਗ]

ਹਾਂ ਕਿ ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਪੰਜਾਬ ਦੇ ਵਿਚ ਜਿਹੜਾ ਸਾਰਿਆਂ ਨਾਲੋਂ ਵੱਡਾ ਪਬਲਿਕ ਅੰਡਰਟੇਕਿੰਗ ਹੈ, ਬਿਜਲੀ ਬੋਰਡ ਅਤੇ ਜਿਸ ਦੇ ਸੁਧਾਰ ਦੇ ਲਈ ਵਰਕਰਾਂ ਦੀ ਪਾਰਟੀਸਿਪੇਸ਼ਨ ਮੈਨੇਜਮੈਂਟ ਦੇ ਵਿਚ ਅੱਤ ਤੋਂ ਜ਼ਰੂਰੀ ਹੈ, ਕੀ ਬਿਜਲੀ ਬੋਰਡ ਦੇ ਵਰਕਰਾਂ ਨੂੰ ਮੈਨੇਜਮੈਂਟ ਦੇ ਵਿਚ ਸ਼ੇਅਰ ਤਾਂ ਕਿਤੇ ਰਿਹਾ, ਉਨ੍ਹਾਂ ਲਈ ਕੋਈ ਬਾਈਪਾਰਟਾਈਟ ਕਮੇਟੀਆਂ ਬਣਾਈਆਂ ਜਾਣਗੀਆਂ ?

**ਮੰਤਰੀ :** ਸਟੇਟ ਅੰਡਰਟੇਕਿੰਗਜ਼ ਜਾਂ ਕੋਆਪਰੇਟਿਵ ਅੰਡਰਟੇਕਿੰਗਜ਼ ਵਾਸਤੇ ਕਮੇਟੀ ਬਣੀ ਹੈ ਚੀਫ ਮਨਿਸਟਰ ਸਾਹਿਬ ਦੀ ਪ੍ਰਧਾਨਗੀ ਹੇਠ । ਜਲਦੀ ਹੀ ਉਸ ਕਮੇਟੀ ਦੀ ਮੀਟਿੰਗ ਕਰਕੇ ਸਟੇਟ ਅੰਡਰਟੇਕਿੰਗਜ਼, ਬਿਜਲੀ ਬੋਰਡ, ਕੋਆਪਰੇਟਿਵ ਅੰਡਰਟੇਕਿੰਗਜ਼ ਵਾਸਤੇ ਬਾਈਪਾਰਟਾਈਟ ਕਮੇਟੀਆਂ ਬਣਾਈਆਂ ਜਾਣਗੀਆਂ ।

**ਕਾਮਰੇਡ ਰਾਜ ਕੁਮਾਰ :** ਜਵਾਬ ਵਿਚ ਮੰਤਰੀ ਜੀ ਨੇ ਕਿਹਾ ਹੈ ਕਿ ਸਟੇਟ ਲੈਵਲ ਤੇ ਐਪੈਕਸ ਬਾਡੀ ਕਾਇਮ ਕਰ ਦਿੱਤੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਜਿਹੜੀ ਸਟੇਟ ਲੈਵਲ ਤੇ ਬਾਡੀ ਸੈਟ-ਅਪ ਕੀਤੀ ਗਈ ਹੈ, ਉਸੇ ਪੈਟਰਨ ਤੇ ਹੈ ਜਿਸ ਤੇ ਸੈਂਟਰ ਦੀ ਐਪੈਕਸ ਬਾਡੀ ਹੋਈ ਹੈ ? ਸੈਂਟਰ ਦਾ ਪੈਟਰਨ ਜੋ ਹੈ ਉਸ ਦੇ ਮੁਤਾਬਿਕ ਗਵਰਮੈਂਟ ਦਾ ਨੁਮਾਇੰਦਾ ਮਨਿਸਟਰ ਵਗੈਰਾ ਨਹੀਂ, ਉਹ ਸਿਰਫ ਉਸ ਨੂੰ ਅਟੈਂਡ ਕਰਦਾ ਹੈ, ਉਸ ਦਾ ਮੈਂਬਰ ਨਹੀਂ, ਚੇਅਰਮੈਨ ਨਹੀਂ । ਤਾਂ ਪੰਜਾਬ ਦੇ ਵਿਚ ਉਸ ਬਾਡੀ ਵਿਚ ਗਵਰਮੈਂਟ ਦੇ ਨੁਮਾਇੰਦੇ ਬਾਕਾਇਦਾ ਮੈਂਬਰ ਕਿਉਂ ਬਣਾਏ ਗਏ ?

**ਵਿੱਤ ਮੰਤਰੀ :** ਸਪੀਕਰ ਸਾਹਿਬ, ਸੈਂਟਰਲ ਐਪੈਕਸ ਬਾਡੀ ਦੀ ਮੀਟਿੰਗ ਮੈਂ ਵੀ ਅਟੈਂਡ ਕੀਤੀ ਸੀ । ਇਸ ਲਈ ਸੈਂਟਰਲ ਗੌਰਮਿੰਟ ਨੇ ਸਟੇਟ ਗੌਰਮਿੰਟ ਨੂੰ ਇਸ ਗੱਲ ਦੀ ਇਜਾਜ਼ਤ ਦਿੱਤੀ ਹੈ ਕਿ ਕੁਝ ਵੈਰੀਏਸ਼ਨ ਸਟੇਟ ਆਪਣੀ ਹਾਲਾਤ ਨੂੰ ਮੁੱਖ ਰਖਦੇ ਹੋਏ ਕਰ ਸਕਦੀ ਹੈ । ਇਸ ਦੀ ਸਾਨੂੰ ਪਰਵਾਨਗੀ ਮਿਲੀ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਸੈਂਟਰ ਵਿਚ ਜਿਹੜੀ ਐਪੈਕਸ ਬਾਡੀ ਹੈ ਉਸ ਵਿਚ 3 ਮੈਂਬਰ ਇਨਟਕ, 2 ਮੈਂਬਰ ਏਟਕ, 2 ਹਿੰਦ ਸਭਾ ਦੇ ਅਤੇ ਇਕ ਮਜ਼ਦੂਰ ਸਭਾ ਦਾ ਹੈ । ਪਰ ਪੰਜਾਬ ਵਿਚ ਜਿਹੜੀ ਇਹ ਐਪੈਕਸ ਬਾਡੀ ਹੈ ਇਸ ਵਿਚ ਨੁਮਾਇੰਦਗੀ ਦੇਣ ਵਿਚ ਸੈਂਟਰਲ ਗੌਰਮਿੰਟ ਤੇ ਅਮਲ ਨਹੀਂ ਕੀਤਾ ਗਿਆ । ਇਸ ਦਾ ਕੀ ਕਾਰਣ ਹੈ ? ਕੀ ਸੈਂਟਰ ਗੌਰਮਿੰਟ ਕੋਲ ਇਸ ਦੀ ਜ਼ਿਆਦਾ ਤਾਕਤ ਰਖੀ ਹੈ ?

**ਵਿੱਤ ਮੰਤਰੀ :** ਇਹ ਗੱਲ ਠੀਕ ਹੈ ਕਿ ਇਸ ਬਾਡੀ ਵਿਚ ਆਈ. ਐਨ. ਟੀ. ਯੂ. ਸੀ. ਅਤੇ ਟਰੇਡ ਯੂਨੀਅਨ ਦੇ ਮੈਂਬਰ ਲਏ ਹਨ, ਪਰ ਇਸ ਵਿਚ ਤਾਕਤ ਦਾ ਕੋਈ ਝਗੜਾ ਨਹੀਂ ਕਰਨਾ ਚਾਹੀਦਾ । ਕਿਉਂਕਿ ਅਸੀਂ ਸਾਰਿਆਂ ਨੇ ਮਿਲ ਕੇ ਇਕੱਠੇ ਹੋ ਕੇ ਚਲਣਾ ਹੈ । ਅਸੀਂ ਇਸ ਕੰਮ ਲਈ ਕਾਮਰੇਡ ਸਾਹਿਬ ਨੂੰ ਵੀ ਕਨਸਲਟ ਕੀਤਾ ਹੈ ਪਰ ਫਿਰ ਵੀ ਜੇ ਇਹ ਮਹਿਸੂਸ ਕਰਨ ਕਿ ਇਨ੍ਹਾਂ ਨੇ ਕੋਈ ਹੋਰ ਨੁਮਾਇੰਦਾ ਦੇਣਾ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ । ਅਸੀਂ ਲੈ ਲਵਾਂਗੇ ।

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਦੇ ਇਹ ਇਲਮ ਵਿਚ ਹੈ ਕਿ ਜਿਹੜੀ ਸੈਂਟਰਲ ਐਪੈਕਸ ਬਾਡੀ ਹੈ ਉਸ ਦੀਆਂ ਬੜੀਆਂ ਫਰਮ ਗਾਇਡਲਾਇਨਜ਼

Original with;
Punjab Vidhan Sabha
Digitized by;
Panjab Digital Library

ਐਕਚੁਅਲ ਇੰਸਟਰੱਕਸ਼ਨਜ਼ ਸਨ ਕਿ ਐਪੈਕਸ ਬਾਡੀ ਵਿਚ ਸਟੇਟ ਲੇਵਲ ਤੇ ਟਰੇਡ ਯੂਨੀਅਨ ਦੇ ਮੈਂਬਰ ਲੈਣੇ ਹਨ ਚਾਹੇ ਉਹ ਕਿਸੇ ਵੀ ਲੈਵਲ ਤੇ ਹੋਵੇ ਪਰ ਇਹ ਜ਼ਰੂਰੀ ਹੈ ਕਿ ਉਹ ਇਸ ਐਮਰਜੰਸੀ ਨੂੰ ਸਪੋਰਟ ਕਰਦੇ ਹੋਣ, 20 ਪੁਆਇੰਟ ਪ੍ਰੋਗਰਾਮ ਦੇ ਹੱਕ ਵਿਚ ਹੋਣ। ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇੰਕੁਆਇਰੀ ਕਰਵਾਉਣਗੇ ਕਿ ਧਾਰੀਵਾਲ ਦੇ ਪਲਾਂਟ ਦੀ ਮੈਨੇਜਮੈਂਟ ਦੀ ਜਿਹੜੀ ਕਮੇਟੀ ਬਣੀ ਹੈ ਉਸ ਦੇ ਵਰਕਰਜ਼ ਇਸ ਐਮਰਜੰਸੀ ਦੇ ਹਕ ਵਿਚ ਨਹੀਂ ਹਨ ਅਤੇ ਉਹ ਆਰ. ਐਸ. ਐਸ. ਨਾਲ ਸਬੰਧ ਰਖਦੇ ਹਨ ?

**ਵਿੱਤ ਮੰਤਰੀ :** ਸਪੀਕਰ ਸਾਹਿਬ, ਸੈਂਟਰਲ ਐਪੈਕੱਸ ਬਾਡੀ ਔਰ ਪੰਜਾਬ ਐਪੈਕੱਸ ਬਾਡੀ ਦੀ ਸੋਚੀ ਸਮੁੱਚੀ ਇਕੋ ਹੀ ਰਾਏ ਹੈ ਕਿ ਇਸ ਵਿਚ ਸਿਰਫ ਉਹੀ ਬਾਡੀਜ਼ ਦੇ ਮੈਂਬਰਜ਼ ਲੈਣੇ ਹਨ ਜਿਹੜੇ ਕਿ ਐਮਰਜੰਸੀ ਅਤੇ 20 ਪੁਆਇੰਟ ਪ੍ਰੋਗ੍ਰਾਮ ਦੀ ਸਪੋਰਟ ਕਰਦੇ ਹੋਣ। ਮੈਂਬਰ ਸਾਹਿਬ ਨੇ ਜਿਹੜਾ ਧਾਰੀਵਾਲ ਦੇ ਬਾਰੇ ਦਸਿਆ ਹੈ, ਇਸ ਦੀ ਅਸੀਂ ਇਨਕੁਆਰੀ ਕਰਵਾ ਕੇ ਕਾਰਵਾਈ ਕਰਾਂਗੇ (ਤਾੜੀਆਂ)

---

STARRED QUESTION NO. 3581**

**Mr. Speaker** : Extension has been asked for in respect of Starred Question No. 3581.

---

### ਰਾਜ ਵਿਚ ਹਾਈ/ਹਾਇਰ ਸੈਕੰਡਰੀ ਸਕੂਲ

***3586. ਕਾਮਰੇਡ ਜੰਗੀਰ ਸਿੰਘ ਜੋਗਾ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਪ੍ਰਾਈਵੇਟ ਪ੍ਰਬੰਧ ਹੇਠਲੇ ਹਾਈ/ਹਾਇਰ ਸੈਕੰਡਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੂਲਾਂ ਵਿਚੋਂ ਉਨ੍ਹਾਂ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਕੋਈ ਪ੍ਰਬੰਧ ਨਹੀਂ ਹਨ;

(ੲ) ਉਪਰੋਕਤ ਭਾਗ (ਅ) ਵਿਚ ਹਵਾਲਾ ਦਿੱਤੇ ਸਕੂਲਾਂ ਵਿਚੋਂ ਉਨ੍ਹਾਂ ਸਕੂਲਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ ?

**ਸ੍ਰੀ ਗੁਰਮੇਲ ਸਿੰਘ :** (ੳ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

(ਅ) } ਕੋਈ ਨਹੀਂ।
(ੲ) }

---

**For starred question No. 3581 and reply thereto please see P.V.S. debates ated 29th March, 1976.

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

**Statement showing the number of Privately managed High/Higher Secondary Schools in the State of Punjab.**

| *District* | | *High School* | *Higher Secondary School.* |
|---|---|---|---|
| 1. Amritsar | .. | 39 | 21 |
| 2. Bhatinda | .. | 13 | 4 |
| 3. Faridkot | .. | 10 | 9 |
| 4. Ferozepur | .. | 12 | 10 |
| 5. Gurdaspur | .. | 32 | 11 |
| 6. Hoshiarpur | .. | 49 | 17 |
| 7. Jullundur | .. | 63 | 22 |
| 8. Kapurthala | .. | 15 | 4 |
| 9. Ludhiana | .. | 46 | 14 |
| 10. Patiala | .. | 20 | 14 |
| 11. Ropar | .. | 18 | 9 |
| 12. Sangrur | .. | 18 | 3 |
| Total | .. | 335 | 138 |

**ਕਾਮਰੇਡ ਜੰਗੀਰ ਸਿੰਘ ਜੋਗਾ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੜਤਾਲ ਹੋ ਚੁਕੀ ਹੈ ਪਰ ਇਸ ਦੇ ਸਿੱਟੇ ਕੀ ਨਿਕਲੇ ਹਨ। ਇਹ ਮੰਤਰੀ ਸਾਹਿਬ ਨੇ ਨਹੀਂ ਦੱਸਿਆ।

**ਵਿਦਿਆ ਮੰਤਰੀ :** ਮੈਂ ਤਾਂ ਦੱਸ ਦਿੱਤਾ ਹੈ ਕਿ 'ਅ' ਅਤੇ 'ੲ' ਕੋਈ ਨਹੀਂ। ਇਸ ਤੇ ਜੋ ਸਪਲੀਮੈਂਟਰੀ ਕਰਨਾ ਚਾਹੁੰਦੇ ਹਨ ਕਰ ਲੈਣ ?

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ ਏਡਿਡ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੇ ਕੋਈ ਪ੍ਰਬੰਧ ਨਹੀਂ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਦੀ ਇਕ ਵਜ੍ਹਾ ਇਹ ਨਹੀਂ ਕਿ ਦਿੱਲੀ ਪੈਟਰਨ ਤੇ ਜਿਹੜੀ ਗਰਾਂਟ-ਇਨ-ਏਡ ਏਡਿਡ-ਸਕੂਲਾਂ ਨੂੰ ਦਿੱਤੀ ਹੈ ਉਸ ਦੇ ਨਾਲ ਇਹ ਕੰਡੀਸ਼ਨ ਲਾ ਦਿੱਤੀ ਹੈ ਕਿ ਨਵੇਂ ਮਾਸਟਰ ਹੁਣ ਕੋਈ ਨਹੀਂ ਰਖੇ ਜਾਣਗੇ ਚਾਹੇ ਵਿਦਿਆਰਥੀ ਕਿੰਨੇ ਹੀ ਵੱਧ ਜਾਣ। ਮੈਂ ਇਹ ਪੁੱਛਦਾ ਹਾਂ ਕਿ ਕੀ ਇਹ ਗੱਲ ਐਜੂਕੇਸ਼ਨ ਦੇ ਹਿੱਤ ਵਿਚ ਅਤੇ ਪੰਜਾਬ ਦੇ ਹਿੱਤ ਵਿਚ ਹੈ ?

Original with
Punjab Vidhan Sabha
Digitized by
Panjab Digital Library

**ਮੰਤਰੀ :** ਇਹ ਸਵਾਲ ਤਾਂ ਇਸ ਨਾਲ ਸਬੰਧ ਨਹੀਂ ਰਖਦਾ। ਸਵਾਲ ਤਾਂ ਇਹ ਹੈ, ਕਿ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਂਦੀ ਹੈ ਜਾਂ ਕੋਈ ਪੜ੍ਹਾਉਣ ਦਾ ਪ੍ਰਬੰਧ ਹੈ। ਮੈਂ ਕਿਹਾ ਹੈ ਕਿ ਕੋਈ ਨਹੀਂ। ਇਹ ਦੂਜੀ ਗੱਲ ਹੈ ਕਿ ਟੀਚਰਾਂ ਦੀ ਸ਼ਾਰਟੇਜ ਹੈ। ਪਜਾਬੀ ਪੜ੍ਹਾਉਣ ਲਈ ਪ੍ਰਾਈਵੇਟ ਸਕੂਲਾਂ ਵਿਚ ਛੋਟ ਹੈ। ਕਈ ਪ੍ਰਾਈਵੇਟ ਸਕੂਲ ਅਜਿਹੇ ਹਨ ਜਿਥੇ ਕਿ ਪਹਿਲੀ ਵਿਚ ਹਿੰਦੀ ਚੌਥੀ ਵਿਚ ਪੰਜਾਬੀ ਅਤੇ ਛੇਵੀਂ ਵਿਚ ਅੰਗ੍ਰੇਜ਼ੀ ਪੜ੍ਹਾਉਣਾ ਸ਼ੁਰੂ ਕਰਦੇ ਹਨ ਪਰ ਕਈ ਪ੍ਰਾਈਵੇਟ ਸਕੂਲ ਅਜਿਹੇ ਵੀ ਹਨ ਜਿੱਥੇ ਕਿ ਪਹਿਲੀ ਵਿਚ ਪੰਜਾਬੀ, ਚੌਥੀ ਵਿਚ ਹਿੰਦੀ ਅਤੇ ਛੇਵੀਂ ਵਿਚ ਅੰਗ੍ਰੇਜ਼ੀ ਪੜ੍ਹਾਉਣਾ ਸ਼ੁਰੂ ਕਰਦੇ ਹਨ। ਇਸ ਲਈ ਇਹ ਪ੍ਰਾਈਵੇਟ ਸਕੂਲਾਂ ਨੂੰ ਛੋਟ ਹੈ। ਇਸ ਤੇ ਜੇ ਇਹ ਕੋਈ ਸਵਾਲ ਕਰਨਾ ਚਾਹੁੰਦੇ ਹਨ ਤਾਂ ਕਰ ਲੈਣ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਾਇਰ ਸੈਕੰਡਰੀ ਸਕੂਲ ਬਠਿੰਡੇ ਵਿਚ ਪੰਜਾਬੀ ਦੇ ਪੜ੍ਹਾਉਣ ਲਈ ਮਾਸਟਰ ਦੀ ਕੋਈ ਪੋਸਟ ਨਹੀਂ ਇਸ ਦੀ ਕੀ ਵਜ੍ਹਾ ਹੈ। ਨਾ ਹੀ ਲੜਕੀਆਂ ਦੇ ਸਕੂਲ ਵਿਚ ਹੈ ਅਤੇ ਨਾ ਹੀ ਲੜਕਿਆਂ ਦੇ ਸਕੂਲ ਵਿਚ ਹੈ।

**ਮੰਤਰੀ :** ਸਪੀਕਰ ਸਾਹਿਬ, ਇਹ ਸਵਾਲ ਪੋਸਟਾਂ ਦਾ ਨਹੀਂ, ਸਵਾਲ ਤਾਂ ਪੰਜਾਬੀ ਪੜ੍ਹਾਉਣ ਦਾ ਹੈ। ਪੋਸਟਾਂ ਬਾਰੇ ਤਾਂ ਅਲਹਿਦਾ ਨੋਟਿਸ ਦੇ ਦੇਣ।

**ਸ੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਡਾਂਗ ਸਾਹਿਬ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਟੀਚਿੰਗ ਇਨ ਪੰਜਾਬੀ ਬਾਰੇ ਮਨਿਸਟਰ ਸਾਹਿਬ ਨੇ ਦੱਸਿਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪ੍ਰਾਈਵੇਟ ਸਕੂਲ ਪਿੱਛੇ ਸੀਜ਼ ਹੋਏ ਸੀ ਤਾਂ ਉਹ ਫੈਸਲਾ ਪੰਜਾਬ ਸਰਕਾਰ ਨੇ ਹੀ ਕੀਤਾ ਸੀ। ਮੈਂ ਪੁੱਛਦਾ ਹਾਂ ਕਿ ਉਸ ਵੇਲੇ ਐਜੂਕੇਸ਼ਨ ਮਨਿਸਟਰ ਕੌਣ ਸੀ ?

**ਮੰਤਰੀ :** ਮੇਰਾ ਖਿਆਲ ਹੈ ਕਿ ਗੁਪਤਾ ਸਾਹਿਬ ਜਿਹੜੇ ਕਿ ਸਵਾਲ ਕਰ ਰਹੇ ਹਨ ਉਹ ਵੀ ਉਸ ਵਿਚ ਮਿਲੇ ਹੋਏ ਸਨ ਡਾਂਗ ਸਾਹਿਬ ਵੀ ਹੁੰਦੇ ਸਨ ਅਤੇ ਕਈ ਗੈਰਹਾਜ਼ਰ ਹਨ ਉਹ ਵੀ ਉਸ ਵਿਚ ਸ਼ਾਮਲ ਸਨ ?

**Mr. Speaker** : Next Question.

ਨਿਸ਼ਾਨ ਵਾਲੇ ਪ੍ਰਸ਼ਨ ਨੰ: 3600, 3602, 3357, 3377

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਕੀਤੇ ਗਏ)

---

### ਰੇਲਵੇ ਲਾਈਨ ਦੁਆਰਾ ਚੰਡੀਗੜ੍ਹ ਨੂੰ ਲੁਧਿਆਣਾ ਨਾਲ ਮਿਲਾਉਣਾ

***3521. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਨੇ ਚੰਡੀਗੜ੍ਹ ਨੂੰ ਰੇਲਵੇ ਲਾਈਨ ਦੁਆਰਾ ਲੁਧਿਆਣੇ ਨਾਲ ਮਿਲਾਉਣ ਦੇ ਮਾਮਲੇ ਤੇ ਕੇਂਦਰੀ ਸਰਕਾਰ ਨਾਲ ਗਲਬਾਤ ਕੀਤੀ ਹੈ, ਜੇਕਰ ਅਜਿਹਾ ਹੋਵੇ ਤਾਂ ਮਾਮਲੇ ਦੀ ਵਰਤਮਾਨ ਸਥਿਤੀ ਕੀ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ :** ਜੀ ਹਾਂ, ਲਿਖਾ ਪੜ੍ਹੀ ਚਲ ਰਹੀ ਹੈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਤੋਂ ਮੁਰਿੰਡੇ ਤਕ ਜਿਹੜੀ ਰੇਲਵੇ ਲਾਈਨ ਹੈ ਇਹ ਕਦੋਂ ਤਕ ਬਣ ਜਾਵੇਗੀ ਜਾਂ ਕਦੋਂ ਸ਼ੁਰੂ ਹੋ ਜਾਵੇਗੀ ?

Original with Punjab Vidhan Sabha Digitized by; Panjab Digital Library

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਚੰਡੀਗੜ੍ਹ ਤੋਂ ਲੁਧਿਆਣੇ ਤਕ ਦਾ ਜਿਹੜਾ ਪਰਾਜੈਕਟ ਹੈ ਉਹ 22 ਕਰੋੜ ਰੁਪਏ ਦਾ ਪਰਾਜੈਕਟ ਹੈ ਪਰ ਚੰਡੀਗੜ੍ਹ ਤੋਂ ਮੁਰਿੰਡੇ ਤਕ ਦਾ 9 ਕਰੋੜ ਰੁਪਏ ਦਾ ਹੈ । ਗੌਰਮਿੰਟ ਆਫ਼ ਇੰਡੀਆ ਨੇ ਪੰਜਾਬ ਨੂੰ ਇਹ ਕਿਹਾ ਸੀ ਕਿ ਇਹ ਇਸ ਸਰਕਾਰ ਨੇ ਖਰਚ ਕਰਨਾ ਹੈ । ਇਸ ਤੋਂ ਪੰਜਾਬ ਸਰਕਾਰ ਨੇ ਇਹ ਮਹਿਸੂਸ ਕੀਤਾ ਕਿ ਚੰਡੀਗੜ ਤੋਂ ਮੁਰਿੰਡੇ ਤਕ ਦੀ ਜਿਹੜੀ ਰੇਲਵੇ ਲਾਈਨ ਹੈ ਇਸ ਦੇ ਬਜਾਏ ਜੇ ਇਹ ਰਾਜਪੁਰੇ ਤਕ ਹੋ ਜਾਵੇ ਤਾਂ ਇਸ ਤੇ ਚੰਗੀ ਤਰ੍ਹਾਂ ਵਿਚਾਰ ਕੀਤਾ ਜਾ ਸਕਦਾ ਹੈ । ਇਸ ਵਾਸਤੇ ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਲਿਖਿਆ ਹੋਇਆ ਹੈ ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਚੰਡੀਗੜ੍ਹ ਤੋਂ ਮੁਰਿੰਡੇ ਤਕ ਰੇਲਵੇ ਲਿੰਕ ਕਰਨ ਲਈ ਕਈ ਦਫ਼ਾ ਲੋਕਾਂ ਨੇ ਰਿਪਰੇਜ਼ੈਂਟ ਕੀਤਾ ਹੈ । ਪਰ ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਨੂੰ ਚੰਡੀਗੜ੍ਹ ਤੋਂ ਰਾਜਪੁਰੇ ਤਕ ਲਿੰਕ ਕਰਨ ਲਈ ਕਿਹਾ ਹੈ । ਮੈਂ ਇਹ ਪੁੱਛਦਾ ਹਾਂ ਕਿ ਉਹ ਜਿਹੜੀਆਂ ਰਿਪ੍ਰੇਜ਼ੈਂਟੇਸ਼ਨਾ ਹੋਈਆਂ ਹਨ ਉਨ੍ਹਾਂ ਦਾ ਕੀ ਬਣੇਗਾ ।

**ਮੁਖ ਮੰਤਰੀ** : ਸਪੀਕਰ ਸਾਹਿਬ, ਇਹ ਰੇਲਵੇ ਲਾਈਨ ਜਿਹੜੀ ਹੈ ਇਸ ਨੂੰ ਲੁਧਿਆਣੇ ਨਾਲ ਡਾਇਰੈਕਟ ਲਿੰਕ ਕਰਨ ਦਾ ਮਸਲਾ ਬੜੀ ਮੁੱਦਤ ਤੋਂ ਜ਼ੇਰੇ ਗੌਰ ਚਲ ਰਿਹਾ ਹੈ । ਰੇਲਵੇ ਡਿਪਾਰਟਮੈਂਟ ਨੇ ਇਨ ਪ੍ਰਿੰਸੀਪਲ ਇਸ ਬਾਤ ਨੂੰ ਮੰਨਿਆ ਸੀ । ਮੁਰਿੰਡੇ ਤੱਕ ਉਨ੍ਹਾਂ ਨੇ ਕਿਹਾ ਕਿ 9 ਕਰੋੜ ਰੁਪਏ ਦਾ ਖਰਚਾ ਹੈ । ਮੁਰਿੰਡਾ ਰੇਲਵੇ ਲਾਈਨ ਦੇ ਨਾਲ ਮਿਲ ਜਾਣ ਤੋਂ ਬਾਅਦ ਇਹ ਜਿਹੜੀ ਸੜਕ ਹੈ ਚੰਡੀਗੜ੍ਹ ਦੀ ਨੰਗਲ ਨੂੰ ਵੀ ਚਲੀ ਜਾਵੇ । ਮੁਰਿੰਡਾ ਤੋਂ ਆਵੇਗੀ ਰੇਲਵੇ ਲਾਈਨ ਜਿਹੜੀ ਕਿ ਪ੍ਰੋਜੈਕਟ ਚਲ ਰਹੀ ਹੈ, ਸਰਹੰਦ ਔਰ ਫਿਰ ਸਰਹੰਦ ਤੋਂ ਲੈ ਕੇ ਲੁਧਿਆਣੇ ਨੂੰ ਲਿੰਕ ਕਰਦੀ ਹੈ । ਇਸ ਦੇ ਨਾਲ ਬਠਿੰਡਾ, ਸੰਗਰੂਰ, ਪਟਿਆਲਾ, ਗੰਗਾਨਗਰ, ਹਿਸਾਰ ਵਰਗੇ ਜਿਹੜੇ ਸ਼ਹਿਰ ਹਨ, ਚੰਡੀਗੜ੍ਹ ਨਾਲ ਲਿੰਕ ਨਹੀਂ ਹੁੰਦੇ । ਇਸ ਕਰਕੇ ਤਕਰੀਬਨ ਸਾਢੇ ਛੇ ਮੀਲ ਦੀ ਬਾਤ ਹੈ, ਜੇਕਰ ਚੰਡੀਗੜ੍ਹ ਤੋਂ ਸੜਕ ਰਾਜਪੁਰਾ ਚਲੀ ਜਾਵੇ ਔਰ ਲੁਧਿਆਣਾ, ਅੰਮ੍ਰਿਤਸਰ, ਪਠਾਨਕੋਟ ਇਹ ਸਾਰੇ ਹੀ ਲਿੰਕ ਹੋ ਜਾਂਦੇ ਹਨ ਚੰਡੀਗੜ੍ਹ ਨਾਲ । ਔਰ ਦੂਸਰੇ ਪਾਸੇ ਫਿਰੋਜ਼ਪੁਰ, ਮੋਗਾ, ਬਠਿੰਡਾ, ਸੰਗਰੂਰ, ਗੰਗਾਨਗਰ ਤਕ ਸਿੱਧੇ ਲਿੰਕ ਹੋ ਜਾਂਦੇ ਹਨ । ਇਸ ਦੀ ਜ਼ਿਆਦਾ ਮਹੱਤਤਾ ਨਜ਼ਰ ਆਉਂਦੀ ਹੈ । ਇਸ ਖ਼ਿਆਲ ਨਾਲ ਅਸੀਂ ਆਲਟਰਨੇਟਿਵ ਦੱਸਿਆ ਸੀ ਕਿ ਮੁਰਿੰਡਾ ਤੋਂ ਰਾਜਪੁਰੇ ਦੇ ਰਸਤੇ ਵਿਚ ਫ਼ਰਕ ਬਹੁਤ ਘਟ ਪੈਂਦਾ ਹੈ ਔਰ ਸਹੂਲਤਾਂ ਜ਼ਿਆਦਾ ਵੱਧ ਜਾਂਦੀਆਂ ਹਨ ਔਰ ਪਟਿਆਲਾ ਇਕ ਇੰਪਾਰਟੈਂਟ ਟਾਊਨ ਹੈ । ਇਕ ਸਟੇਟ ਦਾ ਮੁੱਦਤ ਭਰ ਹੈੱਡਕੁਆਟਰ ਰਿਹਾ ਹੈ, ਪੈਪਸੂ ਗੌਰਮਿੰਟ ਦਾ ਵੀ ਹੈੱਡਕੁਆਟਰ ਰਿਹਾ ਹੈ । ਮਰਜਰ ਵੇਲੇ ਵੀ ਇਹ ਫ਼ੈਸਲਾ ਹੋਇਆ ਸੀ ਕਿ ਇਸ ਦੀ ਮਹਾਨਤਾ ਨੂੰ ਕਾਇਮ ਰਖਿਆ ਜਾਵੇਗਾ । ਇਸ ਨਾਲ ਇਲੈਕਟਰਿਕ ਟ੍ਰੇਨ ਵੀ ਚਲ ਸਕਦੀ ਹੈ ਰਾਜਪੁਰੇ ਵਿਚੋਂ ਔਰ ਬਹੁਤ ਸਿੱਧਾ ਰਸਤਾ ਹੋ ਸਕਦਾ ਹੈ ਔਰ ਇਥੇ ਜਿਹੜਾ ਬੋਝ ਹੈ ਪਾਪੂਲੇਸ਼ਨ ਦਾ ਉਹ ਵੀ ਘੱਟ ਹੋ ਜਾਵੇਗਾ, ਸਾਰੇ ਪੰਜਾਬ ਨੂੰ ਫ਼ਾਇਦਾ ਹੋਵੇਗਾ, ਪੋਰਸ਼ਨ ਆਫ਼ ਹਰਿਆਣਾ ਔਰ ਪੋਰਸ਼ਨ ਆਫ਼ ਰਾਜਸਥਾਨ ਜਿਹੜਾ ਹੈ ਉਹ ਚੰਡੀਗੜ੍ਹ ਨਾਲ ਰੇਲਵੇ ਉਤੇ ਸਿੱਧਾ ਲਿੰਕ ਹੋ ਜਾਵੇਗਾ । ਇਸ ਲਈ ਆਲਟਰਨੇਟਿਵ ਪ੍ਰੋਪੋਜ਼ਲ ਦਿੱਤੀ ਹੈ । (ਥੰਪਿੰਗ) ਇਸ ਪ੍ਰੋਪੋਜ਼ਲ ਉਤੇ ਸੈਂਟਰ ਦੀ ਚਿੱਠੀ ਆਈ ਹੈ ਕਿ ਤੁਸੀਂ ਇਸ ਦਾ ਸਰਵੇ ਕਰਨਾ ਹੈ ਤਾਂ ਦੱਸੋ, ਖਰਚਾ ਤਕਰੀਬਨ ਦੋ ਲੱਖ ਰੁਪਏ ਆਵੇਗਾ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਇਹ ਲਾਈਨ ਵਾਇਆ ਮੁਹਾਲੀ ਜਾਵੇਗੀ ?

**ਮੁੱਖ ਮੰਤਰੀ** : ਮਹਾਲੀ, ਤਾਂ ਸਪੀਕਰ ਸਾਹਿਬ, ਇਕ ਛੋਟੇ ਜਿਹੇ ਪਿੰਡ ਦਾ ਨਾਉਂ ਹੈ ...

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸੌਰੀ ਜੀ, ਮੇਰਾ ਮਤਲਬ ਹੈ ਵਾਇਆ ਸਾਹਿਬਜ਼ਾਦਾ ਅਜੀਤ ਸਿੰਘ ਨਗਰ ।

**ਮੁੱਖ ਮੰਤਰੀ** : ਇਸ ਕਰਕੇ ਹੀ ਮੈਂ ਕਰੈੱਕਟ ਕਰਵਾਇਆ ਹੈ ਕਿਉਂਕਿ, ਸਪੀਕਰ ਸਾਹਿਬ, ਇਹ ਹਲਕਾ ਸਰਦਾਰ ਜੋਸ਼ ਜੀ ਦਾ ਹੈ ਔਰ ਇੰਡਸਟਰੀਅਲ ਟਾਊਨ ਹੈ । ਲਾਈਨ ਦਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚੋਂ ਦੀ ਜਾਣ ਵਿਚ ਕੋਈ ਫ਼ਰਕ ਨਹੀਂ ਪੈਂਦਾ । ਇਸ ਕਰਕੇ ਉਸ ਨੂੰ ਤਾਂ ਨਾਲ ਜ਼ਰੂਰ ਲਿੰਕ ਕੀਤਾ ਜਾਵੇਗਾ (ਥੰਪਿੰਗ) ।

ਸਪੀਕਰ ਸਾਹਿਬ, ਚੰਡੀਗੜ੍ਹ ਵਰਗਾ ਸ਼ਹਿਰ ਬਿਊਟੀਫੁਲ ਕੋਈ ਨਹੀਂ ਹੈ । ਸਾਰੇ ਸੰਸਾਰ ਵਿਚੋਂ ਸੋਹਣਾ ਹੈ ਪਰ ਇਸ ਦੇ ਨਾਲ ਹੀ ਨਾਲ ਇਹ ਚੀਜ਼ ਜ਼ਰੂਰ ਹੈ ਕਿ ਇਥੇ ਗਰੀਬਾਂ ਵਾਸਤੇ ਇਥੇ ਰਹਿਣਾ ਬੜਾ ਔਖਾ ਹੈ । ਗਰੀਬਾਂ ਵਾਸਤੇ ਕੋਈ ਸਹੂਲਤ ਨਹੀਂ ਹੈ ਔਰ ਸਮਾਂ ਆਵੇਗਾ ਜਿਹੜੀ ਇਹ ਤਕਲੀਫ਼ ਹੈ ਸਾਡੀ ਕਲਾਸ ਚਾਰ ਨੂੰ ਉਹ ਸਾਰੀ ਦੂਰ ਹੋ ਜਾਵੇਗੀ । ਉਨ੍ਹਾਂ ਦੇ ਸਾਰੇ ਕੁਆਟਰਜ਼ ਲਜਾ ਕੇ ਦੋ ਦੋ ਤਿੰਨ ਤਿੰਨ ਮੀਲ ਤੇ ਬਣਾਏ ਹਨ, ਗਰੀਬਾਂ ਨੇ ਸਾਈਕਲਾਂ ਉਤੇ ਆਉਣਾ ਹੁੰਦਾ ਹੈ । ਉਨ੍ਹਾਂ ਦੇ ਆਉਣ ਜਾਣ ਵਿਚ ਇਕ ਘੰਟਾ ਵਾਧੂ ਸਮਾਂ ਲਗਦਾ ਹੈ । ਕਿਸੇ ਨੇ ਇਸ ਪਾਸੇ ਖਿਆਲ ਨਹੀਂ ਕੀਤਾ ਕਿ ਸੈਕਰੇਟੇਰੀਏਟ ਦੇ ਨਾਲ ਨਾਲ ਕਲਾਸ ਚਾਰ ਦੇ ਮਕਾਨ ਬਣਾਏ ਜਾਣ । ਮਨਿਸਟਰਾਂ ਨੂੰ, ਜੱਜਾਂ ਨੂੰ ਸੈਕਟਰੀਆਂ ਨੂੰ ਭਾਵੇਂ ਦੂਰ ਮਕਾਨ ਬਣਾ ਦਿੰਦੇ ਜਿਨ੍ਹਾਂ ਨੂੰ ਆਉਣਾ ਜਾਣਾ ਸੌਖਾ ਹੈ । (ਥੰਪਿੰਗ) ਕਈ ਵਾਰੀ ਐਸੀਆਂ ਸੁਧਾਰ ਦੀਆਂ ਚੀਜ਼ਾਂ ਸੋਚੀਆਂ ਜਾਂਦੀਆਂ ਹਨ ਪਰ ਜਿਤਨਾ ਚਿਰ ਤਕ ਇਖਤਿਆਰ ਨਾ ਮਿਲੇ ਕੁਝ ਨਹੀਂ ਹੋ ਸਕਦਾ । ਜਿਸ ਤਰ੍ਹਾਂ ਸੀ. ਪੀ. ਆਈ. ਵਾਲੇ ਮੇਰੇ ਦੋਸਤ ਸੋਚਦੇ ਹਨ ਪਰ ਇਖਤਿਆਰ ਨਹੀਂ ਮਿਲਦੇ । ਔਰ ਜਿਤਨਾਂ ਚਿਰ ਤਕ ਇਖਤਿਆਰ ਨਾ ਮਿਲੇ ਕੁਝ ਨਹੀਂ ਕਰ ਸਕਦੇ । ਸੋ ਸਪੀਕਰ ਸਾਹਿਬ, ਰਾਜਪੁਰਾ ਰੇਲਵੇ ਜੰਕਸ਼ਨ ਵੀ ਹੈ ਔਰ ਅਸੀਂ ਇਸ ਗੱਲ ਦਾ ਧਿਆਨ ਜ਼ਰੂਰ ਰੱਖਾਂਗੇ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਥਰੂ ਹੀ ਲਾਈਨ ਜਾਵੇ ।

---

STARRED QUESTIONS NOS. 3356 AND 3402

(These two starred questions were not put because the hon. Members concerned were not present in the House.)

---

## UNSTARRED QUESTIONS AND ANSWERS

### ਮਕੈਨੀਕਲ ਸਬ-ਡਵੀਜ਼ਨ, ਜਲੰਧਰ ਵਿਚ ਪਈ ਨਕਾਰਾ ਮਸ਼ੀਨਰੀ

**1064. ਸ੍ਰੀ ਸਰਦਾਰੀ ਲਾਲ ਕਪੂਰ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਜਲੰਧਰ ਮਕੈਨੀਕਲ ਸਬ-ਡਵੀਜਨ ਵਿਚ ਪਿਛਲੇ ਦੋ ਸਾਲਾਂ ਤੋਂ ਮੁਰੰਮਤ ਵਗੈਰਾ ਲਈ ਕੋਈ ਰੋਡ ਰੋਲਰਜ਼/ਟਰੱਕ ਅਤੇ ਟਰੈਕਟਰ ਨਕਾਰਾ ਪਏ ਹਨ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

(ਅ) ਜੇਕਰ ਉਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਇਨ੍ਹਾਂ ਦੀ ਮੁਰੰਮਤ ਨਾ ਕਰਾਉਣ ਦੇ ਕੀ ਕਾਰਣ ਹਨ ਅਤੇ ਹਰ ਇਕ ਦੀ ਮੁਰੰਮਤ ਤੇ ਕਿੰਨਾ ਖਰਚ ਆਵੇਗਾ;

(ੲ) ਪ੍ਰਾਈਵੇਟ ਪਾਰਟੀਆਂ ਤੋਂ ਉਕਤ ਭਾਗ (ੳ) ਵਿਚ ਵਰਣਿਤ ਮਸ਼ੀਨਰੀ ਬਦਲੇ ਕਿਰਾਏ ਤੇ ਲੈਣ ਲਈ ਕੁੱਲ ਕਿੰਨਾ ਖਰਚ ਕੀਤਾ ਗਿਆ ਹੈ;

(ਸ) ਉਕਤ ਭਾਗ (ੳ) ਵਿਚ ਵਰਣਿਤ ਮਸ਼ੀਨਰੀ ਕਿਹੜੀ ਕਿਹੜੀ ਤਰੀਕ ਤੋਂ ਨਕਾਰਾ ਪਈ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

(ੲ) ਅ ਅਨੁਸਾਰ।

(ਸ) ਕੋਈ ਨਹੀਂ।

---

## UNSTARRED QUESTION NO. 1065

(Extension was asked for in respect of Unstarred Question No. 1065)

. . . . . .

ਵਿਧਾਨ ਸਭਾ ਦੇ ਸਵਾਲ ਨੰ: 1065 ਜੋ ਕਿ ਮਿਤੀ 5 ਫਰਵਰੀ, 1976 ਲਈ ਬਿਨਾਂ ਨਿਸ਼ਾਨ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ਕਿਉਂਕਿ ਇਸ ਸਵਾਲ ਦਾ ਨੋਟਿਸ ਵਿਧਾਨ ਸਭਾ ਸਕੱਤਰੇਤ ਵਲੋਂ ਕੁਝ ਦੇਰ ਨਾਲ ਪਰਾਪਤ ਹੋਇਆ ਹੈ।

ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ ਦੇ ਇਕੱਤਰ ਹੋ ਜਾਣ ਉਪਰੰਤ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

ਸੋਹਨ ਸਿੰਘ ਜਲਾਲ ਉਸਮਾਨ,
ਜਨ ਸਿਹਤ ਮੰਤਰੀ, ਪੰਜਾਬ।

ਸੇਵਾ ਵਿਖੇ

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗ: ਸ: ਪ: ਨੰ: 128-ਏ ਕਿਊ ਸਿੰ. ਬਿ. (1)-76/
ਮਿਤੀ ਚੰਡੀਗੜ੍ਹ 4 ਫਰਵਰੀ, 1976

Original with;
Punjab Vidhan Sabha
Digitized by;
Panjab Digital Library

## ਖਰੜ ਵਿਧਾਨ ਸਭਾ ਚੋਣ ਹਲਕੇ ਵਿਚ ਹਰੀਜਨ ਧਰਮਸ਼ਾਲਾਵਾਂ

1066. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖਰੜ ਵਿਧਾਨ ਸਭਾ ਚੋਣ ਹਲਕੇ ਵਿਚ ਹਰੀਜਨ ਧਰਮਸ਼ਾਲਾਵਾਂ ਦੀ ਗਿਣਤੀ ਅਤੇ ਉਨ੍ਹਾਂ ਪਿੰਡਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਲਈ ਸਾਲ 1972-73, 1973-74, 1974-75 ਅਤੇ 1975-76 (ਹੁਣ ਤੱਕ) ਦੇ ਦੌਰਾਨ ਇਹ ਮਨਜ਼ੂਰ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਪਿੰਡਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਲਈ ਧਰਮਸ਼ਾਲਾਵਾਂ ਮਨਜ਼ੂਰ ਨਹੀਂ ਕੀਤੀਆਂ ਗਈਆਂ ਹਨ ?

**ਕੁਮਾਰੀ ਸਰਲਾ ਪਰਾਸ਼ਰ** : (1) ਅਸੈਂਬਲੀ ਹਲਕਾ ਖਰੜ ਵਿਖੇ ਸਾਲ 1972-73, 1973-74, 1974-75 ਅਤੇ 1975-76 ਵਿਚ ਕ੍ਰਮਵਾਰ 10, 21, 25, 16 (ਕੁਲ 72) ਧਰਮਸ਼ਾਲਾਵਾਂ ਪ੍ਰਵਾਨ ਕੀਤੀਆਂ ਗਈਆਂ ਹਨ (ਵੇਰਵਾ ਅਨੁਲੱਗ 'ੳ' ਵਿਚ ਦਰਜ ਹੈ) ।

(2) ਅਸੈਂਬਲੀ ਹਲਕਾ ਖਰੜ ਵਿਚ ਅੱਜ ਤੱਕ 83 ਪਿੰਡਾਂ ਨੂੰ ਧਰਮਸ਼ਾਲਾ ਗਰਾਂਟ ਪ੍ਰਵਾਨ ਨਹੀਂ ਕੀਤੀ ਜਾ ਸਕੀ । (ਵੇਰਵਾ ਅਨੁਲੱਗ 'ਅ' ਵਿਚ ਦਰਜ ਹੈ) ।

ਅਨੁਲਗ 'ੳ'

**ਹਲਕਾ ਖਰੜ ਵਿਚ ਸਾਲ ਵਾਈਜ਼ ਪ੍ਰਵਾਨਤ ਧਰਮਸ਼ਾਲਾਵਾਂ ਦੀ ਲਿਸਟ**

| ਨੰ: | ਪਿੰਡ ਦਾ ਨਾਂ | | ਰਕਮ |
|---|---|---|---|
| ਸਾਲ 1972-73 | | | |
| | | | ਰੁਪਏ |
| 1. | ਝੰਜੇੜੀ | .. | 5,500 |
| 2. | ਖਾਨਪੁਰ (ਪਟੀਕ) | .. | 5,500 |
| 3. | ਸਕਰੁੱਲਾਂਪੁਰ | .. | 5,500 |
| 4. | ਕੰਬਾਲਾ | .. | 5,500 |
| 5. | ਚੁਡਿਆਲਾ | .. | 5,500 |
| 6 | ਮੰਡੀ ਖੁਰਦ | .. | 5,500 |
| 7. | ਸੇਖਨਮਾਜਰਾ | .. | 5,550 |
| 8. | ਭਜੌਲੀ | .. | 5,500 |
| 9. | ਲਾਹੌਡਰਾਂ | .. | 5,500 |
| 10. | ਸਹਾਣਾ | .. | 5,000 |

Original with;
Punjab Vidhan Sabha
Digitized by;
Panjab Digital Library

| ਨੰ: | ਪਿੰਡ ਦਾ ਨਾਂ | | ਰਕਮ |
|---|---|---|---|
| ਸਾਲ 1973-74 | | | |
| | | | ਰੁਪਏ |
| 1. | ਮਜਾਤ | .. | 5,500 |
| 2. | ਝੁੱਗੀਆਂ | .. | 5,500 |
| 3. | ਸੁੰਡਰਾਂ | .. | 5,500 |
| 4. | ਮਟੌਰ | .. | 2,000 |
| 5. | ਪੜੌਂਛ | .. | 5,500 |
| 6. | ਖਾਨਪੁਰ (ਬਾਲਮੀਕ) | .. | 5,500 |
| 7. | ਰੁੜਕੀ ਪੱਕੀ | .. | 5,500 |
| 8. | ਪਲਹੇੜੀ | .. | 5,500 |
| 9. | ਤਿਊੜ (ਬਾਲਮੀਕ) | .. | 5,500 |
| 10. | ਅਭੇਪੁਰ | .. | 5,500 |
| 11. | ਪੰਡਵਾਲਾਂ | .. | 5,500 |
| 12. | ਜੰਡਪੁਰ | .. | 5,500 |
| 13. | ਨਿਆਂ ਸ਼ਹਿਰ | .. | 2,000 |
| 14. | ਰੁਮਨਹੇੜੀ | .. | 2,000 |
| 15. | ਪੁਨਵਾਂ | .. | 5,500 |
| 16. | ਕੁੰਬੜਾ | .. | 5,500 |
| 17. | ਤੰਗੌਰੀ | .. | 5,500 |
| 18. | ਬਜੋਹੜੀ | .. | 5,500 |
| 19. | ਭਾਗੂਮਾਜਰਾ | .. | 5,500 |
| 20. | ਚੰਦੋ ਗੋਬਿੰਦਗੜ੍ਹ | .. | 5,500 |
| 21. | ਤੋਲੇ ਮਾਜਰਾ | .. | 5,500 |
| ਸਾਲ 1974-75 | | | |
| 1. | ਕੋਲੌਂ | .. | 7,000 |
| 2. | ਮਾਣਕ ਮਾਜਰਾ | .. | 7,000 |

Original with:
Punjab Vidhan Sabha
Digitized by:
Panjab Digital Library

| ਨੰ: | ਪਿੰਡ ਦਾ ਨਾਂ | | ਰਕਮ |
|---|---|---|---|
| ਸਾਲ 1974-75 | | | |
| | | | ਰੁਪਏ |
| 3. | ਸੈਂਕ ਕਲਾਂ | .. | 7,000 |
| 4. | ਖਰੜ (ਨੂਨਗਰਾਂ) | .. | 2,000 |
| 5. | ਛਜੂ ਮਾਜਰਾ | .. | 7,000 |
| 6. | ਸਿੰਬਲ ਮਾਜਰਾ | . | 7,000 |
| 7. | ਰੋੜਾ | .. | 7,000 |
| 8. | ਗੀਗੇ ਮਾਜਰਾ | .. | 7,000 |
| 9. | ਮਾਣਕਪੁਰ ਕੱਲਰ | .. | 7,000 |
| 10. | ਧੁਰਾਲੀ | .. | 7,000 |
| 11. | ਰੁੜਕੀ ਖਾਮ | .. | 7,000 |
| 12. | ਬੜਾਲਾ (ਬਾਲਮੀਕ) | .. | 2,000 |
| 13. | ਘੋਗਾ ਖੇੜੀ | .. | 2,000 |
| 14. | ਤਿਊੜ | .. | 2,000 |
| 15. | ਸ਼ਾਮਪੁਰ | .. | 7,000 |
| 16. | ਪੀਰ ਸੁਹਾਣਾ | .. | 7,000 |
| 17. | ਗੁਡਾਲਾ | .. | 7,000 |
| 18. | ਦਾਓ ਮਾਜਰਾ | .. | 7,000 |
| 19. | ਨਵਾਂ ਗਰਾਉਂ | .. | 7,000 |
| 20. | ਗਿਦੱੜਪੁਰ | .. | 7,000 |
| 21. | ਜਕੜ ਮਾਜਰਾ | .. | 7,000 |
| 22. | ਮਿਲਖ | .. | 7,000 |
| 23. | ਨਾੜਾ | .. | 7,000 |
| 24. | ਪੱੜਛ ਖੁਰਦ | .. | 7,000 |
| 25. | ਕਾਂਸਲ | .. | 7,000 |

Original with;
Punjab Vidhan Sabha
Digitized by;
Panjab Digital Library

| ਨੰ: | ਪਿੰਡ ਦਾ ਨਾਂ | | ਰਕਮ |
|---|---|---|---|
| ਸਾਲ 1975-76 | | | |
| 1. | ਬੇੜੀ | .. | 7,000 |
| 2. | ਮਸੌਲ | .. | 7,000 |
| 3. | ਰੰਗੀਆਂ | .. | 7,000 |
| 4. | ਮੋਟੇ ਮਾਜਰਾ | .. | 7,000 |
| 5. | ਬਡਾਲੀ | .. | 7,000 |
| 6. | ਬਲੋ ਮਾਜਰਾ | .. | 7,000 |
| 7. | ਕੁਰੜਾ | .. | 7,000 |
| 8. | ਧੜਾਕ ਕਲਾਂ | .. | 7,000 |
| 9. | ਰਾਇਪੁਰ ਕਲਾਂ | .. | 7,000 |
| 10. | ਭਾਗੋ ਮਾਜਰਾ | .. | 7,000 |
| 11. | ਮਜਾਤੜੀ | .. | 7,000 |
| 12. | ਮੱਗਰ | .. | 7,000 |
| 13. | ਸਿਰਕਪੜਾ | .. | 7,000 |
| 14. | ਪੋਪਨਾਂ | .. | 7,000 |
| 15. | ਖਰੜ (ਬੜੀ ਮਾਜਰੀ) | .. | 3,000 |
| 16. | ਖਰੜ (ਛੋਟੀ ਮਾਜਰੀ) | .. | 3,000 |

## ਅਨੁਲਗ—ਅ

ਹਲਕਾ ਖਰੜ ਜ਼ਿਲ੍ਹਾ ਰੋਪੜ ਦੇ ਪਿੰਡਾਂ ਦੀ ਲਿਸਟ ਜਿੱਥੇ ਹਾਲਾਂ ਧਰਮਸ਼ਾਲਾਵਾਂ ਨਹੀਂ ਬਣੀਆਂ ।

| ਨੰ: | ਪਿੰਡਾਂ ਦਾ ਨਾਂ | ਨੰ: | ਪਿੰਡ ਦਾ ਨਾਂ |
|---|---|---|---|
| 1. | ਤੋਗਾਂ | 6. | ਬਹਿਲੋਲਪੁਰ |
| 2. | ਧਨੌੜਾਂ | 7. | ਮਸਤਗੜ |
| 3. | ਰਤੋਂਵਾੜਾ | 8. | ਮਾਮੂਪੁਰ |
| 4. | ਪੈਂਤਪੁਰ | 9. | ਬਦਨਪੁਰ |
| 5. | ਮਨਾਣਾ | 10. | ਲੈਂਜਲਾਂ |

Original with:
Punjab Vidhan Sabha
Digitized by:
Panjab Digital Library

11. ਬੱਤਾ
12. ਮਾਛੀਪੁਰ
13. ਕਜੱਲ ਮਾਜਰਾ
14. ਘੋਗਾ
15. ਦੇਹ ਕਲਾਂ
16. ਨਵੀਂਪੁਰ
17. ਮਹਿਮੂਦਪੁਰ
18. ਲਹਿਰਾਂ
19. ਬਹਿਰਾਮਪਰ
20. ਮੌਜਪੁਰ
21. ਲਖਨੌਰ
22. ਭਾਰੋਤਪੁਰ
23. ਪਤੜ
24. ਮੋਏਮਾਜਰਾ
25. ਸਾਂਤੇਮਾਜਰਾ
26. ਚਪੜਚਿੜੀ
27. ਗਬੇ ਸਾਜਰਾ
28. ਤਿਰਪੜੀ
29. ਨੰਗਲ ਫੌਜਗੜ੍ਹ
30. ਚੋਲਟਾ ਖੁਰਦ
31. ਚੁੰਨੀ ਕਲਾਂ
32. ਖਾਨਪੁਰ ਬਹਿਲਾਂ
33. ਚੁੱਠੀ ਖੁਰਦ
34. ਲੰਡਰ ਮਾਜਰਾ
35. ਪੜਾਕਖੁਰਦ
36. ਨਿਆਮੀਆਂ
37. ਮਕੜਾ
38. ਧੁਬਜਲੀ
39. ਮਲਿਕਪੁਰ
40. ਬਾਸੀਆਂ
41. ਨਾਨੋਮਾਜਰਾ
42. ਸੰਭਾ ਲਖੀ
43. ਸੁਖਗੜ੍ਹ
44. ਲੰਬੇ
45. ਰਾਏਪੁਰ ਖੁਰਦ
46. ਮਦਨਪਰ
47. ਪਾਪੜੀ
48. ਸਿਆਹੀ ਮਾਜਰਾ
49. ਦੇਸੂਮਾਜਰਾ
50. ਬਲੌਂਗੀ
51. ਖਰਿਆਲੀ
52. ਬੜਮਾਜਰਾ
53. ਰਾਏਪੁਰ
54. ਦਾਊ
55. ਫਹਿਉਲਾਪੁਰ
56. ਹਰਲਾਲਪੁਰ
57. ਮੁਹਾਲੀ
58. ਬੜੀ
59. ਮਟਰਾਂ
60. ਸਿਆਊ
61. ਰੁੜਕਾ
62. ਨਡਿਆਲੀ
63. ਅਲੀਪੁਰ
64. ਸਫੀਪੁਰ
65. ਕੰਡਾਲਾ
66. ਧਰਮਗੜ੍ਹ
67. ਝਿਉਰਹੇੜੀ
68. ਕੰਬਾਲੀ
69. ਜਰਾਭਪੁਰ
70. ਮਾਜਰਾ
71. ਕੁਰੜੀ
72. ਸਿੰਗਾਰੀਵਾਲਾ
73. ਗੋਬਿੰਦਗੜ੍ਹ
74. ਮਿਆਮਪੁਰ
75. ਢੋਲਪੁਰ
76. ਬਠਲਾਣਾ
77. ਮੀਢੋਮਾਜਰਾ
78. ਦੈੜੀ ਮਾਜਰਾ
79. ਪਤੋ
80. ਚਾਉ ਮਾਜਰਾ
81. ਨਗਾਰੀ
82. ਧੀਰਪਰ

Original with;
Punjab Vidhan Sabha
Digitized by;
Panjab Digital Library

**ਡੇਰਾ ਬੱਸੀ ਲਿੰਕ ਸੜਕ ਤੇ ਲੁੱਕ ਵਿਛਾਉਣਾ**

1067. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਡੇਰਾ ਬੱਸੀ ਲਿੰਕ ਸੜਕ ਤੇ ਲੁੱਕ ਵਿਛਾਉਣ ਦਾ ਕੰਮ ਸਾਲ 1974-75 ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਅਜੇ ਤੀਕ ਮੁਕੰਮਲ ਨਹੀਂ ਕੀਤਾ ਗਿਆ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਣ ਹਨ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : ਡੇਰਾ ਬੱਸੀ ਤੋਂ ਲਿੰਕ ਸੜਕ ਜਿਹੜੀ ਕਿ ਸਬ-ਤਹਿਸੀਲ ਦੇ ਨਾਲ ਦੀ ਜਾਂਦੀ ਹੈ, ਉਸ ਦੇ ਉਪਰ ਲੁੱਕ ਪਾਉਣ ਦਾ ਕੰਮ 1974-75 ਵਿਚ ਸ਼ੁਰੂ ਨਹੀਂ ਕੀਤਾ ਗਿਆ । ਇਸ ਸੜਕ ਦੇ ਉਪਰ ਲੁਕ ਕੋਈ ਤਿੰਨ ਸਾਲ ਪਹਿਲੇ ਪੈ ਚੁੱਕੀ ਹੈ ਜੀ ।

---

**ਬਰਸਾਤੀ ਨਾਲੇ ਤੇ ਪੁਲ**

1068. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਸਰਕਾਰ ਨੇ 1975-76 ਵਿਚ ਖਰੜ ਉਪ ਮੰਡਲ ਵਿਚ ਪਿੰਡ ਜਗਤਪੁਰ ਨੇੜੇ ਇਕ ਬਰਸਾਤੀ ਨਾਲੇ ਤੇ ਪੁਲ ਮਨਜ਼ੂਰ ਕੀਤਾ ਸੀ ।

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਕੀ ਉਸ ਨੂੰ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਉਸ ਦੇ ਲਗਭਗ ਕਿਸ ਸਮੇਂ ਤਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : (ੳ) ਜੀ ਹਾਂ ।

(ਅ) ਪੁਲ ਨੂੰ ਬਣਾਉਣ ਦਾ ਕੰਮ ਚਲ ਰਿਹਾ ਹੈ ਅਤੇ ਇਸ ਪੁਲ ਦੇ ਅਗਲੇ ਮਾਲੀ ਸਾਲ ਦੇ ਅਖੀਰ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

---

UNSTARRED QUESTION NO. 1069

(Extension has been asked for in respeet of Unstarred Question No. 1069)

ਵਿਸ਼ਾ :- ਵਿਧਾਨ ਸਭਾ ਤਾਰਾ ਰਹਿਤ ਪ੍ਰਸ਼ਨ ਨੰ: 1069 ਵਲੋਂ ਕਾਮਰੇਡ ਅੱਛਰਾ ਸਿੰਘ ਐਮ. ਐਲ. ਏ. ਬਾਬਤ ਰਾਜ ਵਿਚ ਸਰਕਾਰੀ ਸਕੂਲਾਂ ਵਿਚ ਮੁੱਖ ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਬਾਰੇ ।

Original with:
Punjab Vidhan Sabha
Digitized by:
Panjab Digital Library

ਸਭਾ ਦੇ ਸਵਾਲ ਨੰ: 1069 ਜੋ ਮਿਤੀ 5 ਫਰਵਰੀ, 1976 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਅੱਛਰਾ ਸਿੰਘ ਐਮ. ਐਲ. ਏ. ਦੇ ਵਲੋਂ/ਨਾਂ ਹੇਠ ਦਰਜ ਹੈ ਦਾ ਜਵਾਬ ਅੱਜੇ ਤਿਆਰ ਨਹੀਂ ਹੋਇਆ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰਤ ਭੇਜ ਦਿੱਤਾ ਜਾਵੇਗਾ ।

(ਗੁਰਮੇਲ ਸਿੰਘ)

ਸਕੱਤਰ,

ਪੰਜਾਬ ਵਿਧਾਨ ਸਭਾ

ਚੰਡੀਗੜ੍ਹ ।

ਗ ਸ: ਪ: ਨੰ: 1240—5 ਸਿ 3-76/ ਮਿਤੀ ਚੰਡੀਗੜ੍ਹ, 4 ਫਰਵਰੀ, 1976

— —

**ਅਪ੍ਰੈਲ ਤੋਂ ਦਸੰਬਰ, 1975 ਤਕ ਜੇ. ਬੀ. ਟੀ./ਕਲਾਸੀਕਲ ਅਤੇ ਵਰਨੈਕੁਲਰ ਅਧਿਆਪਕਾਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ**

1070. **ਕਾਮਰੇਡ ਅੱਛਰਾ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ :

(ੳ) ਕੀ ਇਹ ਠੀਕ ਹੈ, ਕਿ ਅਪ੍ਰੈਲ ਤੋਂ ਦਸੰਬਰ, 1975 ਤਕ ਦੇ ਮਹੀਨਿਆਂ ਦੇ ਦੌਰਾਨ ਜ਼ਿਲਾ ਵਿਦਿਆ ਅਫਸਰ, ਬਠਿੰਡਾ ਨੇ ਜੇ.ਬੀ.ਟੀ. ਕਲਾਸੀਕਲ ਅਤੇ ਵਰਨੈਕੁਲਰ ਅਧਿਆਪਕਾਂ ਦੀਆਂ ਬਕਾਇਦਾ ਆਧਾਰ ਤੇ ਕੁਝ ਨਿਯੁਕਤੀਆਂ ਕੀਤੀਆਂ ;

(ਅ) ਕੀ ਇਹ ਵੀ ਠੀਕ ਹੈ ਕਿ ਉਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਤੇ ਕਿਸੇ ਅਧਿਆਪਕ ਦੀ ਨਿਯੁਕਤੀ ਲਈ ਉਮਨੂੰ ਮੈਟ੍ਰਿਕ ਪੱਧਰ ਤਕ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਪਾਸ ਕਰਨੀਆਂ ਪੈਂਦੀਆਂ ਹਨ ;

(ੲ) ਜੇਕਰ ਉਕਤ ਭਾਗ (ੳ) ਅਤੇ (ਅ) ਦਾ ਉਤਰ ਹਾਂ ਵਿਚ ਹੋਵੇ ਤਾਂ ਕੀ ਕਿਸੇ ਅਧਿਆਪਕ ਨੂੰ ਜਿਸ ਨੇ ਹਿੰਦੀ ਜਾਂ ਪੰਜਾਬੀ ਭਾਸ਼ਾ ਪਾਸ ਨਹੀਂ ਕੀਤੀ, ਉਕਤ ਆਸਾਮੀਆਂ ਤੇ ਨਿਯੁਕਤ ਕੀਤਾ ਗਿਆ ਹੈ; ਜੇ ਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਤ੍ਰੀ ਕੀ ਹਨ ਅਤੇ ਅਜਿਹੀਆਂ ਨਿਯੁਕਤੀਆਂ ਦੇ ਕੀ ਕਾਰਨ ਹਨ ?

**ਸ਼੍ਰੀ ਗੁਰਮੇਲ ਸਿੰਘ** : (ੳ) ਹਾਂ ਜੀ ;

(ਅ) ਹਾਂ ਜੀ ਪਰ ਵਿਗਿਆਪਨ ਵਿਚ ਕੇਵਲ ਮੈਟ੍ਰਿਕ ਪੱਧਰ ਦੀ ਪੰਜਾਬੀ ਪਾਸ ਕਰਨ ਦੀ ਸ਼ਰਤ ਸੀ ।

(ੲ) ਹਾਂ ਜੀ । ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

ਵਿਗਿਆਪਨ ਵਿਚ ਕੇਵਲ ਪੰਜਾਬੀ ਦੀ ਹੀ ਸ਼ਰਤ ਸੀ ਅਤੇ ਵਿਗਿਆਪਨ ਦੇ ਆਧਾਰ ਤੇ ਨਿਯੁਕਤੀ ਪੱਤਰਾਂ ਵਿਚ ਇਕ ਸਾਲ ਦੇ ਅੰਦਰ-ਅੰਦਰ ਮੈਟ੍ਰਿਕ ਪੱਧਰ ਦੀ ਪੰਜਾਬੀ ਪਾਸ ਕਰਨ ਦੀ ਸ਼ਰਤ ਲਗਾ ਦਿਤੀ ਗਈ ਸੀ ।

Original with;
Punjab Vidhan Sabha
Digitized by;
Panjab Digital Library

ਭਾਗ "ੲ" ਦੇ ਸਬੰਧ ਵਿਚ ਸੂਚੀ ।

[ਵਿਦਿਆ ਮੰਤਰੀ]

| ਲੜੀ ਨੰ: | ਉਮੀਦਵਾਰ ਦਾ ਨਾਂ ਅਤੇ ਜਿੱਥੇ ਨਿਯੁਕਤ ਕੀਤਾ ਗਿਆ |
|---|---|
| 1. | ਸ੍ਰੀ ਲੀਲਾ ਧਰ, ਸਰਕਾਰੀ ਹਾਈ ਸਕੂਲ, ਕੁਟੀ । |
| 2. | ਸ੍ਰੀ ਖੇਮ ਚੰਦ, ਸਰਕਾਰੀ ਪ੍ਰਾਇਮਰੀ ਸਕੂਲ ਕਾਹਨਗੜ੍ਹ । |
| 3. | ਸ੍ਰੀ ਦੇਵੀ ਲਾਲ, ਸਰਕਾਰੀ ਹਾਈ ਸਕੂਲ, ਸਰਦੂਲਗੜ੍ਹ । |

## ਸਾਲ 1973-74 ਤੋਂ 1975-76 ਦੇ ਦੌਰਾਨ ਰਾਜ ਵਿਚ ਅਪਗਰੇਡ ਕੀਤੇ ਗਏ ਮਿਡਲ ਸਕੂਲ

**1071. ਕਾਮਰੇਡ ਅੱਛਰਾ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ 1973-74, 1974-75 ਅਤੇ 1975-76 ਤੋਂ ਹੁਣ ਤਕ ਦੇ ਦੌਰਾਨ ਕੁਝ ਮਿਡਲ ਸਕੂਲਾਂ ਨੂੰ ਹਾਈ ਸਟੈਂਡਰਡ ਤਕ ਅਪਗਰੇਡ ਕੀਤਾ ਗਿਆ ਸੀ, ਜੇ ਕਰ ਅਜਿਹਾ ਹੋਵੇ ਤਾਂ ਉਕਤ ਸਕੂਲਾਂ ਦੀ ਬਲਾਕ ਵਾਰ ਅਤੇ ਜ਼ਿਲ੍ਹਾ ਵਾਰ ਇਕ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਵੇ ?

**ਸ੍ਰੀ ਗੁਰਮੇਲ ਸਿੰਘ** : ਹਾਂ ਜੀ ਬਲਾਕ ਵਾਰ ਸੂਚਨਾ ਰੱਖੀ ਨਹੀਂ ਜਾਂਦੀ ਜੀ । ਇਹਨਾਂ ਸਕੂਲਾਂ ਦੀ ਜ਼ਿਲੇਵਾਰ ਸੂਚੀ ਸਦਨ ਦੀ ਮੇਜ਼ ਪੁਰ ਰੱਖੀ ਜਾਂਦੀ ਹੈ ।

**List Showing the Districtwise Names of Government Middle Schools Upgraded to High Standard in the State during the year 1975-76.**

**(i) District Amritsar.**

1. Othian
2. Wadalo-Kalan
3. Wadala Khurd
4. Tharu

**(ii) District Bhatinda**

1. Alampur Madran

**(iii) Ferozepore District**

1. Govt. Jr. Model School Abohar

**(iv) Faridkot District**

1. Jhabel Wali
2. Bughi Pura

**(v) Gurdaspur District**

1. Hardurwal

**(vi) Hoshiarpur District**

1. Chhangla
2. Nainowal Jattan
3. Dharampura
4. Bohan
5. Safdarpur
6. Behlakhan
7. Chaumuhi
8. Kalowal
9. Patial Malkowal
10. Talwandi Sallan
11. Ispur Maksuspur Chela
12. Babmeli

Original with;
Punjab Vidhan Sabha
Digitized by;
Panjab Digital Library

**(vii) District Jullundur**

1. Shei-Khupur Bag
2. Sohlon
3. Kishanpur

**(viii) District Kapurthala**

1. Burewal
2. Sheikupur

**(ix) District Ludhiana**

1. Andlu
2. Ramgarh Bhullar
3. Bhutta
4. Bilaspur
5. Lakha
6. G. Jr. Model School Pb. Agriculture University Ludhiana as Sr. Model.

**(x) District Patiala**

1. Bhuner Heri
2. Bazidpur
3. Lachkani
4. Ranbirpura
5. Bal Behra
6. Panjela
7. Baran
8. Badhauchee Kalan
9. Karala
10. Chheetanwala

**(xi) District Ropar**

1. Tajpura
2. Bela Boys School as Co-educational
3. Dhanauri
4. Tiba Taprian
5. Dhangrali
6. Nurpur Bedi (Girls)

**(xii) District Sangrur**

1. Mulowal
2. Mahnedpur
3. Sheron.

Total .. 50

**List showing Districtwise names of Government Middle Schools upgraded to High Standard in the State during the year 1974-75**

**(i) District Amritsar**

1. Vallah
2. Nagoke (Girls)
3. Chumpanpura

**(ii) District Bhatinda**

1. Akalia
2. Bhodipura

**(iii) District Ferozepur**

1. Khuyan Sarwar

**(iv) District Faridkot**

1. Mahlakalan

**(v) District Gurdaspur**

1. Shahpurgu Rayan

**(vi) District Hoshiarpur**

1. Malewal
2. Rurke Khas
3. Khandhala Shiekhan
4. Sansarpur Makowal
5. Ajnoha

**(vii) District Jullundur**

1. Bheen
2. Chak Bilga (Girls)

**(viii) District Kapurthala**

1. Bhanoke

**(ix) District Ludhiana**

1. Bassian
2. Jamalpur Awana
3. Junior Model School Millerganj, Ludhiana as Senior Model School.

**(x) District Patiala**

1. Machhili Kalan

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

(xi) **District Ropar**

1 Marauli Kalan as Shahid Kanshi Ram Memorial Government High School.

2. Boor Majra

3. Kathera

4. Kartarpur

(xii) **District Sangrur**

1. Gujran

2. Saron

Total 26

**List showing District-wise names of Government Middle Schools upgraded to High Standard in the State during the year 1973-74.**

(i) **District Amritsar**

1. Pandori Sidhwan
2. Verka (Girls)
3. Chogawan (Girls)
4. Bhalaipur Dogran
5. Mehal Jandiala
6. Khalrs (Girls)
7. Naushera Panwan (Girls)
8. Dehriwala
9. Bundala
10. Udho Nangal (Girls)
11. Jalalusman

(ii) **District Bhatinda**

1. Datewas
2. Baluana
3. Kararwala
4. Nandgarh
5. Siryewala (in the name of Shahid Lt. Jasmail Singh

(iii) **District Ferozepur**

1. Valur
2. Mehma
3. Dabwala-Kalan
4. Ugoke
5. Kundal (Boys)
6. Karni Khera

(iv) **District Faridkot**

1. Tarkhanwala
2. Jhandeana West
3. Badian
4. Thandewala

(v) **District Gurdaspur**

1. Gahlri
2. Sohal
3. Sarchoor
4. Madhopur
5. Naushehra Nalbandan

(vi) **District Hoshiarpur**

1. Munak Kalan
2. Sikri
3. Mehtabpur
4. Mahilanwali
5. Miani
6. Dhamai
7. Sahri

(vii) **District Jullundur**

1. Malian Kalan
2. Sangowal
3. Ghitti
4. Raipur Rasulpur
5. Birk
6. Daylpur
7. Pasla
8. Khatkar Kalan
9. Jadla
10. Saria Khas
11. Jajja Kalan
12. Sarih (Girls)
13. Masanian

(viii) **District Kapurthala**

1. Rehana Jattan
2. Dhilwan (Girls)

Original with;
Punjab Vidhan Sabha
Digitized by;
Panjab Digital Library

3. Paramjit Pur

(ix) **District Ludhiana**

1. Ghangrana
2. Issru
3. Alamgir
4. Kasabad
5. Sehala
6. Rauni

(x) **District Patiala**

1. Sauja
2. Arnon
3. Dappar.
4. Tanda Badha
5. Maur
6. Alluna
7. Rampur Sanian
8. Samgauli

(xi) **District Ropar**

1. Sahauran
2. Manali Dhanaula
3. Desu Majra
4. Suksal
5. Chanauli Bassi

(xii) **District Sangrur**

1. Mandvi
2. Illwal Gaggarpur
3. Chak Sheikhupur Kalan
4. Gawara
5. Badrukhan
6. Khudi Kalan

Total .. 79

---

**ਸਰਕਾਰੀ ਹਾਈ ਸਕੂਲਾਂ ਦੇ ਨਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮੁੱਖ ਅਧਿਆਪਕਾਂ ਦੁਆਰਾ ਪੜ੍ਹਾਏ ਜਾਂਦੇ ਵਿਸ਼ੇ ।**

1072. **ਕਾਮਰੇਡ ਅੱਛਰਾ ਸਿੰਘ :** ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) ਕਿਸੇ ਸਰਕਾਰੀ ਹਾਈ ਸਕੂਲ ਦੇ ਮੁਖ ਅਧਿਆਪਕ ਨੂੰ ਨੌਵੀਂ ਅਤੇ ਦਸਵੀਂ ਜਮਾਤ ਨੂੰ ਕਿੰਨੇ ਪੀਰੀਅਡ ਪੜ੍ਹਾਉਣੇ ਪੈਂਦੇ ਹਨ :—

(ਅ) ਰਾਜ ਵਿਚ, ਬਲਾਕ-ਵਾਰ ਅਤੇ ਜ਼ਿਲ੍ਹੇਵਾਰ ਕਿੰਨੇ ਅਤੇ ਕਿਹੜੇ ਕਿਹੜੇ ਮੁੱਖ ਅਧਿਆਪਕ ਹਨ, ਜਿਹੜੇ ਦਸਵੀਂ ਜਾਂ ਨੌਵੀਂ ਜਮਾਤ ਨੂੰ ਇਸ ਵਕਤ ਕੋਈ ਵੀ ਵਿਸ਼ਾ ਨਹੀਂ ਪੜ੍ਹਾਉਂਦੇ ?

**ਸ੍ਰੀ ਗੁਰਮੇਲ ਸਿੰਘ :** (ੳ) ਇਕ ਹੈਡ ਮਾਸਟਰ ਨੂੰ 9ਵੀਂ ਅਤੇ 10ਵੀਂ ਕਲਾਸ ਦੇ 18 ਪੀਰੀਅਡ ਇਕ ਹਫਤੇ ਵਿਚ ਪੜ੍ਹਾਉਣੇ ਪੈਂਦੇ ਹਨ ।

(ਅ) ਇਸ ਸਬੰਧ ਵਿਚ ਸੂਚਨਾ ਪ੍ਰਾਪਤ ਕਰਨ ਵਿਚ ਕਾਫੀ ਲੰਬਾ ਸਮਾਂ ਲਗੇਗਾ ਤੇ ਲਾਭ ਮਹੱਤਵ ਪੂਰਨ ਨਹੀਂ ਹੋਵੇਗਾ ।

---

## CALL ATTENTION NOTICES UNDER RULE 66

(SERIAL NO. 79)

**Comrade Satya Pal Dang :** Sir I beg to draw the attention of the Government towards a matter of urgent public importance, namely, out of amounts paid to the workers of Batala Depot of the Punjab Roadways, long back as exgratia payments, the General Manager has ordered the recovery of 50% of these amounts from the wages/salaries of workers due to them for the month of January, 1976. This ** * order of the General Manager

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਡਾਂਗ ਸਾਹਿਬ, ਇਹ ** ** ਦੇ ਲਫਜ਼ ਕੱਟੇ ਹੋਏ ਹਨ, ਇਹ ਨਾ ਪੜ੍ਹੋ ।

**ਕਾਮਰੇਡ ਸੱਤ ਪਾਲ ਡਾਂਗ** : ਨਹੀ ਜੀ, ਜੋ ਤੁਹਾਡੇ ਦਫਤਰ ਵਲੋਂ ਮਿਲਿਆ ਹੈ, ਮੈਂ ਉਹ ਪੜ੍ਹ ਰਿਹਾ ਹਾਂ ।

**ਸ੍ਰੀ ਸਪੀਕਰ** : ਇਹ ਲਫਜ਼, ** ** ਦੇ ਲਫਜ਼ ਪ੍ਰੋਸੀਡਿਗਜ਼ ਦਾ ਪਾਰਟ ਨਹੀਂ ਬਣਨਗੇ । ਇਹ ਕੱਟ ਦਿੱਤੇ ਗਏ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, 50 ਫੀ ਸਦੀ ਇਕ ਮਹੀਨੇ ਦੀ ਤਨਖਾਹ ਵਿਚੋਂ ਕੱਟ ਲਈ ਜਾਵੇ ਤਾਂ ਕੀ ਇਹ ** ** ਨਹੀਂ ਹੈ ? ਜਾਂ ਫਿਰ ਇਹ ਐਡਵਾਂਸ ਕਾਪੀ ਹੈ, ਦੂਸਰੀ ਦੇ ਦਿਓ, ਉਹ ਪੜ੍ਹ ਦਿੰਦਾ ਹਾਂ ।

Order of the General Manager has led to much discontentment amongst the workers who have not accepted these wages/salaries in protest.

In view of the obvious and urgent importance of the matter the Government may please be asked to make a statement in the House.

**Mr. Speaker** : Admitted. The Minister concerned may please make a statement.

**ਰਾਜ ਮੰਤਰੀ (ਟਰਾਂਸਪੋਰਟ ਅਤੇ ਹਵਾਬਾਜ਼ੀ)** : ਸਪੀਕਰ ਸਾਹਿਬ, ਮੈਂ ਇਸ ਕਾਲ ਐਟੇਂਸ਼ਨ ਮੋਸ਼ਨ ਦਾ ਜਵਾਬ ਹੁਣੇ ਹੀ ਦੇ ਦਿੰਦਾ ਹਾਂ ਜੀ ।

**Mr. Speaker** : Very good.

**ਰਾਜ ਮੰਤਰੀ** : (ਟਰਾਂਸਪੋਰਟ ਅਤੇ ਹਵਾਬਾਜ਼ੀ) ਡਾਇਰੈਕਟਰ, ਸਟੇਟ ਟਰਾਂਸਪੋਰਟ ਵਲੋਂ ਜਨਰਲ ਮੈਨੇਜਰਾਂ ਨੂੰ ਹਦਾਇਤਾਂ 3 ਫਰਵਰੀ, 1976 ਨੂੰ ਜਾਰੀ ਕਰ ਦਿੱਤੀਆਂ ਗਈਆਂ ਹਨ । ਇਸ ਲਈ ਹੁਣ ਕੋਈ ਬੇਚੈਨੀ ਕਰਮਚਾਰੀਆਂ ਵਿਚ ਫੈਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਹ ਵੀ ਦੱਸਣ ਕਿ ਕੀ ਹਦਾਇਤਾਂ ਜਾਰੀ ਕੀਤੀਆਂ ਹਨ ?

**ਰਾਜ ਮੰਤਰੀ** : ਹਦਾਇਤਾਂ ਇਹ ਕੀਤੀਆਂ ਹਨ ਕਿ ਉਨ੍ਹਾਂ ਦਾ ਬੋਨਸ ਨਹੀਂ ਕੱਟਿਆ ਜਾਵੇਗਾ । (ਥੰਪਿੰਗ)

(SERIAL No. 82)

**Comrade Darshan Singh Canadian** : I beg to draw the attention of the Government towards a matter of urgent public importance,

** Expunged as ordered by the Chair.

Original with;
Punjab Vidhan Sabha
Digitized by;
Panjab Digital Library

namely, that hundreds of Chowkidars have still not been paid the arrears of pay for the years 1968 to 1974 even after the Government decision to pay them. As the matter concerns thousands of Chowkidars and their families and is generating discontentment among them, the Government may be asked to make a statement on the subject in the House.

**Mr. Speaker** : Admitted. The Minister concerned may please make a statement.

(ਕ੍ਰਮ ਨੰ : 83)

**ਮਾਸਟਰ ਦਲੀਪ ਚੰਦ:** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਬਲਾਚੌਰ ਦੇ ਹਲਕੇ ਵਿਚ ਕੰਡੀ ਦੇ 60, 70 ਪਿੰਡ ਵਿਚ ਅਵਾਰਾ ਗਊਆਂ ਨੇ ਫ਼ਸਲਾਂ ਨੂੰ ਤਬਾਹ ਕਰ ਦਿੱਤਾ ਹੈ ਅਤੇ ਇਹ ਬੜਾ ਕੌਮੀ ਨੁਕਸਾਨ ਹੋਇਆ ਹੈ । 200 ਅਵਾਰਾ ਗਊਆਂ ਦਾ ਇਕ ਟੋਲਾ ਇਸ ਕੰਡੀ ਦੇ ਪਿੰਡਾਂ ਵਿਚ ਕਾਫ਼ੀ ਸਮੇਂ ਤੋਂ ਫਿਰ ਰਿਹਾ ਹੈ । ਲੋਕ ਗ਼ਰੀਬ ਹਨ । ਇਨ੍ਹਾਂ ਦੀਆਂ ਫ਼ਸਲਾਂ ਇਸ ਤਰ੍ਹਾਂ ਤਬਾਹ ਹੋ ਰਹੀਆਂ ਹਨ । ਲੋਕਾਂ ਵਿਚ ਬਹੁਤ ਘਬਰਾਹਟ ਅਤੇ ਬੇਚੈਨੀ ਹੈ । ਸਰਕਾਰ ਸਦਨ ਵਿਚ ਜਵਾਬ ਦੇਣ ਦੀ ਕ੍ਰਿਪਾਲਤਾ ਕਰੇ ।

**ਸ੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ ਸਬੰਧਤ ਵਜ਼ੀਰ ਸਾਹਿਬ, ਬਿਆਨ ਦੇਣ ਦੀ ਖੇਚਲ ਕਰਨ ।

ਕਾਲ ਅਟੈਨਸ਼ਨ ਨੰ : 84 ਵਲੋਂ ਚੌਧਰੀ ਦਰਸ਼ਨ ਸਿੰਘ, ਕਾਮਰੇਡ ਸੱਤ ਪਾਲ ਡਾਂਗ ਐਂਡ ਸ੍ਰੀ ਗੁਰਦਿਆਲ ਸੈਣੀ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਦੇ ਨਾਮ ਕਿਸ ਤਰ੍ਹਾਂ ਇਸ ਉਤੇ ਆ ਗਏ ।

**ਸ੍ਰੀ ਸਪੀਕਰ** : ਇਨ੍ਹਾਂ ਦੇ ਵੀ ਦਸਖਤ ਸੀ ।

**ਕਾਮਰੇਡ ਸੱਤ ਪਾਲ ਡਾਂਗ** : ਮੈਨੂੰ ਇਨ੍ਹਾਂ ਨਾਲ ਕਾਹਨੂੰ ਜੋੜਨਾ ਸੀ ਜੀ । (ਹਾਸਾ)

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਡਾਇਰੈਕਟਰ ਪ੍ਰਿੰਸੀਪਲ ਲੇਅ ਕਰਦਾ ਹੈ ਕਿ ਜ਼ਰੂਰ ਤਾਲੀਮ ਦੇਣੀ ਹੈ ।

**ਸ੍ਰੀ ਸਪੀਕਰ** : ਜੋ ਕੁਝ ਕਾਲ ਅਟੈਂਸ਼ਨ ਵਿਚ ਲਿਖਿਆ ਹੈ ਉਹ ਪੜ੍ਹੋ । (ਹਾਸਾ) ਕਿਉਂਕਿ ਪ੍ਰੋਸੀਜਰ ਅਜੇ ਤਾਂ ਇਹ ਹੀ ਹੈ ਕਿ ਜੋ ਕੁਝ ਲਿਖਿਆ ਹੋਇਆ ਹੋਵੇ ਉਹ ਹੀ ਪੜ੍ਹਿਆ ਜਾਵੇ ।

**ਚੌਧਰੀ ਦਰਸ਼ਨ ਸਿੰਘ** : ਠੀਕ ਹੈ ਜੀ । ਮੈਂ ਇਹ ਪੜ੍ਹ ਦਿੰਦਾ ਹਾਂ ।

(ਕ੍ਰਮ ਨੰ : 84)

(1) **ਚੌਧਰੀ ਦਰਸ਼ਨ ਸਿੰਘ**
(2) **ਕਾਮਰੇਡ ਸੱਤ ਪਾਲ ਡਾਂਗ** } ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ
(3) **ਸ੍ਰੀ ਗੁਰਦਿਆਲ ਸੈਣੀ**

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਪੰਜਾਬ ਸਰਕਾਰ ਨੇ 30 ਨਵੰਬਰ, 1967 ਤੋਂ ਸਾਰੇ ਪ੍ਰਾਈਵੇਟ ਸਕੂਲਾਂ ਨੂੰ 95% ਗ੍ਰਾਂਟ-ਇਨ-ਏਡ ਦੇਣ ਦਾ ਹੁਕਮ ਜਾਰੀ ਕੀਤਾ ਸੀ। ਉਸ ਤੋਂ ਬਾਅਦ ਜਿੰਨੇ ਵੀ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ ਉਸ ਦੇ ਮੁਤਾਬਿਕ ਟੀਚਰਾਂ ਦੀ ਬੜ੍ਹੌਤੀ ਨਹੀਂ ਕੀਤੀ ਗਈ। ਸਿੱਟੇ ਵਜੋਂ, ਇਕ ਇਕ ਕਲਾਸ ਵਿਚ 100-100, 150-150 ਬੱਚੇ ਪੜ੍ਹ ਰਹੇ ਹਨ ਅਤੇ ਇਕ ਟੀਚਰ ਨੂੰ ਸੰਭਾਲਣਾ ਬੜਾ ਮੁਸ਼ਕਲ ਹੈ। ਸਰਕਾਰੀ ਸਕੂਲਾਂ ਵਿਚ ਬੱਚਿਆਂ ਦੇ ਮੁਤਾਬਿਕ ਟੀਚਰਾਂ ਦਾ ਵਾਧਾ ਵੀ ਕਰ ਦਿੱਤਾ ਜਾਣਾ ਹੈ। ਇਸ ਤਰ੍ਹਾਂ ਪੰਜਾਬ ਦੀ ਜਨਤਾ ਵਿਚ ਆਮ ਕਰਕੇ ਅਤੇ ਬੱਚਿਆਂ ਦੇ ਮਾਂ-ਬਾਪਾਂ ਚ ਖਾਸ ਕਰਕੇ ਬੜੀ ਬੇਚੈਨੀ ਅਤੇ ਰੋਸ ਪਾਇਆ ਜਾਂਦਾ ਹੈ। ਸਰਕਾਰ ਇਸ ਮਾਮਲੇ ਦੀ ਜ਼ਰੂਰੀ ਮਹੱਤਤਾ ਨੂੰ ਸਾਹਮਣੇ ਰੱਖਦੇ ਹੋਏ ਇਸ ਬਾਰੇ ਆਪਣੇ ਬਿਆਨ ਦੇਵੇ

**ਸ੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ।

## STATEMENTS LAID ON THE TABLE OF THE HOUSE IN REPLY TO CALL ATTENTION NOTICES

**Chief Parliamentary Secretary** ( Sardar Gurcharan Singh Nihal Singh Wala : Sir, I lay on the Table of the House replies to Call Attention Notices Nos. 46, 60 and 62.

(ਕ੍ਰਮ ਨੰ: 46)

**ਮਾਸਟਰ ਦਲੀਪ ਚੰਦ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਬਲਾਚੌਰ ਦੇ ਹਲਕੇ ਦੇ ਇਨ੍ਹਾਂ ਪਿੰਡਾਂ ਮੱਲੇਵਾਲ, ਕੰਡੀ, ਭੱਠਗੜ੍ਹ, ਝੰਡੂਪੁਰ, ਚੁਹਾਰਪੁਰ, ਸਿੰਘਪੁਰ, ਖੋਜਾਵਾਲ, ਰੋੜੀ, ਤਾਰੋਵਾਲ, ਚੰਦਪੁਰ ਰੁੜਕੀ ਵਿਚ ਪੀਣ ਦੇ ਪਾਣੀ ਦੇ ਨਲਕੇ 8,10 ਦਿਨਾਂ ਤੋਂ ਨਹੀਂ ਚਲ ਰਹੇ। ਲੋਕਾਂ ਨੂੰ ਪੀਣ ਦੇ ਪਾਣੀ ਦੀ ਬਹੁਤ ਤੰਗੀ ਹੈ। ਲੋਕਾਂ ਵਿਚ ਬਹੁਤ ਘਬਰਾਹਟ ਅਤੇ ਬੇਚੈਨੀ ਫੈਲੀ ਹੋਈ ਹੈ। ਕਿਉਂਕਿ ਪੀਣ ਦਾ ਪਾਣੀ 10 ਦਿਨਾਂ ਤੋਂ ਨਹੀਂ ਮਿਲ ਰਿਹਾ। ਸਰਕਾਰ ਸਦਨ ਵਿਚ ਜਵਾਬ ਦੇਣ ਦੀ ਕ੍ਰਿਪਾਲਤਾ ਕਰੇ।

**ਸਰਦਾਰ ਬਲਬੀਰ ਸਿੰਘ** (ਰਾਜ ਮੰਤਰੀ, ਸਿਹਤ ਤੇ ਸੰਤਾਨ ਸੰਜਮ): ਮਾਨਯੋਗ ਮੈਂਬਰ ਨੇ ਉਕਤ ਧਿਆਨ ਦਿਵਾਊ ਨੋਟਿਸ ਵਿਚ ਜਿਨ੍ਹਾਂ ਪਿੰਡਾਂ ਵਿਚ ਪੀਣ ਦੇ ਪਾਣੀ ਦੇ ਨਲਕੇ 8, 10 ਦਿਨਾਂ ਤੋਂ ਨਾ ਚਲਣ ਦਾ ਜ਼ਿਕਰ ਕੀਤਾ ਹੈ, ਇਹ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਪਿੰਡਾਂ ਵਿਚ ਬਿਜਲੀ ਦੀ ਸਪਲਾਈ ਬੰਦ ਹੋ ਜਾਣ ਕਾਰਨ ਕੇਵਲ ਇਕ ਦਿਨ ਲਈ ਜਲ ਸਪਲਾਈ ਬੰਦ ਹੋ ਗਈ ਸੀ। ਜਨ ਸਿਹਤ ਵਿਭਾਗ ਦੇ ਸਬੰਧਤ ਕਾਰਜਕਾਰੀ ਇੰਜੀਨੀਅਰ, ਅਤੇ ਉਪ ਮੰਡਲ ਅਫਸਰ ਨੇ ਉਨ੍ਹਾਂ ਪਿੰਡਾਂ ਦਾ ਦੌਰਾ ਕਰ ਕੇ ਸਹੀ ਸਥਿਤੀ ਦਾ ਪਤਾ ਲਗਾਇਆ ਹੈ ਕਿ ਪਾਣੀ ਦੀ ਸਪਲਾਈ ਕੇਵਲ ਇਕ ਦਿਨ ਲਈ ਹੀ ਬੰਦ ਹੋਈ ਸੀ ਅਤੇ ਇਸ ਵੇਲੇ ਪਹਿਲਾਂ ਵਾਂਗ ਪਾਣੀ ਮਿਲ ਰਿਹਾ ਹੈ। ਇਸ ਲਈ ਉਨ੍ਹਾਂ ਪਿੰਡਾਂ ਵਿਚ ਹੁਣ ਪੀਣ ਦੇ ਪਾਣੀ ਦੀ ਕੋਈ ਤੰਗੀ ਨਹੀਂ ਹੈ ਅਤੇ ਨਾ ਹੀ ਲੋਕਾਂ ਵਿਚ ਕੋਈ ਘਬਰਾਹਟ ਜਾਂ ਬੇਚੈਨੀ ਹੈ।

---

Original with;
Punjab Vidhan Sabha
Digitized by;
Panjab Digital Library

(SERIAL NO. 60)

**Comrade Raj Kumar**: To draw the attention of the Government towards a matter of urgent public importance, namely, that the condition of newly constructed link roads particularly those constructed between 1972 and 1975 are fast deteriorating due to lack of adequate repair and care. Almost all of them are without labour gangs to look after their daily up-keep. In nearly all cases transfer of land in the name of Public Works Department have not taken place. Crores of Rupees spent on this construction are likely to go waste.

In view of the obvious importance of the matter the Government may be asked to make a statement in the House.

**ਸ਼੍ਰੀ ਜੋਗਿੰਦਰ ਪਾਲ ਪਾਂਡੇ** (ਰਾਜ ਮੰਤਰੀ, ਲੋਕ ਨਿਰਮਾਣ ਵਿਭਾਗ): 1972—75 ਵਿਚ ਬਣੀਆਂ ਸੜਕਾਂ ਦੀ ਮੁਰੰਮਤ ਹਰ ਸਾਲ ਕੀਤੀ ਜਾਂਦੀ ਹੈ । ਅਗਲੇ ਸਾਲ ਇਸ ਕੰਮ ਲਈ ਇਸ ਮਾਲੀ ਸਾਲ ਨਾਲੋਂ 1½ ਕਰੋੜ ਰੁਪਏ ਜ਼ਿਆਦਾ ਰਖਿਆ ਗਿਆ ਹੈ । ਮੁਰੰਮਤ ਦਾ ਕੰਮ ਪੂਰੀ ਤਰ੍ਹਾਂ ਹੱਥ ਵਿਚ ਲਿਆ ਜਾਵੇਗਾ । ਜੇ ਧਨ ਦੀ ਹੋਰ ਲੋੜ ਪਈ ਤਾਂ ਵਿੱਤ ਵਿਭਾਗ ਨੂੰ ਦਰਖਾਸਤ ਕੀਤੀ ਜਾਵੇਗੀ । ਗੈਂਗ ਮੈਨਾ ਦੀ ਲੋੜ ਅਨੁਸਾਰ ਵਿਭਾਗ ਸਕੀਮ ਤਿਆਰ ਕਰ ਰਿਹਾ ਹੈ ਜੇ ਉਨ੍ਹਾਂ ਲਈ ਵਾਧੂ ਧਨ ਦੀ ਲੋੜ ਪਈ ਤਾਂ ਵਿੱਤ ਵਿਭਾਗ ਪਾਸੋਂ ਵਖਰੇ ਤੌਰ ਤੇ ਮੰਗ ਕੀਤੀ ਜਾਵੇਗੀ ।

ਲਿੰਕ ਸੜਕ ਤੇ ਜਿਹੜੀ ਜ਼ਮੀਨ ਲੋਕ ਨਿਰਮਾਣ ਵਿਭਾਗ ਦੇ ਨਾਉਂ ਤੇ ਟਰਾਂਸਫਰ ਨਹੀਂ ਹੋਈ ਉਸ ਲਈ ਜ਼ਿਲ੍ਹਾ ਪੱਧਰ ਤੇ ਕਾਰਵਾਈ ਕਰਕੇ ਨਾਉਂ ਲਗਵਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ ।

---

(SERIAL NO. 62)

**Sardar Gurbachan Singh Cheema**: To draw the attention of the Government towards a matter of urgent public importance, namely, the non-payment of salaries to the teaching staff of Government High School, Nangal Bihalan, District Hoshiarpur. This School was taken over by the Government in May, 1975 but so far, the staff is starving for want of payment of salaries to them ever since the school has been taken over by the Government. Their plight is pitiable and immediate action for payment of salaries is called for. The Government is requested to make a statement in this connection on the floor of the House.

**ਸ਼੍ਰੀ ਗੁਰਮੇਲ ਸਿੰਘ** (ਵਿਦਿਆ ਮੰਤਰੀ) : ਪ੍ਰਾਈਵੇਟਲੀ-ਮੈਨੇਜਡ ਸਕੂਲਾਂ ਦੀ ਵਾਸਤਵਿਕ ਟੇਕ-ਓਵਰ ਆਸਾਮੀਆਂ ਦੀ ਰਚਨਾ ਹੋਣ ਤੋਂ ਬਾਅਦ ਅਤੇ ਦੋਹਾਂ ਧਿਰਾਂ ਵਿਚਕਾਰ ਗਿਫ਼ਟ ਡੀਡ ਹਸਤਾਖਰ ਹੋ ਜਾਣ ਦੀ ਮਿਤੀ ਤੋਂ ਹੀ ਹੁੰਦੀ ਹੈ । ਗਿਫ਼ਟ ਡੀਡ ਅਤੇ ਹੋਰ ਦੂਜੇ ਦਸਤਾਵੇਜ਼ ਜਿਹੜੇ ਐਚ. ਪੀ. ਪੀ. ਹਾਈ ਸਕੂਲ, ਨੰਗਲ ਬਿਹਾਲਾਂ (ਹੁਸ਼ਿਆਰਪੁਰ) ਦੇ ਸਬੰਧ ਵਿਚ ਮੈਨੇਜਮੈਂਟ ਵਲੋਂ ਹੀ ਤਿਆਰ ਕੀਤੇ ਜਾਣੇ ਸਨ, ਡਾਇਰੈਕਟਰ,

Original with Punjab Vidhan Sabha Digitized by; Panjab Digital Library

[ਵਿਦਿਆ ਮੰਤਰੀ]

ਸਿਖਿਆ ਦੇ ਦਫ਼ਤਰ ਵਿਚ ਅਕਤੂਬਰ, 1975 ਦੇ ਅਖੀਰ ਵਿਚ ਹੀ ਪਹੁੰਚੇ। ਸਕੂਲ ਪ੍ਰਬੰਧਕਾਂ ਨੇ ਆਪ ਹੀ ਗਰਾਂਟ ਕਲੇਮ ਕਰਨੀ ਬੰਦ ਕਰ ਦਿਤੀ ਸੀ, ਜਿਹੜਾ ਕਿ ਟੇਕ-ਓਵਰ ਸਬੰਧੀ ਰਸਮਾਂ ਪੂਰੀਆਂ ਹੋਣ ਤੋਂ ਪਹਿਲਾਂ ਨਹੀਂ ਸੀ ਕਰਨਾ ਚਾਹੀਦਾ। ਇਨ੍ਹਾਂ ਹਾਲਾਤ ਨੂੰ ਮੁੱਖ ਰਖ ਕੇ ਸਰਕਾਰ ਨੇ ਇਸ ਸਕੂਲ ਦੇ ਸਟਾਫ ਸਬੰਧੀ ਮੰਨਜ਼ੂਰੀ ਜਾਰੀ ਕਰ ਦਿਤੀ ਹੈ।

---

## PRESENTATION OF REPORT

**Shri Prem Gupta** (Member, Estimates Committee): Sir I beg to present the Report of the Committee on Estimates on the Budget Estimates for the year 1975-76 of the Social Welfare Department.

---

## RESOLUTION

### RE-CONSTRUCTION OF FREE OF COST HOUSES FOR RURAL WAGE WORKERS

**ਕਾਮਰੇਡ ਸੱਘੜ ਸਿੰਘ** (ਨਿਹਾਲ ਸਿੰਘ ਵਾਲਾ, ਐਸ.ਸੀ.): ਸਪੀਕਰ ਸਾਹਿਬ, ਇਹ ਸਦਨ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਦਿਹਾਤੀ ਦਿਹਾੜੀਦਾਰਾਂ ਲਈ, ਜਿਨ੍ਹਾਂ ਨੂੰ ਰਾਜ ਵਿਚ ਘਰਾਂ ਲਈ ਮੁਫ਼ਤ ਥਾਵਾਂ ਦਿਤੀਆਂ ਜਾ ਰਹੀਆਂ ਹਨ, ਲਾਗਤ-ਰਹਿਤ ਮੁਫ਼ਤ ਘਰ ਬਣਾਉਣ ਲਈ ਸਕੀਮ ਬਣਾਉਣ ਲਈ ਕਦੱਮ ਉਠਾਏ।

ਸਪੀਕਰ ਸਾਹਿਬ, ਇਹ ਜਿਹੜੀ ਸਕੀਮ ਹੈ। ਸਰਕਾਰ ਦੀ ਮੁਫ਼ਤ ਪਲਾਟ ਦੇਣ ਦੀ, ਇਹ ਬੜੀ ਚੰਗੀ ਸਕੀਮ ਹੈ। ਕਿਉਂਕਿ ਬੇ-ਸਹਾਰਾ ਲੋਕ ਜਿਹੜੇ ਬਹੁਤ ਗਰੀਬ ਹਨ ਜਿਨ੍ਹਾਂ ਕੋਲ ਇਕੋ ਮਕਾਨ . . . . . . . . . . . . . .

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਜਿਹੜੀ ਗੁਪਤਾ ਜੀ ਨੇ ਕਮੇਟੀ ਦੀ ਰਿਪੋਰਟ ਪੇਸ਼ ਕੀਤੀ ਹੈ ਉਸ ਦੀ ਇਕ ਕਾਪੀ ਸਾਨੂੰ ਵੀ ਦੇ ਦਿਉ।

**ਇਕ ਆਵਾਜ਼**: ਕਾਪੀ ਆ ਰਹੀ ਹੈ।

**ਕਾਮਰੇਡ ਸੱਘੜ ਸਿੰਘ**: ਸਪੀਕਰ ਸਾਹਿਬ, ਜਿਹੜੇ ਦਿਹਾੜੀਦਾਰ ਦਿਹਾੜੀ ਦਾ ਕੰਮ ਕਰਦੇ ਹਨ, ਉਨ੍ਹਾਂ ਨੂੰ 100 ਗੱਜ਼ ਦਾ ਫਰੀ ਪਲਾਟ ਦੇਣ ਦਾ ਸਰਕਾਰ ਨੇ ਐਲਾਨ ਕੀਤਾ ਹੋਇਆ ਹੈ। ਸਪੀਕਰ ਸਾਹਿਬ, ਜਿਥੇ ਇਹ 5 ਮਰਲੇ ਦੀ ਜਗ੍ਹਾ ਦੇਣ ਦਾ ਪ੍ਰੋਗਰਾਮ ਸਰਕਾਰ ਨੇ ਚਲਾਇਆ ਹੈ, ਇਹ ਬਹੁਤ ਚੰਗਾ ਹੈ। ਮੈਂ ਪਿਛਲੀ 27 ਤਾਰੀਖ ਨੂੰ ਇਸ ਉਤੇ ਬੋਲਿਆ ਵੀ ਸੀ ਕਿ ਇਹ ਜਿਹੜੀ ਪਲਾਟਾਂ ਦੀ ਵੰਡ ਪਿੰਡਾਂ ਦੇ ਵਿਚ ਹੈ ਉਸ ਤੇ ਸਰਕਾਰ ਕੀ ਕਰਨਾ ਚਾਹੁੰਦੀ ਹੈ। ਪੰਜਾਬ ਦੇ ਵਾਸਤੇ ਜਿਹੜਾ ਪ੍ਰਬੰਧ ਹੈ ਬੋਗਸ ਲਿਸਟਾਂ ਬਣਾਉਣ ਦਾ ਇਸ ਤੇ ਅਸੀਂ ਨੁਕਤਾਚੀਨੀ ਕੀਤੀ ਸੀ ਕਿ ਇਹ ਚੀਜ਼ ਨਹੀਂ ਹੋਣੀ ਚਾਹੀਦੀ। ਇਸ ਦਾ ਸਬੂਤ ਮੇਰੇ ਕੋਲ ਹੈ ਅਤੇ ਮੈਂ ਇਹ ਸਬੂਤ ਥੋੜੇ ਦਿਨਾਂ ਵਿਚ ਸਰਕਾਰ ਨੂੰ ਪੇਸ਼ ਕਰ ਦੇਣੇ ਹਨ।

Original with;
Punjab Vidhan Sabha
Digitized by;
Panjab Digital Library

ਪਿਛਲੇ ਸਾਲ 85 ਲੱਖ ਰੁਪਏ ਮਕਾਨਾਂ ਦੀ ਉਸਾਰੀ ਲਈ ਰਖੇ ਗਏ ਸੀ ਪਰ ਐਤਕੀਂ ਇਹ ਇਕ ਕਰੋੜ ਰੁਪਏ ਰਖੇ ਗਏ ਹਨ। ਸਪੀਕਰ ਸਾਹਿਬ, ਇਹ ਇਕ ਕਰੋੜ ਰੁਪਏ ਬਹੁਤ ਥੋੜੇ ਹਨ। ਕਿਉਂਕਿ ਮਕਾਨ ਜ਼ਿਆਦਾ ਬਣਾਉਣ ਦਾ ਸਰਕਾਰ ਨੇ ਐਲਾਨ ਕੀਤਾ ਹੋਇਆ ਹੈ। ਬਜਟ ਵਿਚ ਇਸ ਕੰਮ ਲਈ ਜਿਹੜਾ ਪੈਸਾ ਰਖਿਆ ਗਿਆ ਹੈ ਇਹ ਇਸ ਤੋਂ 4 ਗੁਣਾ ਜ਼ਿਆਦਾ ਹੋਣੇ ਚਾਹੀਦੇ ਹਨ ਤਾਂਕਿ ਜਿਹੜੇ ਇਹ ਗਰੀਬ ਲੋਕ ਹਨ ਇਨ੍ਹਾਂ ਨੂੰ ਮਕਾਨ ਬਣਾਕੇ ਵਸਾਇਆ ਜਾਵੇ। ਜਿਵੇਂ, ਸਪੀਕਰ ਸਾਹਿਬ, ਕੇਰਲਾ ਸਰਕਾਰ ਨੇ ਇਕ ਲੱਖ ਮਕਾਨ ਬਣਾਉਣ ਦੀ ਸਕੀਮ ਬਣਾਈ ਸੀ। ਉਨ੍ਹਾਂ ਨੇ ਇਸ ਸਕੀਮ ਨੂੰ ਕਿਸ ਤਰ੍ਹਾਂ ਸਿਰੇ ਚੜ੍ਹਾਇਆ ਹੈ। ਉਨ੍ਹਾਂ ਨੇ ਪਿੰਡਾਂ ਦੀ ਪੰਚਾਇਤਾਂ ਨੂੰ ਨਾਲ ਲਿਆ ਅਤੇ ਮਿਉਂਨਿਸਪੈਲਟੀਜ਼ ਨੂੰ ਲਿਆ, ਉਥੇ ਜਿਹੜੇ ਵਿਦਿਆਰਥੀ ਸਨ ਉਨ੍ਹਾਂ ਨੂੰ ਨਾਲ ਲਿਆ ਗਿਆ ਅਤੇ ਉਨ੍ਹਾਂ ਨੇ ਫ਼ਰੀ ਲੇਬਰ ਕੀਤੀ ਸੀ। ਜਿਸ ਨਾਲ ਉਨ੍ਹਾਂ ਗ਼ਰੀਬ ਲੋਕਾਂ ਨੂੰ ਇੱਕ ਲੱਖ ਮਕਾਨ ਬਣਾ ਕੇ ਅਤੇ ਉਨ੍ਹਾਂ ਨੂੰ ਵਸਾ ਦਿੱਤਾ ਹੈ। ਇਸ ਲਈ ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਸਾਡੇ ਪੰਜਾਬ ਦੇ ਵਿਚ ਵੀ ਇਸ ਬਜਟ ਵਿਚ ਘੱਟ ਪੈਸਾ ਰਖਿਆ ਗਿਆ, ਨਾਲ ਹੀ ਉਨ੍ਹਾਂ ਲੋਕਾਂ ਦਾ ਮਿਲਵਰਤਨ ਲੈ ਕੇ, ਸਰਕਾਰ ਇਨ੍ਹਾਂ ਲੋਕਾਂ ਨੂੰ ਵਸਾਏ ਜਿਨਾਂ ਲੋਕਾਂ ਨੂੰ ਸਰਕਾਰ ਤੇ ਆਸ ਹੈ ਕਿ ਸਾਡੇ ਲਈ ਸਰਕਾਰ ਕੁਝ ਕਰੇਗੀ। ਉਨ੍ਹਾਂ ਨੂੰ ਮਕਾਨ ਬਣਾਕੇ ਵਸਾਉਣ।

ਸਪੀਕਰ ਸਾਹਿਬ, ਜਿਹੜਾ ਧਰਮਸ਼ਾਲਾਵਾਂ ਲਈ ਦਿਹਾੜੀਦਾਰਾਂ ਲਈ, ਪਿੰਡਾਂ ਵਿਚ ਸਰਕਾਰ ਨੇ ਪ੍ਰਬੰਧ ਕੀਤਾ ਹੈ, ਇਸ ਨਾਲ ਬਹੁਤ ਸਾਰੇ ਬੇ-ਘਰਾਂ ਲੋਕਾਂ ਨੂੰ ਫ਼ਾਇਦਾ ਹੈ ਕਿ ਉਹ ਠੀਕ ਤਰ੍ਹਾਂ ਰਹਿ ਸਕਦੇ ਹਨ। ਇਹ ਸਰਕਾਰ ਦਾ ਕਦਮ ਬੜਾ ਸ਼ਲਾਘਾਯੋਗ ਹੈ। ਪਿੰਡਾਂ ਦੇ ਵਿਚ ਜਿਹੜਾ ਕਰਜ਼ਾ ਕਾਨੂੰਨ ਹੈ ਇਹ ਸਫ਼ਾ 6-7 ਤੇ ਵਿੱਤ ਮੰਤਰੀ ਜੀ ਦੀ ਸਪੀਚ ਇਸ ਬਾਰੇ ਹੈ "ਪਿੰਡਾਂ ਦੇ ਦਿਹਾੜੀਦਾਰ ਅਤੇ ਛੋਟੇ ਤੇ ਮਾਰਜਿਨਲ ਕਿਸਾਨਾਂ ਦੇ ਕਰਜ਼ੇ ਮਾਫ਼ ਕੀਤੇ ਜਾਣਗੇ। ਪੰਜਾਬ ਜ਼ਿਰਾਇਤੀ ਕਰਜ਼ਦਾਰੀ ਰਾਹਤ ਕਾਨੂੰਨ ਦੇ ਅਧੀਨ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਵਾਲੇ ਜਿਹੜੇ ਕਿਸਾਨ ਬੇ-ਜ਼ਮੀਨੇ ਮਜ਼ਦੂਰ ਹਨ, ਉਨ੍ਹਾਂ ਦੇ ਕਰਜ਼ੇ ਤੇ ਸਟੇ ਦਿੱਤੀ ਜਾਵੇਗੀ।" ਇਹ ਬੜੀ ਚੰਗੀ ਗੱਲ ਹੈ। ਇਹ ਮਾਰਜਿਨਲ ਕਿਸਾਨਾਂ ਅਤੇ ਛੋਟੇ ਗ਼ਰੀਬ ਹਰੀਜਨ ਵਰਕਰਜ਼ ਹਨ ਉਨਾਂ ਦੇ ਕਰਜ਼ੇ ਤੇ ਦੋ ਸਾਲ ਲਈ ਸਟੇ ਹੋਵੇਗੀ। ਇਸ ਨਾਲ ਇਨ੍ਹਾਂ ਲੋਕਾਂ ਨੂੰ ਰਹਿਤ ਮਿਲੇਗੀ। ਪਰ, ਸਪੀਕਰ ਸਾਹਿਬ, ਅਜੇ ਵੀ ਅਦਾਲਤਾਂ ਵਿਚ ਕੇਸ ਚਲੱਦੇ ਹਨ। ਜੇ ਸਰਕਾਰ ਨੇ ਫ਼ੈਸਲਾ ਕਰ ਦਿੱਤਾ ਹੈ ਤਾਂ ਅਦਾਲਤਾਂ ਦੇ ਵਿਚ ਕੇਸ ਨਹੀਂ ਚਲਣੇ ਚਾਹੀਦੇ। ਸ਼ਾਹੂਕਾਰ ਅਜੇ ਵੀ ਗ਼ਰੀਬ ਕਾਰੀਗਰਾਂ, ਬੇ-ਜ਼ਮੀਨੇ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਦੇ ਖਿਲਾਫ਼ ਕੇਸ ਕਰ ਰਹੇ ਹਨ। ਇਹ ਕੇਸ ਨਹੀਂ ਹੋਣੇ ਚਾਹੀਦੇ ਇਹ ਐਲਾਨ ਬੜਾ ਸ਼ਲਾਘਾਯੋਗ ਹੈ। ਪਰ ਹੁਣ ਇਨ੍ਹਾਂ ਲੋਕਾਂ ਨੂੰ ਕਰਜ਼ੇ ਨਹੀਂ ਮਿਲਦੇ, ਕਿਉਂਕਿ ਸਾਹੂਕਾਰ ਨੂੰ ਪਤਾ ਹੈ ਕਿ ਕਰਜ਼ਾ ਵਾਪਸ ਨਹੀਂ ਆਉਣਾ, ਇਸ ਕਰਕੇ ਹੁਣ ਉਹ ਦੇਂਦੇ ਹੀ ਨਹੀਂ, ਇਸ ਨਾਲ ਉਨ੍ਹਾਂ ਦਾ ਕੰਮ ਠੱਪ ਹੋ ਗਿਆ ਹੈ। ਇਸ ਲਈ, ਮੈਂ ਸਰਕਾਰ ਤੋਂ ਮੰਗ ਕਰਾਂਗਾ ਕਿ ਇਹ ਜਿਹੜੇ ਦਿਹਾੜੀਦਾਰ ਲੋਕ ਹਨ, ਗ਼ਰੀਬ ਮਜ਼ਦੂਰ, ਛੋਟੇ ਕਿਸਾਨਾਂ ਲਈ ਪਿੰਡਾਂ ਵਿਚ ਬੈਂਕ ਖੋਲ੍ਹੇ ਜਾਣ ਤਾਂਕਿ ਇਹ ਲੋਕ ਕਰਜ਼ਾ ਲੈ ਸਕਣ। ਇਸ ਦੇ ਨਾਲ ਇਨ੍ਹਾਂ ਲੋਕਾਂ ਦਾ ਭਲਾ ਹੋਵੇਗਾ ਅਤੇ ਫ਼ਾਇਦਾ ਉਠਾ ਸਕਣਗੇ। ਇਸ ਕੰਮ ਲਈ ਬੈਂਕਾਂ ਅਤੇ ਸਹਿਕਾਰੀ ਵਪਾਰਕ ਬੈਂਕਾਂ ਅਤੇ ਦਿਹਾਤੀ ਬੈਂਕਾਂ ਕੋਲ ਜ਼ਿਆਦਾ ਤੋਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਜ਼ਿਆਦਾ ਪੈਸਾ ਹੋਣਾ ਚਾਹੀਦਾ ਹੈ ਤਾਂਕਿ ਉਨ੍ਹਾਂ ਲੋਕਾਂ ਦੀਆਂ ਲੋੜਾਂ ਪੂਰੀਆਂ ਹੋ ਸਕਣ। ਕਰਜ਼ਾ ਕਾਨੂੰਨ ਲਈ ਜਿਹੜਾ ਸਰਕਾਰ ਨੇ ਕਦਮ ਚੁਕਿਆ ਹੈ ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਅਤੇ ਹੁਣ ਫੇਰ ਕਰਾਂਗਾ ਕਿ ਇਸ ਤੇ ਪੂਰਾ ਗੌਰ ਹੋ ਜਾਵੇ ਤਾਂ ਠੀਕ ਹੈ। ਪਿੰਡਾਂ ਵਿਚ ਜਿਹੜੇ ਗ਼ਰੀਬ ਲੋਕ ਵੱਸਦੇ ਹਨ ਇਸ ਤਰ੍ਹਾਂ ਉਨ੍ਹਾਂ ਦਾ ਉਤਸ਼ਾਹ ਵੱਧ ਸਕਦਾ ਹੈ ਅਤੇ ਜਿਹੜੀ ਉਨ੍ਹਾਂ ਵਿਚ ਨਿਰਾਸਤਾ ਹੈ ਉਸ ਨੂੰ ਦੂਰ ਕਰਨ ਲਈ ਇਹ ਛੇਤੀ ਛੇਤੀ ਉਪਰਾਲਾ ਹੋਣਾ ਚਾਹੀਦਾ ਹੈ। ਜਿਵੇਂ, ਸਪੀਕਰ ਸਾਹਿਬ, ਸਰਕਾਰ ਨੇ ਵਜ਼ੀਫ਼ੇ ਦੇਣ ਦਾ ਇਕ ਬੜਾ ਚੰਗਾ ਕਦਮ ਚੁਕਿਆ ਹੈ। ਸਾਡੇ ਜਿਹੜੇ ਗਰੀਬ ਬੱਚੇ ਹਨ, ਉਨ੍ਹਾਂ ਲਈ ਵਜ਼ੀਫ਼ੇ ਦੇਣ ਦਾ ਕੰਮ ਬੜਾ ਸ਼ਲਾਘਾਯੋਗ ਹੈ। ਕਿਉਂਕਿ ਜਿਹੜੇ ਗਰੀਬਾਂ ਦੇ ਬੱਚੇ ਹਨ ਉਹ ਬੇਘਰ ਕਰਕੇ ਨਹੀਂ ਪੜ੍ਹ ਸਕਦੇ, ਉਨ੍ਹਾਂ ਲਈ ਇਹ ਬੜਾ ਜ਼ਰੂਰੀ ਹੈ। ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਕੁਝ ਨਹੀਂ ਦੇ ਸਕਦੇ। ਇਸ ਲਈ ਵਜ਼ੀਫ਼ੇ ਮਿਲਣ ਨਾਲ ਉਹ ਪੜ੍ਹ ਸਕਣਗੇ। ਅਸੀਂ ਇਸ ਗੱਲ ਦੀ ਬੜੀ ਪ੍ਰਸ਼ੰਸਾ ਕਰਦੇ ਹਾਂ। ਪਰ ਇਸ ਦੇ ਵਿਚ ਕੁਝ ਨੁਕਸ ਵੀ ਹੈ। ਸਾਡੇ ਸਕੂਲਾਂ ਵਿਚ ਕਈ ਇਹੋ ਜਿਹੇ ਮਾਸਟਰ ਹਨ, ਜਿਵੇਂ ਸਰਕਾਰ ਐਲਾਨ ਕਰ ਚੁੱਕੀ ਹੈ. . . .

**ਸ੍ਰੀ ਸਪੀਕਰ :** ਤੁਸੀਂ ਤਾਂ ਵਜ਼ੀਫ਼ਿਆਂ ਤੇ ਆ ਗਏ ਹੋ।

**ਕਾਮਰੇਡ ਸੱਘੜ ਸਿੰਘ :** ਮੈਂ ਸਪੀਕਰ ਸਾਹਿਬ, ਵਜ਼ੀਫ਼ਿਆਂ ਦੀ ਗੱਲ ਕਰਦਾ ਹਾਂ, ਇਹ ਵੀ ਇਸ ਵਿਚ ਹੀ ਆਉਂਦਾ ਹਾਂ। ਸਪੀਕਰ ਸਾਹਿਬ ਸਰਕਾਰ ਦੇ ਐਲਾਨ ਕਰਨ ਦੇ ਬਾਵਜੂਦ ਵੀ ਉਨ੍ਹਾਂ ਕੋਲੋਂ ਸਕੂਲਾਂ ਵਿਚ ਦਾਖ਼ਲਾ ਫ਼ੀਸ ਲਈ ਜਾਂਦੀ ਹੈ। ਮੈਂ ਕਮੇਟੀ ਵਿਚ ਇਸ ਸਬੰਧੀ ਜ਼ੋਰ ਦੇ ਕੇ ਕਿਹਾ ਵੀ ਸੀ। ਜਿਹੜੇ ਇਹੋ ਜਿਹੇ ਹੈਡਮਾਸਟਰ ਕਹਿੰਦੇ ਹਨ ਕਿ ਦਾਖ਼ਲਾ ਜ਼ਰੂਰ ਲਿਆ ਜਾਵੇਗਾ ਉਨ੍ਹਾਂ ਉਤੇ ਐਕਸ਼ਨ ਲੈਣਾ ਚਾਹੀਦਾ ਹੈ। ਸਰਕਾਰ ਕਹਿੰਦੀ ਹੈ ਕਿ ਦਾਖ਼ਲਾ ਨਹੀਂ ਲੈਣਾ ਪਰ ਉਹ ਲਈ ਜਾਂਦੇ ਹਨ। ਉਹ ਦਿਹਾੜੀਦਾਰਾਂ ਦੇ ਬੱਚਿਆਂ ਤੋਂ ਪੈਸੇ ਲੈਂਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਮੇਰੇ ਹਲਕੇ ਵਿਚ ਬਿਲਾਸਪੁਰ ਵਿਚ ਗੁਰਦੇਵ ਸਿੰਘ, ਹੈਡਮਾਸਟਰ, ਹੈ। ਉਸ ਨੇ ਹਰੀਜਨਾਂ ਦੇ ਬੱਚਿਆਂ ਤੋਂ 21 ਸੌ ਰੁਪਿਆ ਲਿਆ ਹੈ। ਮੇਰੇ ਕੋਲ ਉਨਾਂ ਹਰੀਜਨਾਂ ਦੇ ਹਲਫ਼ੀਆਂ ਬਿਆਨ ਹਨ ਅਤੇ ਉਹ ਕਹਿੰਦੇ ਹਨ ਕਿ ਇਸ ਹੈਡਮਾਸਟਰ ਨੇ ਸਾਡੇ ਕੋਲੋਂ ਪੈਸੇ ਲਏ ਹਨ ਅਤੇ ਉਸ ਨੇ ਉਹ ਪੈਸੇ ਆਪਣੇ ਪਰਸਨਲ ਫ਼ੰਡ ਵਿਚ ਰੱਖੇ ਹੋਏ ਹਨ। ਇਸ ਤੇ ਸਰਕਾਰ ਨੇ ਮੇਰੀ ਇਕ ਬੇਨਤੀ ਤਾਂ ਮੰਨ ਲਈ ਹੈ ਅਤੇ ਉਸ ਨੂੰ ਬਦਲ ਦਿੱਤਾ ਗਿਆ ਹੈ ਪਰ ਮੈਂ ਕਹਾਂਗਾ ਕਿ ਉਸ ਦੀ ਪੜਤਾਲ ਕੀਤੀ ਜਾਵੇ ਅਤੇ ਉਸ ਨੂੰ ਸਜ਼ਾ ਦਿੱਤੀ ਜਾਵੇ। ਇਹ ਜਿਹੜੇ ਪਿੰਡਾਂ ਦੇ ਦਿਹਾੜੀਦਾਰਾਂ ਦੇ ਬੱਚਿਆਂ ਤੋਂ ਦਾਖ਼ਲਾ ਲਿਆ ਜਾਂਦਾ ਹੈ, ਉਨ੍ਹਾਂ ਤੋਂ ਨਹੀਂ ਲੈਣਾ ਚਾਹੀਦਾ।

ਸਪੀਕਰ ਸਾਹਿਬ, ਪਿੰਡਾਂ ਵਿੱਚ ਨਾਕਾਬੰਦੀਆਂ ਹੁੰਦੀਆਂ ਹਨ ਅਤੇ ਸੋਸ਼ਲ ਬਾਈਕਾਟ ਹੁੰਦੇ ਹਨ। ਪਿਛਲੇ ਸਾਲ ਇਥੇ ਰੈਜ਼ੋਲਿਊਸ਼ਨ ਵੀ ਆਇਆ ਸੀ ਅਤੇ ਸਾਰੀਆਂ ਪਾਰਟੀਆਂ ਵੱਲੋਂ ਉਹ ਸਰਬਸੰਮਤੀ ਨਾਲ ਪਾਸ ਹੋਇਆ ਸੀ ਅਤੇ ਸੈਂਟਰਲ ਸਰਕਾਰ ਇਸ ਬਾਰੇ ਕਾਨੂੰਨ ਬਣਾਏਗੀ। ਇਤਨਾ ਕੁਝ ਹੋਣ ਦੇ ਬਾਵਜੂਦ ਵੀ ਐਤਕੀਂ ਨਾਕਾਬੰਦੀਆਂ ਹੋਈਆ ਹਨ। ਪਿੰਡਾਂ ਵਿਚ ਜਿਹੜੇ ਦਿਹਾੜੀਦਾਰ ਹਨ ਕਿਸਾਨਾਂ ਦੇ ਨਾਲ ਸਦਾ ਰਲ ਕੇ ਚੱਲਦੇ ਹਨ ਤਾਂ ਫਿਰ ਇਹ ਵਿਤਕਰਾ ਨਹੀਂ ਹੋਣਾ ਚਾਹੀਦਾ। ਨਾਕਾਬੰਦੀਆਂ ਅਤੇ ਸੋਸ਼ਲ ਬਾਈਕਾਟ

Original with;
Punjab Vidhan Sabha
Digitized by;
Panjab Digital Library

ਨਾਲ ਉਨ੍ਹਾਂ ਵਿਚ ਬਹੁਤ ਜ਼ਿਆਦਾ ਨਿਰਾਸਤਾ ਪੈਦਾ ਹੁੰਦੀ ਹੈ। ਸਪੀਕਰ ਸਾਹਿਬ, ਮੈਂ ਪਿੰਡਾਂ ਦੇ ਨਾਮ ਨਹੀਂ ਲੈਣਾ ਚਾਹੁੰਦਾ ਜਿਥੇ ਨਾਕਾਬੰਦੀਆ ਹੋਈਆਂ ਹਨ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਨਾਕਾਬੰਦੀਆਂ ਨਹੀਂ ਹੋਣੀਆਂ ਚਾਹੀਦੀਆਂ। ਕਿਰਸਾਨ ਅਤੇ ਮਜ਼ਦੂਰ ਦਾ ਏਕਾ ਵੱਧਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਕਈ ਕਮੇਟੀਆਂ ਹਨ ਅਤੇ ਉਨ੍ਹਾਂ ਦਾ ਅਤੇ ਅਫ਼ਸਰਾਂ ਦਾ ਉਨ੍ਹਾਂ ਤੇ ਐਸਾ ਅਸਰ ਹੋਣਾ ਚਾਹੀਦਾ ਹੈ ਕਿ ਮੁੜਕੇ ਨਾਕਾਬੰਦੀਆਂ ਨੂੰ ਹੋਣ ਤੋਂ ਰੋਕਿਆ ਜਾਵੇ। ਸਪੀਕਰ ਸਾਹਿਬ, ਜਿਹੜੀਆਂ ਜ਼ਿਲ੍ਹਾ ਕਮੇਟੀਆਂ ਬਣਾਈਆਂ ਗਈਆਂ ਹਨ; ਸਾਨੂੰ ਉਨ੍ਹਾਂ ਦੀਆਂ ਚਿੱਠੀਆਂ ਵੀ ਮਿਲੀਆਂ ਹਨ। ਇਹ ਜਿਹੜੀਆਂ ਹਰੀਜਨਾਂ ਦੀਆਂ ਜ਼ਮੀਨ ਸੁਧਾਰ ਕਮੇਟੀਆਂ ਬਣਾਈਆਂ ਗਈਆਂ ਹਨ ਇਸ ਬਾਰੇ ਮੈਂ ਆਪਣੇ ਹਲਕੇ ਦੀ ਗੱਲ ਦਸਦਾ ਹਾਂ। ਉਥੇ ਹਰੀਜਨਾਂ ਦੀਆਂ ਜਿਹੜੀਆਂ ਕਮੇਟੀਆਂ ਬਣਾਈਆਂ ਗਈਆਂ ਹਨ ਉਨ੍ਹਾਂ ਦੀ ਅੱਜ ਤੱਕ ਕੋਈ ਮੀਟਿੰਗ ਨਹੀਂ ਹੋਈ। ਉਹ ਹਰੀਜਨਾਂ ਦੀਆਂ ਕਮੇਟੀਆਂ ਜਿਹੜੀਆਂ ਕਿ ਪਿੰਡਾਂ ਦੇ ਵਿਚ ਦਿਹਾੜੀਦਾਰਾਂ ਅਤੇ ਪਿੰਡ ਦੇ ਲੋਕਾਂ ਲਈ ਕੁਝ ਸੋਚ ਸਕਣ ਅਤੇ ਉਨ੍ਹਾਂ ਦੀਆਂ ਤਕਲੀਫਾਂ ਦੱਸ ਸਕਣ, ਮੈਂ ਕਹਿ ਸਕਦਾ ਹਾਂ ਕਿ ਉਨ੍ਹਾਂ ਦੀ ਮੀਟਿੰਗ ਅਜੇ ਤੱਕ ਨਹੀਂ ਹੋਈ। ਮੈਂ ਸਰਕਾਰ ਤੋਂ ਮੰਗ ਕਰਾਂਗਾ ਕਿ ਉਨ੍ਹਾਂ ਦੀਆਂ ਮੀਟਿੰਗਾਂ ਬੁਲਾਣੀਆਂ ਬੜੀਆਂ ਜ਼ਰੂਰੀ ਹਨ ਤਾਂਕਿ ਉਹ ਦਿਹਾੜੀਦਾਰਾਂ ਅਤੇ ਪਿੰਡ ਦੇ ਲੋਕਾਂ ਦੀਆਂ ਤਕਲੀਫ਼ਾਂ ਦੱਸ ਸਕਣ। ਪਿੰਡਾਂ ਦੇ ਦਿਹਾੜੀਦਾਰਾਂ ਨੂੰ ਜਿਹੜਾ ਕਰਜ਼ਾ ਮਿਲਦਾ ਹੈ, ਇਸ ਬਾਰੇ, ਸਪੀਕਰ ਸਾਹਿਬ, ਹਰੀਜਨ ਵੈਲਫੇਅਰ ਕਾਰਪੋਰੇਸ਼ਨ ਬਣੀ ਹੈ। ਇਹ ਕੰਮ ਬੜਾ ਤਸੱਲੀਬਖ਼ਸ਼ ਹੈ ਅਤੇ ਬਹੁਤ ਜ਼ਿਆਦਾ ਉਨ੍ਹਾਂ ਲਈ ਕੋਸ਼ਿਸ਼ ਕੀਤੀ ਗਈ ਹੈ। (ਤਾੜੀਆਂ) ਇਸ ਗੱਲ ਦੀ ਅਸੀਂ ਪ੍ਰਸ਼ੰਸਾ ਕਰਦੇ ਹਾਂ। ਉਹ ਕਰਜ਼ਾ ਲੈ ਰਹੇ ਹਨ ਅਤੇ ਮੋੜ ਵੀ ਰਹੇ ਹਨ। ਕੋਈ ਸ਼ਿਕਾਇਤ ਨਹੀਂ ਹੈ। ਜਿੰਨਾਂ ਨੇ 3 ਕਿੱਲੇ ਜ਼ਮੀਨ ਲੈਣੀ ਹੈ ਉਨ੍ਹਾਂ ਨੂੰ ਸਰਕਾਰ ਮੁਫ਼ਤ ਗਰਾਂਟ 5 ਹਜ਼ਾਰ ਦਿੰਦੀ ਹੈ। ਅਸੀਂ ਇਸ ਗੱਲ ਦੀ ਸਰਕਾਰ ਦੀ ਪ੍ਰਸ਼ੰਸਾ ਕਰਦੇ ਹਾਂ। ਪਿੰਡਾਂ ਦੇ ਦਿਹਾੜੀਦਾਰ ਲੋਕ ਇਸ ਦਾ ਫ਼ਾਇਦਾ ਉਠਾ ਰਹੇ ਹਨ। (ਤਾੜੀਆਂ) ਪਰ ਇਸ ਵਾਸਤੇ ਜਿਹੜਾ ਰੁਪਿਆ ਹੈ ਉਹ ਬਹੁਤ ਘੱਟ ਹੈ। ਇਹ ਹੋਰ ਵਧਾਇਆ ਜਾਣਾ ਚਾਹੀਦਾ ਹੈ। ਕਰਜ਼ਾ ਲੈਣ ਲਈ ਜਿਹੜੀਆਂ ਸ਼ਰਤਾਂ ਰੱਖੀਆਂ ਹਨ ਉਹ ਸ਼ਰਤਾਂ ਸਖ਼ਤ ਹਨ ਅਤੇ ਉਹ ਨਰਮ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਮਜ਼ਦੂਰਾਂ ਨੂੰ, ਦਿਹਾੜੀਦਾਰਾਂ ਨੂੰ ਕਰਜ਼ਾ ਲੈਣ ਵੇਲੇ ਬੜੀ ਔਖ ਹੁੰਦੀ ਹੈ। ਉਨ੍ਹਾਂ ਨੂੰ ਕਰਜ਼ਾ ਲੈਣ ਲਈ ਜ਼ਮੀਨ ਦੇ ਨੰਬਰ ਲੈਣੇ ਪੈਂਦੇ ਹਨ। ਜ਼ਮੀਨ ਦੇ ਨੰਬਰ ਲੈ ਕੇ ਫਿਰ ਉਹ ਫ਼ਾਰਮ ਖ਼ਰੀਦਦੇ ਹਨ। ਫਿਰ ਜਦ ਉਹ ਪਟਵਾਰੀ ਕੋਲ ਜਾਂਦੇ ਹਨ ਤਾਂ ਪਟਵਾਰੀ ਕਹਿੰਦੇ ਹਨ ਕਿ ਸਾਨੂੰ ਇਹ ਨਹੀਂ ਪਤਾ ਪਰ ਜੇ ਤਾਂ ਲਾਲ ਲਕੀਰ ਦੇ ਅੰਦਰ ਹੋਵੇ ਤਾਂ ਤੇਰੀ ਮਲਕੀਅਤ ਲਿੱਖ ਸਕਦੇ ਹਾਂ ਅਤੇ ਜੇ ਬਾਹਰ ਹੈ ਤਾਂ ਇਸ ਦੇ ਨੰਬਰ ਲੁਆਕੇ ਲਿਆਓ। ਸਪੀਕਰ ਸਾਹਿਬ, ਅੱਜ ਕੱਲ ਗ਼ਰੀਬ ਆਦਮੀ ਤਹਿਸੀਲਦਾਰ ਕੋਲ ਜਾਂ ਪਟਵਾਰੀ ਕੋਲ ਸੌਖਾ ਨਹੀਂ ਜਾ ਸਕਦਾ। ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜੀਆਂ ਸ਼ਰਤਾਂ ਲਗਾਈਆਂ ਗਈਆਂ ਹਨ, ਇਹ ਨਹੀਂ ਹੋਣੀਆਂ ਚਾਹੀਦੀਆਂ। ਜਿਥੇ ਉਸ ਦਾ ਮਕਾਨ ਹੈ, ਪਟਵਾਰੀ ਨੂੰ ਹਦਾਇਤ ਹੋਣੀ ਚਾਹੀਦੀ ਹੈ, ਕਿ ਕਿੰਨੇ ਸਮੇਂ ਤੋਂ ਉਹ ਉਥੇ ਰਹਿ ਰਿਹਾ ਹੈ ਅਤੇ ਉਸ ਦਾ ਕਿੰਨਾ ਮੁੱਲ ਪੈ ਸਕਦਾ ਹੈ ਅਤੇ ਉਨ੍ਹਾਂ ਨੂੰ ਚੱਕਰ ਵਿਚ ਨਾ ਪਾਇਆ ਜਾਵੇ। ਉਹ ਗ਼ਰੀਬ ਵਿਚਾਰੇ ਕਿਥੋਂ ਜਾ ਕੇ ਨੰਬਰ ਲੈ ਸਕਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਔਖ ਹੁੰਦੀ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਸਿੰਘ]

ਸਪੀਕਰ ਸਾਹਿਬ, ਪਲਾਟ ਮੁਫਤ ਦੇਣ ਬਾਰੇ ਮੈਂ ਗੱਲ ਸ਼ੁਰੂ ਕੀਤੀ ਸੀ । ਇਹ ਪਲਾਟਾਂ ਦਾ ਜਿਹੜਾ ਸਿਲਸਿਲਾ ਚੱਲਿਆ ਹੈ ਇਸ ਦੇ ਬਾਰੇ ਮੈਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ । ਬਹੁਤ ਸਾਰੇ ਪਿੰਡ ਇਹੋ ਜਿਹੇ ਹਨ ਜਿਥੇ ਪਲਾਟ ਬਹੁਤ ਨੀਵੇਂ ਥਾਂ ਤੇ ਦਿੱਤੇ ਗਏ ਹਨ । ਬਹੁਤ ਸਾਰੇ ਪਲਾਟ ਕਬਰਾਂ ਵਿਚ ਦਿੱਤੇ ਗਏ ਹਨ ਅਤੇ ਬਹੁਤ ਸਾਰੇ ਪਲਾਟ ਉਂਜ ਦਿੱਤੇ ਗਏ ਹਨ ।

ਬੀਬੀ ਗੁਰਬਰਿੰਦਰ ਕੌਰ ਦੇ ਨੋਟਿਸ ਵਿਚ ਲਿਆਂਦਾ ਗਿਆ ਅਤੇ ਦੱਸਿਆ ਕਿ ਗਰੀਬਾਂ ਨਾਲ ਕਿਸ ਤਰ੍ਹਾਂ ਕੀਤਾ ਜਾ ਰਿਹਾ ਹੈ । ਉਹ ਅਫਸਰ ਪਿੰਡ ਪਿੰਡ ਜਾ ਕੇ ਕਹਿੰਦੇ ਹਨ ਕਿ ਸਾਨੂੰ ਲਿਖਕੇ ਦੇ ਦਿਉ ਕਿ ਸਾਨੂੰ ਪਲਾਟ ਮਿਲ ਗਏ ਹਨ । ਜਿਨ੍ਹਾਂ ਨੂੰ ਪਲਾਟ ਨਹੀਂ ਮਿਲੇ ਉਹ ਕਹਿੰਦੇ ਹਨ ਪਹਿਲੇ ਸਾਨੂੰ ਨਿਸ਼ਾਨ ਦੇ ਹੀ ਦਿਉ ਫਿਰ ਅਸੀਂ ਲਿਖ ਕੇ ਦਿਆਂਗੇ ।

10.28 A. M. (ਇਸ ਸਮੇਂ ਸ੍ਰੀ ਸਰਦਾਰੀ ਲਾਲ ਕਪੂਰ, ਮੈਂਬਰ ਪੈਨਲ ਆਫ਼ ਚੇਅਰਮੈਨ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

ਬਹੁਤ ਸਾਰੇ ਪਿੰਡ ਹਨ ਜਿਥੇ ਪਲਾਟ ਨਹੀਂ ਉਨ੍ਹਾਂ ਨੂੰ ਮਿਲੇ । ਲਿਸਟਾਂ ਬਣ ਗਈਆਂ ਹਨ ਕਿ ਐਨੇ ਪਲਾਟ ਦਿੱਤੇ ਗਏ ਹਨ । ਚੇਅਰਮੈਨ ਸਾਹਿਬ, ਅਸੀਂ ਗਰੀਵੈਂਸਿਜ਼ ਕਮੇਟੀ ਵਿਚ ਸਵਾਲ ਉਠਾਇਆ ਸੀ ਕਿ ਇਸ ਵਿਚ ਅਫ਼ਸਰ ਕਤਾਹੀ ਕਰਦੇ ਹਨ, ਭਾਵੇਂ ਉਹ ਵੱਡੇ ਅਫ਼ਸਰ ਹਨ ਅਤੇ ਭਾਵੇਂ ਉਹ ਛੋਟੇ ਅਫ਼ਸਰ ਹਨ ਫਿਰ ਅਸੀਂ ਪਿੰਡਾਂ ਵਿਚ ਢੰਢੋਰਾ ਦਿੱਤਾ ਕਿ ਜਿੰਨ੍ਹਾਂ ਚਿਰ ਤੁਹਾਨੂੰ ਜਗ੍ਹਾਂ ਨਾ ਮਿਲੇ ਉਤਨਾ ਚਿਰ ਦਸਖ਼ਤ ਨਾ ਕਰਿਓ । ਸਪੀਕਰ ਸਾਹਿਬ, ਮੈਂ ਲੋਪੋ ਕੇ ਪਿੰਡ ਦੀ ਮਿਸਾਲ ਦਿੰਦਾ ਹਾਂ । ਉਥੇ ਦੇ ਸਰਪੰਚ ਨੇ 20-20 ਰੁਪਏ ਪਲਾਟਾਂ ਵਾਲਿਆਂ ਤੋਂ ਉਗਰਾਹ ਲਏ ਪਰ ਉਨ੍ਹਾਂ ਨੂੰ ਪਲਾਟ ਨਹੀਂ ਮਿਲੇ । ਉਨ੍ਹਾਂ ਨੇ ਕਿਹਾ ਕਿ ਸਰਪੰਚ ਜੀ ਸਾਡੇ 20-20 ਰੁਪਏ ਮੋੜ ਦਿਉ, ਜੇ ਤੁਸੀਂ ਸਾਨੂੰ ਪਲਾਟ ਨਹੀਂ ਦੇਣੇ ਤਾਂ ਸਾਡੇ ਪੈਸੇ ਮੋੜ ਦਿਓ ਪਰ ਉਸ ਸਰਪੰਚ ਨੇ ਨਾਂਹ ਕਰ ਦਿੱਤੀ ਅਤੇ ਉਹ ਕਹਿੰਦਾ ਹੈ ਕਿ ਮੈਂ ਇਹ ਪੈਸੇ ਅੱਗੇ ਦੇਣੇ ਹਨ । ਇਸ ਲਈ ਪਲਾਟ ਦੇਣ ਦਾ ਇਹ ਜੋ ਤਰੀਕਾ ਹੈ ਇਹ ਠੀਕ ਨਹੀਂ ਹੈ, ਪਲਾਟ ਬੜੀ ਹਮਦਰਦੀ ਨਾਲ ਦੇਣੇ ਚਾਹੀਦੇ ਹਨ । ਜਿਥੋਂ ਤੱਕ ਸਰਕਾਰ ਦੇ ਭਾਸ਼ਣ ਅਤੇ ਐਲਾਨਾਂ ਦਾ ਸਬੰਧ ਹੈ, ਉਸ ਨਾਲ ਅਸੀਂ ਸਹਿਮਤ ਤਾਂ ਹੁੰਦੇ ਹਾਂ ਪਰ ਜੇ ਉਹ ਪਰੈਕਟੀਕਲੀ ਕੰਮ ਹੁੰਦਾ ਹੋਵੇ ਪਰ ਜੇ ਉਹ ਐਵੇਂ ਹੀ ਕਹੀ ਜਾਣ ਤਾਂ ਅਸੀਂ ਨਹੀਂ ਮੰਨ ਸਕਦੇ । ਮੈਂ ਸਰਕਾਰ ਕੋਲ ਬੇਨਤੀ ਕਰਾਂਗਾ ਕਿ ਇਹ ਬੀਬੀ ਗੁਰਬਰਿੰਦਰ ਕੌਰ ਦਾ ਮਹਿਕਮਾ ਹੈ ਇਹ ਉਨ੍ਹਾਂ ਅਫ਼ਸਰਾਂ ਨੂੰ ਜ਼ਰੂਰ ਖਿੱਚਣ ਜਿਨ੍ਹਾਂ ਨੇ ਬੋਗਸ ਲਿਸਟਾਂ ਬਣਾ ਕੇ ਦਿੱਤੀਆਂ ਹਨ ਅਤੇ ਜੇ ਉਹ ਸਾਬਤ ਕਰ ਸਕਣ ਤਾਂ ਅਸੀਂ ਝੂਠੇ ਹੋਵਾਂਗੇ ਕਿ ਅਸੀਂ ਜੋ ਇਥੇ ਅਸੈਂਬਲੀ ਵਿਚ ਪਲਾਟਾਂ ਬਾਰੇ ਕਿਹਾ ਉਹ ਗ਼ਲਤ ਹੈ । ਗਿਣਤੀ ਦੇ ਮੁਤਾਬਿਕ 3 ਲੱਖ ਪਲਾਟ ਦੇਣ ਬਾਰੇ ਇਨ੍ਹਾਂ ਨੇ ਐਲਾਨ ਕੀਤਾ ਹੈ । ਇਸ ਕੰਮ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਇਹ ਬੜਾ ਚੰਗਾ ਕਦਮ ਹੈ । ਕਿਉਂਕਿ ਪਲਾਟਾਂ ਦੀ ਸਮੱਸਿਆ ਬਣੀ ਤਾਂ ਹੀ ਸਰਕਾਰ ਨੇ ਇਸ ਬਾਰੇ ਸੋਚਿਆ । ਇਸ ਲਈ ਮੈਂ ਬੀਬੀ ਜੀ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਪਲਾਟ ਮੁਫ਼ਤ ਦੇਣੇ ਹਨ ਜਾਂ ਦਿੱਤੇ ਹਨ ਉਨ੍ਹਾਂ ਬਾਰੇ ਆਪਣੇ ਅਫ਼ਸਰਾਂ ਨੂੰ ਕਹੋ ਕਿ

Original with;
Punjab Vidhan Sabha
Digitized by;
Panjab Digital Library

ਠੀਕ ਤਰ੍ਹਾਂ ਕੰਮ ਕਰਨ । ਜਿਨ੍ਹਾਂ ਲੋਕਾਂ ਦਾ ਹੱਕ ਬਣਦਾ ਹੈ ਉਨ੍ਹਾਂ ਨੂੰ ਪਲਾਟ ਦਿੱਤੇ ਜਾਣ। ਮੈਂ ਦੱਸਦਾ ਹਾਂ ਕਿ ਮੇਰੇ ਹਲਕੇ ਮਦੋਕੇ ਵਿਚ ਜਿਨ੍ਹਾਂ ਲੋਕਾਂ ਦਾ ਹੱਕ ਬਣਦਾ ਸੀ ਉਨ੍ਹਾਂ ਨੂੰ ਪਲਾਟ ਨਹੀਂ ਮਿਲੇ ਸਗੋਂ ਸਵਰਨ ਜਾਤੀਆਂ ਨੂੰ ਪਲਾਟ ਦਿੱਤੇ ਗਏ ਹਨ । ਇਸ ਬਾਰੇ ਅਸੀਂ ਸ਼ਿਕਾਇਤ ਕੀਤੀ ਅਤੇ ਉਹ ਪਲਾਟ ਕੈਂਸਲ ਹੋ ਗਏ । ਪਲਾਟ ਤਾਂ ਕੈਂਸਲ ਹੋ ਗਏ, ਚੇਅਰਮੈਨ ਸਾਹਿਬ, ਪਰ ਜਿਨ੍ਹਾਂ ਨੇ ਗਲਤੀ ਕੀਤੀ ਉਨ੍ਹਾਂ ਨੂੰ ਅਜੇ ਤਕ ਕੋਈ ਸਜ਼ਾ ਨਹੀਂ ਦਿੱਤੀ ਗਈ ਕਿਉਂਕਿ ਸਵਰਨ ਜਾਤੀਆਂ ਦਾ ਪਲਾਟ ਲੈਣ ਦਾ ਹੱਕ ਨਹੀਂ ਬਣਦਾ ਹੈ । ਇਹ ਇੱਕਲ ਹਰੀਜਨਾਂ ਦਾ ਹੱਕ ਹੀ ਬਣਦਾ ਹੈ । ਇਸ ਤਰ੍ਹਾਂ ਦੇ ਬਹੁਤ ਪਿੰਡ ਹਨ ਜਿਥੇ ਕਈ ਥਾਂਵਾਂ ਦੇ ਸਰਪੰਚ ਇਹੋ ਜਿਹੇ ਹਨ, ਜਿਹੜੇ ਉਨ੍ਹਾਂ ਨਾਲ ਸਹਿਮਤ ਹਨ ਕਿ ਉਨ੍ਹਾਂ ਨੂੰ ਪਲਾਟ ਦੇ ਦਿੱਤੇ ਜਾਣ ਅਤੇ ਹੋਰਾਂ ਨੂੰ ਨਾ ਦਿਤੇ ਜਾਣ । ਕੋਈ ਵੀ ਸਰਪੰਚ ਹੋਵੇ ਭਾਵੇਂ ਉਹ ਕਾਂਗਰਸ ਦਾ ਹੋਵੇ ਭਾਵੇਂ ਅਕਾਲੀ ਹੋਵੇ ਜਾਂ ਕਮਿਊਨਿਸਟ ਹੋਵੇ ਉਨ੍ਹਾਂ ਨੂੰ ਚਾਹੀਦਾ ਹੈ ਕਿ ਜਿਸ ਦਾ ਹੱਕ ਬਣਦਾ ਹੈ ਉਸ ਨੂੰ ਹੀ ਪਲਾਟ ਦਿੱਤੇ ਜਾਣ। ਉਨ੍ਹਾਂ ਨੂੰ ਇਹ ਨਹੀਂ ਦੇਖਣਾ ਚਾਹੀਦਾ ਕਿ ਫਲਾਣੇ ਤੋਂ ਵੋਟ ਮਿਲਣੀ ਹੈ ਇਸ ਕਰਕੇ ਉਹ ਨੂੰ ਪਲਾਟ ਦਵਾ ਦਿੱਤਾ ਜਾਵੇ । ਇਹ ਚੀਜ਼ ਨਹੀਂ ਹੋਣੀ ਚਾਹੀਦੀ ਹੈ । ਜਿਸ ਦਾ ਹੱਕ ਬਣਦਾ ਹੈ ਉਸ ਨੂੰ ਪਲਾਟ ਮਿਲਣਾ ਚਾਹੀਦਾ ਹੈ ।

ਜਿਹੜੇ ਪਲਾਟਾਂ ਲਈ ਫੰਡਜ਼ ਰਖੇ ਹਨ, ਪਲਾਟ ਦਿੱਤੇ ਗਏ ਔਰ ਇਸ ਅਧਾਰ ਤੇ ਦਿੱਤੇ ਜਾਣਗੇ, ਇਹ ਫੰਡਜ਼ ਬਹੁਤ ਥੋੜ੍ਹੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਇਸ ਲਈ ਵੱਧ ਤੋਂ ਵੱਧ ਫੰਡਜ਼ ਰਖਣੇ ਚਾਹੀਦੇ ਹਨ । ਅਤੇ ਪਲਾਟਾਂ ਤੇ ਅਜਿਹੇ ਲੋਕਾਂ ਨੂੰ ਮਕਾਨ ਬਣਾਕੇ ਦੇਣੇ ਚਾਹੀਦੇ ਹਨ ਅਤੇ ਉਥੇ ਉਨ੍ਹਾਂ ਨੂੰ ਵਸਾਇਆ ਜਾਣਾ ਚਾਹੀਦਾ ਹੈ ।

ਮੈਂ ਇਕ ਗੱਲ ਆਖਰ ਵਿਚ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਪਲਾਟ ਦੇਣ ਦੀ ਸਕੀਮ ਬਹੁਤ ਅੱਛੀ ਸਕੀਮ ਹੈ ਪਰ ਇਹਦੇ ਪਰਬੰਧ ਨੂੰ ਜ਼ਰੂਰ ਸੁਧਾਰਿਆ ਜਾਣਾ ਚਾਹੀਦਾ ਹੈ ।

---

## SHORT ADJOURNMENT OF THE HOUSE

**ਮਾਸਟਰ ਚੰਦ ਸਿੰਘ :** ਕੀ ਕੋਰਮ ਪੂਰਾ ਹੈ ?

**ਸਰਦਾਰ ਉਮਰਾਓ ਸਿੰਘ :** ਸਰ, ਅੱਧੇ ਪੌਣੇ ਘੰਟੇ ਲਈ ਹਾਊਸ ਐਡਜਰਨ ਕਰ ਦੇਣਾ ਚਾਹੀਦਾ ਹੈ ।

10.45 A.M. **Mr. Chairman :** The House is adjourned for half an hour.

*(The House adjourned at 10.45 A.M. and reassembled at 11-15 A.M.)*

## RESOLUTION RE. CONSTRUCTION OF FREE OF COST HOUSES FOR RURAL WAGE WORKERS

*(Resumption of Discussion)*

(Mr Deputy Speaker in the Chair)

Original with
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਕਾਮਰੇਡ ਸੱਘੜ ਸਿੰਘ ਜੀ ਬੋਲ ਰਹੇ ਸਨ— (ਵਿਘਨ)

**ਆਵਾਜ਼ਾਂ** : ਜਨਾਬ, ਉਹ ਤਾਂ ਆਪਣੀ ਸਪੀਚ ਖ਼ਤਮ ਕਰ ਚੁੱਕੇ ਸੀ ।

**Mr. Deputy Speaker** : Motion moved :—

> This Assembly recommends to the Government to take steps to formulate a Scheme for the construction of free houses, free of cost for rural wage workers who are being provided free house sites in the State.

**ਸ੍ਰੀ ਸਰਦਾਰੀ ਲਾਲ ਕਪੂਰ** : (ਲੁਧਿਆਣਾ ਉੱਤਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਮੇਰੇ ਦੋਸਤ ਨੇ ਪੇਸ਼ ਕੀਤਾ ਹੈ, ਮੈਂ ਉਸ ਰੈਜ਼ੋਲਿਊਸ਼ਨ ਨੂੰ ਸਪੋਰਟ ਕਰਦਾ ਹਾਂ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤ੍ਰਕੀਬ ਦੇ ਨਾਲ ਗੌਰਮਿੰਟ ਨੇ ਲੋਕਾਂ ਨੂੰ ਪਲਾਟ ਦਿਤੇ ਹਨ ਔਰ ਉਹ ਪਲਾਟ ਬਣਾ ਕੇ ਦੇਣੇ ਹਨ ਤੇ ਉਸ ਦੇ ਲਈ ਜਿਹੜਾ ਪੈਸਾ ਰਖਿਆ ਹੈ—(ਵਿਘਨ) (ਇਸ ਵਕਤ ਕੁਝ ਮਾਨਯੋਗ ਮੈਂਬਰ ਸਾਹਿਬਾਨ ਇਕ ਸੀਟ ਤੇ ਇੱਕਠੇ ਬੈਠੇ ਸਨ)

**ਸ੍ਰੀ ਡਿਪਟੀ ਸਪੀਕਰ** : ਤੁਸੀਂ ਸਾਰੇ ਗੁਰਦਾਸਪੁਰ ਜ਼ਿਲ੍ਹੇ ਦੇ ਇੱਕਠੇ ਹੋ ਕੇ ਬੈਠ ਗਏ ਹੋ, ਇਹ ਕੋਈ ਗੁਰਦਾਸਪੁਰ ਦੀ ਕਮੇਟੀ ਰੂਮ ਤਾਂ ਨਹੀਂ ਹੈ....(ਵਿਘਨ)

**ਇਕ ਆਵਾਜ਼** : ਇਹ ਤਾਂ ਫ਼ਲੋਰ ਨੂੰ ਕਰਾਸ ਕਰਨ ਲਈ ਇਥੇ ਬੈਠ ਗਏ ਹਨ । ਇਹ ਤੁਹਾਡੀ ਡਿਸਰਿਸਪੈਕਟ ਨਹੀਂ ਸੀ ਕਰਨਾ ਚਾਹੁੰਦੇ । (ਵਿਘਨ)

**ਸ੍ਰੀ ਸਰਦਾਰੀ ਲਾਲ ਕਪੂਰ** : ਡਿਪਟੀ ਸਪੀਕਰ ਸਹਿਬ, ਮੇਰੀ ਪ੍ਰਾਰਥਨਾ ਇਹ ਹੈ ਕਿ ਜਿਸ ਤਰਕੀਬ ਦੇ ਨਾਲ ਇਸ ਦੇ ਲਈ ਪੈਸਾ ਰਖਿਆ ਗਿਆ ਹੈ ਜਾਂ ਕੋਆਪਰੇਟਿਵ ਬੇਸਿਜ਼ ਦੇ ਮੁਤਾਬਿਕ ਇਹ ਪਲਾਟ ਬਣਾ ਕੇ ਦੇਣੇ ਹਨ ਉਸ ਹਿਸਾਬ ਦੇ ਨਾਲ ਜਿਹੜੇ 3 ਲੱਖ ਲੋਕਾਂ ਨੂੰ ਪਲਾਟ ਦਿਤੇ ਗਏ ਹਨ ਉਨ੍ਹਾਂ ਨੂੰ ਬਣਾਉਣ ਵਿਚ ਤਾਂ 20 ਸਾਲ ਲਗ ਜਾਣਗੇ। ਮੈਂ ਸਮਝਦਾ ਹਾਂ ਕਿ ਅਗਰ ਇਤਨਾ ਸਮਾਂ ਮਕਾਨ ਸਾਰੇ ਬਣਾਉਣ ਵਾਸਤੇ ਲਗ ਜਾਏ ਤਾਂ ਇਸ ਸਕੀਮ ਦਾ ਗ਼ਰੀਬਾਂ ਨੂੰ ਕੋਈ ਫ਼ਾਇਦਾ ਨਹੀਂ ਹੋਵੇਗਾ । ਜਿਹੜਾ 20 ਨੁਕਾਤੀ ਪ੍ਰੋਗਰਾਮ ਦਾ ਮਕਸਦ ਹੈ ਕਿ ਗਰੀਬਾਂ ਨੂੰ ਮਕਾਨ ਦਿੱਤੇ ਜਾਣ ਜੇ ਇਸ ਤਰ੍ਹਾਂ ਕੋਆਪਰੇਟਿਵ ਬੇਸਿਜ਼ ਦੇ ਮੁਤਾਬਿਕ ਬਣਾ ਕੇ ਦਿੱਤੇ ਅਤੇ ਇਸ ਦੇ ਲਈ 20 ਸਾਲ ਲਗ ਗਏ ਤਾਂ ਉਸ ਪ੍ਰੋਗਰਾਮ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ । ਮੈਂ ਗੌਰਮਿੰਟ ਨੂੰ ਇਸ ਦੇ ਲਈ ਇਹ ਸੁਝਾਵ ਦੇਵਾਂਗਾ ਕਿ ਇਸ ਦੇ ਲਈ ਇਕ ਤਰਕੀਬ ਹੋ ਸਕਦੀ ਹੈ । ਜਿਸ ਤਰ੍ਹਾਂ ਕੇਰਾਲਾ ਦੇ ਵਿਚ ਉਨ੍ਹਾਂ ਨੇ ਇਹ ਸਿਸਟਮ ਬਣਾਇਆ ਹੈ ਕਿ ਇਸ ਕੰਮ ਦੇ ਲਈ ਕੁਝ ਲੋਕਾਂ ਦੀ ਮਦਦ ਹਾਸਲ ਕੀਤੀ ਹੈ, ਕੁਝ ਮਿਊਂਸਪਲ ਕਮੇਟੀਆਂ ਦੀ ਮਦਦ ਹਾਸਲ ਕੀਤੀ ਹੈ, ਕੁਝ ਪੰਚਾਇਤਾਂ ਦੀ ਮਦਦ ਹਾਸਲ ਕੀਤੀ ਹੈ ਔਰ ਕੁਝ ਸੈੱਸ ਵਗ਼ੈਰਾ ਵੀ ਲਗਾਇਆ ਹੈ ਤਾਂ ਕਿ ਗ਼ਰੀਬਾਂ ਨੂੰ ਮਕਾਨ ਜਲਦੀ ਤੋਂ ਜਲਦੀ ਬਣਾ ਕੇ ਦਿੱਤੇ ਜਾ ਸਕਣ । ਮੇਰਾ ਸੁਜੈਸ਼ਨ ਹੈ ਕਿ ਇਥੇ ਵੀ ਕੋਈ ਇਸ ਤਰ੍ਹਾਂ ਦਾ ਸਿਸਟਮ ਬਣਾਇਆ ਜਾਵੇ, ਕੋਈ ਕਿਧਰੇ ਸੈੱਸ ਲਗਾਇਆ ਜਾਵੇ, ਕਿਧਰੇ ਮਿਊਂਸਪਲ ਕਮੇਟੀਆਂ ਤੋਂ ਪੈਸਾ ਲਿਆ ਜਾਵੇ, ਕਿਧਰੇ ਪੰਚਾਇਤਾਂ ਤੋਂ ਪੈਸਾ ਲਿਆ ਜਾਵੇ, ਮੈਂ ਤਾਂ ਇਹ ਵੀ ਸਮਝਦਾ ਹਾਂ ਕਿ ਮਾਰਕੀਟਿੰਗ ਬੋਰਡ ਜਿਹੜਾ ਸੜਕਾਂ ਵਾਸਤੇ

Original with; Punjab Vidhan Sabha Digitized by; Panjab Digital Library

ਰੁਪਿਆ ਦਿੰਦਾ ਹੈ, ਬਿਜਲੀ ਵਾਸਤੇ ਪੈਸਾ ਦਿੰਦਾ ਹੈ ਉਸ ਦੇ ਕੋਲੋਂ ਅਗਰ ਇਸ ਕੰਮ ਵਾਸਤੇ ਵੀ ਪੈਸੇ ਲਏ ਜਾਣ ਤਾਂ ਕੋਈ ਹਰਜ ਵਾਲੀ ਗੱਲ ਨਹੀਂ ਹੈ। ਅਗਰ ਇਸ ਤਰ੍ਹਾਂ ਦਾ ਕੋਈ ਸਿਸਟਮ ਗੌਰਮਿੰਟ ਸੋਚੇ ਤਾਂ ਤੇ ਗ਼ਰੀਬਾਂ ਵਾਸਤੇ ਮਕਾਨ ਗੌਰਮਿੰਟ ਜਲਦੀ ਬਣਾ ਸਕਦੀ ਹੈ ਪਰ ਗੌਰਮਿੰਟ ਅਗਰ ਚਾਹੇ ਤਾਂ ਕੋਆਪਰੇਟਿਵ ਬੇਸਿਜ਼ ਦੇ ਮੁਤਾਬਿਕ ਮੰਕਾਨ ਬਣੇ ਹਨ ਤਾਂ ਇਸ ਦੇ ਲਈ ਕਾਫ਼ੀ ਅਰਸਾ ਲਗ ਜਾਵੇਗਾ ਅਤੇ ਬੜੀ ਔਕੜ ਹੋਵੇਗੀ। ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਗ਼ਰੀਬ ਲੋਕ ਵਸਦੇ ਹਨ ਖਾਹ ਉਹ ਹਰੀਜਨ ਹੋਵੇ ਜਾਂ ਨਾਨ-ਹਰੀਜਨ ਅਗਰ ਉਹ ਗ਼ਰੀਬ ਹੈ ਔਰ ਜਿਸ ਦੀ ਆਪਣੀ ਹਿੰਮਤ ਨਾ ਹੋਵੇ ਮਕਾਨ ਬਣਾਉਣ ਦੀ ਤਾਂ ਲਾਜ਼ਮੀ ਤੌਰ ਤੇ ਗੌਰਮਿੰਟ ਨੂੰ ਉਸ ਲਈ ਮਕਾਨ ਬਣਾਉਣ ਵਿਚ ਮਦਦ ਕਰਨੀ ਚਾਹੀਦੀ ਹੈ ਔਰ ਇਸ ਦੀ ਸੂਰਤ ਇਕੋ ਹੀ ਹੈ ਜਿਹੜੀ ਕਿ ਮੈਂ ਦੱਸੀ ਹੈ। ਅਗਰ ਗੌਰਮਿੰਟ ਇਸ ਤਰ੍ਹਾਂ ਪੈਸੇ ਇਕੱਠਾ ਨਹੀਂ ਕਰੇਗੀ ਤਾਂ ਉਸ ਦੇ ਵਾਸਤੇ ਇਹ ਕੰਮ ਬੜਾ ਮੁਸ਼ਕਲ ਜਿਹਾ ਹੋ ਜਾਵੇਗਾ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ 3 ਲੱਖ ਲੋਕਾਂ ਨੂੰ ਪਲਾਟਸ ਦਿੱਤੇ ਗਏ ਹਨ ਉਨ੍ਹਾਂ ਦੇ ਵਿਚ ਵੀ ਝਗੜਾ ਹੈ। ਉਸ ਦੇ ਵਿਚ ਕਈ ਪੰਚਾਇਤਾਂ ਦੀਆਂ ਜਗ੍ਹਾ ਆ ਗਈਆਂ ਹਨ ਅਤੇ ਕਈ ਹੋਰ ਇਸ ਤਰ੍ਹਾਂ ਦੀਆਂ ਆ ਗਈਆਂ ਹਨ ਜਿਸ ਦੇ ਲਈ ਲੋਕਾਂ ਨੇ ਹਾਈਕੋਰਟ ਦੇ ਵਿਚ, ਰਿਟਾਂ ਕੀਤੀਆਂ ਹੋਈਆਂ ਹਨ। ਜਿਹੜੇ ਪਲਾਟਸ ਦਿਤੇ ਗਏ ਹਨ ਹਾਲੀ ਤਕ ਉਨ੍ਹਾਂ ਲੋਕਾਂ ਨੂੰ ਉਸ ਦਾ ਹੱਕ ਨਹੀਂ ਮਿਲਿਆ, ਕਬਜ਼ਾ ਨਹੀਂ ਮਿਲਿਆ, ਪਲਾਟਸ ਉਨ੍ਹਾਂ ਦੇ ਸਪੁਰਦ ਨਹੀਂ ਹੋਏ ਅਤੇ ਜਦੋਂ ਤਕ ਉਨ੍ਹਾਂ ਲੋਕਾਂ ਦੇ ਸਪੁਰਦ ਪਲਾਟ ਨਹੀਂ ਹੋਣਗੇ ਉਹ ਬਣਾਉਣ ਕਿਸ ਤਰ੍ਹਾਂ। ਇਹ ਇਸ ਗਲ ਦੀ ਇਨਕੁਆਇਰੀ ਕਰਵਾ ਕੇ ਦੇਖ ਲੈਣ ਕਿ ਜਿਨ੍ਹਾਂ ਲੋਕਾਂ ਨੂੰ ਪਲਾਟ ਦਿੱਤੇ ਗਏ ਹਨ ਉਨ੍ਹਾਂ ਨੂੰ ਹਾਲੀ ਤਕ ਕਬਜ਼ਾ ਨਹੀਂ ਮਿਲਿਆ। ਇਨ੍ਹਾਂ ਦੇ ਕਾਗਜ਼ਾਂ ਵਿਚ ਅਗਰ ਕਬਜ਼ਾ ਦਿੱਤਾ ਗਿਆ ਹੈ ਤਾਂ ਇਸ ਦਾ ਕੋਈ ਫ਼ਾਇਦਾ ਨਹੀਂ ਹੈ। ਸਹੀ ਮਾਅਨਿਆਂ ਵਿਚ ਉਨ੍ਹਾਂ ਨੂੰ ਕਬਜ਼ਾ ਨਹੀਂ ਮਿਲਿਆ। ਜਿਸ ਆਦਮੀ ਨੂੰ ਕੋਈ ਪਲਾਟ ਮਿਲਿਆ ਹੈ, ਉਸ ਦੀ ਜ਼ਮੀਨ ਜਿਹੜੀ ਹੈ ਉਹ ਪੰਚਾਇਤ ਦੀ ਹੈ ਜਾਂ ਕਿਸੀ ਹੋਰ ਦੀ ਹੈ ਉਸ ਨੇ ਹਾਈ ਕੋਰਟ ਵਿਚ ਰਿੱਟਾਂ ਕਰ ਦਿਤੀਆਂ ਹਨ। ਉਨ੍ਹਾਂ ਨੂੰ ਕਬਜ਼ਾਂ ਕਦੋਂ ਮਿਲਿਆ ਹੈ? ਜਦੋਂ ਤਕ ਕਾਨੂੰਨੀ ਤੌਰ ਤੇ ਉਨ੍ਹਾਂ ਨੂੰ ਕਬਜ਼ਾ ਨਹੀਂ ਮਿਲ ਜਾਂਦਾ, ਅਧਿਕਾਰ ਨਹੀਂ ਮਿਲ ਜਾਂਦਾ ਉਹ ਵਿਚਾਰੇ ਬਣਾ ਨਹੀਂ ਸਕਦੇ। ਜਿਨ੍ਹਾਂ ਕੁਝ ਥੋੜਿਆ ਬਹੁਤਿਆਂ ਨੂੰ ਕਬਜ਼ਾ ਮਿਲਿਆ ਹੈ ਉਹ ਅਗੋਂ ਮਕਾਨ ਬਣਾ ਨਹੀ ਸਕਦੇ। ਇਸ ਲਈ ਮੇਰੀ ਰਿਕੁਐਸਟ ਹੈ ਕਿ ਇਹ ਗੌਰਮਿੰਟ ਨੇ ਪਲਾਟ ਦੇਣ ਦੀ ਬੜੀ ਅੱਛੀ ਤਰਕੀਬ ਬਣਾਈ ਹੈ ਪਰ ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤਾ ਹੈ ਉਸ ਤਰ੍ਹਾਂ ਪੈਸਾ ਇਕੱਠਾ ਕਰ ਕੇ ਲੋਕਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ ਤਾਂ ਹੀ ਇਸ ਦਾ ਜ਼ਿਆਦਾ ਲਾਭ ਹੋ ਸਕਦਾ ਹੈ।

ਇਸ ਦੇ ਇਲਾਵਾ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਬਹੁਤ ਸਾਰੇ ਲੋਕਾਂ ਦੀਆਂ ਛੋਟੀਆਂ ਛੋਟੀਆਂ ਝੌਂਪੜੀਆਂ ਬਣੀਆਂ ਹੋਈਆਂ ਹਨ ਔਰ ਉਨ੍ਹਾਂ ਦੀ ਹਾਲਤ ਇਹ ਹੈ ਕਿ ਜਦ ਕਦੇ ਮੀਂਹ ਪਵੇ ਤਾਂ ਉਹ ਵਿਚਾਰੇ ਅੰਦਰ ਬੈਠੇ ਸਾਰੇ ਬੰਦੇ ਭਿਜਦੇ ਰਹਿੰਦੇ ਹਨ। ਇਕੱਲੇ ਲੁਧਿਆਣੇ ਵਿਚ 27,000 ਐਸੇ ਬੰਦੇ ਹਨ ਜਿਨ੍ਹਾਂ ਦੇ ਸਿਰ ਤੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਸ਼ੈਲੱਟਰ ਨਹੀਂ ਅਤੇ ਜਿਨ੍ਹਾਂ ਦੇ ਸਿਰ ਤੇ ਸ਼ੈਲਟਰ ਹੈ ਤਾਂ ਜਦੋਂ ਮੀਂਹ ਪੈਂਦਾ ਹੈ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਮੁਸ਼ਕਿਲ ਪੇਸ਼ ਆਉਂਦੀ ਹੈ । ਇਹ ਜਿਹੜਾ ਮਸਲਾ ਹੈ ਇਹ ਬੜਾ ਗੰਭੀਰ ਹੈ ਅਤੇ ਜਿਹੜਾ ਸਰਕਾਰ ਨੇ ਇਸ ਦੇ ਲਈ ਕੀਤਿਆ ਹੈ ਇਹ ਚੰਗੀ ਗੱਲ ਹੈ ਪਰ ਗੌਰਮਿੰਟ ਨੂੰ ਇਸ ਦੇ ਵਿਚ ਬੜੀ ਮੁਸ਼ਕਲ ਆਏਗੀ, ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਮੈਂ ਤਰਕੀਬ ਦੱਸੀ ਹੈ ਉਸ ਮੁਤਾਬਕ ਗੌਰਮਿੰਟ ਨੂੰ ਕੁਝ ਸੋਚਣਾ ਚਾਹੀਦਾ ਹੈ ਅਤੇ ਲਾਜ਼ਮੀ ਤੌਰ ਤੇ ਇਨ੍ਹਾਂ ਗਰੀਬ ਲੋਕਾਂ ਨੂੰ ਜਿਹੜੇ ਹਰੀਜਨ ਹਨ ਜਾਂ ਨਾਨ-ਹਰੀਜਨ ਹਨ ਉਨ੍ਹਾਂ ਨੂੰ ਸ਼ੈੱਲਟਰ ਮਿਲਣੀ ਚਾਹੀਦੀ ਹੈ । ਔਰ ਇਹ ਚੀਜ਼ ਸਾਡੇ 20 ਨੁਕਾਤੀ ਪ੍ਰੋਗਰਾਮ ਵਿਚ ਸਭ ਤੋਂ ਜ਼ਰੂਰੀ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖੋ ਕਿ ਜਿਹੜਾ 20 ਨੁਕਾਤੀ ਪ੍ਰੋਗਰਾਮ ਬਣਾਇਆ ਹੈ ਉਸ ਦੇ ਵਿਚੋਂ ਤੁਸੀਂ ਕਿਸੇ ਇਕ ਪੁਆਇੰਟ ਨੂੰ ਛੇੜੋ ਤਾਂ ਸਾਰੇ ਹੀ ਉਸ ਦੇ ਨਾਲ ਤਅੱਲਕ ਰਖਦੇ ਹਨ ਔਰ ਉਸ ਪ੍ਰੋਗਰਾਮ ਦੇ ਵਿਚ ਸਭ ਤੋਂ ਵਡੀ ਚੀਜ਼ ਜਿਹੜੀ ਹੈ ਉਹ ਇਹੀ ਹੈ ਕਿ ਗ਼ਰੀਬ ਦੀ ਮਦਦ ਕਰਨਾ ਹੈ, ਗ਼ਰੀਬ ਦੀ ਸੇਵਾ ਕਰਨਾ ਹੈ । ਭਾਵੇਂ ਰੋਟੀ ਦਾ ਸਵਾਲ ਹੈ, ਭਾਵੇਂ ਕਪੜਾ ਦਾ ਸਵਾਲ ਅਤੇ ਭਾਵੇਂ ਜਗ੍ਹਾ ਦਾ ਸਵਾਲ ਹੈ । ਇਹ ਸਾਰੀਆਂ ਚੀਜ਼ਾਂ ਇਕ ਦੂਜੇ ਨਾਲ ਮਿਲਦੀਆਂ ਜੁਲਦੀਆਂ ਹਨ । ਸੋ ਮੇਰੀ ਬੇਨਤੀ ਹੈ ਕਿ ਹਰ ਹਾਲਤ ਵਿਚ ਉਨ੍ਹਾਂ ਗਰੀਬਾਂ ਨੂੰ ਪਲਾਟ ਦੇ ਕੇ ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ । ਮੈਂ ਤਾਂ ਸਗੋਂ ਇਹ ਵੀ ਕਹਿੰਦਾ ਹਾਂ ਕਿ ਜੇ ਗੌਰਮਿੰਟ ਨੇ ਫ਼ਰੀ ਨਹੀਂ ਦੇਣੇ ਤਾਂ ਹਾਇਰ-ਪਰਚੇਜ਼ ਸਿਸਟਮ ਤੇ ਦਿੱਤੇ ਜਾ ਸਕਦੇ ਹਨ । ਉਨ੍ਹਾਂ ਨੂੰ ਮਕਾਨ ਬਣਾ ਕੇ ਦੇ ਦਿਉ ਅਤੇ ਉਸ ਦੇ ਲਈ 5-10-20 ਰੁਪਏ ਮਹੀਨਾ ਵੀ ਅਗਰ ਰਖ ਦਿਉ ਤਾਂ ਵੀ ਪੇਮੈਂਟ ਆ ਸਕਦੀ ਹੈ । ਜਿਹੜੀਆਂ ਅਸੀਂ ਅਸਟੇਟਸ ਬਣਾਈਆਂ ਹਨ ਉਸ ਦੇ ਵਿਚ ਲੋਕਾਂ ਨੂੰ ਮਕਾਨ ਦਿੱਤੇ ਹਨ । ਬਹੁਤ ਸਾਰੇ ਲੋਕ ਅਮੀਰ ਹਨ ਫਿਰ ਵੀ ਅਸੀਂ ਲੋਕਾਂ ਨੂੰ ਮਕਾਨ ਦਿੱਤੇ ਹਨ । ਸ਼ਹਿਰਾਂ ਦੇ ਵਿਚ ਲੇਬਰ ਕਾਲੋਨੀਜ਼ ਬਣੀਆਂ ਹਨ ਉਸ ਦੇ ਮੁਤੱਲਕ ਵੀ ਇਹ ਫ਼ੈਸਲਾ ਕੀਤਾ ਹੈ ਕਿ ਲੇਬਰ ਕਾਲੋਨੀਜ਼ ਨੂੰ ਹਾਇਰ-ਪ੍ਰਚੇਜ਼ ਸਿਸਟਮ ਦੇ ਮੁਤਾਬਿਕ ਦੇਣਾ ਹੈ ਔਰ ਕਈ ਸ਼ਹਿਰਾਂ ਦੇ ਵਿਚ ਲੇਬਰ ਨੂੰ ਅਸੀਂ ਮਕਾਨਾਂ ਦਾ ਮਾਲਕ ਬਣਾ ਵੀ ਦਿੱਤਾ ਹੈ ਹਾਲਾਂ ਕਿ ਗੌਰਮਿੰਟ ਨੇ ਬਣਾਈਆਂ ਸਨ, ਕਿਰਾਏ ਲੈਂਦੇ ਸੀ ਪਰ ਹੁਣ ਉਹ ਲੋਕ ਆਪ ਮਾਲਕ ਬਣ ਗਏ ਹਨ । ਸੋ ਮੇਰੀ ਅਰਜ਼ ਹੈ ਕਿ ਇਸ ਚੀਜ਼ ਵਲ ਧਿਆਨ ਦੇਣਾ ਚਾਹੀਦਾ ਹੈ । ਸਿਰਫ਼ ਕਾਗਜ਼ਾਂ ਵਿਚ 3 ਲੱਖ ਲੋਕਾਂ ਨੂੰ ਪਲਾਟ ਦੇ ਦਿੱਤੇ ਹਨ ਆਉਣ ਨਾਲ ਗੱਲ ਨਹੀਂ ਬਣਦੀ । ਇਹ ਵੀ ਦੇਖਣਾ ਜ਼ਰੂਰੀ ਹੈ ਕਿ ਜਿਹੜੀ ਅਲਾਟਮੈਂਟ ਹੈ ਉਹ ਦਰੁਸੱਤ ਹੋ ਗਈ ਹੈ ਜਾਂ ਨਹੀਂ ਹੋ ਗਈ । ਆਇਆ ਲੋਕਾਂ ਨੂੰ ਕਬਜ਼ਾ ਮਿਲਿਆ ਹੈ ਜਾਂ ਨਹੀਂ? ਜੇ ਮਿਲਿਆ ਹੈ ਤਾਂ ਇਸ ਦੇ ਲਈ ਬੜਾ ਲੰਮਾ ਸਿਸਟਮ ਹੈ ਮਕਾਨ ਬਣਾਉਣ ਵਿਚ ਅਤੇ ਇਸ ਦੇ ਨਾਲ ਬੜੀ ਦਿੱਕਤ ਹੋਵੇਗੀ । ਇਸ ਦੇ ਲਈ ਇਹੀ ਤਰਕੀਬ ਹੈ ਕਿ ਪੰਜਾਬ ਦਾ ਜਿਹੜਾ ਅਮੀਰ ਤਬਕਾ ਹੈ ਉਨ੍ਹਾਂ ਤੋਂ ਪੈਸਾ ਲੈਣਾ ਚਾਹੀਦਾ ਹੈ ਜਾਂ ਜਿਸ ਤਰ੍ਹਾਂ ਅਗੇ ਦੱਸਿਆ ਹੈ ਉਸ ਤਰ੍ਹਾਂ ਇਕੱਠਾ ਕਰਕੇ ਇਹ ਕੰਮ ਕਰਨਾ ਚਾਹੀਦਾ ਹੈ ਤਾਂ ਹੀ ਇਹ ਮਕਾਨ ਬਣ ਸਕਣਗੇ । ਡਿਪਟੀ ਸਪੀਕਰ ਸਾਹਿਬ, ਪੰਜਾਬ ਦੂਸਰਿਆਂ ਸੂਬਿਆਂ ਨਾਲੋਂ ਅੱਛੀ ਹਾਲਤ ਵਿਚ ਹੈ, ਅਮੀਰੀ ਦੇ ਹਿਸਾਬ ਨਾਲ ਵੀ ਅਤੇ ਮਜ਼ਦੂਰੀ ਦੇ ਹਿਸਾਬ ਨਾਲ ਵੀ । ਪੰਜਾਬ ਦੇ ਵਿਚ ਮਜ਼ਦੂਰੀ ਵੀ ਚੰਗੀ ਹੈ ਪਰ ਇਹ ਜਿਹੜੇ ਲੋਕ ਪਛੜੇ ਹੋਏ ਹਨ, ਬਹੁਤ ਗਰੀਬ ਹਨ ਜਿਨ੍ਹਾਂ ਦੀ ਆਮਦਨੀ ਇਕ ਸਾਲ ਦੇ ਵਿਚ ਤਕਰੀਬਨ 17% ਰੁਪਏ ਹੈ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣ ਵਾਸਤੇ ਅਗਰ ਸੈੱਸ ਲਾਉਣ ਦੀ ਲੋੜ ਹੋਵੇ ਤਾਂ ਵੀ ਕੋਈ ਲਾਉਣ ਨਾਲ ਹਰਜ ਨਹੀਂ । ਮੈਂ ਤਾਂ ਫਿਰ ਤਕ ਵੀ ਕਹਿੰਦਾ ਹਾਂ ਕਿ

Original with:
Punjab Vidhan Sabha
Digitized by:
Panjab Digital Library

ਚੀਫ ਮਨਿਸਟਰ ਸਾਹਿਬ ਦੇ ਫੰਡ ਵਿਚ ਜਿਸ ਤਰਾਂ ਕਿਧਰੇ ਹੜ੍ਹ ਆ ਜਾਂਦਾ ਹੈ ਅਤੇ ਉਥੇ ਰਿਲੀਫ ਦੇਣ ਵਾਸਤੇ ਚੀਫ ਮਨਿਸਟਰ ਸਾਹਿਬ ਦੇ ਫੰਡ ਵਿਚ ਪੈਸੇ ਆਉਂਦੇ ਹਨ ਇਸ ਕੰਮ ਵਾਸਤੇ ਵੀ ਕੋਈ ਇਸ ਕਿਸਮ ਦਾ ਫੰਡ ਅਗਰ ਖੋਲ੍ਹਣਾ ਪਵੇ ਤਾਂ ਖੋਲ੍ਹਣਾ ਚਾਹੀਦਾ ਹੈ । ਕਰੋੜਾਂ ਰੁਪਏ ਦੀ ਗੱਲ ਹੈ ਕੋਈ ਛੋਟੀ ਜਿਹੀ ਗੱਲ ਨਹੀਂ ਹੈ, ਇਹ ਕੋਈ ਮਾਮੂਲੀ ਗੱਲ ਨਹੀਂ । ਇਸ ਚੀਜ਼ ਨੂੰ ਲਾਜ਼ਮੀ ਤੌਰ ਤੇ ਹਾਸਲ ਕਰਨ ਵਾਸਤੇ ਕੋਈ ਕਨੂੰਨ ਵਿਚ ਧਾਰਾ ਬਣਾਓ ਅਤੇ ਕੋਈ ਤਰਕੀਬ ਬਣਾਉ ਜਿਸ ਦੇ ਨਾਲ ਉਨਾਂ ਦੇ ਮਕਾਨ ਬਣ ਸਕਣ । ਬਾਅਜ਼ ਔਕਾਤ ਇਹ ਵੀ ਹੁੰਦਾ ਹੈ ਕਿ ਜਿਸ ਤਰ੍ਹਾਂ ਪਿਛਲੇ ਦਿਨਾਂ ਵਿਚ ਲੋਕਾਂ ਨੂੰ ਜਗਾ ਮਿਲੀ ਉਹ ਵੇਚ ਕੇ ਤੁਰ ਗਏ ਉਹ ਬਣਾ ਨਹੀਂ ਸਕਦੇ ਸੀ । ਜਦ ਬਣਾ ਹੀ ਨਹੀਂ ਸਕਦੇ ਤਾਂ ਉਨਾਂ ਨੇ ਵੇਚਣੇ ਹੀ ਸੀ । ਜੇ ਨਹੀਂ ਵੇਚਣਗੇ ਤਾਂ ਉਹ ਜਗ੍ਹਾ ਉਸੇ ਤਰ੍ਹਾਂ ਹੀ ਪਈ ਹੋਵੇਗੀ । ਇਸ ਲਈ ਗੌਰਮਿੰਟ ਨੂੰ ਕੋਈ ਤਰੀਕਾ ਕੱਢਣਾ ਚਾਹੀਦਾ ਹੈ ਜਿਸ ਨਾਲ ਉਹ ਲੋਕ ਮਕਾਨ ਸੌਖੇ ਹੋ ਕੇ ਬਣਾ ਸਕਣ । ਇਸ ਤੋਂ ਇਲਾਵਾ ਜਿਹੜੇ ਸ਼ਹਿਰਾਂ ਵਿਚ ਲੋਕ ਵਸਦੇ ਹਨ ਉਹ ਹਰੀਜਨ ਲੋਕ ਜਿਹੜੇ ਸਿਰਾਂ ਤੇ ਟੋਕਰੀ ਚੁਕਦੇ ਹਨ ਅਤੇ ਜੇ ਕਰ ਉਨ੍ਹਾਂ ਦੀਆਂ ਹਰੀਜਨ ਬਸਤੀਆਂ ਜਾ ਕੇ ਵੇਖੋ ਤਾਂ ਉਹ ਵੇਖੀਆਂ ਨਹੀਂ ਜਾ ਸਕਦੀਆਂ । ਇਕ ਤਾਂ ਉਹ ਸਾਰਾ ਦਿਨ ਸਿਰ ਤੇ ਟੋਕਰੀ ਚੁੱਕ ਕੇ ਮਿਹਨਤ ਕਰਦੇ ਹਨ ਦੂਜੇ ਉਨ੍ਹਾਂ ਦੇ ਮਕਾਨ ਵੇਖਣ ਯੋਗ ਵੀ ਨਹੀਂ ਹਨ । ਮੈਂ ਕਹਿੰਦਾ ਹਾਂ ਕਿ ਪਿੰਡਾਂ ਵਿਚ ਜਿਥੇ ਉਨਾਂ ਲੋਕਾਂ ਨੂੰ ਜਗਾ ਦਿੱਤੀ ਹੈ ਉਥੇ ਉਨ੍ਹਾਂ ਲੋਕਾਂ ਨੂੰ ਸ਼ਹਿਰਾਂ ਵਿਚ ਵੀ ਲਾਜ਼ਮੀ ਤੌਰ ਤੇ ਜਗਾ ਦੇ ਕੇ ਉਨ੍ਹਾਂ ਦੇ ਮਕਾਨ ਬਣਵਾਉਣੇ ਚਾਹੀਦੇ ਹਨ । ਇਤਨਾ ਕਹਿ ਕੇ ਮੈਂ ਬੈਠਦਾ ਹਾਂ ।

**ਮਾਸਟਰ ਚੰਦ ਸਿੰਘ** : (ਸ਼ੇਰਪੁਰ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਕਾਮਰੇਡ ਸ਼ੱਘੜ ਸਿੰਘ ਨੇ ਜਿਹੜਾ ਮਤਾ ਪੇਸ਼ ਕੀਤਾ ਹੈ ਮੈਂ ਉਸ ਦੀ ਪੁਰਜ਼ੋਰ ਤਾਈਦ ਕਰਦਾ ਹਾਂ, ਕਿਉਂਕਿ ਇਹ ਮਸਲਾ ਗਰੀਬਾਂ ਦਾ ਹੈ । ਡਿਪਟੀ ਸਪੀਕਰ ਸਾਹਿਬ, ਭਾਵੇਂ ਸਰਕਾਰ ਨੇ 3 ਲੱਖ ਪਲਾਟ ਦੇਣ ਦਾ ਜ਼ਿਕਰ ਕੀਤਾ ਹੈ ਮੈਂ ਪਹਿਲਾਂ ਵੀ ਕਿਹਾ ਸੀ ਕਿ ਕਈ ਥਾਵਾਂ ਤੇ ਜਿਥੇ ਪਲਾਟ ਦਿੱਤੇ ਹਨ ਉਹ ਥਾਵਾਂ ਬੜੀਆਂ ਨੀਵੀਆਂ ਹਨ ਜਾਂ ਛੱਪੜ ਹਨ । ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਡੂੰਘੇ ਥਾਵਾਂ ਤੇ ਹਨ ਜਾਂ ਤੇ ਉਹ ਥਾਂ ਚੇਂਜ ਕਰ ਦੇਵੇ ਜਾਂ ਫਿਰ ਸਾਫ਼ ਜਗਾ ਤੇ ਦੇਵੇ ਅਤੇ ਹਰੀਜਨ ਬਸਤੀਆਂ ਤੇ ਨੇੜੇ ਤੇੜੇ ਦਿੱਤੀ ਜਾਵੇ । ਇਸ ਤਰ੍ਹਾਂ ਮਸਲਾ ਹੱਲ ਨਹੀਂ ਹੋ ਸਕਦਾ । ਪੰਜਾਬ ਵਿਚ ਜਲੰਧਰ ਅਤੇ ਸੰਗਰੂਰ ਵਿਚ ਸਰਕਾਰ ਵਲੋਂ ਬਸਤੀਆਂ ਬਣਾਉਣ ਲਈ ਨੀਂਹ ਪੱਥਰ ਰਖੇ ਗਏ ਹਨ । ਪਰ ਜਿਹੜੇ ਹਰੀਜਨਾਂ ਨੂੰ ਪਲਾਟ ਦਿੱਤੇ ਹਨ ਉਥੇ ਕੁਝ ਨਹੀਂ ਹੋਇਆ । ਇਸ ਕੰਮ ਲਈ ਪੈਸੇ ਜਿਹੜੇ ਰਖੇ ਗਏ ਹਨ ਉਹ ਘੱਟ ਹਨ ਪੈਸੇ ਹੋਰ ਰਖਣੇ ਚਾਹੀਦੇ ਹਨ । ਪਿੰਡਾਂ ਵਿਚ ਗਰੀਬਾਂ ਨੂੰ ਕਰਜ਼ੇ ਨਹੀਂ ਮਿਲਦੇ । ਇਸ ਸਰਕਾਰ ਨੇ ਕਰਜ਼ੇ ਵਸੂਲਣ ਦੀ ਤਾਰੀਖ ਦੋ ਸਾਲ ਅਗੇ ਪਾ ਦਿੱਤੀ ਹੈ, ਇਹ ਅੱਛੀ ਗੱਲ ਹੈ ਪਰ ਨਾਲ ਹੀ ਲੋਕਾਂ ਨੂੰ ਕਰਜ਼ੇ ਨਹੀਂ ਮਿਲਦੇ । ਇਸ ਦਾ ਆਲਟਰਨੇਟਿਵ ਕੋਈ ਨਹੀਂ । ਪਿੰਡਾਂ ਵਿਚ ਜਿਹੜੇ ਬੈਂਕ ਖੋਲਣੇ ਸੀ ਉਹ ਨਹੀਂ ਖੋਹਲੇ । ਇਸ ਲਈ ਜਿਹੜੇ ਬੇਜ਼ਮੀਨੇ ਹਨ ਉਨ੍ਹਾਂ ਨੂੰ ਪੈਸੇ ਮਿਲਣੇ ਬਹੁਤ ਔਖੇ ਹੋ ਜਾਣਗੇ । ਜਿਹੜੀ ਪਲਾਟਾਂ ਤੇ ਉਸਾਰੀ ਕਰਨੀ ਹੈ ਉਹ ਉਨ੍ਹਾਂ ਲਈ ਹੋਰ ਵੀ ਔਖੀ ਹੋ ਜਾਵੇਗੀ । ਪਲਾਟਾਂ ਦੀ ਬਜਾਏ ਗੌਰਮਿੰਟ ਘਰ ਬਣਾ ਕੇ ਦੇਵੇ ਤਾਂ ਕਿ ਗਰੀਬ ਆਸਾਨੀ ਨਾਲ ਰਹਿ ਸਕਣ । ਅਤੇ ਅਨੰਦ ਮਾਣ ਸਕਣ । ਇਸ ਦੇ ਨਾਲ ਪਿੰਡਾਂ ਦੇ ਵਿਚ ਇਸ ਸਰਕਾਰ ਨੂੰ ਚਾਹੀਦਾ ਹੈ ਕਿ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਲੋਕਾਂ ਦੀਆਂ ਸੋਸਾਇਟੀਆਂ ਬਣਾ ਕੇ ਉਨ੍ਹਾਂ ਦੀ ਸਹਾਇਤਾ ਲਈ ਪੈਸਾ ਦੇਵੇ ਤਾਂਕਿ ਉਹ ਆਪਣੇ ਮਕਾਨ ਬਣਾ ਸਕਣ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਬੈਠਦਾ ਹਾਂ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** (ਜਮਸ਼ੇਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਜੋ ਪਲਾਟ ਦਿੱਤੇ ਗਏ ਹਨ ਸਰਕਾਰ ਦੀ ਤਰਫੋਂ ਉਨ੍ਹਾਂ ਲਈ ਮੈਂ ਹਿੰਦ ਸਰਕਾਰ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਔਰ ਪੰਜਾਬ ਸਰਕਾਰ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਪ੍ਰੋਗਰਾਮ ਬਣਾਇਆ । ਅਸੀਂ ਲਾਜ਼ਮੀ ਤੌਰ ਤੇ ਬੇਘਰਿਆਂ ਨੂੰ ਮਕਾਨ ਬਣਾ ਕੇ ਦੇਣੇ ਹਨ। ਮੈਂ ਕੁਝ ਸੁਝਾਉ ਦੇਣਾ ਚਾਹੁੰਦਾ ਹਾਂ । ਸਰਕਾਰ ਨੇ 3 ਲੱਖ ਪਲਾਟ ਦੇ ਦਿਤੇ ਹਨ । ਮਗਰ ਕਬਜ਼ੇ ਵਿਚ ਕੁਝ ਝਗੜੇ ਪੈ ਗਏ ਹਨ । ਮੇਰੇ ਹਲਕੇ ਕੁੱਕੜ ਪਿੰਡ ਅਤੇ ਬੰਗਿਆਂ ਵਿਚ ਆਪਣੇ ਚੀਫ ਮਨਿਸਟਰ ਸਾਹਿਬ ਤੋਂ ਨੀਂਹ ਪਥਰ ਲਵਾਇਆ, ਪਲਾਟ ਦਿੱਤੇ ਹਨ ਮਕਾਨਾਂ ਲਈ, ਪਰ ਉਹ ਉਸੇ ਤਰ੍ਹਾਂ ਪਏ ਹਨ । ਮਕਾਨ ਨਹੀਂ ਬਣਾਏ ਜਾ ਸਕੇ । ਸਰਕਾਰ ਨੂੰ ਕੋਈ ਇਹੋ ਜਿਹੀ ਤਜਵੀਜ਼ ਕਰਨੀ ਚਾਹੀਦੀ ਹੈ ਜਿਸ ਦੇ ਨਾਲ ਅਸੀਂ ਉਨ੍ਹਾਂ ਲੋਕਾਂ ਦੇ ਘਰ ਵਸਾ ਸਕੀਏ । ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਸ ਦੇ ਲਈ ਇਕ ਕਰੋੜ ਰੁਪਿਆ ਰਖਿਆ ਹੈ ਅਤੇ ਇਹ ਇਕ ਕਰੋੜ ਬਹੁਤ ਘੱਟ ਹੈ । ਇਸ ਬਜਟ ਤੇ ਬੋਲਣ ਲਈ ਟਾਈਮ ਸਾਨੂੰ ਨਹੀਂ ਮਿਲ ਸਕਿਆ ਜੇ ਕਰ ਬੋਲਦੇ ਤਾਂ ਸ਼ਾਇਦ ਸਰਕਾਰ ਕੁਝ ਹਿੰਮਤ ਕਰਦੀ, ਹੁਣ ਵੀ ਸ਼ਾਇਦ ਕਿਸੇ ਪਾਸਿਉਂ ਪੈਸੇ ਇਸ ਕੰਮ ਲਈ ਕੱਢੇ । ਜਿਸ ਤਰ੍ਹਾਂ ਕਪੂਰ ਸਾਹਿਬ ਨੇ ਕਿਹਾ ਹੈ ਕਿ ਮਾਰਕੀਟ ਕਮੇਟੀਆਂ, ਮਿਉਂਸਪਲ ਕਮੇਟੀਆਂ, ਜਾਂ ਕੋਆਪ੍ਰੇਟਿਵ ਅਦਾਰੇ ਹਨ, ਕਿਸੇ ਢੰਗ ਨਾਲ ਉਨ੍ਹਾਂ ਤੋਂ ਕੁਝ ਮਦਦ ਲਈ ਜਾਏ । ਇਹ ਠੀਕ ਗੱਲ ਹੈ ਕਿ ਸਾਡੇ ਕੁਝ ਕਾਰਪੋਰੇਸ਼ਨਾਂ ਵੀ ਹਨ । ਇਕ ਤਾਂ ਸ਼ਡਿਊਲਡ ਕਾਸਟਸ ਫਾਇਨਾਂਸ ਕਾਰਪੋਰੇਸ਼ਨ ਹੈ । ਉਸ ਦਾ 4 ਕਰੋੜ ਰੁਪਏ ਦਾ ਬਜਟ ਹੈ ਅਤੇ 80 ਲੱਖ ਪੰਜਾਬ ਸਰਕਾਰ ਨੇ ਹੋਰ ਦਿੱਤਾ ਹੈ । ਇਕ ਬੈਕਵਰਡ ਕਲਾਸ ਕਾਰਪੋਰੇਸ਼ਨ ਇਕ ਕਰੋੜ ਰੁਪਏ ਨਾਲ ਬਣਾ ਦਿੱਤੀ ਗਈ ਹੈ । ਉਨ੍ਹਾਂ ਦਾ ਵਿਆਜ 10 ਹਜ਼ਾਰ ਤੱਕ 3 ਪ੍ਰਤੀਸ਼ਤ ਹੈ ਅਤੇ 3 ਹਜ਼ਾਰ ਤਕ ਕੋਈ ਸੂਦ ਨਹੀਂ। ਇਨ੍ਹਾਂ ਕਾਰਪੋਰੇਸ਼ਨਾਂ ਵਾਸਤੇ ਪੰਜਾਬ ਵਿਚ ਇਕ ਕਲਿਆਨ ਫੰਡ ਖੋਲ੍ਹਿਆ ਸੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਸਮੇਂ । ਜਦੋਂ ਉਨ੍ਹਾਂ ਨੇ ਕਿਸੇ ਸ਼ਕਲ ਵਿਚ ਇਨ੍ਹਾਂ ਚੀਜ਼ਾਂ ਲਈ ਰੁਪਿਆ ਇਕੱਠਾ ਕਰਨਾ ਸ਼ੁਰੂ ਕੀਤਾ ਤਾਂ 2-4 ਮਹੀਨਿਆਂ ਵਿਚ ਕੋਈ 7 ਕਰੋੜ ਰੁਪਿਆ ਇਕੱਠਾ ਹੋ ਗਿਆ ਸੀ । ਜਿਸ ਤਰ੍ਹਾਂ ਸਾਡੇ ਹੁਣ ਦੇ ਚੀਫ ਮਨਿਸਟਰ ਨੇ ਰਿਲੀਫ ਫੰਡ ਲਈ ਪੈਸਾ ਇਕੱਠਾ ਕੀਤਾ ਹੈ; ਉਸ ਸਮੇਂ ਵੀ ਪੈਸਾ ਇਕੱਠਾ ਹੋ ਗਿਆ ਸੀ । ਆਪਣੇ ਗਵਾਂਢੀ ਬਾਰਡਰ ਦੇ ਏਰੀਆ ਨੂੰ ਦਿੱਤਾ ਹੈ । ਸਾਡੇ ਦੇਸ਼ ਵਿਚ ਇਹ ਭਾਵਨਾ ਹੋਣੀ ਚਾਹੀਦੀ ਹੈ ਕਿ ਲੋਕਾਂ ਨੂੰ ਉਤਸ਼ਾਹ ਦੇਣਾ ਹੈ ਅਤੇ ਲੋਕਾਂ ਦੀ ਮਦਦ ਕਰਨੀ ਹੈ। ਆਪਣੇ ਦੇਸ਼ ਵਿਚ ਜੋ ਬੇਘਰੇ ਹਨ ਜਿਨਾਂ ਕੋਲ ਕੋਈ ਮਕਾਨ ਨਹੀਂ, ਉਹ ਸਾਡੇ ਸਮੁੱਚੇ ਦੇਸ਼ ਦੇ ਭਾਈ ਹਨ ਉਨ੍ਹਾਂ ਦੀ ਮਦਦ ਕਰੀਏ । ਪੰਜਾਬ ਸਰਕਾਰ ਵੀ, ਜਿਸ ਤਰ੍ਹਾਂ ਹਿੰਦ ਸਰਕਾਰ ਨੇ ਗਾਈਡ ਲਾਈਨ ਦਿੱਤੀ, ਕਰ ਰਹੀ ਹੈ । ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮਿਨੀ ਸੈਕਰੀਟੇਰੀਏਟ ਬਣਾਇਆ ਹੈ ਲੁਧਿਆਣਾ ਵਿਚ ਮੇਰਾ ਖਿਆਲ ਹੈ ਕਿ ਜਿੰਨਾ ਰੁਪਿਆ ਉਥੇ ਲਗਿਆ ਹੈ ਉਨੇ ਰੁਪਏ ਨਾਲ ਅਸੀਂ ਬੇਘਰਿਆਂ ਨੂੰ ਘਰ ਵੀ ਦੇ ਸਕਦੇ ਹਾਂ । ਡਿਪਟੀ ਸਪੀਕਰ ਸਾਹਿਬ, ਮੇਰਾ ਸੁਝਾਅ ਇਹ ਹੈ ਕਿ ਇਹ ਜਿਹੜਾ ਹਾਊਸਿੰਗ ਬੋਰਡ ਹੈ ਜਿਸ ਤਰ੍ਹਾਂ ਇਸ ਨੇ ਮੁਹਾਲੀ ਵਿਚ ਮਕਾਨ ਬਣਾਏ ਹਨ, ਬੜੇ ਸੋਹਣੇ ਬਣਾਏ ਹਨ, ਪਰ ਉਹ ਪਿੰਡਾਂ ਵਿਚ ਉਤਨੇ

Original with:
Punjab Vidhan Sabha
Digitized by:
Panjab Digital Library

ਸੋਹਣੇ ਮਕਾਨ ਨਹੀਂ ਬਣਾ ਸਕਦੇ । ਇਸ ਲਈ ਜਿਹੜੇ ਪਿੰਡਾਂ ਵਾਲੇ ਲੋਕ ਹਨ ਜਿਨ੍ਹਾਂ ਨੂੰ ਪਲਾਟ ਦਿੱਤੇ ਹਨ ਉਨ੍ਹਾਂ ਨੂੰ ਮਕਾਨ ਬਣਾਉਣ ਲਈ 5-5 ਹਜ਼ਾਰ ਰੁਪਏ ਸਬਸਿਡੀ ਅਤੇ ਕੁਝ ਲੋਨ ਦੀ ਸ਼ਕਲ ਵਿਚ ਦਿੱਤੇ ਜਾਣ ਤਾਂ ਕਿ ਲੋਕ ਆਪਣੇ ਮਕਾਨ ਬਣਾ ਸਕਣ । ਹਰ ਪਿੰਡ ਵਿਚ ਕੋਈ 100 ਜਾਂ ਡੇਢ੍ਹ ਸੋ ਇਸ ਤਰਾਂ ਦੇ ਲੋਕ ਹੋਣਗੇ । ਅਗਰ ਇਹ ਹਾਊਸਿੰਗ ਬੋਰਡ ਰਾਹੀਂ ਜਾਂ ਦੂਸਰੀਆਂ ਸਕੀਮਾਂ ਰਾਹੀਂ ਬਣਾਉਣਗੇ ਤਾਂ ਦੇਰ ਹੋ ਜਾਵੇਗੀ ਅਤੇ ਮੁਸ਼ਕਲ ਹੋ ਜਾਵੇਗੀ । ਸਮਾਂ ਜ਼ਿਆਦਾ ਲਗੇਗਾ । ਕਈ ਵਾਰੀ ਇੰਜੀਨੀਅਰ ਨਹੀਂ ਮਿਲਣਗੇ । ਇਸ ਲਈ ਉਨ੍ਹ ਨੂੰ 5-5 ਹਜ਼ਾਰ ਰੁਪਿਆ ਦਿੱਤਾ ਜਾਏ ਤਾਂ ਕਿ ਉਹ ਆਪਣੇ 4-5 ਮਰਲੇ ਦੇ ਮਕਾਨ ਬਣਾ ਸਕਣ। ਪੰਜਾਬ ਸਰਕਾਰ ਉਸ ਦੇ ਬਾਰੇ ਪੰਚਾਇਤਾਂ ਨੂੰ ਹਦਾਇਤ ਕਰੇ, ਉਹ ਨਿਗਰਾਨੀ ਕਰਨ, ਬੀ. ਡੀ. ਓ. ਕਰੇ, ਐਸ. ਡੀ. ਐਮ. ਵੇਖੇ ਔਰ ਦੂਜੇ ਲੋਕਾਂ ਨੂੰ ਵੀ ਇਸ ਤਰ੍ਹਾਂ ਦੀ ਪ੍ਰੇਰਨਾ ਹੋਣੀ ਚਾਹੀਦੀ ਹੈ ਕਿ ਉਹ ਵੀ ਆਪਣੇ ਪਿੰਡਾਂ ਦੇ ਲੋਕਾਂ ਵਿਚ ਜਿਸ ਤਰ੍ਹਾਂ ਬਲੈਕ ਮਨੀ ਲੋਕਾਂ ਨੇ ਦਿੱਤੀ ਹੈ, ਕਿਸ ਤਰ੍ਹਾਂ ਰੁਪਿਆ ਕੱਢਿਆ ਹੈ, ਕਿਸ ਤਰ੍ਹਾਂ ਲੋਕਰਾਂ ਵਿਚ ਕੀਮਤੀ ਚੀਜ਼ਾਂ ਪਈਆਂ ਸਨ, ਹਰ ਫਾਲਤੂ ਚੀਜ਼ ਬਾਰੇ ਦੱਸਣ ਅਤੇ ਗਰੀਬ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਜੇ ਕੋਈ ਗਰੀਬ ਹੁੰਦਾ ਹੈ, ਹਰੀਜਨ ਹੁੰਦਾ ਹੈ ਤਾਂ ਉਸ ਦੀ ਅਸੀਂ ਹੌਸਲਾ ਅਫਜ਼ਾਈ ਕਰਦੇ ਹਾਂ । ਦੇਸ਼ ਦੀ ਭਾਵਨਾ ਸਾਮ੍ਹਣੇ ਆਉਣੀ ਚਾਹੀਦੀ ਹੈ ਤਾਂ ਜੋ ਹਰ ਇਨਸਾਨ ਦੀ ਅਸੀਂ ਠੀਕ ਢੰਗ ਨਾਲ ਸੇਵਾ ਕਰ ਸਕੀਏ।

ਉਸ ਤੋਂ ਬਾਅਦ ਕੁਝ ਮੈਨੂੰ ਸ਼ੱਕ ਹੈ ਕਿ ਇਕ ਸਬੱਰਬਨ, ਅਰਬਨ ਦੀ ਸ਼ਹਿਰੀ ਹਦੂਦ ਵਿਚ ਗਰੀਬ ਲੋਕ ਵਸਦੇ ਹਨ, ਉਨ੍ਹਾਂ ਵਾਸਤੇ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਘਰ ਦੇਣੇ ਹਨ । ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਹੀ ਰੁਪਿਆ ਦਿੱਤਾ ਜਾਵੇ ਪਰ ਉਨ੍ਹਾਂ ਦੇ ਵਿਚ ਹੋਰ ਮੁਸ਼ਕਿਲ ਪਲਾਟਾਂ ਦੀ ਆਵੇਗੀ, ਕਿਉਂਕਿ ਜਿਸ ਤਰ੍ਹਾਂ ਕਾਰਪੋਰੇਸ਼ਨਾਂ ਸ਼ਹਿਰਾਂ ਦੀਆਂ ਬਣ ਰਹੀਆਂ ਹਨ ਜਾਂ ਉਨ੍ਹਾਂ ਕਾਰਪੋਰੇਸ਼ਨਜ਼ ਦੀਆਂ ਹੱਦਾਂ ਵੱਡੀਆਂ ਹੋਣਗੀਆਂ, ਉਸ ਦੇ ਵਿਚ 2-4 ਮਰਲੇ ਦਾ ਜਿਹੜਾ ਏਰੀਆ ਹੋਵੇਗਾ ਅਤੇ ਜਿਥੇ ਗਰੀਬਾਂ ਦੀ ਬਸਤੀ ਹੋਵੇਗੀ ਅਤੇ ਗਰੀਬ ਲੋਕ ਉਥੇ ਵਸਦੇ ਹੋਣਗੇ, ਉਨ੍ਹਾਂ ਗਰੀਬ ਲੋਕਾਂ ਦੇ ਸਬੰਧ ਵਿਚ ਪੰਜਾਬ ਸਰਕਾਰ ਦੀ ਇਹ ਸਕੀਮ ਹੈ ਜਿਹੜੇ ਗਰੀਬ, ਹਰੀਜਨ ਲੋਕ ਹਨ, ਬੈਕਵਰਡ ਕਲਾਸਾਂ ਹਨ. ਉਨ੍ਹਾਂ ਨੂੰ 30 ਰੁਪਏ ਤੇ ਮਕਾਨ ਅਤੇ 10 ਰੁਪਏ ਤੇ ਪਲਾਟ ਦੇਣਾ ਹੈ। ਕੁਝ ਜਗ੍ਹਾ ਜਿਹੜੀ ਉਹ ਹੈ, ਹਰ ਪਿੰਡ ਵਿਚ ਜਿਥੇ 100 ਘਰ ਸਨ, ਉਨ੍ਹਾਂ ਵਿਚੋਂ 50 ਵਾਸਤੇ ਤਾਂ ਰਜਿਸਟਰੀਆਂ ਮਿਲ ਗਈਆਂ, ਜੋ ਬਾਕੀ ਰਹਿੰਦੇ ਹਨ ਉਨ੍ਹਾਂ ਦੀਆਂ ਰਜਿਸਟਰੀਆਂ ਵੀ ਰਹਿੰਦੀਆਂ ਹਨ ਅਤੇ ਕੀਮਤ ਵੀ ਲੱਗਣੀ ਰਹਿੰਦੀ ਹੈ । ਉਨ੍ਹਾਂ ਬਾਰੇ ਸ਼ੱਕ ਇਹ ਹੈ ਕਿ ਇਹੋ ਜਿਹੀ ਸਕੀਮ ਨਾ ਹੋ ਜਾਵੇ ਕਿ ਜਿੰਨੇ ਇੰਪਰੂਵਮੈਂਟ ਟਰੱਸਟਸ ਹਨ, ਹਾਊਸਿੰਗ ਬੋਰਡ ਹੈ, ਉਹ ਹੋਰ ਜ਼ਮੀਨਾਂ ਨੂੰ ਐਕੁਆਇਰ ਕਰਕੇ ਮੌਜੂਦਾ ਕੀਮਤ ਤੇ ਲੋਕਾਂ ਨੂੰ ਨਾ ਦੇ ਸਕਣ । ਇਸ ਕੰਮ ਵਿਚ ਮੁਸ਼ਕਿਲ ਹੋ ਜਾਵੇਗੀ । ਇਸ ਕਰਕੇ ਪੰਜਾਬ ਸਰਕਾਰ ਨੂੰ ਇਹ ਪਾਲਿਸੀ ਤਿਆਰ ਕਰ ਲੈਣੀ ਚਾਹੀਦੀ ਹੈ ਕਿ ਜਿਸ ਤਰ੍ਹਾਂ ਇਸ ਵਕਤ ਨੋਟੀਫਿਕੇਸ਼ਨ ਤੋਂ ਪਹਿਲਾਂ ਮਿਊਂਸਿਪਲ ਲਿਮਿਟ ਜੋ ਹੈ ਉਹ ਵਧੇਗੀ ਨਹੀਂ ਅਤੇ ਉਸ ਦੇ ਮੁਤਾਬਿਕ ਉਨ੍ਹਾਂ ਲੋਕਾਂ ਨੂੰ ਜਿਹੜੇ ਰਹਿ ਗਏ ਹਨ, ਬੱਚ ਗਏ ਹਨ, ਉਨ੍ਹਾਂ ਨੂੰ ਰਜਿਸਟਰੀਆਂ ਦਿੱਤੀਆਂ ਜਾਣ ਅਤੇ ਇਹ ਨਾ ਹੋਵੇ ਕਿ ਰਿਹੈਬਿਲੀਟੇਸ਼ਨ ਵਾਲੇ ਹੋਰ ਲੋਕਾਂ ਨੂੰ ਅਕਾਮੋਡੇਟ ਕਰ ਲੈਣ । ਰਿਹੈਬਿਲੀਟੇਸ਼ਨ ਵਾਲੇ ਇਨ੍ਹਾਂ ਗਰੀਬ ਲੋਕਾਂ ਨੂੰ ਰਜਿਸਟਰੀਆਂ ਨਹੀਂ ਦੇ ਸਕੇ ਕਿਉਂਕਿ ਉਹ ਹੋਰ ਕਲੇਮਾਂ-ਕਲੇਮਾਂ ਵਿਚ ਲੱਗੇ ਰਹੇ ਹੋਏ ਹਨ ਉਥੇ ਕਈ ਝਗੜੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਹੁੰਦੇ ਹਨ, ਦਫ਼ਤਰਾਂ ਵਿਚ ਝਗੜੇ ਪਾਉਂਦੇ ਰਹਿੰਦੇ ਹਨ ਅਤੇ ਇਨ੍ਹਾਂ ਕਾਰਨਾਂ ਕਰਕੇ ਲੋਕਾਂ ਨੂੰ ਮੁਸ਼ਕਿਲ ਹੋ ਜਾਵੇਗੀ। ਰਿਹੈਬਿਲੀਟੇਸ਼ਨ ਦਾ ਮਹਿਕਮਾ ਬਹੁਤ ਜ਼ਮੀਨ ਵੰਡਣ ਵਾਲਾ ਹੈ, ਉਸ ਦੇ ਸਬੰਧ ਵਿਚ ਕੀ ਹੋਇਆ ਹੈ ਕਿ ਅਫਸਰਾਂ ਨੇ ਵੱਡੀਆਂ ਵੱਡੀਆਂ ਕੋਠੀਆਂ, ਵੱਡੇ ਵੱਡੇ ਪਲਾਟ ਬਿਲਕਲ ਘੱਟ ਕੀਮਤ ਤੇ ਲਏ ਅਤੇ ਕੋਠੀਆਂ ਬਣਾ ਲਈਆਂ ਅਤੇ ਜੋ ਗਰੀਬ ਲੋਕਾਂ ਦੇ 28-30 ਘਰ ਮਾਡਲ ਟਾਊਨ ਜਲੰਧਰ ਵਿਚ, ਜਿਹੜੇ ਕਿ 15-16 ਸਾਲਾਂ ਤੋਂ ਉਥੇ ਵਸੇ ਹੋਏ ਸਨ, ਉਜਾੜ ਦਿੱਤੇ ਅਤੇ ਜਿਹੜੇ ਅਫਸਰ ਹਨ, ਸੈਟਲਮੈਂਟ ਅਫਸਰ ਹਨ, ਤਹਿਸੀਲਦਾਰ (ਸੇਲਜ਼) ਹੈ ਜਾਂ ਸੁਪਰਡੈਂਟ ਹੈ, ਉਨ੍ਹਾਂ ਨੇ ਉਹ ਪਲਾਟ ਅਲਾਟ ਕਰਵਾ ਲਏ ਅਤੇ ਪੁਲਿਸ ਦੀ ਮਾਰਫਤ ਉਨਾਂ ਲੋਕਾਂ ਨੂੰ ਉਜਾੜਿਆ ਹੈ। ਚਾਰ ਦਿਨ ਹੋਏ ਜਿਹੜੀ ਬਾਰਿਸ਼ ਹੋਈ, ਉਸ ਦੇ ਵਿਚ ......

**ਚੌਧਰੀ ਦਰਸ਼ਨ ਸਿੰਘ** : ਪੱਕੀ ਸਟੇ ਦੇ ਦਿੱਤੀ ਹੈ ਗਿਆਨੀ ਜੀ ਨੇ।

**ਸ੍ਰੀ ਡਿਪਟੀ ਸਪੀਕਰ** : ਇੰਟਰੱਪਟ ਨਾ ਕਰੋ ਜੀ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਉਨ੍ਹਾਂ ਲੋਕਾਂ ਨੇ ਬੱਚੇ ਚੁੱਕੇ ਹੋਏ ਸਨ ਅਤੇ ਬਾਰਿਸ਼ ਹੋ ਰਹੀ ਸੀ, ਉਨ੍ਹਾਂ ਦੀਆਂ ਧਾਹਾਂ ਸਾਡੇ ਕੋਲੋਂ ਵੇਖੀਆਂ ਨਾ ਜਾਣ ਅਤੇ ਉਹ ਕਹਿਣ ਲੱਗੇ ਕਿ ਅਸੀਂ ਘਰ ਗਏ ਪਰ ਸਾਨੂੰ ਉਥੇ ਵੜਣ ਨਹੀਂ ਦਿੱਤਾ। ਅਸੀਂ ਉਸੇ ਤਰ੍ਹਾਂ ਤਹਿਸੀਲਦਾਰ ਦੇ ਦਫਤਰ ਗਏ, ਉਥੇ ਉਹ ਨਹੀਂ ਲੱਭਾ, ਫਿਰ ਉਸ ਦੇ ਅਸੀਂ ਸਾਰੇ ਘਰ ਚਲੇ ਗਏ, ਉਥੇ ਵੀ ਉਹ ਨਹੀਂ ਸੀ। ਉਸ ਦੀ ਵਾਈਫ ਨੇ ਜਦੋਂ ਸਾਨੂੰ ਇੰਨਿਆਂ ਲੋਕਾਂ ਨੂੰ ਵੇਖਿਆ ਤਾਂ ਉਸ ਦਾ ਹਾਰਟ ਫੇਲ੍ਹ ਹੋਣ ਜੋਗਾ ਹੋ ਗਿਆ ਅਤੇ ਅਸੀਂ ਸਮਝਿਆ ਕਿ ਕਿਤੇ ਮਰ ਨਾ ਜਾਵੇ। ਅਸੀਂ ਉਨ੍ਹਾਂ ਨੂੰ ਕਿਹਾ ਕਿ ਘਬਰਾਓ ਨਾ, ਆਦਮੀ ਕੋਲੋਂ ਗਲਤੀ ਹੋ ਜਾਂਦੀ ਹੈ। ਫਿਰ ਅਸੀਂ ਸੋਚਿਆ ਕਿ ਮਨਿਸਟਰ ਸਾਹਿਬ ਕੋਲ ਚਲੀਏ, ਉਹ ਨਾ ਮਿਲ ਸਕੇ। ਹੋਰ ਵੀ ਕੋਈ ਅਫਸਰ ਨਹੀਂ ਮਿਲ ਸਕਿਆ। ਫਿਰ ਅਸੀਂ ਸੈਟਲਮੈਂਟ ਅਫਸਰ ਦੇ ਪੀ. ਏ. ਨੂੰ ਕਿਹਾ, ਉਸ ਨੇ ਬੜੀ ਹਮਦਰਦੀ ਨਾਲ ਗੱਲ ਬਾਤ ਕੀਤੀ, ਪਰ ਇਸ ਮਾਮਲੇ ਵਿਚ ਕੁਝ ਨਾ ਹੋ ਸਕਿਆ। ਇਸ ਮਾਮਲੇ ਵਿਚ ਤਹਿਸੀਲਦਾਰ ਜਾਂ ਸੈਟਲਮੈਂਟ ਅਫਸਰਾਂ ਨੇ ਕੁਝ ਨਹੀਂ ਕੀਤਾ ਅਤੇ ਕਿਸੇ ਚੀਜ਼ ਦੀ ਪਰਵਾਹ ਨਹੀਂ ਕੀਤੀ। ਦੂਜੇ ਦਿਨ ਫਿਰ ਇਸ ਬਾਰੇ ਕਿਹਾ ਗਿਆ ਪਰ ਕੁਝ ਨਾ ਹੋਇਆ। ਇਸ ਤੋਂ ਬਾਅਦ ਜਦੋਂ ਉਥੇ ਕੁਝ ਸੁਣਵਾਈ ਨਾ ਹੋਈ ਤਾਂ ਅਸੀਂ ਇਥੇ ਚੰਡੀਗੜ੍ਹ ਆਏ ਅਤੇ ਰੈਵੇਨਿਊ ਮਨਿਸਟਰ ਸਾਹਿਬ ਨੂੰ ਦਰਖਾਸਤ ਕੀਤੀ ਅਤੇ ਉਨ੍ਹਾਂ ਨੇ ਕਿਹਾ ਕਿ ਕਹਿ ਦਿੱਤਾ ਹੈ, ਪਰ ਫਿਰ ਵੀ ਹੋਇਆ ਕੁਝ ਨਹੀਂ। ਉਸ ਤੋਂ ਬਾਅਦ ਅਸੀਂ ਇਹ ਦੁੱਖ ਚੀਫ ਮਨਿਸਟਰ ਸਾਹਿਬ ਨੂੰ ਦੱਸਿਆ। ਚੀਫ ਮਨਿਸਟਰ ਸਾਹਿਬ ਨੇ ਬੜੀ ਹਮਦਰਦੀ ਨਾਲ ਸਾਰੀ ਕਥਾ ਕਹਾਣੀ ਸੁਣੀ ਅਤੇ ਪੱਕਾ ਸਟੇ ਦੇ ਦਿੱਤਾ ਕਿ ਉਹ ਗਰੀਬ ਲੋਕ ਉਥੇ ਹੀ ਰਹਿਣਗੇ, ਕਿਉਂਕਿ ਉਹ ਗਰੀਬ ਹਨ। ਚੀਫ ਮਨਿਸਟਰ ਸਾਹਿਬ ਨੇ ਪੱਕੀ ਸਟੇ ਦੇ ਦਿੱਤੀ ਅਤੇ ਇਸ ਕੰਮ ਵਿਚ ਬੜੀ ਹਮਦਰਦੀ ਨਾਲ ਪੇਸ਼ ਆਏ। ਅਫਸਰ ਕੀ ਕਹਿੰਦੇ ਸਨ ਕਿ ਐਮ. ਐਲ. ਏ. ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, ਐਮ. ਐਲ. ਏਜ਼. ਲੋਕਾਂ ਦੀ ਨੁਮਾਇੰਦਗੀ ਕਰਦੇ ਹਨ, ਉਹ ਗਰੀਬਾਂ ਨੂੰ ਦੇਣ। ਜਦੋਂ ਕਿਸੇ ਦਾ ਘਰ ਹੀ ਉੱਜੜ ਜਾਵੇ, ਕੋਈ ਜਗ੍ਹਾ ਰਹਿਣ ਨੂੰ ਨਾ ਰਹੇ ਤਾਂ ਗਰੀਬ ਆਦਮੀ ਕਿੱਥੇ ਜਾਵੇਗਾ।
** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Deputy Speaker** : That is not relevant. It should not form part of the record. No personal charge can be made.

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਜੋ ਵਾਕਿਆਤ ਹੋਏ, ਉਹ ਤੁਹਾਨੂੰ ਮੈਂ ਦਸੇ ਹਨ, ਇਹ ਕੋਈ ਛੋਟੀ ਗੱਲ ਨਹੀਂ ਹੈ । ਸਰਦਾਰ ਉਮਰਾਓ ਸਿੰਘ ਮੇਰੇ ਖੜੇ ਦੋਸਤ ਹਨ, ਮੇਰੇ ਸ਼ਹਿਰ ਦੇ ਗਵਾਂਢੀ ਹਨ, ਮੇਰੇ ਸਾਥੀ ਹਨ, ਪਰ ਜੇ ਕੋਈ ਗ਼ਲਤ ਕੰਮ ਹੋਵੇ ਤਾਂ ਇਹ ਹਾਊਸ ਸੁਪਰੀਮ ਹੈ, ਇਥੇ ਅਸੀਂ ਉਸ ਬਾਰੇ ਦੱਸਣਾ ਚਾਹੁੰਦੇ ਹਾਂ....

**ਕਾਮਰੇਡ ਅਰਜਨ ਸਿੰਘ ਮਸਤਾਨਾ** : ਡਿਪਟੀ ਸਪੀਕਰ ਸਾਹਿਬ, ਮੇਰਾ ਪਵਾਇੰਟ ਆਫ਼ ਆਰਡਰ ਹੈ....

**ਸ਼੍ਰੀ ਡਿਪਟੀ ਸਪੀਕਰ** : ਨਾਟ ਅਲਾਊਡ, ਇਸ ਵੇਲੇ ਕੋਈ ਪਵਾਇੰਟ ਆਫ ਆਰਡਰ ਰੇਜ਼ ਨਹੀਂ ਕੀਤਾ ਜਾ ਸਕਦਾ, ਉਨ੍ਹਾਂ ਨੂੰ ਸਪੀਚ ਕਰ ਲੈਣ ਦੇਵੋ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਇਹ ਹਾਊਸ ਸੁਪਰੀਮ ਹੈ ਅਤੇ ਜਨਤਾ ਦੀ ਇੱਥੇ ਅਸੀਂ ਗੱਲ ਕਰਨੀ ਹੈ । ਮੈਂ ਕਈ ਗੱਲ ਲਗਾ ਕੇ ਨਹੀਂ ਕਰਦਾ, ਮੈਨੂੰ ਕਿਸੇ ਨਾਲ ਜਾਂ ਉਮਰਾਓ ਸਿੰਘ ਜੀ ਨਾਲ ਕੋਈ ਰੰਜਿਸ਼ ਨਹੀਂ, ਮੈਂ ਜਿੰਨਾ ਸਰਦਾਰ ਉਮਰਾਓ ਸਿੰਘ ਜੀ ਦੇ ਹੱਕ ਵਿਚ ਹਾਂ ਉਨਾ ਸ਼ਾਇਦ ਹੀ ਇਸ ਹਾਊਸ ਵਿਚ ਹੋਰ ਕੋਈ ਹੋਵੇ, ਮਗਰ ਗ਼ਲਤੀ ਜਿਹੜੀ ਹੋ ਜਾਂਦੀ ਹੈ ਇਨਸਾਨ ਤੋਂ....

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ । ਸਰਦਾਰ ਉਮਰਾਓ ਸਿੰਘ ਜੀ ਦਾ ਡਿਸਪਿਊਟ ਇਸ ਵਿਚ ਕਿਸ ਤਰ੍ਹਾਂ ਆ ਗਿਆ । ਰੈਜ਼ੋਲਿਊਸ਼ਨ ਤਾਂ ਇਹ ਹੈ ਕਿ ਲੋਕਾਂ ਨੂੰ ਘਰ ਬਣਾ ਕੇ ਦੇਣੇ ਚਾਹੀਦੇ ਹਨ ਜਾਂ ਨਹੀਂ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਮੈਨੂੰ ਤਾਂ ਸ਼ੱਕ ਹੈ ਕਿ ਜਿਹੜੀ ਰਿਹੈਬਿਲੀਟੇਸ਼ਨ ਡਿਪਾਰਟਮੈਂਟ ਕੋਲੋਂ ਜ਼ਮੀਨ ਆਉਣੀ ਹੈ, ਉਹ ਗਰੀਬਾਂ ਤੇ ਹਰੀਜਨ ਲੋਕਾਂ ਨੂੰ ਮਿਲੇ । ਸਰਦਾਰ ਉਮਰਾਓ ਸਿੰਘ ਮੇਰੇ ਲੀਡਰ ਹਨ, ਮੈਂ ਉਨ੍ਹਾਂ ਦੀ ਹਿਮਾਇਤ ਕਰਦਾ ਹਾਂ ਅਤੇ ਐਸੀ ਕੋਈ ਗੱਲ ਨਹੀਂ । ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਨੂੰ ਰਜਿਸਟਰੀਆਂ ਮਿਲ ਗਈਆਂ, ਉਹ ਤਾਂ ਠੀਕ ਹੈ ਪਰ ਜਿਨ੍ਹਾਂ ਨੂੰ ਅਜੇ ਨਹੀਂ ਮਿਲੀਆਂ, ਉਹ ਕੀ ਕਰਨਗੇ, ਕੀ ਉਹ 1500 ਰੁਪਏ ਮਰਲਾ ਕੀਮਤ ਦੇਣਗੇ ?

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ ਜੀ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਡਿਪਟੀ ਸਪੀਕਰ ਸਾਹਿਬ, ਮੇਰੇ ਮਨ ਵਿਚ ਸ਼ੱਕ ਸੀ । ਮੈਂ ਆਪਣੇ ਮਨ ਵਿਚ ਕੋਈ ਗੱਲ ਰੱਖ ਨਹੀਂ ਸਕਦਾ, ਜਨਤਾ ਦੀ ਗੱਲ ਹੈ ।

**ਸ਼੍ਰੀ ਡਿਪਟੀ ਸਪੀਕਰ** : ਕੋਈ ਗੱਲ ਨਹੀਂ, ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਕਿ ਤੁਸੀਂ ਉਨ੍ਹਾਂ ਲੋਕਾਂ ਦੀ ਰਿਪਰੇਜ਼ੈਂਟੇਸ਼ਨ ਲਿਆਵੋ, ਉਨ੍ਹਾਂ ਲੋਕਾਂ ਨੂੰ 5-5 ਮਰਲੇ ਜ਼ਮੀਨ, ਪਲਾਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਪੱਕੇ ਤੌਰ ਤੇ ਅਲਾਟ ਕਰ ਦੇਵਾਂਗੇ ਅਤੇ ਜੇ ਕਿਸੇ ਅਫ਼ਸਰ ਦੇ ਨਾਂ ਅਲਾਟ ਹੋਇਆ ਹੋਵੇਗਾ ਤਾਂ ਕੈਂਸਿਲ ਕਰ ਦੇਵਾਂਗੇ ਅਤੇ ਪਹਿਲ ਗ਼ਰੀਬਾਂ ਨੂੰ ਦਿੱਤੀ ਜਾਵੇਗੀ । ਇਸ ਕਰਕੇ ਮੇਰੀ ਬੇਨਤੀ ਹੈ ਕਿ ਜਿਹੜੀ ਅਰਬਨ ਏਰੀਏ ਦੇ ਵਿਚ ਜ਼ਮੀਨ ਹੁਣ ਲਈ ਜਾਵੇਗੀ, ਉਥੇ ਗਰੀਬ ਵਰਕਰਜ਼ ਪਏ ਹੋਏ ਹਨ, ਉਨ੍ਹਾਂ ਨੂੰ ਉਥੋਂ ਨਾ ਉਠਾਇਆ ਜਾਵੇ ਅਤੇ ਜਿਸ ਤਰ੍ਹਾਂ 30 ਜਾਂ 10 ਰੁਪਏ ਦੇ ਭਾਅ ਤੇ ਜ਼ਮੀਨ ਦਿੱਤੀ ਜਾਂਦੀ ਹੈ, ਉਸ ਭਾਅ ਨਾਲ ਹੀ ਦਿੱਤੀ ਜਾਣੀ ਚਾਹੀਦੀ ਹੈ । ਜੇ ਪੰਜਾਬ ਸਰਕਾਰ ਨੇ ਅਰਬਨ ਏਰੀਏ ਵਿਚ ਪਲਾਟ ਦੇਣੇ ਹਨ ਤਾਂ ਉਥੇ ਤਾਂ ਮਾਡਲ ਟਾਊਨ ਹਨ ਅਤੇ ਪੰਜਾਬ ਸਰਕਾਰ ਨੇ ਹੀ ਬਣਾਏ ਹਨ । ਇਕ ਮਾਡਲ ਟਾਊਨ 1949-50 ਵਿਚ ਬਣਾਇਆ ਗਿਆ ਸੀ । ਉਥੇ ਲੋਕਾਂ ਨੂੰ 4, 4 ਜਾਂ 5, 5 ਮਰਲੇ ਜਗ੍ਹਾਂ ਦਿੱਤੀ ਗਈ ਹੈ । ਇਹ ਜਗ੍ਹਾ ਬਹੁਤ ਥੋੜੀ ਹੈ । ਉਨ੍ਹਾਂ ਨੇ 8, 8 ਮੰਜੇ ਪਾਏ ਹੋਏ ਹਨ ਅਤੇ ਮੰਜੇ ਦੇ ਥਲੇ ਮੰਜਾ, ਇਸ ਤਰ੍ਹਾਂ ਨਾਲ ਉਨ੍ਹਾਂ ਨੇ ਆਪਣੇ ਮੰਜੇ ਪਾਏ ਹੋਏ ਹਨ । ਭਾਰਗੋ ਕੈਂਪ ਵਿਚੋਂ ਤਾਂ ਲੰਘਣਾ ਮੁਸ਼ਕਲ ਹੋ ਗਿਆ ਹੈ । ਉਥੇ ਕਦੇ ਸੀਵਰੇਜ ਬਣਨ ਲਗ ਜਾਂਦੀ ਹੈ ਅਤੇ ਕਦੇ ਰੁੱਕ ਜਾਂਦੀ ਹੈ ਅਤੇ ਇਹ ਕੰਮ ਕਾਫ਼ੀ ਦੇਰ ਤੋਂ ਉਥੇ ਰੁਕਿਆ ਹੋਇਆ ਹੈ । ਇਸ ਲਈ ਮੈਂ ਵੈਲਫੇਅਰ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਉਹ ਉਥੋਂ ਗੰਦਗੀ ਹਟਾਉਣ ਵਾਸਤੇ ਪੈਸੇ ਦਾ ਇੰਤਜ਼ਾਮ ਕਰ ਦੇਣ । ਇਸ ਲਈ ਮੈਂ ਇਹ ਗੱਲ ਉਨ੍ਹਾਂ ਦੇ ਨੋਟਿਸ ਵਿਚ ਲੈ ਆਂਦੀ ਹੈ । ਮੇਰੇ ਕਹਿਣ ਦਾ ਮਤਲਬ ਤਾਂ ਇਹ ਹੈ ਕਿ ਮੈਂ ਸਰਕਾਰ ਕੋਲੋਂ ਮੰਗ ਕਰਦਾ ਹਾਂ ਕਿ ਇਹੋ ਜਿਹੇ ਕਮ ਜਿਹੜੇ ਕਿ ਜਲਦੀ ਹੋਣੇ ਚਾਹੀਦੇ ਹਨ ਉਹ ਜਲਦੀ ਹੋ ਜਾਣੇ ਚਾਹੀਦੇ ਹਨ । ਇਸ ਕਰਕੇ ਜੇ ਮੈਂ ਰੈਵੇਨਿਊ ਦੇ ਮਹਿਕਮੇ ਨੂੰ ਬਦਲਣ ਬਾਰੇ ਕਿਹਾ ਹੈ ਤਾਂ ਕੋਈ ਨਹੀਂ ਗਲਤ ਕਿਹਾ, ਇਹ ਸਾਡਾ ਹੱਕ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਜਲੰਧਰ ਦੇ ਨੇੜੇ ਹੀ ਇਕ ਬੂਟਾਂ ਮੰਡੀ ਪਿੰਡ ਹੈ ਉਸ ਦੇ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ । ਉਥੇ ਚਮੜੇ ਦਾ ਕੰਮ ਬੜਾ ਹੋ ਰਿਹਾ ਹੈ । ਚਮੜਾ ਰੰਗਣ ਦੀਆਂ ਕਈ ਇੰਡਸਟਰੀਜ਼ ਲਗੀਆਂ ਹੋਈਆਂ ਹਨ । ਉਥੇ ਹੀ ਇਕ ਬਾਵਾ ਸਕਿਨ ਇੰਡਸਟਰੀ ਹੈ ਉਹ ਐਨੀ ਖ਼ਤਰਨਾਕ ਹੈ ਉਥੇ ਕੈਮੀਕਲ ਦਾ ਕੰਮ ਹੁੰਦਾ ਹੈ ਜਿਸ ਨਾਲ ਕਿ ਲੋਕਾਂ ਨੂੰ ਉਥੇ ਬਹੁਤ ਮੁਸ਼ਕਲ ਹੋ ਰਹੀ ਹੈ । ਉਥੇ ਜਿਹੜੇ ਵੀ ਆਦਮੀ ਰਹਿੰਦੇ ਹਨ ਉਨ੍ਹਾਂ ਨੂੰ ਪੀਣ ਵਾਸਤੇ ਪਾਣੀ ਸਾਫ਼ ਨਹੀਂ ਮਿਲਦਾ ਅਤੇ ਉਨ੍ਹਾਂ ਨੂੰ ਕਾਫ਼ੀ ਤਕਲੀਫ ਦਾ ਸਾਹਮਣਾ ਕਰਨਾ ਪੈਂਦਾ ਹੈ । ਇੰਡਸਟਰੀ ਵਿਭਾਗ ਨੇ ਉਸ ਨੂੰ ਨੋ ਆਬਜੈਕਸ਼ਨ ਕੀਤਾ ਹੋਇਆ ਹੈ । ਉਸ ਨੇ ਤਾਂ ਉਥੇ ਬੁੱਚੜਖਾਨਾ ਖੋਲ੍ਹਿਆ ਹੋਇਆ ਹੈ ।

**ਸ੍ਰੀ ਡਿਪਟੀ ਸਪੀਕਰ :** ਤੁਸੀਂ ਸ਼ਹਿਰਾਂ ਦੀ ਗੱਲ ਕਰਨ ਲਗੇ ਹੋ । ਪਿੰਡਾਂ ਦੇ ਬਾਰੇ ਗੱਲ ਕਰੋ । ਮਤੇ ਤੇ ਬੋਲੋ ।

**ਸਰਦਾਰ ਦਰਸ਼ਨ ਸਿੰਘ ਕੇ. ਪੀ. :** ਉਹ ਪਿੰਡ ਹੀ ਹੈ ਜੀ, ਉਸ ਨੂੰ ਹੁਣ ਮਿਊਨੀਸਿਪਲ ਟਾਊਨ ਨਾਲ ਮਿਲਾ ਦਿੱਤਾ ਗਿਆ ਹੈ । ਮੈਂ ਬਾਵਾ ਇੰਡਸਟਰੀ ਦੀ ਗੱਲ ਕਰ ਰਿਹਾ ਸੀ ਕਿ ਉਸ ਨੇ ਉਥੇ ਬੁੱਚੜਖਾਨਾ ਖੋਲ੍ਹਿਆ ਹੋਇਆ ਹੈ । ਪਤਾ ਨਹੀਂ ਉਸ ਦਾ ਕੀ ਜ਼ੋਰ ਹੈ ਜਾਂ ਜਾਦੂ ਕਿ ਉਸ ਨੂੰ ਕੋਈ ਉੱਠਣ ਲਈ ਨਹੀਂ ਕਹਿੰਦਾ । ਇਸ ਤਰ੍ਹਾਂ ਜਿਹੜੇ ਹੋਰ ਵੀ ਉਥੇ ਚਮੜੇ ਦਾ ਕੰਮ ਕਰਨ ਵਾਲੇ ਬੈਠੇ ਹਨ, ਉਨ੍ਹਾਂ ਦੇ ਨਾਲ ਉਥੋਂ ਦੇ ਰਹਿਣ ਵਾਲੇ ਲੋਕਾਂ ਨੂੰ ਬੜੀ ਬਾਦਰੇਸ਼ਨ ਹੋ ਰਹੀ ਹੈ । ਉਥੇ ਗਰੀਬ ਹਰੀਜਨਾਂ ਦੇ ਰਹਿਣ ਵਾਸਤੇ ਕੋਈ ਜਗ੍ਹਾ ਨਹੀਂ । ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਲਈ 5, 7 ਏਕੜ

Original with;
Punjab Vidhan Sabha
Digitized by;
Panjab Digital Library

ਜ਼ਮੀਨ ਐਕੁਆਇਰ ਕਰਕੇ ਉਨ੍ਹਾਂ ਨੂੰ ਦਿੱਤੀ ਜਾਵੇ । ਮੈਂ ਦੱਸਦਾ ਹਾਂ ਕਿ ਜਿਹੜੀ ਜ਼ਮੀਨ ਉਨ੍ਹਾਂ ਨੂੰ ਐਕੁਆਇਰ ਕਰਕੇ ਦਿੱਤੀ ਜਾਂਦੀ ਹੈ, ਉਹ ਜਿਸ ਕੋਲੋਂ ਲਈ ਜਾਂਦੀ ਹੈ, ਉਹ ਆਪਣੀ ਜ਼ਮੀਨ ਦੀ ਮੁਰੱਬਾਬੰਦੀ ਕਰਵਾ ਕੇ ਉਹ ਜ਼ਮੀਨ ਕੈਂਸਲ ਕਰਵਾ ਦਿੰਦਾ ਹੈ । ਇਸ ਤਰ੍ਹਾਂ ਨਾਲ ਗ਼ਰੀਬ ਹਰੀਜਨਾਂ ਨੂੰ ਬੜੀ ਮੁਸ਼ਕਲ ਹੁੰਦੀ ਹੈ । ਇਸ ਦੀ ਇਕ ਮਿਸਾਲ ਹੈ ਕਿ ਨਕੋਦਰ ਤਹਿਸੀਲ ਵਿਚ ਇਕ ਬੋਪਾਰਾਏ ਪਿੰਡ ਹੈ, ਉਥੋਂ ਲੈਂਡਲਾਰਡ ਦੀ ਜ਼ਮੀਨ ਐਕੁਆਇਰ ਕੀਤੀ ਗਈ ਜਦੋਂ 5 ਕੈਨਾਲ ਜ਼ਮੀਨ ਐਕੁਆਇਰ ਹੋ ਗਈ ਤਾਂ ਜਿਹੜੀ ਹੋਰ ਜ਼ਮੀਨ ਐਕੁਆਇਰ ਕਰਨੀ ਸੀ ਉਹ ਨਾ ਕੀਤੀ ਗਈ । ਇਸ ਲਈ ਮੇਰੀ ਬੇਨਤੀ ਹੈ ਕਿ ਇਹੋ ਜਿਹੀਆਂ ਗੱਲਾਂ ਦਾ ਇਲਾਜ ਕਰਨਾ ਚਾਹੀਦਾ ਹੈ । ਹੁਣ ਇਹ ਪੰਜਾਬ ਸਰਕਾਰ ਦੇ ਨੋਟਿਸ ਵਿਚ ਲਿਆਂਦਾ ਗਿਆ ਹੈ ਅਤੇ ਉਮੀਦ ਹੈ ਕਿ ਇਸ ਦਾ ਕੋਈ ਨਾ ਕੋਈ ਇਲਾਜ ਕਰ ਦੇਣਗੇ ।

ਡਿਪਟੀ ਸਪੀਕਰ ਸਾਹਿਬ, ਅੱਜ ਜਿਸ ਤਰ੍ਹਾਂ ਇਹ ਪਲਾਟ ਤੇ ਮਕਾਨ ਦੇ ਰਹੇ ਹਨ, ਇਸ ਦੇ ਲਈ ਮੇਰੀ ਇਕ ਬੇਨਤੀ ਹੈ ਕਿ ਜਿਥੇ 100 ਜਾਂ 150 ਘਰ ਬਣਾਏ ਜਾਂਦੇ ਹਨ ਉਨ੍ਹਾਂ ਨੂੰ ਟੋਬਿਆਂ ਵਿਚ ਥਾਂ ਨਾ ਦਿੱਤੀ ਜਾਵੇ । ਇਕ ਬੜੀ ਮੁਸ਼ਕਲ ਇਹ ਵੀ ਹੈ ਕਿ ਰੂੜੀਆਂ ਵਾਸਤੇ ਟੱਟੀ ਫ਼ਿਰਨ ਵਾਸਤੇ ਕੋਈ ਜਗ੍ਹਾਂ ਨਹੀਂ ਦਿੱਤੀ ਜਾਂਦੀ । ਉਥੇ ਰਹਿਣ ਵਾਲੇ ਆਦਮੀਆਂ ਨੂੰ ਰੂੜੀ ਵਾਸਤੇ ਅਤੇ ਟੱਟੀ ਫਿਰਨ ਵਾਸਤੇ ਬੜੀ ਮੁਸ਼ਕਲ ਹੁੰਦੀ ਹੈ । ਖਾਸ ਕਰਕੇ ਔਰਤਾਂ ਨੂੰ ਤਾਂ ਬਹੁਤ ਹੀ ਮੁਸ਼ਕਲ ਹੁੰਦੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਜਿਸ ਤਰ੍ਹਾਂ ਜਿਥੇ ਮਕਾਨ ਜਾਂ ਪਲਾਟ ਦਿੱਤੇ ਜਾਂਦੇ ਹਨ ਤਾਂ ਉਥੇ ਧਰਮਸ਼ਾਲਾ ਲਈ, ਗੁਰਦੁਆਰੇ, ਮੰਦਰ ਆਦਿ ਲਈ ਜਗ੍ਹਾ ਛੱਡੀ ਜਾਂਦੀ ਹੈ, ਉਸੇ ਤਰ੍ਹਾਂ ਉਨ੍ਹਾਂ ਲੋਕਾਂ ਦੀ ਸਹੂਲਤ ਵਾਸਤੇ ਕਨਾਲ ਜਾਂ ਡੇਢ ਕਨਾਲ ਜਗ੍ਹਾਂ ਰੂੜੀ ਸੁਟਣ ਵਾਸਤੇ ਜਾਂ ਟੱਟੀ ਫਿਰਨ ਵਾਸਤੇ ਜ਼ਰੂਰ ਛੱਡੀ ਜਾਵੇ । ਅਤੇ ਇਸ ਦੇ ਨਾਲ ਇਹ ਵੀ ਬੇਨਤੀ ਹੈ ਕਿ ਕਮ-ਅਜ਼-ਕਮ ਜੇ ਮਰਦਾਂ ਵਾਸਤੇ ਨਹੀਂ ਤਾਂ ਔਰਤਾਂ ਵਾਸਤੇ ਲਾਜ਼ਮੀ ਫ਼ਲੱਸ਼ ਸਿਸਟਮ ਹੋਣਾ ਚਾਹੀਦਾ ਹੈ, ਤਾਂ ਜੋ ਪਿੰਡਾਂ ਵਿਚ ਔਰਤਾਂ ਨੂੰ ਟੱਟੀ ਆਦਿ ਜਾਣ ਵਾਸਤੇ ਮੁਸ਼ਕਲ ਨਾ ਹੋਵੇ ਅਤੇ ਕੁਝ ਨਾ ਕੁਝ ਜ਼ਮੀਨ ਐਕੁਆਇਰ ਕਰਕੇ ਰੂੜੀ ਸੁੱਟਣ ਵਾਸਤੇ ਜ਼ਰੂਰ ਜ਼ਮੀਨ ਮੁਹੱਈਆ ਕੀਤੀ ਜਾਵੇ । ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਦੀ ਇਹ ਬਾਦਰੇਸ਼ਨ ਦੂਰ ਹੋ ਜਾਵੇਗੀ । ਏਨਾ ਕਹਿੰਦਾ ਹੋਇਆ ਮੈਂ ਆਪ ਦਾ ਧੰਨਵਾਦ ਕਰਕੇ ਬੈਠਦਾ ਹਾਂ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ** **

**ਸ੍ਰੀ ਡਿਪਟੀ ਸਪੀਕਰ** : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ । Please resume your seat.

**ਕਾਮਰੇਡ ਮਹਿਤਾਬ ਸਿੰਘ** : ** **

**ਸ੍ਰੀ ਡਿਪਟੀ ਸਪੀਕਰ** : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ । ਇਹ ਰਿਕਾਰਡ ਤੇ ਨਾ ਲਿਆਇਆ ਜਾਵੇ ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬਚਨ ਸਿਘ** (ਰੋਪੜ) : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਥੇ ਕੇ. ਪੀ ਸਾਹਿਬ ਨੇ ਬੋਲਦੇ ਹੋਏ ਇਕ ਬੜੀ ਹੀ ਸੀਰੀਅਸ ਗੱਲ ਕਹੀ ਹੈ । ਕਿਸੇ ਮਨਿਸਟਰ ਨੇ ਆਪਣੀ ਕੋਠੀ ਤਾਂ ਨਹੀਂ ਪਾਉਣੀ ਨਾ ਹੀ ਕਬਜ਼ਾ ਕਰਨਾ ਹੈ । ਉਨ੍ਹਾਂ ਨੇ ਤਾਂ ਜਿਹੜੀ ਗੌਰਮਿੰਟ ਦੀ ਪਾਲਿਸੀ ਹੈ ਉਸ ਨੂੰ ਇਮਪਲੀਮੈਂਟ ਕਰਨਾ ਹੈ । ਇਸ ਲਈ ਇਹ ਗੱਲ ਇਥੇ ਲਿਆਉਣਾ ਕਿ ਇਹ ਮਹਿਕਮਾ ਫਲਾਣੇ ਕੋਲ ਨਹੀਂ ਰਹਿਣਾ ਚਾਹੀਦਾ, ਇਹ ਠੀਕ ਨਹੀਂ ।

**ਸ੍ਰੀ ਡਿਪਟੀ ਸਪੀਕਰ** : ਸਰਦਾਰ ਗੁਰਬਚਨ ਸਿੰਘ ਜੀ, ਇਹ ਲਫਜ਼ ਰਿਕਾਰਡ ਵਿਚ ਨਹੀਂ ਆਏ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਇਹ ਜੋ ਮਤਾ ਕਾਮਰੇਡ ਸੱਘੜ ਸਿੰਘ ਜੀ ਨੇ ਹਾਊਸ ਵਿਚ ਪੇਸ਼ ਕੀਤਾ ਹੈ ਅਤੇ ਇਸ ਤੇ ਹੁਣ ਵਿਚਾਰ ਕੀਤਾ ਜਾ ਰਿਹਾ ਹੈ ਜਿਸ ਵਿਚ ਕਿ ਇਸ ਸਦਨ ਨੂੰ ਸਿਫ਼ਾਰਸ਼ ਕਰਨ ਲਈ ਕਿਹਾ ਗਿਆ ਕਿ ਜਿਨ੍ਹਾਂ ਲੋਕਾਂ ਨੂੰ ਪੰਜਾਬ ਸਰਕਾਰ ਨੇ ਪਿੰਡਾਂ ਵਿਚ ਬੇਘਰਾਂ ਨੂੰ ਪਲਾਟ ਅਲਾਟ ਕੀਤੇ ਹਨ, ਉਨ੍ਹਾਂ ਨੂੰ ਸਰਕਾਰ ਮਕਾਨ ਪਾਉਣ ਲਈ ਵੀ ਰਾਹਤ ਦੇਵੇ, ਮੈਂ ਸਮਝਦਾ ਹਾਂ ਕਿ ਇਹ ਮਤਾ ਕਾਮਰੇਡ ਸੱਘੜ ਸਿੰਘ ਜੀ ਨੇ ਬਹੁਤ ਅੱਛਾ ਪੇਸ਼ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਪ੍ਰਧਾਨ ਮੰਤਰੀ ਦੇ 20 ਪੁਆਇੰਟ ਪ੍ਰੋਗਰਾਮ ਵਿਚ ਵੀ ਇਹ ਮੱਦ ਬਹੁਤ ਹੀ ਅਹਿਮ ਹਿੱਸਾ ਹੈ । ਇਹ ਠੀਕ ਹੈ ਕਿ ਪਲਾਟ ਅਲਾਟ ਕਰਨ ਦੀ ਸਕੀਮ ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਦੇ 20 ਪੁਆਇੰਟ ਪ੍ਰੋਗ੍ਰਾਮ ਬਣਨ ਤੋਂ ਪਹਿਲਾਂ ਸ਼ੁਰੂ ਕੀਤੀ ਸੀ । (ਤਾੜੀਆਂ) ਅਰ ਹੋਰ ਮਾਣ ਦੀ ਗੱਲ ਹੈ ਕਿ ਪੰਜਾਬ ਨੇ, ਪੰਜਾਬ ਦੀ ਸਰਕਾਰ ਨੇ ਪਹਿਲਾਂ ਹੀ ਇਸ ਪਾਸੇ ਧਿਆਨ ਦਿੱਤਾ ਸੀ । ਉਸ ਪਾਸੇ ਵਲ ਫਿਰ 20 ਨੁਕਾਤੀ ਪ੍ਰੋਗਰਾਮ ਹੇਠ ਧਿਆਨ ਦੇਣਾ ਪੈ ਰਿਹਾ ਹੈ । ਇਹ ਇਕ ਇਨਕਲਾਬੀ ਕਦਮ ਹੈ । ਪਿੰਡ ਦੇ ਵਿਚ ਜੇਕਰ ਕਿਸੇ ਵੀ ਮੈਂਬਰ ਪਾਸ ਦੋ ਮਰਲੇ ਜਗ੍ਹਾ ਨਾ ਹੋਵੇ ਤਾਂ ਉਹ ਸਮਝ ੀ ਹੈ ਕਿ ਮੈਂ ਪਿੰਡ ਵਿਚ ਦੋ ਨੰਬਰ ਦਾ ਸ਼ਹਿਰੀ ਹਾਂ, ਬਲਕਿ ਪੰਜਾਬ ਵਿਚ ਦੋ ਨੰਬਰ ਦ ਸ਼ਹਿਰੀ ਹਾਂ । ਪਿੰਡਾਂ ਵਿਚ ਭਾਵੇਂ ਪੰਜ ਮਰਲੇ ਜਗਾਹ ਹੋਵੇ ਭਾਵੇਂ ਦਸ ਮਰਲੇ ਜਗਾਹ ਹੋਵੇ ਲੇਕਿਨ ਹੋਣੀ ਜ਼ਰੂਰ ਚਾਹੀਦੀ ਹੈ । ਇਸ ਨਾਲ ਉਹ ਵਿਅਕਤੀ ਸਮਝਦਾ ਹੈ ਕਿ ਸਬ-ਸਟੈਂਡਰਡ ਦਾ ਸਿਟੀਜ਼ਨ ਨਹੀਂ ਹੈ । ਇਸ ਗੱਲ ਦਾ ਕੋਈ ਬਹੁਤਾ ਫਰਕ ਨਹੀਂ ਹੈ ਭਾਵੇਂ ਕਿਸੇ ਪਾਸ ਪੰਜ ਮਰਲੇ ਹੋਣ ਤੇ ਭਾਵੇਂ ਪੰਦਰਾਂ ਮਰਲੇ ਹੋਣ । ਸੋ, ਡਿਪਟੀ ਸਪੀਕਰ ਸਾਹਿਬ, ਇਹ ਜਗਾਹ ਦੇਣ ਦਾ ਕਦਮ ਗਿਆਨੀ ਜ਼ੈਲ ਸਿੰਘ ਜੀ ਦਾ ਸ਼ਲਾਘਾਯੋਗ ਕੰਮ ਹੈ । ਗਿਆਨੀ ਜੀ ਨੂੰ ਕਹਾਂਗਾ ਕਿ 20 ਨੁਕਾਤੀ ਪ੍ਰੋਗਰਾਮ ਵਿਚ ਲੋਕਾਂ ਨੂੰ ਰਾਹਤ ਦੇਣ ਉਤੇ ਜ਼ੋਰ ਦਿੱਤਾ ਹੈ । ਜੇਕਰ ਪਹਿਲਾਂ ਹੀ ਸਰਕਾਰ ਨੇ ਪਲਾਟ ਦੇ ਦਿੱਤੇ ਹਨ, ਹੁਣ ਜੇਕਰ ਸਰਕਾਰ ਨੇ ਕਿਹਾ ਹੈ ਕਿ 2,89,795 ਲੋਕਾਂ ਨੂੰ ਪਲਾਟ ਦਿੱਤੇ ਗਏ ਔਰ ਇਨ੍ਹਾਂ ਵਿਚੋਂ 2,86,623 ਆਦਮੀਆਂ ਨੂੰ ਪਲਾਟਾਂ ਦੇ ਕਬਜ਼ੇ ਵੀ ਦਿੱਤੇ ਗਏ ਹਨ, ਤਾਂ ਫਿਰ ਮਕਾਨ ਬਣਾਉਣ ਵਾਸਤੇ ਰੁਪਿਆ ਵੀ ਦਿੱਤਾ ਜਾਵੇ । ਪੰਜ ਹਜ਼ਾਰ ਰੁਪਿਆ ਇਕ ਜੀ ਨੂੰ ਮਕਾਨ ਬਣਾਉਣ ਵਾਸਤੇ ਦਿੱਤਾ ਜਾਵੇ । ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿੰਦਾ ਹਾਂ ਕਿ ਵਰਲਡ ਬੈਂਕ ਨੇ ਸਰਵੇ ਕੀਤਾ ਹੈ ਔਰ ਉਸ ਨੇ ਰਾਏ ਦਿੱਤੀ ਹੈ ਕਿ ਜਿਹੜੇ ਮੁਲਕ ਵਿਕਾਸ ਕਰ ਰਹੇ ਹਨ

Original with;
Punjab Vidhan Sabha
Digitized by;
Panjab Digital Library

1980 ਤਕ ਉਨ੍ਹਾਂ ਮੁਲਕਾਂ ਦੀ 55 ਕਰੋੜ ਆਬਾਦੀ ਜਿਹੜੀ ਹੈ ਉਹ ਸ਼ਹਿਰਾਂ ਵਿਚ ਆ ਵਸੇਗੀ ਔਰ ਮਕਾਨਾਂ ਦੀ ਸਮੱਸਿਆ ਅੰਡਰ ਡਿਵੈਲਪਡ ਮੁਲਕਾਂ ਵਿਚ ਹੋਰ ਵੀ ਵੱਧ ਜਾਵੇਗੀ। ਇਹ ਰਾਏ ਦਿੱਤੀ ਹੈ ਕਿ ਇਸ ਦਾ ਕਾਰਣ ਇਹ ਹੈ ਕਿ There is a tendency to build high standard houses, ਮਾਡਰਨ ਕਿਸਮ ਦੇ ਮਕਾਨ ਬਨਾਉਣ ਦਾ ਰੁਝਾਨ ਹੈ। ਡਿਪਟੀ ਸਪੀਕਰ ਸਾਹਿਬ, ਸਰਕਾਰ ਵੀ ਸਟੈਂਡਰਡ ਦੇ ਮਕਾਨ ਬਣਾਉਣ ਉਤੇ ਜ਼ੋਰ ਦਿੰਦੀ ਹੈ। ਸਰਕਾਰ ਨੇ ਹਰੀਜਨ ਧਰਮਸ਼ਾਲਾਵਾਂ ਨੂੰ ਪੈਸਾ ਦਿੱਤਾ ਹੈ। ਪਰ ਇਨ੍ਹਾਂ ਨੂੰ ਸ਼ਤੀਰੀਆਂ ਅਤੇ ਬਾਲੇ ਪਾ ਕੇ ਕੱਚੀਆਂ ਇੱਟਾਂ ਨਾਲ ਬਣਾਇਆ ਜਾ ਸਕਦਾ ਹੈ। ਇੱਥੋਂ ਤਕ ਕਿ ਕਈ ਪਿੰਡਾਂ ਵਿਚ ਕਈ ਜ਼ਿਮੀਂਦਾਰਾਂ ਦੇ ਅਜੇ ਤਕ ਵੀ ਮਕਾਨ ਕੱਚੇ ਹਨ ਭਾਵੇਂ ਉਹ ਦਸ ਕਿੱਲੇ ਦਾ ਮਾਲਕ ਹੈ ਤੇ ਭਾਵੇਂ 15 ਕਿਲੇ ਦਾ ਪਰ ਉਸ ਦਾ ਮਕਾਨ ਕੱਚਾ ਹੈ। ਇਸ ਲਈ ਮੈਂ ਸਰਕਾਰ ਨੂੰ ਇਹ ਕਹਿੰਦਾ ਹਾਂ ਕਿ ਉਹ ਆਪਣੀ ਹਾਉਸਿੰਗ ਪਾਲਿਸੀ ਨੂੰ ਦੁਬਾਰਾ ਸੋਚੇ। ਜੇਕਰ ਉਨ੍ਹਾਂ ਨੇ ਮਕਾਨ ਬਣਾ ਕੇ ਦੇਣੇ ਹਨ ਤਾਂ ਮੇਰੀ ਰਾਏ ਹੈ ਕਿ 3500 ਰੁਪਏ ਵਿਚ ਦੋ ਕਮਰਿਆਂ ਦਾ ਮਕਾਨ ਸ਼ਤੀਰੀਆਂ ਪਾ ਕੇ, ਦੋ ਤਿੰਨ ਖਣਾਂ ਦਾ ਔਰ ਇਕ ਰਸੋਈ ਬਣ ਸਕਦੀ ਹੈ। ਜੇਕਰ ਇਸ ਤਰ੍ਹਾਂ ਨਾਲ ਹਿਸਾਬ ਲਾਇਆ ਜਾਵੇ ਤਾਂ 12 ਕਰੋੜ ਰੁਪਿਆ ਚਾਹੀਦਾ ਹੈ। ਗਿਆਨੀ ਜੀ ਦੀ ਸਰਕਾਰ ਲਈ ਮੈਂ ਸਮਝਦਾ ਹਾਂ ਕਿ 12 ਕਰੋੜ ਕੁਝ ਨਹੀਂ ਹੈ। ਔਰ 12 ਕਰੋੜ ਤਾਂ ਇਸ ਬਜਟ ਵਿਚੋਂ ਹੀ ਬਚਾਇਆ ਜਾ ਸਕਦਾ ਹੈ। ਤੁਸੀਂ, ਡਿਪਟੀ ਸਪੀਕਰ ਸਾਹਿਬ, ਸਾਲ ਦੇ ਅਖੀਰ ਵਿਚ ਵੇਖ ਲੈਣਾ ਕਰੋੜਾਂ ਰੁਪਿਆ ਬਚੇਗਾ। ਇਸ ਕਰਕੇ ਹੀ ਸ਼ਰਮਾ ਜੀ ਨੇ ਕਿਹਾ ਹੈ ਕਿ ਟੈਕਸ ਨਹੀਂ ਲਗਾਉਣਗੇ। ਦਰਅਸਲ ਮੁਨਾਫੇ ਦਾ ਇਹ ਬਜਟ ਹੈ ਇਸ ਲਈ 12 ਕਰੋੜ ਰੁਪਿਆ ਇਧਰ ਐਲੋਕੇਟ ਕਰ ਦਿਓ ਤਾਂ It will be a land mark in the history of India ਕਿ ਕੋਈ ਗੌਰਮਿੰਟ ਅਗੇ ਆਈ ਹੈ ਔਰ ਉਸ ਨੇ ਚਾਰ ਚਾਰ ਪੰਜ ਪੰਜ ਹਜ਼ਾਰ ਰੁਪਿਆ ਮਕਾਨ ਬਣਾਉਣ ਵਾਸਤੇ ਦਿੱਤਾ ਹੈ। ਦੂਸਰੇ ਇਹ ਕਿ ਉਨ੍ਹਾਂ ਨੂੰ ਓਨਰਸ਼ਿਪ ਰਾਈਟ ਦਿਓ, ਉਨ੍ਹਾਂ ਨੂੰ ਓਨਰ ਬਣਾਓ। ਇਨ੍ਹਾਂ ਦੋ ਤਿੰਨ ਲੱਖ ਲੋਕਾਂ ਨੂੰ ਜਦੋਂ ਤਕ ਮਾਲਕ ਨਹੀਂ ਬਣਾਇਆ ਜਾਂਦਾ ਇਹ ਆਪਣਾ ਪੈਸਾ ਵੀ ਜਿਨਾਂ ਪਾਸ ਹੋਵੇਗਾ, ਉਹ ਲਗਾਉਣ ਤੋਂ ਗੁਰੇਜ਼ ਕਰਨਗੇ ਔਰ ਸਰਕਾਰ ਲਈ ਕਈ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ। ਮੈਂ ਦੂਜੀ ਗਲ ਇਹ ਕਹਾਂਗਾ ਕਿ ਸ਼ਹਿਰਾਂ ਵਿਚ ਵੀ ਜਗ੍ਹਾ ਮਿਲਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ ਤੁਹਾਡੇ ਹਲਕੇ ਵਿਚ ਜ਼ੀਰੇ ਦਾ ਸ਼ਹਿਰ ਆਉਂਦਾ ਹੈ। ਮੇਰੇ ਹਲਕੇ ਵਿਚ ਵੀ ਖਰੜ ਆਉਂਦਾ ਹੈ। ਤੁਸੀਂ ਹਰੀਜਨਾਂ ਦੇ ਮੁਹੱਲੇ ਵਿਚ ਚਲੇ ਜਾਓ ਉਥੇ ਦੋ ਦੋ ਸੌ ਟੱਬਰ ਥੋੜ੍ਹੀ ਥੋੜ੍ਹੀ ਜਗ੍ਹਾ ਵਿਚ ਰਹਿੰਦੇ ਹਨ। ਸੂਰਾਂ ਦੀ ਤਰ੍ਹਾਂ ਉਹ ਤੁੰਨੇ ਪਏ ਹਨ। ਛੋਟੀਆਂ ਛੋਟੀਆਂ ਗਲੀਆਂ ਵਿਚ ਗਰਮੀਆਂ ਦੀ ਰੁੱਤ ਵਿਚ, ਤਪਦੇ ਤੰਦੂਰ ਵਿਚ ਜਿਸ ਤਰਾਂ ਆਦਮੀ ਰਹਿੰਦਾ ਹੈ ਇਸ ਤਰ੍ਹਾਂ ਉਹ ਉਥੇ ਰਹਿ ਰਹੇ ਹਨ। ਹੁਣ ਜਦੋਂ ਕਿ ਪ੍ਰਧਾਨ ਮੰਤਰੀ ਨੇ, ਸਰਕਾਰ ਨੇ ਉਨਾਂ ਵਲ ਧਿਆਨ ਦਿੱਤਾ ਹੈ ਇਸ ਕਿਸਮ ਦੇ ਲੋਕਾਂ ਨੂੰ ਰਾਹਤ ਦੇਣ ਦਾ, ਮੈਂ ਜ਼ੋਰਦਾਰ ਸ਼ਬਦਾਂ ਵਿਚ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਸ਼ਹਿਰਾਂ ਵਿਚ ਜਿਹੜੇ ਬੇਘਰੇ ਹਨ ਉਨ੍ਹਾਂ ਨੂੰ ਜਗ੍ਹਾ ਦੇਣੀ ਚਾਹੀਦੀ ਹੈ। ਗਿਆਨੀ ਜੀ ਨੇ ਕਿਹਾ ਹੈ ਕਿ ਸੱਤ ਕਰੋੜ ਰੁਪਿਆ 25 ਹਜ਼ਾਰ ਮਕਾਨ ਬਣਾਉਣ ਵਾਸਤੇ ਮਕਾਨ ਬਣਾ ਕੇ ਦੇਣ ਵਾਸਤੇ ਰੱਖਿਆ ਹੈ, ਮੈਂ ਇਹ ਕਹਿੰਦਾ ਹਾਂ ਕਿ ਉਸ ਰਕਮ ਨੂੰ ਪਿੰਡਾਂ ਅਤੇ ਸ਼ਹਿਰਾਂ ਦੇ ਵਿਚ ਡਿਵਾਈਡ ਕਰਕੇ ਵੇਖ ਲਵੋ। ਮੈਂ

Original with; Punjab Vidhan Sabha Digitized by; Panjab Digital Library

[ਕਾਮਰੇਡ ਸ਼ਮਸ਼ੇਰ ਸਿਘ ਜੋਸ਼]

ਤਾਂ, ਡਿਪਟੀ ਸਪੀਕਰ ਸਾਹਿਬ, ਇਹ ਸੁਝਾਓ ਦੇਵਾਂਗਾ ਕਿ ਜਿਸ ਆਦਮੀ ਪਾਸ ਜਗਾ ਨਹੀਂ ਹੈ ਮਕਾਨ ਬਣਾਉਣ ਵਾਸਤੇ ਪਹਿਲਾਂ ਉਸ ਨੂੰ ਜਗ੍ਹਾ ਮਿਲਣੀ ਚਾਹੀਦੀ ਹੈ, ਚਾਹੇ ਪੰਜ ਮਰਲੇ ਦਾ ਹੀ ਪਲਾਟ ਦਿਉ ਪਰ ਦਿਉ ਜ਼ਰੂਰ । 25 ਹਜ਼ਾਰ ਜਿਹੜੇ ਟੋਟਲ ਮਕਾਨ ਬਣਾ ਕੇ ਦੇਣੇ ਹਨ ਜੇਕਰ ਹਿਸਾਬ ਲਗਾਇਆ ਜਾਵੇ ਸ਼ਹਿਰਾਂ ਵਾਸਤੇ ਮਕਾਨਾਂ ਦਾ ਤਾਂ 50 ਸਾਲਾਂ ਤਕ ਵੀ ਮਕਾਨ ਸ਼ਹਿਰਾਂ ਵਿਚ ਗਰੀਬ ਆਦਮੀ ਨੂੰ ਨਹੀਂ ਮਿਲ ਸਕੇਗਾ । ਇਸ ਲਈ ਤੁਸੀਂ ਇਹ ਸਕੀਮ ਵੀ ਜਾਰੀ ਰੱਖੋ ਇਹ ਕੰਮ ਵੀ ਕਰੋ ਲੇਕਿਨ ਜਿਹੜੀ ਜਿੱਥੇ ਕਿਤੇ ਜ਼ਮੀਨ ਕਸਟੋਡੀਅਨ ਦੀ ਹੈ ਜਾਂ ਹੋਰ ਜਿਹੜੀ ਜ਼ਮੀਨ ਲੈਂਡ ਸੀਲਿੰਗ ਬਿੱਲ ਦੇ ਮੁਤਾਬਿਕ ਜਿਹੜਾ ਕਿ ਪਾਰਲੀਮੈਂਟ ਨੇ ਪਾਸ ਕੀਤਾ ਹੈ, ਨਿਕਲਣੀ ਹੈ, ਉਹ ਤੁਹਾਡੇ ਪਾਸ ਆਉਣੀ ਹੈ, ਤੁਹਾਡੇ ਪਾਸ ਵਡੇ ਵਡੇ ਲੈਂਡ ਲਾਰਡਜ਼ ਦੀਆਂ, ਵਡੇ ਵਡੇ ਸੇਠਾਂ ਦੀਆਂ ਜ਼ਮੀਨਾਂ ਆਉਣਗੀਆਂ, ਉਨ੍ਹਾਂ ਜ਼ਮੀਨਾ ਨੂੰ ਇਨ੍ਹਾਂ ਲੋਕਾਂ ਨੂੰ ਵੰਡਿਆ ਜਾ ਸਕਦਾ ਹੈ । ਬੀਬੀ ਗੁਰਬਿੰਦਰ ਕੌਰ ਜੀ ਇਸ ਮਹਿਕਮੇਂ ਦੇ ਇਨਚਾਰਜ ਹਨ । ਇਹ ਵੀ ਸੋਹਣੀ ਗੱਲ ਹੈ ਕਿ ਹਰੀਜਨਾਂ ਦੀ ਇੰਪਰੂਵਮੈਂਟ ਬੜੀ ਹੁੰਦੀ ਹੈ ਪਰ ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪਲਾਟ ਅਲਾਟ ਹੋਇਆਂ ਬੜਾ ਚਿਰ ਹੋ ਗਿਆ ਮੇਰੇ ਹਲਕੇ ਵਿਚ ਪਿਛਲੇ ਸਾਲ ਪਲਾਟ ਦਿਤੇ ਗਏ ਸੀ । ਜਦੋਂ, ਡਿਪਟੀ ਸਪੀਕਰ ਸਾਹਿਬ, ਚੰਡੀਗੜ੍ਹ ਤੋਂ ਨੰਗਲ ਨੂੰ ਜਾਓ ਤਾਂ ਖੱਬੇ ਪਾਸੇ ਖਾਨਪੁਰ ਪਿੰਡ ਦਿਆਂ ਲੋਕਾਂ ਨੂੰ, ਬੇਘਰਿਆਂ ਨੂੰ ਪਲਾਟ ਦਿੱਤੇ ਗਏ ਸਨ । ਉਥੇ ਭਾਰੀ ਸਮਾਰੋਹ ਹੋਇਆ ਸੀ । ਉਥੇ ਵੱਡੇ ਵੱਡੇ ਲੀਡਰ ਵੀ ਗਏ ਸਨ । ਉਥੇ ਕਿਹਾ ਸੀ ਕਿ ਕਾਲੋਨੀ ਬਣਾ ਕੇ ਉਨ੍ਹਾਂ ਲੋਕਾਂ ਨੂੰ ਦਿਆਂਗੇ ਅਤੇ ਹੋਰ ਬਹੁਤ ਕੁਝ ਕਿਹਾ ਗਿਆ ਸੀ ਪਰ ਹੁਣ ਤਕ ਉਥੇ ਕੋਈ ਉਸਾਰੀ ਹੀ ਨਹੀਂ ਹੋਈ 90 ਹਜ਼ਾਰ ਰੁਪਿਆ ਇਕ ਸੋਸ਼ਲ ਡਿਪਾਰਟਮੈਂਟ ਨੇ ਦੋ ਸਾਲਾਂ ਦਾ ਰਖਿਆ ਹੋਇਆ ਹੈ । ਇਸ ਕਰਕੇ ਉਥੇ ਮਕਾਨ ਨਹੀਂ ਬਣਦੇ ਕਿ ਮਕਾਨ ਕੋਆਪਰੇਟਿਵ ਬਿਲਡਿੰਗ ਸੋਸਾਇਟੀ ਨੇ ਬਣਾਉਣੇ ਹਨ । ਉਹ ਮਕਾਨ ਬਣਾਉਂਦੀ ਨਹੀਂ ਹੈ ਵੈਸੇ ਸਰਕਾਰ ਬਣਾ ਨਹੀਂ ਰਹੀ। ਇਸ ਲਈ ਇਸ ਪਾਸੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਕੋਆਪ੍ਰੇਟਿਵ ਸੋਸਾਇਟੀਆਂ ਬਾਰੇ ਤੁਹਾਨੂੰ ਵੀ ਪਤਾ ਹੈ ਕਿ ਪੰਜਾਬ ਵਿਚ 117 ਬਣੀਆਂ ਹੋਈਆਂ ਹਨ । 117 ਸੋਸਾਇਟੀਆਂ ਰਜਿਸਟਰ ਹੋਈਆਂ ਹਨ । ਮੈਂ ਬੀਬੀ ਗੁਰਬਿੰਦਰ ਕੌਰ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਇਨ੍ਹਾਂ ਸੋਸਾਇਟੀਆਂ ਨੇ ਕੋਈ ਹਾਊਸਿੰਗ ਕਾਲੋਨੀ ਬਣਾਈ ਵੀ ਹੈ, ਜੇਕਰ ਬਣਾਈ ਹੈ ਤਾਂ ਇਹ ਦੱਸ ਦੇਣ ਤਾਂ ਸਾਡੀ ਤਸੱਲੀ ਹੋ ਜਾਵੇਗੀ ਔਰ ਏਸੇ ਸਬੰਧ ਵਿਚ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਕਈ ਏਜੰਸੀਆਂ ਹਨ ਪੰਜਾਬ ਦੇ ਵਿਚ, ਇੰਪਰੂਵਮੈਂਟ ਟਰੱਸਟ ਹੈ, ਹਾਊਸਿੰਗ ਬੋਰਡ ਹੈ, ਇਹ ਮਕਾਨ ਬਣਾਉਂਦੇ ਹਨ, ਕੋਆਪ੍ਰੇਟਿਵ ਸੋਸਾਇਟੀਆਂ ਮਕਾਨ ਬਣਾਉਂਦੀਆਂ ਹਨ, ਅਰਬਨ ਐਸਟੇਟ ਵਿਚ ਵੀ ਇਸ ਤਰ੍ਹਾਂ ਦੀਆਂ ਹੋਰ ਏਜੰਸੀਆਂ ਮਕਾਨ ਬਣਾਉਂਦੀਆਂ ਹਨ । ਸੋ ਇਸ ਤਰ੍ਹਾਂ ਪੰਜ ਛੇ ਏਜੰਸੀਆਂ ਰਾਹੀਂ ਮਕਾਨ ਬਣ ਰਹੇ ਹਨ । ਮੈਂ ਇਹ ਕਹਾਂਗਾ ਕਿ ਜਿੱਥੇ ਵੀ ਸਰਕਾਰ ਨੇ ਬੇਘਰਿਆਂ ਨੂੰ ਮਕਾਨ ਦੇਣੇ ਹਨ, ਜਿੱਥੇ ਕਿਤੇ 50/50, 60/60 ਘਰ ਹੋਣ ਤਾਂ ਉਹ ਇਕੱਠੇ ਕਰ ਲਓ ਅਤੇ ਉਨ੍ਹਾਂ ਨੂੰ ਪਲਾਟ ਅਲਾਟ ਕਰ ਦਿੱਤੇ, ਫਿਰ ਉਨ੍ਹਾਂ ਨੂੰ ਇਕੱਠੇ ਕਰ ਲਉ ਔਰ ਉਨ੍ਹਾਂ ਦੀ ਸੁਸਾਇਟੀ ਬਣਾ ਦਿਉ। ਠੀਕ ਹੈ । ਉਸ ਸੋਸਾਇਟੀ ਨੂੰ ਮੈਟੀਰੀਅਲ ਦਿਉ, ਸੀਮਿੰਟ ਦਿਉ, ਉਤਸ਼ਾਹ ਦਿਉ ਔਰ ਫਿਰ ਉਨ੍ਹਾਂ ਦੇ ਮਕਾਨ ਇਸ ਤਰ੍ਹਾਂ ਬਣਾਉ ਕਿ ਉਨ੍ਹਾਂ ਦੇ ਕੰਬਾਈਂਡ ਬਾਥ-ਰੂਮ ਅਤੇ ਕੰਬਾਂਈਡ ਲੈਟਰੀਨ ਬਣਾਓ । ਜੇਕਰ ਵੀਹ ਘਰ ਬਣਾਉਣੇ ਹਨ ਤਾਂ ਵੀਹ

Original with;
Punjab Vidhan Sabha
Digitized by;
Panjab Digital Library

ਦੇ ਇੱਕਠੇ ਬਾਥ ਰੂਮ ਔਰ ਲੈਟਰੀਨਜ਼ ਬਣਾ ਦਿਓ । ਲੋਐਸਟ ਕੌਸਟ ਦੇ ਹਾਊਸ ਜਿਹੜੇ ਹਨ ਔਰ ਅਰਬਨ ਐਸਟੇਟ ਵਿਚ ਵੀ ਜਿਹੜਾ ਹਾਊਸਿੰਗ ਬੋਰਡ ਹੈ ਉਹ ਵੀ ਜੇਕਰ ਇਸ ਤਰ੍ਹਾਂ ਦੇ ਘਰ ਬਣਾਵੇ ਤਾਂ ਚੰਗੀ ਗੱਲ ਹੈ । ਜੇਕਰ ਕੌਸਟ ਘਟਾਉਣ ਲਈ ਗਰੁੱਪ ਸਿਸਟਮ ਬਣਾ ਲੈਣ ਤਾਂ ਬੜਾ ਚੰਗਾ ਹੈ । ਮਗਰ ਕਈ ਹੋਸਟਲਜ਼ ਹੁੰਦੇ ਹਨ, ਕਈ ਜੰਜ ਘਰ ਹੁੰਦੇ ਹਨ, ਉਥੇ ਵੀ ਕੰਬਾਈਂਡ ਲੈਟਰੀਨਜ਼ ਹੁੰਦੀਆਂ ਹਨ, ਕੰਬਾਈਂਡ ਬਾਥ-ਰੂਮ ਹੁੰਦੇ ਹਨ । ਇਸ ਤਰ੍ਹਾ ਖਰਚਾ ਘੱਟ ਜਾਵੇਗਾ ਔਰ ਪਿੰਡਾਂ ਵਿਚ ਵੀ ਇਸ ਤਰ੍ਹਾਂ ਹੋ ਸਕਦਾ ਹੈ । ਜਿਹੜੇ ਬੇ-ਘਰਿਆਂ ਵਾਸਤੇ ਮਕਾਨ ਬਣਾਉਣੇ ਜ਼ਰੂਰੀ ਹਨ, ਇਹ ਰੈਡੀਕਲ ਥਿੰਕਿੰਗ ਹੋਣੀ ਚਾਹੀਦੀ ਹੈ । ਜਦੋਂ ਪ੍ਰਾਈਮ ਮਨਿਸਟਰ ਨੇ ਇਕ ਮਕਾਨ ਵੇਖਿਆ ਜਿਹੜਾ ਕਿ ਗਾਰੇ ਨਾਲ ਬਣਿਆ ਹੋਇਆ ਸੀ ਜਿਸ ਤਰ੍ਹਾਂ ਕਿ ਸੀਮੈਂਟਿਡ ਹੁੰਦਾ ਹੈ, ਲਿੱਪਿਆ ਹੋਇਆ ਸੀ, ਉਹ ਵੇਖ ਕੇ ਉਨ੍ਹਾਂ ਨੇ ਕਿਹਾ ਕਿ ਮੈਂ ਰਾਏ ਦੇਵਾਂਗੀ ਕਿ ਮੁਲਕ ਵਿਚ ਪੁਰਾਣੇ ਮਕਾਨ ਜਿਸ ਤਰ੍ਹਾਂ ਪੁਰਾਣੇ ਸਮਿਆਂ ਵਿਚ ਬਣਾਏ ਜਾਂਦੇ ਸਨ, ਉਨ੍ਹਾਂ ਵਲ ਧਿਆਨ ਦਿੱਤਾ ਜਾਵੇ । ਔਰ ਇਸ ਪਾਸੇ, ਜਿਵੇਂ ਪ੍ਰਾਈਮ ਮਨਿਸਟਰ ਨੇ ਕਿਹਾ ਹੈ, ਚਲਣਾ ਚਾਹੀਦਾ ਹੈ ।

ਹੁਣ ਸਵਾਲ ਫੰਡਜ਼ ਦਾ ਹੈ ਕਿ ਫੰਡਜ਼ ਕਿੱਥੋਂ ਆਉਣ । ਫੰਡਜ਼ ਬਾਰੇ ਮੈਂ ਰਾਏ ਦੇਣੀ ਚਾਹੁੰਦਾ ਹਾਂ ਕਿ ਕਿਸ ਪਾਸਿਉਂ ਆ ਸਕਦੇ ਹਨ । ਪਹਿਲਾ ਤਾਂ ਇਹ ਕਿ ਜਿਹੜੀਆਂ ਸ਼ਹਿਰਾਂ ਦੇ ਵਿਚ ਅਰਬਨ ਸੀਲਿੰਗ ਕਾਨੂੰਨ ਦੇ ਨਾਲ ਜ਼ਮੀਨਾਂ ਲਭਣੀਆਂ ਹਨ ਉਨ੍ਹਾਂ ਦੀ ਨਿਲਾਮੀ ਕਰੋ । ਉਨ੍ਹਾਂ ਦੇ ਵਿਚੋਂ ਸੋਸ਼ਲ ਤੇ ਸਾਂਝੇ ਕਾਰਜਾਂ ਲਈ ਰੱਖ ਲਵੋ । ਜੇਕਰ ਸੌ ਕਿੱਲਾ ਰੱਖਣ ਦੀ ਲੋੜ ਹੈ, ਉਹ ਰੱਖ ਲਵੋ ਜਾਂ ਜਿਤਨੀ ਰੱਖਣ ਦੀ ਲੋੜ ਹੈ, ਉਹ ਰੱਖ ਲਵੋ ਔਰ ਬਾਕੀ ਦੀ ਵੇਚ ਦਿਉ, ਕੋਈ ਹਰਜ਼ ਨਹੀਂ ਹੈ । ਦੂਸਰੇ ਇਹ ਕਿ ਜਿਹੜੇ ਵੱਡੇ ਲੋਕ ਹਨ, ਜਿਹੜੀ ਉਪਰਲੀ ਕੈਟੇਗਰੀ ਹੈ ਜਿਨ੍ਹਾਂ ਦਾ ਪੰਜ ਪੰਜ ਹਜ਼ਾਰ ਕਰਾਇਆ ਆਉਂਦਾ ਹੈ, ਸ਼ਹਿਰਾਂ ਵਿਚ ਵੀ ਮਕਾਨ ਹਨ, ਇਕ-ਇਕ ਦੇ ਪੰਜ-ਪੰਜ ਮਕਾਨ ਹਨ, ਉਨ੍ਹਾਂ ਉਪਰ ਸਰਕਾਰ ਹਾਊਸ ਬਿਲਡਿੰਗ ਟੈਕਸ ਲਗਾਵੇ । ਜਦੋਂ ਕਾਂਗਰਸ ਗੌਰਮਿਟ ਸੀ ਤਾਂ ਸਰਦਾਰ ਪ੍ਰਤਾਪ ਸਿੰਘ ਜੀ ਨੇ ਹਰੀਜਨ ਕਲਿਆਣ ਸੈਸ ਲਗਾਇਆ ਸੀ । ਉਸ ਦੇ ਨਾਲ ਕਰੋੜਾਂ ਰੁਪਏ ਇਕੱਠੇ ਹੋਏ ਸਨ ਔਰ ਉਸ ਨਾਲ ਲਾਭ ਹੋਇਆ । ਇਸ ਲਈ ਇਕ ਸਪੈਸ਼ਲ ਹਾਊਸ ਬਿਲਡਿੰਗ ਟੈਕਸ ਲਗਾਇਆ ਜਾਵੇ ਔਰ ਚੰਗੀ ਸਾਮੀ ਜਿਹੜੀ ਹੈ, ਉਸ ਉਤੇ ਲਗਾਇਆ ਜਾਵੇ । ਇਸ ਤਰ੍ਹਾਂ ਨਾਲ ਸਰਕਾਰ ਪਾਸ ਕਾਫੀ ਧਨ ਇਕੱਠਾ ਹੋ ਸਕਦਾ ਹੈ । ਤੀਸਰਾ ਤਰੀਕਾ ਇਹ ਹੈ ਕਿ ਸਰਕਾਰ ਪਾਸ ਕਸਟੋਡੀਅਨ ਦੀਆਂ ਜਿਹੜੀਆਂ ਜ਼ਮੀਨਾਂ ਹਨ, ਇਸ ਕਸਟੋਡੀਅਨ ਦੇ ਮਹਿਕਮੇ ਨੂੰ ਹੁਣ ਬੰਦ ਕਰਨ ਦਾ ਸਮਾਂ ਆ ਗਿਆ ਹੈ । ਇਸ ਲਈ ਇਸ ਮਹਿਕਮੇ ਨੂੰ ਖਤਮ ਕਰ ਦਿਉ । ਕਈਆਂ ਲੋਕਾਂ ਨੇ ਕਸਟੋਡੀਅਨ ਦੀਆਂ ਜ਼ਮੀਨਾਂ ਉਤੇ ਕਬਜ਼ੇ ਨਜਾਇਜ਼ ਕੀਤੇ ਹੋਏ ਹਨ । ਕੋਈ ਕਿੱਥੇ ਰੱਖੀ ਬੈਠਾ ਹੈ, ਕੋਈ ਕਿੱਥੇ ਰੱਖੀ ਬੈਠਾ ਹੈ । ਇਸ ਤਰ੍ਹਾਂ ਨਾਲ ਉਹ ਸਭ ਚੀਜ਼ਾਂ ਮੁੱਕ ਜਾਣਗੀਆਂ ਜੇਕਰ ਕਸਟੋਡੀਅਨ ਦੀਆਂ ਜ਼ਮੀਨਾਂ ਨਿਲਾਮ ਕਰ ਦਿਉ । ਔਰ ਮੈਂ ਸਮਝਦਾ ਹਾਂ ਕਿ 25 ਕਰੋੜ ਰੁਪਿਆ ਕੀ 50 ਕਰੋੜ ਰੁਪਿਆ ਆ ਸਕਦਾ ਹੈ । ਜੇਕਰ 15 ਜਾਂ 25 ਕਰੋੜ ਰੁਪਿਆ ਚਾਹੀਦਾ ਹੈ ਤਾਂ ਇਹ ਸਾਧਨ ਹਨ ਜਿਨ੍ਹਾਂ ਦਾ ਕਿ ਮੈਂ ਜ਼ਿਕਰ ਕੀਤਾ ਹੈ । ਇਸ ਤਰ੍ਹਾਂ ਨਾਲ ਸ਼ਹਿਰਾਂ ਵਿਚ ਪਲਾਟ ਜਾਂ ਮਕਾਨ ਵੀ ਦਿੱਤੇ ਜਾ ਸਕਦੇ ਹਨ । ਮੈਂ ਬੇਨਤੀ ਕਰਾਂਗਾ ਪੰਜਾਬ ਸਰਕਾਰ ਨੂੰ ਕਿ ਜਿਹੜੇ ਸੁਝਾਓ ਮੈਂ ਦਿੱਤੇ ਹਨ, ਉਹ ਉਨ੍ਹਾਂ ਉਤੇ ਗੰਭੀਰਤਾ ਨਾਲ ਵਿਚਾਰ ਕਰੇ ਤਾਂਕਿ ਇਹ ਜਿਹੜਾ ਪਛੜਿਆ ਹੋਇਆ ਤਬਕਾ ਹੈ, ਇਹ ਵੀ ਖੁਸ਼ਹਾਲੀ ਦਾ ਲਾਭ ਉਠਾ ਸਕੇ । ਇਹ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਰਜੀਤ ਸਿੰਘ ਅਟਵਾਲ** (ਫਿਲੌਰ) : ਡਿਪਟੀ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਆਪਣੇ ਮੁੱਖ ਮੰਤਰੀ ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਦੇਵਾਂਗਾ ਕਿ ਇਨ੍ਹਾਂ ਨੇ ਇਹੋ ਇਕ ਇਹੋ ਜਿਹੇ ਵਿਚਾਰ ਦਾ ਸਹੀ ਕਦਮ ਚੁਕਿਆ ਹੈ ਜਿਹੜਾ ਭਾਰਤ ਵਿਚ ਪੇਂਡੂ ਇਲਾਕੇ ਦੇ ਲੋਕਾਂ ਵਾਸਤੇ ਬੜਾ ਜ਼ਰੂਰੀ ਹੈ । ਅਗਰ ਇਹ ਕਦਮ ਨਾ ਚੁੱਕਦੇ; ਬੇ-ਘਰ ਲੋਕਾਂ ਨੂੰ ਪਲਾਟ ਦੇਣ ਦਾ ਕੰਮ ਜੇਕਰ ਨਾ ਕਰਦੇ, ਤਾਂ ਇਸ ਰੈਜ਼ੋਲਿਊਸ਼ਨ ਦੀ ਮੰਗ ਨਹੀਂ ਆਉਣੀ ਸੀ ਇਸ ਕਰਕੇ ਮੈਂ ਆਪਣੇ ਮੁੱਖ ਮੰਤਰੀ ਜੀ ਨੂੰ ਫੇਰ ਮੁਬਾਰਕਬਾਦ ਦਿੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ 20 ਨੁਕਾਤੀ ਪ੍ਰੋਗਰਾਮ ਜਿਹੜਾ 8 ਮਹੀਨੇ ਪਹਿਲਾਂ ਬਣਿਆ ਸੀ, ਉਸ ਪ੍ਰੋਗਰਾਮ ਤੇ ਤੇਜ਼ੀ ਨਾਲ ਅਮਲ ਕਰਕੇ ਬੜੀ ਸੂਝ-ਬੂਝ ਦਾ ਸਬੂਤ ਦਿੱਤਾ ਹੈ । ਉਸ ਦੇ ਜ਼ਰੀਏ 3 ਲੱਖ ਬੇ-ਘਰ ਲੋਕਾਂ ਨੂੰ ਪਲਾਟ ਕਟ ਕੇ ਦਿੱਤੇ ਗਏ ਸਨ । ਮੇਰੇ ਕਈ ਵੀਰਾਂ ਨੇ ਫ਼ਰਮਾਇਆ ਹੈ ਕਿ ਕਿਸੇ ਨੂੰ ਨੀਵੀਂ ਜਗ੍ਹਾ ਮਿਲੀ ਹੈ, ਕਿਸੇ ਨੂੰ ਉੱਚੀ ਜਗ੍ਹਾ ਮਿਲੀ ਹੈ ਪਰ ਇਹ ਕੋਈ ਨਹੀਂ ਕਹਿੰਦਾ ਕਿ ਜਗ੍ਹਾ ਤਾਂ ਸਮਾਨ ਨਹੀਂ ਹੁੰਦੀ । ਜਿਨ੍ਹਾਂ ਨੂੰ ਅਜੇ ਤੱਕ ਕਿਸੇ ਨੇ ਪੁਛਿਆ ਤੱਕ ਨਹੀਂ ਸੀ, ਉਨ੍ਹਾਂ ਨੂੰ ਗਿਆਨੀ ਜੀ ਦੀ ਸਰਕਾਰ ਨੇ ਬਗ਼ੈਰ ਉਨ੍ਹਾਂ ਦੀ ਮੰਗ ਦੇ ਜਗ੍ਹਾ ਦੇ ਦਿੱਤੀ ਹੈ । ਇਨ੍ਹਾਂ ਨੂੰ ਮਕਾਨਾਂ ਦੇ ਪਲਾਟ ਦੇ ਦਿਤੇ ਹਨ (ਤਾੜੀਆਂ) ਇਸ ਦੇ ਕਾਰਨ ਹੀ ਅੱਜ ਇਹ ਰੈਜ਼ੋਲਿਊਸ਼ਨ ਆਇਆ ਹੈ ਕਿ ਉਨ੍ਹਾਂ ਦੇ ਘਰ ਬਣਾਕੇ ਦਿਤੇ ਜਾਣ । (ਤਾੜੀਆਂ) ਇਹ ਰੈਜ਼ੋਲਿਊਸ਼ਨ ਬੜਾ ਚੰਗਾ ਹੈ ਔਰ ਕਾਂਗਰਸ ਪਾਰਟੀ ਦੇ 20 ਨੁਕਾਤੀ ਪ੍ਰੋਗਰਾਮ ਦੇ ਵਿਚ ਵੀ ਆਉਂਦਾ ਹੈ । ਸੋਚ ਵਿਚਾਰ ਕੇ ਪ੍ਰੋਗਰਾਮ ਬਣਾਉਣ ਤੋਂ ਬਾਅਦ ਇਸ ਵਿਚ ਕੋਈ ਸ਼ਕ ਨਹੀਂ ਰਹਿ ਸਕਦਾ ਕਿ ਸਾਡੇ ਮੁੱਖ ਮੰਤਰੀ ਸਾਹਿਬ ਇਸ ਭਲੇ ਦੇ ਕੰਮ ਨੂੰ ਨਹੀਂ ਕਰਨਗੇ । ਇਹ ਜ਼ਰੂਰ ਪ੍ਰੋਗਰਾਮ ਕਰਨਗੇ ਔਰ ਇਨ੍ਹਾਂ ਦਾ ਇਹ ਪ੍ਰੋਗਰਾਮ ਹੈ ਕਿ ਕੰਮ ਕਰਵਾਉਣਾ ਹੈ । ਕਿਸ ਤਰੀਕੇ ਨਾਲ ਬਣਾਉਣਾ ਹੈ ਜਾਂ ਕੀ ਕੁਝ ਬਣਾਕੇ ਦੇਣਾ ਹੈ ਅਤੇ ਕਿਸ ਤਰ੍ਹਾਂ ਇਹ ਕੰਮ ਕਰਨਾ ਹੈ, ਇਹ ਸਾਰੀ ਗੱਲ ਗੌਰਮਿੰਟ ਤੇ ਛਡਣੀ ਚਾਹੀਦੀ ਹੈ , ਮੇਰਾ ਪੂਰਾ ਵਿਸ਼ਵਾਸ ਹੈ ਕਿ ਗਰੀਬਾਂ ਦੀ ਭਲਾਈ ਲਈ ਗਿਆਨੀ ਜੀ ਇਸ ਕੰਮ ਨੂੰ ਪੂਰਾ ਕਰਨਗੇ ਅਤੇ ਇਤਬਾਰ ਕਰਦੇ ਹਾਂ ਕਿ ਉਹ ਕਰਨਗੇ ਔਰ ਇਹ ਮਕਾਨ ਬਣਾਉਣਗੇ (ਤਾੜੀਆਂ) ਇਸ ਦੇ ਨਾਲ ਹੀ ਕੁਝ ਮਾਨਯੋਗ ਮੈਂਬਰਾਂ ਦਾ ਖਿਆਲ ਹੈ ਕਿ ਮਕਾਨ ਬਣਾਕੇ ਦੇਣ ਦੇ ਕੰਮ ਵਿਚ ਦੇਰ ਹੋਵੇਗੀ ਅਤੇ ਫੈਸਲੇ ਜਲਦੀ ਨਹੀਂ ਹੋ ਸਕਣੇ ਜਾਂ ਕੁਝ ਗਰੀਬਾਂ ਨੂੰ ਜਿਹੜੇ ਸ਼ਹਿਰਾਂ ਵਿਚ ਪਲਾਟ ਮਿਲਣੇ ਚਾਹੀਦੇ ਹਨ ਸ਼ਾਇਦ ਨਾ ਮਿਲਣ । ਇਹ ਭਲਾ ਕਿਸ ਤਰ੍ਹਾਂ ਹੋ ਸਕਦਾ ਹੈ । ਜਿਹੜਾ ਸਜਨ, ਜਿਹੜਾ ਚੀਫ਼ ਮਨਿਸਟਰ ਇਹ ਸੋਚ ਸਕਦਾ ਹੈ ਕਿ ਪਿੰਡਾਂ ਦੇ ਜਿਹੜੇ ਲੋਕਾਂ ਨੂੰ ਪਲਾਟ ਦੇਣੇ ਹਨ, ਜੇਕਰ ਕੋਈ ਰਸਤੇ ਵਿਚ ਰੋੜਾ ਆਵੇਗਾ ਪਿੱਛੇ ਹਟਾ ਦੇਣਾ ਹੈ ਉਹ ਇਹ ਗਲ ਜ਼ਰੂਰ ਵੇਖੇਗਾ ਕਿ ਸ਼ਹਿਰਾਂ ਵਿਚ ਵੀ ਗਰੀਬਾਂ ਨੂੰ ਪਲਾਟ ਮਿਲ ਜਾਣ । ਅਗਰ ਉਨ੍ਹਾਂ ਦੇ ਰਾਹ ਵਿਚ ਕੋਈ ਰੋੜਾ ਆਉਂਦਾ ਹੈ ਤਾਂ ਉਹ ਜ਼ਰੂਰ ਦੂਰ ਕਰਨਗੇ । (ਤਾੜੀਆਂ) ਸੋ, ਮੈਂ, ਡਿਪਟੀ ਸਪੀਕਰ ਸਾਹਿਬ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਜਿਹੜਾ ਰੈਜ਼ੋਲਿਊਸ਼ਨ ਆਇਆ ਹੈ ਉਸ ਦਾ ਮੌਕਾ ਉਸ ਨੇ ਖੁਦ ਬਣਾ ਦਿੱਤਾ ਹੈ । ਨਾ ਇਹ ਚੰਗਾ ਕੰਮ ਕਰਦੇ, ਨਾ ਇਹ ਰੈਜ਼ੋਲਿਊਸ਼ਨ ਅੱਜ ਆਉਂਦਾ । ਜਿਹੜਾ ਇਹ ਮੌਕਾ ਇਨ੍ਹਾਂ ਨੇ ਦਿੱਤਾ ਹੈ ਉਸ ਤੇ ਬੜੀ ਗੰਭੀਰਤਾ ਨਾਲ ਔਰ ਬੜੀ ਦ੍ਰਿੜ੍ਹਤਾ ਨਾਲ ਗ਼ਰੀਬਾਂ ਦੇ ਫ਼ਾਇਦੇ ਲਈ ਅਤੇ ਗਰੀਬਾਂ ਦੀ ਸੇਵਾ ਦਾ ਇਹ ਕੰਮ ਕਰਨਾ ਹੈ । ਮੈਨੂੰ ਉਮੀਦ ਹੈ ਕਿ ਜਿਸ ਨਿਗਾਹ ਨਾਲ ਵਿਚਾਰ ਕਰਕੇ ਪਲਾਟ ਦਿੱਤੇ

Original with;
Punjab Vidhan Sabha
Digitized by;
Panjab Digital Library

ਹਨ ਉਸੇ ਤਰ੍ਹਾਂ ਫਿਰ ਵਿਚਾਰ ਕਰਕੇ ਫੈਸਲਾ ਕਰਨਗੇ ਕਿ ਪਿੰਡਾਂ ਦੇ ਵਿਚ ਜਿਹੜੇ ਪਲਾਟ ਅਸੀਂ ਮੁਫਤ ਦਿੱਤੇ ਹਨ, ਬਣਾਕੇ ਵੀ ਦੇਣੇ ਹਨ । ਉਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਰੁਪਿਆ ਕਿਸੇ ਨੂੰ ਵੀ ਨਕਦ ਨਾ ਦੇਣ । ਅੱਜ ਪੰਜਾਬ ਹਾਊਸਿੰਗ ਬੋਰਡ ਸ਼ਹਿਰਾਂ ਦੇ ਵਿਚ ਮਕਾਨ ਬਣਾ ਰਿਹਾ ਹੈ । ਇਕ ਹੋਰ ਹਾਊਸਿੰਗ ਬੋਰਡ ਪਿੰਡਾਂ ਲਈ ਵੀ ਬਣਾ ਸਕਦੇ ਹਨ । ਇਸ ਹਾਊਸਿੰਗ ਬੋਰਡ ਦੀ ਡਿਊਟੀ ਲਗਾਈ ਜਾਵੇ ਕਿ ਉਹ ਦੇਖੇ ਕਿ ਚੀਪਰ ਔਰ ਸੋਹਣਾ ਘਰ ਕਿਸ ਤਰ੍ਹਾਂ ਬਣ ਸਕਦਾ ਹੈ । ਇਹ ਪੈਸਾ ਵੀ ਨਕਦੀ ਦੀ ਸ਼ਕਲ ਵਿਚ ਨਹੀਂ ਦੇਣਾ ਚਾਹੀਦਾ ਕਿਉਂਕਿ ਲੋਕ ਪੈਸੇ ਨੂੰ ਦੂਸਰੇ ਕੰਮਾਂ ਤੇ ਖ਼ਰਚ ਕਰ ਦੇਂਦੇ ਹਨ । ਇਸ ਲਈ ਇਹ ਘਰ ਬੋਰਡ ਦੇ ਜ਼ਰੀਏ ਬਣਾਉ ਤਾਂਕਿ ਉਹ ਘਰਾਂ ਵਿਚ ਵਸਣ ਔਰ ਇਸ ਤਰਾਂ ਰੁਪਿਆ ਵੀ ਘੱਟ ਖ਼ਰਚ ਆਵੇਗਾ । ਮਕਾਨ ਇਸ ਤਰ੍ਹਾਂ ਦੇ ਬਣਾਉ ਕਿ 2 ਜਾਂ ਢਾਈ ਹਜ਼ਾਰ ਤਕ ਬਣ ਜਾਵੇ । ਜਿਸ ਤਰ੍ਹਾਂ ਕੇ. ਪੀ. ਸਾਹਿਬ ਨੇ ਕਿਹਾ ਹੈ ਕਈ ਰੋੜੇ ਵੀ ਆ ਜਾਂਦੇ ਹਨ ਜਿਹੜੇ ਚੰਗੀਆਂ ਸਕੀਮਾਂ ਨੂੰ ਰੋਕਦੇ ਹਨ ਪਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਰੋੜੇ ਜਾਂ ਰੁਕਾਵਟ ਪਾਉਣ ਵਾਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਸੀਂ ਉਸ ਰੁਕਾਵਟ ਨੂੰ ਦੂਰ ਕਰ ਦੇਵਾਂਗੇ । ਗਿਆਨੀ ਜੀ ਨੇ ਹਰ ਭਲਾਈ ਦੇ ਕੰਮ ਕਰਨ ਦਾ ਨਿਸ਼ਚਾ ਕੀਤਾ ਹੋਇਆ ਹੈ ਅਤੇ ਕਰ ਰਹੇ ਹਨ । ਮੈਂ ਹੁਣ ਫੰਡਜ਼ ਦੇ ਬਾਰੇ ਕਹਾਂਗਾ ਕਿ ਫੰਡ ਜਿਹੜੇ ਲੱਭਣੇ ਹਨ, ਇਹ ਕੋਈ ਵੱਡੀ ਗੱਲ ਨਹੀਂ । ਜਿਸ ਤਰ੍ਹਾਂ ਜੋਸ਼ ਜੀ ਨੇ ਦੱਸਿਆ ਹੈ ਉਸ ਤਰ੍ਹਾਂ ਵੀ ਹੋ ਸਕਦਾ ਹੈ ਜਾਂ ਫਿਰ ਕਈ ਸੰਸਥਾਵਾਂ ਹਨ, ਮਿਸਾਲ ਦੇ ਤੌਰ ਤੇ ਐਲ. ਆਈ. ਸੀ. ਜਾਂ ਹੋਰ ਹਨ ਜਿਨ੍ਹਾਂ ਤੋਂ ਲੋਨ ਲੈ ਕੇ ਵੀ ਇਹ ਕੰਮ ਹੋ ਸਕਦਾ ਹੈ । ਮੈਂ ਇਤਨਾ ਹੀ ਕਹਾਂਗਾ ਕਿ ਜਿਸ ਤਰੀਕੇ ਨਾਲ ਸਾਡੇ ਚੀਫ ਮਨਿਸਟਰ ਸਾਹਿਬ ਨੇ ਮਨ ਬਣਾਇਆ ਹੋਇਆ ਹੈ ਕਿ ਉਨ੍ਹਾਂ ਸਾਰੇ ਹਿੰਦੋਸਤਾਨ ਦੇ ਵਿਚ ਆਪਣੀ ਸਟੇਟ ਨੂੰ ਹਰ ਗੱਲ ਦੇ ਵਿਚ ਔਰ ਹਰ ਐਕਸ਼ਨ ਵਿਚ ਔਰ ਹਰ ਭਲਾਈ ਦੇ ਕੰਮ ਦੇ ਵਿਚ ਅੱਵਲ ਨੰਬਰ ਤੇ ਲਿਆਉਣਾ ਹੈ, ਮੈਨੂੰ ਪੂਰਨ ਵਿਸ਼ਵਾਸ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਇਸ ਰੈਜ਼ੋਲਿਊਸ਼ਨ ਤੇ ਵਿਚਾਰ ਕਰਨਗੇ ਔਰ ਇਸ ਤੇ ਅਮਲ ਕਰਨ ਦਾ ਪ੍ਰਬੰਧ ਕਰਨਗੇ ।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਹਰ ਇਨਸਾਨ ਜਿਸ ਦੇ ਅੰਦਰ ਇਨਸਾਨੀ ਦਿਲ ਹੈ ਉਹ ਜ਼ਰੂਰ ਮੰਗ ਕਰਦਾ ਹੈ ਕਿ ਜਿਥੇ ਪਲਾਟ ਮਿਲਿਆ ਹੈ ਉਥੇ ਉਸ ਨੂੰ ਮਕਾਨ ਵੀ ਮਿਲੇ । ਲੇਕਿਨ 1947 ਤੋਂ ਪਹਿਲਾਂ ਇਥੇ ਬੈਠੇ ਮੇਰੇ ਸਾਥੀ ਦੱਸ ਸਕਣਗੇ ਕਿ ਹਰੀਜਨਾਂ ਵਾਸਤੇ ਕਿਸੇ ਨੇ ਕੋਈ ਮਵਮੈਂਟ ਦੀ ਸਪੋਰਟ ਕੀਤੀ ਸੀ ? ਕਿਸ ਨੇ ਕੀਤੀ ਸੀ ? ਜ਼ਿਮੀਦਾਰਾਂ ਤੇ ਮੁਜ਼ਾਰਿਆਂ ਦੀ ਮੂਵਮੈਂਟ ਚਲਦੀ ਸੀ, ਰਜਵਾੜਾਸ਼ਾਹੀ ਦੇ ਖਿਲਾਫ਼ ਮੂਵਮੈਂਟ ਚਲਦੀ ਸੀ, ਜੰਗੇ ਆਜ਼ਾਦੀ ਦੀ ਮੂਵਮੈਂਟ ਚਲਦੀ ਸੀ । ਕੋਈ ਇਹ ਦਸੇ ਕਿ ਸਮਾਜ ਦੇ ਇਸ ਪਛੜੇ ਹੋਏ ਅੰਗ ਨੂੰ ਅੱਗੇ ਲਿਆਉਣ ਵਾਸਤੇ ਕਿਸੇ ਨੇ ਕੋਈ ਮੂਵਮੈਂਟ ਦੀ ਸਪੋਰਟ ਕੀਤੀ ਸੀ ? ਕਿਸ ਨੇ ਕੀਤੀ ਸੀ ? ਹਿੰਦੁਸਤਾਨ ਦੇ ਇਤਿਹਾਸ ਨੂੰ ਫਰੋਲ ਕੇ ਦੇਖਿਆ ਜਾਵੇ ਤਾਂ ਪਤਾ ਲਗੇਗਾ ਕਿ ਕਾਂਗਰਸ ਪਾਰਟੀ ਹੀ ਸੀ ਜਿਸ ਨੇ ਹਿੰਦੁਸਤਾਨ ਦੇ ਵਿਚ ਮਹਾਤਮਾ ਗਾਂਧੀ ਦੀ ਰਹਿਨੁਮਾਈ ਥੱਲੇ ਇਹ ਨਾਹਰਾ ਦਿੱਤਾ ਸੀ । ਜੰਗੇ ਆਜ਼ਾਦੀ ਦੇ ਵਾਸਤੇ ਨੌਜਵਾਨਾਂ ਨੇ ਨਾਹਰਾ ਲਾਇਆ ਸੀ ਲੇਕਿਨ ਸਮਾਜ ਦੇ ਇਸ ਪਛੜੇ ਹੋਏ ਅੰਗ ਨੂੰ ਉਤਾਂਹ ਲਿਆਉਣ ਵਾਸਤੇ ਮਹਾਤਮਾ ਗਾਂਧੀ ਦੀ ਰਹਿਨੁਮਾਈ ਥੱਲੇ ਇਸ ਕਾਂਗਰਸ ਪਾਰਟੀ ਨੇ ਹੀ ਨਾਹਰਾ ਦਿਤਾ ਸੀ । (ਥੰਪਿੰਗ) ਮਹਾਤਮਾ ਗਾਂਧੀ ਆਪ ਹਰੀਜਨਾਂ ਦੀਆਂ ਬਸਤੀਆਂ ਵਿਚ ਵਸਦਾ ਹੁੰਦਾ ਸੀ । ਮੈਨੂੰ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਕੋਈ ਹੋਰ ਪਾਰਟੀ ਦਾ ਨਾਮ ਲੈ ਕੇ ਦੱਸ ਦਿਉ ਜਿਸ ਨੇ ਗਰੀਬ ਹਰੀਜਨਾਂ ਦੇ ਲਈ ਨਾਹਰਾ ਮਾਰਿਆ ਹੋਵੇ, ਵੀਕਰ ਸੈਕਸ਼ਨ ਆਫ ਦੀ ਸੋਸਾਇਟੀ ਵਾਸਤੇ ਨਾਹਰਾ ਕੋਈ ਲਗਾਇਆ ਹੋਵੇ। ਕੋਈ ਸੁੰਤਤਰ ਪਾਰਟੀ ਦੱਸ ਦਿਉ। ਜਨਸੰਘ ਤਾਂ ਬਣੀ ਹੀ 1947 ਤੋਂ ਬਾਅਦ ਹੈ। ਕਮਿਊਨਿਸਟ ਭਰਾ ਮੁਜ਼ਾਰਿਆਂ ਅਤੇ ਜ਼ਿਮੀਦਾਰਾਂ ਦੀਆਂ ਲੜਾਈਆਂ ਲੜਦੇ ਰਹੇ ਹਨ ਲੇਕਿਨ ਵੀਕਰ ਸੈਕਸ਼ਨ ਵਾਸਤੇ ਕਾਂਗਰਸ ਪਾਰਟੀ ਨੇ ਮਹਾਤਮਾ ਗਾਂਧੀ ਜੀ ਦੀ ਰਹਿਨੁਮਾਈ ਥੱਲੇ ਆਵਾਜ਼ ਉਠਾਈ ਸੀ।

ਮੈਂ ਕਹਿੰਦਾ ਹਾਂ ਕਿ ਮਕਾਨ ਬਣਾਉਣੇ ਚਾਹੀਦੇ ਹਨ, ਅਸੀਂ ਕੋਈ ਇਸ ਗੱਲ ਦੇ ਖ਼ਿਲਾਫ ਨਹੀਂ। ਮੈਂ ਨਹੀਂ ਕਹਿੰਦਾ ਕਿ ਮਕਾਨ ਉਨ੍ਹਾਂ ਵਾਸਤੇ ਨਾ ਬਣਾਏ ਜਾਣ। ਕਿਸੇ ਮੇਰੇ ਦੋਸਤ ਡਾਂਗ ਸਾਹਿਬ, ਜੋਸ਼ ਸਾਹਿਬ ਜਾਂ ਹੋਰ ਕਾਮਰੇਡ ਵੀਰ ਬੈਠੇ ਹਨ, ਨੇ ਹਿੰਦੁਸਤਾਨ ਦੀ ਜੋ ਆਬਾਦੀ ਹੈ ਉਸ ਨੂੰ ਬਾਕੀ ਦੇ ਦੇਸ਼ਾਂ ਨਾਲ ਅੰਕੜੇ ਕਮਪੇਅਰ ਕਰਕੇ ਦੇਖੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਅੰਕੜੇ ਦੱਸਣਾ ਚਹੁੰਦਾ ਹਾਂ। ਚੀਨ ਦੀ ਆਬਾਦੀ 75 ਕਰੋੜ ਹੈ ਅਤੇ 95 ਲੱਖ 61 ਹਜ਼ਾਰ ਕਿਲੋ ਮੀਟਰ ਏਰੀਆ ਹੈ। ਤੁਸੀਂ ਹਿਸਾਬ ਲਗਾਓ ਇਕ ਕਿਲੋ ਮੀਟਰ ਦੇ ਵਿਚ ਕਿੰਨੇ ਵਸੇ? ਸਿਰਫ 8 ਬੰਦੇ। ਸਿਰਫ 8 ਬੰਦੇ ਵਸਦੇ ਹਨ ਇਕ ਕਿਲੋ ਮੀਟਰ ਦੇ ਵਿਚ। ਇਸੇ ਤਰ੍ਹਾਂ ਰੂਸ ਦੇ ਅੰਕੜੇ ਦੇਖੋ। ਰੂਸ ਦਾ 2 ਕਰੋੜ 24 ਲੱਖ ਕਿਲੋ ਮੀਟਰ ਏਰੀਆ ਹੈ ਅਤੇ ਆਬਾਦੀ ਕਿੰਨੀ ਹੈ? ਆਬਾਦੀ ਹੈ 25 ਕਰੋੜ ਦੀ। ਹਿਸਾਬ ਲਾ ਕੇ ਦੇਖੋ ਇਕ ਕਿਲੋ ਮੀਟਰ ਦੇ ਵਿਚ ਬੰਦੇ ਕਿੰਨੇ ਵਸਦੇ ਹਨ। ਉਥੇ ਇਕ ਕਿਲੋਮੀਟਰ ਦੇ ਵਿਚ 11 ਆਦਮੀ ਵਸਦੇ ਹਨ। ਹਿੰਦੁਸਤਾਨ ਦੀ ਆਬਾਦੀ ਤੇ ਏਰੀਏ ਦੇ ਮੈਂ ਅੰਕੜੇ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਹਿੰਦੁਸਤਾਨ ਦੇ ਵਿਚ 32 ਲੱਖ ਸੁਕੇਅਰ ਮੀਟਰ ਏਰੀਆ ਹੈ ਔਰ ਇਸ ਦੀ ਆਬਾਦੀ ਕਿੰਨੀ ਹੈ? ਆਬਾਦੀ 60 ਕਰੋੜ ਦੀ ਹੈ। ਇਕ ਕਿਲੋਮੀਟਰ ਦੇ ਵਿਚ ਵਸਣ ਵਾਲਿਆਂ ਦੀ ਤਾਦਾਦ ਕਿੰਨੀ ਹੈ? ਇਕ ਕਿਲੋਮੀਟਰ ਦੇ ਵਿਚ ਵਸਣ ਵਾਲਿਆਂ ਦੀ ਤਾਦਾਦ 172 ਆਦਮੀ ਹੈ। ਹਿੰਦੁਸਤਾਨ ਦੇ ਵਿਚ ਵਸੋਂ 172 ਪਰ ਕਿਲੋਮੀਟਰ, ਜਦ ਕਿ ਚੀਨ ਦੇ ਵਿਚ ਕਿੰਨੀ—8, ਰੂਸ ਦੇ ਵਿਚ ਕਿੰਨੀ—11 ਤੇ ਫਿਰ ਕਿਸ ਤਰ੍ਹਾਂ ਉਨ੍ਹਾਂ ਦੇ ਏਰੀਏ ਨਾਲ ਤੁਸੀਂ ਕੰਪੇਅਰ ਕਰਦੇ ਹੋ। ਫਿਰ ਗਰੋਥ ਵਲ, ਡਿਪਟੀ ਸਪੀਕਰ ਸਾਹਿਬ, ਦੇਖ ਲਉ ਕਿ ਸਾਡੀ ਗਰੋਥ ਕਿੰਨੀ ਹੁੰਦੀ ਹੈ ਅਤੇ ਚੀਨ ਤੇ ਰਸ਼ੀਆ ਦੇ ਵਿਚ ਗਰੋਥ ਕਿੰਨੀ ਹੁੰਦੀ ਹੈ। ਚੀਨ ਦੇ ਵਿਚ 1.9 ਫੀਸਦੀ ਪਰ ਈਅਰ ਗਰੋਥ ਹੁੰਦੀ ਹੈ ਔਰ ਰਸ਼ੀਆ ਦੇ ਵਿਚ 1.1 ਫੀਸਦੀ ਗਰੋਥ ਹੁੰਦੀ ਹੈ ਅਤੇ ਹਿੰਦੁਸਤਾਨ ਦੇ ਵਿਚ ਗਰੋਥ ਹੁੰਦੀ ਹੈ 3.4 ਫੀਸਦੀ। ਤੁਸੀਂ ਹੁਣ ਆਪ ਅੰਦਾਜ਼ਾ ਲਗਾਓ ਕਿ ਇਤਨੇ ਬੇ-ਘਰੇ ਲੋਕਾਂ ਨੂੰ, ਵੀਕਰ ਸੈਕਸ਼ਨ ਨੂੰ ਪਲਾਟ, ਮਕਾਨ ਬਣਾ ਕੇ ਦੇਣ ਤੇ ਕਿੰਨਾ ਖਰਚ ਆਵੇਗਾ। ਇਹ ਕਹਿੰਦੇ ਹਨ ਕਿ ਪੰਜਾਬ ਦੀ ਸਰਕਾਰ ਨੇ ਕੁਝ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ 3 ਲੱਖ ਲੋਕਾਂ ਨੂੰ ਪਲਾਟ ਦਿੱਤੇ ਹਨ। ਜੇ ਤੁਸੀਂ 1,000 ਰੁਪਿਆ ਵੀ ਫ਼ੀ ਪਲਾਟ ਲਗਾਓ ਤਾਂ 3 ਲੱਖ ਪਲਾਟਾਂ ਦਾ ਕਿੰਨਾ ਖ਼ਰਚ ਬਣਿਆ? ਇਹ ਖਰਚਾ 3 ਅਰਬ ਰੁਪਿਆ ਬਣਿਆ। (ਵਿਘਨ)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ** ** **

**Mr. Deputy Speaker :** This is no point of order.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਸੋ. ਡਿਪਟੀ ਸਪੀਕਰ ਸਾਹਿਬ, 3 ਅਰਬ ਰੁਪਿਆ ਉਸ ਪਛੜੇ ਅੰਗ ਨੂੰ ਦਿੱਤਾ ਹੈ। ਜਿਹੜਾ ਜ਼ਮੀਨ ਖ਼ਰੀਦ ਨਹੀਂ ਸੀ ਸਕਦਾ, ਇਹ ਕਾਂਗਰਸ ਪਾਰਟੀ ਹੀ ਹੈ ਜਿਸ ਨੇ ਉਸ ਨੂੰ ਜ਼ਮੀਨ ਦੇ ਕੇ ਉਸ ਨੂੰ ਬਰਾਬਰ ਦਾ ਹੱਕ ਦਿੱਤਾ। (ਥੰਪਿੰਗ) ਫਿਰ, ਡਿਪਟੀ ਸਪੀਕਰ ਸਾਹਿਬ, ਕਈ ਮਾਨਯੋਗ ਮੈਂਬਰ ਸਾਹਿਬਾਨ ਕਹਿਦੇ ਹਨ ਕਿ ਮਕਾਨ ਉਨ੍ਹਾਂ ਨੂੰ ਬਣਾ ਦਿਉ। ਮੈਂ ਤਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਗਰ ਫ਼ੀ ਮਕਾਨ 5,000 ਰੁਪਿਆ ਵੀ ਬਣਾਉਣ ਵਾਸਤੇ ਲਾਈਏ ਤਾਂ ਇਸ ਦੇ ਹਿਸਾਬ ਨਾਲ 1,500 ਕਰੋੜ ਰੁਪਿਆ ਖ਼ਰਚ ਆਵੇਗਾ। 15 ਸੋ ਕਰੋੜ ਰੁਪਿਆ ਜੋਸ਼ ਸਾਹਿਬ ਕਿੱਥੋਂ ਆਵੇਗਾ ? (ਵਿਘਨ) ਡਿਪਟੀ ਸਪੀਕਰ ਸਾਹਿਬ, ਇਤਨੀ ਰਕਮ ਕਿੱਥੋਂ ਆਵੇਗੀ ? ਪੰਜਾਬ ਦੀ ਸਰਕਾਰ ਪਛੜੇ ਹੋਏ ਅੰਗ ਨੂੰ ਅਗੇ ਲਿਆਉਣ ਵਾਸਤੇ ਯਤਨ ਕਰ ਰਹੀ ਹੈ—(ਵਿਘਨ)

**ਕਾਮਰੇਡ ਰਾਜ ਕੁਮਾਰ** : ** ** (ਵਿਘਨ)

**Mr. Deputy Speaker** : This is no point of order.

**ਚੌਧਰੀ ਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਪਲਾਟ ਦਿੱਤੇ ਗਏ ਹਨ ਉਨ੍ਹਾਂ ਨੂੰ ਪੰਜਾਬ ਦੇ ਆਗੂਆਂ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ। ਫਿਰ ਸਾਨੂੰ ਉਨ੍ਹਾਂ ਨੂੰ ਇਤਨਾ ਨਿਕੰਮਾ ਵੀ ਨਹੀਂ ਬਣਾ ਦੇਣਾ ਚਾਹੀਦਾ, ਇਤਨਾ ਆਈਡਲ ਵੀ ਨਹੀਂ ਬਣਾ ਦੇਣਾ ਚਾਹੀਦਾ ਕਿ ਉਹ ਆਪ ਕੁਝ ਵੀ ਨਾ ਕਰਨ। ਪੰਜਾਬ ਸਰਕਾਰ ਆਪਣਾ ਪੂਰਾ ਯਤਨ ਕਰ ਰਹੀ ਹੈ ਕਿ ਜਿਹੜੇ ਤਿੰਨ ਲੱਖ ਲੋਕਾਂ ਨੂੰ ਪਲਾਟ ਦਿੱਤੇ ਗਏ ਹਨ ਉਹ ਕੁਝ ਆਪਣੇ ਪੱਲਿਉਂ ਪਾਉਣ, ਕੁਝ ਪੰਜਾਬ ਸਰਕਾਰ ਪਾਵੇ ਅਤੇ ਕੁਝ ਹੋਰ ਸਾਧਨਾਂ ਤੋਂ ਰੁਪਿਆ ਜਿੱਥੋਂ ਬਚਾਇਆ ਜਾ ਸਕਦਾ ਹੈ ਬਚਾਇਆ ਜਾਵੇ ਅਤੇ ਉਨ੍ਹਾਂ ਦੀ ਮੱਦਦ ਕੀਤੀ ਜਾਵੇ। ਅਸੀਂ ਚਾਹੁੰਦੇ ਹਾਂ ਕਿ ਪਿੰਡਾਂ ਵਿਚ ਮਕਾਨ ਬਣਾਏ ਜਾਣ ਲੇਕਿਨ ਮਨ ਵਿਚ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਇਤਨੇ ਪਛੜੇ ਹੋਏ ਅੰਗ ਨੂੰ ਬਰਾਬਰ ਲਿਆਉਣ ਵਾਸਤੇ, ਇਹ ਡੈਮੋਕਰੇਸੀ ਹੈ ਅਤੇ ਇਸ ਡੈਮੋਕਰੇਟਿਕ ਸੋਸ਼ਲਿਜ਼ਮ ਵਿਚ ਲੋਕਾਂ ਨੂੰ ਨਾਲ ਲੈ ਕੇ ਤੁਰਨਾ ਹੈ। ਲੋਕਾਂ ਦੇ ਵਿਚੋਂ ਆਰਥਿਕ ਇਨਇਕੁਐਲਟੀ ਨੂੰ ਦੂਰ ਕਰਨਾ ਹੈ। (ਵਿਘਨ) ਮੈਂ ਇਸ ਗੱਲ ਦੇ ਵਿਚ ਵਿਸ਼ਵਾਸ ਰਖਦਾ ਹਾਂ ਕਿ ਜੇ ਲੋਕਾਂ ਨੂੰ ਇਕੱਠਾ ਕਰਨਾ ਹੋਵੇ ਤਾਂ ਮਜ਼ਹਬ ਦਾ ਨਾਹਰਾ ਦੇ ਕੇ ਜਾਂ ਹੋਰ ਕੋਈ ਨਾਹਰਾ ਦੇ ਕੇ ਨਾਲ ਨਹੀਂ ਲਿਆ ਜਾ ਸਕਦਾ। ਵਾਰ ਦੇ ਦਿਨਾਂ ਵਿਚ ਸਾਰੇ ਇਕੱਠੇ ਹੋ ਜਾਂਦੇ ਹਨ ਪਰ ਇਹ ਆਰਥਿਕ ਇਕੁਐਲਟੀ ਹੀ ਹੈ ਜਿਹੜੀ ਸਭ ਨੂੰ ਇਕੱਠਾ ਕਰਦੀ ਹੈ। ਜੋ ਕੁਝ ਪੰਜਾਬ ਸਰਕਾਰ ਨੇ ਪਛੜੇ ਅੰਗ ਵਾਸਤੇ ਕੀਤਾ ਹੈ ਉਸ ਤੇ ਮਿੱਟੀ ਨਾ ਪਾ ਦਿਉ ਅਤੇ ਲੋਕਾਂ ਨੂੰ 15 ਸੌ ਕਰੋੜ ਰੁਪਏ ਦੀ ਮੰਗ ਕਰਨ ਵਾਸਤੇ ਤਿਆਰ ਨਾ ਕਰੋ ਮੈਂ ਕਹਿੰਦਾ ਹਾਂ ਕਿ ਕਿਥੋਂ ਲਿਆਵੇਗੀ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਇਹ 15 ਸੌ ਕਰੋੜ ? ਇਹ ਪੂਰਾ ਨਹੀਂ ਕੀਤਾ ਜਾ ਸਕਦਾ। ਪੰਜਾਬ ਸਰਕਾਰ ਨੇ ਅੱਗੇ 631 ਐਪੈਕਸ ਹਾਊਸਿੰਗ ਸੋਸਾਇਟੀਆਂ ਬਣਾਈਆਂ ਹਨ 231 ਸੋਸਾਇਟੀਆਂ ਪਿੰਡਾਂ ਵਿਚ ਅਤੇ 400 ਸ਼ਹਿਰਾਂ ਵਿਚ ਬਣ ਚੁਕੀਆਂ ਹਨ। ਇਸ ਤੋਂ ਇਲਾਵਾ ਸੈਂਟਰ ਨੇ ਇਹ ਕਰ ਦਿੱਤਾ ਹੈ ਕਿ ਇਕ ਕਨਾਲ ਤੋਂ ਵੱਡਾ ਮਕਾਨ ਨਾ ਬਣੇ। ਹੌਲੀ ਹੌਲੀ ਪੰਜਾਬ ਸਰਕਾਰ ਯਤਨ ਕਰ ਰਹੀ ਹੈ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਜੋ ਕੁਝ ਪੰਜਾਬ ਸਰਕਾਰ ਨੇ ਕੀਤਾ ਹੈ ਉਸ ਦੀ ਤਾਰੀਫ਼ ਕਰਨੀ ਚਾਹੀਦੀ ਹੈ। ਵੀਕਰ ਸੈਕਸ਼ਨ ਲਈ 20 ਨੁਕਾਤੀ ਪ੍ਰੋਗਰਾਮ ਵਿਚ ਜਿਹੜਾ ਇਸ ਸਬੰਧੀ ਆਈਟਮ ਹੈ ਉਸ ਵਿਚ ਲਿਖਿਆ ਹੈ ਕਿ 'ਸਾਈਟਸ ਫਾਰ ਦਾ ਸਾਈਟਲੈਸ' ਉਥੇ ਇਹ ਵੀ ਹੋ ਸਕਦਾ ਸੀ ਕਿ 'ਹਾਊਸ ਫਾਰ ਦਾ ਹਾਊਸ-ਲੈਸ'। ਇੰਨਾਂ ਬਜਟ ਹਾਲੇ ਪੈਦਾ ਨਹੀਂ ਕੀਤਾ ਜਾ ਸਕਦਾ। ਜਿਹੜਾ ਵੀਕਰ ਸੈਕਸ਼ਨ ਹੈ, ਪੰਜਾਬ ਸਰਕਾਰ ਉਨ੍ਹਾਂ ਲਈ ਇਕ ਕਾਰਪੋਰੇਸ਼ਨ ਬਣਾ ਰਹੀ ਹੈ। ਜਿਨ੍ਹਾਂ ਕੋਲ ਮਕਾਨ ਨਹੀਂ, ਲੈਂਡ ਨਹੀਂ, ਗਰੀਬ ਹਨ ਉਨ੍ਹਾਂ ਨੂੰ ਵਿਸ਼ਵਾਸ ਦਿਲਾਇਆ ਹੈ ਕਿ ਤੁਸੀਂ ਵੀ ਪੰਜਾਬ ਦਾ ਅੰਗ ਹੋ ਔਰ ਹਿੰਦੁਸਤਾਨ ਦੇ ਬਰਾਬਰ ਦੇ ਵਾਰਸ ਹੋ। ਪੰਜਾਬ ਸਰਕਾਰ ਨੂੰ ਇਹ ਕਹਿਣਾ ਕਿ ਬਾਕੀਆਂ ਦੇ ਢਾਹ ਦਿਉ ਅਤੇ ਇਨ੍ਹਾਂ ਦੇ ਬਣਾ ਦਿਉ ਇਸ ਤਰ੍ਹਾਂ ਬਰਾਬਰੀ ਨਹੀਂ ਹੋ ਸਕਣੀ। ਮੈਂ ਰਸ਼ੀਆ ਵਿਚ ਵੀ ਗਿਆ ਹਾਂ ਅਤੇ ਰੂਸ, ਯੂ. ਕੇ. ਵਿਚ ਵੀ ਗਿਆ ਹਾਂ। ਯੂ.ਕੇ. ਕੈਪੀਟਲਿਸਟ ਅਤੇ ਰਸ਼ੀਆਂ ਸੋਸ਼ਲਿਸਟ। ਰੂਸ ਦਾ ਏਰੀਆ ਬਹੁਤ ਜ਼ਿਆਦਾ ਹੈ ਦੋ ਕਰੋੜ ਪਤਾ ਨਹੀਂ ਕਿੰਨੇ ਲੱਖ ਕਿਲੋ ਮੀਟਰ ਹੈ। ਉਥੇ ਵੱਡੇ ਮਕਾਨ ਢਾਹੇ ਨਹੀਂ ਗਏ। ਅਸੀਂ ਆਪਣੀ ਆਬਾਦੀ ਦੇ ਮੁਤਾਬਕ ਸੋਚਣਾ ਹੈ। ਯੂ. ਕੇ. ਜਿਹੜਾ ਕੈਪੀਟਲਿਸਟ ਕੰਟਰੀ ਹੈ ਉਥੇ ਜ਼ਰੂਰਤ ਤੋਂ ਵੱਧ ਲੋਕ ਮਕਾਨ ਬਣਾਉਂਦੇ ਹੀ ਨਹੀਂ, ਪਰ ਇਕ ਸਾਡਾ ਹਿੰਦੁਸਤਾਨ ਹੀ ਹੈ ਜਿਸ ਦੇ ਵਿਚ ਜ਼ਰੂਰਤ ਤੋਂ ਵੱਡੇ ਮਕਾਨ ਬਣ ਰਹੇ ਹਨ। ਜਿਸ ਫੈਮਿਲੀ ਦੀ ਜਿੰਨੀ ਰਿਕੁਆਇਰਮੈਂਟ ਹੈ ਉਸ ਤੋਂ ਵਡੇ ਬਣਾਉਣੇ ਹਨ, ਪਰ ਸਮਾਂ ਆ ਰਿਹਾ ਹੈ ਜਦੋਂ ਇਸ ਤਰ੍ਹਾਂ ਨਹੀਂ ਹੋਵੇਗਾ। ਸਾਡੀ ਸਰਕਾਰ ਨੇ 20 ਨੁਕਾਤੀ ਪ੍ਰੋਗਰਾਮ ਲਿਆਂਦਾ ਹੈ। ਮੈਂ ਇਸ ਤੇ ਇਨ੍ਹਾਂ ਨੂੰ ਦਿਲੀ ਵਧਾਈ ਦਿੰਦਾ ਹੈ। ਮੈਂ ਕਹਿੰਦਾ ਹਾਂ ਕਿ ਜੋ ਕੁਝ ਹੋ ਰਿਹਾ ਹੈ ਉਸ ਦੀ ਸ਼ਲਾਘਾ ਕਰੋ। 4 ਕਰੋੜ ਰੁਪਏ ਦੇ ਕੇ ਕਾਰਪੋਰੇਸ਼ਨ ਵੀਕਰ ਸੈਕਸ਼ਨ ਵਾਸਤੇ ਬਣਾਈ ਜਾ ਰਹੀ ਹੈ। ਦੂਸਰੇ, ਲੈਂਡ ਦੀ ਸ਼ਕਲ ਵਿਚ ਪਿੰਡਾਂ ਵਿਚ ਵਸਣ ਵਾਲਿਆਂ ਨੂੰ, ਗਰੀਬਾਂ ਹਾਊਸ-ਲੈਸ ਨੂੰ ਜ਼ਰੂਰਤ ਦੇ ਮੁਤਾਬਿਕ ਮਕਾਨ ਵੀ ਪ੍ਰੋਵਾਈਡ ਕਰੇਗੀ। ਇਸ ਗੱਲ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਸਾਈਟਸ ਦੇ ਦਿੱਤੀਆਂ ਹਨ ਗਰੀਬਾਂ ਨੂੰ ਮਕਾਨਾਂ ਵਾਸਤੇ ਔਰ ਹਾਊਸਿਜ਼ ਵਾਸਤੇ ਵੀ ਯਤਨ ਕਰ ਰਹੀ ਹੈ। ਇਸ ਤੋਂ ਇਲਾਵਾ ਦੇਸ਼ ਵੀ ਛੋਟਾ ਨਹੀਂ ਅਤੇ ਨਾਲ ਹੀ ਲੋਕਾਂ ਨੂੰ ਬਦਲਣਾ ਵੀ ਸੁਖਾਲਾ ਨਹੀਂ। ਲੋਕਾਂ ਦਾ ਵਿਸ਼ਵਾਸ ਬਦਲਣਾ ਸੌਖਾ ਨਹੀਂ। ਜਿਸ ਦੇਸ਼ ਵਿਚ 30 ਲੱਖ ਦੇਵੀ ਦੇਵਤੇ ਵਸਦੇ ਹੋਣ, ਉਨ੍ਹਾਂ ਦੇ ਮੰਦਰ ਢਾਹੁਣੇ ਸੌਖੇ ਨਹੀਂ। ਮੈਂ ਕਹਿੰਦਾ ਹਾਂ ਕਿ ਵਿਸ਼ਵਾਸ ਰਖੋ ਉਨ੍ਹਾਂ ਦਾ ਵਿਸ਼ਵਾਸ ਬਦਲਿਆ ਜਾਵੇਗਾ ਕਿ ਅਗਰ ਇਨਸਾਨ ਦਾ ਮੰਦਰ ਹੈ ਤਾਂ ਉਸ ਦੇ ਮੰਦਰ ਲਈ ਜ਼ਰੂਰ ਜਗ੍ਹਾ ਮਿਲ ਜਾਏਗੀ। ਇਥੇ ਬਾਰਸ਼ ਦਾ ਦੇਵਤਾ, ਅੱਗ ਦਾ ਦੇਵਤਾ, ਬੀਮਾਰੀ ਦਾ ਦੇਵਤਾ, ਸੱਪਾਂ ਦਾ ਦੇਵਤਾ ਜਿਸ ਨਾਲ ਦੋ ਲੱਖ ਹਿੰਦੁਸਤਾਨ ਦੇ ਲੋਕ ਹਰ ਸਾਲ ਮਰ ਜਾਂਦੇ ਹਨ ਲੇਕਿਨ ਉਨ੍ਹਾਂ ਲੋਕਾਂ ਦਾ ਜਿਹੜਾ ਵਿਸ਼ਵਾਸ ਹੈ ਆਹਿਸਤਾ ਅਹਿਸਤਾ ਬਦਲਦਾ ਹੈ। ਬਹੁਤ ਸਾਰੀ ਧਰਤੀ ਤਾਂ ਮੰਦਰਾਂ ਨਾਲ ਰੁਕੀ ਪਈ ਹੈ। ਲੋਕਾਂ ਨੂੰ ਇਹ ਦੱਸਣਾ ਕਿ ਇਹ ਜਿਹੜੇ ਬੰਦੇ ਦਾ ਘਰ ਹੈ ਇਹ ਰੱਬ ਦੇ ਘਰ ਤੋਂ ਘਟ ਨਹੀਂ ਅਤੇ ਉਸ ਦੇ ਉਤੇ ਉਸ ਦਾ ਵਿਸ਼ਵਾਸ ਟਿਕਾਉਣਾ ਇਸ ਦੇ ਲਈ ਸਮਾਂ ਚਾਹੀਦਾ ਹੈ। ਡੈਮੋਕਰੈਟਿਕ ਢੰਗ ਨਾਲ ਪੰਜਾਬ ਸਰਕਾਰ ਨੇ ਜੋ ਕੀਤਾ ਹੈ ਉਹ ਘਟ ਨਹੀਂ। ਮੈਂ ਉਸ ਦੀ ਬੜੀ ਪ੍ਰਸ਼ੰਸਾ ਕਰਦਾ ਹਾਂ। ਪੰਜਾਬ ਸਰਕਾਰ ਅੱਗੇ ਵਧੀ ਹੈ ਔਰ ਵੱਧਦੀ ਜਾਏਗੀ। ਇਥੇ 80-90% ਵੀਕਰ ਸੈਕਸ਼ਨ ਵਸਦੇ ਹਨ। ਡਾਂਗ ਸਾਹਿਬ, ਤੁਸੀਂ ਪ੍ਰਾਈਮ ਮਨਿਸਟਰ ਸਾਹਿਬਾ ਦੀ ਸਟੇਟਮੈਂਟ ਪੜ੍ਹੀ ਹੈ ਜੇ ਨਹੀਂ ਪੜ੍ਹੀ ਤਾਂ ਮੈਂ ਦਸਦਾ ਹਾਂ। ਉਨ੍ਹਾਂ ਨੇ ਸਟੇਟਮੈਂਟ ਦਿੱਤੀ ਹੈ।

"Ask the rich people to mend their ways of living."

Original with:
Punjab Vidhan Sabha
Digitized by:
Panjab Digital Library

ਇਸ ਦੇਸ਼ ਵਿਚ ਵਸਣ ਵਾਲੇ ਅਮੀਰ ਆਪਣੇ ਰਹਿਣ ਸਹਿਣ ਦਾ ਢੰਗ ਬਦਲਣ। ਬਾਹਰ ਦੇ ਜਿਹੜੇ ਸਰਮਾਇਆਦਾਰ ਹਨ ਉਹ ਆਪਣੀ ਮਨੀ ਡਿਸਪਲੇ ਨਹੀਂ ਕਰਦੇ। ਲੇਕਿਨ ਹਿੰਦੁਸਤਾਨ ਵਿਚ ਵਸਣ ਵਾਲੇ ਡਿਸਪਲੇ ਕਰਦੇ ਹਨ।

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਪ੍ਰਾਈਮ ਮਨਿਸਟਰ ਸਾਹਿਬਾ ਨੇ ਕਿਹਾ ਹੈ ਕਿ ਅਮੀਰ ਲੋਕ ਆਪਣੇ ਰਹਿਣ ਸਹਿਣ ਦੇ ਢੰਗ ਬਦਲਣ ਅਤੇ ਜ਼ਮਾਨੇ ਨਾਲ ਚਲਣ। ਮੈਂ ਕਹਿੰਦਾ ਹਾਂ ਕਿ ਚੌਧਰੀ ਸਾਹਿਬ ਨੇ ਮੈਨੂੰ ਕਿਉਂ ਪੁੱਛਿਆ ਹੈ, ਆਪਣੇ ਨੇੜੇ ਤੇੜੇ ਪੁੱਛਦੇ (ਹਾਸਾ)

**ਚੌਧਰੀ ਦਰਸ਼ਨ ਸਿੰਘ :** ਕਮਿਊਨਿਸਟ ਪਾਰਟੀ ਵਿਚ ਵੀ ਤਕੜੇ ਲੋਕ ਹਨ, ਲੇਕਿਨ ਉਨ੍ਹਾਂ ਦੀ ਵਿਚਾਰਧਾਰਾ ਆਪਣੇ ਕਮਿਊਨਿਜ਼ਮ ਦੀ ਹੈ। Mr. Shukla has said, "we are going to put the right persons on the right jobs." ਉਹ ਦਿਨ ਦੂਰ ਨਹੀਂ ਕਿ 20 ਨੁਕਾਤੀ ਪ੍ਰੋਗਰਾਮ ਨੂੰ ਪੂਰਾ ਕਰਨ ਵਾਸਤੇ ਰਾਈਟ ਪਰਸਨ ਨੂੰ ਰਾਈਟ ਜਾਬ ਦਿੱਤੀ ਜਾਵੇਗੀ। ਅਗਰ ਇਹ 20 ਨੁਕਾਤੀ ਪ੍ਰੋਗਰਮ ਬਿਊਰੋਕਰੇਸੀ ਦੇ ਹੱਥਾਂ ਵਿਚ ਚਲਾ ਗਿਆ ਹੁੰਦਾ ਤਾਂ ਪਾਸੀਬਲ ਸੀ ਕਿ ਸਿਰੇ ਨਾ ਚੜ੍ਹ ਸਕਦਾ। ਜਿਹੜਾ ਵੀ ਬੰਦਾ ਭਾਵੇਂ ਕਿਸੇ ਸਟੇਜ ਤੇ ਹੈ ਇਸ 20 ਨੁਕਾਤੀ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਲਈ ਯੋਗਦਾਨ ਪਾਵੇ। ਸ਼੍ਰੀ ਮਤੀ ਇੰਦਰਾ ਗਾਂਧੀ ਜੀ ਦੀ ਰਹਿਨੁਮਾਈ ਥੱਲੇ ਪੰਜਾਬ ਸਰਕਾਰ ਨੇ ਜੋ ਕੁਝ ਕੀਤਾ ਹੈ ਮੈਂ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪੰਜਾਬ ਸਰਕਾਰ ਅੱਗੇ ਨੂੰ ਬਹੁਤ ਕੁੱਝ ਕਰੇਗੀ।

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਕੋਈ ਸ਼ਕ ਨਹੀਂ ਕਿ ਹਾਊਸ ਦੇ ਕਾਂਗਰਸੀ ਮੈਂਬਰ ਸਾਹਿਬਾਨ ਨੇ ਔਰ ਸੀ. ਪੀ. ਆਈ. ਦੇ ਮੈਂਬਰ ਸਾਹਿਬਾਨ ਨੇ ਐਂਗਜ਼ਾਇਟੀ ਸ਼ੋ ਕੀਤੀ ਹੈ ਕਿ ਤੇਜ਼ੀ ਨਾਲ ਅੱਗੇ ਵਧਿਆ ਜਾਏ ਔਰ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਵੀਕਰ ਸੈਕਸ਼ਨ ਨੂੰ ਦਿੱਤੀਆਂ ਜਾਣ। ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ। ਡਿਪਟੀ ਸਪੀਕਰ ਸਾਹਿਬ ਕਈ ਵਾਰ ਜ਼ਿਆਦਾ ਤੇਜ਼ੀ ਨਾਲ ਚੱਲ ਕੇ ਆਦਮੀ ਗਿਰ ਵੀ ਜਾਂਦਾ ਹੈ ਔਰ ਜਿਥੇ ਪਹੁੰਚਣਾ ਹੁੰਦਾ ਹੈ ਉਥੇ ਪਹੁੰਚ ਨਹੀਂ ਸਕਦਾ। ਸਿਨਸੈਰਿਟੀ ਹੁੰਦੀ ਹੈ ਕਿ ਜ਼ਿਆਦਾ ਤੇਜ਼ ਚਲਿਆ ਜਾਏ ਜਾਂ ਜ਼ਰੂਰਤ ਹੁੰਦੀ ਹੈ ਤੇਜ਼ੀ ਨਾਲ ਚਲਾ ਦਿਉ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਉਹ ਤਾਂ ਇਹ ਚਾਹੁੰਦੇ ਸੀ ਕਿ ਇੰਨੀ ਤੇਜ਼ੀ ਨਾਲ ਇਹ ਚਲਣ ਕਿ ਰਸਤੇ ਵਿਚ ਹੀ ਗਿਰ ਜਾਣ ਔਰ ਆਪਣੇ ਮੰਜ਼ਲ-ਮਕਸੂਦ ਤੇ ਨਾ ਪਹੁੰਚ ਸਕਣ। ਮੈਂ ਕਹਿੰਦਾ ਹਾਂ ਕਿ ਪ੍ਰਾਈਮ ਮਨਿਸਟਰ ਸਾਹਿਬਾ ਦਾ ਇਕ ਪ੍ਰੋਗਰਾਮ ਆ ਗਿਆ ਹੈ ਔਰ ਲੋਕਾਂ ਦੀ ਪ੍ਰੋਗਰੈਸ ਲਈ ਸੋਚ-ਸਮਝ ਕੇ 20 ਨੁਕਾਤੀ ਪ੍ਰੋਗਰਾਮ ਬਣਾਇਆ ਗਿਆ ਹੈ। ਇਸ ਵਲ ਸਾਰੇ ਦੇਸ਼ ਦਾ ਧਿਆਨ ਲੱਗਾ ਹੋਇਆ ਹੈ ਔਰ ਉਨ੍ਹਾਂ ਪਾਰਟੀਆਂ ਦਾ ਲੱਗਾ ਹੋਇਆ ਹੈ ਜਿਨ੍ਹਾਂ ਨੇ ਐਮਰਜੰਸੀ ਦੀ ਸੱਪੋਰਟ ਕੀਤੀ ਹੈ। ਔਰ 20 ਨੁਕਾਤੀ ਪ੍ਰੋਗਰਾਮ ਦੀ ਸੱਪੋਰਟ ਕੀਤੀ ਹੈ। ਇਮਾਨਦਾਰੀ ਨਾਲ ਹਰ ਇਕ ਨੂੰ ਚਾਹੀਦਾ ਹੈ ਕਿ 20 ਨੁਕਾਤੀ ਪ੍ਰੋਗਰਾਮ ਦੀ ਸੱਪੋਰਟ ਕਰੇ।

ਇਸ ਤੋਂ ਅੱਗੇ ਮੈਂ ਕੱਲ ਜਾਂ ਪਰਸੋਂ ਜ਼ਿਕਰ ਕੀਤਾ ਸੀ ਕਿ 20 ਨੁਕਤੀ ਪ੍ਰੋਗਰਾਮ ਕੋਈ ਆਖਰੀ ਪ੍ਰੋਗਰਾਮ ਨਹੀਂ ਇਸ ਤੋਂ ਬਾਅਦ ਵੀ ਪ੍ਰੋਗਰਾਮ ਆਉਣਾ ਹੈ। ਲੇਕਿਨ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

20 ਪਵਾਇੰਟ ਤੋਂ ਅੱਗੇ ਛਲਾਂਗ ਲਗਾਉਣ ਵੇਲੇ ਸਾਨੂੰ ਆਪਣੇ ਰਿਸੋਰਸਿਜ਼ ਨੂੰ ਵੇਖਣਾ ਚਾਹੀਦਾ ਹੈ ਕਿ ਕੋਈ ਚੀਜ਼ ਇਸ ਵੇਲੇ ਪ੍ਰੈਕਟੀਕੇਬਲ ਹੈ ਜਾਂ ਨਹੀਂ ਅਤੇ ਜੇ ਅਸੀਂ ਤੇਜ਼ੀ ਨਾਲ ਚਲ ਪਏ ਤਾਂ ਉਸ ਦੇ ਨਾਲ ਨੁਕਸਾਨ ਵੀ ਹੋ ਸਕਦਾ ਹੈ ਅਤੇ ਜੋ ਟਾਰਗੈੱਟ ਅਸੀਂ ਐਚੀਵ ਕਰਨਾ ਚਾਹੁੰਦੇ ਹਾਂ, ਉਹ ਨਹੀਂ ਕਰ ਸਕਾਂਗੇ । 20 ਪੁਵਾਇੰਟ ਪ੍ਰੋਗਰਾਮ ਵਿਚ ਇਹ ਹੈ ਕਿ ਹਾਊਸ ਸਾਈਟਸ ਲੋਕਾਂ ਨੂੰ ਇਮੀਜਿਏਟਲੀ ਦਿੱਤੇ ਜਾਣ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਪਿੰਡ ਐਸੇ ਹਨ, ਜਿਥੇ ਹਾਊਸ ਸਾਈਟਸ ਅਜੇ ਦਿੱਤੇ ਜਾ ਰਹੇ ਹਨ । 3 ਲੱਖ ਦੇ ਕਰੀਬ ਆਦਮੀਆਂ ਨੂੰ ਹਾਊਸ ਸਾਈਟਸ ਦੇਣ ਤੋਂ ਬਾਅਦ ਵੀ ਕੁਝ ਥਾਵਾਂ ਹਨ ਜਿਥੇ ਜ਼ਮੀਨ ਐਕੁਆਇਰ ਕਰ ਰਹੇ ਹਾਂ ਕਿਉਂਕਿ ਉਨ੍ਹਾਂ ਪਿੰਡਾਂ ਵਿਚ ਪੰਚਾਇਤੀ ਲੈਂਡ ਨਹੀਂ ਸੀ ਇਸ ਲਈ ਬਜਟ ਵਿਚ ਰੁਪਿਆ ਰਖਿਆ ਸੀ ਕਿ ਜ਼ਮੀਨ ਐਕੁਆਇਰ ਕਰਕੇ ਹਾਊਸ ਸਾਈਟਸ ਦਿੱਤੇ ਜਾਣ । ਜ਼ਮੀਨ ਐਕੁਆਇਰ ਹੋ ਰਹੀ ਹੈ । ਔਰ ਜ਼ਮੀਨ ਦਿਤੀ ਜਾ ਰਹੀ ਹੈ ਬਜਾਏ ਇਸ ਦੇ ਕਿ ਇਸ ਚੀਜ਼ ਦੀ ਸ਼ਲਾਘਾ ਹੋਵੇ ਕਿ ਕਿੰਨਾਂ ਵੱਡਾ ਕੰਮ ਕੀਤਾ ਗਿਆ ਹੈ ਹਰੀਜਨਾਂ ਅਤੇ ਗੈਰ-ਹਰੀਜਨਾਂ ਨੂੰ ਇਕ ਇਕ ਪਲਾਟ ਦਿੱਤਾ ਗਿਆ, ਇਹ ਹੋਰ ਪਾਸੇ ਤੁਰ ਪਏ ਹਨ । ਜੇ ਪਲਾਟ ਦਿੱਤੇ ਗਏ ਹਨ ਤਾਂ ਬਾਕੀ ਦਾ ਕੰਮ, ਇਹ ਕਹਿੰਦੇ ਹਨ ਜਲਦੀ ਹੀ ਕਰ ਦੇਵੋ ਅਤੇ ਫਰੀ ਆਫ ਕੌਸਟ ਮਕਾਨ ਬਣਾ ਦਿੱਤੇ ਜਾਣ । ਇਸ ਵਾਸਤੇ ਸਾਨੂੰ ਬਜਟ ਵੀ ਵੇਖਣਾ ਚਾਹੀਦਾ ਹੈ । ਅਸੀਂ ਇਕ ਹੋਰ ਚੀਜ਼ ਕਰਾਂਗੇ ਕਿ ਕੋਆਪਰੇਟਿਵ ਸੁਸਾਇਟੀਆਂ ਬਣਾ ਕੇ, ਕੁਝ ਕੁਆਪਰੇਟਿਵ ਬੈਂਕਾਂ ਤੋਂ, ਕੋਆਪਰੇਟਿਵ ਅਦਾਰਿਆ ਤੋਂ ਕੁਝ ਰੁਪਿਆ ਉਨ੍ਹਾਂ ਨੂੰ ਦਵਾਇਆ ਜਾਵੇ ਤਾਂ ਜੋ ਉਹ ਲੋਕ ਕੁਝ ਆਪਣੀ ਹਿੰਮਤ ਕਰਨ ਦੂਜੇ ਲੋਕਾਂ ਦੇ ਹੱਥਾਂ ਵਿਚ ਨਾ ਫਸਣ, ਆਪਣਾ ਮੈਟੀਰੀਅਲ ਇਸਤੇਮਾਲ ਕਰਨ, ਆਪਣੀ ਲੇਬਰ ਪਾਉਣਗੇ ਅਤੇ ਮੁਫਤ ਦੇ ਵਿਚ ਇਸ ਢੰਗ ਨਾਲ ਉਨ੍ਹਾਂ ਦੇ ਮਕਾਨ ਬਣਵਾਏ ਜਾਣ ਅਤੇ ਗਵਰਮੈਂਟ ਨੂੰ ਟੈਕਸ ਨਾ ਲਗਾਉਣਾ ਪਵੇ । ਜੋ ਬਜਟ ਪੇਸ਼ ਕੀਤਾ ਗਿਆ ਹੈ ਇਸ ਦੇ ਵਿਚ ਜਿੱਥੋਂ ਤਕ ਸਾਧਨ ਇਜਾਜ਼ਤ ਦਿੰਦੇ ਹਨ ਉਥੇ ਕਾਰਪੋਰੇਸ਼ਨ ਬਣਾਉਣੀ ਹੈ ਇਨ੍ਹਾਂ ਲੋਕਾਂ ਲਈ ਤਾਂ ਜੋ ਉਹ ਗਰੀਬ ਲੋਕ ਲੋਨ ਲੈ ਸਕਣ ਅਤੇ ਆਪਣਾ ਕਾਰੋਬਾਰ ਕਰ ਸਕਨ, ਉਨ੍ਹਾਂ ਨੂੰ ਪ੍ਰੋਡਕਟਿਵ ਐਂਪਲਾਏਮੈਂਟ ਮਿਲ ਸਕੇ । ਅਸੀਂ ਸਾਰਿਆਂ ਨੂੰ ਦੂਜਿਆਂ ਕੰਮਾਂ ਵਿਚ ਵੀ, ਤਾਲੀਮ ਵਿਚ ਵੀ ਸੌਖ ਦਿੱਤੀ ਹੈ ਕਿ ਇਹ ਲੋਕ ਤਾਲੀਮ ਵਿਚ ਅੱਗੇ ਆ ਸਕਣ ਅਤੇ ਜਿਹੜੇ ਮੁੰਡੇ ਗਰੀਬ ਹਨ ਪਰ ਲਾਇਕ ਹਨ, ਉਨ੍ਹਾਂ ਦੀਆਂ ਫੀਸਾਂ ਵੀ ਮੁਆਫ਼ ਹੋਣਗੀਆਂ, ਹਰੀਜਨਾਂ ਨੂੰ ਪਹਿਲਾਂ ਹੀ ਇਹ ਸਹੂਲਤਾਂ ਹਨ । ਅਸੀਂ ਇਹ ਕਰ ਦਿੱਤਾ ਕਿ ਇਨ੍ਹਾਂ ਲੋਕਾਂ ਨੂੰ ਪ੍ਰੋਡਕਟਿਵ ਐਂਪਲਾਂਏਮੈਂਟ ਮਿਲੇ । ਲੇਕਿਨ ਸਰਕਾਰ ਨੂੰ ਜੋ ਇਹ ਰੈਜ਼ੋਲਿਊਸ਼ਨ ਵਾਲੇ ਕਹਿਣ ਕਿ ਪਲਾਟਾਂ ਤੇ ਮਕਾਨ ਵੀ ਅਸੀਂ ਬਣਵਾ ਕੇ ਦੇਈਏ, ਜਿਹੜੀ ਕਿ ਰੈਜ਼ੋਲਿਊਸ਼ਨ ਦੀ ਵਰਡਿੰਗ ਹੈ, ਤਾਂ ਇਸ ਤੋਂ ਇਹ ਪਤਾ ਨਹੀਂ ਲਗਦਾ ਹੈ ਕਿ ਇਸ 20 ਪੁਵਾਇੰਟ ਪ੍ਰੋਗਰਾਮ ਨੂੰ ਫੇਲ੍ਹ ਕਰਨਾ ਚਾਹੁੰਦੇ ਹਨ ਜਾਂ ਕਾਮਯਾਬ ਕਰਨਾ ਚਾਹੁੰਦੇ ਹਨ । ਕਿਉਂਕਿ ਫੇਲ੍ਹ ਵੀ ਹੋ ਸਕਦਾ ਹੈ । ਜੇ ਅਸੀਂ ਰੈਜ਼ੋਲਿਊਸ਼ਨ ਦੀ ਭਾਸ਼ਾ ਨੂੰ ਵੇਖੀਏ ਤਾਂ 20 ਪੁਵਾਇੰਟ ਪ੍ਰੋਗਰਾਮ ਲਈ ਜੋ ਪੈਸਾ ਰਖਿਆ ਹੈ, ਉਸ ਦੇ ਵਿਚ ਕਮੀ ਹੋ ਜਾਵੇਗੀ ਅਤੇ ਟੈਕਸ ਲਗਾਉਣੇ ਪੈਣਗੇ ਅਤੇ ਪ੍ਰੋਗਰਾਮ ਫੇਲ ਹੋ ਜਾਵੇਗਾ । ਗਵਰਮੈਂਟ ਨੇ ਟੈਕਸ ਨਹੀਂ ਲਗਾਉਣੇ ਅਤੇ ਮੁਸ਼ਕਿਲ ਵਿਚ ਫਸ ਜਾਵੇਗੀ । ਇਸ ਰੈਜ਼ੋਲਿਊਸ਼ਨ ਦੇ ਵਿਚ ਇਹ ਵਰਡਿੰਗ ਹੈ :

'Government to take steps to formulate a scheme for the construction of free houses, free of cost for rural wage workers who are being provided free house sites in the State.'

Original with;
Punjab Vidhan Sabha
Digitized by;
Panjab Digital Library

ਯਾਨੀ ਜਿਨ੍ਹਾਂ ਨੂੰ ਅਸੀਂ ਮੁਫਤ ਪਲਾਟ ਦੇ ਰਹੇ ਹਾਂ ਉਨ੍ਹਾਂ ਵਾਸਤੇ ਕੋਈ ਸਕੀਮ ਬਣਾਈ ਜਾਵੇ ਅਤੇ ਮੁਫਤ ਘਰ ਬਣਾਏ ਜਾਣ ਅਤੇ ਫਰੀ ਆਫ ਕਾਸਟ ਬਣਾਏ ਜਾਣ । ਇਹ ਲੋਕ ਇਨ੍ਹਾਂ ਗਰੀਬਾਂ ਨੂੰ ਮੰਗਤਾ ਬਣਾਉਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਬੇਗੈਰਤੀ ਸਿਖਾਉਣਾ ਚਾਹੁੰਦੇ ਹਨ। ਇਹ ਲੋਕ ਮੰਗਤੇ ਨਹੀਂ ਹਨ, ਆਪਣੀ ਹਿੰਮਤ ਰਖਦੇ ਹਨ। ਉਨ੍ਹਾਂ ਲੋਕਾਂ ਦਾ ਪਿੰਡਾਂ ਦੀ ਪੰਚਾਇਤ ਲੈਂਡ ਵਿਚ ਹੱਕ ਸੀ, ਉਹ ਪਿੰਡਾਂ ਵਿਚ ਰਹਿੰਦੇ ਸਨ ਅਤੇ ਉਥੇ ਉਨ੍ਹਾਂ ਦਾ ਹੱਕ ਸੀ, ਉਹ ਹੱਕ ਉਨ੍ਹਾਂ ਨੂੰ ਦਿੱਤਾ ਹੈ। ਜਿਨ੍ਹਾਂ ਨੂੰ ਅਜੇ ਜ਼ਮੀਨ ਨਹੀਂ ਦਿੱਤੀ ਗਈ, ਉਨ੍ਹਾਂ ਵਾਸਤੇ ਐਕੁਆਇਰ ਕਰਕੇ ਦੇ ਰਹੇ ਹਾਂ। ਇਹ ਇਕ ਬਹੁਤ ਵੱਡੀ ਚੀਜ਼ ਪੰਜਾਬ ਵਿਚ ਹੋਈ ਹੈ ਅਤੇ ਸਾਰੀਆਂ ਸਟੇਟਾਂ ਨਾਲੋਂ ਪਹਿਲਾਂ ਹੋਈ ਹੈ ਅਤੇ ਅਸੀਂ ਇਸ ਕੰਮ ਵਿਚ ਕਾਮਯਾਬ ਹੋਏ ਹਾਂ । ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਫਰਜ਼ ਕਰੋ ਫਰੀ ਆਫ ਕਾਸਟ ਹਾਊਸ ਅਗਰ ਬਣਾਏ ਜਾਣ ਤਾਂ ਪੀ.ਡਬਲਿਊ.ਡੀ. ਵਾਲੇ ਬਣਾਉਣਗੇ, ਇਸ ਤਰ੍ਹਾਂ ਦੀ ਬੂ ਇਸ ਰੈਜ਼ੋਲਿਊਸ਼ਨ ਤੋਂ ਆਉਂਦੀ ਹੈ । ਮੈਂ ਸਮਝਦਾ ਹਾਂ ਕਿ ਅਗਰ ਰੈਜ਼ੋਲਿਊਸ਼ਨ ਇਹ ਹੁੰਦਾ ਕਿ ਕੋਆਪਰੇ-ਟਿਵ ਅਦਾਰਿਆਂ ਤੋਂ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਲੋਨ ਮਿਲੇ ਅਤੇ ਜਿਹੜਾ ਉਸ ਰੁਪਏ ਦਾ ਸੂਦ ਹੋਵੇ ਉਸ ਨੂੰ ਸਰਕਾਰ ਸਬਸਿਡਾਈਜ਼ ਕਰੇ ਤਾਂ ਸਹੀ ਰੈਜ਼ੋਲਿਊਸ਼ਨ ਦੀ ਬੂ ਆਉਂਦੀ ਅਤੇ ਇਹ ਰੈਜ਼ੋਲਿਊਸ਼ਨ ਗਰੀਬ ਲੋਕਾਂ ਨੂੰ ਪਲਾਟ ਮਿਲਣ ਦੀ ਸ਼ਲਾਘਾ ਕਰਦਾ ਤਾਂ ਚੰਗਾ ਸੀ । ਚਾਹੀਦਾ ਤਾਂ ਇਹ ਹੈ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਇਸ ਕਾਬਲ ਬਣਾਇਆ ਕਿ ਉਹ ਆਪਣੀ ਮਿਹਨਤ ਕਰਕੇ ਜਿਹੜਾ ਲੋਕਲ ਰਾਅ-ਮੈਟੀਰੀਅਲ ਹੈ. ਜਿਹੜਾ ਅਵੇਲੇਬਲ ਹੈ ਉਸ ਨੂੰ ਇਸਤੇਮਾਲ ਕਰਕੇ ਆਪਣੇ ਮਕਾਨ ਬਣਾਉਣ । ਜਿਸ ਤਰ੍ਹਾਂ ਕੇਰਲਾ ਵਿਚ ਕੀਤਾ ਗਿਆ ਹੈ, ਮੈਂ ਉਥੇ ਮਕਾਨ ਵੇਖ ਕੇ ਆਇਆ ਹਾਂ, ਗਵਰਮੈਂਟ ਆਫ ਇੰਡੀਆ ਤੋਂ ਪੈਸਾ ਲੈਕੇ, ਮਿਹਨਤ ਕਰਕੇ—ਲਕੜੀ ਉਥੇ ਫਾਰੈਸਟ ਵਗੈਰਾ ਦੀ ਬਹੁਤ ਸੀ—ਕੋਆਪਰੇਟਿਵ ਦੇ ਮਹਿਕਮੇ ਦੀ ਮਦਦ ਲੈ ਕੇ ਮਕਾਨ ਬਣਾਏ । ਕੋਈ ਐਸਾ ਰੈਜ਼ੋਲਿਊਸ਼ਨ ਆਉਂਦਾ ਤਾਂ ਸਮਝਿਆ ਜਾਂਦਾ ਕਿ ਸਿਆਸੀ ਮਕਸਦ ਠੀਕ ਹੈ ਅਤੇ ਗਵਰਮੈਂਟ ਨੂੰ ਕਿਸੇ ਆਕਵਰਡ ਪੋਜ਼ੀਸ਼ਨ ਵਿਚ ਪੁੱਟ ਕਰਨਾ ਨਹੀਂ । ਮੇਰੇ ਨਾਲ ਹਾਊਸ ਸਹਿਮਤ ਹੋਵੇਗਾ ਕਿ ਅਸੀਂ ਪਲਾਟਾਂ ਦਾ ਕੰਮ ਜਲਦੀ ਤੋਂ ਜਲਦੀ ਮੁਕੰਮਲ ਕਰੀਏ ਅਤੇ ਗਿਆਨੀ ਜ਼ੈਲ ਸਿੰਘ ਜੀ ਨੂੰ ਮੁਬਾਰਕਬਾਦ ਦੇਈਏ ਕਿ ਪੰਜਾਬ ਨੇ ਇਸ ਮਾਮਲੇ ਵਿਚ ਬਹੁਤ ਹੀ ਅੱਛਾ ਕੰਮ ਕੀਤਾ ਹੈ । ਅਤੇ 19 ਪਵਾਇੰਟ ਜਿਹੜੇ ਹੋਰ ਪ੍ਰਾਈਮ ਮਨਿਸਟਰ ਸਾਹਿਬਾ ਦੇ ਪ੍ਰੋਗਰਾਮ ਵਿਚ ਹਨ ਉਨ੍ਹਾਂ ਨੂੰ ਵੀ ਜਲਦੀ ਜਲਦੀ ਮੁਕੰਮਲ ਕਰਨ ਵਾਸਤੇ ਪੰਜਾਬ ਦੇ ਅੰਦਰ ਪੈਸਾ ਲਭਿਆ ਜਾਵੇ ਜਿਥੋਂ ਵੀ ਲਭਦਾ ਹੈ ਤਾਂਕਿ ਜੋ ਬਜਟ ਵਿਚ ਪੈਸਾ ਰਖਿਆ ਹੈ, ਉਸ ਨਾਲ ਵੀਕਰ ਸੈਕਸ਼ਨਜ਼ ਵਾਸਤੇ, ਪਿੰਡਾਂ ਔਰ ਸ਼ਹਿਰਾਂ ਵਾਸਤੇ ਉਸ ਦੇ ਮੁਤਾਬਿਕ ਬਜਟ ਤੇ ਕਾਮਯਾਬੀ ਨਾਲ ਅਮਲ ਹੋਵੇ ਅਤੇ ਹੋਰ ਟੈਕਸ ਨਾ ਲਗਾਉਣੇ ਪੈਣ । ਕੋਆਪਰੇਟਿਵ ਸੋਸਾਇਟੀਆਂ ਤੋਂ ਰੁਪਿਆ, ਫਾਈਨਾਂਸ਼ਲ ਇੰਸਟੀਚਿਊਸ਼ਨਜ਼, ਕੋਆਪਰੇਟਿਵ ਅਦਾਰਿਆਂ ਰਾਹੀਂ ਇਨ੍ਹਾਂ ਲੋਕਾਂ ਦੀ ਮਦਦ ਕਰਾਂਗੇ ਅਤੇ ਸੂਦ ਸਬਸਿਡਾਈਜ਼ ਕਰਾਂਗੇ । ਪਰ ਇਹ ਰੈਜ਼ੋਲਿਊਸ਼ਨ ਤਾਂ ਇਨ੍ਹਾਂ ਲੋਕਾਂ ਨੂੰ ਇਹ ਕਹਿਣ ਦਾ ਮੌਕਾ ਦੇਵੇਗਾ ਕਿ ਗਵਰਮੈਂਟ ਪਲਾਟ ਗਰੀਬਾਂ ਨੂੰ ਦਿੱਤੇ ਤਾਂ ਕੀ ਦਿੱਤੇ. ਮਕਾਨ ਬਣਾ ਕੇ ਨਹੀਂ ਦਿੱਤੇ ਅਤੇ ਗਵਰਮੈਂਟ ਕੀ ਕਰਦੀ ਫਿਰਦੀ ਹੈ, ਇਸ ਗੱਲ ਦਾ ਲੋਕਾਂ ਵਿਚ ਪ੍ਰਚਾਰ ਕੀਤਾ ਜਾਵੇਗਾ । ਇਸ ਕਰਕੇ ਮੈਂ ਕਹਾਂਗਾ ਕਿ ਇਸ ਤਰ੍ਹਾਂ ਦਾ ਰੈਜ਼ੋਲਿਊਸ਼ਨ ਨਹੀਂ ਸੀ ਲਿਆਉਣਾ ਚਾਹੀਦਾ। ਇਸ ਦੇ ਨਾਲ ਤਾਂ ਇੰਪੀਰੀਅਲਿਸਟਸ ਇਸ ਐਮਰਜੈਂਸੀ ਨੂੰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਤੇ 20 ਪਵਾਇੰਟ ਪ੍ਰੋਗਰਾਮ ਨੂੰ ਫੇਲ ਕਰਨਾ ਚਾਹੁੰਦੇ ਹਨ ਅਤੇ 20 ਪਵਾਇੰਟ ਪ੍ਰੋਗਰਾਮ ਦੀ ਮਦਦ ਨਹੀਂ ਕਰਨਾ ਚਾਹੁੰਦੇ । ਜ਼ਰਾ ਦੁਬਾਰਾ ਸੋਚੋ ਕਿ ਇਸ ਦਾ ਮਤਲਬ ਕੀ ਹੈ, ਇਹ ਰੈਜ਼ੋਉਲਿਸ਼ਨ ਦਾ ਅਤੇ ਜਿਹੜਾ ਸ੍ਰੀਮਤੀ ਇੰਦਰਾ ਗਾਂਧੀ ਜੀ, ਪ੍ਰਧਾਨ ਮੰਤਰੀ ਜੀ ਦਾ ਪ੍ਰੋਗਰਾਮ ਹੈ, ਉਸ ਦੇ ਇਹ ਰੈਜ਼ੋਲਿਊਸ਼ਨ ਉਲਟ ਹੈ। ਕੁਝ ਲੋਕ ਇਸ ਗੱਲ ਦਾ ਪਰਾਪੇਗੰਡਾ ਕਰਨਗੇ ਕਿ ਸਰਕਾਰ ਨੇ ਕੀ ਕੀਤਾ ਹੈ, ਕੁਝ ਨਹੀਂ ਕੀਤਾ, ਮਕਾਨ ਤਾਂ ਬਣਾ ਕੇ ਨਹੀਂ ਦਿੱਤੇ ਅਤੇ ਗਰੀਬਾਂ ਵਿਚ ਫਰੱਸਟ੍ਰੇਸ਼ਨ ਫੈਲਾਉਣਗੇ ਅਤੇ ਇਹ ਇੰਪੀਰੀਅਲਿਜ਼ਮ ਨੂੰ ਹਵਾ ਦੇਣਗੇ ਜੋ ਸੀ. ਆਈ. ਏ. ਚਾਹੁੰਦੀ ਹੈ, ਉਹ ਕਰਨਗੇ ਅਤੇ ਲੋਕਾਂ ਵਿਚ ਇਹ ਚੀਜ਼ ਫੈਲਾਣਾ ਚਾਹੁੰਦੇ ਹਨ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਵਿਚ 20 ਪਵਾਇੰਟ ਪ੍ਰੋਗਰਾਮ ਤੇ ਕੋਈ ਅਮਲ ਨਹੀਂ ਹੋ ਰਿਹਾ । ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਠੀਕ ਨਹੀਂ ਅਤੇ ਇਸ ਤਰ੍ਹਾਂ ਦਾ ਰੈਜ਼ੋਲਿਊਸ਼ਨ ਨਹੀਂ ਸੀ ਲਿਆਉਣਾ ਚਾਹੀਦਾ । ਫਿਰ ਕਹਿਣਗੇ ਕਿ ਪੀ.ਡਬਲਿਊ.ਡੀ. ਇਸ ਦੇ ਵਿਚ ਕਿਸ ਤਰ੍ਹਾਂ ਆ ਗਈ ਹੈ । ਮਕਾਨ ਕੌਣ ਬਣਾ ਕੇ ਦੇਵੇਗਾ ? ਰੈਜ਼ੋਲਿਊਸ਼ਨ ਦੀ ਵਰਡਿੰਗ ਇਸ ਤਰ੍ਹਾਂ ਦੀ ਹੈ ਕਿ ਜੇ ਮਕਾਨ ਬਣਾਏ ਜਾਣ ਤਾਂ ਗਵਰਮੈਂਟ ਦਾ ਮਹਿਕਮਾ ਪੀ.ਡਬਲਿਊ.ਡੀ. ਹੀ ਬਣਾਏਗਾ । ਫਿਰ ਇਹ ਕਹਿਣਗੇ ਕਿ ਉਹ ਪੈਸੇ ਖਾ ਗਏ ਅਤੇ ਫਿਰ ਉਹੀ ਪ੍ਰਾਪੇਗੰਡੇ ਵਾਲੀ ਗੱਲ ਕਰਨਗੇ । ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਸ ਤਰ੍ਹਾਂ ਚਲਣਾ ਚਾਹੀਦਾ ਹੈ ਕਿ ਅਸੀਂ ਮੰਜ਼ਿਲ ਤੇ ਪੁੱਜ ਜਾਈਏ, ਕਿਤੇ ਰਸਤੇ ਵਿਚ ਹੀ ਨਾ ਰਹਿ ਜਾਈਏ । ਅਸੀਂ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੈ । ਇਨ੍ਹਾਂ ਦੇ ਇਸ ਰੈਜ਼ੋਲਿਊਸ਼ਨ ਦਾ ਤਾਂ ਮਤਲਬ ਸਾਫ ਹੈ ਕਿ ਗਵਰਮੈਂਟ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਡਿਸਕ੍ਰੈਡਿਟ ਮਿਲੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੀ. ਡਬਲਿਊ. ਡੀ. ਦਾ ਮਹਿਕਮਾ ਹੀ ਇਹ ਕੰਮ ਕਰੇਗਾ ਹੋਰ ਕੌਣ ਕਰੇਗਾ ਅਤੇ ਫਿਰ ਇਹ ਕਹਿਣਗੇ ਕਿ ਸੀਮੈਂਟ ਖਾ ਗਏ, ਮੈਟੀਰੀਅਲ ਖਾ ਗਏ । ਇਸ ਰੈਜ਼ੋਲਿਊਸ਼ਨ ਦੀ ਵਰਡਿੰਗ, ਅਗਰ ਮੈਂ ਗਲਤ ਨਹੀਂ ਤਾਂ ਇਹ ਹੈ— if I am not wrong, if I understand English. I again re-iterate the words of the resolution "a scheme for the construction of free houses, free of cost."

ਇਹ ਨਹੀਂ ਚਾਹੁੰਦੇ ਕਿ ਅਸੀਂ ਠੀਕ ਤਰੀਕੇ ਨਾਲ ਆਪਣੀ ਮੰਜ਼ਿਲੇ-ਮਕਸੂਦ ਤਕ ਪੁੱਜੀਏ । ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਐਮਰਜੈਂਸੀ ਲਗਾ ਕੇ ਕੁਝ ਬੰਦਿਆਂ ਨੂੰ ਜੇਲ੍ਹ ਵਿਚ ਭੇਜਿਆ ਗਿਆ, ਪਰ ਉਹ ਅੰਦਰੋਂ ਹੀ ਅੰਦਰੋਂ ਆਪਣੀਆਂ ਐਕਟੀਵਿਟੀਜ਼ ਚਾਲੂ ਰੱਖ ਰਹੇ ਹਨ ਅਤੇ ਬੰਦ ਨਹੀਂ ਕੀਤੀਆਂ । ਉਨ੍ਹਾਂ ਨੂੰ ਕਰੱਸ਼ ਕਰਨਾ ਮੁਸ਼ਕਿਲ ਨਹੀਂ । ਉਹ ਲੋਕ ਇਹ ਚਾਹੁੰਦੇ ਹਨ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਮੁਲਕ ਵਿਚ ਮਾਯੂਸੀ ਫੈਲਾਈ ਜਾਵੇ ਅਤੇ ਫਰੱਸਟ੍ਰੇਸ਼ਨ ਫੈਲਾਈ ਜਾਵੇ ਪਰ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ।

ਹੁਣ ਅਗਰ ਇਸ ਦਾ ਕੰਸਟਰੱਕਟਿਵ ਪਹਿਲੂ ਵੇਖਿਆ ਜਾਵੇ ਤਾਂ ਇਸ ਤੋਂ ਬਾਅਦ ਇਹ ਹੋਵੇਗਾ ਕਿ ਇਹ ਸ਼ਹਿਰਾਂ ਵਲ ਆ ਜਾਣਗੇ ਕਿ ਸ਼ਹਿਰਾਂ ਵਿਚ ਫਰੀ ਪਲਾਟ ਦਿਉ, ਫਿਰ ਇਹ ਕਿਹਾ ਜਾਵੇਗਾ ਕਿ ਫਰੀ ਮਕਾਨ ਵੀ ਪਾਕੇ ਦਿਉ । ਸ਼ਹਿਰਾਂ ਦੀ ਜ਼ਮੀਨ ਦੇਣੀ ਫਿਰ ਉਸ ਤੇ ਮਕਾਨ ਪਾ ਕੇ ਦੇਣਾ, ਇਹ ਖੁਦ ਹੀ ਮਹਿਸੂਸ ਕਰਨ ਕਿ ਇਸ ਤਰ੍ਹਾਂ ਕੀ ਹੋਵੇਗਾ । ਫਿਰ ਜੇ ਪਲਾਟ ਫਰੀ ਦੇ ਦਿੱਤੇ ਜਾਣ ਅਤੇ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਮਕਾਨ ਪਾ

Original with;
Punjab Vidhan Sabha
Digitized by;
Panjab Digital Library

ਲਏ ਤਾਂ ਫਿਰ ਸਲੱਮ ਆ ਜਾਊ । ਫਿਰ ਇਥੇ ਇਹ ਕਿਹਾ ਜਾਵੇਗਾ ਕਿ ਸਲੱਮ ਕਲੀਅਰੈਂਸ ਲਈ ਪੈਸਾ ਦਿਉ, ਮਕਾਨ ਪਾਉਣ ਲਈ ਪੈਸਾ ਦਿਉ, ਬੇਕਾਰ ਜਿਹੜੇ ਹਨ ਉਨ੍ਹਾਂ ਨੂੰ ਅਨਇਮਪਲਾਇਮੈਂਟ ਅਲਾਊਂਸ ਦਿਉ । ਮੈਂ ਪੁੱਛਦਾ ਹਾਂ ਕਿ ਇਸ ਤਰ੍ਹਾਂ ਨਾਲ ਉਹ ਪੈਸਾ ਕਿੱਥੋਂ ਆਏ । ਇਸ ਲਈ ਮੈਂ ਇਨ੍ਹਾਂ ਨੂੰ ਸੁਜੈਸੱਟ ਕਰਦਾ ਹਾਂ ਕਿ ਹੈਲਦੀ ਆਪੋਜੀਸ਼ਨ ਕਰੋ ਅਤੇ ਹੈਲਦੀ ਆਪੋਜ਼ੀਸ਼ਨ ਐਸੀ ਹੋਣੀ ਚਾਹੀਦੀ ਹੈ ਕਿ ਉਹ ਲੋਕਾਂ ਨੂੰ ਮਜ਼ਬੂਤ ਕਰੇ, ਗਰੀਬਾਂ ਨੂੰ ਮਜ਼ਬੂਤ ਬਣਾਏ । ਉਨ੍ਹਾਂ ਗ਼ਰੀਬ ਲੋਕਾਂ ਨੂੰ ਇਸ ਕਾਬਲ ਬਣਾ ਦੇਵੇ ਕਿ ਉਹ ਆਪ ਮਿਹਨਤ ਕਰਕੇ ਮਕਾਨ ਪਾ ਸਕਣ । ਇਹ ਉਨ੍ਹਾਂ ਦੀ ਮਦਦ ਕਰਨ ਤਾਂਕਿ ਪ੍ਰਧਾਨ ਮੰਤਰੀ ਦਾ ਜਿਹੜਾ 20 ਪੁਆਇੰਟ ਪ੍ਰੋਗਰਾਮ ਹੈ ਉਹ ਫੇਲ੍ਹ ਨਾ ਹੋਵੇ ਉਸ ਨੂੰ ਨੁਕਸਾਨ ਨਾ ਹੋਵੇ ਅਤੇ ਬਜਟ ਤੇ ਵੀ ਜਿਹੜਾ ਕਿ ਹੁਣ ਪੇਸ਼ ਕੀਤਾ ਗਿਆ ਹੈ, ਇਸ ਤੇ ਵੀ ਦਬਾ ਨਾ ਪਵੇ । ਇਹ ਮਕਾਨ ਪਾਉਣ ਲਈ ਉਥੋਂ ਦੀਆਂ ਕੋਆਪਰੇਟਿਵ ਸੁਸਾਇਟੀਆਂ ਉਨ੍ਹਾਂ ਦੀ ਮਦਦ ਕਰਨ, ਸੈਲਫ ਹੈਲਪ ਨਾਲ ਆਪ ਵੀ ਪਾਉਣ, ਲੋਕਲ ਮੈਟੀਰੀਅਲ ਜਿਹੜਾ ਹੈ ਉਹ ਵਿਚ ਪਾਓ । ਜੇ ਇਸ ਤਰ੍ਹਾਂ ਕਰਨ ਤਾਂ ਫਿਰ ਜਾਕੇ ਅਸੀਂ ਇਹ ਕੰਮ ਆਪਣੇ ਹੱਥ ਵਿਚ ਲੈ ਸਕਦੇ ਹਾਂ । ਡਿਪਟੀ ਸਪੀਕਰ ਸਾਹਿਬ, ਕਈ ਜਗ੍ਹਾ ਕੋਆਪਰੇਟਿਵ ਸੁਸਾਇਟੀਆਂ ਨੇ ਇਸ ਕੰਮ ਲਈ ਲੋਨ ਦੇਣੇ ਸ਼ੁਰੂ ਵੀ ਕੀਤੇ ਹਨ । ਚੰਡੀਗੜ੍ਹ ਦੇ ਨੇੜੇ ਕਈ ਪਿੰਡ ਹਨ, ਮੈਂ ਆਪ ਵੇਖੇ ਹਨ, ਉਨ੍ਹਾਂ ਨੇ ਆਪ ਮਕਾਨ ਪਾਏ ਹਨ, ਲੋਕਲ ਮੈਟੀਰੀਅਲ ਉਥੇ ਪਾਇਆ ਹੈ, ਕਈ ਜਗ੍ਹਾ ਉਨ੍ਹਾਂ ਨੇ ਕੱਚੀਆਂ ਇੱਟਾਂ ਲਾਈਆਂ ਹਨ ਅਤੇ ਕਈ ਜਗ੍ਹਾ ਉਨ੍ਹਾਂ ਨੇ ਪਕੀਆਂ ਇੱਟਾਂ ਲਾਈਆਂ ਹਨ । ਕਈ ਇਕ ਮੰਜਲੇ ਪਾਏ ਹਨ ਅਤੇ ਕਈ 2 ਮੰਜ਼ਲੇ ਪਾਏ ਹਨ । ਇਸ ਕੰਮ ਲਈ ਉਨ੍ਹਾਂ ਨੇ ਆਪਣੀ ਮਦਦ ਆਪ ਕੀਤੀ ਹੈ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਫਰੀ ਪਲਾਟ ਦੇਣਾ ਅਸਾਨ ਨਹੀਂ । ਸ਼ਹਿਰਾਂ ਵਿਚ ਜ਼ਮੀਨ ਦੀ ਕੀਮਤ ਬਹੁਤ ਹੈ ਜੇ ਅਸੀਂ ਸ਼ਹਿਰਾਂ ਵਿਚ ਫਰੀ ਪਲਾਟ ਦੇਣ ਲਗੀਏ ਤਾਂ ਆਪਣੀ ਸਕੀਮ ਨੂੰ ਪੂਰਾ ਨਹੀਂ ਕਰ ਸਕਾਂਗੇ । ਇਸ ਤਰ੍ਹਾਂ ਕਰਨ ਨਾਲ ਤਾਂ ਅਸੀਂ ਆਪਣੀ ਐਗਰੀਕਲਚਰਲ ਲੈਂਡ ਨੂੰ ਹੀ ਖਾ ਜਾਵਾਂਗੇ । ਔਰ ਫਿਰ ਜੇ ਫਰੀ ਪਲਾਟ ਦਿੱਤੇ ਜਾਣ ਅਤੇ ਉਥੇ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਮਕਾਨ ਪਾ ਲਏ ਤਾਂ ਫਿਰ ਕੀ ਹੋਵੇਗਾ ਸਲੱਮ ਏਰੀਆ ਬਣ ਜਾਵੇਗਾ, ਸ਼ਹਿਰਾਂ ਵਿਚ ਸਲੱਮਜ਼ ਹੋਰ ਜ਼ਿਆਦਾ ਪੈਦਾ ਹੋਣਗੇ । ਇਸ ਲਈ ਮੈਂ ਇਨ੍ਹਾਂ ਨੂੰ ਦੱਸਣਾ ਦਿੰਦਾ ਹਾਂ, ਕਿ ਇਹ ਹੈਲਦੀ ਆਪੋਜੀਸ਼ਨ ਕਰਨ ਅਨ-ਹੈਲਦੀ ਕਰਨ ਵਾਲੇ ਇਥੇ ਹੈ ਹੀ ਨਹੀਂ, ਹੋ ਸਕਦਾ ਹੈ ਕਿ ਸ਼ਹਿਰਾਂ ਵਿਚ ਜਿਹੜੀ ਫਾਲਤੂ ਜ਼ਮੀਨ ਪਈ ਹੈ ਉਸ ਤੇ ਗੌਰਮਿੰਟ ਆਪਣਾ ਕਬਜ਼ਾ ਕਰੇ ਅਤੇ ਜਦੋਂ ਜ਼ਮੀਨ ਐਕੁਆਇਰ ਹੋ ਜਾਵੇ ਤਾਂ ਹਾਊਜ਼ਿੰਗ ਬੋਰਡ ਉਸ ਲਈ ਆਪਣਾ ਪ੍ਰਾਜੈਕਟ ਬਣਾਵੇ ਅਤੇ ਪ੍ਰਾਜੈਕਟ ਤਿਆਰ ਹੋ ਜਾਵੇ ਤਾਂ ਉਸ ਤੇ 5, 6 ਮੰਜ਼ਲੀਆਂ ਇਮਾਰਤਾਂ ਬਣਾਏ ਅਤੇ ਫਿਰ ਉਹ ਘਰ ਗਰੀਬ ਲੋਕਾਂ ਨੂੰ ਦਿੱਤੇ ਜਾਣ । ਉਨ੍ਹਾਂ ਗਰੀਬਾਂ ਤੇ ਜ਼ਿਆਦਾ ਬੋਝ ਨਾ ਪਾਇਆ ਜਾਵੇ ਬਲਕਿ 2, 4 ਰੁਪਏ ਮਾਹਵਾਰ ਕਿਰਾਏ ਤੇ 99 ਸਾਲ ਲਈ ਲੀਜ਼ ਕਰ ਦਿਤੇ ਜਾਣ ਤਾਂਕਿ ਉਨ੍ਹਾਂ ਗਰੀਬ ਲੋਕਾਂ ਤੇ ਕਿਸੇ ਤਰ੍ਹਾਂ ਬੋਝ ਵੀ ਨਾ ਪਵੇ । ਇਹ ਤਾਂ ਅਕੱਲਮੰਦੀ ਹੈ । ਸਾਡੇ ਪੰਜਾਬ ਵਿਚ ਹੋਰ ਵੀ ਕਈ ਅਕਲਮੰਦ ਆਦਮੀ ਹਨ । ਮੈਂ ਗਲਤ ਨਹੀਂ ਕਹਿੰਦਾ । Without showing any disrespect to any Member, our people are very able. There are able people outside this House also.

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਸ ਤਰ੍ਹਾਂ ਨਾਲ ਕੋਈ ਪ੍ਰੋਗਰਾਮ ਬਣਾ ਕੇ ਜੇ ਗਰੀਬ ਆਦਮੀਆਂ ਨੂੰ ਮਕਾਨ ਦਿੱਤੇ ਜਾਣ ਤਾਂ ਹੀ ਉਨ੍ਹਾਂ ਨੂੰ ਫਾਇਦਾ ਹੋ ਸਕਦਾ ਹੈ। ਕਿਸੇ ਨੂੰ 2 ਕਮਰੇ ਕਿਸ ਨੂੰ ਇਕ ਕਮਰਾ ਉਨ੍ਹਾਂ ਦੀ ਹੈਸੀਅਤ ਦੇ ਮੁਤਾਬਿਕ 99 ਸਾਲਾਂ ਲਈ ਉਨ੍ਹਾਂ ਨੂੰ ਦਿਤਾ ਜਾਵੇ ਔਰ 2 ਜਾਂ 4 ਰੁਪਏ ਕਿਰਾਇਆ 99 ਸਾਲਾਂ ਵਿਚ ਰੀਕਵਰ ਕੀਤਾ ਜਾਵੇ ਤਾਂ ਜੋ ਮਜ਼ਦੂਰ ਨੂੰ ਵੀ ਮਕਾਨ ਮਿਲ ਜਾਵੇ ਅਤੇ ਕਿਰਾਇਆ ਵੀ ਸਬਸਿਡਾਈਜ਼ਡ ਹੋਵੇ।

ਡਿਪਟੀ ਸਪੀਕਰ ਸਾਹਿਬ, ਸ਼ਹਿਰਾਂ ਵਿਚ ਪਲਾਟ ਦੇਣਾ ਮੁਸ਼ਕਲ ਹੈ। ਸਾਡੀ ਪ੍ਰਾਇਮ ਮਨਿਸਟਰ ਦਾ ਜਿਹੜਾ 20 ਪੁਆਇੰਟ ਪ੍ਰੋਗਰਾਮ ਹੈ ਅਤੇ ਉਨ੍ਹਾਂ ਦੇ ਚੇਲੇ ਗਿਆਨੀ ਜ਼ੈਲ ਸਿੰਘ ਜੀ ਇਸ ਨੂੰ ਲਾਗੂ ਕਰਨ ਵਿਚ ਬਹੁਤ ਪਹਿਲ ਕਰ ਰਹੇ ਹਨ, ਉਸ 20 ਪੁਆਇੰਟ ਪ੍ਰੋਗ੍ਰਾਮ ਵਿਚ ਵੀ ਸ਼ਹਿਰਾਂ ਵਿਚ ਮਕਾਨ ਪਾਉਣ ਦਾ ਕੋਈ ਜ਼ਿਕਰ ਨਹੀਂ, ਉਸ ਵਿਚ ਪਿੰਡਾਂ ਦਾ ਹੀ ਜ਼ਿਕਰ ਕੀਤਾ ਗਿਆ ਹੈ। ਜਿਸ ਵੇਲੇ ਇਹ 20 ਨੁਕਾਤੀ ਪ੍ਰੋਗ੍ਰਾਮ ਪੂਰਾ ਹੋ ਜਾਵੇਗਾ ਫਿਰ ਹੋਰ ਪ੍ਰੋਗ੍ਰਾਮ ਬਣਾਕੇ ਸ਼ਹਿਰਾਂ ਵਿਚ ਵੀ ਮਕਾਨ ਜਾਂ ਪਲਾਟ ਦੇਣ ਲਈ ਸੋਚਿਆ ਜਾ ਸਕਦਾ ਹੈ। ਪਿੰਡਾਂ ਵਿਚ ਮਕਾਨਾਂ ਦਾ ਮਸਲਾ ਹੱਲ ਹੋ ਜਾਵੇ ਫਿਰ ਸ਼ਹਿਰਾਂ ਵਿਚ ਵੀ ਜਿਹੜੀ ਹਾਊਸਿੰਗ ਪਰਾਬਲਮ ਹੈ ਉਸ ਲਈ ਵੀ ਹਾਊਜ਼ਿੰਗ ਬੋਰਡ ਬਣਾ ਕੇ,, ਮਿਊਂਸੀਪਲ ਕਮੇਟੀਆਂ ਰਾਹੀਂ ਜਾਂ ਅਰਬਨ ਇਸਟੇਟ ਮਹਿਕਮੇ ਰਾਹੀਂ ਐਸੀਆਂ ਸਕੀਮਾਂ ਬਣਾਈਆਂ ਜਾਣ ਜਿਨ੍ਹਾਂ ਨਾਲ ਸ਼ਹਿਰਾਂ ਵਿਚ ਜੋ ਮਕਾਨ ਲੈਣ ਵਾਲੇ ਹਨ ਉਨ੍ਹਾਂ ਨੂੰ 99 ਸਾਲਾਂ ਵਿਚ 4, 4 ਰੁਪਏ ਕਰਾਇਆ ਦੇ ਕੇ ਜਿਹੜੇ ਕਿ ਬਹੁਤ ਗਰੀਬ ਆਦਮੀ ਹਨ ਅਤੇ ਇਕੱਠੇ ਪੈਸੇ ਨਹੀਂ ਦੇ ਨਹੀਂ ਦੇ ਸਕਦੇ-ਉਹ ਵੀ ਮਾਲਕ ਬਣ ਸਕਣ। (ਤਾੜੀਆਂ) ਔਰ ਜੋ ਇਹ ਤਜਵੀਜ਼ ਦੇਣ ਕਿ 99 ਸਾਲਾਂ ਵਿਚ ਮਕਾਨ ਦੇ ਦਿਉ ਤਦ ਵੀ ਕੋਈ ਗੱਲ ਸਮਝ ਆ ਸਕਦੀ ਹੈ ਭਾਵੇਂ ਬਣਾ ਦੇਈਏ ਅਸੀਂ ਵੀਹ ਸਾਲਾਂ ਵਿਚ ਜਾਂ ਦਸ ਸਾਲਾਂ ਵਿਚ। ਲੇਕਿਨ ਕੋਈ ਸਕੀਮ ਹੁੰਦੀ ਹੈ, ਸਕੀਮ ਦੀ ਕੋਈ ਇਕਾਨੋਮੀ ਹੁੰਦੀ ਹੈ, ਸਕੀਮ ਦੀ ਫਾਈਨੈਂਸ਼ਿਅਲ ਸਾਊਂਡਨੈੱਸ ਹੁੰਦੀ ਹੈ, ਹਰ ਸਕੀਮ ਦੀ ਕੋਈ ਨਾ ਕੋਈ ਪੁਲਟੀਕਲ ਸਟ੍ਰੈਟੇਜੀ ਹੁੰਦੀ ਹੈ ਜਿਸ ਦਾ ਦੇਸ਼ ਦੀ ਤਰੱਕੀ ਨਾਲ ਸਬੰਧ ਹੁੰਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਐਸੀਆਂ ਸਕੀਮਾਂ ਮੂੰਹੋਂ ਨਹੀਂ ਕਢਣੀਆਂ ਚਾਹੀਦੀਆਂ ਜਿਹੜੀਆਂ ਕਿ ਪ੍ਰਧਾਨ ਮੰਤਰੀ ਦੇ 20 ਪੁਆਇੰਟ ਪ੍ਰੋਗਰਾਮ ਨੂੰ ਕਮਜ਼ੋਰ ਕਰਨ। ਇਸ ਲਈ ਹੁਣ ਮੈਂ ਆਸ ਕਰਦਾ ਹਾਂ ਕਿ ਜੋ ਪ੍ਰੋਗਰਾਮ ਪੰਜਾਬ ਸਰਕਾਰ ਨੇ ਬਣਾਇਆ ਹੈ ਔਰ ਜੋ ਕੰਮ ਗਰੀਬਾਂ ਦੀ ਮਦਦ ਲਈ ਹੈ, ਉਸ ਨੂੰ ਮੇਰੇ ਦੋਸਤ ਖਰਾਬ ਨਾ ਕਰਨ। ਮਕਾਨ ਬਣਾਉਣ ਦੀ ਇਮਦਾਦ ਕਰਨ ਵਿਚ ਪੰਜਾਬ ਸਰਕਾਰ ਦੀ ਕਦੇ ਢਿੱਲ ਨਹੀਂ ਹੋਵੇਗੀ। ਪੰਜਾਬ ਹਮੇਸ਼ਾਂ ਹੀ ਬਾਕੀ ਸਾਰਿਆਂ ਸੂਬਿਆਂ ਨਾਲੋਂ ਅੱਗੇ ਹੀ ਰਿਹਾ ਹੈ ਅਤੇ ਹੁਣ ਵੀ ਅੱਗੇ ਹੀ ਰਹੇਗਾ, ਪਿੱਛੇ ਨਹੀਂ ਜਾਵੇਗਾ। (ਤਾੜੀਆਂ)

**ਕਾਮਰੇਡ ਰਾਜ ਕੁਮਾਰ :** ਪੁਆਇੰਟ ਆਫ਼ ਇਨਫਾਰਮੇਸ਼ਨ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਸੀ. ਪੀ. ਆਈ ਦੇ ਮੈਂਬਰ ਬੈਠੇ ਹਨ। ਔਰ ਕਾਂਗਰਸ ਦੇ ਵੀ ਮੈਂਬਰ ਬੈਠੇ ਹਨ ਐਫ. ਐਮ. ਸਾਹਿਬ ਦਾ ਕਹਿਣ ਦਾ ਜਿਹੜਾ ਪੁਆਇੰਟ ਸੀ, ਜਿਹੜਾ ਇਸ਼ਾਰਾ ਸੀ ਉਹ ਸਿਚੂਏਸ਼ਨ ਨੂੰ ਇੰਟਰਪ੍ਰੈਟ ਕਰਨ ਵਲ ਹੈ। ਉਨ੍ਹਾਂ ਨੇ ਆਪਣੀ ਸਪੀਚ ਵਿਚ ਇਕ ਲੰਬਾ ਚੌੜਾ ਅਟੈਕ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਜਿਸ ਵਕਤ ਸਾਡੀ ਪਾਰਟੀ ਦੀ ਤਰਫੋਂ ਇਹ ਮਾਮਲਾ

Original with:
Punjab Vidhan Sabha
Digitized by:
Panjab Digital Library

ਉਠਾਇਆ ਗਿਆ ਕਿ ਗੌਰਮਿੰਟ ਨੇ ਕੁਝ ਨਹੀਂ ਕੀਤਾ ਔਰ ਅਸੀਂ ਜੋ ਕੁਝ ਕਰ ਰਹੇ ਹਾਂ ਉਹ ਮਹਿਜ਼ ਝੰਡੀ ਪਰਚਾਰ ਵਾਸਤੇ ਕਰ ਰਹੇ ਹਾਂ ਜਿਸ ਦਾ ਕਿ ਇਸ ਐਨੇ ਵਡੇ ਭਾਸ਼ਣ ਵਿਚ ਇਸਤੇਮਾਲ ਕੀਤਾ ਗਿਆ ਹੈ ।

**ਵਿੱਤ ਮੰਤਰੀ :** ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਜਿਹੜੀਆਂ 5, 6 ਸਪੀਚਾਂ ਸੁਣੀਆਂ ਹਨ ਉਨ੍ਹਾਂ ਨੂੰ ਸੁਣ ਕੇ ਉਨ੍ਹਾਂ ਦਾ ਰੈਫਰੈਂਸ ਕੀਤਾ ਹੈ। ਇਥੇ ਬਾਰ ਬਾਰ ਇਹ ਕਿਹਾ ਗਿਆ ਕਿ ਫ਼ਰਦਰੈਂਸ ਆਫ਼ 20 ਪੁਆਇੰਟ ਪ੍ਰੋਗਰਾਮ, ਪਰ ਮੈਂ ਇਹ ਕਹਿੰਦਾ ਹਾਂ ਕਿ ਪਹਿਲੇ ਜਿਹੜਾ 20 ਪੁਆਇੰਟ ਪ੍ਰੋਗਰਾਮ ਬਣਿਆ ਹੈ ਉਸ ਨੂੰ ਤਾਂ ਇੰਪਲੀਮੈਂਟ ਕਰੋ । ਫਿਰ ਜਿਸ ਵੇਲੇ ਇਹ 20 ਪੁਆਇੰਟ ਪ੍ਰੋਗ੍ਰਾਮ ਪੂਰਾ ਹੋ ਗਿਆ ਤਾਂ ਅਸੀਂ ਕਹਾਂਗੇ ਕਿ 11 ਪੁਆਇੰਟ ਪ੍ਰੋਗ੍ਰਾਮ ਹੋਰ ਲੈ ਲਉ । (ਹਾਸਾ)

(ਇਸ ਵੇਲੇ ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ ਨੂੰ ਬੋਲਣ ਲਈ ਕਾਲ ਅਪੋਨ ਕੀਤਾ ਗਿਆ ਪਰ ਹੋਰ ਵੀ ਕਈ ਮੈਂਬਰਜ਼ ਬੋਲਣ ਲਈ ਖੜ੍ਹੇ ਹੋ ਗਏ)

**ਸ੍ਰੀ ਡਿਪਟੀ ਸਪੀਕਰ :** Please resume your seats. ਬੀਬੀ ਜੀ ਨੂੰ ਸੁਣ ਲਉ । (ਵਿਘਨ)

**ਕਾਮਰੇਡ ਰਾਜ ਕੁਮਾਰ :** ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਕ ਵੱਜ ਚਲਿਆ ਹੈ ਅਸੀਂ ਕਈ ਮੈਂਬਰਜ਼ ਹਾਲੇ ਬੋਲਣਾ ਚਾਹੁੰਦੇ ਹਾਂ । ਅਸੀਂ ਇਹ ਸਾਰੇ ਪੁਆਇੰਟ ਕਲੀਅਰ ਕਰਨੇ ਹਨ । ਇਥੇ ਸੀ. ਪੀ. ਆਈ ਨੂੰ ਨੇਮ ਕੀਤਾ ਗਿਆ ਹੈ। ਅਸੀਂ ਬੋਲਣਾ ਚਾਹੁੰਦੇ ਹਾਂ, ਇਸ ਲਈ ਟਾਈਮ ਵਧਾ ਦਿਉ ।

**ਸ੍ਰੀ ਪ੍ਰੇਮ ਗੁਪਤਾ (ਪਟਿਆਲਾ) :** ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਜਿਹੜਾ ਆਨਰੇਬਲ ਮੈਂਬਰ ਨੇ ਪੇਸ਼ ਕੀਤਾ ਹੈ ......

**ਸ੍ਰੀ ਡਿਪਟੀ ਸਪੀਕਰ :** ਗੁਪਤਾ ਜੀ, ਪੰਜ ਮਿੰਟ ਵਾਸਤੇ ਬੋਲ ਲਵੋ ।

**ਸ੍ਰੀ ਪ੍ਰੇਮ ਗੁਪਤਾ :** ਡਿਪਟੀ ਸਪੀਕਰ ਸਾਹਿਬ, ਹੋਰਨਾਂ ਉਪਰ ਪਾਬੰਦੀ ਨਹੀਂ ਲਗਦੀ, ਮੇਰੇ ਉਪਰ ਕਿਉਂ ਲਗ ਜਾਂਦੀ ਹੈ ।

**ਸ੍ਰੀ ਡਿਪਟੀ ਸਪੀਕਰ :** ਥੋੜ੍ਹੇ ਟਾਈਮ ਵਿਚ ਬਹੁਤ ਕੁਝ ਕਿਹਾ ਜਾਵੇ ਤਾਂ ਠੀਕ ਹੈ।

**ਸ੍ਰੀ ਪ੍ਰੇਮ ਗੁਪਤਾ :** ਮੈਨੂੰ ਸ਼ੁਰੂ ਤਾਂ ਕਰਨ ਦਿਉ ਜੀ । ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਆਨਰੇਬਲ ਮੈਂਬਰ ਸੱਘੜ ਸਿੰਘ ਜੀ ਨੇ ਜਿਹੜਾ ਮੂਵ ਕੀਤਾ ਹੈ ਇਸ ਦੇ ਬਾਰੇ ਮੈਂ ਦੋ ਚਾਰ ਗੱਲਾਂ ਕਹਿਣੀਆਂ ਚਾਹਵਾਂਗਾ । ਜਿੱਥੋਂ ਤਕ ਤਾਂ ਡਿਪਟੀ ਸਪੀਕਰ ਸਾਹਿਬ, ਘਰਾਂ ਦਾ ਮਾਮਲਾ ਹੈ, ਹਰ ਸ਼ਖਸ ਪਾਸ ਘਰ ਹੋਣਾ ਚਾਹੀਦਾ ਹੈ । ਘਰਾਂ ਵਾਸਤੇ ਸਾਧਨ ਕਿਹੜੇ ਕਿਹੜੇ ਹੋਣੇ ਚਾਹੀਦੇ ਹਨ, ਮੈਂ ਯੂ. ਐਨ. ਓ. ਦੀ ਰਿਪੋਰਟ ਪੜ੍ਹ ਰਿਹਾ ਸੀ । ਉਸ ਦੀ ਓਪਨਿੰਗ ਲਾਈਨ ਇਹ ਸੀ :-

"Home is the cherished wish of the individual"

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਇਸ ਦਾ ਮਤਲਬ ਹੈ ਕਿ ਹਰ ਇਕ ਇਨਸਾਨ ਦੀ ਇਹ ਇਕ ਬੜੀ ਖਾਹਿਸ਼ ਹੁੰਦੀ ਹੈ ਕਿ ਉਸ ਦਾ ਆਪਣਾ ਮਕਾਨ ਹੋਵੇ। ਸਰਕਾਰ ਦਾ, ਵੈਲਫੇਅਰ ਸੋਸਲਿਸਟ ਗੌਰਮਿੰਟਾਂ ਦਾ ਇਹ ਇਕ ਫ਼ਰਜ ਹੁੰਦਾ ਹੈ ਕਿ ਮਕਾਨ ਬਣਾਉਣ ਦੇ ਸਾਧਨਾਂ ਵਿਚ ਉਹ ਲੋਕਾਂ ਦੀ ਸਹਾਇਤਾ ਕਰੇ। ਸ਼ਰਮਾ ਜੀ ਨੇ ਡਿਟੇਲ ਦੇ ਵਿਚ ਇਸ ਰੈਜ਼ੋਲਿਊਸ਼ਨ ਦੀ ਇਲੈਬੋਰੇਸ਼ਨ ਕੀਤੀ ਹੈ ਇਹ ਗੱਲ ਛੋਟੀ ਨਹੀਂ ਹੈ, ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਅੱਜ ਪ੍ਰਾਈਮ ਮਨਿਸਟਰ ਦੇ 20 ਨੁਕਾਤੀ ਪ੍ਰੋਗਰਾਮ ਦੇ ਵਿਚ ਇਸ ਗੱਲ ਦੀ ਬੜੀ ਹੀ ਅਹਿਮੀਅਤ ਹੈ ਕਿ ਪਿੰਡਾਂ ਦੇ ਵਿਚ ਜਿਹੜੇ ਬੇਘਰੇ ਲੋਕ ਸਨ ਉਨ੍ਹਾਂ ਨੂੰ ਕੁਝ ਪਲਾਟ ਦਿੱਤੇ ਜਾਣ ਤਾਂਕਿ ਉਹ ਮਕਾਨ ਬਣਾ ਸਕਣ ਲੇਕਿਨ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਪੰਜਾਬ ਦੀ ਸਰਕਾਰ ਨੇ ਗਿਆਨੀ ਜ਼ੈਲ ਸਿੰਘ ਜੀ ਦੀ ਰਹਿਨੁਮਾਈ ਦੇ ਵਿਚ ਇਹ ਪ੍ਰੋਗਰਾਮ ਆਉਣ ਤੋਂ ਪਹਿਲਾਂ ਇਥੇ ਪੰਜਾਬ ਦੇ ਲੋਕਾਂ ਨੂੰ ਘਰ ਦੇਣ ਵਾਸਤੇ ਇਸ ਪ੍ਰੋਗਰਾਮ ਨੂੰ ਲਾਗੂ ਕੀਤਾ। ਜਿਸ ਤਰ੍ਹਾਂ ਬੱਜਟ ਵਿਚ ਕਿਹਾ ਗਿਆ ਹੈ 3 ਲੱਖ ਵੀਹ ਹਜ਼ਾਰ ਪਲਾਟ ਦਿਹਾਤੀ ਏਰੀਏ ਵਿਚ ਦਿੱਤੇ ਗਏ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਪਲਾਟਾਂ ਨੂੰ ਦੇਣ ਵਾਸਤੇ ਜੋ ਕਠਨਾਈਆਂ ਆਈਆਂ, ਉਹ ਮੇਰੇ ਸਾਥੀਆਂ ਨੂੰ ਵੀ ਪਤਾ ਹੈ, ਆਮ ਲੋਕਾਂ ਨੂੰ ਵੀ ਪਤਾ ਹੈ। ਕਮੇਟੀਆਂ ਵੀ ਬਣਾਈਆਂ ਗਈਆਂ। ਲੇਕਿਨ ਪੰਜਾਬ ਵਿਚ ਕੁਝ ਲੋਕ ਨਹੀਂ ਚਾਹੁੰਦੇ ਸਨ ਕਿ ਗਰੀਬ ਆਦਮੀ ਦਾ ਆਪਣਾ ਮਕਾਨ ਹੋਵੇ। ਉਨ੍ਹਾਂ ਦੀ ਪੁਲਿਟੀਕਲ ਪਾਵਰ ਵੀ ਸੀ। ਉਹ ਵੈਸਟਿੱਡ ਇਨਟਰੈਸਟ, ਕਮਿਊਨਲ ਇੰਟਰੈਸੱਟ ਵੀ ਰਖਦੇ ਸੀ, ਰਸੂਖ ਵਾਲੇ ਵੀ ਸੀ। ਉਨ੍ਹਾਂ ਨੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਕਿਹਾ ਕਿ ਜ਼ਮੀਨ ਨਾ ਦਿਉ। ਮੈਂ ਮੁੱਖ ਤੌਰ ਤੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੇ ਦੋਸਤਾਂ ਨੇ ਪਿੰਡਾਂ ਵਿਚ ਜਾ ਕੇ ਸਰਪੰਚਾਂ ਨੂੰ ਕਿਹਾ ਕਿ ਅੱਜ ਤਕ ਜਿਹੜੇ ਲੋਕਾਂ ਨੂੰ ਕੰਮੀ ਕਹਿੰਦੇ ਸਨ, ਉਨ੍ਹਾਂ ਨੂੰ ਸਰਕਾਰ ਪਲਾਟ ਦੇ ਰਹੀ ਹੈ ਤਾਂਕਿ ਉਹ ਮਕਾਨਾਂ ਵਾਲੇ ਬਣ ਜਾਣ। ਜੇਕਰ ਉਹ ਬਰਾਬਰ ਆ ਜਾਣਗੇ ਤਾਂ ਠੀਕ ਨਹੀਂ ਹੋਵੇਗਾ। ਤੇ ਜੋ ਨਵੀਂ ਸਕੀਮ ਹੈ ਇਹ ਮਿਕਸਡ ਪਾਲਿਸੀ ਹੈ ਕਿਉਂਕਿ ਪਹਿਲਾਂ ਹਰੀਜਨਾਂ ਦੀਆਂ ਬਸਤੀਆਂ ਪਿੰਡ ਤੋਂ ਅਲੈਹਦਾ ਸਨ ਔਰ ਹਰੀਜਨਾਂ ਦੀਆਂ ਬਸਤੀਆਂ ਢਲਾਨ ਵਲ ਬਣਾਈਆਂ ਜਾਂਦੀਆਂ ਸਨ ਤਾਂਕਿ ਉਨ੍ਹਾਂ ਦੇ ਘਰਾਂ ਦਾ ਪਾਣੀ ਵੀ ਹੋਰ ਘਰਾਂ ਵਿਚ ਨਾਂ ਜਾ ਸਕੇ ਲੇਕਿਨ ਹੁਣ ਜਦੋਂ ਪਲਾਟ ਕੱਟੇ ਹਨ ਤਾਂ ਸਾਂਝੇ ਕੱਟੇ ਹਨ। ਜਿਹੜੇ ਮਕਾਨ ਬਣਾਉਣੇ ਹਨ, ਇਹ ਠੀਕ ਹੈ ਕਿ ਕਾਨੂੰਨੀ ਕੋਈ ਪਾਬੰਦੀ ਨਹੀਂ ਹੈ ਲੇਕਿਨ ਅਜੇ ਵੀ ਕਈ ਲੋਕਾਂ ਦੇ ਦਿਮਾਗਾਂ ਵਿਚ ਛੂਆ-ਛਾਤ ਵੜੀ ਹੋਈ ਹੈ। ਉਹ ਅਜੇ ਵੀ ਇਸ ਨੂੰ ਨਹੀਂ ਛੱਡਦੇ। ਇਹੋ ਜਿਹੇ ਜਿਹੜੇ ਲੋਕ ਹਨ ਉਹ ਸਾਂਝੀ ਵਸੋਂ ਵਿਚ ਮਕਾਨ ਨਹੀਂ ਬਣਾਉਣਾ ਚਾਹੁੰਦੇ। ਪਰ ਸਰਕਾਰ ਨੇ ਇਸ ਤਰ੍ਹਾਂ ਦੀ ਕੋਈ ਪਰਵਾਹ ਨਾ ਕਰਦੇ ਹੋਏ ਪਿੰਡਾਂ ਵਿਚ ਤ੍ਰਿੰਠ ਲੱਖ 20 ਹਜ਼ਾਰ ਪਰਵਾਰਾਂ ਨੂੰ ਪਲਾਟ ਦਿੱਤੇ ਹਨ ਔਰ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਚੀਫ਼ ਮਨਿਸਟਰ ਸਾਹਿਬ ਨੇ ਪਿਛਲੇ ਦਿਨਾਂ ਵਿਚ ਇਹ ਐਲਾਨ ਕੀਤਾ ਸੀ ਕਿ ਜੇਕਰ ਹੋਰ ਵੀ ਕੋਈ ਰਹਿ ਜਾਵੇਗਾ ਜਿਨ੍ਹਾਂ ਨੂੰ ਪਲਾਟ ਨਾ ਮਿਲੇ ਹੋਣ ਉਨ੍ਹਾਂ ਵਲ ਵੀ ਧਿਆਨ ਦੇਵਾਂਗੇ। ਸ਼ਰਮਾ ਜੀ ਨੇ ਅਰਬਨ ਏਰੀਏ ਦਾ ਜ਼ਿਕਰ ਕੀਤਾ ਹੈ। ਜੇਕਰ ਪਲਾਟ ਦਿਤੇ ਗਏ ਹਨ ਤਾਂ ਉਨ੍ਹਾਂ ਨੂੰ ਮਲਕੀਅਤ ਦੇ ਇਖ਼ਤਿਆਰ ਵੀ ਦਿੱਤੇ ਜਾਣਗੇ। ਕਿਉਂਕਿ ਜੇਕਰ ਕੋਈ ਗਰੀਬ ਆਦਮੀ ਮਕਾਨ ਬਣਾਉਣਾ ਚਾਹਵੇ, ਜੇਕਰ ਉਸ ਦੀ ਜ਼ਮੀਨ ਨਾ ਹੋਵੇ ਤਾਂ ਕੋਈ ਵੀ ਫ਼ਾਇਨਾਂਸ਼ਿਅਲ ਇੰਨਸਟੀਚਿਊਸ਼ਨ, ਕੋਈ ਵੀ ਬੈਂਕ, ਕੋਈ ਵੀ ਕੋਆਪ੍ਰੇਟਿਵ ਡਿਪਾਰਟਮੈਂਟ ਕਰਜ਼ਾ ਨਹੀਂ ਦੇ ਸਕਦਾ। ਇਸ ਕਰਕੇ ਪਲਾਟ ਜਿਹੜੇ ਕਿ ਅਲਾਟ ਕੀਤੇ ਗਏ ਹਨ ਉਹ ਉਨ੍ਹਾਂ ਦੇ ਨਾਂ ਉਤੇ

Original with;
Punjab Vidhan Sabha
Digitized by;
Panjab Digital Library

ਟਰਾਂਸਫਰ ਕੀਤੇ ਜਾਣ ਤਾਂਕਿ ਕਾਨੂੰਨੀ ਤੌਰ ਤੇ ਜਿਹੜੀ ਅੜਚਣ ਹੈ ਕਰਜ਼ਾ ਲੈਣ ਵਾਸਤੇ ਉਹ ਦੂਰ ਹੋ ਜਾਵੇ । ਆਪਣੀ ਮਲਕੀਅਤ ਵਿਖਾਕੇ ਕਰਜ਼ਾ ਵਗੈਰਾ ਅਰੇਂਜ ਕਰ ਕੇ ਜਾਂ ਹੋਰ ਵੀ ਜਿਹੜੇ ਕੋਈ ਉਸ ਦੇ ਸਾਧਨ ਹੋਣ ਉਨ੍ਹਾਂ ਨਾਲ ਉਹ ਮਕਾਨ ਬਣਾ ਸਕਣ ।

ਡਿਪਟੀ ਸਪੀਕਰ ਸਾਹਿਬ, ਇਸ ਬੱਜਟ ਵਿਚ ਵੀ ਜਿਕਰ ਕੀਤਾ ਗਿਆ ਹੈ, ਔਰ ਮੈਂ ਵੀ ਜਿਕਰ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕਿਤਨੀਆਂ ਹੀ ਏਜੰਸੀਆਂ ਹਨ ਜਿਹੜੀਆਂ ਕਿ ਮਕਾਨ ਬਣਾ ਰਹੀਆਂ ਹਨ ਹਾਊਸਿੰਗ ਬੋਰਡ ਹੈ, ਇੰਮਪਰੂਵਮੈਂਟ ਟਰੱਸਟ ਹੈ ਔਰ ਹੋਰ ਕਈ ਮਹਿਕਮੇ ਹਨ ਇਸ ਬੱਜਟ ਦੇ ਵਿਚ ਵੀ ਉਨ੍ਹਾਂ ਲਈ ਪ੍ਰਾਗਰੈਸਿਵਲੀ ਪੈਸੇ ਵਧਾਏ ਹਨ ਤਾਂਕਿ ਅਰਬਨ ਏਰੀਆ ਵਿਚ ਵੀ ਹਾਇਰ-ਪਰਚੇਜ਼ ਉਤੇ ਮਕਾਨ ਬਣਾ ਕੇ ਦਿੱਤੇ ਜਾਣ । ਲੇਕਿਨ ਮੇਰਾ ਸੁਝਾਓ ਹੈ ਕਿ ਤਿੰਨ ਚਾਰ ਸ਼ਹਿਰ ਹਨ, ਜਿਸ ਤਰ੍ਹਾਂ ਕਿ ਲੁਧਿਆਣਾ ਹੈ ਰਾਜਪੁਰਾ ਹੈ, ਸਹਿਬਜ਼ਾਦਾ ਅਜੀਤ ਸਿੰਘ ਨਗਰ ਹੈ ਜਾਂ ਹੋਰ ਦੋ ਤਿੰਨ ਵੱਡੇ ਵੱਡੇ ਸ਼ਹਿਰ ਹਨ, ਲੋੜ ਜਿਹੜੀ ਹੈ ਮਕਾਨਾਂ ਦੀ, ਇਸ ਗੱਲ ਨੂੰ ਮੱਦੇ ਨਜ਼ਰ ਰੱਖ ਕੇ ਕਿ ਬੈਲੈਂਸ ਠੀਕ ਰਹੇ, ਜਿਹੜੇ ਛੋਟੇ ਕਸਬੇ ਹਨ ਉਥੇ ਵੀ ਇਹ ਸਕੀਮਾਂ ਹੋਣੀਆਂ ਚਾਹੀਦੀਆਂ ਹਨ । ਜਿਹੜੇ ਸਬਵਰਸਿਵ ਐਕਟੀਵਿਟੀਜ਼ ਕਰਦੇ ਹਨ, ਉਨ੍ਹਾਂ ਨੂੰ ਕੰਟ੍ਰੋਲ ਕਰਨਾ ਚਾਹੀਦਾ ਹੈ । ਮੈਨੂੰ ਖੁਸ਼ੀ ਹੈ ਕਿ ਪੰਜਾਬ ਦੀ ਸਰਕਾਰ ਨੇ ਹਰ ਮਾਮਲੇ ਵਿਚ ਦੇਸ਼ ਦੀ ਰਹਿਨੁਮਾਈ ਕੀਤੀ ਹੈ । ਇਸ ਪ੍ਰੋਗਰਾਮ ਦੀ ਪ੍ਰਾਗਰੈਸਿਵ ਇੰਪਲੀਮੈਂਟੇਸ਼ਨ ਹੋ ਰਹੀ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਵੀ ਕਈਆਂ ਪਾਸ ਮਕਾਨ ਨਹੀਂ ਹੈ, ਉਥੇ ਚਾਹੇ ਪਲਾਟ ਦੇਣ ਦਾ ਪ੍ਰਬੰਧ ਕੀਤਾ ਜਾਵੇ, ਚਾਹੇ ਹਾਇਰ- ਪਰਚੇਜ਼ ਉਤੇ ਹਾਊਸ ਬਣਾਉਣ ਪਰ ਛੇਤੀ ਬਣਾਉਣੇ ਚਾਹੀਦੇ ਹਨ । ਮੈਂ ਇਕ ਗੱਲ ਦਾ ਜ਼ਰੂਰ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਐਮਰਜੈਂਸੀ ਤੋਂ ਬਾਅਦ ਜਿਸ ਤਰ੍ਹਾਂ ਕਿਹਾ ਗਿਆ ਸੀ ਕਿ ਐਨਕਰੋਚਮੈਂਟਾਂ ਦੂਰ ਕਰਨੀਆਂ ਹਨ, ਉਹ ਨਹੀਂ ਹੋ ਰਹੀਆਂ । ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਕੁਝ ਰੈਵਨਿਊ ਡਿਪਾਰਟਮੈਂਟ ਦੇ ਅਫ਼ਸਰਾਂ ਨੇ ਠੀਕ ਕੰਮ ਨਹੀਂ ਕੀਤਾ । ਇਹ ਗੱਲ ਸਰਕਾਰ ਦੇ ਨੋਟਿਸ ਵਿਚ ਲਿਆਂਦੀ ਗਈ ਹੈ ਲੇਕਿਨ ਇਸ ਦੀ ਇੰਪਲੀਮੈਂਟੇਸ਼ਨ ਵਾਸਤੇ ਸਲੱਮਜ਼ ਰਿਮੂਵ ਕਰਨ ਵਾਸਤੇ, ਕਲੋਨੀਜ਼ ਠੀਕ ਕਰਨ ਵਾਸਤੇ ਐਨਕਰੋਚਮੈਂਟਾਂ ਠੀਕ ਕਰਨ ਵਾਸਤੇ ਕੋਈ ਠੋਸ ਕੰਮ ਨਹੀਂ ਕੀਤਾ ਜਾ ਰਿਹਾ । ਅਗਰ ਕਿਸੇ ਪਾਸ ਦੋ ਦੋ ਏਕੜ ਜ਼ਮੀਨ ਨਜਾਇਜ਼ ਕਬਜ਼ੇ ਹੇਠ ਹੋਵੇ ਤਾਂ ਵੀ ਉਸਨੂੰ ਖਾਲੀ ਕਰਾਉਣ ਦਾ ਯਤਨ ਨਹੀਂ ਕੀਤਾ ਜਾਂਦਾ । ਕੁਝ ਇਸ ਤਰ੍ਹਾਂ ਪੁਲਿਸ ਅਫਸਰਾਂ ਪਾਸ ਹਨ, ਕੁਝ ਦੂਜੇ ਅਫ਼ਸਰਾਂ ਪਾਸ ਹਨ, ਲੈਂਡਲਾਰਡਜ਼ ਪਾਸ ਹਨ ਪਰ ਜਦੋਂ ਵੀ ਕਦੇ ਖਾਲੀ ਕਰਵਾਉਣ ਦੀ ਗੱਲ ਆਉਂਦੀ ਹੈ ਤਾਂ ਕਿਸੇ ਖੋਖੇ ਵਾਲੇ ਨੂੰ ਉਜਾੜਨਗੇ, ਕਿਸੇ ਝੌਂਪੜੀ ਵਾਲੇ ਨੂੰ ਉਜਾੜਨਗੇ । (ਘੰਟੀ) ਬਸ, ਡਿਪਟੀ ਸਪੀਕਰ ਸਾਹਿਬ, ਮੈਂ ਖਤਮ ਕਰਨ ਲਗਾ ਹਾਂ ਜੀ । ਠੀਕ ਹੈ ਸਲੱਮਜ਼ ਨਹੀਂ ਹੋਣੇ ਚਾਹੀਦੇ । ਇਨਵਾਇਰਮੈਂਟਲ ਸਕੀਮ ਚਲਦੀ ਸੀ ਲੇਕਿਨ ਕੁਝ ਕਾਲੋਨੀਜ਼ ਹਨ । ਲੋਕਾਂ ਨੇ ਮਿਹਨਤ ਨਾਲ ਆਪਣੇ ਮਕਾਨ ਬਣਾਏ । ਲੇਕਿਨ ਅਨਐਪਰੂਵਡ ਕਾਲੋਨੀਜ਼ ਰੱਖੀਆਂ ਵੀ ਹਨ । ਮੈਂ ਦਰਖਾਸਤ ਕਰਾਂਗਾ ਕਿ ਉਨ੍ਹਾਂ ਲੋਕਾਂ ਨੂੰ ਇੰਸੈਂਟਿਵ ਪ੍ਰੋਵਾਈਡ ਕਰਨਾ ਚਾਹੀਦਾ ਹੈ ਤਾਂਕਿ ਉਹ ਲੋਕ ਆਪਣੇ ਮਕਾਨ ਜਲਦੀ ਬਣਾ ਸਕਣ । ਜਿਹੜੀਆਂ ਅਨਐਪਰੂਵਡ ਕਾਲੋਨੀਜ਼ ਹਨ ਮਜਮੂਈ ਤੌਰ ਤੇ ਮਕਾਨ ਬਣਾ ਕੇ, ਉਹ ਐਪਰੂਵ ਕਰਕੇ ਫ਼ਰਦਰ ਇਨਸੈਨਟਿਵ ਦੇਣਾ ਚਾਹੀਦਾ ਹੈ ਤਾਕਿ ਸਰਕਾਰ ਦੀ ਕੋਆਪ੍ਰੇਸ਼ਨ ਦੇਣ ਨਾਲ ਲੋਕ ਆਪਣੇ ਜ਼ਹਿਨ ਦੇ ਵਿਚ ਇਸ ਚੀਜ਼ ਨੂੰ ਬਿਠਾ ਲੈਣਗ ਕਿ ਸਾਨੂੰ ਸਰਕਾਰ ਮੱਦਦ ਦੇ ਰਹੀ ਹੈ ਔਰ ਉਹ ਆਪਣੀਆਂ ਪ੍ਰਾਬਲਮਜ਼ ਹੱਲ ਕਰ ਸਕਣਗੇ । (ਘੰਟੀ)

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਡਿਪਟੀ ਸਪੀਕਰ ਸਾਹਿਬ, ਮੈਂ ਕਲੋਜ਼ ਕਰ ਰਿਹਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਇਹ ਕੋਈ ਕੁਆਰਟਰਜ਼ ਹਨ। ਉਨ੍ਹਾਂ ਵਿਚ ਸਰਕਾਰੀ ਲੋਕ ਵੀਹ ਵੀਹ ਸਾਲਾਂ ਦੇ ਰਹਿੰਦੇ ਹਨ। ਜਿਸ ਤਰ੍ਹਾਂ ਹਾਊਸਿੰਗ ਬੋਰਡ ਦੀ ਹਾਊਸ ਬਣਾ ਕੇ ਹਾਇਰ-ਪਰਚੇਜ਼ ਉਤੇ ਦੇਣ ਦੀ ਸਕੀਮ ਹੈ, ਇਹ ਵੀ ਉਸ ਤਰ੍ਹਾਂ ਹੀ ਦਿੱਤੇ ਜਾਣ। ਉਨ੍ਹਾਂ ਵਿਚ ਜਿਹੜੇ ਜਿਹੜੇ ਕਰਮਚਾਰੀ ਰਹਿੰਦੇ ਹਨ ਉਨ੍ਹਾਂ ਦੀ ਇਹ ਮਕਾਨ ਦੀ ਸਮੱਸਿਆ ਹੱਲ ਹੋ ਜਾਵੇਗੀ। ਇਹ ਉਨ੍ਹਾਂ ਨੂੰ ਹਾਇਰ-ਪਰਚੇਜ਼ ਬੇਸਿਜ਼ ਉਤੇ ਆਸਾਨ ਕਿਸਤਾਂ ਉਤੇ ਦਿੱਤੇ ਜਾਣ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਜਿਸ ਤਰ੍ਹਾਂ ਸਰਕਾਰ ਨੇ ਵੀਕਰ ਸੈਕਸ਼ਨ ਨੂੰ ਖੁਸ਼ਹਾਲ ਕਰਨ ਵਾਸਤੇ ਕਦਮ ਚੁੱਕੇ ਹਨ ਆਉਣ ਵਾਲੇ ਸਮੇਂ ਵਿਚ ਵੀ ਸਰਕਾਰ ਇਸ ਤਰ੍ਹਾਂ ਕਰਦੀ ਰਹੇਗੀ। ਔਰ ਜਿਹੜਾ ਮਕਾਨ ਬਣਾਉਣ ਦਾ ਕੰਮ ਹੈ, ਸਰਕਾਰ ਮੈਟੀਰੀਅਲ ਸਪਲਾਈ ਕਰ ਦੇਵੇਗੀ ਲੋਹਾ ਸਪਲਾਈ ਕਰੇਗੀ ਸੀਮਿੰਟ ਦੇਵੇਗੀ ਔਰ ਹੋਰ ਸਹੂਲਤਾਂ ਦੇਵੇਗੀ ਜਿਸ ਨਾਲ ਕਿ ਮਕਾਨ ਬਣਾਉਣੇ ਸੌਖੇ ਹੋ ਜਾਣਗੇ। ਪਹਿਲਾ ਸਾਲ ਤਾਂ ਮੈਟੀਰੀਅਲ ਦੀ ਸ਼ਾਰਟੇਜ ਦਾ ਸਾਲ ਸੀ। ਸਰਕਾਰ ਭਾਵੇਂ ਹਾਊਸਿੰਗਜ਼ ਕਨਸਟ੍ਰਕਿਸ਼ਨ ਸੋਸਾਇਟੀਆਂ ਰਾਹੀਂ, ਚਾਹੇ ਕੋਆਪ੍ਰੇਟਿਵ ਡਿਪਾਰਟਮੈਂਟ ਰਾਹੀਂ ਬਣਵਾਏ ਲੇਕਿਨ ਇਹ ਜ਼ਰੂਰ ਬਣਾ ਕੇ ਦੇਣੇ ਚਾਹੀਦੇ ਹਨ। ਇਨ੍ਹ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

**ਭਗਤ ਗੁਰਾਂ ਦਾਸ ਹੰਸ** (ਸ਼ਾਮ ਚੌਰਾਸੀ) : ਡਿਪਟੀ ਸਪੀਕਰ ਸਾਹਿਬ, ਇਹ ਮਤਾ ਜਿਹੜਾ ਕਾਮਰੇਡ ਸੱਘੜ ਸਿੰਘ ਜੀ ਨੇ ਲਿਆਂਦਾ ਹੈ। ਮੈਂ ਇਸ ਤੋਂ ਬੋਲਣ ਲਈ ਖੜ੍ਹਾ ਹੋਇਆ ਹਾਂ। ਮੈਂ ਹੁਣੇ ਹੀ ਚੌਧਰੀ ਦਰਸ਼ਨ ਸਿੰਘ ਜੀ ਦੀ ਤਕਰੀਰ ਸੁਣੀ ਹੈ। ਉਹ ਬੜੀ ਅਸਰਦਾਰ ਸੀ। ਇਹ ਬੜੇ ਅਸਰ-ਅੰਦਾਜ਼ ਹੋਏ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬੜੀਆਂ ਅੱਛੀਆਂ ਗੱਲਾਂ ਕੀਤੀਆਂ ਹਨ। ਮਾਸਟਰ ਗੁਰਬਤਾ ਸਿੰਘ ਜੀ ਇਸ ਵੇਲੇ ਇਥੇ ਬੈਠੇ ਨਹੀਂ ਹਨ; ਉਹ ਉਸ ਵੇਲੇ ਮੈਂਬਰ ਨਹੀਂ ਸਨ ਸਿਰਫ ਹਰੀਜਨਾਂ ਦੇ ਲੀਡਰ ਸਨ। ਇਹ 30-40 ਸਾਲ ਪੁਰਾਣੀ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਕਦੇ ਕਦੇ ਪਿੰਡਾਂ ਵਿਚ ਜਾ ਕੇ ਜ਼ਲਸੇ ਕਰਨੇ, ਗਾਨੇ ਗਾਉਣੇ। (ਹਾਸਾ) ਜਦੋਂ ਇਨ੍ਹਾਂ ਲੀਡਰਾਂ ਨੇ ਤਕਰੀਰਾਂ ਕਰਨੀਆਂ, ਉਸ ਵੇਲੇ ਅੰਗਰੇਜ਼ਾਂ ਦੀ ਸਰਕਾਰ ਦਾ ਰਾਜ ਸੀ (ਚੌਧਰੀ ਜਗਤ ਰਾਮ ਜੀ ਵਲੋਂ ਵਿਘਨ) ਉਸ ਵੇਲੇ ਸ੍ਰੀ ਮੰਗੂ ਰਾਮ ਅਤੇ ਮਾਸਟਰ ਜੀ ਲੀਡਰ ਸਨ। ਇਹ ਗੌਰਮਿੰਟ ਦੇ ਪਾਸ ਇਹ ਮਤਾਲਬਾ ਕਰਦੇ ਸੀ ਕਿ ਉਸ ਵੇਲੇ ਜੋ ਇੰਤਕਾਲ ਅਰਾਜ਼ੀ ਦਾ ਐਕਟ ਸੀ ਇਹ ਕਹਿੰਦੇ ਸਨ ਉਸ ਨੂੰ ਮਨਸੂਖ ਕੀਤਾ ਜਾਵੇ; ਜੇਕਰ ਨਹੀਂ ਕਰਨਾਂ ਤਾਂ ਸਾਨੂੰ 2 ਜਾਂ 3 ਮਰਲੇ ਜ਼ਮੀਨ ਖ਼ਰੀਦਣ ਦਾ ਹੱਕ ਜ਼ਰੂਰ ਹੋਵੇ। ਮਗਰ ਡਿਪਟੀ ਸਪੀਕਰ ਸਾਹਿਬ, ਚਮੜਾ ਰੰਗਣ ਵਾਲੇ ਅਤੇ ਬੈਕਵਰਡ ਕਲਾਸ਼ਿਜ਼ ਦੇ ਜਿਹੜੇ ਲੋਕ ਸਨ ਉਨ੍ਹਾਂ ਦੇ ਨਾਂ ਜ਼ਮੀਨ ਨਹੀਂ ਸੀ ਲੱਗ ਸਕਦੀ। ਹੁਣ ਉਹ ਜ਼ਿਮੀਦਾਰਾਂ ਦੀ ਤਰ੍ਹਾਂ ਰਹਿੰਦੇ ਹਨ ਅਤੇ ਜ਼ਮੀਨ ਉਨ੍ਹਾਂ ਦੇ ਪਾਸ ਹੈ। (ਤਾੜੀਆਂ) ਪਹਿਲੇ ਕਿਸੇ ਨੇ ਵਿਚਾਰ ਤੱਕ ਨਹੀਂ ਸੀ ਕੀਤਾ ਕਿ ਜਿਹੜੇ ਗਰੀਬ ਲੋਕ ਹਨ ਕਮ-ਸ-ਕਮ ਉਨ੍ਹਾ ਨੂੰ ਮੁਫਤ ਤਾਂ ਨਹੀਂ ਪਰ ਮੁੱਲ ਹੀ ਖ਼ਰੀਦਣ ਦਾ ਹੱਕ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਇਕ ਵਾਰ ਜਲੰਧਰ ਗਿਆ ਸਾਂ ਜਦੋਂ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋਈ ਸੀ। ਉਦੋਂ ਮੈਨੂੰ ਇਕ ਗ਼ਰੀਬ ਆਦਮੀ ਕਹਿਣ ਲਗਾ ਕਿ ਮੈਂ 4 ਮਰਲੇ ਜ਼ਮੀਨ ਲਈ ਸੀ ਔਰ ਮਕਾਨ ਬਣਾ ਕੇ ਇਕ ਮੁਸਲਮਾਨ ਦੇ ਨਾਂ ਕੀਤੀ ਸੀ ਪਰ ਹੁਣ ਪਾਕਿਸਤਾਨ ਬਣ ਗਿਆ ਹੈ ਔਰ ਮੁਸ਼ਕਿਲ ਹੋ ਗਈ ਹੈ ਕਿ ਮੇਰਾ ਮਕਾਨ ਮੁਸਲਮਾਨ ਦੇ ਨਾਂ ਨਿਕਲਦਾ ਹੈ। ਪੈਸੇ ਮੈਂ ਖਰਚੇ ਹਨ, ਪਰ ਸਰਕਾਰ ਕਹਿੰਦੀ ਹੈ ਕਿ ਤੂੰ ਕੁਝ ਨਹੀਂ ਕਰ ਸਕਦਾ। ਅੱਜ ਮੈਨੂੰ ਖੁਸ਼ੀ ਹੈ ਕਿ 3 ਲੱਖ ਲਕਾਂ ਨੂੰ ਗੌਰਮਿੰਟ ਨੇ ਪਲਾਟ ਦਿੱਤੇ ਹਨ। ਉਸ ਵੇਲੇ ਨੂੰ ਯਾਦ ਕਰਦੇ ਹਾਂ ਕਿ ਕਿਥੇ

Original with;
Punjab Vidhan Sabha
Digitized by;
Panjab Digital Library

ਸਾਨੂੰ 4 ਮਰਲੇ ਜ਼ਮੀਨ ਖਰੀਦਣ ਦਾ ਹੱਕ ਨਹੀਂ ਸੀ । ਕਿਤਨਾ ਸਮੇਂ ਨੇ ਪਲਟਾ ਖਾਧਾ ਹੈ । ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਜਾਓ ਤਾਂ ਤੁਹਾਨੂੰ ਕਈ ਆਦਮੀ ਫੁੱਟ-ਪਾਥ ਤੇ ਸੌਂਦੇ ਨਜ਼ਰ ਆਉਣਗੇ ਔਰ ਉਹ ਉਥੇ ਹੀ ਮਰ ਜਾਂਦੇ ਹਨ । ਉਹ ਸਾਰੀ ਉਮਰ ਇਹ ਨਹੀਂ ਕਹਿ ਸਕਦੇ ਕਿ ਸਾਡਾ ਵੀ ਕੋਈ ਮਕਾਨ ਜਾਂ ਝੌਂਪੜੀ ਹੈ ਇਸ ਦੁਨੀਆਂ ਵਿਚ । ਅੱਜ ਸਾਡੇ ਸੂਝ-ਬੂਝ ਰੱਖਣ ਵਾਲੇ ਵਿੱਤ ਮੰਤਰੀ ਸਾਹਿਬ ਨੇ ਸਾਢੇ ਸੱਤ ਕਰੋੜ ਰੁਪਿਆ ਇਸ ਮਤਲਬ ਵਾਸਤੇ ਰਖਿਆ ਹੈ ਤਾਂਕਿ ਜਿਹੜੇ ਸ਼ਹਿਰਾਂ ਵਿਚ ਗ਼ਰੀਬ ਲੋਕ ਰਹਿੰਦੇ ਹਨ ਉਨ੍ਹਾਂ ਦਾ ਵੀ ਸੁਧਾਰ ਕੀਤਾ ਜਾਵੇ ਮੈਂ ਕਹਿੰਦਾ ਹਾਂ ਕਿ ਕਈ ਨੁਕਤਾਚੀਨੀ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਦੋ ਭਰਾ ਹੋਣ, ਇਕ ਨੇ ਚੰਗੇ ਕਪੜੇ ਪਾਏ ਹੋਣ ਔਰ ਉਹ ਸੁਖੀ ਹੋਵੇ ਅਤੇ ਇਸ ਦੇ ਨਾਲ ਦੂਜਾ ਛੋਟਾ ਭਰਾ ਤਨ ਤੋਂ ਨੰਗਾ ਹੋਵੇ ਤਾਂ ਵੱਡਾ ਭਰਾ ਆਪਣੇ ਆਪ ਨੂੰ ਚੰਗਾ ਕਹਿਲਾਉਣ ਦਾ ਕੋਈ ਹੱਕ ਨਹੀਂ ਰਖਦਾ ਜਦੋਂ ਤਕ ਛੋਟਾ ਭਰਾ ਵੀ ਚੰਗੇ ਕਪੜੇ ਨਹੀਂ ਪਾਉਂਦਾ (ਘੰਟੀ) ਕਈ ਆਪੋਜ਼ੀਸ਼ਨ ਪਾਰਟੀਆਂ ਵਾਲੇ ਰੋਟੀ, ਕਪੜਾ, ਅਤੇ ਮਕਾਨ ਦੀ ਮੰਗ ਕਰਦੇ ਹਨ । ਇਸ ਤਰ੍ਹਾਂ ਸਾਡੇ ਇਕ ਸੋਸ਼ਲਿਸਟ ਪਾਰਟੀ ਦਾ ਇਕ ਭਰਾ ਕਹਿੰਦਾ ਹੁੰਦਾ ਸੀ ਕਿ ਸਾਨੂੰ ਤਾਂ ਰੋਟੀ, ਕਪੜਾ ਅਤੇ ਮਕਾਨ ਦੀ ਜ਼ਰੂਰਤ ਹੈ । ਤਾਂ ਮੈਂ ਉਨ੍ਹਾਂ ਨੂੰ ਕਹਿਣ ਲਗਾ ਕਿ ਮਿਉਨਿਸਪੈਲਟੀ ਦੀ ਨੌਕਰੀ ਕਰ ਲਓ ਉਥੇ ਤੁਹਾਨੂੰ ਵਰਦੀ ਮਿਲ ਜਾਂਦੀ ਹੈ, ਰੋਟੀ ਦੇ ਵਾਸਤੇ ਤਨਖਾਹ ਮਿਲ ਜਾਂਦੀ ਹੈ, ਰਹਿਣ ਦੇ ਵਾਸਤੇ ਸਰਕਾਰ ਮਕਾਨ ਮੁਫ਼ਤ ਦੇ ਦੇਂਦੀ ਹੈ । ਤਾਂ ਉਹ ਹੱਸ ਕੇ ਕਹਿਣ ਲੱਗਾ ਕਿ ਤੁਸੀਂ ਤਾਂ ਸਾਡੇ ਨਾਲ ਮਜ਼ਾਕ ਕਰਦੇ ਹੋ । ਅੱਜ ਉਨ੍ਹਾਂ ਨੂੰ ਮਕਾਨ ਮਿਲ ਰਹੇ ਹਨ । ਸਰਕਾਰ ਦਾ ਜਿਹੜਾ ਚੰਗਾ ਕੰਮ ਹੁੰਦਾ ਹੈ ਉਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ । ਗੌਰਮਿੰਟ ਨੇ ਕਈ ਸੋਸਾਇਟੀਆਂ ਬਣਾਈਆ ਹਨ, ਇੰਮਪਰੂਵਮੈਂਟ ਟਰੱਸਟ ਬਣਾਏ ਹਨ । ਕਿਉਂ ਬਣਾਏ ਸਿਰਫ਼ ਇਨ੍ਹਾਂ ਨੂੰ ਇਸ ਕਰਕੇ ਬਣਾਇਆ ਹੈ ਤਾਂਕਿ ਲੋਕਾਂ ਨੂੰ ਸਹੂਲਤਾਂ ਮਿਲ ਸਕਣ । ਜਿਹੜੇ ਗ਼ਰੀਬ ਲੋਕ ਹਨ ਉਨ੍ਹਾਂ ਨੂੰ ਜਿਸ ਤਰ੍ਹਾਂ ਫ਼ਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਕਿ ਮਾਮੂਲੀ ਕਿਸ਼ਤਾਂ ਵਿਚ ਮਕਾਨ ਮਿਲਣੇ ਹਨ । ਕਈ ਲੋਕ ਤਾਂ ਇਸ ਗੱਲ ਨੂੰ ਮੰਨਣ ਨੂੰ ਹੀ ਤਿਆਰ ਨਹੀਂ ਹੁੰਦੇ ਕਿ ਸਰਕਾਰ ਗਰੀਬਾਂ ਦਾ ਭਲਾ ਕਰ ਰਹੀ ਹੈ ਲੇਕਿਨ ਸਾਡੇ ਉਤੇ ਜੋ ਅਹਿਸਾਨ ਗੌਰਮਿੰਟ ਨੇ ਕੀਤਾ ਹੈ ਜਾਂ ਕਰ ਰਹੀ ਹੈ ਅਸੀਂ ਉਸ ਦੇ ਸਦਾ ਅਹਿਸਾਨਮੰਦ ਹਾਂ । (ਥੰਪਿੰਗ) ਜਿਨ੍ਹਾਂ ਲੋਕਾਂ ਵੱਲ ਕਿਸੇ ਨੇ ਸੋਚਿਆ ਵੀ ਨਹੀਂ ਸੀ ਅੱਜ ਦੀ ਸਰਕਾਰ ਨੇ ਉਨ੍ਹਾਂ ਲਈ ਕਈ ਸਾਧਨ ਬਣਾ ਦਿੱਤੇ ਹਨ । (ਚੌਧਰੀ ਸੁੰਦਰ ਸਿੰਘ ਜੀ ਵਲੋਂ ਵਿਘਨ) ।

ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇਕ ਪਿੰਡ ਹੈ ਉਥੇ 100 ਤੋਂ ਜ਼ਿਆਦਾ ਘਰ ਹਨ । ਮੈਂ ਬੀਬੀਂ ਜੀ ਨੂੰ ਕਹਾਂਗਾ ਕਿ ਇਹ ਵੀ ਉਥੇ ਗਏ ਹਨ, ਉਥੇ 100 ਤੋਂ ਜ਼ਿਆਦਾ ਬੰਦੇ ਹਨ, ਉਨ੍ਹਾਂ ਨੂੰ ਪਲਾਟ ਦੇਣ । ਜੇਕਰ ਉਹ ਮਿਉਂਸਪਲ ਏਰੀਏ ਵਿਚ ਜਗ੍ਹਾ ਹੈ ਔਰ ਜੇ ਉਥੇ ਨਹੀਂ ਮਿਲ ਸਕਦੇ ਤਾਂ ਜਿਹੜੇ ਸਬ-ਅਰਬਨ ਏਰੀਆਜ਼ ਹਨ ਦੋ ਦੋ ਤਿੰਨ ਤਿੰਨ ਮੀਲ ਸ਼ਹਿਰ ਦੇ ਨੇੜੇ ਹਨ ਉਹ ਜਿਹੜੀਆਂ ਜ਼ਮੀਨਾਂ ਹਨ ਅਗਰ ਤਾਂ ਉਹ ਕਾਬਲੇ-ਕਾਸ਼ਤ ਹਨ ਤਾਂ ਬੇਸ਼ਕ ਉਥੇ ਨਾ ਦਿਓ ਲੇਕਿਨ ਜੇਕਰ ਨਹੀਂ ਹਨ ਔਰ ਜਿੱਥੇ ਮਕਾਨ ਬਣ ਸਕਦੇ ਹਨ ਉਥੇ ਮਕਾਨ ਬਣਾ ਕੇ ਉਨ੍ਹਾਂ ਲੋਕਾਂ ਨੂੰ ਦੇਣ ਤਾਂ ਠੀਕ ਹੈ, ਉਨ੍ਹਾਂ ਲੋਕਾਂ ਨੂੰ ਫਾਇਦਾ ਹੈ । (ਇਸ ਵਕਤ ਮਕਾਨ ਉਸਾਰੀ ਦੇ ਰਾਜ ਮੰਤਰੀ, ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ ਜੀ ਮਾਨਯੋਗ ਮੈਂਬਰ ਚੌਧਰੀ ਸੁੰਦਰ ਸਿੰਘ ਜੀ ਅਤੇ ਹੋਰ ਕਈ ਮਾਨਯੋਗ ਮੰਬਰ

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]
ਸਾਹਿਬਾਨ ਬੋਲਣ ਲਈ ਖੜ੍ਹੇ ਸਨ । ਡਿਪਟੀ ਸਪੀਕਰ ਸਾਹਿਬ ਨੇ ਮਾਨਯੋਗ ਰਾਜ ਮੰਤਰੀ ਜੀ ਨੂੰ ਬੋਲਣ ਦੀ ਇਜਾਜ਼ਤ ਦਿੱਤੀ )

**ਕੁਝ ਆਵਾਜ਼ਾਂ :** ਚੌਧਰੀ ਸਾਹਿਬ ਨੂੰ ਬੋਲਣ ਦਿਉ ਜੀ ।

**ਚੌਧਰੀ ਸੁੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਨੂੰ ਵੀ 2 ਮਿੰਟ ਬੋਲ ਲੈਣ ਦਿਉ ਜੀ।

**ਸ੍ਰੀ ਡਿਪਟੀ ਸਪੀਕਰ** : ਚੌਧਰੀ ਸਾਹਿਬ ਵਜ਼ੀਰ ਸਾਹਿਬ ਤੋਂ ਬਾਅਦ ਬੋਲ ਲੈਣਾ ।

**ਕੁਝ ਆਵਾਜ਼ਾਂ** : ਚੌਧਰੀ ਸਾਹਿਬ ਜੀ ਨੂੰ ਬੋਲਣ ਦਿਉ ਜੀ। (ਵਿਘਨ)

**ਮਕਾਨ ਉਸਾਰੀ ਦੇ ਰਾਜ ਮੰਤਰੀ** (ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ) : ਡਿਪਟੀ ਸਪੀਕਰ ਸਾਹਿਬ, ਅੱਜ ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਇਹ ਰੈਜ਼ੋਲਿਊਸ਼ਨ ਪੇਸ਼ ਕੀਤਾ ਗਿਆ ਹੈ ਇਸ ਵਾਸਤੇ ਕਿ ਇਨ੍ਹਾਂ ਨੂੰ ਮਹਿਸੂਸ ਹੋਇਆ ਹੈ ਕਿ ਸਰਕਾਰ ਨੇ ਭੂਮੀ-ਹੀਣ ਕਿਰਤੀਆਂ ਨੂੰ ਪਲਾਟ ਦਿੱਤੇ ਹਨ । ਕਈ ਦਫ਼ਾ ਕਈ ਮੈਂਬਰ ਸਾਹਿਬਾਨ ਆਪਣੀਆਂ ਸਪੀਚਾਂ ਦੇ ਵਿਚ ਕਈ ਗੱਲਾਂ ਦਾ ਖ਼ਿਆਲ ਰਖਦਿਆਂ ਹੋਇਆਂ ਪੋਲੀਟੀਕਲੀ ਕਹਿ ਦਿੰਦੇ ਸਨ ਕਿ ਸਰਕਾਰ ਨੇ ਕੋਈ ਪਲਾਟ ਦਿੱਤੇ ਹੀ ਨਹੀਂ ਲੇਕਿਨ ਅੱਜ ਇਸ ਗੱਲ ਨੂੰ ਮੰਨਿਆ ਹੈ ਅਤੇ ਬਹਿਸ ਵਿਚ ਪੂਰਾ ਹਿੱਸਾ ਲੈਣਾ ਚਾਹੁੰਦੇ ਹਨ । ਸੋ ਮੈਨੂੰ ਇਸ ਗੱਲ ਦੀ ਬੜੀ ਖ਼ੁਸ਼ੀ ਹੈ ਕਿ ਸਾਰਿਆਂ ਨੇ ਇਸ ਗੱਲ ਨੂੰ ਪ੍ਰਵਾਨ ਕੀਤਾ ਹੈ ਕਿ ਸਰਕਾਰ ਵਲੋਂ ਲੋਕਾਂ ਨੂੰ ਪਲਾਟ ਦਿੱਤੇ ਗਏ ਹਨ (ਥੰਪਿੰਗ) ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਗੌਰਮਿੰਟ ਆਫ਼ ਇੰਡੀਆ ਦੀ ਸਕੀਮ ਦੇ ਹੇਠਾਂ ਭੂਮੀ-ਹੀਣ ਕਿਰਤੀਆਂ ਨੂੰ 100 ਵਰਗ ਗਜ਼ ਮਕਾਨ ਬਣਾਉਣ ਵਾਸਤੇ ਪਲਾਟ ਦਿੱਤੇ ਗਏ ਹਨ । ਇਹ 1972 ਵਿਚ ਸਕੀਮ ਬਣੀ ਸੀ ਅਤੇ 1-4-74 ਨੂੰ ਰਾਜ ਸਰਕਾਰ ਨੂੰ ਸੌਂਪੀ ਗਈ ਸੀ । ਸਰਕਾਰ ਦੇ ਕੋਲ ਇਹ ਆਉਣ ਦੇ ਬਾਅਦ ਮੈਨੂੰ ਦੱਸਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਮੇਰੇ ਮਹਿਕਮੇ ਨੇ ਬੜੀ ਹਿੰਮਤ, ਦਲੇਰੀ ਅਤੇ ਮਿਹਨਤ ਨਾਲ ਇਹ ਸਾਰਾ ਕੰਮ 19 ਨਵੰਬਰ, 1975 ਨੂੰ ਕੰਪਲੀਟ ਕੀਤਾ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਟੋਟਲ ਸਾਰੇ ਵਿਅੱਕਤੀ ਜਿਹੜੇ ਪਲਾਟ ਲੈਣ ਦੇ ਕਾਬਲ ਸਨ ਉਹ ਸਨ 3 ਲੱਖ 4 ਹਜ਼ਾਰ ਅਤੇ ਇਨ੍ਹਾਂ ਵਿਚੋਂ 3 ਲੱਖ 2 ਹਜ਼ਾਰ ਨੂੰ ਕਬਜ਼ਾ ਦਿੱਤਾ ਗਿਆ ਹੈ ਅਤੇ 2 ਹਜ਼ਾਰ ਰਹਿ ਗਏ ਹਨ । ਇਹ ਜਿਹੜੇ 2 ਹਜ਼ਾਰ ਰਹਿ ਗਏ ਹਨ ਇਨ੍ਹਾਂ ਦੀ ਵਜ੍ਹਾਂ ਇਹ ਸੀ ਕਿ 47 ਰਿੱਟਾਂ ਅਜੇ ਵੀ ਹਾਈਕੋਰਟ ਦੇ ਵਿਚ ਪੈਂਡਿਗ ਪਈਆਂ ਹਨ ਜਲੰਧਰ ਔਰ ਅੰਮ੍ਰਿਤਸਰ ਦੇ ਇਲਾਕੇ ਦੀਆਂ । ਜਿਸ ਵਕਤ ਉਨ੍ਹਾਂ ਦਾ ਫ਼ੈਸਲਾ ਹੋ ਜਾਵੇਗਾ, ਇਹ ਕੰਮ ਵੀ ਕੰਪਲੀਟ ਹੋ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਟੋਟਲ ਏਰੀਆ ਜਿਹੜਾ ਅਸੀਂ ਐਕੁਆਇਰ ਕੀਤਾ ਹੈ ਉਹ 18 ਲੱਖ 88 ਹਜ਼ਾਰ 4 ਕਨਾਲ ਤੇ 10 ਮਰਲੇ ਹੈ । ਇਸ ਦੀ ਕਾਸਟ 42 ਕਰੋੜ 12 ਲੱਖ 99 ਹਜ਼ਾਰ 67 ਰੁਪਏ ਬਣਦੀ ਹੈ । ਔਰ ਇਸ ਸਾਲ 84 ਲੱਖ ਰੁਪਿਆ ਹੋਰ ਜ਼ਮੀਨ ਐਕੁਆਇਰ ਕਰਨ ਵਾਸਤੇ ਰਖਿਆ ਗਿਆ ਹੈ । ਬਾਕੀ, ਡਿਪਟੀ ਸਪੀਕਰ ਸਾਹਿਬ, ਗੱਲ ਰਹੀ ਮਕਾਨਾਂ ਦੀ, ਅਗਰ ਅਸੀਂ ਮਕਾਨਾਂ ਦੀ ਸੋਚੀਏ ਤਾਂ 3 ਲੱਖ 24 ਹਜ਼ਾਰ ਵਾਸਤੇ ਕੌਸਟ ਕੀ ਆਏਗੀ ਇਸ ਦਾ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ । ਅਗਰ ਇਕ ਮਕਾਨ ਵਾਸਤੇ 5,000 ਰੁਪਿਆ ਵੀ ਲਈਏ ਤਾਂ ਸਾਡਾ 150 ਕਰੋੜ (ਡੇਢ ਸੌ ਕਰੋੜ) ਰੁਪਏ ਦੇ ਕਰੀਬ ਖ਼ਰਚ ਆਉਂਦਾ ਹੈ । ਸਾਡੇ ਹਾਊਸ ਦੇ ਕੁਝ ਮੈਂਬਰ

Original with;
Punjab Vidhan Sabha
Digitized by;
Panjab Digital Library

ਸਾਹਿਬਾਨ ਨੇ 12 ਸੌ ਕਰੋੜ ਰੁਪਿਆ ਕਿਹਾ ਹੈ, ਕਿਸੇ ਨੇ 15 ਸੌ ਕਰੋੜ ਰੁਪਿਆ ਕਿਹਾ ਹੈ ਪਰ ਉਨ੍ਹਾਂ ਨੂੰ ਮੈਥੇਮੈਟਿਕਸ ਵਿਚ ਜ਼ਰਬ ਦੇਣ ਵਿਚ ਕੋਈ ਗ਼ਲਤੀ ਲਗੀ ਹੈ । (ਵਿਘਨ) (**ਇਕ ਆਵਾਜ਼ :** ਤੁਹਾਡੇ ਐਲ. ਆਰ. ਸਾਹਿਬ ਕੀ ਕਹਿੰਦੇ ਸਨ) ਡਿਪਟੀ ਸਪੀਕਰ ਸਾਹਿਬ, ਮੁਫ਼ਤ ਦੇਣ ਦੀ ਗੱਲ ਕੀਤੀ ਗਈ ਹੈ ਲੇਕਿਨ ਮੈਂ ਇਸ ਗੱਲ ਲਈ ਬਿਲਕੁਲ ਸਹਿਮਤ ਨਹੀਂ ਕਿ ਸਰਕਾਰ ਬਿਲਕੁਲ ਮੁਫ਼ਤ ਮਕਾਨ ਬਣਾ ਕੇ ਦੇਵੇ । ਪਿੰਡਾਂ ਦੇ ਲੋਕ, ਮੈਂ ਆਪ ਪਿੰਡ ਦੀ ਰਹਿਣ ਵਾਲੀ ਹਾਂ । ਮੈਨੂੰ ਪਤਾ ਹੈ ਕੱਚੀਆਂ ਇੱਟਾਂ ਕਢਦੇ ਹਨ, ਖ਼ੁਦ ਕੰਮ ਕਰਦੇ ਹਨ ਅੌਰ ਬਾਲੇ ਵਗੈਰਾ ਪਾ ਕੇ ਮਕਾਨ ਬਣਾ ਲੈਂਦੇ ਹਨ । ਬਿਲਕੁਲ ਕੋਈ ਛੱਤ ਚੋਂਦੀ ਨਹੀਂ ਹੈ । ਅਸੀਂ ਉਨ੍ਹਾਂ ਨੂੰ ਕਿਉਂ ਇਤਨੇ ਨਿਕੰਮੇ ਬਣਾ ਦੇਈਏ, ਨਿਹੱਥੇ ਬਣਾ ਦੇਈਏ ਅਤੇ ਉਹ ਇਹ ਦੇਖਣ ਕਿ ਸਰਕਾਰ ਕੁਝ ਦੇਵੇਗੀ ਤਾਂ ਅਸੀਂ ਬਣਵਾਂਗੇ ਨਹੀਂ ਤਾਂ ਅਸੀਂ ਨਹੀਂ ਬਣਾਵਾਂਗੇ । ਸੋ, ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ । ਲੇਕਿਨ ਫਿਰ ਵੀ ਸਰਕਾਰ ਨੇ 2-3 ਸਕੀਮਾਂ ਬਣਾਈਆਂ ਹਨ ਜਿਹੜੀਆਂ ਕਿ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦੀ ਹਾਂ । ਜੋਸ਼ ਸਾਹਿਬ ਨੇ ਇਸ ਦਾ ਜ਼ਿਕਰ ਕੀਤਾ ਹੈ । ਹਾਊਸ ਬਿਲਡਿੰਗ ਕੋਆਪਰੇਟਿਵ ਸੋਸਾਇਟੀਜ਼ ਪਿੰਡਾਂ ਵਿਚ ਬਣਾਈਆਂ ਹਨ । 84.14 ਲੱਖ ਰੁਪਿਆ ਅਸੀਂ ਇਸ ਦੇ ਵਾਸਤੇ ਸੈਂਕਸ਼ਨ ਕਰ ਦਿੱਤਾ ਹੈ । ਲੇਕਿਨ ਜਿਸ ਵੇਲੇ ਸੋਸਾਇਟਿਆਂ ਬਣਦੀਆਂ ਹਨ ਉਨ੍ਹਾਂ ਨੂੰ ਲੋਨ ਦਿੱਤਾ ਜਾਂਦਾ ਹੈ ਪਲਿੰਥ ਏਰੀਆ ਵੇਖ ਕੇ । (ਵਿਘਨ) ਇਕ ਦਮ ਪੈਸਾ ਨਾ ਦੇਣਾ ਚਾਹੀਦਾ ਹੈ ਅਤੇ ਨਾ ਇਕ ਦਮ ਦੇਣਾ ਠੀਕ ਹੈ । ਇਸ ਦੇ ਲਈ ਹਾਊਸਿੰਗ ਡਿਵੈਲਪਮੈਂਟ ਬੋਰਡ ਨੇ 2 ਨਮੂਨੇ ਦੇ ਘਰ ਵੀ ਬਣਾਏ ਹਨ । ਬਹੁਤ ਸਾਰੇ ਮੈਂਬਰ ਸਹਿਬਾਨ ਪਿੰਡਾਂ ਦੇ ਰਹਿਣ ਵਾਲੇ ਜਾਣਦੇ ਹਨ ਕਿ ਪਿੰਡਾਂ ਵਿਚ ਲੋਕੀ ਇਕ ਦੋ ਕਮਰੇ ਬਣਾ ਲੈਂਦੇ ਹਨ ਅਤੇ ਨਾ ਕੋਈ ਬਾਥਰੂਮ ਹੁੰਦਾ ਹੈ ਅਤੇ ਨਾ ਕੋਈ ਕਿਚਨ ਹੁੰਦਾ ਹੈ । ਅਜੇ ਵੀ ਸਾਡੇ ਪਿੰਡਾਂ ਦੀਆਂ ਬਹੁਤ ਸਾਰੀਆਂ ਬੀਬੀਆਂ ਨੂੰ ਖੇਤਾਂ ਵਿਚ ਜਾਣਾ ਪੈਂਦਾ ਹੈ। ਕੋਈ ਦਿਲ ਦਾ ਮਰੀਜ਼ ਹੁੰਦਾ ਹੈ, ਕੋਈ ਹੋਰ ਕਿਸੀ ਕਿਸਮ ਦਾ ਪੇਸ਼ੈਂਟ ਹੁੰਦਾ ਹੈ ਜਿਹੜਾ ਕਿ ਕਮਜ਼ੋਰੀ ਦੀ ਵਜ੍ਹਾ ਨਾਲ ਕਿਧਰੇ ਜਾ ਨਹੀਂ ਸਕਦਾ ਉਸ ਦੇ ਵਾਸਤੇ ਬਾਥਰੂਮ ਨਾ ਹੋਣ ਕਰਕੇ ਕੋਈ ਜਗ੍ਹਾਂ ਨਹੀਂ ਹੁੰਦੀ ਜਿਥੇ ਜਾ ਸਕੇ । ਹਾਊਸਿੰਗ ਬੋਰਡ ਨੇ 2 ਨਮੂਨੇ ਦੇ ਘਰ ਬਣਾਏ ਹਨ । ਮੈਂਬਰ ਸਾਹਿਬ ਸੈਸ਼ਨ ਦੇ ਵਿਚ ਆਉਂਦੇ ਹਨ ਮੈਂ ਉਨ੍ਹਾਂ ਨੂੰ ਇਹ ਰਿਕੁਐੱਸਟ ਕਰਾਂਗੀ ਕਿ ਉਹ ਹਾਊਸਿੰਗ ਡਿਵੈਲਪਮੈਂਟ ਬੋਰਡ ਨੇ ਜੋ ਲੇਟੈਸਟ ਡੀਜ਼ਾਈਨ ਬਣਾਏ ਹਨ ਉਨ੍ਹਾਂ ਨੂੰ ਜਾ ਕੇ ਦੇਖਣ ਅਤੇ ਫਿਰ ਉਹ ਆਪਣੇ ਇਲਾਕੇ ਵਿਚ ਲੋਕਾਂ ਨੂੰ ਸੁਜੈਸ਼ਨ ਦੇ ਸਕਦੇ ਹਨ ।

ਇਕ ਤਾਂ ਡਿਪਟੀ ਸਪੀਕਰ ਸਾਹਿਬ, ਮੈਂ ਹਾਊਸਿੰਗ ਕੋਆਪਰੇਟਿਵ ਸੋਸਾਇਟੀਜ਼ ਦੇ ਬਾਰੇ ਦੱਸਿਆ ਹੈ । ਦੂਸਰਾ ਬਠਿੰਡੇ ਦੇ ਵਿਚ ਮਿਸਟਰ ਭਾਰਦਵਾਜ, ਡਿਪਟੀ ਕਮਿਸ਼ਨਰ ਜਦੋਂ ਲੱਗੇ ਸੀ ਤਾਂ ਉਨ੍ਹਾਂ ਨੇ ਉੱਥੇ ਇਕ ਪ੍ਰੋਜੈਕਟ ਬਣਾਇਆ ਸੀ । (ਵਿਘਨ) ਇਕ ਮਕਾਨ ਦੇ ਵਿਚ 2 ਕਮਰੇ ਹਨ । ਇਕ ਵੱਡਾ ਕਮਰਾ 12′ X 13′ ਦਾ ਅਤੇ ਦੂਸਰਾ ਛੋਟਾ ਕਮਰਾ 6′ X 8′ ਦਾ । ਇਹ ਮਕਾਨ ਵੀ ਬਹੁਤ ਅੱਛਾ ਹੈ ਅਤੇ ਗਾਰਡਰ ਨਾਲ ਛੱਤ ਪਾਈ ਹੈ । ਬਠਿੰਡੇ ਦੇ ਵਿਚ ਇਹ ਸਕੀਮ ਸ਼ੁਰੂ ਹੋ ਗਈ ਹੈ । ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫ਼ਾਈਨੈਂਸ ਕਾਰਪੋਰੇਸ਼ਨ ਨੇ ਬਿਨਾ ਸੂਦ ਦੇ 5 ਲੱਖ ਰੁਪਏ ਦੀ ਮਦਦ ਇਸ ਦੇ ਲਈ ਦਿੱਤੀ ਹੈ ।

Original with;
Punjab Vidhan Sabha
Digitized by;
Panjab Digital Library

[ਮਕਾਨ ਉਸਾਰੀ ਦੇ ਰਾਜ ਮੰਤਰੀ]

ਇਕ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਤੁਸੀਂ ਐਨ. ਬੀ. ਓ. (ਨੈਸ਼ਨਲ ਬਿਲਡਿੰਗ ਔਰਗੇਨਾਈਜ਼ੇਸ਼ਨ) ਦੇ ਬਾਰੇ ਸੁਣਿਆ ਹੈ ਜਿਹੜੀ ਕਿ ਦਿੱਲੀ ਵਿਚ ਵੀ ਹੈ। ਉਸ ਨੂੰ ਵੀ ਸਰਕਾਰ ਨੇ ਐਪਰੋਚ ਕੀਤਾ ਹੈ। ਪਿੰਡਾਂ ਵਿਚ ਨਮੂਨੇ ਦੇ ਘਰ ਬਣਾ ਕੇ ਦੇਣੇ ਹਨ। ਜਿਸ ਤਰ੍ਹਾਂ ਕੁਝ ਮੈਂਬਰ ਸਾਹਿਬਾਨ ਨੇ ਆਪਣੇ ਸਜੈਸ਼ਨਜ਼ ਦਿੱਤੇ ਹਨ ਕਿ ਕਿਸ ਤਰ੍ਹਾਂ ਅਸੀਂ ਵੱਖ ਵੱਖ ਜਗ੍ਹਾਂ ਤੇ ਪੈਸਾ ਲਗਾ ਸਕਦੇ ਹਾਂ ਸਰਕਾਰ ਉਸ ਤੇ ਵੀ ਵਿਚਾਰ ਕਰ ਰਹੀ ਹੈ। ਅਸੀਂ ਗਿਆਨੀ ਜੀ ਦੇ ਵਲੋਂ ਸ੍ਰੀ ਰਘੂਰਮੱਈਆ ਜੀ ਨੂੰ ਚਿੱਠੀ ਲਿਖੀ ਸੀ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਤੁਸੀਂ ਐਲ. ਆਈ. ਸੀ. ਤੋਂ ਕਿਉਂ ਨਹੀਂ ਪੈਸੇ ਦੀ ਟਰਾਈ ਕਰਦੇ। ਐਲ. ਆਈ. ਸੀ. ਅਤੇ ਕੋਆਪਰੇਟਿਵ ਮਹਿਕਮੇ ਨਾਲ 11 ਤਾਰੀਖ਼ ਨੂੰ ਮੀਟਿੰਗ ਹੋ ਰਹੀ ਹੈ ਅਤੇ ਮੈਨੂੰ ਉਮੀਦ ਹੈ ਕਿ ਕਾਫ਼ੀ ਪੈਸਾ ਉਥੋਂ ਮਿਲ ਜਾਵੇਗਾ। ਜਿਹੜੇ ਬਹੁਤ ਗ਼ਰੀਬ ਲੋਕ ਹਨ ਉਨ੍ਹਾਂ ਨੂੰ ਘਰ ਬਣਾਉਣ ਵਿਚ ਅਸੀਂ ਮਦੱਦ ਕਰ ਸਕਾਂਗੇ। ਡਿਪਟੀ ਸਪੀਕਰ ਸਾਹਿਬ, 233 ਕੋਆਪਰੇਟਿਵ ਸੋਸਾਇਟੀਆਂ ਪਿੰਡਾਂ ਵਿਚ ਬਣ ਚੁਕੀਆਂ ਹਨ। 71 ਜੈਂਤੀ ਪਿੰਡਾਂ ਵਿਚ ਅਤੇ 162 ਜਨਰਲ ਹਲਕਿਆਂ ਵਿਚ ਹਨ। ਜਿਸ ਤਰ੍ਹਾਂ ਪੈਸਾ ਦਿੱਤਾ ਜਾਂਦਾ ਹੈ ਉਹ ਵੀ ਮੈਂ ਆਪ ਨੂੰ ਦੱਸਣਾ ਚਾਹੁੰਦੀ ਹਾਂ। 4 ਹਜ਼ਾਰ ਰੁਪਿਆ ਉਨ੍ਹਾਂ ਨੂੰ ਕਰਜ਼ਾ ਦਿੱਤਾ ਜਾਂਦਾ ਹੈ ਜਿਹੜੇ ਆਮ ਪਿੰਡਾਂ ਵਿਚ ਹਨ। 700 ਰੁਪਿਆ ਲੇਬਰ ਅਤੇ 300 ਰੁਪਿਆ ਉਹ ਖੁਦ ਆਪਣੇ ਕੋਲੋਂ ਲਾਉਣ। ਇਸੇ ਤਰ੍ਹਾਂ ਜਿਹੜੀ ਜੈਂਤੀ ਪਿੰਡ ਹਨ ਉਨ੍ਹਾਂ ਵਿਚ 3 ਹਜ਼ਾਰ ਰੁਪਿਆ ਕਰਜ਼ਾ ਅਤੇ 2 ਹਜ਼ਾਰ ਰੁਪਿਆ ਸਬਸਿਡੀ ਅਤੇ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦਿੰਦਾ ਹੈ। 700 ਰੁਪਿਆ ਲੇਬਰ ਅਤੇ 300 ਰੁਪਿਆ ਆਪਣੇ ਕੋਲੋਂ ਉਹ ਖ਼ਰਚ ਕਰਨਗੇ।

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ਼ ਇਨਫ਼ਰਮੇਸ਼ਨ, ਸਰ।

**ਸ੍ਰੀ ਡਿਪਟੀ ਸਪੀਕਰ** : ਇਨ੍ਹਾਂ ਦੀ ਸਪੀਚ ਦੇ ਬਾਅਦ ਵਿਚ ਪੁੱਛ ਲੈਣਾ।

**ਰਾਜ ਮੰਤਰੀ** : ਇਹ ਤਿਨ ਚਾਰ ਜ਼ਰੀਏ ਹਨ ਜਿਨ੍ਹਾਂ ਦੇ ਰਾਹੀਂ ਭੂਮੀ-ਹੀਣ ਕਿਰਤੀਆਂ ਦੇ ਘਰ ਬਣਾਉਣ ਦੀ ਮਦਦ ਕਰ ਰਹੇ ਹਾਂ।

ਅਗੇ ਮੈਂ ਹੋਰ ਦਸਣਾ ਚਾਹੁੰਦੀ ਹਾਂ ਕਿ 1973-74 ਵਿਚ 80 ਲੱਖ, 1974-75 ਵਿੱਚ 1.80 ਕਰੋੜ ਅਤੇ 1976-77 ਵਿਚ 2 ਕਰੋੜ ਰੁਪਿਆ ਰੱਖਿਆ ਹੈ। ਵਿੱਤ ਮੰਤਰੀ ਸਾਹਿਬ ਨੇ, ਤੁਸੀਂ ਨੋਟ ਕੀਤਾ ਹੋਣਾ ਹੈ, ਬੜੀ ਸੋਹਣੀ ਸਪੀਚ ਦਿੱਤੀ। ਪੈਸਾ ਜੋ ਉਨ੍ਹਾਂ ਨੇ ਰੱਖਿਆ ਹੁੰਦਾ ਹੈ। ਮੈਨੂੰ ਖੁਸ਼ੀ ਹੈ ਕਿ ਵਿੱਤ ਮੰਤਰੀ ਸਾਹਿਬ ਫੰਡਜ਼ ਬਾਰੇ ਬੜੇ ਸੋਹਣੇ ਢੰਗ ਨਾਲ ਦੱਸ ਗਏ ਹਨ। ਮੈਂ ਕਾਮਰੇਡ ਸੱਘੜ ਸਿੰਘ ਜੀ ਰਿਕੁਐਸਟ ਕਰਾਂਗੀ ਕਿ ਤੁਸੀਂ ਇਹ ਰੈਜ਼ੋਲਿਊਸ਼ਨ ਵਾਪਸ ਲੈ ਲਵੋ ਤਾਂ ਅੱਛੀ ਗੱਲ ਹੋਵੇਗੀ। ਕਾਮਰੇਡ ਸੱਘੜ ਸਿੰਘ ਨੇ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ, ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਕਿ ਉਨ੍ਹਾਂ ਨੇ ਕੋਈ ਕੰਸਟ੍ਰਕਟਿਵ ਸੁਝਾਅ ਨਹੀਂ ਦਿੱਤਾ ਖਾਲੀ ਕਹਿ ਦਿੱਤਾ ਕਿ ਬੋਕਸ ਲਿਸਟ ਬਣਾ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਕੇਰਲਾ ਵਿਚ ਘਰ ਬਣਾ ਕਿ ਦਿੱਤੇ ਹਨ। ਮੈਂ ਉਥੇ ਖੁਦ ਜਾ ਕੇ ਵੇਖ ਕੇ ਆਈ ਹਾਂ ਪੰਜਾਬ ਔਰ ਕੇਰਲ ਦੀ ਕਲਾਈਮੇਟ ਵਿੱਚ ਬੜਾ ਫਰਕ ਹੈ। ਉਹ ਛੋਟਾ ਜਿਹਾ ਬਰਾਂਡਾ ਬਣਾ ਕੇ ਥੱਲੇ ਸੌਂ ਜਾਂਦੇ ਹਨ ਜ਼ਮੀਨ ਤੇ। ਪੰਜਾਬ ਵਿਚ ਇਨ੍ਹਾਂ ਚੀਜ਼ਾਂ ਦਾ ਖਿਆਲ ਰਖਣਾ ਪੈਂਦਾ ਹੈ। ਇਥੇ ਚਾਰਪਾਈਆਂ ਵਿਛਾਉਣੀਆਂ

Original with;
Punjab Vidhan Sabha
Digitized by;
Panjab Digital Library

ਪੈਂਦੀਆਂ ਹਨ ਕਿਉਂਕਿ ਇਥੇ ਬਹੁਤ ਸਰਦੀ ਪੈਂਦੀ ਹੈ । ਮੈਂ ਕੇਰਲ ਵਿਚ ਵੇਖਿਆ ਕਿ ਉਹ ਲੋਕ ਇਸ ਲਈ ਆਪ ਬੜੀ ਮਿਹਨਤ ਕਰਦੇ ਹਨ ਉਹ ਖੁਦ ਲੇਬਰ ਲਾਉਂਦੇ ਹਨ, ਖੁਦ ਰਾਅਮੈਟੀਰੀਅਲ ਲਿਆਉਂਦੇ ਹਨ । ਅਜੇ ਉਨ੍ਹਾਂ ਦਾ ਉਹ ਪ੍ਰੋਜੈਕਟ ਪੂਰਾ ਨਹੀਂ ਹੋਇਆ । ਉਨ੍ਹਾਂ ਨੇ ਭਾਰਤ ਸਰਕਾਰ ਨੂੰ ਬਹੁਤ ਪੈਸਾ ਦਿੱਤਾ ਹੈ ਭਾਰਤ ਸਰਕਾਰ ਵੱਲੋਂ ਦਿੱਤੇ ਪੈਸੇ ਨਾਲ ਉਹ ਇਹ ਘਰ ਬਣਾ ਰਹੇ ਹਨ । ਮੇਰੀ ਕਾਮਰੇਡ ਸੱਘੜ ਸਿੰਘ ਜੀ ਨੂੰ ਰਿਕੁਐਸਟ ਇਹ ਵੀ ਹੈ ਕਿ ਅਗਰ ਰੈਜ਼ੋਲਿਊਸ਼ਨ ਦਿੱਤਾ ਜਾਏ ਤਾਂ ਉਸ ਤੇ ਸੁਝਾਓ ਵੀ ਦਿਉ ਕਿ ਪੈਸਾ ਕਿਸ ਤਰੀਕੇ ਨਾਲ ਇਕੱਠਾ ਕੀਤਾ ਜਾਏ ।

ਸ੍ਰੀ ਸਰਦਾਰੀ ਲਾਲ ਕਪੂਰ ਨੇ ਸੁਝਾ ਦਿੱਤਾ ਹੈ ਕਿ ਲੋਕਾਂ ਨੂੰ ਪਾਰਟੀਸਿਪੇਟ ਕਰਨਾ ਚਾਹੀਦਾ ਹੈ । ਇਸ ਚੀਜ਼ ਨੂੰ ਮੱਦੇਨਜ਼ਰ ਰੱਖ ਕੇ ਅਗਰ ਕਰੀਏ ਤਾਂ ਬਹੁਤ ਅੱਛੀ ਗਲ ਹੈ । ਜਿਸ ਤਰ੍ਹਾਂ ਉਨ੍ਹਾ ਨੇ ਕਿਹਾ ਹੈ ਕਿ ਕੋਆਪ੍ਰੇਟਿਵ ਸੋਸਾਇਟੀਆਂ ਮਿਉਂਸਿਪਲ ਕਮੇਟੀਆਂ, ਪੰਚਾਇਤ ਸਮਤੀਆਂ ਤੋਂ ਪੈਸੇ ਲੈਕੇ ਮਕਾਨ ਬਣਾਏ ਜਾਣ । ਮੈਨੂੰ ਇਸ ਗੱਲ ਤੋਂ ਕੁਝ ਮਹਿਸੂਸ ਹੋਇਆ ਕਿ ਕਈ ਮੈਂਬਰਾਂ ਨੂੰ ਗਿਆਤ ਨਹੀਂ ਕਿ ਜਿੰਨਾ ਚਿਰ ਤਕ ਪੰਚਾਇਤਾਂ ਆਪ ਰੈਜ਼ੋਲਿਊਸ਼ਨ ਪਾਸ ਕਰਕੇ ਨਾਂ ਭੇਜਣ ਤਦ ਤਕ ਅਸੀਂ ਕੁਝ ਨਹੀਂ ਕਰ ਸਕਦੇ । ਇਕ ਮੈਂਬਰ ਨੇ ਕਿਹਾ ਸੀ ਕਿ ਮਾਰਕਿਟ ਕਮੇਟੀਆਂ ਤੋਂ ਪੈਸੇ ਲੇ ਕੇ ਘਰ ਬਣਾਏ ਜਾ ਸਕਦੇ ਹਨ । ਇਹ ਚੀਜ਼ ਗਲਤ ਹੈ ।

---

## EXTENSION OF TIME OF THE SITTING

**ਸ੍ਰੀ ਡਿਪਟੀ ਸਪੀਕਰ** : ਹਾਊਸ ਦਾ ਸਮਾਂ 5 ਮਿੰਟ ਹੋਰ ਵਧਾਇਆ ਜਾਂਦਾ ਹੈ ।

---

## RESOLUTION RE.CONSTRUCTION OF FREE OF COST HOUSES FOR RURAL WAGE WORKERS (*Resumption of Discussion*)

**ਰਾਜ ਮੰਤਰੀ** : ਇਥੇ ਇਕ ਮੈਂਬਰ ਨੇ ਸਬਸੀਡਾਈਜ਼ਡ ਇੰਡਸਟ੍ਰੀਅਲ ਹਾਊਸਿੰਗ ਸਕੀਮ ਬਾਰੇ ਜ਼ਿਕਰ ਕੀਤਾ ਹੈ ਕਿ ਉਹ ਇਥੇ ਸ਼ਹਿਰਾਂ ਵਿਚ ਬਣਾਏ ਗਏ ਹਨ । ਜਿਸ ਤਰ੍ਹਾਂ ਸਾਰਿਆਂ ਨੂੰ ਪਤਾ ਹੈ ਕਿ ਇਥੇ ਸ਼ਹਿਰਾਂ ਵਿਚ SIGH ਸਕੀਮ ਦੇ ਅਧੀਨ 2551 ਘਰ ਬਣਵਾਏ ਗਏ ਹਨ ਔਰ ਕਰੰਟ ਈਅਰ ਵਿਚ 84 ਲੱਖ ਰੁਪਏ ਨਾਲ 450 ਹੋਰ ਬਣ ਰਹੇ ਹਨ । 1976-77 ਵਿਚ 1.12 ਕਰੋੜ ਰੁਪਏ ਨਾਲ ਇਸ ਸਕੀਮ ਦੇ ਤਹਿਤ ਘਰ ਬਣਾਏ ਜਾਣਗੇ । ਇਹ ਅੱਛੀ ਗੱਲ ਹੈ । ਸਰਦਾਰ ਦਰਸ਼ਨ ਸਿੰਘ ਕੇ.ਪੀ, ਨੇ ਬੋਲਦਿਆਂ ਕਿਹਾ ਸੀ ਕਿ ਜਿਸ ਤਰ੍ਹਾਂ ਕਲਿਆਣ ਫੰਡ ਬਣਾਇਆ ਸੀ ਉਸੇ ਤਰ੍ਹਾਂ ਕੋਈ ਫੰਡ ਇਕੱਠਾ ਕਰ ਲਈਏ । ਅਤੇ ਇਸ ਨਾਲ ਲੋਕਾਂ ਨੂੰ ਰਾਹਤ ਮਿਲੇਗੀ । ਇਹ ਚੀਜ਼ ਬਗੈਰ ਪਬਲਿਕ ਪਾਰਟੀ-ਸਿਪੇਸ਼ਨ ਦੇ ਨਹੀ ਹੋ ਸਕਦੀ । ਜਿਹੜੀ ਗਿਆਨੀ ਜੀ ਨੇ ਸਪੀਚ ਵਿਚ ਕਿਹਾ ਸੀ ਕਿ 25 ਹਜ਼ਾਰ ਮਕਾਨ ਸਾਢੇ 7 ਕਰੋੜ ਰੁਪਏ ਦੀ ਲਾਗਤ ਨਾਲ ਬਣਾਉਣੇ ਹਨ, ਮੈਂ ਬੜਾ ਵੈਲ-ਕਮ ਕੀਤਾ । ਸਾਰੇ ਇਸ ਨਾਲ ਸਹਿਮਤ ਹਨ । ਇਸ ਤੇ ਤਿੰਨ ਹਜ਼ਾਰ ਰੁਪਏ ਪਰ ਕੁਆਟਰ ਲਾਗਤ ਆਏਗੀ । ਇਸੇ ਤਰ੍ਹਾਂ ਜ਼ਿਕਰ ਆਇਆ ਸ। ਕੱਚੇ ਮਕਾਨ ਬਣਾਉਣ ਦਾ ਕਿ ਉਹ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ]

ਮਕਾਨ ਵੀ ਬੜੀ ਦੇਰ ਤਕ ਚਲੇ ਜਾਂਦੇ ਹਨ । ਅਸੀ ਸੋਚ ਰਹੇ ਹਾਂ ਕਿ ਜਿੰਨਾ ਹੋ ਸਕੇ ਕੋਸਟ ਆਫ ਕੰਸਟ੍ਰਕਸ਼ਨ ਘਟਾਈ ਜਾਏ । ਅਗਰ ਸਾਰੇ ਦੀ ਚਿਣਾਈ ਕਰਕੇ ਬਾਅਦ ਵਿਚ ਉਪਰੋਂ ਸੀਮਿੰਟ ਦਾ ਪਲੱਸਤਰ ਕਰ ਦੇਈਏ ਤਾਂ ਉਹ ਵੀ ਬੜੀ ਦੇਰ ਤਕ ਮਕਾਨ ਚੱਲ ਜਾਂਦੇ । ਜਿੰਨਾਂ ਹੋ ਸਕੇ ਘੱਟ ਖਰਚ ਕਰਨ ਦੀ ਕੋਸ਼ਿਸ਼ ਕਰੀਏ । ਬਹੁਤੇ ਸ਼ਾਨਦਾਰ ਮਕਾਨ ਨਾ ਬਣਨ ਤਾਂ ਵੀ ਕੋਈ ਗੱਲ ਨਹੀਂ । ਸ਼ਾਨਦਾਰ ਮਕਾਨ ਵੀ ਬਣਨ ਉਨ੍ਹਾਂ ਵਿਚ ਹਰ ਪ੍ਰਕਾਰ ਦੀ ਸਹੂਲਤ ਹੋਵੇ । ਅਸੀਂ ਚਾਹੁੰਦੇ ਹਾਂ ਕਿ ਪਬਲਿਕ ਦੀਆਂ ਹੈਬਿਟਸ ਅੱਛੀਆਂ ਹੋਣ । ਅਸੀਂ ਵੇਖਦੇ ਹਾਂ ਕਿ ਅੱਛੇ ਅੱਛੇ ਆਦਮੀ ਤੁਰੇ ਜ਼ਾਂਦੇ ਸੜਕ ਤੇ ਪਿਸ਼ਾਬ ਕਰਨ ਲੱਗ ਪੈਂਦੇ ਹਨ । ਉਨ੍ਹਾਂ ਨੂੰ ਮਹਿਸੂਸ ਨਹੀਂ ਹੁੰਦਾ । ਲੋਕਾਂ ਦੀਆਂ ਆਦਤਾਂ ਅੱਛੀਆਂ ਬਣਾਉਣੀਆਂ ਚਾਹੀਦੀਆਂ ਹਨ । ਇਹ ਠੀਕ ਹੈ ਕਿ ਅਸੀਂ ਆਪਣੀ ਸੋਸਾਇਟੀ ਨੂੰ ਅੱਛੇ ਪਾਸੇ ਪਾਈਏ , ਇਕ ਮੈਂਬਰ ਸਾਹਿਬ ਨੂੰ ਸੁਜੈਸ਼ਨ ਦਿੱਤੀ ਸੀ ਕਿ ਸ਼ੋਸ਼ਲ ਵੈਲਫੇਅਰ ਡਿਪਾਰਟਮੈਂਟ ਪਾਸ ਖਾਸੇ ਪੈਸੇ ਐਨਵਾਇਰਮੈਂਟਲ ਸਕੀਮ ਲਈ ਹਨ । ਮੈਂ ਚਾਹੁੰਦੀ ਹਾਂ ਕਿ ਜਿਥੇ ਸਾਡੀਆਂ ਕਾਲੋਨੀਆਂ ਬਣਨ ਅਗਰ ਉਹ ਪੈਸੇ ਦੇ ਕੇ ਗਲੀਆਂ ਔਰ ਨਾਲੀਆਂ ਬਣਵਾ ਦੇਣ ਤਾਂ ਅੱਛੀ ਗੱਲ ਹੋਵੇਗੀ ਜੋਸ਼ ਜੀ ਨੇ ਆਪਣੀ ਸਪੀਚ ਵਿੱਚ ਗਲਤੀ ਨਾਲ 12 ਕਰੋੜ ਰੁਪਏ ਦੱਸੇ ਹਨ । ਮੈਂ ਕਹਿੰਦੀ ਹਾਂ ਕਿ 5 ਹਜ਼ਾਰ ਰੁਪਏ ਇਕ ਮਕਾਨ ਤੇ ਲਗਾਏ ਜਾਣ ਤਾਂ 150 ਕਰੋੜ ਅਤੇ ਜੇ 6 ਹਜ਼ਾਰ ਲਗਾਏ ਜਾਣ ਤਾਂ 180 ਕਰੋੜ ਰੁਪਏ ਖਰਚ ਆਉਣੇ ਹਨ । ਇਥੇ ਇਹ ਵੀ ਜ਼ਿਕਰ ਆਇਆ ਹੈ ਕਿ ਕਮਿਊਨਿਟੀ ਬਾਥ-ਰੂਮ ਅਤੇ ਲੈਟਰਿਨਜ਼ ਹੋਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਪੈਸੇ ਬੱਚ ਜਾਣਗੇ । ਇਸ ਦੇ ਨਾਲ ਇਹ ਵੀ ਵੇਖਣਾ ਪਵੇਗਾ ਕਿ ਕਈ ਵਾਰੀ ਉਸੇ ਤਰ੍ਹਾਂ ਗੰਦੇ ਛੱਡ ਜਾਂਦੇ ਹਨ । ਇਸ ਗੱਲ ਦਾ ਵੀ ਧਿਆਨ ਰਖਣਾ ਪਵੇਗਾ । ਅਟਵਾਲ ਸਾਹਿਬ ਨੇ ਐਲ. ਆਈ. ਸੀ. ਦਾ ਕਿਹਾ । ਉਸ ਬਾਰੇ ਮੈਂ ਪਹਿਲੋਂ ਹੀ ਦਸ ਦਿੱਤਾ ਹੈ ਕਿ ਅਸੀਂ ਵਿਚਾਰ ਕਰ ਰਹ ਹਾਂ । ਚੌਧਰੀ ਦਰਸ਼ਨ ਸਿੰਘ ਨੇ ਆਪਣੀ ਸਪੀਚ ਵਿਚ ਰਸ਼ੀਆ, ਚਾਈਨਾ ਅਤੇ ਹਿੰਦੁਸਤਾਨ ਦਾ ਟਾਕਰਾ ਕਰਕੇ ਦੱਸਿਆ ਹੈ । ਸਭ ਤੋਂ ਵੱਡਾ ਪੁਆਇੰਟ ਜਿਹੜਾ ਮੈਨੂੰ ਅੱਛਾ ਲੱਗਾ ਉਹ ਹੈ ਆਬਾਦੀ ਨੂੰ ਰੋਕਣ ਦਾ । ਜਿੰਨਾ ਚਿਰ ਆਬਾਦੀ ਨਹੀਂ ਰੁਕਦੀ ਜਿੰਨੀਆਂ ਮਰਜ਼ੀ ਸਕੀਮਾਂ ਬਣਾ ਲਵੋ ਤੁਸੀਂ ਕਾਮਯਾਬ ਨਹੀਂ ਹੋ ਸਕਦੇ । ਸਾਡਾ ਰੇਟ ਆਫ ਗਰੋਥ ਜ਼ੀਰੋ ਹੋਣਾ ਚਾਹੀਦਾ ਹੈ । ਜਿੰਨਾ ਚਿਰ ਤਕ ਫੈਮਲੀ ਪਲਾਨਿੰਗ ਤੇ ਰਲ ਮਿਲ ਕੇ ਜ਼ੋਰ ਨਾ ਦਈਏ ਔਰ ਕਾਮਯਾਬ ਨਾ ਕਰੀਏ ਤਦ ਤਕ ਅਸੀਂ ਤਰੱਕੀ ਨਹੀਂ ਕਰ ਸਕਾਂਗੇ । ਅਸੀਂ ਜਿੰਨੀ ਜ਼ਿਆਦਾ ਪੈਦਾਵਾਰ ਕਰਦੇ ਹਾਂ, ਖਾਣ ਵਾਲੇ ਹੋਰ ਜ਼ਿਆਦਾ ਵੱਧ ਜਾਂਦੇ ਹਨ । ਚੌਧਰੀ ਦਰਸ਼ਨ ਸਿੰਘ ਨੇ ਦੱਸਿਆ ਕਿ ਹਿੰਦੁਸਤਾਨ ਵਿਚ ਇਕ ਕਿਲੋਮੀਟਰ ਵਿਚ 172 ਇਨਸਾਨ ਵਸਦੇ ਹਨ । ਸੁਣਕੇ ਬੜੀ ਪਰੇਸ਼ਾਨੀ ਹੁੰਦੀ ਹੈ । ਉਨ੍ਹਾਂ ਨੇ ਆਬਾਦੀ ਨੂੰ ਰੋਕਣ ਲਈ ਬੜਾ ਅੱਛਾ ਪੁਆਇੰਟ ਲਿਆਂਦਾ ਹੈ। ਇਕ ਗੱਲ ਮੈਂ ਇਹ ਕਹਿਣੀ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਸਾਡੀ ਸਲੱਮ ਕਲੀਅਰਐਂਸ ਸਕੀਮ ਹੈ ਔਰ ਅਗਰ ਸਲੱਮ ਕਲੀਅਰੈਂਸ ਬੋਰਡ ਬਣ ਜਾਏ ਤਾਂ ਸਾਨੂੰ ਕਾਫੀ ਪੈਸਾ ਮਿਲ ਸਕਦਾ ਹੈ ਜਿਸ ਨਾਲ ਅਸੀਂ ਹੋਰ ਇੰਪਰੂਵਮੈਂਟ ਕਰ ਸਕਦੇ ਹਾਂ । ਗੁਪਤਾ ਜੀ ਨੇ ਵੀ ਸੁਜੈਸ਼ਨ ਦਿੱਤੀ ਹੈ......

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟਿ ਆਫ ਇਨਫਰਮੇਸ਼ਨ ਇਹ ਹੈ ਕਿ ਜਿਹੜੀ ਸ਼ਰਮਾਂ ਜੀ ਨੇ ਤਕਰੀਰ ਕੀਤੀ ਹੈ ਉਸ ਦੀ ਰੋਸ਼ਨੀ ਵਿਚ ਜਿਹੜੇ ਆਮ ਵਿਲੇਜਿਜ਼ ਹਨ ਉਨ੍ਹਾਂ ਵਿਚ

Original with;
Punjab Vidhan Sabha
Digitized by;
Panjab Digital Library

ਐਲੀਮੈਂਟ ਆਫ ਸੱਬਸਿਡੀ ਨਹੀਂ ਅਤੇ ਜਿਹੜੇ ਜੈਂਓਂਤੀ ਵਿਲੇਜਿਜ਼ ਹਨ ਉਨ੍ਹਾਂ ਵਿਚ ਹੈ । ਕੀ ਸਾਰੇ ਪਿੰਡਾਂ ਵਿਚ ਕੁਝ ਨਾ ਕੁਝ ਸਬਸਿਡੀ ਪ੍ਰੋਵਾਈਡ ਕਰਨ ਲਈ ਸਰਕਾਰ ਵਿਚਾਰ ਕਰਨ ਲਈ ਤਿਆਰ ਹੈ ?

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਇਨਫਰਮੇਸ਼ਨ ਨਹੀਂ ।

The House stands adjourned till 9. 00 A. M. on Friday, the 6th February, 1976.

1.35 P.M. *(The Sabha then adjourned till 9.00 A.M. on Friday, the 6th February, 1976.)*

1836/PVS—22-7-76—286—Pb. Govt. Press, Patiala.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digit

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*6th February, 1976*

Vol. I—No. 12

## OFFICIAL REPORT

CONTENTS

*Friday, the 6th February, 1976*


| | | PAGE |
|---|---|---|
| Starred Questions and Answers | .. | (12)1 |
| Unstarred Questions and Answers | .. | (12)19 |
| Questions of Privilege | .. | (12)64 |
| Call Attention Notices under Rule 66 | .. | (12)65 |
| Question on Statement made in reply to Call-Attention Notice No. 60 | .. | (12)66 |
| Presentation of Reports | .. | (12)67 |
| Bill(s) | | |
| The Punjab Appropriation—,1976 | .. | (12)68 |



Punjab Vidhan Sabha Secretariat, Chandigarh.

Price Rs33—05



Original with;
Punjab Vidhan Sabha
Digitized by;
Panjab Digital Library

The Public Wakfs (Extension of Limitation) (Punjab Amendment) —, 1976 .. (12)79

Obituary References .. (12)88

Bill(s)—

The Punjab Agricultural Produce Markets (Validation)—, 1976 .. (12)89

The Punjab Gram Panchayat (Common Purposes Land) Eviction and Rent Recovery—, 1976 .. (12)96

Appendix .. (i)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Friday, the 6th February, 1976*

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Dr. Kewal Krishan) in the Chair.*

## STARRED QUESTIONS AND ANSWERS

### ਸਰਹਦੀ ਰੂਟ ਤੇ ਸਰਕਾਰੀ ਬੱਸ ਸੇਵਾ ਸ਼ੁਰੂ ਕਰਨਾ

*3568. **ਕਾਮਰੇਡ ਰਾਜ ਕੁਮਾਰ** : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਕ ਵਿਧਾਇਕ, ਕਲਾਨੌਰ ਪੰਚਾਇਤ ਸੰਮਤੀ ਦੇ ਚੇਅਰਮੈਨ ਅਤੇ ਮੈਂਬਰਾਂ ਅਤੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ ਆਦਿ ਨੇ 6 ਕਿਲੋਮੀਟਰ ਲੰਮੇ ਸਰਹਦੀ ਰੂਟ ਦਾ ਸਾਂਝੇ ਤੌਰ ਤੇ ਸਰਵੇ ਕਰਨ ਤੋਂ ਬਾਅਦ ਉਸ ਰੂਟ ਤੇ ਸਰਕਾਰੀ ਆਵਾਜਾਈ ਸੇਵਾ ਸ਼ੁਰੂ ਕਰਨ ਬਾਰੇ ਸਰਕਾਰ ਨੂੰ ਸਿਫਾਰਿਸ਼ ਕੀਤੀ ਸੀ ;

(ਅ) ਕੀ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ ਨੇ ਇਸ ਸਬੰਧੀ ਰਾਜ ਟਰਾਂਸਪੋਰਟ ਕਮਿਸ਼ਨਰ ਨੂੰ ਜਨਵਰੀ, 1976 ਵਿਚ ਇਕ ਪੱਤਰ ਲਿਖਿਆ ਸੀ, ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ ;

(ੲ) ਅੰਦਾਜ਼ਨ ਕਿਸ ਸਮੇਂ ਤਕ ਉਕਤ ਸੇਵਾ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : (ੳ) ਹਾਂ ਜੀ ।

(ਅ) ਹਾਂ ਜੀ । ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ੲ) ਜਿੰਨੀ ਛੇਤੀ ਕਾਰਜ ਵਿਧੀ ਪੂਰੀ ਹੋ ਗਈ ।

Original with:
Punjab Vidhan Sabha
Digitized by:
Panjab Digital Library

[ਰਾਜ ਮੰਤਰੀ, ਆਵਾਜਾਈ ਤੇ ਸ਼ਹਿਰੀ ਹਵਾਬਾਜ਼ੀ]

COPY

From

The District Transport Officer,

Gurdaspur.

To

The State Transport Commissioner,

Punjab, Chandigarh.

No. 1070/ST dated 7.1.1976

Subject—Gurdaspur to Pakeevan via Kalanaur—extension of bus service.

This route was surveyed by me on the request of members of the Panchayat Samiti, Shri Raj Kumar. M.L.A. and Border Security Force Authorities. Pakeevan is 6 K. M. from Kalanaur. There is already a bus service between Pathankot and Kalanaur with the evening bus terminating at Kalanaur. The introduction of this bus service to Pakeevan and Rosse will serve two villages which are so far unconnected. Pakeevan is a village of sizeable papulation so is Rosse. Besides, there is a high school at Rosse and the staff has to travel from Kalanaur to these places which causes much inconvenience. There is B.S.F. Company Headquarters at Rosse and Jawans coming from and going to Rosse have to walk 6 K.M. to Kalanaur to catch the bus. This also hinders the B. S. F. Administration and causes them management problems. I suggest that one return trip be operated from Kalanaur to Pakeevan in the morning and one in the evening. Morning service should reach Pakeevan at 9 a.m. in the winter and at 7 a.m. in the summer. Evening service should reach Pakeevan at 4 in the evening. This can conveniently be done by the extension of one return trip each of Punjab Roadways service operating between Gurdaspur and Kalanaur to Pakeevan. Introduction of this service is strongly recommended and may please be introduced at the earliest.

Sd/-

District Transport Officer,
Gurdaspur

No :

A copy is forwarded for information to :—

1. The Director, State Transport Punjab, Chandigarh.
2. Shri Raj Kumar, M.L.A., Dhariwal.

Sd/-

District Transport Officer,
Gurdaspur.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਜਿਸ ਪਿੰਡ ਤੇ ਬਸ ਚਲਾਉਣ ਲਈ ਵਜ਼ੀਰ ਸਾਹਿਬ ਨੇ ਐਲਾਨ 1974 ਵਿਚ ਕੀਤਾ ਸੀ ਉਹ ਮੇਰੇ ਹਲਕੇ ਦਾ ਅਖੀਰਲਾ ਪਿੰਡ ਪਕੀਵਾਂ ਹੈ । ਇਹ ਕਲਾਨੌਰ ਤੋਂ 6 ਕਿਲੋਮੀਟਰ ਲੰਬਾ ਸਰਹੱਦੀ ਰੂਟ ਹੈ, ਜਿਸ ਦਾ ਐਲਾਨ ਕੀਤੇ 2 ਸਾਲ ਹੋ ਗਏ ਹਨ । ਮੈਂ ਇਹ ਪੁੱਛਦਾ ਹਾਂ ਕਿ ਇਹ ਬਸ ਸਰਵਿਸ ਐਨਾ ਟਾਈਮ ਨਾ ਚਲਾਉਣ ਦੇ ਕੀ ਕਾਰਨ ਸਨ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਜਿਸ ਸੜਕ ਤੇ ਇਹ ਬਸ ਸਰਵਿਸ ਚਲਾਉਣੀ ਸੀ ਉਸ ਸੜਕ ਦੀ ਹਾਲਤ ਬਹੁਤ ਮਾੜੀ ਸੀ ਅਤੇ ਉਸ ਸੜਕ ਤੇ ਕਈ ਪੁਲ ਬਣਨ ਵਾਲੇ ਸਨ । ਇਸ ਲਈ ਇਹ ਸੋਚਿਆ ਗਿਆ ਸੀ ਕਿ ਜਦੋਂ ਇਹ ਸੜਕ ਪੂਰੀ ਹੋ ਜਾਵੇਗੀ ਤਾਂ ਇਸ ਸੜਕ ਤੇ ਬਸ ਚਲਾਈ ਜਾਵੇਗੀ। ਇਸ ਸੜਕ ਦਾ ਸਰਵੇਖਣ ਕਰਨ ਵਾਸਤੇ ਡੀ.ਟੀ.ਓ. ਨੂੰ ਵੀ ਕਿਹਾ ਗਿਆ ਸੀ । ਹੁਣ ਡੀ.ਟੀ.ਓ. ਨੇ ਰਿਪੋਰਟ ਭੇਜ ਦਿਤੀ ਹੈ। ਉਨ੍ਹਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ :

> ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਗੁਰਦਾਸਪੁਰ ਨੇ ਕਾਮਰੇਡ ਰਾਜ ਕੁਮਾਰ, ਐਮ.ਐਲ.ਏ., ਪੰਚਾਇਤ ਸੰਮਤੀ ਕਲਾਨੌਰ ਦੇ ਮੈਂਬਰਾਂ ਅਤੇ ਬਾਰਡਰ ਸਕਿਉਰਟੀ ਫੋਰਸ ਦੇ ਕਹਿਣ ਤੇ ਕਲਾਨੌਰ ਤੋਂ ਪਾਕੀਵਾਂ, ਜੋ ਪੰਜਾਬ ਦੀ ਸਰਹੱਦ ਤੇ ਹੈ, ਦਾ ਸਰਵੇਖਣ ਕੀਤਾ । ਇਸ ਰੂਟ ਤੇ ਇਕ ਹੋਰ ਪਿੰਡ ਰੋਜ਼ੀ ਹੈ, ਜਿੱਥੇ ਇਕ ਹਾਈ ਸਕੂਲ ਸਥਿੱਤ ਹੈ । ਇਨ੍ਹਾਂ ਪਿੰਡਾਂ ਦੀ ਬਹੁਤ ਆਬਾਦੀ ਹੈ ਅਤੇ ਦੱਸਿਆ ਗਿਆ ਹੈ ਕਿ ਕਲਾਨੌਰ ਤੋਂ ਪਾਕੀਵਾਂ ਜਾਣ ਵਾਸਤੇ ਕਾਫੀ ਸਵਾਰੀਆਂ ਸਵੇਰੇ ਸ਼ਾਮ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਪੈਦਲ ਹੀ ਜਾਣਾ ਪੈਂਦਾ ਹੈ । ਉਨ੍ਹਾਂ ਦੀ ਮੁਸ਼ਕਲ ਨੂੰ ਦੇਖਦਿਆਂ ਹੋਇਆਂ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਨੇ ਪਠਾਨਕੋਟ ਤੋਂ ਕਲਾਨੌਰ ਜਾਣ ਵਾਲੇ ਦੋ ਵਾਪਸੀ ਫੇਰਿਆਂ ਨੂੰ ਪਾਕੀਵਾਂ ਤਕ ਵਧਾਏ ਜਾਣ ਦੀ ਸਿਫਾਰਸ਼ ਕੀਤੀ ਹੈ । ਮੋਟਰ ਗਡੀ ਐਕਟ ਅਧੀਨ ਇਸ ਰੂਟ ਤੇ ਪਰਮਿਟ ਪੰਜਾਬ ਰੋਡਵੇਜ਼ ਬਟਾਲਾ ਨੂੰ ਦੇਣ ਵਾਸਤੇ ਵਿਚਾਰਿਆ ਜਾ ਰਿਹਾ ਹੈ ਤੇ ਇਸ ਕਾਰਜ-ਵਿਧੀ ਨੂੰ ਘਟੋ ਘਟ 2 ਮਹੀਨੇ ਹੋਰ ਲਗਣਗੇ । ਇਸ ਰੂਟ ਤੇ ਪਰਮਿਟ ਦੇਣ ਵਾਸਤੇ ਲੋਕਾਂ ਦੀਆਂ ਅਰਜ਼ੀਆਂ ਲੈਣੀਆਂ ਹਨ ਅਤੇ ਇਤਰਾਜ਼ ਸੁਨਣੇ ਹਨ । ਇਸ ਤੋਂ ਬਾਅਦ ਇਹ ਮਾਮਲਾ ਰਿਜਨਲ ਟਰਾਂਸਪੋਰਟ ਅਥਾਰਟੀ ਦੀ ਮੀਟਿੰਗ ਵਿਚ ਰਖਿਆ ਜਾਵੇਗਾ ਅਤੇ ਪਰਮਿਟ ਜਾਰੀ ਕੀਤੇ ਜਾਣਗੇ । ਇਸ ਮਾਮਲੇ ਤੇ ਕਾਨੂੰਨ ਮੁਤਾਬਿਕ ਯੋਗ ਕਾਰਵਾਈ ਕਰਨ ਵਾਸਤੇ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ ਨੂੰ ਕਿਹਾ ਗਿਆ ਹੈ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਨਰੋਟ ਜੈਮਲ ਸਿੰਘ ਬਾਰਡਰ ਦਾ ਏਰੀਆ ਹੈ ਇੱਥੋਂ ਪਠਾਨਕੋਟ ਤੋਂ ਸਿੱਧੀ ਗੱਡੀ ਤਾਂ ਜਾ ਨਹੀਂ ਸਕਦੀ । ਇਕ ਰੂਟ ਐਸਾ ਹੈ ਜਿੱਥੋਂ ਕਿ ਬੱਸ ਚਲਦੀ ਹੈ ਪਰ ਉਥੋਂ ਦੀ ਜੰਮੂ ਅਤੇ ਕਸ਼ਮੀਰ ਦੀ ਬਸ ਸਰਵਿਸ ਚਲਦੀ ਹੈ । ਪੰਜਾਬ ਦੀ ਕੋਈ ਬੱਸ ਨਹੀਂ ਜਾਂਦੀ । ਇਸ ਲਈ ਕੀ ਵਜ਼ੀਰ ਸਾਹਿਬ ਪੰਜਾਬ ਦੀ ਇਸ ਰੂਟ ਤੇ ਕੋਈ ਬੱਸ ਚਲਾਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਦੂਸਰੇ ਸੂਬੇ ਨਾਲ ਜੋ ਸਾਡਾ ਸਮਝੌਤਾ ਹੋਇਆ ਹੈ, ਉਸ ਦੇ ਅਨੁਸਾਰ ਅਮਲ ਕੀਤਾ ਜਾਂਦਾ ਹੈ । ਬਾਕੀ ਜੋ ਇਨ੍ਹਾਂ ਨੇ ਪੰਜਾਬ ਦੀ ਬੱਸ ਸੇਵਾ ਸ਼ੁਰੂ ਕਰਨ ਲਈ ਕਿਹਾ ਹੈ ਉਸ ਲਈ ਦੁਬਾਰਾ ਸਵਾਲ ਦੇ ਦੇਣ ਜਵਾਬ ਦੇ ਦਿੱਤਾ ਜਾਵੇਗਾ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬੱਸ ਨਾ ਚਲਾਉਣ ਦੀ ਵਜ੍ਹਾ ਦੱਸੀ ਹੈ ਕਿ ਸੜਕ ਮੁਕੰਮਲ ਨਹੀਂ ਸੀ । ਮੈਂ ਪੁੱਛਦਾ ਹਾਂ ਕਿ ਹੁਣ ਸੜਕ ਮੁਕੰਮਲ ਹੋਏ ਨੂੰ ਡੇਢ ਮਹੀਨਾ ਹੋ ਗਿਆ ਹੈ, ਕੀ ਹੁਣ ਇਹ ਯਕੀਨ ਦਿਵਾਉਣਗੇ ਕਿ ਇਸ ਸੜਕ ਤੇ ਬੱਸ ਇਕ ਮਹੀਨੇ ਦੇ ਅੰਦਰ ਅੰਦਰ ਚਲਾ ਦਿੱਤੀ ਜਾਵਗੀ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਮੇਰੀ ਬੇਨਤੀ ਹੈ ਕਿ ਸੜਕ ਮੁਕੰਮਲ ਹੋਣ ਤੇ ਸਟੇਟ ਟਰਾਂਸਪੋਰਟ ਨਾਲ ਜਿਹੜਾ ਪਰੋਸੀਜਰ ਚਲਦਾ ਹੈ ਉਸ ਲਈ 2 ਮਹੀਨੇ ਲਗ ਜਾਂਦੇ ਹਨ । ਇਸ ਲਈ 2 ਮਹੀਨੇ ਤੱਕ ਇਹ ਸੇਵਾ ਚਾਲੂ ਕਰ ਦਿੱਤੀ ਜਾਵੇਗੀ ।

**ਚੌਧਰੀ ਸੁੰਦਰ ਸਿੰਘ :** ਸਪੀਕਰ ਸਾਹਿਬ, ਇਹ ਜਿਹੜਾ ਨਰੇ, ਜੈਮਲ ਸਿੰਘ ਪਿੰਡ ਹੈ, ਇਸ ਵਾਸਤੇ ਵੀ ਚਿੱਠੀ ਲਿਖੀ ਹੈ. . . .

**ਸ੍ਰੀ ਸਪੀਕਰ :** ਉਹ ਤਾਂ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਸਵਾਲ ਉਠਦਾ ਨਹੀਂ ।

**ਚੌਧਰੀ ਸੁੰਦਰ ਸਿੰਘ :** ਜੇ ਨਹੀਂ ਉਠਦਾ ਤਾਂ ਉਠਾ ਲਵਾਂਗੇ । (ਹਾਸਾ)

**ਰਾਜ ਮੰਤਰੀ :** ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਜੋ ਕਿਹਾ ਹੈ ਉਸ ਦੇ ਬਾਰੇ ਮੈਂ ਦੱਸਿਆ ਹੈ ਕਿ ਜੇ.ਐਂਡ.ਕੇ. ਨਾਲ ਜੋ ਸਮਝੌਤਾ ਹੋਇਆ ਹੈ ਉਸ ਨੂੰ ਤਾਂ ਕਾਇਮ ਰੱਖਣਾ ਪੈਂਦਾ ਹੈ । ਬਾਕੀ ਜੋ ਉਠਣ ਉਠਾਣ ਦੀ ਗੱਲ ਹੈ ਉਸ ਦਾ ਜਵਾਬ ਮੈਂ ਦੇ ਨਹੀਂ ਸਕਦਾ । (ਹਾਸਾ)

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਜੋ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਪਰੋਸੀਜਰ ਲਈ 2 ਮਹੀਨੇ ਲਗ ਜਾਂਦੇ ਹਨ । ਮੈਂ ਇਸ ਲਈ ਪੁੱਛਦਾ ਹਾਂ ਕਿ ਇਹ ਜਿਹੜੀ ਸੇਵਾ ਚਲਾਉਣੀ ਹੈ ਇਹ ਨਵਾਂ ਰੂਟ ਤਾਂ ਨਹੀਂ ਲੈਣਾ ਇਹ ਤਾਂ ਐਕਸਟੈਨਸ਼ਨ 6 ਕਿਲੋਮੀਟਰ ਦੀ ਕਰਨੀ ਹੈ । ਕੀ ਇਸ ਵਾਸਤੇ ਪਰੋਸੀਜ਼ਰ ਦੀ ਲੋੜ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਐਕਸਟੈਨਸ਼ਨ ਨਹੀਂ ਮੰਗੀ, ਨਵੇਂ ਰੂਟ ਤੇ ਤਾਂ 2 ਮਹੀਨੇ ਲੱਗ ਹੀ ਜਾਂਦੇ ਹਨ ।

**ਕਾਮਰੇਡ ਅਰਜਨ ਸਿੰਘ ਮਸਤਾਨਾ :** ਸਪੀਕਰ ਸਾਹਿਬ, ਇਹ ਜਿਹੜੀ 6 ਮੀਲ ਦੀ ਸੜਕ ਹੈ ਇਹ ਬਾਰਡਰ ਦੀ ਪੱਟੀ ਤੇ ਹੈ । ਉਥੇ ਬਾਰਡਰ ਦੀ ਪੱਟੀ ਦੇ ਨਾਲ ਹੋਰ ਵੀ ਕਈ ਸੜਕਾਂ ਉਨ੍ਹਾਂ ਨੇ ਬਣਾ ਲਈਆਂ ਹਨ । ਕੀ ਜਿੱਥੇ ਜਿੱਥੇ ਨਵੀਂ ਸੜਕ ਬਣ ਗਈ ਉਥੇ ਉਥੇ ਬੱਸ ਚਾਲੂ ਕਰ ਦੇਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਸਰਕਾਰ ਦਾ ਸੜਕ ਬਣਾਉਣ ਦਾ ਮਨਸ਼ਾ ਇਹ ਹੁੰਦਾ ਹੈ ਕਿ ਉਸ ਤੇ ਬੱਸ ਚਲਾਈ ਜਾਵੇ । ਇਸ ਲਈ ਜਿੱਥੇ ਵੀ ਸੜਕ ਬਣੀ ਹੈ ਉਸ ਪਿੰਡ ਲਈ ਬੱਸ ਸੇਵਾ ਸ਼ੁਰੂ ਕੀਤੀ ਜਾਵੇਗੀ ।

---

NATIONAL PERMIT SCHEME FOR TRUCKS

*3604. **Shri Prem Gupta** : Will the Minister of State for Transport and Civil Aviation be pleased to state whether there is any National Permit Scheme for Trucks in the State; if so, the details thereof ?

**ਸਰਦਾਰ ਦਿਲਬਾਗ ਸਿੰਘ ਡਾਲੇਕੇ :** ਹਾਂ ਜੀ । ਇਸ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਵੇਰਵਾ

**ਨੈਸ਼ਨਲ ਪਰਮਿਟ ਸਕੀਮ ਦੀਆਂ ਖਾਸ ਖਾਸ ਵਿਸ਼ੇਸ਼ਤਾਈਆਂ ਹੇਠ ਲਿਖੇ ਅਨੁਸਾਰ ਹਨ**

(ੳ) ਹਰ ਇਕ ਟਰੱਕ ਦੇ ਮਾਲਕ ਨੂੰ 700 ਰੁਪਏ ਪ੍ਰਤੀ ਸੂਬਾ, ਕੰਪੋਜ਼ਿਟ ਫ਼ੀਸ ਦੇਣੀ ਪਵੇਗੀ । ਇਹ ਕੰਪੋਜ਼ਿਟ ਫ਼ੀਸ ਆਪਣੇ ਸੂਬੇ ਦੇ ਟੈਕਸਾਂ ਤੋਂ ਇਲਾਵਾ ਹੋਵੇਗੀ ।

(ਅ) ਨੈਸ਼ਨਲ ਪਰਮਿਟ ਵਰਤਮਾਨ ਜ਼ੋਨਾਂ ਦੇ 50% ਹੋਲਡਰਾਂ ਨੂੰ ਦਿਤੇ ਜਾਣਗੇ ਅਤੇ ਬਾਕੀ 50% ਨਵੇਂ ਆਪਰੇਟਰਾਂ ਨੂੰ ਦਿੱਤੇ ਜਾਣਗੇ । ਜਿਹੜੇ ਜ਼ੋਨਲ ਪਰਮਿਟ ਖਾਲੀ ਹੋਣਗੇ ਉਹ ਜੋਨਲ ਪਰਮਿਟ ਸਕੀਮ ਦੇ ਅਧਾਰ ਤੇ ਭਰੇ ਜਾਣਗੇ। ਜਿੱਥੋਂ ਤੱਕ ਨਵੇਂ ਅਪਰੇਟਰਾਂ ਦਾ ਸਬੰਧ ਹੈ, ਪਰਮਿਟ ਦੇਣ ਵਿਚ ਟਰਾਂਸਪੋਰਟ ਵਰਕਰਾਂ ਦੀਆਂ ਸਹਿਕਾਰੀ ਸਭਾਵਾਂ, ਸਾਬਕਾ ਫੌਜੀਆਂ, ਪੜ੍ਹੇ-ਲਿਖੇ ਬੇ-ਰੁਜ਼ਗਾਰ ਵਿਅਕਤੀਆਂ ਆਦਿ ਨੂੰ ਪਹਿਲ ਦਿੱਤੀ ਜਾਵੇਗੀ ।

(ੲ) ਹਰ ਨੈਸ਼ਨਲ ਪਰਮਿਟ ਹੋਲਡਰ ਨੂੰ ਘੱਟੋ ਘੱਟ 5 ਗਵਾਂਢੀ ਸੂਬੇ ਚੁਣਨੇ ਹੋਣਗੇ ਜੋ ਜ਼ੋਨ ਸਕੀਮਾਂ ਤੋਂ ਇਲਾਵਾ ਹੋਣਗੇ ।

(ਸ) ਪਰਮਿਟ ਆਦਿ ਦੇਣ ਤੇ ਖਰਚੇ ਨੂੰ ਪੂਰਾ ਕਰਨ ਵਾਸਤੇ 100 ਰੁਪਏ ਪ੍ਰਤੀ ਸੂਬਾ ਆਥੋਰਾਈਜ਼ੇਸ਼ਨ ਫੀਸ ਲਗਾਈ ਗਈ ਹੈ ਜੋ ਵੱਧ ਤੋਂ ਵੱਧ 500 ਰੁਪਏ ਹੋਵੇਗੀ । ਇਹ ਫੀਸ ਉਹ ਸੂਬਾ ਵਸੂਲ ਕਰੇਗਾ ਜਿਥੇ ਟਰੱਕ ਰਜਿਸਟਰਡ ਹੋਣਗੇ ਤਾਂ ਕਿ ਉਹ ਅਮਲੇ ਅਤੇ ਹੋਰ ਖਰਚੇ ਨੂੰ ਪੂਰਾ ਕਰ ਸਕੇ ।

(ਹ) ਭਾਰਤ ਸਰਕਾਰ ਨੇ ਨੈਸ਼ਨਲ ਪਰਮਿਟ ਦੇਣ ਦੀ ਗਿਣਤੀ ਹੇਠ ਲਿਖੇ ਅਨੁਸਾਰ ਕੀਤੀ ਹੈ :—

| | | |
|---|---|---|
| 1. | ਆਂਧਰਾ-ਪ੍ਰਦੇਸ਼, ਆਸਾਮ, ਬਿਹਾਰ, ਗੁਜਰਾਤ, ਕੇਰਲਾ, ਮੱਧ-ਪ੍ਰਦੇਸ਼, ਤਾਮਿਲਨਾਡੂ, ਮਹਾਂਰਾਸ਼ਟਰ, ਕਰਨਾਟਕਾ, ਉੜੀਸਾ, ਪੰਜਾਬ, ਰਾਜਿਸਥਾਨ, ਉੱਤਰ-ਪ੍ਰਦੇਸ਼, ਪੱਛਮੀ ਬੰਗਾਲ, ਜੰਮੂ ਤੇ ਕਸ਼ਮੀਰ, ਹਰਿਆਣਾ, ਦਿੱਲੀ ਤੇ ਗੋਆ, ਦਾਮਨ ਅਤੇ ਦਿਉ | .. 250 ਹਰ ਇਕ ਨੂੰ |
| 2. | ਹਿਮਾਚਲ ਪ੍ਰਦੇਸ਼ ਅਤੇ ਤ੍ਰਿਪੜਾ | .. 200 ਹਰ ਇਕ ਨੂੰ |
| 3. | ਸਿਕਿਮ, ਨਾਗਾਲੈਂਡ, ਮਨੀਪੁਰ, ਮੇਘਾਲਿਆ, ਪਾਂਡੀਚਰੀ, ਚੰਡੀਗੜ੍ਹ, ਮਿਜ਼ੋਰਮ, ਅਰੁਨਾਚਲ ਪ੍ਰਦੇਸ਼ | .. 50 ਹਰ ਇਕ ਨੂੰ |

ਮਿਤੀ 26 ਸਤੰਬਰ, 1975 ਨੂੰ ਭਾਰਤ ਸਰਕਾਰ ਨੇ ਇਕ ਅਧਿਆਦੇਸ਼ ਮੋਟਰ ਗੱਡੀ ਐਕਟ 1939 ਦੀ ਸੋਧ ਕਰਨ ਹਿੱਤ ਕੱਢਿਆ ਜਿਸ ਨਾਲ ਸਾਰੇ ਭਾਰਤ ਵਿਚ ਨੈਸ਼ਨਲ ਪਰਮਿਟ ਸਕੀਮ ਚਾਲੂ ਕਰਨ ਬਾਰੇ ਅਧਿਕਾਰ ਲੈ ਲਏ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਮੈਂ ਇਹ ਗੱਲ ਜਾਣਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਹਿੱਸੇ ਵਿਚ 250 ਨੈਸ਼ਨਲ ਪਰਮਿਟ ਆਏ ਹਨ । ਕੀ ਮਨਿਸਟਰ ਸਾਹਿਬ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹਨ ਕਿ ਇਹ ਪਰਮਿੱਟ ਬਹੁਤ ਥੋੜੇ, ਟਰੱਕ ਟ੍ਰਾਂਸਪੋਰਟਰਾਂ ਦੇ ਹਿੱਸੇ ਵਿਚ ਆਏ ਹਨ ਕੀ ਇਹਨਾਂ ਪਰਮਿਟਾਂ ਨੂੰ ਵਧਾਉਣ ਦਾ ਯਤਨ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਭਾਰਤ ਸਰਕਾਰ ਨੇ ਕੁੱਲ 5300 ਪਰਮਿਟ ਦੇਣੇ ਸਨ । ਇਸ ਲਈ ਇਹ ਸਾਰਾ ਹਿਸਾਬ ਕਿਤਾਬ ਲਾ ਕੇ ਸਰਕਾਰ ਨੇ ਫੈਸਲਾ ਕੀਤਾ ਹੈ । ਭਾਰਤ ਸਰਕਾਰ ਨੇ ਜੋ ਨੈਸ਼ਨਲ ਪਰਮਿੱਟ ਦਿੱਤੇ ਹਨ, ਉਨ੍ਹਾਂ ਦੀ ਗਿਣਤੀ ਮੈਂ ਦੱਸਦਾ ਹਾਂ ਕਿ....

| | | |
|---|---|---|
| 1. | ਆਂਧਰਾ ਪ੍ਰਦੇਸ਼, ਆਸਾਮ, ਬਿਹਾਰ, ਗੁਜਰਾਤ, ਕੇਰਲਾ, ਮੱਧ ਪ੍ਰਦੇਸ਼, ਤਾਮਿਲਨਾਡੂ, ਮਹਾਂਰਾਸ਼ਟਰ, ਕਰਨਾਟਕਾ, ਉੜੀਸਾ, ਪੰਜਾਬ, ਰਾਜਿਸਥਾਨ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਜੰਮੂ ਤੇ ਕਸ਼ਮੀਰ, ਹਰਿਆਣਾ, ਦਿੱਲੀ ਤੇ ਗੋਆ, ਦਾਮਨ ਅਤੇ ਦਿਉ | .. 250 ਹਰ ਇਕ ਨੂੰ । |
| (2) | ਹਿਮਾਚਲ ਪ੍ਰਦੇਸ਼ ਅਤੇ ਤ੍ਰਿਪੁਰਾ | .. 200 ਹਰ ਇਕ ਨੂੰ । |
| (3) | ਸਿਕਿਮ, ਨਾਗਾਲੈਂਡ, ਮਨੀਪੁਰ, ਮੇਘਾਲਿਆ, ਪਾਂਡੀਚਰੀ, ਚੰਡੀਗੜ੍ਹ, ਮਿਜ਼ੋਰਮ, ਅਰੁਨਾਚਲ ਪ੍ਰਦੇਸ਼ | .. 50 ਹਰ ਇਕ ਨੂੰ । |

ਇਸ ਵਾਸਤੇ ਇਹ ਭਾਰਤ ਸਰਕਾਰ ਹੀ ਪਰਮਿਟ ਇਸ਼ੂ ਕਰਦੀ ਹੈ, ਅਸੀਂ ਇਹਨਾਂ ਨੂੰ ਨਹੀਂ ਵਧਾ ਸਕਦੇ ।

ਇਸ ਲਈ ਜੋ ਗਿਣਤੀ ਹੈ, ਇਹ ਹਿਸਾਬ ਕਿਤਾਬ ਕਰਕੇ ਹੀ ਸਾਨੂੰ ਦਿੱਤੀ ਗਈ ਹੈ । ਇਹ ਸੈਂਟਰ ਦੀ ਸਰਕਾਰ ਦਾ ਮਾਮਲਾ ਹੈ ਸਾਡਾ ਨਹੀਂ ।

**ਸ੍ਰੀ ਪ੍ਰੇਮ ਗੁਪਤਾ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਇਲਾਵਾ ਜ਼ੋਨਲ ਪਰਮਿਟ ਜਿਹੜੇ ਟਰੱਕ ਵਾਲਿਆਂ ਨੂੰ ਇਸ਼ੂ ਹੋਣੇ ਹਨ ਕੀ ਇਹ ਸਾਰੇ ਜਿਨ੍ਹਾਂ ਨੂੰ ਪਹਿਲੇ ਪਰਮਿਟ ਮਿਲੇ ਹਨ ਉਹਨਾਂ ਨੂੰ ਹੀ ਦੇਣੇ ਹਨ ਜਾਂ ਨਵਿਆਂ ਨੂੰ ਵੀ ਦਿੱਤੇ ਜਾਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਨ੍ਹਾਂ ਨੂੰ ਨੈਸ਼ਨਲ ਪਰਮਿੱਟ ਸਕੀਮ ਦੇ ਤਾਹਿਤ ਜਿਹੜੇ ਪਰਮਿੱਟ ਇਸ਼ੂ ਹੋਏ ਹਨ, ਉਸ ਤੋਂ ਇਲਾਵਾ 50% ਜ਼ੋਨਲ ਪਰਮਿਟ ਉਹਨਾਂ ਨੂੰ ਇਸ਼ੂ ਕੀਤੇ ਜਾਣਗੇ ਅਤੇ 50% ਨਵਿਆਂ ਨੂੰ ਦਿੱਤੇ ਜਾਣਗੇ ।

**ਸਰਦਾਰ ਬੇਅੰਤ ਸਿੰਘ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਨੈਸ਼ਨਲ ਪਰਮਿੱਟ ਮਿਲੇ ਹਨ ਥੋੜੇ ਹਨ ।

ਸਾਰੇ ਟਰੱਕਾਂ ਨੂੰ ਇਕ ਦੂਸਰੇ ਸੂਬੇ ਵਿਚ ਆਉਣ ਜਾਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਕਿਉਂਕਿ ਸਾਰਾ ਮਾਲ ਰੁਲਦਾ ਰਹਿੰਦਾ ਹੈ । ਜਿਸ ਤਰ੍ਹਾਂ ਰੇਲਵੇ ਰਾਹੀਂ ਮਾਲ ਜਾਂਦਾ ਹੈ

Original with;
Punjab Vidhan Sabha
Digitized by;
Panjab Digital Library

ਉਸੇ ਤਰ੍ਹਾਂ ਹੀ ਹਰ ਸੂਬੇ ਵਿਚ ਟਰੱਕਾਂ ਰਾਹੀਂ ਮਾਲ ਦੀ ਆਵਾਜਾਈ ਦੀ ਸਹੂਲਤ ਹੋਣੀ ਚਾਹੀਦੀ ਹੈ, ਆਇਆ ਇਹ ਭਾਰਤ ਸਰਕਾਰ ਨੂੰ ਇਸ ਗੱਲ ਉਤੇ ਰਾਜ਼ੀ ਕਰਾਉਣ ਦਾ ਯਤਨ ਕਰਨਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਬਿਲਕੁਲ ਹੀ ਇਸ ਤਰ੍ਹਾਂ ਦੀ ਸਕੀਮ ਨਹੀਂ ਸੀ । ਪਿੱਛੇ ਜਿਹੇ ਸਾਰੇ ਟਰਾਂਸਪੋਰਟ ਮਨਿਸਟਰਾਂ ਦੀ ਮੀਟਿੰਗ ਦਿੱਲੀ ਵਿਚ ਹੋਈ ਸੀ । ਇਹ ਮਾਮਲਾ ਅਸੀਂ ਉਥੇ ਉਠਾਇਆ ਸੀ ਕਿ ਨੈਸ਼ਨਲ ਪਰਮਿੱਟ ਹੋਣੇ ਚਾਹੀਦੇ ਹਨ ਔਰ ਇਹ ਸਕੀਮ ਬਣੀ ਹੈ । ਅਜੇ ਸਿਰਫ ਵੇਖਣ ਦੇ ਤੌਰ ਤੇ ਹੀ ਇਹ ਨੁਕਤਾ 20 ਨੁਕਾਤੀ ਪ੍ਰੋਗਰਾਮ ਵਿਚ ਰੱਖਿਆ ਹੈ ।

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਦੀ ਸਰਕਾਰ ਨੇ ਇਹ ਮੂਵ ਕੀਤਾ ਹੈ ਕਿ ਕਿਉਂਕਿ ਪੰਜਾਬ ਦੀ ਟਰਾਂਸਪੋਰਟ ਦਾ ਕੰਮ ਜ਼ਿਆਦਾ ਹੈ, ਟਰੱਕ ਜ਼ਿਆਦਾ ਹਨ, ਇਸ ਲਈ ਪੰਜਾਬ ਨੂੰ ਜ਼ਿਆਦਾ ਪਰਮਿੱਟ ਦੇਣੇ ਚਾਹੀਦੇ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁਕਾ ਹਾਂ ਕਿ ਭਾਰਤ ਦੀ ਸਰਕਾਰ ਦੇ ਟਰਾਂਸਪੋਰਟ ਮਨਿਸਟਰ ਨੂੰ ਮੈਂ ਚਿੱਠੀ ਲਿੱਖ ਚੁੱਕਾ ਹਾਂ ਕਿ ਸਾਡੇ ਟਰੱਕਾਂ ਦੀ ਤਾਦਾਦ ਜ਼ਿਆਦਾ ਹੈ, ਇਸ ਲਈ ਤਾਦਾਦ ਦੇ ਮੁਤਾਬਿਕ ਪਰਮਿੱਟ ਦੇਣੇ ਚਾਹੀਦੇ ਹਨ ਪਰ ਉਨ੍ਹਾਂ ਨੇ ਕਿਹਾ ਹੈ ਕਿ ਸੂਬਿਆਂ ਦੀ ਆਬਾਦੀ, ਉਨ੍ਹਾਂ ਦਾ ਰਕਬਾ ਵਗੈਰਾ ਜਿਹੜਾ ਹੈ ਇਹ ਚੀਜ਼ਾਂ ਮੁੱਖ ਰੱਖ ਕੇ ਪਰਮਿੱਟ ਦਿੱਤੇ ਹਨ । ਟਰੱਕਾਂ ਦੀ ਤਾਦਾਦ ਨੂੰ ਮੁੱਖ ਰੱਖ ਕੇ ਨਹੀਂ ਦੇਣੇ ।

**ਕਾਮਰੇਡ ਅੱਛਰਾ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਢਾਈ ਸੌ ਟਰੱਕਾਂ ਦਾ ਸੈਂਟਰ ਨੇ ਪਰਮਿੱਟ ਦਿੱਤਾ ਹੈ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਇਹ ਪਰਮਿੱਟ ਉਨ੍ਹਾਂ ਲੋਕਾਂ ਨੂੰ ਦੇਣ ਦਾ ਯਕੀਨ ਦਿਵਾਉਣਗੇ ਜਿਨ੍ਹਾਂ ਪਾਸ ਇਕ ਇਕ ਟਰੱਕ ਅੱਗੇ ਹੈ ਜਾਂ ਕਿ ਇਹ ਨਵਿਆਂ ਨੂੰ ਹੀ ਦੇਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਸਕੀਮ ਹੈ, ਇਹ ਅਸਲ ਵਿਚ ਇਸ ਸਕੀਮ ਹੇਠ ਉਨ੍ਹਾਂ ਲੋਕਾਂ ਨੂੰ ਪਰਮਿੱਟ ਦੇਣੇ ਹਨ ਜਿਨ੍ਹਾਂ ਪਾਸ ਚਾਰ ਸਾਲਾਂ ਤੋਂ ਵੱਧ ਪੁਰਾਣੇ ਟਰੱਕ ਨਹੀਂ, ਜਿਨ੍ਹਾਂ ਪਾਸ ਪਹਿਲਾਂ ਬਹੁਤ ਪਰਮਿੱਟ ਹੋਣ। ਇਹ ਤਾਂ ਉਨ੍ਹਾਂ ਲੋਕਾਂ ਨੂੰ ਦੇਣੇ ਹਨ ਜਿਹੜੇ ਕਿ ਪੜ੍ਹੇ ਲਿਖੇ ਬੇਰੁਜ਼ਗਾਰ ਹਨ, ਸਾਬਕਾ ਫੌਜੀ ਹਨ, ਹਰੀਜਨ ਹਨ, ਜਾਂ ਜੋ ਹੋਰ ਇਸ ਤਰ੍ਹਾਂ ਦੇ ਲੋਕ ਹਨ, ਉਨ੍ਹਾਂ ਨੂੰ ਦੇਣੇ ਹਨ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਟਰੱਕਾਂ ਦੇ ਹਿਸਾਬ ਨਾਲ ਪਰਮਿੱਟ ਨਹੀਂ ਮਿਲਣੇ ਸੈਂਟਰ ਵਲੋਂ, ਔਰ ਆਬਾਦੀ ਦੇ ਹਿਸਾਬ ਨਾਲ ਮਿਲਣੇ ਹਨ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਕਾਫ਼ੀ ਅਨਾਜ ਕੇਂਦਰੀ ਭੰਡਾਰ ਵਿਚ ਵਾਧੂ ਸਪਲਾਈ ਕਰਦਾ ਹੈ, ਜੇਕਰ ਉਨ੍ਹਾਂ ਨੇ ਟਰੱਕਾਂ ਦੇ ਹਿਸਾਬ ਨਾਲ ਨਹੀਂ ਦੇਣੇ ਤਾਂ ਕਣਕ ਦੇ ਹਿਸਾਬ ਨਾਲ ਜ਼ਰੂਰ ਦੇ ਦੇਣ ।

(ਕੋਈ ਉੱਤਰ ਨਹੀਂ ਆਇਆ)

Original with;
Punjab Vidhan Sabha
Digitized by;
Panjab Digital Library

**ਭਗਤ ਗੁਰਾਂ ਦਾਸ ਹੰਸ** : ਸਪੀਕਰ ਸਾਹਿਬ, ਢਾਈ ਸੌ ਪਰਮਿੱਟ ਆਇਆ ਹੈ, ਕੀ ਸਰਕਾਰ ਹਰੀਜਨਾਂ ਵਾਸਤੇ ਰੈਜ਼ਰਵੇਸ਼ਨ ਦਾ ਖਿਆਲ ਵੀ ਰੱਖੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਇਨ੍ਹਾਂ ਵਿਅਕਤੀਆਂ ਦਾ ਖਿਆਲ ਰੱਖਿਆ ਜਾਵੇਗਾ ।

---

ਸਟਾਰਡ ਸਵਾਲ ਨੰਬਰ 3606

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ ।)

**ਸ੍ਰੀ ਸਪੀਕਰ** : ਨੈਕਸਟ ਕੁਐਸਚਨ,

(ਸਟਾਰਡ ਸਵਾਲ ਨੰਬਰ 3538 ਪੇਸ਼ ਕਰਨ ਲਈ ਮਾਨਯੋਗ ਮੈਂਬਰ ਚੌਧਰੀ ਰਾਮ ਸਿੰਘ ਜੀ ਖੜੇ ਹੋਏ ਕਿਉਂਕਿ ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਹੀਂ ਸਨ । )

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਕੀ ਤੁਹਾਡੇ ਪਾਸ ਉਨ੍ਹਾਂ ਦੀ ਅਥਾਰਟੀ ਹੈ ?

**ਚੌਧਰੀ ਰਾਮ ਸਿਘ** : ਹਾਂ ਜੀ ਹੈ ।

**ਮੁਕੇਰੀਆਂ ਹਾਈਡਲ ਚੈਨਲ ਬਣਾਉਣਾ**

*3538. **ਸਰਦਾਰ ਗੁਰਬਚਨ ਸਿੰਘ ਚੀਮਾਂ** (ਚੌਧਰੀ ਰਾਮ ਸਿੰਘ ਵੱਲੋਂ ਪੇਸ਼ ਕੀਤਾ ਗਿਆ) : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮੁਕੇਰੀਆਂ ਹਾਈਡਲ ਚੈਨਲ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਕਿਸ ਸਮੇਂ ਤੱਕ ਇਸ ਦੀ ਉਸਾਰੀ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ;

(ਅ) ਇਸ ਦੇ ਮੁਕੰਮਲ ਹੋਣ ਤੋਂ ਬਾਅਦ ਬਿਜਲੀ ਦੀ ਕਿੰਨੀ ਮਾਤਰਾ ਪੈਦਾ ਹੋਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ** : (ੳ) ਹਾਂ ਜੀ । ਭਾਰਤ ਸਰਕਾਰ ਤੋਂ ਮਨਜ਼ੂਰੀ ਉਪਰੰਤ ਤੁਰੰਤ ਹੀ ਉਸਾਰੀ ਸ਼ੁਰੂ ਕਰ ਦਿੱਤੀ ਜਾਵੇਗੀ ।

(ਅ) 11,780 ਲੱਖ ਯੂਨਿਟਸ ਪ੍ਰਤੀ ਵਰ੍ਹੇ ।

**ਚੌਧਰੀ ਰਾਮ ਸਿੰਘ** : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਭਾਰਤ ਸਰਕਾਰ ਤੋਂ ਕਦੋਂ ਤੱਕ ਮਨਜ਼ੂਰੀ ਆ ਜਾਵੇਗੀ ਔਰ ਕਦੋਂ ਤੱਕ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਦੇ ਦੋ ਪਾਰਟ ਬਣਾਏ ਹਨ ਔਰ ਦੋਨੋ ਹੀ ਐਗਜ਼ਾਮਿਨ ਹੋ ਰਹੇ ਹਨ । ਗੌਰਮਿੰਟ ਆਫ ਇੰਡੀਆ ਤੋਂ ਮਨਜ਼ੂਰੀ ਆਉਣ ਉਤੇ ਕੰਮ ਸ਼ੁਰੂ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਸ਼ਾਹ ਨਹਿਰ ਦਾ ਉਦਘਾਟਨ ਕਰ ਦਿੱਤਾ ਸੀ ਔਰ ਨਾਲ ਹੀ ਬਿਜਲੀ ਬਾਰੇ ਵੀ ਕਰਨਾ ਸੀ । ਇਸ ਬਾਰੇ ਬੱਜਟ ਵਿਚ ਵੀ ਪ੍ਰੋਵੀਜ਼ਨ ਹੈ ਔਰ ਪਹਿਲਾਂ ਵੀ ਇਹ ਗੱਲ ਕਹੀ ਗਈ ਸੀ । ਆਇਆ ਸਰਕਾਰ ਵੱਲੋਂ ਹੁਣ ਉਚੇਰੀ ਕਾਰਵਾਈ ਕੀਤੀ ਜਾਵੇਗੀ ਤਾਂ ਕਿ ਜਲਦੀ ਪਰਮਿਸ਼ਨ ਮਿਲ ਜਾਵੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਸ਼ਾਹ ਨਹਿਰ ਦਾ ਕੰਮ ਸ਼ੁਰੂ ਕਰ ਦਿੱਤਾ ਹੈ । ਪਹਿਲਾਂ 3800 ਕਿਊਸਿਕ ਪਾਣੀ ਸੀ ਹੁਣ 11,500 ਕਿਊਸਿਕ ਦਾ ਪ੍ਰਾਜੈਕਟ ਹੈ । ਜਦੋਂ ਵੀ ਭਾਰਤ ਸਰਕਾਰ ਵੱਲੋਂ ਕਲੀਅਰੈਂਸ ਆ ਗਈ ਜਿਹੜੀ ਕਿ ਅਸੀਂ ਆਸ ਕਰਦੇ ਹਾਂ ਕਿ ਛੇਤੀ ਹੀ ਆ ਜਾਵੇਗੀ, ਤਾਂ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ । ਅਸੀਂ ਵੀ ਇਨਵੈਸਟੀ-ਗੇਸ਼ਨ ਕਰ ਰਹੇ ਹਾਂ ।

**ਸਟਾਰਡ ਸਵਾਲ ਨੰਬਰ 3557**

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ ।)

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3569**

**ਸ੍ਰੀ ਸਪੀਕਰ** : ਇਸ ਪ੍ਰਸ਼ਨ ਨੂੰ ਅੱਗੇ ਪਾਉਣ ਲਈ ਕਿਹਾ ਗਿਆ ਹੈ ।

ਅ.ਸ. ਨੰ: 213-ਏਕਿਉ-ਸਿੰ. ਬਿ(2)-76/

ਖੁਸ਼ਹਾਲ ਬਹਿਲ

ਉੱਪ ਮੰਤਰੀ, ਘਰੇਲੂ ਉਦਯੋਗ,
ਵਿਭਾਗ, ਪੰਜਾਬ,
ਚੰਡੀਗੜ੍ਹ ।

ਮਿਤੀ 5 ਫਰਵਰੀ, 1976

ਪਿਆਰੇ ਸਪੀਕਰ ਸਾਹਿਬ,

ਵਿਧਾਨ ਸਭਾ ਸਟਾਰਡ ਸੁਆਲ ਨੰ: 3569 ਜੋ 6-2-1976 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਰਾਜ ਕੁਮਾਰ ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ ਦਾ ਜੁਆਬ ਅਜੇ ਤੱਕ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਇੱਕਤਰ ਕੀਤੀ ਜਾ ਰਹੀ ਹੈ । ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦਾ ਜਵਾਬ ਦੇਣ ਲਈ ਮਿਆਦ ਵਿਚ ਵਾਧਾ ਕੀਤਾ ਜਾਵੇ । ਇਸ ਨੂੰ 12-2-1976 ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ
ਸਹੀ/
(ਖੁਸ਼ਹਾਲ ਬਹਿਲ)

ਡਾ: ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਇਸੇ ਸੈਸ਼ਨ ਵਿਚ ਆ ਜਾਣਾ ਚਾਹੀਦਾ ਹੈ ਜੀ ।

**ਸ੍ਰੀ ਸਪੀਕਰ** : ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸੇ ਸੈਸ਼ਨ ਵਿਚ ਹੀ ਇਸ ਦਾ ਜਵਾਬ ਦਿੱਤਾ ਜਾਵੇ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ:** 3637

**ਸ੍ਰੀ ਸਪੀਕਰ** : ਇਸ ਪ੍ਰਸ਼ਨ ਨੂੰ ਅੱਗੇ ਪਾਉਣ ਲਈ ਕਿਹਾ ਗਿਆ ਹੈ ।

ਖੁਸ਼ਹਾਲ ਬਹਿਲ

ਅ.ਸ.ਪ. 205-ਏ. ਕਿਉ-ਸਿ: ਬਿ(1)-76

ਉੱਪ ਮੰਤਰੀ,
ਘਰੇਲੂ ਤੇ ਉਦਯੋਗ, ਵਿਭਾਗ, ਪੰਜਾਬ,
ਚੰਡੀਗੜ੍ਹ ।

ਮਿਤੀ 5-2-1976

ਪਿਆਰੇ ਸਪੀਕਰ ਸਾਹਿਬ,

ਵਿਧਾਨ ਸਭਾ ਸਟਾਰਡ ਸੁਆਲ ਨੰ: 3637 ਜੋ ਮਿਤੀ 6-2-1976 ਨੂੰ ਸੁਆਲਾਂ ਦੀ ਸੂਚੀ ਵਿਚ ਮਾਸਟਰ ਚੰਦ ਸਿੰਘ ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਇਕੱਤਰ ਕੀਤੀ ਜਾ ਰਹੀ ਹੈ । ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦਾ ਜਵਾਬ ਦੇਣ ਲਈ ਮਿਆਦ ਵਿਚ ਵਾਧਾ ਕੀਤਾ ਜਾਵੇ । ਇਸ ਨੂੰ 12-2-76 ਤੋਂ ਪਿੱਛੋਂ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ
ਸਹੀ/-
(ਖੁਸ਼ਹਾਲ ਬਹਿਲ)

ਡਾ: ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ :** 3605

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ ।)

Original with;
Punjab Vidhan Sabha
Digitized by;
Panjab Digital Library

## NUMBER OF P.C.S. OFFICERS IN THE STATE AND NUMBER OF SCHEDULED CASTES AMONGST THEM

**3591. Chaudhri Sunder Singh** : Will the Chief Minister be pleased to state the total number of P. C. S. Officers (Executive) in the State and the number and names of those belonging to Scheduled Castes amongst them ?

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁੱਖ ਸੰਸਦੀ ਸਕੱਤਰ)** : ਪੀ. ਸੀ. ਐਸ. (ਕਾਰਜਕਾਰੀ) ਅਫ਼ਸਰਾਂ ਦੀ ਕੁੱਲ ਗਿਣਤੀ .. 186

ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਪੀ. ਸੀ. ਐਸ. (ਕਾਰਜਕਾਰੀ) ਅਫ਼ਸਰਾਂ ਦੀ ਗਿਣਤੀ .. 28

ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਪੀ.ਸੀ.ਅਸ. (ਕਾਰਜਕਾਰੀ) ਅਫ਼ਸਰਾਂ ਦੇ ਨਾਵਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

**List of P.C.S. (Executive Branchs officers belonging to Scheduled Castes.**

| *S. No.* | *Name of the Officer* |
|---|---|
| (1) | Shri M. R. Bhagat, P.C.S. |
| (2) | Shri Anokh Singh, P.C.S. |
| (3) | Shri H. G. Trighatia, P.C.S. |
| (4) | Shri Pritam Singh Bala, P.C.S. |
| (5) | Shri Gurdial Singh Fiji, P.C.S. |
| (6) | Shri Malkiat Singh Kailey, P.C.S. |
| (7) | Shri Amrik Singh, P.C.S. |
| (8) | Shri Karam Singh Raju, P.C.S. |
| (9) | Shri Sher Singh Sindhu, P.C.S. |
| (10) | Shri Randhir Singh, P.C.S. |
| (11) | Shri Piare Lal, P.C.S. |
| (12) | Shri Dalip Singh Sadhare, P.C.S. |
| (13) | Shri Santokh Singh, P.C.S. |
| (14) | Shri Niranjan Singh Sahota, P.C.S. |
| (15) | Shri Bachan Ram Azad, P.C.S. |
| (16) | Shri Sant Singh Sadhrao, P.C.S. |
| (17) | Shri B. R. Gill, P.C.S. |

Original with;
Punjab Vidhan Sabha
Digitized by;
Panjab Digital Library

| S. No. | Name of the Officer |
| --- | --- |
| (18) | Shri Ram Lal, P.C.S. |
| (19) | Shri Ajit Ram Darshi, P.C.S. |
| (20) | Shri Kuldev Singh Mahi, P.C.S. |
| (21) | Shri Manohar Singh Nigah, P.C.S. |
| (22) | Shri Charan Dass, P.C.S. |
| (23) | Shri Gian Singh Sandhu, P.C.S. |
| (24) | Shri Manmohan Singh, P.C.S. |
| (25) | Shri Manohar Lal Gotra, P.C.S. |
| (26) | Shri Dyal Singh, P.C.S. |
| (27) | Shri Hans Raj Megh, P.C.S. |
| (28) | Shri Roshan Lal Kalsia, P.C.S. |

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 186 ਵਿਚੋਂ ਸਿਰਫ 28 ਹੀ ਹਨ । 25% ਰੈਜ਼ਰਵੇਸ਼ਨ ਦੇ ਹਿਸਾਬ ਨਾਲ ਤਾਂ ਇਹ ਗਿਣਤੀ ਘੱਟ ਹੈ । ਗਿਆਨੀ ਜੀ ਨੇ ਕਿਹਾ ਸੀ ਕਿ ਹਰੀਜਨਾਂ ਦੀ ਘਾਟ ਨੂੰ ਪੂਰੀ ਕਰ ਦਿੱਤਾ ਜਾਵੇਗਾ, ਕੋਈ ਕਸਰ ਨਹੀਂ ਛੱਡਾਂਗੇ, ਕੀ ਸਰਕਾਰ ਹੁਣ ਇਸ ਰਿਜ਼ਰਵੇਸ਼ਨ ਦੇ ਘਾਟੇ ਨੂੰ ਪੂਰਾ ਕਰੇਗੀ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਇਹ ਰਿਜ਼ਰਵੇਸ਼ਨ ਦੀ ਪਰਸੈਂਟੇਜ ਟਾਈਮ ਟਾਈਮ ਉਤੇ ਬਦਲਦੀ ਰਹੀ ਹੈ । 19 ਅਕਤੂਬਰ, 1949 ਨੂੰ 15% ਸੀ, 19 ਅਗਸਤ, 1952 ਨੂੰ 19% ਹੋ ਗਈ, 7 ਸਤੰਬਰ, 1963 ਨੂੰ 20% ਹੋ ਗਈ ਔਰ 6 ਅਗਸਤ, 1974 ਨੂੰ 25% ਹੋ ਗਈ ਹੈ । ਜਿਸ ਤਰ੍ਹਾਂ ਆਬਾਦੀ ਵਧਦੀ ਜਾਂਦੀ ਹੈ ਇਨ੍ਹਾਂ ਦੀ ਰਿਜ਼ਰਵੇਸ਼ਨ ਵੀ ਵਧਦੀ ਜਾਂਦੀ ਹੈ ਪਰ ਸਰਕਾਰ ਇਸ ਨੂੰ ਜਲਦੀ ਤੋਂ ਜਲਦੀ ਪੂਰਾ ਕਰ ਰਹੀ ਹੈ ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 3556 ਅਤੇ 3589**

ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਕੀਤੇ ਗਏ ।)

---

**ਹੁਸ਼ਿਆਰਪੁਰ ਜ਼ਿਲ੍ਹੇ ਦੇ ਨਾਇਬ ਤਹਿਸੀਲਦਾਰਾਂ ਵਿਰੁੱਧ ਸ਼ਿਕਾਇਤਾਂ ।**

*3587 **ਭਗਤ ਗੁਰਾਂ ਦਾਸ ਹੰਸ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਉਨ੍ਹਾਂ ਨਾਇਬ ਤਹਿਸੀਲਦਾਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਵਿਰੁੱਧ ਸਾਲ 1975 ਦੇ ਦੌਰਾਨ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਮਿਲੀਆਂ, ਅਤੇ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ?

**ਸਰਦਾਰ ਉਮਰਾਓ ਸਿੰਘ** : ਲੋੜੀਂਦੀ ਸੂਚਨਾ ਸਬੰਧੀ ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਵਿਵਰਣ

| ਨਾਇਬ-ਤਹਿਸੀਲਦਾਰ ਦਾ ਨਾਂ | ਸ਼ਿਕਾਇਤ ਦਾ ਸਾਰੰਸ਼ | ਕੀਤੀ ਗਈ ਕਾਰਵਾਈ |
|---|---|---|
| 1. ਸ਼੍ਰੀ ਪ੍ਰੀਤਮ ਚੰਦ ਨਾਇਬ-ਤਹਿਸੀਲਦਾਰ ਦਸੂਹਾ । | ਸ਼੍ਰੀ ਹਰਚਰਨ ਸਿੰਘ, ਵਾਸੀ ਪਿੰਡ ਬਘਿਆੜੀ ਨੇ ਸ਼ਿਕਾਇਤ ਕੀਤੀ ਸੀ ਕਿ ਰਿਸ਼ਵਤ ਲੈ ਕੇ ਗਲਤ ਇੰਤਕਾਲ ਕੀਤੀ ਗਈ ਹੈ । | ਸਬੰਧਿਤ ਧਿਰਾਂ ਨੇ ਕੁਲੈਕਟਰ ਕੋਲ ਅਪੀਲ ਕੀਤੀ ਸੀ, ਜਿੱਥੇ ਉਨ੍ਹਾਂ ਰਾਜ਼ੀਨਾਮਾ ਕਰ ਲਿਆ ਫੇਰ ਵੀ ਇਹ ਪੜਤਾਲ ਕੀਤੀ ਜਾ ਰਹੀ ਹੈ ਕਿ ਇਲਜ਼ਾਮ ਵਿੱਚ ਕਿੰਨੀ ਕੁ ਸਚਾਈ ਹੈ । |
| 2. ਸ਼੍ਰੀ ਰਾਜ ਕੁਮਾਰ ਨਾਇਬ-ਤਹਿਸੀਲਦਾਰ ਭੂੰਗਾ । | ਸ਼੍ਰੀ ਰਾਮ ਸਿੰਘ ਕਲਰਕ-ਦਫ਼ਤਰ ਡਿਵੀਜ਼ਨਲ ਇਨਜੀਨੀਅਰ ਫੋਨਜ਼, ਜਲੰਧਰ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਪਿੰਡ ਭੂੰਗਾ ਵਿੱਚ ਉਸ ਨੂੰ ਵਿਰਾਸਤ ਵਿੱਚ ਮਿਲੀ ਭੋਇੰ ਦੀ ਇੰਤਕਾਲ ਨਹੀਂ ਕੀਤੀ ਗਈ । | ਇੰਤਕਾਲ ਨਾ ਹੋਣ ਦਾ ਕਾਰਨ ਇਹ ਕਿ ਸ਼ਿਕਾਇਤ-ਕਰਤਾ ਕਈ ਵਾਰ ਸੱਦੇ ਜਾਣ ਤੇ ਵੀ ਖੁਦ ਹਾਜ਼ਿਰ ਨਹੀਂ ਸੀ ਹੋਇਆ । ਇਸ ਲਈ ਇੰਤਕਾਲ ਰੱਦ ਕਰ ਦਿੱਤਾ ਗਿਆ । ਸ਼ਿਕਾਇਤ-ਕਰਤਾ ਨੂੰ ਹੁਣ ਨਵੇਂ ਸਿਰਿਉਂ ਇੰਤਕਾਲ ਦਰਜ ਕਰਾਉਣ ਵਾਸਤੇ ਅਰਜ਼ੀ ਦੇਣ ਲਈ ਲਿਖਿਆ ਜਾ ਰਿਹਾ ਹੈ । |
| 3. ਸ਼੍ਰੀ ਮਦਨ ਲਾਲ ਨਾਇਬ-ਤਹਿਸੀਲਦਾਰ ਗੜ੍ਹਸ਼ੰਕਰ । | ਗੜ੍ਹਸ਼ੰਕਰ ਦੇ ਇੱਕ ਸੋਸ਼ਲ ਵਰਕਰ ਸ਼੍ਰੀ ਕਰਤਾਰ ਸਿੰਘ ਨੇ ਸ਼ਿਕਾਇਤ ਕੀਤੀ ਸੀ ਕਿ ਇਸ ਕਰਮਚਾਰੀ ਨੇ 200/- ਰੁਪਏ ਤੋਂ ਲੈ ਕੇ 500/- ਰੁਪਏ ਤੱਕ ਰਿਸ਼ਵਤ ਲੈ ਕੇ ਝਗੜੇ ਵਾਲੇ ਅਤੇ ਝਗੜੇ ਤੋਂ ਰਹਿਤ ਇੰਤਕਾਲਾਂ ਦਾ ਰਜਿਸਟਰ ਵਿੱਚ ਇੰਦਰਾਜ਼ ਕੀਤਾ ਸੀ । | ਸ਼ਿਕਾਇਤ ਦੀ ਜਾਂਚ ਕੀਤੀ ਗਈ । ਸ਼ਕਾਇਤ ਕਰਤਾ ਨੂੰ ਸੱਦਿਆ ਸੀ ਪਰ ਉਹ ਹਾਜ਼ਰ ਨਹੀਂ ਹੋਇਆ । ਅਸਪਸ਼ਟ ਹੋਣ ਕਰਕੇ ਦਰਖਾਸਤ ਦਾਖਿਲ ਦਫ਼ਤਰ ਕਰ ਦਿੱਤੀ ਗਈ । |

ਵਿਵਰਣ

| ਨਾਇਬ-ਤਹਿਸੀਲਦਾਰ ਦਾ ਨਾਂ | ਸ਼ਿਕਾਇਤ ਦਾ ਸਾਰੰਸ਼ | ਕੀਤੀ ਗਈ ਕਾਰਵਾਈ |
|---|---|---|
| 4. ਸ਼੍ਰੀ ਦਿਆਲ ਸਿੰਘ, ਨਾਇਬ-ਤਹਿਸੀਲਦਾਰ, ਹੁਸ਼ਿਆਰਪੁਰ । | ਸ਼੍ਰੀ ਮਦਨ ਗੋਪਾਲ, ਟੈਕਨੀਕਲ ਅਫ਼ਸਰ, ਪੰਜਾਬ ਵਿਧਾਨ ਸਭਾ ਨੇ ਦੋਸ਼ ਲਾਇਆ ਸੀ ਕਿ ਇਹ ਨਾਇਬ-ਤਹਿਸੀਲਦਾਰ ਸ਼ਿਕਾਇਤ-ਕਰਤਾ ਨੂੰ ਉਸ ਦੀ ਜਾਇਦਾਦ ਦੇ ਪੱਕੇ ਹੱਕ ਦੇਣ ਬਦਲੇ 200/- ਰੁਪਏ ਰਿਸ਼ਵਤ ਮੰਗਦਾ ਸੀ । | ਮਾਮਲਾ ਜਾਂਚ ਅਧੀਨ ਹੈ । |
| 5. ਸ਼੍ਰੀ ਭਗਤ ਰਾਮ, ਨਾਇਬ-ਤਹਿਸੀਲਦਾਰ, ਹੁਸ਼ਿਆਰਪੁਰ । | ਚੰਡੀਗੜ੍ਹ ਤੋਂ ਸ਼੍ਰੀ ਗੁਰਚਰਨ ਦਾਸ ਨੇ ਸ਼ਿਕਾਇਤ ਕੀਤੀ ਸੀ ਕਿ ਸਬੰਧਿਤ ਨਾਇਬ-ਤਹਿਸੀਲਦਾਰ ਨੇ ਭਾਰੀ ਰਿਸ਼ਵਤ ਲੈ ਕੇ ਉਸਦੀ-ਜ਼ਰਾਇਤੀ ਜ਼ਮੀਨ ਦੀ, ਬਿਨਾ ਉਸਦੀ ਜਾਣਕਾਰੀ ਦੇ ਸ਼੍ਰੀਮਤੀ ਰਾਮ ਲਭਾਈ ਦੇ ਨਾਂ ਇੰਤਕਾਲ ਕਰ ਦਿੱਤੀ ਹੈ । | ਮਾਮਲੇ ਦੀ ਪੜਤਾਲ ਹੋ ਰਹੀ ਹੈ । |

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 3590

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ)

---

ਤਨਖਾਹ ਅਤੇ ਸਾਲਾਨਾ ਤਰੱਕੀਆਂ ਦੇ ਬਕਾਇਆ ਵਗੈਰਾ ਦੀ ਅਦਾਇਗੀ ਕਰਨਾ

*3582. **ਕਾਮਰੇਡ ਰਾਜ ਕੁਮਾਰ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ :

(ੳ) ਕੀ ਵਿਦਿਆ ਵਿਭਾਗ ਨੂੰ ਨੈਸ਼ਨਲ ਫਿਟਨੈਸ ਕੋਰ ਐਂਪਲਾਈਜ਼ ਐਸੋਸੀਏਸ਼ਨ ਵਲੋਂ ਫਰਵਰੀ, 1973 ਤੋਂ ਹੁਣ ਤੱਕ ਦੇ ਸਮੇਂ ਦੇ ਵਿਚਕਾਰ ਤਨਖਾਹਾਂ ਅਤੇ ਸਾਲਾਨਾ ਤਰੱਕੀਆਂ ਅਤੇ ਬਕਾਇਆਂ ਦੀ ਅਦਾਇਗੀ ਵਿਚ ਦੇਰ ਕਰਨ ਸਬੰਧੀ ਕੋਈ ਮੈਮੋਰੈਂਡਮ/ਸ਼ਿਕਾਇਤਾਂ ਮਿਲੀਆਂ ;

(ਅ) ਜੇਕਰ ਉਪਰੋਤਕ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਉਨ੍ਹਾਂ ਦੇ ਅਤੇ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਕੀ ਹਨ ?

**ਸ਼੍ਰੀ ਗੁਰਮੇਲ ਸਿੰਘ** (ੳ) ਹਾਂ ਜੀ, ਇਹ ਮੈਂਮੋਰੈਡਮ/ਸ਼ਿਕਾਇਤ ਨੈਸ਼ਨਲ ਫਿਟਨੈਸ ਕੋਰ ਐਂਪਲਾਈਜ਼ ਦੀਆਂ ਤਨਖਾਹਾਂ ਦੇਰੀ ਨਾਲ ਦੇਣਾ, ਸਲਾਨਾ ਤਰੱਕੀਆਂ ਅਤੇ ਪੁਰਾਣੇ ਕਲੇਮਾਂ ਦੀ ਅਦਾਇਗੀ ਨਾਲ ਸਬੰਧਤ ਹਨ ।

(ਅ) ਨੈਸ਼ਨਲ ਫਿਟਨੈਸ ਕੋਰ ਐਂਪਲਾਈਜ਼ ਦਾ ਅਮਲਾ ਕੇਂਦਰੀ ਸਰਕਾਰ ਦਾ ਅਮਲਾ ਹੈ । ਪਰ ਇਸ ਦਾ ਪ੍ਰਬੰਧ ਕੰਟਰੋਲ ਪੰਜਾਬ ਸਰਕਾਰ ਨੂੰ ਮਿਤੀ 1 ਫ਼ਰਵਰੀ 1973 ਤੋਂ ਸੌਂਪਿਆ ਗਿਆ ਸੀ । ਇਨ੍ਹਾਂ ਕਰਮਚਾਰੀਆਂ ਨੂੰ ਪੰਜਾਬ ਟਰੇਜ਼ਰੀ ਦੇ ਸਬੰਧਿਤ ਨਿਯਮਾਂ ਅਨੁਸਾਰ ਤਨਖਾਹਾਂ ਦੀ ਅਦਾਇਗੀ ਆਮ ਤੌਰ ਤੇ 10 ਦਿਨਾਂ ਦੇ ਅੰਦਰ ਕਰ ਦਿੱਤੀ ਜਾਂਦੀ ਹੈ, ਸਾਲਾਨਾਂ ਤਰੱਕੀਆਂ ਅਤੇ ਬਕਾਏ ਦੀਆਂ ਅਦਾਇਗੀਆਂ ਬਾਰੇ ਮੁਕੰਮਲ ਕੇਸਾਂ ਵਿੱਚ ਕੋਈ ਦੇਰੀ ਨਹੀ ਹੁੰਦੀ, ਪਰ ਕੁਝ ਮਿਆਦ ਪੁਗਿਆਂ ਬਕਾਇਆਂ ਦੀ ਅਦਾਇਗੀ ਇਸ ਕਰਕੇ ਭਾਵੇਂ ਰੁਕੀ ਹੋਈ ਹੈ ਕਿਉਂਕਿ ਏ. ਜੀ. ਪੰਜਾਬ ਨੇ ਇਸ ਅਮਲੇ ਬਾਰੇ ਕੇਂਦਰੀ ਸਰਕਾਰ ਵਲੋਂ ਰਾਜ ਸਰਕਾਰ ਨੂੰ ਸੈਂਟਰਲ ਰੂਲਾਂ ਅਧੀਨ ਜੋ ਫਾਈਨਾਂਸ਼ੀਅਲ ਪਾਵਰਜ਼ ਦਿੱਤੀਆਂ ਹਨ, ਉਹ ਆਡਿਟ ਨੇ ਅਜੇ ਤਕ ਨਹੀਂ ਮੰਨੀਆਂ । ਮਾਮਲਾ ਏ. ਜੀ. ਪੰਜਾਬ ਨਾਲ ਵਿਚਾਰ ਅਧੀਨ ਹੈ । ਫ਼ੈਸਲੇ ਉਪਰੰਤ ਐਸੇ ਮਿਆਦ ਪੁਗੇ ਕੇਸਾਂ ਦਾ ਵੀ ਨਿਪਟਾਰਾ ਕੀਤਾ ਜਾਵੇਗਾ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਨੈਸ਼ਨਲ ਫਿਟਨੈਸ ਕੋਰ ਦੀ ਜਿਹੜੀ ਐਸਟੇਬਲਿਸ਼ਮੈਂਟ ਸੀ ਉਸ ਦਾ ਕੰਟਰੋਲ ਇਕ ਫਰਵਰੀ, 1973 ਵਿਚ ਮਿਲ ਗਿਆ ਸੀ । ਉਨ੍ਹਾਂ ਕਰਮਚਾਰੀਆਂ ਨੂੰ ਤਨਖਾਹਾਂ ਵੀ ਪੰਜਾਬ ਟਰੈਯਰੀ ਰੂਲਜ਼ ਦੇ ਮੁਤਾਬਿਕ ਦੇ ਰਹੇ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਦੋ ਚੀਜ਼ਾਂ ਹੋ ਚੁੱਕੀਆਂ ਹਨ ਤਾਂ ਫਿਰ ਵੀ ਅਜੇ ਤਕ ਨੈਸ਼ਨਲ ਫਿਟਨੈਸ ਕੋਰ ਨੂੰ ਪੰਜਾਬ ਦੀ ਸਰਵਸਿਜ਼ ਵਿਚ ਅਬਜ਼ਾਰਬਜ਼ ਕਿਉਂ ਨਹੀਂ ਕੀਤਾ ਗਿਆ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਮੈਂ ਜਵਾਬ ਦਿੱਤਾ ਹੈ ਕਿ ਕੇਸ ਏ. ਜੀ. ਪੰਜਾਬ ਨਾਲ ਟੇਕ-ਅਪ ਕੀਤਾ ਹੋਇਆ ਹੈ ਜੋ ਇਨ੍ਹਾਂ ਨੇ ਕਿਹਾ ਹੈ ਕਿ ਅਬਜ਼ਾਰਵ ਨਹੀਂ ਕੀਤਾ ਗਿਆ, ਉਸ ਬਾਰੇ ਇਹ ਹੈ ਕਿ ਸਾਡੇ ਪਾਸ ਉਨ੍ਹਾਂ ਦਾ ਕੰਟਰੋਲ ਹੈ ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਇਕੱਲੇ ਕੰਟਰੋਲ ਦੀ ਗੱਲ ਨਹੀਂ ਹੈ । ਪੰਜਾਬ ਸਰਕਾਰ ਔਰ ਹਰਿਆਣਾ ਸਰਕਾਰ ਇਨ੍ਹਾਂ ਦੋਹਾਂ ਦੀ ਸਹਿਮਤੀ ਨਾਲ ਉਨ੍ਹਾਂ ਦਾ ਕੰਟਰੋਲ ਔਰ ਸਾਰੇ ਮੁਲਾਜ਼ਮਾਂ ਦੀਆਂ ਸੇਵਾਵਾਂ ਵੀ ਦੇ ਦਿੱਤੀਆ ਗਈਆਂ ਹਨ ਹਰਿਆਣੇ ਦੇ ਅੰਦਰ ਉਨ੍ਹਾਂ ਮੁਲਾਜ਼ਿਮਾਂ ਨੂੰ ਬਾਕਾਇਦਾ ਰੇਗੂਲਰ ਕਾਡਰ ਵਿਚ ਲੈ ਲਿਆ ਗਿਆ ਹੈ, ਉਨ੍ਹਾਂ ਨੂੰ ਬਕਾਇਦਾ ਗਰੇਡ ਮਿਲ ਗਿਆ ਹੈ, ਉਨ੍ਹਾਂ ਦਾ ਕੋਈ ਬਕਾਇਆ ਨਹੀਂ ਹੈ ਪਰ ਪੰਜਾਬ ਦੀ ਸਰਕਾਰ ਹਾਲੇ ਤੱਕ ਉਨ੍ਹਾਂ ਦੇ ਕਲੇਮ ਵੀ ਏ. ਜੀ. ਤੋਂ ਕਲੀਅਰ ਨਹੀਂ ਕਰਵਾ ਸਕੀ, ਉਹ ਵਿਚਾਰੇ ਤਿੰਨ ਸਾਲ ਤੋਂ ਫਸੇ ਹੋਏ ਹਨ; ਆਇਆ ਇਹ ਪਰਸਨਲ ਲੈਵਲ ਤੇ ਇਸ ਕੇਸ ਨੂੰ ਸੈਟਿਸਫੈਕਟੋਰਿਲੀ ਹਲ ਕਰਵਾ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਭਾਰਤ ਵਿਚ ਕਈ ਸੂਬੇ ਹਨ । ਕਿਸੇ ਸਟੇਟ ਨੇ ਮਰਜ ਕਰ ਲਿਆ ਹੈ ਅਤੇ ਕਿਸੇ ਨੇ ਨਹੀ ਕੀਤਾ । ਇਹ ਗੱਲ ਪੰਜਾਬ ਨਾਲ ਤੁਅੱਲਕ ਨਹੀਂ ਰੱਖਦੀ । ਜਿਥੋਂ ਤੱਕ ਇਸ ਗੱਲ ਦਾ ਤੁਅੱਲਕ ਹੈ ਅਸੀਂ ਅਕਾਊਂਟੈਂਟ ਜਨਰਲ ਨਾਲ ਟੇਕ ਅੱਪ ਕੀਤਾ ਹੈ ਅਤੇ ਇਸ ਗੱਲ ਉਤੇ ਹੋਰ ਜ਼ਿਆਦਾ ਜ਼ੋਰ ਦਿਆਂਗੇ ।

**ਸ਼੍ਰੀ ਪ੍ਰੇਮ ਗੁਪਤਾ**: ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸੈਂਟਰ ਦੇ ਮੁਲਾਜ਼ਮ 1 ਫ਼ਰਵਰੀ, 1974 ਤੋਂ ਬਾਅਦ ਪੰਜਾਬ ਸਰਕਾਰ ਦੇ ਅਧੀਨ ਆ ਗਏ ਕੀ ਪੰਜਾਬ ਸਰਕਾਰ ਉਨ੍ਹਾਂ ਨੂੰ ਆਪਣੇ ਰੈਗੂਲਰ ਕਾਡਰ ਵਿਚ ਇੰਟੈਗਰੇਟ ਕਰੇਗੀ ਜਾਂ ਉਨ੍ਹਾਂ ਦਾ ਸੈਪਰੇਟ ਕਾਡਰ ਰੱਖਿਆ ਜਾਵੇਗਾ ?

**ਮੰਤਰੀ**: ਇਸ ਗੱਲ ਨੂੰ ਵੀ ਐਗਜ਼ਾਮਿਨ ਕਰ ਲਵਾਂਗੇ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ**: ਵਜ਼ੀਰ ਸਾਹਿਬ ਨੇ ਫੁਰਮਾਇਆ ਹੈ ਕਿ ਕੇਸ ਅਕਾਊਂਟੈਂਟ ਜਨਰਲ ਨੂੰ ਭੇਜਿਆ ਗਿਆ ਹੈ ਕੀ ਇਹ ਦੱਸਣਗੇ ਕਿ ਅਕਾਊਂਟੈਂਟ ਜਨਰਲ ਨੇ ਕੀ ਆਬਜੈਕਸ਼ਨ ਲਾ ਕੇ ਇਸ ਗੱਲ ਨੂੰ ਪੈਂਡਿੰਗ ਰੱਖਿਆ ਹੋਇਆ ਹੈ ?

**ਮੰਤਰੀ**: ਇਹ ਰੂਲ ਦੇ ਵਿਚ ਫਰਕ ਹੈ ਜਿਹੜਾ ਕਿ ਉਨ੍ਹਾਂ ਨੇ ਨਹੀਂ ਮੰਨਿਆ ਔਰ ਅਸੀਂ ਉਨ੍ਹਾਂ ਨੂੰ ਮਨਾ ਰਹੇ ਹਾਂ । ਬਾਕੀ ਜੇ ਇਨ੍ਹਾਂ ਨੇ ਇਸ ਰੂਲ ਦਾ ਪਤਾ ਲੈਣਾ ਹੈ ਤਾਂ ਇਹ ਮੇਰੇ ਕੋਲ ਦਫ਼ਤਰ ਆ ਜਾਣ ਮੈਂ ਦੱਸ ਦਿਆਂਗਾ । ਕੋਈ ਡਿਟੇਲ ਪੁੱਛਣਾ ਚਾਹੁੰਦੇ ਹਨ ਤਾਂ ਹੋਰ ਗੱਲ ਹੈ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 3558**

**ਸ਼੍ਰੀ ਸਪੀਕਰ**: ਇਸ ਪ੍ਰਸ਼ਨ ਨੂੰ ਅੱਗੇ ਪਾਉਣ ਲਈ ਕਿਹਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

ਅ .2. ਮ–76/1798

ਮੰਤਰੀ

ਵਿਭਾਗ, ਪੰਜਾਬ,

ਚੰਡੀਗੜ੍ਹ ।

ਮਿਤੀ 5 ਫਰਵਰੀ, 1976.

ਪਿਆਰੇ ਡਾਕਟਰ ਸਾਹਿਬ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਪ੍ਰਸ਼ਨ ਨੰਬਰ 3558 ਜੋ ਮਿਤੀ 6 ਫਰਵਰੀ 1976 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਵਿਸ਼ਵਾ ਮਿੱਤਰ ਸੇਖੜੀ ਐਮ. ਐਲ. ਏ. ਦੇ ਨਾਂ ਹੇਠਾਂ ਦਰਜ ਹੈ ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਇਕੱਠੀ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 20 ਫਰਵਰੀ 1976 ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸ ਪਾਤਰ,

ਸਹੀ/

(ਹੰਸ ਰਾਜ ਸ਼ਰਮਾ)

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ ।
ਚੰਡੀਗੜ੍ਹ ।

## ਸਿੰਘਪੁਰਾ ਟਿੱਬਾ ਸੜਕ ਦੀ ਉਸਾਰੀ

*3584. **ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : (ਕਾਮਰੇਡ ਅੱਛਰਾ ਸਿੰਘ ਦੁਆਰਾ ਪੇਸ਼ ਕੀਤਾ ਗਿਆ) ਕੀ ਲੋਕ ਕਾਰਜ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣ ਦੀ ਖੇਚਲ ਕਰਨਗੇ ਕਿ ਗੜ੍ਹ ਸ਼ੰਕਰ ਉਪਮੰਡਲ ਵਿਖੇ ਸਿੰਘਪੁਰਾ ਟਿੱਬਾ ਸੜਕ ਦੀ ਉਸਾਰੀ ਕਦੋਂ ਤੀਕ ਮੁਕੰਮਲ ਹੋ ਜਾਵੇਗੀ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : ਉਸਾਰੀ ਦਾ ਕੰਮ ਹੱਥ ਵਿਚ ਲਿਤਾ ਜਾ ਰਿਹਾ ਹੈ ਅਤੇ 1976-77 ਵਿਚ ਮੁਕੰਮਲ ਕਰ ਦੇਣ ਦੀ ਆਸ ਹੈ ।

**ਕਾਮਰੇਡ ਅੱਛਰਾ ਸਿੰਘ** : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਕੰਮ ਹੱਥ ਵਿਚ ਲਿਆ ਜਾ ਰਿਹਾ ਹੈ ਅਤੇ 1976-77 ਵਿਚ ਮੁਕੰਮਲ ਕਰ ਦੇਣ ਦੀ ਆਸ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਹ ਮੁਕੰਮਲ ਹੋ ਜਾਵੇਗਾ, ਕਿਉਂਕਿ ਕੰਡੀ ਦਾ ਏਰੀਆ ਹੋਣ ਕਰਕੇ ਇਹ ਪਛੜਿਆ ਹੋਇਆ ਇਲਾਕਾ ਹੈ, ਇਸ ਲਈ ਉਥੇ ਕਦੋਂ ਤੱਕ ਸੜਕ ਮੁਕੰਮਲ ਹੋ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਅਗਲੇ ਫਾਈਨੈਂਸ਼ਲ ਈਅਰ ਵਿਚ ਮੁਕੰਮਲ ਹੋ ਜਾਣ ਦੀ ਆਸ ਹੈ।

**ਮਾਸਟਰ ਦਲੀਪ ਚੰਦ :** ਕਨੇਡੀਅਨ ਸਾਹਿਬ ਨੇ ਸਿੰਘ ਪੁਰ ਤੋਂ ਟਿੱਬਾ ਸੜਕ ਦੇ ਬਾਰੇ ਦੱਸਿਆ ਹੈ। ਇਹ ਮੇਰੇ ਹਲਕੇ ਵਿਚ ਹੈ। ਇਸ ਤੇ ਅਰਥ ਵਰਕ ਵੀ ਪਹਿਲੇ ਹੋ ਚੁੱਕਾ ਹੈ। ਇਸੇ ਤਰ੍ਹਾਂ ਹੀ ਸਿੰਘਪੁਰ ਤੋਂ ਅਸਰੋਂ ਤੀਕ 25 ਮੀਲ ਸੜਕ ਤੇ ਪਿਛਲੇ ਸਾਲ ਅਰਥ ਵਰਕ ਕੀਤਾ ਗਿਆ ਹੈ, ਇਸ ਲਈ ਕੀ ਸਰਕਾਰ ਇਸ ਸੜਕ ਨੂੰ 1976-77 ਵਿਚ ਪੱਕਾ ਕਰਨ ਤੇ ਵਿਚਾਰ ਕਰੇਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਬੜਾ ਪਾਜ਼ਿਟਿਵ ਜਵਾਬ ਦਿੱਤਾ ਹੈ। ਇਸ ਦੀ ਅਲਾਈਨਮੈਂਟ ਦਾ ਝਗੜਾ ਸੀ ਅਤੇ ਇਹ ਖੱਡ ਵਿਚ ਦੀ ਜਾਂਦੀ ਹੈ। ਉਹ ਮੰਨਜ਼ੂਰ ਹੋ ਗਈ ਹੈ ਅਤੇ 1976-77 ਦੇ ਫਾਈਨੈਂਸ਼ਲ ਈਅਰ ਵਿਚ ਇਸ ਨੂੰ ਪੱਕਾ ਕਰਨ ਬਾਰੇ ਮੈਂ ਦੱਸਿਆ ਹੈ ਕਿ ਆਸ ਹੈ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 3597 ਅਤੇ 3607**

(ਸਬੰਧਤ ਮਾਨਯੋਗ ਮੈਂਬਰ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਕੀਤੇ ਗਏ)

---

LEASE OUT OF LAND OF GRAVE-YARD/CREMATION GROUND IN FATTOWAL, DISTRICT HOSHIARPUR BY WAKF BOARD

***3616. Bhagat Guran Dass Hans :** Will the Chief Minister be pleased to state—

(a) whether it is fact that the Wakf Board has leased out to some individual the land of grave-yard/cremation ground in village Fattowal, Tehsil and District Hoshiarpur;

(b) if reply to part (a) above be in the affirmative, whether the said village has some alternative graveyard/cremation ground ; if not, the action Government propose to take in this connection ?

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ :** (ਮੁੱਖ ਸੰਸਦੀ ਸਕੱਤਰ) (ੳ) ਹਾਂ ਜੀ।

(ਅ) ਹਾਂ ਜੀ।

Original with;
Punjab Vidhan Sabha
Digitized by;
Panjab Digital Library

## ਪਿੰਡ ਹਮੀਦੀ ਤੋਂ ਭੱਦਲਵਾੜ ਤਕ ਸੜਕ ਬਣਾਉਣਾ

*3636. ਮਾਸਟਰ ਚੰਦ ਸਿੰਘ (ਕਾਮਰੇਡ ਅੱਛਰਾ ਸਿੰਘ ਦੁਆਰਾ ਪੇਸ਼ ਕੀਤਾ ਗਿਆ) : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਉਨ੍ਹਾਂ ਨੂੰ/ਵਿਭਾਗ ਨੂੰ ਪਹਿਲੀ ਜਨਵਰੀ, 1973 ਤੋਂ 31 ਦਸੰਬਰ, 1975 ਤੱਕ ਦੇ ਸਮੇਂ ਦੇ ਦੌਰਾਨ ਕਿਸੇ ਵਿਧਾਇਕ ਜਾਂ ਸਬੰਧਤ ਪੰਚਾਇਤਾਂ ਵਲੋਂ ਹਮੀਦੀ ਤੋਂ ਭੱਦਲਵਾੜ ਬਰਾਸਤਾ ਅਮਲਾ ਸਿੰਘ ਵਾਲਾ ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ ਤਕ ਸੜਕ ਬਣਾਉਣ ਸਬੰਧੀ ਕੋਈ ਪੱਤਰ ਮਿਲੇ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉੱਕਤ ਪੱਤਰਾਂ ਦੇ ਵੇਰਵੇ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ਸੀ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਜੀ ਹਾਂ ।

(ਅ) ਇਨ੍ਹਾਂ ਪੱਤਰਾਂ ਵਿਚ ਪਿੰਡ ਹਮੀਦੀ ਤੋਂ ਭੱਦਲਵਾੜ ਤਕ ਸੜਕ ਦੀ ਮੰਗ ਕੀਤੀ ਗਈ ਸੀ । ਪਿੰਡ ਹਮੀਦੀ ਅਤੇ ਪਿੰਡ ਭੱਦਲਵਾੜ ਪਹਿਲਾਂ ਹੀ ਸੜਕਾਂ ਤੇ ਪੈਂਦੇ ਹਨ । ਇਨ੍ਹਾਂ ਵਿਚਕਾਰ ਮੰਗੀ ਸਿੱਧੀ ਸੜਕ ਇੰਟਰ ਲਿੰਕ ਹੈ । ਸਰਕਾਰ ਦੀ ਪਾਲਿਸੀ ਅਨੁਸਾਰ ਇੰਟਰ ਲਿੰਕ ਬਣਾਉਣ ਦਾ ਹਾਲੇ ਕੋਈ ਪ੍ਰੋਗਰਾਮ ਨਹੀਂ ਅਤੇ ਇਸ ਕਰਕੇ ਇਹ ਸੜਕ ਅਜੇ ਤਕ ਮਨਜ਼ੂਰ ਨਹੀਂ ਕੀਤੀ ਜਾ ਸਕੀ । ਪਿੰਡ ਅਮਲਾ ਸਿੰਘ ਵਾਲਾ ਨੂੰ ਬਰਨਾਲਾ ਰਾਏਕੋਟ ਸੜਕ ਤੋਂ ਵੱਖਰੀ ਸੜਕ ਮਨਜ਼ੂਰ ਹੈ ।

# UNSTARRED QUESTIONS AND ANSWERS

---

## RESEARCH OFFICERS/ASSISTANT RESEARCH OFFICERS IN THE IRRIGATION POWER RESEARCH INSTITUTE, AMRITSAR

982. **Comrade Satya Pal Dang** : Will the Minister of State for Irrigation and Power be pleased to state—

(a) the number of posts of Research Officers and Assistant Research Officers separately in the Irrigation and Power Research Institute, Punjab, Amritsar, at present ;

(b) the line of promotion available to the Assistant Research Officers in the said Institute ;

(c) the number of Executive Engineers who were posted against the posts of Research Officers in the said Institute during the years 1972, 1973 and 1974 and a year-wise list in this respect be laid on the Table of the House;

Original with;
Punjab Vidhan Sabha
Digitized by;
Panjab Digital Library

[Comrade Satya Pal Dang]

(d) whether the Commissioner for Public Works and Secretary to Government, Punjab Irrigation and Power Department, Chandigarh received representation dated 19th April, 1975 from the President of the Association of Assistant Research Officers and Research Officers against the practice of posting Executive Engineers and Research Officers in the Institute mentioned above ; if so, a copy of the same be laid on the Table of the House ;

(e) the decision, if any, taken on the said representation ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ** : (ੳ) (i) ਖੋਜ ਅਫਸਰ = 9

(ii) ਸਹਾਇਕ ਖੋਜ ਅਫਸਰਾਂ ਦੀਆਂ ਅਸਾਮੀਆਂ = 28

(ਅ) ਸਹਾਇਕ ਖੋਜ ਅਫਸਰਾਂ ਦੀ ਤਰੱਕੀ ਬਤੌਰ ਖੋਜ ਅਫਸਰ ਕੀਤੀ ਜਾਂਦੀ ਹੈ ।

(ੲ) 1972—ਕੋਈ ਨਹੀਂ ।

1973—ਇਕ ਕਾਰਜ਼ਕਾਰੀ ਇੰਜਨੀਅਰ ਕੋਲ 20 ਅਕਤੂਬਰ, 1973 ਬਾਅਦ ਦੁਪਹਿਰ ਤੋਂ 23 ਨਵੰਬਰ, 1973 ਤਕ ਖੋਜ ਅਫਸਰ ਦੀ ਆਸਾਮੀ ਦਾ ਐਡੀਸ਼ਨਲ ਚਾਰਜ ਸੀ ।

1974—ਇਕ

(ਸ) ਹਾਂ ਜੀ, ਪ੍ਰਤੀਬੇਨਤੀ (ਰੈਪਰੀਜ਼ੈਂਟੇਸ਼ਨ) ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਹ) ਮਾਮਲਾ ਵਿਚਾਰ ਅਧੀਨ ਹੈ ।

## COPY OF REPRESENTATION

**Copy of No. 2/PIROA/75 dated 19th April, 1975 from the President of Association of Research Officers to the Commissioner for Public Works and Secretary to Government, Punjab, Chandigarh and copy to others.**

*Subject* : Posting of Executive Engineers as Research Officers in Irrigation and Power Research Institute, Punjab, Amritsar.

An emergency general meeting of the association of officers of Irrigation Research Institute Punjab was held to discuss the serious situation arising out of posting of Executive Engineers as Research Officers, ground water and prototype. The members feel greatly perturbed over indiscrimination posting of Xens as Research Officers thus reducing their already limited chances for promotion to Nil after long dedicated service to the cause of research.

2. Cadre of Research Officers/Assistant Research Officers.

There are 10 permanent posts of Research Officers, 28 posts of Assistant Research Officers and one post of Statistical Officer borne on the cadre of this Research Institute. The only opening for the Assistant Research Officers and Statistical Officer is the promotion to the post of Research Officers. The cadre of A. R.O.s comprises of officers promoted departmentally from the rank and file of Research Assistants and also persons directly recruited through the Public Service Commission.

Original with;
Punjab Vidhan Sabha
Digitized by;
Panjab Digital Library

3. Appointment of Research Officers:

Appendix 'B' of Service Rules of F. I. B. S. Class I provides for the appointment of Research Officers as under :—

Either (a) by promotion : From amongst A. R. O.s with six years experience or (b) by transfer of a suitably qualified person in State Government or Union Government Service who may have held Class II post for six years.

or (c) by direct recruitment (I) Degree of Ph. D. preceded by M. Sc. degree 2nd Class or degree of B.Sc. Engg. Ist class preferably with Ph. D.

(ii) Experience of 3 years in the line of his Research and should have published work to his credit.

Further the service rules expect that a Research Officer will be required to initiate, guide and supervise research work entrusted to him.

The provisions at (a) and (c) above are meant for the purpose of appointment of some highly qualified and research experienced persons. Such provisions exist in many other departments as well. The method at (b) is hardly resorted to.

4. The percentage number of vacancies to be filled in through clauses (b) and (c) is prescribed in all cases. But this percentage is not specified in P. I. R. S. Class I Rules. In order to safeguard the interests of A. R. O.s it was requested,—*vide* letter No. 38/PIROs dated 5th April, 1972 that amendment to P. I. R. S. Class I and Class II Service Rules as advised by the Chief Secretary to Government Punjab *vide* his letter No. 8217-Service-II-(4)-(i)-68/31257 dated 10th October, 1968 may be made by fixing the ratio of each method of appointment. The following recommendations in this regard were made by D. I. P. R.,—*vide* his letter No. 32-P.I.R.A. dated 14th September, 1972,

| Class of Servicc | RATIO | |
|---|---|---|
| | By promotion | By direct recruitment |
| P. I. R. S. Class II (A. R. O.s) | 60 | 40 |
| P. I. R. S. Class I (R. O.s) | 80 | 20 |

This amendment is understood to have been supported by the Chief Engineer and submitted to Government for approval.

5. During the last one year three No. posts have been filled two by the posting of Xens and third by recruitment through the Punjab P. S. C. the fourth post, i.e., the post of Hydraulic Officer has also been advertised by the Commission. There has been no promotion from within the Institute. This is total denial of justice.

6. Executive Engineers as Research Officers

The indiscriminate posting of Xens in place of R. O.s is not only unjust and heart-burning to the class of Assistant Research Officers but by and large is impregnated with the following drawbacks.

| 10. | October, 1973 | 524-50 | 135-70 | 388-80 | — |
| 11. | November, 1973 | 11,621-30 | 11,031-70 | 589-60 | — |
| 12. | December, 1973 | — | — | — | — |
| 13. | January, 1974 | 1,166-10 | 713-10 | 453-00 | 27.50 |
| 14. | February, 1974 | 12,763-20 | 12,763-20 | — | — |
| 15. | March, 1974 | 1,387-95 | 1,207-30 | 180-65 | 69-00 |
| 16. | April, 1974 to June, 1974 | 48,043-10 | 41,841-50 | 1,201-60 | 945-00 |
| 17. | July, 1974 to September, 1974 | 33,311-55 | 33,003-75 | 307-80 | 307-80 |
| 18. | October, 1974 to December, 1974 | 20,940-30 | 20,232-90 | 257-40 | 257-40 |
| 19. | January, 1975 to March, 1975 | 23,667-10 | 23,419-20 | 247-90 | 247-90 |
| | Total .. | 1,71,001-20 | 1,66,212-95 | 4,788-25 | 1,731-30 |

Original with;
Punjab Vidhan Sabha
Digitized by;
Panjab Digital Library

**ਭਗੌੜੇ ਸ਼ੱਕੀ ਸਮੱਗਲਰ**

1087. **ਕਾਮਰੇਡ ਸੱਤ ਪਾਲ ਡਾਂਗ :** ਕੀ ਮੁੱਖ ਮੰਤਰੀ ਜੀ ਇਹ ਦੱਸਣ ਦੀ ਕ੍ਰਿਪਾਲਤਾ ਕਰਨਗੇ —

(ੳ) ਸ਼ੱਕੀ ਸਮੱਗਲਰਾਂ ਦੇ ਨਾਂ ਅਤੇ ਪਤੇ ਜਿਨ੍ਹਾਂ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰਨਾ ਹੈ, ਜੋ ਭਗੌੜੇ ਹਨ ਅਤੇ ਹੁਣ ਤੱਕ ਲਾ ਪਤਾ ਹਨ ;

(ਅ) ਉਪਰੋਕਤ (ੳ) ਵਿਚ ਦਿੱਤੇ ਵਿਅੱਕਤੀਆਂ ਵਿਚੋਂ ਹਰ ਇਕ ਦੇ ਵਿਰੁੱਧ ਦੋਸ਼/ਚਾਰਜ ਕਿਸ ਕਿਸਮ ਦੇ ਹਨ ;

(ੲ) ਇਨ੍ਹਾਂ ਵਿਅੱਕਤੀਆਂ ਨੂੰ ਗ੍ਰਿਫਤਾਰ ਕਰਨ ਲਈ ਕੀ ਯਤਨ ਕੀਤੇ ਗਏ ?

**ਗਿਆਨੀ ਜ਼ੈਲ ਸਿੰਘ :** (ੳ) ਤੋਂ (ੲ) ਇਹ ਸੂਚਨਾ ਦੇਣਾ ਲੋਕ ਹਿੱਤ ਵਿਚ ਨਹੀਂ ਹੈ ।

---

**ਸਤੰਬਰ/ਅਕਤੂਬਰ 1974 ਵਿਚ ਅੰਮ੍ਰਿਤਸਰ ਵਿਖੇ ਖੁਰਾਕ ਤੇ ਸਪਲਾਈਜ਼ ਵਿਭਾਗ ਦੇ ਇਨਸਪੈਕਟਰਾਂ/ਸਬ-ਇਨਸਪੈਕਟਰਾਂ ਦੀ ਮੁਅੱਤਲੀ ।**

1089. { **1. ਕਾਮਰੇਡ ਸੱਤ ਪਾਲ ਡਾਂਗ** .. / **2. ਕਾਮਰੇਡ ਦਾਨਾ ਰਾਮ** .. } ਕੀ ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ —

(ੳ) ਕੀ ਸਤੰਬਰ, 1974 ਅਤੇ ਜਾਂ ਅਕਤੂਬਰ, 1974 ਜਾਂ ਇਸ ਦੇ ਲਗਭਗ ਅੰਮ੍ਰਿਤਸਰ ਵਿਖੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਦੇ ਕੋਈ ਇਨਸਪੈਕਟਰਾਂ ਅਤੇ ਜਾਂ ਸਬ-ਇਨਸਪੈਕਟਰਾਂ ਨੂੰ ਉਨ੍ਹਾਂ ਵਲੋਂ ਸੀਮਿੰਟ ਦੇ ਪਰਮਿਟ ਜਾਰੀ ਕਰਨ ਦੇ ਮਾਮਲੇ ਵਿਚ ਕਥਿਤ ਗੰਭੀਰ ਬੇਕਾਇਦਗੀਆਂ ਸਬੰਧੀ ਮੁਅੱਤਲ ਕੀਤਾ ਗਿਆ ਸੀ ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਕਰਮਚਾਰੀਆਂ ਦੇ ਨਾਂ ਅਤੇ ਉਹਨਾਂ ਦੇ ਮੁਅੱਤਲ ਕਰਨ ਦੀਆਂ ਤਰੀਕਾਂ ਅਤੇ ਹਰ ਇਕ ਕੇਸ ਵਿਚ ਮੁਅੱਤਲੀ ਦੇ ਆਧਾਰ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਵੇ;

(ਅ) ਕੀ ਉਕਤ ਕਰਮਚਾਰੀਆਂ ਵਿਰੁੱਧ ਵਿਭਾਗ ਵਲੋਂ ਕੋਈ ਕੇਸ ਦਰਜ ਕਰਵਾਏ ਗਏ ਹਨ ਜੇਕਰ ਅਜਿਹਾ ਹੋਵੇ ਤਾਂ ਪੁਲਿਸ ਪਾਸ ਸ਼ਿਕਾਇਤਾਂ ਕਿਸ ਕਿਸ ਤਰੀਕ ਨੂੰ ਲਿਖਾਈਆਂ ਗਈਆਂ ਸਨ ;

(ੲ) ਕੀ ਉਕਤ ਕਰਮਚਾਰੀਆਂ ਵਿਰੁੱਧ ਕੋਈ ਵਿਭਾਗੀ ਕਾਰਵਾਈ ਸ਼ੁਰੂ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਹਰ ਇਕ ਕੇਸ ਦੀ ਮੌਜੂਦਾ ਸਥਿਤੀ ਕੀ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦਰਸ਼ਨ ਸਿੰਘ** : (ੳ) ਹਾਂ ਜੀ। ਲੋੜੀਂਦੀ ਸੂਚਨਾ ਦਾ ਵਿਵਰਣ '1' ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

(ਅ) ਹਾਂ ਜੀ। ਸ੍ਰੀ ਭੁਪਿੰਦਰ ਸਿੰਘ ਸਬ-ਇਨਸਪੈਕਟਰ ਅਤੇ ਸ੍ਰੀ ਸਤਿੰਦਰ ਕੁਮਾਰ ਸਬ-ਇਨਸਪੈਕਟਰ ਦੇ ਖਿਲਾਫ ਮਿਤੀ 20 ਸਤੰਬਰ, 1974 ਨੂੰ ਪੁਲਿਸ ਵਿਚ ਕੇਸ ਦਰਜ ਕਰਵਾਏ ਗਏ ਸਨ।

(ੲ) ਹਾਂ ਜੀ। 3 ਕਰਮਚਾਰੀਆਂ ਦੇ ਵਿਰੁੱਧ ਵਿਭਾਗੀ ਕਾਰਵਾਈ ਅਰੰਭੀ ਗਈ ਸੀ। ਹਰੇਕ ਕੇਸ ਦੀ ਹੁਣ ਦੀ ਸਥਿਤੀ ਵਿਵਰਣ-2 ਤੇ ਵੇਖੀ ਜਾਵੇ ਜੀ। ਇਕ ਕੇਸ ਅਦਾਲਤ ਵਿਚ ਚਲ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

## ਵਿਵਰਣ 1

### ਮੁਅੱਤਲ ਕੀਤੇ ਕਰਮਚਾਰੀਆਂ ਦੀ ਮਿਤੀ ਬਾਰੇ ਸੂਚੀ

| ਲੜੀ ਨੰ: | ਕਰਮਚਾਰੀ ਦਾ ਨਾਂ ਅਤੇ ਅਹੁਦਾ | | ਮੁਅੱਤਲੀ ਦੀ ਮਿਤੀ | ਮੁਅੱਤਲੀ ਦਾ ਕਾਰਨ |
|---|---|---|---|---|
| 1. | ਸ੍ਰੀ ਕੁਲਵੰਤ ਸਿੰਘ | ਇਨਸਪੈਕਟਰ | 25 ਸਤੰਬਰ, 1974 | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਅੰਮ੍ਰਿਤਸਰ ਦੀ ਰਿਪੋਰਟ ਤੇ ਇਸ ਕ੍ਰਮਚਾਰੀ ਨੂੰ ਮੁਅੱਤਲ ਕੀਤਾ ਗਿਆ ਸੀ। ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਅੰਮ੍ਰਿਤਸਰ ਨੇ ਲਿਖਿਆ ਕਿ ਇਸ ਕਰਮਚਾਰੀ ਨੇ ਸੀਮਿੰਟ ਦੀਆਂ ਅਰਜ਼ੀਆਂ ਵਿਚ ਕੱਟ ਵੱਢ ਕੀਤੀ ਅਤੇ ਅਰਜ਼ੀਆਂ ਨੂੰ ਗਲਤ ਤਸਦੀਕ ਕੀਤਾ। |
| 2. | ਸ੍ਰੀ ਸਰਬਜੀਤ ਸਿੰਘ | ਸਬ-ਇਨਸਪੈਕਟਰ | 27 ਸਤੰਬਰ, 1974 | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਅੰਮ੍ਰਿਤਸਰ ਨੇ ਲਿਖਿਆ ਸੀ ਕਿ ਸ੍ਰੀ ਸਰਬਜੀਤ ਸਿੰਘ ਨੇ ਕਿਸੇ ਬਿਨੈਕਾਰ ਦੀ ਅਰਜ਼ੀ ਤੇ ਸਪਾਟ ਵੈਰੀਫਿਕੇਸ਼ਨ ਕਰਨ ਤੇ ਉਸ ਪਾਸੋਂ ਪੈਸੇ ਲਏ। ਜ਼ਿਲ੍ਹਾ ਅਫ਼ਸਰ ਨੇ ਇਹ ਵੀ ਦਸਿਆ ਕਿ ਇਸ ਨੇ 5 ਸੀਮਿੰਟ ਦੇ ਬੋਗਸ ਪਰਮਿਟ ਜਾਰੀ ਕੀਤੇ। ਇਹ ਵੀ ਦਸਿਆ ਗਿਆ ਹੈ ਕਿ ਇਸ ਕਰਮਚਾਰੀ ਨੇ ਕੁਝ ਸੀਮਿੰਟ ਦੀਆਂ ਅਰਜ਼ੀਆਂ ਨੂੰ ਗਾਇਬ ਕੀਤਾ ਸੀ। ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਦੀ ਰਿਪੋਟ ਨੂੰ ਵਿਚਾਰਦੇ ਹੋਏ ਕਰਮਚਾਰੀ ਨੂੰ ਮੁਅੱਤਲ ਕੀਤਾ ਗਿਆ। |

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਪਲਾਈ ਦੇ ਰਾਜ ਮੰਤਰੀ]

| | | | | |
|---|---|---|---|---|
| 3. | ਸ੍ਰੀ ਸਤਿੰਦਰ ਕੁਮਾਰ | ਸਬ-ਇਨਸਪੈਕਟਰ | 1 ਅਕਤੂਬਰ, 1974 | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਅੰਮ੍ਰਿਤਸਰ ਨੇ ਰਿਪੋਟ ਕੀਤੀ ਕਿ ਸਤਿੰਦਰ ਕੁਮਾਰ ਸਬ-ਇਨਸਪੈਕਟਰ ਨੇ ਗਲਤ ਸੀਮਿੰਟ ਦੀਆਂ ਅਰਜ਼ੀਆਂ ਨੂੰ ਤਸਦੀਕ ਕੀਤਾ। ਜ਼ਿਲ੍ਹਾ ਅਫ਼ਸਰ ਨੇ ਇਹ ਵੀ ਲਿਖਿਆ ਸੀ ਕਿ ਇਹ ਕਰਮਚਾਰੀ ਜਨਤਾ ਨੂੰ ਤੰਗ ਕਰਦਾ ਹੈ ਅਤੇ ਉਨ੍ਹਾਂ ਤੋਂ ਸੀਮਿੰਟ ਦੇਣ ਵਾਸਤੇ ਪੈਸੇ ਮੰਗਦਾ ਹੈ। ਜ਼ਿਲ੍ਹਾ ਅਫ਼ਸਰ ਨੇ ਇਸ ਵਿਰੁੱਧ ਪੁਲਿਸ ਵਿਚ ਕੇਸ ਵੀ ਦਰਜ ਕਰਾਇਆ ਸੀ। ਜ਼ਿਲ੍ਹਾ ਅਫ਼ਸਰ ਦੀ ਰਿਪੋਰਟ ਵਿਚਾਰਨ ਤੇ ਇਸ ਕਰਮਚਾਰੀ ਨੂੰ ਮੁਅੱਤਲ ਕੀਤਾ ਗਿਆ ਸੀ। |
| 4. | ਸ੍ਰੀ ਭੁਪਿੰਦਰ ਸਿੰਘ | ਸਬ-ਇਨਸਪੈਕਟਰ | 21 ਅਕਤੂਬਰ, 1974 | ਇਸ ਦੇ ਖਿਲਾਫ ਪੁਲਿਸ ਨੇ ਮਿਤੀ 20 ਸਤੰਬਰ, 1974 ਨੂੰ ਸੈਕਸ਼ਨ 420/465 ਦੇ ਅਧੀਨ ਕੇਸ ਦਰਜ ਕੀਤਾ। ਕਰਮਚਾਰੀ ਨੂੰ ਪੁਲਿਸ ਨੇ ਮਿਤੀ 2 ਅਕਤੂਬਰ, 1974 ਨੂੰ ਹਿਰਾਸਤ ਵਿਚ ਲਿਆ ਸੀ। ਹਿਰਾਸਤ ਦੇ ਕੇਸ ਨੂੰ ਵਿਚਾਰ ਦੇ ਹੋਏ ਕਰਮਚਾਰੀ ਨੂੰ ਮੁਅੱਤਲ ਕੀਤਾ ਗਿਆ ਸੀ। |

Original with; Punjab Vidhan Sabha Digitized by; Panjab Digital Library

ਵਿਵਰਣ 2

| ਲੜੀ ਨੰ: | ਕਰਮਚਾਰੀ ਦਾ ਨਾਂ ਤੇ ਅਹੁਦਾ | | ਕੇਸ ਦੀ ਹੁਣ ਦੀ ਸਥਿਤੀ |
|---|---|---|---|
| 1. | ਸ੍ਰੀ ਕੁਲਵੰਤ ਸਿੰਘ | ਇਨਸਪੈਕਟਰ | ਕਰਮਚਾਰੀ ਨੂੰ ਮੁਅੱਤਲੀ ਦੇ ਬਾਅਦ ਚਾਰਜਸ਼ੀਟ ਕੀਤਾ ਗਿਆ । ਕਰਮਚਾਰੀ ਵਲੋਂ ਜਵਾਬ ਆਉਣ ਤੇ ਉਸ ਤੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਅੰਮ੍ਰਿਤਸਰ ਦੀ ਟਿਪਣੀ ਮੰਗੀ ਗਈ । ਜ਼ਿਲ੍ਹਾ ਅਫ਼ਸਰ ਦੀ ਟਿਪਣੀ ਨੂੰ ਵਿਚਾਰਦੇ ਹੋਏ ਕਰਮਚਾਰੀ ਨੂੰ ਮਿਤੀ 17 ਸਤੰਬਰ, 1975 ਨੂੰ ਬਹਾਲ ਕਰ ਦਿੱਤਾ ਗਿਆ ਅਤੇ ਦੋਸ਼ਾਂ ਦੀ ਪੜਤਾਲ ਵਾਸਤੇ ਇਨਕੁਆਰੀ ਅਫ਼ਸਰ ਨਿਯੁਕਤ ਕੀਤਾ ਗਿਆ । ਇਨਕੁਆਰੀ ਅਫ਼ਸਰ ਦੀ ਫਾਈਨਲ ਰਿਪੋਰਟ ਅਜੇ ਨਹੀਂ ਆਈ । |
| 2. | ਸ੍ਰੀ ਸਰਬਜੀਤ ਸਿੰਘ | ਸਬ-ਇਨਸਪੈਕਟਰ | ਕਰਮਚਾਰੀ ਨੂੰ ਮੁਅੱਤਲ ਕਰਨ ਤੋਂ ਬਾਅਦ ਚਾਰਜਸ਼ੀਟ ਜਾਰੀ ਕੀਤੀ ਗਈ। ਜਵਾਬ ਆਉਣ ਤੇ ਉਸ ਉਤੇ ਜ਼ਿਲ੍ਹਾ ਅਫ਼ਸਰ ਦੀ ਟਿਪਣੀ ਲਈ ਗਈ । ਸ੍ਰੀ ਕਰਨੈਲ ਸਿੰਘ, ਡਿਪਟੀ ਡਾਇਰੈਕਟਰ (ਫੀਲਡ) ਜਲੰਧਰ ਨੂੰ ਵਿਭਾਗੀ ਪੜਤਾਲ ਵਾਸਤੇ ਇਨਕੁਆਇਰੀ ਅਫ਼ਸਰ ਨਿਯੁਕਤ ਕੀਤਾ ਗਿਆ। ਇਨਕੁਆਇਰੀ ਅਫ਼ਸਰ ਦੀ ਅੰਤਿਮ ਰਿਪੋਰਟ 31 ਅਕਤੂਬਰ, 1975 ਨੂੰ ਆਈ । ਰਿਪੋਰਟ ਨੂੰ ਵਿਚਾਰਣ ਤੇ ਕਰਮਚਾਰੀ ਨੂੰ ਬਹਾਲ ਕਰ ਦਿੱਤਾ ਗਿਆ ਅਤੇ ਕਰਮਚਾਰੀ ਦੀਆਂ 4 ਸਲਾਨਾ ਤਰੱਕੀਆਂ ਪੱਕੇ ਤੌਰ ਤੇ ਬੰਦ ਕਰਨ ਦਾ ਸ਼ੋ ਕਾਜ਼ ਨੋਟਿਸ ਦਿੱਤਾ ਗਿਆ । ਕਰਮਚਾਰੀ ਦਾ ਜਵਾਬ ਅਜੇ ਤਕ ਨਹੀਂ ਆਇਆ । |
| 3. | ਸ੍ਰੀ ਸਤਿੰਦਰ ਕੁਮਾਰ | ਸਬ-ਇਨਸਪੈਕਟਰ | ਕਰਮਚਾਰੀ ਨੂੰ ਮੁਅੱਤਲੀ ਤੋਂ ਬਾਅਦ ਚਾਰਜਸ਼ੀਟ ਕੀਤਾ ਗਿਆ । ਕਰਮਚਾਰੀ ਵਲੋਂ ਜਵਾਬ ਆਉਣ ਤੇ ਉਸ ਉਤੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਅੰਮ੍ਰਿਤਸਰ ਦੀ ਟਿਪਣੀ ਲਈ ਗਈ। ਸ੍ਰੀ ਕਰਨੈਲ ਸਿੰਘ ਡਿਪਟੀ ਡਾਇਰੈਕਟਰ (ਫੀਲਡ) ਜਲੰਧਰ ਨੂੰ ਇਨਕੁਆਇਰੀ ਅਫ਼ਸਰ ਨਿਯੁਕਤ ਕੀਤਾ ਗਿਆ । ਦੂਜੇ ਪਾਸੇ ਸਤਿੰਦਰ ਕੁਮਾਰ ਦੇ ਵਿਰੁੱਧ ਅਦਾਲਤ ਵਿਚ ਕੇਸ ਪੈਂਡਿੰਗ ਸੀ । ਕੋਰਟ ਨੇ ਕਰਮਚਾਰੀ ਨੂੰ ਬਰੀ ਕਰ ਦਿੱਤਾ । ਕੋਰਟ ਦੇ ਫੈਸਲੇ ਨੂੰ ਮੁੱਖ ਰਖਦੇ ਹੋਏ ਕਰਮਚਾਰੀ ਵਿਰੁੱਧ ਲਾਏ ਦੋਸ਼ ਵਾਪਿਸ ਲਏ ਗਏ ਅਤੇ ਕਰਮਚਾਰੀ ਨੂੰ ਮਿਤੀ 31 ਦਸੰਬਰ, 1975 ਨੂੰ ਬਹਾਲ ਕਰ ਦਿੱਤਾ ਗਿਆ । |
| 4. | ਸ੍ਰੀ ਭੁਪਿੰਦਰ ਸਿੰਘ | ਸਬ-ਇਨਸਪੈਕਟਰ | ਇਸ ਦਾ ਕੇਸ ਅਦਾਲਤ ਵਿਚ ਚਲ ਰਿਹਾ ਹੈ ਅਤੇ ਅਦਾਲਤ ਦਾ ਫੈਸਲਾ ਅੱਜ ਤੱਕ ਨਹੀਂ ਆਇਆ । |

Original with;
Punjab Vidhan Sabha
Digitized by;
Panjab Digital Library

## ਦਾਜ ਮਨਾਹੀ ਐਕਟ, 1961 ਦੇ ਉਪਬੰਧਾਂ ਦੀ ਉਲੰਘਣਾ ਦੇ ਦੋਸ਼ ਵਿਚ ਦਰਜ ਕੀਤੇ ਗਏ ਕੇਸ

1090. **ਕਾਮਰੇਡ ਸੱਤ ਪਾਲ ਡਾਂਗ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਸਾਲਾਂ 1972, 1973 ਅਤੇ 1974 ਵਿਚੋਂ ਹਰ ਇਕ ਦੇ ਦੌਰਾਨ ਦਾਜ ਮਨਾਹੀ ਐਕਟ, 1961 ਦੇ ਉਪਬੰਧਾਂ ਦੀ ਉਲੰਘਣਾ ਦੇ ਦੋਸ਼ ਵਿਚ ਰਾਜ ਵਿਚ ਜ਼ਿਲ੍ਹਾ-ਵਾਰ ਪੁਲਿਸ ਪਾਸ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰਖਣਗੇ ?

**ਗਿਆਨੀ ਜ਼ੈਲ ਸਿੰਘ :** ਸਾਲ 1972, 1973 ਅਤੇ 1974 ਵਿਚ ਦਾਜ ਮਨਾਹੀ ਐਕਟ, 1961 ਦੇ ਉਪਬੰਧਾਂ ਦੀ ਉਲੰਘਣਾ ਦੇ ਦੋਸ਼ ਵਿਚ ਰਾਜ ਵਿਚ ਪੁਲਿਸ ਪਾਸ ਕੋਈ ਕੇਸ ਦਰਜ ਨਹੀਂ ਹੋਇਆ । ਦਾਜ ਮਨਾਹੀ ਐਕਟ ਦੇ ਉਪਬੰਧਾਂ ਦੀ ਉਲੰਘਣਾ ਦੇ ਦੋਸ਼ ਨਾ-ਕਾਬਲੇ ਦਸਤ ਅੰਦਾਜ਼ੀ ਪੁਲਿਸ ਹਨ ।

— —

## QUALIFIED CANDIDATES APPOINTED AS IRRIGATION PATWARIS

1091. **Comrade Satya Pal Dang :** Will the Minister of State for Irrigation and Power be pleased to state—

(a) the names of Institutions in the State from which candidates qualify for appointment to the posts of Irrigation Patwaris;

(b) the total number of such persons who qualified for appointment to the said posts during each of the last 3 years;

(c) the number of persons out of those mentioned in part (b) above who have actually been appointed so far;

(d) the reasons because of which the remaining persons have not yet been appointed;

(e) whether any steps have been taken to appoint them,

(f) whether there exist any vacancies, if so, their number as on 1st April, 1975 ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ :** (ੳ) ਇਸ ਮੰਤਵ ਲਈ ਹੋਰ ਕੋਈ ਰੈਗੂਲਰ ਸੰਸਥਾ ਪੰਜਾਬ ਸਟੇਟ ਵਿਚ ਨਹੀਂ ਹੈ । ਨਹਿਰ ਦੇ ਮਹਿਕਮੇ ਵਿਚ ਆਈ. ਬੀ. ਸੀਆਂ ਦੀ ਚੋਣ ਮੁੱਖ ਇੰਜੀਨੀਅਰ ਵਲੋਂ ਨਿਯੁਕਤ ਕੀਤੀ ਕਮੇਟੀ ਵਲੋਂ ਕੀਤੀ ਜਾਂਦੀ ਹੈ । ਇਸ ਤਰ੍ਹਾਂ ਚੁਣੇ ਗਏ ਉਮੀਦਵਾਰਾਂ ਨੂੰ ਪ੍ਰੈਕਟੀਕਲ ਟਰੇਨਿੰਗ ਲੈਣ ਲਈ ਜ਼ਿਲ੍ਹਾਦਾਰ ਸੈਕਸ਼ਨਜ਼ ਨਾਲ ਘੱਟੋ ਘੱਟ ਤਿੰਨ ਮਹੀਨੇ ਲਈ ਅਟੈਚ ਕੀਤਾ ਜਾਂਦਾ ਹੈ । ਇਸ ਤੋਂ ਉਪਰੰਤ ਵਿਭਾਗ ਵਲੋਂ ਰੱਖੇ ਪਟਵਾਰ ਦੇ ਇਮਤਿਹਾਨ ਵਿਚ ਬੈਠਣ ਦੀ ਆਗਿਆ ਦਿਤੀ ਜਾਂਦੀ ਹੈ ।

| | | | |
|---|---|---|---|
| (ਬੀ) | 1973 | .. | 542 |
| | 1974 | .. | ਨਿਲ |
| | 1975 | .. | ਨਿਲ |

(ਸੀ) 259

Original with;
Punjab Vidhan Sabha
Digitized by;
Panjab Digital Library

(ਡੀ) ਆਈ. ਬੀ. ਸੀਜ਼. ਲਈ ਮਹਿਕਮੇ ਦੇ ਸਾਰੇ ਦਫਤਰਾਂ ਵਲੋਂ 329 ਦੀ ਮੰਗ ਆਈ ਸੀ । ਇਸ ਅਨੁਸਾਰ ਦੁਗਣੇ ਉਮੀਦਵਾਰ ਲਏ ਗਏ ਸਨ । ਇਨ੍ਹਾਂ ਵਿਚੋਂ 542 ਨੇ 1973 ਵਿਚ ਪਟਵਾਰ ਦਾ ਇਮਤਿਹਾਨ ਪਾਸ ਕੀਤਾ ਸੀ । ਕਿਉਂਕਿ ਬਾਅਦ ਵਿਚ ਇਹ ਮੰਗ ਰਿਵਾਈਜ਼ ਹੋ ਗਈ ਸੀ ਅਤੇ ਇਹ ਪਹਿਲੀ ਮੰਗ ਜੋ ਕਿ ਸਰਕਲ/ਮੰਡਲ ਤੋਂ ਸਿਲੈਕਸ਼ਨ ਦੇ ਸਮੇਂ ਹੋਈ ਸੀ, ਬਹੁਤ ਘੱਟ ਸੀ । ਇਹ ਸੰਭਵ ਨਹੀਂ ਸੀ ਕਿ ਬਾਕੀ ਦੇ ਰਹਿੰਦੇ ਉਮੀਦਵਾਰਾਂ ਨੂੰ ਹੁਣ ਤੱਕ ਖਪਾਇਆ ਜਾਂਦਾ ।

(ਈ) ਪਾਸ ਸ਼ੁਦਾ ਆਈ. ਬੀ. ਸੀਜ਼. ਉਮੀਦਵਾਰਾਂ ਦੀ ਮੈਰਿਟ ਲਿਸਟ ਪੰਜਾਬ ਸਟੇਟ ਦੇ ਮਹਿਕਮਾਂ ਨਹਿਰ ਦੇ ਸਾਰੇ ਮੰਡਲਾਂ ਵਿਚ ਭੇਜੀ ਜਾ ਚੁਕੀ ਹੈ ਤਾਂ ਜੋ ਉਹ ਆਪਣੀ ਮੰਗ ਕਾਰਜਕਾਰੀ ਇੰਜਨੀਅਰ ਬਠਿੰਡਾ ਮੰਡਲ ਨੂੰ ਪਾਸ ਹੋਏ ਉਮੀਦਵਾਰਾਂ ਦੀ ਨਿਯੁਕਤੀ ਲਈ ਭੇਜਣ ।

(ਐਫ) ਹਾਂ ਜੀ, 9 ।

---

**ਦਯਾ ਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਨੂੰ ਸਰਕਾਰ ਦੁਆਰਾ ਦਿਤੀ ਗਈ ਸਹਾਇਤਾ**

1092. **ਕਾਮਰੇਡ ਸੱਤ ਪਾਲ ਡਾਂਗ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਦਯਾ ਨੰਦ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ ਨੂੰ ਸਰਕਾਰ ਵਲੋਂ ਸਹਾਇਤਾ ਦਿਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਸਾਲ 1972-73, 1973-74 ਅਤੇ 1974-75 ਲਈ ਇਨ੍ਹਾਂ ਸੰਸਥਾਵਾਂ ਵਿਚੋਂ ਹਰ ਇਕ ਨੂੰ ਸਹਾਇਤਾ ਵਜੋਂ ਕਿੰਨੀ ਰਕਮ ਦਿਤੀ ਗਈ;

(ਅ) ਕੀ ਸਰਕਾਰ ਦੁਆਰਾ ਦਿਤੀਆਂ ਜਾਂਦੀਆਂ ਗ੍ਰਾਂਟਾਂ ਨਾਲ, ਉਕਤ ਕਾਲਿਜ ਦੇ ਵਿਦਿਆਰਥੀਆਂ ਪਾਸੋਂ ਫੀਸਾਂ ਲੈਣ ਬਾਰੇ ਅਤੇ ਆਊਟ-ਡੋਰ ਅਤੇ ਇਨਡੋਰ ਰੋਗੀਆਂ ਪਾਸੋਂ ਫੀਸ ਲੈਣ ਬਾਰੇ ਕੋਈ ਸ਼ਰਤਾਂ ਲਗਾਈਆਂ ਜਾਂਦੀਆਂ ਹਨ;

(ੲ) ਕੀ ਸਰਕਾਰ ਨੂੰ ਉਕਤ ਸੰਸਥਾਵਾਂ ਦੁਆਰਾ ਵਿਦਿਆਰਥੀਆਂ ਪਾਸੋਂ ਅਤੇ ਆਊਟ ਡੋਰ ਅਤੇ ਇਨਡੋਰ ਰੋਗੀਆਂ ਪਾਸੋਂ ਚਾਰਜ ਕੀਤੀਆ ਜਾਂਦੀਆਂ ਫੀਸਾਂ ਦੀਆਂ ਦਰਾਂ ਬਾਰੇ ਪਤਾ ਹੈ; ਜੇ ਕਰ ਅਜਿਹਾ ਹੋਵੇ, ਤਾਂ ਵਸੂਲ ਕੀਤੀਆਂ ਜਾਂਦੀਆਂ ਫੀਸਾਂ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ?

**ਸ਼੍ਰੀ ਗੁਰਮੇਲ ਸਿੰਘ** (ਵਿਦਿਆ ਮੰਤਰੀ) : (ੳ) ਹਾਂ, ਸਹਾਇਤਾ ਦਿਤੀ ਜਾਂਦੀ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਹੈ। ਇਨ੍ਹਾਂ ਸਾਲਾਂ ਵਿਚ ਜੋ ਗਰਾਂਟ ਦਿਤੀ ਗਈ ਹੈ, ਉਹ ਹੇਠ ਦਿਤੀ ਜਾਂਦੀ ਹੈ :—

| ਸਾਲ | ਪੰਜਾਬੀ ਵਿਦਿਆਰਥੀਆਂ ਲਈ ਗਰਾਂਟ ਰੁ: | ਹਸਪਤਾਲ ਦੇ ਬੈਡਾਂ ਦੀ ਮੇਨਟੀਨੈਂਸ ਕਰਨ ਲਈ ਗਰਾਂਟ ਰੁ: | ਰੁ: | ਵਿਸ਼ੇਸ਼ ਕਥਨ |
|---|---|---|---|---|
| 1972-73 .. | 3,81,500 | 1,00,500 ਅਤੇ | 6,00,000 | ਬਿਲਡਿੰਗ ਗਰਾਂਟ |
| 1973-74 .. | 8,20,000 | 2,30,000 ਅਤੇ | 6,00,000 | ਇਨਡੋਅਮੈਂਟ ਫੰਡ ਵਿਚ ਵਧਾਉਣ ਬਾਰੇ ਪੰਜਾਬ ਯੂਨੀਵਰਸਿਟੀ ਵਲੋਂ ਗਰਾਂਟ ਨਿਸ਼ਚਿਤ ਕੀਤੀ ਗਈ। |
| 1974-75 .. | 8,20,000 | 2,01,000 | | — |

(ਅ) ਵਿਦਿਆਰਥੀਆਂ ਕੋਲੋਂ ਫੀਸਾਂ ਲੈਣ ਸਬੰਧੀ ਅਤੇ ਆਊਟਡੋਰ ਤੇ ਇਨਡੋਰ ਰੋਗੀਆਂ ਕੋਲੋਂ ਫੀਸਾਂ ਲੈਣ ਸਬੰਧੀ ਕੋਈ ਸ਼ਰਤ ਨਹੀਂ ਲਗਾਈ ਗਈ ਸੀ ਜਦੋਂ ਇਨ੍ਹਾਂ ਸੰਸਥਾਵਾਂ ਨੂੰ ਗਰਾਂਟ ਦਿਤੀ ਗਈ।

(ੲ) ਇਸ ਸਮੇਂ ਵਿਦਿਆਰਥੀਆਂ ਕੋਲੋਂ ਜੋ ਫੀਸਾਂ ਲਈਆਂ ਜਾਂਦੀਆਂ ਹਨ, ਉਨ੍ਹਾਂ ਦਾ ਵੇਰਵਾ ਹੇਠ ਦਿਤਾ ਜਾਂਦਾ ਹੈ :—

| | | | ਰੁਪਏ |
|---|---|---|---|
| (1) | ਪਹਿਲਾ ਸੈਸ਼ਨ ਜੁਲਾਈ ਤੋਂ ਦਸੰਬਰ ਤਕ | | 2,000 |
| (2) | ਦੂਜਾ ਸੈਸ਼ਨ ਜਨਵਰੀ ਤੋਂ ਜੂਨ ਤਕ | | 2,000 |
| | ਦਾਖਲਾ ਫ਼ੀਸ (ਇਕ ਵਾਰ) | | 4,000 |
| | ਸਾਰੇ ਕੋਰਸ ਲਈ ਅਮੈਲਗਾਮੇਟਿਡ ਫੀਸ | | 500 |
| | ਯੂਨੀਵਰਸਿਟੀ ਕੰਟੀਨਿਊਸ਼ਨ ਫੀਸ | (ਸਾਲਾਨਾ) | 2 |
| | ਯੂਨੀਵਰਸਿਟੀ ਸਪੋਰਟਸ ਫੀਸ | (,,) | 2 |
| | ਯੂਥ ਵੈਲਫੇਅਰ ਐਕਟੀਵਿਟੀਜ਼ ਫੀਸ | (,,) | 2 |
| | ਹੋਲੀਡੇ ਹੋਮ ਫੀਸ | | 1 |
| | ਆਈਡੈਂਟਿਟੀ ਕਾਰਡ | (ਇਕ ਬਾਰ) | 10 |
| | ਯੂਨੀਵਰਸਿਟੀ ਰਜਿਸਟਰੇਸ਼ਨ ਫੀਸ | (,,) | 5 |
| | ਮਾਈਗਰੇਸ਼ਨ ਫੀਸ | (,,) | 20 |
| | ਬਿਲਡਿੰਗ ਫੰਡ | (,,) | 50 |
| | ਬਰੇਕੇਜਿਜ਼ ਲਈ ਸਿਕਿਉਰਿਟੀ | | 200 |
| | ਪੰਜਾਬ ਸਟੇਟ ਸਪੋਰਟਸ ਫੀਸ | (ਸਾਲਾਨਾ) | 2 |
| | | ਜੋੜ | 8,794 |

Original with;
Punjab Vidhan Sabha
Digitized by;
Panjab Digital Library

(2) ਆਊਟਡੋਰ ਰੋਗੀਆਂ ਕੋਲੋਂ ਹਰ ਵਿਜ਼ਿਟ ਤੇ 1/- ਰੁਪਇਆ ਚਾਰਜ ਕੀਤਾ ਜਾਂਦਾ ਹੈ ਅਤੇ ਇਨ ਡੋਰ ਰੋਗੀਆਂ ਕੋਲੋਂ 2/- ਰੁਪਏ ਇਕ ਦਿਨ ਦੇ ਚਾਰਜ ਕੀਤੇ ਜਾਂਦੇ ਹਨ ।

---

**ਬਿਨਾਂ ਨਿਸ਼ਾਨ ਪ੍ਰਸ਼ਨ ਨੰ: 1093**

(ਇਸ ਪ੍ਰਸ਼ਨ ਨੂੰ ਅਗੇ ਪਾਉਣ ਲਈ ਕਿਹਾ ਗਿਆ)

ਸਭਾ ਦੇ ਅਨਸਟਾਰਡ ਸੁਆਲ ਨੰ: 1093 ਜੋ ਮਿਤੀ 6 ਫਰਵਰੀ, 1976 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ।

ਵਿੱਤ ਮੰਤਰੀ, ਪੰਜਾਬ ।

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ: ਸ. ਨੰ: 1044-2ਕIII-76/ ਮਿਤੀ 5 ਫਰਵਰੀ, 1976

---

**ਬਿਨਾਂ ਨਿਸ਼ਾਨ ਪ੍ਰਸ਼ਨ ਨੰ: 1094**

(ਇਸ ਪ੍ਰਸ਼ਨ ਨੂੰ ਅਗੇ ਪਾਉਣ ਲਈ ਕਿਹਾ ਗਿਆ)

ਵਿਧਾਨ ਸਭਾ ਦੇ ਸਵਾਲ ਨੰ: 1094 ਜੋ ਮਿਤੀ 6 ਫਰਵਰੀ, 1976 ਲਈ ਬਿਨਾਂ ਨਿਸ਼ਾਨ ਵਾਲੇ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ਕਿਉਂਕਿ ਵਿਧਾਨ ਸਭਾ ਸਕੱਤਰੇਤ ਵਲੋਂ ਇਸ ਦਾ ਨੋਟਿਸ ਬਹੁਤ ਦੇਰੀ ਨਾਲ ਮਿਤੀ 3 ਫਰਵਰੀ, 1976 ਨੂੰ ਪ੍ਰਾਪਤ ਹੋਇਆ ਹੈ ।

ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ, ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਰਾਜ ਮੰਤਰੀ, ਜਨ ਸਿਹਤ ।

ਸੇਵਾ ਵਿਚ

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ.ਸ. ਨੰ: 215-ਏ ਕਿਊ-ਸਿ. ਬਿ(1)-76/ ਮਿਤੀ ਚੰਡੀਗੜ੍ਹ 5 ਫ਼ਾ

Original with;
Punjab Vidhan Sabha
Digitized by;
Panjab Digital Library

**ਮੁਹਾਲੀ ਵਿਖੇ ਬਣਾਏ ਗਏ ਰਿਹਾਇਸ਼ੀ ਕੁਆਟਰ**

1095. **ਕਾਮਰੇਡ ਸੱਤ ਪਾਲ ਡਾਂਗ :** ਕੀ ਮਕਾਨ ਉਸਾਰੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮੁਹਾਲੀ ਸ਼ਹਿਰੀ ਮਿਲਖ ਵਿਖੇ ਕੁੱਲ ਕਿੰਨੇ ਰਿਹਾਇਸ਼ੀ ਕੁਆਟਰ ਬਣਾਏ ਗਏ ਹਨ ;

(ਅ) ਕੀ ਇਹ ਠੀਕ ਹੈ ਕਿ ਉਕਤ ਕੁਆਟਰ ਲੋਕ ਕਾਰਜ ਵਿਭਾਗ ਰਾਹੀਂ ਬਣਵਾਏ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਮਕਾਨ ਉਸਾਰੀ ਬੋਰਡ ਦੁਆਰਾ ਇਨ੍ਹਾਂ ਨੂੰ ਖੁਦ ਨਾ ਬਣਾਉਣ ਦੇ ਕਾਰਨ ਕੀ ਹਨ;

(ੲ) ਕੀ ਮਕਾਨ ਉਸਾਰੀ ਬੋਰਡ ਦੁਆਰਾ ਉਕਤ ਕੁਆਟਰਾਂ ਦੇ ਬਣਾਉਣ ਲਈ ਕੋਈ ਟੈਂਡਰ ਮੰਗੇ ਗਏ ਸਨ, ਜੇਕਰ ਅਜਿਹਾ ਹੋਵੇ, ਤਾਂ ਇਸ ਤਰ੍ਹਾਂ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਕਿੰਨੀ ਬੋਲੀ ਪ੍ਰਾਪਤ ਹੋਈ;

(ਸ) ਕੀ ਉਕਤ ਕੁਆਟਰ ਅਲਾਟ ਕਰ ਦਿਤੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਕਿਸ ਤਰੀਕ ਨੂੰ ਅਤੇ ਕਿਸ ਆਧਾਰ ਤੇ ?

**ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ :** (ੳ) 1266.

(ਅ) 480 ਮਕਾਨ ਪੰਜਾਬ ਹਾਊਸਿੰਗ ਡੀਵੈਲਪਮੈਂਟ ਬੋਰਡ ਨੇ ਬਣਾਏ ਸਨ ਅਤੇ 786 ਮਕਾਨ ਲੋਕ ਨਿਰਮਾਣ ਵਿਭਾਗ, ਭਵਨ ਤੇ ਸੜਕਾਂ ਸ਼ਾਖਾ ਨੇ ਹਾਉਸਿੰਗ ਬੋਰਡ ਵੱਲੋਂ ਬਣਾਏ ਹਨ । 786 ਕੁਆਟਰਾਂ ਦੀ ਉਸਾਰੀ ਲੋਕ ਨਿਰਮਾਣ ਵਿਭਾਗ ਨੂੰ ਸੌਂਪੀ ਗਈ ਸੀ ਕਿਉਂ ਜੋ ਸਰਕਾਰ ਇਨ੍ਹਾਂ ਨੂੰ ਜਲਦੀ ਮੁਕੰਮਲ ਕਰਨ ਦੀ ਚਾਹਵਾਨ ਸੀ । ਹਾਊਸਿੰਗ ਬੋਰਡ ਕੋਲ ਵੀ ਵਾਧੂ ਕੰਮ ਕਰਨ ਲਈ ਸਾਧਨ ਨਹੀਂ ਸਨ ।

(ੲ) ਹਾਂ ਜੀ । ਹਾਊਸਿੰਗ ਬੋਰਡ ਨੇ ਟੈਂਡਰ ਬੁਲਾਏ ਸਨ ਅਤੇ ਸਭ ਤੋਂ ਵੱਧ ਤੇ ਸਭ ਤੋਂ ਘੱਟ ਰੇਟ ਕਰਮਵਾਰ 132% ਪਰੀਮੀਅਮ ਅਤੇ 107% ਪਰੀਮੀਅਮ ਤੇ ਮਿਲੇ ਸਨ । ਲੋਕ ਨਿਰਮਾਣ ਵਿਭਾਗ ਭਵਨ ਤੇ ਸੜਕਾਂ ਸ਼ਾਖਾ ਨੇ ਵੀ ਟੈਂਡਰ ਸੱਦੇ ਸਨ ਤੇ ਸਭ ਤੋਂ ਵੱਧ ਤੇ ਸੱਭ ਤੋਂ ਘਟ ਰੇਟ ਕਰਮਵਾਰ 165% ਪਰੀਮੀਅਮ ਤੇ 156% ਮਿਲੇ ਸਨ ।

(ਸ) ਜਿਨ੍ਹਾਂ ਠੇਕੇਦਾਰਾਂ ਨੇ ਉਪਰੋਕਤ ਕੁਆਟਰ ਬਣਾਏ ਸਨ ਉਨ੍ਹਾਂ ਦੇ ਨਾਉਂ ਅਤੇ ਉਨ੍ਹਾਂ ਵਲੋਂ ਦਿਤੇ ਟੈਂਡਰਾਂ ਦਾ ਵੇਰਵਾ ਅਨੁਲਗ '1' ਵਿਚ ਦਿਤਾ ਗਿਆ ਹੈ ।

(ਹ) ਹਾਂ ਜੀ । ਉਪਰੋਕਤ ਮਕਾਨ 20 ਫਰਵਰੀ, 1975 ਤੋਂ ਲੈਕੇ ਵੱਖ ਵੱਖ ਤਰੀਕਾਂ ਦੇ ਰਜਿਸਟਰਡ ਬਿਨੇਕਾਰਾਂ ਨੂੰ ਸਰਕਾਰ ਵਲੋਂ ਪਰਮਾਣਤ ਪਾਲਿਸੀ ਦੇ ਆਧਾਰ ਤੇ ਨੀਚੇ ਲਿਖੇ ਅਨੁਸਾਰ ਅਲਾਟ ਕੀਤੇ ਗਏ ਹਨ :—

(1) ਅਨੁਸੂਚਿਤ ਜਾਤੀਆਂ ਲਈ ਰੀਜ਼ਰਵੇਸ਼ਨ..........10%

(2) ਫੌਜੀਆਂ ਵਾਸਤੇ ਰੀਜ਼ਰਵੇਸ਼ਨ..............10%
(ਫੌਜ ਵਿਚ ਕੰਮ ਕਰ ਰਹੇ
ਮੁਲਾਜ਼ਮ, ਫੌਜੀ ਵਿਧਵਾਵਾਂ,
ਰੀਟਾਇਰਡ ਹੋਏ ਫੌਜੀ ਆਦਿ)

(3) ਔਕੜਾਂ ਵਾਲੇ ਮਾਮਲੇ...............5%

(4) ਜਨਰਲ ਕੋਟਾ....... .........75%

Original with;
Punjab Vidhan Sabha
Digitized by;
Panjab Digital Library

## ANNEXURE I

**Statement showing the names of contractors who constructed the houses and the tenders quoted by each**

| | Sr. No. (1) | Particulars of work (2) | Date of allotment (3) | Name of contractors (4) | Accepted tender quoted (effective) (5) |
|---|---|---|---|---|---|
| Houses constructed by Punjab Housing Development Board | 1. | Construction of 144 EWS houses at Mohali | 19-9-1973 | Shri O.P. Ghai | 107% |
| | 2. | Construction of 160 EWS houses at Mohali | 17-9-1973 | M/S P.C. Aggarwal & Co. | 107% |
| | 3. | Construction of 176 EWS houses at Mohali | 13-9-1974 | M/S Balwant Singh Didar Singh | 132% |
| | | 480 | | | |
| Houses constructed by Punjab P.W.D. (B & R) | 1. | Construction of 68 LIG houses in Phase I, Urban Estate, Mohali | 7-12-1974 | M/S Balwant Singh Didar Singh | 164.52% |
| | 2. | Construction of 48 LIG houses in Phase I, Urban Estate, Mohali | 13-12-1974 | M/S Ajit Singh & Co. | 160% |
| | 3. | Construction of 62 LIG houses in Phase I, Urban Estate, Mohali | 13-12-1974 | M/S Chandigarh Construction Co. | 165% |
| | 4. | Construction of 40 LIG houses in Phase I, Urban Estate Mohali | 13-12-1974 | M/S S.D. Ghai & Co. | 165% |

Original with;
Punjab Vidhan Sabha
Digitized by;
Panjab Digital Library

[Minister of State for Housing]

| 1 | 2 | 3 | 4 | 5 |
|---|---|---|---|---|
| 5. | Construction of 96 EWS houses in Phase V, Urban Estate, Mohali | 13-12-1974 | M/S Chopra & Co. | 162.03% |
| 6. | Construction of 80 EWS houses in Phase V, Urban Estate, Mohali | 13-12-1974 | M/S J.L. Kuthiala & Sons | 162.16% |
| 7. | Construction of 80 EWS houses Group I, in Phase V, Mohali | 13-12-1974 | M/S Satish Kumar Aggarwal | 157.17% |
| 8. | Construction of 96 EWS houses Group II, Phase V, Mohali | 13-12-1974 | M/S Iqbal Singh Madanmohan Singh | 162.22% |
| 9. | Construction of 46 MIG houses Group I, Phase IV, Mohali | 6-12-1974 | Shri Kasturi Lal, Contractor | 160% |
| 10. | Construction of 42 MIG houses Group II, Phase IV, Mohali | 6-12-1974 | Shri Kasturi Lal, Contractor | 156% |
| 11. | Construction of 46 MIG houses Group III, Phase IV, Mohali | 6-12-1974 | M/S Mahajan & Co. | 161% |
| 12. | Construction of 40 MIG houses Group I. Phase III-B-I, Mohali | 6-12-1974 | Shri Parkash Lal Dua | 162% |
| 13. | Construction of 36 MIG houses at Mohali Phase III-B-I | 7-12-1974 | Shri Dalbir Singh | 165% |
| | 780 | | | |

*Note* :—Tenders invited for 780 houses
but houses actually constructed = 786

## RECOGNITION FOR A YOUNG PUNJABI SCIENTIST

1096 **Comrade Satya Pal Dang** : Will the Chief Minister be pleased to state—

(a) whether any legislator wrote any letter dated 17th June, 1975 to the Chief Minister regarding recognition for the Punjabi young scientist who is the first Indian Scientist to have ever, visited Antarctica, if so, a copy of the same may be laid on the table of the House;

(b) the action; if any, taken by the Government in this connection?

ਸ੍ਰੀ ਗੁਰਮੇਲ ਸਿੰਘ (ਸਿੱਖਿਆ ਮੰਤਰੀ) : (ੳ) ਹਾਂ ਜੀ। ਪੱਤਰ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ,

(ਅ) ਸ੍ਰੀ ਸੇਹਰਾ ਨੂੰ ਸਨਮਾਨ ਦੇ ਯੋਗ ਨਹੀਂ ਸਮਝਿਆ ਗਿਆ ਹੈ।

Copy of letter

Satya Pal Dang, M.L.A.

Ekta Bhavan, Chheharta,
Camp Chandigarh
Dated the 17th June, 1975

My dear Giani Ji,

You might be knowing already that a young Punjabi Scientist Shri Paramjit Singh Sahra is the first Indian Scientist who have ever visited Antarctica (South pole). This fact was admitted by the Prime Minister In the course of a reply to an unstarred question in the Lok Sabha.

A paper of his entitled "Upper Mesospheric Wind Structure in Antarctica' appeared recently in a well known U. K. Journal "The Nature", His father, Shri M. S. Sehra wrote to the Punjab Government about it on 14th March, 1973. Recently he has again written to you a D. O. letter dated 12th May 1975 seeking an interview with you. He desires that his son should receive some recognition in some form from the Government. As the request seems to be justified and reasonable, I would request you kindly to get the matter examined so that you may take whatever action is deemed fit and proper in the matter.

Shri M. S. Sehra, the father of the scientist, wrote to you a D.O. letter mentioned above on 12th May, 1975. You may also consider granting an interview to him.

With kind regards,

Yours sincerely,
Sd/—
(SATYA PAL DANG)

GIANI ZAIL SINGH,
CHIEF MINISTER, PUNJAB,
CHANDIGARH.

———

Original with;
Punjab Vidhan Sabha
Digitized by;
Panjab Digital Library

## QUESTIONS OF PRIVILEGE

**Mr. Speaker** : On 27th January, 1976 Comrade Raj Kumar gave notice of a Privilege Motion in which he had stated that a letter adressed by him to a senior officer of the Punjab School Education Board had not been properly replied to by that officer under his own signatures. I gave an interim ruling and informed the House that I was writing to the Minister for Education to clarify the position.

I have now received a reply from the Honourable Minister wherein he has stated that the matter is being investigated and the explanation of the employee at fault in the Punjab School Education Board has been called for and that on receipt of his explanation, strict disciplinary action will be taken. The honourable Minister has in his letter also assured that such a lapse would not occur in future.

I may point out that honourable Members are the elected representatives of the people and it is the duty of the Government officers/officials and those of the autonomous bodies and Public Undertakings to show them due courtesy. Communications received from them should not be treated lightly. I would, therfore, urge the Government to issue instructions so as to ensure that the letters received from legislators are given due consideration and replied to promptly by the officers to whom these are addressed. Wherever that is not possible some other responsible officer should reply to the letters of the Legislators.

In view of what has been stated above, I do not give my consent to the Question of Privilege being raised.

2. On 29th January, 1976 Comrade Raj Kumar, gave notice of a question of privilege wherein he had stated that the Sarpanch of village Chhotepur Block Dhariwal, Tehsil and District Gurdaspur was seen occupying a seat in Governor's Box in Vidhan Bhavan on the 28th January, 1976, during the Question Hour when the Minister for Development and Panchayats was giving reply to a Supplementary Question that show cause notice for the removal of that Sarpanch could not be served upon him because he had gone to U. P. Comrade Raj Kumar had further alleged in the motion that this unauthorised presence in a place of high dignity of that Sarpanch was a matter of public concern. On that day, I reserved my ruling stating that I would examine the matter.

Accordingly, I have examined the matter. I may inform the House that when the fact of the presence was brought to my notice, I immediately ordered for his withdrawal from the Governor's Box. Admission of strangers to various Galleries is regulated under my directions. Governor's Box is meant only for the guests of the Governor and VIPs and I have given fresh instructions accordingly. I want to assure the House that I am equally anxious that the sanctity of the Governor's Box should be maintained at all costs and any person who is not a V. I. P. shall not be accommodated in this Box.

Original with;
Punjab Vidhan Sabha
Digitized by;
Panjab Digital Library

In view of what I have stated, I do not give my consent to the question of privilege being raised. I hope all the honourable Members will cooperate in this regard.

**Comrade Raj Kumar** : I only want to make a small observation about your ruling.

**Mr. Speaker** : About ruling, you cannot make any observation.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਇਕ ਗਲ ਕਰਨੀ ਚਾਹੁੰਦਾ ਹਾਂ । ਮੈਂ ਇਕ ਸਬਮਿਸ਼ਨ ਕਰਨੀ ਚਾਹੁੰਦਾ ਹਾਂ ।

**ਸ੍ਰੀ ਸਪੀਕਰ** : ਰੂਲਿੰਗ ਦੇ ਸਬੰਧ ਵਿਚ ਨਹੀਂ ਹੋਣੀ ਚਾਹੀਦੀ ।

**ਕਾਮਰੇਡ ਰਾਜ ਕੁਮਾਰ** : ਇਕ ਛੋਟੀ ਜਿਹੀ ਬੇਨਤੀ ਕਰਨੀ ਚਾਹੁੰਦਾ ਹਾਂ, ਇਫ ਯੂ ਕਾਈਂਡਲੀ ਪਰਮਿਟ ਮੀ । ਮੈਂ ਕੋਈ ਐਸੀ ਗਲ ਨਹੀਂ ਕਰਾਂਗਾ ਜਿਹੜੀ ਕਿ ਇੰਬੈਰਸਿੰਗ ਹੋਵੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਮੇਰੀ ਪਹਿਲੀ ਪ੍ਰਿਵਿਲਜ ਮੋਸ਼ਨ ਸੀ ਉਸ ਵਿਚ ਕੁਝ ਰਿਸਪਾਂਸੇਬਿਲਟੀ ਤਾਂ ਲੋਕਲ ਆਫੀਸ਼ੀਅਲਜ਼ ਦੀ ਹੋ ਸਕਦੀ ਹੈ । ਲੇਕਿਨ ਜਿਹੜੀ ਸੁਪਰਵਾਈਜ਼ਰੀ ਐਂਰ ਕੰਟਰੋਲਿੰਗ ਅਥਾਰਿਟੀ ਹੈ, ਉਸ ਬਾਰੇ ਮੈਂ ਸਮਝਦਾ ਹਾਂ ਕਿ ਸਪੀਕਰ ਸਾਹਿਬ ਜ਼ਿਆਦਾ ਰਿਸਪਾਂਸੇਬਲ ਹਨ । ਉਸ ਤੇ ਵੀ ਅਗਰ ਮੇਰੀ ਇਸ ਪ੍ਰਿਵਿਲਜ ਮੋਸ਼ਨ....

**ਸ੍ਰੀ ਸਪੀਕਰ** : ਇਹ ਗਲ ਹੋ ਗਈ ਹੈ । ਮਨਿਸਟਰ ਸਾਹਿਬ ਦਾ ਜਵਾਬ ਬੜਾ ਕਲੀਅਰ ਹੈ ਅਤੇ ਮੈਂ ਵੀ ਜੋ ਕੁਝ ਕਹਿਣਾ ਸੀ ਠੀਕ ਕਹਿ ਦਿਤਾ ਹੈ । ਮੈਂ ਸਮਝਦਾ ਹਾਂ ਕਿ ਤੁਹਾਡੀ ਸੈਟਿਸਫੈਕਸ਼ਨ ਹੋ ਜਾਣੀ ਚਾਹੀਦੀ ਹੈ । Please resume your seat.

**ਕਾਮਰੇਡ ਰਾਜ ਕੁਮਾਰ**: ਮੈਂ ਬੈਠ ਜਾਂਦਾ ਹਾਂ ਪਰ my submission should not be freezed.

## CALL ATTENTION NOTICES UNDER RULE 66

(*Serial No.* 89)

**Comrade Raj Kumar** : Sir, I beg to draw the attention of the Government towards a matter of urgent public importance, namely, continuous retrenchment of workmen without notice in the British India Corporation New Egerton Woollen Mills, Dhariwal. Hundreds of workmen have been made jobless exposing their families to hardships and hunger.

In view of the obvious importance of the matter, the Government may be asked to make a statement in the House.

**Mr. Speaker** . Admitted. The hon. Minister concerned may please make a statement.

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 90)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਮੋਰਿੰਡਾ ਖੰਡ ਸਹਿਕਾਰੀ ਮਿੱਲ ਕਿਸਾਨਾਂ ਨੂੰ ਸਰਕਾਰ ਵਲੋਂ ਐਲਾਨ ਸ਼ੁਦਾ ਭਾਅ, ਭਾਵ 14-35 ਪੈਸੇ ਪ੍ਰਤੀ ਕੁਵਿੰਟਲ ਅਦਾ ਨਹੀਂ ਕਰ ਰਹੀ । ਇਸ ਮਿਲ ਦੇ ਪਰਬੰਧਕ ਕਿਸਾਨਾਂ ਨੂੰ 11 ਰੁਪਏ ਪ੍ਰਤੀ ਕੁਵਿੰਟਲ ਕੀਮਤ ਨਕਦ ਦੇ ਰਹੇ ਹਨ । ਬਾਕੀ ਦੀ ਕੀਮਤ ਦੀਆਂ ਕਈ ਪ੍ਰਕਾਰ ਦੀਆਂ ਕਟੌਤੀਆਂ ਕਰ ਰਹੇ ਹਨ, ਜਿਵੇਂ ਕਿ ਕਹਿੰਦੇ ਹਨ ਕਿ—

(1) ਇਕ ਰੁਪਿਆ ਪ੍ਰਤੀ ਕੁਵਿੰਟਲ ਮਿਲ ਬੰਦ ਹੋਣ ਪਿਛੋਂ ਦਿਤਾ ਜਾਵੇਗਾ ।

(2) ਇਕ ਰੁਪਿਆ ਦਸ ਪੈਸੇ ਪ੍ਰਤੀ ਕੁਵਿੰਟਲ ਪੰਜ ਸਾਲ ਪਿਛੋਂ ਦਿੱਤਾ ਜਾਵੇਗਾ ।

(3) ਇਕ ਰੁਪਿਆ ਪੱਚੀ ਪੈਸੇ ਪ੍ਰਤੀ ਕੁਵਿੰਟਲ ਹਿੱਸਾ-ਧੰਨ ਵਜੋਂ ਕਟ ਰਹੇ ਹਨ ਜਦੋਂ ਕਿ ਸਰਕਾਰ ਨੇ ਇਸ ਮਦ ਲਈ ਕਟੌਤੀ ਕੋਈ 75 ਪੈਸੇ ਪ੍ਰਤੀ ਕੁਵਿੰਟਲ ਨਿਸ਼ਚਿਤ ਕੀਤਾ ਹੋਇਆ ਹੈ ।

ਮਿੱਲ ਪਰਬੰਧਕਾਂ ਦੇ ਇਸ ਫੈਸਲੇ ਨਾਲ ਹਜ਼ਾਰਾਂ ਗੰਨਾ ਕਾਸ਼ਤਕਾਰਾਂ ਵਿਚ ਹਾਹਾਕਾਰ ਮਚੀ ਹੋਈ ਹੈ ਅਤੇ ਉਨ੍ਹਾਂ ਨਾਲ ਘੋਰ ਧੱਕਾ ਹੋ ਰਿਹਾ ਹੈ ਅਤੇ ਖੇਤੀ ਬਾੜੀ ਮੰਤਰੀ ਵਲੋਂ ਸਦਨ ਵਿਚ ਕੀਤੇ ਗਏ ਐਲਾਨ ਦੀ ਘੋਰ ਉਲੰਘਣਾ ਹੋ ਰਹੀ ਹੈ ।

ਮਾਮਲੇ ਦੀ ਮਹੱਤਤਾ ਨੂੰ ਸਾਹਮਣੇ ਰਖਦਿਆਂ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ ।

**ਸ਼੍ਰੀ ਸਪੀਕਰ :** ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ ।

---

## QUESTION ON STATEMENT MADE IN REPLY TO CALL ATTENTION NOTICE No. 60

**ਕਾਮਰੇਡ ਰਾਜ ਕੁਮਾਰ :** ਕਾਲ ਅਟੈਨਸ਼ਨ ਨੰ: 60 ਬਾਰੇ ਸਪੀਕਰ ਸਾਹਿਬ, ਮੈਂ ਸਵਾਲ ਕਰਨਾ ਚਾਹੁੰਦਾ ਹਾਂ । ਇਹ ਪਾਂਡੇ ਸਾਹਿਬ ਨਾਲ ਸਬੰਧਤ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੇਰੀ ਕਾਲ ਅਟੈਨਸ਼ਨ ਇਸ ਗਲ ਉਤੇ ਸੀ ਕਿ 1972 ਤੋਂ ਲੈ ਕੇ 1975 ਤਕ ਸਾਡੇ ਪੰਜਾਬ ਵਿਚ ਬਹੁਤ ਵੱਡਾ ਨੈਟ ਵਰਕ ਬਣਿਆ ਹੈ ਲਿੰਕ ਸੜਕਾਂ ਦਾ, ਉਨ੍ਹਾਂ ਦੀ ਡੇਲੀ ਅਪ ਕੀਪ ਨਾ ਹੋਣ ਕਰਕੇ ਹਾਲਤ ਮਾੜੀ ਹੋਈ ਹੈ । ਜਦੋਂ ਤਕ ਗੈਂਗ ਨਾ ਰਖੇ ਜਾਣ ਉਦੋਂ ਤਕ ਇਨ੍ਹਾਂ ਸੜਕਾਂ ਦੀ ਅਪ ਕੀਪ ਨਹੀਂ ਹੋ ਸਕੇਗੀ । ਮਨਿਸਟਰ ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਗੈਂਗ ਰਖਣ ਵਾਸਤੇ ਸਕੀਮ ਤਿਆਰ ਕਰ ਰਹੇ ਹਾਂ । ਇਸ ਵਾਸਤੇ ਖਜ਼ਾਨੇ ਤੋਂ ਧੰਨ ਮੰਗਿਆ ਗਿਆ ਹੈ । ਨਾਲ ਹੀ ਦੂਜੀ ਗਲ ਇਨ੍ਹਾਂ ਨੇ ਕਹੀ ਹੈ ਕਿ ਲਿੰਕ ਸੜਕਾਂ ਦੀ ਜਿਹੜੀ ਜ਼ਮੀਨ ਹੈ ਉਹ ਅਜੇ ਵੀ ਡਿਵੈਲਪਮੈਂਟ

Original with;
Punjab Vidhan Sabha
Digitized by;
Panjab Digital Library

ਡਿਪਾਰਟਮੈਂਟ ਦੇ ਨਾਂ ਹੈ। ਅਸੀਂ ਜ਼ਿਲ੍ਹਿਆਂ ਦੇ ਅਫਸਰਾਂ ਨੂੰ ਕਿਹਾ ਹੈ ਕਿ ਉਹ ਧਿਆਨ ਕਰਨ ਅਤੇ ਪੀ.ਡਬਲੀਊ.ਡੀ. ਕੋਲ ਆ ਜਾਣ। ਨਾਲ ਹੀ ਇਹ ਵੀ ਕਿਹਾ ਹੈ ਕਿ ਮੁਰੰਮਤ ਹੋ ਰਹੀ ਹੈ। ਅਜੇ ਜ਼ਮੀਨ ਪੰਚਾਇਤ ਦੇ ਮਹਿਕਮੇ ਦੇ ਨਾਂ ਹੈ ਫਿਰ ਇਹ ਕਹਿੰਦੇ ਹਨ ਕਿ ਮੁਰੰਮਤ ਹੋ ਰਹੀਂ ਹੈ। ਇਹ ਕਿਸ ਤਰ੍ਹਾਂ ਜਸਟੀਫਿਕੇਸ਼ਨ ਹੋ ਗਈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੁਰੰਮਤ ਨਹੀਂ ਹੋ ਰਹੀ ਹੈ। ਗੈਂਗ ਮੈਨਾਂ ਦੀ ਅਜੇ ਸਕੀਮ ਬਣ ਰਹੀ ਹੈ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਫਿਰ ਡੇਲੀ ਅਪ ਕੀਪ ਦਾ ਕੰਮ ਕਿਸ ਤਰ੍ਹਾਂ ਹੋ ਰਿਹਾ ਹੈ।

**ਲੋਕ ਕਾਰਜ ਦੇ ਰਾਜ ਮੰਤਰੀ** (ਸ੍ਰੀ ਜੋਗਿੰਦਰ ਪਾਲ ਪਾਂਡੇ) : ਸਪੀਕਰ ਸਾਹਿਬ, ਇਹ ਥੋੜਾ ਜਿਹਾ ਕਨਫਿਊਜ਼ ਕਰ ਰਹੇ ਹਨ। ਇਨ੍ਹਾਂ ਨੇ ਕਿਹਾ ਸੀ ਕਿ 1972 ਤੋਂ ਲੈ ਕੇ 1975 ਤਕ ਇਸ ਪਾਸੇ ਜਿਹੜਾ ਫਾਸਟ ਕੰਮ ਹੋਇਆ ਹੈ ਉਹ ਡਿਟੀਰੀਓਰੇਟ ਹੋਇਆ ਹੈ ਉਹਨੂੰ ਫਾਸਟ ਕੀਤਾ ਜਾਵੇ। ਮੈਂ ਕਿਹਾ ਹੈ ਕਿ ਅਗਲੇ ਮਾਲੀ ਸਾਲ ਅੰਦਰ ਇਸ ਲਈ ਡੇਢ ਕਰੋੜ ਰੁਪਏ ਵਧ ਰਖੇ ਹਨ, ਮੁਰੰਮਤ ਵਾਸਤੇ ਔਰ ਇਨ੍ਹਾਂ ਨੇ ਕਿਹਾ ਹੈ ਕਿ ਗੈਂਗ ਮੈਨ ਰਖੇ ਜਾਣ, ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜ਼ਰੂਰਤ ਦਾ ਅਹਿਸਾਸ ਕਰ ਰਹੇ ਹਾਂ ਕਿ ਕਿੰਨੇ ਗੈਂਗ ਮੈਨਾਂ ਦੀ ਲੋੜ ਹੈ। ਅਗਰ ਇਨ੍ਹਾਂ ਦੀ ਲੋੜ ਪਈ ਤਾਂ ਇਸ ਲਈ ਖਜ਼ਾਨਾ ਮੰਤਰੀ ਜੀ ਨੂੰ ਬੇਨਤੀ ਕੀਤੀ ਜਾਵੇਗੀ। ਤੀਜੇ ਜ਼ਮੀਨ ਬਾਰੇ ਕਿਹਾ ਗਿਆ ਹੈ। ਇਹ ਗਲ ਕਹਿ ਦਿਤੀ ਗਈ ਹੈ ਕਿ ਅਸੀਂ ਡਿਸਟ੍ਰਿਕਟ ਪੱਧਰ ਤੇ ਜਿਹੜੀ ਲੀਗਲ ਕਾਰਵਾਈ ਹੈ ਉਸ ਨੂੰ ਪੂਰਾ ਕਰਨ ਵਾਸਤੇ ਯਤਨ ਕਰ ਰਹੇ ਹਾਂ। ਸਪੀਕਰ ਸਾਹਿਬ, ਜਿਹੜੀਆਂ ਸੜਕਾਂ ਬਣ ਚੁਕੀਆਂ ਹਨ ਉਹ ਜਗ੍ਹਾ ਜ਼ਿਮੀਦਾਰਾਂ ਨੇ ਜਦੋਂ ਕੰਸਾਲੀਡੇਸ਼ਨ ਹੋਈ ਉਦੋਂ ਸੜਕਾਂ ਬਨਣ ਵਾਸਤੇ ਲੈ ਲਈ ਗਈ ਸੀ। ਇਸ ਵੇਲੇ ਇਹ ਰਾਹ ਪਬਲਿਕ ਦੇ ਹਨ ਅਤੇ ਪੀ.ਡਬਲਿਊ.ਡੀ. ਕੋਲ ਰਾਹ ਆ ਚੁਕੇ ਹਨ ਅਤੇ ਸਰਕਾਰ ਉਥੇ ਕੰਮ ਕਰ ਸਕਦੀ ਹੈ। ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਕਾਮਰੇਡ ਸਾਹਿਬ ਆਪਣੇ ਇਲਾਕੇ ਵਿਚ ਸੜਕਾਂ ਬਨਾਉਣ ਵਾਸਤੇ ਜ਼ੋਰ ਦਿੰਦੇ ਹਨ ਅਤੇ ਜਦ ਸੜਕਾਂ ਬਣ ਜਾਂਦੀਆਂ ਹਨ ਤਾਂ ਫਿਰ ਮੰਗ ਕਰਦੇ ਹਨ ਕਿ ਸੜਕਾਂ ਕਿਸ ਤਰ੍ਹਾਂ ਬਣੀਆਂ।

## PRESENTATION OF REPORTS

**Chairman, Committee on Government Assurances** (Chaudhri Ram Singh) : Sir, I beg to present the 18th Report of the Committee on Government Assurances for the the year 1975-76.

**Chairman, Public Accounts Committee** (Chaudhri Sunder Singh) : Sir, I beg to present the Thirty-third Report of the Public Accounts Committee on the Appropriation Accounts of the Government of Punjab for the years 1969-70 and 1970-71 and the Reports of the Comptroller and Auditor General of India for the years 1969-70 and 1970-71.

**Chairman, Committee on Public Undertakings** (Chaudhri Darshan Singh) : Sir, I beg to present the Fourteenth & Fifteenth Reports of the Committee on Public Undertakings on the Audit Paras appearing in the Report of Comptroller and Auditor General for the year 1971-72 relating to the the Public Undertaking of the Punjab Government and on the General Working of the Pepsu Road Transport Corporation, respectively,

Original with;
Punjab Vidhan Sabha
Digitized by;
Panjab Digital Library

# THE PUNJAB APPROPRIATION BILL, 1976

**Finance Minister** (Shri Hans Raj Sharma) : Sir, I beg to introduce the Punjab Appropriation Bill.

Sir, I also beg to move—

That the Punjab Appropriation Bill be taken into consideration at once.

**Mr. Speaker** : Motion moved.

That the Punjab Appropriation Bill be taken into consideration at once.

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ) : ਸਪੀਕਰ ਸਾਹਿਬ, ਮੈਂ ਇਸ ਉਤੇ ਜਿਹੜੀਆਂ ਡਿਮਾਂਡਜ਼ ਕੀਤੀਆਂ ਗਈਆਂ ਹਨ ਉਸ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ। ਗਵਰਨਰ ਦੇ ਮੁਤਅੱਲਕ 3 ਲੱਖ ਰੁਪਏ ਦੀ ਮੰਗ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਜਮਹੂਰੀਅਤ ਵਿਚ ਇਸ ਖਰਚੇ ਦੀ ਕੋਈ ਲੋੜ ਨਹੀਂ ਰਹਿੰਦੀ ਹੈ। ਇਹ ਫਜ਼ੂਲ ਖਰਚਾ ਕੀਤਾ ਜਾਂਦਾ ਹੈ। ਸਵਾਏ ਇਨ੍ਹਾਂ ਨੇ ਦਸਖ਼ਤ ਕਰਨ ਦੇ ਹੋਰ ਕੀ ਕਰਨਾ ਹੈ ? (ਵਿਘਨ)

**ਸਰਦਾਰ ਬੇਅੰਤ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਗਵਰਨਰ ਨੂੰ ਹਾਊਸ ਵਿਚ ਡਿਸਕਸ ਕੀਤਾ ਜਾ ਸਕਦਾ ਹੈ ?

**ਸ੍ਰੀ ਸਪੀਕਰ** : ਗਵਰਨਰ ਦੇ ਕੰਡਕਟ ਵਗੈਰਾ ਨੂੰ ਡਿਸਕਸ ਨਹੀਂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਉਨ੍ਹਾਂ ਦੇ ਖਰਚੇ ਬਾਰੇ ਡਿਸਕਸ ਕੀਤਾ ਜਾ ਸਕਦਾ ਹੈ।

**ਸਰਦਾਰ ਬੇਅੰਤ ਸਿੰਘ** : ਪਰ ਇਹ ਤਾਂ ਡਿਸਕੱਸ ਕਰ ਰਹੇ ਹਨ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਗਵਰਨਰ ਦੇ ਕੰਡਕਟ ਦੇ ਬਾਰੇ ਡਿਸਕੱਸ ਨਹੀਂ ਹੋ ਸਕਦਾ ਪਰ ਗਵਰਨਰ ਦੀ ਇੰਸਟੀਚਿਊਸ਼ਨ ਤੇ ਖਰਚੇ ਬਾਰੇ ਡਿਸਕਸ਼ਨ ਡੀਬਾਰ ਨਹੀਂ ਹੋ ਸਕਦੀ ਹੈ।

**Mr. Speaker** : I would request the hon'ble Members to avoid such discussion.

**ਕਾਮਰੇਡ ਜੰਗੀਰ ਸਿੰਘ ਜੋਗਾ** : ਇਹ ਜਿਹੜਾ 3 ਲੱਖ ਰੁਪਿਆ ਰਖਿਆ ਗਿਆ ਹੈ, ਇਹ ਖਰਚ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਨਹੀਂ ਰੱਖਣਾ ਚਾਹੀਦਾ ਸੀ। ਮੰਤਰੀ ਮੰਡਲ ਲਈ 14 ਲੱਖ ਅਤੇ 29 ਹਜ਼ਾਰ ਰੁਪਏ ਰੱਖੇ ਗਏ ਹਨ। ਇੱਕ ਸਾਲ ਅੰਦਰ 7-8 ਕਾਰਾਂ ਆ ਗਈਆਂ ਹਨ ਔਰ ਇਸ ਤੋਂ ਇਲਾਵਾ 2-3 ਬਦੇਸ਼ ਦੀਆਂ ਕਾਰਾਂ ਵੀ ਹਨ। ਇਸ ਲਈ ਕਿੰਨਾਂ ਬਦੇਸ਼ੀ ਸਿੱਕਾ ਚਾਹੀਦਾ ਹੈ। ਮੰਤਰੀ ਮੰਡਲ ਨੂੰ ਚਾਹੀਦਾ ਹੈ ਕਿ ਸਾਡੇ ਦੇਸ਼ ਦੀਆਂ ਬਣੀਆਂ ਹੋਈਆਂ ਕਾਰਾਂ ਖਰੀਦਣ। ਇਥੇ ਗੈਰ ਮੁਲਕੀ ਕਾਰਾਂ ਨਹੀਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

ਐਜੂਕੇਸ਼ਨ ਉਤੇ ਬਹੁਤ ਸਾਰੇ ਖਰਚੇ ਦੀ ਮੰਗ ਕੀਤੀ ਗਈ ਹੈ। ਅੱਜ ਐਜੂਕੇਸ਼ਨ ਦੀ ਹਾਲਤ ਬਹੁਤ ਤਰਸਯੋਗ ਹੈ। ਸਪੀਕਰ ਸਾਹਿਬ, ਪਿਛਲੇ ਸਾਲ ਵਿਚ ਦਸਵੀਂ ਜਮਾਤ ਦੇ ਜਿਹੜੇ ਇਮਤਿਹਾਨ ਹੋਏ ਸੀ ਉਹ ਬੋਰਡ ਲੈਂਦਾ ਸੀ। ਉਸ ਤੋਂ ਬਾਅਦ 9 ਵੀਂ ਜਮਾਤ ਦਾ ਇਮਤਿਹਾਨ ਕਰ ਦਿਤਾ। ਉਹਦਾ ਨਤੀਜਾ ਇਹ ਨਿਕਲਿਆ ਕਿ ਬਚਿਆਂ ਨੂੰ ਹੋਰ ਖਰਚ ਕਰਨਾ ਪਿਆ। ਫ਼ੀ ਬੱਚਾ 50-60 ਰੁਪਏ ਜ਼ਿਆਦਾ ਖਰਚਾ ਪਿਆ। ਹੁਣ ਇਨ੍ਹਾਂ ਨੇ ਇੱਕ ਨਵਾਂ ਬੋਰਡ ਦਾ ਇਮਤਿਹਾਨ ਸ਼ੁਰੂ ਕਰ ਦਿੱਤਾ ਹੈ ਪ੍ਰਾਇਮਰੀ ਦਾ। ਅੱਗੇ ਇਹ ਇਮਤਿਹਾਨ ਬੋਰਡ ਨਹੀਂ ਸੀ ਲੈਂਦਾ ਔਰ ਸਿਰਫ ਮਹਿਕਮਾਨਾਂ ਤੌਰ ਤੇ ਲਿਆ ਜਾਂਦਾ ਸੀ। ਇਹ ਕਰਨ ਨਾਲ ਫ਼ੀ ਬੱਚਾ 5 ਰੁਪਏ ਖਰਚਾ ਹੋਰ ਵਧੇਗਾ। ਹਿਸਾਬ ਲਾਉ। ਪੰਜਾਬ ਵਿਚ ਕਿੰਨੇ ਬੱਚੇ ਪੜ੍ਹਦੇ ਹਨ ਅਤੇ 5 ਰੁਪਏ ਫੀ ਬੱਚਾ ਦੇ ਹਿਸਾਬ ਨਾਲ ਕਰੋੜਾਂ ਰੁਪਏ ਦਾ ਬੋਝ ਬੱਚਿਆਂ ਤੇ ਪਏਗਾ।

ਇਸ ਵਾਸਤੇ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਇਹ ਅਰਜ਼ ਕਰਾਂਗਾ ਕਿ ਉਹ ਇਸ ਦੇ ਮੁਤੱਲਕ ਵਿਚਾਰ ਕਰਨ। ਜਿਸ ਤਰ੍ਹਾਂ ਮਿਡਲ ਦਾ ਇਮਤਿਹਾਨ ਮਹਿਕਮਾ ਹੀ ਲੈਂਦਾ ਸੀ, ਕੋਈ ਬੱਚਿਆਂ ਤੇ ਖਰਚਾ ਨਹੀਂ ਸੀ ਪੈਂਦਾ ਔਰ ਮਾਂ ਬਾਪ ਤੇ ਕੋਈ ਖਰਚ ਨਹੀਂ ਸੀ ਪੈਂਦਾ, ਇਸੇ ਤਰ੍ਹਾਂ ਇਹ ਵੀ ਹੋਣਾ ਚਾਹੀਦਾ ਹੈ ਅਤੇ ਬੱਚਿਆਂ ਤੇ ਉਨ੍ਹਾਂ ਦੇ ਮਾਂ ਬਾਪ ਤੇ ਖਰਚਾ ਨਹੀਂ ਪੈਣਾ ਚਾਹੀਦਾ। ਇਕ ਪਾਸੇ ਤਾਂ ਸਪੀਕਰ ਸਾਹਿਬ ਇਹ ਖਰਚਾ ਵਧਾ ਰਹੇ ਹਨ ਅਤੇ ਦੂਸਰੇ ਪਾਸੇ ਚਾਰ ਚਾਰ ਸਾਲ ਹੋ ਗਏ ਹਨ ਜਿਹੜੇ ਜੇ. ਬੀ. ਟੀ. ਟੀਚਰ ਸਿਕਸ ਮੰਥ ਬੇਸਿਜ਼ ਤੇ ਲਗੇ ਹੋਏ ਹਨ ਉਹ ਉਸੇ ਤਰ੍ਹਾਂ ਹੀ ਟੈਮਪ੍ਰੇਰੀ ਤੁਰੇ ਆ ਰਹੇ ਹਨ ਅਤੇ ਉਨ੍ਹਾਂ ਨੂੰ ਪੱਕਿਆਂ ਨਹੀਂ ਕੀਤਾ ਗਿਆ। ਮੇਰੀ ਅਰਜ਼ ਹੈ ਕਿ ਸਰਕਾਰ ਨੂੰ ਇਸ ਪਾਸੇ ਵੱਲ ਵੀ ਆਪਣਾ ਧਿਆਨ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਟਰਾਂਸਪੋਰਟ ਦੇ ਖਰਚੇ ਦੀ ਇਸ ਦੇ ਵਿਚ ਮੰਗ ਕੀਤੀ ਗਈ ਹੈ। ਟਰਾਂਸਪੋਰਟ ਦੇ ਮੁਤੱਲਕ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਜ਼ਿਲ੍ਹੇ ਵਿਚ ਪੈਪਸੂ ਰੋਡਵੇਜ਼ ਕਾਰਪੋਰੇਸ਼ਨ ਦੀ ਜਿਹੜੀ ਹਾਲਤ ਹੈ ਉਹ ਬਹੁਤ ਨਿਕੰਮੀ ਹੈ। ਮੈਨੂੰ ਉਥੇ ਦਾ ਤਜਰਬਾ ਹੈ ਉਥੇ ਦੀ ਮਨੇਜਮੈਂਟ ਬਹੁਤ ਨਿਕੰਮੀ ਹੈ ਔਰ ਸਾਡੇ ਬਠਿੰਡੇ ਦੇ ਵਿਚ ਕੋਈ ਮਿਸਟਰ ਬੇਲ ਮਨੇਜਰ ਲਗਿਆ ਹੋਇਆ ਹੈ। ਉਹ ਲਗਾਤਾਰ ਘਾਟਾ ਦਿਖਾ ਰਿਹਾ ਹੈ। ਉਸ ਮਨੇਜਮੈਂਟ ਵਿਚੋਂ ਉਹ ਬਦਲ ਕੇ ਕੋਈ ਮਿਸਟਰ ਸ਼ਰਮਾ ਚਲਾ ਗਿਆ ਸੀ ਔਰ ਉਸ ਨੇ ਉਥੇ ਮੁਨਾਫਾ ਦਿਖਾਇਆ ਸੀ ਪਰ ਉਸ ਅਫ਼ਸਰ ਨੇ ਲਗਾਤਾਰ ਘਾਟਾ ਹੀ ਦਿਖਾਇਆ ਹੈ। ਕਾਰਪੋਰੇਸ਼ਨ ਦੀ ਇਤਨੀ ਭੈੜੀ ਹਾਲਤ ਹੈ ਪਤਾ ਨਹੀਂ ਸਰਕਾਰ ਉਸ ਦੇ ਵੱਲ ਤਵੱਜੋ ਕਿਉਂ ਨਹੀਂ ਦਿੰਦੀ। ਇਤਨੇ ਭੈੜੇ ਅਫ਼ਸਰ ਦੀ ਜਿਸ ਦੇ ਖਿਲਾਫ਼ ਇਤਨੀਆਂ ਸ਼ਿਕਾਇਤਾਂ ਹਨ ਉਨ੍ਹਾਂ ਦੀ ਪੁਛ ਪੜ੍ਹਤਾਲ ਕਿਉਂ ਨਹੀਂ ਕਰਦੀ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਸਰਕਾਰ ਨੂੰ ਇਸ ਦੇ ਉਤੇ ਪੁੱਛ ਪੜਤਾਲ ਵੀ ਕਰਨੀ ਚਾਹੀਦੀ ਹੈ।

ਇਸੇ ਤਰ੍ਹਾਂ ਸਪੀਕਰ ਸਾਹਿਬ, ਅਨਾਜ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੈਂਕਾਂ ਤੋਂ ਰੁਪਿਆ ਸੂਦ ਤੇ ਅਸੀਂ ਲੈਂਦੇ ਹਾਂ ਔਰ ਅਨਾਜ ਖਰੀਦ ਕੇ ਸਟੋਰ ਕਰਦੇ ਹਾਂ। ਪਰ ਸਰਕਾਰ ਵਕਤ ਸਿਰ ਅਨਾਜ ਨਹੀਂ ਭੇਜ ਸਕੀ ਜਿਸ ਦਾ ਨਤੀਜਾ ਇਹ ਹੋਇਆ ਕਿ 4 ਕਰੋੜ ਰੁਪਿਆ ਸੂਦ ਦਾ ਸਾਨੂੰ ਵਾਧੂ ਦੇਣਾ ਪੈ ਗਿਆ। ਇਹ ਮਹਿਕਮੇ ਦੀ ਨਾਅਹਿਲੀਅਤ ਹੈ ਕਿ ਉਨ੍ਹਾਂ ਨੇ ਵੇਲੇ ਸਿਰ ਅਨਾਜ ਨਹੀਂ ਕਢ ਕੇ ਭੇਜਿਆ ਔਰ ਜਿਸ ਕਰਕੇ ਸਾਨੂੰ 4 ਕਰੋੜ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਰੁਪਿਆ ਸੂਦ ਦਾ ਵਾਧੂ ਦੇ ਦੇਣਾ ਪਿਆ । ਜਿਨ੍ਹਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਸਰਕਾਰ ਨੂੰ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲੈਣਾ ਚਾਹੀਦਾ ਹੈ ।

ਇਸੇ ਤਰ੍ਹਾਂ ਸਪੀਕਰ ਸਾਹਿਬ, ਸਰਕਾਰੀ ਕਰਮਚਾਰੀਆਂ ਨੂੰ ਮਹਿੰਗਾਈ ਭੱਤਾ ਦੇਣ ਕਰਕੇ ਇਸ ਸਰਕਾਰ ਨੇ ਰੁਪਏ ਦੀ ਮੰਗ ਕੀਤੀ ਹੈ । ਸਰਕਾਰ ਦਾ ਇਹ ਵਾਇਦਾ ਸੀ ਕਿ ਕੇਂਦਰੀ ਸਰਕਾਰ ਦੇ ਪੈਟਰਨ ਮੁਤਾਬਕ ਜੋ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਮਹਿੰਗਾਈ ਭੱਤਾ ਮਿਲਦਾ ਹੈ ਉਹ ਇਹ ਸਰਕਾਰ ਆਪਣੇ ਕਰਮਚਾਰੀਆਂ ਨੂੰ ਦੇਵੇਗੀ ਪਰ ਸਰਕਾਰ ਨੇ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਤੋਂ ਬਹੁਤ ਘੱਟ ਇਨ੍ਹਾਂ ਨੂੰ ਭੱਤਾ ਦਿੱਤਾ ਹੈ । (ਵਿਘਨ) ਸਪੀਕਰ ਸਾਹਿਬ, 1974 ਦੇ ਬਜਟ ਵਿਚ ਖਜ਼ਾਨਾ ਮੰਤਰੀ ਜੀ ਨੇ ਸਪੱਸ਼ਟ ਕੀਤਾ ਸੀ ਕਿ ਕੇਂਦਰ ਪੈਟਰਨ ਤੇ ਡੀ. ਏ. ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਦੇਣ ਲਈ ਵਚਨ ਬੱਧ ਹੈ । ਕੇਂਦਰ ਸਰਕਾਰ ਨੇ 5 ਕਿਸ਼ਤਾਂ ਦਿੱਤੀਆਂ ਹਨ ਪ੍ਰੰਤੂ ਪੰਜਾਬ ਸਰਕਾਰ ਨੇ 2 ਕਿਸ਼ਤਾਂ ਦੇ ਕੇ ਹੀ 1975-76 ਦੇ ਬਜਟ ਵਿਚ ਪੈਸੇ ਦੀ ਮੰਗ ਕੀਤੀ ਹੈ । 1967 ਵਿਚ ਜਿਹੜਾ ਵਚਨ ਕਰਮਚਾਰੀਆਂ ਨਾਲ ਕੀਤਾ ਸੀ ਉਸ ਨੂੰ ਵੀ ਛੱਡ ਦਿੱਤਾ ਹੈ, ਇਸ ਲਈ ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਜਿਹੜਾ ਹੱਕ ਹੈ ਉਹ ਪੂਰਾ ਮਿਲਣਾ ਚਾਹੀਦਾ ਹੈ ਅਤੇ ਸਰਕਾਰ ਨੇ ਜੋ ਵਾਇਦਾ ਕੀਤਾ ਹੈ ਉਹ ਪੂਰਾ ਕਰਨਾ ਚਾਹੀਦਾ ਹੈ ।

ਇਸੇ ਤਰ੍ਹਾਂ ਸਪੀਕਰ ਸਾਹਿਬ, ਮੈਂ ਸੜਕਾਂ ਦੇ ਮੁਤੱਲਕ ਅਰਜ਼ ਕਰਨੀ ਚਾਹੁੰਦਾ ਹਾਂ । ਸੜਕਾਂ ਦੇ ਵਾਸਤੇ ਬਹੁਤ ਸਾਰਾ ਰੁਪਿਆ ਮੰਗਿਆ ਗਿਆ ਹੈ । ਮੇਰੇ ਇਕ ਇਲਾਕੇ ਦੇ ਵਿਚ ਇਕ ਸੜਕ ਨਿਕਲਦੀ ਹੈ ਜਿਹੜੀ ਕਿ ਲਿੰਕ ਸੜਕ ਨਹੀਂ, ਪਲੇਨ ਸੜਕ ਹੈ । ਇਹ ਮਾਨਸਾ ਤੋਂ ਤਲਵੰਡੀ ਸਾਬੋ ਦੀ ਸੜਕ ਹੈ ਅਤੇ ਇਸ ਦੇ ਲਈ 10 ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ, 5 ਸਾਲ ਅਕਾਲੀਆਂ ਦੀ ਸਰਕਾਰ ਅਤੇ 5 ਸਾਲ ਗਿਆਨੀ ਜੀ ਦੀ ਸਰਕਾਰ ਨੂੰ ਹੋ ਗਏ ਹਨ ਪਰ ਉਹ ਸੜਕ ਮੁਕੰਮਲ ਨਹੀਂ ਹੋਈ । ਬਠਿੰਡੇ ਦੇ ਵਿਚ ਡੀ. ਸੀ. ਸਾਹਿਬ ਦੀ ਜਿਹੜੀ ਮੀਟਿੰਗ ਹੁੰਦੀ ਹੈ ਉਸ ਦੇ ਵਿਚ ਵੀ ਇਹ ਪੁਛਿਆ ਸੀ ਕਿ ਇਹ ਸੜਕ ਕਿਉਂ ਨਹੀਂ ਬਣਦੀ ਤਾਂ ਕਹਿੰਦੇ ਹਨ ਕਿ ਸਾਡੇ ਕੋਲ ਫੰਡਜ਼ ਨਹੀਂ ਹਨ । ਮੈਂ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਜਿਹੜੀਆਂ ਪਲੇਨ ਸੜਕਾਂ ਹਨ ਉਹ ਜਲਦੀ ਹੀ ਮੁਕੰਮਲ ਹੋਣੀਆਂ ਚਾਹੀਦੀਆ ਹਨ । ਜ਼ਮੀਨ ਦੀ ਕੀਮਤ ਦਿੱਤੀ ਹੋਈ ਹੈ, ਰੋੜ੍ਹੀ ਉਥੇ ਸੁਟੀ ਪਈ ਹੈ ਪਰ ਹਾਲਤ ਇਹ ਹੈ ਕਿ ਸੜਕ ਮੁਕੰਮਲ ਨਹੀਂ ਹੁੰਦੀ । ਇਸੇ ਤਰ੍ਹਾਂ ਹੀ ਹੋਰ ਬਹੁਤ ਸਾਰੀਆਂ ਸੜਕਾਂ ਹਨ ਜਿਹੜੀਆਂ ਅਧੂਰੀਆਂ ਪਈਆਂ ਹਨ । ਇਸ ਵਲ ਸਰਕਾਰ ਨੂੰ ਜਲਦੀ ਤੋਂ ਜਲਦੀ ਆਪਣਾ ਧਿਆਨ ਦੇਣਾ ਚਾਹੀਦਾ ਹੈ ।

ਇਕ ਸਪੀਕਰ ਸਾਹਿਬ, ਮੈਂ ਇਹ ਬੇਨਤੀ ਮਨਿਸਟਰ ਸਾਹਿਬ ਨੂੰ ਕਰਾਂਗਾ ਕਿ ਮੇਰੇ ਬਠਿੰਡੇ ਜ਼ਿਲ੍ਹੇ ਵਿਚ ਇਕ ਪਿੰਡ ਹੀਰ ਕਲਾਂ ਹੈ । ਉਸ ਦੀ ਆਬਾਦੀ 6,000 ਹੈ, ਉਹ ਬਠਿੰਡਾ ਜ਼ਿਲ੍ਹਾ ਨਾਲ ਲਿੰਕ ਨਹੀਂ ਕੀਤਾ, ਇਹ ਲਿੰਕ ਕੀਤਾ ਜਾਵੇ । ਮਾਰਕਿਟ ਕਮੇਟੀ ਮਾਨਸਾ ਹੈ, ਉਸ ਨੂੰ ਕੁਝ ਸੰਗਰੂਰ ਦੇ ਜ਼ਿਲ੍ਹੇ ਨਾਲ ਮਿਲਾ ਦਿੱਤਾ ਹੈ, ਬਠਿੰਡਾ ਜ਼ਿਲ੍ਹੇ ਨਾਲ ਨਹੀਂ ਮਿਲਾਇਆ ਜਿਸ ਦੀ ਵਜ੍ਹਾ ਹੈ ਕਿ ਬਠਿੰਡਾ ਜ਼ਿਲ੍ਹਾ ਨੂੰ ਕੋਈ ਸੜਕ ਨਹੀਂ ਪੈਂਦੀ । 4 ਮੀਲ ਦਾ ਇਲਾਕਾ ਰਹਿ ਜਾਂਦਾ ਹੈ । ਉਹ ਸੰਗਰੂਰ ਨਾਲ ਮਿਲਾ ਦਿੱਤਾ ਹੈ । ਮੇਰੀ ਬੇਨਤੀ ਹੈ ਕਿ ਲਾਜ਼ਮੀ ਤੌਰ ਤੇ ਉਸ ਪਿੰਡ ਨੂੰ ਬਠਿੰਡਾ ਜ਼ਿਲ੍ਹੇ ਦੇ ਨਾਲ ਮਿਲਾਣਾ ਚਾਹੀਦਾ

Original with;
Punjab Vidhan Sabha
Digitized by;
Panjab Digital Library

ਹੈ । ਉਥੇ ਮਿਡਲ ਸਕੂਲ ਹੈ ਅਤੇ 6,000 ਦੀ ਆਬਾਦੀ ਹੈ ਔਰ 3,000 ਵੋਟ ਉਸ ਪਿੰਡ ਦੀ ਹੈ । ਉਸ ਪਿੰਡ ਨੂੰ ਉਥੋਂ ਅਲੱਗ ਕਰ ਦਿੱਤਾ ਹੈ । ਮੇਰੀ ਅਰਜ਼ ਹੈ ਕਿ ਉਸ ਨੂੰ ਉਥੇ ਹੀ ਮਿਲਾਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਦੂਜੀ ਇਕ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੀ ਉਥੇ ਮਾਰਕਿਟਿੰਗ ਕਮੇਟੀ ਵਿਚ ਦੋ ਬਲਾਕ ਪੈਂਦੇ ਹਨ, ਸਰਦੂਲਗੜ੍ਹ ਤੇ ਮਾਨਸਾ । ਸਰਦੂਲਗੜ੍ਹ ਮਾਰਕਿਟ ਕਮੇਟੀ ਬਿਜਲੀ ਵਾਸਤੇ ਰੁਪਿਆ ਦਿੰਦੀ ਹੈ ਔਰ ਚੇਅਰਮੈਨ ਉਥੇ ਦਾ ਹੀ ਹੈ । ਉਸ ਨੇ ਸਾਰਾ ਰੁਪਿਆ ਆਪਣੇ ਪਿੰਡਾਂ ਨੂੰ ਹੀ ਬਿਜਲੀਕਰਨ ਵਾਸਤੇ ਦੇ ਦਿੱਤਾ ਹੈ । ਮਾਨਸਾ ਦਾ ਇਕ ਪਿੰਡ ਵੀ ਬਿਜਲੀਕਰਨ ਨਹੀਂ ਹੋ ਰਿਹਾ ਹਾਲਾਂ ਕਿ ਇਹ ਸਭ ਤੋਂ ਵੱਡਾ ਬਲਾਕ ਹੈ । ਸੋ ਮੈਂ ਮਾਸਟਰ ਜੀ ਅਗੇ ਇਹ ਬੇਨਤੀ ਕਰਾਂਗਾ ਕਿ ਉਹ ਇਸ ਗਲ ਦੀ ਪੜਤਾਲ ਕਰਨ ਕਿ ਜਦੋਂ ਇਸ ਦੇ ਵਿਚ ਦੋ ਬਲਾਕ ਪੈਂਦੇ ਹਨ ਤਾਂ ਫਿਰ ਇਸ ਤਰ੍ਹਾਂ ਕਿਉਂ ਹੁੰਦਾ ਹੈ, ਦੋਨਾਂ ਬਲਾਕਾਂ ਦਾ ਬਿਜਲੀਕਰਨ ਕੀਤਾ ਜਾਣਾ ਚਾਹੀਦਾ ਹੈ ।

ਇਕ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਦੀ ਹਾਲਤ ਇਸ ਵੇਲੇ ਅੱਛੀ ਨਹੀਂ । ਮੈਨੂੰ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਜੋ ਬਸਾਂ ਚਲਦੀਆਂ ਹਨ ਉਨ੍ਹਾਂ ਦੇ ਬਾਰੇ ਤਜਰਬਾ ਹੈ ਕਿਉਂਕਿ ਮੈਂ ਉਨ੍ਹਾਂ ਬਸਾਂ ਵਿਚ ਸਫਰ ਕਰਦਾ ਹਾਂ ਅਤੇ ਪੰਜਾਬ ਰੋਡਵੇਜ਼ ਦੀਆ ਬੱਸਾਂ ਵਿਚ ਸਫ਼ਰ ਕਰਨ ਦਾ ਮੌਕਾ ਘੱਟ ਹੀ ਮਿਲਿਆ ਹੈ । ਜਦੋਂ ਤੁਸੀਂ ਬਠਿੰਡੇ ਤੋਂ ਚੰਡੀਗੜ੍ਹ ਨੂੰ ਚਲੋ ਤਾਂ ਤੁਹਾਨੂੰ ਬਠਿੰਡੇ ਤੋਂ ਚੰਡੀਗੜ੍ਹ ਦੇ ਰਸਤੇ ਵਿਚ 6-7 ਬੱਸਾਂ ਹਮੇਸ਼ਾਂ ਨਜ਼ਰ ਆਉਣਗੀਆਂ ਜਿਹੜੀਆਂ ਰੋਜ਼ਾਨਾ ਹੀ ਰਸਤੇ ਵਿਚ ਖੜ੍ਹੀਆਂ ਹੋ ਜਾਂਦੀਆਂ ਹਨ । ਵਜ੍ਹਾ ਇਹ ਹੈ ਕਿ ਉਥੇ ਬੱਸਾਂ ਦੀ ਕੋਈ ਮੁਰੰਮਤ ਨਹੀ ਹੁੰਦੀ, ਕੋਈ ਚੈਕਿੰਗ ਨਹੀਂ ਹੁੰਦੀ । ਫਿਰ ਇਕ ਇਕ ਰੂਟ ਤੇ ਜਿਹੜੀਆਂ ਬੱਸਾਂ ਚਲਦੀਆਂ ਹਨ ਉਹ ਪੂਰੀਆਂ ਨਹੀਂ ਚਲਦੀਆਂ । ਮਲੋਟ ਤੋਂ ਬਠਿੰਡਾ ਤਕ 4-4 ਰੂਟ ਤਾਂ ਉਂਜ ਹੀ ਖਾ ਜਾਂਦੇ ਹਨ, ਚਲਦੇ ਹੀ ਨਹੀਂ । ਬਠਿੰਡਾ ਤੋਂ ਡਾਬਾ ਵੀ ਪੈਪਸੂ ਰੋਡਵੇਜ਼ ਕੋਲ ਹੈ ਉਥੇ ਵੀ ਬਹੁਤ ਘਟ ਗੱਡੀਆਂ ਚਲਦੀਆਂ ਹਨ । ਮਾਨਸਾ ਤੋਂ ਸਰਸਾ ਪ੍ਰਾਈਵੇਟ ਗੱਡੀ ਕੋਈ ਨਹੀਂ ਚਲਦੀ । ਜਿਥੇ ਇਨ੍ਹਾਂ ਦੀ ਮਨਾਪਲੀ ਹੈ ਉਥੇ ਹਾਲਤ ਇਹ ਹੈ ਕਿ 4 ਟਾਈਮ ਵਿਚੋਂ ਇਕ ਟਾਈਮ ਹੀ ਚਲਾਉਂਦੇ ਹਨ ਜਿਸ ਦੇ ਨਾਲ ਲੋਕਾਂ ਨੂੰ ਬੜੀ ਤਕਲੀਫ ਹੁੰਦੀ ਹੈ । ਮੈਂ ਬੇਨਤੀ ਕਰਾਂਗਾ ਟਰਾਂਸਪੋਰਟ ਮਨਿਸਟਰ ਸਾਹਿਬ ਨੂੰ ਕਿ ਉਹ ਇਸ ਗਲ ਵਲ ਖਾਸ ਤੌਰ ਤੇ ਆਪਣਾ ਧਿਆਨ ਦੇ ਕੇ ਉਥੇ ਰੂਟ ਪੂਰੇ ਚਲਵਾਉਣ ।

ਸਪੀਕਰ ਸਾਹਿਬ, ਖੇਤੀ ਬਾੜੀ ਦੇ ਮੁਤੱਲਕ ਬਹੁਤ ਸਾਰਾ ਰੁਪਿਆ ਮੰਗਿਆ ਗਿਆ ਹੈ । ਇਹ ਠੀਕ ਹੈ ਕਿ ਖੇਤੀਬਾੜੀ ਦੇ ਵਿਚ ਪਹਿਲਾਂ ਨਾਲੋਂ ਬੜਾ ਫਰਕ ਪਿਆ ਹੈ ਅਤੇ ਇਸ ਦੇ ਵਿਚ ਅਸੀਂ ਕਾਫੀ ਤਰੱਕੀ ਕੀਤੀ ਹੈ । ਇਸ ਦੇ ਵਾਸਤੇ ਗੌਰਮਿੰਟ ਨੇ ਵੀ ਕੁਝ ਚੰਗੇ ਕਦਮ ਉਠਾਏ ਹਨ ਪਰ ਇਸ ਦੇ ਵਿਚ ਇਕ ਘਾਟ ਹੈ, ਸਪੀਕਰ ਸਾਹਿਬ, ਜਿਹੜੀ ਕਿ ਮੈਂ ਦੱਸਣੀ ਚਾਹੁੰਦਾ ਹਾਂ । ਉਹ ਇਹ ਕਿ ਜਿਹੜੇ ਇਨਸਪੈਕਟਰਜ਼ ਹਨ ਉਹ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਤਾਲੀਮ ਨਹੀਂ ਦਿੰਦੇ, ਇਸ ਗੱਲ ਦੀ ਵਾਕਫੀਅਤ ਨਹੀਂ ਦਿੰਦੇ ਕਿ ਦਵਾਈਆਂ ਵਗੈਰਾ ਜਿਹੜੀਆਂ ਵਰਤਣੀਆਂ ਚਾਹੀਦੀਆਂ ਹਨ ਉਹ ਕਿਵੇਂ ਵਰਤਣੀਆਂ ਚਾਹੀਦੀਆਂ ਹਨ ਅਤੇ ਖਾਦ ਜਿਹੜੀ ਹੈ ਉਹ ਕਿਵੇਂ ਪਾਉਣੀ ਚਾਹੀਦੀ ਹੈ । ਪੇਂਡੂ ਲੋਕ ਅਨਪੜ੍ਹ ਬਹੁਤ ਹਨ ਉਨ੍ਹਾਂ ਨੂੰ ਬਹੁਤੀ ਇਸ ਗੱਲ ਦੀ ਸਮਝ ਨਹੀਂ । ਸੋ ਮੈਂ ਅਰਜ਼ ਕਰਾਂਗਾ ਕਿ ਇਸ ਗਲ ਵੱਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਧਿਆਨ ਦਿੱਤਾ ਜਾਵੇ । ਫਿਰ ਜਿਹੜੀ ਫਸਲ ਕਿਸਾਨ ਮੰਡੀਆਂ ਵਿਚ ਲਿਆਂਦਾ ਹੈ ਉਸ ਦੇ ਵੱਲ ਵੀ ਧਿਆਨ ਦੇਣ ਦੀ ਲੋੜ ਹੈ । ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਨਰਮੇ ਦੀ ਜਿਹੜੀ ਫਸਲ ਹੈ ਜਦੋਂ ਕਿਸਾਨ ਮੰਡੀਆਂ ਵਿਚ ਲਿਆਂਦਾ ਹੈ ਤਾਂ 15-15 ਦਿਨ ਉਸ ਦੀ ਬੋਲੀ ਹੀ ਨਹੀਂ ਲਗਦੀ ਅਤੇ ਉਹ ਵਿਚਾਰਾ 15-15 ਦਿਨ ਉਥੇ ਬੈਠਾ ਰਹਿੰਦਾ ਹੈ ਮੰਡੀਆਂ ਵਿਚ ਅਤੇ ਜਿਸ ਦੇ ਨਾਲ ਉਸ ਦਾ ਕਾਫ਼ੀ ਨੁਕਸਾਨ ਹੁੰਦਾ ਹੈ । ਸੋ ਮੇਰੀ ਅਰਜ਼ ਹੈ ਕਿ ਇਸ ਵਲ ਵੀ ਧਿਆਨ ਦੇਣਾ ਚਾਹੀਦਾ ਹੈ । ਕਿਸਾਨ ਨੂੰ ਫਿਰ ਜਿਹੜੀ ਖੇਤੀਬਾੜੀ ਦੀ ਫਸਲ ਹੈ ਉਸ ਦੀਆਂ ਪੂਰੀਆਂ ਕੀਮਤਾਂ ਨਹੀਂ ਮਿਲਦੀਆਂ । ਕਿਸਾਨ ਨੂੰ ਪੂਰੀ ਕੀਮਤ ਮਿਲਣੀ ਚਾਹੀਦੀ ਹੈ । ਗੰਨੇ ਦੇ ਮੁਤੱਲਕ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਪਾਲਿਸੀ ਹੈ ਅਤੇ ਮਾਸਟਰ ਜੀ ਨੇ ਇਥੇ ਵਿਧਾਨ ਸਭਾ ਦੇ ਵਿਚ ਇਕ ਬਿਆਨ ਵੀ ਦਿੱਤਾ ਸੀ ਕਿ ਜਿਹੜੀ ਗੰਨੇ ਦੀ ਕੀਮਤ ਹੈ ਉਹ 14 ਰੁਪਏ 35 ਪੈਸੇ ਦਿੱਤੀ ਜਾਵੇਗੀ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਨਾ ਕੋ-ਅਪਰੇਟਿਵ ਮਿੱਲਾਂ ਅਤੇ ਨਾ ਪ੍ਰਾਈਵੇਟ ਮਿੱਲਾਂ ਕਿਸਾਨ ਨੂੰ ਗੰਨੇ ਦੀ ਪੂਰੀ ਕੀਮਤ ਦੇ ਰਹੀਆਂ ਹਨ । ਕੋ-ਅਪਰੇਟਿਵ ਮਿੱਲਾਂ 11 ਰੁਪਏ ਦਿੰਦੀਆਂ ਪਰ ਜਿਹੜੀਆਂ ਪ੍ਰਾਈਵੇਟ ਮਿੱਲਾਂ ਹਨ ਉਹ ਤਾਂ ਇਸ ਤੋਂ ਵੀ ਘੱਟ ਕੀਮਤ ਦਿੰਦੀਆਂ ਹਨ। ਇਸ ਵਾਸਤੇ ਮੇਰੀ ਅਰਜ਼ ਹੈ ਕਿ ਇਸ ਗੱਲ ਵੱਲ ਸਰਕਾਰ ਨੂੰ ਤਵੱਜੋ ਦੇਣੀ ਚਾਹੀਦੀ ਹੈ । ਜਿਥੇ ਗੌਰਮਿੰਟ ਕੋਈ ਕਦਮ ਉਠਾਂਦੀ ਹੈ ਉਸ ਨੂੰ ਚਾਹੀਦਾ ਹੈ ਕਿ ਉਸ ਤੇ ਪੂਰੀ ਤਰ੍ਹਾਂ ਅਮਲ ਕਰਵਾਏ । ਜਿਹੜਾ ਸਰਕਾਰ ਦਾ ਅਮਲਾ ਹੈ ਔਰ ਜਿਹੜਾ ਸੁਸਤ ਰਫ਼ਤਾਰ ਨਾਲ ਚਲ ਰਿਹਾ ਹੈ ਉਸ ਨੂੰ ਥੋੜ੍ਹਾ ਜਿਹਾ ਕਸੇ ਤਾਂ ਕਿ ਇਨ੍ਹਾਂ ਚੀਜ਼ਾਂ ਤੇ ਅਮਲ ਹੋ ਸਕੇ ।

ਸਪੀਕਰ ਸਾਹਿਬ, ਇਸ ਦੇ ਵਿਚ ਹੋਰ ਬਹੁਤ ਸਾਰਿਆਂ ਕੰਮਾਂ ਵਾਸਤੇ ਰੁਪਏ ਦੀ ਮੰਗ ਕੀਤੀ ਗਈ ਹੈ । ਸੜਕਾਂ ਬਣਾਉਣ ਵਾਸਤੇ ਕਾਫੀ ਰੁਪਿਆ ਮੰਗਿਆ ਹੈ । ਲਿੰਕ ਸੜਕਾਂ ਦਾ ਵੀ ਇਸ ਦੇ ਵਿਚ ਜ਼ਿਕਰ ਆਇਆ ਹੈ । ਲਿੰਕ ਸੜਕਾਂ ਕਈ ਬਲਾਕਾਂ ਵਿਚ ਤਾਂ ਮਿਲ ਚੁਕੀਆਂ ਹਨ । ਪਰ ਬਹੁਤ ਸਾਰੇ ਬਲਾਕ ਅਜੇ ਰਹਿੰਦੇ ਹਨ ਜਿਨ੍ਹਾਂ ਦੇ ਵਿਚ ਹਰ ਬਲਾਕ ਵਿਚ ਕੋਈ 10-10 ਜਾਂ 15-15 ਪਿੰਡ ਹਨ ਅਜੇ ਉਹ ਸੜਕ ਦੇ ਨਾਲ ਨਹੀਂ ਮਿਲੇ । ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਸੜਕਾਂ ਦੇ ਨਾਲ ਤੁਰੰਤ ਮਿਲਾਏ ਜਾਣ ਤਾਂ ਕਿ ਲੋਕਾਂ ਨੂੰ ਫ਼ਾਇਦਾ ਹੋ ਸਕੇ । ਅਗੇ, ਸਪੀਕਰ ਸਾਹਿਬ, ਉਨ੍ਹਾਂ ਦੀ ਮੁਰੰਮਤ ਦਾ ਸੁਆਲ ਹੈ । ਜਿਹੜੀਆਂ ਲਿੰਕ ਸੜਕਾਂ ਬਣਾ ਦਿਤੀਆਂ ਹਨ, ਉਹ ਬਾਅਦ ਵਿਚ ਟੁਟ ਜਾਂਦੀਆਂ ਹਨ ਜਾਂ ਉਨ੍ਹਾਂ ਦੇ ਕੰਢੇ ਭੁਰ ਜਾਂਦੇ ਹਨ, ਉਨ੍ਹਾਂ ਦੀ ਮੁਰੰਮਤ ਲਈ ਫੰਡਜ਼ ਮੁਹੱਈਆ ਕਰਨੇ ਚਾਹੀਦੇ ਹਨ ; ਤਾਂ ਕਿ ਸੜਕਾਂ ਠੀਕ ਤਰ੍ਹਾਂ ਨਾਲ ਚਾਲੂ ਰਹਿ ਸਕਣ ਇਹ ਜਿਹੜਾ ਸੜਕਾਂ ਦਾ ਜਾਲ ਵਿਛਾਇਆ ਹੈ ਇਸ ਦੇ ਨਾਲ ਦੇਸ਼ ਔਰ ਸੂਬਾ ਤਰੱਕੀ ਕਰ ਸਕਦਾ ਹੈ ।

ਸਪੀਕਰ ਸਾਹਿਬ, ਹੁਣ ਮੈਂ ਐਜੂਕੇਸ਼ਨ ਦੇ ਮੁਤੱਅਲਕ ਅਰਜ਼ ਕਰਾਂਗਾ । ਮੈਨੂੰ ਇਹ ਦਸਦੇ ਹੋਏ ਸ਼ਰਮ ਆਉਂਦੀ ਹੈ ਕਿ ਸਾਡੇ ਬਠਿੰਡੇ ਦੇ ਜ਼ਿਲੇ ਵਿਚ ਕੋਈ 14 ਸਕੂਲ ਐਸੇ ਹਨ ਜਿਨ੍ਹਾਂ ਵਿਚ ਨਾ ਕੋਈ ਹੈਡ ਮਾਸਟਰ ਹੈ ਤੇ ਨਾ ਹੈਡਮਿਸਟਰੈਸਿਜ਼ ਹਨ । ਇਸ ਤੋਂ ਇਲਾਵਾ ਨਾ ਸਾਇੰਸ ਮਾਸਟਰਜ਼ ਹਨ ਅਤੇ ਨਾ ਮੈਥੇਮੈਟਿਕਸ ਦੇ ਮਾਸਟਰਜ਼ ਹਨ । ਉਨ੍ਹਾਂ ਸਕੂਲਾਂ ਦੇ ਖੋਲਣ ਦਾ ਕੀ ਫ਼ਾਇਦਾ । ਮੈਂ ਕਹਿੰਦਾ ਹਾਂ ਕਿ ਇਸ ਪਾਸੇ ਮਹਿਕਮੇ ਨੂੰ ਤਵਜੋਂ ਦੇਣੀ ਚਾਹੀਦੀ ਹੈ । ਪਿਛਲੇ ਸਾਲ ਵੀ ਮੈਂ ਕੁਐਸਚਨ ਉਠਾਇਆ ਸੀ ਕਿਉਂਕਿ 28 ਸਕੂਲਾਂ ਵਿਚ

Original with;
Punjab Vidhan Sabha
Digitized by;
Panjab Digital Library

ਹੈਡਮਾਸਟਰ ਨਹੀਂ ਸਨ। ਉਸ ਵੇਲੇ ਵਿਦਿਆ ਮੰਤਰੀ ਜੀ ਨੇ ਫੌਰਨ ਤਵਜੋ ਦੇ ਕੇ ਅਮਲ ਕੀਤਾ ਸੀ। ਅਸਲ ਗੱਲ ਇਹ ਹੈ ਕਿ ਇਹ ਜਿਹੜੇ ਹੈਡਮਾਸਟਰਜ਼ ਹਨ ਇਹ ਜ਼ਿਲ੍ਹਾ ਲੁਧਿਆਣਾ, ਅੰਮ੍ਰਿਤਸਰ ਅਤੇ ਗੁਰਦਾਸਪੁਰ ਸਾਈਡ ਦੇ ਹੁੰਦੇ ਹਨ। ਉਹ ਉਥੇ ਰਹਿਣਾ ਨਹੀਂ ਚਾਹੁੰਦੇ ਅਤੇ ਉਹ ਲੰਮੀਆਂ ਲੰਮੀਆਂ ਛੁੱਟੀਆਂ ਲੈ ਲੈਂਦੇ ਹਨ ਅਤੇ ਦਫਤਰਾਂ ਵਿਚ ਫਿਰਦੇ ਰਹਿੰਦੇ ਹਨ। ਉਹ ਆਪਣੇ ਜ਼ਿਲ੍ਹੇ ਦੇ ਨਜ਼ਦੀਕ ਕਿਤੇ ਟਰਾਂਸਫ਼ਰ ਕਰਾ ਲੈਂਦੇ ਹਨ ਅਤੇ ਸਾਡੇ ਉਹ ਸਕੂਲ ਉਸੇ ਤਰ੍ਹਾਂ ਰਹਿ ਜਾਂਦੇ ਹਨ। ਇਸ ਲਈ ਮੈਂ ਤੁਹਾਡੀ ਮਾਰਫ਼ਤ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਸ ਪਾਸੇ ਤਵੱਜੋ ਦੇਣ। ਇਸ ਤਵੱਜੋਂ ਦੇ ਨਾਲ ਅਸੀਂ ਅਗੇ ਜਾ ਸਕਦੇ ਹਾਂ ਅਤੇ ਪੰਜਾਬ ਦੇ ਦੂਜੇ ਜ਼ਿਲਿਆਂ ਦੇ ਪੱਧਰ ਤਕ ਪਹੁੰਚ ਸਕਦੇ ਹਾਂ।

ਸਪੀਕਰ ਸਾਹਿਬ, ਹੁਣ ਮੈਂ ਡਰੇਨਾਂ ਦੇ ਬਾਰੇ ਅਰਜ਼ ਕਰਦਾ ਹਾਂ। ਜਿਹੜੀਆਂ ਵਡੀਆਂ ਡਰੇਨਾਂ ਹਨ ਜਿਸ ਤਰ੍ਹਾਂ ਸਰਹੰਦ ਚੋ ਹੈ। ਉਸ ਦੇ ਕੰਢੇ ਤੇ ਕੋਈ 25 ਪਿੰਡ ਆਉਂਦੇ ਹਨ। ਜਦੋਂ ਬਾਰਸ਼ਾਂ ਹੁੰਦੀਆਂ ਹਨ ਤਾਂ ਤਿੰਨ ਤਿੰਨ ਮਹੀਨੇ ਆਵਾਜਾਈ ਰੁਕੀ ਰਹਿੰਦੀ ਹੈ। ਉਨ੍ਹਾਂ ਦੇ ਉਤੇ ਸੜਕਾਂ ਅਤੇ ਲਿੰਕ ਰੋਡਜ਼ ਬਣਾਉਣੀਆਂ ਚਾਹੀਦੀਆਂ ਹਨ ਅਤੇ ਪੁਲ ਬਣਾਉਣੇ ਚਾਹੀਦੇ ਹਨ ਤਾ ਕਿ ਆਵਾਜਾਈ ਦਾ ਰਸਤਾ ਖੁਲ੍ਹ ਜਾਏ।

ਇਸ ਤੋਂ ਅਗੇ, ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਨਿਆਂ ਲਈ ਸਰਕਾਰੀ ਵਕੀਲ ਗਰੀਬਾਂ ਨੂੰ ਮੁਹੱਈਆ ਕਰਨੇ ਚਾਹੀਦੇ ਹਨ। ਮੈਂ ਇਕ ਕੁਐਸਚਨ ਕੀਤਾ ਸੀ। ਉਸ ਕੁਐਸਚਨ ਦੇ ਜਵਾਬ ਵਿਚ ਮੈਨੂੰ ਦਸਿਆ ਗਿਆ ਕਿ ਸੰਗਰੂਰ ਦੇ ਇਲਾਕੇ ਦੀ ਜਿਹੜੀ ਨਜ਼ੂਲ ਲੈਂਡ ਹੈ ਉਹ ਕੋਈ ਦੋ ਸੌ ਏਕੜ ਹੈ ਤਿੰਨ ਪਿੰਡਾਂ ਵਿਚ। ਉਥੇ ਪਟਿਆਲਾ ਵਿਚ ਇਕ ਲੜਕੀ ਕ੍ਰਿਸ਼ਨਾਂ ਐਸ.ਡੀ.ਐਮ. ਲਗੀ ਹੋਈ ਹੈ। ਜਿਸ ਦਾ ਸੰਗਰੂਰ ਜ਼ਿਲੇ ਨਾਲ ਕੋਈ ਤੁਅੱਲਕ ਨਹੀਂ ਉਸ ਨੇ ਬੰਦੀ ਦੇ ਦਿਤੀ ਅਤੇ 5 ਸਾਲ ਹੋ ਗਏ ਹਨ ਉਹ ਜ਼ਮੀਨ ਇਕ ਆਦਮੀ ਵਾਹੀ ਜਾਂਦਾ ਹੈ। ਉਹ ਜ਼ਮੀਨ ਗਰੀਬ ਆਦਮੀਆਂ ਨੂੰ ਵੰਡੀ ਜਾਣੀ ਸੀ। ਗਿਆਨੀ ਜੀ ਦੇ ਰਾਜ ਵਿਚ ਉਹ ਕਾਗਜ਼ ਦੱਬੇ ਪਏ ਹਨ ਅਤੇ ਕ੍ਰਿਸ਼ਨਾ ਐਸ.ਡੀ.ਐਮ. ਜਿਸ ਦਾ ਸੰਗਰੂਰ ਜ਼ਿਲੇ ਨਾਲ ਤੁਅੱਲਕ ਹੀ ਨਹੀਂ ਬੰਦੀ ਦੇ ਦਿੱਤੀ। ਇਸ ਤਰ੍ਹਾਂ ਬੇਕਾਨੂੰਨੀ ਗੱਲਾਂ ਹੋ ਰਹੀਆਂ ਹਨ। ਹਕੂਮਤ ਜਾਗੀਰਦਾਰਾਂ ਨੂੰ ਬਚਾਉਣ ਲਈ ਸੋਚਦੀ ਹੈ। ਉਹ ਜਾਗੀਰਦਾਰ ਦੋ ਸੌ ਏਕੜ ਜ਼ਮੀਨ ਜਿਸ ਦਾ ਕਿ 30-40 ਹਜ਼ਾਰ ਰੁਪਇਆ ਠੇਕਾ ਆ ਸਕਦਾ ਹੈ ਉਹ ਇਕੱਲਾ ਦੱਬੀ ਬੈਠਾ ਹੈ। ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਮਘੋਰੇ ਕੱਢੇ ਹੋਏ ਹਨ ਉਨ੍ਹਾਂ ਨੂੰ ਬੰਦ ਕਰ ਦਿੱਤਾ ਜਾਵੇ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿਤਾ ਹੈ। ਮੈਂ ਖ਼ਜ਼ਾਨਾ ਮੰਤਰੀ ਜੀ ਨੂੰ ਕਹਾਂਗਾ ਕਿ ਉਨ੍ਹਾਂ ਨੇ ਸਾਨੂੰ ਚੰਗਾ ਬਜਟ ਅਤੇ ਚੰਗੇ ਸੁਝਾ ਦਿਤੇ ਹਨ। ਪਰ ਇਸ ਗੌਰਮੈਂਟ ਲਈ ਇਕ ਮਸ਼ੀਨਰੀ ਦੀ ਲੋੜ ਹੈ ਜਿਹੜੀ ਕਿ ਇਨ੍ਹਾਂ ਮਘੋਰਿਆਂ ਨੂੰ ਰੋਕੇ ਅਤੇ ਬਜਟ ਨੂੰ ਠੀਕ ਤਰੀਕੇ ਨਾਲ ਵਰਤੇ ਤਾਂ ਕਿ ਠੀਕ ਢੰਗ ਨਾਲ ਲੋਕਾਂ ਦੀਆਂ ਤਕਲੀਫ਼ਾਂ ਦੂਰ ਹੋਣ ਅਤੇ ਸਾਡਾ ਪੰਜਾਬ ਖ਼ੁਸ਼ਹਾਲ ਹੋਵੇ ਅਤੇ ਸਾਡਾ ਸਿਰ ਉਚਾ ਹੋ ਸਕੇ।

**ਸ੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ): ਮਾਨਯੋਗ ਸਪੀਕਰ ਸਾਹਿਬ, ਜਿਹੜਾ ਐਪ੍ਰੋਪਰੀਏਸ਼ਨ ਬਿਲ, ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ ਮੈਂ ਇਸ ਦੇ ਮੁਤੱਲਕ ਅਰਜ਼ ਕਰਦਾ ਹਾਂ ਕਿ ਇਹ ਮੰਨਜ਼ੂਰ ਕਰਨਾ ਚਾਹੀਦਾ ਹੈ। ਇਸ ਵਿਚ ਖ਼ਰਚ ਕਰਨ ਦੀ ਇਜਾਜ਼ਤ ਮੰਗੀ ਗਈ ਹੈ ਜਿਹੜਾ ਬਜਟ ਪੇਸ਼ ਕੀਤਾ ਸੀ। ਇਹ ਜਿਹੜਾ ਬਜਟ ਖਜ਼ਾਨਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਮੰਤਰੀ ਜੀ ਨੇ ਪੇਸ਼ ਕੀਤਾ ਸੀ ਇਸ ਵਿਚ ਕੋਈ ਐਸੀ ਗੱਲ ਨਹੀਂ ਰਹਿ ਗਈ ਜਿਸ ਦੇ ਮੁਤੱਲਕ ਪੰਜਾਬ ਨੇ ਤਰੱਕੀ ਨਾ ਕੀਤੀ ਹੋਵੇ । ਹਰ ਪਹਿਲੂ ਤੋਂ ਤਰੱਕੀ ਦੇ ਸਾਧਨ ਜੁਟਾਏ ਹਨ ।

ਐਜੂਕੇਸ਼ਨ ਲੈ ਲਵੋ, ਹੈਲਥ ਲੈ ਲਵੋ । ਕੋਈ ਮਹਿਕਮਾ ਨਹੀਂ ਛੱਡਿਆ ਗਿਆ । ਮੈਂ ਆਪਣੇ ਕਾਮਰੇਡ ਦੋਸਤ ਦੇ ਇਕ ਸੁਆਲ ਦਾ ਜੁਆਬ ਦੇਣਾ ਚਾਹੁੰਦਾ ਹਾਂ । ਉਨ੍ਹਾਂ ਨੇ ਕਿਹਾ ਹੈ ਕਿ ਫਲਾਣੀ ਜਗ੍ਹਾ ਸੜਕ ਨਹੀਂ ਬਣਾਈ । ਮੈਂ ਕਹਿੰਦਾ ਹਾਂ ਕਿ ਸੜਕਾਂ ਦੇ ਮੁਤੱਲਕ ਇਕ ਪਲਾਨਿੰਗ ਕੀਤੀ ਹੈ । ਉਸ ਦੇ ਮੁਤਾਬਕ 1974-75 ਵਿਚ ਕੁਝ ਸੜਕਾਂ ਬਣੀਆਂ ਅਤੇ ਫਿਰ 1975-76 ਵਿਚ ਕੁਝ ਸੜਕਾਂ ਬਣੀਆਂ ਅਤੇ ਹੁਣ 1976-77 ਵਿਚ ਪੈਸੇ ਰੱਖੇ ਹਨ । ਮੈਂ ਸਮਝਦਾ ਹਾਂ ਕਿ ਇਹ ਗੱਲ ਕਹੀ ਗਈ ਹੈ ਕਿ 1977 ਦੇ ਅਖੀਰ ਤਕ ਲਾਜ਼ਮੀ ਤੌਰ ਤੇ ਹਰ ਜਗ੍ਹਾ ਸੜਕਾਂ ਬਣ ਜਾਣਗੀਆਂ ਅਤੇ ਕੋਈ ਜਗ੍ਹਾ ਨਹੀਂ ਰਹੇਗੀ ਜਿਥੇ ਸੜਕ ਨਾ ਹੋਵੇਗੀ ਅਤੇ ਲਿੰਕ ਰੋਡਾਂ ਨਾ ਹੋਣ ।

ਬਿਜਲੀ ਦੇ ਮੁਤੱਲਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਇਸ ਵੇਲੇ ਬਿਜਲੀ ਦੇ ਮਹਿਕਮੇ ਨੇ ਕਾਫ਼ੀ ਕੰਮ ਸ਼ੁਰੂ ਕੀਤਾ ਹੋਇਆ ਹੈ । ਉਨ੍ਹਾਂ ਪਿੰਡਾਂ ਵਿਚ ਜਿਥੇ ਚਿਰਾਗ਼ ਨਹੀਂ ਜਲਦਾ ਹੁੰਦਾ ਸੀ ਬਿਜਲੀ ਦੇ ਬਲਬ ਜਲ ਰਹੇ ਹਨ । ਜਿਨ੍ਹਾਂ ਪਿੰਡਾਂ ਵਿਚ ਖਿਆਲ ਤਕ ਨਹੀਂ ਕੀਤਾ ਜਾ ਸਕਦਾ ਸੀ ਉਥੇ ਬਿਜਲੀ ਦੇ ਖੰਬੇ ਪਹੁੰਚੇ ਗਏ ਹਨ । ਬਿਜਲੀ ਬੋਰਡ ਨੇ ਜ਼ਿਆਦਾ ਖਰਚ ਕਰਕੇ ਵੀ ਉਥੇ ਬਿਜਲੀ ਦਿਤੀ ਹੈ ।

ਹੁਣ ਮੈਂ ਹੈਲਥ ਦੇ ਮੁਤੱਲਕ ਅਰਜ਼ ਕਰਾਂਗਾ । ਸਾਡੇ ਪੰਜਾਬ ਦੀ ਹੈਲਥ ਕੁਦਰਤਨ ਦਰੁਸਤ ਹੈ ਸਾਰੇ ਸੂਬਿਆਂ ਨਾਲੋਂ । ਮੈਂ ਹੈਲਥ ਦੇ ਮਨਿਸਟਰ ਨੂੰ ਕਹਾਂਗਾ ਕਿ ਸਾਡੇ ਪੰਜਾਬ ਵਿਚ ਹਾਲੇ ਹਾਲਤ ਇਹ ਹੈ ਕਿ 22% ਇਸ ਕਿਸਮ ਦੇ ਲੋਕ ਹਨ ਜਿਨ੍ਹਾਂ ਨੂੰ ਅਨੀਮਾ ਹੈ ਯਾਨੀ ਉਨ੍ਹਾਂ ਵਿਚ ਖੂਨ ਕੰਮ ਹੈ । ਉਨ੍ਹਾਂ ਦੀ ਜਾਂਚ ਦੀ ਲੋੜ ਹੈ । ਇਕ ਗੱਲ ਤਸੱਲੀ ਦਿੰਦੀ ਹੈ ਕਿ ਇਥੇ ਮੈਡੀਕਲ ਮੰਥਨ ਹੋਇਆ ਕਾਫ਼ੀ ਜ਼ਿਲ੍ਹਿਆਂ ਵਿਚ । ਨਤੀਜਾ ਇਹ ਨਿਕਲਿਆ ਕਿ ਉਸ ਦੇ ਬਾਅਦ ਲੋਕਾਂ ਦਾ ਇਲਾਜ ਕੀਤਾ ਗਿਆ ਅਤੇ ਉਸ ਦੇ ਬਾਅਦ ਜਿਹੜੀ ਨਵੀਂ ਰਿਪੋਰਟ ਆਈ ਉਨ੍ਹਾਂ ਲੋਕਾਂ ਦਾ ਇਲਾਜ ਕਰਨ ਤੋਂ ਬਾਅਦ 10% ਐਸੇ ਬੰਦੇ ਰਹਿ ਗਏ ਜਿਨ੍ਹਾਂ ਦੇ ਮੁਤੱਲਕ ਕਿਹਾ ਜਾ ਸਕਦਾ ਹੈ ਕਿ ਉਹ ਲਾ-ਇਲਾਜ ਹਨ ਜਾਂ ਉਨ੍ਹਾਂ ਦਾ ਇਲਾਜ ਨਹੀਂ ਹੋ ਸਕਦਾ । ਬਾਕੀਆਂ ਦਾ ਇਲਾਜ ਕੀਤਾ ਔਰ ਦਵਾਈਆਂ ਵੀ ਦਿਤੀਆਂ । ਦੂਸਰੇ ਮੈਂ ਹੈਲਥ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਹੜੀਆਂ ਫ਼ਰੀ ਦਵਾਈਆਂ ਹਸਪਤਾਲਾਂ ਵਿਚ ਦਿਤੀਆਂ ਜਾਂਦੀਆਂ ਹਨ ਉਨ੍ਹਾਂ ਦੇ ਮੁਤੱਲਕ ਧਿਆਨ ਦੇਣਾ ਚਾਹੀਦਾ ਹੈ ਕਿ ਉਹ ਦਵਾਈਆਂ ਲੋਕਾਂ ਨੂੰ ਮਿਲਦੀਆਂ ਵੀ ਹਨ ਜਾਂ ਨਹੀਂ ।

**ਸ੍ਰੀ ਸਪੀਕਰ:** ਕਪੂਰ ਸਾਹਿਬ, ਅੱਜ ਹੈਲਥ ਦੀ ਡਿਮਾਂਡ ਹੈ ਨਹੀਂ ਅਤੇ ਡਿਮਾਂਡਜ਼ ਤੇ ਬੋਲਣਾ ਰਿਸਟ੍ਰਿਕਟਿਡ ਹੈ....

**ਸ੍ਰੀ ਸਰਦਾਰੀ ਲਾਲ ਕਪੂਰ:** ਮੈਂ ਜਨਰਲ ਡਿਸਕਸ਼ਨ ਕਰਕੇ ਅਰਜ਼ ਕਰ ਗਿਆ ਹਾਂ । ਅਛਾ ਜੀ ਮੈਂ ਰੋਡਜ਼ ਦੇ ਮੁਤੱਲਕ ਅਰਜ਼ ਕਰ ਰਿਹਾ ਸੀ । ਇਹ ਜਿਹੜੀਆਂ ਰੋਡਜ਼ ਹਨ ਇਨ੍ਹਾਂ ਨੂੰ ਬਣਾਉਣ ਦੇ ਬਾਅਦ ਉਨ੍ਹਾਂ ਨੂੰ ਦਰੁਸਤ ਰਖਣਾ ਲਾਜ਼ਮੀ ਹੋ ਜਾਂਦਾ ਹੈ । ਇਸ ਦੇ ਲਈ

Original with;
Punjab Vidhan Sabha
Digitized by;
Panjab Digital Library

ਪੈਸੇ ਜ਼ਿਆਦਾ ਦੇਣੇ ਚਾਹੀਦੇ ਹਨ । ਇਸ ਲਿਹਾਜ਼ ਨਾਲ ਤਾਂ ਕਿ ਉਨ੍ਹਾਂ ਦੀ ਮੈਂਟੀਨੈਂਸ ਹੋ ਸਕੇ । ਸਪੀਕਰ ਸਾਹਿਬ, ਜਿਸ ਵੇਲੇ ਸ਼ਹਿਰਾਂ ਵਿਚ ਸੜਕਾਂ ਬਣ ਜਾਂਦੀਆਂ ਹਨ ਉਸ ਦੇ ਬਾਅਦ ਇਹ ਪਟੀਆਂ ਜਾਂਦੀਆਂ ਹਨ ਅਤੇ ਸੜਕਾਂ ਖਰਾਬ ਹੋ ਜਾਂਦੀਆਂ ਹਨ । ਸੜਕਾਂ ਮਸ਼ੀਨਰੀ ਨਾਲ ਬਣਦੀਆਂ ਹਨ ਅਤੇ ਉਨ੍ਹਾਂ ਤੇ ਕਾਫ਼ੀ ਖਰਚ ਆਉਂਦਾ ਹੈ । ਫਿਰ ਬਣਨ ਤੋਂ ਬਾਅਦ ਜਦੋਂ ਸੀਵਰ ਬਣਾਉਣਾ ਹੁੰਦਾ ਹੈ ਜਾਂ ਵਾਟਰ ਸਪਲਾਈ ਲਈ ਲਾਈਨ ਕੱਢਣੀ ਹੁੰਦੀ ਹੈ ਤਾਂ ਇਨ੍ਹਾਂ ਨੂੰ ਪੁਟਿਆ ਜਾਂਦਾ ਹੈ । ਇਕ ਤਾਂ ਸੜਕਾਂ ਖਰਾਬ ਹੋ ਜਾਂਦੀਆਂ ਹਨ ਦੂਜੇ ਖ਼ਰਚ ਜ਼ਿਆਦਾ ਆਉਂਦਾ ਹੈ । ਮੇਰੀ ਪ੍ਰਾਰਥਨਾ ਹੈ ਗੌਰਮਿੰਟ ਕੋਲ ਕਿ ਜਿਹੜੀ ਪਲੈਨਿੰਗ ਹੈ ਉਹ ਦਰੁਸਤ ਹੋਵੇ ਤਾਂ ਕਿ ਖਰਚ ਜ਼ਿਆਦਾ ਨਾ ਆ ਸਕੇ ।

ਔਰ ਇਸ ਤਰੀਕੇ ਨਾਲ ਜ਼ਿਆਦਾ ਖਰਚ ਕੀਤਾ ਜਾਂਦਾ ਹੈ । ਇਸ ਕਰਕੇ ਉਨ੍ਹਾਂ ਸੜਕਾਂ ਤੇ ਖਰਚ ਕਰਨ ਤੋਂ ਪਹਿਲਾਂ ਸਾਰੀ ਜਾਂਚ ਕਰਕੇ ਕਿ ਕੀ ਪਲੈਨਿੰਗ ਹੈ, ਕਿਸ ਤਰ੍ਹਾਂ ਬਣਾਉਣੀਆਂ ਹਨ, ਫਿਰ ਸੜਕਾਂ ਬਣਾਉਣੀਆਂ ਚਾਹੀਦੀਆਂ ਹਨ । ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਸੜਕਾਂ ਇਸ ਕਿਸਮ ਦੀਆਂ ਹਨ, ਜਿਹੜੀਆਂ ਲਿੰਕ ਰੋਡਜ਼ ਹਨ, ਉਥੇ ਪਾਣੀ ਖੜ੍ਹਾ ਰਹਿੰਦਾ ਹੈ । ਲੁਧਿਆਣਾ ਦੀਆਂ ਲਿੰਕ ਰੋਡਜ਼ ਜਿਹੜੀਆਂ ਹਨ, ਉਥੇ ਥੋੜ੍ਹਾ ਜਿਹਾ ਵੀ ਮੀਂਹ ਪਵੇ ਤਾਂ ਪਾਣੀ ਜਮ੍ਹਾਂ ਹੋ ਜਾਂਦਾ ਹੈ. . . .

**ਸ੍ਰੀ ਸਪੀਕਰ**: ਇਹ ਮਹਿਕਮਾ ਤਾਂ ਲੁਧਿਆਣੇ ਵਾਲਿਆਂ ਕੋਲ ਹੈ ।

**ਸ੍ਰੀ ਸਰਦਾਰੀ ਲਾਲ ਕਪੂਰ**: ਮੈਂ ਕਿਉਂ ਕਹਿਵਾਂ ਜਿਥੇ ਸੜਕਾਂ ਖਰਾਬ ਨਾ ਹੋਣ । ਇਹ ਤਾਂ ਚੰਗੀ ਗੱਲ ਹੈ ਕਿ ਲਿੰਕ ਰੋਡਜ਼ ਬਣੀਆਂ, ਬੜੀ ਚੰਗੀ ਗੱਲ ਹੈ, ਪਰ ਮੁਸ਼ਕਿਲ ਹੈ ਕਿ ਉਥੇ ਦੀ ਪਾਪੂਲੇਸ਼ਨ ਨੂੰ ਉਨ੍ਹਾਂ ਸੜਕਾਂ ਤੇ ਗੁਜ਼ਰਨ ਵਾਸਤੇ ਬੜੀ ਦਿੱਕਤ ਪੇਸ਼ ਆਉਂਦੀ ਹੈ ਬਾਰਿਸ਼ਾਂ ਵਿਚ । ਇਹ ਤਾਂ ਠੀਕ ਹੈ ਕਿ ਆਉਣ ਜਾਣ ਵਾਲਿਆਂ ਵਾਸਤੇ ਸਹੂਲਤ ਹੈ ਕਿ 3-4 ਜਗ੍ਹਾਂ ਤੋਂ ਉਨ੍ਹਾਂ ਨੂੰ ਜਾਣ ਵਾਸਤੇ ਮਿਲ ਜਾਂਦੀਆਂ ਹਨ ਅਤੇ ਬੱਸਾਂ, ਕਾਰਾਂ ਅਤੇ ਸਕੂਟਰਜ਼ ਵਗੈਰਾ ਵਾਲਿਆਂ ਨੂੰ ਸੌਖ ਹੋ ਜਾਂਦੀ ਹੈ । ਸੋ ਅਗਰ ਇਨ੍ਹਾਂ ਰੋਡਜ਼ ਨੂੰ ਜ਼ਿਆਦਾ ਦਰੁਸਤ ਕਰ ਦਿੱਤਾ ਜਾਵੇ ਤਾਂ ਠੀਕ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਗਰ ਉਨ੍ਹਾਂ ਸੜਕਾਂ ਦੇ ਮੁਤਾਲਿਕ ਪਹਿਲਾਂ ਹੀ ਧਿਆਨ ਦਿੱਤਾ ਜਾਂਦਾ ਅਤੇ ਦਰੁਸਤ ਤਰੀਕੇ ਨਾਲ ਬਣਾਈਆਂ ਜਾਂਦੀਆਂ ਤਾਂ ਪੈਸੇ ਵੀ ਥੋੜੇ ਖਰਚ ਆਉਂਦੇ ਅਤੇ ਸੜਕਾਂ ਵੀ ਠੀਕ ਬਣ ਜਾਂਦੀਆਂ ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਐਪਰੋਪ੍ਰੀਏਸ਼ਨ ਬਿਲ ਪੇਸ਼ ਹੋਇਆ ਹੈ ਇਸ ਨੂੰ ਮਨਜ਼ੂਰ ਕਰ ਦੇਣਾ ਚਾਹੀਦਾ ਹੈ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ.ਸੀ.) : ਸਪੀਕਰ ਸਾਹਿਬ, ਮੈਂ ਇਸ ਐਪਰੋ-ਪਰੀਏਸ਼ਨ ਬਿਲ ਤੇ ਬੋਲਣ ਲਈ ਖੜਾ ਹੋਇਆ ਹਾਂ. . . .

**ਸ੍ਰੀ ਸਪੀਕਰ** : ਚੋਪੜਾ ਜੀ, ਤੁਸੀਂ ਕੁਐਸਚਨ ਆਵਰ ਵੇਲੇ ਨਹੀਂ ਆਏ ?

**ਮਾਸਟਰ ਚੰਦ ਸਿੰਘ** : ਮੈਂ ਹੁਣੇ ਹੀ ਆਇਆ ਹਾਂ ਜੀ, ਕਿਤੇ ਚਲਾ ਗਿਆ ਸੀ ।

**ਸ੍ਰੀ ਸਪੀਕਰ** : ਤੁਸੀਂ ਹਾਊਸ ਵਿਚ ਹਾਜ਼ਿਰ ਨਾ ਹੋਵੇ ਤਾਂ ਕਮੀ ਰਹਿੰਦੀ ਹੈ, ਤੁਹਾਡੀ ਪਾਰਟੀ ਦੀ ਇਕ ਰਿਪਰੈਜ਼ੇਂਟੇਸ਼ਨ ਹੈ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਪੁਲਿਸ ਦੀ ਡਿਮਾਂਡ ਤੇ ਹਰ ਵਾਰੀ ਕਹਿੰਦਾ ਹਾਂ ਕਿ ਪੁਲਿਸ ਤੇ ਅਗੇ ਨਾਲੋਂ ਹੋਰ ਜ਼ਿਆਦਾ ਖਰਚ ਕੀਤਾ ਜਾ ਰਿਹਾ ਹੈ ਅਤੇ ਇਸ ਫੋਰਸ ਵਿਚ ਵਾਧਾ ਕੀਤਾ ਜਾ ਰਿਹਾ ਹੈ । ਸਰਕਾਰ ਨੂੰ ਹੋਰ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ । ਮੈਨੂੰ ਪਤਾ ਹੈ ਕਿ ਪੁਲਿਸ ਇਨ੍ਹਾਂ ਦੇ ਸਰਮਾਏਦਾਰਾਂ ਦੀ ਰਾਖੀ ਕਰਦੀ ਹੈ ਅਤੇ ਉਨ੍ਹਾਂ ਦੀ ਸੇਵਾ ਕਰਦੀ ਹੈ ਅਤੇ ਇਸ ਕਰਕੇ ਹੋਰ ਜ਼ਿਆਦਾ ਗਰਾਂਟਾਂ ਦੇ ਕੇ, ਫੈਸਿਲਿਟੀਜ਼ ਦੇ ਕੇ ਉਨ੍ਹਾਂ ਨੂੰ ਆਪਣੇ ਵਲ ਰਖਣਾ ਚਾਹੁੰਦੀ ਹੈ ਤਾਂ ਜੋ ਪੁਲਿਸ ਵਾਲੇ ਉਨ੍ਹਾਂ ਦੀ ਚੰਗੀ ਸੇਵਾ ਕਰ ਸਕਣ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਤੇ ਘਟ ਖਰਚ ਕੀਤਾ ਜਾਣਾ ਚਾਹੀਦਾ ਹੈ । ਪਹਿਲਾਂ ਬਰਨਾਲਾ ਦੇ ਐਸ.ਐਚ.ਓ. ਨੇ ਨੰਗਲ ਦੇ ਪਿੰਡ ਵਿਚ ਇਕ ਕੇਸ ਵਿਚ 13,000 ਰੁਪਿਆ ਖਾਧਾ..

**ਸ਼੍ਰੀ ਸਪੀਕਰ** : ਐਪਰੋਪਰੀਏਸ਼ਨ ਬਿਲ ਤੇ ਬੋਲੋ ਤੁਸੀਂ ਹੋਰ ਗੱਲ ਨਾ ਕਰੋ, ਮਿਸਾਲਾਂ ਨਾ ਦੇਵੋ, ਜੋ ਡਿਮਾਂਡ ਹੈ ਉਸ ਤੇ ਬੋਲੋ ।

**ਮਾਸਟਰ ਚੰਦ ਸਿੰਘ** : ਮੈਂ ਤਾਂ ਦਸਣ ਲਗਾ ਹਾਂ ਕਿ ਪੁਲਿਸ ਕੀ ਕਰਦੀ ਹੈ । ਗੁਲੇਵਾਲ ਪਿੰਡ ਵਿਚ ਕਤਲ ਕਰਾ ਕੇ 5,000 ਰੁਪਿਆ ਉਹ ਲੈ ਗਿਆ, ਪੁਲਿਸ ਇਸ ਤਰ੍ਹਾਂ ਕਰਦੀ ਹੈ ।

ਸਪੀਕਰ ਸਾਹਿਬ, ਹੁਣ ਮੈਂ ਉਦਯੋਗ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਪਿੰਡਾਂ ਵਿਚ ਵਡੇ ਵਡੇ ਉਦਯੋਗ ਲਗਾਉਣੇ ਚਾਹੀਦੇ ਹਨ ਤਾਂ ਜੋ ਪੇਂਡੂ ਲੋਕਾਂ ਨੂੰ ਐਂਪਲਾਏਮੈਂਟ ਮਿਲ ਸਕੇ ਤਾਂ ਜੋ ਪਿੰਡਾਂ ਵਿਚ ਰਹਿਣ ਵਾਲੇ, ਦਿਹਾੜੀ ਕਰਨ ਵਾਲੇ ਲੋਕਾਂ ਨੂੰ ਵੀ ਚੰਗਾ ਕੰਮ ਅਤੇ ਚੰਗੇ ਪੈਸੇ ਮਿਲ ਸਕਣ ਅਤੇ ਉਨ੍ਹਾਂ ਦਾ ਫਾਇਦਾ ਹੋਵੇ । ਇਸ ਕਰਕੇ ਪਿੰਡਾਂ ਵਿਚ ਵਡੀਆਂ ਵਡੀਆਂ ਇੰਡਸਟਰੀਜ਼ ਲਗਣੀਆਂ ਚਾਹੀਦੀਆਂ ਹਨ ਤਾਂ ਜੋ ਲੋਕਾਂ ਨੂੰ ਕੋਈ ਨਾ ਕੋਈ ਸਹੂਲਤ ਮਿਲ ਸਕੇ ।

ਇਸ ਦੇ ਨਾਲ ਮੈਂ ਸਹਿਕਾਰਤਾ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਮੈਂ ਪਹਿਲਾਂ ਵੀ ਕਿਹਾ ਹੈ ਕਿ ਸੋਸਾਇਟੀਆਂ ਬੜੀਆਂ ਕੁਰੱਪਟ ਹਨ ਅਤੇ ਇਸ ਕਰਕੇ ਸਰਕਾਰ ਨੂੰ ਇਕ ਅਜਿਹਾ ਸੈਲ ਬਣਾਉਣਾ ਚਾਹੀਦਾ ਹੈ ਜਿਹੜਾ ਕਿ ਇਨ੍ਹਾਂ ਸੋਸਾਇਟੀਆਂ ਦੀ ਲਾਰਜ ਸਕੇਲ ਤੇ ਇਨਕੁਆਇਰੀ ਕਰੇ ਅਤੇ ਜਿਨ੍ਹਾਂ ਸੋਸਾਇਟੀਆਂ ਨੇ ਗ਼ਬਨ ਕੀਤੇ ਹੋਏ ਹਨ ਅਤੇ ਕੁਰਪਟ ਹਨ, ਉਨ੍ਹਾਂ ਤੇ ਐਕਸ਼ਨ ਲਿਆ ਜਾਵੇ । ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰ ਕੁਰੱਪਟ ਹਨ ਅਤੇ ਵੱਡੇ ਵੱਡੇ ਅਹੁਦਿਆਂ ਤੇ ਲਗਾਏ ਹੋਏ ਹਨ, ਉਨ੍ਹਾਂ ਦੀ ਛਾਂਟੀ ਕਰਕੇ ਉਨ੍ਹਾਂ ਨੂੰ ਕਢਣਾਂ ਚਾਹੀਦਾ ਹੈ । ਸਪੀਕਰ ਸਾਹਿਬ, ਹੈਲਥ ਬਾਰੇ ਮੈਂ ਕੁਝ ਕਹਿਣਾ ਹੈ. . .

**ਸ਼੍ਰੀ ਸਪੀਕਰ** : ਇਸ ਐਪਰੋਪਰੀਏਸ਼ਨ ਬਿਲ ਵਿਚ ਤਾਂ ਇਸ ਬਾਰੇ ਡਿਮਾਂਡ ਹੈ ਨਹੀਂ ?

**ਵਿੱਤ ਮੰਤਰੀ** : 9—10 ਤਾਰੀਖ ਨੂੰ ਦੂਜਾ ਐਪਰੋਪਰੀਏਸ਼ਨ ਬਿਲ ਆ ਰਿਹਾ ਹੈ, ਉਸ ਤੇ ਬੋਲ ਲੈਣਾ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਚੋਪੜਾ ਸਾਹਿਬ, ਹੈਲਥ ਬਾਰੇ ਤਾਂ ਇਸ ਬਿਲ ਵਿਚ ਕੁਝ ਹੈ ਨਹੀਂ ।

**ਮਾਲ ਅਤੇ ਚੋਣ ਮੰਤਰੀ :** ਇਹਨਾਂ ਨੇ ਕਿਹੜਾ ਇਹ ਬਿਲ ਪੜ੍ਹਿਆ ਹੈ ।

**ਮਾਸਟਰ ਚੰਦ ਸਿੰਘ :** ਮੈਂ ਪੜ੍ਹਿਆ ਹੈ ਜੀ । ਸਪੀਕਰ ਸਾਹਿਬ, ਇਸ ਬਿਲ ਵਿਚ ਸਮਾਜ ਭਲਾਈ ਦੇ ਬਾਰੇ ਤਾਂ ਹੈ, ਮੈਂ ਇਸ ਬਾਰੇ ਕਹਿ ਲੈਂਦਾ ਹਾਂ । ਜਿਹੜਾ ਇਸ ਵਿਭਾਗ ਵਲੋਂ ਗਰੀਬ ਲੋਕਾਂ ਨੂੰ ਪੈਸਾ ਮਿਲਦਾ ਹੈ, ਉਸ ਵਾਸਤੇ ਲੋਕਾਂ ਨੂੰ ਪਟਵਾਰੀ ਦੀ ਤਸਦੀਕ ਕਰਵਾਉਣ ਵਾਸਤੇ ਬੜੀ ਦਿੱਕਤ ਹੁੰਦੀ ਹੈ । ਇਸ ਕਰਕੇ ਜਿਵੇਂ ਸ਼ੈਡਿਊਲਡ ਕਾਸਟਸ ਨੂੰ ਗਰਾਂਟ ਮਿਲਦੀ ਹੈ, ਉਸੇ ਤਰ੍ਹਾਂ ਹੀ ਪਿੰਡ ਦੇ ਸਰਪੰਚ ਜਾਂ ਪੰਚ ਦੀ ਤਸਦੀਕ ਤੇ ਬਾਕੀ ਲੋਕਾਂ ਨੂੰ ਵੀ ਗਰਾਂਟ ਮਿਲ ਜਾਣੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਔਕੜ ਨਾ ਆਵੇ । ਇਸ ਦੇ ਨਾਲ ਹੀ ਇਹ ਜਿਹੜੀ ਗੱਲ ਹੈ ਕਿ 5 ਸਾਲਾਂ ਵਿਚ ਉਨ੍ਹਾਂ ਨੇ ਪੈਸੇ ਮੋੜਨੇ ਹਨ, ਇਹ 20 ਸਾਲ ਤਕ ਮਿਆਦ ਵਧਾ ਦੇਣੀ ਚਾਹੀਦੀ ਹੈ ।

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) **:** ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਐਸਟੀਮੇਟਸ ਜਿਹੜੇ ਐਪਰੋਪਰੀਏਸ਼ਨ ਬਿਲ ਵਿਚ ਸ਼ਾਮਿਲ ਹਨ, ਇਹ 40 ਕਰੋੜ 57 ਲੱਖ ਰੁਪਏ ਦੇ ਹਨ, ਜਿਸਦੇ ਵਿਚੋਂ 5 ਕਰੋੜ ਇੰਟਰੈਸਟ ਚਾਰਜਿਜ਼ ਦੇ ਦੇਣੇ ਹਨ ਅਤੇ 35.53 ਕਰੋੜ ਰੁਪਿਆ ਦੂਜੀਆਂ ਮੱਦਾਂ ਬਾਰੇ ਹੈ ਜਿਨ੍ਹਾਂ ਦਾ ਤਾਲੁਕ ਡਿਵੈਲਪਮੈਂਟ ਨਾਲ ਹੈ । ਇਸ ਦੇ ਵਿਚੋਂ ਹੀ 17 ਕਰੋੜ ਵ੍ਹੀਟ ਬੋਨਸ ਦਾ ਹੈ, ਜਿਹੜਾ ਕਿ ਕਿਸਾਨਾਂ ਨੂੰ ਦਿੱਤਾ ਹੈ । 8 ਕਰੋੜ ਦੇ ਕਰੀਬ ਰੁਪਏ ਐਡੀਸ਼ਨਲ ਡੀ.ਏ. ਦਾ ਹੈ । ਫਿਰ ਰਿਲੀਫ ਟੂ ਪੈਨਸ਼ਨਰਜ਼ ਵਾਸਤੇ 1.48 ਕਰੋੜ ਰੁਪਿਆ ਹੈ । ਰਿਲੀਫ ਟੂ ਫਲੱਡ ਐਫੈਕਟਿਡ ਪਰਸਨਜ਼ ਤੇ 2.99 ਕਰੋੜ ਰੁਪਏ ਹਨ । ਪਰਚੇਜ਼ ਆਫ਼ ਬਸਿਜ਼ ਤੇ 25 ਲੱਖ ਰੁਪਿਆ ਹੈ ਅਤੇ ਕੰਟਰੋਲ ਆਫ਼ ਫਲੱਡਜ਼ ਤੇ ਸਵਾ ਕਰੋੜ ਰੁਪਿਆ ਹੈ । ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਵਾਲਿਆਂ ਨੂੰ ਸਕਾਲਰਸ਼ਿਪ ਜ਼ਿਆਦਾ ਦੇਣਾ ਪਿਆ ਅਤੇ 31 ਲੱਖ ਦੀ ਸਪਲੀਮੈਂਟਰੀ ਡਿਮਾਂਡ ਪੇਸ਼ ਕੀਤੀ ਗਈ । ਐਕਸਪੈਂਡੀਚਰ ਆਨ ਸਕੀਮਜ਼ ਤੇ 1 ਕਰੋੜ 95 ਲੱਖ ਰੁਪਿਆ ਹੈ, ਐਂਪਲਾਇਮੈਂਟ ਪ੍ਰੋਮੋਸ਼ਨ ਪ੍ਰੋਗਰਾਮ ਤੇ ਜ਼ਿਆਦਾ ਰੁਪਿਆ ਦੇਣਾ ਪਿਆ । ਇਸ ਦੇ ਨਾਲ 69 ਲੱਖ ਹੈ ਫਾਈਨਾਂਸ਼ਲ ਅਸਿਸਟੈਂਸ ਟੂ ਵਿਡੋਜ਼ ਐਂਡ ਡੈਸਟੀਚਿਊਟ ਵਿਮੈਨ, 18 ਲੱਖ ਹੋਰ ਖਰਚਣਾ ਪਿਆ । ਇਸ ਤੋਂ ਇਲਾਵਾ ਇਥੇ ਹੋਰ ਖਰਚੇ ਹਨ, ਸਪੀਕਰ ਸਾਹਿਬ, ਇਸ ਕਰੰਟ ਯੀਅਰ ਦੇ ਪਲੈਨ ਤੋਂ ਇਲਾਵਾ ਸਾਨੂੰ ਬਿਜਲੀ ਵਾਸਤੇ ਡਿਵੈਲਪਮੈਂਟ ਆਫ਼ ਪਾਵਰ ਲਈ ਐਡੀਸ਼ਨਲ 2.21 ਕਰੋੜ ਰੁਪਿਆ ਦੇਣਾ ਪਿਆ ਤਾਂ ਜੋ ਪਾਵਰ ਪ੍ਰਾਜੈਕਟਸ ਜਿਹੜੀਆਂ ਚਲ ਰਹੀਆਂ ਹਨ ਜਲਦੀ ਮੁਕੰਮਲ ਹੋ ਜਾਣ । ਵ੍ਹੀਟ ਬੋਨਸ, ਤੁਸੀਂ ਜਾਣਦੇ ਹੀ ਹੋ 10.78 ਕਰੋੜ ਰੁਪਿਆ ਦੇਣਾ ਪਿਆ ਅਤੇ ਜਿਹੜਾ ਅਸੀਂ ਆਪਣੇ ਰਿਸੋਰਸਿਜ਼ ਤੋਂ ਪੰਜਾਬ ਵਲੋਂ ਦਿੱਤਾ ਹੈ, ਉਹ 8 ਕਰੋੜ ਦੇ ਕਰੀਬ ਹੈ, ਸਟੇਟ ਗਵਰਨਮੈਂਟ ਨੇ ਬਰਦਾਸ਼ਤ ਕੀਤਾ ਹੈ ਔਰ 2.70 ਕਰੋੜ ਮਾਰਕਫੈਡ ਨੇ ਬਰਦਾਸ਼ਤ ਕੀਤਾ ਹੈ ਅਤੇ ਫਾਰਮਰਜ਼ ਨੂੰ ਫਰਟੇਲਾਈਜ਼ਰ ਦੀ ਸ਼ਕਲ ਵਿਚ ਦਿਤਾ ਗਿਆ । ਫਿਰ ਪੁਲਿਸ ਦੀਆਂ ਵਰਦੀਆਂ ਔਰ ਇਕੁਇਪਮੈਂਟ ਦੇ ਰੇਟਸ ਜਿਹੜੇ ਬਹੁਤ ਪੁਰਾਣੇ ਸਨ, ਉਹ ਵਧਾਏ ਹਨ । ਇਸ ਦੇ ਨਾਲ ਫਲੱਡ ਰਿਲੀਫ ਲਈ ਨਾ ਸਿਰਫ ਫਲੱਡ ਵਿਕਟਿਮਜ਼ ਨੂੰ ਦਿਤਾ ਬਲਕਿ ਰਿਲੀਫ ਦੇ ਜਿਹੜੇ ਰੇਟਸ ਸਨ ਉਹ ਵੀ ਪੁਰਾਣੇ ਫਿਕਸ ਹੋਏ ਹੋਏ ਸੀ, ਉਹ ਵੀ ਰਿਵਾਈਜ਼ ਕਰਨੇ ਪਏ । ਇਸ ਦੇ ਨਾਲ ਹੀ ਰਿਪੇਅਰ ਆਫ਼ ਹਾਊਸਿਜ਼,

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਗਰਾਂਟ ਫਾਰ ਲਾਸ ਆਫ ਐਨੀਮਲਜ਼ ਐਂਡ ਗਰਾਂਟ ਆਨ ਦੀ ਡੈਥ ਆਫ ਬਰੈਡ ਵਿਨਰ, ਇਹ ਰੇਟਸ ਵੀ ਰਿਵਾਈਜ਼ ਕੀਤੇ ਪਿਛਲੇ ਰੇਟਾਂ ਨਾਲੋਂ । ਔਰ ਅਗੇ ਜਿਥੇ ਹਾਊਸ ਦਾ ਮੁਆਵਜ਼ਾ ਐਗਜ਼ਿਸਟਿੰਗ ਰੇਟ ਤੇ 200 ਤੋਂ 300 ਰੁਪਿਆ ਦਿਤਾ ਜਾਂਦਾ ਸੀ, ਹੁਣ 1,000 ਤੋਂ 2,000 ਤਕ ਰਿਵਾਈਜ਼ ਕਰ ਦਿਤਾ । ਐਨੀਮਲਜ਼ ਦੀ ਸ਼ਕਲ ਵਿਚ ਪਹਿਲਾਂ 75 ਤੋਂ 450 ਰੁਪਏ ਦਿਤੇ ਜਾਂਦੇ ਸਨ, ਹੁਣ 100 ਤੋਂ ਲੈ ਕੇ 650 ਰੁਪਏ ਕਰ ਦਿਤਾ ਹੈ । ਡੈਥ ਆਫ ਬਰੈਡ ਵਿਨਰ ਦੇ ਲਈ ਪਹਿਲਾਂ ਸਾਰਾ 1,500 ਰੁਪਿਆ ਫੈਮਿਲੀ ਨੂੰ ਦਿਤੀ ਜਾਂਦੀ ਸੀ ਜੇ ਕੋਈ ਫਲੱਡ ਵਿਚ ਮਰ ਜਾਵੇ ਹੁਣ 5,000 ਰੁਪਏ ਪਰ ਫੈਮਿਲੀ ਕਰ ਦਿਤਾ ਗਿਆ ਹੈ । ਇਸ ਕਰਕੇ ਜਿਹੜੀ ਕਮੇਟੀ ਬਣਾਈ ਸੀ ਉਸ ਦੀਆਂ ਸਿਫਾਰਸ਼ਾਂ ਤੇ ਅਮਲ ਕੀਤਾ ਗਿਆ ਹੈ ਔਰ ਇਕ ਕਰੋੜ ਰੁਪਿਆ ਰਿਵਰ ਇਮਬੈਂਕਮੈਂਟ ਨੂੰ ਮਜ਼ਬੂਤ ਕਰਨ ਵਾਸਤੇ ਵੀ ਰਖ ਦਿੱਤਾ ਗਿਆ ਹੈ ਤਾਂ ਕਿ ਰਿਵਰ ਇਮਬੈਂਕਮੈਂਟ ਨੂੰ ਮਜ਼ਬੂਤ ਕੀਤਾ ਜਾ ਸਕੇ । ਮੈਨੂੰ ਉਮੀਦ ਹੈ ਕਿ ਹਾਊਸ ਇਸ ਬਿਲ ਨੂੰ ਪਾਸ ਕਰੇਗਾ ।

**Mr. Speaker : Question is—**

That the Punjab Appropriation Bill be taken into consideration at Once

*The motion was carried.*

**Mr. Speaker** : Now the House will proceed to consider the Bill Clause by Clause.

CLAUSE 2

**Mr. Speaker** : Question is—

That Clause 2 stand part of the Bill

*The motion was carried.*

CLAUSE 3

**Mr. Speaker**: Question is—

That Clause 3 stand part of the Bill.

*The motion was carried.*

THE SCHEDULE

**Mr. Speaker** : Question is—

That the Schedule stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

CLAUSE 1

**Mr. Speaker** : Question is—

That Clause 1 stand part of the Bill.

*The motion was carried.*

TITLE

**Mr. Speaker** : Question is—

That Title be the Title of the Bill.

*The motion was carried.*

**Finance Minister** (Shri Hans Raj Sharma) : Sir, I beg to move—

That the Punjab Appropriation Bill be passed.

**Mr. Speaker** : Motion moved—

That the Punjab Appropriation Bill be passed.

**Mr. Speaker** : Question is—

That the Punjab Appropriation Bill be passed.

*The motion was carried.*

## THE PUBLIC WAKFS (EXTENSION OF LIMITATION) (PUNJAB AMENDMENT) BILL, 1976

**Revenue & Elections Minister** (Sardar Umrao Singh) : Sir, I beg to introduce the Public Wakfs (Extension of Limitation) (Punjab Amendment) Bill.

Sir, I also beg to move—

That the Public Wakfs (Extension of Limitation) (Punjab Amendment) Bill be taken into consideration at once.

**Mr. Speaker** : Motion moved—

That the Public Wakfs (Extension of Limitation) (Punjab Amendment) Bill be taken into consideration at once.

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਬੜੀ ਛੋਟੀ ਜਿਹੀ ਅਮੈਂਡਮੈਂਟ ਇਸ ਬਿਲ ਵਿਚ ਹੈ ਜਿਸ ਰਾਹੀਂ ਜਿਹੜੀ ਅਨਆਥੋਰਾਈਜ਼ਡ ਲੋਕਾਂ ਕੋਲੋਂ ਪਰਾਪਰਟੀ ਸੀ ਉਹ ਵਾਪਿਸ ਲੈਣ ਲਈ ਸੋਧ ਕੀਤੀ ਗਈ ਹੈ। ਮੈਨੂੰ ਉਮੀਦ ਹੈ ਕਿ ਹਾਊਸ ਇਸ ਨੂੰ ਪਾਸ ਕਰੇਗਾ !

Original with;
Punjab Vidhan Sabha
Digitized by;
Panjab Digital Library

**ਸ੍ਰੀ ਕੇਸ਼ੋ ਰਾਮ ਗੋਇਲ** (ਬਠਿੰਡਾ) : ਸਪੀਕਰ ਸਾਹਿਬ, ਬਠਿੰਡੇ ਵਿਚ 5, 7 ਕਰੋੜ ਰੁਪਏ ਦੀ ਪਰਾਪਰਟੀ ਐਸੀ ਹੈ ਜਿਹੜੀ ਕਿ ਨਜਾਇਜ਼ ਕਬਜ਼ੇ ਵਿਚ ਹੈ । ਇਸ ਦਾ ਫਾਇਦਾ ਅਮੀਰਾਂ ਅਤੇ ਵੱਡੇ ਵੱਡੇ ਲੈਂਡਲਾਰਡਾਂ ਨੂੰ ਹੋ ਰਿਹਾ ਹੈ ਗਰੀਬਾਂ ਨੂੰ ਨਹੀਂ ਹੋ ਰਿਹਾ । ਇਹ ਜਿਹੜੀ ਵਕਫ਼ ਬੋਰਡ ਦੀ ਪਰਾਪਰਟੀ ਹੈ ਇਹ ਅਮੀਰ ਲੋਕਾਂ ਨੇ 2, 2 ਰੁਪਏ ਦੇ ਕਰਾਏ ਤੇ ਲਈ ਹੋਈ ਹੈ ਅਤੇ ਇਸ ਤਰ੍ਹਾਂ ਦਾ ਫਾਇਦਾ ਗਰੀਬ ਲੋਕਾਂ ਨੂੰ ਨਹੀਂ ਹੋ ਰਿਹਾ । ਮੈਂ ਕਹਿੰਦਾ ਹਾਂ ਕਿ ਜੇ ਇਹ ਜ਼ਮੀਨ ਜਿਹੜੀ ਕਿ ਨਜਾਇਜ਼ ਅਮੀਰਾਂ ਨੇ ਰੱਖੀ ਹੋਈ ਹੈ ਅਗਰ ਇਹ ਜ਼ਮੀਨ ਉਨ੍ਹਾਂ ਤੋਂ ਲੈਕੇ ਬਠਿੰਡੇ ਦੇ ਬੇਘਰੇ ਲੋਕਾਂ ਨੂੰ ਦਿਤੀ ਜਾਵੇ ਤਾਂ ਮੇਰਾ ਖਿਆਲ ਹੈ ਕਿ ਕੋਈ ਵੀ ਅਜਿਹਾ ਆਦਮੀ ਨਹੀਂ ਹੋਵੇਗਾ ਜਿਸ ਦਾ ਆਪਣਾ ਮਕਾਨ ਨਾ ਹੋਵੇ । ਇਸ ਲਈ ਮੇਰੀ ਬੇਨਤੀ ਹੈ ਕਿ ਇਹ ਜ਼ਮੀਨ ਜਿਸ ਤੇ ਕਿ ਅਮੀਰਾਂ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਇਹ ਉਨ੍ਹਾਂ ਕੋਲੋਂ ਲੈ ਲੈਣੀ ਚਾਹੀਦੀ ਹੈ ਅਤੇ ਇਸ ਜ਼ਮੀਨ ਤੇ ਮਕਾਨ ਪਾ ਕੇ ਉਥੋਂ ਦੇ ਗਰੀਬ ਲੋਕਾਂ ਨੂੰ ਲੀਜ਼ ਤੇ ਦੇ ਦੇਣੇ ਚਾਹੀਦੇ ਹਨ ।

**ਸ੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ, ਉੱਤਰ) : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪ੍ਰਾਰਥਨਾਂ ਕਰਾਂਗਾ ਕਿ ਇਹ ਜਿਹੜਾ ਵਕਫ਼ ਬੋਰਡ ਬਣਾਇਆ ਗਿਆ ਹੈ, ਇਹ ਤਾਂ ਬਹੁਤ ਅੱਛਾ ਹੈ ਪਰ ਇਸ ਦੇ ਇੰਤਜ਼ਾਮ ਕਰਨ ਵਾਲੇ ਜਿਹੜੇ ਹਨ, ਉਹ ਇਸ ਦਾ ਠੀਕ ਇਸਤੇਮਾਲ ਨਹੀਂ ਕਰਦੇ । ਜਿਸ ਤਰ੍ਹਾਂ ਹੁਣੇ ਬਠਿੰਡੇ ਦੇ ਬਾਰੇ ਦਸਿਆ ਗਿਆ ਹੈ ਇਸੇ ਤਰ੍ਹਾਂ ਹੀ ਲੁਧਿਆਣੇ ਦੇ ਵਿਚ ਵੀ ਕਰੋੜਾਂ ਰੁਪਏ ਦੀ ਪਰਾਪਰਟੀ ਵਕਫ਼ ਬੋਰਡ ਦੀ ਪਈ ਹੈ ਜਿਹੜੀ ਕਿ ਨਾਜਾਇਜ਼ ਲੋਕਾਂ ਦੇ ਹੱਥਾਂ ਵਿਚ ਆਈ ਹੋਈ ਹੈ । ਉਸ ਵਕਫ਼ ਬੋਰਡ ਦੇ ਇੰਤਜ਼ਾਮ ਕਰਨ ਵਾਲੇ ਜਿਹੜੇ ਹਨ ਉਹ ਕੀ ਕਰਦੇ ਹਨ, ਉਹ ਮੈਂ ਦਸਦਾ ਹਾਂ । ਉਨ੍ਹਾਂ ਦਾ ਜਿਹੜਾ ਕੰਮ ਹੈ ਉਹ ਇਸ ਤਰ੍ਹਾਂ ਹੈ ਕਿ ਉਨ੍ਹਾਂ ਨੇ ਉਸ ਪਰਾਪਰਟੀ ਨੂੰ 15 ਰੁਪਏ ਦੇ ਹਿਸਾਬ ਨਾਲ ਕਰਾਏ ਤੇ ਚੜ੍ਹਾਈ ਹੋਈ ਹੈ ਅਤੇ ਜਿਸ ਨੂੰ ਕਰਾਏ ਤੇ ਦਿਤੀ ਹੋਈ ਹੈ ਉਸ ਕੋਲੋਂ 100 ਰੁਪਏ ਕਿਰਾਏ ਦਾ ਵਸੂਲ ਕਰਦੇ ਹਨ ਫਿਰ ਉਹ 85 ਰੁਪਏ ਆਪਣੀ ਜੇਬ ਵਿਚ ਪਾ ਲੈਂਦੇ ਹਨ ਅਤੇ 15 ਰੁਪਏ ਦੀ ਰਸੀਦ ਕੱਟ ਦਿੰਦੇ ਹਨ । ਇਸ ਤਰਾਂ ਉਥੇ ਵਕਫ਼ ਬੋਰਡ ਵਿਚ ਬੜੀ ਕੁਰਪਸ਼ਨ ਫੈਲੀ ਹੋਈ ਹੈ । ਇਸ ਲਈ ਮੇਰੀ ਬੇਨਤੀ ਹੈ ਅਤੇ ਮੈਂ ਇਹ ਸੁਝਾਵ ਦਿੰਦਾ ਹਾਂ ਕਿ ਉਸ ਬੋਰਡ ਦਾ ਇੰਤਜ਼ਾਮ ਕਰਨ ਲਈ ਕੋਈ ਨਾ ਕੋਈ ਪੀ.ਸੀ.ਐਸ. ਅਫ਼ਸਰ ਲਾ ਦੇਵੋ ਜਿਹੜਾ ਕਿ ਇਸ ਦਾ ਚੰਗੀ ਤਰ੍ਹਾਂ ਇੰਤਜ਼ਾਮ ਕਰ ਸਕੇ । ਜਿਨ੍ਹਾਂ ਨੇ ਇਸ ਵਕਫ਼ ਬੋਰਡ ਤੋਂ ਦੁਕਾਨਾਂ ਲਈਆਂ ਹੋਈਆਂ ਹਨ ਉਹ ਉਨ੍ਹਾਂ ਦੁਕਾਨਾਂ ਨੂੰ ਅੱਗੇ ਵੇਚਣਾ ਸ਼ੁਰੂ ਕਰ ਰਹੇ ਹਨ ਅਤੇ ਉਹ ਵੇਚ ਕੇ ਉਸ ਦਾ ਅੱਧਾ ਪੈਸਾ ਉਹ ਆਪ ਖਾ ਜਾਂਦੇ ਹਨ ਅਤੇ ਅੱਧਾ ਪੈਸਾ ਇਸ ਬੋਰਡ ਦੇ ਇੰਤਜ਼ਾਮ ਕਰਨ ਵਾਲੇ ਖਾ ਜਾਂਦੇ ਹਨ । ਇਸੇ ਤਰ੍ਹਾਂ ਹੀ ਵਕਫ਼ ਬੋਰਡ ਨੇ ਥੋੜ੍ਹੀ ਜਿਹੀ ਜਗ੍ਹਾ ਸਕੂਲ ਲਈ ਦਿਤੀ ਹੋਈ ਹੈ ਅਤੇ ਬਾਕੀ ਕਰਾਏ ਤੇ ਚੜਾਈ ਹੋਈ ਹੈ ਮੈਂ ਇਹ ਕਹਿੰਦਾ ਹਾਂ ਕਿ ਅਗਰ ਉਹ ਜ਼ਮੀਨ ਉਨ੍ਹਾਂ ਤੋਂ ਲੈਕੇ ਉਸ ਸਕੂਲ ਨੂੰ ਵਾਪਿਸ ਕੀਤੀ ਜਾਵੇ ਤਾਂ ਉਥੇ ਇਕ ਵੱਡਾ ਸਕੂਲ ਬਣ ਸਕਦਾ ਹੈ । ਪਰ ਇਹ ਜਿਹੜੇ ਇੰਤਜ਼ਾਮ ਕਰਨ ਵਾਲੇ ਹਨ ਇਹ ਇਸ ਤਰ੍ਹਾਂ ਨਹੀਂ ਹੋਣ ਦਿੰਦੇ । ਇਸ ਲਈ ਇਹ ਮੇਰਾ ਸੁਝਾਵ ਕਿ ਉਥੇ ਕੋਈ ਨਾ ਕੋਈ ਪੀ.ਸੀ.ਐਸ. ਅਫ਼ਸਰ ਲਾਕੇ ਉਸ ਦਾ ਇੰਤਜ਼ਾਮ ਕਰਾਉਣਾ ਚਾਹੀਦਾ ਹੈ, ਇਹ ਮੰਨ ਲੈਣਾ ਚਾਹੀਦਾ ਹੈ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** (ਖੰਨਾ, ਐਸ.ਸੀ.): ਸਪੀਕਰ ਸਾਹਿਬ, ਇਹ ਜਿਹੜਾ ਬਿਲ ਵਜ਼ੀਰ ਸਾਹਿਬ ਨੇ ਇਥੇ ਲਿਆਂਦਾ ਹੈ ਅਤੇ ਜਿਸ ਉਦੇਸ਼ ਨਾਲ ਲਿਆਂਦਾ ਹੈ ਮੈਂ

Original with;
Punjab Vidhan Sabha
Digitized by;
Panjab Digital Library

ਸਮਝਦਾ ਹਾਂ ਕਿ ਉਹ ਉਦੇਸ਼ ਇਸ ਬਿਲ ਦੇ ਲਿਆਉਣ ਨਾਲ ਪੂਰਾ ਨਹੀਂ ਹੁੰਦਾ । ਉਸ ਦਾ ਕਾਰਣ ਇਹ ਹੈ ਕਿ ਜਿਸ ਤਰ੍ਹਾਂ ਮੇਰੇ ਮਾਨਯੋਗ ਮਿੱਤਰ ਕਪੂਰ ਸਾਹਿਬ ਨੇ ਕਿਹਾ ਹੈ ਕਿ ਕੋਈ ਵੀ ਸੰਪਤੀ ਵਕਫ਼ ਬੋਰਡ ਦੀ ਲੰਬੇ ਸਮੇਂ ਲਈ ਲੀਜ਼ ਤੇ ਨਹੀ ਦਿੱਤੀ ਜਾ ਸਕਦੀ ਪਰ ਉਨ੍ਹਾਂ ਨੇ ਨਜ਼ਰਾਨਾ ਲੇਕਰ ਇਹ 99 ਸਾਲ ਦੇ ਲਈ ਸੰਪਤੀ ਦੇ ਦਿੱਤੀ ਹੈ. . . .

**ਵਿੱਤ ਮੰਤਰੀ** : (ਬੈਠੇ ਬੈਠੇ) ਨਜ਼ਰਾਨਾ ਨਾ ਕਹੋ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਤੇ ਹੋਰ ਕੀ ਕਹਾਂ ?

**ਵਿੱਤ ਮੰਤਰੀ** : ਰਿਸ਼ਵਤ ।

**ਸ੍ਰੀ ਸਪੀਕਰ** : ਨਜ਼ਰਾਨਾ ਤਾਂ ਬੜਾ ਮਾਇਲਡ ਵਰਡ ਹੈ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਅੱਛਾ ਜੀ ਸ਼ਰਮਾ ਜੀ ਦੀ ਗੱਲ ਮੰਨਦੇ ਹਾਂ ਅਤੇ ਕਹਿੰਦੇ ਹਾਂ ਕਿ ਬੜੀ ਵੱਡੀ ਰਿਸ਼ਵਤ ਲੈ ਕੇ ਉਹ ਜ਼ਮੀਨ ਦੇ ਦਿੱਤੀ ਜਾਂਦੀ ਹੈ ਅਤੇ ਬੜੀ ਮਾਕੂਲ ਆਮਦਨੀ ਉਸ ਤੋਂ ਕੀਤੀ ਜਾਂਦੀ ਹੈ ਅਤੇ ਇਹ ਜਿਹੜਾ ਰਿਸ਼ਵਤ ਦਾ ਪੈਸਾ ਹੁੰਦਾ ਹੈ ਇਹ ਕਰਮਚਾਰੀ ਖਾ ਜਾਂਦੇ ਹਨ । ਜਿਹੜੀ ਵਕਫ਼ ਬੋਰਡ ਦੀ ਜ਼ਮੀਨ ਕਾਸ਼ਤਕਾਰੀ ਦੇ ਯੋਗ ਸੀ ਉਹ ਬੜੇ ਲੰਬੇ ਸਮੇਂ ਲਈ ਲੋਕਾਂ ਨੂੰ ਦਿਤੀ ਹੋਈ ਹੈ ਅਤੇ ਨਾਮ ਮਾਤਰ ਉਸ ਤੋਂ ਵਸੂਲੀ ਕੀਤੀ ਜਾਂਦੀ ਹੈ । ਇਹ ਵਕਫ਼ ਬੋਰਡ ਦੀ ਜਾਇਦਾਦ ਇਕ ਵਿਸ਼ੇਸ਼ ਤਰੀਕੇ ਦੀ ਹੈ ਔਰ ਇਸ ਦੀ ਆਮਦਨ ਜੋ ਹੈ ਉਸ ਨੂੰ ਬੇਹਤਰੀ, ਬਹਿਬੂਦੀ ਜਾਂ ਧਾਰਮਿਕ ਕੰਮਾਂ ਲਈ ਦੇਣ ਦਾ ਉਦੇਸ਼ ਹੈ । ਪਰ ਮੈਨੂੰ ਅਫ਼ਸੋਸ ਹੈ ਕਿ ਇਹ ਉਦੇਸ਼ ਪੂਰਾ ਨਹੀਂ ਹੋ ਰਿਹਾ । ਇਸ ਲਈ ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਕਹਿਣਾ ਚਾਹੰਦਾ ਹਾਂ ਕਿ ਵਕਫ਼ ਬੋਰਡ ਦੀ ਸੰਪਤੀ ਦਾ ਪ੍ਰਬੰਧ ਕਿਸੇ ਜ਼ਿੰਮੇਵਾਰ ਆਦਮੀ ਨੂੰ ਸੌਂਪਿਆ ਜਾਵੇ । ਮੇਰਾ ਇਹ ਸੁਝਾਵ ਹੈ ਕਿ ਜਿਹੜੇ ਆਸ਼ੇ ਨਾਲ ਇਹ ਬਿਲ ਤਿਆਰ ਕੀਤਾ ਗਿਆ ਹੈ ਜੇ ਉਸ ਆਸ਼ੇ ਦੀ ਪੂਰਤੀ ਕਰਨੀ ਹੈ ਤਾਂ ਸਰਕਾਰ ਨੂੰ ਆਪਣਾ ਕੋਈ ਜ਼ਿੰਮੇਵਾਰ ਅਧਿਕਾਰੀ ਸਟੇਟ ਲੈਵਲ ਤੇ ਜਾਂ ਜ਼ਿਲ੍ਹਾ ਲੈਵਲ ਤੇ ਉਸ ਦੀ ਦੇਖਭਾਲ ਵਾਸਤੇ ਨਿਯੁਕਤ ਕਰਨਾ ਚਾਹੀਦਾ ਹੈ ਤਦ ਹੀ ਇਹ ਸੰਪਤੀ ਬੱਚ ਸਕਦੀ ਹੈ ਨਹੀਂ ਤਾਂ ਨਸ਼ਟ ਹੋ ਜਾਵੇਗੀ ।

**ਸਰਦਾਰ ਦਰਬਾਰਾ ਸਿੰਘ** (ਨਕੋਦਰ) : ਸਪੀਕਰ ਸਾਹਿਬ, ਜਿਸ ਮਕਸਦ ਲਈ ਇਹ ਬਿਲ ਲਿਆਂਦਾ ਗਿਆ ਹੈ ਉਹ ਨੇਕ ਮਕਸਦ ਹੈ । ਪਰ ਸਪੀਕਰ ਸਾਹਿਬ ਜੇ ਇਹ ਵਕਫ਼ ਬੋਰਡ ਦੀ ਪਿਛਲੀ ਕਾਰਕਰਦਗੀ ਵੇਖੀਏ ਤਾਂ ਮਾਯੂਸੀ ਹੁੰਦੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਵਕਫ਼ ਬੋਰਡ ਦੀ ਪਰਾਪਰਟੀ ਜਿਹੜੀ ਹੈ ਜੇ ਇਸ ਸਾਰੀ ਦਾ ਨਿਚੋੜ ਕਢਿਆ ਜਾਵੇ ਤਾਂ ਇਸ ਮਸਲੇ ਨੂੰ ਦੁਬਾਰਾ ਵੇਖਣ ਦੀ ਲੋੜ ਪਵੇਗੀ। ਸਾਰੇ ਪੰਜਾਬ ਦੇ ਵਿਚ ਜਿਹੜੀ ਵਕਫ਼ ਬੋਰਡ ਦੀ ਪਰਾਪਰਟੀ ਹੈ ਉਹ ਕਬਰਸਤਾਨ ਆਦਿ ਤਕ ਫ਼ੈਲੀ ਹੋਈ ਹੈ ਔਰ ਉਸ ਵਿਚ ਜਿਹੜਾ ਮਲਕੀਅਤ ਦਾ ਖਾਨਾ ਹੈ ਉਹ ਸਾਰੇ ਦਾ ਸਾਰਾ ਪੰਚਾਇਤ ਦਾ ਹੈ । ਉਸ ਦੇ ਸਿਵਾਏ ਹੋਰ ਵੀ ਜਿਤਨੀਆਂ ਸ਼ਾਮਲਾਤ-ਦੇਹਾਂ ਦੀਆਂ ਮਲਕੀਅਤਾਂ ਸਨ, ਉਹ ਸਾਰੀਆਂ ਦੀਆਂ ਸਾਰੀਆਂ ਹੀ ਪੰਚਾਇਤਾਂ ਪਾਸ ਚਲੀਆਂ ਗਈਆਂ ਹਨ। ਪਰ ਇਹ ਵਕਫ਼ ਦੀ ਪ੍ਰਾਪਰਟੀ ਜਿਹੜੀ ਹੈ ਉਸ ਵਿਚ 90 ਫੀਸਦੀ ਤੋਂ ਜ਼ਿਆਦਾ ਹੀ ਪੰਚਾਇਤਾਂ ਦੀਆਂ ਪੁਰਾਣੀਆਂ ਸ਼ਾਮਲਾਤਾਂ ਹਨ । ਜਿਹੜੇ ਮਕਸੂਸ ਸਨ ਉਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਬਾਰਾ ਸਿੰਘ]

ਦਫਨਾਉਣ ਵਾਸਤੇ ਸਨ । ਵਕਫ਼ ਬੋਰਡ ਦੇ ਪ੍ਰਬੰਧਕਾਂ ਨੇ ਬਜਾਏ ਇਸ ਗੱਲ ਦੇ ਕਿ ਇਹ ਜ਼ਮੀਨਾਂ ਲੋਕਾਂ ਦੇ ਮੁਫਾਦ ਲਈ ਵਰਤੀਆਂ ਜਾਂਦੀਆਂ ਉਨ੍ਹਾਂ ਨੇ ਲੁੱਟ ਕਸੁੱਟ ਦਾ ਸਾਧਨ ਬਣਾ ਲਿਆ ਹੈ । ਬਜਾਏ ਇਸ ਗੱਲ ਦੇ ਕਿ ਜਿਹੜੇ ਮਕਸੂਸ ਸਨ, ਕਬਰਸਤਾਨ ਸੀ ਉਹ ਪ੍ਰਾਪਰਟੀ ਉਨ੍ਹਾਂ ਨਾਲ ਲਗਾਉਂਦੇ ਉਨ੍ਹਾਂ ਨੇ ਇਕ ਕੁਰੱਪਸ਼ਨ ਦਾ ਸਾਧਨ ਲੱਭ ਲਿਆ ਹੈ ਔਰ ਉਨ੍ਹਾਂ ਨੇ ਇਸ ਤਰ੍ਹਾਂ 99 ਸਾਲਾ ਲੀਜ਼ ਉਪਰ ਉਨ੍ਹਾਂ ਜ਼ਮੀਨਾਂ ਨੂੰ ਦੇ ਦਿੱਤਾ । ਲੋਕਾਂ ਨੇ ਉਨ੍ਹਾਂ ਨੂੰ ਕਾਬਲੇ ਕਾਸ਼ਤ ਬਣਾ ਦਿੱਤਾ ਹੈ । ਜਿਹੜੀ ਸ਼ਾਮਲਾਤ ਦੇਹ ਪਹਿਲਾਂ ਪੰਚਾਇਤਾਂ ਦੀ ਹੁੰਦੀ ਸੀ ਉਸ ਨੂੰ ਐਗਰੀਕਲਚਰ ਪਰਪਜ਼ ਦੇ ਲਈ ਵਰਤਿਆ ਜਾਂਦਾ ਹੈ, ਉਸ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਔਰ ਦੁਰਵਰਤੋਂ ਉਹ ਲੋਕ ਕਰਦੇ ਹਨ ਜਿਨ੍ਹਾਂ ਦਾ ਭਰਿਸ਼ਟਾਚਾਰ ਦਾ ਜਾਂ ਆਪਣਾ ਮੁਫਾਦ ਹੁੰਦਾ ਹੈ ।

ਫਿਰ ਸਪੀਕਰ ਸਾਹਿਬ, ਵਕਫ਼ ਬੋਰਡ ਦਾ ਕਦੀ ਵੀ ਅੱਜ ਤਕ ਦੋ ਤਿਹਾਈ ਕੋਰਮ ਪੂਰਾ ਨਹੀਂ ਹੋਇਆ ਔਰ ਇਹ ਤਿੰਨ ਚਾਰ ਸਟੇਟਾਂ ਦਾ ਹੋਣ ਕਰਕੇ ਇਸ ਦਾ ਪ੍ਰਬੰਧ ਠੀਕ ਨਹੀਂ ਹੈ । ਇਸ ਲਈ ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਜੇਕਰ ਹੋਰ ਇਸ ਕਾਨੂੰਨ ਦੀ ਮਿਆਦ ਵਧਾਉਣੀ ਹੈ, ਵਧਾ ਲੈਣ ਲੇਕਿਨ ਇਸ ਗੱਲ ਦਾ ਖਿਆਲ ਰੱਖਣ ਕਿ ਇਹ ਪੰਚਾਇਤਾਂ ਦੀ ਜ਼ਮੀਨ ਹੈ, ਇਹ ਉਨ੍ਹਾਂ ਨੂੰ ਮੋੜ ਦਿੱਤੀ ਜਾਵੇ। ਪਿੰਡ ਦੀ ਪੰਚਾਇਤ ਇਸ ਪ੍ਰਾਪਰਟੀ ਦੀ ਆਮਦਨ ਨਾਲ ਕਈ ਸਾਂਝੇ ਕੰਮ ਕਰ ਸਕਦੀ ਹੈ ਜਾਂ ਜੋ ਪਿੰਡਾਂ ਵਿਚ ਹਰੀਜਨ ਨੇ, ਜਿਹੜੇ ਉਸ ਪਿੰਡ ਵਿਚ ਹਰੀਜਨ ਹੋਣ ਉਹ ਜ਼ਮੀਨ ਉਨ੍ਹਾਂ ਵਿਚ ਤਕਸੀਮ ਕਰ ਦੇਣੀ ਚਾਹੀਦੀ ਹੈ । ਇਸ ਤਰ੍ਹਾਂ ਨਾਲ ਉਸ ਜ਼ਮੀਨ ਦੀ ਠੀਕ ਵਰਤੋਂ ਹੋ ਸਕਦੀ ਹੈ । ਨਹੀਂ ਤਾਂ ਜਿਸ ਤਰ੍ਹਾਂ ਮੇਰੇ ਸਾਥੀ ਨੇ ਕਿਹਾ ਹੈ ਉਸ ਦੀ ਦੁਰਵਰਤੋਂ ਹੋ ਰਹੀ ਹੈ, ਜਿਸ ਜਿਸ ਤਰ੍ਹਾਂ ਮਾਮਲਾ ਵਧਦਾ ਜਾਂਦਾ ਹੈ ਉਸ ਨੂੰ ਜ਼ਿਆਦਾ ਉਪਜਾਊ ਬਣਾਇਆ ਜਾ ਰਿਹਾ ਹੈ । ਇਸ ਲਈ ਮੈਂ ਇਹ ਕਹਾਂਗਾ ਕਿ ਨੰਬਰ ਇਕ ਜੇਕਰ ਹੋਰ ਕੁਝ ਨਹੀਂ ਹੋ ਸਕਦਾ ਤਾਂ ਪੰਜਾਬ ਦਾ ਵੱਖਰਾ ਵਕਫ਼ ਬੋਰਡ ਬਣਾ ਕੇ ਇਸ ਦਾ ਸੁਧਾਰ ਕੀਤਾ ਜਾਵੇ। ਜਿਹੜੀ ਲੁੱਟ ਹੋ ਰਹੀ ਹੈ ਉਸ ਨੂੰ ਬੰਦ ਕੀਤਾ ਜਾਵੇ ਔਰ ਨਵੇਂ ਕਾਨੂੰਨ ਦੇ ਥਲੇ ਨਵੇਂ ਢੰਗ ਨਾਲ ਉਸ ਦਾ ਪ੍ਰਬੰਧ ਕੀਤਾ ਜਾਵੇ ।

**ਚੌਧਰੀ ਰਾਮ ਸਿੰਘ** (ਪਠਾਨਕੋਟ) : ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਇਸ ਵੇਲੇ ਹਾਊਸ ਦੇ ਸਾਹਮਣੇ ਪੇਸ਼ ਹੈ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ । ਲੇਕਿਨ ਕੁਝ ਮੈਂ ਸੁਝਾਓ ਦੇਣਾ ਚਾਹੁੰਦਾ ਹਾਂ । ਸੁਝਾਓ ਇਹ ਹੈ ਕਿ ਜਦੋਂ ਵੀ ਪ੍ਰਾਪਰਟੀ ਇਸ ਕਿਸਮ ਦੀ ਕਿਤੇ ਹੁੰਦੀ ਹੈ ਐਹਲੇ-ਅਸਲਾਮ ਦੀ ਮਲਕੀਅਤ ਹੈ ਔਰ ਅਗੇ ਮਿਊਂਸਪਲ ਕਮੇਟੀਆਂ ਦੀ ਜਾਂ ਪੰਚਾਇਤਾਂ ਦੀ ਹੈ।........

**ਸ਼੍ਰੀ ਸਪੀਕਰ** : ਚੌਧਰੀ ਸਾਹਿਬ ਜੇਕਰ ਤੁਸੀਂ ਜ਼ਿਆਦਾ ਬੋਲਣਾ ਹੈ ਤਾਂ ਟਾਈਮ ਐਕਸਟੈਂਡ ਕਰਨ ਬਾਰੇ ਹਾਊਸ ਦੀ ਮਰਜ਼ੀ ਲੈ ਲਈਏ।

**ਚੌਧਰੀ ਰਾਮ ਸਿੰਘ** : ਨਹੀਂ ਜੀ ਮੈਂ ਦੋ ਤਿੰਨ ਮਿੰਟ ਵਿਚ ਹੀ ਖਤਮ ਕਰ ਦਿੰਦਾ ਹਾਂ ਜੀ । ਤੇ, ਸਪੀਕਰ ਸਾਹਿਬ, ਜੇਕਰ ਮਲਕੀਅਤ ਕਿਸੇ ਲੋਕਲ ਅਥਾਰਿਟੀ ਦੀ ਹੈ, ਉਸ ਨੂੰ ਉਹ ਟਰਾਂਸਫਰ ਹੋ ਜਾਣੀ ਚਾਹੀਦੀ ਹੈ ਕਿਉਂਕਿ ਉਹ ਪਬਲਿਕ ਦੇ ਕੰਮ ਕਰਦੇ ਹਨ । ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

ਹੀ ਪੰਚਾਇਤਾਂ ਦੀਆਂ ਐਸੀਆਂ ਜ਼ਮੀਨਾਂ ਹਨ । ਜੇ ਉਹ ਵਕਫ ਬੋਰਡ ਦੀ ਹੈ ਜਾਂ ਕਬਰਸਥਾਨ ਹੈ, ਆਬਾਦੀ ਹੁਣ ਬਣ ਗਈ ਹੈ, ਜਾਂ ਖਾਲੀ ਜਗਾਹ ਸੀ, ਉਹ ਵੀ ਪਬਲਿਕ ਦੀ ਬੇਹਤਰੀ ਲਈ ਹੋਵੇ ਜਾਂ ਹੋਰ ਅੱਛੇ ਕੰਮਾਂ ਲਈ ਹੋਵੇ, ਇਸ ਲਈ ਉਨ੍ਹਾਂ ਨੂੰ ਦਿੱਤੀਆਂ ਜਾਣ ਨਾ ਕਿ ਜਿਹੜੇ ਭਰਿਸ਼ਟਾਚਾਰੀ ਲੋਕ ਹਨ ਜਾਂ ਜਿਹੜੇ ਜ਼ਾਤੀ ਪਰਪਜ਼ ਰਖਦੇ ਹਨ ਉਨ੍ਹਾਂ ਨੂੰ ਦਿੱਤੀਆਂ ਜਾਣ ਔਰ ਪੰਚਾਇਤਾਂ ਦੀ ਆਮਦਨ ਦੇ ਜਿਹੜੇ ਵੱਡੇ ਜ਼ਰੀਏ ਹਨ, ਉਹ ਕਮਜ਼ੋਰ ਹੁੰਦੇ ਜਾਣ । ਸੋ ਕਿਵੇਂ ਨਾ ਕਿਵੇਂ ਇਸ ਵਾਸਤੇ ਹੀ ਵਕਫ ਬੋਰਡ ਐਕਟ ਵਿਚ ਜਾਂ ਨਵੀਂ ਕਲਾਜ਼ ਬਣਾਈ ਜਾਵੇ ਜਾਂ ਇਸ ਨੂੰ ਅਮੈਂਡ ਕੀਤਾ ਜਾਵੇ ਔਰ ਅਗਲੇ ਸਾਲ ਹੀ ਭਾਵੇਂ ਕੀਤਾ ਜਾਵੇ । ਜੇਕਰ ਇਸ ਸਾਲ ਨਹੀਂ ਕਰਨਾ ਤਾਂ ਵੀ ਕੋਈ ਹਰਜ਼ ਨਹੀਂ ਹੈ। ਉਹ ਜ਼ਮੀਨਾਂ ਪਬਲਿਕ ਪਰਪਜ਼ ਵਾਸਤੇ ਇਸਤੇਮਾਲ ਹੋ ਸਕਦੀਆਂ ਹਨ। ਉਹ ਜ਼ਮੀਨਾਂ ਜਿਹੜੀਆਂ ਹਨ ਉਹ ਲੋਕਲ ਅਥਾਰਟੀਜ਼ ਨੂੰ ਮਿਲ ਜਾਣੀਆਂ ਚਾਹੀਦੀਆਂ ਹਨ ਚਾਹੇ ਉਹ ਮਲਕੀਅਤ ਲੋਕਲ ਅਥਾਰਟੀ ਦੀ ਸੀ ਔਰ ਦਿੱਤੀ ਹੁੰਦੀ ਸੀ ਐਹਲੇ-ਅਸਲਾਮ ਨੂੰ ਜਾਂ ਉਨ੍ਹਾਂ ਦੀ ਹੀ ਸੀ, ਉਹ ਵੀ ਦਿੱਤੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਹੀ ਇਹ ਪਰਪਜ਼ ਹੱਲ ਹੋਵੇਗਾ ਔਰ ਅਵਾਮ ਨੂੰ ਫਾਇਦਾ ਪਹੁੰਚਾਇਆ ਜਾ ਸਕੇਗਾ। ਅਸਲ ਵਿਚ ਇਸ ਵਕਫ ਬੋਰਡ ਰਾਹੀਂ ਅਵਾਮ ਨੂੰ ਫਾਇਦਾ ਪਹੁੰਚਾਉਣਾ ਚਾਹੀਦਾ ਸੀ ਜਿਹੜਾ ਕਿ ਨਹੀਂ ਪਹੁੰਚ ਰਿਹਾ। ਜੇਕਰ ਇਹ ਅਮੈਂਡਮੈਂਟ ਹੋ ਜਾਵੇ ਤਾਂ ਫਾਇਦਾ ਹੋ ਸਕਦਾ ਹੈ । ਜੇਕਰ ਲੋਕਲ ਅਥਾਰਿਟੀਜ਼ ਨੂੰ ਟਰਾਂਸਫਰ ਹੋ ਸਕਦੀਆਂ ਹਨ ਤਾਂ ਹੋ ਜਾਣੀਆਂ ਚਾਹੀਦੀਆਂ ਹਨ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਸਪੀਕਰ ਸਾਹਿਬ, ਸਾਡੀ ਇਸ ਬਿੱਲ ਨਾਲ ਸਹਿਮਤੀ ਹੈ ਬੜੀ ਚੰਗੀ ਗੱਲ ਲਿਆਂਦੀ ਗਈ ਹੈ ਪਰ ਮੈਂ ਕੁਝ ਸੁਝਾਓ ਦੇਣੇ ਹਨ। ਪਹਿਲਾ ਸੁਝਾਓ ਇਹ ਹੈ ਕਿ ਵਕਫ ਬੋਰਡ ਦੀ ਜੋ ਪ੍ਰਾਪਰਟੀ ਹੈ ਉਸ ਦੀ ਜਿਸ ਤਰ੍ਹਾਂ ਕਿ ਸਾਰੇ ਹੀ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਦੁਰਵਰਤੋਂ ਹੋ ਰਹੀ ਹੈ । ਇਸ ਵਿਚ ਵੈਸਟਿਡ ਇੰਟਰੈਸਟਸ ਹਨ ਜਿਹੜੇ ਕਿ ਉਸ ਪ੍ਰਾਪਰਟੀ ਨੂੰ ਲਈ ਬੈਠੇ ਹਨ । ਇਸ ਲਈ ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਦੁਰਵਰਤੋਂ ਨੂੰ ਰੋਕਣ ਲਈ ਕੁਝ ਉਪਾ ਕਰਨ ਔਰ ਐਕਟ ਵਿਚ ਇਸ ਤਰ੍ਹਾਂ ਦੀ ਚੀਜ਼ ਇਨਕਲੂਡ ਕੀਤੀ ਜਾਵੇ ਤਾਂ ਜੋ ਦੁਰਵਰਤੋਂ ਨਾ ਹੋਵੇ ।

ਸਪੀਕਰ ਸਾਹਿਬ, ਅਸੀਂ ਕਹਿੰਦੇ ਹਾਂ ਕਿ ਐਕਟ ਵਿਚ ਇਹ ਗੱਲਾਂ ਵੀ ਇਨਕਲੂਡ ਹੋਣੀਆਂ ਚਾਹੀਦੀਆਂ ਹਨ । ਨੰਬਰ ਇਕ ਇਹ ਕਿ ਜਿਸ ਤਰ੍ਹਾਂ ਸਰਦਾਰ ਦਰਬਾਰਾ ਸਿੰਘ ਜੀ ਨੇ ਸੁਝਾਓ ਦਿੱਤਾ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ ਕਿ ਇਕ ਵੱਖਰਾ ਬੋਰਡ ਬਣਾਇਆ ਜਾਵੇ ਤਾਂਕਿ ਜ਼ਮੀਨ ਦੀ ਦੇਖ ਭਾਲ ਠੀਕ ਕੀਤੀ ਜਾ ਸਕੇ । ਫਿਰ ਸਪੀਕਰ ਸਾਹਿਬ, ਚੇਅਰਮੈਨ ਲਗਾਤਾਰ ਹੀ ਹਰਿਆਣੇ ਦਾ ਆ ਰਿਹਾ ਹੈ । ਚੇਅਰਮੈਨ ਦੇ ਇਖਤਿਆਰ ਵੀ ਬਹੁਤ ਜ਼ਿਆਦਾ ਹਨ । ਇਸ ਲਈ ਪੰਜਾਬ ਦਾ ਵੱਖਰਾ ਬੋਰਡ ਬਣਾ ਕੇ ਮੁਸਲਮਾਨ ਭਰਾ ਉਸ ਦੇ ਪ੍ਰਤੀਨਿਧ ਹੋਣ ਤਾਂਕਿ ਉਹ ਕੁਦਰਤੀ ਤੌਰ ਉਤੇ ਉਸ ਜਾਇਦਾਦ ਦੀ ਰਾਖੀ ਕਰ ਸਕਣ ।

ਨੰਬਰ ਦੋ ਇਹ ਕਿ ਜ਼ਮੀਨ ਦੀ ਲੀਜ਼ ਕਰਨ ਉਤੇ ਸੀਲਿੰਗ ਹੋਣੀ ਚਾਹੀਦੀ ਹੈ । ਇਹ ਨਹੀਂ ਹੈ ਕਿ ਇਕੋ ਹੀ ਆਦਮੀ ਕਿਤਨਾ ਕਿਤਨਾ ਰਕਬਾ ਲੈ ਕੇ ਸ਼ਹਿਰਾਂ ਦੇ ਅੰਦਰ ਬੈਠਾ ਰਹੇ । ਸਪੀਕਰ ਸਾਹਿਬ, ਕਈਆਂ ਦੀਆਂ 50/50 ਦੁਕਾਨਾਂ ਹਨ ਜਿਨ੍ਹਾਂ ਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਸਿਰਫ਼ ਦੋ ਢਾਈ ਸੌ ਰੁਪਏ ਮਹੀਨਾ ਦਿੰਦੇ ਹਨ ਔਰ ਪੰਜ ਪੰਜ ਹਜ਼ਾਰ ਰੁਪਏ ਮਹੀਨੇ ਦੇ ਉਗਰਾਉਂਦੇ ਹਨ ।

ਤੀਸਰਾ ਇਹ ਕਿ ਲੋਕਲ ਐਡਵਾਇਜ਼ਰੀ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ । ਕੋਈ ਗੱਲ ਨਹੀਂ ਹੈ ਮੁਸਲਮਾਨ ਭਰਾ ਵੀ ਉਨ੍ਹਾਂ ਵਿਚ ਹੋਣ ਔਰ ਦੂਸਰੇ ਲੋਕ ਵੀ ਹੋਣ । ਇਹ ਕਰ ਲਓ ਕਿ ਅਲਾਟਮੈਂਟ ਵੇਲੇ ਉਨ੍ਹਾਂ ਨੂੰ ਸਟੈਚੂਟਰੀ ਪਾਵਰਜ਼ ਨਾ ਦਿਓ ਐਡਵਾਇਜ਼ਰੀ ਪਾਵਰਜ਼ ਹੀ ਦਿਓ, ਲੇਕਿਨ ਲੋਕਲ ਐਡਵਾਇਜ਼ਰੀ ਕਮੇਟੀਆਂ ਜ਼ਰੂਰ ਬਣਾਉਣੀਆਂ ਚਾਹੀਦੀਆਂ ਹਨ ।

ਸੋ ਸਪੀਕਰ ਸਾਹਿਬ, ਇਹ ਤਿੰਨ ਪੁਆਇੰਟਸ ਹਨ, (1) ਵੱਖਰਾ ਬੋਰਡ ਪੰਜਾਬ ਦਾ ਹੋਵੇ, (2) ਲੀਜ਼ ਉਤੇ ਸੀਲਿੰਗ ਹੋਵੇ, (3) ਲੋਕਲ ਐਡਵਾਇਜ਼ਰੀ ਕਮੇਟੀਆਂ ਬਣਨ । ਇਸ ਦੇ ਨਾਲ ਇਹ ਵੀ ਕਹਾਂਗਾ ਕਿ ਜਿਹੜੀ ਦੁਰਵਰਤੋਂ ਵੱਡੇ ਪੈਮਾਨੇ ਉਤੇ ਅੱਜ ਹੋ ਰਹੀ ਹੈ ਉਸ ਨੂੰ ਰੋਕਿਆ ਜਾਵੇ । ਇਹ ਕਹਿ ਕੇ ਇਸ ਬਿੱਲ ਦਾ ਸਮਰਥਨ ਕਰਦਾ ਹਾਂ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** (ਫਗਵਾੜਾ, ਐਸ. ਸੀ.) ਸਪੀਕਰ ਸਾਹਿਬ, ਇਹ ਜੋ ਬਿੱਲ ਲਿਆਂਦਾ ਹੈ ਇਸ ਦੇ ਨਾਲ ਤਾਂ ਸਹਿਮਤੀ ਪ੍ਰਗਟ ਕਰਦਾ ਹਾਂ ਪਰ ਮੈਂ ਇਕ ਮਿੰਟ ਵਿਚ ਆਪਣੀ ਗੱਲ ਕਹਿਣੀ ਚਾਹੁੰਦਾ ਹਾਂ । ਉਹ ਇਹ ਹੈ ਕਿ ਲੱਖਾਂ ਨਹੀਂ ਬਲਕਿ ਕਰੋੜਾਂ ਰੁਪਏ ਦੀ ਵਕਫ਼ ਬੋਰਡ ਦੀ ਜੋ ਪ੍ਰਾਪਰਟੀ ਹੈ ਉਸ ਦੀ ਏਨੀ ਦੁਰਵਰਤੋਂ ਹੋ ਰਹੀ ਹੈ ਮੈਂ ਤੁਹਾਨੂੰ ਇਕ ਉਸ ਦੀ ਮਿਸਾਲ ਦਿੰਦਾ ਹਾਂ । ਸਪੀਕਰ ਸਾਹਿਬ ਜੇਕਰ ਇਕੱਲੇ ਫਗਵਾੜੇ ਦੇ ਹੀ ਫੈਕਟਸ ਐਂਡ ਫਿਗਰਜ਼ ਦੇਈਏ ਤਾਂ ਕਰੋੜਾਂ ਰੁਪਏ ਦੀ ਜਾਇਦਾਦ ਵੱਡੇ ਵੱਡੇ ਜ਼ਿਮੀਂਦਾਰਾਂ ਨੇ ਐਵੇਂ ਹੀ ਦੱਬੀ ਹੋਈ ਹੈ । ਵਕਫ਼ ਬੋਰਡ ਨੂੰ ਉਸ ਦਾ ਮੈਂ ਸਮਝਦਾ ਹਾਂ ਕਿ ਕੋਈ ਵੀ ਫਾਇਦਾ ਨਹੀਂ ਹੈ । ਮੇਰਾ ਸੁਝਾਓ ਹੈ ਕਿ ਜਿਤਨੀ ਵੀ ਪ੍ਰਾਪਰਟੀ ਹੈ ਉਸ ਬਾਰੇ ਸਰਦਾਰ ਉਮਰਾਓ ਸਿੰਘ ਜੀ ਕੋਈ ਐਸਾ ਕਾਨੂੰਨ ਲਿਆਉਣ ਜਿਸ ਨਾਲ ਇਸ ਪ੍ਰਾਪਰਟੀ ਦਾ ਬੋਰਡ ਨੂੰ ਵੀ ਫਾਇਦਾ ਹੋ ਸਕੇ ਔਰ ਜਿਹੜੀ ਇੰਡੀਵਿਜੂਅਲ ਲੋਕਾਂ ਨੇ ਪ੍ਰਾਪਰਟੀ ਸੰਭਾਲੀ ਹੋਈ ਹੈ ਉਹ ਕਿਸੇ ਕਾਮਨ ਪਰਪਜ਼ ਲਈ, ਪੰਚਾਇਤਾਂ ਦੀ ਆਮਦਨ ਵਧਾਉਣ ਲਈ, ਮਿਊਂਸਪਲ ਕਮੇਟੀਆਂ ਦੀ ਆਮਦਨ ਵਧਾਉਣ ਲਈ ਜਾਂ ਹੋਰ ਜਿਹੜੇ ਕੋਈ ਇਨਸਟੀਚਿਊਸ਼ਨ ਜੋ ਕਿ ਰਫਾਏ-ਆਮ ਦਾ ਕੰਮ ਕਰਦਾ ਹੋਵੇ ਇਹ ਪ੍ਰਾਪਰਟੀ ਉਨ੍ਹਾਂ ਨੂੰ ਦੇ ਦੇਣੀ ਚਾਹੀਦੀ ਹੈ । ਮੇਰੇ ਸਾਹਮਣੇ ਮਸਾਲ ਹੈ ਫਗਵਾੜੇ ਦੀ । ਉਥੇ ਵਕਫ਼ ਬੋਰਡ ਦੀ ਪ੍ਰਾਪਰਟੀ ਵਿਚ ਇਕ ਹਰੀਜਨ ਸਕੂਲ ਬਣਿਆ ਹੋਇਆ ਹੈ । ਉਹ ਮੁਹੱਲਾ ਬਹੁਤ ਵੱਡਾ ਮੁਹੱਲਾ ਹੈ, ਹਰੀਜਨਾਂ ਦਾ ਉਥੇ ਸਕੂਲ ਹੈ । ਉਸ ਸਕੂਲ ਦੀ ਜਿਤਨੀ ਪ੍ਰਾਪਰਟੀ ਹੈ ਮਤਲਬ ਇਹ ਕਿ ਜਿਹੜੀ ਵਕਫ਼ ਬੋਰਡ ਦੀ ਉਥੇ ਪ੍ਰਾਪਰਟੀ ਹੈ ਕੁਝ ਲੋਕਾਂ ਨੇ ਉਹ ਜ਼ਮੀਨ ਥੋੜੇ ਜਿਹੇ ਪੈਸਿਆਂ ਤੇ ਲੀਜ਼ ਤੇ ਲਈ ਹੋਈ ਹੈ ਸੋ ਇਸ ਤਰ੍ਹਾਂ ਦੀਆਂ ਸੰਸਥਾਵਾਂ ਨੂੰ ਮੈਂ ਸਮਝਦਾ ਹਾਂ ਕਿ ਜਿਥੇ ਬੱਚਿਆਂ ਨੂੰ ਤਾਲੀਮ ਦਿੱਤੀ ਜਾਂਦੀ ਹੈ, ਜਿਥੇ ਹੋਰ ਆਮਦਨ ਦਾ ਜ਼ਰੀਆ ਬਣਦਾ ਹੈ, ਉਹ ਲੈਣੀ ਚਾਹੀਦੀ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਪ੍ਰੇਮ ਗੁਪਤਾ** (ਪਟਿਆਲਾ) : ਸਪੀਕਰ ਸਾਹਿਬ, ਇਹ ਬਿੱਲ ਜਿਹੜਾ ਵਕਫ਼ ਬੋਰਡ ਬਾਰੇ ਹਾਊਸ ਦੇ ਸਾਹਮਣੇ ਪੇਸ਼ ਹੈ, ਇਸ ਦੇ ਆਬਜੈਕਟ ਅਤੇ ਰੀਜ਼ਨਜ਼ ਤੋਂ ਸਾਫ਼ ਜ਼ਾਹਿਰ ਹੈ। ਸਾਰੇ ਮੈਂਬਰਾਂ ਨੇ ਬਹਿਸ ਵਿਚ ਹਿੱਸਾ ਲੈਂਦੇ ਹੋਏ ਇਹ ਗੱਲ ਦੱਸੀ ਹੈ ਕਿ ਵਕਫ਼ ਬੋਰਡ ਦੀ ਪ੍ਰਾਪਰਟੀ ਦੀ ਠੀਕ ਵਰਤੋਂ ਨਹੀਂ ਹੁੰਦੀ। ਸਪੀਕਰ ਸਾਹਿਬ, ਜੇ ਆਬਜੈਕਟਿਵਲੀ ਸੋਚੀਏ ਤਾਂ ਇਹ ਜਿਹੜਾ ਵਕਫ਼ ਬੋਰਡ ਹੈ ਇਹ ਕੰਟਰੀ ਦੀ ਪਾਰਟੀਸ਼ਨ ਤੋਂ ਬਾਅਦ ਬਣਿਆ ਸੀ। ਇਸ ਵਕਫ਼ ਬੋਰਡ ਦੀ ਜਿਹੜੀ ਜ਼ਮੀਨ ਸੀ ਉਸ ਉਤੇ ਇੰਡੀਵਿਜੂਅਲ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ। ਇਹ ਜਿਹੜਾ ਵਕਫ਼ ਬੋਰਡ ਬਣਿਆ ਹੈ ਜੇ ਇਸ ਦੀ ਕੰਸਟੀਚਿਊਸ਼ਨ ਨੂੰ ਦੇਖੀਏ ਤਾਂ ਇਸ ਵਿਚ ਹਾਈ ਡਿਗਨਟੀ ਦੇ ਆਦਮੀ ਹਨ। ਇਸ ਵਿਚ ਪੰਜਾਬ, ਹਰਿਆਣਾ ਅਤੇ ਗੌਰਮਿੰਟ ਆਫ਼ ਇੰਡੀਆ ਅਤੇ ਹਿਮਾਚਲ ਪ੍ਰਦੇਸ਼ ਦੇ ਆਦਮੀ ਹਨ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਉਨ੍ਹਾਂ ਨੇ ਵਕਫ਼ ਬੋਰਡ ਦੀਆਂ ਪ੍ਰਾਪਰਟੀਆਂ ਖਾਲੀ ਕਰਵਾਉਣ ਵਾਸਤੇ ਜਾਂ ਉਨ੍ਹਾਂ ਨੂੰ ਚੈਨੇਲਾਈਜ਼ ਕਰਨ ਵਾਸਤੇ ਕਾਫੀ ਕੋਸ਼ਿਸ਼ਾਂ ਕੀਤੀਆਂ ਲੇਕਿਨ ਮੈਂ ਆਪਣੇ ਜ਼ਿਲ੍ਹਾ ਪਟਿਆਲਾ ਦੀ ਗੱਲ ਦੱਸਦਾ ਹਾਂ ਕਿ ਉਥੇ ਦੀ ਵਕਫ਼ ਬੋਰਡ ਦੀ ਹਜ਼ਾਰਾਂ ਏਕੜ ਜ਼ਮੀਨ ਜੋ ਲੋਕਾਂ ਨੇ ਦੱਬੀ ਹੋਈ ਹੈ ਉਸ ਦਾ ਉਹ ਬੋਰਡ ਨੂੰ ਕੋਈ ਕਿਰਾਇਆ ਨਹੀਂ ਦਿੰਦੇ ਅਤੇ ਕੋਈ ਆਮਦਨ ਨਹੀਂ ਹੁੰਦੀ ਬੋਰਡ ਨੂੰ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਦਾਰ ਉਮਰਾਓ ਸਿੰਘ ਦੇ ਧਿਆਨ ਵਿਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ। ਸਾਡੇ ਜ਼ਿਲ੍ਹੇ ਪਟਿਆਲਾ ਵਿਚ ਵਕਫ਼ ਬੋਰਡ ਦੀ ਪ੍ਰਾਪਰਟੀ ਹੈ। ਉਸ ਤੇ ਪੈਪਸੂ ਗੌਰਮਿੰਟ ਨੇ ਦੋ ਕਾਲੋਨੀਜ਼ ਬਣਾ ਦਿੱਤੀਆਂ। ਇਕ ਅਰਜਨ ਨਗਰ ਅਤੇ ਦੂਸਰੀ ਸਰਦਾਰ ਇਮਦਾਜ਼ ਅਲੀ ਨਗਰ ਹੈ। ਇਹ ਪ੍ਰਾਪਰਟੀ ਵਕਫ਼ ਬੋਰਡ ਦੀ ਹੈ। ਉਸ ਨੂੰ ਖਾਲੀ ਕਰਾਉਣ ਬਾਰੇ ਕੋਰਟ ਵਿਚ ਕੇਸ ਚਲ ਰਿਹਾ ਹੈ। ਮੈਂ ਵੀ ਮਿਲਿਆ ਸੀ ਅਤੇ ਕਿਹਾ ਸੀ ਕਿ ਸਰਕਾਰ ਨੇ ਜਗ੍ਹਾ ਅਲਾਟ ਕੀਤੀ ਹੈ ਅਤੇ ਤੁਸੀਂ ਸਰਕਾਰ ਤੋਂ ਜਗ੍ਹਾ ਲਵੋ। ਮੈਂ ਚੇਅਰਮੈਨ ਨੂੰ ਮਿਲਿਆ ਸੀ ਉਨ੍ਹਾਂ ਦਾ ਐਟੀਚਿਊਡ ਬੜਾ ਹਮਦਰਦਾਨਾ ਸੀ ਚਾਹੇ ਉਥੇ ਜਿੰਨੀ ਵਸੋਂ ਹੈ ਉਹ ਮੁਸਲਮਾਨਾਂ ਦੀ ਨਹੀਂ ਸੀ। ਉਹ ਕਹਿੰਦੇ ਹਨ ਕਿ ਸਾਡਾ ਕੋਈ ਮਤਲਬ ਨਹੀਂ ਕਿ ਜਿਨ੍ਹਾਂ ਨੇ ਉਥੇ ਮਕਾਨ ਬਣਾਏ ਹਨ ਉਨ੍ਹਾਂ ਤੋਂ ਖਾਲੀ ਕਰਾਉਣ। ਸਾਡਾ ਤਾਂ ਮਤਲਬ ਹੈ ਕਿ ਸਾਨੂੰ ਕੋਈ ਪ੍ਰਾਪਰਟੀ ਗੌਰਮਿੰਟ ਨੇ ਦੇਣੀ ਹੈ ਤਾਂ ਦੇ ਦੇਵੇ। ਸੋ ਜਿਥੇ ਇਹੋ ਜਿਹੀਆਂ ਮੁਸ਼ਕਲਾਂ ਹਨ ਇਸ ਪਾਸੇ ਸਰਕਾਰ ਧਿਆਨ ਦੇਵੇ। ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਵਕਫ਼ ਬੋਰਡ ਦੀ ਡਿਊਟੀ ਬਣਦੀ ਹੈ ਕਿ ਉਹ ਜਿਹੜੀਆਂ ਜਗ੍ਹਾ ਬਣੀਆਂ ਹਨ ਉਨ੍ਹਾਂ ਨੂੰ ਚੰਗੀ ਤਰ੍ਹਾਂ ਮੇਨਟੇਨ ਕੀਤਾ ਜਾਵੇ। ਇਕ ਜਗ੍ਹਾ ਰੋਜ਼ਾ ਸ਼ਰੀਫ ਫਤਹਿਗੜ੍ਹ ਹੈ। ਉਸ ਦੀ ਮੇਨਟੀਨੈਂਸ ਵਾਸਤੇ ਗਰਾਂਟ ਦਿੱਤੀ ਜਾਂਦੀ ਹੈ ਪਰ ਉਹ ਘੱਟ ਹੈ। ਮੈਂ ਕਹਾਂਗਾ ਕਿ ਪੰਜਾਬ ਸਰਕਾਰ ਨੂੰ ਵਕਫ਼ ਬੋਰਡ ਨਾਲ ਕੇਸ ਟੇਕ ਅੱਪ ਕਰਨਾ ਚਾਹੀਦਾ ਹੈ ਇਸ ਸਬੰਧ ਵਿਚ। ਇਸ ਤੋਂ ਐਨਾ ਰੁਪਿਆ ਆਉਂਦਾ ਹੈ ਅਤੇ ਇਸ ਉਤੇ ਜ਼ਰੂਰ ਖਰਚ ਹੋਣਾ ਚਾਹੀਦਾ ਹੈ। (ਘੰਟੀ) ਇਕ ਗੱਲ ਮੈਂ ਹੋਰ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਉਧਰ ਵੀ ਧਿਆਨ ਦੇਣ ਦੀ ਲੋੜ ਹੈ। ਕਈ ਰਿਲੀਜਸ ਇਨਸਟੀਚਿਊਸ਼ਨ ਇਹੋ ਜਿਹੇ ਹਨ ਜਿਥੇ ਮੁਸਲਮ ਪ੍ਰਾਪਰਟੀ ਹੈ ਪਰ ਸਰਕਾਰ ਦਾ ਕੰਟਰੋਲ ਹੈ, ਉਧਰ ਵੀ ਧਿਆਨ ਦੇਣਾ ਚਾਹੀਦਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਸਾਡੇ ਇਕ ਕਾਲੀ ਦੇਵੀ ਦਾ ਮੰਦਰ ਹੈ। ਉਹ ਸਟੇਟ ਦੀ ਪ੍ਰਾਪਰਟੀ ਹੈ। ਉਹ ਕਿਸੇ ਢੰਗ ਨਾਲ ਕਿਸੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਇੰਡੀਵੀਜੂਅਲ ਨੂੰ ਮਿਲ ਗਿਆ । ਉਥੋਂ ਲੱਖਾਂ ਰੁਪਏ ਦੀ ਸਾਲਾਨਾ ਆਮਦਨ ਹੈ । ਉਹ ਆਪਣੇ ਪਰਪਜ਼ ਵਾਸਤੇ ਯੂਜ਼ ਕਰ ਰਿਹਾ ਹੈ । ਅਸੀਂ ਕਿਹਾ ਕਿ ਇਸ ਵਿਚ ਸਾਡਾ ਵੀ ਕੋਈ ਆਦਮੀ ਹੋਣਾ ਚਾਹੀਦਾ ਹੈ ਅਤੇ ਇੰਡੀਵੀਜੂਅਲ ਕੰਟਰੋਲ ਨਹੀਂ ਰਹਿਣਾ ਚਾਹੀਦਾ । ਲੇਕਿਨ ਸਰਕਾਰ ਨੇ ਇਕ ਐਡਵਾਈਜ਼ਰੀ ਕਮੇਟੀ ਬਣਾਈ । ਉਸ ਦੇ ਲੱਖਾਂ ਰੁਪਏ ਬੈਂਕ ਵਿਚ ਜਮ੍ਹਾਂ ਹਨ ਉਸ ਦੀ ਆਮਦਨ ਦੇ । ਇਸੇ ਤਰ੍ਹਾਂ ਹੀ ਹੋਰ ਵੀ ਮੰਦਰ ਹਨ । ਉਧਰ ਵੀ ਧਿਆਨ ਦੇਣਾ ਚਾਹੀਦਾ ਹੈ । ਇਸ ਲਈ ਰੈਵੇਨਿਊ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇਣ । (ਘੰਟੀ) ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਕਿਲੇ ਹਨ । ਇਨ੍ਹਾਂ ਸਾਰਿਆਂ ਨੂੰ ਰੈਗੂਲੇਟ ਕਰਕੇ ਧਿਆਨ ਕਰਕੇ ਚਲਾਉਣ ਦੀ ਲੋੜ ਹੈ । ਕਿਉਂਕਿ ਇਹ ਬਿੱਲ ਵਕਫ਼ ਬੋਰਡ ਦੀ ਪ੍ਰਾਪਰਟੀ ਨੂੰ ਪ੍ਰੋਟੈਕਸ਼ਨ ਦਿੰਦਾ ਹੈ । ਇਹ ਠੀਕ ਹੈ ਕਿ ਬਹੁਤ ਸਾਰੀਆਂ ਵੈਲਫੇਅਰ ਦੀਆਂ ਸਕੀਮਾਂ ਹਨ ਜਿਸ ਤਰ੍ਹਾਂ ਬੋਰਡਿੰਗ ਹਾਊਸ ਬਣਾਉਂਦੇ ਹਨ, ਇਹ ਸਾਰੇ ਪੰਜਾਬ ਵਿਚ ਬਣਾਏ ਜਾਣ । ਉਨ੍ਹਾਂ ਦੀ ਵੰਡ ਜਿਹੜੀ ਹੈ ਪਬਲਿਕ ਦੀ ਯੂਟੇਲਿਟੀ ਵਾਸਤੇ ਹੋਣੀ ਚਾਹੀਦੀ ਹੈ ।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਸਪੀਕਰ ਸਾਹਿਬ, ਇਸ ਬਿੱਲ ਦਾ ਮੁੱਦਾ ਇਹ ਹੈ ਕਿ ਇਸ ਦੀ ਮਿਆਦ 31 ਦਸੰਬਰ, 1974 ਨੂੰ ਖਤਮ ਹੋ ਗਈ ਸੀ, ਉਸ ਦੇ ਬਾਅਦ ਜਿਹੜੇ ਲੋਕਾਂ ਦਾ 12 ਸਾਲ ਉਨ੍ਹਾਂ ਜ਼ਮੀਨਾਂ ਤੇ ਅਨਆਥੋਰਾਈਜ਼ਡ ਕਬਜ਼ਾ ਹੋਵੇ ਉਹ 12 ਸਾਲਾਂ ਬਾਅਦ ਮਾਲਿਕ ਬਣ ਜਾਂਦੇ ਹਨ । ਜੇ ਸਰਕਾਰ ਦੀ ਜ਼ਮੀਨ ਹੋਵੇ ਤਾਂ 30 ਸਾਲ ਦੇ ਐਡਵਰਸ ਪੁਜ਼ੇਸ਼ਨ ਬਾਅਦ ਉਹ ਮਾਲਿਕ ਬਣ ਜਾਂਦੇ ਹਨ ਅਤੇ ਸਰਕਾਰ ਦੀ ਮਲਕੀਅਤ ਖਤਮ ਹੋ ਜਾਂਦੀ ਹੈ । ਪ੍ਰਾਈਵੇਟ ਦੇ 12 ਸਾਲ ਹੁੰਦੇ ਹਨ । ਇਸ ਵਿਚ ਅਨਆਥੋਰਾਈਜ਼ਡ ਲੋਕਾਂ ਨੂੰ ਕਢਣ ਵਾਸਤੇ ਮਿਆਦ ਐਕਸਟੈਂਡ ਕੀਤੀ ਹੈ । ਇਹ ਜਿਹੜੀ ਪ੍ਰਾਪਰਟੀ ਡੈਡੀਕੇਟ ਕੀਤੀ ਗਈ ਹੈ ਇਹ ਰਿਲੀਜਸ ਮੇਲਿਆਂ ਦੇ ਲੱਗਣ ਵਾਸਤੇ ਡੈਡੀਕੇਟ ਕੀਤੀ ਗਈ ਸੀ । ਕਿਤੇ ਕੋਈ ਮੇਲਾ ਲੱਗਦਾ ਸੀ, ਕਿਤੇ ਕਵਾਲੀਆਂ ਹੁੰਦੀਆਂ ਸਨ । ਪਰ ਜਿਸ ਪਰਪਜ਼ ਵਾਸਤੇ ਇਹ ਪ੍ਰਾਪਰਟੀ ਦਿਤੀ ਗਈ ਸੀ ਹੁਣ ਉਸ ਪਰਪਜ਼ ਵਾਸਤੇ ਉਹ ਵਰਤੀ ਨਹੀਂ ਜਾਂਦੀ । ਜ਼ਮੀਨਾਂ ਇਸ ਪਰਪਜ਼ ਵਾਸਤੇ ਦਿੱਤੀਆਂ ਸਨ ਕਿ ਉਥੇ ਮੇਲੇ ਲਗਣ ਆਦਿ । ਇਸ ਵਾਸਤੇ ਸੈਂਟਰ ਦਾ ਐਕਟ ਹੈ । ਇਸ ਵਾਸਤੇ ਪੰਜਾਬ ਦਾ ਐਕਟ ਹੋਣਾ ਚਾਹੀਦਾ ਹੈ ਤਾਂਕਿ ਇਹ ਜਿਹੜੀ ਇਸ ਵਿਚ ਮਿਸਮੈਨੇਜਮੈਂਟ ਹੈ ਇਹ ਦੂਰ ਹੋਵੇ । ਇਹ ਠੀਕ ਹੈ ਕਿ ਕਾਫੀ ਕੰਮ ਠੀਕ ਹੋਇਆ ਵੀ ਹੈ । ਪਾਕਿਸਤਾਨ ਵਿਚ ਵੀ ਵਕਫ਼ ਬੋਰਡ ਬਣਿਆ ਹੈ । ਇਹ ਜਿਹੜਾ ਬਿੱਲ ਲਿਆਂਦਾ ਗਿਆ ਹੈ, ਇਹ ਬੜਾ ਅੱਛਾ ਹੈ ਕਿ ਅਨਆਥੋਰਾਈਜ਼ਡ ਆਕੂਪੈਂਟਸ ਨੂੰ ਕੱਢਣਾ ਚਾਹੀਦਾ ਹੈ । ਕਿਉਂਕਿ ਜਿਸ ਕੰਮ ਵਾਸਤੇ ਇਹ ਪ੍ਰਾਪਰਟੀ ਦਿਤੀ ਗਈ ਅਤੇ ਜੋ ਪੁਰਾਣੇ ਮੇਲੇ ਲੱਗਦੇ ਹੁੰਦੇ ਸੀ ਉਹ ਅੱਜ ਗੱਲਾਂ ਨਹੀਂ ਹੋ ਰਹੀਆਂ । ਜਿਸ ਪਰਪਜ਼ ਲਈ ਵਕਫ਼ ਬੋਰਡ ਬਣਾਇਆ ਗਿਆ ਸੀ । ਸੈਂਟਰਲ ਗੌਰਮਿੰਟ ਨੂੰ ਅਪਰੋਚ ਕੀਤਾ ਜਾਵੇ ਤਾਕਿ ਉਸ ਤੋਂ ਜਿਹੜੀ ਆਮਦਨ ਹੋ ਰਹੀ ਹੈ ਉਹ ਕਮਜ਼ੋਰ ਸੈਕਸ਼ਨ ਤੇ ਖਰਚ ਕੀਤੀ ਜਾਵੇ । ਇਸ ਦੀ ਆਮਦਨ ਪਛੜੇ ਹੋਏ ਅੰਗ ਅਤੇ ਇਨਸਾਨੀਅਤ ਵਾਸਤੇ ਖਰਚ ਕੀਤੀ ਜਾਵੇ ਅਤੇ ਜਿਹੜੇ ਅਨਆਥੋਰਾਈਜ਼ਡ ਆਕੂਪੈਂਟਸ ਹਨ ਉਹ ਅਵਿਕਟ ਕੀਤੇ ਜਾਣ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਬਿਲ ਵਿਚ ਬੜੀ ਛੋਟੀ ਜਿਹੀ ਅਮੈਂਡਮੈਂਟ ਸੀ ਔਰ ਜਿਥੋਂ ਤਕ ਇਸ ਅਮੈਂਡਮੈਂਟ ਦਾ ਤੁਅੱਲਕ ਹੈ ਸਾਰੇ

Original with;
Punjab Vidhan Sabha
Digitized by;
Panjab Digital Library

ਮੈਂਬਰਜ਼ ਨੇ ਇਸ ਗੱਲ ਨੂੰ ਐਪਰੀਸ਼ੀਏਟ ਕੀਤਾ ਹੈ ਕਿ ਜਿੰਨੇ ਅਨਆਥੋਰਾਈਜ਼ਡ ਕਬਜ਼ੇ ਹਨ ਉਹ ਖਾਲ੍ਹੀ ਹੋਣੇ ਚਾਹੀਦੇ ਹਨ ਅਤੇ ਮਿਆਦ ਵਿਚ ਵਾਧਾ ਹੋਣਾ ਚਾਹੀਦਾ ਹੈ ਕੁਝ ਮੈਂਬਰਜ਼ ਨੇ ਇਸ ਦੀ ਵਰਕਿੰਗ ਬਾਰੇ ਸੁਝਾਓ ਦਿਤੇ ਹਨ (ਵਿਘਨ) ਇਹ ਜਿਹੜਾ ਵਕਫ਼ ਬੋਰਡ ਹੈ ਇਹ ਪੰਜਾਬ, ਹਰਿਆਣਾ ਅਤੇ ਹਿਮਾਚਲ ਤਿੰਨ ਸਟੇਟਸ ਦਾ ਸਾਂਝਾ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਪੰਜਾਬ ਵਾਸਤੇ ਇਸ ਬੋਰਡ ਨੂੰ ਸੈਪਰੇਟ ਬਣਾਇਆ ਜਾਵੇ ਅਤੇ ਜਿਸ ਮਕਸਦ ਵਾਸਤੇ ਵਕਫ਼ ਬੋਰਡ ਦੀ ਪ੍ਰਾਪਰਟੀ ਹੈ ਉਹ ਉਸੇ ਪਰਪਜ਼ ਵਾਸਤੇ ਵਰਤੀ ਜਾਵੇ। ਉਸ ਨੂੰ ਲੋਕਾਂ ਦੀ ਭਲਾਈ ਵਾਸਤੇ, ਗਰੀਬਾਂ ਦੀ ਭਲਾਈ ਵਾਸਤੇ ਵਰਤਿਆ ਜਾਵੇ। ਸਪੀਕਰ ਸਾਹਿਬ, ਇਸ ਵਿਚ ਵੀ ਕੁਝ ਮੁਸ਼ਕਲਾਂ ਹਨ, ਜਿਸ ਤਰ੍ਹਾਂ ਅਸੀਂ ਕਹਿੰਦੇ ਹਾਂ ਕਿ ਇਸ ਬੋਰਡ ਨੂੰ ਪੰਜਾਬ ਵਾਸਤੇ ਸੈਪਰੇਟ ਬਣਾਇਆ ਜਾਵੇ, ਸਾਡੇ ਪੰਜਾਬ ਵਿਚ ਕੁਝ ਸਾਥੀ ਹਨ ਜਿਸ ਤਰ੍ਹਾਂ ਕਿ ਸ਼੍ਰੋਮਣੀ ਕਮੇਟੀ ਵਾਲੇ ਕਹਿੰਦੇ ਹਨ ਕਿ ਸਾਡਾ ਕਾਮਨ ਲਿੰਕ ਰੱਖਿਆ ਜਾਵੇ, ਸਾਨੂੰ ਇਕੱਠਾ ਰੱਖਿਆ ਜਾਵੇ। ਇਸ ਨਾਲ ਸਾਡਾ ਕੇਸ ਕਮਜ਼ੋਰ ਹੋ ਜਾਂਦਾ ਹੈ। ਸਾਨੂੰ ਪੰਜਾਬ ਦੇ ਇੰਟਰੈਸਟ ਦੇ ਮੁਤਾਬਿਕ ਦੇਖਣਾ ਚਾਹੀਦਾ ਹੈ ਅਤੇ ਪੰਜਾਬ ਸਰਕਾਰ ਪੰਜਾਬ ਦੇ ਇੰਟਰੈਸਟ ਦੀ ਬਾਬਤ ਦੇਖਦੀ ਰਹੀ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਇਹ ਜਿਹੜੇ ਮੈਂਬਰਜ਼ ਨੇ ਸੁਝਾਓ ਦਿਤੇ ਹਨ ਸਰਕਾਰ ਉਨ੍ਹਾਂ ਨੂੰ ਮੁੱਖ ਰੱਖੇਗੀ ਕਿ ਜਿਹੜੀ ਵਕਫ ਬੋਰਡ ਦੀ ਪ੍ਰਾਪਰਟੀ ਹੈ ਇਹ ਉਸੇ ਮਕਸਦ ਲਈ ਹੀ ਇਸਤੇਮਾਲ ਕੀਤੀ ਜਾਵੇ ਅਤੇ ਜਿਹੜੇ ਅਨਆਥੋਰਾਈਜ਼ਡ ਕਬਜ਼ੇ ਹਨ ਉਨ੍ਹਾਂ ਨੂੰ ਹਟਾਇਆ ਜਾਵੇ।

**Mr. Speaker** : Question is—

That the Public Wakfs (Extension of Limitation) (Punjab Amendment) Bill be taken into consideration at once.

*The Motion was carried.*

**Mr. Speaker** : Now the House will proceed to consider the Bill Clause by Clause.

SUB-CLAUSE (2) OF CLAUSE 1

**Mr. Speaker** : Question is—

That Sub-Clause (2) of Clause 1 stand part of the Bill.

*The Motion was carried.*

CLAUSE 2

**Mr. Speaker** : Question is—

That Clause 2 stand part of the Bill.

*The Motion was carried.*

SUB-CLAUSE (1) OF CLAUSE 1

**Mr. Speaker** : Question is—

That Sub-clsuse (1) of Clause 1 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

### TITLE

**Mr. Speaker** : Question is—

That Title be the Title of the Bill.

*The Motion was carried.*

**Revenue & Elections Minister** : Sir, I beg to move—

That the Public Wakfs (Extension of Limitation) (Punjab Amendment) Bill be passed.

**Mr. Speaker** : Motion moved—

That the Public Wakfs (Extension of Limitation) (Punjab Amendment) Bill be passed.

**Mr. Speaker** : Question is—

That the Public Wakfs (Extension of Limitation) (Punjab Amendment) Bill be passed.

*The motion was carried.*

---

## OBITUARY REFERENCES

**ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ)** : ਸਪੀਕਰ ਸਾਹਿਬ, ਬੜੇ ਦੁਖ ਤੇ ਅਫ਼ਸੋਸ ਨਾਲ ਇਹ ਖਬਰ ਔਰ ਰੈਫਰੈਂਸ ਮੈਂ ਦੇਣ ਲਗਿਆ ਹਾਂ ਕਿ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਸਰਦਾਰ ਰਣਜੀਤ ਸਿੰਘ ਬਰਾੜ ਅੱਜ ਬੀਤੀ ਰਾਤ ਦਿਲ ਫੇਲ੍ਹ ਹੋਣ ਕਰਕੇ ਚਲਾਣਾ ਕਰ ਗਏ ਹਨ। ਉਹ ਇੱਕ ਆਜ਼ਮੂਦਾ ਕਾਂਗਰਸ ਪਾਰਟੀ ਦੇ ਵਰਕਰ ਰਹੇ ਔਰ ਲਗਾਤਾਰ ਉਦੋਂ ਤੋਂ ਹੀ ਕਾਂਗਰਸ ਪਾਰਟੀ ਦੀ 30 ਸਾਲ ਇਸੇ ਤਰ੍ਹਾਂ ਹੀ ਉਹ ਸੇਵਾ ਕਰਦੇ ਰਹੇ। ਏ. ਆਈ. ਸੀ. ਸੀ. ਦੇ ਮੈਂਬਰ ਔਰ ਪੰਜਾਬ ਪ੍ਰਦੇਸ਼ ਐਗਜ਼ੈਕਟਿਵ ਦੇ ਮੈਂਬਰ ਵੀ ਉਹ ਬਹੁਤ ਚਿਰ ਰਹੇ ਹਨ। ਉਨ੍ਹਾਂ ਦਾ ਖਾਨਦਾਨ ਇੱਕ ਬਹੁਤ ਵੱਡਾ ਖਾਨਦਾਨ ਸੀ। ਉਨ੍ਹਾਂ ਦੇ ਪਿਤਾ, ਦੋ ਭਰਾ ਹੋਰ ਸਨ ਔਰ ਤਿੰਨੇ ਭਰਾ ਤਿੰਨੇ ਜ਼ੈਲਦਾਰ ਰਹੇ ਸਨ। ਇੱਕ ਬਹੁਤ ਵੱਡਾ ਖਾਨਦਾਨ ਹੋਣ ਕਰਕੇ ਬੜਾ ਰਸੂਖ ਰਖਦੇ ਸਨ, ਫਿਰ ਇਹ ਕਾਂਗਰਸ ਵਿਚ ਆ ਗਏ। ਉਸ ਤੋਂ ਬਾਅਦ ਇਨ੍ਹਾਂ ਨੇ ਬਹੁਤ ਇਮਾਨਦਾਰੀ ਨਾਲ ਸੇਵਾ ਕੀਤੀ। ਇਨ੍ਹਾਂ ਦੇ ਅਕਾਲ ਚਲਾਣੇ ਦਾ ਬਹੁਤ ਅਫਸੋਸ ਔਰ ਦੁਖ ਹੈ ਔਰ ਮਾਲਵਾ ਏਰੀਆ ਵਿਚ ਬਹੁਤ ਬੜਾ ਘਾਟਾ ਪੈਦਾ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਹਾਊਸ ਦੇ ਮੈਂਬਰ ਔਰ ਤੁਸੀਂ ਵੀ ਕ੍ਰਿਪਾ ਕਰਕੇ ਇਹ ਜੋ ਸਿੰਪਥੀ ਦੇ ਸ਼ਬਦ ਹਨ ਇਹ ਉਨ੍ਹਾਂ ਦੇ ਪਰਵਾਰ ਨੂੰ ਭੇਜ ਦਿਉਗੇ।

**ਸ਼੍ਰੀ ਸਪੀਕਰ** : ਹਾਊਸ ਦੇ ਲੀਡਰ ਔਰ ਮੁੱਖ ਮੰਤਰੀ ਜੀ ਵਲੋਂ ਜਿਹੜੇ ਵਿਚਾਰ ਰਖੇ ਗਏ ਹਨ ਸਰਦਾਰ ਰਣਜੀਤ ਸਿੰਘ, ਚੇਅਰਮੈਨ ਵੇਅਰ ਹਾਊਸਿੰਗ ਕਾਰਪੋਰੇਸ਼ਨ ਬਾਰੇ ਉਸ ਤੇ ਹਾਊਸ ਔਰ ਮੈਂ ਵੀ ਸਾਰੇ ਗਹਿਰਾ ਦੁੱਖ ਔਰ ਸਦਮਾਂ ਪਰਗਟ ਕਰਦੇ ਹਾਂ ਔਰ ਉਨ੍ਹਾਂ ਦੇ ਪ੍ਰਵਾਰ ਨਾਲ ਹਾਊਸ ਦੇ ਸਾਡੇ ਸਾਰਿਆਂ ਦੀ ਗਹਿਰੀ ਹਮਦਰਦੀ ਹੈ। ਜੋ

Original with;
Punjab Vidhan Sabha
Digitized by;
Panjab Digital Library

ਪ੍ਰਸਤਾਵ ਉਨ੍ਹਾਂ ਨੇ ਰਖਿਆ ਹੈ, ਇਹ ਸ਼ੋਕ ਦਾ ਸੁਨੇਹਾ ਔਰ ਹਮਦਰਦੀ ਦਾ ਸੁਨੇਹਾ ਉਨ੍ਹਾਂ ਦੇ ਪ੍ਰਵਾਰ ਨੂੰ ਭੇਜ ਦਿੱਤਾ ਜਾਵੇ। ਮੈਂ ਬੇਨਤੀ ਕਰਾਂਗਾ ਕਿ ਹੁਣ ਸਾਰੇ ਆਨਰੇਬਲ ਮੈਂਬਰਜ਼ ਦੋ ਮਿੰਟਾਂ ਲਈ ਖੜੇ ਹੋ ਕੇ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਨ।

(ਇਸ ਸਮੇਂ ਦੋ ਮਿੰਟਾਂ ਲਈ ਸਾਰੇ ਆਨਰੇਬਲ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਚੁਪ ਚਾਪ ਖੜ੍ਹੇ ਰਹੇ)

## THE PUNJAB AGRICULTURAL PRODUCE MARKETS (VALIDATION) BILL, 1976

**Agriculture and Forests Minister** (Master Gurbanta Singh) : Sir, I beg to introduce the Punjab Agricultural Produce Markets (Validation) Bill.

Sir, I also beg to move—

> That the Punjab Agricultural Produce Markets (Validation) Bill be taken into consideration at once.

**Mr. Speaker** : Motion moved—

> That the Punjab Agricultural Produce Markets (Validation) Bill be taken into consideration at once.

**ਸਰਦਾਰ ਦਰਬਾਰਾ ਸਿੰਘ** (ਨਕੋਦਰ) : ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹਾਂ। ਇਸ ਨਾਲ ਮੈਂ ਇਹ ਬੇਨਤੀ ਵੀ ਕਰਾਂਗਾ ਕਿ ਕਿਸਾਨਾਂ ਨੂੰ ਬਹੁਤ ਘੱਟ ਸਹੂਲਤਾਂ ਹਨ, ਸੜਕਾਂ ਦੇ ਸਿਲਸਿਲੇ ਵਿਚ। ਇਨ੍ਹਾਂ ਨੂੰ ਆਵਾਜਾਈ ਲਈ ਬਹੁਤ ਘੱਟ ਸਹੂਲਤਾਂ ਹਨ। ਜਿਹੜੀਆਂ ਇਨ੍ਹਾਂ ਲਈ ਕਰੈਸ਼ ਪਰੋਗਰਾਮ ਅਧੀਨ ਸੜਕਾਂ ਬਣੀਆਂ ਹਨ ਉਹ ਵੀ ਪਰਾਪਰਲੀ ਮੇਨਟੇਨ ਨਹੀਂ ਹੋ ਰਹੀਆਂ ਟੁਟੀਆਂ ਹੋਈਆਂ ਹਨ। ਮੈਂ ਬੇਨਤੀ ਕਰਾਂਗਾ ਕਿ ਉਸ ਕੰਮ ਨੂੰ ਕਰਨ ਲਈ ਪਹਿਲ ਦੇਣੀ ਚਾਹੀਦੀ ਹੈ ਤਾਂਕਿ ਕਿਸਾਨਾਂ ਨੂੰ ਆਪਣੇ ਖੇਤਾਂ ਤਕ ਜਾਣ ਵਿਚ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਪਾਣੀ ਦੇਣ ਲਈ ਖੇਤਾਂ ਨੂੰ ਨਾਲੀਆਂ ਜਿਹੜੀਆਂ ਪੱਕੀਆਂ ਬਣਨੀਆਂ ਸੀ ਉਹ ਹਾਲੇ ਤਕ ਚੌਥਾ ਹਿੱਸਾ ਹੀ ਬਣਿਆ ਹੈ। ਇਸ ਨਾਲ ਪਾਣੀ ਜ਼ਮੀਨ ਵਿਚ ਸਿੰਮ ਜਾਂਦਾ ਹੈ। ਕਈ ਵਾਰੀ ਤਾਂ ਸੇਮ ਬਹੁਤ ਜ਼ਿਆਦਾ ਹੋ ਜਾਂਦੀ ਹੈ। ਔਰ ਜਿਥੇ ਪਾਣੀ ਦੀ ਲੋੜ ਹੈ ਉਥੇ ਪਾਣੀ ਪਹੁੰਚਦਾ ਨਹੀਂ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜੀ ਅੱਗੇ ਮਾਰਕਿਟ ਫ਼ੀ ਲਈ ਜਾਂਦੀ ਹੈ ਇਸ ਨੂੰ ਹੋਰ ਵਧਾਕੇ ਅਜਿਹੇ ਕੰਮ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਕਿਸਾਨਾਂ ਦੀ ਹਾਲਤ ਚੰਗੀ ਹੋਵੇਗੀ ਅਤੇ ਅਜਿਹੇ ਕੰਮ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਇਨ੍ਹਾਂ ਲਈ ਨਾਲੀਆਂ ਪੱਕੀਆਂ ਕਰਾਈਆਂ ਜਾਣ, ਸੜਕਾਂ ਦੀ ਦੇਖ ਰੇਖ ਕਰਾਈ ਜਾਏ ਅਤੇ ਸੜਕਾਂ ਖੂਹ ਤਕ ਬਣਾਈਆਂ ਜਾਣ। ਇਹ ਕਹਿੰਦਾ ਹੋਇਆ ਮੈਂ ਬਿੱਲ ਦੀ ਪ੍ਰੋੜ੍ਹਤਾ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ)** : ਸਪੀਕਰ ਸਾਹਿਬ, ਮੈਂ ਵੀ ਬਿੱਲ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਇੱਕ ਦੋ ਸੁਝਾਉ ਹੀ ਦਿਆਂਗਾ ਅਤੇ ਮੈਨੂੰ ਉਮੀਦ ਹੈ ਕਿ ਉਨ੍ਹਾਂ ਤੇ ਐਗਰੀਕਲਚਰ ਮਨਿਸਟਰ ਸਾਹਿਬ ਜ਼ਰੂਰ ਅਮਲ ਕਰਨਗੇ। ਮਾਰਕਿਟ ਕਮੇਟੀਆਂ ਜਾਂ ਮਾਰਕਿਟਿੰਗ ਬੋਰਡ ਜੋ ਸੜਕਾਂ ਲਈ ਕਰੋੜਾਂ ਰੁਪਏ ਦਿੰਦਾ ਹੈ ਉਹ ਰੁਪਏ ਸਰਕਾਰੀ ਖਾਤੇ ਵਿਚ ਜਮ੍ਹਾਂ ਹੋ ਜਾਂਦੇ ਹਨ। ਇਹ ਪੀ. ਡਬਲਿਊ. ਡੀ. ਦੇ ਖਾਤੇ ਵਿਚ ਜਮ੍ਹਾਂ ਹੋ ਜਾਂਦੇ ਹਨ। ਉਹਦਾ ਨਤੀਜਾ ਇਹ ਨਿਕਲਦਾ ਹੈ ਕਿ ਇਹ ਪੈਸਾ ਸਰਕਾਰੀ ਖਾਤੇ ਵਿਚ ਜਮ੍ਹਾਂ ਹੋਣ ਕਰਕੇ ਪਿਛਲੇ ਸਾਲ ਮਨਿਸਟਰ ਸਾਹਿਬ ਦੇ ਹੁਕਮ ਹੋਣ ਦੇ ਬਾਵਜੂਦ ਵੀ ਸੜਕਾਂ ਦੀ ਮੁਰੰਮਤ ਨਾ ਹੋ ਸਕੀ ਕਿਉਂਕਿ ਇਹ ਰੁਪਿਆ ਖਜ਼ਾਨੇ ਵਿਚੋਂ ਕਢਾਇਆ ਨਹੀਂ ਜਾ ਸਕਿਆ। ਹੁਣ ਵੀ ਜਿਹੜਾ ਰੁਪਿਆ ਮਾਰਕਿਟਿੰਗ ਕਮੇਟੀਆਂ ਜਾਂ ਮਾਰਕਿਟਿੰਗ ਬੋਰਡ ਨੇ ਦਿਤਾ ਹੋਣਾ ਹੈ ਸੜਕਾਂ ਬਨਾਉਣ ਲਈ ਉਹਦੇ ਰਾਹੀਂ ਸੜਕਾਂ ਬਨਾਉਣ ਲਈ ਪਰਾਇਰਟੀ ਨਹੀਂ ਦਿਤੀ ਜਾ ਰਹੀ। ਮੈਂ ਖੇਤੀ ਬਾੜੀ ਮੰਤਰੀ ਜੀ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਰੁਪਿਆ ਪੀ. ਡਬਲਿਊ. ਡੀ. ਦੇ ਖਾਤੇ ਵਿਚ ਜਮ੍ਹਾਂ ਨਹੀਂ ਕਰਾਉਣਾ ਚਾਹੀਦਾ ਅਤੇ ਇਸ ਦੀ ਬਜਾਏ ਇਹ ਰੁਪਿਆ ਬੋਰਡ ਦੇ ਖਾਤੇ ਵਿਚ ਹੀ ਜਮ੍ਹਾਂ ਹੋਣਾ ਚਾਹੀਦਾ ਹੈ ਤਾਂ ਕਿ ਇਹ ਵਕਤ ਸਿਰ ਖਰਚ ਕੀਤਾ ਜਾ ਸਕੇ। ਇਸ ਵਿਚ ਇਸ ਤਰ੍ਹਾਂ ਦਾ ਪਰਬੰਧ ਹੋਣਾ ਚਾਹੀਦਾ ਹੈ।

ਦੂਜੇ ਜਿਹੜਾ ਸਕੋਪ ਹੈ ਮਾਰਕਿਟਿੰਗ ਕਮੇਟੀਆਂ ਅਤੇ ਮਾਰਕਿਟਿੰਗ ਬੋਰਡ ਦੇ ਫੰਡ ਦੇ ਖਰਚੇ ਦਾ, ਇਸ ਦਾ ਸਕੋਪ ਵਧਾਇਆ ਜਾਣਾ ਚਾਹੀਦਾ ਹੈ। ਜਿਸ ਤਰ੍ਹਾਂ ਹਰੀਜਨਾਂ ਦੀਆਂ ਧਰਮਸ਼ਾਲਾਂ ਲਈ ਪੈਸੇ ਸਰਕਾਰ ਦਿੰਦੀ ਹੈ ਇਸੇ ਤਰ੍ਹਾਂ ਹੀ ਮਾਰਕਿਟਿੰਗ ਬੋਰਡ ਜਾਂ ਮਾਰਕਿਟਿੰਗ ਕਮੇਟੀਆਂ ਵੀ ਪਿੰਡਾਂ ਵਿਚ ਖਾਸ ਕਰਕੇ ਜਿਹੜੇ ਪਿੰਡ ਕਸਬਿਆਂ ਵਰਗੇ ਹਨ ਜਿਥੇ 10 ਹਜ਼ਾਰ ਦੀ ਆਬਾਦੀ ਹੈ ਉਥੇ ਕਿਸਾਨਾਂ ਲਈ ਕਿਸਾਨ ਘਰ ਬਣਾਉਣੇ ਚਾਹੀਦੇ ਹਨ। ਜਿਨ੍ਹਾਂ ਪਿੰਡਾਂ ਵਿਚ ਕਿਸਾਨਾਂ ਦੀ ਸਭਾ ਲਈ ਬੈਠਣ ਲਈ ਕੋਈ ਜਗ੍ਹਾ ਨਹੀਂ ਹੈ ਉਥੇ ਕਿਸਾਨ ਘਰ ਬਣਾਉਣੇ ਚਾਹੀਦੇ ਹਨ। ਇਹ ਕਿਸਾਨ ਘਰ ਮਾਰਕਿਟ ਕਮੇਟੀਆਂ ਜਾਂ ਮਾਰਕਿਟਿੰਗ ਬੋਰਡ ਦੇ ਫੰਡਾਂ ਤੋਂ ਬਨਾਉਣੇ ਚਾਹੀਦੇ ਹਨ।

ਐਗਰੀਕਲਚਰ ਦੀ ਲੇਬਰ ਜਿਹੜੀ ਹੈ ਖੇਤ ਮਜ਼ਦੂਰ ਜੋ ਹਨ ਇਨ੍ਹਾਂ ਦਾ ਵੀ ਖੇਤੀ ਬਾੜੀ ਵਿਚ ਪੂਰਾ ਹਿੱਸਾ ਹੈ। ਖੇਤੀ ਜ਼ਮੀਨ, ਕਿਸਾਨ ਅਤੇ ਮਜ਼ਦੂਰ ਤਿੰਨ ਰਲ ਕੇ ਕੀਤੀ ਜਾਂਦੀ ਹੈ। ਇਸ ਲਈ ਜੇ ਜ਼ਮੀਨ ਨਾ ਹੋਵੇ, ਜਾਂ ਕਿਸਾਨ ਨਾ ਹੋਵੇ, ਜਾਂ ਮਜ਼ਦੂਰ ਨਾ ਹੋਵੇ ਤਾਂ ਖੇਤੀ ਬਾੜੀ ਨਹੀਂ ਹੋ ਸਕਦੀ ਹੈ। ਇਸ ਲਈ ਐਕਟ ਵਿਚ ਐਗਰੀਕਲਚਰ ਲੇਬਰ ਦੇ ਫਾਇਦੇ ਲਈ ਕੋਈ ਪਰੋਵੀਜ਼ਨ ਕਰਨੀ ਚਾਹੀਦੀ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਲੇਬਰ ਜਿਹੜੀ ਖੇਤੀ ਬਾੜੀ ਵਿਚ ਕੰਮ ਕਰਦੀ ਹੈ ਉਨ੍ਹਾਂ ਦੇ ਜੀਵਨ ਸੁਧਾਰ ਲਈ ਅਗਰ ਮਦਦ ਦੇਣ ਦੀ ਲੋੜ ਹੋਵੇ ਤਾਂ ਉਹਦੇ ਲਈ ਮਾਰਕਿਟ ਕਮੇਟੀਆਂ ਅਤੇ ਮਾਰਕਿਟਿੰਗ ਬੋਰਡ ਦੇ ਫੰਡ ਤੋਂ ਖਰਚਣ ਦੀ ਪ੍ਰੋਵੀਜ਼ਨ ਕੀਤੀ ਜਾਣੀ ਚਾਹੀਦੀ ਹੈ। ਇਹ ਕਹਿਕੇ ਮੈਂ ਇਸ ਬਿੱਲ ਦਾ ਸਮੱਰਥਨ ਕਰਦਾ ਹਾਂ।

**ਸਰਦਾਰ ਬੇਅੰਤ ਸਿੰਘ (ਪਾਇਲ)** : ਸਪੀਕਰ ਸਾਹਿਬ, ਇਹ ਬਿਲ ਜਿਹੜਾ ਲਿਆਂਦਾ ਗਿਆ ਹੈ ਇਹ ਬੜਾ ਚੰਗਾ ਬਿੱਲ ਹੈ। ਇਥੇ ਕਈ ਲੋਕ ਕੋਰਟਾਂ ਵਿਚ ਜਾਕੇ ਮਾਰਕੀਟ ਫੀਸ ਜੋ ਬੜ੍ਹਾ ਦਿੱਤੀ ਗਈ ਸੀ ਉਹ ਵਾਪਿਸ ਲੈ ਲੈਂਦੇ ਸਨ, ਉਸ ਨੂੰ ਰੋਕਿਆ ਗਿਆ ਹੈ।

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੂੰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬੜਾ ਭਾਰੀ ਪੈਸਾ ਇਕੱਠਾ ਹੋਇਆ ਹੈ। 25 ਕਰੋੜ ਰੁਪਏ ਇਕੱਠੇ ਹੋਏ ਹਨ। ਇਹ ਜ਼ਿਮੀਂਦਾਰਾਂ ਦੇ ਪੈਸੇ ਹਨ ਅਤੇ ਇਹ ਜ਼ਿਮੀਦਾਰਾਂ ਨੂੰ ਸਹੂਲਤਾਂ ਦੇਣ ਵਾਸਤੇ ਹੀ ਇਕੱਠੇ ਕੀਤੇ ਗਏ ਹਨ। ਸੜਕਾਂ ਬਣਾਈਆਂ ਹਨ, ਤੁਹਾਡੇ ਸਾਹਮਣੇ ਬਿਜਲੀ ਵਾਸਤੇ ਵੀ ਪੈਸੇ ਦਿਤੇ ਹਨ। ਮੈਂ ਸਿਰਫ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦੇ ਵਿਚ ਚੋਰੀ ਬੜੀ ਹੁੰਦੀ ਹੈ ਅਤੇ ਇਸ ਨੂੰ ਰੋਕਣਾ ਚਾਹੀਦਾ ਹੈ। ਲੁਧਿਆਣਾ ਸ਼ਹਿਰ ਦੇ ਵਿਚ ਤੁਸੀਂ ਦੇਖਿਆ ਹੈ ਕਿ ਉਥੇ ਚਾਰੇ ਦੀਆਂ ਟਰਾਲੀਆਂ ਵੀ ਬਹੁਤ ਆਉਂਦੀਆਂ ਹਨ, ਉਥੇ ਤੂੜੀ ਵੀ ਆਉਂਦੀ ਹੈ, ਸਬਜ਼ੀਆਂ ਵੀ ਵਿਕਣ ਆਉਂਦੀਆਂ ਹਨ ਪਰ ਉਥੇ ਮਾਰਕਿਟ ਕਮੇਟੀ ਕਿੰਨਾ ਹੀ ਉਪਰਾਲਾ ਕਰ ਲਵੇ ਜਿੰਨਾ ਚਿਰ ਕੋਈ ਪੱਕੇ ਤੌਰ ਤੇ ਸ਼ੈਡ ਵਗੈਰਾ ਨਹੀਂ ਬਣਾਇਆ ਜਾਂਦਾ, ਜਦੋਂ ਤਕ ਉਥੇ ਕੋਈ ਕੰਟਰੋਲ ਪੱਕਾ ਨਹੀਂ ਕੀਤਾ ਜਾਂਦਾ ਉਨਾ ਚਿਰ ਲੋਕਾਂ ਨੇ ਚੋਰੀ ਕਰਨੀ ਹੈ, ਚੋਰੀ ਜਿਹੜੀ ਹੈ ਉਹ ਬਿਲਕੁਲ ਨਹੀਂ ਰੁਕ ਸਕਦੀ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀਆਂ ਜਿਹੜੀਆਂ ਹਨ ਉਹ ਨਵੀਆਂ ਬਣੀਆਂ ਹਨ ਉਨ੍ਹਾਂ ਨੂੰ ਇਸ ਵੇਲੇ ਉਤਸ਼ਾਹ ਹੈ, ਮਨਿਸਟਰ ਸਾਹਿਬ ਇਸ ਗੱਲ ਦੀ ਤਾੜਨਾ ਕਰ ਦੇਣ ਉਨ੍ਹਾਂ ਮਾਰਕਿਟ ਕਮੇਟੀਆਂ ਨੂੰ ਕਿ ਜਿਹੜਾ ਟਰੇਡਰ ਹੈ ਜਿਹੜਾ ਭਾਵੇਂ ਕਿਸੇ ਗੱਲ ਨੂੰ ਡੀਲ ਕਰਦਾ ਹੈ ਭਾਵੇਂ ਉਹ ਗੁੜ ਦਾ ਹੋਵੇ, ਭਾਵੇਂ ਉਹ ਚਾਰੇ ਦਾ ਹੋਵੇ, ਭਾਵੇਂ ਉਹ ਤੂੜੀ ਦਾ ਹੋਵੇ ਤੇ ਭਾਵੇਂ ਉਹ ਸਬਜ਼ੀਆਂ ਦਾ ਹੋਵੇ ਉਸ ਉਤੇ ਪੂਰੀ ਨਿਗਰਾਨੀ ਰੱਖਣ। ਇਸ ਦੇ ਵਿਚ ਕੋਈ ਚੋਰੀ ਨਹੀਂ ਹੋਣੀ ਚਾਹੀਦੀ। ਜੇ ਇਸ ਨੂੰ ਅਸੀਂ, ਸਪੀਕਰ ਸਾਹਿਬ, ਚੰਗੀ ਤਰ੍ਹਾਂ ਕੰਟਰੋਲ ਕਰੀਏ ਤਾਂ ਇਹ ਜਿਹੜਾ 25 ਕਰੋੜ ਰੁਪਿਆ ਹੈ ਇਹ ਹੋਰ ਵੱਧੇਗਾ। ਜਦੋਂ ਪੈਸਾ ਹੋਰ ਆਵੇਗਾ ਤਾਂ ਨੈਚੂਰਲ ਗੱਲ ਹੈ ਕਿ ਉਸ ਪੈਸੇ ਨੂੰ ਅਸੀਂ ਪਿੰਡਾਂ ਦੇ ਵਿਚ ਲਾ ਸਕਾਂਗੇ ਅਤੇ ਉਨ੍ਹਾਂ ਦੀ ਹੋਰ ਬੇਹਤਰੀ ਕਰ ਸਕਾਂਗੇ। ਇਹ ਅਲਹਿਦਾ ਗੱਲ ਹੈ ਕਿ ਇਹ ਪੈਸਾ ਕਿਸ ਤਰ੍ਹਾਂ ਲਗਾਉਣਾ ਹੈ। ਇਹ ਪੈਸਾ ਸੜਕਾਂ ਤੇ ਲਾਉਣਾ ਹੈ ਜਾਂ ਕਿਸ ਤਰ੍ਹਾਂ ਲਾਉਣਾ ਹੈ ਜਾਂ ਜਿਸ ਤਰ੍ਹਾਂ ਜੋਸ਼ ਸਾਹਿਬ ਨੇ ਕਿਹਾ ਹੈ ਕਿ ਹਰੀਜਨਾਂ ਅਤੇ ਲੇਬਰ ਤੇ ਲਾਉਣਾ ਚਾਹੀਦਾ ਹੈ। ਇਹ ਇਕ ਅਲਹਿਦਾ ਚੀਜ਼ ਸੋਚਣ ਵਾਲੀ ਹੈ ਕਿ ਉਸ ਪੈਸੇ ਨੂੰ ਕਿਸ ਤਰ੍ਹਾਂ ਯੂਟੇਲਾਈਜ਼ ਕਰਨਾ ਹੈ। ਲੇਕਿਨ ਜੋ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਉਹ ਇਹ ਹੈ ਕਿ ਇਸ ਦੇ ਵਿਚ ਜੋ ਚੋਰੀ ਹੁੰਦੀ ਹੈ ਉਸ ਨੂੰ ਰੋਕਣ ਵਾਸਤੇ ਕਦਮ ਉਠਾਉਣੇ ਚਾਹੀਦੇ ਹਨ ਤਾਂ ਕਿ ਇਸ ਦੀ ਰਕਮ ਵਿਚ ਹੋਰ ਵਾਧਾ ਹੋ ਸਕੇ। ਸਪੀਕਰ ਸਾਹਿਬ, ਜਿਹੜਾ ਲੈਂਡ ਰੈਵੇਨਿਊ ਹੈ ਉਸ ਦੇ ਨਾਲੋਂ ਵੀ ਕਾਫ਼ੀ ਰੁਪਿਆ ਜ਼ਿਆਦਾ ਸਾਨੂੰ ਇਧਰੋਂ ਆਉਂਦਾ ਹੈ। ਸੋ ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਪਲੱਗ ਕਰਕੇ ਉਸ ਚੋਰੀ ਨੂੰ ਰੋਕਣਾ ਚਾਹੀਦਾ ਹੈ। ਇਤਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

**ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ)** : ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਹੈ ਇਸ ਦੇ ਵਿਚ ਗੱਲ ਤਾਂ ਸਿਰਫ ਇੰਨੀ ਹੈ ਕਿ ਜਿਹੜੀ ਗੁੜ ਦੀ ਮਾਰਕੀਟਿੰਗ ਫੀਸ ਹੈ ਉਹ ਵਾਪਸ ਨਾ ਕਰਨੀ ਪਵੇ। ਜਿਹੜਾ ਬਿੱਲ ਹੈ ਇਹ ਵੈਜੀਟੇਟ ਕਰਦਾ ਹੈ। (ਵਿਘਨ) ਮੈਂ, ਸਪੀਕਰ ਸਾਹਿਬ, ਜੋ ਮੈਂਬਰ ਸਾਹਿਬਾਨ ਨੇ ਕੁਝ ਗੱਲਾਂ ਕਹੀਆਂ ਹਨ ਉਨ੍ਹਾਂ ਦੇ ਬਾਰੇ ਵਿਚ ਕੁਝ ਦੱਸਣਾ ਚਾਹੁੰਦਾ ਹਾਂ। ਇਹ ਕਹਿ ਦੇਣਾ ਕਿ ਜ਼ਿਮੀਂਦਾਰ ਤੇ ਹੀ ਇਹ ਪੈਸਾ ਖਰਚਿਆ ਜਾਵੇ, ਇਹ ਗੱਲ ਵੀ ਜਾਇਜ਼ ਨਹੀਂ। ਖੇਤੀ ਨਾਲ ਸਬੰਧਤ ਜਿਹੜੇ ਲੋਕ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਹਨ, ਖੇਤੀ ਬਾੜੀ ਮਜ਼ਦੂਰ ਹਨ ਜਾਂ ਮੁਜ਼ਾਰੇ ਹਨ ਉਨ੍ਹਾਂ ਦੀ ਵੀ ਕੰਟਰੀਬੀਊਸ਼ਨ ਅੰਨ ਪੈਦਾ ਕਰਨ ਦੇ ਵਿਚ ਹੁੰਦੀ ਹੈ। ਮੈਂ ਕੁਝ ਸੁਝਾਵ ਇਸ ਕੰਮ ਦੇ ਵਿਚ ਦੇਣਾ ਚਾਹੁੰਦਾ ਹਾਂ। ਪਹਿਲਾ ਸੁਝਾਵ ਤਾਂ ਮੈਂ ਇਹ ਦੇਣਾ ਚਾਹੁੰਦਾ ਹਾਂ ਕਿ ਖੇਤ ਵਿਚ ਕੰਮ ਕਰਨ ਵਾਲਾ ਮੁਜ਼ਾਰਾ ਜਾਂ ਗਰੀਬ ਕਿਸਾਨ ਅਗਰ ਸੱਪ ਲੜ ਜਾਣ ਕਾਰਨ ਮਰ ਜਾਵੇ ਜਾਂ ਬਿਜਲੀ ਦਾ ਕਰੰਟ ਲੱਗ ਜਾਣ ਨਾਲ ਮਰ ਜਾਵੇ ਤਾਂ ਮਾਰਕਿਟ ਕਮੇਟੀ ਵਿਚ ਕੋਈ ਪ੍ਰੋਵੀਜ਼ਨ ਨਹੀਂ ਕਿ ਉਸ ਨੂੰ ਕੰਪਨਸੇਟ ਕਰ ਸਕੇ। ਮੈਂ ਇਹ ਸੁਜੈਸ਼ਨ ਦੇਣਾ ਚਹੁੰਦਾ ਕਿ ਕੋਈ ਇਹੋ ਜਿਹਾ ਪ੍ਰੋਵੀਜ਼ਨ ਕੀਤਾ ਜਾਵੇ ਜਿਸ ਨਾਲ ਅਗਰ ਕੋਈ ਗਰੀਬ ਖੇਤ ਮਜ਼ਦੂਰ, ਗਰੀਬ ਮੁਜ਼ਾਰਾ ਜਾਂ ਗਰੀਬ ਕਿਸਾਨ ਐਕਸੀਡੈਂਟ ਦੀ ਵਜਾ ਨਾਲ ਮਰ ਜਾਵੇ ਤਾਂ ਉਸ ਦੀ ਫੈਮਲੀ ਨੂੰ ਥੋੜ੍ਹਾ ਬਹੁਤ ਕੰਪਨਸੇਟ ਕਰੇ।

ਦੂਸਰਾ ਮੈਂ ਇਹ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਵੱਸਣ ਵਾਲੇ ਜਿਹੜੇ ਪਛੜੇ ਹੋਏ ਅੰਗ ਹਨ ਭਾਵੇਂ ਉਹ ਖੇਤ ਮਜ਼ਦੂਰ ਹੈ, ਭਾਵੇਂ ਮੁਜ਼ਾਰਾ ਹੈ ਉਨ੍ਹਾਂ ਦੀਆਂ ਨਾਲੀਆਂ ਜਾਂ ਗਲੀਆਂ ਲਈ ਸਮਝ ਲਓ ਕੁਝ ਥੋੜ੍ਹਾ ਬਹੁਤ ਫੰਡ ਇਧਰ ਡਾਇਵਰਟ ਕਰਨਾ ਚਾਹੀਦਾ ਹੈ।

ਤੀਸਰੀ ਮੇਰੀ ਸੁਜੈਸ਼ਨ ਇਹ ਹੈ ਕਿ ਕੁਝ ਮਾਰਕੀਟ ਕਮੇਟੀਆਂ ਬਹੁਤ ਕਮਜ਼ੋਰ ਹਨ ਅਤੇ ਉਨ੍ਹਾਂ ਦੀ ਇਨਕਮ ਬਹੁਤ ਘੱਟ ਹੈ। ਜਿਹੜੀਆਂ ਮਾਰਕਿਟ ਕਮੇਟੀਆਂ ਚੰਗੀਆਂ ਹਨ ਅਤੇ ਉਨ੍ਹਾਂ ਦੀ ਕਾਫ਼ੀ ਇਨਕਮ ਹੈ ਉਨ੍ਹਾਂ ਦਾ ਥੋੜ੍ਹਾ ਬਹੁਤ ਰੁਪਿਆ ਇਧਰ ਡਾਇਵਰਟ ਕਰੋ।

ਚੌਥੀ ਤੇ ਆਖਰੀ ਸੁਜੈਸ਼ਨ ਮੇਰੀ ਇਹ ਹੈ ਕਿ 4-4 ਸਾਲ ਹੋ ਗਏ ਹਨ ਮਾਰਕਿਟ ਕਮੇਟੀਆਂ ਨੇ ਸੜਕਾਂ ਵਾਸਤੇ ਪੈਸਾ ਜਮ੍ਹਾਂ ਕਰਵਾਏ ਨੂੰ ਪਰ ਸੜਕਾਂ ਨਹੀਂ ਬਣਦੀਆਂ। ਪੰਜਾਬ ਸਰਕਾਰ ਨੇ ਇਧਰ ਨੋਮੀਨੇਸ਼ਨ ਕੀਤੀ ਹੈ, ਚੇਅਰਮੈਨ ਨੋਮੀਨੇਟ ਕੀਤਾ ਹੈ ਔਰ ਜਿਹੜੇ ਨੋਮੀਨੇਟ ਕੀਤੇ ਆਉਂਦੇ ਹਨ ਉਹ ਬੜੇ ਟਰਸਟੀ ਆਉਂਦੇ ਹਨ ਕਿਉਂ ਨਾ ਮਾਰਕਿਟ ਕਮੇਟੀਆਂ ਆਪ ਸੜਕਾਂ ਆਪਣੀਆਂ ਬਣਾ ਲੈਣ। 4-4 ਸਾਲ ਹੋ ਗਏ ਹਨ ਮਾਰਕਿਟ ਕਮੇਟੀਆਂ ਨੂੰ ਪੀ. ਡਬਲਿਯੂ. ਡੀ. ਕੋਲ ਪੈਸਾ ਜਮਾਂ ਕਰਵਾਏ ਨੂੰ ਪਰ ਜੇ ਸੜਕਾਂ ਦੀ ਗੱਲ ਕਰੋ ਤਾਂ ਐਸ. ਈ. ਕਹਿੰਦਾ ਹੈ ਕਿ ਕਾਗਜ਼ ਚੀਫ਼ ਇੰਜਨੀਅਰ ਕੋਲ ਗਿਆ ਹੈ ਜੇ ਚੀਫ਼ ਇੰਜਨੀਅਰ ਨੂੰ ਕਹੋ ਤਾਂ ਕਹਿੰਦਾ ਕਿ ਬਜਟ ਮਨਜ਼ੂਰ ਹੋ ਕੇ ਨਹੀਂ ਆਇਆ। ਕਾਗਜ਼ਾਂ ਵਿੱਚ ਭਾਵੇਂ ਸੜਕਾਂ ਬਣ ਜਾਂਦੀਆਂ ਹਨ ਪਰ ਅਮਲੀ ਰੂਪ ਵਿਚ ਕੁਝ ਨਹੀਂ ਹੁੰਦਾ। ਪਿੰਡਾਂ ਵਿਚ ਅਸੀਂ ਜਾ ਕੇ ਕੀ ਜੁਆਬ ਦਈਏ? ਮੇਰਾ ਖਿਆਲ ਹੈ ਕਿ ਅਗਰ ਮਾਰਕਿਟ ਕਮੇਟੀਆਂ ਆਪ ਇਹ ਕੰਮ ਕਰਨ ਤਾਂ ਜਿਆਂਦਾ ਚੰਗਾ ਹੋਵੇਗਾ। ਆਪਣੇ ਆਪ ਉਹ ਜੁਆਬ ਦੇਹ ਹੋਣਗੀਆਂ। 15 ਹਜ਼ਾਰ ਸੁਪਰਵੀਜ਼ਨ ਦਾ ਹੋ ਜਾਂਦਾ ਹੈ, 45 ਹਜ਼ਾਰ ਪਰ ਮਾਈਲ ਲੈਂਦੇ ਹਨ ਮੇਰਾ ਖ਼ਿਆਲ ਹੈ ਕਿ 60 ਹਜ਼ਾਰ ਰੁਪਏ ਨਾਲ ਮਾਰਕਿਟ ਕਮੇਟੀਆਂ ਖੁਦ ਇਹ ਕੰਮ ਕਰ ਸਕਦੀਆਂ ਹਨ। ਮਾਰਕਿਟ ਕਮੇਟੀ ਰੋਲਰ ਆਪਣੇ ਖਰੀਦ ਕੇ ਮੌਕੇ ਤੇ ਖੜੇ ਹੋ ਕੇ ਕੰਮ ਕਰਵਾ ਸਕਦੀ ਹੈ। ਜੇ ਮਾਰਕਿਟ ਕਮੇਟੀ ਆਪ ਕੰਸਟ੍ਰਕਸ਼ਨ ਕਰੇਗੀ ਤਾਂ ਆਪ ਹੀ ਜੁਆਬ ਦੇਹ ਹੋਵੇਗੀ। ਪੀ. ਡਬਲਯੂ. ਡੀ. ਕੋਲ ਤਾਂ ਅੱਗੇ ਹੀ ਕੰਮ ਜ਼ਿਆਦਾ ਹੈ। ਪਾਂਡੇ ਸਾਹਿਬ ਤਾਂ ਆਪ ਦਸਦੇ ਸਨ ਕਿ ਉਨ੍ਹਾਂ ਕੋਲ ਕੰਮ ਬਹੁਤ ਜ਼ਿਆਦਾ ਹੈ। ਸੋ ਮੈਂ ਕਹਿਣਾ

Original with;
Punjab Vidhan Sabha
Digitized by;
Panjab Digital Library

ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀਆਂ ਆਪ ਰੋਲਰ ਵਗੈਰਾ ਲੈ ਕੇ ਇਹ ਕੰਮ ਆਪ ਸ਼ੁਰੂ ਕਰਨ । ਇਤਨਾ ਕਹਿ ਕੇ, ਸਪੀਕਰ ਸਾਹਿਬ, ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

**ਖੇਤੀ ਬਾੜੀ ਅਤੇ ਜੰਗਲਾਤ ਮੰਤਰੀ (ਮਾਸਟਰ ਗੁਰਬੰਤਾ ਸਿੰਘ):** ਸਪੀਕਰ ਸਾਹਿਬ, ਗੱਲ ਤਾਂ ਕੋਈ ਬਹੁਤੀ ਨਹੀਂ ਸੀ । ਗੱਲ ਇੰਨੀ ਸੀ ਕਿ ਸਾਡਾ ਜਿਹੜਾ ਮੰਡੀਆਂ ਵਿਚ ਗੁੜ ਵਿਕਦਾ ਹੈ ਉਸ ਦੇ ਲਾਇਸੈਂਸ ਵਾਲਿਆਂ ਨੇ ਇਹ ਦਾਅਵਾ ਕੀਤਾ ਹੈ ਕਿ ਇਸ ਤੇ ਫ਼ੀਸ ਨਹੀਂ ਲਗ ਸਕਦੀ । ਹਾਈ ਕੋਰਟ ਦੇ ਵਿਚ ਸਾਡੇ ਹੱਕ ਦੇ ਵਿਚ ਫੈਸਲਾ ਹੋ ਗਿਆ ਅਤੇ ਸੁਪਰੀਮ ਕੋਰਟ ਦੇ ਵਿਚ ਸਾਡੇ ਬਰਖਿਲਾਫ਼ ਹੋ ਗਿਆ । ਫਾਰਮ ਜਿਹੜਾ ਬਣਿਆ ਸੀ ਉਸ ਦੇ ਵਿਚ ਕੁਝ ਕਮੀ ਹੋਣ ਕਰਕੇ ਇਹ ਚੀਜ਼ ਹੋਈ ਹੈ । ਹੁਣ ਅਸੀਂ ਉਹ ਕਮੀ ਦੂਰ ਕਰ ਦਿਤੀ ਹੈ ਔਰ ਰੂਲ ਵੀ ਤਬਦੀਲ ਕਰ ਦਿਤਾ ਹੈ, ਆਰਡੀਨੈਂਸ ਦੇ ਰਾਹੀਂ ਇਹ ਚੀਜ਼ ਲਾਗੂ ਕਰ ਦਿਤੀ ਸੀ ।

ਸਪੀਕਰ ਸਾਹਿਬ, ਇਥੇ ਦੋ ਤਿੰਨ ਗੱਲਾਂ ਕਹੀਆਂ ਗਈਆਂ ਹਨ ਉਨ੍ਹਾਂ ਦੇ ਮੁਤੱਲਕ ਮੈਂ 2-4 ਮਿੰਟਾਂ ਵਿਚ ਹੀ ਅਰਜ਼ ਕਰਨੀ ਚਾਹੁੰਦਾ ਹਾਂ । ਜੋਸ਼ ਸਾਹਿਬ ਨੇ, ਚੌਧਰੀ ਦਰਸ਼ਨ ਸਿੰਘ ਜੀ ਨੇ ਵੀ ਕਿਹਾ ਹੈ ਕਿ ਮਾਰਕਿਟਿੰਗ ਬੋਰਡ ਜਾਂ ਕਮੇਟੀਆਂ ਦਾ ਜਿਹੜਾ ਪੈਸਾ ਹੈ ਉਹ ਖ਼ਜ਼ਾਨੇ ਵਿਚ ਜਮ੍ਹਾਂ ਕਰਵਾ ਦਿੰਦੇ ਹਨ ਅਤੇ ਉਧਰ ਪਿਆ ਰਹਿੰਦਾ ਹੈ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਪੈਸਾ ਜਮ੍ਹਾਂ ਨਹੀ ਕਰਵਾਉਂਦੇ ਇਹ ਪੈਸਾ ਪੀ. ਡਬਲਿਯੂ. ਡੀ. ਨੂੰ ਦਿੰਦੇ ਹਾਂ ਅਤੇ ਉਹ ਸੜਕਾਂ ਵਗੈਰਾ ਬਣਾਉਂਦਾ ਹੈ । ਇਸ ਦੇ ਵਿਚ ਕੋਈ ਸ਼ਕ ਨਹੀਂ ਕਿ ਸੜਕਾਂ ਬਣਾਉਣ ਵਿਚ ਦੇਰੀ ਲਗਦੀ ਹੈ । ਸਾਡੀ ਸਰਕਾਰ ਬਣਨ ਤੋਂ ਪਹਿਲਾਂ ਕੁਝ ਮਾਰਕਿਟ ਕਮੇਟੀਆਂ ਨੂੰ ਇਸ ਗੱਲ ਦੀ ਇਜਾਜ਼ਤ ਦਿਤੀ ਸੀ ਕਿ ਉਹ ਸੜਕਾਂ ਆਪ ਬਣਾਉਣ । ਉਨ੍ਹਾਂ ਮਾਰਕਿਟ ਕਮੇਟੀਆਂ ਨੇ ਚੰਗਾ ਕੰਮ ਕੀਤਾ ਹੈ । ਛੇਤੀ ਕੰਮ ਕੀਤਾ ਹੈ । ਚੌਧਰੀ ਦਰਸ਼ਨ ਸਿੰਘ ਜੀ ਨੇ ਇਹ ਗੱਲ ਕਹੀ ਹੈ ਕਿ ਮਾਰਕਿਟ ਕਮੇਟੀਆਂ ਆਪ ਸੜਕਾਂ ਬਣਾਉਣ । ਹਾਊਸ ਦੇ ਮੈਂਬਰ ਸਹਿਬਾਨ ਦੀ ਵੀ ਇਹੀ ਰਾਏ ਹੈ ਕਿ ਮਾਰਕਿਟ ਕਮੇਟੀਆਂ ਆਪ ਬਣਾਉਣ । ਇਹ ਅਸੀਂ ਸੋਚ ਲਵਾਂਗੇ, ਇਸ ਦੇ ਬਾਰੇ ਸ਼ਰਮਾ ਜੀ ਨਾਲ ਵੀ ਮੈਂ ਗੱਲ ਬਾਤ ਕਰ ਲਵਾਂਗਾ, ਚੀਫ ਮਨਿਸਟਰ ਸਾਹਿਬ ਨਾਲ ਵੀ ਗੱਲ ਕਰ ਲਵਾਂਗਾ (ਵਿਘਨ)

**ਚੌਧਰੀ ਦਰਸ਼ਨ ਸਿਘ :** ਸ਼ਰਮਾ ਜੀ ਤੋਂ ਕੋਈ ਪੈਸੇ ਲੈਣੇ ਹਨ ? (ਵਿਘਨ) ਸਪੀਕਰ ਸਾਹਿਬ, ਫਾਈਨੈਂਸ ਡੀਪਾਰਟਮੈਂਟ ਨਾਲ ਇਸ ਦਾ ਕੋਈ ਤੁਅਲਕ ਨਹੀਂ ਹੈ ।

**ਵਿੱਤ ਮੰਤਰੀ :** (ਬੈਠੇ ਬੈਠੇ) ਪੀ. ਡਬਲਿਯੂ. ਡੀ. ਦਾ ਸਟਾਫ ਕੁਝ ਕੱਢਣਾ ਪੈਣਾ ਹੈ ਇਸ ਲਈ ਇਹ ਵਿਚਾਰਨ ਵਾਲੀ ਗੱਲ ਹੀ ਹੈ ।

**ਖੇਤੀ ਬਾੜੀ ਅਤੇ ਜੰਗਲਾਤ ਮੰਤਰੀ :** ਮੈਂਬਰਾਂ ਨੇ ਜਿਹੜੀ ਮੰਗ ਕੀਤੀ ਹੈ ਉਸ ਤੇ ਵਿਚਾਰ ਕਰ ਲਵਾਂਗੇ ।

**ਸ਼੍ਰੀ ਸਪੀਕਰ :** ਮੈਂ ਵੀ ਸਿਫ਼ਾਰਸ਼ ਕਰਦਾ ਹਾਂ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਬਾਰਾ ਸਿੰਘ :** ਮਾਸਟਰ ਜੀ, ਹੁਣ ਤਾਂ ਸਪੀਕਰ ਸਾਹਿਬ ਨੇ ਵੀ ਸਿਫ਼ਾਰਸ਼ ਕਰ ਦਿੱਤੀ ਹੈ ।

**ਖੇਤੀ ਬਾੜੀ ਅਤੇ ਜੰਗਲਾਤ ਮੰਤਰੀ :** ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕਰਾਂਗੇ ਔਰ ਇਸ ਮੰਗ ਤੇ ਅਸੀਂ ਪੂਰਾ ਵਿਚਾਰ ਕਰਾਂਗੇ ।

ਸਪੀਕਰ ਸਾਹਿਬ, ਕੁਝ ਖੇਤੀ ਬਾੜੀ ਦੇ ਕੰਮ ਅਤੇ ਜ਼ਿਮੀਦਾਰ ਦੇ ਕੰਮ ਨੂੰ ਸੁਧਾਰਨ ਵਾਸਤੇ ਗੱਲਾਂ ਕਹੀਆਂ ਗਈਆਂ ਹਨ । ਅਸੀਂ ਖੇਤੀ ਬਾੜੀ ਦੇ ਕੰਮ ਨੂੰ ਸੁਧਾਰਨ ਵਾਸਤੇ, ਮੱਦਦ ਕਰਨ ਵਾਸਤੇ ਮਾਰਕਿਟ ਫ਼ੀਸ ਦਾ ਪੈਸਾ ਖਰਚ ਕਰਦੇ ਹਾਂ । ਅਸੀਂ ਬਿਜਲੀ ਵਾਸਤੇ ਪੈਸੇ ਦਿਤੇ ਹਨ ਤਾਂਕਿ ਜ਼ਿਮੀਦਾਰਾਂ ਨੂੰ ਬਿਜਲੀ ਜਲਦੀ ਮਿਲ ਸਕੇ । ਸਪਰੇ ਕਰਨ ਵਾਸਤੇ ਦਵਾਈਆਂ ਦੇ ਲਈ ਪੈਸੇ ਦਿਤੇ ਹਨ । ਮੱਕੀ ਦਾ ਬੀਜ ਹੈ ਉਸ ਵਿਚ ਸਬਸਿਡੀ ਮਾਰਕਿਟਿੰਗ ਬੋਰਡ ਨੇ ਦਿਤੀ ਹੈ । ਇਹੀ ਨਹੀਂ, ਸਪੀਕਰ ਸਾਹਿਬ, ਆਲੂ ਦੀ ਕੀਮਤ ਵੱਧ ਗਈ ਹੈ ਜਿਸ ਦੇ ਨਾਲ ਕਿਸਾਨ ਬੜਾ ਖੁਸ਼ ਹੈ ।

ਸਾਰੇ ਪੰਜਾਬ ਵਿਚ ਮਾਰਕਿਟਿੰਗ ਬੋਰਡ ਜ਼ਿਮੀਦਾਰਾਂ ਦੀ ਬਿਹਤਰੀ ਵਾਸਤੇ ਖਰਚ ਕਰ ਰਿਹਾ ਹੈ । ਹੁਣ ਵੀ ਕੁਝ ਸੁਝਾਅ ਮੇਰੇ ਦੋਸਤਾਂ ਨੇ ਦਿਤੇ ਹਨ ਕਿ ਜਿਹੜੇ ਲੋਕ ਜ਼ਿਮੀਦਾਰਾਂ ਨਾਲ ਕੰਮ ਕਰਨ ਵਾਲੇ ਹਨ ਉਨ੍ਹਾਂ ਦਾ ਵੀ ਕੁਝ ਫਾਇਦਾ ਕੀਤਾ ਜਾਵੇ । ਅਸੀਂ ਇਹ ਵੀ ਸੋਚ ਰਹੇ ਹਾਂ ਕਿ ਉਨ੍ਹਾਂ ਦੇ ਸੁਧਾਰ ਵਾਸਤੇ ਵੀ ਪੈਸਾ ਖਰਚ ਕੀਤਾ ਜਾਵੇ । ਸ਼ਰਮਾ ਜੀ ਨੇ ਪਿਛਲੀ ਵਾਰੀ ਸੁਝਾਓ ਦਿਤਾ ਸੀ ਕਿ ਜਿਸ ਮਾਰਕਿਟ ਕਮੇਟੀ ਦੀ ਸੜਕ ਪਿੰਡਾਂ ਵਿਚ ਬਣਦੀ ਹੈ ਸ਼ਹਿਰਾਂ ਦੀ ਹੱਦ ਤੇ ਉਸ ਵਿਚ ਕੁਝ ਟੁਕੜਾ ਛੱਡ ਦਿੱਤਾ ਜਾਂਦਾ ਹੈ ਅਸੀਂ, ਉਹ ਵੀ ਬਣਾਉਣਾ ਸ਼ੁਰੂ ਕਰ ਦਿਤਾ ਹੈ । ਜਿਹੜੀਆਂ ਮਾਰਕਿਟ ਕਮੇਟੀਆਂ ਕਮਜ਼ੋਰ ਹਨ ਉਨ੍ਹਾਂ ਨੂੰ ਮਾਰਕਿਟਿੰਗ ਬੋਰਡ ਵਿਚੋਂ ਕਰਜ਼ਾ ਦੇ ਦਿੰਦੇ ਹਾਂ ਤਾਂ ਕਿ ਉਹ ਪਸਮਾਂਦਾ ਨਾ ਰਹਿ ਜਾਣ ਅਤੇ ਅਗੇ ਵਧ ਸਕਣ । ਅਸੀਂ ਹਰ ਇਕ ਦੀ ਮੱਦਦ ਕਰਦੇ ਹਾਂ । ਹੋਰ ਜਿਹੜੀਆਂ ਚੀਜ਼ਾਂ ਮੇਰੇ ਦੋਸਤਾਂ ਨੇ ਕਹੀਆਂ ਹਨ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਜਿਹੜਾ ਇਰਾਦਾ ਹੈ ਕਿ ਲੋਕਾਂ ਦਾ ਸੁਧਾਰ ਕੀਤਾ ਜਾਵੇ ਅਸੀਂ ਅਗੇ ਵੀ ਮਦਦ ਕਰਦੇ ਹਾਂ ਅਤੇ ਅਗੇ ਨੂੰ ਵੀ ਕੋਸ਼ਿਸ਼ ਕਰਾਂਗੇ ।

**Mr. Speaker :** Question is—

That the Punjab Agricultural Produce Markets (Validation) Bill be taken into consideration.

*The motion was carried.*

**Mr. Speaker :** Now the House will proceed to consider the Bill Clause by Clause.

SUB-CLAUSE (2) OF CLAUSE 1

**Mr. Speaker :** Question is—

That Sub-Clause (2) of Clause 1 stand part of the Bill.

*The motion was carried.*

Original with
Punjab Vidhan Sabha
Digitized by;
Panjab Digital Library

CLAUSE 2

**Mr. Speaker :** Question is—

That Clause 2 stand part of the Bill.

*The motion was carried.*

CLAUSE 3

**Mr. Speaker :** Question is—

That Clause 3 stand part of the Bill.

*The motion was carried.*

SUB-CLAUSE (1) OF CLAUSE 1

**Mr. Speaker :** Question is—

That Sub-Clause (1) of Clause 1 stand part of the Bill.

*The motion was carried.*

TITLE

**Mr. Speaker :** Question is—

That Title be the Title of the Bill.

*The Motion was carried.*

**Agriculture and Forests Minister** (Master Gurbanta Singh): **Sir, I** beg to move—

That the Punjab Agricultural Produce Markets (Validation) Bill be passed.

**Mr. Speaker** : Motion moved—

That the Punjab Agricutural Produce Markets (Validation) Bill be passed.

**Mr. Speaker** : Question is—

That the Punjab Agricultural Produce Markets (Validation) Bill be passed.

*The motion was carried.*

Original with;
Punjab Vidhan Sabha
Digitized by;
Panjab Digital Library

## THE PUNJAB GRAM PANCHAYAT (COMMON PURPOSES LAND) EVICTION AND RENT RECOVERY BILL, 1976

**Minister of State for Development** (Sardar Santokh Singh Randhawa): Sir, I beg to introduce the Punjab Gram Panchayat (Common Purposes Land) Eviction and Rent Recovery Bill.

Sir, I also beg to move—

> That the Punjab Gram Panchayat (Common Purposes Land) Eviction and Rent Recovery Bill be taken into consideration at once.

**Mr. Speaker :** Motion moved —

> That the Punjab Gram Panchayat (Common Purposes Land) Eviction and Rent Recovery Bill be taken into consideration at once.

**ਕਾਮਰੇਡ ਰਾਜ ਕੁਮਾਰ** (ਧਾਰੀਵਾਲ) : ਸਪੀਕਰ ਸਾਹਿਬ, ਇਸ ਵਕਤ ਇਹ ਕਾਨੂੰਨ ਜਿਹੜਾ ਕਿ ਸੁਆਗਤ ਦੇ ਕਾਬਿਲ ਹੈ, ਲਿਆਂਦਾ ਜਾ ਰਿਹਾ ਹੈ ਅਤੇ ਇਸ ਦਾ ਮਕਸਦ ਇਹ ਹੈ ਕਿ ਜਿਹੜੀ ਜ਼ਮੀਨ ਪਿੰਡਾਂ ਵਿਚ ਹੈ ਜਿਸ ਦਾ ਮਾਲਕਾਨਾ ਕਿਸੇ ਦਾ ਨਹੀਂ ਉਸ ਨੂੰ ਪੰਚਾਇਤ ਵਿਚ ਲਿਆਉਣਾ ਹੈ । ਪਹਿਲਾਂ ਜਿਹੜਾ ਕਾਨੂੰਨ ਸੀ ਉਹ ਇਕ ਜੰਗਲ ਦਾ ਕਾਨੂੰਨ ਸੀ । ਸਪੀਕਰ ਸਾਹਿਬ, ਜਿਸ ਦੀ ਤਾਕਤ ਹੁੰਦੀ ਸੀ ਉਹ ਜ਼ਮੀਨ ਮਲ ਕੇ ਬੈਠ ਜਾਂਦਾ ਸੀ ਅਤੇ ਜਿਹੜੇ ਪ੍ਰਾਸੈਸ ਹੁਣ ਤਕ ਡਿਪਾਰਟਮੈਂਟ ਕੋਲ ਹਨ ਉਨ੍ਹਾਂ ਦੇ ਮੁਤਾਬਕ ਉਹ ਜ਼ਮੀਨ ਨਹੀਂ ਸੀ ਛਡਾਈ ਜਾ ਸਕਦੀ । ਇਸ ਦਾ ਨਤੀਜਾ ਇਹ ਨਿਕਲੇਗਾ ਕਿ ਹਜ਼ਾਰਾਂ ਏਕੜ ਜ਼ਮੀਨ ਪੰਚਾਇਤਾਂ ਦੇ ਕੋਲ ਆ ਜਾਏਗੀ ਅਤੇ ਉਸ ਨਾਲ ਪੰਚਾਇਤਾਂ ਦੀ ਆਮਦਨ ਵਧ ਜਾਏਗੀ । ਮੈਂ ਕਹਿੰਦਾ ਹਾਂ ਕਿ ਜਿਥੇ ਇਸ ਬਿਲ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਹੈ ਉਥੇ ਮੈਂ ਇਹ ਵੀ ਕਹਾਂਗਾ ਕਿ ਇਹ ਕਾਮਨ ਪਰਪਜ਼ ਐਕਟ ਜਿਹੜਾ ਹੈ, ਜਿਹੜੀ ਲਾਲ ਲਕੀਰ ਦੇ ਅੰਦਰ ਜ਼ਮੀਨ ਹੋਵੇ ਉਹ ਵੀ ਪੰਚਾਇਤਾਂ ਦੇ ਕੰਟਰੋਲ ਵਿਚ ਆਉਣੀ ਚਾਹੀਦੀ ਹੈ । ਜਿਹੜੀ ਜ਼ਮੀਨ ਨਾਲੀਆਂ, ਗਲੀਆਂ, ਛਪੜਾਂ, ਖੂਹਾਂ, ਡਿਸਪੈਂਸਰੀਆਂ, ਸਕੂਲਾਂ ਅਤੇ ਹਸਪਤਾਲਾਂ ਦੇ ਵਾਸਤੇ ਹੈ ਉਹ ਵੀ ਪੰਚਾਇਤਾਂ ਦੇ ਕੰਟਰੋਲ ਵਿਚ ਆਉਣੀ ਚਾਹੀਦੀ ਹੈ । ਇਨ੍ਹਾਂ ਜ਼ਮੀਨਾਂ ਵਾਸਤੇ ਪਿੰਡਾਂ ਵਿਚ ਕਾਫੀ ਲਿਟੀਗੇਸ਼ਨਜ਼, ਝਗੜੇ ਚਲਦੇ ਹਨ । ਮੈਂ ਇਹ ਚਾਹਵਾਂਗਾ ਕਿ ਕਿਸੇ ਮੌਕੇ ਤੇ ਬਿਲ ਲਿਆਓ ਇਨ੍ਹਾਂ ਜ਼ਮੀਨਾਂ ਨੂੰ ਆਪਣੇ ਕੰਟਰੋਲ ਵਿਚ ਲਿਆਉਣ ਲਈ । ਇਨ੍ਹਾਂ ਵਾਸਤੇ ਜਿਹੜਾ ਦੂਸਰਾ ਕਾਨੂੰਨ ਹੈ ਕਾਮਨ ਪਰਪੰਜ਼ ਲੈਂਡ ਰੈਗੂਲੇਸ਼ਨ ਐਕਟ ਹੈ ਉਸ ਦੀ ਜੇ ਤਬਦੀਲੀ ਕਰਨੀ ਪਏ, ਕੀਤੀ ਜਾਵੇ । ਮੈਂ ਸਪੀਕਰ ਸਾਹਿਬ, ਇਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਇਸ ਜ਼ਮੀਨ ਨੂੰ ਜਿਹੜੀ ਰਿਵਰ ਐਕਸ਼ਨ ਨਾਲ ਸ਼ਾਮਲਾਤ ਵਿਚ ਆ ਜਾਂਦੀ ਹੈ, ਪੰਚਾਇਤ ਉਹ ਕੇਸ ਗਵਾਂ ਬੈਠਦੀ ਹੈ । ਝਗੜੇ ਵਧ ਜਾਂਦੇ ਹਨ । ਉਸ ਦੇ ਲਈ ਜਿਹੜਾ ਕਾਨੂੰਨ ਹੈ ਉਸ ਨੂੰ ਤਬਦੀਲ ਕਰਕੇ ਪੰਚਾਇਤ ਐਕਟ ਦੇ ਥਲੇ ਲਿਆਉਣਾ ਚਾਹੀਦਾ ਹੈ । ਇਸ ਬਾਰੇ ਪਿਛਲਾ ਤਜ਼ਰਬਾ ਦਸਦਾ ਹੈ। ਜਿਹੜੀ ਇਸ ਕਿਸਮ ਦੀ ਜ਼ਮੀਨ ਹੈ ਪੰਚਾਇਤਾਂ ਦੇ ਕੰਟਰੋਲ ਵਿਚ ਲਿਆਉਣੀ ਚਾਹੀਦੀ ਹੈ । ਹੁਣ ਜਿਹੜੇ ਇਸ ਦੇ ਲਈ ਅਸਿਸਟੈਂਟ ਕੁਲੈਕਟਰਜ਼ ਜਾਂ ਕੁਲੈਕਟਰਜ਼ ਹਨ ਉਹ ਇਨ੍ਹਾਂ ਜ਼ਮੀਨਾਂ ਨੂੰ ਡੀਲ ਕਰਨ ਵਿਚ ਐਪੇਥੈਟਿਕ ਐਂਡ ਅਨਕਨਸਰਨਡ ਹਨ ਅਤੇ ਠੀਕ ਡੀਲ ਵਿਦ ਨਹੀਂ ਕਰ ਸਕਦੇ, ਜਿਸ ਕਰਕੇ ਸਾਰਾ ਪਰਪਜ਼ ਡਿਫ਼ੀਟ ਹੋ ਜਾਂਦਾ ਹੈ । ਇਸ ਬਾਰੇ ਮੇਰਾ ਸੁਝਾਓ ਇਹ ਹੈ ਕਿ ਜਿਹੜਾ ਡਿਵੈਲਪਮੈਂਟ ਡਿਪਾਰਟਮੈਂਟ ਹੈ ਉਸ ਦੀਆਂ ਜਿਹੜੀਆਂ

Original with;
Punjab Vidhan Sabha
Digitized by;
Panjab Digital Library

ਅਥਾਰਟੀਜ਼ ਹਨ ਉਨ੍ਹਾਂ ਨੂੰ ਅਸਿਸਟੈਂਟ ਕੁਲੈਕਟਰ ਅਤੇ ਕੁਲੈਕਟਰ ਦੀਆਂ ਪਾਵਰਜ਼ ਦਿੱਤੀਆਂ ਜਾਣ । ਜਿਸ ਵਕਤ ਇਸ ਕਿਸਮ ਦੇ ਕੇਸ ਆਉਣ ਉਹ ਜਲਦੀ ਨਿਪਟਾਰਾ ਕਰ ਸਕਦੀਆਂ ਹਨ, ਤਾਂ ਕਿ ਜ਼ਮੀਨ ਜਿਹੜੀ ਹੈ ਉਹ ਪੰਚਾਇਤ ਦੇ ਕਬਜ਼ੇ ਵਿਚ ਆ ਸਕੇ ।

ਇਕ ਸੁਝਾਓ ਮੈਂ ਹੋਰ ਦਿੰਦਾ ਹਾਂ ਕਿ ਜਿਹੜਾ ਇਸ ਵਕਤ ਪੰਜਾਬ ਸਿਕਿਉਰਿਟੀ ਆਫ ਲੈਂਡ ਟੈਨਿਉਰ ਐਕਟ, 1953 ਹੈ ਜਿਸ ਵਿਚ ਇਸ ਗੱਲ ਦੀ ਪ੍ਰੋਵੀਜ਼ਨ ਹੈ ਕਿ ਜਿਹੜੀ ਜ਼ਮੀਨ ਕਾਬਲੇਕਾਸ਼ਤ ਬਣਾਈ ਗਈ ਹੋਵੇ ਲੈਂਡਲੈਸ ਕਲਟੀਵੇਟਰ ਦੀ ਤਰਫੋਂ ਉਹ ਜ਼ਮੀਨ ਜੇ ਉਨ੍ਹਾਂ ਦੇ ਕਬਜ਼ੇ ਵਿਚ ਹੋਵੇ ਤਾਂ ਉਹ ਜ਼ਮੀਨ ਉਨ੍ਹਾਂ ਨੂੰ ਅਲਾਟ ਕਰ ਦਿਤੀ ਜਾਏ । ਮੈਂ ਮੰਤਰੀ ਜੀ ਨੂੰ ਦਰਖਾਸਤ ਕਰਾਂਗਾ ਕਿ ਉਸ ਤੇ ਗੌਰ ਕਰਨ ਔਰ ਉਹ ਜ਼ਮੀਨ ਜਿਹੜੀ ਅਜਿਹੇ ਗੈਰ ਮਾਲਕਾਂ ਦੇ ਕਬਜ਼ੇ ਵਿਚ ਹੋਵੇ, ਉਨ੍ਹਾਂ ਨੇ ਆਪ ਬਣਾਈ ਹੋਵੇ ਉਹ ਉਨ੍ਹਾਂ ਨੂੰ ਅਲਾਟ ਕਰ ਦਿਤੀ ਜਾਵੇ । ਇਸ ਸਬੰਧ ਵਿਚ ਮੈਂ ਅਰਜ਼ ਕਰਾਂਗਾ ਕਿ ਲੁਧਿਆਣਾ ਵਿਚ ਇਸ ਸਬੰਧੀ ਕੋਈ 100 ਕੇਸ ਹਨ ਅਤੇ ਜਿਹੜੇ ਕਿ ਗੌਰਮਿੰਟ ਦੇ ਨੋਟਿਸ ਵਿਚ ਹਨ । ਉਨ੍ਹਾਂ ਕੇਸਾਂ ਵਿਚ ਜ਼ਮੀਨ ਉਨ੍ਹਾਂ ਨੂੰ ਸੌਂਪ ਦਿਤੀ ਜਾਵੇ । ਉਨ੍ਹਾਂ ਲੋਕਾਂ ਨੇ ਉਸ ਜ਼ਮੀਨ ਤੇ ਆਪ ਇਨਵੈਸਟਮੈਂਟ ਕੀਤੀ ਹੋਈ ਹੈ । ਅਕਾਲੀ ਗੌਰਮਿੰਟ ਨੇ ਉਨ੍ਹਾਂ ਨੂੰ ਨੋਟਿਸ ਦੇ ਦਿਤੇ ਸਨ ਖਾਲੀ ਕਰਾਉਣ ਲਈ । ਉਨ੍ਹਾਂ ਨੇ ਆਪਣੀਆਂ ਜਾਇਦਾਦਾਂ ਵੇਚ ਕੇ ਉਸ ਨੂੰ ਡਿਵੈਲਪ ਕੀਤਾ ਹੈ । ਮੇਰੀ ਅਰਜ਼ ਹੈ ਕਿ ਜਿਨ੍ਹਾਂ ਨੇ ਆਪਣੇ ਪੈਸੇ ਨਾਲ ਜ਼ਮੀਨ ਆਬਾਦ ਕੀਤੀ ਹੋਵੇ ਔਰ ਉਨ੍ਹਾਂ ਕੋਲ ਲੈਂਡ ਅੰਡਰ ਕਲਟੀਵੇਸ਼ਨ ਹੋਵੇ ਉਹ ਜ਼ਮੀਨ ਉਨ੍ਹਾਂ ਨੂੰ ਬਗੈਰ ਮੁਆਵਜ਼ਾ ਦੇ ਦਿਤੀ ਜਾਵੇ । ਇਨ੍ਹਾਂ ਤਜਵੀਜ਼ਾਂ ਨਾਲ, ਸਪੀਕਰ ਸਾਹਿਬ, ਮੈਂ ਇਸ ਬਿੱਲ ਦਾ ਭਰਪੂਰ ਸੁਆਗਤ ਕਰਦਾ ਹਾਂ ਅਤੇ ਸਹਿਮਤੀ ਪਰਗਟ ਕਰਦਾ ਹਾਂ ।

**ਸਰਦਾਰ ਬੇਅੰਤ ਸਿੰਘ** (ਪਾਇਲ) : ਸਪੀਕਰ ਸਾਹਿਬ, ਬੜਾ ਅੱਛਾ ਬਿੱਲ ਲਿਆਂਦਾ ਗਿਆ ਹੈ । ਪਿੰਡਾਂ ਦੇ ਵਿਚ ਜਿਹੜੀ ਤਰੱਕੀ ਹੋਈ ਹੈ ਜਾਂ ਹੋਣੀ ਹੈ ਉਸ ਦੇ ਵਾਸਤੇ ਜੇ ਕੋਈ ਆਮਦਨ ਦਾ ਸਾਧਨ ਹੈ ਤਾਂ ਉਹ ਜ਼ਮੀਨ ਹੀ ਹੈ । ਮੈਂ ਇਕ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਪਟਿਆਲਾ ਜ਼ਿਲ੍ਹਾ ਵਿਚ ਬੜੀਆਂ ਭਾਰੀਆਂ ਸ਼ਾਮਲਾਤ ਸਨ ਉਨ੍ਹਾਂ ਪਿੰਡਾਂ ਵਿਚ ਪਰ ਉਥੇ ਅਫ਼ਸਰ ਰਲ ਗਏ ਪੰਚਾਇਤਾਂ ਨਾਲ ਖਾਸ ਤੌਰ ਤੇ ਬੀ. ਡੀ. ਓਜ਼. ਜਾਂ ਸੈਕਟਰੀਜ਼ ਜਿਹੜੇ ਸਨ ਉਨ੍ਹਾਂ ਨੇ ਮਿਲ ਕੇ ਕਈਆਂ ਨੂੰ ਬੜੀ ਦੇਰ ਵਾਸਤੇ ਲੀਜ਼ ਤੇ ਦੇ ਦਿੱਤੀਆਂ । ਸਾਡੀ ਸਰਕਾਰ ਨੇ ਕੋਸ਼ਿਸ਼ ਕਰਕੇ ਕਾਫੀ ਹੱਦ ਤੱਕ ਕਢਾਈਆਂ ਹਨ ਅਤੇ ਇਸ ਵਿਚ ਕਾਮਯਾਬ ਹੋਈ ਹੈ । ਮੈਂ ਅਰਜ਼ ਕਰਾਂਗਾ ਕਿ ਇਕ ਤਾਂ ਸ਼ਾਮਲਾਤ ਦੇਹ ਹੈ ਪਿੰਡਾਂ ਵਿਚ ਔਰ ਹੋਰ ਹੈ ਮੁਸ਼ਤਰਕਾ ਮਾਲਕਾਨਾ । ਜਿਹੜੀ ਮੁਸ਼ਤਰਕਾ ਮਾਲਕਾਨਾ ਹੈ ਉਸ ਤੇ ਪੰਚਾਇਤਾਂ ਦਾ ਅਧਿਕਾਰ ਨਹੀਂ । ਅਗਰ ਉਥੇ ਕੋਈ ਹਸਪਤਾਲ ਬਣਾਉਣਾ ਹੋਵੇ ਜਾਂ ਸਕੂਲ ਖੋਲ੍ਹਣਾ ਹੋਵੇ ਤਾਂ ਮਾਲਕ ਕਹਿੰਦੇ ਹਨ ਕਿ ਇਹ ਪੱਤੀਆਂ ਦੀ ਜ਼ਮੀਨ ਹੈ ਅਸੀਂ ਨਹੀਂ ਦਿੰਦੇ । ਇਸ ਲਈ ਉਹ ਜਿਹੜੀ ਮੁਸ਼ਤਰਕਾ ਮਾਲਕਾਨਾ ਜ਼ਮੀਨ ਹੈ ਉਹ ਕਾਮਨ ਪਰਪਜ਼ ਵਾਸਤੇ ਇਸਤੇਮਾਲ ਕੀਤੀ ਜਾਵੇ, ਇਸ ਦੇ ਲਈ ਕੋਈ ਨਾ ਕੋਈ ਲੈਜਿਸਲੇਸ਼ਨ ਲਿਆਉਣਾ ਚਾਹੀਦਾ ਹੈ । ਮੈਂ ਇਕ ਅਰਜ਼ ਹੋਰ ਕਰਦਾ ਹਾਂ ਕਿ ਜਿਹੜੀ ਮੁਸਲਮਾਨਾਂ ਦੀ ਪਿੰਡਾਂ ਵਿਚ ਅਵੈਕਿਊ ਲੈਂਡ ਜਿਹੜੀ ਸੀ ਉਹ ਅਲਾਟ ਹੋ ਚੁੱਕੀ ਹੈ । ਜਿਹੜੇ ਪਾਕਿਸਤਾਨ ਤੋਂ ਆਏ ਸਨ ਉਹ ਮਾਲਕ ਬਣ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਚੁੱਕੇ ਹਨ। ਪਰ ਜਿਹੜੀ ਸ਼ਾਮਲਾਤ ਪਈ ਹੈ ਮੁਸਲਮਾਨਾਂ ਦੀ ਔਰ ਉਨ੍ਹਾਂ ਤੋਂ ਜਿਹੜੇ ਬਾਅਦ ਉਥੇ ਵਸੇ ਹਨ ਉਨ੍ਹਾਂ ਦਾ ਕੋਈ ਅਧਿਕਾਰ ਨਹੀਂ। ਹਾਲਾਂ ਤੱਕ ਉਹ ਜ਼ਮੀਨ ਕਸਟੋਡੀਅਨ ਦੀ ਜ਼ਮੀਨ ਕਹਾਉਂਦੀ ਹੈ। ਕਸਟੋਡੀਅਨ ਦੀ ਜ਼ਮੀਨ ਅਗਰ ਉਥੇ ਹੋਵੇ ਤਾਂ ਕਸਟੋਡੀਅਨ ਦੇ ਮਹਿਕਮੇ ਵਾਲੇ, ਤਹਿਸੀਲਦਾਰ (ਸੇਲਜ਼) ਵਾਲੇ ਵੱਧ ਤੋਂ ਵੱਧ ਵੇਚਦੇ ਹਨ ਅਤੇ ਦੂਜੇ ਬਾਹਰਲੇ ਲੋਕਾਂ ਨੂੰ ਵੇਚੀ ਜਾਂਦੇ ਹਨ, ਜਿਸ ਦਾ ਪਿੰਡਾਂ ਨੂੰ ਬੜਾ ਭਾਰੀ ਨੁਕਸਾਨ ਹੁੰਦਾ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਮੁਰੱਬਾ-ਬੰਦੀ/ਪਿਛਲੇ ਸਾਲ ਵਿਚ ਹੋਈ, ਬਹੁਤ ਚਿਰ ਤੋਂ ਇਹ ਹੋ ਰਹੀ ਸੀ, ਹੁਣ ਖਤਮ ਹੋਣ ਤੇ ਆਈ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਪਿੰਡਾਂ ਵਿਚ ਪੰਚਾਇਤ ਵਾਸਤੇ ਜ਼ਮੀਨ ਰੱਖੀ ਗਈ ਅਤੇ ਇਹ ਇਕ ਬੜੀ ਚੰਗੀ ਗੱਲ ਕੀਤੀ ਗਈ ਸੀ ਲੇਕਿਨ ਬਦਕਿਸਮਤੀ ਦੀ ਗੱਲ ਇਹ ਹੈ ਕਿ ਕਈ ਲੋਕੀਂ ਹਾਈ ਕੋਰਟ ਵਿਚ ਰਿੱਟਾਂ ਤੇ ਚਲੇ ਗਏ ਅਤੇ ਉਥੇ ਇਹ ਫੈਸਲਾ ਹੋਇਆ ਕਿ ਜੋ ਜ਼ਮੀਨ ਰੱਖੀ ਗਈ ਸੀ, ਉਹ ਦੋਬਾਰਾ ਮਾਲਕਾਂ ਵਿਚ ਡਿਸਟਰੀਬਿਊਟ ਹੋ ਗਈ, ਤਕਸੀਮ ਹੋ ਗਈ ਅਤੇ ਜਦੋਂ ਮਾਲਕਾਂ ਨੂੰ ਵੰਡੀ ਗਈ ਤਾਂ ਉਸ ਦੇ ਕਈ ਟੁਕੜੇ ਹੋ ਗਏ ਅਤੇ ਮਾਲਕਾਂ ਨੂੰ ਵੰਡ ਕੇ ਇਕ ਇਕ ਵਿਸਵਾ ਜਾਂ 2-2 ਮਰਲੇ ਮਿਲੇ, ਜਿਸ ਦਾ ਨਤੀਜਾ ਇਹ ਹੋਇਆ ਕਿ ਉਹ ਜ਼ਮੀਨ ਟੁਕੜਿਆਂ ਵਿਚ ਵਟ ਗਈ ਅਤੇ ਇਕੱਠੀ ਨਾ ਰਹਿ ਸਕੀ। ਇਸ ਕਰਕੇ ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੀਆਂ ਸ਼ਾਮਲਾਤਾਂ ਦੀਆਂ ਜ਼ਮੀਨਾਂ ਤੀ ਕੋਈ ਆਮਦਨੀ ਨਹੀਂ, ਉਸ ਵਾਸਤੇ ਸਰਕਾਰ ਨੂੰ ਜ਼ਰੂਰ ਕੋਈ ਨਾ ਕੋਈ ਉਪਰਾਲਾ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਅਲਹਿਦਾ ਅਲਹਿਦਾ ਟੁਕੜਿਆਂ ਨੂੰ ਇਕੱਠਾ ਕਰ ਦੇਣਾ ਚਾਹੀਦਾ ਹੈ ਤਾਂ ਜੋ ਪੰਚਾਇਤਾਂ ਦਾ ਫ਼ਾਇਦਾ ਹੋ ਸਕੇ।

ਇੰਨਾ ਕਹਿੰਦਾ ਹੋਇਆ ਮੈਂ ਇਸ ਬਿੱਲ ਦੀ ਪ੍ਰੋੜ੍ਹਤਾ ਕਰਦਾ ਹਾਂ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀ** (ਫਗਵਾੜਾ, ਐਸ. ਸੀ.) : ਸਪੀਕਰ ਸਾਹਿਬ, ਇਹ ਬਿੱਲ ਜਿਹੜਾ ਕਿ ਸਾਡੇ ਡਿਵੈਲਪਮੈਂਟ ਮਨਿਸਟਰ ਸਾਹਿਬ, ਸਰਦਾਰ ਸੰਤੋਖ ਸਿੰਘ ਜੀ ਰੰਧਾਵਾ, ਲਿਆਏ ਹਨ, ਮੈਂ ਇਸ ਦੀ ਸਰਾਹਣਾ ਕਰਦਾ ਹਾਂ। ਬੜੀ ਦੇਰ ਤੋਂ ਇਹ ਮੰਗ ਸੀ ਕਿ ਜਿਹੜੀਆਂ ਪੰਚਾਇਤਾਂ ਦੀਆਂ ਕਾਮਨ ਲੈਂਡਜ਼ ਸਨ, ਉਨ੍ਹਾਂ ਉਤੇ ਪਿੰਡਾਂ ਦੇ ਬੜੇ ਬਾਰਸੂਖ ਬੰਦਿਆਂ ਦਾ ਨਾਜਾਇਜ਼ ਕਬਜ਼ਾ ਸੀ ਅਤੇ ਇਸ ਤਰ੍ਹਾਂ ਦੇ ਨਾਜਾਇਜ਼ ਕਬਜ਼ੇ 1,000-1,000 ਏਕੜ ਤੇ ਸਨ। ਉਹ ਜ਼ਮੀਨਾਂ ਹੁਣ ਇਸ ਬਿੱਲ ਦੇ ਜ਼ਰੀਏ ਪੰਚਾਇਤਾਂ ਦੇ ਭਲਾਈ ਦੇ ਕੰਮਾਂ ਲਈ, ਉਨ੍ਹਾਂ ਜ਼ਮੀਨਾਂ ਤੋਂ ਜੋ ਆਮਦਨੀ ਹੋਵੇਗੀ, ਕੰਮ ਕੀਤੇ ਜਾ ਸਕਣਗੇ। ਪੰਚਾਇਤਾਂ ਦੇ ਦੋ ਵੱਡੇ ਜ਼ਰੀਏ ਹਨ ਆਮਦਨੀ ਦੇ, ਇਕ ਚੁਲ੍ਹਾ ਟੈਕਸ ਅਤੇ ਦੂਜਾ ਜ਼ਰੀਆ ਜੋ ਇਸ ਜ਼ਮੀਨ ਰਾਹੀਂ ਮਿਲਣਾ ਹੈ। ਇਹ ਬੜੀ ਅੱਛੀ ਗੱਲ ਕੀਤੀ ਗਈ ਹੈ ਕਿ ਇਹ ਬਿੱਲ ਲਿਆ ਰਹੇ ਹਨ। ਲੇਕਿਨ, ਸਪੀਕਰ ਸਾਹਿਬ, ਮੈਂ ਇਕ ਬੇਨਤੀ ਆਪ ਦੇ ਥਰੂ ਕਰਾਂਗਾ ਕਿ ਉਂਜ ਤਾਂ ਸਾਡੀ ਗਿਆਨੀ ਜੀ ਦੀ ਸਰਕਾਰ ਇਸ ਗੱਲ ਦੀ ਬੜੀ ਕੋਸ਼ਿਸ਼ ਕਰ ਰਹੀ ਹੈ ਕਿ ਜਿਹੜੇ ਬੇਜ਼ਮੀਨੇ ਲੋਕ ਹਨ, ਜਿਨ੍ਹਾਂ ਕੋਲ ਜ਼ਮੀਨ ਨਹੀਂ ਹੈ, ਉਨ੍ਹਾਂ ਨੂੰ ਫਾਲਤੂ ਜ਼ਮੀਨ ਜਾਂ ਪੰਚਾਇਤਾਂ ਦੀ ਜ਼ਮੀਨ ਜਾਂ ਇਵੈਕਿਊ ਲੈਂਡ ਦਿੱਤੀ ਜਾਵੇ। ਇਸ ਦੇ ਸਬੰਧ ਵਿਚ ਮੈਂ ਇਕ ਬੇਨਤੀ ਜ਼ਰੂਰ ਕਰਾਂਗਾ ਕਿ ਜਿਸ ਤਰ੍ਹਾਂ ਕਾਮਰੇਡ ਰਾਜ ਕੁਮਾਰ ਜੀ ਨੇ ਜ਼ਿਕਰ ਕੀਤਾ, ਕਿ ਜਦੋਂ ਇਨ੍ਹਾਂ ਕਾਮਨ ਲੈਂਡਜ਼ ਨੂੰ, ਪੰਚਾਇਤਾਂ ਦੀਆਂ ਲੈਂਡਜ਼ ਨੂੰ, ਸਰਕਾਰ ਨੇ ਆਬਾਦ ਕਰਨ ਵਾਸਤੇ

Original with;
Punjab Vidhan Sabha
Digitized by;
Panjab Digital Library

10 ਸਾਲਾ ਪੱਟੇ ਤੇ ਦਿੱਤਾ ਸੀ ਅਤੇ ਇਹ ਜ਼ਮੀਨ ਆਬਾਦ ਹੋ ਗਈ ਅਤੇ ਜਿਸ ਤਰ੍ਹਾਂ ਜ਼ਿਕਰ ਕੀਤਾ ਗਿਆ ਹੈ ਕਿ ਉਨ੍ਹਾਂ ਲੋਕਾਂ ਨੂੰ ਨੋਟਿਸ ਮਿਲ ਗਏ ਕਿ ਉਹ ਜ਼ਮੀਨ ਵੇਹਲੀ ਕਰਨ । ਇਸ ਕਰਕੇ ਮੈਂ, ਸਪੀਕਰ ਸਾਹਿਬ, ਤੁਹਾਡੇ ਥਰੂ ਇਹ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੇ ਜਿਹੜੇ ਪੱਟੇਦਾਰ ਹਨ ਜਿਨ੍ਹਾਂ ਨੇ ਜ਼ਮੀਨ ਨੂੰ ਵਾਹੀਯੋਗ ਬਣਾਇਆ ਜਾਂ ਉਹ ਲੈਂਡਲੈਸ ਲੋਕ ਜਿਨ੍ਹਾਂ ਕੋਲ ਆਪਣੀ ਜ਼ਮੀਨ ਨਹੀਂ, ਅਤੇ ਮੈਂ ਤਾਂ ਇਥੇ ਤੱਕ ਕਹਾਂਗਾ ਕਿ ਜਿਨ੍ਹਾਂ ਦੇ ਬਾਪ ਕੋਲ ਵੀ ਜ਼ਮੀਨ ਨਹੀਂ ਅਤੇ ਜੇ ਕਿਤੇ ਉਹ ਕਾਬਜ਼ ਹਨ, ਤਾਂ ਉਨ੍ਹਾਂ ਨੂੰ ਉਥੋਂ ਨਹੀਂ ਉਜਾੜਨਾ ਚਾਹੀਦਾ ਕਿਉਂਕਿ ਇਕ ਪਾਸੇ ਤਾਂ ਸਰਕਾਰ ਉਨ੍ਹਾਂ ਲੋਕਾਂ ਦਾ ਫਾਇਦਾ ਕਰ ਰਹੀ ਹੈ, ਇਸ ਕਰਕੇ ਉਨ੍ਹਾਂ ਨੂੰ ਦੂਜੇ ਪਾਸੇ ਨੁਕਸਾਨ ਨਾ ਹੋਵੇ । ਇਸ ਕਰਕੇ ਮੈਂ ਇਹ ਬੇਨਤੀ ਕਰਾਂਗਾ ਕਿ ਉਨ੍ਹਾਂ ਲੋਕਾਂ ਨੂੰ, ਜਿਹੜੇ ਲੈਂਡਲੈਸ ਹਰੀਜਨ ਹਨ ਜਿਨ੍ਹਾਂ ਨੇ ਉਹ ਜ਼ਮੀਨ 10-10 ਸਾਲ ਲਗਾ ਕੇ ਵਾਹੀਯੋਗ ਬਣਾਈ ਹੈ, ਨਾ ਉਜਾੜਿਆ ਜਾਵੇ ਅਤੇ ਉਨ੍ਹਾਂ ਨੂੰ 5-5, ਏਕੜ ਜਾਂ ਜਿੰਨਾ ਵੀ ਮੁਨਾਸਿਬ ਸਮਝਿਆ ਜਾਵੇ, 10-10 ਏਕੜ ਜ਼ਮੀਨ ਦਿੱਤੀ ਜਾਵੇ ।

ਇੰਨਾਂ ਕਹਿੰਦਾ ਹੋਇਆ ਮੈਂ ਇਸ ਬਿੱਲ ਦੀ ਸਰਾਹਣਾ ਕਰਦਾ ਹਾਂ ।

**ਸਰਦਾਰ ਦਰਬਾਰਾ ਸਿੰਘ** (ਨਕੋਦਰ) : ਸਪੀਕਰ ਸਾਹਿਬ, ਮੈਂ ਇਸ ਬਿੱਲ ਦੀ ਪ੍ਰੋੜ੍ਹਤਾ ਕਰਨ ਲਈ ਖੜਾ ਹੋਇਆ ਹਾਂ ਅਤੇ ਮੈਂ ਇਸ ਗੱਲ ਦੀ ਰੰਧਾਵਾ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਬੜੀ ਖੁਸ਼ਅਸਲੂਬੀ ਨਾਲ ਅਤੇ ਬੜੀ ਮਿਹਨਤ ਨਾਲ ਪੰਚਾਇਤਾਂ ਦੀ ਆਮਦਨੀ ਵਿਚ ਤਕਰੀਬਨ 4 ਗੁਣਾ ਵਾਧਾ ਕੀਤਾ ਹੈ । ਇਨ੍ਹਾਂ ਪੰਚਾਇਤਾਂ ਦੀ ਹਾਲਤ ਤਾਂ ਹੀ ਚੰਗੀ ਹੋਣੀ ਹੈ ਜੇ ਇਨ੍ਹਾਂ ਦੇ ਕੰਮ ਨੂੰ ਸਾਰੀਮਲਾਈਜ਼ ਕੀਤਾ ਜਾਵੇ ਅਤੇ ਉਨ੍ਹਾਂ ਨੇ ਪੰਚਾਇਤੀ ਰਾਜ ਵਿਚ ਕੁਝ ਜਾਨ ਪਾਈ ਹੈ ਅਤੇ ਪੰਚਾਇਤਾਂ ਨੂੰ ਉਪਰ ਚੁੱਕਣ ਲਈ ਕਦਮ ਚੁੱਕੇ ਹਨ । ਮੈਂ ਸਮਝਦਾ ਹਾਂ ਕਿ ਜਿਸ ਮਨੋਰਥ ਨਾਲ ਇਹ ਬਿੱਲ ਲਿਆਂਦਾ ਗਿਆ ਹੈ ਉਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਅਤੇ ਜਿਹੜਾ ਇਹ ਚੰਗਾ ਉੱਧਮ ਰੰਧਾਵਾ ਸਾਹਿਬ ਨੇ ਕੀਤਾ ਹੈ, ਕਾਬਲੇ ਤਾਰੀਫ ਹੈ । ਮੈਂ ਬੇਨਤੀ ਕਰਾਂਗਾ ਕਿ ਜਿਹੜਾ ਸਾਡਾ ਪੰਚਾਇਤਾਂ ਦਾ ਐਕਟ ਹੈ ਜਿਸ ਦੇ ਰਾਹੀਂ ਪੰਚਾਇਤਾਂ ਦੀਆਂ ਜ਼ਮੀਨਾਂ ਜਿਹੜੀਆਂ ਆਈਆਂ ਹਨ ਇਸ ਦੇ ਵਿਚ ਕੁਝ ਕਮੀ ਹੈ । ਪਿੰਡਾਂ ਦੀ ਮੁਰੱਬਾਬੰਦੀ ਹੋਈ ਸੀ ਤਾਂ ਉਸ ਵਕਤ ਜਿਹੜਾ ਅਮਲਾ ਸੀ ਉਸ ਨੇ ਚੰਗਾ ਕੰਮ ਨਹੀਂ ਕੀਤਾ, ਕੁਝ ਮਿਹਨਤ ਨਹੀਂ ਕੀਤੀ ਅਤੇ ਕਈ ਛੋਟੇ ਛੋਟੇ ਟੁਕੜੇ ਛੱਡ ਦਿੱਤੇ ਗਏ, ਕਿਤੇ ਖਾਨਾ ਮਾਲਕਾਨ ਸਿਰਫ ਪਾ ਕੇ ਤੇ ਮਾਲਕਾਂ ਵਾਸਤੇ ਛੱਡੇ ਹਨ ਅਤੇ ਜੋ ਸ਼ਾਮਲਾਤ ਦੀਆਂ ਡੈਫੀਨੀਸ਼ਨਜ਼ ਹਨ, ਉਸ ਦੇ ਵਿਚ ਜ਼ਮੀਨ ਨਹੀਂ ਆਉਂਦੀ ਅਤੇ ਇਸ ਐਕਟ ਦੇ ਅਧੀਨ ਕੁਝ ਜ਼ਮੀਨ ਵੀ ਨਹੀਂ ਮਿਲੇਗੀ, ਕਿਉਂਕਿ ਮਾਲਕ ਕਈ ਹਨ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਕ ਹੋਰ ਐਕਟ ਜਾਂ ਤਰਮੀਮ ਰੰਧਾਵਾ ਸਾਹਿਬ ਇਸ ਚੀਜ਼ ਵਾਸਤੇ ਲੈ ਆਉਣ ਤਾਂ ਚੰਗੀ ਗੱਲ ਹੈ ਅਤੇ ਪੰਚਾਇਤਾਂ ਦੀਆਂ ਜ਼ਮੀਨਾਂ ਖਾਲੀ ਕਰਵਾਉਣ ਵਿਚ ਉਪਰਾਲਾ ਕਰਾਉਣ ਬਾਰੇ ਕੋਈ ਗੱਲ ਨਹੀਂ ਹੈ, ਇਹ ਕਮੀ ਰਹਿ ਗਈ ਹੈ । ਹਾਲੀ ਵੀ ਉਹ ਤਰੀਕਾ ਹੈ ਜਿਸ ਤਰ੍ਹਾਂ ਪ੍ਰਿੰਸੀਪਲ ਐਕਟ ਹੈ ਪੰਜਾਬ ਪਬਲਿਕ ਪ੍ਰਿਮੀਸਿਜ਼ ਐਂਡ ਲੈਂਡ (ਇਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973, ਹੈ । ਇਹ ਕੰਮ ਰੈਵੇਨਿਊ ਡਿਪਾਰਟਮੈਂਟ ਦੇ ਅਫਸਰਾਂ ਕੋਲੋਂ ਦੂਜਿਆਂ ਕੋਲ ਜਾਣਾ ਚਾਹੀਦਾ ਹੈ, ਕਿਉਂਕਿ ਕੋਲੈਕਟਰ ਕੋਲ ਤਾਂ ਆਪਣਾ ਹੀ ਇੰਨਾ ਕੰਮ ਹੁੰਦਾ ਹੈ ਕਿ ਕਈ ਸਾਲ ਇਹ ਕੰਮ ਖਤਮ ਨਹੀਂ ਹੋਣਾ । ਇਸ ਕਰਕੇ ਪ੍ਰਿੰਸੀਪਲ ਐਕਟ ਵਿਚ ਕੋਈ ਤਰਮੀਮ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਬਾਰਾ ਸਿੰਘ]

ਕਰਕੇ ਕੋਲੈਕਟਰ ਵਾਲਾ ਕੰਮ ਡਿਸਟ੍ਰਿਕਟ ਅਫ਼ਸਰਾਂ, ਡਿਵੈਲਪਮੈਂਟ ਅਫ਼ਸਰਾਂ, ਬਲਾਕ ਡਿਵੈਲਪਮੈਂਟ ਅਫ਼ਸਰਾਂ ਜਾਂ ਪੰਚਾਇਤ ਅਫ਼ਸਰਾਂ ਕੋਲ ਚਲਾ ਜਾਣਾ ਚਾਹੀਦਾ ਹੈ ਅਤੇ ਇਹ ਪਾਵਰਜ਼ ਕੋਲੈਕਟਰ ਦੀਆਂ ਉਨ੍ਹਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਇਸ ਬਿੱਲ ਦਾ ਮਨੋਰਥ ਪੂਰਾ ਹੋਵੇਗਾ । ਇਸ ਚੀਜ਼ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਫਾਇਦਾ ਹੋਵੇਗਾ । ਇੰਨਾ ਕਹਿੰਦਾ ਹੋਇਆ ਮੈਂ ਬਿੱਲ ਦੀ ਪ੍ਰੋੜ੍ਹਤਾ ਕਰਦਾ ਹਾਂ ।

**ਚੌਧਰੀ ਸੁੰਦਰ ਸਿੰਘ** (ਨਰੋਟ ਮਹਿਰਾ, ਐਸ. ਸੀ) : ਸਪੀਕਰ ਸਾਹਿਬ, ਜਿਹੜਾ ਇਹ ਬਿੱਲ, ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਲਿਆਏ ਹਨ ਇਹ ਬੜੀ ਮਿਹਨਤ ਨਾਲ ਲਿਆਏ ਹਨ, ਬੜੇ ਸਿਨਸੀਅਰ ਮਨਿਸਟਰ ਹਨ, ਕਿਉਂਕਿ ਬਹੁਤ ਸਾਰੀਆਂ ਪੰਚਾਇਤਾਂ ਦੀਆਂ ਜਿਹੜੀਆਂ ਜ਼ਮੀਨਾਂ ਹਨ, ਉਨ੍ਹਾਂ ਦਾ ਗਲਤ ਤੌਰ ਤੇ ਇਸਤੇਮਾਲ ਕਰਕੇ ਕੁਝ ਲੋਕ ਫਾਇਦਾ ਉਠਾਉਂਦੇ ਹਨ । ਇਸ ਵਾਸਤੇ ਉਨ੍ਹਾਂ ਜ਼ਮੀਨਾਂ ਨੂੰ ਪੰਚਾਇਤਾਂ ਕੋਲ ਲਿਆਉਣ ਵਾਸਤੇ ਬੜੀ ਕੋਸ਼ਿਸ਼ ਕੀਤੀ ਗਈ ਹੈ, ਇਹ ਬੜਾ ਚੰਗਾ ਕਦਮ ਹੈ । ਇਨ੍ਹਾਂ ਜ਼ਮੀਨਾਂ ਤੋਂ ਕਰੋੜਾਂ ਅਤੇ ਲੱਖਾਂ ਰੁਪਏ ਦਾ ਫਾਇਦਾ ਹੋਵੇਗਾ ਅਤੇ ਲੋਕਾਂ ਦੀ ਡਿਵੈਲਪਮੈਂਟ ਵਾਸਤੇ ਇਸਤੇਮਾਲ ਕੀਤਾ ਜਾਵੇਗਾ । ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਪੰਚਾਇਤਾਂ ਦੀਆਂ ਜ਼ਮੀਨਾਂ ਹਨ, ਇਨ੍ਹਾਂ ਵਿਚੋਂ 3 ਹਿੱਸੇ ਜ਼ਮੀਨ ਸਰਕਾਰ ਹਰੀਜਨਾਂ ਨੂੰ ਅਲਾਟ ਕਰਦੀ ਹੈ, ਕਿਉਂਕਿ ਖਾਸ ਕਰ ਹਰੀਜਨਾਂ ਦੀ ਜ਼ਮੀਨ ਤਾਂ ਹੁੰਦੀ ਨਹੀਂ । ਇਸ ਕਰਕੇ ਮੈਂ ਇਹ ਬੇਨਤੀ ਕਰਾਂਗਾ ਕਿ ਚੀਫ ਮਨਿਸਟਰ ਸਾਹਿਬ ਇਸ ਬਾਰੇ ਕੋਈ ਰੂਲਜ਼ ਦੇ ਵਿਚ ਪ੍ਰੋਵੀਜ਼ਨ ਕਰਨ ਕਿ ਕੋਈ ਹਰੀਜਨਾਂ ਨੂੰ ਆਲਟਰਨੇਟਿਵ ਜ਼ਮੀਨ ਦਿੱਤੀ ਜਾਵੇ, ਇਸ ਗੱਲ ਦਾ ਖਿਆਲ ਰਖਿਆ ਜਾਵੇ । ਇਸ ਬਾਰੇ ਮੈਨੂੰ ਇਕ ਡੈਪੂਟੇਸ਼ਨ ਵੀ ਮਿਲਿਆ ਸੀ, ਮੈਂ ਚੀਫ ਮਨਿਸਟਰ ਸਾਹਿਬ ਨੂੰ ਵੀ ਉਨ੍ਹਾਂ ਨੂੰ ਮਿਲਾਇਆ ਸੀ । ਮੇਰਾ ਖਿਆਲ ਹੈ ਕਿ ਰੰਧਾਵਾ ਸਾਹਿਬ ਵੀ ਇਸ ਚੀਜ਼ ਦਾ ਖਿਆਲ ਰੱਖਣਗੇ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਜਿਹੜਾ ਬਿੱਲ ਰੰਧਾਵਾ ਸਾਹਿਬ ਨੇ ਪੇਸ਼ ਕੀਤਾ ਹੈ, ਇਹ ਸ਼ਲਾਘਾਯੋਗ ਹੈ ਅਤੇ ਮੈਂ ਉਨ੍ਹਾਂ ਨੂੰ ਇਸ ਗੱਲ ਲਈ ਵਧਾਈ ਦਿੰਦਾ ਹਾਂ । ਗੱਲ ਇਹ ਹੀ ਨਹੀਂ, ਹੋਰ ਵੀ ਬਿੱਲ ਪੰਚਾਇਤਾਂ ਦੇ ਸੁਧਾਰ ਦੇ ਇਸ ਸਮਾਗਮ ਵਿਚ ਆ ਰਹੇ ਹਨ ਅਤੇ ਇਹ ਚੀਜ਼ ਸਾਬਤ ਕਰਦੀ ਹੈ ਕਿ ਪੰਜਾਬ ਸਰਕਾਰ ਅਤੇ ਰੰਧਾਵਾ ਸਾਹਿਬ ਪੰਚਾਇਤਾਂ ਦੇ ਕੰਮ ਸਟਰੀਮਲਾਈਨ ਕਰਨ ਵਾਸਤੇ ਚੰਗੇ ਕਦਮ ਉਠਾ ਰਹੇ ਹਨ । ਸਪੀਕਰ ਸਾਹਿਬ, ਜਿਥੇ ਮੈਂ ਇਸ ਬਿੱਲ ਦਾ ਸਵਾਗਤ ਕਰਦਾ ਹਾਂ, ਉਥੇ ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਇਸ ਵਿਚ 3 ਕਿਸਮ ਦੇ ਨਾਜਾਇਜ਼ ਕਬਜ਼ੇ ਹਨ । ਇਕ ਤਾਂ ਹੈ ਸ਼ਾਮਲਾਤ-ਦੇਹ, ਜਿਨ੍ਹਾਂ ਦਾ ਇੰਤਕਾਲ ਅਬਾਦੀ ਦੇ ਨਾਂ ਹੁੰਦਾ ਹੈ । ਦੂਜੀ ਸਪੀਕਰ ਸਾਹਿਬ, ਉਹ ਹੈ ਜਿਹੜੀ ਕਿ ਮੁਰੱਬਾਬੰਦੀ ਵੇਲੇ ਬਚਤਾਂ ਵਿਚ ਆ ਗਈਆਂ ਸਨ ਜਿਨ੍ਹਾਂ ਤੇ ਕੰਟਰੋਲ ਕਰਨ ਅਤੇ ਮੈਨੇਜਮੈਂਟ ਕਰਨ ਲਈ ਇਹ ਬਿੱਲ ਇਥੇ ਆ ਰਿਹਾ ਹੈ । ਮੈਂ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇਸ ਲਈ ਓਨਰਸ਼ਿਪ ਕਿਉਂ ਨਹੀਂ ਲਿਆ ਰਹੇ, ਮੈਂ ਚਾਹੁੰਦਾ ਹਾਂ ਕਿ ਇਸ ਦੀ ਓਨਰਸ਼ਿਪ ਹੀ ਪੰਚਾਇਤ ਵਿਭਾਗ ਨੂੰ ਦਿੱਤੀ ਜਾਵੇ ਅਤੇ ਤੀਸਰੀ ਕਿਸਮ ਦੀ ਜਿਹੜੀ ਜ਼ਮੀਨ ਹੈ ਉਸ ਦੇ ਵਿਚ ਸੋਧਨਾ 1961 ਵਿਚ ਇਕ

Original with;
Punjab Vidhan Sabha
Digitized by;
Panjab Digital Library

ਬਿੱਲ ਪਾਸ ਕੀਤਾ ਸੀ ਪੰਜਾਬ ਵਿਲੇਜ ਕਾਮਨ ਲੈਂਡ ਰੈਗੂਲੇਸ਼ਨ ਐਕਟ 1961, ਇਸ ਬਿੱਲ ਦੇ ਅਨੁਸਾਰ ਮੁਤਾਬਿਕ ਜਿਹੜੀ ਸ਼ਾਮਲਾਤ-ਦੇਹ ਜ਼ਮੀਨ ਸੀ ਉਸ ਦੀ ਮਾਲਕੀ ਪੰਚਾਇਤ ਨੂੰ ਦਿੱਤੀ ਗਈ ਸੀ । ਪਹਿਲੇ ਅਬਾਦੀ ਦੇ ਅੰਦਰ ਜਿਹੜੀ ਜ਼ਮੀਨ ਹੁੰਦੀ ਸੀ । ਇਸ ਵਿਚ ਫਰਕ ਹੈ, ਉਹ ਮੈਂ ਦੱਸਦਾ ਹਾਂ ਕਿ ਸ਼ਾਮਲਾਤ ਦੀ ਜਿਹੜੀ ਜ਼ਮੀਨ ਹੁੰਦੀ ਹੈ ਉਸ ਦੇ ਬਾਰੇ ਮਹਿਕਮਾ ਮਾਲ ਦੇ ਕਾਗਜ਼ਾਂ ਵਿਚ ਲਿਖਿਆ ਹੁੰਦਾ ਹੈ ਇਸ ਦੀ ਮਾਲਕ ਪੰਚਾਇਤ ਹੈ ਅਤੇ ਉਸ ਦੇ ਕਬਜ਼ੇ ਵਿਚ ਹੈ ਪਰ ਜਦੋਂ ਕਿ ਅਬਾਦੀ ਦੇਹ ਬਾਰੇ ਮਹਿਕਮਾ ਮਾਲ ਦੇ ਕਾਗਜ਼ਾਂ ਦੇ ਵਿਚ ਲਿਖਿਆ ਹੈ ਕਿ ਇਸ ਦੀ ਮਲਕੀਅਤ ਅਬਾਦੀ ਦੇਹ ਅਤੇ ਇਸ ਤੇ ਕਬਜ਼ਾ ਸਾਂਝੀਦਾਰਾਂ ਦਾ ਹੈ । ਇਸ ਦੇ ਮੁਤਾਬਕ ਇਸ ਜ਼ਮੀਨ ਦਾ ਨਾ ਸਰਕਾਰ ਮਾਲਕ ਹੈ, ਨਾ ਪੰਚਾਇਤ ਮਾਲਕ ਹੈ, ਨਾ ਹੀ ਉਸ ਦੀ ਮਲਕੀਅਤ ਹੋਰ ਕਿਸੇ ਨੂੰ ਦਿੱਤੀ ਹੈ, ਉਸ ਤੇ ਕੋਈ ਵੀ ਕਬਜ਼ਾ ਕਰ ਲਵੇ । ਜੇ ਕੋਈ ਤਕੜਾ ਆਦਮੀ ਇਸ ਜ਼ਮੀਨ ਤੇ ਕਬਜ਼ਾ ਕਰ ਲੈਂਦਾ ਹੈ ਤਾਂ ਫਿਰ ਜੇ ਐਸ. ਡੀ. ਓ. ਕੋਲ ਜਾਈਏ ਤਾਂ ਉਹ ਕਹਿੰਦਾ ਹੈ ਕਿ ਇਹ ਮੇਰੇ ਅਖ਼ਤਿਆਰ ਵਿਚ ਨਹੀਂ ਅਤੇ ਜੇ ਸਿਵਲ ਕੋਰਟ ਵਿਚ ਜਾਈਏ ਤਾਂ ਉਥੇ ਕਿਹਾ ਜਾਂਦਾ ਹੈ ਕਿ ਇਹ ਸਾਡੇ ਵੀ ਅਖ਼ਤਿਆਰ ਵਿਚ ਨਹੀਂ । ਇਸ ਲਈ ਇਸ ਦੇ ਬਾਰੇ ਮੈਂ ਇਹ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਜਿਥੇ ਵਜ਼ੀਰ ਸਾਹਿਬ ਨੇ ਇਹ ਉਦਮ ਕੀਤਾ ਹੈ ਪੰਚਾਇਤਾਂ ਨੂੰ ਠੀਕ ਕਰਨ ਵਾਸਤੇ ਉਥੇ ਇਕ ਅਮੈਂਡਮੈਂਟ ਇਹ ਵੀ ਲੈ ਆਉਣ ਜਿਸ ਦੇ ਰਾਹੀਂ ਕਿ ਇਹ ਲਾਲ ਲਕੀਰ ਦੀ ਜਿਹੜੀ ਜ਼ਮੀਨ ਹੈ ਇਹ ਸਰਕਾਰ ਦੇ ਕਬਜ਼ੇ ਵਿਚ ਆ ਜਾਏ ।

ਸ਼ਾਮਲਾਤ ਦੇਹ ਜਿਹੜੀਆਂ ਕਿ ਪਟਿਆਲੇ, ਸੰਗਰੂਰ, ਬਠਿੰਡੇ ਅਤੇ ਹੋਰ ਕਈ ਸ਼ਹਿਰਾਂ ਵਿਚ ਪਈਆਂ ਸਨ ਉਥੇ ਲੋਕਾਂ ਨੇ ਬੜੀ ਮੇਹਨਤ ਕਰਕੇ ਉਹ ਦਰਖ਼ਤ ਅਤੇ ਝਾੜੀਆਂ ਕੱਟੀਆਂ ਹਨ । ਇਹ ਜ਼ਮੀਨਾਂ ਕਈ ਤਕੜੇ ਆਦਮੀਆਂ ਨੇ 5, 5 ਸੌ ਏਕੜ ਰੱਖੀ ਹੋਈ ਹੈ ਅਤੇ ਕਈ ਅਜਿਹੇ ਵੀ ਗਰੀਬ ਮੁਜ਼ਾਰੇ ਹਨ ਜਿਨ੍ਹਾਂ ਕੋਲ 5, 5 ਜਾਂ 10, 10 ਏਕੜ ਜ਼ਮੀਨ ਹੈ ਅਤੇ ਉਨ੍ਹਾਂ ਨੇ ਬੜੀ ਮੇਹਨਤ ਕਰਕੇ ਇਸ ਜ਼ਮੀਨ ਨੂੰ ਵਾਹੀਯੋਗ ਬਣਾਇਆ ਹੈ, ਇਸ ਲਈ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਲੋਕ ਜਿਨ੍ਹਾਂ ਨੇ 5, 5 ਸੌ ਏਕੜ ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ ਉਨ੍ਹਾਂ ਤੋਂ ਤਾਂ ਇਹ ਜ਼ਮੀਨ ਜ਼ਰੂਰ ਛੁੜਾ ਲੈਣੀ ਚਾਹੀਦੀ ਹੈ ਪਰ ਜਿਹੜੇ ਗਰੀਬ ਮੁਜ਼ਾਰੇ ਹਨ, ਜਿਨ੍ਹਾਂ ਕੋਲ 5, 5 ਏਕੜ ਜ਼ਮੀਨ ਹੈ ਅਜਿਹੇ ਬਹੁਤ ਥੋੜੇ ਆਦਮੀ ਹਨ, ਉਨ੍ਹਾਂ ਕੋਲੋਂ ਇਹ ਜ਼ਮੀਨ ਨਾ ਛੁੜਾਈ ਜਾਵੇ । ਮੈਂ ਇਹ ਨਹੀਂ ਕਹਿੰਦਾ ਕਿ ਉਹ ਜ਼ਮੀਨ ਉਨ੍ਹਾਂ ਨੂੰ ਮੁਫ਼ਤ ਦਿੱਤੀ ਜਾਵੇ ਬਲਕਿ ਵੇਚ ਦਿੱਤੀ ਜਾਵੇ ਤਾਂ ਕਿ ਉਹ ਜਿਹੜੇ ਗਰੀਬ ਆਦਮੀ ਹਨ ਜਿਨ੍ਹਾਂ ਕੋਲੋਂ 5,5 ਏਕੜ ਜ਼ਮੀਨ ਹੈ ਉਹ ਵਿਚਾਰੇ ਡਿਸਟਰਬ ਨਾ ਹੋਣ ।

**ਵਿਕਾਸ ਦੇ ਰਾਜ ਮੰਤਰੀ (ਸਰਦਾਰ ਸੰਤੋਖ ਸਿੰਘ ਰੰਧਾਵਾ)** :- ਸਪੀਕਰ ਸਾਹਿਬ, ਇਹ ਜਿਹੜਾ ਛੋਟਾ ਜਿਹਾ ਐਕਟ ਸੀ ਈਸਟ ਪੰਜਾਬ ਹੋਲਡਿੰਗ ਕੰਸੋਲੀਡੇਸ਼ਨ ਐਂਡ ਪਰਵੈਨਸ਼ਨ ਆਫ ਫਰੈਗਮੈਂਟੇਸ਼ਨ ਐਕਟ, 1948 ਦੀ ਧਾਰਾ 28 (ਸੀ) ਦੇ ਤਹਿਤ ਜਿਹੜੀਆਂ ਜ਼ਮੀਨਾਂ ਉਸ ਵੇਲੇ ਛੱਡੀਆਂ ਗਈਆਂ ਸਨ ਤਲਾਬਾਂ ਵਾਸਤੇ, ਸਕੂਲਾਂ ਵਾਸਤੇ ਔਰ ਰਸਤਿਆਂ ਵਾਸਤੇ, ਪਲੇ ਗਰਾਊਂਡਾਂ ਵਾਸਤੇ, ਇਨ੍ਹਾਂ ਦਾ ਮੈਨੇਜਮੈਂਟ ਪੰਚਾਇਤ ਕਰਦੀ ਸੀ ਅਤੇ ਪੰਚਾਇਤ ਹੀ ਕੰਟਰੋਲ ਕਰਦੀ ਸੀ, ਲੇਕਿਨ ਜਿਹੜੇ ਲੋਕਾਂ ਨੇ ਕੋਈ ਇਹੋ

Original with;
Punjab Vidhan Sabha
Digitized by;
Panjab Digital Library

[ਵਿਕਾਸ ਦੇ ਰਾਜ ਮੰਤਰੀ]

ਜਿਹੀਆਂ ਜ਼ਮੀਨਾਂ ਤੇ ਕਬਜ਼ਾ ਕਰ ਲਿਆ ਸੀ ਉਹ ਹੁਣ ਉਸ ਨੂੰ ਛੋੜਦੇ ਨਹੀਂ ਸਨ ਇਸ ਲਈ ਜਿਹੜਾ ਐਕਟ ਲਿਆਂਦਾ ਗਿਆ ਹੈ ਦੀ ਪੰਜਾਬ ਗਰਾਮ ਪੰਚਾਇਤ (ਕਾਮਨ ਪਰਪਜ਼ਿਜ਼ ਲੈਂਡ) ਇਵਿਕਸ਼ਨ ਐਂਡ ਰੈਂਟ ਰਿਕਵਰੀ ਬਿੱਲ 1976, ਇਸ ਨੂੰ ਕਨੂੰਨੀ ਰੂਪ ਦੇ ਕੇ ਇਸ ਨੂੰ ਹਾਊਸ ਵਿਚ ਪੇਸ਼ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜੀਆਂ ਸਾਂਝੀਆਂ ਜਗ੍ਹਾ ਹਨ ਜਿਨ੍ਹਾਂ ਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਇਨਕਰੋਚਮੈਂਟ ਕੀਤੀ ਹੋਈ ਹੈ ਉਸ ਨੂੰ ਇਸ ਐਕਟ ਦੀ ਧਾਰਾ 23 (ਏ) ਪੰਚਾਇਤਾਂ ਦੇ ਅਧੀਨ ਇਸ ਦਾ ਕੰਟਰੋਲ ਅਤੇ ਮੈਨੇਜਮੈਂਟ ਕੀਤੀ ਗਈ ਸੀ ਲੇਕਿਨ ਜਿਹੜਾ ਪੰਜਾਬ ਵਿਲੇਗ ਕਾਮਨ ਲੈਂਡ ਰੈਗੂਲੇਸ਼ਨ ਐਕਟ, 1961 ਪਾਸ ਕੀਤਾ ਗਿਆ ਸੀ ਤਾਂ ਉਸ ਐਕਟ ਦੀ ਧਾਰਾ 2 ਦੀ ਇਹ ਪਰੀਭਾਸ਼ਾ ਸੀ ਕਿ ਉਸ ਵਿਚ ਇਹ ਜਿਹੜੀ ਜ਼ਮੀਨ ਹੈ ਇਹ ਨਹੀਂ ਆਂਉਂਦੀ। ਇਸ ਲਈ ਇਸ ਜ਼ਮੀਨ ਨੂੰ ਸਰਕਾਰ ਦੇ ਕੰਟ੍ਰੋਲ ਵਿਚ ਲਿਆਉਣ ਵਾਸਤੇ ਸਾਡੇ ਗਿਆਨੀ ਜ਼ੈਲ ਸਿੰਘ ਜੀ ਨੇ ਇਕ ਉਚ ਅਧਿਕਾਰ ਕਮੇਟੀ ਬਣਾਈ ਸੀ ਜਿਸ ਵਿਚ ਅਕਾਲੀ ਪਾਰਟੀ ਦੇ ਵੀ ਮੈਂਬਰਜ਼ ਸਨ, ਕਮਿਊਨਿਸਟ ਪਾਰਟੀ ਦੇ ਵੀ ਮੈਬਰਜ਼ ਸਨ ਅਤੇ ਕਾਂਗਰਸ ਪਾਰਟੀ ਦੇ ਵੀ ਮੈਂਬਰ ਸਨ ਉਨ੍ਹਾਂ ਨੇ ਇਸ ਐਕਟ ਵਿਚ ਕਾਫ਼ੀ ਅਮੈਂਡਮੈਂਟਸ ਕਰਕੇ ਕੁਝ ਸ਼ਿਫਾਰਸਾਂ ਕੀਤੀਆਂ ਸਨ ਅਤੇ ਹੋਰ ਜਿਹੜੀਆਂ ਵੀ ਕਮੀਆਂ ਸਨ ਉਨ੍ਹਾਂ ਨੂੰ ਪੂਰਾ ਕਰਨ ਲਈ ਜੋ ਸਿਫ਼ਾਰਸ਼ਾਂ ਕੀਤੀਆਂ ਸਨ ਉਨ੍ਹਾਂ ਨੂੰ ਪੂਰਾ ਕਰਨ ਲਈ ਉਸ ਕਮੇਟੀ ਦੀਆਂ ਸਿਫ਼ਾਰਸਾਂ ਨੂੰ ਕੈਬਨਿਟ ਸਬ-ਕਮੇਟੀ ਵਿਚ ਲਿਆਂਦਾ ਗਿਆ। ਕੈਬਿਨੇਟ ਨੇ ਉਸ ਨੂੰ ਚੰਗੀ ਤਰ੍ਹਾਂ ਵਿਚਾਰਿਆ ਅਤੇ ਫਿਰ ਇਹ ਬਿੱਲ ਬਣਾ ਕੇ ਤੁਹਾਡੇ ਸਾਹਮਣੇ ਲਿਆਂਦਾ ਗਿਆ ਹੈ। ਇਸੇ ਤਰ੍ਹਾਂ ਪੰਚਾਇਤ ਸੰਮਤੀਆਂ ਵੀ ਜ਼ਿਲ੍ਹਾ ਪ੍ਰੀਸ਼ਦ ਵਿਚ ਵੀ ਜੋ ਅਮੈਂਡਮੈਂਟਸ ਕਰਨ ਲਈ ਸਿਫ਼ਾਰਸ਼ ਹੋਈ ਹੈ ਇਹ 44 ਅਮੈਂਡਮੈਂਟਸ ਹਨ ਇਹ ਵੀ ਅਮੈਂਡਮੈਂਟਸ ਲਿਆ ਰਹੇ ਹਾਂ, ਇਸ ਲਈ ਮੈਂ ਬੇਨਤੀ ਕਰਾਂਗਾ ਇਹ ਛੋਟਾ ਜਿਹਾ ਬਿੱਲ ਜਿਹੜਾ ਹੈ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ਅਤੇ ਕੁਝ ਮੈਂਬਰਾਂ ਵੱਲੋਂ ਜਿਹੜੀਆਂ ਹੋਰ ਅਮੈਂਡਮੈਂਟਸ ਲਿਆਉਣ ਲਈ ਕਿਹਾ ਗਿਆ ਹੈ ਉਸ ਲਈ ਮੈਂ ਇਨ੍ਹਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਵਿਲੇਜ ਕਾਮਨ ਲੈਂਡ ਜੋ ਐਕਟ ਹੈ ਉਸ ਵਿਚ ਅਸੀਂ ਇਹ ਅਮੈਂਡਮੈਂਟਸ ਲੈ ਆਵਾਂਗੇ ਅਤੇ ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ ਲਾਲ ਲਕੀਰ ਦੇ ਅੰਦਰ ਜਿਹੜੀ ਜ਼ਮੀਨ ਹੈ, ਇਸ ਦੇ ਬਾਰੇ ਰੈਵੇਨਿਊ ਮਨਿਸ਼ਟਰ ਸਾਹਿਬ ਦੇ ਨਾਲ ਗੱਲ ਕੀਤੀ ਹੋਈ ਹੈ ਅਤੇ ਦੁਬਾਰਾ ਵੀ ਅਸੀਂ ਇਸ ਨੂੰ ਉਸ ਹੈ ਕੰਸਲਟ ਕਰ ਲਵਾਂਗੇ ਅਤੇ ਜਿਹੜੀ ਜ਼ਮੀਨ ਤੇ ਵੱਡੇ ਵੱਡੇ ਤਕੜੇ ਲੋਕਾਂ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਇਹ ਤਾਂ ਉਹ ਗੱਲ ਹੋ ਗਈ ਕਿ ਜਿਸ ਦੀ ਲਾਠੀ ਉਸ ਦੀ ਭੈਂਸ। ਇਹ ਜਿਹੜੇ ਤਕੜੇ ਆਦਮੀ ਹਨ, ਇਨ੍ਹਾਂ ਤੋਂ ਇਹ ਨਜ਼ਾਇਜ਼ ਜ਼ਮੀਨ ਛੁੜਵਾ ਲਈ ਜਾਵੇਗੀ।

ਅਸੀਂ ਚਾਹੁੰਦੇ ਹਾਂ ਕਿ ਸਾਰੀ ਜ਼ਮੀਨ ਪੰਚਾਇਤਾਂ ਦੇ ਕਬਜ਼ੇ ਵਿਚ ਆ ਜਾਵੇ ਅਤੇ ਫਿਰ ਵੀ ਇਹ ਜਿਹੜੀ ਇਨਕਰੋਚਮੈਂਟ ਹੈ ਇਹ ਵੀ ਦੂਰ ਕੀਤੀ ਜਾ ਸਕਦੀ ਹੈ। ਹੋਰ ਜੋ ਚੌਧਰੀ ਸੁੰਦਰ ਸਿੰਘ ਜੀ ਨੇ ਦੱਸਿਆ ਹੈ ਕਿ ਹਰੀਜਨਾਂ ਲਈ ਅਤੇ ਬੇਜ਼ਮੀਨਿਆਂ ਲਈ ਜਿਹੜੇ ਕਿ ਜ਼ਮੀਨਾਂ ਤੇ ਬੈਠੇ ਹਨ, ਉਨ੍ਹਾਂ ਨੂੰ ਰਹਿਣ ਦਿੱਤਾ ਜਾਵੇ ਇਸ ਦੇ ਲਈ ਅਸੀਂ ਅੱਗੇ ਹੀ 1/3 ਹਿੱਸਾ ਦੇਣ ਦਾ ਫੈਸਲਾ ਕੀਤਾ ਹੋਇਆ ਹੈ ਤਾਂਕਿ ਜਿਹੜੇ ਆਦਮੀ ਬੇ-ਜ਼ਮੀਨੇ ਹਨ ਉਨ੍ਹਾਂ ਨੂੰ ਕੁਝ ਨਾ ਕੁਝ ਜ਼ਮੀਨ ਮਿਲ ਸਕੇ। ਇਸੇ ਤਰ੍ਹਾਂ ਇਥੇ ਹੋਰ ਵੀ ਮੈਂਬਰਜ਼ ਸਾਹਿਬਾਨ ਵੱਲੋਂ ਜਿਹੜੇ ਖਿਆਲਾਤ ਪ੍ਰਗਟ ਕੀਤੇ ਗਏ ਹਨ ਉਨ੍ਹਾਂ ਤੇ ਸਾਡੀ

Original with;
Punjab Vidhan Sabha
Digitized by;
Panjab Digital Library

ਸਰਕਾਰ ਵਿਚਾਰ ਕਰੇਗੀ । ਸਾਡੀ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਜਿਹੜੀ ਹੈ ਇਸ ਨੂੰ ਕਿਸਾਨਾਂ ਦਾ ਬਹੁਤ ਖਿਆਲ ਹੈ । ਗਿਆਨੀ ਜ਼ੈਲ ਸਿੰਘ ਜੀ ਨੇ ਪੰਚਾਇਤਾਂ ਦੇ ਹੱਥ ਮਜ਼ਬੂਤ ਕੀਤੇ ਹਨ ਅਤੇ ਮੈਂ ਫਖਰ ਨਾਲ ਕਹਿ ਸਕਦਾ ਹਾਂ ਕਿ ਇਹ ਜਿਹੜਾ ਪੰਚਾਇਤਾਂ ਦਾ ਸੈਪਰੇਟ ਡਾਇਰੈਕਟੋਰੇਟ ਕਾਇਮ ਕੀਤਾ ਹੈ ਇਹ ਪੰਚਾਇਤਾਂ ਨੂੰ, ਪੰਚਾਇਤ ਸੰਮਤੀਆਂ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਇਹੀ ਵਜ੍ਹਾ ਹੈ ਕਿ 1973-74 ਵਿਚ ਹਾਊਸ ਟੈਕਸ ਦੀ 20 ਲੱਖ ਰੁਪਏ ਦੀ ਰੀਕਵਰੀ ਹੋਈ ਸੀ ।

(ਇਸ ਸਮੇਂ ਮਾਲ ਮੰਤਰੀ ਅਤੇ ਵਿਦਿਆ ਮੰਤਰੀ ਜੀ ਗੱਲਾਂ ਕਰ ਰਹੇ ਸਨ । )

ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਇਨ੍ਹਾਂ ਦੇ ਸੁਣਨ ਦੀ ਗੱਲ ਹੈ । ਸਪੀਕਰ ਸਾਹਿਬ, ਤੁਹਾਨੂੰ ਇਹ ਗੱਲ ਸੁਣ ਕੇ ਖੁਸ਼ੀ ਹੋਵੇਗੀ ਕਿ ਪੰਚਾਇਤਾਂ ਨੂੰ ਇਸ ਸਾਲ 1 ਕਰੋੜ 29 ਲੱਖ ਰੁਪਿਆ ਰੀਕਵਰੀ ਕਰਕੇ ਦੇ ਦਿੱਤਾ ਹੈ । (ਥੰਪਿੰਗ) ਸ਼ਾਮਲਾਤ ਜ਼ਮੀਨਾਂ ਦਾ ਇਕ ਕਰੋੜ 76 ਲੱਖ ਤੋਂ ਲੈ ਕੇ 2 ਕਰੋੜ 93 ਲੱਖ ਲੀਜ਼ ਮਨੀ ਜਿਹੜੀ ਹੈ ਪੰਚਾਇਤਾਂ ਦੀ 12ਵੇਂ ਮਹੀਨੇਂ ਤੱਕ ਆਈ ਹੈ । ਮੈਂ ਸਮਝਦਾ ਹਾਂ ਕਿ ਇਹ ਇਕ ਵੱਡੀ ਗੱਲ ਹੈ ਔਰ ਇਸ ਦੇ ਵਿਚ ਹੋਰ ਅਗੇ ਅਮੈਂਡਮੈਂਟਸ ਕਮੇਟੀ ਵੱਲੋਂ ਆਈਆਂ ਹਨ ਉਹ ਗਿਆਨੀ ਜੀ ਦੀ ਸਰਕਾਰ ਲਿਆ ਰਹੀ ਹੈ । । ਇਸ ਨਾਲ ਪੰਚਾਇਤਾਂ ਹੋਰ ਮਜ਼ਬੂਤ ਹੋਣਗੀਆਂ ਪਰ ਇਕ ਗੱਲ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਜਿਹੜੇ ਮਾੜੇ ਆਦਮੀ ਹਨ ਉਨ੍ਹਾਂ ਵਾਸਤੇ ਸਜ਼ਾਵਾਂ ਵੀ ਰੱਖੀਆਂ ਜਾਣਗੀਆਂ । ਇਤਨਾ ਕਹਿੰਦਾ ਹੋਇਆਂ ਮੈਂ ਬੇਨਤੀ ਕਰਾਂਗਾ ਕਿ ਸਾਰਾ ਹਾਊਸ ਇਸ ਬਿੱਲ ਨੂੰ ਜ਼ਰੂਰ ਪਾਸ ਕਰੇ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਵਿਚਾਰ ਪ੍ਰਗਟ ਕਰਦੇ ਹੋਏ ਇਹ ਦੱਸਿਆ ਹੈ ਕਿ ਪੰਚਾਇਤਾਂ ਦੀ ਕਾਮਨ ਲੈਂਡ ਜਿਹੜੀ ਹੈ ਉਸ ਦਾ ਇਕ ਤਿਹਾਈ ਸ਼ਡਿਊਲਡ ਕਾਸਟਸ ਵਾਸਤੇ ਰਿਜ਼ਰਵ ਕਰ ਦਿੱਤਾ ਹੈ : ।

**ਆਵਾਜ਼ਾਂ** : ਉਹ ਤਾਂ ਪਹਿਲਾਂ ਹੀ ਰਿਜ਼ਰਵ ਹੈ ।

**ਸ੍ਰੀ ਸਪੀਕਰ** : ਅਚਾਰਿਆ ਜੀ, ਇਨਫਰਮੇਸ਼ਨ ਕੀ ਲੈਣੀ ਹੈ ਤੁਸੀਂ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਮੈਂ ਇਨਫਰਮੇਸ਼ਨ ਇਹ ਲੈਣੀ ਹੈ ਕਿ ਬਹੁਤ ਸਾਰੇ ਪਿੰਡ ਹਨ ਜਿਥੇ ਪੰਚਾਇਤਾਂ ਦੀ ਜ਼ਮੀਨ ਯੂਟੀਲਾਈਜ਼ੇਸ਼ਨ ਐਕਟ ਦੇ ਥਲੇ ਮਿਲਣ ਤੋਂ ਬਾਅਦ ਡਿਪਟੀ ਕਮਿਸ਼ਨਰਜ਼ ਨੇ ਦਸ-ਦਸ ਪੰਦਰਾਂ-ਪੰਦਰਾਂ ਸਾਲਾਂ ਦੀ ਹਰੀਜਨਾਂ ਨੂੰ ਦਿੱਤੀ ਹੋਈ ਹੈ ਔਰ ਉਹ ਕਾਸ਼ਤ ਕਰਦੇ ਹਨ । ਇਕ-ਤਿਹਾਈ ਤਾਂ ਹੁਣ ਉਹ ਵਸਦੇ ਰਹਿਣਗੇ ਪਰ ਜਿਹੜੇ ਬਾਕੀ ਦੋ-ਤਿਹਾਈ ਹਨ ਉਨ੍ਹਾਂ ਦੇ ਵਸਦੇ ਰੱਖਣ ਲਈ ਕੀ ਕੋਈ ਬੰਦੋਬਸਤ ਸਰਕਾਰ ਕਰੇਗੀ ?

**ਵਿਕਾਸ ਦੇ ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਕਿਹਾ ਹੈ ਕਿ ਅਮੈਂਡਮੈਂਟ ਆ ਰਹੀ ਹੈ ।

Original with;
Punjab Vidhan Sabha
Digitized by;
Panjab Digital Library

**Mr. Speaker** : Question is—

That the Punjab Gram Panchayat (Comman Purposes Land) Eviction and Rent Recovery Bill, be taken into consideration at once

*The motion was carried.*

**Mr. Speaker** : Now the House will proceed to consider the Bill Clause by Clause :—

SUB-CLAUSE (2) OF CLAUSE 1

**Mr. Speaker** : Question is

That Sub-Clause (2) of Clause 1 stand part of the Bill.

*The motion was carried.*

CLAUSE 2

**Mr. Speaker** : There is a notice of amendment to this Clause by Comrade Satya Pal Dang.

**ਸ੍ਰੀ ਸਪੀਕਰ** : ਡਾਂਗ ਸਾਹਿਬ ਤਾਂ ਹਾਊਸ ਵਿਚ ਨਹੀਂ ਹਨ ।
(ਇਸ ਸਮੇ ਕਾਮਰੇਡ ਰਾਜ ਕੁਮਾਰ ਬੋਲਣ ਲਈ ਖੜੇ ਹੋਏ) ।

**ਸ੍ਰੀ ਸਪੀਕਰ** : ਕੀ ਤੁਹਾਡੇ ਪਾਸ ਅਥਾਰਟੀ ਹੈ ਉਨ੍ਹਾਂ ਦੀ ?

**ਕਾਮਰੇਡ ਰਾਜ ਕੁਮਾਰ** : ਅਥਾਰਟੀ ਤਾਂ ਉਹ ਦੇ ਗਏ ਸੀ ਲੇਕਿਨ ਕਿਤੇ ਗੁੰਮ ਹੋ ਗਈ ਹੈ । (ਹਾਸਾ) ਲੇਕਿਨ ਸਪੀਕਰ ਸਹਿਬ, ਮੈਂ ਅਰਜ਼ ਕਰਨੀ ਹੈ ਜੀ ।

**ਸ੍ਰੀ ਸਪੀਕਰ** : ਨਹੀਂ ਇਸ ਤਰ੍ਹਾਂ ਨਹੀ ।

**ਆਵਾਜ਼ਾਂ** : ਵਿਦਡਰਾਅ ਕਰ ਲਈ ਹੈ ਜੀ ।

**Mr. Speaker** :Question is—

That clause 2 stand part of the Bill.

*The motion was carried.*

CLAUSE 3

**Mr. Speaker** : There is a notice of amendment to this Clause by Comrade Satya Pal Dang.

(The hon. Member was not present)

**Mr. Speaker** . Question is—

That Clause 3 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

CLAUSE 4

**Mr. Speaker** : There is a notice of amendment to this Clause by Chaudhri Darshan Singh.

**Chaudhri Darshan Singh** : (Nur Mahal) Sir, I beg to move—

*Add* the following at the end -

" who shall be deemed to be the Commissioner under the principal Act.".

ਸਪੀਕਰ ਸਾਹਿਬ, ਇਸ ਅਮੈਂਡਮੈਂਟ ਦਾ ਮੇਰਾ ਮੁੱਦਾ ਇਹ ਹੈ ਕਿ ਜਿਸ ਨੂੰ ਮੇਨ ਬਿੱਲ ਕਿਹਾ ਜਾ ਸਕਦਾ ਹੈ, ਜਿਹੜਾ ਪ੍ਰਿੰਸੀਪਲ ਐਕਟ ਹੈ ਉਸ ਵਿਚ ਹੈ ਕਿ ਕਮਿਸ਼ਨਰ ਅਪੀਲਾਂ ਸੁਣੇ ਮੇਰੀ ਅਮੈਂਡਮੈਂਟ ਹੈ ਕਿ ਜੁਆਇੰਟ ਡਾਇਰੈਕਟਰ ਪੰਚਾਇਤਾਂ ਦਾ ਜਿਹੜਾ ਹੋਵੇ He should be deemed to be Commissioner for this purpose.

**ਵਿਕਾਸ ਦੇ ਰਾਜ ਮੰਤਰੀ** : ਇਹ ਅਮੈਂਡਮੈਂਟ ਮੈਂ ਮਨਜ਼ੂਰ ਕਰਦਾ ਹਾਂ ਜੀ ।

**Mr. Speaker** : Motion moved—

*Add* the following at the end—

"who shall be deemed to be the Commissioner under the principal Act.".

**Mr. Speaker** : Question is—

*Add* the following at the end—
"who shall be deemed to be the Commissioner under the principal Act.".

*The Motion was carried*

**Mr. Speaker** : Question is—

That clause 4, as amended, stand part of the Bill.

*The Motion was carried.*

SUB CLAUSE (I) OF CLAUSE 1

**Mr. [redacted] Speaker** : Question is—

That Sub-clause (I) of Clause 1 stand part of the Bill.

*The motion was carried.*

TITLE

**Mr. Speaker** : Question is—

That Title be the Title of the Bill.

*The Motion was carried.*

Original with;
Punjab Vidhan Sabha
Digitized by;
Panjab Digital Library

**Minister of State for Development**: Sir, I beg to move—

> That the Punjab Gram Panchayat (Common Purposes Land) Eviction and Rent Recovery Bill, as amended, be passed.

**Mr. Speaker** : Motion moved—

> That the Punjab Gram Panchayat (Common Purposes Land) Eviction and Rent Recovery Bill as amended, be passed.

*The Motion was carried.*

**Mr. Speaker** : Question is—

> That the Punjab Gram Panchayat (Common Purposes Land) Eviction and Rent Recovery Bill, as amended, be passed.

*The Motion was carried.*

**Mr. Speaker** : The House stands adjourned till 2.00 p.m., on Monday, the 9th February, 1976.

11.38 a. m. | *(The Sabha then adjourned till 2.00 p. m., on Monday, the 9th February, 1976.)*

1765—4-5-76—286—ਪੰਜਾਬ ਸਰਕਾਰ ਪਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

# APPENDIX

TO

# PUNJAB VIDHAN SABHA DEBATES

*Dated 6th February, 1976*

Vol. I—No. 12

## SCHEME FOR GRANTING LOANS TO RICKSHAW-PULLERS IN THE STATE

985. **Comrade Satya Pal Dang** : Will the Minister for Finance be pleased to state —

(a) whether the Government have introduced any scheme to arrange loans from the Banks for Cycle-Rickshaw Pullers who are owners of their vehicles on easy terms undertaking to pay itself the interest on the said loans; if so. the date when the said scheme was introduced ;

(b) the number of Rickshaw-Pullers town-wise in the State who have so far availed of the loans under the said scheme ;

(c) the total expenditure incurred by the Government so far on this account ;

(d) whether the said scheme is still in force ?

**ਸ਼੍ਰੀ ਹੰਸ ਰਾਜ ਸ਼ਰਮਾ** : (ੳ) ਆਪਣੀਆਂ ਰਿਕਸ਼ਾ ਵਾਲਿਆਂ ਵਾਸਤੇ ਅਜਿਹੀ ਕੋਈ ਸਕੀਮ ਨਹੀਂ ਹੈ । ਪਰ ਜਿਨ੍ਹਾਂ ਦੀਆਂ ਆਪਣੀਆਂ ਰਿਕਸ਼ਾ ਨਹੀਂ ਹਨ, ਉਨ੍ਹਾਂ ਲਈ ਇਕ ਸਕੀਮ ਬਣਾਈ ਹੋਈ ਹੈ । ਇਹ ਸਕੀਮ ਅਕਤੂਬਰ, 1973 ਵਿਚ ਚਾਲੂ ਕੀਤੀ ਗਈ ਸੀ ।

(ਅ) ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ੲ) 26,314 ਰੁਪਏ 69 ਪੈਸੇ ।

(ਸ) ਹਾਂ ਜੀ ।

**ਅਨੁਲਗ**

| ਲੜੀ ਨੰ: | ਕਸਬੇ ਦਾ ਨਾਂ | | ਮਿਤੀ 31-1-76 ਤੱਕ ਰਿਕਸ਼ਾ ਚਾਲਕਾਂ ਨੂੰ ਦਿੱਤੇ ਗਏ ਕਰਜ਼ੇ ਦਾ ਵੇਰਵਾ |
|---|---|---|---|
| 1 | 2 | | 3 |
| 1. | ਅੰਮ੍ਰਿਤਸਰ | .. | 903 |
| 2. | ਤਰਨ ਤਾਰਨ | .. | 97 |
| 3. | ਪੱਟੀ | .. | 5 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਕਸਬੇ ਦਾ ਨਾਂ | ਮਿਤੀ 31-1-76 ਤੱਕ ਰਿਕਸ਼ਾ ਚਾਲਕਾਂ ਨੂੰ ਦਿੱਤੇ ਗਏ ਕਰਜ਼ੇ ਦਾ ਵੇਰਵਾ |
|---|---|---|
| 1 | 2 | 3 |
| 4. | ਜੰਡਿਆਲਾ | 19 |
| 5. | ਗੁਰਦਾਸਪੁਰ | 81 |
| 6. | ਬਟਾਲਾ | 225 |
| 7. | ਪਠਾਨਕੋਟ | 258 |
| 8. | ਲੁਧਿਆਣਾ | 1,089 |
| 9. | ਜਗਰਾਓਂ | 101 |
| 10. | ਸਮਰਾਲਾ | 4 |
| 11. | ਖੰਨਾ | 88 |
| 12. | ਰੋਪੜ | 16 |
| 13. | ਖਰੜ | 19 |
| 14. | ਕੁਰਾਲੀ | 7 |
| 15. | ਮੋਰਿੰਡਾ | 17 |
| 16. | ਨੰਗਲ ਟਾਊਨਸ਼ਿਪ | 9 |
| 17. | ਨਯਾ ਨੰਗਲ | 28 |
| 18. | ਫਿਲੌਰ | 10 |
| 19. | ਪਟਿਆਲਾ | 565 |
| 20. | ਰਾਜਪੁਰਾ | 15 |
| 21. | ਸਰਹਿੰਦ | 1 |
| 22. | ਗੋਬਿੰਦਗੜ੍ਹ | 5 |
| 23. | ਨਾਭਾ | 27 |
| 24. | ਸੰਗਰੂਰ | 137 |
| 25. | ਸੁਨਾਮ | 31 |
| 26. | ਬਰਨਾਲਾ | 56 |
| 27. | ਮਲੇਰਕੋਟਲਾ | 23 |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 28. | ਅਹਿਮਦਗੜ੍ਹ | .. | 2 |
| 29. | ਧੂਰੀ | .. | 11 |
| 30. | ਜਲੰਧਰ | .. | 952 |
| 31. | ਹੁਸ਼ਿਆਰਪੁਰ | .. | 439 |
| 32. | ਫਗਵਾੜਾ | .. | 12 |
| 33. | ਕਪੂਰਥਲਾ | .. | 90 |
| 34. | ਸੁਲਤਾਨਪੁਰ ਲੋਧੀ | . | 3 |
| 35. | ਨਕੋਦਰ | .. | 44 |
| 36. | ਕਰਤਾਰਪੁਰ | .. | 6 |
| 37. | ਬੰਗਾ | .. | 10 |
| 38. | ਨਵਾਂ ਸ਼ਹਿਰ | .. | 57 |
| 39. | ਗੜ੍ਹ ਸ਼ੰਕਰ | .. | 10 |
| 40. | ਫਿਰੋਜ਼ਪੁਰ | .. | 151 |
| 41. | ਮੋਗਾ | .. | 66 |
| 42. | ਬਠਿੰਡਾ | .. | 146 |
| 43. | ਅਬੋਹਰ | .. | 20 |
| 44. | ਮਾਨਸਾ | .. | 21 |
| 45. | ਕੋਟਕਪੂਰਾ | .. | 13 |
| 46. | ਜੈਤੋ | .. | 2 |
| 47. | ਮਲੋਟ | .. | 41 |
| 48. | ਫਰੀਦਕੋਟ | .. | 55 |
| 49. | ਮੁਕਤਸਰ | .. | 4 |
| 50. | ਫਾਜ਼ਿਲਕਾ | . | 37 |
| 51. | ਜ਼ੀਰਾ | .. | 11 |
| | ਕੁੱਲ ਜੋੜ | .. | 5,969 |

Original with;
Punjab Vidhan Sabha
Digitized by;
Panjab Digital Library

## ਮੈਲਾਥੀਨ ਦਾ ਹਵਾਈ ਛਿੜਕਾਅ

1073. **ਕਾਮਰੇਡ ਅਰਜਨ ਸਿੰਘ ਮਸਤਾਨਾ** : ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਸਾਲਾਂ 1972-73 ਅਤੇ 1973-74 ਦੇ ਦੌਰਾਨ ਕਪਾਹ ਦੀ ਫਸਲ ਉਤੇ 50% ਈ. ਸੀ. ਮੈਲਾਥੀਨ ਦਾ ਹਵਾਈ ਛਿੜਕਾਅ ਕੀਤਾ ਗਿਆ ਸੀ ;

(ਅ) ਕੀ ਇਹ ਵੀ ਠੀਕ ਹੈ ਕਿ ਪੜਤਾਲ ਤੋਂ ਪਤਾ ਲਗਾ ਹੈ ਕਿ ਉਪਰੋਕਤ ਸਮੇਂ ਦੇ ਦੌਰਾਨ ਸਪਲਾਈ ਕੀਤੀ ਗਈ ਮੈਲਾਥੀਨ ਘਟੀਆ ਕਿਸਮ ਦੀ ਸੀ;

(ੲ) ਇਸ ਘਟੀਆ ਕਿਸਮ ਦੀ ਮੈਲਾਥੀਨ ਦੀ ਵਰਤੋਂ ਕਰਨ ਨਾਲ ਜਿਮੀਂਦਾਰਾਂ ਅਤੇ ਰਾਜ ਦੇ ਖਜ਼ਾਨੇ ਨੂੰ ਕਿੰਨਾ ਨੁਕਸਾਨ ਪੁੱਜਾ ਹੈ ;

(ਸ) ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਹਵਾਈ ਛਿੜਕਾਅ ਕਰਨ ਵਾਲੇ ਇਨਚਾਰਜ ਅਫ਼ਸਰ ਦਾ ਨਾਂ ਕੀ ਹੈ ਅਤੇ ਉਸ ਕਸੂਰਵਾਰ ਅਫ਼ਸਰ ਵਿਰੁਧ ਕੀ ਕਾਰਵਾਈ ਕੀਤੀ ਗਈ ਜਾਂ ਕਰਨ ਦਾ ਵਿਚਾਰ ਹੈ ?

**ਮਾਸਟਰ ਗੁਰਬੰਤਾ ਸਿੰਘ** : (ੳ) ਹਾਂ ਜੀ ।

(ਅ) ਸਾਲ 1973-74 ਦੇ ਦੌਰਾਨ ਪੱਤਾ ਲਗਾ ਕੀ ਮੈਲਾਥੀਨ ਘਟੀਆ ਕਿਸਮ ਦੀ ਸੀ । ਇਹ ਸਪਸ਼ਟ ਤੌਰ ਤੇ ਨਹੀਂ ਕਿਹਾ ਜਾ ਸਕਦਾ ਕਿ ਇਹ ਮੈਲਾਥੀਨ ਜੋ 1972-73 ਵਿਚ ਵਰਤੀ ਗਈ ਉਸ ਸਮੇਂ ਘਟੀਆ ਸੀ।

(ੲ) ਉਪਰੋਕਤ (ਅ) ਦੇ ਅਧਾਰ ਤੇ ਸਾਲ 1972-73 ਦੇ ਨੁਕਸਾਨ ਦਾ ਵੇਰਵਾ ਨਹੀਂ ਮਿਲ ਸਕਦਾ । ਸਾਲ 1973-74 ਵਿਚ ਇਸ ਕਾਰਨ ਸਰਕਾਰ ਅਤੇ ਜ਼ਿਮੀਂਦਾਰਾਂ ਨੂੰ 2, 14, 20, 437 ਰੁਪਏ ਦਾ ਨੁਕਸਾਨ ਹੋਇਆ।

(ਸ) ਸਾਲ 1972-73 ਅਤੇ 1973-74 ਵਿਚ ਇਹ ਹਵਾਈ ਛਿੜਕਾਅ ਉਸ ਸਮੇਂ ਦੇ ਸੰਯੁਕਤ ਡਾਇਰੈਕਟਰ, ਖੇਤੀਬਾੜੀ ਦੀ ਨਿਗਰਾਨੀ ਵਿਚ ਕੀਤਾ ਗਿਆ । ਮੈਲਾਥੀਨ 50% ਈ.ਸੀ. ਸਹਿਕਾਰਤਾ ਵਿਭਾਗ ਨੇ ਖਰੀਦੀ ਸੀ ਅਤੇ ਇਸ ਦਾ ਨਰੀਖਣ ਕੰਟਰੋਲਰ ਆਫ਼ ਸਟੋਰੇਜ ਪੰਜਾਬ, ਦੇ ਪ੍ਰਤੀਨਿਧੀਆਂ ਨੇ ਕੀਤਾ ਸੀ ਉਸ ਦੇ ਵਿਰੁੱਧ ਕਾਰਵਾਈ ਉਦਯੋਗ ਵਿਭਾਗ ਨੇ ਕਰਨੀ ਹੈ ।

1765—4-5-76—286—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with
Punjab Vidhan Sabha
Digitized by;
Panjab Digital Library

13

5P

# PUNJAB VIDHAN SABHA

## DEBATES

*9th February, 1976*

Vol. I—No. 13

## OFFICIAL REPORT

### CONTENTS

*Monday, the 9th February, 1976*


| | | PAGE |
|---|---|---|
| Starred Questions and Answers | .. | (13) 1 |
| Unstarred Questions and Answers | .. | (13)26 |
| Call Attention Notices under Rule 66 | .. | (13)33 |
| Statements Laid on the Table in reply to Call Attention Notices | .. | (13)34 |
| Papers laid on the Table | .. | (13)38 |
| Presentation of Reports | .. | (13)38 |
| Statement made by the Finance Minister about increasing the amounts of some Demands for grants | .. | (13)39 |
| Discussion and voting of Demands for grants | .. | (13)40 |
| Extension of time of Sitting | .. | (13)80 |
| Discussion and Voting of Demands for grants (*Resumption*) | .. | (13)80 |



Punjab Vidhan Sabha, Secretariat, Chandigarh.

Price Rs : 25-60

25-60



Original with;
Punjab Vidhan Sabha
Digitized by;
Panjab Digital Library

Original
Punjab V[illegible]n Sabha
Digitized
Panjab Di[illegible]l Library

## PUNJAB VIDHAN SABHA

*Monday, the 9th February, 1976*

*The Vidhan Sabha met in the Punjab Vidhan Sabha Hall, Vidhan Bhavan, Chandigarh, -160001/- at 2 P.M. of the Clock. Mr. Speaker (Dr. Kewal Krishan) in the Chair.*

---

## STARRED QUESTIONS AND ANSWERS

### MALARIA IN THE STATE

*3510. **Comrade Satya Pal Dang** : Will the Minister of State for Health and Family Planning be pleased to state the reasons for come-back of Malaria in the State together with the steps taken to eradicate it ?

**Sardar Balbir Singh** : Reasons for come-back of malaria in the State together with the steps taken to eradicate it are :—

**Reasons :**

1. Integration of the Malaria Organisation with the general Health Services. This resulted in diversion of Malaria Staff to other programmes such as Family Planning.
2. Influx of labour from the adjoining malaria-infected States.
3. Change in the irrigational practices and cropping pattern in the State. These changes have caused water logging in some areas which act as potential ground for mosquito breeding.
4. Inadequate machinery for surveillance in the urban areas which were in the Maintenance phase of the Programme. The presence of foci in urban areas acted as a source of infection in the rural areas.
5. Non availability of adequate insecticides and anti-malaria drugs during the last two years. This resulted in inadequate spray and back-log of malaria positive cases.

**Steps :**

1. The Civil Surgeons have been instructed to supervise the Malaria Eradication Programme strictly and effectively.
2. Vigilance activities, (detection and treatment of malaria positive cases) have been intensified.
3. The laboratory services under the National Malaria Eradication Programme have been streamlined and are being strengthened by providing additional trained staff.
4. Health Education activities have also been intensified in order to get active cooperation from the public.

Original with;
Punjab Vidhan Sabha
Digitized by;
Panjab Digital Library

[Minister of State for Health and Family Planning]

5. In order to achieve full coverage under the spraying operations, Malaria has been declared as a notifiable disease in the Punjab State under the Epidemic Diseases Act, 1897 so that people may not refuse insecticide spray in their houses.
6. Two rounds of DDT/BHC spray were given in the State during the year 1975.
7. The Government is considering a new strategy to tackle the problem of increasing incidence of malaria in the country.

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਵਿਚ ਦਸਿਆ ਹੈ ਕਿ ਬਹੁਤ ਯਤਨ ਕੀਤੇ ਸਨ। ਇਸ ਦੇ ਬਾਵਜੂਦ ਮਲੇਰੀਆ ਮੁੜਕੇ ਕਿਉਂ ਆ ਗਿਆ ਹੈ ? ਮਲੇਰੀਆ ਨੂੰ ਰੋਕਣ ਵਾਸਤੇ ਹੁਣ ਕਦਮ ਕੀ ਲਏ ਗਏ ਹਨ ? ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਚੂੰਕਿ ਮਲੇਰੀਆ ਬਹੁਤ ਤਿੱਖੇ ਰੂਪ ਵਿਚ ਆਇਆ ਹੈ ਕੀ ਮਨਿਸਟਰ ਸਾਹਿਬ ਕੁਝ ਐਕਸਪਰਟਸ ਔਰ ਕੋਈ ਜੁਡੀਸ਼ਲ ਐਥਾਰਟੀ ਦੀ ਕਾਮਨ ਕਮੇਟੀ ਬਣਾਉਣਗੇ, ਜੋ ਇਸ ਸਾਰੀ ਗੱਲ ਦੀ ਇਨਵੈਸਟੀਗੇਸ਼ਨ ਕਰੇ ਕਿ ਕੀ ਕਾਰਨ ਹਨ ਦੁਬਾਰਾ ਮਲੇਰੀਆ ਆਉਣ ਦੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਡਾਂਗ ਸਾਹਿਬ ਦੀ ਜੁਡੀਸ਼ਲ ਵਾਲੀ ਗੱਲ ਮੇਰੀ ਸਮਝ ਵਿਚ ਨਹੀਂ ਆਈ ਹੈ ਕਿਉਂਕਿ ਪੰਜਾਬ ਵਿਚ ਅਜੇ ਤਕ 2 ਲੱਖ 70 ਹਜ਼ਾਰ ਕੇਸਿਜ਼ ਹੋਏ ਹਨ ਜਦ ਕਿ ਹਰਿਆਣੇ ਵਿਚ 5 ਲੱਖ ਕੇਸਿਜ਼ ਹੋਏ ਹਨ । ਇਸ ਤਰ੍ਹਾਂ ਗੌਰਮਿੰਟ ਆਫ਼ ਇੰਡੀਆ ਨੇ ਇਕ ਫੈਸਲਾ ਕੀਤਾ ਹੈ । ਪਾਕਿਸਤਾਨ ਨਾਲ ਵੀ ਅਸੀਂ ਟੇਕ ਅਪ ਕੀਤਾ ਹੈ । ਇਕ ਮੀਟਿੰਗ 18 ਜਾਂ 19 ਤਾਰੀਖ ਦੀ ਪ੍ਰੋਪੋਜ਼ਡ ਹੈ । ਜਿਸ ਵਿਚ ਸਾਰੀਆਂ ਸਟੇਟਾਂ ਜਿਵੇਂ ਜੇ. ਐਂਡ ਕੇ., ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਅਤੇ ਪਾਕਿਸਤਾਨ ਜੇ ਮੰਨ ਗਿਆ, ਤਾਂ ਉਸ ਨੂੰ ਨਾਲ ਲੈਕੇ ਅੰਮ੍ਰਿਤਸਰ ਵਿਚ ਕਾਨਫਰੰਸ ਹੋ ਰਹੀ ਹੈ। ਇਸ ਵਿਚ ਅਸੀਂ ਸਪੈਸ਼ਲ ਸਟੇਪਸ ਲਵਾਂਗੇ ਤਾਂਕਿ ਅਸੀਂ ਇਸ ਨੂੰ ਪੂਰੀ ਤਰ੍ਹਾਂ ਖਤਮ ਕਰ ਸਕੀਏ ।

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਗੌਰਮਿੰਟ ਆਫ਼ ਇੰਡੀਆ ਨੇ ਕਾਫੀ ਏਡ ਦਿੱਤੀ ਹੈ ਅਤੇ ਫੰਡਜ਼ ਵੀ ਪ੍ਰੋਵਾਈਡ ਕੀਤੇ ਸੀ। ਇਸ ਨਾਲ ਮਲੇਰੀਆ ਬਿਲਕੁਲ ਪੰਜਾਬ ਵਿਚ ਖਤਮ ਹੋ ਗਿਆ ਹੈ। ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਇਸ ਮਸ਼ੀਨਰੀ ਨੂੰ ਮੇਨਟੇਨ ਕਰਨ ਵਾਸਤੇ ਆਇਆ ਕੋਈ ਫੰਡਜ਼ ਇਸ ਬਜਟ ਵਿਚੋਂ ਪ੍ਰੋਵਾਇਡ ਕਰ ਰਹੀ ਹੈ ਜਾਂ ਨਹੀਂ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜੇ ਮੇਰੇ ਮਾਨਯੋਗ ਮੈਂਬਰ ਸਾਹਿਬ ਨੇ ਇਸ ਸਵਾਲ ਦੇ ਜਵਾਬ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਹੁੰਦਾ ਤਾਂ ਚੰਗਾ ਹੁੰਦਾ । ਇਸ ਦਾ ਜਵਾਬ ਕਾਫੀ ਵਿਸਥਾਰ ਨਾਲ ਦਿੱਤਾ ਗਿਆ ਹੈ । ਪਿਛਲੇ ਸਾਲ ਪੰਜਾਬ ਸਰਕਾਰ ਨੇ 45 ਲੱਖ ਰੁਪਏ ਖਰਚੇ ਸਨ ਔਰ ਕੇਂਦਰ ਸਰਕਾਰ ਨੇ 12 ਲੱਖ ਰੁਪਏ ਖਰਚੇ ਸਨ । ਇਸ ਦੇ ਨਾਲ ਹੀ ਇਸ ਸਾਲ ਇਸ ਬਜਟ ਵਿਚ ਵੀ ਪ੍ਰੋਵੀਜ਼ਨ ਹੈ ਅਤੇ ਮਲੇਰੀਆ ਲਈ ਖਰਚ ਕਰ ਰਹੇ ਹਾਂ ।

Original with;
Punjab Vidhan Sabha
Digitized by;
Panjab Digital Library

ਚੌਧਰੀ ਸੁਦੰਰ ਸਿੰਘ : ਸਪੀਕਰ ਸਾਹਿਬ, ਕੀ ਸਾਡੇ ਮਨਿਸਟਰ ਸਾਹਿਬ ਦਸੱਣਗੇ ਕਿ ਜਿਸ ਤਰ੍ਹਾਂ ਨਾਲ ਡਾਂਗ ਸਾਹਿਬ ਨੇ ਕਿਹਾ ਹੈ ਕਿ ਕੋਈ ਬਾਡੀ ਬਣਾਉਣਗੇ, ਇਸ ਦੇ ਮੁਤਾਲਿਕ, ਜਿਹੜੇ ਮਛੱਰ ਕਟੱਦੇ ਹਨ ਕੀ ਉਨ੍ਹਾਂ ਲਈ ਕੋਈ ਜੁਡੀਸ਼ਲ ਇਨਕੁਆਇਰੀ ਕਰਨਗੇ ਜਾਂ ਕੋਈ ਜੱਜ ਮੁਕੱਰਰ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਨਕੁਆਇਰੀ ਦੀ ਤਾਂ ਕੋਈ ਲੋੜ ਨਹੀਂ ਹੈ। ਕਈ ਵਾਰ ਦਵਾਈਆਂ ਘੱਟ ਮਿਲਦੀਆਂ ਹਨ ਅਤੇ ਪੈਸਾ ਵੀ ਘੱਟ ਮਿਲਦਾ ਹੈ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮਲੇਰੀਏ ਨਾਲ ਕਈ ਹੋਰ ਬਿਮਾਰੀਆਂ ਲੱਗ ਜਾਂਦੀਆਂ ਹਨ ਔਰ ਭਿਆਨਕ ਬਿਮਾਰੀਆਂ ਬਣ ਜਾਂਦੀਆਂ ਹਨ। ਇਸ ਲਈ ਮੱਛਰਾਂ ਨੂੰ ਮਾਰਨ ਲਈ ਕੀ ਕੋਈ ਕਰੈਸ਼ ਪ੍ਰੋਗਰਾਮ ਬਣਾਉਣਗੇ ।

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਇਕ ਟੈਕਨੀਕਲ ਟਰਮ ਹੈ ਜਿਸ ਨੂੰ ਏ. ਪੀ. ਆਈ. ਕਹਿੰਦੇ ਹਨ। ਜਿਸ ਸਟੇਟ ਵਿਚ 10 ਫੀ ਸਦੀ ਤੋਂ ਜ਼ਿਆਦਾ ਹੈ ਉਸ ਨੂੰ ਅਟੈਕਡ ਸਟੇਟ ਕਹਿੰਦੇ ਹਨ। ਇਸ ਲਈ ਪੰਜਾਬ ਵਾਲਿਆਂ ਨੇ ਸੈਂਟਰ ਨੂੰ ਕਿਹਾ ਹੈ ਕਿ ਸਾਡੀ ਅਟੈਕਡ ਸਟੇਟ ਹੈ ਸਾਨੂੰ ਵੀ ਵੱਧ ਤੋਂ ਵੱਧ ਮਦਦ ਦਿਤੀ ਜਾਵੇ ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਦਵਾਈਆਂ ਸਪਰੇ ਕੀਤੀਆਂ ਜਾਂਦੀਆਂ ਹਨ ਉਸ ਨਾਲ ਪੂਰੀ ਤਰ੍ਹਾਂ ਮਛਰ ਮਰਦਾ ਨਹੀਂ ਹੈ ਕਿਉਂਕਿ ਉਸ ਤੇ ਦਵਾਈ ਦਾ ਇਤਨਾ ਅਸਰ ਨਹੀਂ ਹੁੰਦਾ ।

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਜਿਹੜਾ ਸਵਾਲ ਹੈ ਕਿਸੇ ਹੱਦ ਤਕ ਇਨ੍ਹਾਂ ਦੀ ਰਾਏ ਠੀਕ ਹੈ ਕਿਉਂ ਕਿ ਟੈਕਨੀਕਲ ਐਕਸਪਰਟਸ ਇਸ ਗੱਲ ਨਾਲ ਸਹਿਮਤ ਹਨ ਕਿ ਜਿਨ੍ਹਾਂ ਦਵਾਈਆਂ ਨੂੰ ਮਛੱਰਾਂ ਨੂੰ ਮਾਰਨ ਵਾਸਤੇ ਇਸਤੇਮਾਲ ਕੀਤਾ ਜਾਂਦਾ ਹੈ ਉਹ ਵੀ ਮੱਛਰਾਂ ਤੇ ਅਸਰ ਨਹੀਂ ਕਰਦੀਆਂ ।

---

**ਈ.ਐਸ.ਆਈ. ਹਸਪਤਾਲ, ਅੰਮ੍ਰਿਤਸਰ ਵਿਚ ਸਾਈਕਲ ਸਟੈਂਡ**

*3436. 1. **ਕਾਮਰੇਡ ਸੱਘੜ ਸਿੰਘ,**
2. **ਕਾਮਰੇਡ ਸੱਤ ਪਾਲ ਡਾਂਗ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ

ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਕੀ ਅੰਮ੍ਰਿਤਸਰ ਦੇ ਈ.ਐਸ.ਆਈ. ਹਸਪਤਾਲ ਵਿਚ ਕੋਈ ਸਾਈਕਲ ਸਟੈਂਡ ਹੈ; ਜੇਕਰ ਅਜਿਹਾ ਹੋਵੇ, ਤਾਂ ਇਹ ਕਿਸ ਤਰੀਕੇ ਨੂੰ ਬਣਾਇਆ ਗਿਆ ਸੀ ;

(ਅ) ਕੀ ਉਕਤ ਸਾਈਕਲ ਸਟੈਂਡ ਨੂੰ ਅਸਲ ਵਿਚ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ; ਜੇਕਰ ਨਹੀਂ, ਤਾਂ ਉਸ ਦੇ ਕਾਰਨ ਕੀ ਹਨ ?

Original with;
Punjab Vidhan Sabha
Digitized by;
Panjab Digital Library

**Sardar Balbir Singh** (Minister of State for Health and Family Planning): (a) Yes Sir. It was constructed in 1966-67 along with the rest of the hospital building.

(b) Yes Sir, every visitor who comes to the hospital on cycle can use it. It is in actual use by such visitor.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਸ ਗੱਲ ਦੀ ਰੋਸ਼ਨੀ ਵਿਚ ਕਿ ਉਥੇ ਸਾਈਕਲਾਂ ਦੀ ਚੋਰੀ ਹੋਈ, ਕੀ ਉਥੇ ਕੋਈ ਸਾਈਕਲ ਸਟੈਂਡ ਹੈ, ਉਥੇ ਕੋਈ ਸਾਈਕਲ ਅਟੈਂਡੈਂਟ ਹੈ ਜਿਹੜਾ ਉਨ੍ਹਾਂ ਨੂੰ ਟੋਕਨ ਦਿੰਦਾ ਹੋਵੇ ਅਤੇ ਕੋਈ ਨਾਮੀਨਲ ਚਾਰਜਿਜ਼ ਲੈ ਕੇ ਦੇਖ ਭਾਲ ਕਰੇ । ਜਦੋਂ ਕੋਈ ਮਰੀਜ਼ ਜਾਂ ਕੋਈ ਅਟੈਂਡੈਂਟ ਡਾਕਟਰ ਕੋਲ ਚਲਾ ਜਾਂਦਾ ਹੈ ਤਾਂ ਪਿਛੋਂ ਉਸ ਦੀ ਸਾਈਕਲ ਚੋਰੀ ਹੋ ਜਾਂਦੀ ਹੈ ।

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਹਾਨੂੰ ਮੈਂ ਪਹਿਲੇ ਦਸਿਆ ਹੈ ਕਿ ਸਾਈਕਲ ਸਟੈਂਡ ਉਥੇ ਐਗਜ਼ਿਸਟ ਕਰਦਾ ਹੈ, ਅਸੀਂ ਜੁਲਾਈ, 1975 ਅਤੇ ਦਸੰਬਰ, 1975 ਵਿਚ ਐਡਵਰਟਾਈਜ਼ ਵੀ ਕੀਤਾ ਸੀ ਤਾਂ ਕਿ ਕੋਈ ਠੇਕੇਦਾਰ ਮਿਲ ਜਾਵੇ ਪਰ ਸਾਨੂੰ ਕੋਈ ਠੇਕੇਦਾਰ ਨਹੀਂ ਮਿਲਿਆ । ਹੁਣ ਉਥੋਂ ਦੇ ਮੈਡੀਕਲ ਸੁਪਰਡੈਂਟ ਨੇ ਇਕ ਕਲਾਸ ਫੋਰ ਦੇ ਮੁਲਾਜ਼ਮ ਨੂੰ ਲਗਾ ਦਿੱਤਾ ਹੈ ਤਾਕਿ ਉਥੇ ਸਾਈਕਲਾਂ ਦੀ ਦੇਖ ਭਾਲ ਹੋ ਸਕੇ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਜੇ ਇਨ੍ਹਾਂ ਦੀ ਇਨਫਰਮੇਸ਼ਨ ਪੱਕੀ ਹੈ ਤਾਂ ਠੀਕ ਹੈ । ਨਹੀਂ ਤਾਂ ਇਹ ਠੇਕੇਦਾਰ ਦੇ ਵਾਸਤੇ ਐਡਵਰਟਾਈਜ਼ਮੈਂਟ ਕਰ ਦੇਣ, ਮੈਂ ਇਨ੍ਹਾਂ ਨੂੰ ਠੇਕੇਦਾਰ ਭੇਜ ਦਿੰਦਾ ਹਾਂ ।

**ਰਾਜ ਮੰਤਰੀ** : ਸਪੀਕਰ ਸਾਹਿਬ, ਐਡਵਾਰਟਾਈਜ਼ਮੈਂਟ ਦੀ ਲੋੜ ਨਹੀਂ ਹੈ । ਇਹ ਸਾਨੂੰ ਠੇਕੇਦਾਰ ਭੇਜ ਦੇਣ, ਅਸੀਂ ਰੱਖ ਲਵਾਂਗੇ ।

**ਨਿਸ਼ਾਨ ਵਾਲੇ ਪ੍ਰਸ਼ਨ ਨੰ 3541, 3478, 3480 and 3598**

(ਸਬੰਧਤ ਮਾਨਯੋਗ ਮੈਂਬਰ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਹੋਏ ।)

## COMPENSATORY ALLOWANCE TO THE EMPLOYEES POSTED AT SUB-MOUNTAINOUS AREA

*3451. **Master Dalip Chand** : Will the Minister for Finance be pleased to state whether the Government proposes to grant Compensatory Allowance to the employees posted at present in Sub-mountainous area of Balachaur Assembly Constituency as is being given to the Government employees working at other places of the State; If so, when ?

Original with;
Punjab Vidhan Sabha
Digitized by;
Panjab Digital Library

**Shri Hans Raj Sharma**: No, Sir.

**ਮਾਸਟਰ ਦਲੀਪ ਚੰਦ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਬਲਾਚੌਰ ਦੇ ਨਾਲ ਲਗਦਾ ਇਲਾਕਾ ਨੂਰਪੁਰ ਬੇਦੀ ਹੈ, ਇਹ ਦੋਨੋਂ ਇਲਾਕੇ ਮਿਲਦੇ ਜੁਲਦੇ ਹਨ ਅਤੇ ਇਹ ਨੂਰਪੁਰ ਦਾ ਇਲਾਕਾ ਵੀ ਸਬਮਾਊਂਟੇਨੀਅਸ ਅਤੇ ਪਛੜਿਆ ਹੋਇਆ ਹੈ । ਨੂਰਪੁਰ ਦੇ ਇਲਾਕੇ ਦੇ ਕਰਮਚਾਰੀਆਂ ਨੂੰ ਤਾਂ ਕੰਪੈਨਸੇਟਰੀ ਅਲਾਊਂਸ ਮਿਲਦਾ ਹੈ ਪਰ ਬਲਾਚੌਰ ਦੇ ਇਲਾਕੇ ਦੇ ਕਰਮਚਾਰੀਆਂ ਨੂੰ ਨਹੀਂ ਮਿਲਦਾ । ਕੀ ਸਰਕਾਰ ਉਥੇ ਦੇ ਕਰਮਚਾਰੀਆਂ ਨੂੰ ਕੰਪੈਨਸੇਟਰੀ ਅਲਾਊਂਸ ਦੇਣ ਦਾ ਵਿਚਾਰ ਕਰੇਗੀ ?

**ਮੰਤਰੀ** : ਅਸੀਂ ਸਰਵਿਸਿਜ਼ ਦੇ ਮਹਿਕਮੇ ਨੂੰ ਲਿਖਿਆ ਹੈ ਕਿ ਕੋਈ ਜਨਰਲ ਪ੍ਰਿੰਸੀਪਲ ਅਡਾਪਟ ਕਰੋ, ਕੋਈ ਐਸਾ ਕਰਾਈਟੇਰੀਆ ਬਣਾਓ ਜਿਸ ਦੇ ਨਾਲ ਕਿ ਹਿੱਲੀ ਏਰੀਆ ਨੂੰ ਕੰਪੈਨਸੇਟਰੀ ਅਲਾਊਂਸ ਦਿੱਤਾ ਜਾਵੇ । ਉਨ੍ਹਾਂ ਦਾ ਜਵਾਬ ਉਡੀਕ ਰਹੇ ਹਾਂ । ਅਸੀਂ ਸੋਚਿਆ ਕਿ ਕੁਝ ਵਿਚ ਮਿਲਦਾ ਹੈ, ਕੁਝ ਵਿਚ ਨਹੀਂ ਮਿਲਦਾ ਇਹ ਠੀਕ ਨਹੀਂ । ਇਸ ਕਰਕੇ ਅਸੀਂ ਉਨ੍ਹਾਂ ਨੂੰ ਲਿਖਿਆ ਹੈ ਤਾਂਕਿ ਹਿਲੀ ਏਰੀਆ ਵਾਸਤੇ ਕੋਈ ਐਸਾ ਕਰਾਈਟੇਰੀਆ, ਪ੍ਰਿੰਸੀਪਲ ਬਣਾਇਆ ਜਾਵੇ । ਉਨ੍ਹਾਂ ਦਾ ਜਵਾਬ ਆਉਣ ਤੇ ਅਸੀਂ ਐਗਜ਼ਾਮਿਨ ਕਰਾਂਗੇ ।

**ਸ਼੍ਰੀ ਸਪੀਕਰ** : ਸਬਮਾਊਂਟੇਨੀਅਸ ਏਰੀਆ ਡਿਫਾਈਂਡ ਹੈ ।

**ਮਾਸਟਰ ਦਲੀਪ ਚੰਦ** : ਕੀ ਇਹ ਠੀਕ ਹੈ ਕਿ ਉਹ ਈ.ਐਮ. ਦਾ ਹਲਕਾ ਹੈ ਇਸ ਕਰਕੇ ਉਥੇ ਕੰਪਨਸੇਟਰੀ ਅਲਾਊਂਸ ਮਿਲਦਾ ਹੈ ?

**ਮੰਤਰੀ** : ਮੈਂ ਪਹਿਲਾਂ ਵੀ ਦੱਸਿਆ ਹੈ ਕਿ ਅਸੀਂ ਲਿਖਕੇ ਭੇਜਿਆ ਹੈ ਕਿ ਕੋਈ ਕਰਾਈਟੇਰੀਆ ਬਣਾਕੇ ਸਾਨੂੰ ਭੇਜੋ ਤਾਂ ਕਿ ਕੋਈ ਜਨਰਲ ਪ੍ਰਿੰਸੀਪਲ ਅਡਾਪਟ ਕਰ ਸਕੀਏ ਅਤੇ ਉਸ ਦੇ ਮੁਤਾਬਿਕ ਜੇ ਦੇ ਸਕਦੇ ਹੋਏ ਤਾਂ ਦੇਈਏ ।

**ਕਾਮਰੇਡ ਸੱਤ ਪਾਲ ਡਾਂਗ** : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਸਰਵਿਸਿਜ਼ ਦੇ ਮਹਿਕਮੇ ਨੂੰ ਲਿਖਿਆ ਹੈ ਕਿ ਕੋਈ ਅਸੂਲ ਬਣਾਓ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਸਬਮਾਊਂਟੇਨੀਅਸ ਏਰੀਆ ਨੂੰ ਮਿਲ ਗਿਆ ਅਤੇ ਦੂਜੇ ਨੂੰ ਨਹੀਂ ਮਿਲਦਾ । ਇਹ ਕਿਸ ਅਸੂਲ ਦੇ ਮੁਤਾਬਿਕ ਹੋਇਆ ਕਿ ਜਿਸ ਵੇਲੇ ਨੂਰਪੁਰ ਨੂੰ ਦਿਤਾ ਸੀ ਕੀ ਉਸ ਵੇਲੇ ਕੋਈ ਅਸੂਲ ਨਹੀਂ ਸੀ ਜਿਸ ਕਰਕੇ ਦੂਸਰੇ ਨੂੰ ਨਹੀਂ ਦਿਤਾ ?

**ਮੰਤਰੀ** : ਇਹ ਪਿਛੇ ਤੋਂ ਅੱਜ ਤੱਕ ਮਿਲਦਾ ਆਇਆ ਸੀ । ਸਾਡੇ ਕੋਲ ਕੁਝ ਕੇਸ ਗੁਰਦਾਸਪੁਰ ਤੇ ਹੋਰ ਜ਼ਿਲ੍ਹਿਆਂ ਦੇ ਆਏ ਸੀ । ਅਸੀਂ ਉਨ੍ਹਾਂ ਨੂੰ ਲਿਖਿਆ ਕਿ ਇਕੱਲਾ ਇਕੱਲਾ ਕੇਸ ਨਾ ਭੇਜੋ ਬਲਕਿ ਸਾਰਿਆਂ ਵਾਸਤੇ ਇਕ ਕਰਾਈਟੇਰੀਆ ਬਣਾ ਦਿਓ ਤਾਂਕਿ ਸਾਰਿਆਂ ਵਾਸਤੇ ਇਕ ਫੈਸਲਾ ਹੋ ਜਾਵੇ ।

**ਸ਼੍ਰੀ ਸਪੀਕਰ** : ਵਜ਼ੀਰ ਸਾਹਿਬ ਸਬਮਾਊਂਟੇਨੀਅਸ ਏਰੀਆ ਡਿਫਾਈਂਡ ਹੈ ।

**ਚੌਧਰੀ ਰਾਮ ਸਿੰਘ** : ਸਬਮਾਊਂਟੇਨੀਅਸ ਏਰੀਆ ਬਿਲਕੁਲ ਡਿਫਾਈਂਡ ਹੈ । ਉਸ ਦੇ ਲਈ ਕੰਪੈਨਸੇਟਰੀ ਅਲਾਊਂਸ ਅਤੇ ਦੂਸਰੇ ਸਾਰੇ ਅਲਾਊਂਸ ਇਕੋ ਜਿਹੇ ਲਾਗੂ ਕਰਨ ਬਾਰੇ ਕੀ ਸਰਕਾਰ ਕੋਈ ਵਿਚਾਰ ਕਰ ਰਹੀ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਐਗਜ਼ਾਮਿਨ ਕਰਵਾ ਲਵਾਂਗੇ । ਪਹਿਲਾਂ ਸਰਵਿਸਿਜ਼ ਵਾਲਿਆਂ ਦਾ ਜਵਾਬ ਆ ਲੈਣ ਦਿਓ ।

ESTABLISHMENT OF A SEPARATE CELL IN THE FINANCE DEPARTMENT

*3525. **Chaudhary Ram Singh** : Will the Minister for Finance be pleased to state whether there is any proposal under consideration of the Government to establish a separate cell for the disposal of cases of gratuity, retirement and revision of scales of pay of the Government employees, if so, the details thereof together with the date on which the cell is likely to be set up ?

**Shri Hans Raj Sharma** : No, Sir.

**ਚੌਧਰੀ ਰਾਮ ਸਿੰਘ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕੀ ਇਹਨਾਂ ਨੂੰ ਪਤਾ ਹੈ ਕਿ ਗਰੈਚੂਟੀ, ਪੈਨਸ਼ਨ ਜਦ ਕੋਈ ਆਦਮੀ ਰਿਟਾਇਰ ਹੋ ਜਾਂਦਾ ਹੈ ਤਾਂ ਉਸ ਨੂੰ ਸਾਲ ਸਾਲ, ਦੋ ਦੋ ਸਾਲ ਨਹੀਂ ਮਿਲਦੇ ਜੋ ਕਿ ਉਨ੍ਹਾਂ ਦੇ ਡਿਊ ਹੁੰਦੇ ਹਨ ? ਜਦ ਕਿ ਸਰਕਾਰ ਹਰ ਪਾਸੇ ਚੰਗੇ ਕੰਮ ਕਰ ਰਹੀ ਹੈ ਕੀ ਇਸ ਸਿਲਸਿਲੇ ਵਿਚ ਵੀ ਇਹ ਕਰਮਚਾਰੀਆਂ ਦੀ ਜਿਹੜੀ ਲੋੜ ਹੈ ਇਸਨੂੰ ਮੁੱਖ ਰੱਖਦੇ ਹੋਏ ਕਦਮ ਚੁਕੇਗੀ ਤਾਕਿ ਉਨ੍ਹਾਂ ਨੂੰ ਇਕ ਮਹੀਨੇ ਦੇ ਅੰਦਰ ਗਰੈਚੂਟੀ, ਪੈਨਸ਼ਨ ਮਿਲ ਜਾਵੇ ? ਇਹ ਜਿਹੜਾ ਇਨ੍ਹਾਂ ਨੇ ਨਹੀਂ ਵਿਚ ਜਵਾਬ ਦਿਤਾ ਹੈ, ਨਹੀਂ ਦਾ ਤਾਂ ਸਵਾਲ ਹੀ ਨਹੀਂ ਹੋਣਾ ਚਾਹੀਦਾ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕਈ ਕੁਝ ਪੁੱਛਿਆ ਸੀ । ਪਰ ਜਿਥੋਂ ਤੱਕ ਪੈਨਸ਼ਨ ਦਾ ਤੁਅੱਲਕ ਹੈ, ਪੈਨਸ਼ਨ ਦੇ ਮੁਤੱਲਕ ਅਸੀਂ ਰੂਲਜ਼ ਬਣਾ ਰਹੇ ਹਾਂ ਤਾਕਿ ਉਨ੍ਹਾਂ ਦੇ ਰਿਟਾਇਰ ਹੋਣ ਤੋਂ ਉਨ੍ਹਾਂ ਨੂੰ ਇਕ ਮਹੀਨਾ ਪਹਿਲਾਂ ਹੀ ਮਿਲ ਜਾਵੇ, ਏ.ਜੀ. ਤੋਂ ਸੈਂਕਸ਼ਨ ਹੋ ਜਾਵੇ ਅਤੇ ਸਾਰਾ ਰਿਕਾਰਡ ਮੁਕੰਮਲ ਹੋ ਜਾਵੇ ਅਤੇ ਰਿਟਾਇਰ ਹੋਣ ਤੋਂ ਬਾਅਦ ਕਿਸੇ ਕਿਸਮ ਦੀ ਕੋਈ ਅੜਚਨ ਨਾ ਪਵੇ ।

**ਸਰਦਾਰ ਦਰਬਾਰਾ ਸਿੰਘ** : ਇਹ ਜਿਹੜੇ ਰੂਲਜ਼ ਬਣਾ ਰਹੇ ਹਨ, ਇਹ ਕਿੰਨੀ ਛੇਤੀ ਬਣ ਜਾਣਗੇ ਅਤੇ ਕਦੋਂ ਲਾਗੂ ਹੋ ਜਾਣਗੇ ?

**ਮੰਤਰੀ** : ਇਹ ਬੜੀ ਜਲਦੀ ਹੋ ਜਾਣਗੇ ।

**ਕਾਮਰੇਡ ਸੱਤ ਪਾਲ ਡਾਂਗ** : ਜੇ ਮੈਂ ਮਨਿਸਟਰ ਸਾਹਿਬ ਨੂੰ ਲਿਖ ਕੇ ਇਕ ਸਪੈਸਿਫਿਕ ਕੇਸ ਭੇਜਾਂ ਇਰੀਗੇਸ਼ਨ ਐਂਡ ਪਾਵਰ ਡਿਪਾਰਟਮੈਂਟ ਦੇ ਇਕ ਕਰਮਚਾਰੀ ਦੇ ਮੁਤੱਲਕ ਕਿ ਉਸ ਨੂੰ ਰਿਟਾਇਰ ਹੋਏ ਨੂੰ 16 ਸਾਲ ਹੋ ਗਏ ਹਨ, ਉਸ ਨੇ ਮਹਿਕਮੇ ਨੂੰ ਪੰਜ ਸੌ ਚਿੱਠੀਆਂ ਲਿਖੀਆਂ ਹਨ ਅਤੇ ਮਨਿਸਟਰ ਸਾਹਿਬ ਨੂੰ ਵੀ ਲਿਖਿਆ ਹੈ, ਹੁਣ ਉਹ ਕਹਿੰਦੇ ਹਨ ਕਿ ਕੇਸ ਨਹੀਂ ਲੱਭਦਾ, ਉਸ ਦੀ ਪੈਨਸ਼ਨ ਸੈਂਕਸ਼ਨ ਨਹੀਂ ਹੋਈ, ਇਹ ਇਸ ਦੀ ਇਨਕੁਆਇਰੀ ਕਰਾਕੇ ਕੋਈ ਜ਼ਿੰਮੇਵਾਰੀ ਫਿਕਸ ਕਰਨਗੇ, ਸਜ਼ਾ ਦੇਣਗੇ ?

**ਮੰਤਰੀ** : ਇਹ ਲਿਖਕੇ ਦੇਣ ਮੈਂ ਉਸ ਮਹਿਕਮੇ ਤੋਂ ਤਹਿਕੀਕਾਤ ਕਰਵਾ ਲਵਾਂਗਾ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਪੈਨਸ਼ਨ ਵਾਸਤੇ ਤਾਂ ਇਹ ਕਹਿ ਰਹੇ ਹਨ ਕਿ ਰੂਲਜ਼ ਬਣਾ ਰਹੇ ਹਾਂ ਤਾਂਕਿ ਰਿਟਾਇਰ ਹੋਣ ਤੋਂ ਪਹਿਲਾਂ ਪੈਨਸ਼ਨ ਮਿਲ ਜਾਵੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਗਰੈਚੂਟੀ ਵਾਸਤੇ ਵੀ ਇਸ ਤਰ੍ਹਾਂ ਦੀ ਕੋਈ ਸਕੀਮ ਬਣਾਉਣਗੇ ਤਾਂਕਿ ਗਰੈਚੂਟੀ ਵੀ ਮਿਲ ਜਾਵੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਕੋਸ਼ਿਸ਼ ਕਰ ਰਹੇ ਹਾਂ ਕਿ ਕਾਗਜ਼ ਵਕਤ ਸਿਰ ਮੁਕੰਮਲ ਹੋ ਜਾਣ, ਰਿਕਾਰਡ ਵਕਤ ਸਿਰ ਮੁਕੰਮਲ ਹੋ ਜਾਵੇ ਤਾਂਕਿ ਪਿਛੋਂ ਕੋਈ ਅੜਚਨ ਨਾ ਆਵੇ ।

**ਸ੍ਰੀ ਪ੍ਰੇਮ ਗੁਪਤਾ** : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਨਵੇਂ ਰੂਲਜ਼ ਬਣ ਰਹੇ ਹਨ ਅਤੇ ਰਿਟਾਇਰਮੈਂਟ ਤੋਂ ਪਹਿਲਾਂ ਪੈਨਸ਼ਨ ਸੈਂਕਸ਼ਨ ਹੋ ਜਾਵੇਗੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਕੇਸਿਜ਼ ਸਾਲ, ਦੋ ਸਾਲ ਜਾਂ ਪੰਜ ਸਾਲਾਂ ਤੋਂ ਐਫ.ਡੀ. ਪਾਸ ਪੈਂਡਿੰਗ ਪਏ ਹਨ ਉਨ੍ਹਾਂ ਨੂੰ ਕਿੰਨੀ ਜਲਦੀ ਨਿਪਟਾ ਦੇਣਗੇ ਅਤੇ ਉਨ੍ਹਾਂ ਨੂੰ ਪੈਨਸ਼ਨ, ਗਰੈਚੂਟੀ ਦੇ ਦੇਣਗੇ ?

**ਮੰਤਰੀ** : ਹਰ ਮਹਿਕਮਾ ਆਪਣੇ ਕਰਮਚਾਰੀਆਂ ਦੇ ਰਿਟਾਇਰਮੈਂਟ ਦੇ ਕੇਸਿਜ਼ ਦੇ ਰਿਕਾਰਡ ਮੁਕੰਮਲ ਕਰਦਾ ਹੈ ਅਤੇ ਫਿਰ ਉਹ ਸਾਡੇ ਕੋਲ ਆਉਂਦੇ ਹਨ । ਅਸੀਂ ਉਨ੍ਹਾਂ ਨੂੰ ਆਪਣੇ ਕੋਲ ਰੱਖਦੇ ਨਹੀਂ ਅਤੇ ਏ.ਜੀ. ਦੀ ਮਨਜ਼ੂਰੀ ਲੈ ਕੇ ਅਪਣੇ ਵਲੋਂ ਜਲਦੀ ਤੋਂ ਜਲਦੀ ਉਨ੍ਹਾਂ ਨੂੰ ਡਿਸਪੋਜ਼ ਆਫ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਪੈਨਸ਼ਨ ਦੇ ਬਾਰੇ ਤਾਂ ਜਵਾਬ ਦੇ ਦਿਤਾ ਹੈ ਪਰ ਗਰੈਚੂਟੀ ਦਾ ਡੈਫੀਨਿਟ ਸਵਾਲ ਹੈ ਅਤੇ ਉਸ ਦੇ ਬਾਰੇ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿਤਾ। ਇਹ ਗਰੈਚੂਟੀ ਦੇ ਬਾਰੇ ਵੀ ਜਵਾਬ ਦੇ ਦੇਣ ?

**ਮੰਤਰੀ** : ਗਰੈਚੂਟੀ ਦੇ ਬਾਰੇ ਕੋਈ ਸ਼ਿਕਾਇਤ ਨਹੀਂ ਹੁੰਦੀ । ਜੇ ਕੋਈ ਸ਼ਿਕਾਇਤ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆਉਣ, ਮੈਂ ਦੱਸ ਦਿਆਂਗਾ ।

---

### ABOLITION OF CYCLE TAX

*3425. **Chaudhri Ram Singh** : Will the Minister for Finance be pleased to state whether there is any proposal under consideration of the Government to abolish Cycle Tax in the State, if so, the time by which it is likely to be implemented ?

**Shri Hans Raj Sharma** :—Government decided in 1967 to abolish Cycle Tax and all Municipal Committees were advised accordingly. It is for Municipal Committees to take a final decision. ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਹ ਮਿਉਂਸਪਲ ਐਕਟ ਅਮੈਂਡ ਕੀਤਾ ਸੀ, ਉਸ ਅਮੈਂਡਮੈਂਟ ਦੇ ਸਦਕੇ ਸਾਨੂੰ ਤਾਕਤ ਮਿਲੀ ਸੀ ਅਤੇ ਉਸ ਤਾਕਤ ਤੋਂ ਅਸੀਂ 19 ਜਨਵਰੀ, 1976 ਨੂੰ ਜਿਹੜੀਆਂ 25-30 ਮਿਉਂਸਪਲ ਕਮੇਟੀਆਂ ਸਾਈਕਲ ਟੈਕਸ ਲੈਂਦੀਆਂ ਸੀ, ਉਥੋਂ ਉਸ ਸਾਈਕਲ ਟੈਕਸ ਨੂੰ ਐਬਾਲਿਸ਼ ਕਰ ਦਿਤਾ ਹੈ ਅਤੇ ਗੌਰਮਿੰਟ ਵਲੋਂ ਉਨ੍ਹਾਂ ਨੂੰ ਆਰਡਰ ਚਲੇ ਗਏ ਹਨ।

**ਕਾਮਰੇਡ ਸੱਤ ਪਾਲ ਡਾਂਗ** : ਮਨਿਸਟਰ ਸਾਹਿਬ ਦਾ ਇਹ ਕਦਮ ਬੜਾ ਚੰਗਾ ਹੈ ਕਿ ਜਿਨ੍ਹਾਂ ਕਮੇਟੀਆਂ ਦੇ ਵਿਚ ਗਰੀਬਾਂ ਤੋਂ ਸਾਈਕਲ ਟੈਕਸ ਲਿਆ ਜਾਂਦਾ ਸੀ ਉਹ ਸਰਕਾਰ ਨੇ ਤਾਕਤ ਵਰਤ ਕੇ ਐਬਾਲਿਸ਼ ਕਰ ਦਿਤਾ ਹੈ । ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਬਲਾਕ ਸੰਮਤੀਆਂ ਨੇ ਸਾਈਕਲ ਟੈਕਸ ਲਾਇਆ ਹੋਇਆ ਹੈ ਕੀ ਉਥੋਂ ਵੀ ਇਹ ਟੈਕਸ ਐਬਾਲਿਸ਼ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਸ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ ।

**ਚੌਧਰੀ ਰਾਮ ਸਿੰਘ** : ਇਹ ਤਾਂ ਬਹੁਤ ਚੰਗੀ ਗੱਲ ਹੈ, ਜਿਹੜਾ ਇਨ੍ਹਾਂ ਕਿਹਾ ਹੈ ਕਿ ਸਾਈਕਲ ਟੈਕਸ ਖਤਮ ਕਰ ਦਿਤਾ ਹੈ । ਪਰ ਇਹ ਗੱਲ ਇਨ੍ਹਾਂ ਨੇ ਲਿਖਤੀ ਜਵਾਬ ਤੋਂ ਇਲਾਵਾ ਕਹੀ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਜਵਾਬ ਬਣਾਇਆ ਗਿਆ ਸੀ ਉਸ ਵੇਲੇ ਇਹ ਚੀਜ਼ ਵਿਚ ਕਿਉਂ ਨਾ ਲਿਖੀ ਗਈ? ਇਹ ਗੱਲ ਮੇਰੀ ਸਮਝ ਵਿਚ ਨਹੀਂ ਆਈ ।

**ਮੰਤਰੀ** : ਪਹਿਲਾਂ ਜਿਹੜਾ ਐਕਟ ਸੀ ਉਸ ਵਿਚ ਸਾਨੂੰ ਪਾਵਰਜ਼ ਨਹੀਂ ਸੀ । ਅਤੇ ਅਸੀਂ ਕਿਹਾ ਕਿ ਮਿਉਂਨਿਸਪਲ ਕਮੇਟੀਆਂ ਇਸ ਨੂੰ ਆਪ ਕਰ ਸਕਦੀਆਂ ਹਨ । ਲੇਕਿਨ ਇਹ ਅਸੀਂ ਬਾਅਦ ਵਿਚ ਕੀਤਾ ਹੈ ਇਸ ਕਰਕੇ ਇਸ ਦਾ ਜ਼ਿਕਰ ਉਸ ਵਿਚ ਨਹੀਂ ਕਰ ਸਕੇ ਅਤੇ ਬਾਅਦ ਵਿਚ ਦੱਸਣਾ ਪਿਆ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਮਨਿਸਟਰ ਸਾਹਿਬ ਤੋਂ ਮੈਂ ਮੁੜ ਕੇ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਨੇ ਇਸਦੇ ਜਵਾਬ ਵਿਚ ਇੱਕ ਬੜੀ ਲਿਸਟ ਦਾ ਵਰਣਨ ਕੀਤਾ ਹੈ । ਮਿਉਂਸਪਲ ਕਮੇਟੀਆਂ ਵਿਚ ਸਾਈਕਲ ਟੈਕਸ ਦੇ ਬਾਰੇ ਸਵਾਲ ਨਹੀਂ ਹੈ । ਇਹ ਸਵਾਲ ਤਾਂ ਸਾਰੀ ਸਟੇਟ ਵਿਚ ਸਾਈਕਲ ਟੈਕਸ ਦੇ ਬਾਰੇ ਵਿੱਚ ਹੈ । ਇਸ ਲਈ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬੜੇ ਦਰੁਸਤ ਢੰਗ ਨਾਲ ਮਿਉਂਨਿਸਪਲ ਕਮੇਟੀਆਂ ਵਿਚੋਂ ਸਾਈਕਲ ਟੈਕਸ ਮੁਆਫ ਕੀਤਾ ਹੈ । ਕੀ ਸਰਕਾਰ ਇਸ ਗੱਲ ਤੇ ਵੀ ਹਮਦਰਦਾਨਾ ਗੌਰ ਕਰੇਗੀ ਅਤੇ ਫੈਸਲਾ ਕਰੇਗੀ ਕਿ ਚੂੰਕਿ ਪਿੰਡਾਂ ਵਿਚ ਸਾਈਕਲ ਗਰੀਬ ਲੋਕ ਹੀ ਚਲਾਉਂਦੇ ਹਨ ਉਥੇ ਬਲਾਕ ਸੰਮਤੀਆਂ, ਪੰਚਾਇਤਾਂ ਵਿਚ ਵੀ ਇਹ ਸਾਈਕਲ ਟੈਕਸ ਖਤਮ ਕਰ ਦੇਣਗੇ ?

**ਸ਼੍ਰੀ ਸਪੀਕਰ** : ਰੰਧਾਵਾ ਸਾਹਿਬ, ਕੀ ਤੁਸੀਂ ਇਸ ਤੇ ਕੁਛ ਕਹਿਣਾ ਚਾਹੋਗੇ ?

**ਵਿਕਾਸ ਦੇ ਰਾਜ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ) : ਅਜੇ ਇਸ ਤੇ ਵਿਚਾਰ ਨਹੀਂ ਕੀਤਾ, ਵਿਚਾਰ ਕਰ ਲਵਾਂਗੇ । (ਵਿਘਨ) ਤਿੰਨ ਰੁਪਏ ਹਾਊਸ ਟੈਕਸ ਜਿਹੜਾ ਮੁਜ਼ਾਰਿਆਂ ਨੂੰ ਅਤੇ ਹੋਰ ਗਰੀਬਾਂ ਨੂੰ ਅਸੀਂ ਉਥੇ ਛੱਡਿਆ ਹੈ, ਉਸ ਵਿਚ 20 ਲੱਖ ਰੁਪਿਆ ਪੰਜਾਬ ਗੌਰਮਿੰਟ ਨੇ ਪੰਚਾਇਤਾਂ ਨੂੰ ਦਿੱਤਾ ਹੈ । ਇਸੇ ਤਰ੍ਹਾਂ ਇਹ ਵੀ ਦੇਖਾਂਗੇ । ਇਸ ਨਾਲ ਜਿਹੜੀ ਆਮਦਨ ਪੰਚਾਇਤ ਸੰਮਤੀਆਂ ਨੂੰ ਹੁੰਦੀ ਹੈ ਉਹ ਵੀ ਜੇ ਗੌਰਮਿੰਟ ਉਨ੍ਹਾਂ ਨੂੰ ਦੇ ਸਕੇਗੀ ਤਾਂ ਜ਼ਰੂਰ ਦੇਵੇਗੀ ।

**ਚੌਧਰੀ ਦਰਸ਼ਨ ਸਿੰਘ** : ਜਿਹੜਾ ਇਥੇ ਮਨਿਸਟਰ ਸਾਹਿਬ ਵਲੋਂ ਜਵਾਬ ਦਿੱਤਾ ਗਿਆ ਹੈ ਉਸਦੇ ਵਿਚ ਮਿਉਂਸਪਲ ਕਮੇਟੀਆਂ ਦਾ ਜ਼ਿਕਰ ਤਾਂ ਆਇਆ ਹੈ ਪਰ ਪੰਚਾਇਤ ਸੰਮਤੀਆਂ ਦਾ ਜ਼ਿਕਰ ਕਿਉਂ ਨਹੀਂ ਆਇਆ ਹੈ ?' ਕੀ ਮਨਿਸਟਰ ਸਾਹਿਬ ਦਸਣ ਦੀ ਕ੍ਰਿਪਾਲਤਾ ਕਰਨਗੇ ਕਿ ਇਸਦੇ ਵਜੂਹਾਤ ਕੀ ਹਨ? ਇਹ ਡਿਸਕ੍ਰੀਮੀਨੇਸ਼ਨ ਕਿਉਂ ਕੀਤੀ ਗਈ ਹੈ ?

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ** : ਮੈਂ ਤਾਂ ਆਪਣੇ ਮਹਿਕਮੇ ਦਾ ਜਵਾਬ ਹੀ ਦੇ ਸਕਦਾ ਹਾਂ ।

**ਚੌਧਰੀ ਰਾਮ ਸਿੰਘ** : ਹੁਣੇ ਰੰਧਾਵਾ ਸਾਹਿਬ ਨੇ ਕਿਹਾ ਹੈ ਕਿ ਇਸ ਬਾਰੇ ਸੋਚਾਂਗੇ । ਜਦੋਂ ਸ਼ਹਿਰਾਂ ਵਿਚ ਇਹ ਚੀਜ਼ ਉੜਾ ਦਿੱਤੀ ਗਈ ਹੈ ਤਾਂ ਫਿਰ ਪਿੰਡਾਂ ਵਿਚ ਇਹ ਕਿਉਂ ਨਹੀਂ ਉੜਾ ਦਿੱਤੀ ਜਾਂਦੀ । ਇਸ ਬਾਰੇ ਰੰਧਾਵਾ ਸਾਹਿਬ ਨੇ ਕੰਡੀਸ਼ਨ ਕਿਉਂ ਲਗਾਈ ਹੈ । ਇਹ ਹੁਣੇ ਹੀ ਕਿਉਂ ਨਹੀਂ ਇਸ ਬਾਰੇ ਜਵਾਬ ਦਿੰਦੇ ?

**ਵਿਕਾਸ ਦੇ ਰਾਜ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ) : ਇਸ ਨੂੰ ਅਸੀਂ ਐਗਜ਼ਾਮਿਨ ਕਰ ਲਵਾਂਗੇ ।

**ਸਰਦਾਰ ਦਰਬਾਰਾ ਸਿੰਘ** : ਸਪਲੀਮੈਂਟਰੀ, ਸਰ । (ਵਿਘਨ)

**ਸ਼੍ਰੀ ਸਪੀਕਰ** : ਕਾਫੀ ਸਪਲੀਮੈਂਟਰੀਜ਼ ਹੋ ਗਈਆਂ ਹਨ । ਅੱਛਾ ਕਰੋ ਸਵਾਲ ।

**ਸਰਦਾਰ ਦਰਬਾਰਾ ਸਿੰਘ** : ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਸ਼ਹਿਰਾਂ ਵਿਚ ਸਾਈਕਲਾਂ ਤੇ ਚੜ੍ਹਨ ਵਾਲਿਆਂ ਤੋਂ ਪਿੰਡਾਂ ਵਿਚ ਸਾਈਕਲਾਂ ਤੇ ਚੜ੍ਹਨ ਵਾਲੇ ਜ਼ਿਆਦਾ ਗਰੀਬ ਹੁੰਦੇ ਹਨ, ਮੈਂ ਵਿੱਤ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਿੰਡਾਂ ਵਿਚ ਗਰੀਬਾਂ ਨੂੰ ਇਹ ਸਹੂਲਤਾਂ ਦੇਣ ਵਾਸਤੇ ਰੰਧਾਵਾ ਸਾਹਿਬ ਨੂੰ ਰੁਪਏ ਦੇਣਗੇ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਸ਼ਾਇਦ ਸਰਦਾਰ ਦਰਬਾਰਾ ਸਿੰਘ ਜੀ ਨੂੰ ਪਤਾ ਨਹੀਂ ਕਿ ਇਹ ਟੈਕਸ ਕਦੋਂ ਦਾ ਲਗਾ ਹੋਇਆ ਹੈ । ਇਹ ਲਿਸਟ ਜੋ ਕਿ ਮੇਰੇ ਪਾਸ ਹੈ, ਇਸ ਅਨੁਸਾਰ 40-50 ਐਸੀਆਂ ਮਿਊਂਸਪਲ ਕਮੇਟੀਆਂ ਸਨ ਜਿਨ੍ਹਾਂ ਵਿਚ ਇਹ ਟੈਕਸ ਲੱਗਾ ਹੋਇਆ ਸੀ । ਇਨ੍ਹਾਂ ਵਿਚੋਂ ਇਹ ਟੈਕਸ ਅਸੀਂ ਮੁਆਫ ਕਰ ਦਿੱਤਾ ਹੈ । ਇੱਕ ਚੀਜ਼ ਹੋਰ ਆਈ ਹੈ ਬਲਾਕ ਸੰਮਤੀਆਂ ਬਾਰੇ ਇਸਨੂੰ ਅਸੀਂ ਐਗਜ਼ਾਮਿਨ ਕਰਾਂਗੇ ਔਰ ਸਿੰਪੈਥੇਟੀਕਲੀ ਇਸ ਤੇ ਵਿਚਾਰ ਕਰਾਂਗੇ ।

**ਚੌਧਰੀ ਦਰਸ਼ਨ ਸਿੰਘ** : ਸਵਾਲ ਕਲੀਅਰ ਟਰਮਜ਼ ਵਿਚ ਪੁੱਛਿਆ ਗਿਆ ਸੀ ਕਿ ਆਇਆ ਪੰਜਾਬ ਸਰਕਾਰ ਸਾਈਕਲ ਟੈਕਸ ਮੁਆਫ ਕਰ ਦੇਵੇਗੀ । ਜਵਾਬ ਆਇਆ ਕਿ 1967 ਵਿਚ ਸਰਕਾਰ ਨੇ ਫੈਸਲਾ ਕਰ ਦਿੱਤਾ ਸੀ । ਕੀ 1967 ਵਿਚ ਪੰਜਾਬ ਸਰਕਾਰ ਕੋਲ ਕੋਈ ਅਜਿਹੀ ਤਜਵੀਜ਼ ਨਹੀਂ ਸੀ ਕਿ ਪੰਚਾਇਤ ਸੰਮਤੀਆਂ ਦਾ ਸਾਈਕਲ ਟੈਕਸ ਮੁਆਫ ਕੀਤਾ ਜਾਵੇ ।

**ਮੰਤਰੀ** : ਐਸੀ ਕੋਈ ਤਜਵੀਜ਼ ਨਹੀਂ ਸੀ । ਇਹ ਸਰਕਾਰ ਨੇ ਖੁਦ ਸੋਚਿਆ ਹੈ ਕਿ ਇਨ੍ਹਾਂ ਮਿਊਂਸਪਲ ਕਮੇਟੀਆਂ ਵਿਚ ਇਹ ਸਾਈਕਲ ਟੈਕਸ ਮੁਆਫ ਕਰ ਦਿੱਤਾ ਜਾਵੇ ਕਿਉਂਕਿ ਇਸ ਨੂੰ ਗਰੀਬ ਆਦਮੀ ਹੀ ਚਲਾਉਂਦਾ ਹੈ । ਪਿੰਡਾਂ ਵਿਚ ਪੰਚਾਇਤ ਸੰਮਤੀਆਂ ਵਿਚ ਇਹ ਸਾਈਕਲ ਟੈਕਸ ਮੁਆਫ ਹੋਣਾ ਚਾਹੀਦਾ ਹੈ, ਇਸ ਬਾਰੇ ਮੈਂਬਰ ਸਾਹਿਬਾਨ ਦੇ ਵਿਚਾਰ ਅੱਛੇ ਹਨ । ਇਸ ਤੇ ਨਿਹਾਇਤ ਹਮਦਰਦਾਨਾ ਗੌਰ ਕੀਤਾ ਜਾਵੇਗਾ ।

**ਸ਼੍ਰੀ ਵਿਸ਼ਵਾ ਮਿੱਤਰ ਸੇਖੜੀ** : ਇਹ ਬੜਾ ਅਹਿਮ ਸਵਾਲ ਹੈ । ਲੋਕਲ ਬਾਡੀਜ਼ ਦਾ ਮਹਿਕਮਾ ਸ਼ਰਮਾ ਸਾਹਿਬ ਕੋਲ ਹੈ । ਇਹ ਕਹਿੰਦੇ ਹਨ ਕਿ ਇਹ ਟੈਕਸ ਲੋਕਲ ਬਾਡੀਜ਼ ਵਿਚ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਸ਼ਵਾ ਮਿੱਤਰ ਸੇਖੜੀ]

ਮੁਆਫ ਕਰ ਦਿੱਤਾ ਹੈ । ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਮਿਊਂਸਪਲ ਕਮੇਟੀਆਂ ਤੋਂ ਬਾਹਰ ਗਰੀਬ ਲੋਕ ਸਾਈਕਲ ਚਲਾਉਣ ਹੀ ਨਾ । ਇਹ ਸਭ ਜਗ੍ਹਾ ਹੀ ਮੁਆਫ ਹੋਣਾ ਚਾਹੀਦਾ ਹੈ । ਇਸ ਬਾਰੇ ਐਲਾਨ ਕਰਨਾ ਚਾਹੀਦਾ ਹੈ । ਇਸ ਵਿਚ ਸ਼ਹਿਰਾਂ ਅਤੇ ਪਿੰਡਾਂ ਵਿਚ ਜੋ ਡਿਸਕ੍ਰੀਮੀਨੇਸ਼ਨ ਕੀਤੀ ਗਈ ਹੈ, ਉਸ ਨੂੰ ਉੜਾ ਦਿੱਤਾ ਜਾਣਾ ਚਾਹੀਦਾ ਹੈ ।

**ਸ਼੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਇਹ ਜਿਹੜਾ ਸਾਈਕਲ ਟੈਕਸ ਪਹਿਲਾਂ ਕਿਸੇ ਜ਼ਮਾਨੇ ਵਿਚ ਸ਼ਹਿਰਾਂ ਵਿਚ ਲਗਿਆ ਸੀ ਜਿਸ ਨਾਲ ਮਿਊਂਸਪਲ ਕਮੇਟੀਆਂ ਦੀ ਆਮਦਨ ਵਧਾਈ ਗਈ ਸੀ, ਫਿਰ ਇਹ ਟੈਕਸ ਪਿੰਡਾਂ ਵਿਚ ਚਲਾ ਗਿਆ । ਜਦੋਂ ਗੌਰਮਿੰਟ ਨੇ ਇਸ ਚੀਜ਼ ਨੂੰ ਰਿਆਲਾਈਜ਼ ਕਰ ਲਿਆ ਕਿ ਸਾਈਕਲ ਟੈਕਸ ਨਹੀਂ ਹੋਣਾ ਚਾਹੀਦਾ ਅਤੇ ਸ਼ਹਿਰਾਂ ਵਿਚੋਂ ਇਹ ਟੈਕਸ ਵਿਦਡਰਾ ਕਰ ਲਿਆ ਗਿਆ ਹੈ ਫਿਰ ਇਸ ਵਿਚ ਪਿੰਡਾਂ ਲਈ ਸੋਚਣ ਵਾਲੀ ਕੋਈ ਗਲ ਰਹਿ ਨਹੀਂ ਜਾਂਦੀ ਹੈ ।

**ਮੰਤਰੀ** : ਸਪੀਕਰ ਸਾਹਿਬ, ਇਹ ਕੁਐਸ਼ਚਨ ਆਵਰ ਹੈ । ਡਿਮਾਂਡਾਂ ਆ ਰਹੀਆਂ ਹਨ ਉਸ ਤੇ ਡਿਸਕਸ਼ਨ ਕੀਤੀ ਜਾ ਸਕਦੀ ਹੈ । ਜੋ ਕੁਐਸ਼ਚਨ ਮਿਲਿਆ ਸੀ ਉਸਦਾ ਮੈਂ ਜਵਾਬ ਰੱਖ ਦਿੱਤਾ ਹੈ । ਦੂਸਰੇ ਮੈਂ ਇਹ ਅਰਜ਼ ਕਰਦਾ ਹਾਂ ਕਿ ਐਨੇ ਸ਼ਹਿਰਾਂ ਵਿਚੋਂ ਇਹ ਟੈਕਸ ਬਾਈ ਆਰਡਰ ਹਟਾ ਦਿਤਾ ਗਿਆ ਹੈ ਕਿਉਂਕਿ ਮਿਊਂਸਪਲ ਕਮੇਟੀਆਂ ਦੇ ਅੰਦਰ ਅਸੀਂ ਆਮਦਨ ਬੜ੍ਹਾਈ ਹੈ, ਹਾਉਸ ਟੈਕਸ ਬੜ੍ਹਾਇਆ ਹੈ, ਔਰ ਉਹ ਆਮਦਨ ਬੜ੍ਹਾਉਣ ਤੋਂ ਬਾਅਦ ਇਹ ਸਾਈਕਲ ਟੈਕਸ ਉਥੋਂ ਹਟਾ ਦਿੱਤਾ ਗਿਆ ਹੈ । ਇਨ੍ਹਾਂ ਨੂੰ ਇਨਕਮ ਦਾ ਧਿਆਨ ਵੀ ਰੱਖਣਾ ਚਾਹੀਦਾ ਹੈ । ਹੁਣ ਰੰਧਾਵਾ ਸਾਹਿਬ ਨੇ ਕਿਹਾ ਹੈ ਕਿ ਹੋਰ ਆਮਦਨ ਵਧਾਉਣ ਦਾ ਯਤਨ ਕਰ ਰਹੇ ਹਾਂ । ਇਸ ਬਾਰੇ ਮੈਂ ਕਿਸ ਤਰ੍ਹਾਂ ਸਟੇਟਮੈਂਟ ਦੇ ਸਕਦਾ ਹਾਂ । ਜੇ ਰੰਧਾਵਾ ਸਾਹਿਬ ਕਹਿਣ ਕਿ ਇਸ ਤਰ੍ਹਾਂ ਕਰਨ ਨਾਲ 12 ਕਰੋੜ ਰੁਪਏ ਚਾਹੀਦੇ ਹਨ ਤਾਂ ਮੈਂ ਕਿਥੋਂ ਦਿਆਂਗਾ । ਇਹ ਕੁਐਸ਼ਚਨ ਆਵਰ ਹੈ ।

**ਸਰਦਾਰ ਹਰਚੰਦ ਸਿੰਘ** : ਕੀ ਤੁਹਾਡੀ ਤਸੱਲੀ ਹੋ ਗਈ ਉਸ ਤੋਂ ? (ਵਿਘਨ)

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3457****

**ਸ਼੍ਰੀ ਸਪੀਕਰ** : ਅਗਲੇ ਸਵਾਲ *3457 ਬਾਰੇ ਐਕਸਟੈਨਸ਼ਨ ਮੰਗੀ ਹੋਈ ਹੈ । (ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ਇਹ ਬੜਾ ਜ਼ਰੂਰੀ ਸਵਾਲ ਹੈ । ਇਸ ਬਾਰੇ ਐਕਸਟੈਨਸ਼ਨ ਕਿਉਂ ਮੰਗੀ ਗਈ ਹੈ ? (ਵਿਘਨ)

**ਸ਼੍ਰੀ ਸਪੀਕਰ** : ਤੁਹਾਡੇ ਭਾਵ ਗੌਰਮਿੰਟ ਤਕ ਪਹੁੰਚ ਗਏ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਸਾਈਕਲਾਂ ਬਾਰੇ ਹੁਣ ਗੱਲ ਨਹੀਂ ਕਰਦੇ ।

**ਸ਼੍ਰੀ ਸਪੀਕਰ** : ਮੈਂ ਬੇਨਤੀ ਕਰਾਂਗਾ ਕਿ ਇਸ ਬਾਰੇ ਇਨਫਰਮੇਸ਼ਨ ਇਸੇ ਸੈਸ਼ਨ ਵਿਚ ਆ ਜਾਵੇ ਤਾਂ ਠੀਕ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਇਹ ਕਾਲਜ ਟੀਚਰਾਂ ਦੀ ਡਿਮਾਂਡ ਹੈ । ਇਸਦੇ ਵਿਚ ਐਕਸਟੈਨਸ਼ਨ ਦੇਣ ਦੀ ਕੋਈ ਵਜ੍ਹਾ ਨਹੀਂ ਹੋਣੀ ਚਾਹੀਦੀ ਹੈ ।

---

**For Starred Question No. 3457 and reply thereto please see Debate, dated 17th February, 1976.

Original with;
Punjab Vidhan Sabha
Digitized by;
Panjab Digital Library

## ਬਲਾਚੌਰ ਬਲਾਕ ਵਿੱਚ ਸਕੂਲ ਅਪਗਰੇਡ ਕਰਨਾ

*3508. **ਮਾਸਟਰ ਦਲੀਪ ਚੰਦ**: ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਦਾ ਚਾਲੂ ਵਿੱਤੀ ਸਾਲ ਦੇ ਦੌਰਾਨ ਗੌਰਮਿੰਟ ਮਿਡਲ ਸਕੂਲਾਂ, ਹੋਕੜਾ ਢਾਹਾ ਚੰਦਿਆਲੀ ਖੁਰਦ, ਚੰਦਪੁਰ ਰੁੜਕੀ, ਬਲਾਕ ਸੜੋਆ ਅਤੇ ਗੌਰਮਿੰਟ ਮਿਡਲ ਸਕੂਲ, ਮਹਿਤਪੁਰ, ਬਲਾਕ ਬਲਾਚੌਰ ਨੂੰ ਹਾਈ ਸਟੈਂਡਰਡ ਤੱਕ ਅਪਗਰੇਡ ਕਰਨ ਦਾ ਵਿਚਾਰ ਹੈ;

(ਅ) ਕੀ ਗੌਰਮਿੰਟ ਪ੍ਰਾਈਮਰੀ ਸਕੂਲ, ਤਕਰਾਲਾ ਅਤੇ ਗੌਰਮਿੰਟ ਪ੍ਰਾਈਮਰੀ ਸਕੂਲ ਮੂਤੋ ਨੂੰ ਮਿਡਲ ਸਟੈਂਡਰਡ ਤੱਕ ਅਪਗ੍ਰੇਡ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਹੈ ?

**ਸ੍ਰੀ ਗੁਰਮੇਲ ਸਿੰਘ** (ੳ) ਨਹੀਂ ਜੀ।

(ਅ) ਨਹੀਂ ਜੀ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਲਾਕ ਸੜੋਆ ਅਤੇ ਬਲਾਕ ਬਲਾਚੌਰ, ਜੋ ਕਿ ਸਬ-ਮਾਊਂਟੇਨਸ ਏਰੀਆ ਹੈ, ਹੁਣ 1976–77 ਵਿਚ ਇਨ੍ਹਾਂ ਸਕੂਲਾਂ ਨੂੰ ਅਪਗਰੇਡ ਕਰਨ ਦਾ ਵਿਚਾਰ ਕਰਨਗੇ, ਜੋ ਕਿ ਪਹਾੜੀ ਇਲਾਕਾ ਹੈ ਅਤੇ ਉਥੇ ਸਕੂਲਾਂ ਦੀ ਬਹੁਤ ਲੋੜ ਹੈ ?

**ਮੰਤਰੀ** : ਅਗਲੇ ਸਾਲ ਸਕੂਲ ਅਪਗਰੇਡ ਕਰਨ ਜਾ ਰਹੇ ਹਾਂ। ਉਸ ਵੇਲੇ ਬੇਟ ਏਰੀਆ ਔਰ ਹਿੱਲੀ ਏਰੀਆ ਔਰ ਬਾਰਡਰ ਏਰੀਆਜ਼ ਨੂੰ ਪ੍ਰੈਫਰੈਂਸ ਦਿਆਂਗੇ ਤਾਂ ਕਿ ਉਥੋਂ ਦੇ ਏਰੀਏ ਦੇ ਸਕੂਲਾਂ ਵਿਚ ਵਾਧਾ ਕੀਤਾ ਜਾ ਸਕੇ ਔਰ ਉਨ੍ਹਾਂ ਦੀ ਸਕੂਲਾਂ ਦੀ ਗਿਣਤੀ ਵਧੇ। ਅਪਗਰੇਡ ਕਰਨ ਵੇਲੇ ਉਨ੍ਹਾਂ ਨੂੰ ਪ੍ਰੈਫਰੈਂਸ ਦਿਆਂਗੇ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਬਾਰਡਰ ਦੇ ਏਰੀਆ ਨੂੰ ਪ੍ਰੈਫਰੈਂਸ ਦਿੱਤੀ ਜਾਏਗੀ। ਪਿਛਲੇ ਸਾਲ ਜਿਹੜਾ ਸਾਡਾ ਹਲਕਾ ਹੈ, ਬਾਰਡਰ ਦਾ ਏਰੀਆ ਹੈ, ਉਸ ਨੂੰ ਕੋਈ ਪ੍ਰੈਫਰੈਂਸ ਨਹੀਂ ਦਿੱਤੀ ਗਈ ਹੈ। ਇਸ ਲਈ ਕੀ ਪਿਛਲੇ ਸਾਲ ਦਾ ਕੋਟਾ ਇਸ ਸਾਲ ਪੂਰਾ ਕੀਤਾ ਜਾਏਗਾ ?

**ਮੰਤਰੀ** : ਜਿਥੋਂ ਤਕ ਇਹ ਕਿਹਾ ਗਿਆ ਹੈ ਕਿ ਉਥੇ ਕੋਈ ਸਕੂਲ ਅਪਗਰੇਡ ਨਹੀਂ ਕੀਤਾ ਗਿਆ, ਇਹ ਗਲਤ ਹੈ। ਉਸ ਏਰੀਆ ਵਿਚ ਸਕੂਲ ਅਪਗਰੇਡ ਹੋਏ ਹਨ। ਬਾਰਡਰ ਏਰੀਆ ਵਿੱਚ, ਹਿੱਲੀ ਏਰੀਆ ਵਿਚ ਇਸ ਸਬੰਧ ਵਿਚ ਅੱਗੇ ਵੀ ਕੰਮ ਹੋਇਆ ਹੈ ਔਰ ਅੱਗੇ ਨੂੰ ਵੀ ਅਸੀਂ ਖਿਆਲ ਰਖਾਂਗੇ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਜਿਹੜੇ ਇਨ੍ਹਾਂ ਨੇ ਪ੍ਰਾਈਵੇਟ ਵਾਲਿਆਂ ਨੂੰ ਵਾਇਦੇ ਕੀਤੇ ਹੋਏ ਹਨ, ਕੀ ਉਨ੍ਹਾਂ ਨੂੰ ਇਹ ਪੂਰਾ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਜਿਹੜੇ ਪ੍ਰਾਈਵੇਟ ਵਾਇਦੇ ਕੀਤੇ ਹੋਏ ਹਨ ਉਨ੍ਹਾਂ ਬਾਰੇ ਪ੍ਰਾਈਵੇਟਲੀ ਪੁੱਛ ਲਿਆ ਜਾਏ, ਪ੍ਰਾਈਵੇਟਲੀ ਜਵਾਬ ਦਿੱਤਾ ਜਾਏਗਾ । (ਹਾਸਾ)

**ਸਰਦਾਰ ਗੁਰਬਚਨ ਸਿੰਘ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮਿਡਲ ਸਕੂਲਾਂ ਵਿਚ ਵੋਕੇਸ਼ਨਲ ਤਾਲੀਮ ਜਾਰੀ ਕੀਤੀ ਗਈ ਹੈ ਉਨ੍ਹਾਂ ਸਾਰਿਆਂ ਸਕੂਲਾਂ ਨੂੰ ਮਿਡਲ ਤੋਂ, ਹਾਈ ਸਕੂਲ ਅੱਪਗਰੇਡ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦੀ ਸਵਾਲ ਨਾਲ ਤਾਂ ਕੋਈ ਰੈਲੇਵੈਂਸੀ ਨਹੀਂ ਹੈ, ਲੇਕਿਨ ਉਨ੍ਹਾਂ ਨੂੰ ਵੀ ਅੱਪਗਰੇਡ ਕਰਨ ਦੀ ਗੱਲ ਸੋਚੀ ਜਾ ਸਕਦੀ ਹੈ ।

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ, ਅਗੇ ਹਰ ਸਾਲ 50 ਮਿਡਲ ਸਕੂਲ ਅੱਪਗਰੇਡ ਕਰਕੇ ਹਾਈ ਕੀਤੇ ਜਾਂਦੇ ਸਨ । ਐਤਕੀਂ ਬਜਟ ਵਿਚ ਇਕ ਗਲ ਬੜੀ ਚੰਗੀ ਕੀਤੀ ਹੈ ਕਿ 100 ਮਿਡਲ ਸਕੂਲ ਜਿਹੜੇ ਹਨ ਉਹ ਅੱਪਗਰੇਡ ਹੋ ਕੇ ਹਾਈ ਹੋਣੇ ਹਨ । ਮੈਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਹਲਕਿਆਂ ਵਿਚ ਮਿਡਲ ਤੋਂ ਹਾਈ ਸਕੂਲ ਅੱਪਗਰੇਡ ਨਹੀਂ ਹੁੰਦੇ ਰਹੇ ਐਤਕੀਂ ਉਨ੍ਹਾਂ ਹਲਕਿਆਂ ਵਿਚ ਪਹਿਲ ਦੇਣ ਲਈ ਹਮਦਰਦੀ ਨਾਲ ਗੌਰ ਕਰਨਗੇ ਅਤੇ ਉਨ੍ਹਾਂ ਹਲਕਿਆਂ ਵਿਚ ਸਕੂਲ ਅੱਪਗਰੇਡ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਡਾਂਗ ਸਾਹਿਬ ਨੂੰ ਮੈਂ ਪਿਛਲੇ ਦਿਨੀ ਕਹਿ ਚੁੱਕਾ ਹਾਂ ਕਿ ਹਲਕਾ ਵਾਈਜ਼ ਸਕੂਲ ਅਪਗਰੇਡ ਨਹੀਂ ਕੀਤੇ ਜਾਂਦੇ ਲੇਕਿਨ ਆਨਰੇਬਲ ਮੈਂਬਰਾਂ ਦੀ ਜੋ ਰਾਇ ਹੈ ਉਸ ਨੂੰ ਵਜ਼ਨ ਦਿਤਾ ਜਾਂਦਾ ਹੈ ।

**ਚੋਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਮੈਂ ਇਸ ਗਲ ਨਾਲ ਇਤਫ਼ਾਕ ਰੱਖਦਾ ਹਾਂ ਕਿ ਹਲਕਾ-ਵਾਈਜ਼ ਸਕੂਲ ਅੱਪਗਰੇਡ ਨਹੀਂ ਹੋਣੇ ਚਾਹੀਦੇ ! ਆਇਆ ਵਜ਼ੀਰ ਸਾਹਿਬ ਦੱਸਣਗੇ ਕਿ ਪਾਪੂਲੇਸ਼ਨ ਵਾਈਜ਼ ਸਕੂਲਾਂ ਦੀ ਅੱਪਗਰੇਡੇਸ਼ਨ ਕਰਨ ਵਾਸਤੇ ਤਿਆਰ ਹਨ ? ਸਕਰੂਟਨੀ ਕਰਕੇ ਦੇਖਿਆ ਜਾਵੇ ਕਿ ਕਿਥੇ ਤਾਂ ਕੋਈ ਵੀ ਸਕੂਲ ਅੱਪਗਰੇਡ ਨਹੀਂ ਹੋਇਆ ਅਤੇ ਕਿਧਰੇ ਮੀਲ ਮੀਲ ਤੇ ਹਾਈ ਸਕੂਲ ਬਣਾਇਆ ਗਿਆ ਹੈ । ਆਇਆ ਕੋਈ ਕਰਾਈ-ਟੇਰੀਆ ਰਖਿਆ ਜਾਵੇਗਾ either on the basis of the population or particularly backward area ?

**ਮੰਤਰੀ :** ਸਪੀਕਰ ਸਾਹਿਬ, ਬੈਕਵਰਡ ਏਰੀਆ ਔਰ ਹਿਲੀ ਏਰੀਆ ਦਾ ਖਿਆਲ ਰਖਿਆ ਜਾਂਦਾ ਹੈ ।

**ਸ਼੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਸਕੂਲਾਂ ਨੂੰ ਅੱਪਗਰੇਡ ਕਰਨ ਦਾ ਫੈਸਲਾ ਪੰਜਾਬ ਗੌਰਮਿੰਟ ਨੇ ਕੀਤਾ ਹੈ, ਇਹ ਚੰਗਾ ਕੀਤਾ ਹੈ । ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਈ ਸਾਲਾਂ ਤੋਂ ਇਹੋ ਜਿਹੀ ਨੀਤੀ ਰਹੀ ਹੈ ਕਿ ਅਰਬਨ ਏਰੀਆ ਵਿਚ ਸਕੂਲ ਅੱਪਗਰੇਡ ਨਾ ਕੀਤਾ ਜਾਵੇ । ਅਰਬਨ ਏਰੀਆ ਵਿਚ ਸਟੂਡੈਂਟਸ ਦੀ ਗਰੋਥ ਹੁਣ ਜ਼ਿਆਦਾ ਹੋ ਰਹੀ ਹੈ । ਕੀ ਨਵੇਂ ਸਕੂਲ ਅੱਪਗਰੇਡ ਕਰਨ ਵੇਲੇ ਅਰਬਨ ਏਰੀਆ ਨੂੰ ਵੀ ਵਿਚ ਇਨਕਲੂਡ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਇਸ ਚੀਜ਼ ਨੂੰ ਐਗਜ਼ਾਮਿਨ ਕਰ ਲਵਾਂਗੇ ।

## ਫਰੀਦਕੋਟ ਜ਼ਿਲ੍ਹੇ ਵਿਚ ਬਲਾਕ ਖੇਤੀਬਾੜੀ ਇੰਸਪੈਕਟਰਾਂ ਦੀ ਤਰੱਕੀ

*3429. **ਕਾਮਰੇਡ ਸੱਤ ਪਾਲ ਡਾਂਗ :** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ 14-9-1975 ਨੂੰ ਕਿਸੇ ਵਿਧਾਨਕਾਰ ਨੇ ਮੁੱਖ ਮੰਤਰੀ ਨੂੰ ਫਰੀਦਕੋਟ ਜ਼ਿਲ੍ਹੇ ਦੇ ਕੁਝ ਬਲਾਕ ਖੇਤੀਬਾੜੀ ਇੰਸਪੈਕਟਰਾਂ ਦੀ ਤਰੱਕੀ ਸਬੰਧੀ ਕੋਈ ਪੱਤਰ ਲਿਖਿਆ ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਇਸ ਤੇ ਕੀ ਕਾਰਵਾਈ ਕੀਤੀ ਗਈ ਅਤੇ ਇਸ ਦੀ ਵਰਤਮਾਨ ਸਥਿਤੀ ਕੀ ਹੈ ?

**ਮਾਸਟਰ ਗੁਰਬੰਤਾ ਸਿੰਘ** (ੳ) ਹਾਂ, ਜੀ । (ਅ) ਇਸ ਹਿਸੇ ਵਿਚ ਇਕ ਸਰਕਾਰੀ ਕਰਮਚਾਰੀ ਦਾ ਨਾਮ ਆਉਂਦਾ ਹੈ । ਇਸ ਲਈ ਇਸ ਦਾ ਜਵਾਬ ਦੇਣਾ ਲੋਕ ਹਿੱਤ ਵਿਚ ਨਹੀਂ ਹੋਵੇਗਾ ।

**ਕਾਮਰੇਡ ਸੱਤ ਪਾਲ ਡਾਂਗ :** ਜੇ ਠੀਕ ਮੈਨੂੰ ਗੱਲ ਯਾਦ ਹੈ ਤਾਂ ਉਹ ਇਹ ਸੀ ਕਿ ਕਿਸੇ ਸਰਕਾਰੀ ਕਰਮਚਾਰੀ ਦੇ ਖਿਲਾਫ਼ ਐਲੀਗੇਸ਼ਨ ਸਨ ਅਤੇ ਉਸ ਦੀ ਇਨਕੁਆਇਰੀ ਕੀਤੀ ਗਈ ਹੈ । ਇਹ ਤਾਂ ਦੱਸ ਦੇਣ ਕਿ ਜੋ ਇਨਕੁਆਇਰੀ ਹੋਈ ਹੈ ਉਸ ਦੇ ਵਿਚ ਐਲੀਗੇਸ਼ਨਜ਼ ਜੋ ਸਨ ਉਹ ਸਾਬਤ ਹੋਏ ਹਨ ਜਾਂ ਨਹੀਂ ?

**ਮੰਤਰੀ :** ਸਪੀਕਰ ਸਾਹਿਬ, ਜੋ ਇਨ੍ਹਾਂ ਪੁਛਿਆ ਸੀ ਉਹ ਇਹ ਸੀ ਕਿ ਉਹ ਸਰਕਾਰੀ ਕਰਮਚਾਰੀ 1974 ਵਿਚ ਇਗਨੋਰ ਹੋ ਗਿਆ ਸੀ, ਉਹ 1975 ਵਿਚ ਕਿਉਂ ਪ੍ਰਮੋਟ ਕਰ ਦਿਤਾ ਹੈ । 1971 ਵਿਚ ਉਸ ਦੇ ਖਿਲਾਫ਼ ਇਨਕੁਆਇਰੀ ਚਲਦੀ ਸੀ ਇਸ ਲਈ ਉਹ ਇਗਨੋਰ ਕਰ ਦਿਤਾ । 1975 ਵਿਚ ਕਾਗਜ਼ ਫਿਰ ਸਾਡੇ ਕੋਲ ਪੇਸ਼ ਹੋ ਗਏ, ਇਨਕੁਆਇਰੀ ਦਾ ਫੈਸਲਾ ਹੋ ਗਿਆ ਸੀ । ਉਸ ਦਾ ਸਰਵਿਸ ਰਿਕਾਰਡ ਚੰਗਾ ਸੀ ਇਸ ਲਈ ਉਸਨੂੰ ਪ੍ਰਮੋਟ ਕਰ ਦਿਤਾ ਹੈ ।

**ਕਾਮਰੇਡ ਸੱਤ ਪਾਲ ਡਾਂਗ :** ਜਿਹੜੀਆਂ 1970 ਦੇ ਵਿਚ ਉਸ ਦੇ ਖਿਲਾਫ਼ ਐਲੀਗੇਸ਼ਨਜ਼ ਸਾਬਤ ਹੋ ਗਈਆਂ ਉਹ ਉਸ ਦੀਆਂ ਕਾਨਫੀਡੈਂਸ਼ਲ ਰਿਪੋਰਟਾਂ ਵਿਚ ਚੜ੍ਹ ਗਈਆਂ ਅਤੇ ਬਾਅਦ ਵਿਚ ਹੋਰ ਕੰਪਲੇਂਟਸ ਵੀ ਆਈਆਂ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪ੍ਰਮੋਸ਼ਨ ਦੇਣ ਤੋਂ ਪਹਿਲਾਂ ਉਸ ਦਾ ਰਿਕਾਰਡ ਸਾਰਾ ਸਾਫ ਕੀਤਾ ਗਿਆ ਜਾਂ ਕੀ ਕੀਤਾ ਗਿਆ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, 1971 ਵਿਚ ਜਿਹੜੀਆਂ ਰਿਪੋਰਟਾਂ ਉਸ ਦੇ ਖਿਲਾਫ਼ ਸਨ ਉਸਨੇ ਰਿਪ੍ਰੇਜ਼ੈਂਟ ਇਸ ਦੇ ਲਈ ਕੀਤਾ। ਐਗਰੀਕਲਚਰ ਡਿਪਾਰਟਮੈਂਟ ਨੇ ਇਕ ਪੀ.ਸੀ.ਐਸ. ਅਫ਼ਸਰ ਮੁਕੱਰਰ ਕੀਤਾ। ਉਹ ਸਾਰੀਆਂ ਰਿਪੋਰਟਾਂ ਐਕਸਪੰਜ ਹੋ ਗਈਆਂ, ਇਸ ਕਰਕੇ ਉਸ ਦਾ ਰਿਕਾਰਡ ਚੰਗਾ ਹੋ ਗਿਆ। ਬਾਕੀ ਵੀ ਪ੍ਰੋਮੋਟ ਕੀਤੇ ਸੀ, ਉਸ ਨੂੰ ਵੀ ਕਰ ਦਿਤਾ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ : 3509***

**ਸ੍ਰੀ ਸਪੀਕਰ:** ਨਿਸ਼ਾਨ ਵਾਲਾ ਪ੍ਰਸ਼ਨ ਨੰ: 3509* ਅਗਾਂਹ ਪਾਉਣ ਲਈ ਕਿਹਾ ਗਿਆ ਹੈ। ਅਗਲਾ ਪ੍ਰਸ਼ਨ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3601* ਅਤੇ 3625**

(ਸਬੰਧਤ ਮਾਨਯੋਗ ਮੈਂਬਰ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸੁਆਲ ਪੇਸ਼ ਨਹੀਂ ਕੀਤੇ ਗਏ)

---

## CHALLANS UNDER THE MOTOR VEHICLES ACT IN THE STATE

***3426. Chaudhri Ram Singh**: Will the Minister of State for Transport and Civil Aviation be pleased to state the number of persons challaned under the provisions of the Motor Vehicles Act, 1939 in the State during the period from 1st April, 1975 to 31st October, 1975 together with the total amount of fine realised as a result thereof.

**ਸਰਦਾਰ ਦਿਲਬਾਗ ਸਿੰਘ ਡਾਲੇਕੇ :** 97,057 ਵਿਅੱਕਤੀਆਂ ਦੇ ਚਲਾਣ ਕੀਤੇ ਗਏ ਅਤੇ ਇਹਨਾਂ ਚਲਾਣਾਂ ਦੇ ਫਲਸਰੂਪ 14,25,301/- ਰੁਪਏ ਜੁਰਮਾਨੇ ਦੀ ਰਕਮ ਵਸੂਲ ਹੋਈ।

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਅਤੇ ਮੁਬਾਰਕਬਾਦ ਵੀ ਦੇਣਾ ਚਾਹੁੰਦਾ ਹਾਂ ਕਿ ਇਤਨੇ ਥੋੜੇ ਅਰਸੇ ਦੇ ਵਿਚ 97 ਹਜ਼ਾਰ ਚਲਾਨ ਹੋਏ ਹਨ ਜਿਸ ਦੇ ਨਾਲ ਟਰੈਫਿਕ ਤੇ ਚੰਗਾ ਅਸਰ ਵੀ ਪਿਆ ਹੋਵੇਗਾ ਪਰ ਜਿਹੜੇ ਜੁਰਮਾਨੇ 14 ਲੱਖ ਰੁਪਏ ਦੇ ਕਰੀਬ ਹੋਏ ਹਨ ਮੈਂ ਸਮਝਦਾ ਹਾਂ ਕਿ ਇਹ ਘੱਟ ਹਨ। ਇਸ ਦੀ ਵਜ੍ਹਾ ਇਹੀ ਹੋ ਸਕਦੀ ਹੈ ਕਿ ਇਹ ਜੁਡੀਸ਼ਲ ਮੈਜਿਸਟਰੇਟ ਕੋਲ ਪਾਵਰ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਸਮਰੀ ਟਰਾਇਲ ਕੇਸਿਜ਼ ਦੇ ਬਾਰੇ ਵਿਚ ਆਪਣੀ ਇਕ ਫਾਈਲ ਚਾਲੂ ਕੀਤੀ ਸੀ ਜਿਸ ਰਾਹੀਂ ਐਗਜ਼ੈਕਟਿਵ ਮੈਜਿਸਟਰੇਟਾਂ ਕੋਲ ਪਾਵਰ ਆ ਜਾਵੇਗੀ। ਉਹ ਜੁਰਮਾਨੇ ਵੀ ਜ਼ਿਆਦਾ ਤੋਂ ਜ਼ਿਆਦਾ ਕਰ ਸਕੇਗਾ ਅਤੇ ਜਿਹੜੀ ਟਰੈਫਿਕ ਰੂਲਾਂ ਦੇ ਵਿਚ ਰੁਕਾਵਟ ਆਉਂਦੀ ਹੈ ਇਹ ਵੀ ਘੱਟ ਜਾਵੇਗੀ, ਉਸ ਦਾ ਕੀ ਬਣਿਆ ?

---

*Starred question No. 3509 was included in the list of Postponed Starred Questions dated the 17th February, 1976 but was not put as the Member cocernned was not present in the House.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਵਿਚਾਰ ਕੀਤਾ ਗਿਆ ਸੀ ਅਤੇ ਇਹ ਫੈਸਲਾ ਹੋ ਗਿਆ ਸੀ ਕਿ ਐਗਜ਼ੈਕਟਿਵ ਮੈਜਿਸਟਰੇਟਾਂ ਕੋਲ ਪਾਵਰਜ਼ ਆ ਜਾਣ । ਲੇਕਿਨ ਰੂਲਾਂ ਦੇ ਵਿਚ ਜਿਹੜੀ ਸੋਧ ਹੋਣੀ ਸੀ ਉਹ ਸੈਂਟਰ ਵਿਚੋਂ ਹੋ ਸਕਦੀ ਸੀ ਕਿਉਂਕਿ ਮੋਟਰ ਵਹੀਕਲ ਐਕਟ ਜਿਹੜਾ ਹੈ ਉਹ ਆਲ ਇੰਡੀਆ ਐਕਟ ਹੈ । ਜਦੋਂ ਤਕ ਉਥੋਂ ਪ੍ਰਵਾਨਗੀ ਹਾਸਲ ਨਹੀਂ ਹੁੰਦੀ ਉਨਾਂ ਚਿਰ ਪਾਵਰ ਨਹੀਂ ਦੇ ਸਕਦੇ ।

**ਸਰਦਾਰ ਬੇਅੰਤ ਸਿੰਘ** : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਦੋਂ ਟਰੈਫਿਕ ਵਾਲੇ, ਪੁਲਿਸ ਵਾਲੇ ਖੜੇ ਹੁੰਦੇ ਹਨ ਅਤੇ ਵਹੀਕਲਜ਼ ਨੂੰ ਫੜਦੇ ਹਨ ਕੀ ਕੋਈ ਅਜਿਹੀ ਸਕੀਮ ਸਰਕਾਰ ਦੇ ਜ਼ੇਰੇ ਗੌਰ ਹੈ ਕਿ ਉਨ੍ਹਾਂ ਦੇ ਨਾਲ ਹੀ ਮੈਜਿਸਟਰੇਟ ਹੋਵੇ ਤਾਂ ਕਿ ਨਾਲ ਦੀ ਨਾਲ ਉਨ੍ਹਾਂ ਤੇ ਜੁਰਮਾਨਾ ਹੋ ਜਾਇਆ ਕਰੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਕੋਸ਼ਿਸ਼ ਕਰਦੇ ਹਾਂ ਕਿ ਸਾਡੇ ਡਿਸਟ੍ਰਿਕਟ ਟਰਾਂਸਪੋਰਟ ਅਫਸਰ ਜੁਡੀਸ਼ਲ ਮੈਜਿਸਟਰੇਟ ਨੂੰ ਨਾਲ ਲੈ ਕੇ ਜਾਣ । ਅਗਰ ਜੁਡੀਸ਼ਲ ਮੈਜਿਸਟਰੇਟ ਵਕਤ ਦੇ ਦੇਣ ਤਾਂ ਉਹ ਨਾਲ ਹੀ ਲੈ ਜਾਂਦੇ ਹਨ ਤੇ ਜੇ ਮੈਜਿਸਟਰੇਟ ਵਕਤ ਨਾ ਦੇਣ ਤਾਂ ਸਾਡੇ ਡੀ.ਟੀ.ਓਜ਼ ਕੋਲ ਪਾਵਰਜ਼ ਹਨ ਅਤੇ ਉਹ ਮੌਕੇ ਤੇ ਜੁਰਮਾਨਾ ਕਰ ਸਕਦੇ ਹਨ ਅਤੇ ਉਹ ਬਹੁਤ ਸਾਰੇ ਕੇਸਾਂ ਵਿਚ ਜੁਰਮਾਨਾ ਕਰ ਦਿੰਦੇ ਹਨ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਸਪੀਕਰ ਸਾਹਿਬ. ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਰੂਲਾਂ ਵਿਚ ਸੋਧ ਸੈਂਟਰ ਕੋਲੋਂ ਕਰਵਾਈ ਜਾਵੇਗੀ । ਫਿਰ ਜੁਡੀਸ਼ਲ ਮੈਜਿਸਟਰੇਟ ਦੇ ਐਗਜ਼ੈਕਟਿਵ ਮੈਜਿਸਟਰੇਟਾਂ ਨੂੰ ਅਖਤਿਆਰਾਤ ਦੇ ਸਕਦੇ ਹਾਂ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਸ ਦੇ ਵਾਸਤੇ ਸਟੇਟ ਗੌਰਮਿੰਟ ਵਲੋਂ ਕੋਈ ਕੇਸ ਮੂਵ ਕੀਤਾ ਗਿਆ ਹੈ ? ਜੇ ਕੀਤਾ ਗਿਆ ਹੈ ਤਾਂ ਕਦੋਂ ਕੀਤਾ ਗਿਆ ਹੈ ?

**ਰਾਜ ਮੰਤਰੀ** : ਹਾਂ ਜੀ, ਮੂਵ ਕੀਤਾ ਹੈ ਅਤੇ 6 ਮਹੀਨੇ ਤੋਂ ਉਪਰ ਦਾ ਸਮਾਂ ਹੋ ਗਿਆ ਹੈ ।

**Mr. Speaker** : Next question.

(ਇਸ ਵਕਤ ਮਾਨਯੋਗ ਮੈਂਬਰ ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ ਆਪਣਾ ਨਿਸ਼ਾਨ ਵਾਲਾ ਸਵਾਲ ਨੰਬਰ 3625 ਪੇਸ਼ ਕਰਨ ਲਈ ਖੜੇ ਹੋਏ ਪਰ ਸਪੀਕਰ ਸਾਹਿਬ ਨੇ ਪੇਸ਼ ਕਰਨ ਦੀ ਆਗਿਆ ਨਾ ਦਿਤੀ । ਨਿਸ਼ਾਨ ਵਾਲਾ ਸਵਾਲ ਨੰਬਰ 3452 ਪੇਸ਼ ਕੀਤਾ ਗਿਆ ।)

**ਇਕ ਆਵਾਜ਼** : ਹੁਣ ਗੱਡੀ ਲੰਘ ਗਈ ਕਾਮਰੇਡ ਸਾਹਿਬ ।

(ਵਿਘਨ)

## GENERAL MANAGERS OF PUNJAB ROADWAYS

*3452 1. **Comrade Saghar Singh**
2. **Comrade Satya Pal Dang** | Will the Minister of State for Transport and Civil Aviation be pleased to state: —

(a) the names and dates of birth (as per official record) of all the General Managers of the Punjab Roadways at present;

Original with;
Punjab Vidhan Sabha
Digitized by;
Panjab Digital Library

[Comrade Satya Pal Dang]

(b) the names of the General Managers referred to in part (a) above who were re-employed or given extension after attaining the age of superannuation ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : (ੳ) ਇਕ ਸੂਚੀ ਜਿਸ ਵਿਚ ਲੋੜੀਂਦੀ ਸੂਚਨਾ ਦਿੱਤੀ ਗਈ ਹੈ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਅ) ਕੋਈ ਨਹੀਂ ਜੀ।

'ਸੂਚੀ'

ਜਨਰਲ ਮੈਨੇਜਰਾਂ ਦੇ ਨਾਂ ਅਤੇ ਜਨਮ ਮਿਤੀ ਹੇਠ ਅਨੁਸਾਰ ਹੈ :—

| | | |
|---|---|---|
| 1. | ਸ੍ਰੀ ਬਰਜਿੰਦਰ ਸਿੰਘ ਸੋਢੀ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਅੰਮ੍ਰਿਤਸਰ .. | 1-12-1925 |
| 2. | ਸ੍ਰੀ ਓਮ ਪਰਕਾਸ਼ ਭਗਤ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਬਟਾਲਾ .. | 3-12-1931 |
| 3. | ਸ੍ਰੀ ਹਰਬੰਸ ਸਿੰਘ ਰੰਧਾਵਾ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਫਿਰੋਜ਼ਪੁਰ .. | 1-11-1929 |
| 4. | ਸ੍ਰੀ ਹਰਜੀਤ ਸਿੰਘ ਚੀਮਾ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਚੰਡੀਗੜ੍ਹ .. | 1-12-1919 |
| 5. | ਸ੍ਰੀ ਇੰਦਰ ਸਿੰਘ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਪਠਾਨਕੋਟ .. | 17-5-1943 |
| 6. | ਸ੍ਰੀ ਇਕਬਾਲ ਸਿੰਘ ਗਿਲ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਜਲੰਧਰ .. | 1-12-1920 |
| 7. | ਸ੍ਰੀ ਵਿਸ਼ੇਸ਼ਰ ਸਿੰਘ, ਜਨਰਲ ਮੈਨੇਜਰ. ਪੰਜਾਬ ਰੋਡਵੇਜ਼, ਤਰਨਤਾਰਨ .. | 1-4-1926 |
| 8. | ਸ੍ਰੀ ਕੁਲਦੀਪ ਰਾਏ ਰੇਖੀ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਨਵਾਂ ਸ਼ਹਿਰ .. | 20-4-1927 |
| 9. | ਸ੍ਰੀ ਲੇਖ ਰਾਜ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਹੁਸ਼ਿਆਰਪੁਰ .. | 1-9-1922 |
| 10. | ਸ੍ਰੀ ਬਲਦੇਵ ਇੰਦਰ ਸਿੰਘ ਬਰਾੜ, ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਲੁਧਿਆਣਾ .. | 30-8-1939 |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰਾਂ ਦੀ ਸੂਚੀ ਦਿਤੀ ਹੈ ਪਰ ਉਸ ਦੇ ਵਿਚ ਮੋਗੇ ਦੇ ਡੀਪੂ ਦੇ ਜਨਰਲ ਮੈਨੇਜਰ ਦਾ ਨਾਮ ਨਹੀਂ ਹੈ । ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਮੋਗੇ ਡਿਪੂ ਤੇ ਜਨਰਲ ਮੈਨੇਜਰ ਹੁੰਦਾ ਹੈ ਜਾਂ ਨਹੀਂ ਪਰ ਜਿਹੜੇ ਜਨਰਲ ਮੈਨੇਜਰ ਅੱਜ ਤੋਂ ਪਹਿਲਾਂ ਤਿੰਨ ਮਹੀਨੇ ਹੁੰਦੇ ਸੀ ਉਸ ਨੂੰ ਸੁਪਰਐਨੂਏਸ਼ਨ ਤੋਂ ਬਾਅਦ ਕਿੰਨੀ ਵਾਰੀ ਰੀ-ਇੰਮਪਲਾਇਮੈਂਟ ਦਿਤੀ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਨ੍ਹਾਂ ਨੂੰ ਦਸਿਆ ਹੈ ਕਿ ਮੇਰੀ ਵਾਰੀ ਕਦੇ ਨਹੀਂ ਲਾਇਆ ਗਿਆ, ਪਹਿਲਾਂ ਕਦੇ ਲਾਇਆ ਹੋਣਾ ਹੈ । ਇਹ ਤਾਂ ਤਿੰਨ ਮਹੀਨੇ ਦੀ ਉਸ ਦੀ ਤਨਖਾਹ ਰਹਿੰਦੀ ਸੀ, ਉਹ ਦੇ ਕੇ ਛੁਟੀ ਕਰ ਦਿਤੀ, ਜਦੋਂ ਸਾਡੇ ਨੋਟਿਸ ਵਿਚ ਆਇਆ ਕਿ ਉਸ ਦਾ ਰਿਕਾਰਡ ਦਰੁਸਤ ਨਹੀਂ ।

**ਕਾਮਰੇਡ ਸੱਘੜ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਡਾਂਗ ਸਾਹਿਬ ਨੂੰ ਮੈਂ ਅਗੇ ਦਸਿਆ ਹੈ । ਬਾਹਰ ਦਸਿਆ ਹੈ ਜਾਂ ਹਾਊਸ ਵਿਚ ਦਸਿਆ ਸੀ ?

**ਰਾਜ ਮੰਤਰੀ** : ਹਾਊਸ ਵਿਚ ਦਸਿਆ ਸੀ ਜੀ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜੋ ਦਸਿਆ ਹੈ, ਮੈਂ ਇਨ੍ਹਾਂ ਦਾ ਮਸ਼ਕੂਰ ਹਾਂ । ਮੈਂ ਇਹ ਕਹਿਣ ਨੂੰ ਤਿਆਰ ਹਾਂ ਕਿ ਉਹ ਮਹਾਂ ਕੁਰੱਪਟ ਅਫਸਰ ਸੀ ਅਤੇ ਇਨ੍ਹਾਂ ਨੇ ਉਸ ਨੂੰ ਰਿਟਾਇਰ ਕਰਕੇ ਬੜਾ ਚੰਗਾ ਕੰਮ ਕੀਤਾ ਹੈ । ਪਰ ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜੀ ਲਿਸਟ ਦਿਤੀ ਗਈ ਹੈ ਇਸ ਦੇ ਵਿਚ ਮੋਗੇ ਦਾ ਨਾਮ ਗੁੰਮ ਕਿਉਂ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਦੋਂ ਉਸ ਨੂੰ ਰਿਟਾਇਰ ਹੀ ਕਰ ਦਿਤਾ ਹੈ ਤਾਂ ਹੁਣ ਲਿਸਟ ਵਿਚ ਉਸ ਦਾ ਨਾਮ ਕਿਵੇਂ ਸ਼ਾਮਲ ਕਰ ਸਕਦੇ ਹਾਂ ? (ਵਿਘਨ) ਇਸ ਵਿਚ ਲਿਖਿਆ ਹੋਇਆ ਹੈ ਕਿ ਉਥੇ ਜਗ੍ਹਾ ਖਾਲੀ ਹੈ, ਤੁਸੀਂ ਪੜ੍ਹ ਕੇ ਦੇਖ ਲਉ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 3479

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸੁਆਲ ਪੇਸ਼ ਨਹੀਂ ਹੋਇਆ ।)

---

## ਖੋਖੇ ਵਾਲਿਆਂ ਅਤੇ ਰੇੜ੍ਹੀ ਵਾਲਿਆਂ ਨੂੰ ਉਠਾਉਣਾ

*3437. 1. ਕਾਮਰੇਡ ਸੱਘੜ ਸਿੰਘ
2. ਕਾਮਰੇਡ ਸੱਤ ਪਾਲ ਡਾਂਗ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ 17 ਅਕਤੂਬਰ, 1975 ਜਾਂ 20 ਅਕਤੂਬਰ, 1975 ਨੂੰ ਕਿਸੇ ਵਿਧਾਨਕਾਰ ਨੇ ਉਨ੍ਹਾਂ ਨੂੰ ਸੈਂਕੜੇ ਖੋਖੇ ਵਾਲਿਆਂ ਅਤੇ ਰੇੜ੍ਹੀ ਵਾਲਿਆਂ ਨੂੰ ਉਠਾਉਣ ਲਈ ਇਕ ਭਾਰੀ ਮੁਹਿੰਮ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤ ਪਾਲ ਡਾਂਗ]

ਚਲਾਉਣ ਸਬੰਧੀ ਇਕ ਪੱਤਰ ਲਿਖਿਆ; ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ, ਉਸ ਤੇ ਕੀ ਕਾਰਵਾਈ ਕੀਤੀ ਗਈ ਅਤੇ ਉਸ ਦਾ ਸਿੱਟਾ ਕੀ ਨਿਕਲਿਆ ਅਤੇ ਕੇਸ ਦੀ ਵਰਤਮਾਨ ਪੋਜ਼ੀਸ਼ਨ ਕੀ ਹੈ ?

**ਸ਼੍ਰੀ ਹੰਸ ਰਾਜ ਸ਼ਰਮਾ** : ਨਹੀਂ ਜੀ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਕਹਿੰਦੇ ਹਨ ਕਿ ਖੋਖੇ ਵਾਲੇ ਅਤੇ ਰੇਹੜੀਆਂ ਵਾਲੇ ਗਰੀਬਾਂ ਨੂੰ ਉਜਾੜਿਆ ਨਹੀਂ ਗਿਆ। ਮੈਂ ਕਹਿੰਦਾ ਹਾਂ ਕਿ ਉਸ ਕੈਮਪੇਅਨ ਵਿਚ ਕਿੰਨੇ ਤਾਂ ਖੋਖੇ ਅਤੇ ਰੇਹੜੀਆਂ ਵਾਲੇ ਉਜਾੜੇ ਗਏ। ਮੈਂ ਪੁਛਦਾ ਹਾਂ ਕਿ ਉਨ੍ਹਾਂ ਦੀ ਗੱਲ ਤਾਂ ਛੱਡੋ ਜਲੰਧਰ ਵਿਚ 15-15 ਸਾਲਾਂ ਤੋਂ ਜਿਹੜੇ ਪੱਕੇ ਕੋਠੇ ਪਾਈ ਬੈਠੇ ਸੀ ਉਹ ਉਜਾੜ ਦਿਤੇ, ਕੀ ਇਹ ਹਕੀਕਤ ਹੈ ਕਿ ਨਹੀਂ, ਜੇ ਹਕੀਕਤ ਹੈ ਤਾਂ ਉਨ੍ਹਾਂ ਨੂੰ ਆਲਟਰਨੇਟਿਵ ਜਗ੍ਹਾ ਕਿਉਂ ਨਹੀਂ ਦਿਤੀ ਗਈ ?

**ਮੰਤਰੀ** : ਸਪੀਕਰ ਸਾਹਿਬ, ਇਹ ਕਿਸੇ ਹੋਰ ਪਾਸੇ ਚਲੇ ਗਏ। ਅਸਲ ਗੱਲ ਇਹ ਹੈ ਕਿ ਇਨ੍ਹਾਂ ਨੇ ਪੁਛਿਆ ਸੀ : "a big campaign launched to uproot hundreds of Khokha-walas and Rehriwalas." ਬਿਗ ਕੈਮਪੇਅਨ ਤਾਂ ਕੋਈ ਲਾਂਚ ਕੀਤੀ ਨਹੀਂ। ਇਹ ਠੀਕ ਹੈ ਕਿ ਗੌਰਮਿੰਟ ਨੇ ਕੈਮਪੇਅਨ ਲਾਂਚ ਕੀਤੀ ਸੀ। 'to remove encroachments on Municipal Land." ਜਿਹੜੇ ਐਨਕਰੋਚਮੈਂਟ ਕੀਤੀ ਬੈਠੇ ਸੀ ਮਿਊਂਸਪਲ ਕਮੇਟੀਆਂ ਦੀ ਜ਼ਮੀਨ ਤੇ ਉਹ ਜ਼ਰੂਰ ਉਠਾਏ ਹਨ। ਖੋਖੇ ਅਤੇ ਰੇਹੜੀਆਂ ਵਾਲਿਆਂ ਵਾਸਤੇ ਕਿਹਾ ਸੀ ਕਿ ਇਹ ਸੜਕਾਂ ਦੇ ਨਾਲ ਬੈਠੇ ਹਨ ਇਨ੍ਹਾਂ ਨੂੰ ਕੋਈ ਹੋਰ ਆਲਟਰਨੇਟਿਵ ਜਗ੍ਹਾ ਦੇ ਦਿਉ।

**ਸ਼੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਕਿ 'ਨਹੀਂ' ਸੁਆਲ ਤਾਂ ਠੀਕ ਸੀ ਪਰ ਟੈਕਨੀਕਲ ਗਰਾਊਂਡਜ਼ ਦਾ ਵਜ਼ੀਰ ਸਾਹਿਬ, ਫਾਇਦਾ ਉਠਾ ਗਏ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੈ ਕਿ ਜਿਹੜੀ ਸਰਕਾਰ ਦੀ ਇਨਕਰੋਚਮੈਂਟਸ ਰਿਮੂਵ ਕਰਨ ਦੀ ਸਕੀਮ ਸੀ, ਜਿਹੜੇ ਨਾਜਾਇਜ਼ ਐਨਕਰੋਚਮੈਂਟ ਕਰੀ ਬੈਠੇ ਸੀ ਉਨ੍ਹਾਂ ਦੇ ਵਿਰੁੱਧ ਤਾਂ ਲੋਕਲ ਐਡਮਨਿਸਟਰੇਸ਼ਨ ਨੇ ਕੋਈ ਐਕਸ਼ਨ ਨਹੀਂ ਲਿਆ। ਉਸ ਦੀ ਬਜਾਏ ਖੋਖੇ ਵਾਲਿਆਂ ਅਤੇ ਰੇਹੜੀ ਵਾਲਿਆਂ ਨੂੰ ਉਖਾੜਿਆ ਗਿਆ ਹੈ ਅਤੇ ਨਾਲ ਹੀ ਜੋ ਡਿਪਟੀ ਕਮਿਸ਼ਨਰਜ਼ ਨੇ ਪ੍ਰਚਾਰ ਕੀਤਾ ਕੀ ਉਹ ਵੀ ਮੰਤਰੀ ਸਾਹਿਬ ਦੇ ਨੋਟਿਸ ਵਿਚ ਹੈ ? (ਵਿਘਨ) ਮੈਂ ਪੁਛਣਾ ਇਹ ਚਾਹੁੰਦਾ ਹਾਂ ਕਿ ਕੀ ਸਾਰੀਆਂ ਗੱਲਾਂ ਦੀ ਇਨਕੁਆਇਰੀ ਕਰਵਾ ਕੇ ਜਿਥੇ ਜਿਥੇ ਕੋਈ ਉਜਾੜਿਆ ਹੈ ਅਤੇ ਸਰਕਾਰ ਦਾ ਫੈਸਲਾ ਸੀ ਆਲਟਰਨੇਟਿਵ ਸਾਈਟ ਦੇਣ ਦਾ, ਉਹ ਸਾਈਟ ਕਦੋਂ ਤਕ ਦੇ ਦੇਣਗੇ ?

**ਮੰਤਰੀ** : ਪ੍ਰੇਮ ਜੀ ਦਸ ਦੇਣ ਅਸੀਂ ਲਾਜ਼ਮੀ ਇਨਕੁਆਇਰੀ ਕਰਵਾ ਲਵਾਂਗੇ।

**ਸਰਦਾਰ ਦਰਬਾਰਾ ਸਿੰਘ** : ਇਸ ਗੱਲ ਨੂੰ ਮੁੱਖ ਰਖ ਕੇ ਕਿ ਖੋਖੇ ਵਾਲੇ ਅਤੇ ਰੇਹੜੀ ਵਾਲੇ ਗਰੀਬ ਦੁਕਾਨਦਾਰ ਹਨ ਅਤੇ ਇਕ ਇਕ ਨੂੰ ਦੋ ਦੋ ਚਾਰ ਚਾਰ ਟੱਬਰ ਪਾਲਣੇ ਪੈਂਦੇ ਹਨ। ਕੀ ਉਨ੍ਹਾਂ ਨੂੰ ਉਜਾੜਨ ਤੋਂ ਪਹਿਲਾਂ ਸਰਕਾਰ ਉਨ੍ਹਾਂ ਨੂੰ ਛੋਟੇ ਬੂਥ ਬਣਾ ਕੇ ਦੇਵੇਗੀ ਅਤੇ ਫਿਰ ਪਹਿਲੀ ਜਗ੍ਹਾ ਤੋਂ ਉਜਾੜਿਆ ਕਰੇਗੀ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਜਿਸ ਤਰ੍ਹਾਂ ਸਰਦਾਰ ਸਾਹਿਬ ਨੇ ਦਸਿਆ ਹੈ ਉਸ ਤਰ੍ਹਾਂ ਤਾਂ ਕੋਈ ਆਲਟਰਨੇਟਿਵ ਜਗ੍ਹਾ ਤੇ ਨਹੀਂ ਜਾਏਗਾ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੰਤਰੀ ਸਾਹਿਬ ਦਸਣਗੇ ਕਿ ਇਹ ਜਿਹੜੀ ਕੈਮਪੈਅਨ ਚਲਾਈ ਸੀ ਇਨਕਰੋਚਮੈਂਟਸ ਨੂੰ ਦੂਰ ਕਰਨ ਦੀ, ਕੀ ਇਹ ਠੀਕ ਹੈ ਜਾਂ ਨਹੀਂ ਕਿ ਬਹੁਤ ਸਾਰੀਆਂ ਮਿਉਂਸਪਲ ਕਮੇਟੀਆਂ ਦੇ ਇਲਾਕੇ ਵਿਚ ਜਿਹੜੇ ਖੋਖੇ ਵਾਲਿਆਂ ਨੂੰ ਜਗ੍ਹਾ ਦਿਤੀ ਗਈ ਸੀ ਉਹ ਬਾਕਾਇਦਾ ਲੀਜ਼ ਤੇ ਦਿਤੀ ਸੀ ਅਤੇ ਕਮੇਟੀਆਂ ਨੇ ਰੈਜ਼ੋਲਿਊਸ਼ਨ ਪਾਸ ਕੀਤੇ ਸਨ ? ਹੁਣ ਉਹ ਵੀ ਉਠਾ ਦਿਤੇ ਗਏ ਹਨ ਜਦੋਂ ਕਿ ਉਨ੍ਹਾਂ ਨੂੰ ਜਗ੍ਹਾ ਅਲਾਟ ਕੀਤੀ ਹੋਈ ਸੀ । ਜੇ ਇਹ ਠੀਕ ਹੈ ਤਾਂ ਕੀ ਉਨਾਂ ਨੂੰ ਦੋਬਾਰਾ ਜਗ੍ਹਾ ਦੇਣ ਲਈ ਤਿਆਰ ਹਨ ?

ਮੰਤਰੀ : ਜੇ ਕਿਸੇ ਮਿਉਂਸਪਲ ਕਮੇਟੀ ਨੇ ਕੋਈ ਗਲਤੀ ਕੀਤੀ ਹੋਵੇਗੀ ਤਾਂ ਐਕਸ਼ਨ ਲਿਆ ਜਾਵੇਗਾ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ. ਪਟੀ ਵਿਚ ਮਿਉਂਸਪਲ ਕਮੇਟੀ ਨੇ ਖੋਖੇ ਵਾਲਿਆਂ ਨੂੰ ਲਿਖ ਕੇ ਦਿਤਾ ਕਿ ਤੁਹਾਨੂੰ ਦੁਕਾਨਾਂ ਅਲਾਟ ਕੀਤੀਆਂ ਜਾਣਗੀਆਂ, ਬਾਅਦ ਵਿਚ ਹੋਰਨਾਂ ਨੂੰ ਦੁਕਾਨਾਂ ਦੇ ਦਿਤੀਆਂ ਅਤੇ ਉਹ ਖੋਖੇ ਵਾਲੇ ਸਾਰੇ ਉਜਾੜ ਦਿਤੇ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੂੰ ਲਿਖ ਕੇ ਦਿਤਾ ਸੀ ਕੀ ਉਨ੍ਹਾਂ ਨੂੰ ਦੁਕਾਨਾਂ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਲਿਖ ਕੇ ਦੇ ਦੇਣ ਮੈਂ ਇਨਕੁਆਇਰੀ ਕਰਵਾ ਲਵਾਂਗਾ ।

ਸਪੀਕਰ ਸਾਹਿਬ, ਪਾਲਿਸੀ ਇਹ ਹੈ ਕਿ ਜਿਹੜੇ ਗਲਤ ਜਗ੍ਹਾ ਤੇ ਬੈਠੇ ਸਨ ਉਨ੍ਹਾਂ ਨੂੰ ਉਠਾ ਦਿਤਾ ਅਤੇ ਆਲਟਰਨੇਟਿਵ ਜਗ੍ਹਾ ਦੇ ਦਿਤੀ ਤਾਂਕਿ ਉਨ੍ਹਾਂ ਦਾ ਨਕਸਾਨ ਨਾ ਹੋਵੇ । ਜੇ ਕੋਈ ਕਮੇਟੀ ਜਾਂ ਟਰੱਸਟ ਕੋਈ ਸਾਧਾਰਨ ਦੁਕਾਨਾਂ ਵਗੈਰਾ ਬਣਾਉਂਦਾ ਹੈ ਤਾਂ ਉਨ੍ਹਾਂ ਲੋਕਾਂ ਨੂੰ ਤਰਜੀਹ ਦਿਤੀ ਜਾਏਗੀ ? ਪਰ ਇਹ ਨਹੀਂ ਕਿ ਉਹ ਲੋਕ ਕਰਾਇਆ ਨਾ ਦੇਣ ਅਤੇ ਭਾਰੀ ਕੀਮਤੀ ਦੁਕਾਨਾਂ ਉਨ੍ਹਾਂ ਨੂੰ ਦੇ ਦਿਤੀਆਂ ਜਾਣ । ਅੱਜ ਕਲ੍ਹ ਮੁਫਤ ਬੈਠੇ ਸੀ ਕੋਈ ਕਰਾਇਆ ਨਹੀਂ ਸੀ, ਅਸੀਂ ਦੂਸਰੀ ਜਗ੍ਹਾ ਦਿਤੀ ਹੈ ।

**ਕਾਮਰੇਡ ਦਾਨਾ ਰਾਮ** : ਸਪੀਕਰ ਸਾਹਿਬ, ਮਲੋਟ ਮੰਡੀ ਵਿਚ 250 ਰੇਹੜੀਆਂ ਵਾਲੇ ਜਿਹੜੇ ਟਰਦੇ ਫਿਰਦੇ ਰਹਿੰਦੇ ਸਨ ਉਨ੍ਹਾਂ ਨੂੰ ਬੰਦ ਕਰ ਦਿਤਾ । ਉਨ੍ਹਾਂ ਨੇ ਕਿਹਾ ਕਿ ਸਾਨੂੰ ਕਿਤੇ ਬਿਠਾ ਦਿਉ । ਮਨਿਸਟਰ ਸਾਹਿਬ ਨੂੰ ਵੀ 6 ਤਾਰੀਖ ਨੂੰ ਮਿਲੇ ਸੀ । ਕੀ ਸਰਕਾਰ ਉਨ੍ਹਾਂ ਨੂੰ ਕਿਤੇ ਬਿਠਾਉਣ ਲਈ ਤਿਆਰ ਹੈ ?

**ਮੰਤਰੀ** : ਹਾਂ ਜੀ, ਉਨ੍ਹਾਂ ਵਾਸਤੇ ਰੇਹੜੀ ਸਟੈਂਡ ਬਣਾ ਰਹੇ ਹਾਂ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਸੁਆਲ ਕੀਤਾ ਗਿਆ ਕਿ ਕੀ ਕਿਸੇ ਵਿਧਾਨਕਾਰ ਨੇ ਚਿੱਠੀ ਲਿਖੀ 'That a big campaign in the State was launched.' ਜਵਾਬ ਆਇਆ ਕਿ ਨਹੀਂ ਨੋਟਿਸ ਵਿਚ ਲਿਆਉਣ ਵਾਲੀ ਗੱਲ ਇਹ ਹੈ ਕਿ ਆਇਆ ਕੈਮਪੈਅਨ ਸ਼ੁਰੂ ਹੋਣ ਤੋਂ ਪਹਿਲਾਂ ਸਰਕਾਰ ਨੇ ਕੋਈ ਹਦਾਇਤ ਜਾਰੀ ਕੀਤੀ ਕਿ ਉਨ੍ਹਾਂ ਨੂੰ ਉਠਾਉਣ ਤੋਂ ਪਹਿਲਾਂ ਆਲਟਰਨੇਟਿਵ ਸਾਈਟ ਪ੍ਰੋਵਾਈਡ ਕੀਤੀ ਜਾਵੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਜਿਹੜੀ ਲੁਧਿਆਣਾ ਵਿਚ ਮੀਟਿੰਗ ਕੀਤੀ ਗਈ ਸੀ ਉਸ ਵਿਚ ਸਾਰੇ ਨੁਮਾਇੰਦੇ ਆਏ ਸਨ । ਮੈਂ ਅਖਬਾਰਾਂ ਵਿਚ ਸਟੇਟਮੈਂਟ ਵੀ ਦਿਤੀ ਸੀ ਕਿ ਜੇਕਰ ਕੋਈ ਸੜਕ ਛੋਟੀ ਹੈ ਅਤੇ ਜਗ੍ਹਾ ਤੰਗ ਹੈ ਉਥੋਂ ਉਨ੍ਹਾਂ ਨੂੰ ਉਠਾ ਕੇ ਕੋਈ ਆਲਟਰਨੇਟਿਵ ਜਗ੍ਹਾ ਦਿਤੀ ਜਾਵੇ ।

---

**ਜਲਾਲਾਬਾਦ ਵਿਧਾਨ ਸਭਾ ਚੋਣ ਹਲਕੇ ਦੇ ਪਿੰਡਾਂ ਨੂੰ ਲਿੰਕ ਸੜਕਾਂ ਨਾਲ ਜੋੜਨਾ**

***3628. ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਲਾਲਾਬਾਦ ਵਿਧਾਨ ਸਭਾ ਚੋਣ ਹਲਕੇ ਦੇ ਪਿੰਡਾਂ ਰੋਹੀਵਾਲਾ, ਤਾਰੇਵਾਲਾ, ਹਲੀਮਵਾਲਾ, ਸਰੀਆਂ, ਮੋਹਲਾਂ. ਮੀਨੇਵਾਲਾ, ਪਾਲੀਵਾਲਾ, ਰੰਮਵਾਲਾ, ਘੂਰੀ, ਹੌਜ਼ਖਾਸ, ਚੱਕਪੱਖੀ, ਸਾਈਵਾਲਾ, ਵੇਰਕੇ ਮਹਲਮ, ਢਾਬ ਕੜਿਆਲ, ਤੋਤਿਆਂ ਵਾਲਾਂ ਮਾਨੇਵਾਲਾ, ਕੱਟੀਆਂ ਵਾਲਾ, ਸਿਮਰੇਵਾਲ, ਧਨੀ ਵਿਲਾਸਰਾ, ਮਾਨਸਾ, ਟਾਹਲੀਵਾਲ ਹਿਠਾੜ, ਫੱਤੂਵਾਲਾ, ਜੋਧਾ ਭੈਣੀ, ਤੰਬੂਵਾਲ, ਖੀਓ ਵਾਲ ਧੁਨਕੀਆਂ ਨੂੰ ਲਿੰਕ ਸੜਕਾਂ ਨਾਲ ਜੋੜ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਉਸਦੇ ਕਾਰਨ ਕੀ ਹਨ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

**ਜਲਾਲਾਬਾਦ ਵਿਧਾਨ ਸਭਾ ਚੋਣ ਹਲਕੇ ਦੇ ਵੱਖ ਵੱਖ ਪਿੰਡਾਂ ਵਿਚ ਸੜਕਾਂ ਦੀ ਸਥਿਤੀ ।**

| | | | |
|---|---|---|---|
| 1. | ਸੜਕਾਂ ਨਾਲ ਜੋੜੇ ਗਏ ਪਿੰਡ | 3 ਪਿੰਡ | 1. ਮਾਨੇਵਾਲਾ |
| | | | 2. ਸਿਮਰੇਵਾਲਾ |
| | | | 3. ਮੋਹਲਾਂ |
| 2. | ਪਿੰਡ ਜਿਨ੍ਹਾਂ ਨੂੰ ਸੜਕਾਂ ਉਸਾਰੀ ਅਧੀਨ ਹਨ | 14 ਪਿੰਡ | 1. ਹਲੀਮਵਾਲਾ |
| | | | 2. ਸਰੀਆਂ |
| | | | 3. ਮੀਨੇਵਾਲਾ |
| | | | 4. ਪਾਲੀ ਵਾਲਾ |
| | | | 5. ਹੌਜ਼ਖਾਸ |
| | | | 6. ਚੱਕਪੱਖੀ |
| | | | 7. ਵੈਰੋਕੇ ਮਹਲਮ |
| | | | 8. ਢਾਬ ਕਰੀਆਲ |
| | | | 9. ਤੋਤਿਆਂ ਵਾਲਾ |
| | | | 10. ਕੱਟੀਆਂ ਵਾਲਾ |
| | | | 11. ਟਾਹਲੀ ਵਾਲਾ ਹਿਠਾੜ |
| | | | 12. ਫੱਤੂਵਾਲਾ |
| | | | 13. ਜੋਧਾ ਭੈਣੀ |
| | | | 14. ਤੰਬੂ ਵਾਲਾ |

Original with;
Punjab Vidhan Sabha
Digitized by;
Panjab Digital Library

| | | |
|---|---|---|
| ੩. ਸੜਕਾਂ ਤੋਂ ਬਿਨ੍ਹਾਂ ਰਹਿੰਦੇ ਪਿੰਡ | 8 ਪਿੰਡ | 1. ਰੋਹਾਂ ਵਾਲਾ<br>2. ਤਾਰੇਵਾਲਾ<br>3. ਰੰਮਵਾਲਾ<br>4. ਘੂਰੀ<br>5, ਸਾਈ ਵਾਲਾ<br>6. ਧਾਨੀਵਲਾਸਰਾ<br>7. ਮਾਨਸਾ<br>8. ਖੀਓ ਵਾਲਾ<br>ਧੁਨਕੀਆਂ<br>ਇਨ੍ਹਾਂ 8 ਪਿੰਡਾਂ ਨੂੰ ਹਾਲੇ ਕਿਸੇ ਸਕੀਮ ਹੇਠ ਸੜਕਾਂ ਮਨਜ਼ੂਰ ਨਹੀਂ ਹੋਈਆਂ । |

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ:** ਸਪੀਕਰ ਸਾਹਿਬ, ਮੇਰੇ ਸੁਆਲ ਦਾ ਜਵਾਬ ਮਨਿਸਟਰ ਸਾਹਿਬ ਨੇ ਤਿੰਨ ਹਿਸਿਆਂ ਵਿਚ ਦਿੱਤਾ ਹੈ । ਪਹਿਲਾ ਕਿਹਾ ਹੈ ਕਿ ਪਿੰਡ ਮਾਨੇਵਾਲਾ, ਸਿਮਰੇ ਵਾਲਾ ਅਤੇ ਮੋਹਲਾਂ ਇਹ ਸੜਕਾਂ ਨਾਲ ਜੋੜ ਦਿਤੇ ਗਏ ਹਨ । ਇਨ੍ਹਾਂ ਪਿੰਡਾਂ ਵਿਚ ਨਾਂ ਤੇ ਕੋਈ ਇਟ ਗਈ ਹੈ ਅਤੇ ਨਾ ਹੀ ਕੋਈ ਪੱਥਰ ਗਿਆ ਹੈ, ਇਹ ਜਵਾਬ ਦਿੰਦੇ ਹਨ ਕਿ ਸੜਕ ਨਾਲ ਜੋੜ ਦਿਤੇ ਗਏ ਹਨ ਅਤੇ ਸੜਕਾਂ ਮੁਕੰਮਲ ਹੋ ਚੁਕੀਆਂ ਹਨ । ਦੂਸਰਾ ਹੈ ਕਿ ਸੜਕਾਂ ਉਸਾਰੀ ਅਧੀਨ ਹਨ । ਉਨ੍ਹਾਂ ਦੀ ਵੀ ਇਹੋ ਹਾਲਤ ਹੈ ਕਿ ਨਾ ਉਥੇ ਕੋਈ ਪੱਥਰ ਪਹੁੰਚਿਆ ਹੈ ਅਤੇ ਨਾ ਕੋਈ ਇਟ ਅਤੇ ਅਗਲੇ ਜਿਹੜੇ 8 ਪਿੰਡ ਹਨ ਉਨ੍ਹਾਂ ਬਾਰੇ ਕਿਹਾ ਹੈ ਕਿ ਸੜਕਾਂ ਤੋਂ ਬਿਨਾਂ ਰਹਿੰਦੇ ਹਨ । ਮੈਂ ਕਹਿੰਦਾ ਹਾਂ ਕਿ ਜਿਹੜਾ ਤਿੰਨ ਪਿੰਡਾਂ ਨੂੰ ਸੜਕਾਂ ਨਾਲ ਜੋੜਨ ਵਾਲਾ ਜਵਾਬ ਹੈ ਇਹ ਗਲਤ ਹੈ ਅਤੇ ਕੀ ਮਨਿਸਟਰ ਸਾਹਿਬ ਇਸਦੀ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਲਿਖ ਕੇ ਦੇ ਦੇਣ ਕਿ ਜਵਾਬ ਗਲਤ ਹੈ ਮੈਂ ਇਨਕੁਆਇਰੀ ਕਰਵਾ ਲਵਾਂਗਾ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, 9 ਕਰੋੜ ਰੁਪਇਆ ਵਖ ਵੱਖ ਮਾਰਕੀਟ ਕਮੇਟੀਆਂ ਨੇ ਮਹਿਕਮਾ ਪੀ. ਡਬਲਿਯੂ. ਡੀ. ਨੂੰ ਲਿੰਕ ਰੋਡਜ਼ ਬਣਾਉਣ ਲਈ ਜਮ੍ਹਾਂ ਕਰਵਾਇਆ ਹੋਇਆ ਹੈ, ਪਰ ਮਹਿਕਮਾ ਪੀ. ਡਬਲਊ. ਡੀ. ਕੋਈ ਲਿੰਕ ਰੋਡ ਨਹੀਂ ਬਣਾ ਰਿਹਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਕੋਈ ਹੁਕਮ ਜਾਰੀ ਕੀਤਾ ਹੈ ਕਿ ਜੇ ਮਾਰਕੀਟ ਕਮੇਟੀਆਂ ਨੇ ਪੈਸੇ ਜਮ੍ਹਾਂ ਕਰਾਏ ਹੋਣ ਤਾਂ ਉਹ ਸੜਕਾਂ ਨਾ ਬਣਾਈਆਂ ਜਾਣ, ਜੇ ਕੀਤੇ ਹਨ ਤਾਂ ਕੀ ਵਜ੍ਹਾ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਸੁਆਲ ਇਸ ਵਿਚੋਂ ਤਾਂ ਉਠਦਾ ਨਹੀਂ ਮੈਂ ਅਰਜ਼ ਕਰ ਦਿਆਂ ਕਿ ਮਹਿਕਮਾ ਤਾਂ ਮਾਰਕੀਟਿੰਗ ਬੋਰਡ ਔਰ ਮਾਰਕੀਟ ਕਮੇਟੀਆਂ ਤੋਂ ਹੋਰ ਪੈਸੇ ਮੰਗਦਾ ਹੈ ਤਾਂਕਿ ਕੰਮ ਸ਼ੁਰੂ ਕਰ ਦਿਤਾ ਜਾਏ । ਜੇ ਕੋਈ ਐਸਾ ਕੇਸ ਹੈ ਤਾਂ ਜੋਸ਼ ਜੀ ਨੋਟਿਸ ਵਿਚ ਲਿਆ ਦੇਣ, ਐਕਸ਼ਨ ਹੋ ਜਾਵੇਗਾ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਮਾਰਕੀਟ ਕਮੇਟੀਆਂ, ਪੀ. ਡਬਲਯੂ. ਡੀ. ਡਿਪਾਰਟਮੈਂਟ ਨੂੰ ਪੈਸੇ ਦੇਣ ਦੇ ਬਜਾਏ ਆਪ ਸੜਕਾਂ ਬਣਾਉਣਾ ਚਾਹੁੰਦੀਆਂ ਹਨ । ਉਨ੍ਹਾਂ ਕੋਲ ਨਾ ਕੋਈ ਸਟਾਫ ਹੈ ਅਤੇ ਨਾ ਹੀ ਟੈਕਨੀਕਲ ਐਡਵਾਇਸ ਲਈ ਕੋਈ ਪ੍ਰਬੰਧ ਹੈ । ਕੀ ਸਰਕਾਰ ਇਹ ਫੈਸਲਾ ਕਰੇਗੀ ਕਿ ਮਾਰਕਿਟ ਕਮੇਟੀਆਂ ਵੀ ਪੈਸੇ ਪੀ. ਡਬਲਯੂ. ਡੀ. ਡਿਪਾਰਟਮੈਂਟ ਨੂੰ ਦੇਣ ਅਤੇ ਆਪ ਸੜਕਾਂ ਨਾ ਬਣਾਉਣ । ਪੀ. ਡਬਲਯੂ. ਡੀ. ਡਿਪਾਰਟਮੈਂਟ ਹੀ ਉਨ੍ਹਾਂ ਦੀਆਂ ਸੜਕਾਂ ਵੀ ਬਣਾਵੇ ।

**ਸ੍ਰੀ ਸਪੀਕਰ :** ਮੇਰਾ ਖਿਆਲ ਹੈ ਕਿ ਮਾਰਕਿਟ ਕਮੇਟੀਆਂ ਆਪ ਸੜਕਾਂ ਬਣਾਉਂਦੀਆਂ ਹੀ ਨਹੀਂ ।

**ਖੇਤੀ ਬਾੜੀ ਅਤੇ ਵਣ ਮੰਤਰੀ :** ਸਪੀਕਰ ਸਾਹਿਬ, ਸਰਕਾਰ ਨੇ ਇਸ ਗੱਲ ਦਾ ਫੈਸਲਾ ਕੀਤਾ ਹੈ ਕਿ ਮਾਰਕਿਟ ਕਮੇਟੀਆਂ ਨੇ ਜਿਹੜੀਆਂ ਸੜਕਾਂ ਬਣਾਉਣੀਆਂ ਹਨ ਉਨ੍ਹਾਂ ਦੇ ਪੈਸੇ ਪੀ. ਡਬਲਯੂ. ਡੀ. ਡਿਪਾਰਟਮੈਂਟ ਨੂੰ ਦੇ ਦੇਣ ਅਤੇ ਉਹ ਹੀ ਸੜਕਾਂ ਬਣਾਉਣ । ਦੋ ਢਾਈ ਕਰੋੜ ਰੁਪਿਆ ਪੀ. ਡਬਲਯੂ. ਡੀ ਡੀਪਾਰਟਮੈਂਟ ਪਹਿਲਾਂ ਹੀ ਖਰਚ ਕਰ ਚੁਕਿਆ ਹੈ ਅਤੇ ਉਹ ਪੈਸਾ ਉਹ ਮਾਰਕਿਟ ਕਮੇਟੀਆਂ ਅਤੇ ਮਾਰਕੀਟਿੰਗ ਬੋਰਡ ਤੋਂ ਕਲੇਮ ਕਰਦੇ ਹਨ । ਅੱਗੇ ਵਾਸਤੇ ਸਰਕਾਰ ਦੀ ਪਾਲਿਸੀ ਹੈ ਕਿ ਮਾਰਕੀਟ ਕਮੇਟੀਆਂ ਕਿਉਂਕਿ ਛੋਟੀਆਂ ਛੋਟੀਆਂ ਹਨ,ਇਸ ਲਈ ਉਹ ਆਪਣੀਆਂ ਸੜਕਾਂ ਆਪ ਨਾ ਬਨਾਉਣ । ਲੇਕਿਨ ਸਪੀਕਰ ਸਾਹਿਬ ਕੁਝ ਮਾਰਕੀਟ ਕਮੇਟੀਆਂ ਇਸ ਸਰਕਾਰ ਦੇ ਬਣਨ ਤੋਂ ਪਹਿਲਾਂ ਉਸ ਸਮੇਂ ਦੀ ਸਰਕਾਰ ਤੋਂ ਇਹ ਹੁਕਮ ਲੈ ਚੁਕੀਆਂ ਸਨ ਅਤੇ ਉਨ੍ਹਾਂ ਨੇ ਆਪਣੇ ਰੋਲਰ ਵੀ ਖਰੀਦੇ ਸਨ । ਉਨ੍ਹਾਂ ਨੇ ਆਪ ਸੜਕਾਂ ਬਣਾਈਆਂ । ਹੁਣ ਅਸੀਂ ਉਨ੍ਹਾਂ ਨੂੰ ਸੜਕਾਂ ਬਣਾਉਣ ਤੋਂ ਮਨਾ ਕਰ ਰਹੇ ਹਾਂ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਇਹ ਸਵਾਲ ਉਨ੍ਹਾਂ ਪਿੰਡਾਂ ਬਾਰੇ ਹੈ ਜਿਹੜੇ ਜਲਾਲਾਬਾਦ ਦੇ ਹਲਕੇ ਵਿਚ ਹਨ । ਉਹ ਇਲਾਕਾ, ਬਲਾਕ ਤੇ ਤਹਿਸੀਲ ਸਭ ਨਾਲੋਂ ਪੱਛੜਿਆਂ ਇਲਾਕਾ ਹੈ । ਬਹੁ-ਗਿਣਤੀ ਵਿਚ ਉਥੇ ਰਾਏ-ਸਿੱਖ ਰਹਿੰਦੇ ਹਨ ਜਿਹੜੇ ਪਹਿਲਾਂ ਸ਼ਡਿਊਲਡ ਟਰਾਈਬ ਤੇ ਹੁਣ ਬੈਕਵਰਡ ਗਿਣੇ ਜਾਂਦੇ ਹਨ । ਇਸ ਗੱਲ ਦੀ ਰੋਸ਼ਨੀ ਵਿੱਚ ਕਿ ਜਿਨ੍ਹਾਂ ਪਿੰਡਾਂ ਨੂੰ ਹਾਲੇ ਇਕ ਵੀ ਲਿੰਕ ਸੜਕ ਨਹੀਂ ਮਿਲੀ, ਕੀ ਉਨ੍ਹਾਂ ਨੂੰ ਸਰਕਾਰ ਇਕ ਇਕ ਲਿੰਕ ਸੜਕ ਦੇਣ ਦੇ ਪ੍ਰੋਗਰਾਮ ਅਧੀਨ ਪਹਿਲ ਦੇਣ ਨੂੰ ਤਿਆਰ ਹੈ?

**ਰਾਜ ਮੰਤਰੀ (ਲੋਕ ਨਿਰਮਾਣ) :** ਸਪੀਕਰ ਸਾਹਿਬ, ਜੋ ਸਵਾਲ ਡਾਂਗ ਸਾਹਿਬ ਨੇ ਕੀਤਾ ਹੈ ਉਸਦੇ ਬਾਰੇ ਸਦਨ ਨੂੰ ਚੀਫ ਮਨਿਸਟਰ ਸਾਹਿਬ ਪਹਿਲਾਂ ਹੀ ਯਕੀਨ ਦਿਵਾ ਚੁਕੇ ਹਨ । ਮੈਂ ਵੀ ਇਨ੍ਹਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਅਗਰ ਕਿਸੇ ਪਿੰਡ ਨੂੰ

Original with;
Punjab Vidhan Sabha
Digitized by;
Panjab Digital Library

ਇਕ ਵੀ ਸੜਕ ਨਹੀਂ ਮਿਲੀ ਤਾਂ ਉਸਨੂੰ ਪਹਿਲ ਦਿੱਤੀ ਜਾਵੇਗੀ। ਮੈਂ ਡਿਸਟ੍ਰਿਕਟ ਫਿਰੋਜ਼ਪੁਰ ਦੇ ਐਮ. ਐਲ. ਏਜ਼. ਸਾਹਿਬਾਨ ਨਾਲ ਪਹਿਲਾਂ ਹੀ ਤਹਿ ਕਰ ਚੁਕਾ ਹਾਂ ਕਿ ਬੱਜਟ ਸੈਸ਼ਨ ਖਤਮ ਹੋਣ ਤੋਂ ਬਾਅਦ ਪੂਰੇ ਦੋ ਦਿਨ ਉਸ ਜਿਲ੍ਹੇ ਵਿਚ ਅਸੀਂ ਲਗਾਵਾਂਗੇ, ਉਥੇ ਬੈਠਕੇ ਸਟੱਡੀ ਕਰਾਂਗੇ ਤੇ ਜਿਹੜੀਆਂ ਵੀ ਗ੍ਰੀਵੈਂਸਿਜ਼ ਹੋਣਗੀਆਂ ਉਹ ਉਸ ਮੀਟਿੰਗ ਵਿੱਚ ਦੂਰ ਕਰ ਦਿਤੀਆਂ ਜਾਣਗੀਆਂ।

**ਸ੍ਰੀ ਕੇਸੋ ਰਾਮ ਗੋਇਲ** : ਸਪੀਕਰ ਸਾਹਿਬ, ਮਾਸਟਰ ਜੀ ਨੇ ਕਿਹਾ ਸੀ ਕਿ ਕੋਈ ਮਾਰਕਿਟ ਕਮੇਟੀ ਆਪ ਸੜਕ ਨਹੀਂ ਬਣਾਵੇਗੀ। ਇਨ੍ਹਾਂ ਇਨਸਟ੍ਰਕਸ਼ਨਾਂ ਤੋਂ ਬਾਅਦ ਜੇ ਕਿਸੇ ਮਾਰਕੀਟ ਕਮੇਟੀ ਨੇ ਟੈਂਡਰ ਕਾਲ ਕੀਤੇ ਹੋਣ ਤਾਂ ਕੀ ਉਨ੍ਹਾਂ ਦੇ ਖਿਲਾਫ ਇਹ ਇਨਕੁਆਇਰੀ ਕਰਨਗੇ ਕਿ ਕਿਉਂ ਸੜਕਾਂ ਬਣਾਉਣ ਲਈ ਟੈਂਡਰ ਕਾਲ ਕੀਤੇ ?

**ਖੇਤੀ ਬਾੜੀ ਤੇ ਵਣ ਮੰਤਰੀ** : ਇਹ ਲਿੱਖ ਕੇ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

**ਸਰਦਾਰ ਦਰਬਾਰਾ ਸਿੰਘ** : ਕੋਈ ਘਰ ਦਾ ਭੇਤੀ ਹੈ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਕੀ ਪੀ. ਡਬਲਯੂ. ਡੀ. ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਕਈ ਕੇਸਾਂ ਵਿਚ ਤਿੰਨ ਤਿੰਨ ਸਾਲਾਂ ਦੇ ਪੈਸੇ ਜਮ੍ਹਾਂ ਹਨ ਪਰ ਸੜਕ ਬਣਾਉਣ ਦਾ ਕੰਮ ਹੀ ਸ਼ੁਰੂ ਨਹੀਂ ਕੀਤਾ ਜਾਂਦਾ। (The Marketing Board is asking for the accounts from the P. W. D., and they are not submitting the accounts. ਕੀ ਵਜ਼ੀਰ ਸਾਹਿਬ ਇਸ ਗੱਲ ਦੀ ਅਸ਼ੋਰੈਂਸ ਹਾਊਸ ਨੂੰ ਦੇਣਗੇ ਕਿ from the date of the deposit of the money by a Marketing Committee, how much time P. W.D. shall take to start the work ?

**ਰਾਜ ਮੰਤਰੀ (ਲੋਕ ਨਿਰਮਾਣ)** : ਇਹ ਤਾਂ ਜਨਰਲ ਕਿਸਮ ਦੇ ਕੁਐਸ਼ਚਨ ਆਉਣੇ ਸ਼ੁਰੂ ਹੋ ਗਏ ਹਨ। ਮੈਂ ਜਵਾਬ ਇਸ ਕਰਕੇ ਦਿੰਦਾ ਹਾਂ ਕਿ ਇਹ ਇਸ ਹਾਊਸ ਦੇ ਅਤੇ ਪੰਜਾਬ ਦੇ ਹਿੱਤ ਦੀ ਗੱਲ ਹੈ। ਮੈਂ ਆਪ ਦੇ ਰਾਹੀਂ ਚੌਧਰੀ ਦਰਸ਼ਨ ਸਿੰਘ ਨੂੰ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਪੀ. ਡਬਲਯੂ. ਡੀ. ਡਿਪਾਰਟਮੈਂਟ ਅਤੇ ਮਾਰਕੀਟਿੰਗ ਬੋਰਡ ਦੇ ਅਫਸਰਾਂ ਦੇ ਦਰਮਿਆਨ ਅਤੇ ਕਈ ਵਾਰੀ ਮਾਸਟਰ ਜੀ ਦੀ ਪ੍ਰਧਾਨਗੀ ਹੇਠਾਂ ਅਸੀਂ ਮੀਟ ਕਰਦੇ ਹਾਂ। ਜਿਥੇ ਸਾਡਾਂ ਕੋਈ ਇਖਤਲਾਫ ਹੋਵੇ ਉਸਨੂੰ ਅਸੀਂ ਕਲੀਅਰ ਕਰਦੇ ਹਾਂ। ਮੈਨੂੰ ਖੁਸ਼ੀ ਹੈ ਕਿ ਮਾਸਟਰ ਜੀ ਨੇ ਇਹ ਗੱਲ ਕਹੀ ਹੈ ਕਿ ਕਰੋੜ ਦੋ ਕਰੋੜ ਰੁਪਿਆ ਡਿਪਾਰਟਮੈਂਟ ਦਾ ਬੋਰਡ ਵੱਲ ਨਿਕਲਦਾ ਹੈ। ਮੇਰਾ ਖਿਆਲ ਹੈ ਕਿ ਚੌਧਰੀ ਦਰਸ਼ਨ ਸਿੰਘ ਨੂੰ ਇਸ ਤੋਂ ਬਾਅਦ ਕੋਈ ਸ਼ਿਕਾਇਤ ਨਹੀਂ ਹੋਣੀ ਚਾਹੀਦੀ ਸੀ।

**ਚੌਧਰੀ ਸੁੰਦਰ ਸਿੰਘ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਪਿੱਛਲੇ ਸਾਲ ਧਾਰੀਵਾਲ ਬਲਾਕ ਵਿੱਚ ਸਾੜੇ ਇਕਤਾਲੀ ਮੀਲ ਅਨਆਥੋਰਾਈਜ਼ਡ ਸੜਕਾਂ ਕਿਉਂ ਬਣਾਈਆਂ ਗਈਆਂ ਜਦੋਂ ਕਿ ਬੈਕਵਰਡ ਅਤੇ ਬੇਟ ਏਰੀਏ ਨੂੰ ਇਗਨੋਰ ਕੀਤਾ ਗਿਆ ਹੈ ਅਤੇ ਬੱਬੋਟ ਤੋਂ ਨਰੋਟ ਜੈਮਲ ਸਿੰਘ ਦੀ ਸੜਕ ਅਤੇ ਹੋਰ ਕਈ ਸੜਕਾਂ ਵਿਦਹੈਲਡ ਕੀਤੀਆਂ ਹਨ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਇਸ ਦਾ ਨੋਟਿਸ ਦੇ ਦੇਣ ।

**ਸਰਦਾਰ ਦਰਬਾਰਾ ਸਿੰਘ :** ਸਪੀਕਰ ਸਾਹਿਬ, ਇਸ ਗੱਲ ਨੂੰ ਮੁੱਖ ਰੱਖਕੇ ਕਿ ਪੀ. ਡਬਲਯੂ. ਡੀ. ਡਿਪਾਰਟਮੈਂਟ ਦਾ ਬਜਟ 9 ਕਰੋੜ ਰੁਪਏ ਦਾ ਹੈ ਅਤੇ ਮਾਰਕੀਟਿੰਗ ਬੋਰਡ ਦਾ ਸੜਕਾਂ ਬਣਾਉਣ ਦਾ ਬਜਟ 25 ਕਰੋੜ ਰੁਪਏ ਹੈ । ਕੀ ਪੀ. ਡਬਲਯੂ. ਡੀ. ਡਿਪਾਰਟਮੈਂਟ ਤੋਂ ਇਹ ਪੈਸਾ ਲੈ ਕੇ ਮਾਰਕੀਟਿੰਗ ਬੋਰਡ ਨੂੰ ਦਿੱਤਾ ਜਾਵੇਗਾ ਅਤੇ 17 ਫੀ ਸਦੀ ਜਿਹੜਾ ਡਿਪਾਰਟਮੈਂਟਲ ਐਕਸਪੈਂਡੀਚਰ ਹੁੰਦਾ ਹੈ, ਉਸ ਨੂੰ ਬਚਾਇਆ ਜਾਵੇ ਤਾਂਕਿ ਲੋਕਾਂ ਦਾ ਪੈਸਾ ਗਲਤ ਵਰਤੋਂ ਵਿੱਚ ਨਾ ਜਾਵੇ ।

**ਸ੍ਰੀ ਸਪੀਕਰ :** ਇਹ ਤਾਂ ਦੋ ਮਨਿਸਟਰਾਂ ਦੇ ਵਿਚ ਗੱਲ ਕਰ ਦਿੱਤੀ ਹੈ । ਇਹ ਤਾਂ ਦੋ ਮੁੱਲਾਂ ਵਿਚ ਮੁਰਗੀ ਹਰਾਮ ਵਾਲੀ ਗੱਲ ਹੈ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ :** ਸਪੀਕਰ ਸਾਹਿਬ, ਮੈਂ ਤੁਹਾਡੀ ਵਸਾਤਤ ਨਾਲ ਐਗਰੀਕਲਚਰ ਮਨਿਸਟਰ ਸਾਹਿਬ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਕਹਿਣ ਅਨੁਸਾਰ ਇਨਸਟਰਕਸ਼ਨਜ਼ ਚਲੀਆਂ ਗਈਆਂ ਹਨ ਕਿ ਪੀ. ਡਬਲਯੂ, ਡੀ. ਡਿਪਾਰਟਮੈਂਟ ਦੇ ਰਾਹੀਂ ਸੜਕਾਂ ਬਣਾਈਆਂ ਜਾਣ । ਜੇ ਉਨ੍ਹਾਂ ਇਨਸਟਰਕਸ਼ਨਜ਼ ਤੇ ਅਮਲ ਨਾ ਹੁੰਦਾ ਹੋਵੇ ਤਾਂ ਕੀ ਮਨਿਸਟਰ ਸਾਹਿਬ ਦੁਆਰਾ ਫਿਰ ਇਨਸਟਰਕਸ਼ਨਜ਼ ਭੇਜਣਗੇ ਕਿਉਂਕਿ ਕਈ ਮਾਰਕੀਟ ਕਮੇਟੀਆਂ ਅੜੀਆਂ ਹੋਈਆਂ ਹਨ ਕਿ ਅਸੀਂ ਪੈਸੇ ਨਹੀਂ ਦੇਣੇ ?

**ਖੇਤੀ ਬਾੜੀ ਅਤੇ ਵਣ ਮੰਤਰੀ :** ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਜਿਸ ਦਿਨ ਮਾਰਕੀਟਿੰਗ ਐਕਟ ਦੇ ਬਾਰੇ ਵਿਚਾਰ ਹਾਊਸ ਵਿੱਚ ਹੋ ਰਿਹਾ ਸੀ ਤਾਂ ਮੈਂਬਰ ਸਾਹਿਬਾਨ ਨੇ ਰਾਏ ਦਿੱਤੀ ਸੀ ਕਿ ਮਾਰਕਿਟ ਕਮੇਟੀਆਂ ਦਾ ਪੈਸਾ ਬਹੁਤ ਦੇਰ ਤਕ ਪੀ. ਡਬਲਯੂ. ਡੀ. ਡਿਪਾਰਟਮੈਂਟ ਕੋਲ ਪਿਆ ਰਹਿੰਦਾ ਹੈ ਅਤੇ ਉਹ ਸੜਕਾਂ ਨਹੀਂ ਬਣਾਉਂਦੇ । ਸਪੀਕਰ ਸਾਹਿਬ, ਸਰਕਾਰ ਇਨਸਟਰਕਸ਼ਨਜ਼ ਨਹੀਂ ਦਿੰਦੀ, ਅਸੀਂ ਤਾਂ ਮਾਰਕੀਟਿੰਗ ਬੋਰਡ ਨੂੰ ਡਾਇ-ਰੈਕਟਿਵ ਦੇ ਸਕਦੇ ਹਾਂ ਕਿ ਤੁਸੀਂ ਸਰਕਾਰ ਦੀ ਪਾਲਿਸੀ ਦੇ ਉਲਟ ਕੋਈ ਸੜਕ ਆਪ ਨਹੀਂ ਬਣਾਉਣੀ । ਮਾਰਕੀਟਿੰਗ ਬੋਰਡ ਕਿਸੇ ਵੀ ਮਾਰਕਿਟ ਕਮੇਟੀ ਨੂੰ ਆਪ ਸੜਕ ਬਣਾਉਣ ਦੀ ਇਜਾਜ਼ਤ ਹੀ ਨਾ ਦੇਵੇ । ਜੇ ਸਰਕਾਰ ਦਾ ਜਾਂ ਹੋਰ ਸਾਥੀਆਂ ਦਾ ਖਿਆਲ ਹੋ ਜਾਵੇ ਕਿ ਜਿਹੜੀਆਂ ਮਾਰਕਿਟ ਕਮੇਟੀਆਂ ਬਣਾ ਸਕਦੀਆਂ ਹਨ, ਜਿਨ੍ਹਾਂ ਕੋਲ ਸੜਕਾਂ ਬਣਾਉਣ ਦੇ ਸਾਧਨ ਹਨ, ਇਹ ਕੋਈ ਵੱਡੀ ਗੱਲ ਨਹੀਂ ਕਿ ਉਨ੍ਹਾਂ ਨੂੰ ਇਜਾਜ਼ਤ ਦੇ ਦਿੱਤੀ ਜਾਵੇ । ਹੋ ਸਕਦਾ ਹੈ ਉਹ ਸੜਕਾਂ ਜਲਦੀ ਬਣਾ ਲੈਣ ।

(ਤਾੜੀਆਂ)

**ਸਰਦਾਰ ਸਾਧੂ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਮਾਰਕਿਟ ਕਮੇਟੀ ਬਣਾਉਂਦੀ ਹੈ ਉਸਦੇ ਪਰ ਮੀਲ ਬਣਾਉਣ ਤੇ ਕਿਤਨਾ ਖਰਚਾ ਆਉਂਦਾ ਹੈ ਅਤੇ ਜਿਹੜੀ ਸੜਕ ਪੀ. ਡਬਲਯੂ. ਡੀ. ਡਿਪਾਰਟਮੈਂਟ ਬਣਾਉਂਦਾ ਹੈ ਉਸ ਦੀ ਇਕ ਮੀਲ ਸੜਕ ਤੇ ਕਿਤਨਾ ਖਰਚਾ ਆਉਂਦਾ ਹੈ ?

**ਸ੍ਰੀ ਸਪੀਕਰ :** ਇਸ ਦਾ ਜਵਾਬ ਤਾਂ ਦੋ ਮਨਿਸਟਰਾਂ ਨੂੰ ਦੇਣਾ ਪਵੇਗਾ ।

**ਕਾਮਰੇਡ ਦਾਨਾ ਰਾਮ :** ਸਪੀਕਰ ਸਾਹਿਬ, ਜਿਹੜੀਆਂ ਸੜਕਾਂ ਮਾਰਕਿਟ ਕਮੇਟੀਆਂ ਬਣਾਉਂਦੀਆਂ ਹਨ ਕੀ ਉਨ੍ਹਾਂ ਦਾ ਕਬਜ਼ਾ ਪੀ. ਡਬਲਯੂ. ਡੀ. ਡਿਪਾਰਟਮੈਂਟ ਨੂੰ ਦੇ ਦਿੱਤਾ

Original with;
Punjab Vidhan Sabha
Digitized by;
Panjab Digital Library

ਜਾਂਦਾ ਹੈ ? ਜੇ ਕਬਜ਼ਾ ਦੇ ਦਿੱਤਾ ਜਾਂਦਾ ਹੈ ਤਾਂ ਮੈਂ ਆਪ ਦੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਮੁਰੰਮਤ ਕਦੋਂ ਤਕ ਕਰਵਾ ਦੇਣਗੇ ?

**ਰਾਜ ਮੰਤਰੀ** (ਲੋਕ ਨਿਰਮਾਣ) : ਸਪੀਕਰ ਸਾਹਿਬ, ਇਹ ਇਨਫਰਮੇਸ਼ਨ ਲਾਸਟ ਟਾਈਮ ਕਾਮਰੇਡ ਰਾਜ ਕੁਮਾਰ ਦੇ ਕਾਲ-ਅਟੈਨਸ਼ਨ ਤੇ ਮੈਂ ਦੇ ਚੁਕਾ ਹਾਂ। ਇਸ ਦੇ ਬਾਵਜੂਦ ਵੀ ਜੇ ਮੈਂਬਰ ਸਾਹਿਬਾਨ ਹੋਰ ਇਨਫਰਮੇਸ਼ਨ ਲੈਣਾ ਚਾਹੁੰਦੇ ਹਨ ਤਾਂ ਸਵਾਲ ਕਰ ਲੈਣ। ਮੈਂ ਸ਼ਾਂਤੀ ਨਾਲ ਅਤੇ ਪਿਆਰ ਨਾਲ ਇਨ੍ਹਾਂ ਦਾ ਜਵਾਬ ਦੇਵਾਂਗਾ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਸਰਕਾਰ ਦੀ ਨੀਤੀ ਇਹ ਹੈ ਕਿ ਇਹ ਸਾਰੀਆਂ ਸੜਕਾਂ ਪੀ. ਡਬਲਯੂ. ਡੀ. ਨੇ ਬਣਾਉਣੀਆਂ ਹਨ। ਅਗਰ ਮਾਰਕਿਟ ਕਮੇਟੀ ਵੀ ਰੁਪਿਆ ਦਿੰਦੀ ਹੈ ਤਾਂ ਵੀ ਪੀ. ਡਬਲਯੂ. ਡੀ. ਹੀ ਬਣਾਏਗਾ। ਪਰ ਇਕ ਕਾਲ ਅਟੈਨਸ਼ਨ ਦੇ ਜਵਾਬ ਵਿਚ ਕਿਹਾ ਹੈ ਕਿ ਪਿਛਲੇ ਦਿਨਾਂ ਵਿਚ 10-15 ਮਾਰਕਿਟ ਕਮੇਟੀਆਂ ਨੂੰ ਸਰਕਾਰ ਵਲੋਂ ਖਾਸ ਤੌਰ ਤੇ ਆਗਿਆ ਦਿੱਤੀ ਗਈ ਹੈ ਕਿ ਉਹ ਸੜਕਾਂ ਨੂੰ ਆਪ ਬਣਾ ਲੈਣ ਔਰ ਪੀ.ਡਬਲਯੂ. ਡੀ. ਤੋਂ ਨਹੀਂ ਬਣਨੀਆਂ ?

**ਖੇਤੀ ਬਾੜੀ ਅਤੇ ਵਣ ਮੰਤਰੀ** : ਮੈਨੂੰ ਆਜ਼ਾਦ ਸਾਹਿਬ ਲਿਖ ਕੇ ਦੇਣ ਕਿ ਕਿਥੇ ਕਿਥੇ ਇਜਾਜ਼ਤ ਦਿੱਤੀ ਹੈ ਅਤੇ ਜਿਥੇ ਜਿਥੇ ਇਜਾਜ਼ਤ ਦਿੱਤੀ ਗਈ ਹੋਵੇਗੀ, ਦੱਸ ਦੇਵਾਂਗਾ।

**ਸਰਦਾਰ ਗੁਰਬਚਨ ਸਿੰਘ** (ਰੋਪੜ) : ਪੀ.ਡਬਲਯੂ.ਡੀ. ਦੀ ਹਾਈ ਪਾਵਰਡ ਕਮੇਟੀ ਨੇ ਇਹ ਪਾਸ ਕੀਤਾ ਸੀ ਕਿ ਸਾਰਿਆਂ ਪਿੰਡਾਂ ਦੇ ਵਿਚ ਜਿਥੇ ਕਿ ਹਰੀਜਨਾਂ ਦੀ ਆਬਾਦੀ ਹੋਵੇ, ਸਕੂਲ ਹੋਵੇ, ਡਿਸਪੈਂਸਰੀ ਵਾਸਤੇ ਜਗ੍ਹਾ ਹੋਵੇ, ਉਥੇ ਤਕ ਸੜਕਾਂ ਪਹੁੰਚਾਈਆਂ ਜਾਣਗੀਆਂ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤਕ ਉਹ ਸੜਕਾਂ ਪਹੁੰਚਾ ਦਿੱਤੀਆਂ ਜਾਣਗੀਆਂ ?

**ਮੰਤਰੀ** : ਮੈਂ, ਸਪੀਕਰ ਸਾਹਿਬ, ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਵਾਬ ਵਿਚ ਵੀ ਦਸਿਆਂ ਹੈ ਕਿ ਪਿਛਲੇ ਦਿਨਾਂ ਮਾਰਕੀਟ ਕਮੇਟੀਆਂ ਦੇ ਸੈਕ੍ਰਟਰੀਆਂ ਦੀ ਮੈਂ ਇਥੇ ਇਕ ਮੀਟਿੰਗ ਬੁਲਾਈ ਸੀ ਅਤੇ ਉਨ੍ਹਾਂ ਨੂੰ ਕਿਹਾ ਸੀ ਕਿ ਮੈਨੂੰ 8 ਦਿਨ ਤੋਂ ਪਹਿਲਾਂ ਪਹਿਲਾਂ ਇਹ ਦੱਸੋ ਕਿ ਤੁਹਾਡੇ ਹਲਕੇ ਵਿਚ ਕਿਸੇ ਪਿੰਡ ਵਿਚ ਇਕ ਪਾਸੇ ਜੇ ਸੜਕ ਨਹੀਂ ਗਈ ਤਾਂ ਲਿਖ ਕੇ ਭੇਜੋ। ਜੇ ਇਕ ਪਾਸੇ ਸੜਕ ਨਹੀਂ ਗਈ ਤਾਂ ਉਹ ਸੜਕ ਭਾਵੇਂ ਮਾਰਕੀਟਿੰਗ ਬੋਰਡ ਬਣਾਵੇ, ਭਾਵੇਂ ਮਾਰਕੀਟ ਕਮੇਟੀ ਬਣਾਏ, ਭਾਵੇਂ ਪੀ. ਡਬਲਯੂ. ਡੀ. ਬਣਾਵੇ, ਹਰ ਇਕ ਪਿੰਡ ਤਕ ਆਉਣ ਵਾਲੇ ਸਾਲ ਵਿਚ ਸੜਕ ਪਹੁੰਚਾ ਦੇਣੀ ਹੈ।

**ਸ਼੍ਰੀ ਸਰਦਾਰੀ ਲਾਲ ਕਪੂਰ** : ਥੋੜੀ ਦੇਰ ਹੀ ਪਹਿਲਾਂ ਸਾਡੇ ਐਗਰੀਕਲਚਰ ਮਨਿਸਟਰ ਸਾਹਿਬ ਨੇ ਇਹ ਦੱਸਿਆ ਹੈ ਸੜਕਾਂ ਦੇ ਮੁਤਾਲਿਕ ਕਿ ਅਸੀਂ ਪਸੰਦ ਕਰਦੇ ਹਾਂ ਜੇ ਸੜਕਾਂ ਮਾਰਕੀਟਿੰਗ ਬੋਰਡ ਵਲੋਂ ਵੀ ਬਣਾਈਆਂ ਜਾਣ ਤਾਂ ਕੋਈ ਗੱਲ ਨਹੀਂ। ਔਰ ਹੁਣ ਇਹ ਕਹਿੰਦੇ ਹਨ ਕਿ ਕੋਈ ਹਿਦਾਇਤ ਨਹੀਂ ਕੀਤੀ। ਇਸ ਕਰਕੇ ਇਨ੍ਹਾਂ ਨੇ ਦੋ ਗੱਲਾਂ ਕਿਸ ਤਰ੍ਹਾਂ ਕਹਿ ਦਿੱਤੀਆਂ, ਆਪ ਹੀ ਕਿਹਾ ਕਿ ਪਸੰਦ ਕਰਦੇ ਹਾਂ। ਇਹ ਦੋ ਗੱਲਾਂ ਡਿਫਰੈਂਟ ਕਹਿ ਦਿਤੀਆਂ ਹਨ, ਇਹ ਕਿਹੜੀ ਗਲ ਨੂੰ ਪਸੰਦ ਕਰਦੇ ਹਨ।

**ਸ੍ਰੀ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਇਜਾਜ਼ਤ ਦਿਤੀ ਜਾ ਸਕਦੀ ਹੈ।

Question hour is over.

Original with;
Punjab Vidhan Sabha
Digitized by;
Panjab Digital Library

## UNSTARRED QUESTIONS AND ANSWERS

### ਜੂਨ 1975 ਵਿਚ ਉਦਯੋਗਿਕ ਕਾਮਿਆਂ ਦੁਆਰਾ ਹੜਤਾਲ

1097. **ਕਾਮਰੇਡ ਸੱਤਪਾਲ ਡਾਂਗ** : ਕੀ ਵਿਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਰਾਜ ਵਿਚ ਉਦਯੋਗਿਕ ਕਾਮਿਆਂ ਨੇ 19 ਜੂਨ, 1975 ਨੂੰ ਇਕ ਦਿਨ ਦੀ ਹੜਤਾਲ ਕੀਤੀ ਸੀ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀਆਂ ਮੰਗਾਂ ਕੀ ਕੀ ਸਨ;

(ਅ) ਕੇਂਦਰ-ਵਾਰ ਕਿੰਨੇ ਕਿੰਨੇ ਕਾਮਿਆਂ ਨੇ ਹੜਤਾਲ ਕੀਤੀ;

(ੲ) ਸਰਕਾਰ ਦੁਆਰਾ ਉਨ੍ਹਾਂ ਦੀਆਂ ਮੰਗਾਂ ਤੇ ਕੀ ਕਾਰਵਾਈ ਕੀਤੀ ਗਈ ਹੈ ?

**ਸ਼੍ਰੀ ਹੰਸ ਰਾਜ ਸ਼ਰਮਾ** : ਹਾਂ ਜੀ । ਉਹਨਾਂ ਦੀਆਂ ਮੰਗਾਂ ਸਨ :

(1) ਘੱਟੋ-ਘੱਟ ਉਜਰਤਾਂ ਵਿਚ ਵਾਧਾ ਕੀਤਾ ਜਾਵੇ;

(2) ਜਬਰਨ ਕਟੌਤੀ ਸਕੀਮ ਵਾਪਿਸ ਲਈ ਜਾਵੇ ;

(3) ਝਗੜਿਆਂ ਨੂੰ ਨਿਆਂ ਨਿਰਣੇ ਲਈ ਭੇਜਣ ਦੀ ਪਾਲਿਸੀ ਵਿਚ ਤਬਦੀਲੀ ਕੀਤੀ ਜਾਵੇ ।

(ਅ) ਦੀਨਾ ਨਗਰ ਜ਼ਿਲ੍ਹਾ ਗੁਰਦਾਸਪੁਰ ਵਿਖੇ 321 ਕਾਮਿਆਂ ਨੇ ਹੜਤਾਲ ਕੀਤੀ । ਉਸ ਦਿਨ ਕੁਝ ਸਮੇਂ ਲਈ ਗੋਬਿੰਦਗੜ੍ਹ, ਲੁਧਿਆਣਾ, ਛੇਹਰਟਾ, ਬਟਾਲਾ ਅਤੇ ਅੰਮ੍ਰਿਤਸਰ ਦੇ ਕੁਝ ਕਾਮਿਆਂ ਨੇ ਹੜ੍ਹਤਾਲ ਕੀਤੀ ਪਰ ਹੜਤਾਲੀ ਕਾਮਿਆਂ ਦੀ ਗਿਣਤੀ ਉਪਲਬਧ ਨਹੀਂ ਹੈ ।

(ੲ) (1) ਰਾਜ ਵਿਚ 34 ਅਨੁਸੂਚਿਤ ਰੋਜ਼ਗਾਰ ਜਿਨ੍ਹਾਂ ਵਿਚ ਘੱਟੋ ਘਟ ਉਜ਼ਰਤਾਂ ਨਿਰਧਾਰਤ ਕੀਤੀਆਂ ਗਈਆਂ ਸਨ, ਵਿਚੋਂ 27 ਸ਼ਡਿਊਲਡ ਰੋਜ਼ਗਾਰਾਂ ਵਿਚ ਘੱਟੋ ਘੱਟ ਉਜਰਤਾਂ ਵਿੱਚ ਸੋਧ ਕਰ ਦਿਤੀ ਗਈ ਹੈ ।

(2) ਰਾਜ ਦੇ ਕਿਰਤ ਵਿਭਾਗ ਵਲੋਂ ਜਬਰੀ ਕਟੌਤੀ ਸਕੀਮ ਨੂੰ ਵਾਪਿਸ ਲੈਣ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ ਸੀ ।

(3) ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਉਹ ਸਾਰੇ ਹੀ ਕੇਸ ਜਿਨ੍ਹਾਂ ਨੂੰ ਕਿ ਕਿਰਤ ਕਮਿਸ਼ਨਰ, ਪੰਜਾਬ ਨਿਆਂ-ਨਿਰਣੇ ਲਈ ਭੇਜਣ ਯੋਗ ਨਹੀਂ ਸਮਝਦਾ ਸੀ ਅਤੇ ਰੱਦ ਕਰ ਦੇਂਦਾ ਸੀ, ਅਜਿਹੇ ਸਾਰੇ ਕੇਸਾਂ ਵਿਚ ਹੁਣ ਸਰਕਾਰ ਖੁਦ ਫੈਸਲਾ ਕਰੇਗੀ ।

———

Original with;
Punjab Vidhan Sabha
Digitized by;
Panjab Digital Library

## AD HOC EMPLOYEES OF CLASS III IN EXCISE AND TAXATION DEPARTMENT

**1098. Comrade Satya Pal Dang** : Will the Minister for Excise and Taxation be pleased to state :

Whether there are any class III ad hoc employees in the Excise and Taxation Department who had completed one year service on 1st January, 1975 but have not been regularised so far, if so a list of such employees together with the reasons for not regularising them be laid on the Table of the House ?

**ਸ੍ਰੀ ਯਸ਼** : ਇਕ ਸੂਚੀ ਆਬਕਾਰੀ ਅਤੇ ਕਰ ਵਿਭਾਗ ਦੇ ਤੀਜੇ ਦਰਜੇ ਦੇ ਐਡਹਾਕ ਕਰਮਚਾਰੀਆਂ ਜਿਨਾਂ ਦੀ ਸੇਵਾ, ਮਿਤੀ 1 ਜਨਵਰੀ, 1975 ਨੂੰ ਇਕ ਸਾਲ ਦੀ ਹੋ ਗਈ ਸੀ, ਪਰ ਉਨਾਂ ਦੀਆਂ ਸੇਵਾਵਾਂ ਅਜੇ ਰੈਗੂਲਰ ਨਹੀਂ ਹੋਈਆਂ ਨਾਲ ਨਥੀ ਕੀਤੀ ਜਾਂਦੀ ਹੈ, ਇਹਨਾਂ ਕਰਮਚਾਰੀਆਂ ਨੂੰ ਨਾ ਰੈਗੂਲਰ ਕਰਨ ਦੇ ਕਾਰਨ ਵੀ ਲਿਸਟ ਨਾਲ ਨਥੀ ਕੀਤੇ ਨੋਟ ਵਿਚ ਦਰਸਾਏ ਗਏ ਹਨ ।

---

## REGULARISATION OF SERVICES OF CLASS III AD HOC EMPLOYEES

A list of Class III ad hoc employees of Excise and Taxation Department who had completed one year service on 1st January, 1975 but have not been regularized so far, is enclosed.

2. The services of adhoc employees mentioned at Sr. No. 1 to 38,41 to 68, 70 to 85 and 88 to 93/ were appointed after January, 1972 but could not be regularized as there is neither any provision in the Rules nor in the executive instructions under which their services can be regularized.

3. The Government vide their circular latter No. 279 SII (3)-73/3046, dated 29th January, 1973 had issued instructions to all Heads of Departments that services of adhoc employees who had completed a minimum of one year's service on the Ist January 1973, should be regularised provided they fulfil the condition laid down therein. The officials mentioned in para 2 above are not covered by these instructions. So far as Shri Dharam Pal and Smt. Subhash Kanta mentioned at Sr. No. 39 and 40 of the list, are concerned, their case for regularisation of services was submitted by Excise and Taxation Officer, Ferozepur direct to the Chief Secretary to Government, Punjab. The latter has returned the case and has desired that the same should be referred to the Services Department through Administrative Department. These cases are being completed and will be submitted to the Services Department shortly.

4. Tha case of Smt. Jaswant Kaur Clerk mentioned at Sr. No. 69 is presently under consideration and her services are likely to be regularised soon.

As regards Sarvshri Baru Ram, Mohinder Singh, Rulia Ram, Kehar Singh, Gurmeet Singh, Jaswant Singh, Ujjagar Singh, Gurdev Singh and Jagan Nath Drivers, their cases for regularisation of services, were referred to the Chief Secretary to Government, Punjab but have been received back with certain objections which are being met with.

Original with;
Punjab Vidhan Sabha
Digitized by;
Panjab Digital Library

[Excise and Taxation Minister]

List of Class III ad hoc employees of the Excise and Taxation Department who had completed one year service on 1st January, 1975 but had not been regularized so for.

| Sr. | Name | Date of appointment | Post held | Place of Posting |
|---|---|---|---|---|
| 1 | 2 | 3 | 4 | 5 |
| 1. | Shri Karnail Singh | 21-4-72 | Clerk | Sangrur |
| 2. | Miss. Kamlesh Bhatnagar | 21-4-72 | —do— | —do— |
| 3. | Smt. Hind Paul Kaur | 24-8-73 | —do— | —do— |
| 4. | Miss. Jaspal Kaur | 3-5-72 | —do— | Ludhiana |
| 5. | Miss. Kuldip Kaur | 16-5-72 | —do— | —do— |
| 6. | Sh. Inderjit Singh | 21-6-72 | —do— | —do— |
| 7. | Sh. Ramesh Kumar | 10-8-73 | —do— | —do— |
| 8. | Sh. Madan Gopal | 3-5-72 | —do— | —do— |
| 9. | Sh. Krishan Singh | 3-5-72 | —do— | —do— |
| 10. | Sh. Johnson | 3-5-72 | —do— | —do— |
| 11. | Sh. Bansi Lal | 7-6-72 | —do— | —do— |
| 12. | Sh. Suresh Kumar | 6-2-73 | —do— | —do— |
| 13. | Sh. Lal Chand | 18-4-72 | —do— | —do— |
| 14. | Sh. Banarsi Lal | 18-4-72 | —do— | —do— |
| 15. | Sh. Karnail Singh | 18-4-72 | —do— | —do— |
| 16. | Sh. Surinder Lal Raju | 9-6-72 | —do— | —dh— |
| 17. | Sh. Rajinder Parshad | — | Camp Clerk | Ropar |
| 18. | Sh. Ram Gopal | | Clerk | —do— |
| 19. | Sh. Harnam Singh | — | —do— | —do— |
| 20. | Sh. Suraj Parkash | — | —do— | —do— |
| 21. | Sh. Krishan Kashyap | — | Camp Clerk | —do— |
| 22. | Sh. Kala Ram | 17-5-72 | Clerk | Patiala |
| 23. | Smt. Swinder Kaur | 8-12-72 | —do— | —do— |
| 24. | Miss. Swaran Lata | 19-2-73 | —do— | —do— |
| 25. | Smt. Nirmal Rani | 21-2-73 | —do— | —do— |
| 26. | Sh. Manjit Singh 7 | 20-11-73 | —do— | —do— |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 27. | Sh. Rattan Chand | 19-11-73 | Steno Typist | Patiala |
| 28. | Sh. Vakil Chand | 4-12-73 | —do— | —do— |
| 29. | Miss. Kanta Verma | 23-10-73 | Clerk | D.E.T.C. Office Patiala. |
| 30. | Sh. Des Raj | 19-10-72 | —do— | —do— |
| 31. | Sh. Shiv Kumar | — | Camp Clerk | —do— |
| 32. | Sh. Naresh Pal | 21-10-72 | Clerk | Faridkot |
| 33. | Sh. Darwara Singh | 21-10-72 | —do— | —do— |
| 33-A | Sh. Janak Raj | 21-11-72 | —do— | —do— |
| 34. | Sh. Inderjit Singh | 13-11-72 | —do— | —do— |
| 35. | Sh. Yash Rattan | 13-11-72 | —do— | —do— |
| 36. | Miss. Darshana Devi | 1-1-73 | —do— | —do— |
| 37. | Smt. Raj Kanta | 2-1-73 | —do— | —do— |
| 38. | Sh. Mahanvir Parshad | 1-9-73 | —do— | —do— |
| 39. | Sh. Dharam Pal | 21-11-67 | —do— | ETO. Ferozepur |
| 40. | Smt. Subhash Kanta | 6-11-67 | —do— | —do— |
| 41. | Sh. Daya Nand Panwar | 13-12-72 | —do— | —do— |
| 42. | Sh. Balbir Sharma | 25-7-73 | —do— | ETO. Hoshiarpur |
| 43. | Sh. Shankar Lal | 7-8-73 | —do— | —do |
| 44. | Smt. Asha Rani | 7-8-73 | —do— | —do— |
| 45. | Sh. Baldev Raj | 13-11-72 | —do— | —do— |
| 46. | Miss Prem Lata | — | —do— | ETO. Jullundur. |
| 47. | Sh. Om Parkash | 9-10-73 | —do— | ETO. Gurdaspur |
| 48. | Sh. Deputy Krishan | 1-6-72 | —do— | ETO. Amritsar |
| 49. | Sh. Surinder Kumar | 1-6-72 | —do— | —do— |
| 50. | Sh. Surjit Singh | 2-6-72 | —do— | —do— |
| 51. | Sh- Kulbhushan Gupta | 5-9-72 | —do— | —do— |
| 52. | Sh. Nirmal Singh | 5-9-72 | —do— | —do— |
| 53. | Sh. Sha-beg Singh Khokar | 5-9-79 | —do— | —do— |

Original with;
Punjab Vidhan Sabha
Digitized by;
Panjab Digital Library

(Excise and Taxation Minister)

| 1 | 2 | 3 | 4 | 5 |
|---|---|---|---|---|
| 54. | Sh. Varinder Pal Kukreja | 7-9-73 | Clerk | E.T.O. Amritsar |
| 55. | Sh. Shmsher Singh | 7-9-73 | —do— | —do— |
| 56. | Sh. Sukhdev Singh | 7-9-73 | —do— | —do— |
| 57. | Sh. Narinder Pal Singh | 7-9-73 | —do— | —do— |
| 58. | Sh. Satish Kumar Mahajan | 7-9-73 | —do— | —do— |
| 59. | Sh. Kuldip Singh | 7-9-73 | —do— | —do— |
| 60. | Sh. Subhash Chand | 23-10-73 | —do— | Shambu Barrieer |
| 61. | Sh. Sansar Singh | 21-10-73 | —do— | —do— |
| 62. | Sh. Jagdish Singh | 24-10-73 | —do— | —do— |
| 63. | Sh. Manmohan Singh | 30-7-73 | —do— | —do— |
| 64. | Sh. Ramesh Kumar | 24-10-73 | —do— | —do— |
| 65. | Sh. Balbir Singh | 24-10-73 | —do— | —do— |
| 66. | Sn. Amarjit Singh | 30-10-70 | —do— | —do— |
| 67. | Sh. Prem Chand Goel | 24-10-73 | —do— | —do— |
| 68. | Sh. Satnam Singh | 11-8-72 | —do— | —do— |
| 69. | Smt. Jaswant Kaur | 17-11-70 | —do— | ETC. Office |
| 70. | Smt. Kalawati | 7-3-72 | —do— | —do— |
| 71. | Sh. Kulwant Singh | 5-5-72 | —do— | —do— |
| 72. | Sh. Ishwar Chander | 6 3 72 | —do— | —do— |
| 73. | Sh. Harbans Lal | 27-9-72 | —do— | —do— |
| 74. | Sh. Anand Kumar | 23-10-72 | —do— | —do— |
| 75. | Miss. Manjit Kaur | 20-7-73 | —do— | —do— |
| 76. | Sh. Banta Singh | 23-7-73 | —do— | —do— |
| 77. | Miss. Amarjit Kaur | 19-7-73 | —do— | —do— |
| 78. | Miss. Rukmani Devi | 18-7-73 | —do— | —do— |
| 79. | Sh. S. P. Gupta | 24-10-72 | —do— | —do— |
| 80. | Miss. Shahi Bala | 3-7-73 | —do— | —do— |
| 81. | Sh. Bhawan Dass | — | —do— | Bhatinda |
| 82. | Sh. Sat Pal | — | —do— | —do— |
| 83. | Miss. ParbhaJain | — | —do— | —do— |
| 84. | Sh. Shamsher Singh | 20-7-73 | Librarian | ETC. Office |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 85. | Sh. Bhajan Singh | 18-8-72 | Clerk | E.T.C, Office |
| 86. | Sh. Baru Ram | 4-10-67 | Driver | —do— |
| 87. | Sh. Mohinder Singh | 19-5-71 | Driver | —do— |
| 88. | Sh. Surinder Singh | 14-11-73 | Excise Inspector | Abohar |
| 89. | Sh. Gurpal Singh | —do— | —do— | Sardulgarh |
| 90. | Sh. Jagan Nath | —do— | —do— | Dirba |
| 91. | Sh. Harish Chander | —do— | —do— | Hamira (Distillery) |
| 92. | Sh. Dev Raj Rishi | —do— | —do— | Sultanpur Lodhi |
| 93. | Sh. Amar Chand | —do— | —do— | Nakodar |
| 94. | Sh. Rulia Ram | 15-7-67 | Driver | Jullundur |
| 95. | Sh. Kehar Singh | 17-4-70 | —do— | Ludhiana. |
| 96. | Sh. Gurmit Singh | 15-6-67 | —do— | Bhatinda |
| 97. | Sh. Jaswant Singh | 12-11-71 | —do— | Ferozepur |
| 98. | Sh. Ujjagar Singh | 22-3-67 | —do— | Patiala. |
| 99. | Sh. Gurdev Singh | 1-6-70 | —do— | Patiala |
| 100. | Sh. Jagan Nath | — | —do— | Ropar |

———

## ਮਾਲ ਪਟਵਾਰੀਜ਼ ਯੂਨੀਅਨ. ਜਿਲ੍ਹਾ ਜਲੰਧਰ ਵਲੋਂ ਮੰਗ ਪੱਤਰ

**1099. ਕਾਮਰੇਡ ਸੱਤ ਪਾਲ ਡਾਂਗ :** ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਅਗਸਤ, 1975 ਦੇ ਮਹੀਨੇ ਵਿਚ ਉਨ੍ਹਾਂ ਨੂੰ ਕਿਸੇ ਵਿਧਾਇਕ ਨੇ ਪੰਜਾਬ ਮਾਲ ਪਟਵਾਰੀਜ਼ ਯੂਨੀਅਨ, ਜਿਲ੍ਹਾ ਜਲੰਧਰ ਦਾ ਇਕ ਮੇਜਰਨਾਮਾ ਮਿਤੀ 3 ਅਗਸਤ, 1975 ਦਿਤਾ ਜਿਸ ਵਿਚ ਪਟਵਾਰੀ ਸਰਕਲਾਂ ਦਾ ਅਕਾਰ ਘਟਾਉਣ, ਸਿਲੈਕਸ਼ਨ ਗਰੇਡ, ਜੀ.ਪੀ.ਫੰਡ ਮਕਾਨ ਕਰਾਇਆ ਭੱਤਾ ਵਧਾਉਣ ਲਈ ਉਨ੍ਹਾਂ ਦੀਆਂ ਮੰਗਾਂ ਸ਼ਾਮਲ ਸਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀਆਂ ਮੰਗਾਂ ਅਤੇ ਉਨ੍ਹਾਂ ਤੇ ਕੀਤੇ ਗਏ ਫੈਸਲੇ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰਖਿਆ ਜਾਵੇ ।

**ਸਰਦਾਰ ਉਮਰਾਓ ਸਿੰਘ :** ਹਾਂ ਜੀ । ਪਟਵਾਰੀਆਂ ਦੀਆਂ ਮੰਗਾਂ, ਅਤੇ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਬਾਰੇ ਵਿਵਰਣ ਸਦਨ ਦੇ ਮੇਜ਼ ਤੇ ਰਖਿਆ ਜਾਂਦਾ ਹੈ ।

———

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

**ਵਿਵਰਣ ਬਾਬਤ ਪੰਜਾਬ ਰੈਵਨਿਊ ਪਟਵਾਰੀ ਯੂਨੀਅਨ, ਜਿਲ੍ਹਾ ਜਲੰਧਰ ਦੀਆਂ ਮੰਗਾਂ ਤੇ ਸਰਕਾਰ ਦੇ ਫੈਸਲੇ**

| | ਮੰਗ | ਟਿਪਣੀ |
|---|---|---|
| 1. | ਪਟਵਾਰ ਸਰਕਲ ਛੋਟੇ ਕੀਤੇ ਜਾਣ । | ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। |
| 2. | ਪਟਵਾਰੀਆਂ ਨੂੰ ਸਿਲੈਕਸ਼ਨ ਗਰਡ ਦਿਤਾ ਜਾਵੇ । | ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । |
| 3. | ਜੀ. ਪੀ. ਫੰਡ ਦੀਆਂ ਕਾਪੀਆਂ ਖੋਲ੍ਹੀਆਂ ਜਾਣ । | ਡਾਇਰੈਕਟਰ ਭੋਂ ਰਿਕਾਰਡ ਨੂੰ ਹਦਾਇਤ ਕੀਤੀ ਗਈ ਹੈ ਕਿ ਪਟਵਾਰੀਆਂ ਦੇ ਜੀ. ਪੀ. ਫੰਡ ਹਿਸਾਬ ਰਖਣ ਬਾਰੇ ਕਾਪੀਆਂ ਖੋਲ੍ਹੀਆਂ ਜਾਣ । |
| 4. | ਕਿਰਾਇਆ ਮਕਾਨ 6 ਰੁਪਏ ਤੋਂ 25 ਰੁਪਏ ਮੰਨਜ਼ੂਰ ਕੀਤਾ ਜਾਵੇ । | ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। |
| 5. | ਪਟਵਾਰ ਖਾਨੇ ਬਣਾਏ ਜਾਣ । | ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । |
| 6. | ਸਟੇਸ਼ਨਰੀ ਅਲਾਊਂਸ 2 ਰੁਪਏ ਤੋਂ 5 ਰੁਪਏ ਕੀਤਾ ਜਾਵੇ । | ਇਹ ਮੰਗ ਵਿਚਾਰਨ ਉਪਰੰਤ ਰੱਦ ਕਰ ਦਿਤੀ ਗਈ ਹੈ । |
| 7. | ਬਸਤਾ ਅਲਾਉਂਸ 4 ਰੁਪਏ ਤੋਂ 10 ਰੁਪਏ ਕੀਤਾ ਜਾਵੇ । | ਇਹ ਮੰਗ ਵਿਚਾਰਨ ਉਪਰੰਤ ਰੱਦ ਕੀਤੀ ਜਾ ਚੁਕੀ ਹੈ । |
| 8. | ਤਨਖਾਹ ਗ੍ਰੇਡਾਂ ਦੀ ਤਰੁਟੀ ਦੂਰ ਕੀਤੀ ਜਾਵੇ । | ਇਹ ਮੰਗ ਵਿਚਾਰਨ ਉਪਰੰਤ ਰੱਦ ਕੀਤੀ ਜਾ ਚੁਕੀ ਹੈ । |
| 9. | ਪਟਵਾਰ ਸਰਵਿਸ ਨੂੰ ਟੈਕਨੀਕਲ ਕਰਾਰ ਦਿਤਾ ਜਾਵੇ । | ਇਹ ਮੰਗ ਵਿਚਾਰਨ ਉਪਰੰਤ ਰੱਦ ਕੀਤੀ ਜਾ ਚੁਕੀ ਹੈ । |

---

**ਰਾਜ ਵਿਚ ਸੰਕਟ ਕਾਲ ਦੇ ਐਲਾਨ ਕਰਨ ਤੋਂ ਬਾਅਦ ਦੈਨਿਕ ਅਖਬਾਰਾਂ ਦੁਆਰਾ ਕਰਮਚਾਰੀਆਂ ਦੀ ਛਾਂਟੀ**

**1103. ਕਾਮਰੇਡ ਸੱਤ ਪਾਲ ਡਾਂਗ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ—

(ੳ) ਕਿ ਕੀ ਜੂਨ, 1975 ਵਿਚ ਸੰਕਟ ਕਾਲ ਦੇ ਐਲਾਨ ਤੋਂ ਬਾਦ ਰਾਜ ਵਿਚ ਕਿਸੇ ਦੈਨਿਕ ਅਖਬਾਰ ਨੇ ਕਿਸੇ ਕਰਮਚਾਰੀਆਂ ਦੀ ਛਾਂਟੀ ਕੀਤੀ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਅਖਬਾਰਾਂ ਦੇ ਨਾਂ ਅਤੇ ਇਸ ਤਰ੍ਹਾਂ ਛਾਂਟੀ ਕੀਤੇ ਗਏ ਕਰਮਚਾਰੀਆਂ ਦੀ ਗਿਣਤੀ ਅਤੇ ਇਸ ਦੇ ਕਾਰਨ ਦਰਸਾਉਂਦੀ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

Original with;
Punjab Vidhan Sabha
Digitized by;
Panjab Digital Library

(ਅ) ਸਰਕਾਰ ਨੇ ਇਸ ਛਾਂਟੀ ਨੂੰ ਰੋਕਣ ਅਤੇ ਜਾਂ ਛਾਂਟੀ ਕੀਤੇ ਗਏ ਕਰਮਚਾਰੀਆਂ ਨੂੰ ਬਹਾਲ ਕਾਰਵਾਉਣ ਲਈ ਕੀ ਕਾਰਵਾਈ ਕੀਤੀ ਹੈ ?

**ਸ਼੍ਰੀ ਹੰਸ ਰਾਜ ਸ਼ਰਮਾ :** (ੳ) ਹੰਗਾਮੀ ਹਾਲਾਤ ਦਾ ਐਲਾਨ ਹੋਣ ਮਗਰੋਂ ਕਿਸੇ ਵੀ ਰੋਜ਼ਾਨਾ ਅਖਬਾਰ ਦੇ ਅਦਾਰੇ ਵਿਚ ਛਾਂਟੀ ਬਾਰੇ ਰਪੋਟ ਨਹੀਂ ਮਿਲੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

## CALL ATTENTION NOTICES UNDER RULE 66

*(Serial No. 91)*

1. **Chaudhri Ram Singh,**
2. **Shri Vishva Mitter Sekhri** } : I beg to draw the attention of the Government towards a a matter of urgent public importance namely, the present system of distribution of cement through depots is defective in as much as the needy persons do not get the cement according to their demands because half of the distribution is made on ration cards and the remaining is distributed by Government through permits. At present the cement is available in abundance but the needy persons have to stand in long queues for hours together to get the cement according to their requirements.

Therefore, keeping into consideration the availability of cement in abundance in the State, the present system of distribution should be withdrawn and the cement should be allowed to be sold in free sale.

Government is requested to make a statement in the matter.

**Mr. Speaker** : Admitted. The Hon'ble Minister concerned may please make a statement.

*(Serial No. 95)*

**Comrade Satya Pal Dang** : I beg to draw the attention of the Government towards a matter of urgent public importance, namely, houses of a number of poor and lower middle class people constructed 15-20 years ago on land belonging to Rehabilitation Deptt. in area called Model House Jullundur have been demolished a few days ago. A large number of people with their families have been thrown on the road in this cold weather. Many more are being threatened with the same fate. It is reported that land got vacated in this manner is going to be allotted to some big officers.

This has caused much resentment in the public in Jullundur.

In view of the obvious and urgent importance of the matter the Government may please be asked to make a statement in the House.

**Mr. Speaker:** Admitted. The Hon'ble Minister concerned may please make astatement.

———

Original with;
Punjab Vidhan Sabha
Digitized by;
Panjab Digital Library

## STATEMENTS LAID ON THE TABLE IN REPLY TO CALL ATTENTION NOTICES

**Minister of State for Health and Family Planning** (Sardar Balbir Singh) : Sir, I lay on the Table of the House replies to Call-Attention Notices Nos. 70, 72, 74, 77 and 91.

(ਕ੍ਰਮ ਨੰ: 70)

**ਮਾਸਟਰ ਚੰਦ ਸਿੰਘ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਜ਼ਿਲ੍ਹਾ ਜਲੰਧਰ ਤੇ ਨਵਾਂ-ਸ਼ਹਿਰ ਕੁਆਪਰੇਟਿਵ ਸ਼ੂਗਰ ਮਿਲ ਨੂੰ ਗੰਨਾ ਸਪਲਾਈ ਕਰਨ ਲਈ ਪਿੰਡ ਗੁਣਾਚੌਰ ਵਿਖੇ ਪਿਛਲੇ 8 ਸਾਲਾਂ ਤੋਂ ਕੰਡਾ ਲੱਗਾ ਹੋਇਆ ਸੀ। ਇਹ ਕੰਡਾ ਬੰਗਾ ਤੋਂ ਲੁਧਿਆਣਾ ਬਰਾਸਤਾ ਮੁਕੰਦਪੁਰ ਸੜਕ ਤੇ ਲੱਗਾ ਸੀ, ਜਿਥੇ 5 ਲਿੰਕ ਰੋਡਾਂ ਮਿਲਦੀਆਂ ਹਨ। ਕਿਸਾਨਾਂ ਨੂੰ ਗੰਨਾਂ ਨਵਾਂ-ਸ਼ਹਿਰ ਸੁਟਣ ਲਈ ਇਥੋਂ ਬਹੁਤ ਸੌਖ ਸੀ। ਪਰ ਹੁਣ ਇਹ ਕੰਡਾ ਇਥੋਂ ਪੁਟਕੇ ਕਿਸੇ ਹੋਰ ਥਾਂ ਲਾ ਦਿਤਾ ਹੈ, ਜਿਥੇ ਸਿਰਫ ਇਕ ਹੀ ਪਿੰਡ ਨੂੰ ਫਾਇਦਾ ਹੋ ਸਕਦਾ ਹੈ। ਨਾ ਹੀ ਇਸ ਥਾਂ ਕੰਡਾ ਲਾਉਣ ਬਾਰੇ ਮਹਿਕਮੇਂ ਦੀ ਮੰਨਜ਼ੂਰੀ ਹੈ। ਕੇਨ ਕਮਿਸ਼ਨਰ, ਪੰਜਾਬ ਨੇ ਵੀ ਇਹ ਕੰਡਾ ਪੁਰਾਣੀ ਥਾਂ ਯਾਨੀ ਕਿ ਗੁਣਾਂਚੌਰ ਲਾਉਣ ਲਈ ਕਿਹਾ ਹੈ। ਪਰ ਅਜੇ ਤੀਕ ਕੰਡਾ ਲਾਇਆ ਨਹੀਂ। ਇਹ ਬਹੁਤ ਅਹਿਮ ਮਾਮਲਾ ਹੈ। ਲੋਕਾਂ ਵਿਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਲੋਕਾਂ ਦੇ ਗੁੱਸੇ ਨੂੰ ਠੰਡਾ ਕਰਨ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਹਾਊਸ ਵਿਚ ਬਿਆਨ ਦੇਵੇ।

**ਮਾਸਟਰ ਗੁਰਬੰਤਾ ਸਿੰਘ** (ਖੇਤੀ ਬਾੜੀ ਤੇ ਵਣ ਮੰਤਰੀ) : ਲੋਕਾਂ ਦੀ ਸਹੂਲਤ ਨੂੰ ਮੁੱਖ ਰਖਦੇ ਹੋਏ ਕੰਡਾ ਗੁਣਾਂਚੌਰ ਵਿਖੇ ਚਾਲੂ ਕਰ ਦਿਤਾ ਗਿਆ ਹੈ।

(ਕ੍ਰਮ ਨੰ: 72)

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ ਸਰਕਾਰ ਨੇ ਇਕ ਐਲਾਨ ਰਾਹੀਂ ਇਹ ਵਚਨ ਕੀਤਾ ਹੈ ਕਿ 16 ਕਿਲੋਮੀਟਰ ਪਾਕਿਸਤਾਨ ਨਾਲ ਲਗਦੇ ਸਰਹੱਦੀ ਇਲਾਕਿਆਂ ਤੋਂ ਮਾਲੀਆ ਨਹੀਂ ਵਸੂਲਿਆ ਜਾਵੇਗਾ, ਮੁਆਫ ਕਰ ਦਿਤਾ ਗਿਆ ਹੈ।

ਪਰ ਸਬ-ਡਵੀਜ਼ਨ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਤੋਂ ਮਾਲੀਆਂ ਜ਼ਬਰਦਸਤੀ ਵਸੂਲਿਆ ਜਾ ਰਿਹਾ ਹੈ। ਇਸ ਗਲ ਦੀ ਲੋਕਾਂ ਵਿਚ ਕਾਫੀ ਬੇਚੈਨੀ ਫੈਲੀ ਹੋਈ ਹੈ। ਸਰਕਾਰ ਇਸ ਸਦਨ ਵਿਚ ਬਿਆਨ ਦੇਣ ਦੀ ਕਿਰਪਾਲਤਾ ਕਰੇ।

**ਸਰਦਾਰ ਉਮਰਾਓ ਸਿੰਘ** (ਮਾਲ ਅਤੇ ਚੋਣ ਮੰਤਰੀ) : ਪੰਜਾਬ ਲੈਂਡ ਰੈਵਿਨਿਊ (ਤਰਮੀਮ) ਐਕਟ, 1973 ਦੀ ਧਾਰਾ 1(2), 2 ਅਤੇ ਪੰਜਾਬ ਲੈਂਡ ਰੈਵਿਨਿਊ ਐਕਟ 1887, ਦੀ ਧਾਰਾ 48(1) ਦੇ ਅਨੁਸਾਰ ਉਸ ਇਲਾਕੇ ਵਿਚ ਜੋ ਹਿੰਦ-ਪਾਕ ਬਾਰਡਰ ਤੋਂ 16 ਕਿਲੋਮੀਟਰ ਦੀ ਹੱਦ ਵਿਚ ਹੈ, ਭੋਂ ਮਾਲੀਆ, ਖਰੀਫ 1972 ਦੀ ਫਸਲ ਤੋਂ ਵਸੂਲੀ ਤੋਂ ਮੁਕਤ ਕੀਤਾ ਜਾ ਚੁਕਾ ਹੈ। ਇਸ ਲਈ ਐਸਾ ਭੋਂ ਮਾਲੀਆ ਫਾਜ਼ਿਲਕਾ ਸਬ-ਡਵੀਜ਼ਨ ਦੇ ਸਰਹੱਦੀ ਪਿੰਡਾਂ ਵਿਚ ਵਸੂਲਿਆ ਨਹੀਂ ਜਾ ਰਿਹਾ ਹੈ ਅਤੇ ਨਾ ਹੀ ਇਸ ਦੇ ਵਸੂਲਣ ਦਾ ਸਵਾਲ ਪੈਦਾ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 74)

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਪੱਟੀ ਸਬ-ਡਵੀਜ਼ਨ, ਜ਼ਿਲਾ ਅੰਮ੍ਰਿਤਸਰ ਦਾ ਬੜਾ ਵੱਡਾ ਇਲਾਕਾ ਜਿਸ ਨੂੰ ਖਾਰਾ ਮਾਝਾ ਕਿਹਾ ਜਾਂਦਾ ਹੈ । ਇਸ ਇਲਾਕੇ ਦਾ ਪੀਣ ਵਾਲਾ ਪਾਣੀ ਸਿਹਤ ਖ਼ਰਾਬ ਹੈ । ਜਿਸ ਤਰ੍ਹਾਂ ਦੰਦਾਂ ਦਾ ਖਰਾਬ ਹੋਣਾ ਤੇ ਵਡੇਰੀ-ਉਮਰ ਦੇ ਆਦਮੀਆਂ ਦਾ ਕੁਬ ਹੋਣਾ ਇਤਆਦਿ ਹੋਰ ਵੀ ਕਈ ਬੀਮਾਰੀਆਂ ਲੋਕਾਂ ਨੂੰ ਹੋਦੀਆਂ ਹਨ ਜਿਸ ਦੀ ਤਸਦੀਕ ਮਹਿਕਮਾ ਪਬਲਿਕ ਹੈਲਥ ਵੀ ਕਰਦਾ ਹੈ ਪਰ ਦੋ ਸਾਲ ਤੋਂ ਵੱਧ ਹੋ ਗਿਆ ਹੈ ਅਜੇ ਤਕ ਇਕ ਵੀ ਪਿੰਡ ਨੂੰ ਸਾਫ ਸੁਥਰਾ ਪਾਣੀ ਵਾਟਰ ਵਰਕਸ ਰਾਹੀਂ ਨਹੀਂ ਮਿਲਿਆ ਹੈ । ਲੋਕਾਂ ਵਿਚ ਬੜੀ ਬੇਚੈਨੀ ਹੈ । ਸਰਕਾਰ ਬਿਆਨ ਦੇਣ ਦੀ ਕਿਰਪਾ ਕਰੇ ।

**ਸਰਦਾਰ ਬਲਬੀਰ ਸਿੰਘ** (ਰਾਜ ਮੰਤਰੀ ਸਿਹਤ ਤੇ ਸੰਤਾਨ ਸੰਜਮ) : ਸਾਲ 1972 ਦੇ ਅੰਤ ਵਿਚ ਜਨ ਸਿਹਤ ਵਿਭਾਗ ਦੇ ਨੋਟਿਸ ਵਿਚ ਆਇਆ ਸੀ ਕਿ ਪੱਟੀ ਸਬ-ਡਵੀਜ਼ਨ ਦੇ ਕੁਝ ਪਿੰਡਾਂ ਦਾ ਪਾਣੀ ਫਲੋਰਾਈਡ ਦੀ ਮਾਤਰਾ ਵੱਧ ਹੋਣ ਕਾਰਨ ਖਰਾਬ ਹੈ । ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀਆਂ ਸਕੀਮਾਂ ਮੁਹੱਈਆ ਕਰਨ ਲਈ ਹੇਠ ਲਿਖੇ ਅਨੁਸਾਰ ਅਗੇਤਾਂ ਨਿਸ਼ਚਿਤ ਕੀਤੀਆਂ ਹੋਈਆਂ ਹਨ :—

1. ਉਹ ਪਿੰਡ ਜਿਥੇ ਪੀਣ ਲਈ ਪਾਣੀ ਲੋਕਾਂ ਨੂੰ ਦੂਰੋਂ ਲਿਆਉਣਾ ਪੈਂਦਾ ਹੈ ।

2. ਉਹ ਇਲਾਕੇ ਜਿਹੜੇ ਹਰਿਆਣਾ ਅਤੇ ਹਿਮਾਚਲ ਨਾਲ ਲੱਗਦੇ ਹਨ ।

3. ਬਾਕੀ ਦੂਜੇ ਇਲਾਕੇ ਜਿਥੇ ਪਾਣੀ ਸਿਹਤ ਲਈ ਅੱਛਾ ਨਹੀਂ ।

ਪੱਟੀ ਸਬ-ਡਿਵੀਜ਼ਨ ਦੇ ਕੁਝ ਪਿੰਡ ਜਿਨ੍ਹਾਂ ਦੇ ਪੀਣ ਦੇ ਪਾਣੀ ਵਿਚ ਫਲੋਰਾਈਡ ਦੀ ਮਾਤਰਾ ਕੁਝ ਜ਼ਿਆਦਾ ਹੈ, ਉਹ ਤੀਸਰੀ ਅਗੇਤ ਵਿਚ ਆਉਂਦੇ ਹਨ । ਇਸ ਤੋਂ ਇਲਾਵਾ ਪੰਜਾਬ ਰਾਜ ਦੇ ਹੋਰ ਕਈ ਜ਼ਿਲਿਆਂ ਅਰਥਾਤ ਬਠਿੰਡਾ, ਫਰੀਦਕੋਟ, ਫਿਰੋਜ਼ਪੁਰ ਅਤੇ ਸੰਗਰੂਰ ਦੇ ਵੀ ਕੁਝ ਪਿੰਡਾਂ ਦੇ ਪਾਣੀ ਵਿਚ ਫਲੋਰਾਈਡ ਦੀ ਮਾਤਰਾ ਜ਼ਿਆਦਾ ਹੈ । ਇਨ੍ਹਾਂ ਸਾਰੇ ਪਿੰਡਾਂ ਵਾਸਤੇ ਪਾਈਪਡ ਜਲ ਸਪਲਾਈ ਸਕੀਮਾਂ ਬਣਾਉਣ ਤੇ 40-50 ਕਰੋੜ ਰੁਪਏ ਦੀ ਇੱਕ ਵੱਡੀ ਰਕਮ ਖਰਚ ਹੋਣ ਦਾ ਅੰਦਾਜ਼ਾ ਹੈ । ਰਾਜ ਸਰਕਾਰ ਆਪਣੇ ਵਿੱਤੀ ਸਾਧਨਾਂ ਅਨੁਸਾਰ ਦਿਹਾਤੀ ਜਲ ਸਪਲਾਈ ਸਕੀਮਾਂ ਲਈ ਹਰ ਸਾਲ ਦੇ ਬਜਟ ਵਿਚ ਯੋਗ ਰਕਮ ਦਾ ਪ੍ਰਬੰਧ ਕਰਦੀ ਹੈ ।

ਭਿੱਖੀਵਿੰਡ ਅਤੇ ਵਲਟੋਹਾ ਬਲਾਕ ਦੇ 16 ਪਿੰਡਾਂ ਦੀਆਂ ਜਲ ਸਪਲਾਈ ਸਕੀਮਾਂ ਜਿਨ੍ਹਾਂ ਦੀ ਕੁਲ ਲਾਗਤ 39 ਲੱਖ ਰੁਪਏ ਦੇ ਕਰੀਬ ਹੈ, ਤਿਆਰ ਕਰਕੇ ਜੁਲਾਈ 1973 ਵਿਚ ਸੈਨੀਟਰੀ ਬੋਰਡ ਪੰਜਾਬ ਨੂੰ ਪ੍ਰਸ਼ਾਸ਼ਕੀ ਪਰਵਾਨਗੀ ਅਤੇ ਅਨੁਦਾਨ ਦੀ ਰਕਮ ਮੰਨਜ਼ੂਰ ਕਰਨ ਲਈ ਭੇਜੀਆਂ ਗਈਆਂ ਸਨ । ਪ੍ਰੰਤੂ ਬਜਟ ਵਿਚ ਮੰਨਜ਼ੂਰ ਕੀਤੀ ਰਕਮ ਥੋੜੀ ਹੋਣ ਕਾਰਨ ਉਨ੍ਹਾਂ ਸਕੀਮਾਂ ਨੂੰ ਮੰਨਜ਼ੂਰੀ ਨਹੀਂ ਦਿਤੀ ਜਾ ਸਕੀ, ਕਿਉਂਕਿ ਪਹਿਲਾਂ ਉਨ੍ਹਾਂ ਇਲਾਕਿਆਂ ਵੱਲ ਧਿਆਨ ਦੇਣਾ ਜ਼ਰੂਰੀ ਹੈ, ਜਿਥੇ ਕਿ ਹਾਲਾਤ ਬਹੁਤ ਜ਼ਿਆਦਾ ਖਰਾਬ ਹਨ । ਪੱਟੀ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਿਹਤ ਤੇ ਸੰਤਾਨ ਸੰਜਮ]

ਸਬ-ਡਿਵੀਜ਼ਨ ਦੇ ਪਿੰਡਾਂ ਲਈ ਜਲ ਸਪਲਾਈ ਸਕੀਮਾਂ ਮੁਹੱਈਆ ਕਰਨ ਦਾ ਮਾਮਲਾ ਉਦੋਂ ਹੀ ਵਿਚਾਰਿਆ ਜਾਵੇਗਾ, ਜਦੋਂ ਪਹਿਲੀਆਂ ਦੋ ਅਗੇਤਾਂ ਵਾਲੇ ਪਿੰਡਾਂ ਵਿਚ ਜਲ ਸਪਲਾਈ ਸਕੀਮਾਂ ਮੁਹੱਈਆ ਕਰ ਦਿੱਤੀਆਂ ਜਾਣਗੀਆਂ ।

ਪੱਟੀ ਸਬ-ਡਵੀਜ਼ਨ ਦੇ ਪਿੰਡਾਂ ਦਾ ਜਿਥੇ ਕਿ ਪੀਣ ਦੇ ਪਾਣੀ ਵਿਚ ਫਲੋਰਾਈਡ ਦੀ ਕੁਝ ਮਾਤਰਾ ਜ਼ਿਆਦਾ ਹੈ, ਸਤਵੇ ਕਰਕੇ ਉਨ੍ਹਾਂ ਪਿੰਡਾਂ ਲਈ ਪੀਣ ਵਾਲੇ ਪਾਣੀ ਦੀਆਂ ਸਕੀਮਾਂ ਤਿਆਰ ਕੀਤੀਆਂ ਜਾਣਗੀਆਂ ਅਤੇ ਉਪਲਬੱਧ ਫੰਡਜ਼ ਅਨੁਸਾਰ, ਆਉਣ ਵਾਲੇ ਸਾਲਾਂ ਵਿਚ ਉਨ੍ਹਾਂ ਸਕੀਮਾਂ ਨੂੰ ਲਾਗੂ ਕੀਤਾ ਜਾਵੇਗਾ ।

(*Serial No. 77*)

**Comrade Shamsher Singh Josh**: To draw the attention of the Government towards a matter of urgent public importance, namely, non-absorption of nearly 100 Graduate and diploma holder employees of the Industries Department who were recruited for Small Scale Industries Census and who were retrenched a year ago. At the time of their recruitment in the Industries Department, Government of India had asked the Punjab Government to absorb them against vacant posts in Industries Department. Because they are not being absorbed and instead direct recruitment is being made to fill vacant posts in Industries Department a wide-spread resentment has spread among those technically qualified youngmen.

In view of the obvious importance of the matter, the State Government may please be asked to make a statement in the House.

**ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ)** : ਬੇਸ਼ਕ ਭਾਰਤ ਸਰਕਾਰ ਦੀ ਉਦਯੋਗਿਕ ਤੇ ਵਿਕਾਸ ਮੰਤਰਾਲੇ ਇਹ ਆਖਿਆ ਸੀ ਕਿ ਸੈਨਸਜ਼ ਸਕੀਮ ਦੇ ਅਧੀਨ ਨਿਯੁਕਤ ਕੀਤੇ ਕਰਮਚਾਰੀਆਂ ਨੂੰ ਰੈਗੂਲਰ ਆਧਾਰ ਤੇ ਰਾਜ ਸਰਕਾਰ ਅਧੀਨ ਨੌਕਰੀ ਦਿਤੀ ਜਾਵੇ, ਪਰ ਪੰਜਾਬ ਸਰਕਾਰ ਨੇ ਚੰਗੀ ਤਰ੍ਹਾਂ ਵਿਚਾਰਨ ਉਪਰੰਤ ਭਾਰਤ ਸਰਕਾਰ ਨੂੰ ਦਸਿਆ ਕਿ ਭਾਵੇਂ ਕੋਈ ਭਰੋਸਾ ਨਹੀਂ ਦਿਵਾਇਆ ਜਾ ਸਕਦਾ ਪਰ ਸਮਾਂ ਆਉਣ ਤੇ ਰਾਜ ਸਰਕਾਰ ਅਧੀਨ ਕਾਰਪੋਰੇਸ਼ਨਾਂ ਨੂੰ ਬੇਨਤੀ ਕੀਤੀ ਜਾਵੇਗੀ ਕਿ ਨੌਕਰੀ ਲਈ ਇਹਨਾਂ ਕਰਮਚਾਰੀਆਂ ਨੂੰ ਪਹਿਲ ਦਿਤੀ ਜਾਵੇ । ਇਸ ਸਕੀਮ ਦੇ ਤਹਿਤ ਨਿਯੁਕਤ ਕਰਮਚਾਰੀ ਆਰਜ਼ੀ ਸਨ ਅਤੇ ਇਹ ਸ਼ਰਤ ਸੀ ਕਿ ਉਹਨਾਂ ਦੀਆਂ ਸੇਵਾਵਾਂ ਮਰਦਮ ਸ਼ੁਮਾਰੀ ਦਾ ਕੰਮ ਪੂਰਾ ਹੋਣ ਤੇ ਜਾਂ ਪਹਿਲੇ ਕਿਸੇ ਸਮੇਂ ਵੀ ਮੁਕਤ ਕੀਤੀਆਂ ਜਾ ਸਕਦੀਆਂ ਹਨ । ਮਰਦਮ ਸ਼ੁਮਾਰੀ ਦਾ ਕੰਮ ਪੂਰਾ ਹੋ ਜਾਣ ਕਾਰਨ ਸਟਾਫ ਦੀ ਕੋਈ ਲੋੜ ਨਹੀਂ ਸੀ । ਇਸ ਲਈ ਨਿਯੁਕਤੀ ਪੱਤਰ ਵਿਚ ਦਿਤੀਆਂ ਸ਼ਰਤਾਂ ਦੇ ਆਧਾਰ ਤੇ ਇਨ੍ਹਾਂ ਕਰਮਚਾਰੀਆਂ ਨੂੰ ਸੇਵਾਵਾਂ ਤੋਂ ਮੁਕਤ ਕਰ ਦਿਤਾ । ਫਿਰ ਵੀ ਉਹਨਾਂ ਨੂੰ ਨੌਕਰੀ ਦਿਵਾਉਣ ਲਈ ਉਪਰਾਲਾ ਕੀਤਾ ਗਿਆ । ਮੁੱਖ ਸਕੱਤਰ, ਪੰਜਾਬ ਸਰਕਾਰ ਨੇ ਪੰਜਾਬ ਸਰਕਾਰ ਦੇ ਸਾਰੇ ਵਿਭਾਗੀ ਮੁਖੀਆਂ ਨੂੰ ਹਦਾਇਤ ਜਾਰੀ ਕੀਤੀ ਕਿ ਉਹਨਾਂ ਨੂੰ ਉਹ ਆਪਣੇ ਵਿਭਾਗਾਂ ਵਿਚ ਤੱਦ-ਅਰਥ ਆਧਾਰ ਤੇ ਨੌਕਰੀ ਦੇਣ । ਇਸ ਵਿਭਾਗ ਨੇ ਮੁਕਤ ਹੋਏ ਕਰਮਚਾਰੀਆਂ ਦਾ ਬਾਇਓ-ਡੇਟਾ ਸਾਰੇ ਵਿਭਾਗੀ ਮੁੱਖੀਆਂ ਨੂੰ ਭੇਜ ਦਿੱਤਾ, ਜਿਸ ਦੇ ਸਿੱਟੇ ਵਜੋਂ 27 ਕਰਮਚਾਰੀ ਇਸ ਵਿਭਾਗ ਵਿਚ ਅਤੇ 4 ਦੂਜੇ ਵਿਭਾਗਾਂ ਵਿਚ ਤੱਦ-ਅਰਥ ਆਧਾਰ ਤੇ ਰੱਖੇ ਗਏ ।

ਜਿਥੋਂ ਤਕ ਸਿੱਧੀ ਭਰਤੀ ਦਾ ਸਬੰਧ ਹੈ, ਇਹ ਦਸਿਆ ਜਾਂਦਾ ਹੈ ਕਿ ਰੈਗੂਲਰ ਅਸਾਮੀਆਂ ਪੰਜਾਬ ਸਰਕਾਰ ਦੀ ਮੌਜੂਦਾ ਪਾਲਿਸੀ ਹਦਾਇਤਾਂ ਅਨੁਸਾਰ ਭਰੀਆਂ ਜਾਂਦੀਆਂ ਹਨ ।

Original with;
Punjab Vidhan Sabha
Digitized by;
Panjab Digital Library

*(Serial No. 91)*

**Chaudhry Ram Singh**
**Shri Vishwa Mitter Sekhri** : To draw the attention of the Government towards a matter of urgent public importance namely the present system of distribution of cement through depots is defective in as much as the needy persons do not get the cement according to their demands because half of the distribution is made on ration cards and the remaining is distributed by the Government through permits. At present, the cement is available in abudance but the needy persons have to stand in long queues for hours together to get the cement according to their requirements.

2. Therefore, keeping in to consideration the availability of cement in abudance in the State, the present system of distribution should be withdrawn and the cement should be allowed to be sold in free-sale.

3. Government is requested to make a statement in the matter.

**ਸਰਦਾਰ ਗੁਰਦਰਸ਼ਨ ਸਿੰਘ** (ਰਾਜ ਮਤਰੀ, ਖੁਰਾਕ ਤੇ ਸਪਲਾਈਜ਼) : ਸੀਮਿੰਟ ਦੀ ਸਪਲਾਈ ਦੀ ਸਥਿਤੀ ਵਿੱਚ ਸੁਧਾਰ ਹੋਣ ਕਰਕੇ ਅਤੇ ਪੰਜਾਬ ਰਾਜ ਦੇ ਸੀਮਿੰਟ ਦੇ ਕੋਟੇ ਵਿਚੋਂ ਪਹਿਲੀ ਤਿਮਾਹੀ 1976 ਤੋਂ 1.50 ਤੋਂ 2.00 ਲੱਖ ਟਨ ਦਾ ਵਾਧਾ ਹੋ ਜਾਣ ਕਰਕੇ, ਸਰਕਾਰ ਨੇ ਮਿਤੀ 26 ਜਨਵਰੀ, 1976 ਤੋਂ ਫਰੀਸੇਲ ਸ਼ਰੇਣੀ ਦੇ ਸੀਮਿੰਟ ਦੇ ਕੋਟੇ ਤੋਂ 75% ਵੰਡ ਦਾ ਕੰਟਰੋਲ ਹਟਾ ਦਿੱਤਾ ਹੈ ਅਤੇ ਸਮੂਹ ਜ਼ਿਲ੍ਹਾ ਅਧਿਕਾਰੀਆਂ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਸਰਕਾਰ ਦੀ ਨਵੀਂ ਸੀਮਿੰਟ ਦੀ ਵੰਡ ਪਾਲਿਸੀ ਅਨੁਸਾਰ ਰਾਸ਼ਨ ਕਾਰਡ ਦੇ ਵਿਰੁੱਧ ਇਕ ਵਿਅੱਕਤੀ ਹਫ਼ਤੇ ਵਿਚ 10 ਬੋਰੀਆਂ ਤੱਕ ਸੀਮਿੰਟ ਸਟਾਕਿਸਟ ਪਾਸੋਂ ਲੋੜ ਅਨੁਸਾਰ ਲੈ ਸਕਦਾ ਹੈ। ਬਾਕੀ 25% ਫਰੀ ਸੇਲ ਸੀਮਿੰਟ ਦੇ ਕੋਟੇ ਦੀ ਵੰਡ ਪਰਮਿੱਟਾਂ ਵਿਰੁਧ ਹੇਠ ਅਨੁਸਾਰ ਕੀਤੀ ਜਾਂਦੀ ਹੈ:—

| | | | |
|---|---|---|---|
| 1. | ਨਵੀਂ ਉਸਾਰੀ ਲਈ | .. | 72 ਫੀ ਸਦੀ |
| 2. | ਉਦਯੋਗਿਕ ਕੰਮਾਂ ਲਈ | .. | 10 ਫੀ ਸਦੀ |
| 3. | ਖੇਤੀਬਾੜੀ ਦੇ ਕੰਮਾਂ ਲਈ | .. | 10 ਫੀ ਸਦੀ |
| 4. | ਡਿਪਟੀ ਕਮਿਸ਼ਨਰ ਦਾ ਡਿਸਕ੍ਰਿਸ਼ਨਰੀ ਕੋਟਾ | .. | 5 ਫੀ ਸਦੀ |
| 5. | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਦਾ ਡਿਸਕ੍ਰਿਸ਼ਨਰੀ ਕੋਟਾ। | .. | 3 ਫੀ ਸਦੀ |

ਜੇ 16 ਦਿਨਾਂ ਦੇ ਅੰਦਰ ਪਰਮਿੱਟਾਂ ਦੇ ਵਿਰੁਧ ਸੀਮਿੰਟ ਸਟਾਕਿਸਟ ਪਾਸੋਂ ਸੀਮਿੰਟ ਜ਼ਾਰੀ ਨਹੀਂ ਹੁੰਦਾ ਤਾਂ ਸੀਮਿੰਟ ਸਟਾਕਿਸਟ ਬਚਿਆ ਹੋਇਆ ਕੋਟਾ ਫਰੀ ਸੇਲ ਵਿਚ ਕਾਰਡਾਂ ਦੇ ਵਿਰੁਧ ਨਿਸ਼ਚਿਤ ਭਾਅ ਤੇ ਵੇਚ ਸਕਦਾ ਹੈ।

2. ਸਰਕਾਰ ਨੂੰ ਇਹ ਅਨੁਭਵ ਹੋਇਆ ਹੈ ਕਿ ਬਹੁਤ ਸਾਰੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿਚ ਸੀਮਿੰਟ ਦੀ ਸਪਲਾਈ ਪੁਜ਼ੀਸ਼ਨ ਵਿਚ ਸੁਧਾਰ ਹੋਣ ਕਾਰਨ ਲੰਬੀਆਂ ਲਾਈਨਾਂ ਨਹੀਂ ਲਗਦੀਆਂ ਅਤੇ ਲੋਕਾਂ ਨੂੰ ਸੀਮਿੰਟ ਲੈਣ ਵਿਚ ਆਸਾਨੀ ਹੋ ਗਈ ਹੈ। ਕੁਝ ਥਾਵਾਂ ਅਜਿਹੀਆਂ ਹਨ ਜਿਥੇ ਸੀਮਿੰਟ ਡੀਲਰਾਂ ਦੀ ਕਮੀ ਕਰਕੇ ਸੀਮਿੰਟ ਘੱਟ ਪ੍ਰਾਪਤ ਹੋ ਰਿਹਾ ਹੈ ਜਾਂ ਕਿਸੇ ਖਾਸ ਵਜ੍ਹਾ ਕਰਕੇ ਸੀਮਿੰਟ ਘੱਟ ਪ੍ਰਾਪਤ ਹੋਇਆ ਹੈ, ਉਥੇ ਕੁਝ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਤੇ ਸਪਲਾਈਜ਼]

ਲੋਕਾਂ ਨੂੰ ਸੀਮਿੰਟ ਲੈਣ ਲਈ ਕਠਨਾਈ ਪੇਸ਼ ਆ ਰਹੀ ਹੈ। ਸਰਕਾਰ ਇਨ੍ਹਾਂ ਤੱਥਾਂ ਤੋਂ ਭਲੀ ਪ੍ਰਕਾਰ ਜਾਣੂ ਹੈ ਅਤੇ ਇਸ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ਕਿ ਸੀਮਿੰਟ ਫੈਕਟਰੀਆਂ ਵਲੋਂ ਹੋਰ ਸੀਮਿੰਟ ਸਟਾਕਿਸਟ ਨਿਯੁਕਤ ਕੀਤੇ ਜਾਣ। ਭਾਰਤ ਸਰਕਾਰ ਨੇ ਭਾਰਤ ਸਰਕਾਰ ਦੀ ਮੰਗ ਤੇ 33,000 ਟੱਨ ਸੀਮਿੰਟ ਦੀ ਹੋਰ ਐਡਹਾਕ ਅਲਾਟਮੈਂਟ ਕਰ ਦਿੱਤੀ ਹੈ ਅਤੇ ਹੁਣ ਇਸ ਤ੍ਰਿਮਾਹੀ ਦਾ ਕੁਲ ਕੋਟਾ 2,33,000 ਟੱਨ ਹੋ ਗਿਆ ਹੈ।

3. ਸਰਕਾਰ ਐਡਹਾਕ ਕੋਟੇ ਵਿਚੋਂ ਹੋਰ ਸੀਮਿੰਟ ਅਜਿਹੇ ਜ਼ਿਲ੍ਹਿਆਂ ਲਈ ਐਲੋਕੇਟ ਕਰੇਗੀ ਜਿਨ੍ਹਾਂ ਵਿੱਚ ਇਸ ਵੇਲੇ ਸੀਮਿੰਟ ਦੀ ਥੁੜ੍ਹ ਮਹਿਸੂਸ ਹੋ ਰਹੀ ਹੈ ਤਾਂ ਜੋ ਲੋਕਾਂ ਨੂੰ ਸੀਮਿੰਟ ਆਸਾਨੀ ਨਾਲ ਮਿਲ ਸਕੇ।

4. ਸਰਕਾਰ ਸੀਮਿੰਟ ਫੈਕਟਰੀਆਂ ਕੋਲੋਂ ਵੱਧ ਤੋਂ ਵੱਧ ਸੀਮਿੰਟ ਸਪਲਾਈ ਕਰਾਉਣ ਦਾ ਯਤਨ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਜਲਦੀ ਹੀ ਰਾਜ ਵਿਚ ਲੋਕਾਂ ਨੂੰ ਸੀਮਿੰਟ ਸਬੰਧੀ ਕੋਈ ਕਠਨਾਈ ਨਹੀਂ ਹੋਵੇਗੀ। ਉਚਿਤ ਸਮੇਂ ਤੇ ਸੀਮਿੰਟ ਦੇ ਬਾਕੀ 25% ਬਚੇ ਹੋਏ ਕੋਟੇ ਤੋਂ ਵੀ ਨਿਅੰਤਰਣ ਹਟਾਉਣ ਬਾਰੇ ਵਿਚਾਰ ਕੀਤਾ ਜਾਵੇਗਾ।

## PAPERS LAID ON THE TABLE

**Minister of State for Health and Family Planning (Sardar Balbir Singh)** :—Sir, I lay on the Table, Election Commission of India's Notification No. 252/1/PB/75, dated the 20th December, 1975**

as required under Section 11(2) of the Delimitation Act. 1972

## PRESENTATION OF REPORTS

**ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਦੇ ਸਭਾਪਤੀ (ਸਰਦਾਰ ਹਰਚੰਦ ਸਿਘ)** : ਸ੍ਰੀਮਾਨ ਜੀ, ਮੈਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਅਤੇ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਸਬੰਧੀ ਤੀਜੀ ਰਿਪੋਰਟ ਅਤੇ ਰਾਜ ਸਰਕਾਰ ਅਧੀਨ ਸੇਵਾਵਾਂ ਅਤੇ ਆਸਾਮੀਆਂ ਵਿਚ ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਲਈ ਰਿਜ਼ਰਵੇਸ਼ਨ ਸਬੰਧੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਦੀ **ਚੌਥੀ ਰਿਪੋਰਟ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ ਸਮੇਂ ਦੀ ਥੁੜ ਕਾਰਨ, ਚੌਥੀ ਰਿਪੋਰਟ ਦੀਆਂ ਕਾਪੀਆਂ ਛਾਪੀਆਂ ਨਹੀਂ ਜਾ ਸਕੀਆਂ। ਇਸ ਲਈ ਮੈਂ ਚੌਥੀ ਰਿਪੋਰਟ ਦੀ ਟਾਈਪ ਕੀਤੀ ਕਾਪੀ ਪੇਸ਼ ਕਰਦਾ ਹਾਂ। ਚੌਥੀ ਰਿਪੋਰਟ ਦੀਆਂ ਛਪੀਆਂ ਹੋਈਆਂ ਕਾਪੀਆਂ ਜਦੋਂ ਵੀ ਛਪ ਗਈਆਂ ਮਾਨਯੋਗ ਮੈਂਬਰਾਂ ਨੂੰ ਵੰਡ ਦਿਤੀਆਂ ਜਾਣਗੀਆ।

**Placed in the Library.

**Pleced in the Libarary

Original with;
Punjab Vidhan Sabha
Digitized by;
Panjab Digital Library

## STATEMENT MADE BY THE FINANCE MINISTER ABOUT IN CREASING THE AMOUNT OF SOME DEMANDS FOR GRANTS

**Finance Minister** (Shri Hans Raj Sharma) : Sir, with your permission , I want to make a statement before the Demands for Grants included in today's list of Business are taken up.

Consequent upon the proposals/announcements made in my Speech presenting the Budget Estimates for 1976-77, some additions have been necessitated in four demands only. I, therefore, request for permission of the House to increase the amounts of the following demands :—

(i) In respect of Demand No. 3 Administration of Justice; from Rs. 1,66,83,000 to Rs. 1,76,73,000. This increase of Rs. 9.90 lakhs is to provide legal aid to poor people.

(ii) In respect of Demand No. 15 General Education, from. Rs. 64,71, 16,000 to Rs. 65,91,16,000. This increase of Rs. 1.2 crores is to provide scholarships to first divisioner students of such parents whose income does not exceed Rs. 500/-per.mensem

(iii) In respect of Demand No. 20—Tourism and Cultural Affairs, from Rs. 63,79,000 to Rs. 73,79,000. This increase of Rs. 10 lakhs is on account of token provision for Academy of Art, Literature and Culture.

(iv) In respect of Demand No. 22 Social Security and Welfare, from Rs. 14,92,00,000 to Rs. 15,92,00,000. This increase of Rs. 1 crore is to provide share capital to the Corporation to be set up for backward and economically poor classes of community.

The recommendation of the Governor in respect of the increased amounts has been obtained.

**Mr. Speaker** : Has the House any objection?

(Voices. No. No)

**Mr. Speaker.**Since the House has no objection, the amounts of these four Demands will accordingly be increased and the Demands with increased amounts will be put to the vote of the House.

Original with;
Punjab Vidhan Sabha
Digitized by;
Panjab Digital Library

## DISCUSSION AND VOTING OF DEMANDS FOR GRANTS

**Mr. Speaker** : There are 36 Demands for Grants on the List of Business for today, but according to the decision of the House only Demands relating to Labour and Education will be specifically discussed today, If the House agrees all the Demands for Grants on the Order Paper will be deemed to have been read and moved with increased amounts in respect of the Demand Nos. 15,3,20 and 22 as indicated now by the Finance Minister.

The Guillotine will be applied at 5 P.M. under Sub-rule (4) of Rule 168 of the Rules of Procedure and Conduct of Business in the Punjab Legislative Assembly.

Demand No. 21

That a sum not exceeding Rs. 6,46,99,000 be granted to the Governor to defray the charges that will come in course of payment for the year 1976-77 in respect of Labour, Employment and Industrial Training. (Discussion would be confined to Labour only)

Demand No. 15

That a sum not exceeding Rs. 65,91,16,000 be granted to the Governor to defray the charges that will come in course of payment for the year 1976-77 in respect of General Education. (Discussion would be confined to Education only)

Demand No. 1

That a sum not exceeding Rs. 40,70,000 be granted to the Governor to defray the charges that will come in course of payment for the year 1976-77 in respect of State Legislature,

Demand No. 2

That a sum not exceeding Rs. 60,91,000 be granted to the Governor to defray the charges that will come in course of payment for the year 1976-77 in respect of Council of Ministers.

Demand No. 3

That a sum not exceeding Rs. 1,76,73,000 be granted to the Governor to defray the charges that will come in course of payment for the year 1976-77 in respect of administration of Justice.

Demand No. 4

That a sum not exceeding Rs. 40,57,000 be granted to the Governor to defray the charges that will come in course of payment for the year 1976-77 in respect of Elections.

Original with;
Punjab Vidhan Sabha
Digitized by;
Panjab Digital Library

Demand No. 5

That a sum not exceeding Rs. 5,61,40,000 be granted to the Governor to defray the charges that will come in course of payment for the year 1976-77 in respect of Revenue.

Demand No. 6

That a sum not exceeding Rs. 2,21,97,000 be granted to the Governor to defray the charges that will come in course of payment for the year 1976-77 in respect of Excise and Taxation.

Demand No. 7

That a sum not exceeding Rs. 7,17,70 000 be granted to the Governor to defray the charges that will come in course of payment for the year 1976-77 in respect of Finance.

Demand No. 8

That a sum not exceeding Rs. 1,60,14,000 be granted to the Governor to defray the charges that will come in course of payment for the year 1976-77 in respect of Civil Secretariat.

Demand No. 9

That a sum not exceeding Rs. 2,41,52,000 be granted to the Governor to defray the charges that will come in course of payment for the year 1976-77 in respect of District Administration.

Demand No. 10

That a sum not exceeding Rs. 16,46.48,000 be granted o the Governor to defray the charges that will come in ourse of payment for the year 1976-77 in respect of cPolice.

Demand No. 11

That a sum not exceeding Rs. 1,51.15,000 be granted to the Governor to defray the charges that will come in course of payment for the year 1976-77 in respect of Jails.

Demand No. 12

That a sum not exceeding Rs. 2,20,17,000 be granted to the Governor to defray the charges that will come in course of payment for the year 1976-77 in respect of Stationery & Printing.

Original with;
Punjab Vidhan Sabha
Digitized by;
Panjab Digital Library

Demand No. 13

That a sum not exceeding Rs. 2,01,76,000 be granted to the Governor to defray the charges that will come in course of payment for the year 1976-77 in respect of Miscellaneous Services.

Demand No. 14

That a sum not exceeding Rs. 2,52,38,000 be granted to the Governor to defray the charges that will come in course of payment for the year 1976-77 in respect of Rehabilitation, Relief and Resettlement.

Demand No. 16

That a sum not exceeding Rs. 1,04,95,000 be granted to the Governor to defray the charges that will come in course of payment for the year 1976-77 in respect of Technical Education.

Demand No. 17

That a sum not exceeding Rs. 23,81,75,000 be granted to the Governor to defray the charges that will come in course of payment for the year 1976-77 in respect of Medical and Public Health.

Demand No. 18

That a sum not exceeding Rs, 12,21,94,000 be granted to the Governor to defray the charges that will come in course of payment for the year 1976-77 in respect of Housing and Urban Development.

Demand No. 19

That a sum not exceeding Rs. 76,34,000 be granted to the Governor to defray the charges that will come in course of paymant for the year 1976-77 in respect of Information and publicity.

Demand No. 20

That a sum not exceeding Rs. 73,79,000 be granted to the Governor to defray the charges that will come in course of payment for the year 1976-77 in respect of Tourism and Cultural Affairs.

Demand No. 22

That a sum not exceeding Rs. 15,92,00,000 be granted to the Governor to defray the charges that will come in course of payment for the year 1976-77 in respect of Social Security and Welfare.

Original with;
Punjab Vidhan Sabha
Digitized by;
Panjab Digital Library

Demand No. 23

That a sum not exceeding Rs. 64,86,000 be granted to the Governor to defray the charges that will come in course of payment for the year 1976-77 in respect of Planning and Statistics.

Demand No. 24

That a sum not exceeding Rs. 73,22,01,000 be granted to the Governor to defray the charges that will come in course of payment for the year 1976-77 in respect of Co-operation.

Demand No. 26

That a sum not exceeding Rs. 2,00,89,000 be granted to the Governor to defray the charges that will come in course of payment for the year 1976-77 in respect of Soil and Water Conservation.

Demand No. 27

That a sum not exceeding Rs. 2,71,36,61,000 be granted to the Governor to defray the charges that will come in course of payment for the year 1976-77 in respect of Food.

Demand No. 28

That a sum not exceeding Rs. 4,78,56,000 be granted to the Governor to defriay the charges that will come in course of payment for the year 1976-77 in respect of Animal Husbandry.

Demand No. 29

That a sum not exceeding Rs. 74,99,000 be granted to the Governor to defray the charges that will come in course of payment for the year 1976-77 in respect of Dairy Development.

Demand No. 30

That a sum not exceeding Rs. 31,10,000 be granted to the Governor to defray the charges that will come in course of payment for the year 1976-77 in respect of Fisheries.

Demand No. 31

That a sum not exceeding Rs. 2,56,46,000 be granted to the Governor to defray the charges that will come in course of payment for the year 1976-77 in respect of Forests.

Original with;
Punjab Vidhan Sabha
Digitized by;
Panjab Digital Library

Demand No. 32

That a sum not exceeding Rs. 5,18,76,000 be granted to the Governor to defray the charges that will come in course of payment for the year 1976-77 in respect of Community Development.

Demand No. 33

That a sum not exceeding Rs. 10,37,20,000 be granted to the Governor to defray the charges that will come in course of payment for the year 1976-77 in respect of Industries.

Demand No, 34

That a sum not exceeding Rs. 12,66,000 be granted to the Governor to defray the charges that will come in course of payment for the year 1976-77 in respect of Civil Aviation.

Demand No. 35

That a sum not exceeding Rs. 23,22,93,000 be granted to the Governor to defray the charges that will come in course of payment for the year 1976-77 in respect of Roads and Bridges.

Demand No. 36

That a sum not exceeding Rs. 27,73,35,000 be granted to the Governor to defray the charges that will come in course of payment for the year 1976-77 in respect of Road Transport.

Damand No. 39

That a sum not exceeding Rs. 21,79,58,000 be granted to the Governor to defray the charges that will come in course of payment for the year 1976-77 in respect of Buildings.

ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਲੇਬਰ ਮਹਿਕਮੇ ਨੇ ਜਿਹੜਾ ਲੇਬਰ ਵੈਲਫੇਅਰ ਬੋਰਡ ਬਣਾਇਆ ਹੈ, ਉਸ ਬੋਰਡ ਨੇ ਬੜੀਆਂ ਅੱਛੀਆਂ ਸਕੀਮਾਂ ਬਣਾਈਆਂ ਹਨ । ਸਨਅਤੀ ਮਜ਼ਦੂਰਾਂ ਨੂੰ ਬਿਨਾਂ ਸੂਦ ਤੋਂ ਸਾਇਕਲ ਵਾਸਤੇ ਅਤੇ ਸਿਲਾਈ ਮਸ਼ੀਨਾਂ ਵਾਸਤੇ ਔਰ ਉਚੇਚੇ ਤੌਰ ਤੇ ਸਨਅਤੀ ਮਜ਼ਦੂਰਾਂ ਦੇ ਲੜਕੇ ਅਤੇ ਲੜਕੀਆਂ ਲਈ ਉਚੀ ਟੈਕਨੀਕਲ ਪੜ੍ਹਾਈ ਹਾਸਲ ਕਰਨ ਵਾਸਤੇ, ਵਜ਼ੀਫੇ ਦੇਣ ਵਾਸਤੇ ਔਰ ਜਿਹੜੀਆਂ ਔਰਤਾਂ ਕਾਰਖਾਨਿਆਂ ਵਿਚ ਕੰਮ ਕਰਦੀਆਂ ਹਨ ਉਨ੍ਹਾਂ ਦੇ ਬੱਚਿਆਂ ਵਾਸਤੇ ਬਾਲਵਾੜੀਆਂ ਬਣਾਈਆਂ ਹਨ । ਸਪੀਕਰ ਸਾਹਿਬ, ਇਹ ਸਕੀਮ ਬੜੀ

Original with;
Punjab Vidhan Sabha
Digitized by;
Panjab Digital Library

ਅੱਛੀ ਹੈ ਅਤੇ ਸ਼ਲਾਘਾਯੋਗ ਹੈ । ਇਸ ਸਬੰਧ ਵਿਚ ਮੈਂ ਸ਼ਰਮਾ ਜੀ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਬੋਰਡ ਹੋਰ ਵੀ ਕਈ ਚੰਗੀਆਂ ਸਕੀਮਾਂ ਬਣਾ ਸਕਦਾ ਹੈ ਕਿਉਂਕਿ ਇਸ ਬੋਰਡ ਦੀ ਮੱਦਦ ਦਾ ਵੱਡਾ ਜ਼ਰੀਆ ਉਹ ਰੁਪਿਆ ਹੁੰਦਾ ਹੈ ਜਿਹੜਾ ਕਿ ਬਹੁਤ ਸਾਰੇ ਵਰਕਰਾਂ ਨੂੰ ਆਪਣੇ ਮਿਲ ਮਾਲਕਾਂ ਕੋਲੋਂ ਇਸ ਬੋਰਡ ਦੇ ਵਾਸਤੇ ਆਪਣੀ ਤਨਖਾਹ ਵਿਚੋਂ ਕਟਾਣਾ ਪੈਂਦਾ ਹੈ । ਮਜ਼ਦੂਰ ਦੇ ਨੌਕਰੀ ਛੱਡਣ ਤੋਂ ਬਾਅਦ ਕਾਨੂੰਨ ਅਨੁਸਾਰ ਮਿਲ ਮਾਲਕ ਨੂੰ ਇਹ ਰੁਪਿਆ ਇਸ ਬੋਰਡ ਕੋਲ ਜ਼ਮ੍ਹਾ ਕਰਾਉਣਾ ਪੈਂਦਾ ਹੈ । ਪਰ ਸਪੀਕਰ ਸਾਹਿਬ, ਹਕੀਕਤ ਇਹ ਹੈ ਕਿ ਇਹ ਲੱਖਾਂ ਰੁਪਿਆ ਮਿਲ ਮਾਲਕ ਆਪਣੇ ਕੋਲ ਦਬਾ ਕੇ ਬੈਠੇ ਹਨ, ਬੋਰਡ ਨੂੰ ਦਿੱਤਾ ਨਹੀਂ ਅਤੇ ਅੱਜ ਤਕ ਸਰਕਾਰ ਨੇ ਜਾਂ ਬੋਰਡ ਨੇ ਇਨ੍ਹਾਂ ਹਾਲਾਤ ਵਿਚ ਕੋਈ ਕਾਰਵਾਈ ਨਹੀਂ ਕੀਤੀ । ਅਗਰ ਸਪੀਕਰ ਸਾਹਿਬ, ਸਖ਼ਤੀ ਕਰਕੇ ਇਹ ਰੁਪਿਆ ਵਸੂਲਿਆ ਜਾਵੇ ਤਾਂ ਇਹ ਬੋਰਡ ਹੋਰ ਬਹੁਤ ਸਾਰੀਆਂ ਸਕੀਮਾਂ ਬਣਾ ਸਕਦਾ ਹੈ । ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਔਰ ਹਿੰਦੁਸਤਾਨ ਦੀ ਸਰਕਾਰ ਨੇ ਬਾਰ ਬਾਰ ਸਨਅਤੀ ਮਜ਼ਦੂਰਾਂ ਦੀ ਇਹ ਸ਼ਲਾਘਾ ਕੀਤੀ ਹੈ ਕਿ ਐਮਰਜੈਂਸੀ ਦੇ ਸਿਲਸਿਲੇ ਵਿਚ ਔਰ ਪਰੋਡਕਸ਼ਨ ਵਧਾਉਣ ਦੇ ਸਿਲਸਿਲੇ ਵਿਚ ਉਨ੍ਹਾਂ ਨੇ ਜਨਤਾ ਦਾ ਅਤੇ ਸਰਕਾਰ ਦਾ ਪੂਰਾ ਮਿਲਵਰਤਣ ਦਿਤਾ ਹੈ ਅਤੇ ਫਾਸਿਸਟ ਸ਼ਕਤੀਆਂ ਨੂੰ ਹਰਾਉਣ ਵਾਸਤੇ ਉਨ੍ਹਾਂ ਨੇ ਪੂਰਾ ਪੂਰਾ ਮਿਲਵਰਤਣ ਦਿੱਤਾ ਹੈ । ਜਦੋਂ ਇਹ ਦੁਰਸਤ ਹੈ ਕਿ ਸਨਅਤੀ ਮਜ਼ਦੂਰਾਂ ਨੇ ਪੂਰਾ ਮਿਲਵਰਤਣ ਦਿੱਤਾ ਹੈ ਤਾਂ ਸਾਡੀ ਸਰਕਾਰ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਉਨ੍ਹਾਂ ਸਨਅਤੀ ਮਜ਼ਦੂਰਾਂ ਦੇ ਨਾਲ ਇਨਸਾਫ ਹੋ ਰਿਹਾ ਹੈ ਜਾਂ ਨਹੀਂ ਹੋ ਰਿਹਾ ਮੈਂ ਸਪੀਕਰ ਸਾਹਿਬ, ਇਸ ਪਾਸੇ ਸਰਕਾਰ ਦਾ ਧਿਆਨ ਦਿਵਾਉਣਾ ਚਾਹਵਾਂਗਾ ।

ਸਪੀਕਰ ਸਾਹਿਬ, ਗੋਬਿੰਦਗੜ੍ਹ ਇਕ ਅਹਿਮ ਮਰਕਜ਼ੀ ਸੈਂਟਰ ਹੈ ਪੰਜਾਬ ਦਾ । ਉਥੇ 150 ਕਾਰਖਾਨੇ ਹਨ । ਪਰ 150 ਕਾਰਖਾਨਿਆਂ ਵਿਚੋਂ ਇਸ ਵੇਲੇ , ਐਮਰਜੈਂਸੀ ਦੇ ਵੇਲੇ, ਜਦੋਂ ਕਿ ਸਰਕਾਰ ਕਹਿੰਦੀ ਹੈ ਕਿ ਪਰੋਡਕਸ਼ਨ ਵਿਚ ਕੋਈ ਰੁਕਾਵਟ ਨਹੀਂ ਹੋਣੀ ਚਾਹੀਦੀ, 41 ਕਾਰਖਾਨੇ ਬਿਲਕੁਲ ਬੰਦ ਪਏ ਹਨ ਔਰ 3 ਹਜ਼ਾਰ ਮਜ਼ਦੂਰ ਬੇਕਾਰ ਬੈਠੇ ਹਨ ਔਰ 40 ਕਾਰਖਾਨੇ ਐਸੇ ਹਨ ਜਿਨ੍ਹਾਂ ਵਿਚ ਮਹੀਨੇ ਵਿਚ 26 ਦਿਨ ਕੰਮ ਹੋਣਾ ਚਾਹੀਦਾ ਸੀ ਪਰ ਉਹ ਸਿਰਫ 10, 12 ਦਿਨ ਹੀ ਚਲਦੇ ਹਨ ਔਰ ਬਾਕੀ ਉਹ ਵਰਕਰਜ਼ 3 ਹਜ਼ਾਰ ਦੇ ਕਰੀਬ 15, 16 ਦਿਨ ਮਹੀਨੇ ਵਿਚ ਲੇ ਆਫ਼ ਕੀਤੇ ਜਾਂਦੇ ਹਨ । ਸਪੀਕਰ ਸਾਹਿਬ, ਲੇ ਆਫ਼ ਵਿਚ ਕਾਨੂੰਨੀ ਨੁਕਸ ਹੈ । ਇਸ ਲੇ ਆਫ਼ ਦਾ ਮੁਆਵਜ਼ਾ ਅੱਧੀ ਤਨਖਾਹ ਨਾਲੋਂ ਵੀ ਘੱਟ ਸਿਰਫ਼ ਉਨ੍ਹਾਂ ਵਰਕਰਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੀ ਸਰਵਿਸ ਇਕ ਸਾਲ ਤੋਂ ਉਪਰ ਹੋਵੇ ਔਰ ਇਹ ਵੀ ਉਹੀ ਕਾਰਖਾਨਿਆਂ ਦੇ ਮਾਲਕ ਦਿੰਦੇ ਹਨ ਜਿਥੇ 50 ਤੋਂ ਜ਼ਿਆਦਾ ਵਰਕਰਜ਼ ਕੰਮ ਕਰਦੇ ਹਨ ਅਤੇ ਬਾਕੀ ਕੋਈ ਵੀ ਮਿਲ ਮਾਲਕ ਕਿਸੇ ਵੀ ਵਰਕਰ ਨੂੰ ਕੁਝ ਨਹੀਂ ਦਿੰਦਾ । ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਲੇ ਆਫ਼ ਵਰਕਰਜ਼ ਕਿਸ ਤਰ੍ਹਾਂ ਭੁਖਮਰੀ ਦਾ ਸ਼ਿਕਾਰ ਹੋ ਰਹੇ ਹੋਣਗੇ । ਸਪੀਕਰ ਸਾਹਿਬ, ਉਨ੍ਹਾਂ ਮਜ਼ਦੂਰਾਂ ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ ਕਿਉਂਕਿ ਬਹੁਤ ਸਾਰੇ ਵਰਕਰਜ਼ ਦੇ ਨਾਉਂ ਮਿਲ ਮਾਲਕਾਂ ਨੇ ਰਜਿਸਟਰ ਵਿਚ ਵੀ ਨਹੀਂ ਲਿਖੇ ਹੁੰਦੇ ।

ਸਪੀਕਰ ਸਾਹਿਬ, ਸ਼ਰਮਾ ਜੀ ਨੇ ਇਕ ਫਲਾਇੰਗ ਸਕੁਐਡ ਬਣਾਇਆ ਸੀ ਪਰ ਉਸ ਫਲਾਇੰਗ ਸਕੁਐਡ ਨੇ ਗੋਬਿੰਦਗੜ੍ਹ ਵਿਚ ਸਿਰਫ਼ ਇਕ ਵਿਜ਼ਟ ਕੀਤਾ ਜਦੋਂ ਕਿ ਗੋਬਿੰਦਗੜ੍ਹ ਵਿਚ ਇਹ ਹਾਲਤ ਹੋ ਰਹੀ ਹੈ । ਮੈਂ ਬੇਨਤੀ ਕਰਾਂਗਾ ਕਿ ਇਹ ਗੱਲ ਸਿਰਫ਼ ਗੋਬਿੰਦਗੜ੍ਹ ਦੀ ਹੀ ਨਹੀਂ ਬਲਕਿ ਬਟਾਲੇ ਵਿਚ ਵੀ ਇਹੀ ਹਾਲ ਹੈ, ਅੰਮ੍ਰਿਤਸਰ ਵਿਚ ਵੀ ਇਹੀ ਹਾਲ ਹੈ । ਅੰਮ੍ਰਿਤਸਰ ਵਿਚ ਕਈ ਮਿਲਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਸ਼ਿਰਫ਼ ਇਸ ਕਰਕੇ ਬੰਦ ਕੀਤੀਆਂ ਗਈਆਂ ਜਦੋਂ ਕਿ ਔਰਤ ਵਰਕਰਾਂ ਨੇ ਇਹ ਮੰਗ ਕੀਤੀ ਕਿ ਉਨ੍ਹਾਂ ਨੂੰ ਕਾਨੂੰਨ ਦੇ ਮੁਤਾਬਿਕ ਪੂਰੀ ਤਨਖਾਹ ਮਿਲਣੀ ਚਾਹੀਦੀ ਹੈ । ਪਰ ਮਿਲ ਮਾਲਕਾਂ ਨੇ ਇਸ ਗੱਲ ਤੇ ਆਪਣੀਆਂ ਮਿਲਾਂ ਬੰਦ ਕਰਕੇ ਉਨ੍ਹਾਂ ਨੂੰ ਵੇਹਲੇ ਸੜਕਾਂ ਤੇ ਬਿਠਾ ਦਿਤਾ । ਸਪੀਕਰ ਸਾਹਿਬ, ਇਸ ਤਰ੍ਹਾਂ ਨਾਲ ਉਥੇ ਵਰਕਰਾਂ ਨੂੰ ਵਿਕਟੇਮਾਇਜ਼ ਕੀਤਾ ਗਿਆ ਹੈ ਅਤੇ ਉਹ ਅੱਜ ਵੇਹਲੇ ਬਾਹਰ ਫਿਰਦੇ ਹਨ । ਗੋਬਿੰਦਗੜ੍ਹ ਵਿਚ ਇਕ ਕਾਰਖਾਨਾ ਹੈ ਉਥੇ ਟਰੇਡ ਯੂਨੀਅਨ ਦੇ ਵਰਕਰਜ਼ ਕੰਮ ਕਰਦੇ ਸਨ ਪਰ ਉਹ ਅੱਜ ਵਿਕਟੇਮਾਇਜ਼ ਹੋਣ ਕਰਕੇ ਬਾਹਰ ਫਿਰ ਰਹੇ ਹਨ । ਸਪੀਕਰ ਸਾਹਿਬ, ਸ਼ੁਰੂ ਸ਼ੁਰੂ ਵਿਚ ਸ਼ਰਮਾ ਸਾਹਿਬ ਨੇ ਡਿਪਟੀ ਕਮਿਸ਼ਨਰਜ਼ ਨੂੰ ਉਨ੍ਹਾਂ ਵਰਕਰਜ਼ ਨੂੰ ਵਿਕਟੇਮਾਇਜ਼ ਹੋਣ ਤੋਂ ਬਚਾਉਣ ਵਾਸਤੇ ਹਦਾਇਤ ਕੀਤੀ ਸੀ ਪਰ ਅੱਜ ਉਨ੍ਹਾਂ ਡਿਪਟੀ ਕਮਿਸ਼ਨਰਾਂ ਦਾ ਰਵੱਈਆ ਹੀ ਬਦਲਿਆ ਹੋਇਆ ਹੈ, ਉਥੇ ਦੇ ਹੋਰ ਅਫਸਰਾਂ ਦਾ ਰਵਈਆ ਹੀ ਬਦਲਿਆ ਹੋਇਆ ਹੈ, ਇਸ ਦਾ ਕੀ ਕਾਰਨ ਹੈ ? ਇਸ ਦਾ ਜਵਾਬ ਤਾਂ ਸ਼ਰਮਾ ਸਾਹਿਬ ਹੀ ਦੇਣਗੇ ।

ਸਪੀਕਰ ਸਾਹਿਬ, ਸ਼ਰਮਾ ਜੀ ਨੇ ਵਰਕਰਜ਼ ਦੀਆਂ ਘੱਟੋ ਘੱਟ ਤਨਖਾਹਾਂ ਵਧਾਈਆਂ, ਇਸ ਗੱਲ ਦੀ ਤਾਂ ਅਸੀਂ ਸ਼ਲਾਘਾ ਕਰਦੇ ਹਾਂ । ਪਰ ਸਪੀਕਰ ਸਾਹਿਬ, ਜੇਕਰ ਉਨ੍ਹਾਂ ਦੀ ਔਸਤ ਤਨਖਾਹ ਵੇਖੀ ਜਾਵੇ ਤਾਂ ਬਹੁਤ ਘੱਟ ਬਣਦੀ ਹੈ । ਸ਼ਰਮਾ ਜੀ ਨੇ ਜੋ ਬਜਟ ਪੇਸ਼ ਕੀਤਾ, ਹੈ ਉਨ੍ਹਾਂ ਕਾਗਜ਼ਾਂ ਦੇ ਨਾਲ ਸ਼ਰਮਾ ਸਾਹਿਬ ਨੇ ਸਾਨੂੰ ਇਕ ਕਿਤਾਬ ਦਿੱਤੀ ਹੈ ਸਟੈਟਿਸਟੀਕਲ ਐਬਸਟਰੈਕਟ । ਇਸ ਦੇ ਸਫ਼ਾ 199 ਤੇ 1974 ਵਿਚ ਜੋ ਔਸਤ ਆਮਦਨੀ ਬਣਦੀ ਹੈ ਉਹ ਹੈ ਸਿਰਫ਼ 2,412 ਰੁਪਏ ਯਾਨੀ ਸਿਰਫ਼ 200 ਰੁਪਏ ਮਹੀਨਾ । ਸਪੀਕਰ ਸਾਹਿਬ, ਅੱਜ ਮਹਿੰਗਾਈ ਦੇ ਜ਼ਮਾਨੇ ਵਿਚ ਇਸ ਨਾਲ ਕੀ ਬਣਦਾ ਹੈ ? ਸਪੀਕਰ ਸਾਹਿਬ, ਇਹ ਜਿਹੜੀ ਔਸਤ ਹੈ, ਇਹ ਸਾਰੇ ਹਿੰਦੁਸਤਾਨ ਦੇ ਵਿਚ ਸਿਰਫ਼ ਕਸ਼ਮੀਰ ਨੂੰ ਛੱਡ ਕੇ ਹੇਠਲੇ ਪਾਸੋਂ ਦੂਜੇ ਨੰਬਰ ਤੇ ਆਉਂਦੀ ਹੈ । ਜੇ ਸਾਡੇ ਨਾਲੋਂ ਘੱਟ ਹੈ ਤਾਂ ਸਿਰਫ਼ ਕਸ਼ਮੀਰ ਦੀ। ਮੈਂ ਬੇਨਤੀ ਕਰਾਂਗਾ ਕਿ , ਇਨ੍ਹਾਂ ਹਾਲਾਤ ਵਿਚ ਜਦੋਂ ਕਿ ਸਨਅਤੀ ਮਜ਼ਦੂਰ ਨੂੰ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਨੇ ਰੀੜ੍ਹ ਦੀ ਹੱਡੀ ਕਿਹਾ ਹੈ, ਉਸ ਨਾਲ ਇਹ ਸਲੂਕ ਹੋ ਰਿਹਾ ਹੋਵੇ ਤਾਂ, ਉਸ ਤੇ ਕੀ ਅਸਰ ਪਵੇਗਾ ? ਇਸ ਨਾਲ ਸਾਡਾ ਸਾਰਾ ਦੇਸ਼ ਕਮਜ਼ੋਰ ਹੋਵੇਗਾ । ਇਨ੍ਹਾਂ ਹਾਲਾਤ ਵਿਚ ਮੈਂ ਸ਼ਰਮਾ ਜੀ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਦੀ ਇਹ ਘੱਟੋ ਘੱਟ ਤਨਖਾਹ ਦੁਬਾਰਾ ਰੀਵਾਇਜ਼ ਕੀਤੀ ਜਾਵੇ ਅਤੇ ਇਹ ਸਰਕਾਰ ਗਰੰਟੀ ਕਰੇ ਕਿ ਕਿਸੇ ਵੀ ਕਾਰਖਾਨੇ ਵਿਚ ਕਿਸੇ ਵੀ ਅਨਸਕਿਲਡ ਵਰਕਰ ਦੀ ਤਨਖਾਹ ਜੋ ਸਰਕਾਰੀ ਕਰਮਚਾਰੀ ਚੌਥੇ ਦਰਜੇ ਚਾਹੇ ਉਹ ਚਪੜਾਸੀ ਹੈ ਜਾਂ ਚੌਕੀਦਾਰ ਹੈ, ਉਸ ਨਾਲੋਂ ਘੱਟ ਨਹੀਂ ਹੋਵੇਗੀ । ਅਨਸਕਿਲਡ ਵਰਕਰ ਜਿਸ ਦਾ ਸਬੰਧ ਸਿੱਧਾ ਪਰੋਡਕਸ਼ਨ ਨਾਲ ਹੈ, ਮੈਂ ਸਮਝਦਾ ਹਾਂ ਕਿ ਉਸ ਨਾਲ ਇਹ ਸਲੂਕ ਨਹੀਂ ਹੋਣਾ ਚਾਹੀਦਾ । ਇਸੇ ਤਰ੍ਹਾਂ ਹੀ ਜਿਹੜੇ ਸਕਲਿਡ ਵਰਕਰਜ਼ ਹਨ ਉਨ੍ਹਾਂ ਦੀ ਵੀ ਇਸੇ ਹਿਸਾਬ ਦੇ ਮੁਤਾਬਿਕ ਤਨਖਾਹ ਜ਼ਰੂਰ ਵਧਾਈ ਜਾਣੀ ਚਾਹੀਦੀ ਹੈ ।

ਸਪੀਕਰ ਸਾਹਿਬ, ਮੈਂ ਅਗੇ ਵੀ ਕਈ ਵਾਰੀ ਬੇਨਤੀ ਕਰ ਚੁੱਕਾ ਹਾਂ ਕਿ ਉਨ੍ਹਾਂ ਦੀ ਘੱਟੋ ਘੱਟ ਤਨਖਾਹ ਫਿਰ ਮੁਕਰਰ ਕੀਤੀ ਜਾਵੇ ਅਤੇ ਇਸ ਦੇ ਨਾਲ ਉਨ੍ਹਾਂ ਨੂੰ 20-25 ਰੁਪਏ ਦਾ ਤਨਖਾਹ ਵਿਚ ਜ਼ਰੂਰ ਵਾਧਾ ਹੋਣਾ ਚਾਹੀਦਾ ਹੈ । ਇਸ ਲਈ ਮੈਂ ਫਿਰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਰਾਜਸਥਾਨ ਦੀ ਸਰਕਾਰ ਨੇ ਆਪਣੇ ਮਜ਼ਦੂਰਾਂ ਦੀ ਤਨਖਾਹ ਨੂੰ ਰੀਵਾਇਜ਼ ਕੀਤਾ ਸੀ ਉਸੇ ਤਰ੍ਹਾਂ ਇਹ ਵੀ ਇਸ ਗੱਲ ਦੀ ਗਰੰਟੀ ਕਰਨ ਕਿ ਪੰਜਾਬ ਵਿਚ ਸਪੈਸ਼ਲ ਲੈਜਿਸਲੇਸ਼ਨ ਲਿਆਕੇ ਹਰ ਮਜ਼ਦੂਰ ਦੀ ਤਨਖਾਹ ਵਿਚ ਘੱਟੋ ਘੱਟ 20-25 ਰੁਪਏ ਦਾ ਜ਼ਰੂਰ ਵਾਧਾ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Punjab Digital Library

ਸਪੀਕਰ ਸਾਹਿਬ, ਹਿੰਦੁਸਤਾਨ ਦੀ ਸਰਕਾਰ ਤੋਂ ਇਸ ਸਰਕਾਰ ਨੂੰ ਇਹ ਇਜਾਜ਼ਤ ਲੈਣੀ ਚਾਹੀਦੀ ਹੈ ਕਿ ਜਿਸ ਵੇਲੇ ਵੀ ਮਜ਼ਦੂਰਾਂ ਦੀ ਛਾਂਟੀ ਕੀਤੀ ਜਾਵੇ ਜਿਸ ਤਰ੍ਹਾਂ ਕਿ ਹੁਣੇ 3,000 ਮਜ਼ਦੂਰ ਕੱਢੇ ਗਏ ਹਨ, ਉਸ ਲਈ ਸਰਕਾਰ ਦੀ ਇਜਾਜ਼ਤ ਲਈ ਜਾਵੇ। ਸਰਕਾਰ ਦੀ ਇਜਾਜ਼ਤ ਲੈਣ ਤੋਂ ਬਾਅਦ ਹੀ ਛਾਂਟੀ ਕਰਨ ਦੀ ਉਨ੍ਹਾਂ ਨੂੰ ਇਜ਼ਾਜ਼ਤ ਹੋਵੇ।

ਘਟੋ ਘੱਟ ਐਮਰਜੈਂਸੀ ਦੇ ਦਿਨਾਂ ਵਿਚ ਸਪੀਕਰ ਸਾਹਿਬ, ਮਿਲ ਬੰਦੀ, ਛਾਂਟੀ ਔਰ ਲੇ ਆਫ਼ ਬੰਦ ਹੋਣਾ ਚਾਹੀਦਾ ਹੈ। ਸਿਰਫ਼ ਵਰਕਰਜ਼ ਦੀ ਖਾਤਰ ਨਹੀਂ ਬਲਕਿ ਦੇਸ਼ ਦੀ ਖਾਤਰ ਪਾਬੰਦੀ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਲੇ ਆਫ਼ ਦੇ ਕਾਨੂੰਨ ਵਿਚ ਸ਼ਰਮਾ ਸਾਹਿਬ, ਬਦਲੀ ਕਰਨ ਔਰ ਕੰਪੈਨਸੇਸ਼ਨ ਦਾ ਰੇਟ ਵਧਾਉਣਾ ਚਾਹੀਦਾ ਹੈ। ਹਰ ਇਕ ਲੇ ਆਫ ਦੇ ਵਰਕਰ ਨੂੰ ਫਾਇਦਾ ਹੋਣਾ ਚਾਹੀਦਾ ਹੈ। ਇਸ ਗੱਲ ਨੂੰ ਨਹੀਂ ਵੇਖਣਾ ਚਾਹੀਦਾ ਕਿ ਇਹ ਛੋਟਾ ਕਾਰਖਾਨਾ ਹੈ ਔਰ ਇਹ ਵੱਡਾ ਕਾਰਖਾਨਾ ਹੈ। ਵਰਕਰਾਂ ਨੂੰ ਹਫਤਾਵਾਰੀ ਛੁੱਟੀ ਦਾ ਵੀ ਫਾਇਦਾ ਹੋਣਾ ਚਾਹੀਦਾ ਹੈ। ਲੇ ਆਫ ਕਾਨੂੰਨ ਦੇ ਵਿਚ ਨੁਕਸ ਹਨ। ਮੁਆਵਜ਼ਾ ਥੋਹੜਾ ਹੈ। ਇਸ ਲਈ ਕਾਨੂੰਨ ਨੂੰ ਬੇਹਤਰ ਬਣਾਇਆ ਜਾਵੇ।

ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਹੀ ਬੇਨਤੀ ਕਰਾਂਗਾ ਕਿ ਮਿਲ ਮਾਲਕ ਅਤੇ ਸਰਮਾਏਦਾਰ ਵਰਕਰਜ਼ ਦੇ ਨਾਲ ਠੀਕ ਸਲੂਕ ਕਰਨ ਪਰ ਇਹ ਉਤਨਾ ਚਿਰ ਤਕ ਨਹੀਂ ਕਰ ਸਕਦੇ ਜਦੋਂ ਤਕ ਕਿ ਕਾਨੂੰਨ ਇਸ ਤਰ੍ਹਾਂ ਦਾ ਨਹੀਂ ਬਣ ਜਾਂਦਾ। ਮਿਲ ਵਿਚ ਪੱਕੇ ਕੰਮ ਉਤੇ ਪੱਕੀਆਂ ਨੌਕਰੀਆਂ ਹੋਣ ਔਰ ਉਨ੍ਹਾਂ ਪੱਕੀਆਂ ਨੌਕਰੀਆਂ ਉਪਰ ਪੱਕੇ ਹੀ ਵਰਕਰ ਰੱਖੇ ਜਾਣ। ਜੇਕਰ ਵਰਕਰਜ਼ ਨਾਲ ਕੋਈ ਸਖ਼ਤੀ ਹੋਵੇ ਤਾਂ ਉਹ ਲੇਬਰ ਕੋਰਟ ਦੇ ਵੱਡੇ ਅਫਸਰ ਕੋਲ ਅਪੀਲ ਕਰਕੇ, ਉਸ ਨੂੰ ਸੈਟਿਸਫਾਈ ਕਰਕੇ, ਆਖਰੀ ਫੈਸਲਾ ਲੈ ਸਕਣ। ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਕੱਚੇ ਮਾਲ ਦੀ ਡਿਸਟ੍ਰੀਬਿਊਸ਼ਨ ਦਾ ਪ੍ਰਬੰਧ ਠੀਕ ਕੀਤਾ ਜਾਵੇ। ਕਈ ਲੋਕ ਕੱਚੇ ਮਾਲ ਦੇ ਕੋਟੇ ਲੈ ਕੇ ਅਗੇ ਵੇਚ ਦਿੰਦੇ ਹਨ ਔਰ ਇਸ ਤਰ੍ਹਾਂ ਫਾਇਦਾ ਲੈਂਦੇ ਹਨ। ਇਸ ਦਾ ਹੱਲ ਇਹ ਹੈ ਕਿ ਕੱਚੇ ਮਾਲ ਦੀ ਵੰਡ ਲਈ ਕਮੇਟੀਆਂ ਬਣਾਈਆਂ ਜਾਣ ਜਿਸ ਵਿਚ ਇੰਡਸਟਰੀਅਲਿਸਟਸ ਹੋਣ, ਸਰਕਾਰ ਹੋਵੇ, ਔਰ ਟਰੇਡ ਯੂਨੀਅਨਾਂ ਦੇ ਨੁਮਾਇੰਦੇ ਹੋਣ। ਉਨ੍ਹਾਂ ਨੂੰ ਅਖਤਿਆਰ ਹੋਵੇ ਕਿ ਉਹ ਕੱਚਾ ਮਾਲ ਵੰਡਣ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕੱਚਾ ਮਾਲ ਕਿਸ ਕਿਸ ਮਿਲ ਵਿਚ ਵਰਤਿਆ ਜਾਂਦਾ ਹੈ।

ਸਪੀਕਰ ਸਾਹਿਬ, ਤਨਖਾਹ ਦਾ ਜ਼ਿਕਰ ਕਰਦੇ ਹੋਏ ਮੈਂ ਉਚੇਚਾ ਧਿਆਨ ਮਹਿੰਗਾਈ ਦੇ ਸਵਾਲ ਉਤੇ ਦਿਵਾਉਂਦਾ ਹਾਂ। ਸਪੀਕਰ ਸਾਹਿਬ, ਐਮਰਜੈਂਸੀ ਤੋਂ ਬਾਅਦ ਕੀਮਤਾਂ ਡਿੱਗੀਆਂ ਹਨ, ਥੋਕ ਵਿਚ ਡਿੱਗੀਆਂ ਹਨ ਪਰ ਸਪੀਕਰ ਸਾਹਿਬ, ਪਰਚੂਨ ਵਿਚ ਕੀ ਹਾਲਤ ਹੈ ?

3—22 P.M. (ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਸਾਹਿਬ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਜਿਹੜਾ ਐਬਸਟਰੈਕਟ ਪੰਜਾਬ ਸਰਕਾਰ ਨੇ ਬੱਜਟ ਦੇ ਨਾਲ ਦਿੱਤਾ ਹੈ, ਉਸ ਦੇ ਸਫ਼ਾ 508 ਦੇ ਉਤੇ ਅੰਮ੍ਰਿਤਸਰ ਦੀ ਵਰਕਿੰਗ ਕਲਾਸ ਲਈ ਪ੍ਰਾਈਸ ਇੰਡੈਕਸ ਬਾਰੇ ਵੇਰਵਾ ਦਿਤਾ ਹੋਇਆ ਹੈ। 100 ਨੂੰ ਆਧਾਰ ਮੰਨ ਕੇ ਇਹ ਐਮਰਜੈਂਸੀ ਤੋਂ ਪਹਿਲਾਂ 327 ਸੀ। ਇਹ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਐਮਰਜੈਂਸੀ ਲਗ ਗਈ, ਕੀਮਤਾਂ ਡਿਗੀਆਂ ਔਰ ਜੁਲਾਈ 1975 ਦੇ ਵਿਚ ਇਹ 321 ਹੋ ਗਿਆ। ਅਗਸਤ ਦੇ ਵਿਚ 323 ਹੋ ਗਿਆ, ਸਤੰਬਰ ਦੇ ਵਿਚ 329 ਹੋ ਗਿਆ ਔਰ ਫਿਰ ਡਿਪਟੀ ਸਪੀਕਰ ਸਾਹਿਬ, ਅਕਤੂਬਰ 1975 ਦੇ ਵਿਚ ਇਹ 335 ਹੋ ਗਿਆ । ਹੁਣ ਤੁਸੀਂ ਆਪ ਹੀ ਵੇਖ ਲਵੋ ਕਿ ਇਹ ਕਿਸ ਤਰ੍ਹਾਂ ਨਾਲ ਐਮਰਜੈਂਸੀ ਦੇ ਵਿਚ ਵਧਦਾ ਵਧਦਾ ਅਕਤੂਬਰ ਦੇ ਵਿਚ 335 ਹੋ ਗਿਆ ਹੈ । ਜੇਕਰ ਥੋਕ ਦੀ ਕੀਮਤ ਡਿਗਦੀ ਹੈ ਤਾਂ ਉਹ ਹੇਠਾਂ ਨਹੀਂ ਜਾਂਦੀ । ਇਸ ਲਈ ਸਰਕਾਰ ਨੂੰ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਨਾਲ ਇਹ ਫਿਰ ਨੀਚੇ ਆ ਜਾਵੇ।

ਇਸ ਕਰਕੇ ਬੇਨਤੀ ਹੈ ਕਿ ਉਸ 20 ਨੁਕਾਤੀ ਪ੍ਰੋਗਰਾਮ ਦੇ ਵਿਚ ਡਿਸਟ੍ਰੀਬਿਊਸ਼ਨ ਸਿਸਟਮ ਦਾ ਪੁਆਇੰਟ ਬੜਾ ਅਹਿਮ ਹੈ । ਡਿਪਟੀ ਸਪੀਕਰ ਸਾਹਿਬ, ਸ਼ਰਮਾ ਜੀ ਨੇ ਇਹ ਮੰਨਿਆ ਸੀ ਕਿ ਜਿਥੇ 100 ਜਾਂ ਇਸ ਤੋਂ ਜ਼ਿਆਦਾ ਆਦਮੀ ਕੰਮ ਕਰਦੇ ਹਨ ਉਥੇ ਜਬਰੀ ਫੇਅਰ ਪ੍ਰਾਈਸ ਸ਼ਾਪ ਖੋਲ੍ਹੀ ਜਾਵੇਗੀ, ਪਰ ਉਨ੍ਹਾਂ ਦਾ ਇਹ ਵਾਅਦਾ ਪੂਰਾ ਨਹੀਂ ਹੋਇਆ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਸਨਅਤੀ ਮਜ਼ਦੂਰ ਨੂੰ ਪੂਰਾ ਫਾਇਦਾ ਨਹੀਂ ਮਿਲ ਰਿਹਾ। ਇਸ ਲਈ ਸਰਕਾਰ ਡਿਸਟ੍ਰੀਬਿਊਸ਼ਨ ਵਲ ਵੀ ਉਚੇਚਾ ਧਿਆਨ ਦੇਵੇ। ਡਿਪਟੀ ਸਪੀਕਰ ਸਾਹਿਬ, ਮਿਲ ਮਾਲਕ ਜਿਹੜੇ ਸਰਕਾਰ ਦੇ ਕਾਨੂੰਨ ਹਨ ਉਨ੍ਹਾਂ ਨੂੰ ਫਾਲੋ ਨਹੀਂ ਕਰਦੇ । ਲੀਡਰ ਇੰਜਨੀਅਰਿੰਗ, ਜਲੰਧਰ ਹੈ। ਉਨ੍ਹਾਂ ਦੇ ਬਾਰੇ ਠੀਕ ਹੈ ਕਿ ਸ਼ਰਮਾ ਜੀ ਨੇ ਇਨਕੁਆਇਰੀ ਦਾ ਆਰਡਰ ਕੀਤਾ ਹੈ। ਉਸ ਫਰਮ ਨੇ ਡਿਫੈਂਸ ਫੰਡ ਇਕੱਠਾ ਕਰਨ ਦੇ ਬਹਾਨੇ ਓਵਰਟਾਈਮ ਦਾ ਲੱਖਾਂ ਰੁਪਿਆ ਗ਼ਬਨ ਕੀਤਾ । ਇਕ ਗੱਲ ਇਨ੍ਹਾਂ ਨੂੰ ਮੈਂ ਹੋਰ ਦਸ ਦੇਵਾਂ। ਉਸ ਬਾਰੇ ਵੀ ਠੀਕ ਹੈ, ਸ਼ਰਮਾ ਜੀ ਕਹਿਣਗੇ ਕਿ ਮੈਂ ਇਨਕੁਆਇਰੀ ਕਰਵਾ ਲੈਂਦਾ ਹਾਂ। ਸ਼ਰਮਾ ਸਾਹਿਬ, ਇਕ ਹੋਰ ਅਜੀਬ ਚੀਜ਼ ਉਸ ਫਰਮ ਨੇ ਕੀਤੀ ਹੈ। ਲੀਡਰ ਇੰਜਨੀਅਰਿੰਗ ਮਿਲ ਜਲੰਧਰ ਨੇ ਹੜ੍ਹ ਪੀੜਤਾਂ ਨੂੰ ਰੀਲੀਫ ਦੇ ਨਾਉਂ ਉਤੇ ਲੇਬਰ ਮਹਿਕਮੇ ਤੋਂ ਬਿਨਾ ਇਜਾਜ਼ਤ ਲਏ ਵਰਕਰਾਂ ਪਾਸੋਂ ਛੁੱਟੀਆਂ ਵਿਚ ਕੰਮ ਕਰਵਾ ਕੇ ਉਨ੍ਹਾਂ ਨੂੰ ਉਨ੍ਹਾਂ ਦੀ ਮੇਹਨਤ ਨਹੀਂ ਦਿਤੀ ਔਰ ਰਿਲੀਫ ਫੰਡ ਦੇ ਬਹਾਨੇ ਕਿਤਨਾ ਹੀ ਰੁਪਿਆ ਗਬਨ ਕਰ ਗਏ। ਹੁਣ ਸ਼ਰਮਾ ਜੀ ਕਹਿਣਗੇ ਕਿ ਮੈਂ ਇਨਕੁ—ਆਇਰੀ ਕਰਵਾ ਦਿੰਦਾ ਹਾਂ। ਪਰ ਸ਼ਰਮਾ ਜੀ, ਇਥੇ ਹੀ ਗੱਲ ਨਹੀਂ ਮੁਕਦੀ, ਠੀਕ ਹੈ, ਇਨਕੁਆਇਰੀ ਵੀ ਕਰੋ ਪਰ ਇਸ ਤਰ੍ਹਾਂ ਕਰਨ ਵਾਲਿਆਂ ਦਾ ਪਰਮਾਨੈਂਟ ਇਲਾਜ ਹੋਣਾ ਚਾਹੀਦਾ ਹੈ। ਫਿਰ ਇਕ ਗੱਲ ਹੋਰ ਆਉਂਦੀ ਹੈ। ਇਕ ਸਕੀਮ ਹੈ ਵਰਕਰਾਂ ਵਾਸਤੇ ਡਾਕਟਰੀ ਸਹੂਲਤ ਲਈ। ਵਰਕਰਜ਼ ਲਈ ਫਰਮ ਪੈਸੇ ਦਿੰਦੀ ਹੈ ਔਰ ਫਿਰ ਉਨ੍ਹਾਂ ਦੀ ਤਨਖਾਹ ਵਿਚੋਂ ਕਟੌਤੀ ਹੁੰਦੀ ਹੈ। ਇਸ ਤਰ੍ਹਾਂ ਉਨ੍ਹਾਂ ਦਾ ਇਲਾਜ ਮੁਫਤ ਹੁੰਦਾ ਹੈ ਪਰ ਜੇਕਰ ਕੋਈ ਮਾਲਿਕ ਪੈਸੇ ਕੱਟਕੇ ਜਮ੍ਹਾਂ ਨਾ ਕਰਵਾਏ ਤਾਂ ਮੁਫਤ ਦਵਾਈ ਨਹੀਂ ਮਿਲਦੀ। ਇਹ ਚੀਜ਼ ਸਪੀਕਰ ਸਾਹਿਬ, ਸਿਰਫ ਪ੍ਰਾਈਵੇਟ ਸੈਕਟਰ ਵਿਚ ਹੀ ਨਹੀਂ ਹੈ । ਮੇਰੇ ਪਾਸ ਲਿਸਟ ਹੈ ਪਬਲਿਕ ਸੈਕਟਰ ਵਾਲਿਆਂ ਦੀ ਜਿਨ੍ਹਾਂ ਨੇ ਲੱਖਾਂ ਰੁਪਏ ਵਰਕਰਾਂ ਦੇ ਨਹੀਂ ਦਿੱਤੇ। ਮਿਉਂਸੀਪਲ ਕਮੇਟੀ ਅੰਮ੍ਰਿਤਸਰ ਨੇ 2,65,000/—, ਵੀ. ਜੇ. ਹਸਪਤਾਲ 9,000/—, ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਦਾ ਪਾਵਰ ਹਾਊਸ ਅੰਮ੍ਰਿਤਸਰ 66,000/—, ਇਹ ਇਸ ਤਰ੍ਹਾਂ ਦੇ 27 ਅਦਾਰੇ ਹਨ। ਜੇਕਰ ਇਨ੍ਹਾਂ ਦਾ ਟੋਟਲ ਕਰੀਏ ਤਾਂ ਪਤਾ ਲਗਦਾ ਹੈ ਕਿ ਲੱਖਾਂ ਰੁਪਿਆ ਮਜ਼ਦੂਰਾਂ ਦਾ ਬਣਦਾ ਹੈ ਜਿਹੜਾ ਕਿ ਇਨ੍ਹਾਂ ਨੇ ਪੇ ਨਹੀਂ ਕੀਤਾ ਹੋਇਆ । ਹੁਣ ਜੇਕਰ ਐਕਸੀਡੈਂਟ ਹੋ ਜਾਏ ਤਾਂ ਮੁਆਵਜ਼ਾ ਨਹੀਂ ਮਿਲਦਾ। ਇਸ ਲਈ ਮੈਂ ਸ਼ਰਮਾ ਜੀ ਨੂੰ ਕਹਾਂਗਾ ਕਿ ਪਬਲਿਕ ਸੈਕਟਰ ਹੋਵੇ, ਜਾਂ ਪ੍ਰਾਈਵੇਟ ਸੈਕਟਰ ਹੋਵੇ, ਇਸ ਗੱਲ ਦੇ ਵਿਚ ਕੋਈ ਵੀ ਕਿਸੇ ਨਾਲ ਲਿਹਾਜ਼ ਨਹੀਂ ਹੋਣਾ ਚਾਹੀਦਾ ਹੈ । ਅਗਰ ਡਿਪਟੀ ਸਪੀਕਰ ਸਾਹਿਬ, ਅੱਜ ਮਜ਼ਦੂਰ ਦੇ ਨਾਲ ਇਸ ਤਰ੍ਹਾਂ ਦੀ ਜ਼ਿਆਦਤੀ ਹੁੰਦੀ ਹੋਵੇ ਤਾਂ ਉਸ ਪਾਸੇ ਵਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਸੋ ਇਸ ਪਾਸੇ ਸਰਕਾਰ ਦਾ ਧਿਆਨ ਦਿਵਾਉਂਦਾ ਹੋਇਆ

Original with;
Punjab Vidhan Sabha
Digitized by;
Panjab Digital Library

ਮੈਂ ਇਹ ਬੇਨਤੀ ਕਰਾਂਗਾ ਕਿ ਇਹ ਠੀਕ ਹੈ ਕਿ ਬਿਜਲੀ ਬੋਰਡ ਦੇ ਚੇਅਰਮੈਨ ਬਰਾੜ ਸਾਹਿਬ ਦੇ ਆਉਣ ਤੋਂ ਬਾਅਦ ਕਈਆਂ ਦੀਆਂ ਸਰਵਿਸਿਜ਼ ਬਹਾਲ ਕਰਾਰ ਦਿੱਤੀਆਂ ਗਈਆਂ ਪਰ ਜਿਹੜੀ ਆਲ ਇੰਡੀਆ ਗਾਇਡ ਲਾਈਨਜ਼ ਦੀ ਮੀਟਿੰਗ ਦੇ ਮੁਤਾਬਿਕ 30% ਵਾਧਾ ਹੋਣਾ ਚਾਹੀਦਾ ਸੀ, ਉਹ ਨਹੀਂ ਹੋਇਆ। ਹੁਣ ਹਿਮਾਚਲ ਪ੍ਰਦੇਸ਼ ਵਾਲੇ ਕਹਿੰਦੇ ਹਨ ਕਿ ਪੰਜਾਬ ਵਾਲੇ ਜਦੋਂ ਇਹ ਰੇਟ ਦੇਣਗੇ, ਅਸੀਂ ਵੀ ਦੇ ਦਿਆਂਗੇ। ਹਰਿਆਣੇ ਵਾਲੇ ਵੀ ਇਸ ਤਰ੍ਹਾਂ ਹੀ ਕਹਿੰਦੇ ਹਨ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸ਼ਰਮਾ ਜੀ ਬਿਜਲੀ ਬੋਰਡ ਵਾਲਿਆਂ ਨੂੰ ਕਹਿ ਦੇਣ ਕਿ ਉਹ ਪੈਸੇ ਦੇ ਦੇਣ। ਇਸੇ ਤਰ੍ਹਾਂ ਹੀ ਮੈਂ ਇਨ੍ਹਾਂ ਨੂੰ ਵੀ ਇਹ ਬੇਨਤੀ ਕਰਾਂਗਾ ਕਿ ਰਿਟਾਇਰਮੈਂਟ ਤੋਂ ਬਾਅਦ ਪੈਨਸ਼ਨ ਬਨਾਉਣ ਦੀ ਸਕੀਮ ਬਾਰੇ ਵੀ ਵਿਚਾਰ ਕੀਤਾ ਜਾਵੇ। ਉਨ੍ਹਾਂ ਮੁਲਾਜ਼ਮਾਂ ਨੂੰ ਪ੍ਰਾਈਵੇਟ ਅਦਾਰਿਆਂ ਦੇ ਵਿਚ ਸਨਅਤੀ ਮਜ਼ਦੂਰਾਂ ਵਿਚ ਲੈ ਕੇ ਕੇਸ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਹੀ ਮੈਂ ਇਕ ਹੋਰ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਾਂ ਤਾਂ ਲੇਬਰ ਕੋਰਟ ਹੋਰ ਬਣਾ ਦਿਓ। ਮੈਂ ਬੇਨਤੀ ਕਰਾਂਗਾ ਕਿ ਅੰਮ੍ਰਿਤਸਰ ਵਿਚ ਬਹੁਤ ਇੰਡਸਟਰੀ ਹੈ, ਲੁਧਿਆਣੇ ਦੇ ਵਿਚ ਬਹੁਤ ਇੰਡਸਟਰੀ ਹੈ। ਇਸ ਲਈ ਜਾਂ ਤਾਂ ਇੰਡਸਟਰੀਅਲ—ਟਰਬਿਊਨਲ—ਕੰਮ ਲੇਬਰ ਕੋਰਟ ਬਣਾ ਦਿਓ ਤਾਕਿ ਦੋਨੋਂ ਤਰ੍ਹਾਂ ਦੇ ਝਗੜੇ ਉਸ ਵਿਚ ਜਾ ਸਕਣ। ਅੰਮ੍ਰਿਤਸਰ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ, ਵੱਡਾ ਸ਼ਹਿਰ ਹੈ, ਔਰ ਜੱਜ ਪਟਿਆਲੇ ਤੋਂ ਉਥੇ ਨਹੀਂ ਜਾਂਦਾ, ਲੁਧਿਆਣੇ ਨਹੀਂ ਜਾਂਦਾ। ਜਿਸ ਲਈ ਜਾਂ ਤਾਂ ਜਿਸ ਤਰ੍ਹਾਂ ਮੈਂ ਤਜਵੀਜ਼ ਪੇਸ਼ ਕੀਤੀ ਹੈ ਇਸ ਤਰ੍ਹਾਂ ਕਰਨਾ ਚਾਹੀਦਾ ਹੈ, ਨਹੀਂ ਤਾਂ ਜੱਜ ਸਾਹਿਬ ਨੂੰ ਕਹੋ ਕਿ ਉਥੇ ਜਾਇਆ ਕਰਨ ਕਿਉਂਕਿ ਜੱਜ ਸਾਹਿਬ ਕਹਿੰਦੇ ਹਨ ਕਿ ਮੈਂ ਉਥੇ ਲੁਧਿਆਣੇ ਨਹੀਂ ਜਾਂਦਾ।

ਡਿਪਟੀ ਸਪੀਕਰ ਸਾਹਿਬ, ਲੇਬਰ ਮਹਿਕਮੇ ਦੇ ਬਾਰੇ ਸਿਰਫ ਇਕ ਗੱਲ ਹੀ ਕਹਿਣੀ ਹੈ ਕਿ ਅਗਰ ਵੇਖਿਆ ਜਾਵੇ ਤਾਂ ਸਰਕਾਰ ਦੇ ਅੰਕੜੇ ਹੀ ਦਸਦੇ ਹਨ ਕਿ ਜਿਹੜੇ ਝਗੜੇ ਟਰਬਿਊਨਲ ਪਾਸ ਜਾਂਦੇ ਹਨ, ਉਹ ਇੰਡੀਵਿਜੂਅਲ ਕੇਸ ਹੁੰਦੇ ਹਨ। ਦਸ ਦਸ ਪੱਧਰਾਂ ਉਪਰ ਐਗਜ਼ਾਮਿਨ ਹੁੰਦੇ ਹਨ ਔਰ ਫਿਰ ਰਿਜੈਕਟ ਹੋ ਜਾਂਦੇ ਹਨ। ਅਗਰ ਕਈ ਵਰਕਰ ਡਿਸਮਿਸ ਹੋ ਗਿਆ ਤਾਂ ਸਰਕਾਰੀ ਕਰਮਚਾਰੀ ਵਾਂਗ ਉਸ ਲਈ ਕੋਈ ਅਪੀਲ ਦਾ ਸਿੱਧਾ ਰਸਤਾ ਨਹੀਂ ਹੈ। ਮੈਂ ਸ਼ਰਮਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਲੇਬਰ ਦਾ ਮਹਿਕਮਾ ਵੀ ਹੋਰ ਚੰਗੇ ਢੰਗ ਨਾਲ ਕੰਮ ਕਰ ਸਕੇਗਾ ਜੇਕਰ ਹਰ ਇੰਡੀਵਿਜੂਅਲ ਵਰਕਰ ਨੂੰ ਸਿੱਧਾ ਲੇਬਰ ਕੋਰਟ ਅਤੇ ਟਰੀਬਿਊਨਲ ਕੋਰਟ ਵਿਚ ਜਾਣ ਦਾ ਅਖਤਿਆਰ ਹੋਵੇ। ਇਸ ਤਰ੍ਹਾਂ ਨਾਲ ਮਾਲਕ ਕਿਸੇ ਵਰਕਰ ਨੂੰ ਡਿਸਮਿਸ ਕਰਨ ਤੋਂ ਪਹਿਲਾਂ ਦਸ ਵਾਰੀ ਸੋਚਣਗੇ ਕਿ ਅਸੀਂ ਬੇਇਨਸਾਫੀ ਨਾ ਕਰੀਏ। ਇਸ ਨਾਲ ਲੇਬਰ ਦਾ ਮਹਿਕਮਾ ਹੋਰ ਚੰਗਾ ਕੰਮ ਹੋਰ ਪਾਸੇ ਵਲ ਕਰ ਸਕੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਤਾਲੀਮ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ। ਸਰਕਾਰ ਨੇ ਇਕ ਕਰੋੜ ਰੁਪਿਆ ਹੋਰ ਅੱਜ ਵਧਾ ਦਿੱਤਾ ਹੈ। ਮੈਂ ਇਸ ਦੀ ਸ਼ਲਾਘਾ ਕਰਦਾ ਹਾਂ। ਜਿਹੜੀ ਹਰੀਜਨ ਬੱਚਿਆਂ ਦੇ ਵਜ਼ੀਫਿਆਂ ਦਾ ਰੇਟ ਵਧਾਇਆ ਹੈ, ਜਾਂ ਦੂਜੇ ਬੱਚਿਆਂ ਦੇ ਬਾਰੇ ਸਕੀਮ ਹੈ, ਇਹ ਚੰਗੀ ਹੈ। ਜਿਹੜਾ ਸਰਕਾਰ ਨੇ ਬੱਚਿਆਂ ਨੂੰ ਟਰਾਂਸਪੋਰਟ ਵਿਚ ਜਾਂ ਹੋਰ ਵੀ ਕਨਸੈਸ਼ਨ ਦਿੱਤਾ ਹੈ, ਇਹ ਸ਼ਲਾਘਾਯੋਗ ਕੰਮ ਹੈ। ਪ੍ਰੋਵਿਨਸ਼ੇਲਾਈਜ਼ਡ ਟੀਚਰਜ਼ ਨੂੰ ਕੁਝ ਗਰੇਡ ਸਬੰਧੀ ਰਿਆਇਤਾਂ ਦਿੱਤੀਆਂ ਹਨ, ਇਹ ਸ਼ਲਾਘਾਯੋਗ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਹੋਰ ਵੀ ਕਈ ਚੀਜ਼ਾਂ ਹਨ ਜਿਨ੍ਹਾਂ ਨੂੰ ਅਸੀਂ ਜੀ—ਆਇਆਂ ਕਹਿੰਦੇ ਹਾਂ ਪਰ ਸਾਨੂੰ ਸਾਰੀ ਹੀ ਤਸਵੀਰ ਵੇਖਣੀ ਚਾਹੀਦੀ ਹੈ ਕਿ ਸੰਨ 1974—75 ਦੇ ਬੱਜਟ ਦੇ ਟੋਟਲ ਦਾ 26 % ਐਜੂਕੇਸ਼ਨ ਉਤੇ ਖਰਚ ਹੋਇਆ ਹੈ। ਸੰਨ 1975-76 ਵਿਚ 24% ਹੈ, ਔਰ ਹੁਣ ਇਕ ਕਰੋੜ ਰੁਪਿਆ ਜਿਹੜਾ ਪਾਇਆ ਹੈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਇਸ ਨੂੰ ਗਿਣ ਕੇ ਵੀ 26% ਨਹੀਂ ਬਣਦਾ। ਇਸ ਤਰ੍ਹਾਂ ਨਾਲ ਸੰਨ 1975-76 ਵਿਚ ਜੋ ਖਰਚ ਹੋ ਰਿਹਾ ਹੈ, ਸੰਨ 1976-77 ਵਿਚ ਉਸ ਤੋਂ ਵੀ ਘੱਟ ਖਰਚ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਪ੍ਰਾਈਮ ਮਨਿਸਟਰ ਦੇ ਪ੍ਰੋਗਰਾਮ ਵਿਚ ਦੋ ਨੁਕਤੇ ਹਨ, ਵਿਦਿ-ਆਰਥੀਆਂ ਨੂੰ ਸੱਸਤੀਆਂ ਟੈਕਸਟ ਬੁਕਸ ਅਤੇ ਸੱਸਤੀਆਂ ਕਾਪੀਆਂ ਵਗੈਰਾ ਦੇਣਾ। ਸੰਨ 1975-76 ਜਿਹੜਾ ਮਾਰਚ ਵਿਚ ਮੁਕਣਾ ਹੈ ਇਸ ਲਈ 20 ਲੱਖ ਕੁੱਲ ਰਕਮ ਰੱਖੀ ਹੈ। ਪਰ ਸੰਨ 1976-77 ਦਾ ਬੱਜਟ ਜਿਹੜਾ ਹੈ, ਉਸ ਵਿਚ ਇਸ ਰਕਮ ਨੂੰ ਵਧਾਉਣ ਦੀ ਬਜਾਏ 12 ਲੱਖ 80 ਹਜ਼ਾਰ ਕੀਤਾ ਹੈ। ਇਹ ਤਕਰੀਬਨ ਸਵਾ ਸੱਤ ਲੱਖ ਰੁਪਿਆ ਪਿਛਲੇ ਸਾਲ ਨਾਲੋਂ ਘੱਟ ਹੈ ਅਗਲੇ ਸਾਲ ਲਈ। ਮੈਂ ਸਮਝਦਾ ਹਾਂ ਕਿ ਇਹ 20 ਨੁਕਾਤੀ ਪ੍ਰੋਗਰਾਮ ਦੀ ਸਪਿਰਟ ਦੇ ਮੁਤਾਬਿਕ ਨਹੀਂ ਹੈ ਜਿਸ ਵਿਚ ਕਿ ਦੋ ਨੁਕਤੇ ਇਹ ਸਨ। ਇਸ ਤਰ੍ਹਾਂ ਨਾਲ ਟੀਚਰਾਂ ਔਰ ਵਿਦਿਆਰਥੀਆਂ ਨਾਲ ਇਹ ਬੇਇਨਸਾਫੀ ਹੈ। ਇਸ ਲਈ ਇਸ ਵਲ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਾਡਾ ਸੂਬਾ 6—11 ਸਾਲ ਦੇ ਬੱਚਿਆਂ ਦੀ ਐਨਰੋਲਮੈਂਟ ਦੀ ਪਰਸੈਂਟੇਜ ਵਿਚ ਅਗੇ ਹੈ ਪਰ ਡਿਪਟੀ ਸਪੀਕਰ ਸਾਹਿਬ, ਲਿਟਰੇਸੀ ਵਧਾਉਣਾ ਇਕ ਅਹਿਮ ਚੀਜ਼ ਹੈ। ਇਸ ਵਿਚ ਸਾਡਾ ਸੂਬਾ ਇਕ ਨੰਬਰ ਉਤੇ ਨਹੀਂ ਹੈ, ਕਈ ਨੰਬਰ ਪਿੱਛੇ ਹੈ। ਜਿਹੜੇ ਮਾੜੇ ਮੋਟੇ ਪੜ੍ਹੇ ਲਿਖੇ ਹਨ ਉਨ੍ਹਾਂ ਦੀ ਪਰਸੈਂਟੇਜ ਵਿਚ ਵੀ ਪਿੱਛੇ ਹੈ। ਆਦਮੀਆਂ ਦੀ ਲਿਟਰੇਸੀ ਔਰ ਔਰਤਾਂ ਦੀ ਲਿਟਰੇਸੀ ਵਿਚ ਬੜਾ ਪਾੜਾ ਹੈ। ਜਨਰਲ ਲਿਟਰੇਸੀ ਔਰ ਹਰੀਜਨਾਂ ਦੀ ਲਿਟਰੇਸੀ ਵਿਚ ਹਾਲੇ ਵੀ ਪਾੜਾ ਹੈ। ਇਸ ਕਰਕੇ ਐਜੂਕੇਸ਼ਨ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਲਿਟਰੇਸੀ ਵਾਸਤੇ ਘੱਟ ਜ਼ੋਰ ਦਿੱਤਾ ਗਿਆ ਹੈ ਔਰ ਹੋਰ ਜ਼ੋਰ ਦੇਣ ਦੀ ਜ਼ਰੂਰਤ ਹੈ ਤਾਕਿ ਇਲਿਟਰੇਸੀ , ਅਨ—ਪੜ੍ਹਤਾ ਦੀ ਬਿਮਾਰੀ ਆਪਣੇ ਸੂਬੇ ਵਿਚੋਂ ਕੱਢੀ ਜਾ ਸਕੇ। ਮੈਂ ਤਾਂ ਇਹ ਕਹਾਂਗਾ ਕਿ ਐਜੂਕੇਸ਼ਨ ਮਨਿਸਟਰ, ਡਿਵੈਲਪਮੈਂਟ ਮਨਿਸਟਰ ਔਰ ਕਮੇਟੀਆਂ ਦੇ ਮਨਿਸਟਰ ਨਾਲ ਗੱਲ ਬਾਤ ਕਰਕੇ ਜਿਸ ਤਰ੍ਹਾਂ ਡਿਵੈਲਪਮੈਂਟ ਦੇ ਲਈ ਮੱਦਦ ਦਿੱਤੀ ਜਾਂਦੀ ਹੈ ਉਸ ਨੂੰ ਲਿੰਕ ਕਰਕੇ ਐਜੂਕੇਸ਼ਨ ਨੂੰ ਹੋਰ ਬੜ੍ਹਾਵਾ ਦਿੱਤਾ ਜਾਵੇ ਔਰ ਇਹ ਵੇਖਿਆ ਜਾਵੇ ਕਿ ਕਿਹੜੀਆਂ ਕਿਹੜੀਆਂ ਕਮੇਟੀਆਂ ਜ਼ਿਆਦਾ ਯਤਨ ਇਸ ਸਬੰਧ ਵਿਚ ਕਰਦੀਆਂ ਹਨ। ਇਸ ਤਰ੍ਹਾਂ ਸਾਡੇ ਦੇਸ਼ ਵਿਚੋਂ ਅਨਪੜ੍ਹਤਾ ਨੂੰ ਕੱਢਣ ਵਾਸਤੇ ਰਲ ਕੇ ਕੰਮ ਕਰਨਾ ਚਾਹੀਦਾ ਹੈ। ਮੈਂ ਇਹ ਤਜਵੀਜ਼ ਦੇਣਾ ਚਾਹੁੰਦਾ ਹਾਂ ਚੌਧਰੀ ਗੁਰਮੇਲ ਸਿੰਘ ਜੀ ਨੂੰ, ਕਿ ਜਿਨ੍ਹਾਂ ਦੀ ਆਮਦਨ ਸਾਡੇ ਤਿੰਨ ਸੌ ਰੁਪਏ ਮਹੀਨਾ ਤੋਂ ਘੱਟ ਹੈ ਉਨ੍ਹਾਂ ਦੇ ਬੱਚੇ ਜੋ ਹਰੀਜਨ ਹਨ, ਉਨ੍ਹਾਂ ਨੂੰ ਪਹਿਲੀ ਜਮਾਤ ਤੋਂ ਵਜ਼ੀਫਾ ਮਿਲਣਾ ਚਾਹੀਦਾ ਹੈ ਕਿਉਂਕਿ ਗਰੀਬਾਂ ਨੂੰ ਵਜ਼ੀਫੇ ਨਾਲ ਕੁਝ ਇਮਦਾਦ ਹੋ ਜਾਵੇਗੀ। ਨਹੀਂ ਤਾਂ ਉਨ੍ਹਾਂ ਦੇ ਬੱਚੇ ਕੋਈ ਨਾ ਕੋਈ ਜ਼ਰੂਰ ਕੰਮ ਕਰਦੇ ਹਨ ਜਿਸ ਨਾਲ ਉਹ 6 ਜਾਂ 8 ਰੁਪਏ ਕਮਾ ਲੈਂਦੇ ਹਨ। ਇਸ ਲਈ ਇਨ੍ਹਾਂ ਲੋਕਾਂ ਨੂੰ ਮਦਦ ਮਿਲਣੀ ਚਾਹੀਦੀ ਹੈ। ਜਿਨ੍ਹਾਂ ਦੀ ਆਮਦਨੀ 350 ਰੁਪਏ ਤੋਂ ਘੱਟ ਹੋਵੇ ਉਨ੍ਹਾਂ ਦੇ ਲੜਕੇ ਲੜਕੀਆਂ ਨੂੰ ਪਹਿਲੀ ਜਮਾਤ ਤੋਂ ਵਜ਼ੀਫਾ ਮਿਲਣਾ ਚਾਹੀਦਾ ਹੈ। ਪ੍ਰਾਇਮਰੀ ਜਮਾਤ ਦੀ ਕਿੰਨੀ ਮਹਾਨਤਾ ਹੈ, ਜਿਵੇਂ ਹੁਣੇ ਹੀ ਪ੍ਰਧਾਨ ਮੰਤਰੀ ਜੀ ਨੇ ਕਿਹਾ ਸੀ। ਇਸ ਦੇ ਨਾਲ ਜਿਹੜੀ 1974 ਵਿਚ ਸਰਕਾਰ ਨੇ ਅਸ਼ੋਰੈਂਸ ਦਿੱਤੀ ਸੀ ਕਿ ਪ੍ਰਾਇਮਰੀ ਸਕੂਲਾਂ ਲਈ ਇਕ ਵੱਖਰਾ ਡਾਇਰੈਕ—ਟੋਰੇਟ ਬਣਾਇਆ ਜਾਵੇਗਾ ਪਰ ਅਜ ਤਕ ਨਹੀਂ ਬਣਾਇਆ ਗਿਆ ਹੈ। ਮੈਂ ਵਿਦਿਆ ਮੰਤਰੀ ਜੀ ਨੂੰ ਕਹਾਂਗਾ ਕਿ ਇਸ ਐਸ਼ੋਰੈਂਸ ਤੇ ਅਮਲ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਦੇ ਰਾਸ਼ਟਰਪਤੀ ਜੀ ਨੇ ਪਰਸੋਂ ਇਕ ਤਕਰੀਰ ਕੀਤੀ ਸੀ ਕਿ ਸਾਡੀਆਂ ਐਜੂਕੇਸ਼ਨਲ ਇੰਸਟੀਚਿਊਸ਼ਨਾਂ, ਸਕੂਲਾਂ ਅਤੇ ਕਾਲਜਾਂ ਵਿਚੋਂ ਅਪਰਾਈਟ ਸ਼ਹਿਰੀ ਨਿਕਲਣੇ ਚਾਹੀਦੇ ਹਨ। ਸਾਡੀਆਂ ਇੰਸਟੀਚਿਊਸ਼ਨਾਂ

Original with;
Punjab Vidhan Sabha
Digitized by;
Panjab Digital Library

ਵਿਚ ਵਿਦਿਆਰਥੀ ਅਪਰਾਈਟ ਹੋਵੇਗਾ। ਇਸ ਲਈ ਕਾਲਜਾਂ ਅਤੇ ਯੂਨੀਵਰਸਿਟੀਆਂ ਇਹ ਗਰੰਟੀ ਕਰਨ ਕਿ ਦਾਖਲੇ ਅਤੇ ਟੀਚਰਜ਼ ਦੀ ਨਿਯੁਕਤੀ ਬਿਲਕੁਲ ਮੈਰਿਟ ਦੇ ਆਧਾਰ ਤੇ ਹੋਵੇਗੀ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਹੜੇ ਦਾਖਲੇ ਹੋਣ ਜਾਂ ਨਿਯੁਕਤੀਆਂ ਹੋਣ, ਉਨ੍ਹਾਂ ਦਾ ਕਰਾਈਟੇਰਿਆ ਬਾਹਰ ਨੋਟਿਸ ਬੋਰਡ ਤੇ ਲਗਾ ਦਿਉ ਤਾਕਿ ਸਾਰੇ ਕੈਂਡੀਡੇਟਸ ਉਸ ਨੂੰ ਵੇਖ ਲੈਣ। ਜਿਨ੍ਹਾਂ ਦੀਆਂ ਦਰਖਾਸਤਾਂ ਦਿੱਤੀਆਂ ਹਨ ਉਨ੍ਹਾਂ ਦੀ ਕੁਆਲੀਫੀਕੇਸ਼ਨ ਵੀ ਬਾਹਰ ਲਗਾ ਦਿਉ। ਜਦੋਂ ਸਿਲੈਕਸ਼ਨ ਹੋ ਜਾਵੇ ਤਾਂ ਉਸ ਤੋਂ ਬਾਅਦ ਕੈਂਡੀਡੇਟਸ ਵੇਖ ਲੈਣ। ਇਸ ਦੇ ਨਾਲ ਸਿਲੈਕਸ਼ਨ ਬੋਰਡ ਦਾ ਇਕ ਮੈਂਬਰ ਬਾਹਰ ਆ ਕੇ ਕਹੇ ਕਿ ਇਸ ਤਰ੍ਹਾਂ ਅਸੀਂ ਸਿਲੈਕਸ਼ਨ ਕੀਤੀ ਹੈ। ਦੇਖ ਲਓ ਇਸ ਵਿਚ ਕੋਈ ਬੇ-ਇਨਸਾਫੀ ਨਹੀਂ ਹੋਈ। ਜੇ ਸਾਡੇ ਟੀਚਰਜ਼ ਅਤੇ ਵਾਈਸ ਚਾਂਸਲਰ ਵਿਦਿਆਰਥੀਆਂ ਨੂੰ ਲੈਕਚਰ ਦੇਣ ਤਾਂ ਇਸ ਤਰ੍ਹਾਂ ਉਹ ਅਪਰਾਈਟ ਹੋ ਜਾਣਗੇ। ਇਸ ਸਿਲਸਿਲੇ ਵਿਚ ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ ਮਾਸਟਰਾਂ ਨੂੰ ਐਡਹਾਕ ਬੇਸਿਜ਼ ਤੇ ਨਿਯੁਕਤ ਕਰਦੇ ਹਨ ਇਹ ਵੀ ਇਕ ਭ੍ਰਿਸ਼ਟਾਚਾਰ ਦਾ ਅੱਡਾ ਬਣ ਗਿਆ ਹੈ, ਇਸ ਤਰ੍ਹਾਂ ਕਿਉਂ ਹੁੰਦਾ ਹੈ, ਕਿੰਨੀਆਂ ਨਿਯੁਕਤੀਆਂ ਹੁੰਦੀਆਂ ਹਨ। ਪੰਜਾਬ ਵਿਚ 70 ਹਜ਼ਾਰ ਸਰਕਾਰੀ ਟੀਚਰਜ਼ ਹਨ, ਜਿਨ੍ਹਾਂ ਵਿਚੋਂ 19 ਹਜ਼ਾਰ ਐਡਹਾਕ ਨਿਯੁਕਤ ਹਨ ਔਰ 12 ਹਜ਼ਾਰ ਅਜਿਹੇ ਐਡਹਾਕ ਹਨ ਜਿਨ੍ਹਾਂ ਦੀ ਸਰਵਿਸ 4 ਸਾਲ ਤੋਂ ਜ਼ਿਆਦਾ ਦੀ ਹੈ। ਡਿਪਟੀ ਸਪੀਕਰ ਸਾਹਿਬ, ਛੰਗਾਨੀ ਕਮੀਸ਼ਨ ਨੇ ਵੀ ਕਿਹਾ ਹੈ ਕਿ ਇਹ ਐਡਹਾਕ ਸਿਸਟਮ ਬੜਾ ਮਿਸਯੂਜ਼ ਹੁੰਦਾ ਹੈ। ਮੈਂ ਤਾਂ ਇਹ ਕਹਾਂਗਾ ਕਿ ਜਿਹੜੇ ਪੁਰਾਣੇ ਲੋਕ ਹਨ ਯਾਨੀ ਟੀਚਰਜ਼ ਉਨ੍ਹਾਂ ਨੂੰ ਰੈਗੂਲਰਾਇਜ਼ ਕਰੋ ਅਤੇ ਅਗੇ ਤੋਂ ਐਡਹਾਕ ਸਿਸਟਮ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਸਕੂਲਾਂ ਵਿਚ ਨਿਯੁਕਤੀਆਂ ਕਰਨ ਵਿਚ ਮਦਦ ਮਿਲੇਗੀ। ਜਿਹੜੀ ਹਾਫ ਏ ਮਿਲੀਅਨ ਜਾਬਜ਼, ਜੋ ਗੌਰਮਿੰਟ ਆਫ ਇੰਡੀਆ ਦੀ ਸਕੀਮ ਹੈ, ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਸ ਨੂੰ ਰੈਗੂਲਰਾਇਜ਼ ਕਰਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨੌਜਵਾਨਾਂ ਵਿਚੋਂ ਬੇਕਾਰੀ ਦੂਰ ਕਰਨ ਲਈ ਉਨ੍ਹਾਂ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਉਨ੍ਹਾਂ ਨੂੰ ਕੁਝ ਭੱਤਾ ਵਗੈਰਾ ਦੇਣਾ ਚਾਹੀਦਾ ਹੈ ਜਾਂ ਫੇਰ ਰੋਜ਼ਗਾਰ ਦੇਣਾ ਚਾਹੀਦਾ ਹੈ। ਇਸ ਬਾਰੇ ਚੌਧਰੀ ਸਾਹਿਬ ਕੁਝ ਕਰਨ। ਸਾਡੇ ਪੰਜਾਬ ਦੀ ਇਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਜਿਨ੍ਹਾਂ ਦੇ ਖਿਲਾਫ ਵਿਦਿਆਰਥੀ ਜਥੇਬੰਦੀ ਅਤੇ ਖੁਦ ਕਾਂਗਰਸ ਜੱਥੇਬੰਦੀ ਨੇ ਬੜੇ ਗੰਭੀਰ ਦੋਸ਼ ਲਾਏ ਅਤੇ ਇਨਕੁਆਇਰੀ ਕਰਵਾਈ ਜੋ ਅਜੇ ਖਤਮ ਨਹੀਂ ਹੋਈ, ਹਿੰਦੁਸਤਾਨ ਦੀ ਸਰਕਾਰ ਨੇ ਹਾਲਾਂ ਕਿ ਉਸ ਦੀ ਉਮਰ ਬਹੁਤ ਹੋ ਗਈ ਹੈ ਉਸ ਨੂੰ ਫੇਰ ਵਾਈਸ ਚਾਂਸਲਰ ਬਣਾਇਆ ਹੈ। ਇਕ ਔਜਲਾ ਆਈ. ਏ. ਐਸ. ਹੈ ਉਨ੍ਹਾਂ ਦੇ ਖਿਲਾਫ ਛੰਗਾਨੀ ਕਮਿਸ਼ਨ ਦੀ ਰਿਪੋਰਟ ਦੇ ਵਿਚ ਬਹੁਤ ਜ਼ਿਕਰ ਹੈ ਅਤੇ ਉਸ ਦੇ ਖਿਲਾਫ ਸਟ੍ਰਿਕਚਰਜ਼ ਪਾਸ ਹੋਏ ਹਨ। ਕਿਸ ਤਰ੍ਹਾਂ ਇਨ੍ਹਾਂ ਨੇ ਮੁਕਤਸਰ ਦੇ ਵਿਚ 20 ਰੁਪਏ ਗੱਜ਼ ਦੇ ਹਿਸਾਬ ਨਾਲ ਜ਼ਮੀਨ ਖਰੀਦੀ ਸੀ ਅਤੇ ਉਨ੍ਹਾਂ ਤੇ ਕੁਰਪਸ਼ਨ ਦੇ ਚਾਰਜਿਜ਼ ਵੀ ਹਨ ਪਰ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਚ ਉਨ੍ਹਾਂ ਨੂੰ ਇਕ ਵਾਰ ਨਹੀਂ, ਦੋ ਵਾਰ ਨਹੀਂ ਪਰ ਪਿਛਲੇ ਦਿਨਾਂ ਦੇ ਵਿਚ ਤੀਸਰੀ ਵਾਰ ਉਥੇ ਰੀਇੰਪਲਾਏਮੈਂਟ ਮਿਲ ਗਈ ਹੈ। ਦੂਜੇ ਪਾਸੇ ਸਾਡੇ ਰਾਸ਼ਟਰਪਤੀ ਜੀ ਕਹਿੰਦੇ ਹਨ ਕਿ ਅਪਰਾਈਟ ਮਿਲਣੇ ਚਾਹੀਦੇ ਹਨ। ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਸਾਡਾ ਐਗਜ਼ਾਮੀਨੇਸ਼ਨ ਦਾ ਸਿਸਟਮ ਬਿਲਕੁਲ ਬੋਦਾ ਹੋ ਗਿਆ ਹੈ। ਮੈਂ ਅਰਜ਼ ਕਰਾਂਗਾ ਕਿ ਇਸ ਸਿਸਟਮ ਨੂੰ ਤਬਦੀਲ ਕੀਤਾ ਜਾਵੇ। ਕਈ ਦੇਸ਼ਾਂ ਵਿਚ ਕਾਮਯਾਬ ਸਿਸਟਮ ਹੈ। ਓਪਨ ਬਕਸ ਸਿਸਟਮ ਹੈ ਔਰ ਗਰੇਡਿੰਗ ਸਿਸਟਮ ਹੈ ਉਸਨੂੰ ਇੰਟਰੋਡਿਊਸ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਐਜੂਕੇਸ਼ਨ ਸਿਸਟਮ ਨੂੰ ਜਮਹੂਰੀ ਕਰਨਾ ਚਾਹੀਦਾ ਹੈ। ਸਾਡੇ ਪ੍ਰਧਾਨ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਮੰਤਰੀ ਜੀ ਨੇ ਇਕ ਵਾਰ ਕਿਹਾ ਸੀ ਕਿ 20 ਨੁਕਾਤੀ ਪ੍ਰੋਗਰਾਮ ਜਿਸ ਵਿਚ ਜਿਨ੍ਹਾਂ ਚਿਰ ਜਨਤਾ ਦੀ ਪਾਰਟੀਸਿਪੇਸ਼ਨ ਨਹੀਂ ਹੁੰਦੀ ਉਤਨਾ ਚਿਰ ਤਕ ਇਕਲੀ ਨੌਕਰਸ਼ਾਹੀ ਸਿਰੇ ਨਹੀਂ ਚਾੜ੍ਹ ਸਕਦੀ। ਲੋਕਾਂ ਦੀ ਮਦਦ ਲੈਣੀ ਚਾਹੀਦੀ ਹੈ। ਯੂਨੀਵਰਸਿਟੀ ਅਤੇ ਕਾਲਜਾਂ ਦੀ ਗਵਰਨਿੰਗ ਬਾਡੀ ਦੇ ਨੁਮਾਇੰਦੇ ਨੂੰ ਸੈਨੇਟ ਵਿਚ ਅਤੇ ਸਿੰਡੀਕੇਟ ਵਿਚ ਲੈਣਾ, ਇਹ ਬਹੁਤ ਅੱਛੀ ਗੱਲ ਹੈ। ਸਰਕਾਰ ਨੇ ਅਨੇਕਾਂ ਵਾਰ ਵਾਅਦਾ ਕੀਤਾ ਸੀ ਕਿ ਜਿਵੇਂ ਸਰਦਾਰ ਉਮਰਾਓ ਸਿੰਘ, ਸ਼੍ਰੀ ਸ਼ਰਮਾ ਜੀ, ਗਿਆਨੀ ਜੀ ਅਤੇ ਚੌਧਰੀ ਸਾਹਿਬ ਨੇ ਕਿਹਾ ਸੀ ਕਿ ਅਸੀਂ ਵਿਦਿਆਰਥੀਆਂ ਨੂੰ ਨੁਮਾਇੰਦਗੀ ਸੈਨੇਟ ਅਤੇ ਸਿੰਡੀ- ਕੇਟ ਵਿਚ ਦੇਵਾਂਗੇ ਪਰ ਅਜੇ ਤਕ ਨਹੀਂ ਦਿੱਤੀ ਗਈ, ਇਸ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ। ਇਸ ਦੇ ਨਾਲ ਕਈ ਦੂਜੇ ਰਾਜਾਂ ਵਿਚ ਇਹ ਅਮਲ ਹੋ ਵੀ ਗਿਆ ਹੈ। ਪਰ ਸਾਡੇ ਨਹੀਂ ਹੋਇਆ ਹੈ। ਪਰ ਡਿਪਟੀ ਸਪੀਕਰ ਸਾਹਿਬ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਇਕ ਨੌਮੀਨੇਟਡ ਬਾਡੀ ਕਿਉਂ ਹੋਵੇ। ਸਕੂਲ ਐਜੂਕੇਸ਼ਨ ਬੋਰਡ ਦਾ ਬਿਲਕੁਲ ਢਾਂਚਾ ਤਬਦੀਲ ਕੀਤਾ ਜਾਵੇ। ਜਿਹੜੇ ਸਕੂਲਾਂ ਦੇ ਹੈਡਜ਼ ਹਨ ਉਨ੍ਹਾਂ ਦੀ ਨੁਮਾਇੰਦਗੀ ਹੋਵੇ, ਟੀਚਰਾਂ ਦੇ ਨੁਮਾਇੰਦੇ ਚੁਣੇ ਜਾਣ ਅਤੇ ਕੁਝ ਸਰਕਾਰ ਦੀ ਨੁਮਾਇੰਦਗੀ ਹੋਵੇ। ਇਸ ਕਿਸਮ ਦਾ ਐਜੂਕੇਸ਼ਨ ਬੋਰਡ ਦਾ ਢਾਂਚਾ ਹੋਵੇ। ਜਿਹੜਾ ਇਸ ਵੇਲੇ ਬੋਰਡ ਦਾ ਢਾਂਚਾ ਹੈ ਇਹ ਬਿਲਕੁਲ ਬਦਲਣਾ ਚਾਹੀਦਾ ਹੈ। ਬਹੁਤ ਸਾਰੇ ਸਕੈਂਡਲ ਹੁੰਦੇ ਹਨ। ਮੇਰੇ ਕੋਲ ਟਾਈਮ ਨਹੀਂ ਹੈ ਨਹੀਂ ਤਾਂ ਮੈਂ ਤੁਹਾਨੂੰ ਇਸ ਬਾਰੇ ਦੇ ਵਿਚ ਦੱਸਦਾ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਡੈਮੋਕਰੇਸੀ ਦਾ ਮਤਲਬ ਹੈ ਜਿਹੜੇ ਪਬਲਿਕ ਸਕੂਲ ਹਨ ਜਿਸ ਵਿਚ ਅਮੀਰਾਂ ਦੇ ਬੱਚੇ ਪੜ੍ਹਦੇ ਹਨ, ਇਹ ਬਿਲਕੁਲ ਬੰਦ ਹੋਣੇ ਚਾਹੀਦੇ ਹਨ। ਸਾਰਿਆਂ ਗਰੀਬਾਂ ਅਤੇ ਅਮੀਰਾਂ ਦੇ ਲਈ ਇਕੋ ਜਿਹੇ ਸਕੂਲ ਹੋਣੇ ਚਾਹੀਦੇ ਹਨ ਜਿਥੇ ਅਮੀਰ ਅਤੇ ਗਰੀਬ ਦੇ ਬੱਚੇ ਇਕੱਠੇ ਪੜ੍ਹ ਸਕਣ।

ਅਗਲੀ ਗੱਲ ਮੈਂ ਟੈਕਸਟ ਬੁਕਸ ਦੇ ਬਾਰੇ ਕਹਿਣੀ ਚਾਹੁੰਦਾ ਹਾਂ ਕਿ ਸਾਡੀਆਂ ਟੈਕਸਟ ਬੁਕਸ ਬਿਲਕੁਲ ਨੈਸ਼ਨੇਲਾਇਜ਼ ਹੋਣੀਆਂ ਚਾਹੀਦੀਆਂ ਹਨ। ਇਸ ਨੂੰ ਜਾਂ ਸਰਕਾਰ ਆਪ ਛਾਪੇ ਜਾਂ ਯੂਨੀ— ਵਰਸਿਟੀ ਛਾਪੇ। ਜਿੰਨੀ ਦੇਰ ਤਕ ਇਹ ਨਹੀਂ ਹੁੰਦਾ ਉਤਨੀ ਦੇਰ ਤਕ ਇਨ੍ਹਾਂ ਕਿਤਾਬਾਂ ਦੀਆਂ ਕੀਮਤਾਂ ਘਟਾਉਣ ਵਾਸਤੇ ਯਤਨ ਕਰਨ। ਇਸ ਦੇ ਨਾਲ ਹੀ ਇਹ ਵੀ ਫੈਸਲਾ ਕੀਤਾ ਜਾਵੇ ਕਿ ਇਹ ਕਿਤਨੀ ਮਿਕਦਾਰ ਦੇ ਵਿਚ ਛਪਣ ਅਤੇ ਕਿੰਨੀ ਕੀਮਤ ਤੇ ਇਹ ਵੇਚਣ। ਇਸ ਦੇ ਬਾਰੇ ਕਮੇਟੀਆਂ ਹੋਣ। ਉਨ੍ਹਾਂ ਦੇ ਵਿਚ ਟੀਚਰਾਂ ਅਤੇ ਸਟੂਡੈਂਟਸ ਦੇ ਨੁਮਾਇੰਦੇ ਵੀ ਹੋਣ। ਕਿਤਾਬਾਂ ਦੇ ਵਿਚ ਕੀ ਲਿਖਿਆ ਹੈ ਇਹ ਵੀ ਵੇਖਣਾ ਚਾਹੀਦਾ ਹੈ। ਦੇਸ਼ ਦੀ ਨੀਤੀ ਹੈ, ਪੰਜ ਸਾਲਾ ਪਲਾਨਾਂ ਬਣਾਈਆਂ ਜਾਂਦੀਆਂ ਹਨ। ਪਰ ਮੈਂ ਕਹਾਂਗਾ ਕਿ ਜਿਹੜੀ ਚੀਜ਼ ਸ਼ੁਰੂ ਕੀਤੀ ਜਾਵੇ ਉਸ ਨੂੰ ਪੂਰਾ ਕੀਤਾ ਜਾਵੇ। ਤੁਸੀਂ ਇਕਨਾਮਿਕਸ ਦੀ ਕਿਤਾਬ ਨੂੰ ਕਢਵਾ ਕੇ ਦੇਖ ਲੈਣਾ ਉਸ ਵਿਚ ਲਿਖਿਆ ਹੈ ਕਿ ਪਲੈਨ ਬਨਾਉਣੀ ਬੋਗਸ ਹੈ। ਮੇਰੇ ਕੋਲ ਹਿੰਦ ਸਰਕਾਰ ਦੀ ਨੀਤੀ ਬਾਰੇ ਇਸ ਤਰ੍ਹਾਂ ਦੀ ਇਕ ਕਿਤਾਬ ਹੈ। ਸੋ ਇਨ੍ਹਾਂ ਕਿਤਾਬਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਟੈਕਸਟ ਬੁੱਕਾਂ ਵਿਚ ਅਰਬਾਂ ਦੇ ਮੁਕਾਬਲੇ ਵਿਚ ਇਜ਼ਰਾਈਲ ਦੀ ਨੀਤੀ ਨੂੰ, ਜੋ ਕਿ ਅਮਰੀਕੀ ਸਾਮਰਾਜਵਾਦ ਦਾ ਪਿੱਠੂ ਹੈ, ਨੂੰ ਦਰੁਸਤ ਕਿਹਾ ਗਿਆ ਹੈ। ਇਸ ਲਈ ਇਨ੍ਹਾਂ ਕਿਤਾਬਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਜਿਹੜੀਆਂ ਨੈਸ਼ਨਲ ਕਾਊਂਸਲ ਆਫ ਐਜੂਕੇਸ਼ਨਲ ਰਿਸਰਚ ਦੀਆਂ ਟੈਕਸਟ ਬੁੱਕਸ ਹਨ ਉਨ੍ਹਾਂ ਨੂੰ ਪੰਜਾਬ ਵਿਚ ਇੰਟਰੋਡਿਊਸ ਕਰਨ ਦਾ ਯਤਨ ਕੀਤਾ ਜਾਵੇ। ਉਨ੍ਹਾਂ ਨੇ ਇਸ ਪਾਸੇ ਕੁੱਝ ਸ਼ਲਾਘਾਯੋਗ ਧਿਆਨ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਪਦਾ ਧਿਆਨ ਇਕ ਹੋਰ ਗੱਲ ਵੱਲ ਦਿਵਾਉਣਾ ਚਾਹੁੰਦਾ

Original with;
Punjab Vidhan Sabha
Digitized by;
Panjab Digital Library

ਹਾਂ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਰਿਪੋਰਟ ਦਿਤੀ ਹੈ। ਉਸ ਨੇ ਯੂਨੀਵਰਸਿਟੀ ਅਤੇ ਕਾਲਜਾਂ ਦੇ ਟੀਚਰਾਂ ਲਈ ਗਰੇਡ ਰਿਕੁਮੈਂਡ ਕੀਤੇ ਹਨ ਅਤੇ ਕਿਹਾ ਹੈ ਕਿ ਇਨ੍ਹਾਂ ਗਰੇਡਾਂ ਨੂੰ 1 ਜਨਵਰੀ, 1973 ਤੋਂ ਲਾਗੂ ਕੀਤਾ ਜਾਵੇ। ਯੂਨੀਵਰਸਿਟੀ ਅਤੇ ਕਾਲਜਾਂ ਦੇ ਟੀਚਰਜ਼ ਛੇਤੀ ਕਰਕੇ ਜਲੂਸ ਨਹੀਂ ਕੱਢਦੇ ਜਿਸ ਤਰ੍ਹਾਂ ਹੋਰ ਜਲੂਸ ਕੱਢਦੇ ਹਨ। ਉਹ ਦਿੱਲੀ ਗਏ ਅਤੇ ਉਥੇ ਉਨ੍ਹਾਂ ਨਾਲ ਹਿੰਦੁਸਤਾਨ ਦੀ ਸਰਕਾਰ ਨੇ ਵਾਅਦਾ ਕੀਤਾ। ਫਿਰ ਕਿਹਾ ਕਿ ਇਹ ਸੂਬੇ ਦੀ ਗਲ ਹੈ। ਫਿਰ ਕਿਹਾ ਕਿ ਇਹ ਅਪਰੈਲ, 1973 ਤੋਂ ਲਾਗੂ ਕਰਾਂਗੇ। ਮੈਂ ਬੇਨਤੀ ਕਰਾਂਗਾ ਕਿ ਇਹ ਉਨ੍ਹਾਂ ਨਾਲ ਬੜੀ ਭਾਰੀ ਬੇਇਨਸਾਫੀ ਹੈ। ਮੈਂ ਤੁਹਾਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਸਾਡੇ ਚੀਫ ਮਨਿਸਟਰ ਸਾਹਿਬ ਨੇ ਲੁਧਿਆਣਾ ਵਿਚ ਐਲਾਨ ਕੀਤਾ ਸੀ ਜੂਨ, 1975 ਵਿਚ ਕਿ ਇਹ ਗਰੇਡ 1 ਜਨਵਰੀ, 1973 ਤੋਂ ਲਾਗੂ ਹੋ ਜਾਣਗੇ। ਪਰ ਹੁਣ ਕਹਿੰਦੇ ਹਨ ਕਿ ਇਹ ਅਪ੍ਰੈਲ, 1975 ਤੋਂ ਲਾਗੂ ਹੋ ਜਾਣਗੇ। ਇਹ ਉਨ੍ਹਾਂ ਨਾਲ ਬੜੀ ਭਾਰੀ ਬੇਇਨਸਾਫੀ ਹੈ। ਦਿੱਲੀ ਦੇ ਕਾਲਜਾਂ ਵਿਚ ਇਹ ਲਾਗੂ ਹੋ ਗਏ, ਯੂ. ਪੀ. ਦੇ ਕਾਲਜਾਂ ਵਿਚ ਲਾਗੂ ਹੋ ਗਏ, ਸਾਡੇ ਗਵਾਂਢੀ ਸੂਬੇ ਹਰਿਆਣਾ ਵਿਚ ਲਾਗੂ ਹੋਏ। ਸਾਰੇ ਦੇਸ਼ ਵਿਚ ਜਿਥੇ ਸੈਂਟਰਲ ਯੂਨੀਵਰਸਿਟੀਆਂ ਹਨ, ਉਨ੍ਹਾਂ ਵਿਚ ਇਹ ਲਾਗੂ ਹੋ ਗਏ। ਉਨ੍ਹਾਂ ਸਾਰਿਆਂ ਵਿਚ ਕੋਈ ਅਕਸੈਪਸ਼ਨ ਨਹੀਂ ਜਿਥੇ 1 ਜਨਵਰੀ, 1973 ਤੋਂ ਇਹ ਗਰੇਡ ਲਾਗੂ ਨਾ ਹੋਏ ਹੋਣ। ਪਰ ਪੰਜਾਬ ਸਰਕਾਰ ਪਿਛੇ ਕਿਉਂ ਰਹਿੰਦੀ ਹੈ ? ਮੈਂ ਕਲ੍ਹ ਅਖਬਾਰ ਵਿਚ ਪੜ੍ਹਿਆ ਸੀ ਕਿ ਚੀਫ ਮਨਿਸਟਰ ਨੇ ਕਿਹਾ ਹੈ ਕਿ ਅਸੀਂ ਫਿਰ ਵਿਚਾਰ ਕਰਾਂਗੇ। ਮੈਂ ਬੇਨਤੀ ਕਰਾਂਗਾ ਕਿ ਅੱਜ ਹੀ ਇਸ ਗੱਲ ਦਾ ਐਲਾਨ ਕਰ ਦਿੱਤਾ ਜਾਵੇ। ਇਕ ਗੱਲ ਹੋਰ ਹੈ। ਇਹ ਕਹਿੰਦੇ ਹਨ ਕਿ 1 ਅਪ੍ਰੈਲ, 1975 ਤੋਂ ਲਾਗੂ ਕਰਾਂਗੇ ਅਤੇ ਇਹ ਵੀ ਕਹਿੰਦੇ ਹਨ ਕਿ ਜਿਹੜੇ ਕਾਲਜ 1 ਜਨਵਰੀ, 1973 ਤੋਂ ਪਹਿਲਾਂ ਦੇ ਸੀ ਉਥੇ ਤਾਂ ਠੀਕ ਹੈ ਪਰ ਜਿਹੜੇ ਕਾਲਜ ਬਾਦ ਵਿਚ ਖੁੱਲੇ ਹਨ ਉਨ੍ਹਾਂ ਨੂੰ ਇਹ ਨਹੀਂ ਦਿਆਂਗੇ। ਇਸ ਤਰ੍ਹਾਂ ਇਹ ਵੀ ਡਿਸਕਰੀਮਿਨੇਸ਼ਨ ਹੋਵੇਗੀ, ਇਹ ਉਨ੍ਹਾਂ ਨਾਲ ਜ਼ਿਆਦਤੀ ਹੈ। ਮੈਂ ਬੇਨਤੀ ਕਰਾਂਗਾ ਕਿ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਪੂਰੀ ਤਰ੍ਹਾਂ, ਟੋਟਲੀ ਸਾਰੇ ਕਾਲਜਾਂ ਵਿਚ 1 ਜਨਵਰੀ, 1973 ਤੋਂ ਲਾਗੂ ਕੀਤਾ ਜਾਵੇ। ਜਿਹੜੇ ਕਾਲਜ ਬਾਅਦ ਵਿਚ ਖੁੱਲ੍ਹੇ ਹਨ ਉਥੇ ਬਾਅਦ ਵਿਚ ਆ ਜਾਵੇ ਪਰ ਸਭ ਨੂੰ ਇਕ ਤਰੀਕੇ ਨਾਲ ਦਿਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਕੇਰਲਾ ਸਰਕਾਰ ਨੇ ਬਹੁਤ ਅੱਛਾ ਕੀਤਾ ਹੈ। ਜੇ ਅਸੀਂ ਅੱਛਾ ਕਰਦੇ ਹਾਂ ਤਾਂ ਉਹ ਨਕਲ ਕਰਦੇ ਹਨ ਪਰ ਜੇ ਉਨ੍ਹਾਂ ਨੇ ਅੱਛਾ ਕੰਮ ਕੀਤਾ ਹੈ ਤਾਂ ਸਾਨੂੰ ਉਨ੍ਹਾਂ ਦੀ ਨਕਲ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਆਪਣੀ ਸਰਕਾਰੀ ਤਾਕਤ ਵਰਤ ਕੇ ਪ੍ਰਾਈਵੇਟ ਕਾਲਜਾਂ ਦੀਆਂ ਮੈਨੇਜਮੈਂਟਸ ਨੂੰ ਇਸ ਗੱਲ ਤੇ ਮਜ਼ਬੂਰ ਕਰ ਦਿੱਤਾ ਹੈ ਕਿ ਪ੍ਰਾਈਵੇਟ ਕਾਲਜਾਂ ਵਿਚ ਵੀ ਉਤਨੀ ਹੀ ਫੀਸ ਹੋਵੇਗੀ ਜਿੰਨੀ ਕਿ ਦੂਸਰੇ ਸਰਕਾਰੀ ਕਾਲਜਾਂ ਵਿਚ ਹੈ। ਪ੍ਰਾਈਵੇਟ ਕਾਲਜਾਂ ਵਿਚ ਗਰੀਬਾਂ ਦੇ ਬੱਚੇ ਜੋ ਹਾਇਰ ਐਜੂਕੇਸ਼ਨ ਲੈਣ ਵਾਸਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਹੁਤ ਭਾਰੀ ਫੀਸਾਂ ਦੇਣੀਆਂ ਪੈਂਦੀਆਂ ਹਨ। ਇਸ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਕੇਰਲਾ ਵਾਂਗ ਹੀ ਇਥੇ ਵੀ ਪ੍ਰਾਈਵੇਟ ਕਾਲਜਾਂ ਵਿਚ ਫੀਸਾਂ ਸਰਕਾਰੀ ਕਾਲਜਾਂ ਦੇ ਮੁਤਾਬਿਕ ਹੀ ਲੈਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਹੀ ਪ੍ਰਾਈਵੇਟ ਟੀਚਰਾਂ ਦਾ ਮਸਲਾ ਹੈ। ਪ੍ਰਾਈਵੇਟ ਕਾਲਜ/ਸਕੂਲਾਂ ਨੂੰ ਅਸੀਂ 95 ਪ੍ਰਤੀਸ਼ਤ ਸਹਾਇਤਾ ਦਿੰਦੇ ਹਾਂ। ਐਜੂਕੇਸ਼ਨ ਮਨਿਸਟਰ ਸਾਹਿਬ ਨੇ ਇਕ ਵਾਅਦਾ ਕੀਤਾ ਸੀ ਉਹ ਇਸੇ ਸੈਸ਼ਨ ਦੇ ਵਿਚ ਪੂਰਾ ਹੋਵੇ, ਦਿੱਲੀ ਦੇ ਵਿੱਚ ਜਿਹੜਾ ਐਜੂਕੇਸ਼ਨ ਐਕਟ ਬਣਿਆ ਹੈ ਸਕੂਲ ਟੀਚਰਾਂ ਵਾਸਤੇ, ਉਸ ਦੇ ਮੁਤਾਬਿਕ ਸਕੂਲਾਂ ਦੀਆਂ ਮੈਨੇਜਮੈਂਟਸ ਵਿਚ ਟੀਚਰਾਂ ਨੂੰ ਵੀ ਹਿੱਸਾ ਦਿਵਾਇਆ ਜਾਵੇ। ਇਸ ਬਾਰੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਵਾਅਦਾ ਵੀ ਕੀਤਾ ਸੀ। ਉਸ ਵਾਅਦੇ ਨੂੰ ਪੂਰਾ ਕੀਤਾ ਜਾਵੇ। ਇਸ ਦੇ ਇਲਾਵਾ ਇਹ ਵੀ ਦਾਅਵਾ ਕੀਤਾ ਸੀ ਕਿ ਅਸੀਂ ਯਤਨ ਕਰਾਂਗੇ ਕਿ ਇਸ ਸੈਸ਼ਨ ਵਿਚ ਇਹ ਆਵੇਗਾ। ਫਿਰ ਉਹ ਕਹਿੰਦੇ ਹਨ ਕਿ ਗਰੇਡਾਂ ਵਿਚ ਪੈਰਿਟੀ ਹੋਵੇ, ਰਿਟਾਇਰਮੈਂਟ ਬੈਨੀਫਿਟ ਪੂਰਾ ਮਿਲੇ। ਇਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਿਕਉਰਿਟੀ ਆਫ ਸਰਵਿਸ ਦਿਤੀ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਪਰ ਉਸ ਵਿਚ ਕੁਝ ਨੁਕਸ ਹਨ। ਡੀ. ਸੀ. ਬਹਾਲ ਕਰ ਦਿੰਦਾ ਹੈ, ਡੀ. ਪੀ. ਆਈ. ਕਹਿੰਦਾ ਹੈ ਕਿ ਡੀ. ਸੀ. ਦਾ ਫੈਸਲਾ ਠੀਕ ਹੈ ਪਰ ਮੈਨੇਜਮੈਂਟ ਕਹਿੰਦੀ ਹੈ ਕਿ ਨਹੀਂ। ਇਸ ਤੇ ਸਰਕਾਰ ਤਾਂ ਇਹ ਹੀ ਕਰਦੀ ਹੈ ਕਿ ਉਨ੍ਹਾਂ ਦੀ ਗਰਾਂਟ ਬੰਦ ਕਰ ਦਿੰਦੀ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਕਾਨੂੰਨ ਵਿਚ ਤਰਮੀਮ ਕਰਕੇ ਉਨ੍ਹਾਂ ਨੂੰ ਸਿਕਉਰਿਟੀ ਆਫ ਸਰਵਿਸ ਦਿਤੀ ਜਾਵੇ। ਇਕ ਕਾਲਜ ਜੰਡਿਆਲਾ ਵਿਚ ਹੈ ਗੁਰੂ ਗੋਬਿੰਦ ਸਿੰਘ ਕਾਲਜ, ਉਸ ਨਾਲ ਜੋ ਵਾਅਦਾ ਕੀਤਾ ਹੈ ਉਹ ਪੂਰਾ ਹੋਣਾ ਚਾਹੀਦਾ ਹੈ। ਮੈਂ ਬੇਨਤੀ ਕਰਾਂਗਾ ਕਿ ਜਿੰਨਾ ਚਿਰ ਐਜੂਕੇਸ਼ਨ ਨੈਸ਼ਨੇਲਾਈਜ਼ ਨਹੀਂ ਹੁੰਦੀ, ਸਾਡੀ ਸਰਵਸੰਮਤੀ ਨਾਲ ਘੱਟੋ ਘੱਟ ਸਰਕਾਰ ਇਹ ਤਾਂ ਕਰੇ ਕਿ ਜਿੰਨਾ ਚਿਰ ਐਜੂਕੇਸ਼ਨ ਨੈਸ਼ਨੇਲਾਈਜ਼ ਨਹੀਂ ਹੁੰਦੀ ਉਸ ਸਮੇਂ ਵਿਚ ਸਰਕਾਰ ਨਵਾਂ ਕਾਨੂੰਨ ਲਿਆਵੇ ਅਤੇ ਸਰਕਾਰ ਦੇ ਆਪਣੇ ਹੱਥ ਵਿਚ ਅਖਤਿਆਰ ਹੋਵੇ ਕਿ ਜਿਹੜੀ ਮਿਸਮੈਨੇਜਮੈਂਟ ਹੈ, ਜਿਸ ਮੈਨੇਜਮੈਂਟ ਵਿਚ ਧੜੇਬੰਦੀ ਹੈ ਅਤੇ ਕਾਲਜ ਠੀਕ ਨਹੀਂ ਚੱਲਦਾ, ਮਾਸਟਰ ਦੁਖੀ ਹਨ, ਬੱਚੇ ਦੁਖੀ ਹਨ, ਉਸ ਕਾਲਜ ਨੂੰ ਜਿਸ ਦੀ ਮੈਨੇਜਮੈਂਟ ਠੀਕ ਨਹੀਂ ਹੈ, ਉਸ ਨੂੰ ਸਰਕਾਰ ਆਪਣੇ ਅਖਤਿਆਰ ਵਿਚ ਲੈ ਲਵੇ। ਇਹ ਆਪਣੇ ਆਪ ਉਸ ਕਾਲਜ ਨੂੰ ਲੈ ਸਕਣ।

ਇਸੇ ਤਰ੍ਹਾਂ ਹੀ ਪ੍ਰਾਈਵੇਟ ਟੀਚਰਾਂ ਦੀਆਂ ਮੰਗਾਂ ਹਨ। ਕੇਰਲਾ ਵਿਚ ਇਸ ਬਾਰੇ ਕਾਫੀ ਅੱਛਾ ਕੰਮ ਕੀਤਾ ਹੈ। ਸਰਕਾਰ ਪ੍ਰਾਈਵੇਟ ਵਾਲਿਆਂ ਨੂੰ ਗਰਾਂਟ ਦਿੰਦੀ ਹੈ ਪਰ ਪ੍ਰਾਈਵੇਟ ਮੈਨੇਜਮੈਂਟ ਵਾਲੇ ਦਸਤਖਤ ਤਾਂ 600 ਰੁਪਏ ਤੇ ਕਰਾਉਂਦੇ ਹਨ ਪਰ ਦਿੰਦੇ ਉਨ੍ਹਾਂ ਨੂੰ 400 ਰੁਪਿਆ ਹੀ ਹਨ। ਟਰੈਜ਼ਰੀ ਦੇ ਰਾਹੀਂ ਉਨ੍ਹਾਂ ਨੂੰ ਤਨਖਾਹ ਦੇਣ। ਕੁਝ ਗਰਾਂਟ ਤਾਂ ਉਹ ਸਰਕਾਰ ਕੋਲੋਂ ਲੈਂਦੇ ਹਨ ਅਤੇ ਬਾਕੀ ਟੀਚਰਾਂ ਕੋਲੋਂ ਕੱਟ ਲੈਂਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਬੜੀ ਲੁੱਟ ਮਚਾਈ ਹੋਈ ਹੈ। ਇਸ ਲਈ ਸਰਕਾਰ ਕਾਨੂੰਨ ਵਿਚ ਤਬਦੀਲੀ ਕਰੇ। ਕਿਉਂਕਿ 95 ਪ੍ਰਤੀਸ਼ਤ ਤਾਂ ਉਹ ਸਰਕਾਰ ਕੋਲੋਂ ਗਰਾਂਟ ਲੈਂਦੇ ਹਨ ਅਤੇ 5 ਪ੍ਰਤੀਸ਼ਤ ਟੀਚਰਾਂ ਕੋਲੋਂ ਲੈ ਲੈਂਦੇ ਹਨ। ਇਸ ਲਈ ਮੈਂ ਕਹਾਂਗਾ ਕਿ ਟੀਚਰਾਂ ਦੀਆਂ ਤਨਖਾਹਾਂ ਟਰੈਜ਼ਰੀ ਦੇ ਰਾਹੀਂ ਉਨ੍ਹਾਂ ਨੂੰ ਦਿਤੀਆਂ ਜਾਣ। ਇਕ ਗਲ ਦੀ ਮੈਨੂੰ ਸਮਝ ਨਹੀਂ ਆਈ ਕਿ ਇਹ ਜਿਹੜੀਆਂ ਆਰਟ ਐਂਡ ਕਰਾਫਟਸ ਦੀਆਂ ਕਲਾਸਾਂ ਦਿਤੀਆਂ ਜਾਂਦੀਆਂ ਹਨ, ਇਹ ਪ੍ਰਾਈਵੇਟ ਸਕੂਲਾਂ ਵਾਲਿਆਂ ਨੂੰ ਕਿਉਂ ਦਿੰਦੇ ਹਨ। ਮੈਂ ਜ਼ਿੰਮੇਵਾਰੀ ਨਾਲ ਕਹਿੰਦਾਂ ਹਾਂ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਕੋਈ ਇਨਕੁਆਇਰੀ ਅਫਸਰ ਮੁਕੱਰਰ ਕਰ ਦੇਣ। ਇਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਉਥੇ ਪ੍ਰਾਈਵੇਟ ਸਕੂਲਾਂ ਵਿਚ ਇਕ ਹਜ਼ਾਰ ਤੋਂ 5 ਹਜ਼ਾਰ ਰੁਪਿਆ ਬੱਚਿਆਂ ਤੋਂ ਲੈਕੇ ਫਿਰ ਉਥੇ ਉਨ੍ਹਾਂ ਨੂੰ ਦਾਖਲ ਕਰਦੇ ਹਨ। ਕਿਉਂ ਨਹੀਂ ਸਰਕਾਰ ਸਰਕਾਰੀ ਸਕੂਲ ਵਿਚ ਇਹ ਕਲਾਸਾਂ ਲਾਉਂਦੀ ਅਤੇ ਇਸ ਤਰ੍ਹਾਂ ਇਹ ਜਿਹੜੇ ਪ੍ਰਾਈਵੇਟ ਸਕੂਲਾਂ ਵਿਚ ਇਨ੍ਹਾਂ ਕਲਾਸਾਂ ਵਿਚ ਦਾਖਲੇ ਸਮੇਂ ਪੈਸੇ ਲਏ ਜਾਂਦੇ ਹਨ, ਉਹ ਬੰਦ ਕਰਵਾਏ ਜਾਣ। ਇਸੇ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਲੈਂਗੁਏਜ਼ ਟੀਚਰਾਂ ਦੀ ਗੱਲ ਹੈ। ਉਨ੍ਹਾਂ ਦੀਆਂ ਵੀ ਵਾਜਿਬ ਮੰਗਾਂ ਹਨ। ਉਨ੍ਹਾਂ ਨੂੰ ਵੀ ਮਾਸਟਰਾਂ ਦਾ ਗਰੇਡ ਦਿੱਤਾ ਜਾਵੇ। ਉਨ੍ਹਾਂ ਨਾਲ ਵਾਅਦਾ ਵੀ ਕੀਤਾ ਹੋਇਆ ਹੈ। ਡੀ. ਈ. ਓ. ਕਲਾਸ ਵਨ ਅਫਸਰ ਬਣਾਇਆ ਜਾਵੇ, ਇਸ ਬਾਰੇ ਉਨ੍ਹਾਂ ਨਾਲ ਵਾਅਦਾ ਕੀਤਾ ਹੋਇਆ ਹੈ, ਉਸ ਤੇ ਅਮਲ ਹੋਣਾ ਚਾਹੀਦਾ ਹੈ।

ਮੈਂ ਐਜੂਕੇਸ਼ਨ ਦੇ ਬਾਰੇ ਇਕ ਛੋਟੀ ਜਿਹੀ ਹੋਰ ਬੁਨਿਆਦੀ ਗਲ ਕਰਨੀ ਚਾਹੁੰਦਾ ਹਾਂ। ਹੁਣ ਬੈਨ ਲੱਗਾ ਹੈ, ਉਹ ਹਟਾਉਣਾ ਚਾਹੀਦਾ ਹੈ। ਪ੍ਰੇਮ ਜੀ ਨੇ ਕਿਹਾ ਕਿ 1967 ਵਿਚ ਡਾਂਗ ਸਾਹਿਬ ਵੀ ਵਜ਼ਾਰਤ ਵਿਚ ਸੀ। ਪਰ ਪ੍ਰੇਮ ਜੀ ਨੂੰ ਇਸ ਗੱਲ ਨੂੰ ਐਪਰੀਸ਼ਿਏਟ ਕਰਨਾ ਚਾਹੀਦਾ ਹੈ ਕਿ 90 ਪ੍ਰਤੀਸ਼ਤ ਦਿੱਲੀ ਵਾਂਗ ਅਸੀਂ ਆਪਣੇ ਸਟਾਫ ਵਿਚ ਲਾਗੂ ਕਰ ਦਿੱਤਾ ਸੀ ਪਰ ਹੁਣ ਉਹ ਬੈਨ ਗਲਤ ਲਗਾ ਦਿਤਾ ਹੈ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਸ ਤੇ ਅਮਲ ਹੋਣਾ ਚਾਹੀਦਾ ਹੈ। ਸਟੂਡੈਂਟਸ ਅਤੇ ਟੀਚਰ ਦੀ ਰੇਸ਼ੋ ਠੀਕ ਹੋਣੀ ਚਾਹਦੀ ਹੈ। ਰੇਸ਼ੋ ਦੇ ਮੁਤਾਬਿਕ ਮਾਸਟਰਾਂ ਦਾ ਨੰਬਰ ਵਧਾ ਦੇਣ। ਮੈਂ ਕਹਿੰਦਾ ਹਾਂ ਕਿ ਐਜੂਕੇਸ਼ਨ ਨੈਸ਼ਨੇਲਾਈਜ਼ ਕਰੋ ਪਰ ਜਿਨਾਂ ਚਿਰ ਨਹੀਂ ਹੁੰਦੀ ਉਤਨਾ ਚਿਰ ਬੱਚਿਆਂ ਦੀ ਪੜ੍ਹਾਈ ਵਲ ਤਾਂ

Original with;
Punjab Vidhan Sabha
Digitized by;
Panjab Digital Library

ਧਿਆਨ ਦੇਣਾ ਚਾਹੀਦਾ ਹੈ। ਸਕੂਲਾਂ ਦੀਆਂ ਬਿਲਡਿੰਗਾਂ ਠੀਕ ਨਹੀਂ ਹਨ। ਉਨ੍ਹਾਂ ਦਾ ਡਿੱਗਣ ਦਾ ਡਰ ਹੈ। ਇਹ ਕਹਿੰਦੇ ਹਨ ਕਿ ਇਕਾਨੋਮੀ ਕਰਕੇ ਬੈਨ ਲਗਾ ਹੈ ਕਿ ਕੋਈ ਵੀ ਨਵੀਂ ਬਿਲਡਿੰਗ ਨਹੀਂ ਬਣਾਉਣੀ। ਪਰ ਮੈਂ ਕਹਿੰਦਾ ਹਾਂ ਕਿ ਜਿਹੜੀਆਂ ਬਿਲਡਿੰਗਜ਼ ਦੇ ਡਿਗ ਪੈਣ ਦਾ ਡਰ ਹੈ ਅਤੇ ਪਤਾ ਨਹੀਂ ਕਿਹੜੇ ਵੇਲੇ ਉਹ ਬਿਲਡਿੰਗਾਂ ਡਿੱਗ ਪੈਣ ਅਤੇ ਬੱਚੇ ਹੇਠ ਆ ਕੇ ਮਰ ਜਾਣ, ਉਸ ਬਾਰੇ ਜ਼ਰੂਰ ਕੁਝ ਨਾ ਕੁਝ ਕਰਨਾ ਚਾਹੀਦਾ ਹੈ। ਇਮਾਰਤਾਂ ਵੀ ਬਣਾਉਣੀਆਂ ਚਾਹੀਦੀਆਂ ਹਨ। ਮੈਂ ਆਖਿਰ ਵਿਚ ਇਕ ਹੋਰ ਬੁਨਿਆਦੀ ਗੱਲ ਕਹਿਣਾ ਚਾਹੁੰਦਾ ਹਾਂ। ਬੜੇ ਚਿਰ ਤੋਂ ਸਾਡੀ ਇਹ ਮੰਗ ਹੈ ਕਿ ਐਜੂਕੇਸ਼ਨ ਦਾ ਢਾਂਚਾ ਜਾਬ-ਓਰੀਐਂਟਿਡ ਹੋਣਾ ਚਾਹੀਦਾ ਹੈ। ਐਜੂਕੇਸ਼ਨ ਵੋਕੇਸ਼ਨੇਲਾਈਜ਼ ਹੋਣੀ ਚਾਹੀਦੀ ਹੈ। ਪੰਜਾਬ ਸਰਕਾਰ ਨੇ ਟੀ. ਵੀ. ਲਾਇਆ ਹੈ। ਪੰਜਾਬ ਵਿਚ ਟੀ. ਵੀ. ਆਇਆ ਹੈ। ਇਹ ਠੀਕ ਹੈ ਕਿ ਇਸ ਤਰ੍ਹਾਂ ਅਸੀਂ ਬੱਚਿਆਂ ਵਿਚ ਐਜੂਕੇਸ਼ਨ ਐਨਕਰੇਜ਼ ਕਰ ਰਹੇ ਹਾਂ। ਅਸੀਂ ਟੂਰਿਸਟਾਂ ਨੂੰ ਐਨਕਰੇਜ ਕਰ ਰਹੇ ਹਾਂ। ਕੇਟਰਿੰਗ ਵਾਸਤੇ ਟਰੇਨਿੰਗ ਦਿੱਤੀ ਜਾਂਦੀ ਹੈ, ਇਹ ਠੀਕ ਹੈ। ਪਰ ਮੈਂ ਬੇਨਤੀ ਕਰਾਂਗਾ ਕਿ ਜਾਬਓਰੀਐਂਟਿਡ ਐਜੂਕੇਸ਼ਨ ਬੁਨਿਆਦੀ ਤੌਰ ਤੇ ਉਦੋਂ ਬਣ ਸਕਦੀ ਹੈ ਜਦ ਸਾਡਾ ਇਕਨਾਮਿਕ ਢਾਂਚਾ ਠੀਕ ਹੋਵੇਗਾ। ਅੱਗੇ ਜਾਬ ਹੋਵੇ ਅਤੇ ਪਤਾ ਹੋਵੇ ਕਿ ਉਥੇ ਉਹ ਐਬਜ਼ਾਰਵ ਹੋ ਸਕਦੇ ਹਨ। ਭਾਵੇਂ ਸੈਲਫ-ਇੰਪਲਾਈਮੈਂਟ ਦੇ ਫੀਲਡ ਵਿਚ ਅਤੇ ਭਾਵੇਂ ਹੋਰ ਫੀਲਡ ਵਿਚ। ਅਨਫਾਰਚੁਨੇਟਲੀ ਇਸ ਫੀਲਡ ਵਿਚ ਚੌਧਰੀ ਸਾਹਿਬ ਤਰੱਕੀ ਨਹੀਂ ਕਰ ਸਕਦੇ ਕਿਉਂਕਿ ਜਿਹੜੇ ਲੋਕ ਦੇਸ਼ ਵਿਚ ਕਿੱਲਤ ਪੈਦਾ ਕਰਕੇ ਕੀਮਤਾਂ ਵਧਾਉਂਦੇ ਹਨ, ਆਪ ਨਫਾ ਕਮਾਉਂਦੇ ਹਨ, ਭਾਵੇਂ ਉਹ ਸਨ ਲਾਈਟ ਬਣਾਉਣ ਵਾਲੇ ਹਨ, ਭਾਵੇਂ ਮਲਟੀ ਨੈਸ਼ਨਲ ਕੰਪਨੀ, ਅਮਰੀਕਾ ਦੀ ਹੈ ਅਤੇ ਭਾਵੇਂ ਟਾਟਾ ਵਰਗੇ ਹੋਣ, ਜਿਹੜੇ ਕੀਮਤਾਂ ਵਧਾ ਕੇ ਬੇਕਾਰੀ ਪੈਦਾ ਕਰਦੇ ਹਨ, ਜਦ ਤੱਕ ਉਨ੍ਹਾਂ ਤੇ ਕਾਬੂ ਨਹੀਂ ਪਾਇਆ ਜਾਂਦਾ। ਐਜੂਕੇਸ਼ਨ ਦੇ ਢਾਂਚੇ ਨੂੰ ਜਾਬ-ਓਰੀਐਂਟਿਡ ਬਣਾ ਕੇ ਸਟੂਡੈਂਟਸ ਯੂਥ ਦੀ ਬੇਕਾਰੀ ਦੇ ਮਸਲੇ ਨੂੰ ਹੱਲ ਨਹੀਂ ਕਰ ਸਕਾਂਗੇ ਜਦ ਤਕ ਉਨ੍ਹਾਂ ਤੇ ਕਾਬੂ ਨਹੀਂ ਕਰਾਂਗੇ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਦਰੁਸਤ ਨਜ਼ਰੀਆ ਇਹ ਹੈ ਕਿ ਐਜੂਕੇਸ਼ਨ ਦੀ ਪਲਾਨਿੰਗ ਇਹ ਹੋਣੀ ਚਾਹੀਦੀ ਹੈ ਕਿ ਐਜ਼ ਏ ਪਾਰਟ ਆਫ ਟੋਟਲ ਟਰੇਨਿੰਗ ਫਾਰ ਦੀ ਇਕਾਨੋਮੀ, ਜਾਬਓਰੀਐਂਟਿਡ ਨਹੀਂ ਹੋਣ ਦਿੰਦੀ। ਸਾਨੂੰ ਉਸ ਪਾਸੇ ਜਾਣਾ ਚਾਹੀਦਾ ਹੈ। ਕਈਆਂ ਨੇ ਕਿਹਾ ਕਿ ਹਿੰਦੁਸਤਾਨ ਵਿਚ ਬਿੱਗ ਬਿਜਨੈਸਮੈਨ ਵੱਧ ਨਫਾ ਲੈਂਦੇ ਹਨ, ਘੱਟ ਸਰਮਾਇਆ ਲਾਕੇ ਜ਼ਿਆਦਾ ਨਫਾ ਕਮਾਉਂਦੇ ਹਨ ਅਤੇ ਲੈਟਰ ਆਫ ਇੰਟੈਂਟ ਲੈ ਕੇ ਜੇਬ ਵਿਚ ਪਾਈ ਫਿਰਦੇ ਹਨ ਅਤੇ ਫੈਕਟਰੀਆਂ ਅਤੇ ਕਾਰਖਾਨੇ ਨਹੀਂ ਖੋਲ੍ਹਦੇ ਅਤੇ ਇਸ ਤਰ੍ਹਾਂ ਨੌਜਵਾਨਾਂ ਲਈ, ਮਜ਼ਦੂਰਾਂ ਲਈ ਅਤੇ ਟੈਕਨੀਕਲ ਹੈਂਡਜ਼ ਲਈ ਉਹ ਬੇਕਾਰੀ ਪੈਦਾ ਕਰਦੇ ਹਨ। ਇਸ ਤਰ੍ਹਾਂ ਐਮਪਲਾਇ-ਮੈਂਟ ਦਾ ਮਸਲਾ ਹੱਲ ਨਹੀਂ ਹੁੰਦਾ। ਇਹ ਠੀਕ ਹੈ ਕਿ ਜਿਸ ਤਰ੍ਹਾਂ ਟੀ. ਵੀ. ਅਤੇ ਕੇਟਰਿੰਗ ਦਾ ਪ੍ਰਬੰਧ ਕੀਤਾ ਹੈ ਅਤੇ ਹੋਰ ਵੀ ਕਈ ਚੀਜ਼ਾਂ ਸਰਕਾਰ ਨੇ ਅੱਛੀਆਂ ਕੀਤੀਆਂ ਹਨ। ਨੌਜਵਾਨਾਂ ਨੂੰ, ਯੂਥ ਨੂੰ ਐਮਪਲਾਇਮੈਂਟ ਦੇਣ ਵਾਸਤੇ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਐਜੂਕੇਸ਼ਨ ਦੇ ਢਾਂਚੇ ਵਿਚ ਬੁਨਿਆਦੀ ਤੌਰ ਤੇ ਤਬਦੀਲੀ ਲਿਆਉਣ ਦੀ ਲੋੜ ਹੈ। ਹਿੰਦੁਸਤਾਨ ਦੇ ਵਿਚ ਨਵੀਂ ਸਰਕਾਰ ਆਈ ਅਤੇ ਕੋਈ ਨਵੀਂ ਤਬਦੀਲੀ ਲਿਆਉਣ ਦੀ ਲੋੜ ਸੀ। ਕਿਤੇ ਕਈ ਲੋਕਾਂ ਨੇ ਮੰਗਾਂ ਕੀਤੀਆਂ ਅਤੇ ਕੁਝ ਤਬਦੀਲੀਆਂ ਹੋਈਆਂ ਪਰ ਬੁਨਿ-ਆਦੀ ਤੌਰ ਤੇ ਤਬਦੀਲੀ ਨਹੀਂ ਆਈ ਕਿਉਂਕਿ ਫਰਕ ਉਸ ਵਿਚ ਰੁਕਾਵਟ ਦਾ ਹੈ ਕਿ ਸਾਡੀ ਇਕਾਨੋਮੀ ਦਾ ਬੁਨਿਆਦੀ ਢਾਂਚਾ ਅਸੀਂ ਨਹੀਂ ਬਦਲ ਰਹੇ। ਇਹ ਬਦਲਣਾ ਚਾਹੀਦਾ ਹੈ। ਇਸਦੇ ਨਾਲ ਹੀ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਨੇ ਕਮੇਟੀਆਂ ਬਣਾਈਆਂ ਹਨ ਐਜੂਕੇਸ਼ਨ ਲਈ, ਅਨਐਮਪਲਾਇਮੈਂਟ ਨੂੰ ਦੂਰ ਕਰਨ ਲਈ। ਪਰ ਪੰਜਾਬ ਵਿਚ ਵਿਦਿਆਰਥੀਆਂ ਲਈ ਕਈ ਜਥੇਬੰਦੀਆਂ ਹਨ ਜਿਵੇਂ ਕਿ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਪੰਜਾਬ ਸਟੂਡੈਂਟਸ ਫੈਡਰੇਸ਼ਨ ਆਦਿ। ਪਰ ਇਨ੍ਹਾਂ ਦੇ ਨੁਮਾਇੰਦੇ ਇਨ੍ਹਾਂ ਕਮੇਟੀਆਂ ਵਿਚ ਕਿਉਂ ਨਹੀਂ ਲਏ ਗਏ ਹਨ। ਜੇ ਇਨ੍ਹਾਂ ਨੂੰ ਲੈਣਗੇ ਤਾਂ ਵਿਦਿਆਰਥੀਆਂ ਦੀ ਨਬਜ਼ ਇਨ੍ਹਾਂ ਦੇ ਹੱਥ ਵਿਚ ਹੋਵੇਗੀ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਵਿਦਿਆਰਥੀ ਮੰਗ ਕਰਦੇ ਹਨ ਕਿ ਅੰਗਰੇਜ਼ੀ ਕੰਪਲਸਰੀ ਨਹੀਂ ਹੋਣੀ ਚਾਹੀਦੀ ਹੈ । ਅੰਗਰੇਜ਼ੀ ਕੰਪਲਸਰੀ ਹੋਣ ਕਰਕੇ ਕਈ ਬਰੀਲੀਐਂਟ ਸਟੂਡੈਂਟਸ ਅੱਗੇ ਨਹੀਂ ਵੱਧ ਸਕਦੇ । ਅੰਗਰੇਜ਼ੀ ਦੁਨੀਆਂ ਦੇ ਬਹੁਤ ਵੱਡੇ ਹਿੱਸੇ ਵਿਚ ਬੋਲੀ ਜਾਂਦੀ ਹੈ । ਪੜ੍ਹਨੀ ਚਾਹੀਦੀ ਹੈ । ਪਰ ਅੰਗਰੇਜ਼ੀ ਕੰਪਲਸਰੀ ਹੋਵੇ ਇਸਦੇ ਮੁਤਅੱਲਕ ਵਿਦਿਆਰਥੀ ਕਹਿੰਦੇ ਹਨ ਕਿ ਇਹ ਕੰਪਲਸਰੀ ਨਹੀਂ ਹੋਣੀ ਚਾਹੀਦੀ ਹੈ । ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਡਿਪਟੀ ਸਪੀਕਰ ਸਾਹਿਬ ਤੁਹਾਡੇ ਰਾਹੀਂ ਇਹ ਬੇਨਤੀ ਕਰਾਂਗਾ ਕਿ ਇਸ ਪਾਸੇ ਵਲ ਵੀ ਧਿਆਨ ਦੇਣਾ ਚਾਹੀਦਾ ਹੈ ।

ਆਖੀਰ ਵਿਚ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਐਜੂਕੇਸ਼ਨ ਨੂੰ ਡੈਮੋਕ੍ਰੇਟਾਈਜ਼ ਕਰਨ ਵਾਸਤੇ ਇਸ ਤੇ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ । ਪਿਛਲੇ ਸੈਸ਼ਨ ਵਿਚ ਗੁਰੂ ਨਾਨਕ ਯੂਨੀਵਰਸਿਟੀ ਔਰ ਪੰਜਾਬੀ ਯੂਨੀਵਰਸਿਟੀ ਦੀਆਂ ਪਾਵਰਜ਼ ਬਹੁਤ ਘਟਾ ਦਿੱਤੀਆਂ ਗਈਆਂ ਸਨ ਔਰ ਸਿੰਡੀਕੇਟ ਨੂੰ ਪਾਵਰਫੁਲ ਕਰ ਦਿੱਤਾ ਗਿਆ ਸੀ । ਚਾਹੀਦਾ ਇਹ ਹੈ ਕਿ ਟੀਚਰਜ਼ ਦੇ ਇਲੈਕਟਿਡ ਰਿਪਰਜ਼ੈਂਟੇਟਿਵਜ਼ ਨੂੰ ਔਰ ਸਟੂਡੈਂਟਸ ਦੇ ਇਲੈਕਟਿਡ ਰਿਪਰਜ਼ੈਂਟੇਟਿਵਜ਼ ਨੂੰ ਗਵਰਨਿੰਗ ਬਾਡੀਜ਼ ਵਿਚ ਨੁਮਾਇੰਦਗੀ ਦੇਣੀ ਚਾਹੀਦੀ ਹੈ ।

ਮੈਨੂੰ ਆਸ ਹੈ ਕਿ ਇਹ ਜੋ ਮੈਂ ਮਸਲੇ ਰਖੇ ਹਨ, ਇਸ ਤੇ ਮਨਿਸਟਰ ਸਾਹਿਬ ਗੌਰ ਕਰਨਗੇ ਔਰ ਚੰਗੇ ਐਲਾਨ ਇਸੇ ਇਜਲਾਸ ਵਿਚ ਹੀ ਕੀਤੇ ਜਾਣਗੇ । ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਜਿਹੜਾ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ । (ਥੰਪਿੰਗ)

ਸ੍ਰੀ ਪ੍ਰੇਮ ਗੁਪਤਾ (ਪਟਿਆਲਾ) : ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੀ ਡਿਮਾਂਡ ਤੇ ਮੇਰੇ ਬੋਲਣ ਤੋਂ ਪਹਿਲਾਂ ਆਨਰੇਬਲ ਡਾਂਗ ਸਾਹਿਬ ਨੇ ਬੋਲਿਆ ਹੈ । ਜਿਥੋਂ ਤਕ ਮੈਂ ਉਨ੍ਹਾਂ ਦੀ ਸਪੀਚ ਨੂੰ ਸੁਣ ਸਕਿਆ ਹਾਂ ਅਤੇ ਸਮਝ ਸਕਿਆ ਹਾਂ ਮਜਮੂਈ ਤੌਰ ਤੇ ਪੰਜਾਬ ਸਰਕਾਰ ਨੇ ਐਜੂਕੇਸ਼ਨ ਦੇ ਫੀਲਡ ਵਿਚ ਕੀ ਕੀ ਅਟੈਨਸ਼ਨ ਡੀਵੋਟ ਕੀਤੀ ਹੈ, ਕੀ ਕੀ ਐਕਟੀਵਿਟੀਜ਼ ਹਨ ਉਨ੍ਹਾਂ ਦੀ ਇਨ੍ਹਾਂ ਨੇ ਸ਼ਲਾਘਾ ਕੀਤੀ ਹੈ । ਇਸ ਦੇ ਨਾਲ ਹੀ ਜੋ ਮਹਿਕਮੇ ਵਿਚ ਤਰੁੱਟੀਆਂ ਹਨ ਉਨ੍ਹਾਂ ਨੂੰ ਪੁਆਇੰਟ ਆਊਟ ਕੀਤਾ ਹੈ । ਮੈਨੂੰ ਉਮੀਦ ਹੈ ਕਿ ਮਨਿਸਟਰ ਸਾਹਿਬ ਇਸ ਤੇ ਆਬਜੈਕਟਿਵ ਤੌਰ ਤੇ ਧਿਆਨ ਦੇਣਗੇ । ਪਿਛਲੇ ਸੈਸ਼ਨ ਦੇ ਦਿਨਾਂ ਵਿਚ ਇਥੇ ਕੀ ਵਾਤਾਵਰਨ ਸੀ ਉਸ ਬਾਰੇ ਸਾਰੇ ਆਪ ਜਾਣਦੇ ਹੀ ਹੋ । ਕਿੰਨੀ ਕਨਫੀਊਜ਼ਨ ਸੀ । ਰਾਈਟ ਰੀਐਕਸ਼ਨਰੀ ਫੋਰਸਿਜ਼ ਨੇ ਔਰ ਕਮਿਊਨਲ ਫੋਰਸਿਜ਼ ਨੇ ਸਟੂਡੈਂਟਸ ਨੂੰ ਕਿੰਨਾ ਐਕਸਪਲਾਈਟ ਕਰਨ ਦੀ ਕੋਸ਼ਿਸ਼ ਕੀਤੀ ਸੀ । ਇਸ ਪਾਸੇ ਵੀ ਜੋ ਕੰਮ ਹੋਇਆ ਹੈ ਸਾਡੀ ਸਰਕਾਰ ਵਲੋਂ, ਉਸਦੀ ਸ਼ਲਾਘਾ ਕਰਦਾ ਹਾਂ । ਹੋਰ ਵੀ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਐਜੂਕੇਸ਼ਨ ਦੇ ਸਿਸਟਮ ਵਲ ਧਿਆਨ ਰਖਿਆ ਜਾਵੇ ਅਤੇ ਸਟੂਡੈਂਟਸ ਔਰ ਟੀਚਰਜ਼ ਦੀ ਪੂਰੀ ਤਸੱਲੀ ਕੀਤੀ ਜਾਵੇ । ਹੋਰ ਜਿਹੜਾ ਸ਼ਲਾਘਾਯੋਗ ਕੰਮ ਹੋਇਆ ਹੈ, ਉਹ ਇਹ ਹੈ ਕਿ ਪਿਛਲੇ ਸਾਲ ਤੋਂ ਹੁਣ 10 ਕਰੋੜ ਰੁਪਏ ਤੋਂ ਵੱਧ ਪੈਸੇ ਰਖੇ ਗਏ ਹਨ । ਇਸ ਦੇ ਨਾਲ ਹੀ ਨਵੇਂ ਸਕੂਲ ਔਰ ਕਾਲਜ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ । ਮੈਂ ਮੋਟੇ ਤੌਰ ਤੇ ਜਿਹੜੀਆਂ ਗੱਲਾਂ ਨੋਟ ਕਰ ਸਕਿਆ ਹਾਂ ਉਨ੍ਹਾਂ ਦਾ ਥੋੜੇ ਜਿਹੇ ਸਮੇਂ ਵਿਚ ਹੀ ਜ਼ਿਕਰ ਕਰਨਾ ਚਾਹੁੰਦਾ ਹਾਂ । ਸਟੂਡੈਂਟਸ ਨੂੰ ਕੀ ਕੀ ਕਨਸੈਸ਼ਨਜ਼ ਦਿੱਤੇ ਹਨ ਜਿਸ ਨਾਲ ਕਿ ਸਟੂਡੈਂਟਸ ਦੀ ਵੈਲਫੇਅਰ ਹੋਵੇ ? ਪਹਿਲੀ ਗੱਲ ਇਹ ਹੈ ਕਿ ਯੂਨੀਵਰਸਿਟੀਆਂ ਦੇ ਹੋਸਟਲਾਂ ਵਿਚ ਕਨਸੈਸ਼ਨਜ਼ ਦਿੱਤੇ ਗਏ ਹਨ, ਸਬਸਿਡਾਈਜ਼ਡ ਰੇਟਸ ਤੇ ਰੋਟੀ ਵਗੈਰਾ ਦਾ ਪਰਬੰਧ ਹੋਇਆ ਹੈ, ਬਸਾਂ ਵਿਚ ਜਾਣ ਵਾਸਤੇ ਸਟੂਡੈਂਟਸ ਨੂੰ ਕਨਸੈਸ਼ਨ ਦਿੱਤਾ ਗਿਆ ਹੈ । ਕਿਤਾਬਾਂ, ਸਟੇਸ਼ਨਰੀ ਸਬਸਿਡਾਈਜ਼ਡ ਰੇਟਸ ਤੇ ਦਿੱਤੀ ਜਾਵੇ, ਇਹ ਵੀ ਫੈਸਲਾ ਹੋਇਆ ਹੈ । ਇਸ ਦੇ ਨਾਲ ਹੀ ਨਾਲ ਹਰੀਜਨਾਂ ਤੇ ਵੀਕਰ ਸੈਕਸ਼ਨਜ਼ ਦੇ ਵਜ਼ੀਫਿਆਂ ਦੇ ਰੇਟਸ ਵਧਾਏ ਹਨ । ਇੱਕ ਹੋਰ ਫੈਸਲਾ ਕੀਤਾ ਗਿਆ ਹੈ । ਜਿਹੜਾ ਪਹਿਲਾਂ ਮਿਡਲ ਕਲਾਸਿਜ਼ ਵਿਚ ਅੱਗੇ ਵਜ਼ੀਫਾ ਨਹੀਂ ਸੀ, ਉਹ ਨਵਾਂ ਇੰਟਰੋਡਿਊਸ

Original with;
Punjab Vidhan Sabha
Digitized by;
Panjab Digital Library

ਕੀਤਾ ਗਿਆ ਹੈ। ਇੱਕ ਹੋਰ ਫੈਸਲਾ, ਡਿਪਟੀ ਸਪੀਕਰ ਸਾਹਿਬ, ਜੋ ਕੀਤਾ ਗਿਆ ਹੈ ਉਹ ਇਹ ਹੈ ਕਿ ਕੋਈ ਵੀ ਬੰਦਾ ਜੋ ਪਬਲਿਕ ਐਗਜ਼ਾਮੀਨੇਸ਼ਨ ਵਿਚੋਂ ਚਾਹੇ ਬੋਰਡ ਦਾ ਹੋਵੇ ਜਾਂ ਯੂਨੀਵਰਸਿਟੀ ਦਾ ਹੋਵੇ ਉਸ ਵਿਚੋਂ ਫਸਟ ਜਾਂ ਸੈਕਿੰਡ ਆਵੇ, ਅੱਗੇ ਇਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਜਾਂ ਕਾਲਜ ਦੇ ਫੰਕਸ਼ਨ ਰਾਹੀਂ ਹੀ ਮਾਨ ਦਿੱਤਾ ਜਾਂਦਾ ਸੀ। ਪਰ ਹੁਣ ਸਾਡੇ ਚੀਫ ਮਨਿਸਟਰ ਸਾਹਿਬ , ਗਿਆਨੀ ਜ਼ੈਲ ਸਿੰਘ ਜੀ ਨੇ ਇਹ ਫੈਸਲਾ ਕੀਤਾ ਹੈ ਕਿ ਜੋ ਵੀ ਪਬਲਿਕ ਐਗਜ਼ਾਮੀਨੇਸ਼ਨ ਵਿਚੋਂ ਟਾਪ ਪੁਜ਼ੀਸ਼ਨ ਲੈਣਗੇ ਉਨ੍ਹਾਂ ਨੂੰ ਪੰਜਾਬ ਗੌਰਮਿੰਟ ਆਨਰ ਕਰੇਗੀ। ਇਸ ਦੇ ਨਾਲ ਪੰਜਾਬ ਦੇ ਸਟੂਡੈਂਟਸ ਵਿਚ ਸੈਟਿਸਫੈਕਸ਼ਨ ਹੋਈ ਹੈ ਔਰ ਉਹ ਪੰਜਾਬ ਗੌਰਮਿੰਟ ਦੀ ਸ਼ਲਾਘਾ ਕਰਦੇ ਹਨ। ਪੰਜਾਬ ਗੌਰਮਿੰਟ ਨੇ ਇਹ ਕਦਮ ਚੁਕਣ ਦੇ ਨਾਲ ਹੀ ਨਾਲ ਯੂਨੀਵਰਸਿਟੀਆਂ ਦੀ ਸੈਨੇਟ ਵਿਚ ਸਟੂਡੈਂਟਸ ਨੂੰ ਰਿਪਰਜ਼ੈਂਟੇਸ਼ਨ ਵੀ ਦਿੱਤੀ ਹੈ। ਇਸ ਦੇ ਨਾਲ ਹੀ ਨਾਲ ਇਨ-ਸਰਵਿਸ ਟੀਚਰਜ਼ ਨੂੰ ਨੀਉ ਟੈਕਨੀਕਸ ਦੀ ਟਰੇਨਿੰਗ ਦੇਣ ਵਾਸਤੇ ਜੋ ਟਰੇਨਿੰਗ ਹੋਣੀ ਚਾਹੀਦੀ ਹੈ ਉਹ ਵੀ ਦੇਣ ਦਾ ਪਰਬੰਧ ਕੀਤਾ ਹੈ। ਸਾਡੀ ਸਰਕਾਰ ਨੇ ਵੋਕੇਸ਼ਨਲ ਐਜੂਕੇਸ਼ਨ ਵਲ ਵੀ ਕਦਮ ਚੁੱਕੇ ਹਨ ।

ਇੱਕ ਗੱਲ ਹੋਰ ਹੈ, ਉਹ ਇਹ ਕਿ ਪੰਜਾਬ ਇਕ ਖੇਲਾਂ ਦਾ ਕੇਂਦਰ ਹੈ। ਸਕੂਲਾਂ ਵਿਚ ਖੇਲ੍ਹਾਂ ਲਈ ਵੀ ਖਾਸ ਧਿਆਨ ਦਿੱਤਾ ਗਿਆ ਹੈ। ਸਰਕਾਰ ਨੇ 31 ਮੈਂਬਰੀ ਕਮੇਟੀ ਬਣਾਈ ਹੈ ਜਿਹੜੀ ਐਜੂਕੇਸ਼ਨ ਦੀਆਂ ਜੋ ਵੀ ਸਮਸਿਆਵਾਂ ਹਨ ਉਸ ਤੇ ਰਿਪੋਰਟ ਹੋਵੇਗੀ। ਨਾਲ ਹੀ ਇਹ ਖੁਸ਼ੀ ਦੀ ਗੱਲ ਹੈ ਕਿ ਜਿਥੇ ਇਸ ਦੇ ਮੈਂਬਰ ਐਜੂਕੇਸ਼ਨਿਸਟਸ ਹੋਣਗੇ ਉਥੇ ਟੀਚਰਜ਼ ਨੂੰ ਨੋਮੀਨੇਟ ਕਰਕੇ ਉਨ੍ਹਾਂ ਦੇ ਵਿਚਾਰ ਨੂੰ ਸੁਣਨ ਵਾਸਤੇ ਵੀ ਪ੍ਰੋਵੀਜ਼ਨ ਕੀਤਾ ਗਿਆ ਹੈ। ਇਹ ਗੱਲ ਵੀ ਖੁਸ਼ੀ ਦੀ ਹੈ ਕਿ ਪੰਜਾਬ ਗੌਰਮਿੰਟ ਨੇ ਇਸ ਰੀਜਨ ਵਿਚ ਯੂ. ਜੀ. ਸੀ. ਦੇ ਗਰੇਡਜ਼ ਸਭ ਤੋਂ ਪਹਿਲਾਂ ਲਾਗੂ ਕਰਨ ਵਾਸਤੇ ਫੈਸਲਾ ਕੀਤਾ ਹੈ। ਇਸ ਦੇ ਵਿਚ ਜੋ ਘਾਟਾਂ ਹਨ ਜੋ ਕਮੀਆਂ ਹਨ ਉਨ੍ਹਾਂ ਨੂੰ ਵੀ ਖਤਮ ਕਰਨ ਵਾਸਤੇ ਮੈਂ ਪੰਜਾਬ ਸਰਕਾਰ ਨੂੰ ਦਰਖਾਸਤ ਕਰਾਂਗਾ ਉਨ੍ਹਾਂ ਕਮੀਆਂ ਨੂੰ ਠੀਕ ਢੰਗ ਨਾਲ ਦੂਰ ਕਰਨਾ ਚਾਹੀਦਾ ਹੈ। ਇਸ ਦੇ ਵਲ ਮੈਂ ਫਿਰ ਆਵਾਂਗਾ ।

ਨਵੇਂ ਸਕੂਲ, ਕਾਲਜ ਖੋਲ੍ਹਣ ਬਾਰੇ ਬਜਟ ਵਿਚ ਜ਼ਿਕਰ ਕੀਤਾ ਗਿਆ ਹੈ। ਬਾਕੀ ਐਜੂਕੇਸ਼ਨ ਨੂੰ ਸੁਧਾਰਣ ਵਾਸਤੇ ਵਜ਼ੀਰ ਸਾਹਿਬ ਨੇ ਪਿਛਲੀ ਵਾਰੀ ਐਲਾਨ ਕੀਤਾ ਸੀ ਕਿ ਅਸੀਂ ਐਜੂਕੇਸ਼ਨ ਨੂੰ ਬਾਈ-ਫਰਕੇਟ ਕਰਾਂਗੇ। ਪ੍ਰਾਇਮਰੀ ਐਜੂਕੇਸ਼ਨ ਅਲਹਿਦਾ ਕਰਾਂਗੇ ਤਾਂ ਕਿ ਐਜੂਕੇਸ਼ਨ ਦਾ ਡਿਪਾਰਟਮੈਂਟ ਠੀਕ ਢੰਗ ਨਾਲ ਕੰਟਰੋਲ ਹੋ ਸਕੇ ਇਹ ਠੀਕ ਹੈ ਕਿ ਇਨ੍ਹਾਂ ਸਾਰੀਆਂ ਗੱਲਾਂ ਵਿਚ ਐਜੂਕੇਸ਼ਨ ਦੇ ਸਬੰਧ ਵਿਚ ਪੰਜਾਬ ਨੇ ਸਰਵ-ਪੱਖੀ ਤਰੱਕੀ ਕੀਤੀ ਹੈ ਪਰ ਹੋਰ ਸੁਧਾਰ ਦੀ ਲੋੜ ਜ਼ਰੂਰ ਰਹਿੰਦੀ ਹੈ । ਸਾਡੇ ਐਜੂਕੇਸ਼ਨ ਦੇ ਢਾਂਚੇ ਵਿਚ, ਮੈਂ ਪਿਛਲੇ ਦਿਨਾਂ ਵਿਚ ਅਨਐਮਪਲਾਇਮੈਂਟ ਦੇ ਰੈਜ਼ੋਲਿਊਸ਼ਨ ਤੇ ਬੋਲਦਿਆਂ ਖਾਸ ਤੌਰ ਤੇ ਕਿਹਾ ਸੀ ਕਿ ਸਾਡੀ ਐਜੂਕੇਸ਼ਨ ਦੇ ਸਿਸਟਮ ਵਿਚੋਂ ਵੈਸਟਰਨ ਕੰਟੈਂਟ, ਵੈਸਟਰਨ ਇਨਫਲੂਐਂਸ ਦੂਰ ਹੋਣਾ ਚਾਹੀਦਾ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਸਿਲੇਬਸ ਨੂੰ ਜੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਇਸ ਵਿਚ ਵੈਸਟ੍ਰਨ ਕੰਟੈਂਟ ਜ਼ਿਆਦਾ ਦੇਖਣ ਵਿਚ ਆਉਂਦਾ ਹੈ। ਇਹ ਵੈਸਟ੍ਰਨ ਕੰਟੈਂਟ 1947 ਤੋਂ ਪਹਿਲਾਂ ਤਾਂ ਠੀਕ ਸੀ ਪਰ ਹੁਣ ਇਹ ਨਹੀਂ ਹੋਣਾ ਚਾਹੀਦਾ ਹੈ। ਕਈ ਅਜੰਸੀਆਂ ਹਨ ਜਿਵੇਂ ਕਿ ਅਮਰੀਕਾ ਦੀ ਸੀ.ਆਈ.ਏ. ਹੈ, ਜਿਨ੍ਹਾਂ ਨੇ ਯੂਨੀਵਰਸਿਟੀਆਂ ਵਿਚ ਆਪਣੇ ਸੈਲ ਬਣਾਏ ਹੋਏ ਹਨ ਅਤੇ ਟ੍ਰੇਡ ਬਾਡੀਜ਼ ਦੇ ਬਹਾਨੇ ਉਹ ਸਟੂਡੈਂਟਸ ਨੂੰ ਖਰਾਬ ਕਰਦੇ ਹਨ। ਸਭ ਤੋਂ ਪਹਿਲਾਂ ਮੈਂ ਚੰਡੀਗੜ੍ਹ ਤੋਂ ਹੀ ਗੱਲ ਸ਼ੁਰੂ ਕਰਦਾ ਹਾਂ। ਇਥੇ ਸਟ੍ਰਕਚਰਲ ਅਪ੍ਰੋਚ ਟ੍ਰੇਨਿੰਗ ਸਕੂਲ ਬਣਾਇਆ ਹੋਇਆ ਹੈ। ਇਹ ਸਫੇਦ ਹਾਥੀ ਹੈ। ਇਥੇ ਨਾ ਹੀ ਹਿੰਦੀ ਵਾਸਤੇ ਔਰ ਨਾ ਹੀ ਪੰਜਾਬੀ ਵਾਸਤੇ ਕੋਈ ਅਜਿਹਾ ਸਕੂਲ ਬਣਾਇਆ ਹੋਇਆ ਹੈ। ਅੰਗਰੇਜ਼ੀ ਵਾਸਤੇ ਇਹ ਸਕੂਲ ਬਣਾਉਣ ਦੀ ਹੁਣ ਕੀ ਲੋੜ ਹੈ ? ਜੇ ਉਹ ਬਣ ਗਿਆ ਸੀ ਤਾਂ ਉਹ ਬੰਦ ਕੀਤਾ ਜਾ ਸਕਦਾ ਸੀ। ਉਸਦੀ ਸਾਨੂੰ ਬਹੁਤੀ ਯੂਟੇਲਿਟੀ ਨਹੀਂ ਲਗਦੀ ਹੈ। ਇਹ ਚੀਜ਼ ਐਜੂਕੇਸ਼ਨ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੋਏਗੀ ਕਿ ਜਦੋਂ ਕਿਸੇ ਨੂੰ ਉਥੇ ਭੇਜਿਆ ਜਾਂਦਾ ਹੈ ਤਾਂ ਉਹ ਐਗ-

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਡੈਪਸ਼ਨ ਲੈ ਲੈਂਦਾ ਹੈ ਕਿ ਉਥੇ ਜਾਣ ਨੂੰ ਅਸੀਂ ਤਿਆਰ ਨਹੀਂ ਹਾਂ। ਇਸਦਾ ਖਰਚਾ ਪਤਾ ਨਹੀਂ ਪੰਜਾਬ ਸਰਕਾਰ ਕਰਦੀ ਹੈ ਜਾਂ ਸੈਂਟਰ ਦੀ ਸਰਕਾਰ ਕਰਦੀ ਹੈ। ਜਾਂ ਕੋਈ ਹੋਰ ਅਜੰਸੀ ਇਸਦਾ ਖਰਚਾ ਕਰਦੀ ਹੈ। ਇਸ ਵਾਈਟ ਐਲੀਫੈਂਟ ਨੂੰ ਬੰਦ ਕਰਨਾ ਚਾਹੀਦਾ ਹੈ।

ਜਿਥੋਂ ਤੱਕ ਐਜੂਕੇਸ਼ਨ ਡਿਪਾਰਟਮੈਂਟ, ਯੂਨੀਵਰਸਿਟੀਆਂ ਦੀ ਐਡਮਨਿਸਟਰੇਸ਼ਨ ਦਾ ਤੁਅਲਕ ਹੈ, ਇਹ ਤਸੱਲੀਬਖਸ਼ ਹੈ। ਲੇਕਿਨ ਬਾਈਫਰਕੇਸ਼ਨ ਦੇ ਸਿਲਸਿਲੇ ਵਿਚ ਜਿਸ ਤਰ੍ਹਾਂ ਮੈਂ ਪਹਿਲਾਂ ਵੀ ਇਥੇ ਹਾਊਸ ਵਿਚ ਆਪਣੀ ਰਾਏ ਰੱਖੀ ਸੀ ਕਿ ਜੋ ਡਾਇਰੈਕਟਰ, ਪ੍ਰਾਇਮਰੀ ਐਜੂਕੇਸ਼ਨ ਬਣਨਾ ਹੈ ਉਹ ਡਾਇਰੈਕਟਰ ਪ੍ਰਾਇਮਰੀ ਸਕੂਲ ਨਾ ਹੋਵੇ। ਉਹ ਡਾਇਰੈਕਟਰ, ਪ੍ਰਾਇਮਰੀ ਐਜੂਕੇਸ਼ਨ ਹੀ ਹੋਵੇ। ਇਕ ਸੈਪਰੇਟ ਸਿਸਟਮ ਉਸ ਢੰਗ ਨਾਲ ਹੋਣਾ ਚਾਹੀਦਾ ਹੈ। ਇਹ ਬਾਈਫਰਕੇਸ਼ਨ ਸਾਇੰਟੇਫਿਕ ਤੌਰ ਤੇ ਹੋਣੀ ਚਾਹੀਦੀ ਹੈ। ਲੇਕਿਨ ਜਿਥੋਂ ਤਕ ਮੈਨੂੰ ਪਤਾ ਹੈ ਕੋਈ ਡਾਇਰੈਕਟਰ, ਪ੍ਰਾਈਮਰੀ ਐਜੂਕੇਸ਼ਨ ਨਹੀਂ ਨਿਯੁਕਤ ਕੀਤਾ ਗਿਆ। ਸਿਰਫ ਇਕ ਜੁਆਇੰਟ ਡਾਇਰੈਕਟਰ ਨਿਯੁਕਤ ਕੀਤਾ ਹੈ ਅਤੇ ਉਸ ਨੂੰ ਕੰਮ ਕਾਰ ਦਿੱਤਾ ਹੈ। ਪੰਜਾਬ ਗੌਰਮਿੰਟ ਨੇ ਇਹ ਅਨਾਊਂਸ ਕੀਤਾ ਸੀ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਹਾਊਸ ਵਿਚ ਵੀ ਕਿਹਾ ਸੀ ਕਿ ਡਾਇਰੈਕਟਰ ਨਿਯੁਕਤ ਕੀਤਾ ਜਾਵੇਗਾ। ਮੈਂ ਸਮਝਦਾ ਹਾਂ ਕਿ ਇਸ ਦੇ ਲਈ ਜਲਦੀ ਹੀ ਇਫੈਕਟਿਵ ਸਟੈਪਸ ਚੁੱਕਣ ਦੀ ਜ਼ਰੂਰਤ ਹੈ ਔਰ ਐਜੂਕੇਸ਼ਨ ਮਨਿਸਟਰ ਸਾਹਿਬ ਛੇਤੀ ਹੀ ਆਪਣਾ ਧਿਆਨ ਦੇਣਗੇ।

ਡਿਪਟੀ ਸਪੀਕਰ ਸਾਹਿਬ, ਕਈ ਗਲਾਂ ਡਾਂਗ ਸਾਹਿਬ ਨੇ ਵੀ ਕੀਤੀਆਂ ਹਨ। ਮੈਂ ਵੀ ਕਹਿਣਾ ਚਾਹੁੰਦਾ ਹਾਂ ਕਿ ਟੀਚਰਜ਼ ਦੀਆਂ ਸੀਨੀਆਰਟੀ ਲਿਸਟਾਂ ਪੈਂਡਿੰਗ ਪਈਆਂ ਹਨ। ਐਜੂਕੇਸ਼ਨ ਡਿਪਾਰਟਮੈਂਟ ਨੇ ਕਾਫੀ ਕੋਸ਼ਿਸ਼ ਕੀਤੀ ਹੈ ਔਰ ਕਾਫੀ ਏਰੀਅਰਜ਼ ਨੂੰ ਕਲੀਅਰ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਫਿਰ ਵੀ ਇਸ ਵਲ ਹੋਰ ਧਿਆਨ ਦੇਣ ਦੀ ਲੋੜ ਹੈ। ਸੀਨੀਆਰਟੀ ਨੂੰ ਫਾਈਨੇਲਾਈਜ਼ ਕਰਨ ਲਈ ਸ਼ਰਮਾ ਜੀ ਨੂੰ ਨਹੀਂ ਪੁੱਛਣਾ ਪੈਂਦਾ, ਇਸ ਦੇ ਵਿਚ ਕੋਈ ਫਾਈਨੈਂਸ ਦਾ ਮਸਲਾ ਨਹੀਂ ਹੈ। ਇਸ ਲਈ ਮੇਰੀ ਰਿਕੁਐਸਟ ਹੈ ਕਿ ਇਸ ਚੀਜ਼ ਵਲ ਧਿਆਨ ਦਿਤਾ ਜਾਵੇ ਅਤੇ ਹਰ ਕਾਡਰ ਦਾ ਅੱਪ ਟੂ ਡੇਟ ਰਿਕਾਰਡ ਟੀਚਰਜ਼ ਦਾ ਕਰਨਾ ਚਾਹੀਦਾ ਹੈ ਤਾਂ ਕਿ ਟੀਚਰਜ਼ ਦੀ ਵੀ ਤਸੱਲੀ ਹੋ ਸਕੇ ਅਤੇ ਉਨ੍ਹਾਂ ਨੂੰ ਆਪਣੇ ਫਿਊਚਰ ਦਾ ਵੀ ਪਤਾ ਹੋਵੇ।

ਦੂਸਰਾ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਬਲਿਕ ਸਕੂਲ ਬੰਦ ਕਰਨੇ ਹਨ ਜਾਂ ਕਿਵੇਂ ਕਰਨਾ ਹੈ, ਕਿਵੇਂ ਨਹੀਂ ਕਰਨਾ। ਇਸ ਦੇ ਬਾਰੇ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਅਸੀਂ ਤਾਂ ਚਾਹੁੰਦੇ ਹਾਂ ਕਿ ਪਬਲਿਕ ਸਕੂਲ ਰਹਿਣ ਹੀ ਨਾ। ਜਿੰਨਾ ਚਿਰ ਇਹ ਰਹਿਣ ਇਸ ਦੀ ਐਡਮਿਸ਼ਨ ਓਪਨ ਹੋਣੀ ਚਾਹੀਦੀ ਹੈ ਤਾਂ ਕਿ ਇਕਨਾਮੀਕਲੀ ਵੀਕਰ ਸੈਕਸ਼ਨ ਜਿਹੜਾ ਹੈ ਉਹ ਵੀ ਐਡਮੀਸ਼ਨ ਲੈ ਸਕੇ। ਪਿੰਡਾਂ ਦੇ ਰੈਜ਼ੀਡੈਂਸ਼ਲ ਸਕੂਲ ਹੋਣੇ ਚਾਹੀਦੇ ਹਨ, ਜਿਸ ਤਰ੍ਹਾਂ ਸ਼ਾਂਤੀ ਨਿਕੇਤਨ ਸਿਸਟਮ ਸ਼ੁਰੂ ਹੋਇਆ ਸੀ। ਮੇਰੀ ਅਰਜ਼ ਹੈ ਕਿ ਵੀਕਰ ਸੈਕਸ਼ਨਜ਼ ਦੀ ਐਜੂਕੇਸ਼ਨਲ ਗਰੋਥ ਜਿਹੜੀ ਹੈ ਉਹ ਉਤਨਾ ਚਿਰ ਪੂਰੀ ਨਹੀਂ ਹੋ ਸਕਦੀ ਜਿੰਨਾ ਚਿਰ ਸਰਕਾਰ ਆਰਥਿਕ ਤੌਰ ਤੇ ਪੱਛੜੇ ਹੋਏ ਲੋਕਾਂ ਵਾਸਤੇ ਕੋਈ ਸਪੈਸ਼ਲ ਸਕੂਲ ਬਣਾ ਕੇ ਉਨ੍ਹਾਂ ਨੂੰ ਕੋਈ ਇਸ ਕਿਸਮ ਦੀ ਟਰੇਨਿੰਗ ਨਾ ਦੇਵੇ। ਉਨ੍ਹਾਂ ਦਾ ਖਰਚਾ ਵੀ ਸਰਕਾਰ ਆਪਣੇ ਕੋਲੋਂ ਦੇਵੇ। ਸਰਕਾਰ ਜਿਥੇ ਵੀਕਰ ਸੈਕਸ਼ਨ ਵਾਸਤੇ ਹੋਰ ਇੰਨਾ ਖਰਚ ਕਰਦੀ ਹੈ ਉਥੇ ਉਨ੍ਹਾਂ ਨੂੰ ਇਸ ਗੱਲ ਦਾ ਵੀ ਧਿਆਨ ਕਰਨਾ ਚਾਹੀਦਾ ਹੈ।

ਇਕ ਹੋਰ ਡਿਪਟੀ ਸਪੀਕਰ ਸਾਹਿਬ, ਮੈਂ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਅਰਬਨ ਏਰੀਆ ਵਿਚ ਸਕੂਲ ਹੋਰ ਨਵੇਂ ਖੋਲ੍ਹੇ ਜਾਣ। ਐਜੂਕੇਟਿਡ ਪਾਪੂਲੇਸ਼ਨ ਜਿਹੜੀ ਹੈ ਚਾਹੇ ਉਹ 6 ਤੋਂ 11 ਸਾਲ ਦੇ ਗਰੁਪ ਦੀ

Original with;
Punjab Vidhan Sabha
Digitized by;
Panjab Digital Library

ਹੈ ਤੇ ਚਾਹੇ ਅਗਲੇ ਗਰੁਪ ਦੀ ਹੈ,ਇਸ ਦੀ ਗਰੋਥ ਸ਼ਹਿਰਾਂ 'ਚ ਬੜੀ ਹੈ । ਸ਼ਹਿਰਾਂ ਦੇ 'ਚ ਓਵਰ-ਕਰਾਊਡਿੰਗ ਹੈ ਅਤੇ ਇਹ ਓਵਰ-ਕਰਾਓਡਿਡਨੈਸ ਨੂੰ ਰਿਮੂਵ ਕਰਨ ਦੇ ਵਾਸਤੇ ਜ਼ਰੂਰੀ ਗੱਲ ਹੈ ਕਿ ਉਥੇ ਨਵੇਂ ਸਕੂਲ ਖੋਲ੍ਹੇ ਜਾਣ ਅਤੇ ਉਥੇ ਐਕਸਪੈਨਸ਼ਨ ਹੋਵੇ । ਸ਼ਹਿਰਾਂ ਦੇ ਵਿਚ ਸਕੂਲਾਂ ਦੀਆਂ ਬਿਲਡਿੰਗਜ਼ ਦੀ ਬੜੀ ਪ੍ਰਾਬਲਮ ਹੈ। ਨਾ ਉਥੇ ਟੀਚਰਾਂ ਦੇ ਬੈਠਣ ਲਈ ਜਗ੍ਹਾ ਹੈ ਅਤੇ ਨਾਂ ਵਿਦਿਆਰਥੀਆਂ ਦੇ ਬੈਠਣ ਲਈ ਜਗ੍ਹਾ ਹੈ, ਨਾ ਕੋਈ ਦਫਤਰ ਵਾਸਤੇ ਜਗ੍ਹਾ ਹੈ। ਮੇਰੀ ਅਰਜ਼ ਹੈ ਚਾਹੇ ਮਿਉਂਸਪਲ ਕਮੇਟੀਆਂ ਤੋਂ ਪੈਸੇ ਲੈਕੇ ਜਾਂ ਕਿਸੀ ਹੋਰ ਤਰੀਕੇ ਰਾਹੀਂ ਇਹ ਜਿਹੜੀ ਅਕਾਮੋਡੇਸ਼ਨ ਦੀ ਪ੍ਰਾਬਲਮ ਹੈ ਇਹ ਸਾਲਵ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਾਂਗਾ ਅਤੇ ਸੁਜੈਸਟ ਕਰਾਂਗਾ ਕਿ ਪਿੰਡਾਂ ਵਿਚ ਜਿਹੜੇ ਸਕੂਲ ਹਨ ਉਨ੍ਹਾਂ ਦੇ ਨਾਲ ਰੈਜ਼ੀਡੈਂਸ਼ਲ ਕਾਲੋਨੀਜ਼ ਟੀਚਰਜ਼ ਵਾਸਤੇ ਬਣਨੀਆਂ ਚਾਹੀਦੀਆਂ ਹਨ ਤਾਂਕਿ ਪਿੰਡਾਂ ਵਿਚ ਜਿਹੜੇ ਟੀਚਰ ਜਾਂਦੇ ਹਨ ਅਤੇ ਸ਼ਹਿਰਾਂ ਵਿਚ ਆਉਣ ਦਾ ਜਿਹੜਾ ਉਨ੍ਹਾਂ ਦਾ ਟਰੈਂਡ ਹੈ ਉਹ ਵੀ ਦੂਰ ਹੋ ਸਕੇ। ਜੇ ਟੀਚਰਜ਼ ਨੂੰ ਪਿੰਡਾਂ ਦੇ ਵਿਚ ਰੈਜ਼ੀਡੈਂਸ ਮਿਲ ਸਕੇਗੀ ਅਤੇ ਹੋਰ ਫੈਸਿਲਟੀਜ਼ ਉਸ ਨੂੰ ਮਿਲ ਸਕਣਗੀਆਂ ਤਾਂ ਇਸ ਦੇ ਨਾਲ ਟਰਾਂਸਫਰਾਂ ਵੇਲੇ ਜਿਹੜਾ ਸ਼ਹਿਰਾਂ ਵਿਚ ਆਉਣ ਦਾ ਟਰੈਂਡ ਹੈ ਉਹ ਵੀ ਰਿਮੂਵ ਹੋਵੇਗਾ। ਸੋ ਸਰਕਾਰ ਨੂੰ ਇਸ ਪਾਸੇ ਵਲ ਵੀ ਧਿਆਨ ਦੇਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਬੀ.ਏ. ਦੀ ਐਜੂਕੇਸ਼ਨ ਕਲਾਸ ਦੀ ਡਿਗਰੀ ਮਿਲਦੀ ਸੀ ਉਹ ਬੀ.ਏ. ਬੀ. ਐਡ ਦੇ ਬਰਾਬਰ ਸਮਝੀ ਜਾਂਦੀ ਸੀ। ਜਿਸ ਤਰ੍ਹਾਂ ਕੁਰਕਸ਼ੇਤਰਾ ਸਕੀਮ ਚਲਦੀ ਹੈ। ਉਸ ਦੇ ਵਿਚ 11 ਵੀਂ ਕਲਾਸ ਤੋਂ ਬਾਅਦ 3 ਸਾਲ ਦਾ ਇਕ ਇਨਟੈਗਰੇਟਿਡ ਕੋਰਸ ਸੀ ਉਸ ਦੇ ਬਾਅਦ ਬੀ. ਏ. ਦੀ ਡਿਗਰੀ ਦੇ ਕੇ ਉਹ ਬੀ. ਐਡ ਦੇ ਬਰਾਬਰ ਸਮਝਿਆ ਜਾਂਦਾ ਸੀ। ਪੰਜਾਬ ਸਰਕਾਰ ਨੇ ਉਨ੍ਹਾਂ ਦੀ ਰਿਕਰੂਟਮੈਂਟ ਕੀਤੀ ਸੀ ਅਤੇ ਇਹ ਕਿਹਾ ਕਿ ਇਨ੍ਹਾਂ ਨੂੰ ਬੀ.ਏ. ਬੀ. ਐਡ ਦੇ ਬਰਾਬਰ ਕੀਤਾ ਜਾਵੇਗਾ। ਇਹ ਪੰਜਾਬ ਸਰਕਾਰ ਨੇ ਇਕ ਫੈਸਲਾ ਕੀਤਾ ਸੀ। ਫਿਰ ਪੰਜਾਬ ਹਰਿਆਣਾ ਵੀ ਬਣ ਗਿਆ ਪਰ ਅਜੇ ਤਕ ਬਹੁਤ ਸਾਰੇ ਟੀਚਰ ਐਡਹਾਕ ਬੇਸਿਜ਼ ਤੇ ਚਲ ਰਹੇ ਹਨ। 20-25 ਦਾ ਮੇਰਾ ਖਿਆਲ ਹੈ ਕਿ ਕੇਸ ਅਜਿਹਾ ਹੋਣਾ ਹੈ। ਮੈਂ ਸਮਝਦਾ ਹਾਂ ਕਿ ਇਹ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਨਹੀਂ ਆਇਆ ਹੋਵੇਗਾ। ਮੇਰੀ ਅਰਜ਼ ਹੈ ਕਿ ਉਨ੍ਹਾਂ ਨੂੰ ਇਸ ਕੇਸ ਦੀ ਫਾਈਲ ਮੰਗਾ ਕੇ ਰੈਗੂਲਰ ਕਰਨਾ ਚਾਹੀਦਾ ਹੈ।

ਬਾਕੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਕੂਲਾਂ, ਕਾਲਜਾਂ ਦੇ ਵਿਚ ਇਮਪਰੂਵਮੈਂਟ ਦੀ ਲੋੜ ਹੈ ਇਹ ਗੱਲ ਸਾਰੇ ਹੀ ਜਾਣਦੇ ਹਨ ਕਿ ਲਾਇਬਰੇਰੀ ਨੂੰ ਇਮਪਰੂਵ ਕਰਨ ਦੀ ਲੋੜ ਹੈ। ਫਰਨੀਚਰ ਇਮਪਰੂਵ ਕਰਨ ਦੀ ਲੋੜ ਹੈ। ਜਿਸ ਤਰ੍ਹਾਂ ਸ਼ਹਿਰਾਂ ਅਤੇ ਪਿੰਡਾਂ ਵਿਚ ਇਮਪਰੂਵਮੈਂਟ ਕਰਨ ਦੇ ਲਈ ਇਨਵਾਇਰ-ਮੈਂਟਲ ਇਮਪਰੂਵਮੈਂਟ ਸਕੀਮ ਚਲਾਈ ਹੈ, ਸਕੂਲਾਂ ਕਾਲਜਾਂ ਵਿਚ ਵੀ ਇਮਪਰੂਵਮੈਂਟ ਕਰਨ ਲਈ ਇਸ ਤਰ੍ਹਾਂ ਦੀ ਕੋਈ ਸਕੀਮ ਚਲਾਉਣੀ ਚਾਹੀਦੀ ਹੈ ਤਾਂ ਕਿ ਸਕੂਲਾਂ ਕਾਲਜਾਂ ਦਾ ਚੰਗਾ ਵਾਤਾਵਰਣ ਹੋਵੇ।

ਫਿਰ ਡਿਪਟੀ ਸਪੀਕਰ ਸਾਹਿਬ, ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਦੀ ਗੱਲ ਬੜੀ ਚਲਦੀ ਹੈ। ਮੈਂ ਜ਼ਹਿਨੀ ਤੌਰ ਤੇ ਇਨ੍ਹਾਂ ਦੇ ਚਲਣ ਦੇ ਖਿਲਾਫ ਹਾਂ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਅਸੈਂਬਲੀ ਨੇ ਇਕ ਰੈਜ਼ੋਲਿਊਸ਼ਨ ਵੀ ਯੂਨਾਨੀਮਸਲੀ ਪਾਸ ਕੀਤਾ ਸੀ ਕਿ ਅਸੀਂ ਕੇਂਦਰ ਸਰਕਾਰ ਨੂੰ ਰਿਕਮੈਂਡ ਕਰਦੇ ਹਾਂ ਕਿ ਉਹ ਪੰਜਾਬ ਦੀ ਜਿਹੜੀ ਐਜੂਕੇਸ਼ਨ ਹੈ ਉਹ ਟੇਕ ਓਵਰ ਕਰ ਲਵੇ ਪਰ ਕਾਂਸਟੀਚਿਊਸ਼ਨ ਦੀ ਗੱਲ ਹੈ, ਅਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ। ਫਿਰ ਵੀ ਮੈਂ ਸਮਝਦਾ ਹਾਂ ਕਿ ਕੋਈ ਐਸੀ ਚੀਜ਼ ਕਰਨੀ ਚਾਹੀਦੀ ਹੈ ਕਿਉਂਕਿ ਜ਼ਿਆਦਾ ਖਰਚ ਸਰਕਾਰ ਦਾ ਆਉਂਦਾ ਹੈ, ਜ਼ਿਮੇਵਾਰੀ ਸਰਕਾਰ ਦੀ ਬਣਦੀ ਹੈ। ਜਿਸ ਨਾਲ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਉਨ੍ਹਾਂ ਤੇ ਜਿਹੜਾ ਕੰਟਰੋਲ ਹੈ ਉਹ ਟਾਈਟ ਕਰੀਏ ਅਤੇ ਜੋ ਸਰਕਾਰ ਦੇ ਫੈਸਲੇ ਹਨ, ਸਰਕਾਰ ਦੀਆਂ ਨੀਤੀਆਂ ਹਨ, ਉਹ ਪੂਰੀ ਤਰ੍ਹਾਂ ਲਾਗੂ ਹੋ ਸਕਣ।

ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਯੂ.ਜੀ. ਸੀ ਦੇ ਗਰੇਡਜ਼ ਦੇ ਬਾਰੇ ਵਿੱਚ ਮੈਂ ਪਹਿਲਾਂ ਹੀ ਜ਼ਿਕਰ ਕੀਤਾ ਸੀ। ਪੰਜਾਬ ਸਰਕਾਰ ਨੂੰ ਯੂ.ਜੀ. ਸੀ, ਨੇ ਰਿਕੁਮੈਂਡ ਕਰਕੇ ਭੇਜਿਆ ਕਿ ਕਾਲਜਾਂ, ਯੂਨੀਵਰਸਿਟੀਆਂ ਵਿੱਚ ਇਹ ਗਰੇਡ ਹੋਣੇ ਚਾਹੁੰਦੇ ਹਨ। ਜਿਹੜੀ ਸਟਰੈਂਥ 1 ਜਨਵਰੀ, 1973 ਨੂੰ ਹੋਵੇਗੀ ਉਨ੍ਹਾਂ ਨੂੰ ਯੂ. ਜੀ. ਸੀ ਗਰੇਡ ਦਿੱਤਾ ਜਾਵੇ ਫਿਰ ਬਾਅਦ ਵਿੱਚ ਜਿਹੜੀਆਂ ਪੋਸਟਾਂ ਕਰੀਏਟ ਹੋਣਗੀਆਂ ਉਹ ਜ਼ਿਮੇਵਾਰੀ ਸਟੇਟ ਤੇ ਛੱਡ ਦਿੱਤੀ ਗਈ ਹੈ। ਸਟੇਟ ਨੂੰ ਰਿਸਪੌਂਸੀਬਿਲਟੀ ਔਨ ਕਰਨੀ ਚਾਹੀਦੀ ਹੈ। ਐਜੂਕੇਸ਼ਨ ਡਿਪਾਰਟਮੈਂਟ ਨੇ ਇਕ ਸਰਕੂਲਰ ਕੀਤਾ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਜਿਹੜੀ ਸਟਰੈਂਥ 1 ਜਨਵਰੀ, 1973 ਨੂੰ ਯੂਨੀਵਰਸਿਟੀਆਂ ਜਾਂ ਕਾਲਜਾਂ ਵਿਚ ਉਨ੍ਹਾਂ ਨੂੰ ਰਿਵਾਈਜ਼ਡ ਗਰੇਡ ਦਿੱਤਾ ਜਾਵੇ। ਬਾਕੀਆਂ ਨੂੰ ਰਿਵਾਈਜ਼ਡ ਗਰੇਡ ਦੇਣ ਦੇ ਬਾਰੇ ਕਲੀਅਰ ਕੱਟ ਇਤਲਾਹ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਵੀ ਕਿਹਾ ਸੀ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਵੀ ਭਰੋਸਾ ਦਿਵਾਇਆ ਸੀ ਕਿ ਅਸੀਂ ਇਹ ਰਿਵਾਈਜ਼ ਕਰਾਂਗੇ, ਰੀਕੰਸੀਡਰ ਕਰਾਂਗੇ। ਮੇਰੀ ਬੇਨਤੀ ਹੈ ਕਿ 1 ਜਨਵਰੀ, 1973 ਤੋਂ ਜਿਹੜੀ ਰਿਕਮੇਂਡੇਸ਼ਨ ਹੈ ਉਸ ਤਰੀਖ ਤੋਂ ਬਾਕੀਆਂ ਨੂੰ ਵੀ ਗਰੇਡ ਦਿਤੇ ਜਾਣ। ਫ਼ਿਰ ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ 2–3 ਅਨਾਮਲੀਜ਼ ਪੈਦਾ ਹੋਈਆਂ ਹਨ। ਇਕ ਅਨਾਮਲੀ ਤਾਂ ਐਜੂਕੇਸ਼ਨ ਡਿਪਾਰਟ-ਮੈਂਟ ਨੇ, ਪੰਜਾਬ ਗੌਰਮਿੰਟ ਨੇ ਆਪ ਵੀ ਸਾਲਵ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਥੋਂ ਤਕ ਕਾਲਜਾਂ ਦਾ ਸਵਾਲ ਹੈ ਉਥੇ ਲੈਕਚਰਾਰ, ਪ੍ਰੋਫੈਸਰ ਦੇ ਨਾਲ ਡਿਮਾਂਸਟਰੇਟਰਜ਼ ਜੋ ਹਨ ਉਨ੍ਹਾਂ ਨੂੰ ਕਾਲਜਾਂ ਦੇ ਵਿੱਚ ਉਹ ਗਰੇਡ ਮਿਲਣਾ ਹੈ ਲੇਕਿਨ ਜਿਹੜਾ ਯੂਨੀਵਰਸਿਟੀਆਂ ਵਿੱਚ ਟੀਚਿੰਗ ਸਟਾਫ ਹੈ, ਯੂਨੀਵਰਸਿਟੀਆਂ ਦਾ ਅਲਾਈਡ ਟੀਚਿੰਗ ਸਟਾਫ ਹੈ ਉਸ ਦੇ ਲਈ ਪੰਜਾਬ ਗੌਰਮਿੰਟ ਦਾ ਸਰਕੂਲਰ ਸਾਇਲੈਂਟ ਹੈ। ਜਿਸ ਤਰ੍ਹਾਂ ਕਾਲਜਾਂ ਦੇ ਵਿੱਚ ਡਿਮਾਂਸਟਰੇਟਸਜ਼ ਨੂੰ ਇਨਕਲੂਡ ਕਰ ਲਿਆ ਹੈ ਇਸੇ ਤਰ੍ਹਾਂ ਜਿਹੜਾ ਅਲਾਈਡ ਸਟਾਫ, ਐਡੀਸ਼ਨਲ ਸਟਾਫ ਹੈ ਉਸ ਨੂੰ ਵੀ ਇਨਕਲੂਡ ਕਰਨਾ ਚਾਹੀਦਾ ਹੈ। ਇਸ ਦੇ ਵਿਚ ਡਿਪਟੀ ਸਪੀਕਰ ਸਾਹਿਬ, ਇੱਕ ਹੋਰ ਗੱਲ ਦੀ ਐਡੀਸ਼ਨ ਕਰਨੀ ਚਾਹੀਦੀ ਹੈ ਕਿ ਜਿਹੜੀ ਯੂਨੀਵਰਸਿਟੀਆਂ ਵਿੱਚ, ਐਜੂਕੇਸ਼ਨ ਡਿਪਾਰਟਮੈਂਟ ਵਿਚ ਥਿੰਕਿੰਗ ਚਲ ਰਹੀ ਹੈ, ਪੰਜਾਬ ਸਰਕਾਰ ਨੂੰ ਉਹ ਇਗਨੋਰ ਨਹੀਂ ਕਰਨੀ ਚਾਹੀਦੀ। ਉਥੇ ਲਾਈਕ-ਵਾਈਜ਼ ਗਰੇਡ ਦੀ ਗੱਲ ਚਲ ਰਹੀ ਹੈ। 300/600 ਦੀ ਥਾਂ 700/1600 ਦਾ ਗਰੇਡ ਹੋ ਜਾਣਾ ਚਾਹੀਦਾ ਹੈ। ਫਰਜ਼ ਕਰੋ ਹੈਡ ਆਫ ਦੀ ਡਿਪਾਰਟਮੈਂਟ ਦਾ ਗਰੇਡ ਰਜਿਸਟਰਾਰ ਦੇ ਬਰਾਬਰ ਸੀ। ਹੁਣ ਰਿਵੀਜ਼ਨ ਦੇ ਨਾਲ ਹੈਡ ਆਫ ਦੀ ਡਿਪਾਰਟਮੈਂਟ ਦਾ ਗਰੇਡ ਹਾਇਰ ਹੋਵੇਗਾ ਅਤੇ ਰਜਿਸਟਰਾਰ ਦਾ ਘੱਟ ਹੋਵੇਗਾ। ਰਜਿਸਟਰਾਰ ਨੇ ਸਾਰਾ ਕੰਮ ਕਰਨਾ ਹੁੰਦਾ ਹੈ, ਵਾਈਸ ਚਾਂਸਲਰ ਦੇ ਬਾਅਦ ਉਸ ਨੇ ਸਾਰਾ ਕੰਟਰੋਲ ਕਰਨਾ ਹੈ ਅਤੇ ਜੇ ਉਹ ਜੂਨੀਅਰ ਸਕੇਲ ਵਿਚ ਹੋਵੇਗਾ ਤਾਂ ਉਨ੍ਹਾਂ ਦੀ ਕੋਆਰਡੀਨੇਸ਼ਨ ਨਹੀਂ ਹੋਵੇਗੀ। ਮੈਂ ਸਮਝਦਾ ਹਾਂ ਕਿ ਜਿਹੜੇ ਗਰੇਡ ਹਨ ਯੂਨੀਵਰਸਿਟੀਆਂ, ਕਾਲਜਾਂ ਵਿਚ ਇਕ ਕਾਡਰ ਦੇ ਯੂ. ਜੀ. ਸੀ. ਨੇ ਰਿਵਾਈਜ਼ ਕਰ ਦਿੱਤੇ ਹਨ ਪੰਜਾਬ ਸਰਕਾਰ ਨੂੰ ਇਸ ਦੇ ਬਾਰੇ ਸੋਚਣਾ ਚਾਹੁੰਦਾ ਹੈ। ਜਦੋਂ ਪਹਿਲਾਂ ਯੂਨੀਵਰਸਿਟੀਆਂ ਦੇ ਟੀਚਰਜ਼ ਦੇ ਗਰੇਡ ਰਿਵਾਈਜ਼ ਹੋਏ ਸੀ, ਦੂਜਿਆਂ ਦੇ ਵੀ ਹੋਏ ਸੀ। 1966 ਵਿਚ ਅਲਹਿਦਾ ਅਲਹਿਦਾ ਕਮੇਟੀਆਂ ਬਣਾ ਦਿੱਤੀਆਂ ਸਨ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਜੇ ਕਿਸੇ ਕਾਲਜ ਵਿੱਚ 300/600 ਦਾ ਗਰੇਡ 700/1600 ਵਿਚ ਆ ਸਕਦਾ ਹੈ ਤਾਂ 300/600 ਦਾ ਗਰੇਡ ਸਕੂਲ ਦੇ ਵਿੱਚ ਜੋ ਹੈ ਉਸ ਬੰਦੇ ਦਾ ਕੀ ਬਣੇਗਾ ਜਿਸਦਾ ਇਤਨਾ ਗੈਪ ਸੈਲਰੀ ਦਾ ਹੋਵੇਗਾ ? ਇਸ ਦੇ ਬਾਰੇ ਪੰਜਾਬ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਜਿਹੜੀਆਂ ਸਕੂਲ ਸਰਵਿਸਿਜ਼ ਹਨ ਉਨ੍ਹਾਂਦੀ ਪੈਰਿਟੀ ਵਿੱਚ ਕਾਲਜ ਕੇਡਰਜ਼ ਹੋਣੀ ਚਾਹੀਦੀ ਹੈ ਤਾ ਕਿ ਜਿਹੜਾ ਉਨ੍ਹਾਂ ਦਾ ਗੈਪ ਜਿਸ ਰੇਸ਼ੋ ਨਾਲ ਪਹਿਲੋਂ ਸੀ

Original with;
Punjab Vidhan Sabha
Digitized by;
Panjab Digital Library

ਉਸ ਨੂੰ ਵੱਧਣ ਨਾ ਦਿੱਤਾ ਜਾਏ। ਕਾਲਜਾਂ, ਸਕੂਲਾਂ ਅਤੇ ਯੂਨੀਵਰਸਿਟੀਆਂ ਵਿਚ ਅਸੀਂ ਜੋ ਕੁੱਝ ਵੀ ਕਰਨਾ ਹੈ, ਕੋਈ ਕੁਲੈਕਟਿਵ ਡਿਸੀਜ਼ਨ ਲੈਣਾ ਚਾਹੀਦਾ ਹੈ। ਜਿਸ ਤਰ੍ਹਾਂ 31 ਮੈਂਬਰੀ ਕਮੇਟੀ ਹੈ ਮੈਨੂੰ ਵਿਸ਼ਵਾਸ਼ ਹੈ ਕਿ ਪੰਜਾਬ ਗੌਰਮਿੰਟ ਇਸ ਵੱਲ ਜ਼ਰੂਰ ਧਿਆਨ ਦਿੰਦਿਆਂ ਹੋਇਆਂ ਜਿਹੜੀ ਸਕੂਲ ਟੀਚਿੰਗ ਸਟਾਫ਼ ਹੈ ਅਤੇ ਸਕੂਲਾਂ ਦੇ ਹੈਡਮਾਸਟਰਜ਼ ਹਨ ਜਾਂ ਪ੍ਰਿੰਸੀਪਲਜ਼ ਹਨ ਉਸ ਕੇਡਰ ਵਿਚ ਜੋ ਡਿਸਪੈਰਿਟੀ ਅਤੇ ਡਿਸਕੰਟੈਂਟਮੈਂਟ ਹੈ ਪੰਜਾਬ ਸਰਕਾਰ ਰੀਮੂਵ ਕਰੇਗੀ।

ਡਿਪਟੀ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਸਕੂਲ ਜਾਣ ਵਾਲੇ ਬੱਚਿਆਂ ਦੀ ਸਿਕਿਉਰਟੀ ਨਹੀਂ ਰਹੀ। ਸਕੂਲਾਂ ਵਿਚ ਛੋਟੇ ਛੋਟੇ ਬੱਚੇ ਜਾਂਦੇ ਹਨ 5-6-7-8 ਸਾਲਾਂ ਦੇ, ਉਨ੍ਹਾਂ ਦੀ ਕੋਈ ਸਿਕਿਉਰਟੀ ਨਹੀਂ ਰਹੀ। ਜਿਹੜੇ ਬੱਚੇ ਚੁੱਕਣ ਵਾਲੇ ਹਨ ਉਨ੍ਹਾਂ ਨੂੰ ਬਰਗਲਾ ਕੇ ਲੈ ਜਾਂਦੇ ਹਨ। ਪਟਿਆਲਾ, ਲੁਧਿਆਣਾ ਆਦਿ ਸ਼ਹਿਰਾਂ ਵਿਚ ਬਹੁਤ ਸਾਰੀਆਂ ਘਟਨਾਵ ਹੋਈਆਂ ਹਨ ਅਤੇ ਇਕ ਪੈਨਿਕ ਫੈਲਿਆ ਹੋਇਆ ਹੈ। ਹੈਡ ਆਫ ਇੰਸਟੀਚਿਊਸ਼ਨਜ਼ ਵਾਸਤੇ ਇਕ ਪ੍ਰਾਬਲਮ ਬਣੀ ਹੋਈ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਛੋਟੇ ਬੱਚਿਆਂ ਨੂੰ ਆਪਣੇ ਘਰਾਂ ਵਿਚ ਸੇਫ਼ ਪਹੁੰਚਾਇਆ ਜਾਇਆ ਕਰੇ। ਇਸ ਬਾਰੇ ਸਾਡੀ ਸਰਕਾਰ ਨੂੰ ਛੇਤੀ ਕਦਮ ਉਠਾਉਣੇ ਚਾਹੀਦੇ ਹਨ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਐਜੂਕੇਸ਼ਨ ਦਾ ਮਜਮੂਈ ਤੌਰ ਤੇ ਤੁਅੱਲਕ ਹੈ ਸਾਡੀ ਸਰਕਾਰ ਨੇ, ਚੀਫ ਮਨਿਸਟਰ ਸਾਹਿਬ ਨੇ ਰੈਵੋਲਿਊਸ਼ਨਰੀ ਫੈਸਲੇ ਕੀਤੇ ਹਨ। ਨਾਲ ਦੀ ਨਾਲ ਇਹ ਵੀ ਫੈਸਲਾ ਕੀਤਾ ਹੈ ਅਤੇ ਚੌਧਰੀ ਗੁਰਮੇਲ ਸਿੰਘ ਨੂੰ ਵਜ਼ੀਰ ਬਣਾ ਦਿੱਤਾ। ਅੱਜ ਤੋਂ ਪਹਿਲਾਂ ਇਸ ਮਹਿਕਮੇ ਦੀ ਉੱਚੀ ਜਾਤੀਆਂ ਵਾਲੇ ਜਿਹੜੇ ਲੋਕ ਹਨ ਉਨ੍ਹਾਂ ਦੀ ਮਨਾਪਲੀ ਰਹੀ ਹੈ। ਮੈਂ ਸਮਝਦਾ ਹਾਂ ਕਿ ਇਹ ਪਹਿਲੀ ਵਾਰੀ ਹੈ ਕਿ ਪੰਜਾਬ ਦੇ ਚੀਫ ਮਨਿਸਟਰ ਸਾਹਿਬ ਨੇ ਸਾਰੀ ਐਜੂਕੇਸ਼ਨ ਦਾ ਚਾਰਜ ਉਨ੍ਹਾਂ ਤੋਂ ਲੈ ਕੇ, ਜਿਹੜੇ ਸਾਮਾਜਿਕ ਤੌਰ ਤੇ ਹਾਈ ਕਲਾਸਿਜ਼ ਵਿੱਚ ਸਨ, ਅਤੇ ਜ਼ਾਤ ਪਾਤ ਦੇ ਭੇਦ ਨੂੰ ਮਿਟਾ ਕੇ ਅਤੇ ਜੰਤਾ ਵਿਚ ਹੋਰ ਗੈਪ ਨੂੰ ਘੱਟ ਕਰਨ ਵਾਸਤੇ ਇਹ ਮਹਿਕਮਾ ਇਕ ਹਰੀਜਨ ਨੂੰ ਦੇ ਦਿੱਤਾ ਹੈ। ਜਿਹੜੀ ਕਾਸਟ ਦੀ ਬੇਸਿਜ਼ ਤੇ ਡਿਸਕਰੀ- ਮੀਨੇਸ਼ਨ ਸੀ ਜਾਂ ਡਿਸਪੈਰਿਟੀ ਸੀ ਉਸ ਨੂੰ ਰਿਮੂਵ ਕੀਤਾ ਹੈ। ਮੈਂ ਸਮਝਦਾ ਹਾਂ ਕਿ ਚੌਧਰੀ ਸਾਹਿਬ ਤੇ ਜ਼ਿਮੇ- ਵਾਰੀ ਆ ਜਾਂਦੀ ਹੈ ਕਿ ਇਹ ਲੋਕਾਂ ਦੇ ਗਿਲੇ ਦੂਰ ਕਰਨ। ਸਰਵਿਸਿਜ਼ ਵਿਚ ਟੀਚਿੰਗ ਅਤੇ ਨਾਨ- ਟੀਚਿੰਗ ਵਿਚ ਹਰੀਜਨਾਂ ਦੀ ਰਿਪ੍ਰੇਜ਼ੈਂਟੇਸ਼ਨ ਜਿਹੜੀ ਸੀ ਉਹ ਘੱਟ ਸੀ। ਸਾਡੀ ਸਰਕਾਰ ਨੇ ਸਪੈਸ਼ਲ ਕਲਾਸਿਜ਼ ਲਗਾ ਕੇ ਸਪੈਸ਼ਲ ਸਕੂਲ ਖੋਲ੍ਹ ਕੇ ਉਸ ਗੈਪ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਜਿਹੜੇ ਇਸ ਪੱਖ ਵਲ ਕਦਮ ਉਠਾਏ ਗਏ ਹਨ, ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਹੋਰ ਤੇਜ਼ੀ ਨਾਲ ਕਦਮ ਉਠਾਉਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਜੋ ਫਿਗਰਜ਼ ਲਿਆਂਦੀਆਂ ਹਨ, ਉਸ ਤੋਂ ਪਤਾ ਲਗਦਾ ਹੈ ਕਿ ਸਕੂਲਾਂ ਕਾਲਜਾਂ ਵਿਚ ਜਾਣ ਵਾਲਿਆਂ ਦੀ ਪਰਸੈਂਟੇਜ਼ ਵੱਧੀ ਹੈ। ਇਸ ਗਲ ਵਲ ਉਚੇਚਾ ਧਿਆਨ ਦਿੱਤਾ ਹੈ ਅਤੇ ਸਟੂਡੈਂਟਸ ਦੀ ਤਸੱਲੀ ਕਰਾਉਣ ਲਈ ਵੀ ਕਦਮ ਚੁੱਕੇ ਹਨ। ਟੀਚਰਜ਼ ਦੀ ਬੇਹਤਰੀ ਵਾਸਤੇ ਕਦਮ ਚੁੱਕੇ ਹਨ, ਐਜੂਕੇਸ਼ਨ ਨੂੰ ਸਟਰੀਮ ਲਾਈਨ ਕਰਨ ਲਈ ਵੀ ਕਦਮ ਚੁੱਕੇ ਹਨ। ਐਜੂਕੇਸ਼ਨ ਨੂੰ ਸਮੁੱਚੇ ਤੌਰ ਤੇ ਅੱਗੇ ਲਿਜਾਣ ਲਈ ਹੋਰ ਕਦਮ ਉਠਾਇਆ ਹੈ। ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਇਹ ਜਿਹੜਾ ਵੈਸਟਨ ਥਾਟ ਹੈ ਚਾਹੇ ਸਿੱਧੇ ਤੌਰ ਤੇ ਹੈ ਜਾਂ ਅਸਿੱਧੇ ਤੌਰ ਤੇ ਹੈ ਇਸ ਨੂੰ ਵੀ ਛੇਤੀ ਤੋਂ ਛੇਤੀ ਬੰਦ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਆਪਣੀ ਸੀਟ ਲੈਂਦਾ ਹਾਂ।

**ਸ੍ਰੀ ਸਰਦਾਰੀ ਲਾਲ ਕਪੂਰ(ਲੁਧਿਆਣਾ ਉੱਤਰ)** :ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜੀ ਲੇਬਰ ਦੇ ਮਹਿਕਮੇ ਦੇ ਮੁਤਅਲਕ ਮੰਗ ਮੰਗੀ ਹੈ ਮੈਂ ਉਸ ਨੂੰ ਸਪੋਰਟ ਕਰਦਾ ਹਾਂ। ਇਸ ਦੇ ਮੁਤੱਲਕ ਮੈਂ

Original with;
Punjab Vidhan Sabha
Digitized by;
Panjab Digital Library

(ਸ੍ਰੀ ਸਰਦਾਰੀ ਲਾਲ ਕਪੂਰ)

ਦੋ ਚਾਰ ਚੀਜ਼ਾਂ ਅਰਜ਼ ਕਰਨੀਆਂ ਚਾਹੁੰਦਾ ਹਾਂ, ਕਿਉਂਕਿ ਜਿਸ ਸ਼ਹਿਰ ਵਿਚ ਮੈਂ ਰਹਿੰਦਾ ਹਾਂ ਉਥੇ ਜ਼ਿਆਦਾ ਤਰ ਲੇਬਰ ਤਬਕਾ ਕਾਰਖਾਨਿਆਂ ਵਿਚ ਕੰਮ ਕਰਦਾ ਹੈ। ਸਭ ਤੋਂ ਜ਼ਿਆਦਾ ਚੰਗੀ ਗੱਲ ਇਹ ਹੈ ਕਿ ਲੁਧਿਆਣਾ ਸ਼ਹਿਰ ਵਿਚ ਇੰਡਸਟਰੀ ਪਨਪਨਾਉਂਦੀ ਹੈ। ਉਥੇ ਜਿਹੜੀ ਲੇਬਰ ਕੰਮ ਕਰਦੀ ਹੈ ਉਸ ਦੀ ਕੁਰਬਾਨੀ ਨਾਲ ਹਿੰਦੁਸਤਾਨ ਨੂੰ ਬਾਹਰੋਂ ਜ਼ਿਆਦਾ ਰੁਪਿਆ ਪਹੁੰਚਦਾ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਉਥੇ ਦੀ ਇੰਡਸਟਰੀ ਬਾਹਰਲੇ ਮੁਲਕਾਂ ਦੀ ਕਾਫੀ ਕਰੰਸੀ ਹਿੰਦੁਸਤਾਨ ਨੂੰ ਇੰਡਸਟਰੀ ਰਾਹੀਂ ਦਿੰਦੀ ਹੈ। ਮੈਂ ਅਰਜ਼ ਕਰਾਂਗਾ ਕਿ ਜਿਹੜੀ ਉਥੇ ਕਾਰਖਾਨਿਆਂ ਵਿਚ ਲੇਬਰ ਕੰਮ ਕਰਦੀ ਹੈ ਉਸ ਦੀ ਹੈਲਥ ਵਾਸਤੇ ਕੋਈ ਇਨਕੁਆਇਰੀ ਬਿਠਾਉਣੀ ਚਾਹੀਦੀ ਹੈ ਤਾਕਿ ਉਥੇ ਦੀ ਲੇਬਰ ਦੀ ਸਿਹਤ ਠੀਕ ਰਹਿ ਸਕੇ। ਉਥੇ ਕਾਰਖਾਨਿਆਂ ਵਿੱਚ ਇਸ ਕਿਸਮ ਦੀ ਕੰਜੈਸ਼ਨ ਹੈ ਕਿ ਉਥੇ ਕੰਮ ਕਰਨਾ ਆਸਾਨ ਨਹੀਂ। ਇਹ ਗੱਲ ਠੀਕ ਹੈ ਕਿ ਪਿਛਲੇ ਦਿਨਾਂ ਨਾਲੋਂ ਜਦੋਂ ਦੀ ਐਮਰਜੰਸੀ ਲਗੀ ਹੈ ਉਥੇ ਹੜਤਾਲਾਂ ਖਤਮ ਹੋ ਗਈਆਂ ਹਨ ਅਤੇ 50 ਪ੍ਰਤੀਸ਼ਤ ਉਪਜ ਵਿੱਚ ਵਾਧਾ ਹੋਇਆ ਹੈ। ਲੁਧਿਆਣਾ ਸਾਰੇ ਮੁਲਕ ਨੂੰ ਛੋਟੀਆਂ ਛੋਟੀਆਂ ਚੀਜ਼ਾਂ ਸਪਲਾਈ ਕਰਦਾ ਹੈ। ਉਥੇ ਛੋਟੀ ਇੰਡਸਟਰੀ ਜ਼ਿਆਦਾ ਹੈ, ਵੱਡੀ ਇੰਡਸਟਰੀ ਨਹੀਂ ਹੈ। ਉਥੇ ਵੱਡੀ ਇੰਡਸਟਰੀ ਵੀ ਖੋਲ੍ਹਣੀ ਚਾਹੀਦੀ ਹੈ ਤਾਕਿ ਉਹ ਛੋਟੀ ਇੰਡਸਟਰੀ ਨੂੰ ਤਕਵੀਅਤ ਦੇ ਸਕੇ। ਜਿਹੜੀ ਲੇਬਰ ਹੈ ਉਸ ਦੇ ਵਾਸਤੇ ਉਥੇ ਹਸਪਤਾਲ ਖੋਲ੍ਹੇ ਹੋਏ ਹਨ। ਪਰ ਉਥੇ ਕੋਈ ਚੰਗਾ ਇੰਤਜ਼ਾਮ ਨਹੀਂ। ਉਥੇ ਚੰਗੀ ਹਾਲਤ ਨਹੀਂ। ਇਸ ਤੋਂ ਇਲਾਵਾ ਜਿਹੜੇ ਇੰਸ਼ੋਰੈਂਸ ਦੇ ਪੈਸੇ ਹਨ, ਲੇਬਰ ਆਪਣੇ ਤਾਂ ਦਿੰਦੇ ਹਨ ਪਰ ਜਿਹੜੇ ਮਾਲਕ ਹਨ ਉਹ ਆਪਣੇ ਪੈਸੇ ਨਹੀਂ ਦਿੰਦੇ। ਹਾਲੇ ਤਕ ਮਾਲਕਾਂ ਦੇ ਕੋਲ ਕਾਫੀ ਪੈਸੇ ਹਨ ਜਿਹੜੇ ਉਨ੍ਹਾਂ ਨੇ ਆਪਣੇ ਹਿਸੇ ਦੇ ਜਮ੍ਹਾਂ ਨਹੀਂ ਕਰਾਏ। ਉਹ ਜਿਹੜੇ ਪੈਸੇ ਹਨ ਉਨ੍ਹਾਂ ਤੋਂ ਰੈਗੂਲਰਲੀ ਜਮਾਂ ਕਰਾਉਣੇ ਚਾਹੀਦੇ ਹਨ।

ਇਕ ਅਰਜ਼ ਮੈਂ ਹੋਰ ਕਰਾਂਗਾ ਕਿ ਸ਼ਹਿਰਾਂ ਵਿੱਚ ਇੰਡਸਟਰੀ ਵਿਚ ਜਿਹੜੀ ਲੇਬਰ ਕੰਮ ਕਰਦੀ ਹੈ ਉਹ ਪਿੰਡਾਂ ਵਿੱਚੋਂ ਆਉਂਦੀ ਹੈ। ਉਹ ਬੜੀ ਬੜੀ ਦੂਰੋਂ ਸਾਈਕਲਾਂ ਤੇ ਆਉਂਦੇ ਹਨ। ਮੈਂ ਕਹਿੰਦਾ ਹਾਂ ਕਿ ਜਿਹੜੇ ਸਬ-ਅਰਬਨ ਏਰੀਆਜ਼ ਹਨ ਉਥੇ ਇੰਡਸਟਰੀ ਖੋਲ੍ਹੀ ਜਾਏ ਤਾਂ ਲੇਬਰ ਦਾ ਕੰਮ ਠੀਕ ਹੋਵੇਗਾ। ਇਸ ਦੇ ਨਾਲ ਜਿਹੜੀ ਸ਼ਹਿਰਾਂ ਵਿਚ ਪਾਪੂਲੇਸ਼ਨ ਵਧ ਰਹੀ ਹੈ ਉਹ ਘਟੇਗੀ।

ਇਕ ਗੱਲ ਮੈਂ ਇਹ ਕਹਾਂਗਾ ਕਿ ਜਿੰਨੀ ਲੇਬਰ ਕਾਰਖਾਨਿਆਂ ਵਿਚ ਕੰਮ ਕਰਦੀ ਹੈ ਉਨ੍ਹਾਂ ਦੀ ਸਿਹਤ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਪਿਛਲੇ ਦਿਨਾਂ ਉਨ੍ਹਾਂ ਦਾ ਐਗਜ਼ਾਮੀਨੇਸ਼ਨ ਹੋਇਆ ਸੀ ਅਤੇ ਕੁਝ ਬੰਦੇ ਐਸੇ ਸਨ ਜਿਨ੍ਹਾਂ ਨੂੰ ਤਪਦਿਕ ਦੀ ਕਾਫੀ ਤਕਲੀਫ ਸੀ। ਇਸ ਦੇ ਕਾਰਣ 50 ਸਾਲ ਦੀ ਉਮਰ ਤੋਂ ਪਹਿਲਾਂ ਹੀ ਉਹ ਮਰ ਜਾਂਦੇ ਹਨ। ਇਸ ਵਲ ਬੜੀ ਧਿਆਨ ਦੇਣ ਦੀ ਲੋੜ ਹੈ ਤਾਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਮਹਿਫੂਜ਼ ਹੋ ਸਕਣ। ਮੈਂ ਕਹਿੰਦਾ ਹਾਂ ਕਿ ਜਿਹੜੀ ਲੇਬਰ ਕਾਰਖਾਨਿਆਂ ਵਿਚ ਕੰਮ ਕਰਦੀ ਹੈ ਉਨ੍ਹਾਂ ਦੀ ਲਾਜ਼ਮੀ ਤੌਰ ਤੇ ਇਨਸ਼ੋਰੈਂਸ ਹੋਣੀ ਚਾਹੀਦੀ ਹੈ ਤਾਕਿ ਉਨ੍ਹਾਂ ਨੂੰ ਪੂਰੇ ਪੈਸੇ ਮਿਲ ਸਕਣ। ਉਨ੍ਹਾਂ ਦੇ ਜਦੋਂ ਕੋਈ ਐਕਸੀਡੈਂਟਸ ਹੋ ਜਾਂਦੇ ਹਨ ਤਾਂ ਉਹ ਅਦਾਲਤਾਂ ਵਿਚ ਰੁਲਦੇ ਰਹਿੰਦੇ ਹਨ ਉਨ੍ਹਾਂ ਦੀ ਕੋਈ ਗਲ ਨਹੀਂ ਸੁਣਦਾ। ਉਹ ਹੜਤਾਲਾਂ ਤਾਂ ਕਰ ਨਹੀਂ ਸਕਦੇ ਅਤੇ ਲੇਬਰ ਕੋਰਟਸ ਵਿਚ ਜਾਂਦੇ ਹਨ। ਕੇਸਿਜ਼ ਕਈ ਸਾਲ ਪੈਂਡਿੰਗ ਪਏ ਰਹਿੰਦੇ ਹਨ ਅਤੇ ਉਹ ਫੀਸਾਂ ਦਿੰਦੇ ਥੱਕ ਜਾਂਦੇ ਹਨ। ਇਸ ਤਰ੍ਹਾਂ ਦਾ ਕਾਨੂੰਨ ਬਣਾਉਣਾ ਚਾਹੀਦਾ ਹੈ ਕਿ 3 ਮਹੀਨਿਆਂ ਦੇ ਅੰਦਰ ਅੰਦਰ ਉਨ੍ਹਾਂ ਦੇ ਕੇਸਾਂ ਦਾ ਫੈਸਲਾ ਹੋ ਕੇ ਉਨ੍ਹਾਂ ਨੂੰ ਪੈਸੇ ਮਿਲ ਜਾਣ। ਜਦੋਂ ਡਿਗਰੀਆਂ ਹੋ ਜਾਂਦੀਆਂ ਹਨ ਉਸ ਦੇ ਬਾਅਦ ਵੀ ਜਿਹੜੇ ਮਾਲਕ ਹਨ ਉਨ੍ਹਾਂ ਦੇ ਹੱਥ ਲੰਬੇ ਹੁੰਦੇ ਹਨ। ਉਹ ਕੋਈ ਨਾ ਕੋਈ ਤਰੀਕਾ ਐਸਾ ਬਣਾ ਲੈਂਦੇ ਹਨ ਜਿਸ ਨਾਲ ਡਿਗਰੀਦਾਰ ਜਿਹੜਾ ਹੈ ਉਸ ਨੂੰ ਕਿੰਨਾ ਕਿੰਨਾ ਚਿਰ ਪੈਸਾ ਨਹੀਂ ਮਿਲਦਾ। ਇਸ ਦਾ ਇੰਤਜ਼ਾਮ ਕਰਨ ਦੀ ਜ਼ਰੂਰਤ ਹੈ ਤਾਕਿ ਲੇਬਰ ਜਿਹੜੀ ਮੇਹਨਤ ਕਰਦੀ ਹੈ, ਉਸ ਨੂੰ ਪੈਸੇ ਮਿਲ ਸਕਣ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਐਜੂਕੇਸ਼ਨ ਦੇ ਬਾਰੇ ਵਿਚ ਅਰਜ਼ ਕਰਨਾ ਚਾਹਾਂਗਾ। ਸਾਡੇ ਪੰਜਾਬ ਵਿਚ ਕਾਫੀ ਸੂਬਿਆਂ ਨਾਲੋਂ ਐਜੂਕੇਸ਼ਨ ਵਿਚ ਤਰੱਕੀ ਹੋਈ ਹੈ। ਕਾਫੀ ਗਿਣਤੀ ਵਿਚ ਬੱਚੇ ਹੁਣ ਸਕੂਲ ਜਾਂਦੇ ਹਨ। ਪਰ ਛੋਟੇ ਤਬਕੇ ਦੇ ਜਿਹੜੇ ਬੰਦੇ ਹਨ, ਗਰੀਬ ਬੰਦੇ ਹਨ ਉਨ੍ਹਾਂ ਦਾ ਖਿਆਲ ਇਹ ਹੁੰਦਾ ਹੈ ਕਿ ਕਿਸੇ ਤਰਕੀਬ ਨਾਲ ਉਨ੍ਹਾਂ ਦੇ ਬੱਚੇ ਬਜਾਏ ਸਕੂਲਾਂ ਵਿਚ ਜਾਣ ਦੇ ਕਿਤੇ ਨਾ ਕਿਤੇ ਕੰਮ ਕਰਕੇ ਪੈਸੇ ਕਮਾ ਕੇ ਲਿਆਉਣ ਕਿਉਂਕਿ ਉਨ੍ਹਾਂ ਦਾ ਗੁਜ਼ਾਰਾ ਨਹੀਂ ਚੱਲਦਾ। ਇਸ ਚੀਜ਼ ਦੇ ਮੁਤੱਲਕ ਇਨਕੁਆਇਰੀ ਦੀ ਲੋੜ ਹੈ। ਸਾਡੇ ਕੋਲ ਸਟੈਟਿਸਟਿਕਸ ਆ ਜਾਂਦੇ ਹਨ। ਉਸ ਦੇ ਵਿੱਚ ਲਿਖਿਆ ਹੁੰਦਾ ਹੈ ਕਿ 98 ਪ੍ਰਤੀਸ਼ਤ ਬੱਚੇ ਸਕੂਲਾਂ ਵਿਚ ਜਾਣ ਲਗ ਪਏ ਹਨ। ਇਹ ਜਾਚਣ ਦੀ ਲੋੜ ਹੈ ਕਿ ਵਾਕਈ ਬੱਚੇ ਜਾਣ ਲਗ ਪਏ ਹਨ, ਜਾਂ ਇਸ ਦੇ ਵਿੱਚ ਕੋਈ ਮੁਗਾਲਤਾ ਹੈ ਜਾਂ ਕਮੀ ਹੈ। ਇਸ ਚੀਜ਼ ਨੂੰ ਜਾਚਣ ਦੀ ਜ਼ਰੂਰਤ ਹੈ। ਜਿਤਨੀਆਂ ਵੀ ਐਜੂਕੇਸ਼ਨਲ ਇਨਸਟੀਚਿਊਸ਼ਨਜ਼ ਹਨ ਖਾਸ ਕਰਕੇ ਪ੍ਰਾਈਵੇਟ ਇੰਸਟੀਚਿਊਸ਼ਨਜ਼, ਇਨ੍ਹਾਂ ਦੀ ਮੈਂ ਸ਼ਲਾਘਾ ਕਰਾਂਗਾ। ਇਨ੍ਹਾਂ ਵਿੱਚ ਗੌਰਮਿੰਟ ਦੀਆਂ ਬਹੁਤ ਥੋੜੀਆਂ ਇੰਸਟੀਚਿਊਸ਼ਨਜ਼ ਹਨ। ਇਨ੍ਹਾਂ ਤੇ ਤਾਲੀਮ ਨੂੰ ਫੈਲਾ ਕੇ ਪੰਜਾਬ ਵਿਚ ਕਾਫੀ ਜ਼ਿਆਦਾ ਕੰਮ ਕੀਤਾ ਹੈ। ਉਸ ਕੰਮ ਵਿੱਚ ਪ੍ਰਾਈਵੇਟ ਇੰਸਟੀਚਿਊਸ਼ਨਜ਼ ਨੇ ਕਾਫੀ ਮੱਦਦ ਕੀਤੀ ਹੈ। ਇਨ੍ਹਾਂ ਪ੍ਰਾਈਵੇਟ ਇੰਸਟੀ-ਚਿਊਸ਼ਨਜ਼ ਵਿਚੋਂ ਪੜ੍ਹ ਕੇ ਬੜੀਆਂ ਚੰਗੀਆਂ ਚੰਗੀਆਂ ਹਸਤੀਆਂ ਨਿਕਲੀਆਂ ਹਨ। ਜਿਸ ਤਰ੍ਹਾਂ ਡੀ.ਏ.ਵੀ. ਕਾਲਜ ਹੈ, ਖਾਲਸਾ ਕਾਲਜ ਹੈ ਜਾਂ ਆਰੀਆ ਕਾਲਜ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਇੰਸਟੀਚਿਊਸ਼ਨਜ਼ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। /ਹੁਣ ਇਨ੍ਹਾਂ ਦੇ ਮੁਕਾਬਲੇ ਵਿਚ ਗੌਰਮਿੰਟ ਸਕੂਲ ਤੇ ਕਾਲਜ ਖੁਲ੍ਹ ਗਏ ਹਨ। ਉਨ੍ਹਾਂ ਦੀਆਂ ਫੀਸਾਂ ਘੱਟ ਹੋਣ ਕਰਕੇ ਪ੍ਰਾਈਵੇਟ ਇੰਸਟੀਚਿਊਸ਼ਨਜ਼ ਚੰਗੀ ਤਰ੍ਹਾਂ ਨਹੀਂ ਚੱਲ ਰਹੀਆਂ। ਉਨ੍ਹਾਂ ਦੀ ਮਾਲੀ ਤੌਰ ਤੇ ਹਾਲਤ ਚੰਗੀ ਨਹੀਂ। ਇਨ੍ਹਾਂ ਸਕੂਲਾਂ ਵਿੱਚ ਐਸੇ ਐਸੇ ਹਾਲਾਤ ਪੈਦਾ ਹੋ ਗਏ ਹਨ ਜਿਸ ਕਾਰਣ ਕਈ ਕਈ ਮਹੀਨੇ ਟੀਚਰਜ਼ ਨੂੰ ਤਨਖਾਹਾਂ ਹੀ ਨਹੀਂ ਮਿਲਦੀਆਂ। ਮੈਂ ਸਮਝਦਾ ਹਾਂ ਕਿ ਗੌਰਮਿੰਟ ਨੂੰ ਇਸਦੇ ਮੁਤੱਲਿਕ ਇਨਕੁਆਇਰੀ ਕਰਕੇ ਦੇਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਤਨਖਾਹਾਂ ਕਿਉਂ ਨਹੀਂ ਮਿਲਦੀਆਂ। ਦੂਸਰਾ ਇਹ ਪਾਬੰਦੀ ਲਾ ਦਿੱਤੀ ਹੈ ਕਿ ਹੁਣ ਹੋਰ ਟੀਚਰਜ਼ ਇਹ ਇੰਸਟੀਚਿਊਸ਼ਨਜ਼ ਨਹੀਂ ਰੱਖ ਸਕਦੀਆਂ। ਜੇ ਕਿਸੇ ਜਮਾਤ ਵਿੱਚ ਹੁਣ ਬੱਚਿਆਂ ਦੀ ਤਾਦਾਦ 150 ਹੋ ਗਈ ਹੋਵੇ ਤਾਂ ਉਨ੍ਹਾਂ ਨੂੰ ਕਿਸ ਤਰ੍ਹਾਂ ਪੜ੍ਹਾਇਆ ਜਾ ਸਕਦਾ ਹੈ। ਅਗਰ ਟੀਚਰ ਰੱਖਣ ਦੀ ਇਜਾਜ਼ਤ ਸਰਕਾਰ ਦੇ ਦੇਵੇ ਤਾਂ ਪੜ੍ਹਾਈ ਦਾ ਕੰਮ ਚੰਗੀ ਤਰ੍ਹਾਂ ਚਲ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਲੁਧਿਆਣੇ ਵਿਚ ਇੱਕ ਆਰੀਆ ਸਕੂਲ ਹੈ। ਕਿਸੇ ਵੇਲੇ ਸਾਰੇ ਪੰਜਾਬ ਵਿਚ ਬੜਾ ਟਾਪ ਦਾ ਸਕੂਲ ਗਿਣਿਆ ਜਾਂਦਾ ਸੀ। ਪੰਜਾਬ ਵਿੱਚ ਮੰਨਿਆ ਹੋਇਆ ਸਕੂਲ ਸੀ। ਸਾਡੇ ਸਾਬਕਾ ਵਾਈਸ-ਪ੍ਰੈਜ਼ੀਡੈਂਟ ਆਫ ਇੰਡੀਆ, ਪਾਠਕ ਸਾਹਿਬ, ਉਸੇ ਹੀ ਸਕੂਲ ਦੇ ਤਾਲਬ-ਇਲਮ ਸਨ। ਹੋਰ ਵੀ ਵੱਡੀਆਂ ਵੱਡੀਆਂ ਹਸਤੀਆਂ, ਚੀਫ ਆਫ ਦੀ ਆਰਮੀ ਸਟਾਫ ਉਸੇ ਹੀ ਸਕੂਲ ਵਿਚ ਪੜ੍ਹੇ ਸਨ। ਅੱਜ ਬਦਕਿਸਮਤੀ ਇਹ ਹੈ ਕਿ ਉਸ ਸਕੂਲ ਦੀ ਹਾਲਤ ਬੜੀ ਦਿਗਰਗੋਂ ਹੈ। ਉਥੋਂ ਦੀ ਹਾਲਤ ਬਹੁਤ ਖਰਾਬ ਹੈ। ਉਥੋਂ ਦੇ ਬੱਚਿਆਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਕੀ ਬਣੇਗਾ। ਉਥੋਂ ਦੀ ਮੈਨੇਜਮੈਂਟ ਵਿੱਚ ਜਿਹੜੀ ਲੜਾਈ ਹੈ, ਉਸਨੇ ਸਕੂਲ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ,। ਉਥੋਂ ਦੇ ਟੀਚਰਜ਼ ਨੂੰ ਤਨਖਾਹ ਮਿਲੇ ਨੂੰ ਕਿੰਨਾ ਕਿੰਨਾ ਚਿਰ ਹੋ ਗਿਆ ਹੈ।/ ਕੌਣ ਤਨਖਾਹ ਦੇਵੇ। ਮੈਂ ਸਮਝਦਾ ਹਾਂ ਕਿ ਮਹਿਕਮੇ ਨੂੰ ਇਹ ਕੰਮ ਸੰਭਾਲਣਾ ਚਾਹੀਦਾ ਹੈ ਅਤੇ ਜਾਂਚ ਕਰਨੀ ਚਾਹੀਦੀ ਹੈ ਕਿ ਕੀ ਤਰੀਕਾ ਅਖਤਿਆਰ ਕੀਤਾ ਜਾਵੇ। ਫਿਰ ਮੈਡੀਕਲ ਇੰਸਟੀ-ਚਿਊਸ਼ਨਜ਼ ਹਨ, ਉਨ੍ਹਾਂ ਦੇ ਵਿਚ ਤਾਲੀਮ ਦੀ ਜੋ ਹਾਲਤ ਹੈ ਉਸ ਬਾਰੇ ਮੈਂ ਅਰਜ਼ ਕਰਾਂਗਾ। ਜਿਹੜੀਆਂ ਗੈਰ ਸਰਕਾਰੀ ਮੈਡੀਕਲ ਇੰਸਟੀਚਿਊਸ਼ਨਾਂ ਹਨ ਉਨ੍ਹਾਂ ਦੇ ਵਿੱਚ ਕਾਫੀ ਜ਼ਿਆਦਾ ਮੁਸ਼ਕਲਾਤਾਂ ਹਨ। ਇਹ ਮੁਸ਼ਕਲਾਂ ਜਿਹੜੇ ਪੜ੍ਹਨ ਵਾਲੇ ਹਨ ਅਤੇ ਜਿਹੜੇ ਹਸਪਤਾਲ ਵਿੱਚ ਇਲਾਜ ਕਰਾਉਣ ਵਾਲੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਹਨ ਉਨ੍ਹਾਂ ਨੂੰ ਪੇਸ਼ ਆਉਂਦੀਆਂ ਹਨ। ਗੌਰਮਿੰਟ ਹਸਪਤਾਲ ਵਿਚ ਜਿਹੜਾ ਮਰੀਜ਼ ਦਾਖਲ ਹੁੰਦਾ ਹੈ ਉਸ ਨੂੰ ਕੋਈ ਪੈਸਾ ਨਹੀਂ ਦੇਣਾ ਪੈਂਦਾ। ਇਸ ਦੇ ਮੁਕਾਬਲੇ ਵਿਚ ਜਿਹੜਾ ਪ੍ਰਾਈਵੇਟ ਹਸਪਤਾਲ ਹੋਵੇ ਉਥੇ ਮਰੀਜ਼ ਨੂੰ ਪੈਸੇ ਦੇਣੇ ਪੈਂਦੇ ਹਨ ਕਿਉਂਕਿ ਕਾਲਜ ਨਹੀਂ ਚਲਦਾ ਜਦ ਤਕ ਕਿ ਉਨ੍ਹਾਂ ਤੋਂ ਪੈਸੇ ਨਾ ਲਏ ਜਾਣ। ਉਨ੍ਹਾਂ ਪ੍ਰਾਈਵੇਟ ਮੈਡੀਕਲ ਕਾਲਜਾਂ ਵਿਚ ਫੀਸਾਂ ਵੀ ਬਹੁਤ ਜ਼ਿਆਦਾ ਹੁੰਦੀਆਂ ਹਨ ਅਤੇ ਇਸ ਕਰਕੇ ਗਰੀਬ ਸਟੂਡੈਂਟ ਉਥੇ ਦਾਖਲ ਨਹੀਂ ਹੋ ਸਕਦੇ। ਮੈਂ ਦਯਾਨੰਦ ਮੈਡੀਕਲ ਕਾਲਜ ਲੁਧਿਆਣਾ ਦੀ ਗੱਲ ਦਸਦਾ ਹਾਂ ਮੈਂ ਉਸ ਕਾਲਜ ਦੀ ਗਵਰਨਿੰਗ ਬਾਡੀ ਦਾ ਮੈਂਬਰ ਹਾਂ। ਮੈਨੂੰ ਬਹੁਤ ਦੁੱਖ ਹੈ ਕਿ ਉਥੇ 9,000 ਫੀਸ ਦੇਕੇ ਹੀ ਕੋਈ ਬੱਚਾ ਦਾਖਲ ਹੋ ਸਕਦਾ ਹੈ। ਨਾਰਮਲ ਹਾਲਤ ਵਿਚ ਭਾਵੇਂ ਉਹ ਹਰੀਜਨ ਹੋਵੇ ਜਾਂ ਨਾਨ-ਹਰੀਜਨ ਹੋਵੇ, ਉਸਨੂੰ ਇਤਨੀ ਫੀਸ ਦੇਣੀ ਪੈਂਦੀ ਹੈ। ਇੱਕ ਗਰੀਬ ਆਦਮੀ ਦਾ ਬੱਚਾ ਕਿਸ ਤਰ੍ਹਾਂ ਉਸ ਸਕੂਲ ਵਿਚ ਦਾਖਲ ਹੋ ਸਕਦਾ ਹੈ। ਉਹ 9,000 ਰੁਪਿਆ ਫੀਸ ਕਿਉਂ ਲੈਂਦੇ ਹਨ। ਇਸ ਕਰਕੇ ਕਿ ਉਥੇ ਖਰਚਾ ਬਹੁਤ ਜ਼ਿਆਦਾ ਹੈ। ਇਸ ਸਿਲਸਿਲੇ ਵਿਚ ਮੈਂ ਆਪਣੇ ਵਿੱਤ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਸ ਮੈਡੀਕਲ ਕਾਲਜ ਨੂੰ ਚਲਾਉਣ ਵਾਸਤੇ ਉਹ ਜ਼ਿਆਦਾ ਤੋਂ ਜ਼ਿਆਦਾ ਪੈਸੇ ਦੇਣ। ਇਨ੍ਹਾਂ ਨੇ ਪਹਿਲਾਂ ਵੀ ਬੜੀ ਮੇਹਨਤ ਕੀਤੀ ਅਤੇ ਕਾਫੀ ਪੈਸਾ ਦਿੱਤਾ। ਮਗਰ ਫਿਰ ਵੀ ਐਸੀਆਂ ਜਿਹੜੀਆਂ ਇੰਸਟੀ-ਚਿਊਸ਼ਨਜ਼ ਹਨ ਉਹ ਉਦੋਂ ਤਕ ਚੱਲ ਨਹੀਂ ਸਕਦੀਆਂ ਜਦ ਤਕ ਕਿ ਸਰਕਾਰ ਉਨ੍ਹਾਂ ਨੂੰ ਚੰਗੀ ਤਰ੍ਹਾਂ ਪੈਸਾ ਨਾ ਦੇਵੇ। ਜੇਕਰ ਸਰਕਾਰ ਕਾਫੀ ਪੈਸਾ ਦੇਵੇ ਤਾਂ ਉਥੇ ਗਰੀਬ ਸਟੂਡੈਂਟਸ ਵੀ ਦਾਖਲ ਹੋ ਕੇ ਪੜ੍ਹ ਸਕਦੇ ਹਨ। ਮੈਂ ਇਸ ਸਿਲਸਿਲੇ ਵਿਚ ਇਹ ਪ੍ਰਾਰਥਨਾ ਕਰਾਂਗਾ ਕਿ ਉਸ ਇੰਸਟੀਚਿਊਸ਼ਨ ਦੀ ਮੱਦਦ ਕੀਤੀ ਜਾਵੇ। ਮੈਂ ਇਨ੍ਹਾਂ ਸ਼ਬਦਾਂ ਨਾਲ ਇਨ੍ਹਾਂ ਦੋਨੋਂ ਡਿਮਾਂਡਜ਼ ਨੂੰ ਸਪੋਰਟ ਕਰਦਾ ਹਾਂ।

**ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ** (ਖੰਨਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ ਮੈਂ ਕੁੱਝ ਜ਼ਿਆਦਾ ਨਹੀਂ ਕਹਾਂਗਾ। ਮਾਨਯੋਗ ਮੈਂਬਰ ਸਰਦਾਰੀ ਲਾਲ ਜੀ ਨੇ ਜਿਸ ਗੱਲ ਵੱਲ ਸੰਕੇਤ ਕੀਤਾ ਹੈ ਉਸ ਬਾਰੇ ਮੈਂ ਤੁਹਾਡੇ ਰਾਹੀਂ ਸਰਕਾਰ ਪਾਸ ਕੁਝ ਅਰਜ਼ ਕਰਨਾ ਚਾਹੁੰਦਾ ਹਾਂ ਅਤੇ ਮੈਨੂੰ ਆਸ ਹੈ ਕਿ ਉਸ ਵਿਸ਼ੇ ਉਤੇ ਸਰਕਾਰ ਛੇਤੀ ਵਿਚਾਰ ਕਰੇਗੀ। ਪ੍ਰਾਈਵੇਟ ਸਕੂਲਾਂ ਦੀਆਂ ਸਮੱਸਿਆਵਾਂ ਇਸ ਹਾਊਸ ਵਿਚ ਹਰ ਬਾਰ ਆਉਂਦੀਆਂ ਰਹਿੰਦੀਆਂ ਹਨ। ਮੇਰਾ ਪ੍ਰਾਈਵੇਟ ਸਕੂਲਾਂ ਦੀ ਐਡਮਨਿਸਟਰੇਸ਼ਨ ਨਾਲ ਬਹੁਤ ਜ਼ਿਆਦਾ ਸਬੰਧ ਹੈ। ਇਸ ਵਾਸਤੇ ਮੈਂ ਤੁਹਾਡੇ ਰਾਹੀਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿੱਥੇ ਸਰਕਾਰ ਨੇ ਐਜੂਕੇਸ਼ਨ ਨੂੰ ਫੈਲਾਉਣ ਵਾਸਤੇ ਵੱਧ ਤੋਂ ਵੱਧ ਰਕਮ ਰੱਖੀ ਹੈ ਉਥੇ ਐਜੂਕੇਸ਼ਨ ਦੇ ਵਿਚ ਕੁੱਝ ਪ੍ਰੀਵਰਤਨ ਲਿਆਉਣ ਦੀ ਵੀ ਲੋੜ ਹੈ। ਸਰਕਾਰ ਨੇ ਉਹ ਪ੍ਰੀਵਰਤਨ, ਜਿਨ੍ਹਾਂ ਨੂੰ ਲਿਆ ਕੇ ਅਸੀਂ ਸ਼ਿਖਸ਼ਾ ਨੂੰ ਬੱਚਿਆਂ ਦਾ ਰਾਸ਼ਟਰੀ ਚਰਿੱਤਰ ਬਣਾਉਣ ਵਾਸਤੇ ਇਸਤੇਮਾਲ ਕਰ ਸਕਦੇ ਹਾਂ, ਉਹ ਹਾਲੇ ਤੱਕ ਸਰਕਾਰ ਨੇ ਨਹੀਂ ਲਿਆਂਦੇ ਅਤੇ ਨਾ ਹੀ ਉਨ੍ਹਾਂ ਵੱਲ ਸਰਕਾਰ ਦਾ ਧਿਆਨ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਬਹੁਤ ਵੱਡੇ ਨੀਤੀਵਾਨ ਚਾਣਕਯ ਦਾ ਕਥਨ ਹੈ :

ਚਾਰਿਤਰਸਯ ਮੂਲਮ ਸਵਰਾਜਯਮ ।

ਸਵਰਾਜ ਨੂੰ, ਆਜ਼ਾਦੀ ਨੂੰ, ਚਰਿੱਤਰ ਹੀ ਮਜ਼ਬੂਤ ਕਰਦਾ ਹੈ ਅਤੇ ਬੱਚਿਆਂ ਦਾ ਚਰਿੱਤਰ ਵਿਦਿਆ ਦੇ ਰਾਹੀਂ ਬਣਦਾ ਹੈ। ਇਸ ਲਈ ਮੈਂ ਪਹਿਲੀ ਗੱਲ ਸਰਕਾਰ ਨੂੰ ਕਹਿਣੀ ਚਾਹਾਂਗਾ ਕਿ ਵਿਦਿਆ ਦਾ ਮਹਿਕਮਾ ਜਿਤਨਾ ਵਿਕਾਸ ਕਰ ਰਿਹਾ ਹੈ ਉਸ ਦੇ ਲਈ ਧੰਨਵਾਦ ਅਤੇ ਨਾਲ ਦੇ ਨਾਲ ਸਕੂਲਾਂ ਵਿਚ ਜਿਹੜੀ ਸ਼ਿਖਸ਼ਾ ਦਿੱਤੀ ਜਾਂਦੀ ਹੈ ਉਹ ਰਾਸ਼ਟਰੀ ਹੋਵੇ, ਸੈਕੁਲਰਜ਼ਿਮ ਉਤੇ ਆਧਾਰਿਤ ਹੋਵੇ ਅਤੇ ਬੱਚਿਆਂ ਦੇ ਜੀਵਨ ਨੂੰ ਸੱਚੇ ਅਰਥਾਂ ਵਿਚ ਭਾਰਤੀ ਬਣਾਉਣ ਵਾਸਤੇ ਹੋਵੇ।। ਹੁਣ ਮੈਂ ਪ੍ਰਾਈਵੇਟ ਸਕੂਲਾਂ ਬਾਰੇ ਅਰਜ਼ ਕਰਦਾ ਹਾਂ। ਮੇਰੇ ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਜਦੋਂ ਦਿਲੀ ਪੈਟਰਨ ਲਾਗੂ ਹੋਇਆ ਉਦੋਂ ਸਕੂਲਾਂ ਵਿਚ ਸਟਰੈਂਗਥ ਸੀ

Original with;
Punjab Vidhan Sabha
Digitized by;
Panjab Digital Library

ਅਤੇ ਵਿਸ਼ੇਸ਼ ਕਰਕੇ ਪ੍ਰਾਈਮਰੀ ਵਿਭਾਗ ਵਿਚ, ਉਸ ਅਧਾਰ ਤੇ ਸਟਾਫ ਨਿਯੁਕਤ ਕਰ ਦਿੱਤਾ ਗਿਆ ਅਤੇ ਉਸਦੀ ਮਨਜ਼ੂਰੀ ਦੇ ਦਿੱਤੀ ਗਈ। ਪ੍ਰਦੇਸ਼ ਵਿਚ ਪ੍ਰਾਈਮਰੀ ਸ਼ਿਖਸ਼ਾ ਲਾਜ਼ਮੀ ਹੈ। ਪਹਿਲਾਂ ਕਲਾਸ ਵਿੱਚ ਬੱਚਿਆਂ ਦੀ ਤਾਦਾਦ 60 ਸੀ। ਅੱਜ ਡਿਪਟੀ ਸਪੀਕਰ ਸਾਹਿਬ ਉਨ੍ਹਾਂ ਸਕੂਲਾਂ ਵਿਚ ਪਹਿਲੀ ਜਮਾਤ ਦੇ ਵਿੱਚ ਬੱਚਿਆਂ ਦੀ ਤਾਦਾਦ 150 ਹੋ ਗਈ ਹੈ। ਕਿਸੇ ਵਿਚ 140 ਹੈ। ਪਰ ਸਟਾਫ ਉਹੀ ਲੱਗਾ ਹੈ। ਇਸ ਵਾਸਤੇ ਵਜ਼ੀਰ ਖਜ਼ਾਨਾ ਸਾਹਿਬ, ਉਸ ਸਟਾਫ ਦੀ ਸਟਰੈਂਥ ਨੂੰ ਫਰੀਜ਼ ਜਿਹੜਾ ਕੀਤਾ ਹੈ, ਉਸਨੂੰ ਰਿਵਾਈਜ਼ ਕਰਨ ਤੀਸਰੀ ਚੀਜ਼ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਵੇਂ ਆਰੀਆ ਸਕੂਲ ਦਾ ਜ਼ਿਕਰ ਹੋਇਆ, ਮੈਂ ਉਸ ਸਕੂਲ ਦੇ ਪਰਬੰਧ ਦਾ ਇਨਚਾਰਜ ਹਾਂ। ਪਰ ਬਦਕਿਸਮਤੀ ਨਾਲ ਉਥੇ ਰਾਜਨੀਤੀ ਨੂੰ ਲਿਆ ਕੇ ਝਗੜਾ ਕੀਤਾ ਗਿਆ ਹੈ। ਅਸੀਂ ਸਰਕਾਰ ਨੂੰ ਬਾਰ ਬਾਰ ਲਿਖ ਚੁਕੇ ਹਾਂ ਕਿ ਟੀਚਰਜ਼ ਸਰਵਿਸ ਸਿਕਉਰਟੀ ਐਕਟ ਦੇ ਅਧੀਨ ਸਰਕਾਰ ਨੂੰ ਪਾਵਰ ਹੈ ਕਿ ਜੇ ਕਿਸੇ ਸੰਸਥਾ ਦੀ ਪ੍ਰਬੰਧਕ ਸੰਮਤੀ ਵਿਚ ਝਗੜਾ ਹੋਵੇ ਤਾਂ ਸਟਾਫ ਦੀ ਸੈਲਰੀ ਦੀ ਡਿਸਬਰਸਮੈਂਟ ਦਾ ਅਧਿਕਾਰ ਡੀ. ਪੀ. ਆਈ ਨੂੰ ਹੋਵੇਗਾ। ਮੈਂ ਸਰਕਾਰ ਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿੱਥੇ ਇਸ ਕਿਸਮ ਦਾ ਝਗੜਾ ਹੋਵੇ ਉਥੇ ਟੀਚਰਾਂ ਦੀ ਸੈਲਰੀ ਦਾ ਡਿਸਬਰਸਮੈਂਟ ਦਾ ਪ੍ਰਬੰਧ ਡੀ. ਪੀ. ਆਈ. ਦੇ ਰਾਹੀਂ ਉਸ ਐਕਟ ਦੇ ਅਧੀਨ ਛੇਤੀ ਤੋਂ ਛੇਤੀ ਕਰਵਾਇਆ ਜਾਵੇ। ਇਸ ਸਕੂਲ ਵਿਚ ਤਾਲੀਮ ਵਿਚ ਕੋਈ ਕਮੀ ਨਹੀਂ ਲੇਕਿਨ ਦਿੱਕਤ ਇਹ ਹੈ . . .

**ਸਰਦਾਰ ਬੇਅੰਤ ਸਿੰਘ** : ਆਨ ਏ ਪੁਆਇੰਟ ਆਫ ਆਰਡਰ ਸਰ।

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਬਾਅਦ ਵਿਚ ਕਰ ਲੈਣਾ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਡਿਪਟੀ ਸਪੀਕਰ ਸਾਹਿਬ, ਸਟਾਫ ਦੀ ਸੈਲਰੀ ਦੀ ਡਿਸ-ਬਰਸਮੈਂਟ ਸਰਕਾਰ ਆਪਣੇ ਰਾਹੀਂ ਕਰਵਾਏ। ਐਕਟ ਦੇ ਅਧੀਨ ਸਕੂਲ ਦੇ ਪ੍ਰਬੰਧ ਲੈਣ ਦੀ ਜਿਹੜੀ ਪਾਵਰ ਹੈ ਉਸਦਾ ਪ੍ਰਯੋਗ ਕਰਕੇ ਸਾਡੀ ਸਮੱਸਿਆ ਸੁਲਝ ਸਕਦੀ ਹੈ। ਜਿਹੜੇ ਪ੍ਰਾਈਵੇਟ ਸਕੂਲ ਹਨ, ਚਾਹੇ ਉਹ ਆਰੀਆ ਸਕੂਲ ਹਨ ਜਾਂ ਸਨਾਤਨ ਧਰਮ ਸਕੂਲ ਹਨ ਜਾਂ ਖਾਲਸਾ ਸਕੂਲ ਹਨ। ਇਨ੍ਹਾਂ ਬਾਰੇ ਸਰਕਾਰ ਇਸ ਪੁਆਇੰਟ ਨੂੰ ਐਗਜ਼ਾਮਿਨ ਕਰੇ ਅਤੇ ਸਾਡੀ ਮੱਦਦ ਕਰੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਬੇਅੰਤ ਸਿੰਘ** : [* * * *]

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ।

**ਸਰਦਾਰ ਬੇਅੰਤ ਸਿੰਘ** : [* * * *]

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ।

**ਚੌਧਰੀ ਰਾਮ ਸਿੰਘ** (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਤਾਲੀਮ ਦੀ ਡਿਮਾਂਡਜ਼ ਉੱਤੇ ਬੋਲਣ ਲਈ ਖੜ੍ਹਾ ਹੋਇਆ ਹਾਂ ...........

(ਚੌਧਰੀ ਜਗਤ ਰਾਮ ਜੀ ਵੱਲੋਂ ਵਿਘਨ)

**ਸ਼੍ਰੀ ਡਿਪਟੀ ਸਪੀਕਰ** : ਚੌਧਰੀ ਜਗਤ ਰਾਮ ਜੀ, ਤੁਸੀਂ ਆਪਣੀ ਸੀਟ ਤੇ ਬੈਠੋ ਜੇ ਤੁਸੀਂ ਬੋਲਣਾ ਹੈ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਤ ਰਾਮ :** ਅੱਛਾ ਜੀ।

**ਚੌਧਰੀ ਰਾਮ ਸਿੰਘ :** ਡਿਪਟੀ ਸਪੀਕਰ ਸਾਹਿਬ, ਤਾਲੀਮ ਦੀ ਡਿਮਾਂਡ ਦੇ ਵਿਚ 210 ਲੱਖ ਰੁਪਿਆ ਨਵੇਂ ਪ੍ਰਾਈਮਰੀ ਸਕੂਲ ਖੋਲ੍ਹਣ ਵਾਸਤੇ ਅਤੇ ਪਿਛਲੇ ਚਾਲੂ ਕਰਨ ਵਾਸਤੇ ਰੱਖਿਆ ਗਿਆ ਹੈ ਅਤੇ ਇਸ ਦੇ ਨਾਲ ਜਿਹੜੀ ਕੰਸਟੀਚਿਊਸ਼ਨਲ ਪਰੋਵੀਜ਼ਨ ਹੈ ਕਿ ਲਾਜ਼ਮੀ ਤਾਲੀਮ ਦਿੱਤੀ ਜਾਵੇਗੀ, ਕੰਪਲਸਰੀ ਤਾਲੀਮ ਦਿੱਤੀ ਜਾਵੇਗੀ, ਉਸ ਤਰਫ ਸਰਕਾਰ ਦਾ ਇਹ ਬਹੁਤ ਚੰਗਾ ਕਦਮ ਹੈ ਅਤੇ ਬੱਚਿਆਂ ਦੇ ਪੇਰੇਂਟਸ ਨੂੰ ਖਾਸ ਤੌਰ ਤੇ ਹਿਦਾਇਤ ਕੀਤੀ ਗਈ ਹੈ ਇਸ ਬਜਟ ਵਿੱਚ ਕਿ ਉਹ ਆਪਣੇ ਬੱਚਿਆਂ ਨੂੰ ਲਾਜ਼ਮੀ ਦਾਖਲ ਕਰਾਉਣ। ਪਿਛਲੇ ਸਾਲ 500 ਪ੍ਰਾਈਮਰੀ ਸਕੂਲ ਖੋਲ੍ਹੇ ਗਏ ਅਤੇ ਇਸ ਸਾਲ ਵੀ 500 ਖੋਲ੍ਹੇ ਜਾਣੇ ਹਨ। ਢਾਈ ਹਜ਼ਾਰ ਜੇ. ਬੀ. ਟੀ. ਟੀਚਰਜ਼ ਪਿਛਲੇ ਸਾਲ ਲਗਾਏ ਗਏ ਅਤੇ ਇਸ ਸਾਲ ਵੀ ਉਨੇ ਹੀ ਲਗਾਏ ਜਾਣਗੇ। ਇਸ ਤਰ੍ਹਾਂ ਨਾਲ ਉਨ੍ਹਾਂ-ਟੀਚਰਾਂ ਨੂੰ, ਜਿਹੜੇ ਕਿ ਵੇਹਲੇ ਸਨ, ਰੋਜ਼ਗਾਰ ਮਿਲਿਆ ਅਤੇ ਜੋ ਇਕ ਕੰਪਲਸਰੀ ਐਜੂਕੇਸ਼ਨ, ਜਿਹੜੀ ਕਿ ਸਾਡੇ ਵਿਧਾਨ ਦੇ ਵਿਚ 7 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਵਾਸਤੇ ਰੱਖੀ ਗਈ ਹੈ, ਉਹ ਵੀ ਦਿੱਤੀ ਜਾ ਸਕੇਗੀ। ਇਸ ਵਾਸਤੇ ਸਰਕਾਰ ਇਸ ਗੱਲ ਲਈ ਮੁਬਾਰਿਕਬਾਦ ਦੀ ਮੁਸਤਹੱਕ ਹੈ ਕਿ ਇਨ੍ਹਾਂ ਨੇ ਬੜੀ ਤੇਜ਼ੀ ਨਾਲ ਇਸ ਪਾਸੇ ਕਦਮ ਚੁੱਕੇ ਹਨ। ਕਿਸੇ ਜ਼ਮਾਨੇ ਵਿਚ 25 ਨਵੇਂ ਪ੍ਰਾਈਮਰੀ ਸਕੂਲ ਵੀ ਨਹੀਂ ਸੀ ਖੋਲ੍ਹੇ ਜਾਂਦੇ ਪਰ ਅੱਜ ਇਹ ਪੁਜ਼ੀਸ਼ਨ ਹੈ ਕਿ ਪਿਛਲੇ ਸਾਲ 500 ਨਵੇਂ ਪ੍ਰਾਈਮਰੀ ਸਕੂਲ ਅਤੇ 500 ਹੀ ਇਸ ਸਾਲ ਨਵੇਂ ਖੋਲ੍ਹੇ ਜਾਣਗੇ। ਡਿਪੁਟੀ ਸਪੀਕਰ ਸਾਹਿਬ, ਅਗੇ ਜਾ ਕੇ 261 ਲੱਖ ਰੁਪਿਆ ਪ੍ਰਾਈਮਰੀ ਤੋਂ ਮਿਡਲ ਸਕੂਲ ਵਾਸਤੇ ਰੱਖਿਆ ਗਿਆ ਹੈ ਤਾਂ ਜੋ ਪੰਜਾਬ ਵਿੱਚ ਕੋਈ ਅਨਪੜ੍ਹ ਨਾ ਰਹੇ ਅਤੇ ਸਭ ਨੂੰ ਐਜੂਕੇਸ਼ਨ ਮਿਲ ਸਕੇ। ਪਿਛਲੇ ਸਾਲ 200 ਪ੍ਰਾਈਮਰੀ ਤੋਂ ਮਿਡਲ ਸਕੂਲ ਬਣਾਏ ਗਏ ਅਤੇ 1,000 ਟੀਚਰ ਲੱਗੇ ਅਤੇ ਇਸ ਸਾਲ ਵੀ 200 ਨਵੇਂ ਬਣਾਏ ਗਏ, ਇਹ ਵੀ ਸਰਕਾਰ ਦਾ ਕਦਮ ਬੜਾ ਸ਼ਲਾਘਾਯੋਗ ਹੈ। ਇਸ ਸਰਕਾਰ ਨੇ ਇੰਨੀ ਵੱਡੀ ਰਕਮ ਰੱਖੀ ਹੈ ਕਿ 200 ਮਿਡਲ ਸਕੂਲ ਅਪਗਰੇਡ ਕਰਨ ਦਾ ਫੈਸਲਾ ਕੀਤਾ ਹੈ ਔਰ ਤੁਸੀਂ, ਡਿਪਟੀ ਸਪੀਕਰ ਸਾਹਿਬ, ਜਾਣਦੇ ਹੋ ਕਿ ਇਸੇ ਤਰ੍ਹਾਂ ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਜਿਸ ਤਰ੍ਹਾਂ ਚੱਲ ਰਹੀ ਹੈ, ਅਗ੍ਹਾਂ ਵੱਧ ਰਹੀ ਹੈ ਐਜੂਕੇਸ਼ਨ ਦੇ ਵਿੱਚ, ਇਹ ਹੋਰ ਵੀ ਅੱਗੇ ਵੱਧਣਗੇ ਅਤੇ ਆਉਣ ਵਾਲੇ ਵਕਤ ਵਿਚ, ਥੋੜ੍ਹੇ ਹੀ ਅਰਸੇ ਤਕ ਪੰਜਾਬ ਸਭ ਨੂੰ ਬੀਟ ਕਰ ਜਾਵੇਗਾ। ਕੇਰਲਾ, ਮਦਰਾਸ ਵਿਚ ਜਿੱਥੇ ਪੜ੍ਹੇ ਲਿਖੇ ਲੋਕਾਂ ਦੀ ਪਰਸੈਂਟੇਜ਼ 85% ਜਾਂ 90% ਹੈ ਪੰਜਾਬ ਸੱਭ ਤੋਂ ਟਾਪ ਤੇ ਆਵੇਗਾ ਅਤੇ 90% ਜਾਂ 95% ਤੱਕ ਇਸ ਖੇਤਰ ਵਿਚ ਪੁੱਜ ਜਾਵੇਗਾ। ਪੰਜਾਬ ਸਰਕਾਰ ਇਸ ਬਜਟ ਦਾ 67 ਕਰੋੜ ਰੁਪਿਆ ਐਜੂਕੇਸ਼ਨ ਤੇ ਖਰਚ ਕਰ ਰਹੀ ਹੈ ਅਤੇ ਬਹੁਤ ਜ਼ਿਆਦਾ ਤਾਲੀਮ ਦਾ ਪ੍ਰਚਾਰ ਹੋ ਰਿਹਾ ਹੈ। ਇਸ ਦੇ ਨਾਲ ਹੀ 121 ਲੱਖ ਰੁਪਿਆ ਮਿਡਲ ਸਕੂਲਾਂ ਨੂੰ ਹਾਈ ਅਪਗਰੇਡ ਕਰਨ ਵਾਸਤੇ ਰੱਖਿਆ ਗਿਆ ਹੈ। ਪਿਛਲੇ ਸਾਲ ਵਿੱਚ 50 ਮਿਡਲ ਸਕੂਲ ਅਪਗਰੇਡ ਕੀਤੇ ਅਤੇ ਇਸ ਸਾਲ 100 ਕੀਤੇ ਜਾਣਗੇ ਜਿਸ ਦੇ ਨਾਲ ਬੱਚਿਆਂ ਨੂੰ ਹਾਇਰ ਤਾਲੀਮ ਹਾਈ ਸਟੈਂਡਰਡ ਦੀ ਤਾਲੀਮ ਹਰ ਜਗ੍ਹਾ ਦੇਣ ਵਾਸਤੇ ਇਹ ਕੀਤਾ ਗਿਆ ਹੈ। ਹਿੱਲੀ ਏਰੀਆ, ਸਬ-ਮਾਊਂਟੈਨਸ ਏਰੀਆ, ਬਾਰਡਰ ਏਰੀਆ, ਬੇਟ ਏਰੀਆ ਨੂੰ ਪਰੈਫਰੈਂਸ ਦਿੱਤੀ ਜਾਵੇਗੀ ਕਿਉਂਕਿ ਉਥੇ ਦੇ ਬੱਚਿਆਂ ਨੂੰ ਹੀ ਜ਼ਿਆਦਾ ਸਫਰ ਕਰਨਾ ਪੈਂਦਾ ਹੈ। ਉਨ੍ਹਾਂ ਇਲਾਕਿਆਂ ਵਿਚ ਬੱਚਿਆਂ ਵਾਸਤੇ ਐਜੂਕੇਸ਼ਨ ਘੱਟ ਹੈ, ਇਸ ਵਾਸਤੇ ਪਰੈਫਰੈਂਸ ਦਿੱਤੀ ਜਾਵੇਗੀ ਅਤੇ ਕੰਸਟੀਚਿਊਐਂਸੀਜ਼ ਦਾ ਖਿਆਲ ਨਹੀਂ ਰਖਿਆ ਜਾਵੇਗਾ। ਸਕੂਲ ਖੋਲ੍ਹਣ ਦੇ ਨਾਲ, ਡਿਪਟੀ ਸਪੀਕਰ ਸਾਹਿਬ, ਕਾਫੀ ਐਜੂਕੇਸ਼ਨ ਨੂੰ ਬੜ੍ਹਾਵਾ ਮਿਲੇਗਾ ਅਤੇ ਪੰਜਾਬ ਵਿਚ ਤਾਲੀਮ ਦਾ ਕਾਫੀ ਫੈਲਾਓ ਹੋਵੇਗਾ। ਇਸੇ ਤਰ੍ਹਾਂ ਹੀ ਇਸ ਵਾਸਤੇ ਵੀ ਪੰਜਾਬ ਸਰਕਾਰ ਮੁਬਾਰਿਕਬਾਦ ਦੀ ਮੁਸਤਹੱਕ ਹੈ ਜਿਸ ਨੇ ਕਿ ਪ੍ਰਾਈਮਰੀ ਤਾਲੀਮ ਵਾਸਤੇ 210 ਲੱਖ ਰੁਪਿਆ, ਮਿਡਲ ਤਾਲੀਮ ਵਾਸਤੇ 261 ਲੱਖ ਰੁਪਿਆ ਅਤੇ ਹਾਈ ਤਾਲੀਮ ਵਾਸਤੇ

Original with;
Punjab Vidhan Sabha
Digitized by;
Panjab Digital Library

121 ਲੱਖ ਰੁਪਿਆ ਰਖਿਆ ਹੈ। ਇਸ ਦੇ ਵਿਚ ਪੁਰਾਣਾ ਖਰਚ ਸ਼ਾਮਿਲ ਨਹੀਂ, ਇਹ ਨਵਾਂ ਖਰਚ ਕਰਨਾ ਹੈ ਅਤੇ ਇਹ ਕਦਮ ਸ਼ਲਾਘਾਯੋਗ ਹੈ। ਸ਼ਰਮਾ ਜੀ ਨੂੰ ਮੈਂ ਇਸ ਗੱਲ ਦੀ ਵਧਾਈ ਦੇਂਦਾ ਹਾਂ ਕਿ ਉਨ੍ਹਾਂ ਨੇ 10-12 ਕਰੋੜ ਰੁਪਿਆ ਪੰਜਾਬ ਦੇ ਬਜਟ ਵਿਚ ਐਜੂਕੇਸ਼ਨ ਤੇ ਵਧਾਇਆ ਹੈ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਬੱਚੇ ਪੜ੍ਹ ਸਕਣ। (ਘੰਟੀ) ਡਿਪਟੀ ਸਪੀਕਰ ਸਾਹਿਬ, ਅਜੇ ਤੱਕ ਤਾਂ ਮੈਂ ਥੋੜ੍ਹਾ ਹੀ ਬੋਲਿਆ ਹਾਂ ।

ਸੋ, ਮੈਂ ਅਰਜ਼ ਕਰਾਂਗਾ ਕਿ ਇਸ ਸਰਕਾਰ ਨੇ ਇਕਨੌਮੀਕਲੀ ਵੀਕਰ ਸੈਕਸ਼ਨਜ਼ ਵਾਸਤੇ ਵੀ ਰੁਪਿਆ ਰੱਖਿਆ ਹੈ, ਕਰੋੜਾਂ ਰੁਪਏ ਇਸ ਸਰਕਾਰ ਨੇ ਇਸ ਕੰਮ ਵਾਸਤੇ ਰਖੇ ਹਨ ਅਤੇ ਭਾਵੇਂ ਕੋਈ ਜੱਟ ਹੋਵੇ, ਬ੍ਰਾਹਮਣ ਹੋਵੇ, ਭਾਵੇਂ ਖੱਤਰੀ ਹੋਵੇ, ਭਾਵੇਂ ਦੁਕਾਨਦਾਰ ਹੋਵੇ, ਕਿਸੇ ਕਮਊਨਿਟੀ ਨਾਲ ਤੁਅੱਲਕ ਰੱਖਦਾ ਹੋਵੇ, ਉਸ ਦੀ ਪੰਜਾਬ ਸਰਕਾਰ ਸਹਾਇਤਾ ਕਰੇਗੀ ਅਤੇ ਇਸ ਕੰਮ ਨੂੰ ਕਰਨ ਵਾਲੀ ਪੰਜਾਬ ਸਰਕਾਰ ਪਹਿਲੀ ਸਰਕਾਰ ਹੈ। ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਲਈ ਤਾਂ ਐਮਪਲਾਇਮੈਂਟਸ ਅਤੇ ਪ੍ਰੋਮੋਸ਼ਨਜ਼ ਵਾਸਤੇ ਪਹਿਲਾਂ ਹੀ ਸਹੂਲਤਾਂ ਸਰਕਾਰ ਨੇ ਰੱਖੀਆਂ ਹਨ। ਪਰ ਪੰਜਾਬ ਪਹਿਲਾ ਸੂਬਾ ਹੈ ਜਿਸ ਨੇ ਇਕਨੌਮੀਕਲੀ ਵੀਕਰ ਸੈਕਸ਼ਨਜ਼ ਵਾਸਤੇ, ਭਾਵੇਂ ਉਹ ਕਿਸੇ ਵੀ ਕਮਿਊਨਿਟੀ ਦਾ ਹੋਵੇ, ਵੀ ਸਹੂਲਤਾਂ ਦੇਣ ਵਾਸਤੇ ਪ੍ਰੋਵੀਜ਼ਨ ਕੀਤੀ ਹੈ। ਇਸ ਗੱਲ ਲਈ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ ਕਿ ਇਸ ਨੇ ਇਕਨੌਮੀਕਲੀ ਵੀਕਰ ਸੈਕਸ਼ਨਜ਼ ਵਾਸਤੇ, ਉਨ੍ਹਾਂ ਦੀ ਅਪਲਿਫਟ ਵਾਸਤੇ ਕਦਮ ਚੁੱਕੇ ਹਨ, ਉਨ੍ਹਾਂ ਨੂੰ ਵੀ ਸਟੇਟਸ ਦਿੱਤਾ ਹੈ ਅਤੇ ਉਨ੍ਹਾਂ ਦੀ ਹੋਰ ਵੀ ਮੱਦਦ ਕੀਤੀ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਇਹ ਇਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਅਤੇ ਮੁੱਖ ਮੰਤਰੀ, ਗਿਆਨੀ ਜੀ, ਸ਼ਰਮਾ ਜੀ ਐਜੂਕੇਸ਼ਨ ਮਨਿਸਟਰ ਸਾਹਿਬ, ਅਤੇ ਇਨ੍ਹਾਂ ਦੀ ਸਰਕਾਰ ਇਸ ਗੱਲ ਲਈ ਵਧਾਈ ਦੀ ਮੁਸਤਹੱਕ ਹੈ। (ਸਰਦਾਰ ਹਰਚੰਦ ਸਿੰਘ ਵਲੋਂ ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਹਰਚੰਦ ਸਿੰਘ ਜੀ ਨੂੰ ਤਾਂ ਇਹ ਪਤਾ ਹੈ ਕਿ ਉਨ੍ਹਾਂ ਦਾ ਵੀ ਪੂਰਾ ਧਿਆਨ ਰੱਖਿਆ ਗਿਆ ਹੈ, ਉਨ੍ਹਾਂ ਵਾਸਤੇ ਵੀ ਕਾਰਪੋਰੇਸ਼ਨ ਬਣੀ ਹੋਈ ਹੈ ਅਤੇ ਬੈਕਵਰਡ ਲੋਕਾਂ ਵਾਸਤੇ ਵੀ ਜੇ ਬਣਾ ਦਿੱਤੀ ਤਾਂ ਕੋਈ ਗੱਲ ਨਹੀਂ, ਉਨ੍ਹਾਂ ਨੂੰ ਤਾਂ ਇਸ ਗੱਲ ਦੀ ਖੁਸ਼ੀ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਹੋਰ ਵੀ ਸਹੂਲਤਾਂ ਮਿਲਣਗੀਆਂ ਅਤੇ ਇਸ ਦੇ ਨਾਲ ਹੀ ਇਕਨੌਮੀਕਲੀ ਵੀਕਰ ਸੈਕਸ਼ਨਜ਼ ਨੂੰ ਵੀ ਮਿਲਣੀਆਂ ਚਾਹੀਦੀਆਂ ਹਨ।

ਇਸ ਵਾਸਤੇ ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਅਰਜ਼ ਕਰਾਂਗਾ ਕਿ ਪੰਜਾਬ ਸਰਕਾਰ ਨੇ ਕੋਚਿੰਗ ਸਕੀਮਜ਼ ਵਾਸਤੇ 12.80 ਲੱਖ ਰੁਪਿਆ ਰੱਖਿਆ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਪੰਜਾਬ ਖੇਡਾਂ ਵਿਚ, ਕਬੱਡੀ ਵਿਚ, ਹਾਕੀ ਵਿਚ, ਕ੍ਰਿਕਟ ਵਿਚ, ਬਲਕਿ ਹਰ ਖੇਡ ਵਿਚ ਹਿੱਸਾ ਲੈਣਾ ਚਾਹੁੰਦਾ ਹੈ। ਗਿਆਨੀ ਜੀ ਦੇ ਇੰਟਰਵੀਨ ਕਰਨ ਨਾਲ ਹਾਕੀ ਦੀ ਟੀਮ ਵਰਲਡ ਦੀਆਂ ਖੇਡ੍ਹਾਂ ਵਿਚ ਗਈ ਅਤੇ ਉੱਥੋਂ ਜਿੱਤ ਕੇ ਆਈ ਅਤੇ ਹਿੰਦੁਸਤਾਨ ਦਾ ਨਾਂ ਉੱਚਾ ਕੀਤਾ। ਇਸ ਕਰਕੇ ਮੈਂ ਸਪੋਰਟਸ ਮਨਿਸਟਰ ਸਾਹਿਬ, ਗਿਆਨੀ ਜੀ ਅਤੇ ਸ਼ਰਮਾ ਜੀ ਨੂੰ ਇਸ ਲਈ ਮੁਬਾਰਿਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਕੋਚਿੰਗ ਸਕੀਮ ਬਣਾਈ ਹੈ ਜਿਸ ਨਾਲ ਪੰਜਾਬ ਖੇਡਾਂ ਦੇ ਮੈਦਾਨ ਵਿਚ ਬਹੁਤ ਅੱਗੇ ਵਧੇਗਾ। ਇਸ ਸਬੰਧ ਵਿਚ ਮੈਂ ਅਰਜ਼ ਕਰਾਂਗਾ ਕਿ ਤਹਿਸੀਲ ਹੈਡਕਵਾਟਰਜ਼ ਵਿਚ ਜਿੱਥੇ ਵੀ ਕੋਈ ਸਕੂਲ ਹੋਵੇ ਉਥੇ ਕੋਚਿੰਗ ਦਾ ਇੰਤਜ਼ਾਮ ਕਰ ਦੇਣਾ ਚਾਹੀਦਾ ਹੈ ਤਾਂ ਜੋ ਖੇਡਾਂ ਦੀ ਤਰੱਕੀ ਹੋ ਸਕੇ ਅਤੇ ਬਾਕੀ ਸਕੂਲਾਂ ਵਿਚ ਖੇਡਾਂ ਦੀ ਟਰੇਨਿੰਗ ਪੂਰੀ ਹੋ ਸਕੇ ਅਤੇ ਉਨ੍ਹਾਂ ਨੂੰ ਇਸ ਦੀ ਪੂਰੀ ਜਾਣਕਾਰੀ ਹੋ ਸਕੇ ਤਾਕਿ ਹਿੰਦੁਸਤਾਨ ਦੇ ਖਿਲਾੜਿਆਂ ਵਿਚ ਪੰਜਾਬ ਦਾ ਨਾਂ ਦੁਨੀਆਂ ਵਿਚ ਉੱਚਾ ਹੋ ਸਕੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ ਰੰਧਾਵਾ :** ਡਿਪਟੀ ਸਪੀਕਰ ਸਾਹਿਬ, ਇਹ ਜਵਾਨ ਜਿਹੜਾ ਹੈ ਇਹ ਕਿਹੜੀ ਖੇਡ ਖੇਡਦਾ ਹੈ (ਹਾਸਾ)।

**ਚੌਧਰੀ ਰਾਮ ਸਿੰਘ :** ਇਸ ਵੇਲੇ ਤਾਂ ਸਿਆਸਤ ਦੀ ਖੇਡ ਖੇਡੀ ਜਾਂਦੀ ਹੈ (ਹਾਸਾ)।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਬੱਚਿਆਂ ਦੀ ਐਜੂਕੇਸ਼ਨ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਬੱਚਿਆਂ ਤੇ ਕਿਤਾਬਾਂ ਦਾ ਬੜਾ ਬੋਝ ਪਾਇਆ ਹੋਇਆ ਹੈ। ਇਨ੍ਹਾਂ ਬੱਚਿਆਂ ਤੇ ਕਿਤਾਬਾਂ ਦਾ ਐਨਾ ਬੋਝ ਹੈ ਕਿ ਉਹ ਇਸ ਬੋਝ ਨੂੰ ਚੁੱਕ ਵੀ ਨਹੀਂ ਸਕਦੇ। ਸਾਡੇ ਜਿਹੜੇ ਪੁਰਾਣੇ ਐਜੂਕੇਸ਼ਨਿਸਟਸ ਸਨ ਉਹ ਜਿਸ ਵੇਲੇ ਪੜ੍ਹਦੇ ਸਨ ਤਾਂ ਉਨ੍ਹਾਂ ਤੇ ਕਿਤਾਬਾਂ ਦਾ ਐਨਾ ਬੋਝ ਨਹੀਂ ਹੁੰਦਾ ਸੀ। ਉਨ੍ਹਾਂ ਨੂੰ ਐਨਾ ਭਾਰੀ ਬਸਤਾ ਨਹੀਂ ਚੁੱਕਣਾ ਪੈਂਦਾ ਸੀ ਪਰ ਫਿਰ ਵੀ ਜੇਕਰ ਵੇਖਿਆ ਜਾਵੇ ਤਾਂ ਉਹ ਬੜੇ ਕਾਬਲ ਹਨ, ਸਿਆਣੇ ਹਨ। ਅਜ ਜਿਹੜਾ ਐਨਾ ਭਾਰੀ ਬੋਝ ਕਿਤਾਬਾਂ ਦਾ ਬੱਚਿਆਂ ਤੇ ਪਾਇਆ ਹੋਇਆ ਹੈ ਮੈਂ ਸਮਝਦਾ ਹਾਂ ਕਿ ਇਹ ਨਹੀਂ ਹੋਣਾ ਚਾਹੀਦਾ। ਇਹ ਜ਼ਰੂਰ, ਘੱਟ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਵਾਸਤੇ ਇਕ ਐਜੂਕੇਸ਼ਨਿਸਟਾਂ ਦੀ ਕਮੇਟੀ ਬਣਾਈ ਜਾਵੇ ਜਿਹੜੀ ਕਿ ਇਸ ਤੇ ਵਿਚਾਰ ਕਰਕੇ ਇਸ ਬੋਝ ਨੂੰ ਘਟਾ ਸਕੇ। ਡਿਪਟੀ ਸਪੀਕਰ ਸਾਹਿਬ, ਪਹਿਲੇ ਜਿਹੜੇ ਬੱਚੇ ਹੁੰਦੇ ਸਨ ਉਨ੍ਹਾਂ ਨੂੰ ਪੀਣ ਲਈ ਦੁੱਧ ਕਾਫੀ ਮਿਲਦਾ ਸੀ, ਖਾਣ ਨੂੰ ਮੱਖਣ ਮਿਲਦਾ ਸੀ ਪਰ ਅੱਜ ਦੇ ਬੱਚਿਆ ਦੀ ਐਨੀ ਖੁਰਾਕ ਨਹੀਂ।

4.43 p.m. (ਇਸ ਵੇਲੇ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ....

**ਸ੍ਰੀ ਸਪੀਕਰ :** ਤੁਸੀਂ ਕਿੰਨਾ ਟਾਈਮ ਲਵੋਗੇ ?

**ਚੌਧਰੀ ਰਾਮ ਸਿੰਘ :** ਮੈਂ ਥੋੜਾ ਟਾਈਮ ਹੋਰ ਲਵਾਂਗਾ ਜੀ।

**ਸ੍ਰੀ ਸਪੀਕਰ :** ਜਲਦੀ ਖਤਮ ਕਰ ਦਿਓ, 5 ਵਜੇ ਤਾਂ ਗਿਲੋਟੀਨ ਐਪਲਾਈ ਹੋਣੀ ਹੈ।

**ਚੌਧਰੀ ਰਾਮ ਸਿੰਘ:** ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਬੱਚਿਆਂ ਤੇ ਅੱਜ ਜਿਹੜਾ ਕਿਤਾਬਾਂ ਦਾ ਐਨਾ ਬੋਝ ਹੈ ਇਹ ਜ਼ਰੂਰ ਘਟਾਇਆ ਜਾਵੇ। ਇਸ ਵਾਸਤੇ ਐਜੂਕੇਸ਼ਨਿਸਟਸ, ਐਕਸਪਰਟਸ ਦੀ ਇਕ ਕਮੇਟੀ ਬਣਾਈ ਜਾਵੇ ਜੋ ਕਿ ਇਸ ਤੇ ਵਿਚਾਰ ਕਰਕੇ ਜਿਹੜਾ ਇਹ ਬੋਝ ਹੈ ਇਹ ਘਟਾ ਸਕੇ।

ਸਪੀਕਰ ਸਾਹਿਬ, ਇਸ ਤੋਂ ਅਗਲੀ ਗਲ ਜਿਹੜੀ ਮੈਂ ਕਹਿਣੀ ਚਾਹੁੰਦਾ ਹਾਂ ਕਿ ਉਹ ਇਹ ਹੈ ਕਿ ਐਜੂਕੇਸ਼ਨ ਦੇ ਬੜਾਵੇ ਲਈ ਸਬ-ਮਾਊਂਟੇਨੀਅਸ ਏਰੀਆ ਵਿਚ, ਚਾਹੇ ਉਹ ਰੋਪੜ ਦਾ ਹੈ, ਹੁਸ਼ਿਆਰਪੁਰ ਦਾ ਹੈ ਜਾਂ ਗੁਰਦਾਸਪੁਰ ਦਾ ਹੈ ਉਥੇ ਘੱਟੋ ਘੱਟ ਇਕ ਇਕ ਜੇ. ਬੀ ਟੀ. ਦੀ ਕਲਾਸ ਜ਼ਰੂਰ ਖੋਲ੍ਹਣੀ ਚਾਹੀਦੀ ਹੈ

Original with;
Punjab Vidhan Sabha
Digitized by;
Panjab Digital Library

ਤਾਂਕਿ ਉਥੋਂ ਦੇ ਲੋਕ ਉਥੇ ਹੀ ਇਹ ਟਰੇਨਿੰਗ ਹਾਸਲ ਕਰਕੇ ਉਥੇ ਹੀ ਲਗ ਸਕਣ। ਇਸ ਲਈ ਮੈਂ ਪ੍ਰਾਰਥਨਾ ਕਰਾਂਗਾ ਕਿ ਇਨ੍ਹਾਂ 3 ਜ਼ਿਲ੍ਹਿਆਂ ਵਿਚ ਜੇ.ਬੀ.ਟੀ. ਦੀਆਂ ਕਲਾਸਿਜ਼ ਜ਼ਰੂਰ ਖੋਲ੍ਹੀਆਂ ਜਾਣ ਤਾਂਕਿ ਉਹ ਲੋਕ ਉਥੋਂ ਹੀ ਤਾਲੀਮ ਹਾਸਲ ਕਰਕੇ ਉਥੇ ਹੀ ਟੀਚਰ ਲਗ ਸਕਣ।

ਸਪੀਕਰ ਸਾਹਿਬ, ਮੈਂ ਇਕ ਪ੍ਰਾਰਥਨਾ ਕਾਲਜਾਂ ਵਿਚ ਜਿਹੜੇ ਦਾਖਲੇ ਹੁੰਦੇ ਹਨ ਉਨ੍ਹਾਂ ਬਾਰੇ ਵੀ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਜਿਸ ਵੇਲੇ ਕਾਲਜਾਂ ਵਿਚ ਦਾਖਲੇ ਹੁੰਦੇ ਹਨ ਤਾਂ ਉਥੇ ਐਸੇ ਆਨੰਦ ਮਾਰਗੀਏ ਅਤੇ ਆਰ. ਐਸ. ਐਸ. ਦੇ ਵਿਦਿਆਰਥੀ ਦਾਖਲ ਹੋ ਜਾਂਦੇ ਹਨ ਜਿਹੜੇ ਕਿ ਉਨ੍ਹਾਂ ਕਾਲਜਾਂ ਵਿਚ ਜਾਕੇ ਪ੍ਰਾਪੇਗੰਡਾ ਕਰਦੇ ਹਨ। ਇਹ ਉਨ੍ਹਾਂ ਨੇ ਇਕ ਪ੍ਰਾਪੇਗੰਡੇ ਦਾ ਤਰੀਕਾ ਬਣਾਇਆ ਹੋਇਆ ਹੈ। ਇਸ ਲਈ ਮੈਂ ਸਰਕਾਰ ਅਗੇ ਪ੍ਰਾਰਥਨਾ ਕਰਾਂਗਾ ਕਿ ਕੋਈ ਐਸਾ ਸਾਧਨ ਬਣਾਇਆ ਜਾਵੇ ਜਿਸ ਨਾਲ ਕਿ ਆਰ. ਐਸ. ਐਸ. ਅਤੇ ਆਨੰਦ ਮਾਰਗੀਏ ਕਾਲਜਾਂ ਵਿਚ ਦਾਖਲ ਨਾ ਹੋ ਸਕਣ। ਇਸ ਤਰ੍ਹਾਂ ਦਾ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ। (ਘੰਟੀ)

ਇਕ ਪ੍ਰਾਰਥਨਾ ਮੈਂ ਹੋਰ ਕਰਨੀ ਚਾਹੁੰਦਾ ਹਾਂ ਕਿ ਸਕੂਲਾਂ ਵਿਚ, ਅੱਤਕੀ ਤਾਂ ਬੜੀ ਚੰਗੀ ਗਲ ਹੈ ਕਿ ਬਦਲੀਆਂ ਘਟ ਕੀਤੀਆਂ ਹਨ ਅਤੇ ਜੇ ਕੋਈ ਹੋਈਆਂ ਹਨ ਤਾਂ ਉਹ ਟਾਇਮ ਸਿਰ ਕੀਤੀਆਂ ਗਈਆਂ ਸਨ ਜਿਸ ਨਾਲ ਡਿਸਲੋਕੇਸ਼ਨ ਟੀਚਰਜ਼ ਨੂੰ ਨਹੀਂ ਹੋਈ। ਇਹ ਅੱਛੀ ਗਲ ਹੈ। ਇਸ ਲਈ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਟੀਚਰਾਂ ਨੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਖਿਆਲ ਕਰਨਾ ਹੁੰਦਾ ਹੈ ਅਤੇ ਜੇ ਉਨ੍ਹਾਂ ਦੀ ਇਸ ਤਰ੍ਹਾਂ ਟਰਾਂਸਫਰ ਹੁੰਦੀ ਰਹੇ ਤਾਂ ਇਸ ਨਾਲ ਨਾ ਤਾਂ ਟੀਚਰ ਠੀਕ ਤਰੀਕੇ ਨਾਲ ਪੜ੍ਹਾ ਸਕਦਾ ਹੈ ਅਤੇ ਨਾ ਹੀ ਬੱਚੇ ਦੀ ਪੜ੍ਹਾਈ ਠੀਕ ਚਾਲੂ ਰਹਿ ਸਕਦੀ ਹੈ। ਇਸ ਲਈ ਮੇਰੀ ਇਹ ਪ੍ਰਾਰਥਨਾ ਹੈ ਕਿ ਟੀਚਰਜ਼ ਦੀ ਪੋਸਟ ਨੂੰ ਨਾਨ-ਟਰਾਂਸਫਰਬਲ ਬਣਾ ਦਿਤਾ ਜਾਵੇ। ਇਸ ਨਾਲ ਕਈ ਫਾਇਦੇ ਹੋ ਸਕਦੇ ਹਨ। ਇਸ ਦੇ ਨਾਲ ਇਕ ਤਾਂ ਸਰਕਾਰ ਦਾ ਖਰਚਾ ਬੱਚੇਗਾ ਅਤੇ ਬੱਚਿਆਂ ਦੀ ਵੀ ਜਿਹੜੀ ਤਾਲੀਮ ਹੈ ਉਹ ਵੀ ਠੀਕ ਢੰਗ ਨਾਲ ਜਾਰੀ ਰਹਿ ਸਕੇਗੀ ਅਤੇ ਟੀਚਰਜ਼ ਨੂੰ ਵੀ ਡਿਸਲੋਕੇਟ ਨਹੀਂ ਹੋਣਾ ਪਵੇਗਾ। (ਘੰਟੀ) ਇਸ ਲਈ ਟੀਚਰਾਂ ਦੀਆਂ ਜਿਹੜੀਆਂ ਤਬਦੀਲੀਆਂ ਹੁੰਦੀਆਂ ਹਨ, ਇਹ ਬੰਦ ਕਰ ਦਿਤੀਆਂ ਜਾਣ।

**ਸ੍ਰੀ ਸਪੀਕਰ:** ਚੌਧਰੀ ਸਾਹਿਬ, ਹੁਣ ਤੁਸੀਂ ਤਸ਼ਰੀਫ਼ ਰਖੋ।

**ਚੌਧਰੀ ਰਾਮ ਸਿੰਘ:** ਸਪੀਕਰ ਸਾਹਿਬ, ਅੰਤ ਵਿਚ ਮੈਂ ਤਾਲੀਮ ਦੇ ਲਈ ਜੋ ਸਾਡੀ ਸਰਕਾਰ ਨੇ ਕਦਮ ਚੁੱਕੇ ਹਨ ਉਨ੍ਹਾਂ ਦੀ ਪਰੋੜਤਾ ਕਰਦਾ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ, ਇਹ ਹਰ ਪੱਖ ਵਲੋਂ ਹਰ ਲਿਹਾਜ਼ ਨਾਲ ਬੜਾ ਅੱਛਾ ਪੇਸ਼ ਕੀਤਾ ਗਿਆ ਹੈ।

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ): ਸਪੀਕਰ ਸਾਹਿਬ, ਲੇਬਰ ਦੀ ਡੀਮਾਂਡ ਤੇ ਮੈਂਬਰ ਸਾਹਿਬਾਨ ਨੇ ਆਪਣੇ ਖਿਆਲਾਤ ਪਰਗਟ ਕੀਤੇ ਹਨ। ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਵਰਕ-ਚਾਰਜਡ ਇੰਪਲਾਈ ਜਿਹੜੇ ਸਨ ਪੀ. ਡਬਲਯੂ. ਡੀ. ਦੇ ਸਾਰੇ ਮਹਿਕਮਿਆਂ ਵਿਚ, ਜਿਨ੍ਹਾਂ ਦੀ 10 ਸਾਲ ਦੀ ਸਰਵਿਸ ਸੀ ਉਨ੍ਹਾਂ ਦੀਆਂ ਸਰਵਿਸਿਜ਼ ਤਾਂ ਅਸੀਂ ਪਹਿਲੇ ਹੀ ਰੈਗੂਲਰਾਈਜ਼ ਕਰ ਦਿਤੀਆਂ ਸਨ ਅਤੇ ਹੁਣ ਅਸੀਂ ਜਿਨ੍ਹਾਂ ਦੀ 5 ਸਾਲਾਂ ਦੀ ਸਰਵਿਸ ਹੋ ਗਈ ਸੀ ਉਨ੍ਹਾਂ ਨੂੰ ਵੀ ਰੈਗੂਲਰ ਕਰ ਦਿਤਾ ਹੈ। ਇਸ ਦੇ ਨਾਲ 5,000 ਇੰਪਲਾਈਜ਼ ਨੂੰ ਫਾਇਦਾ ਹੋਇਆ ਹੈ।

ਦੂਸਰਾ ਅਸੀਂ ਵਰਕਰਾਂ ਦੇ ਇੰਡਸਟਰੀਅਲ ਇੰਪਲਾਇਮੈਂਟ ਸਟੈਂਡਿੰਗ ਆਰਡਰਜ਼ ਜਿਹੜੇ ਸਨ, ਉਨ੍ਹਾਂ ਵਿਚ ਵੀ ਸੁਧਾਰ ਕੀਤਾ ਹੈ। ਜਿਥੇ ਵੀ 20 ਆਦਮੀ ਕੰਮ ਕਰਦੇ ਹਨ, ਉਸ ਵਿਚ ਇਹ ਕਾਨੂੰਨ ਲਾਗੂ ਕਰ ਦਿਤਾ ਹੈ। ਪਹਿਲੇ ਇਹ ਕਾਨੂੰਨ ਜਿਥੇ 50 ਆਦਮੀ ਕੰਮ ਕਰਦੇ ਹੁੰਦੇ ਸਨ ਉਥੇ ਲਾਗੂ ਸੀ, ਪਰ ਹੁਣ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਜਿਥੇ 20 ਆਦਮੀ ਕੰਮ ਕਰਦੇ ਹਨ ਉਥੇ ਵੀ ਲਾਗੂ ਕਰ ਦਿਤਾ ਗਿਆ ਹੈ। ਇਸੇ ਤਰ੍ਹਾਂ ਪ੍ਰਾਈਮ ਮਨਿਸਟਰ ਸਾਹਿਬਾ ਦੇ 20-ਨੁਕਾਤੀ ਪਰੋਗਰਾਮ ਦੇ ਆਉਣ ਤੋਂ ਬਾਅਦ ਖੇਤ ਮਜ਼ਦੂਰਾਂ ਦੇ ਵੇਜਿਜ਼ ਵਿਚ ਵੀ 20 ਪ੍ਰਤਿਸ਼ਤ ਹੋਰ ਵਾਧਾ ਕੀਤਾ ਹੈ ਚਾਹੇ ਉਹ ਐਨੂਅਲ ਵੇਜਿਜ਼ ਤੇ ਹੋਣ ਜਾਂ ਡੇਲੀ ਵੇਜਿਜ਼ ਤੇ ਹੋਣ ਅਤੇ ਨਾਲ ਹੀ ਉਨ੍ਹਾਂ ਦੇ ਵੇਜਿਜ਼ ਨੂੰ ਕੰਜ਼ਿਊਮਰ ਪ੍ਰਾਈਸ ਇੰਡੈਕਸ ਨਾਲ ਜੋੜ ਦਿਤਾ ਗਿਆ ਹੈ। ਇਸ ਕਾਨੂੰਨ ਨੂੰ ਇੰਪਲੀਮੈਂਟ ਕਰਨ ਲਈ ਕਈ ਹੋਰ ਅਫ਼ਸਰਾਂ ਨੂੰ ਵੀ ਜਿਸ ਤਰ੍ਹਾਂ ਕਿ ਡਿਸਟ੍ਰਿਕਟ ਵੈਲਫੇਅਰ ਅਫ਼ਸਰ ਨੂੰ ਵੀ ਇਹ ਵੇਜਿਜ਼ ਨੂੰ ਇੰਪਲੀਮੈਂਟ ਕਰਾਉਣ ਲਈ ਅਖਤਿਆਰ ਦਿਤਾ ਗਿਆ ਹੈ। 12 ਕਨਸੀਲੀਏਸ਼ਨ ਅਫ਼ਸਰ ਜਿਹੜੇ ਹਰ ਜ਼ਿਲ੍ਹੇ ਵਿਚ ਰਖੇ ਜਾ ਰਹੇ ਹਨ ਉਹ ਉਨ੍ਹਾਂ ਦੇ ਇਲਾਵਾ ਹਨ। ਇਨ੍ਹਾਂ ਨੂੰ ਵੀ ਇਹ ਵੇਜਿਜ਼ ਇੰਪਲੀਮੈਂਟ ਕਰਾਉਣ ਦਾ ਅਖਤਿਆਰ ਦਿੱਤਾ ਗਿਆ ਹੈ।

ਅਸੀਂ ਕਾਰਖਾਨਿਆਂ ਵਿਚ ਜੋ ਮਿਨਿਮਮ ਵੇਜਿਜ਼ ਰਿਵਾਈਜ਼ ਕੀਤੇ ਹਨ ਉਹ 90 ਰੁਪਏ ਤੋਂ 125 ਰੁਪਏ ਕੀਤੇ ਸੀ ਅਤੇ ਹੁਣ 125 ਰੁਪਏ ਤੋਂ 166 ਰੁਪਏ 50 ਪੈਸੇ ਕੀਤੇ ਹਨ। ਅਤੇ ਇਨ੍ਹਾਂ ਨੂੰ ਵੀ ਪ੍ਰਾਈਸ ਇੰਡੈਕਸ ਨਾਲ ਜੋੜ ਦਿਤਾ ਗਿਆ ਹੈ। ਇਸ ਦੇ ਇਲਾਵਾ 23 ਇੰਡਸਟਰੀਆਂ ਵਿਚ ਜਿਸ ਤਰ੍ਹਾਂ ਕਿ ਟੈਕਸਟਾਈਲ ਇੰਡਸਟਰੀ ਹੈ, ਇਨ੍ਹਾਂ ਵਿਚ 187 ਰੁਪਏ ਦਿਤੇ ਜਾਂਦੇ ਹਨ ਅਤੇ ਕਈਆਂ ਇੰਡਸਟਰੀਆਂ ਵਿਚ ਜਿਵੇਂ ਕਿ ਸਿਨੇਮਾ ਇੰਡਸਟਰੀ ਵਗੈਰਾ ਹੈ ਇਨ੍ਹਾਂ ਵਿਚ 206 ਰੁਪਏ ਮਹੀਨਾ ਵੀ ਮੁਕੱਰਰ ਕੀਤੀ ਗਈ ਹੈ। ਸਪੀਕਰ ਸਾਹਿਬ, ਇਹ ਵੇਜਿਜ਼ ਅਸੀਂ ਹਮੇਸ਼ਾ ਰਿਵਾਈਜ਼ ਕਰਦੇ ਹੀ ਰਹਿੰਦੇ ਹਾਂ। ਇਹ ਜਿਹੜੇ ਮਿਨਿਮਮ ਵੇਜਿਜ਼ ਹਨ ਇਹ ਸਕਿਲਡ, ਸੈਮੀ-ਸਕਿਲਡ ਅਤੇ ਨਾਨ-ਸਕਿਲਡ, ਤਿੰਨਾਂ ਵਿਚ ਮੁਕੱਰਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਜਿਹੜੀਆਂ ਉਨ੍ਹਾਂ ਦੀਆਂ ਐਨੂਅਲ ਇਨਕਰੀਮੈਂਟਸ ਦਿਤੀਆਂ ਜਾਂਦੀਆਂ ਸਨ ਉਨ੍ਹਾਂ ਵਿਚ ਵੀ ਕਾਫੀ ਸੁਧਾਰ ਲਿਆਂਦਾ ਗਿਆ ਹੈ ਅਤੇ ਨਿਊਟਰੇਲਾਈਜ਼ੇਸ਼ਨ 50 ਪੈਸੇ ਤੋਂ 75 ਪੈਸੇ ਕਰ ਦਿਤਾ ਹੈ।

ਸਪੀਕਰ ਸਾਹਿਬ, ਵਰਕਰਾਂ ਦੀ ਜਿਹੜੀ ਡੀਡਕਸ਼ਨ ਹੁੰਦੀ ਸੀ ਉਸ ਦੇ ਵਾਸਤੇ ਵੀ ਐਸ. ਡੀ. ਐਮ. ਨੂੰ ਹੁਣ ਅਖਤਿਆਰ ਦਿਤਾ ਗਿਆ ਹੈ ਤਾਂਕਿ ਉਨ੍ਹਾਂ ਨੂੰ ਜਿਹੜੀਆਂ ਪੇਮੈਂਟਾਂ ਮਿਲਦੀਆਂ ਹਨ ਉਸ ਵਿਚ ਮਿਨਿਮਮ ਡੀਡਕਸ਼ਨ ਜੋ ਹੁੰਦੀ ਹੈ ਉਹ ਲੈਕੇ ਪੇਮੈਂਟ ਕਰ ਸਕਣ।

ਇੰਡਸਟਰੀਅਲ ਵਰਕਰਜ਼ ਲਈ ਇਸ ਸਾਲ ਵਿਚ 750 ਮਕਾਨ ਬਣਾਏ ਗਏ ਸੀ ਪਰ ਅਗਲੇ ਸਾਲ ਇਹ 850 ਮਕਾਨ ਬਣਾਏ ਜਾਣਗੇ। ਇਹ ਜਿਹੜੇ ਮਕਾਨ ਹਨ ਇਹ ਉਨ੍ਹਾਂ ਤੋਂ ਇਲਾਵਾ ਹਨ ਜਿਹੜੇ ਕਿ ਵੀਕਰ ਸੈਕਸ਼ਨਜ਼ ਲਈ ਬਣਾਏ ਜਾ ਰਹੇ ਹਨ। ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਪਹਿਲੇ ਨਾਲੋਂ ਹੁਣ ਝਗੜੇ ਘੱਟੇ ਹਨ ਅਤੇ ਇੰਡਸਟਰੀਅਲ ਪੀਸ ਹੈ। ਲੇਕਿਨ ਕੁੱਛ ਜਗ੍ਹਾਂ ਜਿਹੜੇ ਲੇ ਆਫ ਐਕਸੈਸ ਵਿਚ ਹੋਏ ਹਨ ਉਨ੍ਹਾਂ ਦੇ ਬਾਰੇ ਵਿਚ ਹੁਣ ਸੈਂਟਰ ਦਾ ਨਵਾਂ ਲਾਅ ਆਇਆ ਹੈ। ਅਸੀਂ ਇਸ ਦੇ ਤਹਿਤ ਪ੍ਰੋਮਪਟ ਐਕਸ਼ਨ ਲਵਾਂਗੇ ਤਾਕਿ ਕਿਤੇ ਵੀ ਨਾਜ਼ਾਇਜ਼ ਲੇ ਆਫ ਰਿਟਰੈਂਚਮੈਂਟ ਔਰ ਇਸ ਤਰ੍ਹਾਂ ਦੀਆਂ ਗਲਾਂ ਨਾ ਹੋਣ। ਮਜ਼ਦੂਰ ਬੇਕਾਰ ਨਾ ਕੀਤੇ ਜਾ ਸਕਣ। ਸਟਰਾਈਕਾਂ ਵੀ ਇਸ ਸਾਲ ਨਹੀਂ ਹੋਈਆਂ। ਸਪੀਕਰ ਸਾਹਿਬ, ਪ੍ਰੋਡਕਸ਼ਨ ਜਿਹੜੀ ਪਹਿਲਾਂ ਹੁੰਦੀ ਸੀ ਉਸ ਵਿਚ ਵੀ ਕਾਫੀ ਵਾਧਾ ਹੋਇਆ ਹੈ। ਇਸ ਦਫ਼ਾ ਅਸੀਂ ਇਕ ਫਲਾਇੰਗ ਸਕੁਐਡ ਵੀ ਬਣਾਇਆ ਹੈ ਜਿਹੜਾ ਕਿ ਲੇਬਰ ਲਾਜ਼ ਉਤੇ, ਜੋ ਅਮਲ ਪਹਿਲਾਂ ਨਹੀਂ ਸੀ ਹੁੰਦਾ, ਤਾਂ ਉਹ ਅਮਲ ਕਰਾਉਂਦਾ ਹੈ। ਜਿਹੜੇ ਲੋਕਲ ਅਫਸਰ ਹਨ ਉਨ੍ਹਾਂ ਨੂੰ ਵੀ ਡਰ ਰਹਿੰਦਾ ਹੈ। ਚਲਾਨ ਵੀ ਕੀਤੇ ਜਾਂਦੇ ਹਨ। ਕਈਆਂ ਅਫਸਰਾਂ ਨੂੰ ਸਸਪੈਂਡ ਕਰਕੇ ਉਨ੍ਹਾਂ ਦੀ ਇਨਕੁਆਇਰੀ ਕੀਤੀ ਜਾਂਦੀ ਹੈ ਕਿ ਤੁਸੀਂ ਇਥੇ ਕੀ ਕਰਦੇ ਹੋ, ਤੁਸੀਂ ਕਾਨੂੰਨਾਂ ਉਤੇ ਅਮਲ ਕਿਉਂ ਨਹੀਂ ਕਰਵਾਉਂਦੇ ? ਜਿਤਨੇ ਵੀ ਕਾਨੂੰਨ ਹਨ, ਰੂਲਜ਼ ਹਨ ਅਸੀਂ ਉਨ੍ਹਾਂ ਨੂੰ ਚੰਗੇ ਢੰਗ ਦੇ ਬਣਾਵਾਂਗੇ ਔਰ ਅੱਪ-ਟੂ-ਡੇਟ

Original with;
Punjab Vidhan Sabha
Digitized by;
Panjab Digital Library

ਬਣਾਵਾਂਗੇ। ਅਸੀਂ ਚਾਹੁੰਦੇ ਹਾਂ ਕਿ ਇਹ ਫੂਲ ਪਰੂਫ ਔਰ ਸਟ੍ਰਿਨਜੈਂਟ ਬਣਾਏ ਜਾ ਸਕਣ ਔਰ ਜਿੱਥੇ ਉਹ ਪੈਦਾਵਾਰ ਬੜ੍ਹਾਉਣ ਵਿਚ ਸਹਾਇਕ ਹੋਣ, ਉਥੇ ਮਜ਼ਦੂਰਾਂ ਦੇ ਹਿਤਾਂ ਦੀ ਰਾਖੀ ਵੀ ਉਹ ਕਰ ਸਕਣ । ਇਹ ਕਾਨੂੰਨ ਔਰ ਰੂਲਜ਼ ਬਦਲੇ ਜਾ ਰਹੇ ਹਨ । ਅਸੀਂ ਵੈਲਫੇਅਰ ਵਲ ਵੀ ਕਾਫੀ ਧਿਆਨ ਦਿੱਤਾ ਹੈ । ਜਿਸ ਤਰ੍ਹਾਂ ਪਰਸੋਂ ਸ੍ਰੀ ਸਰਦਾਰੀ ਲਾਲ ਕਪੂਰ ਜੀ ਔਰ ਡਾਂਗ ਸਾਹਿਬ ਨੇ ਕਿਹਾ ਸੀ ਕਿ ਫੇਅਰ ਪ੍ਰਾਈਸ ਸ਼ਾਪਸ ਦੇ ਬਾਰੇ ਕਾਨੂੰਨ ਜਿਹੜਾ ਹੈ, ਉਹ ਕੈਬਨਿਟ ਤੋਂ ਪਾਸ ਹੋ ਗਿਆ ਹੈ ਔਰ ਜਲਦੀ ਹੀ ਮਨਜ਼ੂਰੀ ਲੈਕੇ ਉਸ ਕਾਨੂੰਨ ਨੂੰ ਜਲਦੀ ਹੀ ਲਿਆਵਾਂਗੇ । ਜਿਥੇ 200 ਵਰਕਰ ਰੱਖਿਆ ਹੋਵੇਗਾ ਉਥੇ ਲਾਜ਼ਮੀ ਤੌਰ ਉਤੇ ਫੇਅਰ ਪ੍ਰਾਈਸ ਸ਼ਾਪਸ਼ ਖੋਲ੍ਹੀਆਂ ਜਾਣ ਔਰ ਸਿਵਿਲ ਸਪਲਾਈਜ਼ ਡਿਪਾਰਟਮੈਂਟ ਉਨ੍ਹਾਂ ਨੂੰ ਮਾਲ ਲਾਜ਼ਮੀ ਤੌਰ ਤੇ ਦੇਵੇ । ਇਸ ਤਰ੍ਹਾਂ ਦੀਆਂ ਸ਼ਾਪਸ਼ ਮਿਲ ਦੇ ਅੰਦਰ ਹੀ ਖੋਲ੍ਹੀਆਂ ਜਾਣਗੀਆਂ । ਇਸ ਬਾਰੇ ਕੈਬਨਿਟ ਨੇ ਅਪਰੂਵਲ ਦੇ ਦਿੱਤੀ ਹੈ ਔਰ ਕਾਨੂੰਨ ਜਲਦੀ ਹੀ ਆ ਜਾਵੇਗਾ । ਇਸ ਤਰ੍ਹਾਂ ਹੀ ਅਸੀਂ ਸਟਾਈਪਿੰਡ ਦਿੰਦੇ ਹਾਂ । ਉਸ ਵਿਚ ਮਜ਼ਦੂਰਾਂ ਦੇ ਬੱਚੇ ਵੀ ਫਾਇਦਾ ਉਠਾ ਸਕਣਗੇ । ਇਹ ਹੁਣ ਇਤਨੀਂ ਇੰਪਾਰਟੈਂਟ ਸਕੀਮ ਨਹੀਂ ਰਹਿ ਗਈ । ਇਸ ਲਈ ਅਸੀਂ ਇਸ ਪਾਸੇ ਨੂੰ ਡਾਈਵਰਟ ਕਰ ਦਿੱਤਾ ਹੈ । ਫਿਰ ਮਿਡਲ ਕਲਾਸਿਜ਼ ਦੀ ਐਜੂਕੇਸ਼ਨ ਵਾਸਤੇ ਵੀ ਪੈਸਾ ਬੜ੍ਹਾਇਆ ਹੈ। ਇਸ ਤਰ੍ਹਾਂ ਫਰੀ ਇਨਟਰੈਸਟ ਲੋਨ ਫਾਰ ਸੀਉਇੰਗ ਮਸ਼ੀਨਜ਼ ਵਾਸਤੇ ਤਿੰਨ ਲੱਖ ਰੁਪਿਆ ਰੱਖਿਆ ਹੈ । ਤਿੰਨ ਲੱਖ ਰੁਪਿਆ ਇਨਟਰੈਸਟ-ਫਰੀ ਲੋਨ ਸਾਈਕਲਾਂ ਖਰੀਦਣ ਵਾਸਤੇ ਦਿੱਤਾ ਹੈ । ਇਸ ਤਰ੍ਹਾਂ ਹੋਰ ਵੀ ਬੜ੍ਹਾਉਂਦੇ ਪਏ ਹਾਂ । ਫਿਰ, ਸਪੀਕਰ ਸਾਹਿਬ, ਈ. ਐਸ. ਆਈ ਦੀ ਸਕੀਮ ਚਲਦੀ ਪਈ ਹੈ । ਇਸ ਵਲ ਪੂਰਾ ਧਿਆਨ ਦਿੱਤਾ ਗਿਆ ਹੈ ਤਾਂਕਿ ਮਜ਼ਦੂਰਾਂ ਦੀ ਵੱਧ ਤੋਂ ਵੱਧ ਬੇਹਤਰੀ ਹੋ ਸਕੇ, ਉਨ੍ਹਾਂ ਨੂੰ ਸਹੂਲਤਾਂ ਵੱਧ ਤੋਂ ਵੱਧ ਮਿਲ ਸਕਣ ।

ਸਪੀਕਰ ਸਾਹਿਬ, ਸ੍ਰੀ ਸਰਦਾਰੀ ਲਾਲ ਜੀ ਨੇ ਕਿਹਾ ਹੈ ਕਿ ਕਈ ਮਿੱਲਾਂ ਆਪਣਾ ਹਿੱਸਾ ਨਹੀਂ ਦਿੰਦੀਆਂ । ਉਸ ਵਾਸਤੇ ਵੀ ਕਾਨੂੰਨ ਹੈ, ਅਸੀਂ ਹਿੱਸਾ ਦਿਵਾ ਸਕਦੇ ਹਾਂ ਅਗਰ ਕੋਈ ਸ਼ਕਾਇਤ ਸਾਡੇ ਨੋਟਿਸ ਵਿਚ ਲਿਆਈ ਜਾਵੇ ।

ਫਿਰ ਅਸੀਂ ਲੁਧਿਆਣਾ, ਜਲੰਧਰ ਅੰਮ੍ਰਿਤਸਰ ਔਰ ਬਟਾਲੇ ਵਿਚ ਵੈਲਫੇਅਰ ਸੈਂਟਰਜ਼ ਬਣਾਏ ਹੋਏ ਹਨ, ਸੀਉਇੰਗ, ਨਿੱਟਿੰਗ ਵਗੈਰਾ ਦੀ ਟ੍ਰੇਨਿੰਗ ਦਾ ਇੰਤਜ਼ਾਮ ਹੈ । ਇਸ ਤਰ੍ਹਾਂ ਫਿਰ ਵੇਖ ਲਵੋ 91 ਹਜ਼ਾਰ ਨਾਲ ਅਸੀਂ ਇਕ ਫਿਲਮਾਂ ਵਗੈਰਾ ਵਿਖਾਣ ਵਾਸਤੇ ਮੋਬਾਈਲ ਵੈਨ ਖਰੀਦ ਲਈ ਹੈ । ਇਸ ਤਰ੍ਹਾਂ ਨਾਲ ਉਹ ਦੁਨੀਆਂ ਦੇ ਹਾਲਾਤ ਵੇਖਣਗੇ । ਪੰਜ ਬਾਲਵਾੜੀਆਂ ਬਣਾਈਆਂ ਹਨ, ਰਾਜਪੁਰਾ, ਅਬੋਹਰ, ਲੁਧਿਆਣਾ, ਫਗਵਾੜਾ ਔਰ ਅੰਮ੍ਰਿਤਸਰ ਵਿੱਚ ਜਿਨ੍ਹਾਂ ਵਿਚ ਕਿ ਮਜ਼ਦੂਰਾਂ ਦੇ ਬੱਚੇ 3 ਤੋਂ 6 ਸਾਲ ਤਕ ਦੇ ਜਾਂਦੇ ਹਨ । ਅਸੀਂ ਇਸ ਸਕੀਮ ਨੂੰ ਹੋਰ ਬੜ੍ਹਾਉਣਾ ਚਾਹੁੰਦੇ ਹਾਂ ।

ਸਪੀਕਰ ਸਾਹਿਬ, ਐਮਰਜੈਂਸੀ ਤੋਂ ਬਾਅਦ ਇਕ ਤਾਂ ਇਹ ਹੋਇਆ ਹੈ ਕਿ ਇੰਡਸਟਰੀਅਲ ਪੈਦਾਵਾਰ ਵੱਧੀ ਹੈ, ਮਿਨੀਮਮ ਵੇਜਿਜ਼ ਬੜ੍ਹੀਆਂ ਹਨ, ਐਗਰੀਕਲਚਰ ਦੀ ਮਿਨੀਮਮ ਵੇਜਿਜ਼ ਸਾਰੇ ਹੀ ਕੰਟਰੀ ਨਾਲੋਂ ਜ਼ਿਆਦਾ ਕੀਤੀਆਂ ਗਈਆਂ ਹਨ ਔਰ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਵਾਸਤੇ ਮਸ਼ੀਨਰੀ ਬਣਾਈ ਹੈ। ਇਕ ਤਹਿਸੀਲਦਾਰ ਰਿਕਵਰੀ ਦੀ ਪੋਸਟ ਕਰੀਏਟ ਕਰਵਾਈ ਹੈ । ਪਹਿਲਾਂ ਕਈ ਕਈ ਸਾਲ ਅਵਾਰਡ ਨਹੀਂ ਸਨ ਮਿਲਦੇ । ਕੋਰਟਾਂ ਵਿਚ ਕੇਸ ਚਲਦੇ ਰਹਿੰਦੇ ਸਨ । ਹੁਣ ਉਹ ਰਿਕਵਰੀ ਲੈਂਡ ਰੈਵੇਨਿਯੂ ਡਿਕਲੇਅਰ ਕਰਕੇ ਹੋ ਜਾਵੇਗੀ ਔਰ ਮਜ਼ਦੂਰਾਂ ਨੂੰ ਪੈਸੇ ਦਿਵਾ ਦਿਆ ਕਰਨਗੇ । ਫਿਰ ਸੇਫਟੀ ਕੌਂਸਲ ਬਣਾਈ ਗਈ ਹੈ । ਜਿਹੜੀ ਕਿ ਨੈਸ਼ਨਲ ਸੇਫਟੀ ਕੌਂਸਲ ਦੇ ਪੈਟਰਨ ਉਤੇ ਹੀ ਬਣਾਈ ਗਈ ਹੈ । ਇਸ ਤਰ੍ਹਾਂ ਨਾਲ ਰੇਟ ਆਫ ਐਕਸੀਡੈਂਟਸ ਘਟਿਆ ਹੈ । ਸੰਨ 1971 ਵਿਚ ਇਹ 20·6 ਪਰ ਥਾਉਜ਼ੈਂਡ ਵਰਕਰ ਸੀ ਜੋਕਿ ਸੰਨ 1961 ਵਿਚ 27.50 ਸੀ । ਆਲ-ਇੰਡੀਆ ਫਿੱਗਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਬਹੁਤ ਜ਼ਿਆਦਾ ਹੈ ਲੇਕਿਨ ਅਸੀਂ ਹੁਣ ਸੰਨ 1972 ਦੇ ਵਿਚ 14.88 ਰੇਟ ਆਫ ਐਕਸੀਡੈਂਟਸ ਤਕ ਘਟਾਇਆ ਹੈ। ਸੇਫਟੀ ਮਯਰਜ਼ ਲੈ ਕੇ, ਸੇਫਟੀ ਕੌਂਸਲ ਦੇ ਰਾਹੀਂ ਅਸੀਂ ਇਸ ਤਰ੍ਹਾਂ ਘਟਾ ਸਕੇ ਹਾਂ ਔਰ ਮੇਰਾ ਖਿਆਲ ਹੈ ਕਿ ਸੇਫਟੀ ਕੌਂਸਲ ਜੋ ਹੁਣ ਕਦਮ ਉਠਾ ਰਹੀ ਹੈ ਉਸ ਨਾਲ ਹੋਰ ਵੀ ਘੱਟ ਐਕਸੀਡੈਂਟਸ ਹੋਣ ਦੀ ਆਸ ਹੈ। ਅਸੀਂ ਇਕ ਲੇਬਰ ਡਿਪਾਰਟਮੈਂਟ ਵਲੋਂ ਰਸਾਲਾ ਵੀ ਕੱਢਣ ਲਗੇ ਹਾਂ। ਉਸ ਵਿਚ ਨਾ ਸਿਰਫ ਲੇਬਰ ਡਿਪਾਰਟਮੈਂਟ ਬਾਰੇ ਵਾਕਫੀਅਤ ਹੋਵੇਗੀ ਬਲਕਿ ਜਿਹੜੇ ਮਜ਼ਦੂਰ ਵੀ ਕੰਮ ਕਰਦੇ ਹਨ ਉਨ੍ਹਾਂ ਨੂੰ ਹਰ ਜਗ੍ਹਾਂ ਵਾਕਫੀਅਤ ਦੇਣ ਵਾਸਤੇ ਇਹ ਕੰਮ ਕਰ ਰਹੇ ਹਾਂ। ...

**ਸ਼੍ਰੀ ਸਪੀਕਰ**: ਸ਼ਰਮਾਂ ਜੀ, ਕਿਤਨਾਂ ਕੁ ਸਮਾਂ ਹੋਰ ਲਵੋਗੇ? ਐਜੂਕੇਸ਼ਨ ਮਨਿਸਟਰ ਸਾਹਿਬ ਨੇ ਵੀ ਬੋਲਣਾ ਹੈ।

**ਵਿੱਤ ਮੰਤਰੀ** : ਮੈਂ ਅਜੇ ਕੁਝ ਮਿੰਟ ਲੈਣੇ ਹਨ ਜੀ।

**ਸ਼੍ਰੀ ਸਪੀਕਰ** : ਗਿਲੋਟੀਨ ਫਿਰ ਸਾਢੇ ਪੰਜ ਵਜੇ ਤਕ ਐਕਸਟੈਂਡ ਕਰ ਦਿੰਦੇ ਹਾਂ।

**ਵਿੱਤ ਮੰਤਰੀ** : ਠੀਕ ਹੈ ਜੀ।

**Mr. Speaker** . Is it the pleasure of the House ?

**Voices** : Yes, Yes.

**ਸ਼੍ਰੀ ਸਪੀਕਰ** : ਹੁਣ ਗਿਲੋਟੀਨ ਸਾਢੇ ਪੰਜ ਵਜੇ ਅਪਲਾਈ ਕੀਤੀ ਜਾਵੇਗੀ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਕਿਹਾ ਗਿਆ ਹੈ ਕਿ ਗੋਬਿੰਦਗੜ੍ਹ ਦੀਆਂ ਕੁਝ ਫੈਕਟਰੀਆਂ ਬੰਦ ਹਨ। ਪਹਿਲਾਂ ਵੀ ਬੰਦ ਰਹੀਆਂ ਹਨ ਕਿਉਂਕਿ ਰਾਅ-ਮੈਟੀਰੀਅਲ ਮਿਲ ਜਾਂਦਾ ਹੈ ਤਾਂ ਚਲਣ ਲਗ ਜਾਂਦੀਆਂ ਹਨ, ਜੇਕਰ ਨਾ ਮਿਲੇ ਤਾਂ ਨਹੀਂ ਚਲਦੀਆਂ। ਉਥੇ ਜ਼ਿਆਦਾਤਰ ਰੀ-ਰੋਲਿੰਗ ਮਿਲਜ਼ ਹਨ। ਪਰ, ਸਪੀਕਰ ਸਾਹਿਬ, ਜੇਕਰ ਉਨ੍ਹਾਂ ਨੂੰ ਕੋਈ ਦਿੱਕਤ ਹੋਵੇਗੀ ਤਾਂ ਉਸਨੂੰ ਹੱਲ ਕਰਨ ਦਾ ਯਤਨ ਕਰਾਂਗੇ। ਫਲਾਈਂਗ ਸਕੁਐਡ ਜਿਹੜਾ ਸਾਡੇ ਪਾਸ ਹੈ, ਉਹ ਵੀ ਭੇਜ ਦੇਵਾਂਗੇ। ਅਸੀਂ ਬਟਾਲਾ, ਅੰਮ੍ਰਿਤਸਰ ਵਿਚ ਕਾਨਫੰਰਸ ਕਰਦੇ ਪਏ ਹਾਂ। ਬਟਾਲੇ ਔਰ ਅੰਮ੍ਰਿਤਸਰ ਵਿਚ ਜਿਹੜੀਆਂ ਇੰਡਸਟਰੀਆਂ ਬੰਦ ਹਨ, ਉਸ ਉਤੇ ਵੀ ਸੈਮੀਨਾਰ ਕਰ ਰਹੇ ਹਾਂ ਤਾਂਕਿ ਜਿਸ ਤਰ੍ਹਾਂ ਲੁਧਿਆਣੇ ਦੀ ਇੰਡਸਟਰੀ ਅਗੇ ਵਧੀ ਹੈ, ਇਸ ਤਰ੍ਹਾਂ ਹੀ ਉਹ ਵੀ ਹੋਰ ਅਗੇ ਵਧੇਗੀ। ਜਿਸ ਤਰ੍ਹਾਂ ਲੁਧਿਆਣੇ ਦੇ ਇੰਡਸਟਰੀਅਲਿਸਟਾਂ ਵਿਚ ਇਹ ਖਾਹਿਸ਼ ਸੀ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਮਾਲ ਬਣਾਈਏ ਔਰ ਬਾਹਰ ਜਾਵੇ, ਲੁਧਿਆਣੇ ਦੀ ਹੋਜ਼ਰੀ ਇੰਡਸਟਰੀ ਸੋਵੀਅਤ ਯੂਨੀਅਨ ਔਰ ਹੋਰ ਸੋਸ਼ਲਿਸਟ ਮੁਲਕਾਂ ਨੂੰ ਮਾਲ ਭੇਜ ਰਹੀ ਹੈ ਜਿਸ ਨਾਲ ਕਿ ਵਰਕਰਜ਼ ਨੂੰ ਕਾਫੀ ਤਾਦਾਦ ਵਿਚ ਕੰਮ ਮਿਲ ਰਿਹਾ ਹੈ ਔਰ ਕਾਰਖਾਨੇ ਚਲ ਰਹੇ ਹਨ। ਇਸ ਲਈ ਵਿਚਾਰ ਕਰਦੇ ਹਾਂ ਕਿ ਪੰਜਾਬ ਦੀ ਇੰਡਸਟਰੀ ਜਿਹੜੀ ਬੰਦ ਪਈ ਹੈ, ਉਸ ਦੀ ਮਾਡਰੇਨਾਈਜ਼ੇਸ਼ਨ ਕਰੀਏ। ਗੌਰਮਿੰਟ ਆਫ ਇੰਡੀਆਂ ਦੀ ਮਦਦ ਨਾਲ ਸਮਾਜਵਾਦੀ ਮੁਲਕਾਂ ਵਿਚ ਆਪਣਾ ਮਾਲ ਭੇਜ ਕੇ ਉਸ ਇੰਡਸਟਰੀ ਨੂੰ ਦੁਬਾਰਾ ਜ਼ਿੰਦਾ ਕਰ ਸਕੀਏ। ਇਹ ਠੀਕ ਹੈ ਕਿ ਜਿਸ ਤਰ੍ਹਾਂ ਕਿ ਡਾਂਗ ਸਾਹਿਬ ਨੇ ਦਸਿਆ ਹੈ, ਮੈਂ ਸਮਝਦਾ ਹਾਂ ਕਿ ਜਿਤਨਾ ਵੀ ਕਾਰੋਬਾਰ ਜ਼ਿਆਦਾ ਬੜ੍ਹੇਗਾ, ਜ਼ਿਆਦਾ ਇਨਵੈਸਟਮੈਂਟ ਇੰਡਸਟਰੀ ਵਿਚ ਹੋਵੇਗੀ, ਉਤਨੀਂ ਹੀ ਫੀਕਸ ਆਮਦਨ ਵਧ ਜਾਵੇਗੀ। ਹੁਣ ਤਾਂ ਸਰਕਾਰ ਨੇ ਇਹ ਤਹੱਈਆ ਹੀ ਕਰ ਲਿਆ ਹੈ ਕਿ ਹਰ ਮਹੀਨੇ ਇਕ ਇੰਡਸਟਰੀ ਲਗਾਉਣੀ

Original with;
Punjab Vidhan Sabha
Digitized by;
Panjab Digital Library

ਹੈ। ਹਰ ਮਹੀਨੇ ਇਕ ਇੰਡਸਟਰੀ ਲਗੇਗੀ ਪੰਜਾਬ ਦੇ ਵਿਚ ਔਰ ਇਸ ਨਾਲ ਜਿਹੜੇ ਮਜ਼ਦੂਰ ਹਨ ਉਨ੍ਹਾਂ ਨੂੰ ਬਹੁਤ ਜ਼ਿਆਦਾ ਇੰਪਲਾਇਮੈਂਟ ਮਿਲੇਗੀ ਔਰ ਇੰਡਸਟਰੀਅਲ ਰੈਵੋਲਿਊਸ਼ਨ ਲਿਆਉਣ ਵਿਚ ਭਾਰੀ ਮੱਦਦ ਮਿਲੇਗੀ।

ਸਪੀਕਰ ਸਾਹਿਬ, ਫਿਰ ਤੁਸੀਂ ਵੇਖੋ ਕਿ ਐਮਰਜੈਂਸੀ ਤੋਂ ਬਾਅਦ ਬੋਗਸ ਕੋਟੇ ਲਏ ਜਾਂਦੇ ਸਨ, ਉਹ ਖਤਮ ਹੋ ਗਏ ਹਨ। ਸੈਂਟਰ ਦੀ ਟੀਮ ਨੇ ਪੰਜਾਬ ਦੀ ਟੀਮ ਨਾਲ ਮਿਲ ਕੇ ਰੇਡ ਕੀਤੇ ਹਨ। ਸੋ ਇਸ ਤਰ੍ਹਾਂ ਨਾਲ ਐਮਰਜੈਂਸੀ ਤੋਂ ਬਾਅਦ ਇਸ ਚੀਜ਼ ਦੇ ਵਿਚ ਵੀ ਕਾਫੀ ਫਾਇਦਾ ਹੋਇਆ ਹੈ, ਸੁਧਾਰ ਹੋਇਆ ਹੈ। ਔਰ ਗੌਰਮਿੰਟ ਕਿਸੇ ਵੀ ਭ੍ਰਿਸ਼ਟਾਚਾਰੀ ਕਰਮਚਾਰੀ ਨਾਲ ਕੋਈ ਰਿਆਇਤ ਨਹੀਂ ਕਰਦੀ ਔਰ ਨਾ ਹੀ ਸਰਕਾਰ ਇਹ ਬਰਦਾਸ਼ਤ ਕਰਦੀ ਹੈ ਕਿ ਇਸ ਤਰ੍ਹਾਂ ਨਾਲ ਕੋਈ ਬੋਗਸ ਕੋਟੇ ਲਏ ਜਾਣ ਔਰ ਅਗੇ ਮੁਨਾਫਾ ਲੈਕੇ ਵੇਚੇ ਜਾਣ। ਸਪੀਕਰ ਸਾਹਿਬ, ਬੱਸ ਜੀ ਮੈਂ ਇਹ ਹੀ ਜਵਾਬ ਦੇਣਾ ਚਾਹੁੰਦਾ ਸੀ।

**ਵਿਦਿਆ ਮੰਤਰੀ** (ਸ੍ਰੀ ਗੁਰਮੇਲ ਸਿੰਘ) : ਸਪੀਕਰ ਸਾਹਿਬ, ਐਜੂਕੇਸ਼ਨ ਦੇ ਬਾਰੇ ਕੁਝ ਮੈਂਬਰਾਂ ਨੇ ਬਹੁਤ ਰਾਏ ਦਿੱਤੀ ਹੈ। ਔਰ ਜ਼ਿਆਦਾਤਰ ਵੇਖਿਆ ਗਿਆ ਹੈ ਕਿ ਐਜੂਕੇਸ਼ਨ ਮਹਿਕਮੇ ਦੀਆਂ ਜੋ ਸਾਡੀਆਂ ਨੀਤੀਆਂ ਹਨ, ਉਸ ਬਾਰੇ ਬੜੇ ਮੈਂਬਰਾਂ ਨੇ ਸ਼ਲਾਘਾ ਹੀ ਕੀਤੀ ਹੈ। ਅਸੀਂ ਐਜੂਕੇਸ਼ਨ ਨੂੰ ਚਾਰ ਹਿੱਸਿਆਂ ਵਿਚ ਵੰਡ ਸਕਦੇ ਹਾਂ। ਪਹਿਲਾਂ ਅਸੀਂ ਗਿਣਤੀ ਵਧਾਣੀ ਹੈ। ਲੇਕਿਨ ਇਸ ਗੱਲ ਦਾ ਖਿਆਲ ਰੱਖਣਾ ਹੈ ਕਿ ਕੁਆਂਟਿਟੀ ਵਧਾਉਣ ਦੇ ਨਾਲ ਕੁਆਲੀਟੀਜ਼ ਨੂੰ ਵੀ ਵਧਾਉਣਾ ਹੈ ਜਿਸ ਤਰ੍ਹਾਂ ਸਾਡੀ ਪ੍ਰਾਈਮ ਮਨਿਸਟਰ ਸਾਹਿਬਾ ਨੇ ਕਿਹਾ ਹੈ। ਦੂਸਰਾ ਜਿਹੜੇ ਡਾਊਨ-ਟਰੌਡਨ ਹਨ ਉਨ੍ਹਾਂ ਦੇ ਬੱਚਿਆਂ ਦਾ ਧਿਆਨ ਰੱਖਣਾ ਹੈ। ਤੀਸਰਾ ਅਸੀਂ ਇਹ ਵੀ ਯਤਨ ਕਰਨਾ ਹੈ ਕਿ ਜੋ ਟੀਚਰਜ਼ ਹਨ ਉਨ੍ਹਾਂ ਨੂੰ ਚੰਗੀ ਟਰੇਨਿੰਗ ਦਿੱਤੀ ਜਾਵੇ ਔਰ ਯੂਨੈਸਕੋ ਦੇ ਤਰੀਕੇ ਮੁਤਾਬਿਕ ਇਸ ਵੱਲ ਜ਼ਿਆਦਾ ਧਿਆਨ ਦਿੱਤਾ ਹੈ। ਇਸ ਦੇ ਨਾਲ ਚੌਥਾ ਜੋ ਵਿਦਿਆਰਥੀਆਂ ਦੇ ਬਾਰੇ ਵਿਚ ਹੈ ਉਨ੍ਹਾਂ ਦੀ ਵੈਲਫੇਅਰ ਦਾ ਧਿਆਨ ਰੱਖਣਾ ਹੈ ਕਿ ਅਸੀਂ ਇਨ੍ਹਾਂ ਨੂੰ ਪੜ੍ਹਾਈ ਲਈ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਕਿਸ ਤਰ੍ਹਾਂ ਦੇ ਸਕਦੇ ਹਾਂ। ਸਭ ਤੋਂ ਪਹਿਲਾਂ ਮੈਂ ਐਕਸਪੈਨਸ਼ਨ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ 31 ਮਾਰਚ 1972 ਨੂੰ ਜੋ ਪ੍ਰਾਈਮਰੀ ਸਕੂਲਾਂ ਦੀ ਗਿਣਤੀ 7,368 ਸੀ ਔਰ ਹੁਣ ਅਜ ਵੱਧ ਕੇ 9,305 ਹੋ ਚੁਕੀ ਹੈ, (ਤਾੜੀਆਂ) ਇਸੇ ਤਰ੍ਹਾਂ 31 ਮਾਰਚ, 1972 ਨੂੰ ਮਿਡਲ ਸਕੂਲਾਂ ਦੀ ਜੋ ਗਿਣਤੀ 1,059 ਸੀ ਜਿਹੜੀ ਹੁਣ ਵੱਧ ਕੇ 1,423 ਹੋ ਚੁਕੀ ਹੈ। ਇਸੇ ਤਰ੍ਹਾਂ ਪ੍ਰਾਈਮਰੀ ਤੋਂ ਮਿਡਲ ਸਕੂਲਾਂ ਦੇ ਨਾਲ ਨਾਲ ਹਾਈ ਸਕੂਲਾਂ ਦੀ ਗਿਣਤੀ ਜਿਹੜੀ 31 ਮਾਰਚ, 1972 ਨੂੰ ਸਿਰਫ 1,337 ਸੀ ਅੱਜ ਇਨ੍ਹਾਂ ਦੀ ਗਿਣਤੀ ਇਸ ਸਰਕਾਰ ਦੇ ਯਤਨਾਂ ਨਾਲ 1,546 ਹੋ ਚੁਕੀ ਹੈ ਔਰ ਜੋ ਸਕੂਲਾਂ ਦੇ ਵਿਚ ਬੱਚੇ ਜਾਂਦੇ ਹਨ ਉਨ੍ਹਾਂ ਦੀ ਗਿਣਤੀ ਮੈਂ ਦੱਸਦਾ ਹਾਂ ਕਿ 31 ਮਾਰਚ, 1972 ਨੂੰ ਜੋ 6 ਸਾਲ ਤੋਂ 11 ਸਾਲ ਦੀ ਉਮਰ ਦੇ ਬੱਚੇ ਸਨ ਉਨ੍ਹਾਂ ਦੀ ਗਿਣਤੀ 14.4 ਲੱਖ ਸੀ ਔਰ ਹੁਣ ਅੱਜ ਇਹ ਗਿਣਤੀ ਵੱਧ ਕੇ 18.9 ਲਖ ਹੋ ਚੁਕੀ ਹੈ। (ਤਾੜੀਆਂ) ਇਸ ਤਰ੍ਹਾਂ 31 ਮਾਰਚ, 1972 ਵਿਚ 11 ਸਾਲ ਤੋਂ 14 ਸਾਲ ਦੀ ਉਮਰ ਦੇ ਬੱਚਿਆਂ, ਜੋ ਮਿਡਲ ਸਕੂਲਾਂ ਵਿਚ ਵਿਦਿਆ ਪ੍ਰਾਪਤ ਕਰਦੇ ਸਨ, ਉਨ੍ਹਾਂ ਦੀ ਜੋ ਗਿਣਤੀ 4 ਲੱਖ 6 ਹਜ਼ਾਰ ਸੀ ਜਿਹੜੀ ਹੁਣ ਵੱਧਕੇ 5.5 ਲੱਖ ਹੋ ਚੁਕੀ ਹੈ। ਇਸੇ ਤਰ੍ਹਾਂ ਹਾਈ ਸਕੂਲਾਂ ਦੇ ਵਿਚ 14 ਤੋਂ 17 ਸਾਲ ਦੇ ਬੱਚੇ ਜੋ ਹਾਈ ਵਿਦਿਆ ਪ੍ਰਾਪਤ ਕਰਦੇ ਸਨ ਉਨ੍ਹਾਂ ਦੀ ਗਿਣਤੀ ਇਕ ਲੱਖ 92 ਹਜ਼ਾਰ ਸੀ ਜੋ ਹੁਣ ਵੱਧ ਕੇ 2.44 ਲੱਖ ਹੋ ਚੁਕੀ ਹੈ। ਇਹ ਵੀ ਦੱਸਣ ਵਿਚ ਮੈਨੂੰ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ 6 ਸਾਲ ਤੋਂ 11 ਸਾਲ ਦੇ ਜੋ ਬੱਚੇ ਹਨ ਉਨ੍ਹਾਂ ਨੂੰ ਅਸੀਂ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਸੈਂਟ ਪਰਸੈਂਟ ਸਕੂਲਾਂ ਵਿਚ ਭੇਜਣ ਦਾ ਟੀਚਾ ਮਿਥਿਆ ਹੈ ਔਰ ਅੱਜ ਤਕ ਅਸੀਂ 98 ਫੀ ਸਦੀ ਬੱਚੇ ਜੋ ਇਸ ਉਮਰ ਵਿਚ ਆਉਂਦੇ ਹਨ ਉਨ੍ਹਾਂ ਨੂੰ ਸਕੂਲਾਂ ਵਿਚ ਭੇਜਿਆ ਹੈ ਤਾਕਿ ਜੋ ਨੈਸ਼ਨਲ ਟਾਰਗੇਟ ਸੌ ਫੀ ਸਦੀ ਹੈ ਪਰ ਅਜੇ ਇਨ੍ਹਾਂ ਦਾ 85 ਫੀਸਦੀ ਤਕ ਹੀ ਬਣਦਾ ਹੈ ਇਸ ਦੇ ਮੁਕਾਬਲੇ ਵਿਚ ਪੰਜਾਬੀਆਂ ਵਲੋਂ, ਪੰਜਾਬ ਦੇ ਅੰਦਰ, ਪੰਜਾਬ ਸਰਕਾਰ ਦੇ ਯਤਨਾਂ ਨਾਲ ਔਰ ਜੋ ਐਜੂਕੇਸ਼ਨ ਦੇ ਮਹਿਕਮਾ ਦੇ ਅਫਸਰਾਂ ਦੇ ਯਤਨਾਂ ਨਾਲ ਔਰ ਜੋ ਟੀਚਰਜ਼ ਵਰਗ ਹਨ ਉਨ੍ਹਾਂ ਦੀ ਹਿੰਮਤ ਨਾਲ ਅਸੀਂ 98 ਫੀਸਦੀ ਤਕ ਪਹੁੰਚ ਸਕੇ ਹਾਂ। ਇਸ ਤਰ੍ਹਾਂ ਅਸੀਂ ਆਪਣੇ ਯਤਨਾਂ ਨਾਲ ਆਉਣ ਵਾਲੇ ਸਮੇਂ ਵਿਚ ਹੋਰ ਮਿਹਨਤ ਕਰਕੇ ਜਿਸ ਤਰ੍ਹਾਂ ਅਸੀਂ ਪਿਛਲੇ ਸਾਲ 500 ਨਵੇਂ ਪ੍ਰਾਈਮਰੀ ਸਕੂਲ ਖੋਲ੍ਹੇ, ਉਸੇ ਤਰ੍ਹਾਂ ਅਸੀਂ 200 ਪ੍ਰਾਈਮਰੀ ਤੋਂ ਮਿਡਲ ਸਕੂਲ ਬਣਾਏ ਸੀ ਔਰ ਇਸ ਤੋਂ ਪਿਛਲੇ ਸਾਲ 500 ਪ੍ਰਾਈਮਰੀ ਸਕੂਲਾਂ ਤੋਂ ਮਿਡਲ ਸਕੂਲ ਅਪਗਰੇਡ ਕੀਤੇ ਸੀ। ਪਿਛਲੇ ਤੋਂ ਪਿਛਲੇ ਸਾਲ 25 ਮਿਡਲ ਸਕੂਲਾਂ ਤੋਂ ਹਾਈ ਸਕੂਲ ਕਰ ਸਕੇ ਹਾਂ। ਇਸ ਸਾਲ ਜੋ ਨਵਾਂ ਬਜਟ ਪੇਸ਼ ਹੋਇਆ ਹੈ ਇਸ ਬਜਟ ਦੇ ਮੁਤਾਬਿਕ 500 ਨਵੇਂ ਪ੍ਰਾਈਮਰੀ ਸਕੂਲ ਖੋਲ੍ਹੇ ਜਾ ਰਹੇ ਹਨ। ਔਰ 200 ਪ੍ਰਾਈਮਰੀ ਤੋਂ ਮਿਡਲ ਸਕੂਲ ਬਣਾਏ ਜਾਣਗੇ। ਅਪਗਰੇਡ ਕਰਨ ਵਾਸਤੇ, ਇਸ ਹਾਊਸ ਦੇ ਮੈਂਬਰਾਂ ਵਲੋਂ ਬੜੀ ਇਹ ਡੀਮਾਂਡ ਆ ਰਹੀ ਸੀ ਕਿ ਹਾਈ ਸਕੂਲ ਜੋ ਹਨ ਉਨ੍ਹਾਂ ਦੀ ਗਿਣਤੀ ਕੁਝ ਘੱਟ ਹੈ। ਇਸ ਗੱਲ ਵੱਲ ਆਉਂਦਾ ਹਾਂ ਕਿ ਇਸ ਸਾਲ 1976-77 ਵਿਚ 100 ਮਿਡਲ ਸਕੂਲਾਂ ਨੂੰ ਅਪਗਰੇਡ ਕੀਤਾ ਜਾਵੇਗਾ ਤਾਂਕਿ ਅਸੀਂ ਹਾਈ ਸਕੂਲਾਂ ਵਿਚ ਵਿਦਿਆ ਦੇ ਸਕੀਏ। ਉਨ੍ਹਾਂ ਦੇ ਘਰਾਂ ਵਿਚ, ਉਨ੍ਹਾਂ ਨੂੰ ਵਿਦਿਆ ਮਿਲ ਜਾਵੇ ਔਰ ਜਿੱਥੇ ਐਕਸਪੈਨਸ਼ਨ ਬਾਰੇ 1971-72 ਵਿਚ ਐਜੂਕੇਸ਼ਨ ਦਾ ਬਜਟ ਸਿਰਫ 31 ਕਰੋੜ ਰੁਪਏ ਸੀ ਇਹ ਇਸ ਸਾਲ ਤਕਰੀਬਨ ਤਕਰੀਬਨ 70 ਕਰੋੜ ਰੁਪਏ ਦੇ ਲਗ ਭਗ ਚਲਾ ਗਿਆ ਹੈ। ਇਹ ਬਹੁਤ ਵੱਡੀ ਅਚੀਵਮੈਂਟ ਹੈ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਦੀ ਕਿ ਇਹ ਇਤਨਾ ਜ਼ਿਆਦਾ ਰੁਪਇਆ ਐਜੂਕੇਸ਼ਨ ਤੇ ਖਰਚ ਹੋ ਰਿਹਾ ਹੈ।

ਇਸ ਤੋਂ ਇਲਾਵਾ ਅਸੀਂ ਸਕੂਲਾਂ ਵਿਚ, ਪ੍ਰਾਈਮਰੀ ਸਕੂਲਾਂ ਵਿਚ ਸਾਇੰਸ ਦੀ ਵਿਦਿਆ ਦੇਣ ਦਾ ਪ੍ਰਬੰਧ ਕੀਤਾ ਹੈ। ਸਾਇੰਸ ਦੀ ਬੇਸਿਕ ਪੜ੍ਹਾਈ ਹੈ ਜਿਥੇ ਕਿ ਬੱਚਿਆਂ ਦੀ ਬੁਨਿਆਦ ਬਨਾਉਣੀ ਹੈ। ਇਸ ਲਈ ਅਸੀਂ ਉਥੇ ਸਾਇੰਸ ਦੀ ਵਿਦਿਆ ਤੇ ਜ਼ੋਰ ਦਿੰਦੇ ਪਏ ਹਾਂ। ਅਸੀਂ ਮਿਡਲ ਅਤੇ ਹਾਈ ਸਕੂਲਾਂ ਵਿਚ 500 ਨਵੇਂ ਸਾਇੰਸ ਮਾਸਟਰ ਰੱਖੇ ਹਨ। ਇਸ ਤੋਂ ਅਗੇ ਵੋਕੇਸ਼ਨੇਲਾਈਜੇਸ਼ਨ ਦੀ ਗੱਲ ਹੈ। ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਪਿਛਲੇ ਸਾਲ ਅਸੀਂ 150 ਸਕੂਲਾਂ ਵਿਚ ਇਸ ਸਬਜੈਕਟ ਨੂੰ ਲਾਗੂ ਕੀਤਾ ਸੀ—ਇਕ ਸੌ ਮਿਡਲ ਸਕੂਲਾਂ ਵਿਚ ਅਤੇ 50 ਹਾਇਰ ਸੈਕੰਡਰੀ ਸਕੂਲਾਂ ਵਿਚ। ਇਹ ਗੱਲ ਦੇਖ ਕੇ, ਘੋਖ ਕੇ ਅਤੇ ਐਗਜ਼ਾਮਿਨ ਕਰਕੇ ਕੀਤਾ ਗਿਆ ਹੈ ਕਿ ਜਿਥੇ ਹਾਇਰ ਸੈਕੰਡਰੀ ਸਕੂਲ ਹੈ, ਉਸ ਦੇ ਨੇੜੇ ਜੋ ਮਿਡਲ ਸਕੂਲ ਹੈ, ਉਸ ਸਕੂਲ ਨੂੰ ਕਵਰ ਕਰਨ ਲਈ ਇਸ ਤਰ੍ਹਾਂ ਕੀਤਾ ਗਿਆ ਹੈ ਤਾਂਕਿ ਉਹ ਸਟੂਡੈਂਟ ਛੇਵੀਂ, ਸੱਤਵੀਂ ਤੇ ਅੱਠਵੀਂ ਤਕ ਪੜ੍ਹਕੇ ਅਗੇ ਜਾ ਕੇ ਐਵੇਂ ਹੀ ਨਾ ਉਸ ਦੇ ਬਾਅਦ ਤਿੰਨ ਸਾਲ ਰਹਿ ਜਾਣ ਅਤੇ ਐਸਾ ਨਾ ਹੋਵੇ ਕਿ ਹਾਇਰ ਸੈਕੰਡਰੀ ਸਕੂਲ ਵਿਚ, ਜੇ ਕੋਈ ਦੂਰ ਸਕੂਲ ਹੋਵੇਗਾ ਤਾਂ ਉਨ੍ਹਾਂ ਨੂੰ ਅਗੇ ਜਾ ਕੇ ਮੌਕਾ ਹੀ ਨਾ ਇਸ ਸਬਜੈਕਟ ਨੂੰ ਪੜ੍ਹਨ ਦਾ ਮਿਲੇ ਅਤੇ ਉਸ ਨੂੰ ਨੌਵੀਂ ਅਤੇ ਦਸਵੀਂ ਵਿਚ ਕੰਟੀਨਿਊ ਕਰ ਸਕੇ। ਇਹ ਇਸ ਤਰ੍ਹਾਂ ਦੇਖ ਕੇ ਕੀਤਾ ਗਿਆ ਹੈ ਅਤੇ ਹਾਇਰ ਸੈਕੰਡਰੀ ਸਕੂਲ ਸਿਲੈਕਟ ਕੀਤੇ ਗਏ ਸਨ ਤਾਂਕਿ ਛੇਵੀਂ, ਸਤਵੀਂ ਅਤੇ ਅੱਠਵੀਂ ਤੋਂ ਬਾਅਦ ਨੌਵੀਂ, ਦੱਸਵੀਂ ਅਤੇ ਗਿਆਰ੍ਹਵੀਂ ਵਿਚ ਉਹ ਸਬਜੈਕਟ ਕੰਟੀਨਿਊ ਕਰ ਸਕੇ। ਇਹ ਬੜਾ ਵੇਖ ਕੇ ਫੈਸਲਾ ਕੀਤਾ ਗਿਆ ਸੀ। ਡਾਂਗ ਸਾਹਿਬ ਨੂੰ ਪਤਾ ਨਹੀਂ ਵੋਕੇ—ਸ਼ਨੇਲਾਈਜੇਸ਼ਨ ਦੇ ਸਬੰਧ ਵਿਚ ਕਿਉਂ ਤੌਖਲਾ ਪੈਦਾ ਹੋ ਗਿਆ। ਉਨ੍ਹਾਂ ਨੇ ਕਿਹਾ ਕਿ ਸ਼ਾਇਦ ਇਹ

Original with;
Punjab Vidhan Sabha
Digitized by;
Panjab Digital Library

ਗੱਲ ਸਿਰੇ ਨਹੀਂ ਚੜ੍ਹਨੀ । ਮੈਂ ਇਥੇ ਕਹਿ ਦਿਆਂ ਕਿ ਅਸੀਂ ਜਾ ਕੇ ਵਿਜ਼ਿਟ ਕਰਦੇ ਹਾਂ ਅਤੇ ਜਾ ਕੇ ਵੇਖਦੇ ਹਾਂ, ਇਸ ਵਿਚ ਪੰਜਾਬ ਸਰਕਾਰ ਦੀ ਸ਼ਲਾਘਾ ਕਰਨ ਦੀ ਲੋੜ ਹੈ ਕਿ ਹਿੰਦੁਸਤਾਨ ਦੇ ਦੂਜੇ ਸੂਬਿਆਂ ਵਿਚ ਹਾਲਾਂ ਇਸ ਗੱਲ ਨੂੰ ਲਾਗੂ ਨਹੀਂ ਉਹ ਕਰ ਸਕੇ । ਵੋਕੇਸ਼ਨੇਲਾਈਜ਼ੇਸ਼ਨ ਜੋ ਪੰਜਾਬ ਸਰਕਾਰ ਨੇ ਪਿਛਲੇ ਸਾਲ ਲਾਗੂ ਕੀਤਾ ਹੈ, ਇਸ ਗੱਲ ਦੀ ਪ੍ਰਸ਼ੰਸਾ ਹੋਣੀ ਚਾਹੀਦੀ ਹੈ ਔਰ ਇਸ ਗੱਲ ਦੀ ਪ੍ਰਸ਼ੰਸਾ ਸੈਂਟਰ ਦੇ ਐਜੂਕੇਸ਼ਨ ਮਨਿਸਟਰ ਪ੍ਰੋਫੈਸਰ ਨੂਰਲ ਹਸਨ ਨੇ ਕੀਤੀ ਹੈ । ਉਹ ਸਾਡੇ ਸਕੂਲ ਵਿਚ ਗਏ। ਉਨ੍ਹਾਂ ਨੇ ਸਾਡੇ ਇਸ ਸਿਸਟਮ ਨੂੰ ਦੇਖਿਆ ਅਤੇ ਸ਼ਲਾਘਾ ਕੀਤੀ । ਇਹ ਗੱਲ ਅਖਬਾਰਾਂ ਵਿਚ ਵੀ ਆਈ ਸੀ। ਇਥੇ ਮੈਂ ਹੋਰ ਗੱਲ ਵੀ ਦੱਸ ਦੇਣੀ ਚਾਹੁੰਦਾ ਹਾਂ ਕਿ ਜਦੋਂ ਸਾਡਾ ਕਾਂਗਰਸ ਪਾਰਟੀ ਦਾ ਸੈਸ਼ਨ ਹੋਇਆ ਸੀ ਤਾਂ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਜਦੋਂ ਪੰਜਾਬ ਦੀ ਨੁਮਾਇਸ਼ ਦੇਖਣ ਆਏ ਤਾਂ ਜਦ ਉਹ ਪੰਜਾਬ ਦੇ ਐਜੂਕੇਸ਼ਨ ਡਿਪਾਰਟਮੈਂਟ ਵਲੋਂ ਲਗਾਈ ਗਈ ਨੁਮਾਇਸ਼ ਕੋਲ ਪਹੁੰਚੇ ਤਾਂ ਉਥੇ ਉਨ੍ਹਾਂ ਨੇ ਢਾਈ ਤਿੰਨ ਮਿੰਟ ਲਾਏ ਸਨ ਅਤੇ ਇਸ ਗੱਲ ਦੀ ਪ੍ਰਸ਼ੰਸਾ ਕੀਤੀ ਸੀ ਕਿ ਇਹ ਜੋ ਇਨ੍ਹਾਂ ਨੇ ਗੱਲ ਕੀਤੀ ਹੈ ਇਹ ਪੁਆਇੰਟ ਨੋਟ ਕਰਕੇ ਅਸੀਂ ਬਾਕੀ ਹਿੰਦੁਸਤਾਨ ਦਿਆਂ ਸੂਬਿਆਂ ਨੂੰ ਵੀ ਆਖਾਂਗੇ ਕਿ ਜਿਸ ਤਰ੍ਹਾਂ ਪੰਜਾਬ ਵੋਕੇਸ਼ਨੇਲਾਈਜ਼ੇਸ਼ਨ ਕਰਦਾ ਪਿਆ ਹੈ ਦੂਜੀਆਂ ਸਟੇਟਸ ਵੀ ਇਸ ਤਰ੍ਹਾਂ ਕਰਨ । (ਤਾੜੀਆਂ) ਇਸ ਤਰ੍ਹਾਂ ਸਾਡੀ ਪ੍ਰਸ਼ੰਸਾ ਹੁੰਦੀ ਪਈ ਹੈ । ਜਦ ਇਸ ਤਰ੍ਹਾਂ ਪ੍ਰਸ਼ੰਸਾ ਹੁੰਦੀ ਹੋਵੇ ਤਾਂ ਸਾਨੂੰ ਪਹਿਲਾਂ ਹੀ ਇਸ ਪਾਸੇ ਨਹੀਂ ਸੋਚਣਾ ਚਾਹੀਦਾ ਕਿ ਪਤਾ ਨਹੀਂ ਕਾਮਯਾਬ ਹੋਣਾ ਹੈ ਜਾਂ ਨਹੀਂ ਹੋਣਾ। ਇਸ ਲਈ ਸਾਨੂੰ ਇਹ ਫਿਕਰ ਨਹੀਂ ਕਰਨਾ ਚਾਹੀਦਾ ਕਿ ਅਸੀਂ ਕਾਮਯਾਬ ਹੋਣਾ ਹੈ ਜਾਂ ਨਹੀਂ ਹੋਣਾ । ਜੇ ਕਾਮਯਾਬ ਨਹੀਂ ਸੀ ਹੋਣਾ ਤਾਂ ਅਸੀਂ ਲਾਗੂ ਨਹੀਂ ਸੀ ਕਰਨਾ । ਇਹ ਲਾਗੂ ਤਾਂ ਹੀ ਕੀਤਾ ਹੈ ਕਿ ਕਾਮਯਾਬ ਹੋਣਾ ਹੈ । ਇਹ ਮੇਰਾ ਬਤੌਰ ਐਜੂਕੇਸ਼ਨ ਮਨਿਸਟਰ ਦੇ ਦਾਅਵਾ ਹੈ ਕਿ ਅਸੀਂ ਕਾਮਯਾਬ ਹੋਵਾਂਗੇ । (ਤਾੜੀਆਂ)

ਇਸ ਤੋਂ ਅਗੇ ਚਲਕੇ ਮੈਂ ਦੱਸਦਾ ਹਾਂ ਕਿ ਅਸੀਂ ਪੁਰਾਣੇ ਟੀਚਰਾਂ ਨੂੰ ਮਾਡਰਨ ਕਿਸਮ ਦੀ ਟਰੇਨਿੰਗ ਦਿੰਦੇ ਪਏ ਹਾਂ । ਮੈਂ ਸਮਝਦਾ ਹਾਂ ਕਿ ਅੱਜ ਤੋਂ ਪਹਿਲਾਂ ਹਿੰਦੁਸਤਾਨ ਵਿਚ ਅਨਪੜ੍ਹ ਬਹੁਤ ਸਨ, ਇਲੀਟਰੇਸੀ ਬਹੁਤ ਸੀ ਲੇਕਿਨ ਅਸੀਂ ਉਨ੍ਹਾਂ ਨੂੰ ਐਜੂਕੇਸ਼ਨ ਦੇਣ ਦਾ ਯਤਨ ਕਰਦੇ ਪਏ ਹਾਂ ਕਿ ਜਿਨ੍ਹਾਂ ਦੀ ਉਮਰ 15 ਤੋਂ 25 ਸਾਲ ਜਾਂ ਇਸ ਤੋਂ ਉਪਰ ਹੈ ਅਤੇ ਉਹ ਸਕੂਲਾਂ ਵਿਚ ਪੜ੍ਹ ਨਹੀਂ ਸਕੇ, ਚਾਹੇ ਉਨ੍ਹਾਂ ਦੇ ਹਾਲਾਤ ਨੇ ਇਜਾਜ਼ਤ ਨਹੀਂ ਦਿਤੀ ਅਤੇ ਚਾਹੇ ਉਨ੍ਹਾਂ ਦੀ ਮਾਲੀ ਹਾਲਤ ਠੀਕ ਨਹੀਂ ਸੀ ਜਾਂ ਉਨ੍ਹਾਂ ਨੂੰ ਮੌਕਾ ਨਹੀਂ ਮਿਲਿਆ ਪੜ੍ਹਨ ਦਾ, ਉਨ੍ਹਾਂ ਨੂੰ ਲਿਖਣ ਪੜ੍ਹਨ ਜੋਗਾ ਕਰਦੇ ਪਏ ਹਾਂ। ਇਸੇ ਤਰ੍ਹਾਂ ਹੀ ਜੇ.ਬੀ.ਟੀ. ਦੇ ਜਿਹੜੇ ਟੀਚਰ ਹਨ ਉਨ੍ਹਾਂ ਦਾ ਮਸਲਾ ਬੜੀ ਦੇਰ ਦਾ ਲਟਕਦਾ ਪਿਆ ਸੀ । ਡਾਂਗ ਸਾਹਿਬ, ਜਦ ਹਕੂਮਤ ਵਿਚ ਸੀ ਉਸ ਵੇਲੇ ਵੀ ਉਹ ਉਨ੍ਹਾਂ ਦਾ ਮਸਲਾ ਹੱਲ ਨਹੀਂ ਕਰ ਸਕੇ। ਉਹ ਉਨ੍ਹਾਂ ਦੇ ਗਰੇਡ ਦਾ ਮਸਲਾ ਹੱਲ ਨਹੀਂ ਸੀ ਕਰ ਸਕੇ । ਅਤੇ ਉਨ੍ਹਾਂ ਦੀ ਸਰਵਿਸ ਦਾ ਸਪੈਨ ਘੱਟ ਨਹੀਂ ਸੀ ਕਰ ਸਕੇ । ਅਸੀਂ ਉਨ੍ਹਾਂ ਦਾ ਜੋ ਗਰੇਡ 110 ਦਾ ਸੀ ਉਹ ਵਧਾ ਕੇ 150 ਰੁਪਏ ਮਹੀਨਾ ਪਿਛਲੇ ਸਾਲ ਕੀਤਾ ਹੈ। (ਤਾੜੀਆਂ) ਇਥੇ ਹੀ ਬਸ ਨਹੀਂ ਉਨ੍ਹਾਂ ਦੀ ਸਪੈਨ ਦੀ ਡਿਮਾਂਡ ਜਿਹੜੀ ਹੈ ਉਹ 30 ਸਾਲ ਤੋਂ 19 ਸਾਲ ਦੀ ਕੀਤੀ ਹੈ । ਇਸ ਤਰ੍ਹਾਂ ਉਨ੍ਹਾਂ ਦੀ ਇਹ ਡਿਮਾਂਡ ਪੂਰੀ ਕੀਤੀ ਹੈ । ਇਸ ਤੋਂ ਇਲਾਵਾ ਬੀ. ਐਡ. ਵਾਲੇ ਆਪਣਾ ਸਪੈਨ 26 ਸਾਲ ਵਿਚ ਕੰਪਲੀਟ ਕਰਦੇ ਸੀ। ਇਸ ਬਾਰੇ ਉਨ੍ਹਾਂ ਨੇ ਬਿਲਕੁਲ ਨਹੀਂ ਆਖਿਆ। ਉਨ੍ਹਾਂ ਨੇ ਬਿਲਕੁਲ ਮੰਗ ਨਹੀਂ ਕੀਤੀ। ਇਹ ਵੀ ਅਸੀਂ ਜੇ. ਬੀ. ਟੀ. ਦੇ ਬਰਾਬਰ 19 ਸਾਲ ਕਰ ਦਿਤਾ ਹੈ। ਇਸ ਤਰ੍ਹਾਂ ਉਹ ਵੀ ਆਪਣਾ ਸਪੈਨ 19 ਸਾਲ ਵਿਚ ਕੰਪਲੀਟ ਕਰ ਲੈਣਗੇ। ਇਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ 5,000 ਜੇ. ਬੀ. ਟੀ. ਨਵੇਂ ਪਿਛਲੇ ਸਾਲ ਭਰਤੀ ਕੀਤੇ ਹਨ । 600 ਨਵੇਂ ਸਾਇੰਸ ਮਾਸਟਰ ਨਵੇਂ ਭਰਤੀ ਕੀਤੇ ਹਨ ਤਾਂਕਿ ਬੱਚਿਆਂ ਨੂੰ ਸਾਇੰਸ ਦੀ ਪੜ੍ਹਾਈ ਦਿੱਤੀ ਜਾ ਸਕੇ । 1,300 ਅਦਰ ਕੈਟੇਗਰੀਜ਼ ਹਨ । ਉਨ੍ਹਾਂ ਵਿਚ ਵੀ ਅਸੀਂ ਭਰਤੀ ਕੀਤੀ ਹੈ ਔਰ ਇਥੇ ਹੀ ਬੱਸ ਨਹੀਂ ਕੀਤਾ ਹੋਰ ਵੀ ਜਿਉਂ ਜਿਉਂ ਪੋਸਟਾਂ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਨਿਕਲਦੀਆਂ ਰਹੀਆਂ, ਭਰਤੀ ਹੁੰਦੀ ਰਹੀ ਔਰ ਜੋ ਅਨਇੰਮਪਲਾਇਡ ਟੀਚਰਜ਼ ਹਨ ਉਨ੍ਹਾਂ ਨੂੰ ਭਰਤੀ ਕਰਦੇ ਪਏ ਹਾਂ। ਇਸ ਤੋਂ ਇਲਾਵਾ ਟੀਚਰਾਂ ਨੂੰ ਮਾਡਰਨ ਕਿਸਮ ਦੀ ਟਰੇਨਿੰਗ ਦੇਣ ਦਾ ਯਤਨ ਕਰ ਰਹੇ ਹਾਂ। ਅਜ ਤੋਂ ਜੋ 25—30 ਸਾਲ ਪਹਿਲਾਂ ਟੀਚਰ ਲੱਗੇ ਸਨ ਉਹ ਨਵੀਂ ਕਿਸਮ ਦੀ ਪੜ੍ਹਾਈ,ਨਵੇਂ ਸਿਸਟਮ ਤੋਂ ਅਣਜਾਣ ਹਨ, ਉਨ੍ਹਾਂ ਨੂੰ ਅੱਜ ਦੇ ਹਾਲਾਤ ਦੇ ਮੁਤਾਬਿਕ ਟਰੇਨਿੰਗ ਦੇਣ ਲਈ ਸੈਂਟਰ ਖੋਲ੍ਹੇ ਹਨ। ਉਥੇ ਪ੍ਰਿੰਸੀਪਲ, ਹੈਡਮਾਸਟਰਜ਼ ਨੂੰ ਟਰੇਨਿੰਗ ਦਿੰਦੇ ਪਏ ਹਾਂ, ਜਿਹੜੇ ਕਿ ਸਰਵਿਸ ਵਿਚ ਹਨ। ਜਿਹੜੇ ਬੀ.ਈ.ਓ. ਹਨ ਜਿਨ੍ਹਾਂ ਨੇ ਟੀਚਰਜ਼ ਨੂੰ ਕੰਟਰੋਲ ਕਰਨਾ ਹੈ ਉਨ੍ਹਾਂ ਨੂੰ ਟਰੇਨਿੰਗ ਦਿੰਦੇ ਪਏ ਹਾਂ ਤਾਂਕਿ ਜਿਹੜੀ ਐਜੂ-ਕੇਸ਼ਨ ਸਿਸਟਮ ਵਿਚ ਤਬਦੀਲੀ ਆ ਰਹੀ ਹੈ ਉਨ੍ਹਾਂ ਨੂੰ ਦੱਸੀ ਜਾਵੇ। ਬੱਚਿਆਂ ਦੀ ਰੁਚੀ ਨੂੰ ਅੰਡਰਸਟੈਂਡ ਕਰਨਾ, ਕਿਸ ਤਰ੍ਹਾਂ ਦੀ ਉਨ੍ਹਾਂ ਨੂੰ ਟਰੇਨਿੰਗ ਦੇਣੀ ਹੈ ਅਤੇ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਹੈ, ਇਨ੍ਹਾਂ ਸਾਰੀਆਂ ਗੱਲਾਂ ਬਾਰੇ ਉਥੇ ਟਰੇਨਿੰਗ ਸੈਂਟਰ ਵਿਚ ਉਨ੍ਹਾਂ ਨੂੰ ਦੱਸਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਪ੍ਰਾਈਮ ਮਨਿਸਟਰ ਨੇ ਜੋ 20-ਨੁਕਾਤੀ ਪ੍ਰੋਗਰਾਮ ਦਿਤਾ ਹੈ ਉਸ ਲਈ ਪੰਜਾਬ ਸਰਕਾਰ ਨੇ ਉਸ ਦੀ ਪੂਰਤੀ ਦੇ ਲਈ ਅਸੈਂਸ਼ੀਅਲ ਕਮਾਡਿਟੀਜ਼, ਜੋ ਸਟੂਡੈਂਟਸ ਨੂੰ ਹੋਸਟਲਾਂ ਵਿਚ ਚਾਹੀਦੀਆਂ ਹਨ ਉਹ ਪ੍ਰੋਵਾਈਡ ਕੀਤੀਆਂ ਹਨ। ਉਨ੍ਹਾਂ ਨੂੰ ਐਕਸਰਸਾਈਜ਼ ਬੁੱਕਸ ਕੰਟਰੋਲ ਰੇਟ ਤੇ ਦਿੱਤੀਆਂ ਹਨ, ਬਾਜ਼ਾਰ ਨਾਲੋਂ ਚੀਪਰ ਰੇਟ ਤੇ ਦਿੱਤੀਆਂ ਹਨ। ਬੱਸਾਂ ਵਿਚ ਵੀ ਨਾਮੀਨਲ ਜਿਹੇ ਪੈਸੇ ਲੈਂਦੇ ਹਾਂ। ਸੋ ਇਸ ਕਿਸਮ ਦੀਆਂ ਸਟੂਡੈਂਟਸ ਨੂੰ ਰਿਆਇਤਾਂ ਦਿੱਤੀਆਂ ਹਨ। ਸਟੂਡੈਂਟਸ ਲਈ ਬਿਜਲੀ ਦੇ ਰੇਟ ਪੰਜਾਬ ਸਰਕਾਰ ਨੇ ਨਹੀਂ ਵਧਾਏ ਤਾਂਕਿ ਸਟੂਡੈਂਟਸ ਦੇ ਸਿਰ ਤੇ ਬੋਝ ਨਾ ਪਵੇ। ਬਿਜਲੀ ਬੋਰਡ ਨਾਲ ਮਾਮਲਾ ਟੇਕ ਅਪ ਕਰਕੇ ਉਨ੍ਹਾਂ ਨੂੰ ਕਿਹਾ ਕਿ ਸਟੂਡੈਂਟਸ ਨੂੰ ਕੁਮਰਸ਼ੀਅਲ ਅਦਾਰਿਆਂ ਦੇ ਬਰਾਬਰ ਨਾ ਰੱਖਿਆ ਜਾਵੇ ਸਗੋਂ ਡੋਮੈਸਟਿਕ ਦੇ ਬਰਾਬਰ ਰੱਖਿਆ ਜਾਵੇ। ਇਸ ਤਰ੍ਹਾਂ ਉਨ੍ਹਾਂ ਨੇ ਬਿਜਲੀ ਦੇ ਰੇਟ ਨਹੀਂ ਵੱਧਣ ਦਿਤੇ। ਇਸ ਤੋਂ ਇਲਾਵਾ ਉਨ੍ਹਾਂ ਦੀ ਬੁੱਕ ਬੈਂਕ ਲਈ, ਡਾਂਗ ਸਾਹਿਬ ਨੇ ਕਿਹਾ ਸੀ ਕਿ ਪਿਛਲੇ ਸਾਲ ਐਨੇ ਪੈਸੇ ਰੱਖੇ ਸੀ ਜਦ ਕਿ ਐਤਕੀਂ ਘੱਟ ਹਨ। ਪਿਛਲੇ ਸਾਲ ਜੋ ਬਜਟ ਵਿਚ ਪੈਸੇ ਸੀ, ਔਰ ਉਹ ਜਿਹੜੀਆਂ ਕਿਤਾਬਾਂ ਸਨ ਉਹ ਲਾਇਬਰੇਰੀਆਂ ਵਿਚ ਰਹਿਣੀਆਂ ਹਨ। ਅਤੇ ਅਗਲੇ ਸਾਲ ਹੋਰ ਖਰੀਦਾਂਗੇ। ਦੋ-ਤਿੰਨ ਸਾਲ ਦੇ ਬਾਅਦ ਕਿਤਾਬਾਂ ਜ਼ਾਇਆ ਨਹੀਂ ਹੁੰਦੀਆਂ। ਉਹ ਪਿਛਲੇ ਸਾਲ ਦੀਆਂ ਇਸ ਸਾਲ ਵਿਚ ਪਲੱਸ ਕਰ ਲਵੋ। ਅਗਲੇ ਸਾਲ ਫਿਰ ਰਖਾਂਗੇ ਕਿਉਂਕਿ ਕਿਤਾਬਾਂ ਦੀ ਉਮਰ 4-5 ਸਾਲ ਆਮ ਤੌਰ ਤੇ ਮੰਨੀ ਗਈ ਹੈ। ਇਸ ਤੋਂ ਸਟੂਡੈਂਟਸ ਨੂੰ ਹੋਰ ਕੰਸੈਸ਼ਨ ਦਿਤੀ ਗਈ ਹੈ। ਸਟੂਡੈਂਟਸ ਨੂੰ ਸਟਾਈਪੈਂਡ ਦੇਣ ਬਾਰੇ ਕਈ ਮੈਂਬਰਜ਼ ਨੇ ਕਿਹਾ ਹੈ ਅਤੇ ਹਰ ਪਾਸਿਓਂ ਇਸ ਦੀ ਪ੍ਰਸ਼ੰਸਾ ਹੋਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਡਾਊਨ ਟਰੋਡਨ ਲੋਕਾਂ ਦੇ ਜਿਹੜੇ ਬੱਚੇ ਹਨ ਉਨ੍ਹਾਂ ਨੂੰ ਕੰਸੈਸ਼ਨ ਦਿਤੀ ਜਾਵੇ। ਇਹ ਸ਼ੈਡਿਊਲਡ ਕਾਸਟਸ ਬੱਚਿਆਂ ਲਈ 1949 ਵਿਚ, ਅੱਜ ਤੋਂ ਕੋਈ 26-27 ਸਾਲ ਪਹਿਲੇ ਜੋ ਕੰਸ਼ੈਸਨ/ਵਜ਼ੀਫਾ 6 ਰੁਪਏ ਮੁਕੱਰਰ ਹੋਇਆ ਸੀ, ਉਹ ਹੁਣ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਨੌਵੀਂ, ਦਸਵੀਂ ਅਤੇ ਗਿਆਰ੍ਹਵੀਂ ਕਲਾਸ ਵਿਚ ਥਰਡ ਡਿਵੀਜ਼ਨ ਵਿਚ ਆਉਣ ਵਾਲਿਆਂ ਲਈ 19 ਰੁਪਏ ਕਰ ਦਿੱਤਾ ਹੈ। ਸੈਕਿੰਡ ਡਵੀਜ਼ਨ ਲਈ 22 ਰੁਪਏ ਔਰ ਫਸਟ ਡਿਵੀਜ਼ਨ ਵਾਲਿਆਂ ਨੂੰ 25 ਰੁਪਏ ਕੀਤੇ ਹਨ (ਥੰਪਿੰਗ) ਔਰ ਇਸ ਤੋਂ ਇਲਾਵਾ ਬੈਕਵਰਡ ਕਲਾਸਿਜ਼ ਅਤੇ ਸ਼ੈਡਿਊਲਡ ਕਾਸਟਸ ਦਾ ਜੋ ਫਰਕ ਸੀ ਸਟਾਈਪੈਂਡਜ਼ ਲਈ ਉਹ ਕੱਢ ਕੇ ਬੈਕਵਰਡ ਕਲਾਸਿਜ਼ ਨੂੰ ਬਰਾਬਰ ਦਿੱਤਾ ਹੈ ਜੋ ਕਿ ਇਨ੍ਹਾਂ ਦਰਾਂ ਤੇ ਦਿੱਤਾ ਜਾਏਗਾ। ਇਹ ਪਹਿਲਾ ਮੌਕਾ ਹੈ ਕਿ ਬੈਕਵਰਡ ਕਲਾਸਿਜ਼ ਅਤੇ ਸ਼ੈਡਿਊਲਡ ਕਾਸਟਸ ਨੂੰ ਸਟਾਈਪੈਂਡਜ਼ ਦੇਣ ਲਈ ਜੋ ਫਰਕ ਸੀ ਉਹ ਹਮੇਸ਼ਾਂ ਲਈ ਮਿਟਾ ਦਿੱਤਾ ਗਿਆ ਹੈ। ਇਸ ਤੇ ਖਰਚ ਕਿੰਨਾ ਆਇਆ ਹੈ। 3 ਕਰੋੜ 90 ਲੱਖ ਹੋਰ ਖਰਚ ਆਇਆ ਹੈ। (ਥੰਪਿੰਗ) ਪਹਿਲਾਂ ਇਸ ਲਈ 1 ਕਰੋੜ 3 ਲਖ ਰੁਪਏ ਸੀ ਅਤੇ ਹੁਣ 3 ਕਰੋੜ 90 ਲਖ ਰੁਪਏ ਹੋਰ ਪਾਕੇ ਇਹ ਕੁਲ 4 ਕਰੋੜ 93 ਲਖ ਰੁਪਏ ਸਾਲਾਨਾ ਖਰਚਾ ਕਰ ਦਿੱਤਾ ਗਿਆ ਹੈ। ਇਹ ਐਡਾ

Original with;
Punjab Vidhan Sabha
Digitized by;
Panjab Digital Library

ਵੱਡਾ ਕਦਮ ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਲਈ ਚੁਕਿਆ ਗਿਆ ਹੈ ਤਾਂ ਕਿ ਉਸ ਨਾਲ ਉਨ੍ਹਾਂ ਦੀ ਮਦਦ ਹੋ ਸਕੇ। ਇਥੇ ਹੀ ਬਸ ਨਹੀਂ ਕੀਤਾ ਗਿਆ ਹੈ। ਇਹ ਡਵੀਜ਼ਨ ਦਾ ਫਰਕ ਕਿਉਂ ਰਖਿਆ ਗਿਆ ਹੈ। ਇਹ ਇਸ ਲਈ ਰਖਿਆ ਗਿਆ ਹੈ ਤਾਂ ਕਿ ਬੱਚਿਆਂ ਨੂੰ ਉਨ੍ਹਾਂ ਦੇ ਪੇਰੈਂਟਸ ਪੁਛਣ ਕਿ ਤੂੰ 19 ਰੁਪਏ ਲੈਂਦਾ ਹੈ ਜਦ ਕਿ ਨਾਲ ਦਾ ਬੱਚਾ 22 ਰੁਪਏ ਜਾਂ 25 ਰੁਪਏ ਕਿਉਂ ਲੈਂਦਾ ਹੈ। ਤੂੰ ਹੋਰ ਮਿਹਨਤ ਕਰ ਤਾਂ ਕਿ ਅਗਲੇ ਸਾਲ ਤੂੰ ਵੀ ਹੋਰ ਵਧ ਰਕਮ ਲੈ ਸਕੇ। ਹਿੰਦੁਸਤਾਨ ਦੀ ਕਿਸੇ ਸਟੇਟ ਦੇ ਅੰਦਰ ਵੀ ਇਤਨੀ ਵੱਡੀ ਰਕਮ 25/- ਕਿਸੇ ਨੇ ਕੀਤਾ ਹੋਵੇ ਇਸਦੀ ਮਿਸਾਲ ਹੋਰ ਕਿਸੇ ਸਟੇਟ ਵਿਚ ਨਹੀਂ ਮਿਲਦੀ ਹੈ। (ਥੰਪਿੰਗ) ਪੰਜਾਬ ਸਟੇਟ ਨੇ ਇਸ ਪਾਸੇ ਹਿੰਦੁਸਤਾਨ ਦੀਆਂ ਸਾਰੀਆਂ ਸਟੇਟਾਂ ਨਾਲੋਂ ਇਹ ਪਹਿਲਾਂ ਕਦਮ ਚੁਕਿਆ ਹੈ। ਇਸ ਵਿਚ ਅਸੀਂ ਸਾਰੀਆਂ ਸਟੇਟਾਂ ਨਾਲੋਂ ਅੱਗੇ ਹਾਂ। ਇਕ ਰੁਪਿਆ ਹਰੀਜਨ ਲੜਕੀਆਂ ਲਈ ਔਰ ਬਾਲਮੀਕੀ ਜਿਹੜੇ ਕਿ ਘੱਟ ਸਕੂਲ ਜਾਂਦੇ ਹਨ ਉਨ੍ਹਾਂ ਲਈ 1 ਰੁਪਿਆ ਹੋਰ ਐਡੀਸ਼ਨਲ ਦਿੱਤਾ ਹੈ। ਛੇਵੀਂ, ਸਤਵੀਂ ਅਤੇ ਅਠਵੀਂ ਜਮਾਤ ਵਿਚ ਅਜੇ ਤਾਈਂ ਕਦੇ ਵੀ ਵਜ਼ੀਫੇ ਨਹੀਂ ਸੀ ਮਿਲਦੇ ਹੁੰਦੇ। ਕਾਂਗਰਸ ਪਾਰਟੀ ਦੀ ਹਕੂਮਤ ਤੋਂ ਬਾਅਦ ਜੋ ਵੀ ਗੌਰਮਿੰਟ ਆਈ ਉਸ ਨੇ ਵੀ ਇਸ ਪਾਸੇ ਵਲ ਕੋਈ ਕੰਮ ਨਹੀਂ ਕੀਤਾ। ਹੁਣ ਦੀ ਸਾਡੀ ਗੌਰਮਿੰਟ ਨੇ ਇਹ ਛੇਵੀਂ ਸਤਵੀਂ ਅਤੇ ਅਠਵੀਂ ਜਮਾਤਾਂ ਨੂੰ ਵਜ਼ੀਫਾ ਦਿੱਤਾ ਹੈ। ਇਸ ਤੋਂ ਇਲਾਵਾ ਜਿਹੜਾ ਸ਼ੈਡਿਊਲਡ ਕਾਸਟ ਜਾਂ ਬੈਕਵਰਡ ਕਲਾਸ ਜਾਂ ਇਕਨਾਮੀਕਲੀ ਵੀਕਰ ਸੈਕਸ਼ਨ ਜਿਸ ਦੀ 6,000 ਤੋਂ ਸਾਲਾਨਾ ਆਮਦਨੀ ਘੱਟ ਹੈ ਜੇ ਉਨ੍ਹਾਂ ਦੇ ਬੱਚਿਆਂ ਨੇ ਕਾਲਜ ਵਿਚ ਫਸਟ ਡਵੀਜ਼ਨ ਲਈ ਹੈ ਤਾਂ ਉਨ੍ਹਾਂ ਨੂੰ ਫੁਲ ਫੀ ਕਨਸੈਸ਼ਨ ਦਿੱਤਾ ਹੈ। ਇਸ ਤੋਂ ਇਲਾਵਾ ਇੱਕ ਨਵਾਂ ਕਦਮ ਹੋਰ ਚੁਕਿਆ ਹੈ ਜਿਹੜਾ ਅਜੇ ਤਾਂਈ ਕੋਈ ਯੂਨੀਵਰਸਿਟੀ ਲੈਵਲ ਤੇ ਹੁੰਦਾ ਹੋਵੇ ਤਾਂ ਹੁੰਦਾ ਹੋਵੇ ਪਰ ਸਾਡੇ ਮੁਖ ਮੰਤਰੀ ਸਾਹਿਬ ਗਿਆਨੀ ਜ਼ੈਲ ਸਿੰਘ ਜੀ ਨੇ ਜੋ ਇਸ ਸਬੰਧ ਵਿਚ ਫੈਸਲਾ ਕੀਤਾ ਹੈ ਉਹ ਇਹ ਹੈ ਕਿ ਜੋ ਫਸਟ ਆਵੇਗਾ ਉਸ ਨੂੰ ਸਰਕਾਰ ਵਲੋਂ ਸਨਮਾਨਤ ਕੀਤਾ ਜਾਏਗਾ (ਥੰਪਿੰਗ) ਔਰ ਸਨਮਾਨਿਆ ਹੈ। ਇਥੇ ਹੀ ਬਸ ਨਹੀਂ ਕੀਤੀ ਬਲਕਿ ਸਪੋਰਟਸ ਵਿਚ ਵੀ ਜਿਹੜਾ ਪੁਜ਼ੀਸ਼ਨ ਲਏਗਾ ਉਸ ਨੂੰ ਵੀ ਅਸੀਂ ਸਨ-ਮਾਨਾਂਗੇ ਔਰ ਇਨਾਮ ਦਿਆਂਗੇ। ਇਹ ਨਵਾਂ ਕਦਮ ਚੁਕਿਆ ਗਿਆ ਹੈ। ਪ੍ਰਾਈਵੇਟ ਕਾਲਜਾਂ ਦੇ ਟੀਚਿੰਗ ਜਾਂ ਨਾਨ-ਟੀਚਿੰਗ ਸਟਾਫ ਲਈ ਉਨ੍ਹਾਂ ਦੀ ਸਿਕੀਉਰਿਟੀ ਆਫ ਸਰਵਿਸ ਦਾ ਬਿਲ ਅਸੀਂ ਪਿਛਲੇ ਸੈਸ਼ਨ ਵਿਚ ਲਿਆਕੇ ਪਾਸ ਕੀਤਾ ਤਾਂ ਕਿ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਨੂੰ ਸਿਕੀਉਰਿਟੀ ਆਫ ਸਰਵਿਸ ਮਿਲੇ ਔਰ ਉਨ੍ਹਾਂ ਨੂੰ ਉਂਝ ਹੀ ਨਾ ਕਢਿਆ ਜਾਵੇ। ਇਹ ਕੋਈ ਛੋਟਾ ਕਦਮ ਨਹੀਂ ਕਿਹਾ ਜਾ ਸਕਦਾ ਹੈ ਜੋ ਕਿ ਐਜੂਕੇਸ਼ਨ ਦੇ ਫੀਲਡ ਵਿਚ ਲਿਆ ਗਿਆ ਹੈ। ਇਸ ਤੋਂ ਇਲਾਵਾ ਮੈਂ ਇਕ ਹੋਰ ਗਲ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਸਾਡੇ ਪੰਜਾਬ ਦੇ ਅੰਦਰ ਸਪੋਰਟਸ ਮੀਟਸ ਸਕੂਲਾਂ ਦੀਆਂ ਹੋਈਆਂ ਹਨ। ਇਸੇ ਸਾਲ ਹੀ ਪਿਛਲੇ ਦਿਨਾਂ ਵਿਚ 2,500 ਸਟੂਡੈਂਟਸ ਨੇ ਪਾਰਟੀਸਿਪੇਟ ਕੀਤਾ ਔਰ ਉਹ ਫੰਕਸ਼ਨ ਬੜਾ ਕਾਮਯਾਬੀ ਨਾਲ ਹੋਇਆ। 24 ਸਟੇਟਸ ਤੋਂ ਟੀਮਾਂ ਆਈਆਂ। ਉਨ੍ਹਾਂ ਨੂੰ ਸਨਮਾਨਿਆ ਗਿਆ। ਪੰਜਾਬ ਸਰਕਾਰ ਨੂੰ ਫੱਖਰ ਹੈ ਕਿ ਉਨ੍ਹਾਂ ਨੇ ਬੜੀ ਕਾਮਯਾਬੀ ਨਾਲ ਉਨ੍ਹਾਂ ਬੱਚਿਆਂ ਦਾ ਧਿਆਨ ਰੱਖਿਆ, ਉਨ੍ਹਾਂ ਦੇ ਰਹਿਣ ਸਹਿਣ ਦਾ ਪਰਬੰਧ ਕੀਤਾ ਔਰ ਖਾਣ ਪੀਣ ਦਾ ਵੀ ਪਰਬੰਧ ਕੀਤਾ ਗਿਆ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਔਰ ਗੁਪਤਾ ਸਾਹਿਬ ਨੇ ਕੁਝ ਗਲਾਂ ਕੀਤੀਆਂ ਹਨ। ਇਨ੍ਹਾਂ ਨੇ ਸਰਵਿਸ ਬੁਕਸ ਦੀ ਗਲ ਕੀਤੀ, ਉਹ ਹੋ ਚੁੱਕੀ ਹੈ, ਅਡੱਲਟ ਐਜੂਕੇਸ਼ਨ ਦੀ ਕੀਤੀ, ਉਹ ਵੀ ਹੋ ਚੁਕੀ ਹੈ। ਇਨ੍ਹਾਂ ਨੇ ਕਿਹਾ ਕਿ ਪ੍ਰਾਈਮਰੀ ਸਕੂਲਾਂ ਵਿਚ ਜੋ ਬੱਚੇ ਪੜ੍ਹਦੇ ਹਨ ਔਰ ਜਿਨ੍ਹਾਂ ਦੀ ਮਾਲੀ ਹਾਲਤ ਚੰਗੀ ਨਹੀਂ ਉਨ੍ਹਾਂ ਦੀ ਇਮਦਾਦ ਕਰਨੀ ਚਾਹੀਦੀ ਹੈ। ਇਸ ਗਲ ਤੇ, ਸਪੀਕਰ ਸਾਹਿਬ, ਪੰਜਾਬ ਸਰਕਾਰ ਸੰਜੀਦਗੀ ਨਾਲ ਵਿਚਾਰ ਕਰੇਗੀ ਕਿ ਕਿਸ ਢੰਗ ਨਾਲ ਉਨ੍ਹਾਂ ਬਚਿਆਂ ਦੀ ਅਸੀਂ ਮਦਦ ਕਰਨੀ ਹੈ। ਕੁਝ ਸਾਨੂੰ ਵੀ ਲਗਦਾ ਹੈ ਕਿ ਜੋ ਸਾਡੀ ਲਾਜ਼ਮੀ ਵਿਦਿਆ ਪ੍ਰਾਇਮਰੀ ਦੀ ਹੈ ਉਹ ਦੇਣ ਵਿਚ ਵੀ ਕਮੀ

Original with;
Punjab Vidhan Sabha
Digitized by;
Panjab Digital Library

(ਵਿਦਿਆ ਮੰਤਰੀ)

ਆਉਂਦੀ ਹੈ। ਉਹ ਗ਼ਰੀਬਾਂ ਦੇ ਬੱਚੇ 2 ਪ੍ਰਤੀਸ਼ਤ ਜੋ ਸਕੂਲਾਂ ਵਿਚ ਨਹੀਂ ਆਉਂਦੇ ਲੜਕੇ ਜਾਂ ਲੜਕੀਆਂ ਉਨ੍ਹਾਂ ਲਈ ਕੁਝ ਇਨਸੈਂਟਿਵ ਦੇਣ ਲਈ ਵਿਚਾਰ ਕਰਾਂਗੇ।

ਇਨ੍ਹਾਂ ਨੇ ਕਿਹਾ ਹੈ ਕਿ ਪ੍ਰਾਇਮਰੀ ਸਕੂਲਾਂ ਦਾ ਡਾਇਰੈਕਟੋਰੇਟ ਵੱਖਰਾ ਬਨਾਉਣਾ ਚਾਹੀਦਾ ਹੈ। ਅਸੀਂ ਪ੍ਰਾਇਮਰੀ ਸਕੂਲਾਂ ਦਾ ਐਡੀਸ਼ਨਲ ਡਾਇਰੈਕਟਰ ਲਗਾ ਦਿੱਤਾ ਹੈ ਔਰ ਕਾਲਜਾਂ ਦਾ ਅਲਗ ਫੈਸਲਾ ਕਰ ਦਿੱਤਾ ਹੈ। ਕਾਲਜਾਂ ਦਾ ਡਾਇਰੈਕਟਰ ਅਲਗ ਹੋਏਗਾ। ਉਸ ਤੋਂ ਬਾਅਦ ਉਨ੍ਹਾਂ ਨੇ ਕਿਹਾ, ਐਡਹਾਕ ਅਪੁਆਇੰਟਮੈਂਟਸ ਦੀ ਗੱਲ ਕੀਤੀ ਗਈ ਹੈ। ਉਹ ਅਪੁਆਇੰਟਮੈਂਟਸ ਜਿਤਨੀਆਂ ਅਸੀਂ ਕਰਦੇ ਪਏ ਹਾਂ, ਅਸੀਂ ਵੱਧ ਤੋਂ ਵੱਧ ਕਰਮਚਾਰੀਆਂ ਨੂੰ ਪੱਕੇ ਕਰਦੇ ਪਏ ਹਾਂ। ਕਈਆਂ ਦਾ ਸਰਵਿਸ ਰਿਕਾਰਡ ਕੰਪਲੀਟ ਨਹੀਂ ਸੀ। ਅਸੀਂ ਆਪਣੇ ਅਫਸਰਾਂ ਨੂੰ ਕਿਹਾ ਹੈ ਔਰ ਮੈਨੂੰ ਖੁਸ਼ੀ ਹੈ ਕਿ ਬਹੁਤ ਸਾਰੇ ਕਰਮ-ਚਾਰੀਆਂ ਦਾ ਸਰਵਿਸ ਰਿਕਾਰਡ ਮੁਕੰਮਲ ਹੋ ਗਿਆ ਹੈ। ਇਸ ਤੋਂ ਇਲਾਵਾ ਡਾਂਗ ਸਾਹਿਬ ਨੇ ਵਾਇਸ ਚਾਂਸਲਰ ਤੇ ਦੋਸ਼ ਲਗਾਇਆ ਹੈ ਕਿ ਉਹ ਕੁਰੱਪਸ਼ਨ ਕਰਦੇ ਹਨ। ਉਥੇ ਇਹ ਹੋ ਰਿਹਾ ਹੈ, ਉਥੇ ਉਹ ਹੋ ਰਿਹਾ ਹੈ। ਮੈਂ ਸਮਝਦਾਂ ਹਾਂ ਕਿ ਕਿਸੇ ਦੇ ਖ਼ਿਲਾਫ ਇਲਜ਼ਾਮ ਲਗਾਉਣੇ ਸੌਖੇ ਹਨ ਲੇਕਿਨ ਸਾਬਤ ਕਰਨਾ ਔਖਾ ਹੈ। ਇਨ੍ਹਾਂ ਇਲਜ਼ਾਮਾਂ ਦੀ ਇਨਕੁਆਇਰੀ ਕਰਵਾਈ ਗਈ ਪਰ ਉਹ ਸਾਬਤ ਨਹੀਂ ਹੋਏ ਹਨ। ਇਹ ਕਹਿੰਦੇ ਹਨ ਕਿ ਕੁਰੱਪਸ਼ਨ ਹਾਲੇ ਚਲਦੀ ਪਈ ਹੈ। ਜਿਹੜਾ ਇਨ੍ਹਾਂ ਨੇ ਇਸ ਬਾਰੇ ਲਿਖ ਕੇ ਦਿੱਤਾ ਸੀ ਉਨ੍ਹਾਂ ਦੀ ਇਨਕੁਆਇਰੀ ਵਿਚ ਉਹ ਚੀਜ਼ਾਂ ਸਾਬਤ ਨਹੀਂ ਹੋਈਆਂ ਹਨ।

ਇਸ ਤੋਂ ਇਲਾਵਾ ਐਗਜ਼ਾਮੀਨੇਸ਼ਨ ਵਿਚ ਜੋ ਖ਼ਰਾਬੀ ਹੁੰਦੀ ਸੀ ਨਕਲ ਮਾਰਨ ਦੇ ਸਿਲਸਿਲੇ ਵਿਚ, ਕਾਪਿੰਗ ਸਿਸਟਮ ਵਿਚ, ਉਸ ਨੂੰ ਬੜੀ ਸਖ਼ਤੀ ਨਾਲ ਬੰਦ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਹ ਕਿਹਾ ਗਿਆ ਸੀ ਕਿ ਸਟੂਡੈਂਟਸ ਨੂੰ ਸੈਨੇਟ ਵਿਚ ਹੋਣਾ ਚਾਹੀਦਾ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਇਸ ਗਲ ਦਾ ਐਲਾਨ ਕੀਤਾ ਸੀ ਅਤੇ ਪੰਜਾਬ ਦੇ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਸੈਨੇਟ ਜੋ ਹੈ ਉਸ ਤੇ ਸਟੂਡੈਂਟਸ ਦੀ ਨੁਮਾਇੰਦਗੀ ਚਾਹੀਦੀ ਹੈ। ਉਹ ਪਰਸੋਂ ਹੀ ਕੈਬਨਿਟ ਨੇ ਪਾਸ ਕਰ ਦਿੱਤਾ ਹੈ। ਉਹ ਬਿਲ ਇਸੇ ਸੈਸ਼ਨ ਵਿਚ ਆਏਗਾ। ਸਟੂਡੈਂਟਸ ਨੂੰ ਸੈਨੇਟ ਦੇ ਅੰਦਰ ਨੁਮਾਇੰਦਗੀ ਦਿੱਤੀ ਜਾਏਗੀ। ਇੱਕ ਡਾਂਗ ਸਾਹਿਬ ਨੇ ਹੋਰ ਗਲ ਕੀਤੀ ਸੀ ਕਿ ਐਜੂਕੇਸ਼ਨ ਬੋਰਡ ਵਿਚ ਅਪੁਆਇੰਟਮੈਂਟਸ ਜਿਹੜੀਆਂ ਹੋਣ ਉਸ ਦੇ ਵਿਚ ਨੌਮੀਨੇਸ਼ਨ ਨਹੀਂ ਹੋਣੀ ਚਾਹੀਦੀ ਹੈ। ਇਹ ਕਹਿੰਦੇ ਹਨ ਕਿ ਉਥੇ ਇਲੈਕਸ਼ਨਜ਼ ਹੋਣੇ ਚਾਹੀਦੇ ਹਨ। ਫਿਰ ਇਹ ਕਹਿਣਗੇ ਕਿ ਚੀਫ ਸਕੱਤਰ ਦੀ ਵੀ ਇਲੈਕਸ਼ਨ ਹੋਣੀ ਚਾਹੀਦੀ ਹੈ। ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਦੀ ਵੀ ਇਲੈਕਸ਼ਨ ਹੋਣੀ ਚਾਹੀਦੀ ਹੈ। ਇਸ ਬਾਰੇ ਮੈਂ ਅਪੀਲ ਕਰਨਾ ਚਾਹੁੰਦਾ ਹਾਂ ਕਿ ਕੁਝ ਅਦਾਰੇ ਰਹਿਣ ਦਿਉ ਇਲੈਕਸ਼ਨ ਤੋਂ ਇਲਾਵਾ। ਇਲੈਕਸ਼ਨਜ਼ ਵਿਚ ਜੋ ਤੁਸੀਂ ਕਰਦੇ ਹੋ ਉਸਦਾ ਮੈਨੂੰ ਵੀ ਪਤਾ ਹੈ। ਕਲ੍ਹ ਨੂੰ ਕਹਿਣਗੇ ਕਿ ਬਿਜਲੀ ਬੋਰਡ ਵਿਚ ਇਲੈਕਸ਼ਨਜ਼ ਕਰਾਓ। ਪਤਾ ਨਹੀਂ ਇਲੈਕਸ਼ਨਾਂ ਦਾ ਇਨ੍ਹਾਂ ਨੂੰ ਕੀ ਚਾਉ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਝ ਅਦਾਰੇ ਐਸੇ ਹੋਣੇ ਚਾਹੀਦੇ ਹਨ ਜਿਥੇ ਇਲੈਕਸ਼ਨਜ਼ ਨਹੀਂ ਹੋਣੀਆਂ ਚਾਹੀਦੀਆਂ ਹਨ ਅਤੇ ਉਥੇ ਚੰਗੇ ਸੁਚੱਜੇ ਅਤੇ ਲਾਇਕ ਬੰਦਿਆਂ ਨੂੰ ਨੌਮੀਨੇਟ ਕਰਕੇ ਕੰਮ ਲੈਣਾ ਚਾਹੀਦਾ ਹੈ। ਤਾਂਕਿ ਕੰਮ ਚੰਗੀ ਤਰ੍ਹਾਂ ਨਾਲ ਚਲ ਸਕੇ (ਥੰਪਿੰਗ)

ਹੋਰ ਗੁਪਤਾ ਜੀ ਨੇ ਯੂ. ਜੀ. ਸੀ. ਦੇ ਗਰੇਡਾਂ ਦੀ ਗਲ ਕੀਤੀ ਹੈ। ਯੂਨੀਵਰਸਿਟੀ ਅਤੇ ਕਾਲਜਾਂ ਦੇ ਟੀਚਰਾਂ ਦੇ ਗਰੇਡਾਂ ਬਾਰੇ ਕਿਹਾ ਗਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜਿਵੇਂ ਸੀ. ਐਮ. ਸਾਹਿਬ ਨੂੰ ਲੁਧਿਆਣੇ ਵਿਚ 1 ਜਨਵਰੀ, 1973 ਤੋਂ ਇਹ ਕਰਨ ਬਾਰੇ ਅਨਾਉਂਸਮੈਂਟ ਕੀਤੀ ਸੀ ਉਹ ਪੂਰੀ ਨਹੀਂ ਕੀਤੀ ਗਈ ਹੈ। ਮੈਨੂੰ ਪਤਾ ਹੈ, ਸੀ. ਐਮ. ਸਾਹਿਬ ਬੈਠੇ ਹਨ ਇਨ੍ਹਾਂ ਨੇ ਇਸ ਤਰ੍ਹਾਂ ਕਿਧਰੇ ਨਹੀਂ ਕਿਹਾ। ਜੋ ਡੈਪੂਟੇਸ਼ਨ ਮੈਨੂੰ

Original with;
Punjab Vidhan Sabha
Digitized by;
Panjab Digital Library

ਮਿਲੇ ਹਨ ਉਨ੍ਹਾਂ ਨੂੰ ਮੈਂ ਕਿਹਾ ਕਿ ਆਇਆ ਕਿਤੇ ਤਾਂ ਦਿਖਾ ਦਿਉ ਕਿ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ 1 ਜਨਵਰੀ, 1973 ਨੂੰ ਇਹ ਦੇਵਾਂਗੇ। ਕਿਸੇ ਅਖਬਾਰ ਵਿਚ ਇਹ ਗਲ ਨਹੀਂ ਆਈ। ਗੱਲ ਕਹੀ ਨਹੀਂ ਐਵੇਂ ਮੱਲੋ ਮੱਲੀ ਇਹ ਇਸ ਤਰ੍ਹਾਂ ਕਹੀ ਜਾਂਦੇ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਕਹਿਣ ਦਾ ਹਕ ਹੈ, ਟੀਚਰਜ਼ ਨੂੰ ਵੀ ਕਹਿਣ ਦਾ ਹੱਕ ਹੈ, ਇਹ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਲੇਕਿਨ ਇਹ ਗੱਲ ਜੇ ਕਹੀ ਨਾ ਹੋਵੇ ਤੇ ਐਵੇਂ ਇਸ ਤਰ੍ਹਾਂ ਕਹੀ ਜਾਣਾ, ਠੀਕ ਗੱਲ ਨਹੀਂ ਹੈ।

**ਸ੍ਰੀ ਸਪੀਕਰ** : ਜੇ ਤੁਸੀਂ ਜ਼ਿਆਦਾ ਟਾਈਮ ਲੈਣਾ ਹੈ ਤਾਂ ਹਾਊਸ ਦਾ ਟਾਈਮ ਐਕਸਟੈਂਡ ਕਰ ਦੇਈਏ ।

**ਵਿਦਿਆ ਮੰਤਰੀ** : ਬਸ ਜੀ, ਮੈਂ 2-4 ਮਿੰਟ ਹੀ ਲੈਣੇ ਹਨ।

ਇਸ ਗੱਲ ਨੂੰ ਅਸੀਂ ਕੰਸਿਡਰ ਕਰ ਰਹੇ ਹਾਂ। ਕੰਪਲੀਕੇਸ਼ਨਜ਼ ਕੀ ਹਨ ਕੀ ਨਹੀਂ, ਸਾਰੀਆਂ ਗੱਲਾਂ ਸਰਕਾਰ ਨੇ ਦੇਖਣੀਆਂ ਹੁੰਦੀਆਂ ਹਨ ।

ਇਕ, ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਕਿਹਾ ਹੈ ਕਿ ਕਾਲਜ ਜੋ ਹਨ ਜਿਨ੍ਹਾਂ ਦੀ ਮਾਲੀ ਹਾਲਤ ਚੰਗੀ ਨਹੀਂ, ਉਨ੍ਹਾਂ ਨੂੰ ਸਰਕਾਰ ਟੇਕ ਓਵਰ ਕਰ ਲਏ। ਇਸ ਗਲ ਦੇ ਮੈਂ ਖ਼ਿਲਾਫ ਹਾਂ। ਪਹਿਲਾਂ ਤਾਂ ਐਵੇਂ ਜਣਾ ਖਣਾ ਕਾਲਜ ਖੋਲ੍ਹ ਲਵੇ ਔਰ ਫਿਰ ਸਰਕਾਰ ਦੇ ਗਲ ਮੜ੍ਹ ਦਿਉ। ਜੇ ਕਾਲਜ ਚੱਲ ਨਹੀਂ ਸਕਦਾ ਤਾਂ ਖੋਲ੍ਹਣ ਦੀ ਲੋੜ ਨਹੀਂ ਹੈ। ਪੰਜਾਬ ਵਿਚ ਅੱਗੇ ਹੀ ਕਾਫੀ ਕਾਲਜ ਹਨ ਜਿਥੇ ਕਿ ਵਿਦਿਆਰਥੀਆਂ ਨੂੰ ਐਜੂਕੇਸ਼ਨ ਦਿੱਤੀ ਜਾਂਦੀ ਹੈ ਅਤੇ ਉਹ ਉਨ੍ਹਾਂ ਕਾਲਜਾਂ ਵਿਚ ਐਜੂਕੇਸ਼ਨ ਹਾਸਲ ਕਰ ਸਕਦੇ ਹਨ । ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਤਾਲੀਮ ਮਿਲ ਸਕੇ।

ਇਕ ਡੀ. ਈ. ਓਜ਼ ਨੂੰ ਕਲਾਸ ਵੱਨ ਕਰਨ ਦੀ ਗੱਲ ਕੀਤੀ ਗਈ ਹੈ। ਇਸ ਦੇ ਬਾਰੇ ਐਲਾਨ ਕੀਤਾ ਹੈ ਔਰ ਇਸ ਕੇਸ ਨੂੰ ਪਰਸਿਊ ਕਰਦੇ ਪਏ ਹਾਂ, ਉਹ ਜ਼ਰੂਰ ਕਲਾਸ ਵੱਨ ਬਣ ਜਾਣਗੇ । (ਥੰਪਿੰਗ)

ਫਿਰ, ਸਪੀਕਰ ਸਾਹਿਬ, ਪਬਲਿਕ ਸਕੂਲਾਂ ਦੀ ਗੱਲ ਕਹੀ ਗਈ ਹੈ ਕਿ ਇਸ ਦੇ ਵਿੱਚ ਵੀਕਰ ਸੈਕਸ਼ਨ ਦੀ ਪਰਸੈਂਟੇਜ਼ ਮੁਕੱਰਰ ਕਰਨੀ ਚਾਹੀਦੀ ਹੈ। ਇਸ ਗੱਲ ਨੂੰ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਐਗਜ਼ਾਮਿਨ ਕਰਵਾ ਰਿਹਾ ਹਾਂ ਕਿ ਪੰਜਾਬ ਸਰਕਾਰ ਉਸ ਦੇ ਵਿੱਚ ਜਦ ਆਪਣਾ ਹਿਸਾ ਪਾਉਂਦੀ ਹੈ ਤਾਂ ਫਿਰ ਪੰਜਾਬ ਸਰਕਾਰ ਦੀਆਂ ਪਾਲਸੀਜ਼ ਉਸ ਤੇ ਲਾਗੂ ਹੋਣੀਆਂ ਚਾਹੀਦੀਆਂ ਹਨ। ਇਸ ਗੱਲ ਨੂੰ ਮੈਂ ਐਗਜ਼ਾਮਿਨ ਕਰਵਾ ਰਿਹਾ ਹਾਂ।

ਫਿਰ, ਸਪੀਕਰ ਸਾਹਿਬ, 31 ਮੈਂਬਰੀ ਕਮੇਟੀ ਦੀ ਗੱਲ ਕਹੀ ਗਈ ਹੈ ਕਿ ਇਸ ਦੇ ਵਿੱਚ ਟੀਚਰਜ਼ ਹੋਣੇ ਚਾਹੀਦੇ ਹਨ । (ਵਿਘਨ)

**ਸ੍ਰੀ ਸਪੀਕਰ** : ਹਾਊਸ ਦਾ ਟਾਈਮ 15 ਮਿੰਟ ਐਕਸਟੈਂਡ ਕਰ ਲਈਏ।

**ਕੁੱਝ ਆਵਾਜ਼ਾਂ** : 5 ਮਿੰਟ ਕਰ ਲਓ ਜੀ । (ਵਿਘਨ)

**ਵਿਦਿਆ ਮੰਤਰੀ** : ਉਸ ਕਮੇਟੀ ਦੀ ਮੀਟਿੰਗ ਹੋ ਚੁੱਕੀ ਹੈ। ਸਬ-ਕਮੇਟੀਆਂ ਵੀ ਅਗੇ ਬਣਾ ਦਿੱਤੀਆਂ ਹਨ। ਉਸ ਕਮੇਟੀ ਵਿਚ ਸਕੂਲਾਂ ਦੇ ਟੀਚਰਜ਼ ਨੂੰ ਨੁਮਾਇੰਦਗੀ ਦਿੱਤੀ ਗਈ ਹੈ। ਇਕ ਨਵਾਂ ਫਾਰਮੂਲਾ ਹੈ। 10 ਪਲੱਸ 2 ਪਲੱਸ 3 ਦਾ । 10 ਪਲੱਸ 2 ਸਕੂਲਾਂ ਨਾਲ ਚਾਹੀਦੀ ਹੈ ਤੇ ਕਾਲਜਾਂ ਨਾਲ

Original with
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਪਲੱਸ 3 ਚਾਹੀਦੀ ਹੈ। ਇਸ ਗੱਲ ਲਈ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਧਿਆਨ ਨਾਲ ਸਾਰੀ ਚੀਜ਼ ਦੇਖੇ ਅਤੇ ਫਿਰ ਰਿਕੂਮੈਂਡੇਸ਼ਨ ਕਰੇ। ਫਿਰ ਪੰਜਾਬ ਸਰਕਾਰ ਉਸ ਰਿਕੂਮੈਂਡੇਸ਼ਨ ਨੂੰ ਕੰਸਿਡਰ ਕਰੇਗੀ।

ਸਪੀਕਰ ਸਾਹਿਬ, ਚੌਧਰੀ ਰਾਮ ਸਿੰਘ ਜੀ ਨੇ ਕਿਹਾ ਹੈ ਕਿ ਜੋ ਟੀਚਰਜ਼ ਦੀ ਪੋਸਟ ਹੈ ਉਹ ਨਾਨ-ਟਰਾਂਸਫਰੇਬਲ ਹੋਣੀ ਚਾਹੀਦੀ ਹੈ। ਇਹ ਗੱਲ ਡਾਂਗ ਸਾਹਿਬ ਵੀ ਕਹਿੰਦੇ ਹਨ। ਠੀਕ ਹੈ ਮੈਂ ਵੀ ਇਸ ਗੱਲ ਦੇ ਹੱਕ ਵਿਚ ਹਾਂ ਕਿ ਹੋਣੀ ਚਾਹੀਦੀ ਹੈ ਲੇਕਿਨ ਜਦੋਂ ਕੋਈ ਟੀਚਰ ਬੈਠ ਕੇ ਖਰਾਬੀ ਕਰਦਾ ਹੈ, ਕੋਈ ਹੈਡਮਾਸਟਰ ਪੈਸੇ ਖਾ ਜਾਂਦਾ ਹੈ ਤਾਂ ਉਸ ਦਾ ਕੀ ਇਲਾਜ ਹੈ।

**ਇਕ ਆਵਾਜ਼ :** ਉਸ ਨੂੰ ਡਿਸਮਿਸ ਕਰੋ।

## EXTENSION OF TIME OF SITTING

**ਸ੍ਰੀ ਸਪੀਕਰ :** ਹਾਊਸ ਦਾ ਸਮਾਂ 15 ਮਿੰਟ ਵਧਾਇਆ ਜਾਂਦਾ ਹੈ। ਹੁਣ 5.30 ਦੀ ਬਜਾਏ ਗਿਲੋਟੀਨ 5.45 ਤੇ ਲੱਗੇਗੀ। s it the pleasure of the House ?

**Voice :** Yes, yes.

**ਸ੍ਰੀ ਸਪੀਕਰ :** ਹਾਊਸ ਦਾ ਟਾਈਮ 15 ਮਿੰਟ ਐਕਸਟੈਂਡ ਕੀਤਾ ਜਾਂਦਾ ਹੈ

## DISCUSSION AND VOTING ON DEMANDS FOR GRANTS
(*Resumption*)

**ਵਿਦਿਆ ਮੰਤਰੀ :** ਸਪੀਕਰ ਸਾਹਿਬ, ਜੇ ਤੁਸੀਂ ਕੋਈ ਕਮੇਟੀ ਬਣਾਉਂਦੇ ਹੋ ਐਮ. ਐਲ. ਏਜ਼ ਦੇ ਬਾਰੇ ਤਾਂ ਐਮ.ਐਲ. ਏਜ਼ ਨੂੰ ਨੁਮਾਇੰਦਗੀ ਦਿੰਦੇ ਹੋ। ਮੈਂ ਕਿਹਾ ਕਿ ਕੋਈ ਟਰਾਂਸਫਰ ਪਾਲਿਸੀ ਬਣਾ ਲਓ। ਜਿਹੜੇ ਚੰਗੇ ਸਟੇਸ਼ਨ ਹਨ ਉਨ੍ਹਾਂ ਤੇ ਕੰਮ ਕਰਨ ਲਈ ਜਿਹੜੇ ਪਿੰਡਾਂ ਵਿਚ ਬੈਕਵਰਡ ਏਰੀਆ ਵਿਚ ਕੰਮ ਕਰਦੇ ਹਨ ਉਨ੍ਹਾਂ ਨੂੰ ਸ਼ਹਿਰਾਂ ਵਿਚ ਸਰਵਿਸ ਕਰਨ ਦਾ ਮੌਕਾ ਮਿਲੇਗਾ ਤਾਂ ਫਿਰ ਮੈਂਬਰ ਸਾਹਿਬਾਨ ਦੀ ਰਾਇ ਮਿਲਦੀ ਨਹੀਂ, ਉਥੇ ਡਿਫਰੈਂਸ ਆਫ ਓਪੀਨੀਅਨ ਹੋ ਜਾਂਦਾ ਹੈ। ਮੈਂ ਇਹ ਕਹਿੰਦਾ ਹਾਂ ਕਿ ਜਿਹੜੇ ਚੰਗੇ ਸਟੇਸ਼ਨ ਹਨ ਉਹ ਵਾਰੀ ਵਾਰੀ ਮਿਲਣੇ ਚਾਹੀਦੇ ਹਨ ਅਤੇ ਦੂਰ ਦੁਰਾਡੇ ਦੇ ਵੀ ਮਿਲਣੇ ਚਾਹੀਦੇ ਹਨ। ਇਸ ਦੇ ਲਈ 3 ਸਾਲ ਦਾ ਸਮਾਂ ਮੁਕਰੱਰ ਕਰ ਲਓ। 5 ਸਾਲ ਦਾ ਸਮਾਂ ਮੁਕੱਰਰ ਕਰ ਲਓ। 10 ਸਾਲ ਦਾ ਕਰ ਲਓ ਪਰ ਫਿਰ ਉਸ ਦੇ ਬਾਅਦ ਇਹ ਸਿਫਾਰਸ਼ ਨਾ ਕਰਨਾ ਕਿ ਇਹ ਜੀ ਮੇਰਾ ਚਾਚੇ ਦਾ ਪੁੱਤਰ ਹੈ, ਇਹ ਮੇਰੀ ਭੂਆ ਦਾ ਪੁੱਤਰ ਅਤੇ ਇਹ ਮੇਰੇ ਮਾਮੇ ਦੀ ਲੜਕੀ ਹੈ। ਇਹ ਸਾਡੀ ਪਾਰਟੀ ਦਾ ਤਕੜਾ ਸਪੋਰਟਰ ਹੈ। ਇਹ ਗੱਲ ਨਹੀਂ ਫਿਰ ਹੋਣੀ ਚਾਹੀਦੀ।

ਸ੍ਰੀ ਪ੍ਰੇਮ ਗੁਪਤਾ ਜੀ ਨੇ, ਸਪੀਕਰ ਸਾਹਿਬ, ਇਥੇ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਜੀ ਨੇ ਪਹਿਲੀ ਦਫ਼ਾ ਇਹ ਮਹਿਕਮਾ ਐਜੂਕੇਸ਼ਨ ਦਾ ਹਰੀਜਨ ਨੂੰ ਦਿੱਤਾ ਹੈ, ਇਹ ਕੰਮ ਸੀ ਪੰਡਿਤਾਂ ਦਾ। ਇਹ ਬਹੁਤ ਪੁਰਾਣੀ ਗੱਲ ਹੈ। ਮੰਨੂ ਜੀ ਨੇ 4 ਕਾਸਟਾਂ ਬਣਾਈਆਂ। ਪੰਡਿਤ, ਕਸ਼ੱਤਰੀ, ਵੈਸ਼, ਤੇ ਸ਼ੂਦਰ। ਹੁਣ ਤਾਂ ਸਪੀਕਰ ਸਾਹਿਬ, 1976 ਚੱਲ ਰਿਹਾ ਹੈ। ਇਹ ਵੈਸ਼ ਤੋਂ ਵੀ ਸਾਡੇ ਕੋਲ ਆ ਗਿਆ ਹੈ। ਇਹ ਸਰਦਾਰ ਉਮਰਾਓ ਸਿੰਘ ਜੀ ਕੋਲ ਅੱਗੇ ਮਹਿਕਮਾ ਸੀ। 20ਵੀਂ ਸਦੀ ਦੇ ਪੰਡਿਤ ਅਸੀਂ ਬਣਦੇ ਪਏ ਹਾਂ ਅਤੇ ਹੁਣ ਸੁਧਾਰ ਲਿਆ ਰਹੇ ਹਾਂ। (ਥੰਪਿੰਗ) ਸਪੀਕਰ ਸਾਹਿਬ, ਮਹਿਕਮਾ ਵੰਡਣਾ ਚੀਫ ਮਨਿਸਟਰ ਸਾਹਿਬ ਦਾ ਕੰਮ ਹੈ, ਇਹ ਉਨ੍ਹਾਂ ਦੀ ਮਰਜ਼ੀ ਹੈ ਇਸ ਦੇ ਵਿੱਚ ਸਾਡਾ ਕੋਈ ਦਖ਼ਲ ਨਹੀਂ ਹੈ। ਲੇਕਿਨ ਮੈਂ ਸਮਝਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਇਹ ਗੱਲ ਅਲਾਹਿਦਾ ਰੱਖ ਕੇ ਕਿ ਇਹ ਹਰੀਜਨ ਕੋਲ ਹੈ ਜਾਂ ਸ਼ੈਡਿਊਲਡ ਕਾਸਟ ਕੋਲ ਹੈ ਜਾਂ ਵੈਸ਼ ਕੋਲ ਹੈ ਜਾਂ ਪੰਡਿਤ ਕੋਲ ਹੈ ਜੇ ਦੇਖਿਆ ਜਾਵੇ ਤਾਂ ਜਿਹੜਾ ਆਪਣੇ ਮਹਿਕਮੇ ਵਿਚ ਚੰਗਾ ਕੰਮ ਕਰ ਲਵੇ ਉਸ ਦੀ ਪ੍ਰਸ਼ੰਸਾ ਜ਼ਰੂਰ ਹੋਵੇਗੀ। ਮੈਂ ਨਹੀਂ ਕਹਿੰਦਾ ਕਿ ਮੇਰੀ ਪ੍ਰਸ਼ੰਸਾ ਹੋਣੀ ਚਾਹੀਦੀ ਹੈ, ਪੰਜਾਬ ਦੇ ਲੋਕ ਪ੍ਰਸ਼ੰਸਾ ਕਰਨਗੇ (ਥੰਪਿੰਗ) ਸਾਰੇ ਮਹਿਕਮੇ ਚੀਫ਼ ਮਨਿਸਟਰ ਦੀ ਮਰਜ਼ੀ ਨਾਲ ਵੰਡੇ ਜਾਂਦੇ ਹਨ, ਉਨ੍ਹਾਂ ਦੀ ਸਾਰੀ ਡੀਵੈਲਪਮੈਂਟ, ਉਨ੍ਹਾਂ ਦਾ ਸਾਰਾ ਖ਼ਰਚਾ ਚੀਫ ਮਨਿਸਟਰ ਸਾਹਿਬ ਦੀ ਮਰਜ਼ੀ ਨਾਲ ਰੱਖਿਆ ਜਾਂਦਾ ਹੈ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰਕਮ ਰੱਖੀ ਗਈ ਹੈ, ਇਸ ਨੂੰ ਪਾਸ ਕਰਨਾ ਚਾਹੀਦਾ ਹੈ। ਇਹ ਕੁਲੈਕਟਿਵ ਰਿਸਪੌਂਸੀਬਿਲਟੀ ਹੁੰਦੀ ਹੈ। ਇਤਨਾ ਕਹਿ ਕੇ ਮੈਂ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

(ਇਸ ਵਕਤ ਮਾਨਯੋਗ ਮੈਂਬਰ ਕਾਮਰੇਡ ਸੱਤਪਾਲ ਡਾਂਗ ਅਤੇ ਮਾਨਯੋਗ ਮੈਂਬਰ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਪੁਆਇੰਟ ਆਫ ਇਨਫਰਮੇਸ਼ਨ ਰੇਜ਼ ਕਰਨ ਲਈ ਖੜ੍ਹੇ ਹੋਏ)

**ਸ੍ਰੀ ਸਪੀਕਰ :** ਤੁਹਾਡੇ ਵਿਚੋਂ ਕੋਈ ਇਕ ਮੈਂਬਰ ਇਨਫ਼ਰਮੇਸ਼ਨ ਲੈ ਲਵੇ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਸਾਰੇ ਹਾਊਸ ਵਿਚ 2 ਤਾਂ ਪੁਆਇੰਟ ਪੁੱਛਣੇ ਹਨ। (ਵਿਘਨ)

ਸਪੀਕਰ ਸਾਹਿਬ, ਮੈਂ ਤਾਂ ਇਹ ਗੱਲ ਪੁਛਣੀ ਹੈ ਕਿ ਪ੍ਰਾਇਮਰੀ ਐਜੂਕੇਸ਼ਨ ਸਾਡੇ ਪੰਜਾਬ ਵਿਚ ਕੰਪਲਸਰੀ ਹੈ, ਹਰ ਬੱਚੇ ਨੂੰ ਘੱਲਣਾ ਪੈਂਦਾ ਹੈ, ਸਕੂਲ ਵਿੱਚ ਉਨ੍ਹਾਂ ਦਾ ਨਾਮ ਵੀ ਲਿਖਿਆ ਜਾਂਦਾ ਹੈ। ਕੀ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਇਨ੍ਹਾਂ ਦਾ ਮਹਿਕਮਾ ਡਰਾਪ ਆਊਟ ਦਾ ਰੇਟ ਵੀ ਲਿਆਂਦਾ ਹੈ ਜਾਂ ਨਹੀਂ ਲਿਆਂਦਾ। ਜਿੰਨੇ ਬੱਚਿਆਂ ਦੇ ਨਾਮ ਪਹਿਲੀ ਜਮਾਤ ਵਿੱਚ ਲਿਖੇ ਜਾਂਦੇ ਹਨ ਉਤਨੇ ਪੰਜਵੀਂ ਜਮਾਤ ਤਕ ਨਹੀਂ ਪਹੁੰਚਦੇ। ਇਹ ਗੱਲ ਵੀ ਇਨ੍ਹਾਂ ਦਾ ਮਹਿਕਮਾ ਦੱਸਦਾ ਹੈ ਜਾਂ ਨਹੀਂ ?

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਿਖਿਆ ਮੰਤਰੀ ਸਾਹਿਬ ਨੇ ਇਸ ਸਦਨ ਤੋਂ ਬਾਹਰ ਵੀ ਇਸ ਗੱਲ ਦਾ ਐਲਾਨ ਕੀਤਾ ਹੈ ਕਿ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਜੋ ਹਨ, ਉਨ੍ਹਾਂ ਦੀ ਸਰਵਿਸ ਦੀ ਸਿਕਉਰਿਟੀ ਵਾਸਤੇ ਦਿੱਲੀ ਪੈਟਰਨ ਦਾ ਬਿਲ ਪੰਜਾਬ ਸਰਕਾਰ ਇਸ ਅਸੈਂਬਲੀ ਵਿਚ ਲਿਆਵੇਗੀ। ਇਸ ਦੇ ਬਾਰੇ ਕਿਰਪਾ ਕਰਕੇ ਦੱਸ ਦੇਣ ਕਿ ਕੀ ਪੋਜ਼ੀਸ਼ਨ ਹੈ ?

**ਸਰਦਾਰ ਪ੍ਰਿਥੀਪਾਲ ਸਿੰਘ :** ਆਨ ਏ ਪੁਆਇੰਟ ਆਫ ਇਨਫ਼ਰਮੇਸ਼ਨ, ਸਰ। ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਮਹਿਕਮਾ ਅੱਜ ਤੋਂ ਪੰਡਤਾਂ ਕੋਲ ਚਲਾ ਗਿਆ ਹੈ। ਜੇ ਇਹ ਪੰਡਤ ਹੋ ਗਏ ਹਨ ਤਾਂ ਇਨ੍ਹਾਂ ਨੂੰ ਸ਼ੈਡਿਊਲਡ ਕਾਸਟ ਦੀ ਲਿਸਟ ਵਿੱਚੋਂ ਕੱਢ ਦੇਣਾ ਚਾਹੀਦਾ ਹੈ।

**ਸ੍ਰੀ ਸਪੀਕਰ :** No point of information.

**ਸ੍ਰੀ ਵਿਸ਼ਵਾ ਮਿੱਤਰ ਸੇਖੜੀ :** ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਗੱਲ ਹੈ ਕਿ ਕਿੰਨੇ ਪਿੰਡਾਂ ਵਿਚ ਸਕੂਲ ਹਨ ਜਿਹੜੇ ਪ੍ਰਾਇਮਰੀ ਐਜੂਕੇਸ਼ਨ ਨਹੀਂ ਦਿੰਦੇ। ਜਿਹੜੇ ਨਹੀਂ ਦਿੰਦੇ ਉਥੇ ਕਿੰਨੇ ਲੋੜੀਂਦੇ ਸਕੂਲ ਖੋਲ੍ਹੇ ਜਾਣਗੇ ?

Original with;
Punjab Vidhan Sabha
Digitized by;
Panjab Digital Library

ਵਿਦਿਆ ਮੰਤਰੀ : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਡਾਂਗ ਸਾਹਿਬ ਦੀ ਗੱਲ ਦਾ ਜਵਾਬ ਦੇ ਦਿਆਂ। ਡਾਂਗ ਸਾਹਿਬ ਨੇ ਕਿਹਾ ਹੈ ਕਿ ਬੱਚੇ ਸਕੂਲ ਛੱਡ ਕੇ ਚਲੇ ਜਾਂਦੇ ਹਨ। ਸਾਡੇ ਨੋਟਿਸ ਵਿਚ ਇਹ ਗੱਲ ਆਈ ਹੈ। ਕੁਝ ਬੇਟ ਏਰੀਆ ਹੈ ਜਿਥੇ ਫਸਲਾਂ ਦੀ ਕਟਾਈ ਦੇ ਦੌਰਾਨ ਕੁਝ ਬੱਚੇ ਚਲੇ ਜਾਂਦੇ ਹਨ। ਸਾਡੇ ਨੋਟਿਸ ਵਿਚ ਇਹ ਗੱਲ ਆਈ ਹੈ ਲੇਕਿਨ ਅਸੀਂ ਜ਼ਿਲ੍ਹਾ ਸਿਖਿਆ ਅਫਸਰਾਂ ਨੂੰ ਔਰ ਉਨ੍ਹਾਂ ਦੇ ਥੱਲੇ ਬਲਾਕ ਸਿਖਿਆ ਅਫਸਰਾਂ ਨੂੰ ਕਿਹਾ ਹੈ ਔਰ ਟੀਚਰਜ਼ ਨੂੰ ਵੀ ਕਿਹਾ ਹੈ ਕਿ ਜੇ ਉਹ ਬੱਚੇ 2-4 ਦਿਨ ਵਾਸਤੇ ਚਲੇ ਜਾਣ ਤਾਂ ਇਹ ਨਹੀਂ ਸਮਝਣਾ ਚਾਹੀਦਾ ਕਿ ਸਦਾ ਲਈ ਚਲੇ ਗਏ, ਉਨ੍ਹਾਂ ਨੂੰ ਪ੍ਰਸੂਏਡ ਕਰੋ। ਸਪੀਕਰ ਸਾਹਿਬ, ਇਹ ਉਨ੍ਹਾਂ ਲੋਕਾਂ ਦੇ ਵੱਸ ਦੀ ਗੱਲ ਨਹੀਂ ਹੈ, ਉਨ੍ਹਾਂ ਦੀ ਮਾਲੀ ਹਾਲਤ ਹੀ ਐਸੀ ਹੈ, ਜੇ ਉਹ ਆਪਣੇ ਮਾਂ ਬਾਪ ਨਾਲ ਕੰਮ ਨਾ ਕਰਵਾਉਣ ਤਾਂ ਉਨ੍ਹਾਂ ਨੂੰ ਖਾਣ ਵਾਸਤੇ ਦਾਣੇ ਨਹੀਂ ਮਿਲਦੇ। ਉਨ੍ਹਾਂ ਦੀ ਮਜਬੂਰੀ ਹੈ ......

ਡਾਂਗ ਸਾਹਿਬ ਨੇ ਸਜੈਸ਼ਨ ਦਿੱਤੀ ਹੈ ਕਿ ਪ੍ਰਾਇਮਰੀ ਸਕੂਲਾਂ ਵਿਚ ਪਹਿਲੀ ਤੋਂ ਪੰਜਵੀਂ ਤਕ ਦੇ ਜਿਹੜੇ ਬੱਚੇ ਪੜ੍ਹਦੇ ਹਨ ਉਨ੍ਹਾਂ ਗ਼ਰੀਬ ਬੱਚਿਆਂ ਦੀ ਮਦਦ ਕਰਨੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਇਹ ਅਸੀਂ ਐਗਜ਼ਾਮਿਨ ਕਰਾਂਗੇ।

ਦੂਸਰੀ ਗੱਲ ਜੋ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਦੀ ਸਿਕਉਰਿਟੀ ਬਾਰੇ ਕਹੀ ਹੈ। ਮੈਂ ਉਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਬੜੀ ਸੰਜੀਦਗੀ ਨਾਲ ਇਸ ਪੁਆਇੰਟ ਤੇ ਵਿਚਾਰ ਕਰਦੀ ਪਈ ਹੈ ਔਰ ਜੇ ਅਸੀਂ ਲਿਆ ਸਕੇ ਤਾਂ ਇਸ ਹਾਊਸ ਵਿਚ ਬਿਲ ਲਿਆਵਾਂਗੇ। ਲੇਕਿਨ ਬਿਲ ਲਿਆਉਣ ਲਈ ਕਈ ਚੈਨਲਜ਼ ਹਨ ਔਰ ਉਨ੍ਹਾਂ ਸਾਰੇ ਚੈਨਲਜ਼ ਵਿਚੋਂ ਲੰਘਣਾ ਪੈਂਦਾ ਹੈ। ਮੇਰਾ ਯਤਨ ਹੈ ਕਿ ਜੇ ਲਿਆ ਸਕੇ ਤਾਂ ਜ਼ਰੂਰ ਲਿਆਵਾਂਗੇ।

ਇਸ ਤੋਂ ਇਲਾਵਾ ਇਕ ਗੱਲ ਸੇਖੜੀ ਸਾਹਿਬ ਨੇ ਕਹੀ ਹੈ। ਉਸ ਦੇ ਬਾਰੇ ਮੈਂ ਦੱਸ ਦਿਆਂ ਕਿ ਅਸੀਂ 9,350 ਪਿੰਡਾਂ ਵਿਚ ਪ੍ਰਾਇਮਰੀ ਸਕੂਲ ਖੋਲ੍ਹ ਚੁਕੇ ਹਾਂ ਔਰ 500 ਜਾਂ 500 ਤੋਂ ਜ਼ਿਆਦਾ ਆਬਾਦੀ ਅਗਰ ਕਿਸੇ ਪਿੰਡ ਵਿਚ ਹੋਵੇ ਔਰ ਜਿਥੇ ਸਕੂਲ ਨਾ ਖੁਲ੍ਹਿਆ ਹੋਵੇ ਉਹ ਸਾਨੂੰ ਦੱਸਣ ਅਸੀਂ ਖੋਲ੍ਹਣ ਨੂੰ ਤਿਆਰ ਹਾਂ। ਜੇ ਮੈਂਬਰ ਸਾਹਿਬਾਨ ਦੀ ਕੋਈ ਡਿਮਾਂਡ ਹੋਵੇ ਤਾਂ ਉਹ ਦੱਸਣ ਅਸੀਂ ਜ਼ਰੂਰ ਖੋਲ੍ਹ ਦਿਆਂਗੇ। ਐਤਕੀਂ ਸਾਰੇ ਸਾਲ ਵਿਚ 22-23 ਰਿਕੁਐਸਟਸ ਆਈਆਂ ਸਨ ਅਤੇ ਸਾਨੂੰ ਆਪ ਜਾ ਜਾ ਕੇ ਪਤਾ ਕਰਨਾ ਪਿਆ ਅਤੇ ਅਸੀਂ ਉਥੇ ਸਕੂਲ ਖੋਲ੍ਹੇ। ਇਸ ਤੋਂ ਅੱਗੇ ਫੁਲ-ਫਲੈਜਡ ਸਕੂਲਾਂ ਦੇ ਇਲਾਵਾ ਅਸੀਂ ਪ੍ਰਾਇਮਰੀ ਸਕੂਲਜ਼ ਵੀ ਖੋਲ੍ਹੇ ਹਨ ਤਾਂ ਕਿ ਬੱਚਿਆਂ ਨੂੰ ਤਕਲੀਫ ਨਾ ਹੋਵੇ। ਮੈਂ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿੰਨੀ ਵੀ ਜ਼ਰੂਰਤ ਪਈ ਅਸੀਂ ਸਕੂਲ ਖੋਲ੍ਹਾਂਗੇ। ਔਰ ਅਸੀਂ ਖੋਲ੍ਹ ਰਹੇ ਹਾਂ।

Demand No. 21

**Mr. Speaker** : Question is—

That a sum not exceeding Rs. 6,46,99,000 be granted to the Governor to defray the charges that will come in course of payment for the year 1976-77 in respect of Labour, Employment and Industrial Training.

*The motion was carried.*

Demand No. 15

**Mr. Speaker** : Question is—

That a sum not exceeding Rs. 65,91,16,000 be granted to the Governor to defray the charges that will come in course of payment for the year 1976-77 in respect of General Education.

*The motion was carried.*

Original with;
Punjab Vidhan Sabha
Digitized by;
Panjab Digital Library

Demand No. 1

**Mr. Speaker** : Question is—

That a sum not exceeding Rs. 40,70,000 be granted to the Governor to defray the charges that will come in course of payment for the year 1976-77 in respect of State Legislature.

*The motion was carried.*

Demand No. 2

**Mr. Speaker** : Question is—

That a sum not exceeding Rs. 60,91,000 be granted to the Governor to defray the charges that will come in course of payment for the year 1976-77 in respect of Council of Ministers.

*The motion was carried.*

Demand No. 3

**Mr. Speaker** : Question is—

That a sum not exceeding Rs. 1,76,73,000 be granted to the Governor to defray the charges that will come in course of payment for the year 1976-77 in respect of Administration of Justice.

*The motion was carried.*

Demand No. 4

**Mr. Speaker** : Question is—

That a sum not exceeding Rs. 40,57,000 be granted to the Governor to defray the charges that will come in course of payment for the year 1976-77 in respect of Elections.

*The motion was carried.*

Demand No. 5

**Mr. Speaker** : Question is—

That a sum not exceeding Rs. 5,61,40,000 be granted to the Governor to defray the charges that will come in course of payment for the year 1976-77 in respect of Revenue.

*The motion was carried.*

Demand No. 6

**Mr. Speaker** : Question is—

That a sum not exceeding Rs. 2,21,97,000 be granted to the Governor to defray the charges that will come in course of payment for the year 1976-77 in respect of Excise and Taxation.

*The motion was carried.*

Original with;
Punjab Vidhan Sabha
Digitized by;
Panjab Digital Library

Demand No. 7

**Mr. Speaker** : Question is—

That a sum not exceeding Rs. 7,17,70,000 be granted to the Governor to defray the charges that will come in course of payment for the year 1976-77 in respect of Finance.

*The motion was carried.*

Demand No. 8

**Mr. Speaker** : Question is—

That a sum not exceeding Rs. 1,60,14,000 be granted to the Governor to defray the charges that will come in course of payment for the year 1976-77 in respect of Civil Secretariat.

*The motion was carried.*

Demand No. 9

**Mr. Speaker** : Question is—

That a sum not exceeding Rs. 2,41,52,000 be granted to the Governor to defray the charges that will come in course of payment for the year 1976-77 in respect of District Administration.

*The motion was carried.*

Demand No. 10

**Mr. Speaker** : Question is—

That a sum not exceeding Rs. 16,46,48,000 be granted to the Governor to defray the charges that will come in course of payment for the year 1976-77 in respect of Police.

*The motion was carried.*

Demand No. 11

**Mr Speaker** : Question is—

That a sum not exceeding Rs. 1,51,15,000 be granted to the Governor to defray the charges that will come in course of payment for the year course 1976-77 in respect of Jails.

*The motion was carried.*

Demand No. 12

**Mr. Speaker** : Question is—

That a sum not exceeding Rs. 2,20,17,000 be granted to the Governor to defray the charges that will come in course of payment for the year 1976-77 in respect of Stationery and Printing.

*The motion was carried.*

Original with;
Punjab Vidhan Sabha
Digitized by;
Panjab Digital Library

Demand No. 13

**Mr. Speaker** : Question is—

That a sum not exceeding Rs. 2,01.76,000 be granted to the Governor to defray the charges that will come in course of payment for the year 1976-77 in respect of Miscellaneous Services.

*The motion was carried.*

Demand No. 14

**Mr. Speaker** : Question is—

That a sum not exceeding Rs. 2,52,38,000 be granted to the Governor to defray the charges that will come in course of payment for the year 1976-77 respect of Rehabilitation, Relief and Resettlement.

*The motion was carried.*

Demand No. 16

**Mr. Speaker** : Question is—

That a sum not exceeding Rs. 1,04,95,000 be granted to the Governor to defray the charges that will come in course of payment for the year 1976-77 in respect of Technical Education.

*The motion was carried.*

Demand No. 17

**Mr. Speaker** : Question is—

That a sum not exceeding Rs. 23,81,75,000 be granted to the Governor to defray the charges that will come in course of payment for the year 1976-77 in respect of Medical and Public Health.

*The motion was carried.*

Demand No. 18

**Mr Speaker** : Question is—

That a sum not exceeding Rs. 12,21,94,000 be granted to the Governor to defray the charges that will come in course of payment for the year 1976-77 in respect of Housing and Urban Development.

*The motion was carried.*

Demand No. 19

**Mr Speaker** : Question is—

That a sum not exceeding Rs. 76,34,000 be granted to the Governor to defray the charges that will come in course of payment for the year 1976-77 in respect of Information and Publicity.

*The motion was carried.*

Original with;
Punjab Vidhan Sabha
Digitized by;
Panjab Digital Library

Demand No. 20

**Mr. Speaker** : Question is—

That a sum not exceeding Rs. 73,79,000 be granted to the Governor to defray the charges that will come in course of payment for the year 176-77 in respect of Tourism and Cultural Affairs.

*The motion was carried*

Demand No. 22

**Mr. Speaker** : Question is—

That a sum not exceeding Rs. 15,92,00,00 be granted to the Governor to defray the charges that will come in course of payment for the year 1976-77 in respect of Social Security and Welfare.

*The motion was carried.*

Demand No. 23

**Mr. Speaker** : Question is—

That a sum not exceeding Rs. 64,86,000 be granted to the Governor to defray the charges that will come in course of payment for the year 1976-77 in respect of Planning and Statistics.

*The motion was carried.*

Demand No. 24

**Mr. Speaker** : Question is—

That a sum not exceeding Rs. 73,22,01,000 be granted to the Governor to defray the charges that will come in course of payment for the year 1976-77 in respect of Co-operation.

*The motion was carried.*

Demand No. 26

**Mr. Speaker** : Question is—

That a sum not exceeding Rs. 2,00,89,000 be granted to the Governor to defray the charges that will come in course of payment for the year 1976-77 in respect of Soil and Water Conservation.

*The motion was carried.*

Demand No. 27

**Mr. Speaker** : Question is—

That a sum not exceeding Rs. 2,71,36,61,000 be granted to the Governor to defray the charges that will come in course of payment for the year 1976-77 in respect of Food.

*The motion was carried.*

Original with;
Punjab Vidhan Sabha
Digitized by;
Panjab Digital Library

Demand No. 28

**Mr. Speaker** : Question is—

That a sum not exceeding Rs. 4,78,56,000 be granted to the Governor to defray the charges that will come in course of payment for the year 1976-77 in respect of Animal Husbandry.

*The motion was carried.*

Demand No. 29

**Mr. Speaker** : Question is—

That a sum not exceeding Rs. 74,99,000 be granted to the Governor to defray the charges that will come in course of payment for the year 1976-77 in respect of Dairy Development.

*The motion was carried.*

Demand No. 30

**Mr. Speaker** : Question is—

That a sum not exceeding Rs. 31,10,000 be granted to the Governor to defray the charges that will come in course of payment for the year 1976-77 in respect of Fisheries.

*The motion was carried.*

Demand No. 31

**Mr. Speaker** : Question is—

That a sum not exceeding Rs. 2,56,46,000 be granted to the Governor to defray the charges that will come in course of payment for the year 1976-77 in respect of Forests.

*The motion was carried.*

Demand No. 32

**Mr Speaker** : Question is—

That a sum not exceeding Rs. 5,18,76,000 be granted to the Governor to defray the charges that will come in course of payment for the year 1976-77 in respect of Community Development.

*The motion was carried.*

Demand No. 33

**Mr. Speaker** : Question is—

That a sum not exceeding Rs. 10,37,20,000 be granted to the Governor to defray the charges that will come in course of payment for the year 1976-77 in respect of Industries.

*The motion was carried.*

Original with;
Punjab Vidhan Sabha
Digitized by;
Panjab Digital Library

Demand No. 34

**Mr. Speaker** : Question is—

That a sum not exceeding Rs. 12,66,000 be granted to the Governor to defray the charges that will come in course of payment for the year 1976-77 in respect of Civil Aviation.

*The motion was carried.*

Demand No. 35

**Mr. Speaker** : Question is—

That a sum not exceeding Rs. 23,22,93,000 be granted to the Governor to defray the charges that will come in course of payment for the year 1976-77 in respect of Roads and Bridges.

*The motion was carried.*

Demand No. 36

**Mr. Speaker** : Question is—

That a sum not exceeding Rs. 27,73,35,000 be granted to the Governor to defray the charges that will come in course of payment for the year 1976-77 in respect of Road Transport.

*The motion was carried.*

Demand No. 39

**Mr. Speaker** : Question is—

That a sum not exceeding Rs. 21,79,58,000 be granted to the Governor to defray the charges that will come in course of payment for the year 1976-77 in respect of Buildings.

*The motion was carried.*

**Mr. Speaker** : The House stands adjourned till 9.00 A.M. on Tuesday the 10th February, 1976.

5.43 P.M.

*(The Sabha then adjourned till 9.00 A.M. on Tuesday, the 10th February, 1976.)*

1883—2-8-76——286—copies—Pb., Govt., Press, Patiala.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

14
58.

# PUNJAB VIDHAN SABHA

## DEBATES

*10th February, 1976*

Vol. I—No. 14

## OFFICIAL REPORT

### CONTENTS

*Tuesday, the 10th February, 1976*


| | PAGE |
|---|---|
| Starred Questions and Answers .. | (14) 1 |
| Written Answer to Starred Question laid on the Table of the House under Rule 38 .. | (14)32 |
| Unstarred Questions and Answers .. | (14)40 |
| Statements laid on the Table of the House in reply to Call-Attention Notices .. | (14)49 |
| Papers laid on the Table of the House .. | (14)51 |
| Presentation of Report .. | (14)52 |
| Bill— | |
| The Punjab Appropriation (No. 2) —, 1976 .. | (14)52 |
| Extension of time of the Sitting .. | (14)97 |
| Bill— | |
| The Punjab Appropriation (No. 2) —, 1976 (*Resumption of Consideration*) | (14)97 |
| Fourth Report of the Rules Committee | (14)105 |



**Punjab Vidhan Sabha Secretariat, Chandigarh.**

**Price Rs. 29-20**



*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Tuesday, the 10th February, 1976*

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 a.m. of the Clock. Mr. Speaker (Doctor Kewal Krishan) in the Chair.*

## STARRED QUESTIONS AND ANSWERS

### STARRED QUESTION NO. 3633

**Mr. Speaker** : Extension has been asked for in respect of Starred Question No. **3633.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, 13 ਤਾਰੀਖ ਨੂੰ ਹਾਉਸ ਉਠ ਜਾਣਾ ਹੈ ।

**ਸ੍ਰੀ ਸਪੀਕਰ** : ਯੰਗ ਡੈਮ ਦੇ ਆਉਸਟੀਜ਼ ਦੇ ਨਾਲ ਮੈਨੂੰ ਵੀ ਬੜੀ ਹਮਦਰਦੀ ਹੈ । ਮੈਂ ਬੇਨਤੀ ਕਰਾਂਗਾ ਕਿ ਸਰਕਾਰ 13 ਤਾਰੀਖ ਤੋਂ ਪਹਿਲਾਂ ਪਹਿਲਾਂ ਇਸ ਸਵਾਲ ਦਾ ਜਵਾਬ ਦੇ ਦੇਵੇ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਕੀ 13 ਤਾਰੀਖ ਤਕ ਹਾਉਸ ਚਲਣਾ ਹੈ ?

**ਸ੍ਰੀ ਸਪੀਕਰ** : ਅੱਜ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੈ । ਉਸ ਦੇ ਵਿਚ ਇਸ ਦਾ ਫੈਸਲਾ ਹੋ ਜਾਵੇਗਾ ।

### STARRED QUESTION NO. 3608

(This question was not put because the hon. Member concerned was not present in the House.)

### ਰੋਪੜ ਦਾ ਨਾਂ ਬਦਲਕੇ ਰੂਪ ਨਗਰ ਰੱਖਣਾ

*3551. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਸਰਕਾਰ ਨੇ ਰੋਪੜ ਦਾ ਨਾਂ ਬਦਲਕੇ ਰੂਪ ਨਗਰ ਰੱਖਣ ਦਾ ਫੈਸਲਾ ਕੀਤਾ ਹੈ ;

(ਅ) ਜੇਕਰ ਉਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਪੰਕਤ ਫੈਸਲਾ ਲਾਗੂ ਕੀਤਾ ਗਿਆ ਹੈ ?

---

**For Starred Question No. 3633 and reply thereto please — see Punjab Vidhan Sabha Debates Dated 17th February, 1976.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਹੰਸ ਰਾਜ ਸ਼ਰਮਾ** (ਵਿੱਤ ਮੰਤਰੀ) : (ੳ) ਅਤੇ (ਅ) ਹਾਂ ਜੀ, ਪਰ ਹਾਲੇ ਇਸ ਫੈਸਲੇ ਤੇ ਅਮਲ ਨਹੀਂ ਹੋ ਸਕਿਆ, ਕਿਉਂਕਿ ਭਾਰਤ ਸਰਕਾਰ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਰੋਪੜ ਦਾ ਨਾਂ ਰੂਪ ਨਗਰ ਬਦਲਣ ਲਈ ਸੈਂਟਰ ਦੀ ਪ੍ਰਵਾਨਗੀ ਜ਼ਰੂਰੀ ਸੀ ਤਾਂ ਕੀ ਇਹ ਸਰਕਾਰ ਲਈ ਉਚਿਤ ਨਹੀਂ ਸੀ ਕਿ ਪ੍ਰਵਾਨਗੀ ਲੈਣ ਤੋਂ ਬਾਅਦ ਹੀ ਉਸ ਦੀ ਅਨਾਊਂਸਮੈਂਟ ਕਰਦੇ ?

**ਮੰਤਰੀ** : ਇਸ ਨਾਲ ਜਨਤਾ ਦਾ ਕੋਈ ਨੁਕਸਾਨ ਨਹੀਂ ਹੋਇਆ। ਇਹ ਪ੍ਰਪੋਜ਼ਲ ਮੂਵ ਹੁੰਦੀ ਪਈ ਹੈ। ਉਨ੍ਹਾਂ ਨੇ ਕੁਝ ਚੀਜ਼ਾਂ ਮੰਗੀਆਂ ਸਨ। ਸਰਵੇ ਵਗੈਰਾ ਹੋਈ ਹੈ। ਅਸੀਂ ਸਾਰੀ ਇਨਫਰਮੇਸ਼ਨ ਸੈਂਟਰ ਨੂੰ ਭੇਜ ਦਿੱਤੀ ਹੈ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਕੀ ਵਿੱਤ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਸ਼ਹੀਦਾਂ ਦੇ ਨਾਂ ਤੇ ਤਾਂ ਸ਼ਹਿਰਾਂ ਦੇ ਨਾਂ ਰੱਖੇ ਜਾਂਦੇ ਸਨ ਪਰ ਖੂਬਸੂਰਤੀ ਦੇ ਨਾਂ ਤੇ ਨਾਂ ਬਦਲਦੇ ਨਹੀਂ ਸੁਣਿਆ। ਕੀ ਇਸ ਨਾਲ ਹਿਸਟਰੀ ਵਿਚ ਤਬਦੀਲੀ ਨਹੀਂ ਹੋਵੇਗੀ ? ਹਿਸਟਰੀ ਵਿਚ ਰੋਪੜ ਹਜ਼ਾਰਾਂ ਵਾਰ ਮੈਨਸ਼ਨ ਹੋਇਆ ਹੈ / ਰੋਪੜ ਇਕ ਹਿਸਟਾਰੀਕਲ ਪਲੇਸ ਹੈ। ਕੀ ਸਟਰੌਂਗ ਰੀਜ਼ਨਜ਼ ਸਨ ਜਿਨ੍ਹਾਂ ਕਾਰਨ ਰੋਪੜ ਦਾ ਨਾਂ ਰੂਪ ਨਗਰ ਰੱਖਣ ਦੀ ਤਜਵੀਜ਼ ਹੋਈ ਹੈ ?

**ਮੰਤਰੀ** : ਚੌਧਰੀ ਸਾਹਿਬ ਹਿਸਟਰੀ ਪੜ੍ਹ ਲੈਣ, ਇਨ੍ਹਾਂ ਨੂੰ ਪਤਾ ਲੱਗ ਜਾਵੇਗਾ।

**ਚੌਧਰੀ ਦਰਸ਼ਨ ਸਿੰਘ** : ਮੈਂ ਹਿਸਟਰੀ ਸਾਰੀ ਪੜ੍ਹੀ ਹੈ। ਹਰ ਥਾਂ ਰੋਪੜ ਦਾ ਨਾਂ ਮੈਨਸ਼ਨ ਹੁੰਦਾ ਹੈ। ਕਈ ਲੜਾਈਆਂ ਵੀ ਰੋਪੜ ਦੇ ਮੁਕਾਮ ਤੇ ਲੜੀਆਂ ਗਈਆਂ। ਜੇ ਇਨ੍ਹਾਂ ਨੇ ਹਿਸਟਰੀ ਪੜ੍ਹੀ ਹੈ ਤਾਂ ਦੱਸ ਦੇਣ ਕਿ ਕੀ ਸਟਰੌਂਗ ਰੀਜ਼ਨਜ਼ ਸਨ ਜਿਨ੍ਹਾਂ ਕਾਰਨ ਇਸ ਦਾ ਨਾਂ ਬਦਲਕੇ ਰੂਪ ਨਗਰ ਰੱਖਿਆ ਜਾ ਰਿਹਾ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸ ਦੇਵਾਂਗਾ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਰੋਪੜ ਦਾ ਨਾਂ ਰੂਪ ਨਗਰ ਬਦਲਕੇ ਰੱਖਣ ਦੀ ਕੀ ਹਿਸਟਾਰੀਕਲ ਬੈਕਗਰਾਊਂਡ ਹੈ ਜਿਸ ਕਾਰਨ ਇਹ ਨਾਂ ਰੱਖਿਆ ਜਾ ਰਿਹਾ ਹੈ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਸਵਾਲ ਸੀ ਉਸ ਦਾ ਮੈਂ ਜਵਾਬ ਦੇ ਦਿੱਤਾ ਹੈ। ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਦੁਬਾਰਾ ਰਿਮਾਈਂਡਰ ਭਿਜਵਾ ਦਿੱਤਾ ਹੈ।

**ਸਰਦਾਰ ਗੁਰਬਚਨ ਸਿੰਘ** (ਰੋਪੜ) : ਕੀ ਮਨਿਸਟਰ ਸਾਹਿਬ ਇਸ ਗੱਲ ਤੋਂ ਜਾਣੂ ਹਨ ਕਿ ਹੜੱਪਾ ਗੌਰਮਿੰਟ ਦੇ ਜ਼ਮਾਨੇ ਵਿਚ ਇਸ ਸ਼ਹਿਰ ਦਾ ਨਾਂ ਰੂਪ ਨਗਰ ਸੀ ਅਤੇ ਇਸ ਤੋਂ ਬਿਗੜਦਾ ਬਿਗੜਦਾ ਇਹ ਰੋਪੜ ਬਣ ਗਿਆ ਹੈ। ਕੀ ਇਸ ਸ਼ਹਿਰ ਦੀ ਬੇਹਤਰੀ ਅਤੇ ਤਰੱਕੀ ਵਾਸਤੇ ਇਸ ਦਾ ਨਾਂ ਰੂਪ ਨਗਰ ਗਿਆਨੀ ਜੀ ਨੇ ਬਦਲਣ ਦੀ ਤਜਵੀਜ਼ ਕੀਤੀ ਹੈ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਰੂਪ ਨਗਰ ਦਾ ਨਾਂ ਸ਼ਾਇਦ ਡਿਵੈਲਪਮੈਂਟ ਲਈ ਹੈ, ਇਹ ਇਨ੍ਹਾਂ ਨੇ ਪੁੱਛਿਆ ਹੈ ?

ਮੰਤਰੀ : ਹਿਸਟਰੀ ਤਾਂ ਇਨ੍ਹਾਂ ਨੇ ਦੱਸ ਦਿੱਤੀ ਹੈ । ਰੋਪੜ ਨੂੰ ਡਿਸਟ੍ਰਿਕਟ ਹੈਡ-ਕੁਆਰਟਰ ਡਿਕਲੇਅਰ ਕਰਨ ਤੋਂ ਬਾਅਦ ਅਸੀਂ ਉਸ ਸ਼ਹਿਰ ਦੀ ਮਿਊਂਸਪਲ ਕਮੇਟੀ ਨੂੰ ਵੀ ਹੁਣ 5 ਲੱਖ ਰੁਪਏ ਦਿੱਤੇ ਹਨ ਤਾਂ ਕਿ ਸ਼ਹਿਰ ਦੇ ਅੰਦਰ ਸਫਾਈ ਵਗੈਰਾ ਹੋਵੇ ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਕੀ ਫਾਈਨਾਂਸ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜਾ ਇਨ੍ਹਾ ਨੇ ਰੋਪੜ ਦਾ ਨਾਂ ਬਦਲਕੇ ਰੂਪ ਨਗਰ ਰੱਖਣ ਦੀ ਤਜਵੀਜ਼ ਕੀਤੀ ਹੈ, ਕੀ ਇਹ ਜਸਟੀਫਾਈਡ ਹੈ ? ਉਥੇ ਨਾ ਤਾਂ ਕੋਈ ਜ਼ਨਾਨੀ ਸਵਾਦ ਦੀ ਹੈ ਅਤੇ ਨਾ ਹੀ ਕੋਈ ਆਦਮੀ ਸਵਾਦ ਦਾ ਹੈ । ਕਿਸ ਵਾਸਤੇ ਇਸ ਦਾ ਨਾਂ ਰੂਪ ਨਗਰ ਰੱਖਿਆ ਹੈ ? (ਹਾਸਾ)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਅਸੀਂ ਗੜ੍ਹਸ਼ੰਕਰ ਦਾ ਨਾਂ ਬਦਲ ਦਈਏ ਤਾਂ ਕੀ ਇਹ ਪੰਜ ਸੱਤ ਲੱਖ ਰੁਪਏ ਸਾਨੂੰ ਵੀ ਦੇ ਦੇਣਗੇ ?

ਮੰਤਰੀ : ਜ਼ਿਲ੍ਹਾ ਹੈਡਕੁਆਰਟਰ ਬਣਨ ਤੋਂ ਬਾਅਦ ਕੁਝ ਚੀਜ਼ਾਂ ਦੀ ਲੋੜ ਹੁੰਦੀ ਹੈ । ਜਿਸ ਤਰ੍ਹਾਂ ਫ਼ਰੀਦਕੋਟ ਨਵਾਂ ਜ਼ਿਲ੍ਹਾ ਬਣਿਆ ਹੈ । ਉਸ ਦੀ ਵੀ ਡਿਵੈਲਪਮੈਂਟ ਕੀਤੀ ਜਾਣੀ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਆ ਗਏ ਹਨ । ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਰੋਪੜ ਦਾ ਨਾਂ ਰੂਪ ਨਗਰ ਇਤਿਹਾਸ ਵਿਚ ਕਿਸ ਸਮੇਂ ਸੀ, ਜਿਸ ਤੋਂ ਉਤਸਾਹ ਲੈ ਕੇ ਇਨ੍ਹਾਂ ਨੇ ਇਸ ਸ਼ਹਿਰ ਦਾ ਨਾ ਰੂਪ ਨਗਰ ਰੱਖਣ ਦਾ ਐਲਾਨ ਕੀਤਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਪੰਜਾਬ ਵਿਚ ਸਾਰੀਆਂ ਪੰਚਾਇਤਾਂ ਨੂੰ ਇਕ ਸਰਕੂਲਰ ਜਾਰੀ ਕੀਤਾ ਸੀ ਕਿ ਜਿਹੜੇ ਪਿੰਡ ਦਾ ਨਾਂ ਜੱਚਦਾ ਨਹੀਂ, ਫੱਬਦਾ ਨਹੀਂ, ਜੇ ਉਨ੍ਹਾਂ ਦੀ ਮਰਜ਼ੀ ਹੋਵੇ ਤਾਂ ਉਸ ਦਾ ਨਾਂ ਬਦਲ ਦੇਈਏ । ਪੰਜਾਬ ਵਿਚ ਕਈਆਂ ਪਿੰਡਾਂ ਦਾ ਨਾਂ ਹੱਡੋਵਾਲੀ, ਕੁਤੇਵਾਲੀ ਜਾਂ ਭੌਂਕਾ ਹੈ । ਇਸੇ ਤਰ੍ਹਾਂ ਰੋਪੜ ਦੇ ਸਬੰਧ ਵਿਚ ਇਤਿਹਾਸਕਾਰਾਂ ਦੀ ਵੱਖਰੀ ਵੱਖਰੀ ਰਾਏ ਲਈ ਗਈ । ਕਿਸੇ ਨੇ ਕਿਹਾ ਕਿ ਇਸ ਦਾ ਨਾਂ ਪਹਿਲਾਂ ਹੁੰਦਾ ਹੀ ਰੂਪ ਨਗਰ ਸੀ । ਇਹ ਬਿਗੜਦਾ ਬਿਗੜਦਾ ਰੋਪੜ ਹੋ ਗਿਆ । ਕਿਸੇ ਨੇ ਕਿਹਾ ਕਿ ਇਥੇ ਇਕ ਰੋਅ ਵਗਦਾ ਸੀ । ਉਸ ਰੋਅ ਦੇ ਉਤੇ ਇਕ ਪਿੰਡ ਸੀ । ਇਸ ਕਰਕੇ ਇਸ ਦਾ ਨਾਂ ਰੋਪੜ ਪੈ ਗਿਆ । ਇਸੇ ਤਰ੍ਹਾਂ ਦੋ ਚਾਰ ਹੋਰ ਵੀ ਰਾਵਾਂ ਆਈਆਂ ਹਨ ਲੇਕਿਨ ਰੋਪੜ ਦੇ ਕਿਸੇ ਸਿਆਣੇ ਆਦਮੀ ਨੇ ਕਿਹਾ ਕਿ ਇਹ ਨਾਂ ਠੀਕ ਨਹੀਂ, ਇਸ ਨੂੰ ਦਰੁੱਸਤ ਕਰੋ । ਕਿਉਂਕਿ ਇਸ ਦਾ ਮਤਲਬ ਹੈ ਰੋ ਪੜ । ਇਸ ਦਾ ਰ ਆਦਮੀ ਚੰਗਹੀ ਤਰ੍ਹਾਂ ਮਤਲਬ ਸਮਝਦਾ ਹੈ । ਇਸ ਕਰਕੇ ਇਸ ਦਾ ਨਾਂ ਬਦਲਣ ਦੀ ਸਾਨੂੰ ਪ੍ਰੇਰਨਾ ਆਈ । ਉਥੇ ਬਹੁਤ ਬਿਊਟੀਫੁਲ ਟੂਰਿਸਟ ਕੰਪਲੈਕਸ ਵੀ ਹੈ ਅਤੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦਰਿਆ ਦੇ ਉੱਤੇ ਬੰਦ ਵੀ ਹੈ । ਪਿਛਲੇ ਪਾਸੇ ਛੋਟੀਆਂ ਛੋਟੀਆਂ ਪਹਾੜੀਆਂ ਵੀ ਹਨ । ਉਥੇ ਨਵਾਂ ਸੈਕਰੇਟੇਰੀਅਟ ਵੀ ਬਣਨਾ ਹੈ, ਨਵਾਂ ਜ਼ਿਲ੍ਹਾ ਹੈਡਕੁਆਰਟਰ ਵੀ ਬਣਨਾ ਹੈ । ਚੰਡੀਗੜ੍ਹ ਵੀ ਇਸ ਦੇ ਬਹੁਤ ਨਜ਼ਦੀਕ ਹੈ । ਜਿਤਨੇ ਵੀ ਫ਼ਿਲਮ ਸਟਾਰ ਉਥੇ ਆਏ ਉਨ੍ਹਾਂ ਦੀ ਰਾਏ ਸੀ ਕਿ ਉਥੇ ਇਕ ਓਪਨ ਸਟੂਡੀਓ ਬਣਾਇਆ ਜਾਵੇ ਅਤੇ ਉਸ ਦੇ ਵਿਚ ਇਕ ਸਾਰੇ ਹਿੰਦੁਸਤਾਨ, ਸਾਰੇ ਪ੍ਰਾਂਤਾਂ ਦਾ ਨਮੂਨਾ ਬਣਾਇਆ ਜਾਵੇ । ਉਸ ਤੋਂ ਪਤਾ ਲਗੇ ਕਿ ਕਿਸ ਤਰ੍ਹਾਂ ਬੰਗਾਲ ਵਾਲਾ ਰਹਿੰਦਾ ਹੈ ਅਤੇ ਕਿਸ ਤਰ੍ਹਾਂ ਤਾਮਿਲ ਨਾਡੂ ਵਾਲਾ ਰਹਿੰਦਾ ਹੈ । ਖਾਸ ਤੌਰ ਤੇ ਉਨ੍ਹਾਂ ਦੇ ਸੁਭਾਅ ਨੂੰ ਪੇਸ਼ ਕੀਤਾ ਜਾਵੇ । ਇਹੋ ਜਿਹੀਆਂ ਚੀਜ਼ਾਂ ਦਿਮਾਗ਼ ਵਿਚ ਆਈਆਂ । ਗੌਰਮਿੰਟ ਨੇ ਫੈਸਲਾ ਕੀਤਾ ਕਿ ਇਸ ਦਾ ਨਾਂ ਬਦਲ ਕੇ ਰੂਪ ਨਗਰ ਰੱਖਿਆ ਜਾਵੇ । ਇਸ ਪ੍ਰੇਰਨਾ ਤੋਂ ਅਸੀਂ ਉਸਦਾ ਨਾਂ ਰੂਪ ਨਗਰ ਰੱਖਣ ਦਾ ਐਲਾਨ ਕੀਤਾ ਹੈ । ਇਸ ਦੇ ਵਿਚ ਨੁਕਸਾਨ ਵਾਲੀ ਕੋਈ ਗਲ ਨਹੀਂ । ਮੈਂ ਜੋਸ਼ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਹੋ ਜਿਹੀ ਵੱਡੀ ਥਾਂ ਦਾ ਨਾਂ ਬਦਲਣ ਵੇਲੇ ਜਲਦਬਾਜ਼ੀ ਤੋਂ ਵੀ ਕੰਮ ਨਹੀਂ ਲਿਆ । ਦੋਸਤਾਂ, ਹਿਸਟੋਰੀਅਨਜ਼ ਅਤੇ ਵਿਦਵਾਨਾਂ ਦੀ ਰਾਏ ਲਈ ਅਤੇ ਇਸ ਗੱਲ ਦਾ ਵੀ ਪੂਰਾ ਪੂਰਾ ਧਿਆਨ ਰੱਖਿਆ ਗਿਆ ਹੈ ਕਿ ਹਿਸਟਰੀ ਨੂੰ ਕੋਈ ਘਾਤ ਤਾਂ ਨਹੀਂ ਹੁੰਦੀ । ਇਹ ਹਿਸਟਾਰੀਕਲ ਪਲੇਸ ਹੈ । ਇਸ ਦਾ ਖਾਸ ਤੌਰ ਤੇ ਧਿਆਨ ਵਿਚ ਰੱਖਿਆ ਜਾਣਾ ਹੈ । ਰੋਪੜ ਦੇ ਦਰਿਆ ਦੇ ਕਿਨਾਰੇ ਇਕ ਦਰੱਖਤ ਹੁੰਦਾ ਸੀ । ਉਹ ਪੁੱਟਿਆ ਗਿਆ । ਹੁਣ ਅਸੀਂ ਹੋਰ ਪਿੱਪਲ ਦਾ ਦਰੱਖਤ ਲਾ ਦਿੱਤਾ ਹੈ । ਉਥੇ ਬੈਠ ਕੇ ਮਹਾਰਾਜਾ ਰਣਜੀਤ ਸਿਘ ਨਾਲ ਅੰਗਰੇਜ਼ਾਂ ਦੀ ਇਕ ਸੰਧੀ ਹੋਈ ਸੀ । ਇਹ ਇਤਿਹਾਸ ਉਸ ਦੇ ਨਾਲ ਜੁੜਦਾ ਹੈ । ਉਸ ਸੰਧੀ ਦੇ ਜ਼ਮਾਨੇ ਵਿਚ, ਜਿਸ ਤਰ੍ਹਾਂ ਵਿਦਵਾਨਾਂ ਜਾਂ ਬਜ਼ੁਰਗਾਂ ਤੋਂ ਪਤਾ ਲਗਿਆ ਹੈ, ਇਸ ਗੱਲ ਦਾ ਰੌਲਾ ਸੀ ਕਿ ਇਸ ਦਾ ਨਾਂ ਰੋਪੜ, ਰੂਪ ਗੜ੍ਹ ਜਾਂ ਰੂਪ ਨਗਰ ਰਖਿਆ ਜਾਵੇ । ਇਸ ਦੇ ਸਿਵਾਏ ਹੋਰ ਗਲ ਇਸ ਦੇ ਨਾਲ ਸਬੰਧਤ ਨਹੀਂ ਸੀ । ਜਿਹੜੇ ਬਜ਼ੁਰਗਾਂ ਨੇ ਦਸਿਆ ਹੈ, ਜਿਹੜੇ ਇਥੇ ਵਸਦੇ ਸਨ, ਕਿ ਇਥੇ ਜਿਨ੍ਹਾਂ ਦੀ ਸਰਦਾਰੀ ਸੀ, ਉਨ੍ਹਾਂ ਦੇ ਪੁੱਤਰ ਦਾ ਨਾਂ ਰੂਪ ਸੀ । ਕਈ ਚੀਜ਼ਾਂ ਇਸ ਦੇ ਵਿਚ ਆ ਗਈਆਂ । ਇਸ ਕਰਕੇ ਅਸੀਂ ਇ। ਦਾ ਨਾਂ ਰੂਪ ਨਗਰ ਰਖਿਆ ਹੈ ।

———

## SETTING UP OF TYRE AND TUBE FACTORY AT ROPAR

*3562. **Sardar Gurbachan Singh** : Will the Chief Minister be pleased to state : —

a) whether there is any proposal under the consideration of Govt. to set up tyre and tube factory at Ropar;

b) if so, the approximate time by which the construction thereof is likely to be started ?

**ਗਿਆਨੀ ਜ਼ੈਲ ਸਿੰਘ** : (ਏ) ਹਾਂ ਜੀ ।

(ਬੀ) ਫ਼ੈਕਟਰੀ ਦੀ ਉਸਾਰੀ ਦਾ ਕੰਮ ਸਾਲ 1976-77 ਵਿਚ ਚਾਲੂ ਹੋਣ ਦੀ ਆਸ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬਚਨ ਸਿੰਘ** (ਰੋਪੜ) : ਇਸ ਫੈਕਟਰੀ ਨੂੰ ਉਥੇ ਲਗਾਉਂਦਿਆਂ ਕਾਫੀ ਦੇਰ ਹੋਈ ਹੈ, ਇਸ ਦੇ ਵਿਚ ਕੀ ਅੜਚਨ ਹੈ ਜਿਸ ਦੇ ਕਾਰਨ ਇਹ ਸ਼ੁਰੂ ਨਹੀਂ ਕੀਤੀ ਜਾ ਸਕੀ ?

**ਮੁੱਖ ਮੰਤਰੀ** : ਇਸ ਦੇ ਕਾਰਨ ਇਹ ਹਨ : ਦਸੰਬਰ, 1970 ਵਿਚ 4 ਲੱਖ ਆਟੋਮੋਬਾਇਲ ਟਾਇਰਜ਼ ਅਤੇ ਟਿਊਬਜ਼ ਤਿਆਰ ਕਰਨ ਲਈ ਰਾਜ ਵਿਚ ਇਕ ਨਵਾਂ ਕਾਰਖਾਨਾ ਸਥਾਪਿਤ ਕਰਨ ਵਾਸਤੇ ਕੇਂਦਰ ਸਰਕਾਰ ਵਲੋਂ ਪੰਜਾਬ ਰਾਜ ਉਦਯੋਗ ਨਿਗਮ ਨੂੰ ਇਕ ਮਨੋਰਥ ਪੱਤਰ ਜਾਰੀ ਹੋਇਆ ਸੀ । ਜੁਲਾਈ, 1974 ਵਿਚ ਨਿਗਮ ਨੇ ਇਕ ਨਵੀਂ ਕੰਪਨੀ, ਪੰਜਾਬ ਟਾਇਰਜ਼ ਲਿਮਿਟਿਡ ਕਾਇਮ ਕੀਤੀ । 31 ਜੁਲਾਈ, 1974 ਨੂੰ ਬੀ. ਐਫ. ਗੁਡਵਿਚ ਕੰਪਨੀ, ਯੂ.ਐਸ.ਏ. ਨਾਲ ਟੈਕਨੀਕਲ ਅਸਿਸਟੈਂਸ ਅਤੇ ਇੰਜੀਨੀਰਿੰਗ ਸਰਵਿਸਿਜ਼ ਬਾਰੇ ਐਗਰੀਮੈਂਟ ਕੀਤੇ ਸਨ । ਇਨ੍ਹਾਂ ਐਗਰੀਮੈਂਟਾਂ ਨੂੰ ਕੇਂਦਰ ਸਰਕਾਰ ਨੇ ਜਨਵਰੀ, 1975 ਵਿਚ ਰਿਕਾਰਡ ਤੇ ਲਿਆਂਦਾ । ਜੁਲਾਈ, 1975 ਵਿਚ ਮਨੋਰਥ ਪਤਰ ਨੂੰ ਲਾਈਸੈਂਸ ਵਿਚ ਬਦਲਿਆ ਗਿਆ । ਇਸ ਤੋਂ ਪਹਿਲਾਂ ਕਿ ਉਸ ਕੰਪਨੀ ਨੂੰ ਇਕਰਾਰ ਨਾਮੇ ਅਧੀਨ 1 ਲੱਖ 80 ਹਜ਼ਾਰ ਯੂ.ਐਸ.ਏ. ਡਾਲਰ ਦੀ ਡਾਊਨ ਪੇਮੈਂਟ ਭੇਜੀ ਜਾ ਸਕਦੀ, ਸਾਲ 1973-74 ਵਿਚ ਸਾਰੇ ਸੰਸਾਰ ਵਿਚ ਇਨਫਲੇਸ਼ਨ ਦੇ ਕਾਰਨ ਇੰਜੀਨੀਰਿੰਗ ਸਰਵਿਸਿਜ਼ ਦੀ ਫੀਸ ਵਿਚ ਵਾਧਾ ਹੋਣ ਕਾਰਨ ਆਪਣੀ ਤਾਰ ਮਿਤੀ 20 ਜਨਵਰੀ, 1975 ਰਾਹੀਂ ਗੁਡ ਵਿਚ ਕੰਪਨੀ ਆਪਣੇ ਕੀਤੇ ਇਕਰਾਰ ਤੋਂ ਪਿਛੇ ਹੱਟ ਗਈ ਅਤੇ ਕੰਪਨੀ ਨੇ ਇੰਜੀਨੀ-ਰਿੰਗ ਸਰਵਿਸਿਜ਼ ਦੀ ਫੀਸ ਵਿਚ 2 ਲਖ 50 ਹਜ਼ਾਰ ਯੂ. ਐਸ. ਏ. ਡਾਲਰ ਤੋਂ 3 ਲੱਖ ਡਾਲਰ ਤਕ ਹੋਰ ਵਾਧਾ ਕਰ ਦਿਤਾ। ਇਸ ਕਰਕੇ ਕੇਂਦਰ ਸਰਕਾਰ ਨਾਲ ਇਸ ਨੂੰ ਟੇਕ-ਅਪ ਕੀਤਾ । ਇਸ ਪਰਾਜੈਕਟ ਨੂੰ ਸਥਾਪਿਤ ਕਰਨ ਲਈ ਥਾਂ ਦੀ ਚੋਣ ਰੋਪੜ ਵਿਚ ਪਹਿਲਾਂ ਹੀ ਕੀਤੀ ਜਾ ਚੁਕੀ ਹੈ । ਇਹ ਥਾਂ ਰਾਜ ਨਿਗਮ, ਵਣਿਜ ਅਤੇ ਸਪਲਾਈ ਵਿਭਾਗ ਨੂੰ ਦਿਤੀ ਜਾ ਚੁਕੀ ਹੈ, ਉਥੇ ਇਸ ਫੈਕਟਰੀ ਨੂੰ ਬਣਾਇਆ ਜਾਏਗਾ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਪ੍ਰਸਤਾਵਿਤ ਟਾਇਰ ਟਿਊਬ ਫੈਕਟਰੀ ਰੋਪੜ ਵਿਚ ਜੋ ਬਣਾਈ ਜਾਵੇਗੀ, ਉਸ ਦੀ ਪ੍ਰੋਡਕਸ਼ਨ ਕਪੈਸਿਟੀ ਕਿੰਨੀ ਹੋਵੇਗੀ ਅਤੇ ਕਿੰਨੇ ਲੋਕਾਂ ਨੂੰ ਇਸ ਦੇ ਨਾਲ ਰੋਜ਼ਗਾਰ ਮਿਲੇਗਾ ?

**ਮੁੱਖ ਮੰਤਰੀ** : ਪ੍ਰੋਡਕਸ਼ਨ ਕਪੈਸਿਟੀ ਮੈਂ ਦੱਸ ਚੁੱਕਾ ਹਾਂ ਕਿ 4 ਲਖ ਆਟੋਮੋਬਾਇਲ ਟਾਇਰਜ਼ ਅਤੇ ਟਿਊਬਜ਼ ਹੋਵੇਗੀ ।

**ਚੌਧਰੀ ਰਾਮ ਸਿੰਘ** : ਟਾਇਰਜ਼ ਦੀ ਫੈਕਟਰੀ ਲਗਣ ਤੋਂ ਬਾਅਦ 20% ਰੀਕਲੇਮਡ ਟਾਇਰਜ਼ ਦੀ ਲੋੜ ਹੁੰਦੀ ਹੈ, ਕਿਉਂਕਿ ਰਬੜ ਦੇ ਕੰਮ ਵਿਚ ਟਾਇਰ ਬਣਾਉਣ ਵਾਸਤੇ 20% ਰੀਕਲੇਮਡ ਟਾਇਰਜ਼ ਦੀ ਜ਼ਰੂਰਤ ਹੁੰਦੀ ਹੈ । ਕੀ ਇਸ ਤਰ੍ਹਾਂ ਦਾ ਵੀ ਕੋਈ ਯੂਨਿਟ ਪੰਜਾਬ ਵਿਚ ਲਗਾਇਆ ਜਾਵੇਗਾ ਤਾਂ ਕਿ ......

**ਵਿੱਤ ਮੰਤਰੀ** : ਤੁਸੀਂ ਤਾਂ ਇਨਫਰਮੇਸ਼ਨ ਦੇ ਰਹੇ ਹੋ ।

**ਸ੍ਰੀ ਸਪੀਕਰ** : ਇਹ ਪੁੱਛਦੇ ਹਨ ਕਿ ਕੋਈ ਹੋਰ ਫੈਕਟਰੀ ਲਗਾਈ ਜਾਵੇਗੀ ?

**ਮੁੱਖ ਮੰਤਰੀ** : ਮੈਂ ਸਮਝ ਨਹੀਂ ਸਕਿਆ ਚੌਧਰੀ ਰਾਮ ਸਿੰਘ ਕੀ ਪੁੱਛਦੇ ਹਨ ?

Original with;
Punjab Vidhan Sabha
Digitized by;
Panjab Digital Library

ਚੌਧਰੀ ਰਾਮ ਸਿੰਘ : ਰਬੜ ਫ਼ੈਕਟਰੀ ਵਿਚ 20% ਰੀਕਲੇਮਡ ਟਾਇਰ ਪੈਂਦੇ ਹਨ ਅਤੇ ਉਹ ਬਾਹਰੋਂ ਲੈਣੇ ਪੈਣਗੇ । ਇਸ ਕਰਕੇ ਕੀ ਇਸ ਦੀ ਕੋਈ ਫੈਕਟਰੀ ਲਗਾਈ ਜਾਵੇਗੀ ਕਿ ਜਿਹੜਾ 20% ਰੀਕਲੇਮਡ ਟਾਇਰ ਪੈਣਾ ਹੈ, ਉਹ ਉਸ ਫੈਕਟਰੀ ਵਿਚ ਬਣਾਇਆ ਜਾ ਸਕੇ ?

ਮੁੱਖ ਮੰਤਰੀ : ਤਜਵੀਜ਼ ਅੱਛੀ ਹੈ, ਇਸ ਤੇ ਗੌਰ ਕਰਾਂਗੇ ।

STARRED QUESTIONS NOS.3603, 3610 AND 3484,

(These questions were not put because the hon. Members concerned were not present in the House.)

SALE PRICE OF RESIDENTIAL INDUSTRIAL PLOTS IN SAHIBZADA AJIT SINGH NAGAR (MOHALI)

***3549. Comrade Shamsher Singh Josh** : Will the Minister for Finance be pleased to state :—

(a) the present sale price of residential and Industrial plots of various sizes in Urban Estate, Sahibzada Ajit Singh Nagar (Mohali) alongwith their prices in the years 1969-70, 1970-71, 1971-72, 1972-73, 1973-74 and 1974-75;

(b) the acquisition price per acre paid by the Government to the land-owners in respect of the land acquired from them in the years 1969-70, 1970-71 and 1974-75 ?

ਸ੍ਰੀ ਹੰਸ ਰਾਜ ਸ਼ਰਮਾ : (ੳ) ਅਤੇ (ਅ) ਦਾ ਜਵਾਬ ਹਾਊਸ ਦੇ ਟੇਬਲ ਤੇ ਪਿਆ ਹੈ ।

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਚ ਰਿਹਾਇਸ਼ੀ/ਉਦਯੋਗਿਕ ਪਲਾਟਾਂ ਦੀ ਵਿਕਰੀ ਕੀਮਤ

(ੳ) ਅਤੇ (ਅ) ਦਾ ਜਵਾਬ ਹੇਠ ਲਿਖੇ ਅਨੁਸਾਰ ਹੈ ।

1. ਸ਼ਹਿਰੀ ਮਿਲਖ ਸ਼ਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਰਿਹਾਇਸ਼ੀ ਪਲਾਟਾਂ ਦੇ ਵਰਤਮਾਨ ਵਿਕਰੀ ਮੁੱਲ 58—ਪ੍ਰਤੀ ਵਰਗ ਗਜ਼ ਹੈ । ਸਾਲ 1973-74 ਤੋਂ ਅਗੇ ਇਸ ਸ਼ਹਿਰੀ ਮਿਲਖ ਦੇ ਉਦਯੋਗਿਕ ਪਲਾਟਾਂ ਦੀ ਕੀਮਤ ਸਰਕਾਰ ਨੇ ਅਜੇ ਪ੍ਰਵਾਨ ਨਹੀਂ ਕੀਤੀ ਫਿਰ ਵੀ ਉਦਯੋਗਿਕ ਫੋਕਲ ਪੁਆਇੰਟ ਫ਼ੇਜ਼-7 ਦੀ ਆਰਜ਼ੀ ਵਰਤਮਾਨ ਕੀਮਤ ਹੇਠ ਲਿਖੇ ਅਨੁਸਾਰ ਹੈ :—

1) ਪਲਾਟ 1/4 ਏਕੜ ਤੋਂ ਲੈ ਕੇ 1 ਏਕੜ ਤੱਕ : ਰੁਪਏ 19/- ਪ੍ਰਤੀ ਵਰਗ ਗਜ਼

2) ਪਲਾਟ 2 ਏਕੜ ਤੋਂ 3 ਏਕੜ ਤਕ : ਰੁਪਏ 17/- ਪ੍ਰਤੀ ਵ: ਗਜ਼

3) ਪਲਾਟ 4 ਏਕੜ ਅਤੇ ਉਸ ਤੋਂ ਵਡੇ : ਰੁਪਏ 14/- ਪ੍ਰਤੀ ਵ: ਗਜ਼
ਫੇਜ਼-7 ਆਖਰੀ ਫੇਜ਼ ਹੈ ਅਤੇ ਇਸ ਵਿਚ ਪਲਾਟ ਹੁਣੇ 2 ਅਲਾਟ ਕੀਤੇ ਗਏ ਹਨ ।

Original with;
Punjab Vidhan Sabha
Digitized by;
Panjab Digital Library

2. ਸਾਲਾਂ 1969-70,70-71, 71-72,72-73, 73-74 ਅਤੇ 74-75 ਦੇ ਵਿਕਰੀ ਮੁੱਲ ਰਿਹਾਇਸ਼ੀ/ਉਦਯੋਗਿਕ ਪਲਾਟਾਂ ਦੇ ਹੇਠ ਲਿਖੇ ਅਨੁਸਾਰ ਹਨ :-

| ਸਾਲ | ਵਿਕਰੀ ਮੁੱਖ ਰਿਹਾਇਸ਼ੀ | ਵਿਕਰੀ ਮੁੱਖ ਉਦਯੋਗਿਕ ਪਲਾਟ |
|---|---|---|
| 1969-70 | 1-250 ਵ: ਗਜ਼ 20/ਪ੍ਰਤੀ ਵ: ਗਜ਼ 251 ਤੋਂ 500 ਵ: ਗਜ਼ 19 ਰੁਪਏ ਪ੍ਰਤੀ ਵ: ਗਜ਼ | ਪਲਾਟ 1/4 ਤੋਂ 2 ਏਕੜ ਤੱਕ ਰੁਪਏ 10 ਪ੍ਰਤੀ ਵ: ਗਜ਼ |
| | 500 ਵ: ਗਜ਼ ਤੋਂ ਉਪਰ ਦੇ ਪਲਾਟਾਂ ਲਈ 18/-ਰੁਪਏ ਪ੍ਰਤੀ ਵ: ਗਜ਼ | ਪਲਾਟ 2 ਤੋਂ 5ਏਕੜ ਤੱਕ ਰੁਪਏ 8 ਪ੍ਰਤੀ ਵ: ਗਜ਼ ਪਲਾਟ 5 ਅਤੇ ਵੱਡੇ ਰੁਪਏ 6 ਪ੍ਰਤੀ ਵ: ਗਜ਼ |
| 1970-71 | ਸਾਰੇ ਸਾਈਜ਼ ਦੇ ਪਲਾਟਾਂ ਲਈ ਰੁਪਏ 27 ਪ੍ਰਤੀ ਵ: ਗਜ਼। | ਪਲਾਟ 1/4 ਤੋਂ 2 ਏਕੜ ਤੱਕ ਰੁਪਏ 11.50 ਪ੍ਰਤੀ ਵ: ਗਜ਼ । ਪਲਾਟ 2 ਤੋਂ 5 ਏਕੜ ਤੱਕ ਰੁਪਏ 9.50 ਏਕੜ ਅਤੇ 2 ਤੋਂ 5 ਏਕੜ ਅਤੇ ਵੱਡੇ ਰੁਪਏ 7.50 ਪ੍ਰਤੀ ਵ: ਗਜ਼। |
| 1971-72 | ਸਾਰੇ ਸਾਈਜ਼ਾਂ ਦੇ ਪਲਾਟਾਂ ਲਈ ਰੁਪਏ 27 ਪ੍ਰਤੀ ਵ: ਗਜ਼। | ਉਹੀ ਕੀਮਤਾਂ ਜੋ ਸਾਲ 1970-71 ਦੀਆਂ ਹਨ । |
| 1972-73 | ਸਾਰੇ ਸਾਈਜ਼ਾਂ ਦੇ ਪਲਾਟਾਂ ਲਈ ਰੁਪਏ 27 ਪ੍ਰਤੀ ਵ: ਗਜ਼ | -ਉਹੀ- |
| 1973-74 | ਸਾਰੇ ਸਾਈਜ਼ਾਂ ਦੇ ਪਲਾਟਾਂ ਲਈ ਰੁਪਏ 27 ਪ੍ਰਤੀ ਵ: ਗਜ਼ | ਆਰਜ਼ੀ ਵਿਕਰੀ ਮੁੱਲ ਹੇਠ ਦਿੱਤੇ ਜਾਂਦੇ ਹਨ : ਪਲਾਟ 1/4 ਤੋਂ 2 ਏਕੜ ਤੱਕ ਰੁਪਏ 15 ਪ੍ਰਤੀ ਵ: ਗਜ਼ ਪਲਾਟ 2 ਤੋਂ 5 ਏਕੜ ਤੱਕ ਰੁਪਏ 13 ਪ੍ਰਤੀ ਵਰਗ ਗਜ਼ ਪਲਾਟ 5 ਏਕੜ ਅਤੇ ਵਡੇ ਰੁਪਏ 11 ਪ੍ਰਤੀ ਵ: ਗਜ਼ ਉਪਰ ਦਿਤੇ ਗਏ ਰੇਟ ਆਰਜ਼ੀ ਹਨ। ਅੰਤਮ ਰੇਟਾਂ ਦੀ ਅਜੇ ਸਰਕਾਰ ਨੇ ਪ੍ਰਵਾਨਗੀ ਦੇਣੀ ਹੈ। |
| 1974-75 | ਰੁਪਏ 50 ਪ੍ਰਤੀ ਵ: ਗਜ਼ | ਉਹੀ ਕੀਮਤਾਂ ਜੋ ਸਾਲ 1973-74 ਦੀਆਂ ਹਨ। |

Original with;
Punjab Vidhan Sabha
Digitized by;
Panjab Digital Library

(ਅ) ਭੋਂ ਦੀ ਪ੍ਰਾਪਤੀ ਦੀ ਪ੍ਰਤੀ ਏਕੜ ਕੀਮਤ ਜੋ ਸਰਕਾਰ ਵੱਲੋਂ ਜ਼ਿਮੀਂਦਾਰ ਨੂੰ ਅਦਾ ਕੀਤੀ ਗਈ ਅਤੇ ਬਾਅਦ ਵਿੱਚ ਜ਼ਿਲ੍ਹਾ ਜੱਜ ਰੋਪੜ ਵੱਲੋਂ ਦਿੱਤੇ ਗਏ ਅਵਾਰਡਾਂ ਦੇ ਅਧਾਰ ਤੇ ਵਧਾਏ ਗਏ ਮੁਆਵਜ਼ੇ ਸਾਲ 1969-70, 70-71 ਅਤੇ 74-75 ਹੇਠਾਂ ਦਿੱਤੇ ਜਾਂਦੇ ਹਨ :-

| ਡਾਇਰੈਕਟਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ | | ਕੁਲੈਕਟਰ ਵੱਲੋਂ ਦਿੱਤੇ ਗਏ ਅਵਾਰਡ ਅਨੁਸਾਰ ਪ੍ਰਤੀ ਏਕੜ ਰੇਟ (ਰੁ:) | | | ਜ਼ਿਲ੍ਹਾ ਜੱਜ ਰੋਪੜ ਵੱਲੋਂ ਵਧਾਏ ਗਏ ਮੁਆਵਜ਼ੇ ਪਿਛੋਂ ਪ੍ਰਤੀ ਏਕੜ ਰੇਟ । (ਰੁ: ) | | |
|---|---|---|---|---|---|---|---|
| ਸਾਲ | ਭੋਂ ਦੀ ਕਿਸਮ | ਰੇਟ | 15% ਲਾਜ਼ਮੀ ਖਰੀਦ ਚਾਰਜ | ਜੋੜ | ਰੇਟ | 15% ਲਾਜ਼ਮੀ ਖਰੀਦ ਚਾਰਜ | ਜੋੜ |
| 1 | 2 | 3 | 4 | 5 | 6 | 7 | 8 |
| 1969-70 | ਚਾਹੀ-1 | 8016 ਤੋਂ 8500 | 1202 ਤੋਂ 1275 | 9218 ਤੋਂ 9775 | 13700 ਤੋਂ 21200 | 2055 ਤੋਂ 3180 | 15755 ਤੋਂ 24380 |
| | ਚਾਹੀ-11 | 7008 | 1051 | 8069 | 21200 | 3180 | 24380 |
| | ਬਰਾਨੀ | 3504 ਤੋਂ 8000 | 526 ਤੋਂ 1200 | 4030 ਤੋਂ 9200 | 12600 ਤੋਂ 202000 | 1890 3030 | 14490 ਤੋਂ 23230 |
| | ਬੰਜ਼ਰ | 2000 ਤੋਂ 4000 | 300 ਤੋਂ 600 | 2300 ਤੋਂ 4600 | — | — | — — |
| | ਗੈਰ ਮੁਮਕਿਨ | 1008 | 151 | 1159 | — | — | — |
| 1970-71 | ਚਾਹੀ | 4000 ਤੋਂ 8500 | 600 ਤੋਂ 1275 | 4600 ਤੋਂ 9700 | 10730 ਤੋਂ 21200 | 1609 ਤੋਂ 3180 | 12339 ਤੋਂ 24380 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 | 7 | 8 |
|---|---|---|---|---|---|---|---|
| | ਬਰਾਨੀ | 2000 ਤੋਂ 7800 | 300 ਤੋਂ 1170 | 2300 ਤੋਂ 8970 | 10530 ਤੋਂ 19200 | 1599 ਤੋਂ 2830 | 12109 ਤੋਂ 22080 |
| | ਬੰਜਰ | 1500 ਤੋਂ 3504 | 225 ਤੋਂ 526 | 1725 ਤੋਂ 4030 | 11150 | 1672 | 12822 |
| | ਗੈਰਮੁੱਮਕਿਨ | 960 ਤੋਂ 3900 | 144 ਤੋਂ 558 | 1104 ਤੋਂ 4485 | 13200 | 1980 | 15180 |
| 1974-75 | ਚਾਹੀ | 10500 ਤੋਂ 24250, | 1575 ਤੋਂ 3638 | 12075 ਤੋਂ 27888 | ਜ਼ਿਲ੍ਹਾ ਜੱਜ ਰੋਪੜ | | |
| | ਬਰਾਨੀ | 5000 ਤੋਂ 23000 | 750 ਤੋਂ 3450 | 5750 ਤੋਂ 26450 | ਨੇ ਐਨਹਾਂਸਮੈਂਟ ਦੇ ਬਾਰੇ | | |
| | ਬੰਜਰ | 6000 ਤੋਂ 10000 | 900 ਤੋਂ 15 00 | 6900 ਤੋਂ 1150 | ਫੈਸਲਾ ਨਹੀਂ | | |
| | ਗੈਰਮੁੱਮਕਿਨ | 1000 ਤੋਂ 12125 | 150 ਤੋਂ 1819 | 1150 ਤੋਂ 13944 | ਸੁਣਵਾਇਆ । | | |
| | ਅਬਾਦੀ | 28000 ਤੋਂ 33880 | 4200 ਤੋਂ 5082 | 32200 ਤੋਂ 38962 | | | |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 | 7 | 8 |
|---|---|---|---|---|---|---|---|
| | ਮਿਸਲੇਨੀਅਸ | 1000 ਤੋਂ 800 | 150 ਤੋਂ 1200 | 1150 ਤੋਂ 9200 | | | |

**ਡਾਇਰੈਕਟਰ ਉਦਯੋਗ ਵਿਭਾਗ**

1969-70 ਅਤੇ 1970 -71 ਦੇ ਵਿੱਚ ਉਦਯੋਗ ਵਿਭਾਗ ਨੇ ਕੋਈ ਵੀ ਜ਼ਮੀਨ ਪ੍ਰਾਪਤ ਨਹੀਂ ਕੀਤੀ । ਅਤੇ ਸਾਲ 1974-75 ਵਿਚ ਹੇਠ ਲਿਖੀ ਜ਼ਮੀਨ ਪ੍ਰਾਪਤ ਕੀਤੀ ।

ਮੁਆਵਜ਼ਾ ਪ੍ਰਤੀ ਏਕੜ (ਰੁ)

| ਸਾਲ | ਜ਼ਮੀਨ ਦੀ ਕਿਸਮ | ਰੇਟ ਪ੍ਰਤੀ ਏਕੜ | 15% ਲਾਜ਼ਮੀ ਖਰੀਦ ਚਾਰਜ਼ | ਜੋੜ | |
|---|---|---|---|---|---|
| 1974-75 | ਚਾਹੀ | 15,000 ਤੋਂ 16,000 | 22,50 ਤੋਂ 24,00/- | 17,250 ਤੋਂ 18400 | ਜਿਲਾ ਜੱਜ ਰੋਪੜ ਵੱਲੋਂ ਕੀਤੇ ਵਾਧੇ ਤੋਂ ਬਾਅਦ ਰੇਟ ਪ੍ਰਤੀ ਏਕੜ ਜੋ ਰੈਫ-ਰੈਂਸ ਪ੍ਰਾਪਤ ਹੋਈਆਂ ਉਨ੍ਹਾਂ ਦੀ ਕੋਰਟ ਵਿਚ ਕਾਨੂੰਨੀ ਸੁਣਵਾਈ ਲਈ ਪ੍ਰਾਸੈਸ ਕੀਤੀਆਂ ਜਾ ਰਹੀਆਂ ਹਨ। |
| | ਚਾਹੀ-1 | 17,000/- | 2550 /- | 19,550 | |
| | ਚਾਹੀ-2 | 15,000 | 2250 | 17,250 | |
| | ਬਰਾਨੀ | 12,000 ਤੋਂ 14,000 | 1800 ਤੋਂ 2100 | 13,800 ਤੋਂ 16,100 | |
| | ਬਰਾਨੀ-1 | 12,000 | 1800 | 13,800 | |
| | ਬਰਾਨੀ-2 | 10,000 | 1500 | 11,500 | |
| | ਬੰਜਰ | 6,000 ਤੋਂ 8,000 | 900 ਤੋਂ 1200 | 6,900 ਤੋਂ 9,200 | |
| | ਬੰਜਰ ਕੱਦੀਆਂ | 6,000 | 900 | 6,900 | |
| | ਗੈਰਮੁੱਮਕਿਨ | 4,000 | 600 | 4,600 | |
| | ਮਿਸਲੇਨੀਅਸ | 17,000 | 2,550 | 19,550 | |

Original with;
Punjab Vidhan Sabha
Digitized by;
Panjab Digital Library

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਨ੍ਹਾਂ ਨੇ ਦੱਸਿਆ ਹੈ ਕਿ ਰੈਜ਼ੀਡੈਂਸ਼ਲ ਪਲਾਟਸ ਦੀ ਸੇਲ ਪ੍ਰਾਈਸ 58 ਰੁਪਏ ਪਰ ਸੁਕੇਅਰ ਯਾਰਡ ਹੈ । ਇਹ ਪ੍ਰਾਈਸ 1969-70 ਵਿਚ 20 ਰੁਪਏ ਸੀ, 1970-71, 1972-73 ਅਤੇ 1973-74 ਵਿਚ 27 ਰੁਪਏ ਰਹੀ ਅਤੇ 1974-75 ਵਿਚ 58 ਰੁਪਏ ਤੇ ਪੁੱਜ ਗਈ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ 1970-71 ਤੋਂ ਲੈ ਕੇ ਇੰਨੀ ਦੇਰ 27 ਰੁਪਏ ਪ੍ਰਾਈਸ ਰਹੀ ਤਾਂ ਆਲ ਆਫ ਏ ਸੱਡਨ 58 ਰੁਪਏ ਕਿਵੇਂ ਨਿਯੁਕਤ ਕਰ ਦਿੱਤੀ ਗਈ । ਉਥੇ ਜਿਹੜੀ ਸਰਕਾਰ ਨੇ ਲੈਂਡ ਲਈ, ਉਹ 8000 ਰੁਪਏ ਦੇ ਹਿਸਾਬ ਨਾਲ ਲਈ ਸੀ ਇਹ ਪਹਿਲਾਂ ਦੱਸਿਆ ਹੈ, ਪਰ 1974-75 ਵਿਚ 10,000 ਰੁਪਏ ਮੁਆਵਜ਼ਾ ਦੇਣਾ ਪਿਆ ਅਤੇ 2000 ਰੁਪਏ ਵੱਧ ਦਿਤਾ । ਪਰ ਪਲਾਟ ਦਾ ਰੇਟ ਡਬਲ ਕਰ ਦਿੱਤਾ ਗਿਆ, ਇਸ ਦੀ ਕੀ ਵਜ੍ਹਾ ਹੈ ।

ਮੰਤਰੀ : ਕਈ ਰੀਜ਼ਨਜ਼ ਹਨ, ਸਪੀਕਰ ਸਾਹਿਬ । ਪਹਿਲਾ ਰੀਜ਼ਨ ਤਾਂ ਇਹ ਹੈ ਕਿ ਕੰਪੈਨਸੇਸ਼ਨ ਦੇਣ ਬਾਰੇ ਡਿਸਟ੍ਰਿਕਟ ਜੱਜ, ਰੋਪੜ ਦਾ ਫੈਸਲਾ ਸੀ । ਦੂਸਰਾਂ ਰੀਜ਼ਨ ਹੈ Substantial increase in the cost of labour and material required for the construction of roads, sewerage, water supply system, storm water outlet and electrification, etc.

ਤੀਸਰਾ ਰੀਜ਼ਨ ਹੈ ਸ਼ੁਰੂ ਵਿਚ ਹੋਣ ਵਾਲੇ ਖਰਚੇ ਜਿਵੇਂ ਕਾਸਟ ਆਫ ਕੰਨਸਟਰਕਸ਼ਨ ਆਫ ਸਕੂਲਜ਼, ਡਿਸਪੈਂਸਰੀਜ਼, ਫਾਇਰ ਸਟੇਸ਼ਨ, ਪੁਲਿਸ ਸਟੇਸ਼ਨ, ਕਮਿਯੂਨਿਟੀ ਸੈਂਟਰ ਅਤੇ ਹੋਰ ਪਬਲਿਕ ਯੂਟੇਲਿਟੀ ਦੀਆਂ ਚੀਜ਼ਾਂ ਜੋ ਪਹਿਲਾਂ ਨਹੀਂ ਸਨ । ਇਨ੍ਹਾਂ ਚੀਜ਼ਾਂ ਦਾ ਉਥੇ ਪ੍ਰਬੰਧ ਕੀਤਾ ਗਿਆ ਹੈ । ਆਮ ਤੌਰ ਤੇ ਇਹ ਕੰਮ ਨੋ ਪ੍ਰਾਫਿਟ ਨੋ ਲਾਸ ਬੇਸਿਜ਼ ਤੇ ਚੱਲਦਾ ਹੈ । ਫਿਰ ਬੈਂਕ ਰੇਟ ਵੀ 6% ਤੋਂ 10% ਹੋ ਗਿਆ ਹੈ । ਉਸ ਤੋਂ ਇਲਾਵਾ ਜਿਹੜੇ ਐਸਟੈਬ-ਲਿਸ਼ਮੈਂਟ ਚਾਰਜਿਜ਼ ਵਗੈਰਾ ਅਤੇ ਦੂਜੇ ਖਰਚ ਆਏ ਹਨ, ਸਰਕਾਰੀ ਮੁਲਾਜ਼ਮਾਂ ਨੂੰ ਜਿਹੜਾ ਜ਼ਿਆਦਾ ਪੈਸਾ ਦੇਣਾ ਪਿਆ, ਉਹ ਵੀ ਇਸ ਦੇ ਵਿਚ ਸ਼ਾਮਿਲ ਹਨ । ਇਨ੍ਹਾਂ ਸਾਰੀਆਂ ਚੀਜ਼ਾ ਦੇ ਬਾਵਜੂਦ ਵੀ ਜਨਰਲੀ ਇਹ ਕੰਮ ਨੋ ਪ੍ਰਾਫਿਟ ਨੋ ਲਾਸ ਬੇਸਿਜ਼ ਤੇ ਚਲਾਇਆ ਜਾਣਾ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕਾਸਟ ਆਫ ਕੰਸਟਰੱਕਸ਼ਨ ਜਿਹੜੀ ਹੈ ਵੱਧ ਗਈ ਸੀ । ਪ੍ਰਾਈਮ ਮਨਿਸਟਰ ਦੇ 20 ਨੁਕਾਤੀ ਪ੍ਰੋਗਰਾਮ ਦਾ ਲਾਗੂ ਹੋਣ ਨਾਲ 1975-76 ਵਿਚ ਪ੍ਰਾਈਸ ਕੰਸਟਰੱਕਸ਼ਨ ਮੈਟੀਰੀਅਲ ਦੀ ਡਾਊਨ ਗਈ ਅਤੇ ਵਜ਼ੀਰ ਸਾਹਿਬ ਦੇ ਆਪਣੇ ਕਹਿਣ ਦੇ ਮੁਤਾਬਿਕ 1975-76 ਵਿਚ ਪ੍ਰਾਈਸ ਜ਼ਿਆਦਾ ਸੀ । ਕੀ ਵਜ਼ੀਰ ਸਾਹਿਬ ਇਸ ਚੀਜ਼ ਤੇ ਨਜ਼ਰਸਾਨੀ ਕਰਨ ਨੂੰ ਤਿਆਰ ਹਨ ਕਿ ਕੁਝ ਕੀਮਤ ਘਟਾਈ ਜਾਵੇਗੀ ।

ਮੰਤਰੀ : ਅਗਰ ਕੋਈ ਨਾਜਾਇਜ਼ ਗਲ ਹੋਈ ਹੋਈ ਤਾਂ ਉਸ ਤੇ ਵਿਚਾਰ ਕਰਾਂਗੇ ।

---

STARRED QUESTION NO. 3585

This question was not put because the hon. Member concerned was not present in the House.

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਕਮਜ਼ੋਰ ਵਰਗ ਦੇ ਲੋਕਾਂ ਦੀਆਂ ਝੁੱਗੀਆਂ, ਘਰਾਂ ਅਤੇ ਖੋਖਿਆਂ ਨੂੰ ਢਾਉਣਾ

*3614. **ਕਾਮਰੇਡ ਰਾਜ ਕੁਮਾਰ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਸਰਕਾਰ ਨੂੰ ਇਸ ਗੱਲ ਦਾ ਪਤਾ ਹੈ ਕਿ ਸਰਕਾਰ ਨੇ ਰਾਜ ਦੇ ਸ਼ਹਿਰੀ ਇਲਾਕਿਆਂ ਵਿਚ ਕਮਜ਼ੋਰ ਵਰਗ ਦੇ ਲੋਕਾਂ ਦੀਆਂ ਝੁੱਗੀਆਂ ਘਰਾਂ ਅਤੇ ਖੋਖਿਆਂ ਨੂੰ 24 ਜੂਨ, 1975 ਤੋਂ ਲੈ ਕੇ ਬਾਅਦ ਤੱਕ ਦੇ ਸਮੇਂ ਦੇ ਦੌਰਾਨ ਢਾਹ/ਚੁੱਕਾ ਦਿੱਤਾ ਹੈ ।

(ਅ) ਉਪਰੋਕਤ ਭਾਗ (ੳ) ਵਿਚ ਹਵਾਲਾ ਦਿੱਤੀਆਂ ਵਿਚੋਂ ਉਨ੍ਹਾਂ, ਵਿਅਕਤੀਆਂ ਨੂੰ ਮੁੜ ਵਸਾਉਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ਜਿਨ੍ਹਾਂ ਪਾਸ ਰਿਹਾਇਸ਼ ਜਾਂ ਕੰਮਕਾਰ ਲਈ ਦੂਜੀ ਥਾਂ ਨਹੀਂ ਹੈ ,

(ੲ) ਕੀ ਉਨ੍ਹਾਂ ਨੂੰ ਇਸ ਵਿਸ਼ੇ ਤੇ ਇਕ ਵਿਧਾਨਕਾਰ ਵਲੋਂ ਕੋਈ ਪੱਤਰ ਮਿਤੀ 28 ਨਵੰਬਰ, 1975 ਨੂੰ ਮਿਲਿਆ; ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਅਤੇ ਉਸ ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ?

**ਸ੍ਰੀ ਹੰਸ ਰਾਜ ਸ਼ਰਮਾ** : (ੳ) ਰਾਜ ਤੇ ਸ਼ਹਿਰੀ ਇਲਾਕਿਆਂ ਵਿਚ ਕਮਜ਼ੋਰ ਵਰਗ ਦੇ ਲੋਕਾਂ ਦੀਆਂ ਝੁਗੀਆਂ ਖੋਖਿਆਂ ਅਤੇ ਘਰਾਂ ਨੂੰ ਢਾਉਣ ਬਾਰੇ ਸਰਕਾਰ ਨੇ ਕੋਈ ਹਦਾਇਤਾਂ ਜਾਰੀ ਨਹੀਂ ਕੀਤੀਆਂ ਹੋਈਆਂ ।

(ਅ) ਇਨਕਰੋਚਮੈਂਟਾਂ ਹਟਾਉਣ ਸਬੰਧੀ ਚਲਾਈ ਮੁਹਿੰਮ ਤਹਿਤ ਮੰਨਜ਼ੂਰ ਸ਼ੁਦਾ ਖੋਖਿਆਂ ਵਾਲਿਆਂ ਅਤੇ ਰੇਹੜ੍ਹੀਆਂ ਵਾਲਿਆਂ ਨੂੰ ਕਾਰੋਬਾਰ ਚਲਾਉਣ ਲਈ ਬਦਲਵੀਂ ਥਾਂ ਦੇ ਦਿੱਤੀ ਜਾਂਦੀ ਹੈ । ਬਦਲਵੀਂ ਥਾਂ ਦੇਣ ਵਿਚ ਕਾਫ਼ੀ ਪ੍ਰਗਤੀ ਹੋ ਚੁੱਕੀ ਹੈ ।

(ੲ) ਜੀ ਹਾਂ । ਪੱਤਰ ਦਾ ਵੇਰਵਾ ਅਨੁਲੱਗ-1 ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ । ਇਸ ਬਾਰੇ ਕੀਤੀ ਗਈ ਕਾਰਵਾਈ ਅਨੁਲੱਗ –2 ਵਿਚ ਦਰਜ ਹੈ ।

### ANNEXURE-I

Copy of letter dated 28th November, 1975 from Comrade Raj Kumar, M. L. A., addressed to Shri Hans Raj Sharma, Finance Minister, Punjab.

Some residents of Bhargo Camp, Jullundur, met me when I was in Jullundur early this month. They asked me to visit the camp site to have first-hand-knowledge about their complaint which more or less, is correctly given in the enclosure. In my opinion, the local authorities of Jullundur acted without giving due attention to the policy of the State Government, in the matter of removing encroachment and created a situation of unnecessary criticism of your Department. As far as I understand, the condition precedent to removal/demolition of huts/houses/khokhas of the weaker sections according to the policy of the Government, is first to provide alternative accommodation. This human factor in removal of encroachments etc., is very important, I wish, if you could depute someone from the Directorate to go on the spot to thrash out matters in consultation with the signatories of the enclosure and Municipal authorities and set the controversy at rest as early as possible.

Original with;
Punjab Vidhan Sabha
Digitized by;
Panjab Digital Library

COPY OF COMPLAINT

To

The Prime Minister of India,
New Delhi.

*Subject* :—Representatives of the residents of Bhargo Camp, Jullundur, demanding justice and settlement.

Sir,

We the residents of Bhargo Camp, Jullundur bring your kind notice to the grave difficulties which the population of 40 thousand Scheduled Castes persons are facing in the period of emergency, from the local authorities.

The facts are stated below :

That in 1948, this Camp was established to rehabilitate the displaced persons from West Punjab mainly Scheduled Castes from Sialkot District that Rehabilitation Department erected 183 Baracks for the refugees, the total area was nearly 20 acres. The poor people having no house, built huts in this area. The Punjab Government did not make any plan to clear the slum and provide a better living Houses to population. Now the Government and the Local Body, Jullundur had brought any alternative Scheme for proper settlement of the families of the Bhargo Camp.

The Local Authorities after emergency without consulting and providing any alternative demolished the huts and Houses. In this locality, most impowerished and poor people undue. We, the residents request the authorities to provide an alternative shelter and a well planned Housing Scheme, for the poor specifying Market Area, Small Scale Industrial Area, hospital latrines, urinals to the locality.

Our all requests were in vain before the local Authorities and the Punjab Government. In this difficult situation and coming winter, we pray for immediate help and justice.

We hope you will direct the Punjab Government to go with matter and stop demolishing our Houses and constitution of Official Board taking representation from among us to make alternatives arranged.

With request.

Sd/-

Vice-President,
Action Committee, Bhargo Camp,
Jullundur.

**Copy to :**

1. **Chief Minister, Punjab;**
2. **Sh. Hans Raj Sharma, Finance Minister, Punjab;**
3. **President of Municipal Committee, Jullundur;**
4. **Deputy Commissioner, Jullundur;**
5. **Sh. Sat Pal Dang, M.L.A., for information**

**for similar request and immediate action in proper solution of the grave situation.**

Sd/-

Comrade Milkhi Ram
Convener Action Committee, Jullundur.

Copy to Comrade Raj Kumar, M. L. A. for whatever action he may deem fit in the matter.

(An extra copy is enclosed)

Sd/- Sat Pal Dang

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਨੁਲੱਗ —2

ਨਗਰਪਾਲਕਾ ਨੇ ਸਿਰਫ ਉਹ ਮੁਦਾਖਲਤਾਂ ਜੋ ਕਿ ਭਾਰਗੋ ਕੈਂਪ ਦੀ ਸੜਕਾਂ ਅਤੇ ਗਲੀਆਂ ਤੇ ਬਿਨਾ ਮੰਜੂਰੀ ਕੀਤੀਆਂ ਗਈਆਂ ਸਨ ਗਿਰਾਈਆਂ ਹਨ। ਕਿਸੇ ਭੀ ਵਿਅਕਤੀ ਦਾ ਮਕਾਨ ਜੇਕਰ ਉਸ ਨੇ ਅਲਾਟ ਕੀਤੀ ਜਗ੍ਹਾ ਤੇ ਬਣਾਇਆ ਸੀ ਨਹੀਂ ਗਿਰਾਇਆ ਗਿਆ।

2. ਭਾਰਗੋ ਕੈਂਪ ਦੇ ਜਿਨ੍ਹਾਂ ਵਸਨੀਕਾਂ ਨੇ ਸਰਕਾਰੀ ਜਗ੍ਹਾ ਤੇ ਨਜਾਇਜ਼ ਮੁਦਾਖਲਤਾਂ ਕੀਤੀਆਂ ਹੋਈਆਂ ਸਨ ਉਨ੍ਹਾਂ ਨੂੰ ਬਦਲਵੀਂ ਜਗ੍ਹਾ ਦੇਣ ਲਈ ਜਲੰਧਰ ਨਗਰ ਸੁਧਾਰ ਵਲੋਂ ਬਿਨੈ-ਪੱਤਰ ਮੰਗੇ ਗਏ ਸਨ ਅਤੇ ਇਸ ਬਾਰੇ ਵਿਚ ਮੁਨਾਦੀ ਕਰਾਕੇ ਬਿਨੈ-ਪੱਤਰ ਲਿਤੇ ਗਏ ਸਨ ਜੋ ਕਿ ਜਲੰਧਰ ਨਗਰ ਸੁਧਾਰ ਨੂੰ ਨਗਰਪਾਲਕਾ, ਜਲੰਧਰ ਵਲੋਂ ਭੇਜ ਦਿੱਤੇ ਗਏ ਹਨ। ਜਿਨ੍ਹਾਂ ਵਿਅਕਤੀਆਂ ਨੂੰ ਜਲੰਧਰ ਨਗਰ ਸੁਧਾਰ ਦੀ ਸ਼ਹੀਦ ਭਗਤ ਸਿੰਘ ਕਾਲੋਨੀ ਵਿਚ ਜਗ੍ਹਾ ਦੇਣ ਦੀ ਤਜਵੀਜ਼ ਹੈ।

**ਕਾਮਰੇਡ ਰਾਜ ਕੁਮਾਰ :** ਮੇਰਾ ਸਵਾਲ ਇਹ ਸੀ ਕਿ ਕੀ ਕਿਸੇ ਲੈਜਿਸਲੇਟਰ ਨੇ ਇਸ ਸਬੰਧ ਵਿਚ ਮੰਤਰੀ ਸਾਹਿਬ ਨੂੰ ਪੱਤਰ ਲਿਖਿਆ ? ਉਸ ਗੱਲ ਦਾ ਇਨ੍ਹਾਂ ਨੇ ਜਵਾਬ ਦਿੱਤਾ ਹੈ। ਉਸ ਸਿਲਸਿਲੇ ਵਿਚ ਮੈਂ ਇਹ ਪੁੱਛਦਾ ਹਾਂ ਕਿ ਭਾਰਗੋ ਕੈਂਪ ਜਲੰਧਰ ਵਿਚ ਸੈਂਕੜੇ ਕੋਠੇ ਤੇ ਮਕਾਨ ਬੁਲਡੋਜ਼ਰ ਨਾਲ ਢਾਹ ਦਿੱਤੇ ਹਨ। ਕੀ ਇਹ ਸਰਕਾਰ ਦੀ ਪਰਵਾਨਿਤ ਨੀਤੀ ਦੇ ਉਲਟ ਨਹੀਂ ਸੀ ਕਿ ਕਿਸੇ ਦੇ ਘਰ ਨੂੰ ਅਲਟਰਨੇਟਿਵ ਜਗ੍ਹਾ ਦਿੱਤੇ ਬਗੈਰ ਉਸ ਦੇ ਕੋਠੇ ਢਾਹ ਦਿੱਤੇ ਜਾਣ ? ਕੀ ਸਰਕਾਰ ਉਨ੍ਹਾਂ ਨੂੰ ਹੁਣ ਕੋਈ ਆਲਟਰਨੇਟਿਵ ਜਗ੍ਹਾ ਦੇ ਦੇਵੇਗੀ ਅਤੇ ਦੂਸਰਾ ਜਿਨ੍ਹਾਂ ਅਫ਼ਸਰਾਂ ਨੇ ਇਨ੍ਹਾਂ ਦੇ ਕੋਠੇ ਢਾਹੇ ਹਨ ਉਨ੍ਹਾਂ ਦੇ ਖਿਲਾਫ਼ ਕੋਈ ਐਕਸ਼ਨ ਲਵੇਗੀ ?

**ਮੰਤਰੀ :** ਸਪੀਕਰ ਸਾਹਿਬ, ਸਾਰੇ ਪੰਜਾਬ ਦੇ ਵਿਚ ਹੀ ਨਹੀਂ ਸਾਰੇ ਦੇਸ਼ ਦੇ ਵਿਚ ਜਿਥੇ ਵੀ ਇਨਕਰੋਚਮੈਂਟ ਹੋਈ ਸੀ ਸੜਕਾਂ ਆਦਿ ਤੇ, ਉਸ ਦੇ ਬਾਰੇ ਵਿਚ ਜੋ ਇਹ ਐਟੀਚਿਊਡ ਹੈ, ਇਹ ਰਖਣਾ ਚਾਹੀਦਾ ਹੈ। ਜੇ ਇਹ ਪਹਿਲੇ ਇਨਕਰੋਚਮੈਂਟ ਨਹੀਂ ਹਟਾ ਸਕੇ ਅਤੇ ਅਸੀਂ ਹੁਣ ਹਟਾ ਰਹੇ ਹਾਂ ਤਾਂ ਇਹ ਤਾਂ ਖੁਸ਼ੀ ਦੀ ਗੱਲ ਹੈ। ਦੂਸਰਾ ਜਿਥੋਂ ਤੱਕ ਭਾਰਗੋ ਕੈਂਪ ਦਾ ਤੁਅੱਲਕ ਹੈ ਉਥੇ ਸਿਰਫ ਉਹੀ ਇਨਕਰੋਚਮੈਂਟ ਹਟਾਈ ਹੈ ਜਿਹੜੀ ਕਿ ਸਟਰੀਟਸ ਤੇ ਐਂਡ ਰੋਡਜ਼ ਤੇ ਵਿਦਆਊਟ ਪਰਮਿਸ਼ਨ ਬਣਾਈ ਗਈ ਸੀ ਪਰ ਕਿਸੇ ਦਾ ਘਰ ਨਹੀਂ ਢਾਹਿਆ ਜਿਹੜਾ ਉਸ ਨੇ ਆਪਣੀ ਅਲਾਟ ਹੋਈ ਜਗ੍ਹਾ ਤੇ ਬਣਾਇਆ ਸੀ। ਇਥੇ ਬੁਲਡੋਜ਼ਰ ਦਾ ਜੋ ਇੰਪਰੈਸ਼ਨ ਦਿੱਤਾ ਗਿਆ ਹੈ ਕਿ ਅਸੀਂ ਸਾਰੇ ਘਰ ਢਾਹ ਦਿੱਤੇ, ਇਹ ਠੀਕ ਨਹੀਂ ਹੈ। ਜਿਹੜੇ ਲੋਕ ਇਥੋਂ ਉਠੇ ਹਨ ਉਨ੍ਹਾਂ ਦੇ ਵਾਸਤੇ ਅਸੀਂ ਜਲੰਧਰ ਇੰਪਰੂਵਮੈਂਟ ਟਰੱਸਟ ਨੂੰ ਵੀ ਕਿਹਾ ਹੈ ਕਿ ਉਨ੍ਹਾਂ ਦੀਆਂ ਅਰਜ਼ੀਆਂ ਫ਼ਾਰਵਰਡ ਕੀਤੀਆਂ ਜਾਣ। ਸਾਡੀ ਤਜਵੀਜ਼ ਹੈ ਕਿ ਜਿਹੜੇ ਲੋਕ ਇਥੋਂ ਉਠੇ ਹਨ ਉਨ੍ਹਾਂ ਨੂੰ ਭਗਤ ਸਿੰਘ ਕਾਲੋਨੀ, ਜਲੰਧਰ ਵਿਚ ਥਾਂ ਦਿੱਤੀ ਜਾਵੇ।

**ਸ਼੍ਰੀ ਪ੍ਰਤਾਪ ਚੰਦ ਭੰਡਾਰੀ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਗੌਰਮਿੰਟ ਦੀ ਇਹ ਪਾਲਿਸੀ ਹੈ ਕਿ ਗਰੀਬ ਆਦਮੀਆਂ ਨੂੰ ਭਾਵੇਂ ਉਹ ਗਲਤੀ ਨਾਲ

Original with;
Punjab Vidhan Sabha
Digitized by;
Panjab Digital Library

ਹੀ ਕਿਤੇ ਬੈਠਾ ਸੀ, ਉਸ ਨੂੰ ਬਗੈਰ ਆਲਟਰਨੇਟਿਵ ਜਗ੍ਹਾ ਦਿੱਤੇ ਬਗੈਰ ਨਹੀਂ ਉਠਾਵਾਂਗੇ। ਆਇਆ ਸਰਕਾਰ ਉਨ੍ਹਾਂ ਅਫ਼ਸਰਾਂ ਦੇ ਖਿਲਾਫ਼ ਐਕਸ਼ਨ ਲਵੇਗੀ ਜਿਨ੍ਹਾਂ ਨੇ ਉਨ੍ਹਾਂ ਗਰੀਬ ਲੋਕਾਂ ਨੂੰ ਧੋਖਾ ਕਰਕੇ ਉਨ੍ਹਾਂ ਨੂੰ ਉਠਾ ਦਿੱਤਾ ਹੈ ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਕਿਸੇ ਦੇ ਨਾਲ ਧੋਖਾ ਕਰਦਾ ਹੈ ਉਸ ਦੇ ਖਿਲਾਫ਼ ਲਾਜ਼ਮੀ ਐਕਸ਼ਨ ਲਵਾਂਗੇ ਪਰ ਗੌਰਮਿੰਟ ਦੀ ਇਹ ਨੀਤੀ ਹੈ ਕਿ ਜੇ ਕੋਈ ਗਲਤੀ ਨਾਲ ਐਸੀ ਜਗ੍ਹਾ ਤੇ ਬੈਠਾ ਹੈ ਤਾਂ ਉਸ ਨੂੰ ਉਥੋਂ ਜ਼ਰੂਰ ਉਠਾਇਆ ਜਾਵੇ।

**ਕਾਮਰੇਡ ਮਹਿਤਾਬ ਸਿੰਘ** (ਨੌਕੇਰੀਆਂ) **:** ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਲਾਲਾਬਾਦ ਵਿਚ ਕਸਟੋਡੀਅਨ ਦੀ ਜਿਹੜੀ ਜ਼ਮੀਨ ਸੀ ਉਸ ਦਾ ਨਾਂ ਹੁਣ ਗਾਂਧੀ ਨਗਰੀ ਰਖਿਆ ਹੋਇਆ ਹੈ ਉਥੇ ਕਈ ਕੋਠੇ ਢਾਹ ਦਿੱਤੇ ਗਏ ਸਨ। ਪਿਛੇ ਜਦ ਕਾਂਗਰਸ ਪਾਰਟੀ ਦੀ ਮੀਟਿੰਗ ਉਥੇ ਹੋਈ ਸੀ ਤਾਂ ਉਨ੍ਹਾਂ ਲੋਕਾਂ ਨੂੰ ਇਹ ਯਕੀਨ ਦਿਵਾਇਆ ਗਿਆ ਸੀ ਕਿ ਉਨ੍ਹਾਂ ਨੂੰ ਕੋਈ ਨਹੀਂ ਉਠਾਵੇਗਾ ਪਰ ਉਸ ਦੇ ਬਾਵਜੂਦ ਵੀ ਉਥੇ 18 ਮਕਾਨ ਹੋਰ ਢਾਹ ਦਿੱਤੇ ਗਏ। ਕੀ ਸਰਕਾਰ ਇਹ ਯਕੀਨ ਦਿਵਾਏਗੀ ਕਿ ਉਨ੍ਹਾਂ ਨੂੰ ਜਗ੍ਹਾ ਦਿੱਤੀ ਜਾਵੇਗੀ ?

**ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਜਦੋਂ ਕਿਸੇ ਦਾ ਮਕਾਨ ਢਾਹਿਆ ਜਾਂਦਾ ਹੈ ਤਾਂ ਉਸ ਨੂੰ ਆਲਟਰਨੇਟਿਵ ਜਗ੍ਹਾ ਦੇਣ ਦੀ ਸਰਕਾਰ ਦੀ ਪਾਲਿਸੀ ਹੈ। ਜੇ ਸਾਡੀ ਇਨਸਟਰੱਕਸ਼ਨ ਦੇ ਵਿਰੁੱਧ ਕੋਈ ਅਫ਼ਸਰ ਜਾਵੇ ਤਾਂ ਅਸੀਂ ਉਸ ਦੇ ਖਿਲਾਫ਼ ਸਖਤ ਐਕਸ਼ਨ ਲਵਾਂਗੇ।

**ਸ਼੍ਰੀ ਸਰਦਾਰੀ ਲਾਲ ਕਪੂਰ :** ਸਪੀਕਰ ਸਾਹਿਬ, ਇਨਕਰੋਚਮੈਂਟ ਹਟਾਉਣੀ ਚਾਹੀਦੀ ਹੈ, ਬੜੀ ਅੱਛੀ ਗੱਲ ਹੈ। ਪਰ ਮੈਂ ਲੁਧਿਆਣੇ ਦੇ ਬਾਰੇ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਜੀ.ਟੀ. ਰੋਡ ਤੋਂ ਸ਼ਹਿਰ ਵਿਚ ਦਾਖਲ ਹੋਣ ਵਾਸਤੇ ਇਕ ਸੜਕ ਬਣਾਈ ਜਾ ਰਹੀ ਹੈ। ਜਿਹੜੇ ਲੋਕ ਉਥੋਂ ਉਜਾੜੇ ਜਾ ਰਹੇ ਹਨ ਉਨ੍ਹਾਂ ਦੇ ਵਾਸਤੇ ਉਥੋਂ ਦੀ ਲੋਕਲ ਮਿਊਂਸਪਲ ਕਮੇਟੀ ਨੇ ਕੋਈ ਹਲ ਨਹੀਂ ਕਢਿਆ। ਕੀ ਵਜ਼ੀਰ ਸਾਹਿਬ ਇਸ ਵਾਸਤੇ ਕੋਈ ਹਦਾਇਤ ਕਰਨਗੇ ਕਿ ਜਿਹੜੇ ਲੋਕ ਇਥੋਂ ਉਠਾਏ ਗਏ ਹਨ ਉਨ੍ਹਾਂ ਨੂੰ ਲਾਜ਼ਮੀ ਜਗ੍ਹਾ ਦਿਤੀ ਜਾਵੇਗੀ ?

**ਸ਼੍ਰੀ ਸਪੀਕਰ :** ਉਹ ਤਾਂ ਇਹ ਕਹਿ ਰਹੇ ਹਨ ਕਿ ਲਾਜ਼ਮੀ ਤੌਰ ਤੇ ਜਗ੍ਹਾ ਦਿੱਤੀ ਜਾਵੇਗੀ।

**ਸ਼੍ਰੀ ਸਰਦਾਰੀ ਲਾਲ ਕਪੂਰ :** ਇਹ ਦੱਸ ਦੇਣ।

**ਮੰਤਰੀ :** ਸਪੀਕਰ ਸਾਹਿਬ, ਅਗਰ ਕੋਈ ਕਿਸੇ ਸੜਕ ਤੇ ਜਾਂ ਸਟ੍ਰੀਟ ਤੇ ਬੈਠਦਾ ਹੈ ਤਾਂ ਅਸੀਂ ਉਸ ਨੂੰ ਕਹਿ ਦਿੰਦੇ ਹਾਂ ਕਿ ਉਹ ਕਿਸੇ ਹੋਰ ਜਗ੍ਹਾ ਤੇ ਚਲਾ ਜਾਵੇ। ਇਸ ਵਾਸਤੇ ਜਿਥੇ ਰੇੜ੍ਹੀ ਸਟੈਂਡ ਬਣਿਆ ਹੋਇਆ ਹੈ ਜਾਂ ਤਾਂ ਉਸ ਨੂੰ ਉਥੇ ਜਗ੍ਹਾ ਦਿਤੀ ਜਾਂਦੀ ਹੈ ਜਾਂ ਫਿਲਹਾਲ ਜਿਥੇ ਕੋਈ ਸੜਕ ਨਾ ਰੁਕਦੀ ਹੋਵੇ ਉਥੇ ਬਿਠਾ ਦਿੰਦੇ ਹਾਂ। ਇਸ ਢੰਗ ਨਾਲ ਅਸੀਂ ਇਸ ਮਸਲੇ ਨੂੰ ਹੱਲ ਕੀਤਾ ਹੈ। ਹਿਊਮਨ ਸਫਰਿੰਗ ਨੂੰ ਘਟਾਉਣ ਵਾਸਤੇ, ਇਨਕਰੋਚਮੈਂਟ ਨੂੰ ਖਤਮ ਕਰਨ ਵਾਸਤੇ ਇਹ ਕੰਮ ਕੀਤਾ ਹੈ ਤਾਂ ਕਿ ਸੜਕਾਂ ਖੁਲ੍ਹੀਆਂ ਹੋ ਜਾਣ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਸ਼ਨ ਸਿੰਘ ਕੇ.ਪੀ.** : ਮੈਂ ਮਨਿਸਟਰ ਸਾਹਿਬ ਤੋਂ ਇਹ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਜਲੰਧਰ ਭਾਰਗੋ ਕੈਂਪ 1950 ਵਿਚ ਬਣਿਆ ਸੀ । ਇਸ ਸਰਕਾਰ ਨੇ ਜਿਸ ਤਰ੍ਹਾਂ ਬੇਘਰਾਂ ਨੂੰ ਮਕਾਨ ਦਿਤੇ ਹਨ ਕੀ ਇਸੇ ਤਰ੍ਹਾਂ ਇਹ ਵੀ ਯਕੀਨ ਦਿਵਾਉਣਗੇ ਕਿ ਇਥੇ ਜਿਨ੍ਹਾਂ ਨੇ ਇਨਕਰੋਚਮੈਂਟ ਕੀਤੀ ਹੋਈ ਹੈ ਉਨ੍ਹਾਂ ਨੂੰ ਕੋਈ ਖਾਸ ਜਗ੍ਹਾ ਦੇਣਗੇ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

**ਸ਼੍ਰੀ ਸਪੀਕਰ** : ਇਹ ਇਨਫਰਮੇਸ਼ਨ ਦਿੱਤੀ ਹੈ, ਸਵਾਲ ਤਾਂ ਨਹੀਂ ਕੀਤਾ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਮਨਿਸਟਰ ਸਾਹਿਬ ਨੇ ਇਹ ਕਿਹਾ ਹੈ ਕਿ ਜਿਸ ਨੂੰ ਉਠਾਇਆ ਜਾਂਦਾ ਹੈ ਉਸ ਨੂੰ ਆਲਟਰਨੇਟਿਵ ਜਗ੍ਹਾ ਦਿਤੀ ਜਾਂਦੀ ਹੈ । ਮੈਂ ਐਫ. ਐਮ. ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਗੱਲ ਦਾ ਯਕੀਨ ਦਿਵਾਉਣਗੇ ਕਿ ਜਿਨ੍ਹਾਂ ਨੂੰ ਉਠਣ ਲਈ ਕਿਹਾ ਜਾਵੇਗਾ ਉਨ੍ਹਾਂ ਨੂੰ ਪਹਿਲੋਂ ਆਲਟਰਨੇਟਿਵ ਜਗ੍ਹਾ ਦਿੱਤੀ ਜਾਵੇਗੀ, ਕਿਤੇ ਇਹ ਨਾ ਹੋਵੇ ਕਿ ਉਹ 6, 6 ਮਹੀਨੇ ਰੁਲਦੇ ਰਹਿਣ ਔਰ ਉਨ੍ਹਾਂ ਨੂੰ ਕੋਈ ਆਲਟਰਨੇਟਿਵ ਜਗ੍ਹਾ ਨਾ ਦਿਤੀ ਜਾਵੇ ?

**ਮੰਤਰੀ** : ਸਪੀਕਰ ਸਾਹਿਬ, ਆਲਟਰਨੇਟਿਵ ਜਗ੍ਹਾ ਦਿਖਾ ਵੀ ਦਿੱਤੀ ਜਾਂਦੀ ਹੈ ਪਰ ਫਿਰ ਵੀ ਉਹ ਨਹੀਂ ਉਠਦੇ ।

**ਸ਼੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਜਿਥੇ ਇਨਕਰੋਚਮੈਂਟ ਹਟਾਉਣ ਵਾਸਤੇ ਖੋਖੇ ਅਤੇ ਮਕਾਨਾਂ ਨੂੰ ਢਾਹਿਆ ਜਾਂਦਾ ਹੈ, ਇਹ ਗਰੀਬਾਂ ਦੇ ਮਕਾਨ ਅਤੇ ਖੋਖੇ ਹੁੰਦੇ ਹਨ ਪਰ ਉਥੇ ਜਿਹੜੀਆਂ ਅਮੀਰਾਂ ਨੇ ਬਿਲਡਿੰਗਾਂ ਪਾਈਆਂ ਹੁੰਦੀਆਂ ਹਨ ਉਨ੍ਹਾਂ ਨੂੰ ਨਹੀਂ ਢਾਹਿਆ ਜਾਂਦਾ । ਇਹ ਜਿਹੜੀ ਇਨਕਰੋਚਮੈਂਟ ਕੀਤੀ ਜਾਂਦੀ ਹੈ ਇਸ ਵਿਚ ਅਮੀਰ ਆਦਮੀਆਂ ਨੂੰ ਐਗਜ਼ੈਂਪਸ਼ਨ ਦੇ ਦਿੱਤੀ ਜਾਂਦੀ ਹੈ । ਜਿਹੜੇ ਅਫਸਰ ਇਨਕਰੋਚਮੈਂਟ ਹਟਾਉਣ ਵਾਸਤੇ ਲਾਏ ਹੁੰਦੇ ਹਨ ਉਹ ਅਮੀਰਾਂ ਦੇ ਵਲ ਧਿਆਨ ਨਹੀਂ ਦਿੰਦੇ ਅਤੇ ਗਰੀਬਾਂ ਦੇ ਖੋਖੇ ਆਦਿ ਚੁਕਵਾ ਦਿੰਦੇ ਹਨ । ਕੀ ਵਜ਼ੀਰ ਸਾਹਿਬ, ਇਸ ਪਰਾਬਲਮ ਨੂੰ ਹੱਲ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਗਰੀਬ ਔਰ ਅਮੀਰ ਦਾ ਕੋਈ ਲਿਹਾਜ਼ ਨਹੀਂ ਕੀਤਾ ਗਿਆ । ਪਟਿਆਲੇ ਦਾ ਮੈਨੂੰ ਖੁਦ ਵੀ ਪਤਾ ਹੈ, ਪ੍ਰੇਮ ਗੁਪਤਾ ਜੀ ਨੂੰ ਵੀ ਪਤਾ ਹੈ ਕਿ ਜਿਸ ਵੇਲੇ ਵੀ ਗਰੀਬ ਔਰ ਅਮੀਰ ਨੂੰ, ਦੋਹਾਂ ਨੂੰ ਹੀ ਹੱਥ ਲਾਇਆ ਜਾਂਦਾ ਹੈ ਤਾਂ ਕਿਤਨੀ ਰਿਜ਼ਿਸਟੈਂਸ ਹੁੰਦੀ ਹੈ । ਅਮੀਰ ਆਦਮੀਆਂ ਨੂੰ ਨੋਟਿਸ ਦਿਤਾ ਗਿਆ ਕਿ ਇਤਨੇ ਦਿਨਾਂ ਵਿਚ ਖਾਲੀ ਕਰੋ । ਕਈ ਜਗ੍ਹਾ ਤਾਂ ਸਪੀਕਰ ਸਾਹਿਬ, ਦੋ ਦੋ ਮੰਜ਼ਲੇ ਮਕਾਨ ਬਣਾਏ ਗਏ ਸਨ, ਅਸੀਂ ਉਨ੍ਹਾਂ ਨੂੰ ਕਿਹਾ ਕਿ ਜਾਂ ਤਾਂ ਅੱਜ ਦੀ ਮਾਰਕਿਟ ਵੈਲਿਊ ਜਮ੍ਹਾਂ ਕਰਵਾਉ ਜਾਂ ਇਨ੍ਹਾਂ ਨੂੰ ਢਾਹੋ । ਜਿਥੇ ਵੀ ਸੜਕ ਤੰਗ ਹੈ, ਉਥੇ ਕੋਈ ਲਿਹਾਜ਼ ਨਹੀਂ ਕੀਤਾ ਗਿਆ ।

**ਕਾਮਰੇਡ ਦਾਨਾ ਰਾਮ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਕਹਿੰਦੇ ਹਨ ਕਿ ਅਮੀਰ ਗਰੀਬ ਦਾ ਕੋਈ ਫਰਕ ਨਹੀਂ ਰਖਿਆ । ਮਲੋਟ ਮੰਡੀ ਵਿਚ ਕੋਈ ਢਾਈ ਸੌ ਰੇੜ੍ਹੀ ਵਾਲਿਆਂ ਨੂੰ ਮਿਉਂਸਪਲ ਕਮੇਟੀ ਨੇ ਚਲਣ ਫਿਰਨ ਤੋਂ ਬੰਦ ਕਰ ਦਿੱਤਾ ਹੈ ਔਰ ਕਿਹਾ ਹੈ ਕਿ ਸਾਡੇ ਪਾਸ ਕੋਈ ਵੀ ਜਗ੍ਹਾ ਨਹੀਂ ਹੈ । ਕੀ ਉਨ੍ਹਾਂ ਨੂੰ ਕੋਈ ਜਗ੍ਹਾ ਦਿਤੀ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਅਸੀਂ ਸਾਰੀ ਜਗ੍ਹਾ ਆਰਡਰ ਕੀਤਾ ਹੈ ਕਿ ਰੇੜ੍ਹੀ ਸਟੈਂਡ ਬਣਾਏ ਜਾਣ। ਚੰਡੀਗੜ੍ਹ ਵਿਚ ਵੀ ਵੇਖਿਆ ਗਿਆ ਹੈ ਕਿ ਇਹ ਸਕੀਮ ਕਾਮਯਾਬੀ ਨਾਲ ਚਲਦੀ ਹੈ। ਰੇੜ੍ਹੀ ਵਾਲੇ ਇਕ ਜਗ੍ਹਾ ਰੇੜ੍ਹੀਆਂ ਖੜੀਆਂ ਕਰਦੇ ਹਨ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮਿਊਂਸਪਲ ਕਮੇਟੀ, ਅੰਮ੍ਰਿਤਸਰ ਵਾਲਿਆਂ ਨੇ ਦੁਕਾਨਾਂ ਬਣਾਈਆਂ ਹਨ ਜਿੱਥੇ ਪਹਿਲਾਂ ਖੋਖੇ ਲਗੇ ਹੋਏ ਹੁੰਦੇ ਸੀ, ਕੀ ਸਰਕਾਰ ਉਨ੍ਹਾਂ ਦੁਕਾਨਾਂ ਨੂੰ ਨੀਲਾਮ ਕਰਨ ਦੀ ਬਜਾਏ ਖੋਖੇ ਵਾਲਿਆਂ ਨੂੰ ਰੀਜ਼ਨੇਬਲ ਪ੍ਰਾਈਸ ਉਤੇ ਦੇਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਕਮੇਟੀ ਦਾ ਕੰਮ ਹੈ ਜੀ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਕਿਆ ਵਜ਼ੀਰ ਸਾਹਿਬ ਇਸ ਗਲ ਦਾ ਯਕੀਨ ਦਿਵਾਉਣਗੇ ਕਿ ਠੀਕ ਹੈ ਕਿ ਅਨਆਥੋਰਾਈਜ਼ਡ ਇਨਕਰੋਚਮੈਂਟਾਂ ਹੋਈਆਂ ਉਨ੍ਹਾਂ ਨੂੰ ਹਟਾਇਆ ਹੈ, ਪਰ ਕੋਈ ਦੂਸਰਾ ਤਾਂ ਨਹੀਂ ਉਠਾਇਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਬਾਰੇ ਪਹਿਲਾਂ ਹੀ ਜਵਾਬ ਦੇ ਦਿੱਤਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਜਗ੍ਹਾ ਅਲਾਟ ਸੀ, ਉਨ੍ਹਾਂ ਨੇ ਮਕਾਨ ਬਣਾਏ ਸਨ; ਉਹ ਨਹੀਂ ਢਾਹੇ ਗਏ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਹੁਣੇ ਹੁਣੇ ਹੀ ਇਨ੍ਹਾਂ ਨੇ ਕਿਹਾ ਸੀ ਕਿ ਸਰਕਾਰ ਦੀ ਨੀਤੀ ਹੈ ਕਿ ਗਰੀਬ ਔਰ ਅਮੀਰ ਵਿਚ ਕੋਈ ਫਰਕ ਨਾ ਰਖਿਆ ਜਾਵੇ, ਜੇਕਰ ਇਨ੍ਹਾਂ ਨੇ ਸਮਾਜਵਾਦ ਲਿਆਉਣ ਵਾਸਤੇ ਗਰੀਬਾਂ ਨੂੰ ਪ੍ਰੈਫਰੈਂਸ ਨਹੀਂ ਦੇਣੀ ਤਾਂ ਸਮਾਜਵਾਦ ਕਾਹਦਾ ਹੈ ? (ਥੰਪਿੰਗ)

**ਮੰਤਰੀ** : ਸਪੀਕਰ ਸਾਹਿਬ, ਇਹ ਗੱਲ ਨੂੰ ਹੋਰ ਪਾਸੇ ਲੈ ਗਏ ਹਨ। ਸਰਕਾਰ ਵੀਕਰ ਸੈਕਸ਼ਨ ਦੀ ਮਦਦ ਕਰਦੀ ਹੈ ਲੇਕਿਨ ਜੇਕਰ ਕੋਈ ਸੈਕਰੇਟਰੀਏਟ ਦੇ ਸਾਹਮਣੇ ਆਪਣਾ ਖੋਖਾ ਬਣਾ ਲਵੇ ਤਾਂ ਉਸ ਦਾ ਤਾਂ ਇੰਤਜ਼ਾਮ ਕਰਨਾ ਹੀ ਪਵੇਗਾ (ਹਾਸਾ)। ਇਹ ਤਾਂ ਗਲ ਹੀ ਹੋਰ ਪਾਸੇ ਲੈ ਗਏ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਲੋਟ ਦੇ ਵਿਚ ਇਕ ਥਾਂ ਉਤੇ ਰੇੜ੍ਹੀ ਸਟੈਂਡ ਬਣਾ ਦੇਣਗੇ ਤਾਂ ਕਿ ਉਥੇ ਰੇੜ੍ਹੀਆਂ ਖੜੀਆਂ ਹੋ ਸਕਣ ਇਸ ਬਾਰੇ ਉਨ੍ਹਾਂ ਲੋਕਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਤਨਾ ਚਿਰ ਤਕ ਉਥੇ ਰੇੜ੍ਹੀ ਸਟੈਂਡ ਨਹੀਂ ਬਣਾਇਆ ਜਾਂਦਾ ਉਸ ਕਮੇਟੀ ਨੂੰ ਥਾਂ ਨਹੀਂ ਮਿਲਦੀ, ਉਤਨਾ ਚਿਰ ਤਕ ਉਨ੍ਹਾਂ ਨੂੰ ਆਪਣਾ ਉਥੇ ਹੀ ਰੁਜ਼ਗਾਰ ਕਮਾਉਣ ਦੇਣਗੇ ? ਕੀ ਸਰਕਾਰ ਇਹ ਗੱਲ ਕਰਨ ਨੂੰ ਤਿਆਰ ਹੈ ਕਿ ਜਿਤਨਾ ਚਿਰ ਤਕ ਰੇੜ੍ਹੀ ਸਟੈਂਡ ਦਾ ਇੰਤਜ਼ਾਮ ਨਹੀਂ ਕੀਤਾ ਜਾਂਦਾ, ਉਤਨਾ ਚਿਰ ਤਕ ਉਨ੍ਹਾਂ ਨੂੰ ਉਥੇ ਹੀ ਰਹਿਣ ਦਿਤਾ ਜਾਵੇ।

**ਮੰਤਰੀ** : ਅਸੀਂ ਕਮੇਟੀ ਵਾਲਿਆਂ ਨੂੰ ਹਿਦਾਇਤਾਂ ਕਰ ਦਿਤੀਆਂ ਹਨ ਕਿ ਤੁਸੀਂ ਸਟੈਂਡ ਬਣਾ ਲਵੋ ਔਰ ਉਤਨਾ ਚਿਰ ਤਕ ਉਨ੍ਹਾਂ ਨੂੰ ਕੰਮ ਕਰ ਲੈਣ ਦਿਉ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਤ ਰਾਮ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸਰਕਾਰ ਉਨ੍ਹਾਂ ਨੂੰ ਜਗ੍ਹਾ ਦਿੰਦੀ ਹੈ ਪਰ ਉਹ ਰਜ਼ਾਮੰਦ ਨਹੀਂ ਹੁੰਦੇ, ਕਿਆ ਇਸ ਤਰ੍ਹਾਂ ਦੀ ਮਿਸਾਲ ਇਨ੍ਹਾਂ ਦੇ ਨੋਟਿਸ ਵਿਚ ਹੈ ਜਿੱਥੇ ਕਿ ਇਸ ਤਰ੍ਹਾਂ ਹੋਇਆ ਹੋਵੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੋਗੇ ਗਿਆ ਸੀ । ਉਥੇ ਆਪ ਮੌਕਾ ਵੇਖਿਆ ਹੈ । ਹੋਰ ਕਈ ਜਗ੍ਹਾ ਵੀ ਮੌਕਾ ਵੇਖਿਆ ਹੈ । ਇਹ ਠੀਕ ਹੈ ਕਿ ਜਿਥੇ ਉਹ ਬੈਠੇ ਹੋਣ ਦੱਸ ਪੰਦਰਾਂ ਸਾਲਾਂ ਤੋਂ ਉਨ੍ਹਾਂ ਨੂੰ ਉਠਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ । ਜੇਕਰ ਉਨ੍ਹਾਂ ਨੂੰ ਨਹੀਂ ਉਠਾਇਆ ਜਾਂਦਾ ਤਾਂ ਪਬਲਿਕ ਦਾ ਨੁਕਸਾਨ ਹੁੰਦਾ ਹੈ, ਐਕਸੀਡੇਂਟਸ ਵੀ ਹੁੰਦੇ ਹਨ । ਇਸ ਲਈ ਉਨ੍ਹਾਂ ਨੂੰ ਪਹਿਲਾਂ ਪ੍ਰੇਰਨਾ ਵੀ ਕਰ ਦਿਤੀ ਜਾਂਦੀ ਹੈ ਕਿ ਤੁਸੀਂ ਫਲਾਣੀ ਜਗ੍ਹਾ ਚਲੇ ਜਾਉ ਪਰ ਉਹ ਜਾਂਦੇ ਨਹੀਂ ਹਨ । ਜਦੋਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਸਰਕਾਰ ਉਠਾਉਣ ਲਗੀ ਹੈ, ਹੋ ਸਕਦਾ ਹੈ ਕੋਈ ਸਖ਼ਤੀ ਵੀ ਕੀਤੀ ਜਾਵੇ, ਤਾਂ ਉਹ ਉਠ ਕੇ ਚਲੇ ਜਾਂਦੇ ਹਨ ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜੇ ਹੋ ਗਏ ।)

**Mr. Speaker** : Please do not be so anxious.

ਮੈਂ ਵੇਖ ਰਿਹਾ ਹਾਂ ਕਿ ਖੋਖੇ ਵਾਲਿਆਂ ਬਾਰੇ ਸਵਾਲ ਹੈ ਔਰ ਮੈਂਬਰ ਸਾਹਿਬਾਨ ਕਾਫੀ ਇੰਟਰੈਸਟ ਲੈ ਰਹੇ ਹਨ । ਸਰਦਾਰ ਦਰਬਾਰਾ ਸਿੰਘ ਜੀ ।

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਵੀ ਸੁਣਨ ।

**ਸ਼੍ਰੀ ਸਪੀਕਰ** : ਤੁਸੀਂ ਬੋਲੋ, ਉਹ ਬੜੇ ਖੂਬਸੂਰਤੀ ਨਾਲ ਜਵਾਬ ਦੇ ਰਹੇ ਹਨ। (ਹਾਸਾ)

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਆਮ ਤੌਰ ਤੇ ਖੋਖੇ ਕਮੱਰਸ਼ੀਅਲ ਸੈਂਟਰ ਵਿਚ ਹੁੰਦੇ ਹਨ । ਕਮੱਰਸ਼ੀਅਲ ਸੈਂਟਰ ਵਿਚ ਅਮੀਰ ਲੋਕਾਂ ਦੀਆਂ ਵਡੀਆਂ ਵਡੀਆਂ ਦੁਕਾਨਾਂ ਹੁੰਦੀਆਂ ਹਨ । ਖੋਖੇ ਵਾਲਿਆਂ ਨੂੰ ਉਨ੍ਹਾਂ ਦੇ ਅਸਰ ਰਸੂਖ ਨਾਲ ਉਠਾਇਆ ਜਾਂਦਾ ਹੈ ।....

**Mr. Speaker** : Please put a question. Do not give information or suggestion.

**ਸਰਦਾਰ ਦਰਬਾਰਾ ਸਿੰਘ** : ਮੈਂ ਪੁੱਛ ਰਿਹਾ ਹਾਂ ਜੀ । ਸਪੀਕਰ ਸਾਹਿਬ, ਜਿਹੜੇ ਵਡੇ ਵਡੇ ਦੁਕਾਨਦਾਰ ਹਨ, ਮਨਾਪਲਿਸਟਸ ਹਨ, ਵਡੀਆਂ ਵਡੀਆਂ ਏਜੰਸੀਆਂ ਵਾਲੇ ਹਨ ਉਹ ਆਪਣਾ ਨਾਜਾਇਜ਼ ਅਸਰ ਵਰਤਕੇ ਲੋਕ ਜਿਹੜੇ ਕਿ ਜਨਤਾ ਦੀ ਸੇਵਾ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਸੇਵਾ ਕਰਨ ਤੋਂ ਰੋਕਦੇ ਹਨ, ਇਹ ਉਨ੍ਹਾਂ ਵਡੇ ਦੁਕਾਨਦਾਰਾਂ ਦੀ ਸਾਜ਼ਿਸ਼ ਹੈ ।

**ਮੰਤਰੀ** : ਸਪੀਕਰ ਸਾਹਿਬ, ਇਹ ਗਲਤ ਫਹਿਮੀ ਹੈ ਕਿ ਅਸੀਂ ਜਿਹੜੀ ਲੋਕਾਂ ਦੀ ਪ੍ਰਾਈਵੇਟ ਜ਼ਮੀਨ ਹੈ ਉਸ ਵਿਚੋਂ ਉਠਾ ਰਹੇ ਹਾਂ । ਜਿਥੋਂ ਅਸੀਂ ਉਠਾਉਂਦੇ ਹਾਂ ਉਹ ਪ੍ਰਾਈਵੇਟ ਆਦਮੀਆਂ ਦੀ ਜ਼ਮੀਨ ਨਹੀਂ ਹੈ, ਸਰਕਾਰ ਦੀ ਹੈ ।

Original with;
Punjab Vidhan Sabha
Digitized by;
Panjab Digital Library

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਦੋ ਟਾਈਪ ਦੀਆਂ ਇਨਕਰੋਚਮੈਂਟਸ ਹਨ। ਇਕ ਤਾਂ ਮੇਨ ਰੋਡਜ਼ ਵਾਲੀਆਂ ਹਨ, ਉਨ੍ਹਾਂ ਵਿਚ ਤਾਂ ਸਾਨੂੰ ਵੀ ਨਹੀਂ ਅੜਨਾ ਚਾਹੀਦਾ। ਇਹ ਜ਼ਰੂਰ ਹੈ ਕਿ ਜਿਹੜੇ ਪੰਜ ਪੰਜ ਸਾਲ ਦੇ ਬੈਠੇ ਹਨ ਉਨ੍ਹਾਂ ਨੂੰ ਤਾਂ ਜਗ੍ਹਾ ਦੇ ਦਿਓ। ਲੇਕਿਨ ਮੇਰਾ ਸਵਾਲ ਹੈ ਕਿ ਜਿਹੜੀਆਂ ਵੇਕੈਂਟਸ ਸਾਈਟਸ ਇੰਪਰੂਵਮੈਂਟ ਟਰੱਸਟ ਦੀਆਂ, ਰੀਹੈਬਲੀਟੇਸ਼ਨ ਡਿਪਾਰਟਮੈਂਟ ਦੀਆਂ, ਮਿਊਂਸਪਲ ਕਮੇਟੀਆਂ ਦੀਆਂ ਹਨ ਉਨ੍ਹਾਂ ਨੂੰ ਅਲਾਟ ਕਰਦੇ ਹੋਇਆਂ ਆਇਆ ਗੌਰਮਿੰਟ ਇਹ ਕਰੇਗੀ ਕਿ ਗਰੀਬਾਂ ਨੂੰ ਆਲਟਰ-ਨੇਟਿਵ ਸਾਈਟਸ ਦੇਣ ਤੋਂ ਬਾਅਦ ਹੀ ਉਨ੍ਹਾਂ ਨੂੰ ਉਠਾਇਆ ਜਾਵੇ, ਪਹਿਲਾਂ ਨਾ ਉਠਾਇਆ ਜਾਵੇ ?

ਮੰਤਰੀ : ਸਪੀਕਰ ਸਾਹਿਬ, ਸਾਡੀ ਇਹ ਹਿਦਾਇਤ ਦਿੱਤੀ ਹੋਈ ਹੈ ਕਿ ਆਲਟਰਨੇਟਿਵ ਅਕਾਮੋਡੇਸ਼ਨ ਦਿਓ। ਇਹ ਝਗੜਾ ਉਥੇ ਪੈਦਾ ਹੁੰਦਾ ਹੈ ਜਿੱਥੇ ਉਹ ਆਲਟਰਨੇਟਿਵ ਜਗ੍ਹਾ ਉਤੇ ਨਹੀਂ ਜਾਂਦੇ। ਮੈਂ ਪਹਿਲਾਂ ਹੀ ਇਹ ਅਰਜ਼ ਕਰ ਚੁਕਾ ਹਾਂ ਕਿ ਇਹ ਆਲਟਰਨੇਟਿਵ ਜਗ੍ਹਾ ਦੇਣ ਵਾਸਤੇ ਕਿਹਾ ਹੋਇਆ ਹੈ ਕਿ ਪਹਿਲਾਂ ਇੰਤਜ਼ਾਮ ਕੀਤਾ ਜਾਵੇ ਔਰ ਜਿਸ ਵੇਲੇ ਨਹੀਂ ਜਾਂਦੇ ਤਾਂ ਸਖਤੀ ਕਰਨੀ ਪੈਂਦੀ ਹੈ। ਦਸਰਾ ਇਹ ਕਿ ਅਸੀਂ ਇਸ ਨੂੰ ਲੀਗਲ ਪੁਆਇੰਟ ਆਫ਼ ਵਿਯੂ ਨਾਲ ਹੀ ਨਹੀਂ ਵੇਖਿਆ। ਜੋ ਆਦਮੀ ਰੇੜ੍ਹੀ, ਖੋਖਾ ਜਾਂ ਕੋਈ ਚੀਜ਼ ਬਣਾ ਕੇ ਬੈਠਾ ਹੈ, ਭਾਵੇਂ ਕਾਨੂੰਨੀ ਤੌਰ ਤੇ ਗਲਤ ਬੈਠਾ ਹੈ, ਅਸੀਂ ਫਿਰ ਵੀ ਇਹ ਸਮਝਿਆ ਹੈ ਕਿ ਉਹ ਹਿੰਦੁਸਤਾਨੀ ਹੈ, ਪੰਜਾਬੀ ਹੈ ਔਰ ਸਰਕਾਰ ਦਾ ਫਰਜ਼ ਹੈ ਕਿ ਉਸ ਦਾ ਨੁਕਸਾਨ ਨਾ ਹੋਣ ਦੇਵੇ। ਜੇਕਰ ਉਹ ਪੰਜ ਦਸ ਰੁਪਏ ਰੋਜ਼ ਕਮਾਉਂਦਾ ਹੈ ਉਹ ਕਮਾਉਂਦਾ ਰਹੇ। ਜਿਥੇ ਪਬਲਿਕ ਨੂੰ ਕੋਈ ਨੁਕਸਾਨ ਨਹੀਂ ਹੁੰਦਾ, ਸਰਕਾਰ ਨੂੰ ਕੋਈ ਨੁਕਸਾਨ ਨਹੀਂ ਹੁੰਦਾ, ਉਥੇ ਉਨ੍ਹਾਂ ਨੂੰ ਬੈਠੇ ਰਹਿਣ ਦਿੰਦੇ ਹਾਂ ਤਾਂਕਿ ਉਹ ਆਪਣੀ ਰੋਜ਼ੀ ਕਮਾ ਸਕਣ।

---

ਸਟਾਰਡ ਸਵਾਲ ਨੰ. 3378

(ਇਹ ਪ੍ਰਸ਼ਨ ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਪੇਸ਼ ਨਹੀਂ ਹੋਇਆ।)

## ਰੋਪੜ ਵਿਖੇ ਅਨਾਜ ਮੰਡੀ ਨੂੰ ਬਦਲਣਾ

*3566. ਸਰਦਾਰ ਗੁਰਬਚਨ ਸਿੰਘ (ਰੋਪੜ) : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜ਼ਰਾਇਤੀ ਪੈਦਾਵਾਰ ਦੀ ਮੰਡੀ ਨੂੰ ਵਰਤਮਾਨ ਅਨਾਜ ਮੰਡੀ ਰੋਪੜ ਤੋਂ ਨਵੀਂ ਅਨਾਜ ਮੰਡੀ ਵਿਚ ਲੈ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦ ਤਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਮਾਸਟਰ ਗੁਰਬੰਤਾ ਸਿੰਘ : ਹਾਂ, ਜੀ। ਜਿਸ ਵਕਤ ਉਥੇ ਵਿਕਾਸ ਦਾ ਕੰਮ ਪੂਰਾ ਹੋ ਜਾਏਗਾ ਤਾਂ ਉਸ ਤੋਂ ਮਗਰੋਂ ਨਵੀਂ ਮੰਡੀ ਵਿਚ ਅਨਾਜ ਲੈ ਜਾਣ ਦਾ ਕੰਮ ਚਾਲੂ ਹੋਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬਚਨ ਸਿੰਘ (ਰੋਪੜ)** : ਸਪੀਕਰ ਸਾਹਿਬ, ਪਹਿਲਾਂ ਰੋਪੜ ਤਹਿਸੀਲ ਹੈਡਕੁਆਰਟਰ ਸੀ ਤਾਂ ਉਸ ਵੇਲੇ ਛੋਟੀ ਮੰਡੀ ਬਣੀ ਸੀ । ਹੁਣ ਉਥੇ ਵੱਡੀ ਮੰਡੀ ਦੀ ਜ਼ਰੂਰਤ ਹੈ । ਇਸ ਕਰਕੇ ਰੋਪੜ ਇਲਾਕੇ ਦੇ ਸਭ ਲੋਕ ਪੰਜਾਬ ਗੌਰਮਿੰਟ ਤੋਂ ਮੰਗ ਕਰਦੇ ਹਨ ਕਿ ਉਥੇ ਵੱਡੀ ਮੰਡੀ ਬਣਾਈ ਜਾਵੇ ਔਰ ਉਥੇ ਸਰਕਾਰ ਵਡੀ ਮੰਡੀ ਬਣਾ ਰਹੀ ਹੈ । ਉਥੇ ਦੋ ਸਾਲ ਤੋਂ ਕੰਮ ਚਲ ਰਿਹਾ ਹੈ ਪਰ ਖਤਮ ਨਹੀਂ ਹੋਇਆ । ਕੀ ਸਰਕਾਰ ਅਨਾਜ ਦੀ ਅਗਲੀ ਫਸਲ ਦੇ ਆਉਣ ਤੋਂ ਪਹਿਲਾਂ ਪਹਿਲਾਂ ਉਥੇ ਕੰਮ ਖਤਮ ਕਰ ਦੇਵੇਗੀ ।

**ਮੰਤਰੀ** : ਨਵੀਂ ਮੰਡੀ ਦੀਆਂ ਸੜਕਾਂ ਸਾਰੀਆਂ ਬਣ ਗਈਆਂ ਹਨ । 75 ਫੀਸਦੀ ਅਰਥ ਦਾ ਕੰਮ ਹੋ ਗਿਆ ਹੈ । ਥੜੇ ਬਣਾਉਣੇ ਸਨ, ਉਨ੍ਹਾਂ ਦੇ ਟੈਂਡਰ ਇਨਵਾਈਟ ਕੀਤੇ ਗਏ ਹਨ, ਉਹ ਅਜੇ ਨਹੀਂ ਬਣੇ । 43 ਪਲਾਟ ਉਥੇ ਆਕਸ਼ਨ ਹੋ ਚੁਕੇ ਹਨ ਪਰ ਉਨ੍ਹਾਂ ਉਪਰ ਦੁਕਾਨ ਕਿਸੇ ਨੇ ਨਹੀਂ ਬਣਾਈ । ਪਿਛਲੇ ਸਾਲ ਜਨਵਰੀ ਵਿਚ ਪਹਿਲਾਂ ਨੋਟੀਫੀਕੇਸ਼ਨ ਪੁਰਾਣੀ ਮੰਡੀ ਨੂੰ ਡੀਨੋਟੀਫਾਈ ਕਰਨ ਦਾ ਕੀਤਾ ਸੀ ਲੇਕਿਨ ਦੂਜਾ ਨੋਟੀਫੀਕੇਸ਼ਨ ਉਤਨਾ ਚਿਰ ਤਕ ਨਹੀਂ ਕਰਦੇ ਜਿਤਨਾ ਚਿਰ ਤਕ ਕੰਮ ਕੰਪਲੀਟ ਨਾ ਹੋ ਜਾਵੇ । ਅਜੇ ਕਈ ਔਕੜਾਂ ਹਨ । ਇਸ ਲਈ ਸਪੀਕਰ ਸਾਹਿਬ, ਅਗਲੀ ਫਸਲ ਤਕ ਮੰਡੀ ਕੰਪਲੀਟ ਨਹੀਂ ਹੋਣੀ ।

**ਸਰਦਾਰ ਬੇਅੰਤ ਸਿੰਘ** : ਸਪੀਕਰ ਸਾਹਿਬ, ਲੁਧਿਆਣੇ ਵਿਚ ਕੋਈ ਚੰਗੀ ਮੰਡੀ ਨਹੀਂ ਹੈ ....

**ਸ੍ਰੀ ਸਪੀਕਰ** : ਰੋਪੜ ਤੋਂ ਲੁਧਿਆਣੇ ਪਹੁੰਚ ਗਏ ਹੋ ।

**ਸਰਦਾਰ ਬੇਅੰਤ ਸਿੰਘ** : ਸਵਾਲ ਉਸ ਤਰ੍ਹਾਂ ਦਾ ਹੀ ਹੈ ਜੀ । ਸਪੀਕਰ ਸਾਹਿਬ, ਲੁਧਿਆਣੇ ਔਰ ਹੋਰ ਕਈ ਇਸ ਤਰ੍ਹਾਂ ਦੇ ਸ਼ਹਿਰਾਂ ਵਿਚ ਚੰਗੀਆਂ ਮੰਡੀਆਂ ਨਹੀਂ ਹਨ । ਮੇਰਾ ਸਵਾਲ ਕਰਨ ਦਾ ਪਰਪਜ਼ ਇਹ ਹੈ ਕਿ ਕੀ ਇਹ ਕੋਈ ਟਾਈਮ-ਲਿਮਿਟ ਮੁਕੱਰਰ ਕਰਨਗੇ ਜਦੋਂ ਤਕ ਕਿ ਲੁਧਿਆਣੇ ਸ਼ਹਿਰ ਵਿਚ ਚੰਗੀ ਮੰਡੀ ਬਣਾਈ ਜਾਵੇਗੀ ?

**ਮਾਲ ਅਤੇ ਚੋਣ ਮੰਤਰੀ** : ਮੰਡੀ ਮਨਜ਼ੂਰ ਹੋ ਗਈ ਹੈ ਜੀ, ਕੰਮ ਪ੍ਰੋਗਰੈਸ ਵਿਚ ਹੈ ।

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਅੱਜ ਜਦੋਂ ਕਿ ਰੋਪੜ ਦੇ ਵਿਚ ਮੈਟੀਰੀਅਲ ਮਿਲਦਾ ਹੈ, ਸੀਮਿੰਟ ਮਿਲਦਾ ਹੈ, ਫਿਰ ਹੋਰ ਕਿਸੇ ਚੀਜ਼ ਦੀ ਕਮੀ ਹੈ ਕਿ ਉਥੇ ਮੰਡੀ ਨਹੀਂ ਬਣਦੀ ?

**ਖੇਤੀ ਬਾੜੀ ਅਤੇ ਜੰਗਲਾਤ ਮੰਤਰੀ** : ਸਪੀਕਰ ਸਾਹਿਬ, ਕਿਸੇ ਕਿਸਮ ਦੀ ਕਮੀ ਨਹੀਂ ਹੈ । ਲੋਕਾਂ ਨੇ ਪਲਾਟ ਵੀ ਖਰੀਦੇ ਹੋਏ ਹਨ । 42 ਪਲਾਟ ਲਏ ਹਨ । ਅਸੀਂ ਲੋਕਾਂ ਨੂੰ ਪ੍ਰੇਰਨਾ ਕਰਦੇ ਹਾਂ ਕਿ ਉਥੇ ਉਹ ਦੁਕਾਨਾਂ ਬਣਾ ਲੈਣ ਲੇਕਿਨ ਅਜੇ ਤਕ ਉਥੇ ਦੁਕਾਨਾਂ ਨਹੀਂ ਬਣੀਆਂ ਔਰ ਜਦ ਤਕ ਉਥੇ ਦੁਕਾਨਾਂ ਨਹੀਂ ਬਣਦੀਆਂ ਉਤਨਾ ਚਿਰ ਤਕ ਅਗੇ ਗੱਲ ਨਹੀਂ ਬਣਦੀ । ਇਸ ਲਈ ਸਾਡੇ ਵੱਸ ਦੀ ਗੱਲ ਨਹੀਂ ਹੈ, ਪਹਿਲੀ ਮੰਡੀ ਹੀ ਫੰਕਸ਼ਨ ਕਰਦੀ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅੱਛਰਾ ਸਿੰਘ :** ਸਪੀਕਰ ਸਾਹਿਬ, ਸਰਕਾਰ ਮੰਡੀਆਂ ਬਣਾ ਰਹੀ ਹੈ। ਅਨਾਜ ਦੀ ਵੇਸਟੇਜ ਰੁਕਣੀ ਹੈ, ਚੰਗੀ ਗੱਲ ਹੈ। ਪਰ ਮਲੇਰਕੋਟਲੇ ਵਿੱਚ ਮੰਡੀ ਬਣ ਚੁਕੀ ਹੈ।....

**ਸ਼੍ਰੀ ਸਪੀਕਰ :** ਤੁਸੀਂ ਮਲੇਰਕੋਟਲੇ ਕਿਸ ਤਰ੍ਹਾਂ ਪਹੁੰਚ ਜਾਂਦੇ ਹੋ ?

(ਹਾਸਾ)

**ਕਾਮਰੇਡ ਅੱਛਰਾ ਸਿੰਘ :** ਸਪੀਕਰ ਸਾਹਿਬ, ਇਹ ਜਨਰਲ ਚੀਜ਼ ਹੈ ਜੀ।

**ਸ਼੍ਰੀ ਸਪੀਕਰ :** ਪਰ ਇਹ ਜਨਰਲ ਕੁਐਸਚਨ ਤਾਂ ਨਹੀਂ ਹੈ।

**ਕਾਮਰੇਡ ਅੱਛਰਾ ਸਿੰਘ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਤੁਸੀਂ ਸੁਣੋ ਤਾਂ ਸਹੀ। ਸਪੀਕਰ ਸਾਹਿਬ, ਨਵੀਂ ਮੰਡੀ ਰੋਪੜ ਵਾਸਤੇ ਵਾਇਦਾ ਕੀਤਾ ਹੈ, ਠੀਕ ਹੈ ਪਰ ਜਿਥੇ ਬਣ ਚੁੱਕੀਆਂ ਹਨ ਉਥੇ ਸ਼ਿਫਟ ਨਹੀਂ ਕੀਤਾ ਗਿਆ। ਜਿਸ ਤਰ੍ਹਾਂ ਕਿ ਸੰਗਰੂਰ ਜਾਂ ਹੋਰ ਸ਼ਹਿਰ ਹਨ ਉਨ੍ਹਾਂ ਦੀ ਹਾਲਤ ਇਹ ਹੈ ਕਿ ਪੁਰਾਣੀ ਮੰਡੀ ਡੀਨੋਟੀਫਾਈ ਨਹੀਂ ਕੀਤੀ ਗਈ, ਆਇਆ ਉਹ ਡੀਨੋਟੀਫਾਈ ਕਰ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਜਿੱਥੇ ਨਵੀਆਂ ਮੰਡੀਆਂ ਬਣਦੀਆਂ ਹਨ ਉਥੇ ਪੁਰਾਣੀਆਂ ਮੰਡੀਆਂ ਨੂੰ ਡੀਨੋਟੀਫਾਈ ਕਰ ਰਹੇ ਹਾਂ ਅਤੇ ਬਹੁਤ ਸਾਰੀਆਂ ਪੁਰਾਣੀਆਂ ਮੰਡੀਆਂ ਨੂੰ ਡੀਨੋਟੀਫਾਈ ਕਰ ਦਿਤਾ ਹੈ। ਜੇ ਇਨ੍ਹਾਂ ਦੇ ਦਿਲ ਵਿਚ ਕੋਈ ਗੱਲ ਹੈ ਤਾਂ ਲਿਖ ਕੇ ਦੇ ਦੇਣ।

**ਸਰਦਾਰ ਗੁਰਬਚਨ ਸਿੰਘ (ਰੋਪੜ) :** ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ 42 ਪਲਾਟ ਉਥੇ ਅਲਾਟ ਕੀਤੇ ਜਾ ਚੁੱਕੇ ਹਨ। ਮੈਂ ਇਨ੍ਹਾਂ ਨੂੰ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਲਾਟ ਵਾਲਿਆਂ ਨੂੰ ਕਿਸੇ ਨੂੰ ਕਬਜ਼ਾ ਦਿੱਤਾ ਗਿਆ ਹੈ ? ਜੇ ਨਹੀਂ ਦਿੱਤਾ ਗਿਆ ਤਾਂ ਇਨ੍ਹਾਂ ਵੱਲੋਂ ਕੁਤਾਹੀ ਨਹੀਂ ਹੈ ....

**ਮੰਤਰੀ :** ਸਪੀਕਰ ਸਾਹਿਬ, ਜੋ ਵੀ ਮੰਡੀ ਵਾਲਾ ਪਲਾਟ ਔਕਸ਼ਨ ਹੋਇਆ ਹੈ, ਜੇ ਕੋਈ ਪੋਜ਼ੈਸ਼ਨ ਲੈਣ ਲਈ ਆਵੇ ਤਾਂ ਉਸ ਨੂੰ ਉਸੇ ਵੇਲੇ ਪੋਜ਼ੈਸ਼ਨ ਦੇ ਦਿਤਾ ਜਾਂਦਾ ਹੈ।

**ਸ਼੍ਰੀ ਵਿਸ਼ਵਾ ਮਿੱਤਰ ਸੇਖੜੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੁਰਾਣੀਆਂ ਮੰਡੀਆਂ ਡੀਨੋਟੀਫਾਈ ਕਰ ਦਿੱਤੀਆਂ ਹਨ ਉਥੇ ਨਵੀਆਂ ਮੰਡੀਆਂ ਵਿਚ ਕੰਮ ਸ਼ੁਰੂ ਨਹੀਂ ਹੋਇਆ ਅਤੇ ਉਥੇ ਨਾ ਕੋਈ ਦੁਕਾਨਾਂ ਬਣੀਆਂ ਹਨ। ਉਥੇ ਫਸਲਾਂ ਰਖਣ ਵਾਸਤੇ ਕੋਈ ਇੰਤਜ਼ਾਮ ਨਹੀਂ ਹੈ। ਕੀ ਕੋਈ ਇੰਤਜ਼ਾਮ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਜਦੋਂ ਤਕ ਨਵੀਆਂ ਮੰਡੀਆਂ ਨਹੀਂ ਬਣਦੀਆਂ, ਦੁਕਾਨਾਂ ਨਹੀਂ ਬਣਦੀਆਂ ਅਤੇ ਜਿਨਸ ਰਖਣ ਦੀ ਕੋਈ ਥਾਂ ਨਾ ਹੋਵੇ, ਉਤਨਾ ਚਿਰ ਉਥੇ ਪੁਰਾਣੀਆਂ ਮੰਡੀਆਂ ਨੂੰ ਅਸੀਂ ਡੀਨੋਟੀਫਾਈ ਨਹੀਂ ਕਰਦੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬਚਨ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਰੋਪੜ ਵਿਚ ਇਸ ਤਰ੍ਹਾਂ ਦੇ ਕੇਸਿਜ਼ ਹਨ ਇਸੇ ਤਰ੍ਹਾਂ ਦੇ ਕੇਸਿਜ਼ ਦਸੂਹਾ ਵਿਚ ਵੀ ਹਨ । ਉਨ੍ਹਾਂ ਨੂੰ ਕਹਿ ਦਿੱਤਾ ਕਿ ਤੁਸੀਂ ਸ਼ਿਫਟ ਕਰ ਜਾਉ ਪਰ ਨਾ ਉਥੇ ਕੋਈ ਦਰਖਤ ਹੈ ਨਾ ਕੋਈ ਬਿਜਲੀ ਹੈ । ਗਰਮੀ ਤੋਂ ਬਚਣ ਲਈ ਕੋਈ ਦਰਖੱਤ ਨਹੀਂ ਜਿਸ ਦੇ ਹੇਠਾਂ ਕੋਈ ਬੈਠ ਸਕੇ । ਮੈਂ ਤਾਂ ਇਹ ਕਹਾਂਗਾ ਕਿ ਸਟੇਟ ਦੇ ਵਿਚ ਦੋ ਤਰ੍ਹਾਂ ਦਾ ਕਾਨੂੰਨ ਨਹੀਂ ਹੋਣਾ ਚਾਹੀਦਾ, ਇਕ ਤਰ੍ਹਾਂ ਦਾ ਹੋਣਾ ਚਾਹੀਦਾ ਹੈ ।

**ਮੰਤਰੀ** : ਸਪੀਕਰ ਸਾਹਿਬ, ਪਹਿਲੇ ਅਸੀਂ ਨੋਟੀਫੀਕੇਸ਼ਨ ਕਰਦੇ ਹਾਂ । ਲੋਕਾਂ ਨੂੰ ਪ੍ਰੇਰਨਾ ਕਰਦੇ ਹਾਂ ਕਿ ਤੁਸੀਂ ਉਥੇ ਸ਼ਿਫਟ ਕਰ ਲਓ । ਫੇਰ ਅਸੀਂ ਵੇਖਦੇ ਹਾਂ ਕਿ ਦੁਕਾਨਾਂ ਵੀ ਹਨ ਜਾਂ ਨਹੀਂ । ਜੇ ਲੋਕੀ ਕਹਿੰਦੇ ਹਨ ਤਾਂ ਫੇਰ ਅਸੀਂ ਕਰਦੇ ਹਾਂ, ਉਥੇ ਜ ਕੋਈ ਆਲਟਰਨੇਟਿਵ ਇੰਤਜ਼ਾਮ ਹੋ ਜਾਵੇ ਤਾਂ ਅਸੀਂ ਉਥੇ ਸ਼ਿਫਟ ਕਰਦੇ ਹਾਂ ।

---

INSTALLATION OF DISTILLERY AT MORINDA

*3550. **Comrade Shamsher Singh Josh** : Will the Minister for Excise and Taxation be pleased to state whether there is any proposal under the consideration of Government to instal a Distillery at Morinda as a subsidiary Unit to the Morinda Co-operative Sugar Mill, Morinda; if so, the time by which it is likely to be implemented ?

**Shri Yash Pal**: A letter of intent for the establishment of a distillery at Morinda was granted to M/S Morinda Cooperative Sugar Mills, Ltd., on 28th January, 1975 for a period of one year from the date of its issue. The request of the Mills for extension of another period of one year is under consideration of the Department. In view of the above position no time limit for implementation of the project can be indicated.

ਉਪ੍ਰੋਕਤ ਦਸੇ ਅਨੁਸਾਰ ਉਕਤ ਪ੍ਰੋਜੈਕਟ ਦੇ ਅਮਲ ਵਿੱਚ ਲਿਆਉਣ ਦਾ ਠੀਕ ਸਮਾਂ ਦੱਸਣਾ ਸੰਭਵ ਨਹੀਂ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇਹ ਠੀਕ ਦਸਿਆ ਹੈ ਕਿ ਮੈਸਰਜ਼ ਮੁਰਿੰਡਾ ਕੋ-ਆਪ੍ਰੇਟਿਵ ਸ਼ੂਗਰ ਮਿਲਜ਼ ਲਿਮਿਟਡ ਨੂੰ 28 ਜਨਵਰੀ, 1975 ਤੋਂ ਇਕ ਸਾਲ ਲਈ ਲੈਟਰ ਆਫ਼ ਇੰਟੈਂਟ ਦਿੱਤਾ ਗਿਆ ਸੀ । ਇਹ ਕਾਫ਼ੀ ਸੋਚ ਵਿਚਾਰ ਤੋਂ ਮਗਰੋਂ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਉਥੇ ਡਿਸਟਿਲਰੀ ਲਗਾਈ ਜਾਵੇ । ਇਹ ਪੀਰੀਅਡ 28 ਜਨਵਰੀ, 1976 ਨੂੰ ਖਤਮ ਹੋ ਗਿਆ ਹੈ ਤੇ ਹੁਣ ਇਹ ਕਿਸ ਗੱਲ ਤੇ ਵਿਚਾਰ ਕਰ ਰਹੇ ਹਨ? ਮੇਰਾ ਸਵਾਲ ਹੈ ਕਿ ਕੀ ਵਜ੍ਹਾ ਹੈ ਕਿ ਇਹ ਇਕ ਸਾਲ ਵਿਚ ਚਾਲੂ ਨਹੀਂ ਕੀਤੀ ਗਈ । ਜੋ 20 ਲੱਖ ਰੁਪਿਆ ਸ਼ੇਅਰ ਮਨੀ ਸਰਕਾਰ ਨੇ ਇਸ ਵਾਸਤੇ ਰਾਖਵੀਂ ਰੱਖੀ ਹੋਈ ਹੈ ਕੀ ਉਸ ਨੂੰ ਉਥੇ ਖਰਚ ਕਰਨਗੇ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਜਿਥੋਂ ਤਕ ਲੈਟਰ ਆਫ ਇੰਟੈਂਟ ਦੁਬਾਰਾ ਦੇਣ ਦਾ ਸਵਾਲ ਹੈ ਇਸ ਤੇ ਅਸੀਂ ਵਿਚਾਰ ਕਰ ਰਹੇ ਹਾਂ ਕਿ ਕਰਨਾ ਚਾਹੀਦਾ ਹੈ ਜਾਂ ਨਹੀਂ ।

**ਸ੍ਰੀ ਸਰਦਾਰੀ ਲਾਲ ਕਪੂਰ :** ਸਪੀਕਰ ਸਾਹਿਬ, ਇਕ ਪਾਸੇ ਤਾਂ 12 ਨੁਕਾਤੀ ਪ੍ਰੋਗਰਾਮ ਨੂੰ ਚਲਾਉਣਾ ਹੈ ਔਰ ਦੂਸਰੇ ਪਾਸੇ ਡਿਸਟਿਲਰੀ ਨੂੰ ਇਜਾਜ਼ਤ ਦੇਣ ਦੀ ਗੱਲ ਹੈ । ਕੀ ਮਨਿਸਟਰ ਸਾਹਿਬ ਦਸਣਗੇ ਕਿ ਇਸ ਪ੍ਰੋਗਰਾਮ ਨੂੰ ਚਲਾਉਣਗੇ ਅਤੇ ਡਿਸਟਿਲਰੀ ਨੂੰ ਖਤਮ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਤਾਂ ਚਾਲੂ ਹੀ ਨਹੀਂ ਹੋਇਆ ਇਸ ਨੂੰ ਖਤਮ ਕੀ ਕਰਨਾ ਹੈ । ਇਹ 12 ਨੁਕਾਤੀ ਪ੍ਰੋਗਰਾਮ ਦੇ ਅਧੀਨ ਹੀ ਆਉਂਦਾ ਹੈ ।

---

**ਸਟਾਰਡ ਸਵਾਲ ਨੰਬਰ 3468, 3611 ਅਤੇ 3469**

(ਇਹ ਸਵਾਲ ਸਬੰਧਤ ਮੈਂਬਰ ਸਾਹਿਬ ਦੇ ਹਾਊਸ ਵਿਚ ਹਾਜ਼ਰ ਨਾ ਹੋਣ ਕਰਕੇ ਪੇਸ਼ ਨਹੀਂ ਹੋਏ)

---

**ਬਸ ਅੱਡਾ ਰੋਪੜ ਨੂੰ ਇਸ ਦੀ ਨਵੇਂ ਥਾਂ ਬਦਲਣਾ ।**

*3563. **ਸਰਦਾਰ ਗੁਰਬਚਨ ਸਿੰਘ** (ਰੋਪੜ) : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਰਤਮਾਨ ਬੱਸ ਅੱਡਾ, ਰੋਪੜ ਨੂੰ ਕਿਸੇ ਨਵੀਂ ਥਾਂ ਬਦਲਣ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇ ਕਰ ਅਜਿਹਾ ਹੋਵੇ ਤਾਂ ਅੰਦਾਜ਼ਨ ਕਿਸ ਸਮੇਂ ਤਕ ਇਸ ਨੂੰ ਅਮਲ ਵਿਚ ਲਿਆਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ :** ਰੋਪੜ ਵਿਖੇ ਪੰਜਾਬ ਰੋਡਵੇਜ਼ ਦਾ ਬੱਸ ਅੱਡਾ ਬਨਾਉਣ ਦੀ ਤਜਵੀਜ਼ ਵਿਚਾਰ ਅਧੀਨ ਹੈ । ਭੋਂ ਪਰਾਪਤੀ ਦੀ ਕਾਰਵਾਈ ਹਾਲੇ ਪੂਰੀ ਕਰਨੀ ਹੈ ਅਤੇ ਇਸ ਲਈ ਇਹ ਨਹੀਂ ਦਸਿਆ ਜਾ ਸਕਦਾ ਕਿ ਇਸ ਤਜਵੀਜ਼ ਨੂੰ ਕਿਸ ਸਮੇਂ ਤੱਕ ਅਮਲ ਵਿਚ ਲਿਆਂਦੇ ਜਾਣ ਦੀ ਸੰਭਾਵਨਾ ਹੈ ।

**ਸਰਦਾਰ ਗੁਰਬਚਨ ਸਿੰਘ** (ਰੋਪੜ) **:** ਸਪੀਕਰ ਸਾਹਿਬ, ਇਹ ਮਨਿਸਟਰ ਸਾਹਿਬ ਨੇ ਆਪ ਬੜੀ ਚੰਗੀ ਤਰ੍ਹਾਂ ਵੇਖਿਆ ਹੈ ਕਿ ਰੋਪੜ ਵਿਚ ਜਿਥੇ ਹੁਣ ਜਾ ਕੇ ਬੱਸਾਂ ਖੜ੍ਹਦੀਆਂ ਹਨ ਉਥੇ ਬੜੀ ਭੀੜ ਹੋ ਜਾਂਦੀ ਹੈ । ਕੀ ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਿ ਉਥੇ ਐਕਸੀਡੈਂਟ ਹੋਣ ਦਾ ਡਰ ਰਹਿੰਦਾ ਹੈ ਅਤੇ ਉਥੇ ਤਿੰਨ ਚਾਰ ਸਿਪਾਹੀ ਡਿਊਟੀ ਤੇ ਲੱਗੇ ਰਹਿੰਦੇ ਹਨ, ਕੀ ਉਥੇ ਆਰਜ਼ੀ ਤੌਰ ਤੇ ਅੱਡਾ ਬਾਹਰ ਲੈ ਜਾਣ ਵਾਸਤੇ ਤਿਆਰ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਸਵਾਲ ਵਿਚ ਇਹ ਬੜੀ ਦਿਲਚਸਪੀ ਰੱਖਦੇ ਹਨ । ਇਨ੍ਹਾਂ ਨੇ ਇਹ ਸਵਾਲ ਕੀਤਾ ਹੈ ਮੈਨੂੰ ਭਾਵੇਂ ਦੋ ਮਿੰਟ ਲੱਗ ਹੀ ਜਾਣ ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਰੋਪੜ ਵਿਖੇ ਪੰਜਾਬ ਰੋਡਵੇਜ਼ ਦਾ ਆਪਣਾ ਕੋਈ ਬੱਸ ਅੱਡਾ ਨਹੀਂ ਹੈ । ਮਿਤੀ 26 ਜੂਨ, 1970 ਨੂੰ ਸਰਕਾਰ ਵਲੋਂ ਇਹ ਨਿਰਣਾ

Original with;
Punjab Vidhan Sabha
Digitized by;
Panjab Digital Library

[ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ]

ਹੋਇਆ ਸੀ ਕਿ ਰੋਪੜ ਵਿਖੇ ਆਪਣਾ ਅੱਡਾ ਉਸਾਰਿਆ ਜਾਵੇ । ਜਗ੍ਹਾ ਨਿਰਧਾਰਣ ਬੋਰਡ (ਸਾਈਟ ਸਿਲੈਕਸ਼ਨ ਬੋਰਡ) ਦੀ ਮੀਟਿੰਗ ਮਿਤੀ 22 ਸਤੰਬਰ, 1970 ਨੂੰ ਹੋਈ ਸੀ । ਉਸ ਨੇ ਰੋਪੜ-ਕੁਰਾਲੀ ਸੜਕ ਉਤੇ ਐਚ. ਪੀ. ਪੈਟਰੋਲ ਪੰਪ ਨੇੜੇ ਜਗ੍ਹਾ ਦੀ ਚੋਣ ਕੀਤੀ ਸੀ। 70 ਕਨਾਲ 08 ਮਰਲੇ ਜ਼ਮੀਨ ਪ੍ਰਾਪਤ ਕਰਨ ਲਈ ਭੋਂ ਪ੍ਰਾਪਤੀ ਐਕਟ ਦੀ ਧਾਰਾ 6 ਅਧੀਨ ਸਰਕਾਰ ਨੇ ਵਿਸ਼ੇਸ਼ ਗਜ਼ਟ ਨੋਟੀਫੀਕੇਸ਼ਨ ਮਿਤੀ 28 ਸਤੰਬਰ, 1973 ਨੂੰ ਜਾਰੀ ਕੀਤਾ ਸੀ । ਇਸ ਬਾਰੇ ਕੋਰਟ ਦਾ ਸਟੇ-ਆਰਡਰ ਦਸੰਬਰ, 1973 ਵਿਚ ਪਾਸ ਹੋਇਆ ਸੀ ਜੋ ਕਿ ਜਨਵਰੀ, 1974 ਵਿਚ ਹਟਾਇਆ ਗਿਆ ਸੀ । ਕੁਲੈਕਟਰ, ਰੋਪੜ ਨੂੰ ਡਾਇਰੈਕਟਰ, ਸਟੇਟ ਟਰਾਂਸਪੋਰਟ ਵਲੋਂ ਉਨ੍ਹਾਂ ਦੇ ਅੱਧ-ਸਰਕਾਰੀ ਪੱਤਰ ਮਿਤੀ 29 ਜਨਵਰੀ, 1974 ਰਾਹੀਂ ਬੇਨਤੀ ਕੀਤੀ ਗਈ ਸੀ ਕਿ ਉਹ ਮੁਆਵਜ਼ੇ ਲਈ ਅਵਾਰਡ ਘੋਸ਼ਿਤ ਕਰਨ । ਇਸ ਬਾਰੇ ਲਗਾਤਾਰ ਕੁਲੈਕਟਰ, ਰੋਪੜ ਨੂੰ ਬੇਨਤੀ ਕੀਤੀ ਜਾ ਰਹੀ ਹੈ ਅਤੇ ਆਖ਼ਰੀ ਪੱਤਰ ਮਿਤੀ 22 ਦਸੰਬਰ, 1975 ਅਤੇ 27 ਜਨਵਰੀ, 1976 ਨੂੰ ਲਿਖਿਆ ਗਿਆ ਸੀ । ਪਰ ਅਜੇ ਤਕ ਉਨ੍ਹਾਂ ਵਲੋਂ ਅਵਾਰਡ ਘੋਸ਼ਿਤ ਨਹੀਂ ਹੋਇਆ । ਇਸ ਕਰਕੇ ਜ਼ਮੀਨ ਦਾ ਕਬਜ਼ਾ ਨਹੀਂ ਲਿਆ ਜਾ ਸਕਿਆ । ਚਾਲੂ ਮਾਲੀ ਸਾਲ ਵਿਚ ਵਿਭਾਗ ਪਾਸ ਬਜਟ ਵਿਚ ਪੈਸੇ ਨਾ ਹੋਣ ਕਾਰਨ ਜ਼ਮੀਨ ਦੀ ਕੀਮਤ ਅਦਾ ਨਹੀਂ ਕੀਤੀ ਜਾ ਸਕਦੀ । ਉਕਤ ਖਰਚੇ ਲਈ ਰਕਮ ਨਿਰਧਾਰਤ ਕੀਤੀ ਗਈ ਸੀ । ਪਰ ਵਿੱਤ ਵਿਭਾਗ ਦੇ ਖਰਚ ਵਿਚ ਕਟੌਤੀ ਕਾਰਨ ਇਹ ਖਰਚ ਲਮਕਾ ਅਵਸਥਾ ਵਿਚ ਰਖਣਾ ਪਿਆ । ਇਸ ਵੇਲੇ ਪੰਜਾਬ ਰੋਡਵੇਜ਼ ਅੰਬਾਲਾ ਬਸ ਸਿੰਡੀਕੇਟ ਦਾ ਅੱਡਾ ਇਸਤੇਮਾਲ ਕਰ ਰਿਹਾ ਹੈ ਅਤੇ 6 ਬੱਸਾਂ ਰਾਤ ਨੂੰ ਉਥੇ ਰੁਕਦੀਆਂ ਹਨ । ਰਾਤ ਰੁਕਣ ਲਈ ਜਾਂ ਬੱਸਾਂ ਦੀ ਆਵਾਜਾਈ ਲਈ ਕਿਸੇ ਪ੍ਰਕਾਰ ਦੀ ਕੋਈ ਅੱਡਾ ਫੀਸ ਨਹੀਂ ਦਿੱਤੀ ਜਾਂਦੀ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਤਨਾ ਇੰਪਾਰਟੈਂਟ ਸਵਾਲ ਹੈ ਕਿ ਦੂਜਿਆਂ ਦੀ ਜਾਨ ਦੀ ਰਾਖੀ ਦਾ ਸਵਾਲ ਹੈ। ਇਹ ਬਹਾਨਾ ਲਗਾ ਦੇਣ ਕਿ ਫੰਡਜ਼ ਦੀ ਕਮੀ ਹੈ ਕੋਈ ਅੱਛੀ ਗੱਲ ਨਹੀਂ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਸਵਾਲ ਨੂੰ ਕਦ ਤਕ ਲਮਕਦਾ ਰੱਖਣਾ ਚਾਹੁੰਦੀ ਹੈ ? ਦੂਸਰਾ ਮੇਰਾ ਸਵਾਲ ਇਹ ਹੈ ਕਿ ਕੁਲੈਕਟਰ ਦੇ ਰਸਤੇ ਵਿਚ ਕਿਹੜੀ ਰੁਕਾਵਟ ਹੈ ਜਿਸ ਕਰਕੇ ਉਹ ਹੁਣ ਤਕ ਆਪਣਾ ਐਵਾਰਡ ਨਹੀਂ ਦੇ ਸਕਿਆ ?

**ਰਾਜ ਮੰਤਰੀ :** ਇਸ ਗੱਲ ਬਾਰੇ ਤਾਂ ਕੁਲੈਕਟਰ ਸਾਹਿਬ ਹੀ ਦੱਸ ਸਕਦੇ ਹਨ । ਇਸ ਬਾਰੇ ਇਹ ਨੋਟਿਸ ਦੇ ਦੇਣ । (ਵਿਘਨ) ਸਪੀਕਰ ਸਾਹਿਬ, ਇਸ ਕੰਮ ਵਾਸਤੇ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਜਿਨਾ ਸਾਨੂੰ ਇਸ ਸਾਲ ਵੱਧ ਤੋਂ ਵੱਧ ਪੈਸਾ ਮਿਲ ਜਾਵੇਗਾ ਉਸ ਦੇ ਹਿਸਾਬ ਨਾਲ ਹੀ ਖਰਚ ਕੀਤਾ ਜਾਵੇਗਾ । ਜਿਹੜੇ ਵੱਡੇ ਵੱਡੇ ਬੱਸ ਸਟੈਂਡ ਬਣਨੇ ਸਨ ਉਥੇ ਕੁਝ ਘੱਟ ਕਰਕੇ ਅਤੇ ਉਨ੍ਹਾਂ ਨੂੰ ਜ਼ਰੂਰੀ ਸਹੂਲਤਾਂ ਦੇ ਕੇ ਬਾਕੀ ਦਾ ਰੁਪਿਆ ਬਚਾ ਕੇ ਉਥੇ ਲਗਾਵਾਂਗੇ ਤਾਕਿ ਉਥੇ ਅੱਡਾ ਜਲਦੀ ਕਾਇਮ ਕਰ ਸਕੀਏ ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਹੁਣੇ ਹੀ ਜਵਾਬ ਦਿੰਦੇ ਹੋਇਆਂ ਦਸਿਆ ਹੈ ਕਿ ਇਸ ਗਲ ਦਾ ਜਵਾਬ ਡੀ.ਸੀ. ਦੇਵੇਗਾ । (ਆਵਾਜ਼ਾਂ : ਇਹ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੇ ਸੁਗਲ ਵਿਚ ਕਿਹਾ ਹੈ) । ਜੇ ਉਨ੍ਹਾਂ ਨੇ ਸੁਗਲ ਵਿਚ ਕਿਹਾ ਹੈ ਤਾਂ ਮੈਂ ਵੀ ਇਸ ਨੂੰ ਸੀਰੀਅਸਲੀ ਨਹੀਂ ਲੈਂਦਾ । ਦੂਸਰਾ ਪੁਆਇੰਟ ਇਨ੍ਹਾਂ ਨੇ ਕਿਹਾ ਹੈ ਕਿ ਫਾਈਨੈਂਸਿਜ਼ ਸਾਨੂੰ ਪਰਮਿਟ ਨਹੀਂ ਕਰਦੇ । ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਇਕ ਪਾਸੇ ਤਾਂ ਇਹ ਕਹਿ ਰਹੇ ਹਨ ਕਿ ਪੈਸੇ ਦੀ ਕਮੀ ਹੈ ਅਤੇ ਦੂਸਰੇ ਪਾਸੇ ਇਹ ਕਹਿ ਰਹੇ ਹਨ ਕਿ ਡੀ.ਸੀ. ਦਾ ਅਵਾਰਡ ਨਹੀਂ ਮਿਲਿਆ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੋਨਾਂ ਵਿਚੋਂ ਕਿਹੜੀ ਗਲ ਠੀਕ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲੇ ਆਪਣੇ ਜਵਾਬ ਵਿਚ ਸਪੱਸ਼ਟ ਕਿਹਾ ਹੈ ਕਿ ਅਸੀਂ ਐਨੀ ਵਾਰ ਲਿਖਿਆ ਹੈ ਪਰ ਜਵਾਬ ਨਹੀਂ ਮਿਲਿਆ ਅਤੇ ਜਦ ਜਵਾਬ ਮਿਲਿਆ ਤਾਂ ਹੀ ਦਸਿਆ ਜਾ ਸਕਦਾ ਹੈ । ਇਥੇ ਡੀ.ਸੀ. ਨੇ ਬਿਆਨ ਨਹੀਂ ਦੇਣਾ ਬਿਆਨ ਇਥੇ ਮੈਂ ਦੇਣਾ ਹੈ । ਮੈਂ ਦਸਿਆ ਹੈ ਕਿ ਇਸ ਸਾਲ ਵਿਚ ਅਗਰ ਐਵਾਰਡ ਮਿਲ ਗਿਆ ਤਾਂ ਇਸ ਸਾਲ ਫੰਡ ਵੀ ਮਿਲ ਰਹੇ ਹਨ ਅਤੇ ਜੋ ਪੈਸਾ ਅਸੀਂ ਬਚਾ ਰਹੇ ਹਾਂ ਉਹ ਖਰਚ ਕਰ ਕੇ ਇਸ ਸਾਲ ਵਿਚ ਅੱਡਾ ਪੂਰਾ ਕਰਨ ਦਾ ਇੰਤਜ਼ਾਮ ਕਰ ਰਹੇ ਹਾਂ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਰੂਪ ਨਗਰ ਦੇ ਰੂਪ ਨੂੰ ਹੋਰ ਨਿਖੇਰਨ ਲਈ ਕੀ ਪੰਜਾਬ ਸਰਕਾਰ ਦੇ ਖੂਬਸੂਰਤ ਫਾਈਨੈਂਸ ਮਨਿਸਟਰ ਸਾਹਿਬ ਇਸ ਦੇ ਲਈ ਫਾਈਨੈਂਸ਼ੀਅਲ ਐਲੋਕੇਸ਼ਨ ਕਰਨਗੇ ਕਿਉਂਕਿ ਉਸ ਤਰ੍ਹਾਂ ਰੁਟੀਨ ਵਿਚ ਤਾਂ ਇਸ ਨੇ 20 ਸਾਲ ਨਹੀਂ ਬਣਨਾ ?

(ਕੋਈ ਉੱਤਰ ਨਹੀਂ ਆਇਆ ।)

**ਸ੍ਰੀ ਪਰਤਾਪ ਚੰਦ ਭੰਡਾਰੀ** : ਸਪੀਕਰ ਸਾਹਿਬ, ਇਹ 1970 ਦਾ ਮਾਮਲਾ ਚਲ ਰਿਹਾ ਹੈ ਪਰ ਅਜੇ ਤਕ ਅੱਡਾ ਨਹੀਂ ਬਣਿਆ । 1973 ਵਿਚ ਜਗ੍ਹਾ ਲੱਭੀ ਪਰ ਹੁਣ 1976 ਆ ਗਿਆ ਹੈ ਅਤੇ ਅਜੇ ਤਕ ਅਵਾਰਡ ਨਹੀਂ ਮਿਲਿਆ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਅਣਗਹਿਲੀ ਨਹੀਂ ਹੈ ?

**ਰਾਜ ਮੰਤਰੀ** : ਪਹਿਲੇ ਕੋਰਟ ਵਿਚੋਂ ਸਟੇ ਮਿਲ ਗਿਆ ਸੀ ਅਤੇ ਦੋ ਤਿੰਨ ਸਾਲ ਬਾਅਦ ਵੇਕੇਟ ਹੋਇਆ ਹੈ । ਹੁਣ ਇਸ ਦਾ ਫੈਸਲਾ ਕਰਵਾ ਰਹੇ ਹਾਂ ।

**ਸਰਦਾਰ ਗੁਰਬਚਨ ਸਿੰਘ (ਰੋਪੜ)** : ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਕੁਲੈਕਟਰ ਨੂੰ ਚਿਠੀ ਲਿਖੀ ਪਰ ਉਹ ਐਵਾਰਡ ਨਹੀਂ ਦੇ ਰਿਹਾ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗੌਰਮਿੰਟ ਕੁਲੈਕਟਰ ਦੇ ਅਧੀਨ ਹੈ ਜਾਂ ਕੁਲੈਕਟਰ ਗੌਰਮਿੰਟ ਦੇ ਅਧੀਨ ਹੈ ?

**ਰਾਜ ਮੰਤਰੀ** : ਜੋ ਕੁਝ ਵੀ ਹੁੰਦਾ ਹੈ ਉਹ ਪਰੋਸੀਜਰ ਐਡਾਪਟ ਕਰਕੇ ਉਸ ਦੇ ਮੁਤਾਬਿਕ ਕੀਤਾ ਜਾਂਦਾ ਹੈ । ਉਸ ਥਾਂ ਤੇ ਕਈ ਰੁਕਾਵਟਾਂ ਆ ਸਕਦੀਆਂ ਹਨ ਅਤੇ ਅਜਿਹੀਆਂ ਰੁਕਾਵਟਾਂ ਨੂੰ ਦੂਰ ਕਰਕੇ ਠੀਕ ਕਰ ਰਹੇ ਹਾਂ ।

**ਸਰਦਾਰ ਦਰਬਾਰਾ ਸਿੰਘ** : ਇਹ ਰੂਪ ਨਗਰ ਦਾ ਸਵਾਲ ਹੈ। ਜੋਸ਼ ਜੀ ਆਪਣੇ ਸਵਾਲ ਨੂੰ ਚੰਗੀ ਤਰ੍ਹਾਂ ਜਾਂ ਤਾਂ ਸਮਝਾ ਨਹੀਂ ਸਕੇ ਜਾਂ ਆਪ ਸਮਝ ਨਹੀਂ ਸਕੇ । ਜਦੋਂ ਇਹ ਅੱਡਾ ਸਿਲੈਕਟ ਹੋਇਆ ਸੀ ਤਾਂ ਉਦੋਂ ਇਹ ਚੀਜ਼ ਦੇਖੀ ਗਈ ਸੀ ਕਿ ਇਹ ਭਾਖੜਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਬਾਰਾ ਸਿੰਘ ]

ਨੰਗਲ ਅਤੇ ਆਨੰਦਪੁਰ ਸਾਹਿਬ ਜਾਣ ਵਾਸਤੇ ਇਕ ਬਿਹਤਰੀਨ ਟੂਰਿਸਟ ਪੁਆਇੰਟ ਹੈ। ਕੀ ਸਰਕਾਰ ਇਸ ਅੱਡੇ ਨੂੰ ਐਨੀ ਖੂਬਸੂਰਤੀ ਨਾਲ ਬਣਾਉਣ ਦਾ ਯਤਨ ਕਰੇਗੀ ਜਿੰਨੀ ਇਹ ਸੁੰਦਰ ਜਗ੍ਹਾ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਕੁਝ ਅਦਾਲਤੀ ਕਾਰਵਾਈਆਂ ਦੇ ਕਾਰਨ ਇਸ ਦੇ ਵਿਚ ਦੇਰ ਹੋਈ ਹੈ। ਮੈਂ ਆਨਰੇਬਲ ਮੈਂਬਰਜ਼ ਦੇ ਨਾਲ ਇਤਫਾਕ ਕਰਦਾ ਹਾਂ ਕਿ ਰੋਪੜ ਵਰਗੀ ਜਗ੍ਹਾ ਉਤੇ ਬੱਸ ਸਟੈਂਡ ਦਾ ਬਣਨਾ ਬੜਾ ਜ਼ਰੂਰੀ ਹੈ ਔਰ ਹੁਣ ਅਸੀਂ ਛੇਤੀ ਤੋਂ ਛੇਤੀ ਇਹ ਕੰਮ ਸ਼ੁਰੂ ਕਰਵਾਵਾਂਗੇ। (ਤਾੜੀਆਂ)

**ਕਾਮਰੇਡ ਸੱਤ ਪਾਲ ਡਾਂਗ :** ਮੈਂ ਪੁਛਣਾ ਚਾਹੁੰਦਾ ਹਾਂ ਕਿ ਜਲੰਧਰ ਦੇ ਅੱਡੇ ਦੇ ਵਿਚ ਪਬਲਿਕ ਨੂੰ ਬੜੀ ਤਕਲੀਫ ਹੈ ਅਤੇ ਜਿਸ ਠੇਕੇਦਾਰ ਨੂੰ ਠੇਕਾ ਦਿਤਾ ਗਿਆ ਸੀ ਉਸ ਦੀ ਮਿਆਦ ਲੰਘ ਗਈ, ਫਿਰ ਠੇਕਾ ਦਿਤਾ ਗਿਆ ਅਤੇ ਫਿਰ ਮਿਆਦ ਲੰਘ ਗਈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਠੇਕੇਦਾਰ ਨੂੰ ਦੋ ਵਾਰੀ ਠੇਕਾ ਮਿਲਣ ਦੇ ਬਾਵਜੂਦ ਵੀ ਅਗਰ ਉਸ ਨੇ ਵਕਤ ਸਿਰ ਨਹੀਂ ਕੰਪਲੀਟ ਕੀਤਾ ਤਾਂ ਕੀ ਉਸ ਠੇਕੇਦਾਰ ਦੇ ਖਿਲਾਫ ਕਾਰਵਾਈ ਕਰਨਗੇ ਕਿ ਅੱਡਾ ਮੁਕੰਮਲ ਕਿਉਂ ਨਹੀਂ ਹਇਆ ?

**ਰਾਜ ਮੰਤਰੀ :** ਮੈਂ ਪਰਸੋਂ ਜਾ ਕੇ ਅੱਡਾ ਦੇਖਿਆ ਹੈ, ਉਹ ਤਕਰੀਬਨ ਮੁਕੰਮਲ ਹੋ ਗਿਆ ਹੈ ਅਤੇ ਥੋੜ੍ਹੇ ਦਿਨਾਂ ਵਿਚ ਪੂਰਾ ਮੁਕੰਮਲ ਹੋ ਜਾਵੇਗਾ। ਹੁਣ ਉਹ ਠੀਕ ਹੋ ਗਿਆ ਹੈ।

---

SAMPLES OF FOOD STUFFS TAKEN BY THE HEALTH DEPARTMENT

***3413. Shri Sardari Lal Kapur :** Will the Minister of State for Health & Family Planning be pleased to state —

(a) whether any samples of food stuffs were taken by the Health Department in the State during the period from April, 1975 to date; if so, the details of the samples commodity-wise and district-wise;

(b) whether the samples mentioned in para (a) above were chemically examined; if so, the result thereof in each case;

(c) the action taken by the Government against those whose samples were found to be adulterated ?

**Sardar Balbir Singh :** (a) Yes,Sir. 5384 samples of various food articles were seized from April, 1975 to December, 1975. A statement containing details of samples taken commodity-wise and districtwise as given in Annexure 'A', is placed on the Table of the House.

(b) Yes, Sir. All the 5384 samples were chemically examined. Out of these samples, 829 were declared adulterated. A statement containing the results in respect of each samples, as given in Annexure—'B', is placed on the Table of the House.

Original with;
Punjab Vidhan Sabha
Digitized by;
Panjab Digital Library

(c) In all the cases in which the samples seized were found adulterated, prosecutions have been launched in the courts of law except in 20 cases detailed below.

| | | |
|---|---|---|
| (1) | Distt. Ludhiana. | 2 |
| (2) | Distt. Patiala | 2 |
| (3) | Distt. Kapurthala | 1 |
| (4) | Distt. Bhatinda | 1 |
| (5) | Distt. Faridkot | 12 |
| (6) | Distt. Amritsar | 2 |
| | Total | 20 |

Original with;
Punjab Vidhan Sabha
Digitized by;
Panjab Digital Library

[Minister of State for Health & Family Planning]

ANNEXURE—A

**Statement showing the Food Samples taken by the Health Department in the State from April, 1975 to December, 1975 Commodity-wise and District-wise**

| Name of District | | Total Samples | Alcoholic Beverage | Non-Alcoholic Beverage | Spices & condiments | Sugar & other Sweetening agents | Sweets & other Confectionery etc. | Tea Coffee, Coco & Chicory |
|---|---|---|---|---|---|---|---|---|
| | | Total | Total | Total | Total | Total | Total | Total |
| 1 | | 2 | 3 | 4 | 5 | 6 | 7 | 8 |
| 1. Amritsar | .. | 531 | — | 19 | 93 | 7 | 41 | 24 |
| 2. Bhatinda | .. | 696 | 18 | 23 | 157 | 37 | 36 | 81 |
| 3. Ferozepur | .. | 269 | 2 | 14 | 37 | 6 | 11 | 18 |
| 4. Faridkot | .. | 329 | 5 | 7 | 37 | — | 51 | 45 |
| 5. Gurdaspur | .. | 358 | — | 5 | 21 | 8 | 14 | 58 |
| 6. Hoshiarpur | .. | 387 | 1 | 20 | 64 | 5 | 64 | 19 |
| 7. Jullundur | .. | 454 | 5 | 24 | 73 | 10 | 60 | 17 |
| 8. Kapurthala | .. | 461 | 7 | 13 | 45 | 28 | 59 | 44 |
| 9. Ludhiana | .. | 518 | 2 | 28 | 111 | 9 | 71 | 32 |
| 10. Patiala | .. | 615 | 6 | 24 | 61 | 30 | 22 | 42 |
| 11. Ropar | .. | 384 | 13 | 13 | 27 | 3 | 24 | 16 |
| 12. Sangrur | .. | 382 | — | 26 | 34 | 17 | 48 | 13 |
| Total | .. | 5384 | 54 | 216 | 770 | 151 | 501 | 409 |

Original with;
Punjab Vidhan Sabha
Digitized by;
Panjab Digital Library

| Name of District | | Milk | Ghee | Butter Ice-cream & other Milk-products | Edible Oils fat | Vanaspati | Fruit products | Cereals pulses & other products | Other Misc. articles |
|---|---|---|---|---|---|---|---|---|---|
| | | Total | Total | Total | Total | Total | Total | Total | Total |
| | | 9 | 10 | 11 | 12 | 13 | 14 | 15 | 16 |
| 1. Amritsar | .. | 169 | 19 | 54 | 9 | 4 | 11 | 66 | 15 |
| 2. Bhatinda | . | 198 | 18 | 32 | 10 | 4 | 41 | 41 | 5 |
| 3. Ferozepur | .. | 115 | 3 | 17 | 22 | 3 | 2 | 19 | 0 |
| 4. Faridkot | .. | 117 | 2 | 3 | 18 | 1 | 14 | 22 | 7 |
| 5. Gurdaspur | .. | 100 | 10 | 15 | 35 | 8 | 8 | 74 | — |
| 6. Hoshiarpur | .. | 75 | 2 | 9 | 21 | 24 | 9 | 62 | 12 |
| 7. Jullundur | .. | 86 | 10 | 43 | 21 | 13 | 10 | 67 | 15 |
| 8. Kapurthala | .. | 171 | 3 | 20 | 11 | 24 | 2 | 31 | 3 |
| 9. Ludhiana | .. | 41 | 11 | 24 | 55 | 29 | 30 | 71 | 5 |
| 10. Patiala | .. | 194 | 16 | 41 | 35 | 20 | 12 | 103 | 9 |
| 11. Ropar | .. | 187 | 5 | 24 | 18 | 10 | 3 | 35 | 6 |
| 12. Sangrur | .. | 152 | 1 | 37 | 8 | 5 | 3 | 33 | 5 |
| Total | .. | 1,605 | 100 | 319 | 263 | 145 | 145 | 624 | 82 |

Original with;
Punjab Vidhan Sabha
Digitized by;
Panjab Digital Library

[Minister of State for Health & Family Planning]

## ANNEXURE—B

**Statement showing the Food Samples received and analysed in the State Food Laboratories at Chandigarh, Bhatinda and Jullundur in the Punjab from 1st April, 1975 to 31st December, 1975**

| Name of District | Total Samples | | Alcoholic Beverage | | Non-Alcoholic Beverages | | Spices and Condiments | | Sugar and Other Sweetening Agents | | Sweets and Others Confectionery etc. | | Tea, Coffee, Cocco & Chicory | |
|---|---|---|---|---|---|---|---|---|---|---|---|---|---|---|
| | Total | Adul-terated | Total | Adul-terated | Total | Adul-terated | Total | Adul-terated | Total | Adul-terated | Total | Adul-terated | Total | Adul-terated |
| 1 | 2 | | 3 | | 4 | | 5 | | 6 | | 7 | | 8 | |
| 1. Amritsar .. | 531 | 77 | .. | .. | 19 | 2 | 93 | 13 | 7 | 1 | 41 | 2 | 24 | 0 |
| 2. Bhatinda .. | 696 | 78 | 13 | 2 | 23 | 0 | 157 | 7 | 37 | 0 | 36 | 0 | 81 | 0 |
| 3. Ferozepur .. | 269 | 68 | 2 | 0 | 14 | 2 | 37 | 3 | 6 | 1 | 11 | 0 | 18 | 0 |
| 4. Faridkot .. | 329 | 66 | 5 | 1 | 7 | 4 | 37 | 1 | .. | .. | 51 | 2 | 40 | 3 |
| 5. Gurdaspur .. | 378 | 72 | .. | .. | 5 | 1 | 31 | 1 | .. | .. | 14 | 2 | 58 | 0 |
| 6. Hoshiarpur .. | 387 | 36 | 1 | 0 | 20 | 1 | 64 | 0 | 5 | 0 | 64 | 4 | 19 | 0 |
| 7. Jullundur .. | 454 | 51 | 5 | 0 | 24 | 3 | 73 | 9 | 10 | 0 | 60 | 3 | 17 | 0 |
| 8. Kapurthala .. | 461 | 68 | 7 | 2 | 13 | 7 | 45 | 2 | 28 | 0 | 59 | 5 | 44 | 0 |
| 9. Ludhiana .. | 518 | 37 | 2 | 0 | 28 | 4 | 111 | 6 | 8 | 0 | 71 | 5 | 32 | 0 |
| 10. Patiala .. | 615 | 108 | 6 | 0 | 24 | 5 | 61 | 3 | 30 | 0 | 22 | 2 | 42 | 0 |
| 11. Ropar .. | 384 | 102 | 13 | 1 | 13 | 4 | 27 | 0 | 3 | 0 | 24 | 2 | 18 | 0 |
| 12. Sangrur .. | 382 | 76 | .. | .. | 26 | 18 | 34 | 1 | 17 | 0 | 48 | 13 | 13 | 0 |
| Total .. | 5,384 | 829 | 54 | 6 | 216 | 51 | 770 | 46 | 151 | 2 | 501 | 49 | 409 | 3 |

Original with;
Punjab Vidhan Sabha
Digitized by;
Panjab Digital Library

| Name of District | Milk | | Ghee | | Butter Ice-cream & other Milk-Products | | Edible Oils Fat | | Vanaspati | | Fruit products | | Cereals pulses and other Products | | Other Misc. articles | |
|---|---|---|---|---|---|---|---|---|---|---|---|---|---|---|---|---|
| | Total | Adul. | Total | Adul. | Total | Adul. | Total | Adul. | Total | Adul. | Total | Adul. | Total | Adul. | Total | Adul. |
| | 9 | | 10 | | 11 | | 12 | | 13 | | 14 | | 15 | | 16 | |
| 1. Amritsar .. | 169 | 38 | 19 | 0 | 54 | 11 | 9 | 0 | 4 | 0 | 11 | 1 | 66 | 9 | 15 | 0 |
| 2. Bhatinda .. | 198 | 57 | 18 | 1 | 32 | 8 | 10 | 0 | 4 | 1 | 41 | 0 | 41 | 2 | 5 | 0 |
| 3. Ferozepur .. | 115 | 55 | 3 | 1 | 17 | 3 | 22 | 1 | 3 | 1 | 2 | 1 | 19 | 0 | 0 | 0 |
| 4. Faridkot .. | 117 | 47 | 2 | 0 | 3 | 0 | 18 | 2 | 1 | 1 | 14 | 2 | 22 | 3 | 7 | 0 |
| 5. Gurdaspur .. | 100 | 42 | 10 | 0 | 15 | 5 | 35 | 8 | 9 | 8 | 8 | 0 | 74 | 3 | .. | ... |
| 6. Hoshiarpur .. | 75 | 24 | 2 | 0 | 9 | 1 | 21 | 0 | 24 | 0 | 9 | 0 | 62 | 2 | 12 | 4 |
| 7. Jullundur .. | 86 | 21 | 10 | 0 | 43 | 6 | 21 | 0 | 13 | 0 | 10 | 0 | 67 | 5 | 15 | 4 |
| 8. Kapurthala .. | 171 | 33 | 3 | 1 | 20 | 3 | 11 | 2 | 24 | 0 | 2 | 0 | 31 | 3 | 3 | 0 |
| 9. Ludhiana .. | 41 | 7 | 11 | 1 | 24 | 3 | 55 | 6 | 29 | 3 | 30 | 0 | 71 | 2 | 5 | 0 |
| 10. Patiala .. | 194 | 75 | 16 | 0 | 41 | 13 | 35 | 2 | 20 | 0 | 12 | 0 | 103 | 7 | 9 | 1 |
| 11. Ropar .. | 187 | 79 | 5 | 0 | 24 | 7 | 18 | 1 | 10 | 1 | 3 | 0 | 35 | 6 | 6 | 1 |
| 12. Sangrur .. | 152 | 26 | 1 | 0 | 37 | 13 | 8 | 1 | 5 | 1 | 3 | 0 | 33 | 2 | 5 | 1 |
| Total .. | 1,605 | 504 | 100 | 13 | 319 | 73 | 263 | 23 | 145 | 9 | 145 | 4 | 624 | 44 | 82 | 11 |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਰਦਾਰੀ ਲਾਲ ਕਪੂਰ :** ਮਨਿਸਟਰ ਸਾਹਿਬ ਨੇ ਸਾਰੇ ਸੈਂਪਲਜ਼ ਦੇ ਬਾਰੇ ਅਤੇ ਉਨ੍ਹਾਂ ਦੇ ਰਿਜ਼ਲਟ ਬਾਰੇ ਵੀ ਦਸਿਆ ਹੈ ਅਤੇ ਉਸ ਬਾਰੇ ਐਕਸ਼ਨ ਵੀ ਦਸਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਕੋਲੋਂ ਨਮੂਨਾ ਲਿਆ ਜਾਂਦਾ ਹੈ ਅਤੇ ਉਸ ਦਾ ਨਮੂਨਾ ਫੇਲ ਹੋ ਗਿਆ ਅਤੇ ਉਸ ਕੋਲ ਬਾਕੀ ਜਿਹੜਾ ਸਾਮਾਨ ਪਿਆ ਰਿਹਾ ਉਹ ਨਮੂਨੇ ਦਾ ਰਿਜ਼ਲਟ ਆਉਣ ਤੋਂ ਪਹਿਲਾਂ ਪਹਿਲਾਂ ਉਸ ਦੀ ਉਹ ਚੀਜ਼ ਵਿਕ ਗਈ ਤਾਂ ਫਿਰ ਨਮੂਨਾ ਲੈਣ ਦਾ ਮਕਸਦ ਇਸ ਤਰ੍ਹਾਂ ਹਲ ਨਾ ਹੋਇਆ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਚੀਜ਼ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਵਾਸਤੇ ਲੋਕਲ ਤੌਰ ਤੇ ਜਿਹੜੀਆਂ ਮਿਉਂਸਪਲ ਕਮੇਟੀਆਂ ਹਨ ਉਨ੍ਹਾਂ ਨੂੰ ਹਿਦਾਇਤ ਕਰਨ, ਉਨ੍ਹਾਂ ਨੂੰ ਹਿਦਾਇਤਾਂ ਨਹੀਂ ਗਈਆਂ, ਕਿ ਨਮੂਨਾ ਜਲਦੀ ਲੈ ਕੇ ਅਤੇ ਜਲਦੀ ਚਲਾਨ ਕਰ ਕੇ ਉਸ ਦਾ ਫੈਸਲਾ ਹੋ ਜਾਵੇ ? ਕੀ ਇਸ ਕਿਸਮ ਦੀਆਂ ਇਹ ਉਥੋਂ ਦੀਆਂ ਕਮੇਟੀਆਂ ਨੂੰ ਹਦਾਇਤਾਂ ਕਰਨਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਹਾਊਸ ਨੂੰ ਤੁਹਾਡੇ ਰਾਹੀਂ ਮੈਂ ਅੱਗੇ ਵੀ ਬੇਨਤੀ ਕੀਤੀ ਸੀ ਅਤੇ ਫਿਰ ਦੱਸਦਾ ਹਾਂ ਕਿ ਪਹਿਲਾਂ ਸਾਡੇ ਕੋਲ ਇਕ ਲੈਬਾਰਟਰੀ ਚੰਡੀਗੜ੍ਹ ਵਿਚ ਸੀ ਅਤੇ ਹੁਣ ਦੋ ਹੋਰ ਲੈਬਾਰਟਰੀਆਂ ਇਕ ਜਲੰਧਰ ਅਤੇ ਦੂਸਰੀ ਬਠਿੰਡਾ ਵਿਚ ਬਣ ਗਈ ਹੈ। ਹੁਣ ਕੋਈ ਦੇਰ ਨਹੀਂ ਹੁੰਦੀ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਪੂਰ ਸਾਹਿਬ ਦੀ ਇਸ ਗਲ ਦੀ ਵੀ ਸ਼ਲਾਘਾ ਕਰਦਾ ਹਾਂ ਕਿ ਇਨ੍ਹਾਂ ਲੁਧਿਆਣਾ ਵਿਚ ਇਕ ਬੜਾ ਸ਼ਲਾਘਾਯੋਗ ਕਦਮ ਉਠਾਇਆ ਹੈ ਅਤੇ ਉਹ ਇਹ ਕਿ ਉਥੇ ਪਰਚੂਨ ਦੁਕਾਨਦਾਰਾਂ ਨੇ ਪੈਕਟਾਂ ਦੇ ਵਿਚ ਪੀਸੀਆਂ ਚੀਜ਼ਾਂ ਪਾ ਕੇ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਹਨ। ਬਾਕੀ ਮੈਂ ਦੱਸਦਾ ਹਾਂ ਕਿ ਹੁਣ ਦੇਰੀ ਨਹੀਂ ਹੁੰਦੀ। ਮੈਨੂੰ ਇਹ ਗਲ ਦੱਸਦਿਆਂ ਖੁਸ਼ੀ ਹੈ ਕਿ 1973 ਵਿਚ ਜਿਸ ਵੇਲੇ ਅਸੀਂ ਇਹ ਕੰਪੇਨ ਸ਼ੁਰੂ ਕੀਤੀ ਸੀ ਤਾਂ ਉਦੋਂ ਜਿਹੜੇ ਸੈਂਪਲ ਭਰਦੇ ਸੀ ਉਨ੍ਹਾਂ ਵਿਚ 34% ਵਿਚ ਮਿਲਾਵਟ ਹੁੰਦੀ ਸੀ ਪਰ ਅਕਤੂਬਰ, 1975 ਦੇ ਸਾਡੇ ਜੋ ਅੰਕੜੇ ਹਨ ਉਸ ਦੇ ਮੁਤਾਬਿਕ ਇਹ ਨੰਬਰ 34% ਤੋਂ ਘਟ ਕੇ 9% ਤੱਕ ਆ ਗਿਆ ਹੈ। (ਤਾੜੀਆਂ) ਇਹ ਇਸ ਕੰਪੇਨ ਦਾ ਰਿਜ਼ਲਟ ਹੈ।

---

## WRITTEN ANSWER TO STARRED QUESTION LAID ON THE TABLE OF THE HOUSE UNDER RULE 38

**Mr. Speaker**: Question Hour is over. The remaining question (only one question) shall be deemed to have been answered under Rule 38 of the Rules of Procedure and Conduct of Business in the Punjab Legislative Assembly.

---

### ਰਾਜ ਵਿਚ ਨਕਲੀ ਦਵਾਈਆਂ ਵੇਚਣ ਲਈ ਦਵਾਈਆਂ ਤਿਆਰ ਕਰਨ ਵਾਲਿਆਂ ਆਦਿ ਤੇ ਛਾਪੇ

*3414. **ਸ਼੍ਰੀ ਸਰਦਾਰੀ ਲਾਲ ਕਪੂਰ :** ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਕਤੂਬਰ ਅਤੇ ਨਵੰਬਰ 1975, ਦੇ ਮਹੀਨਿਆਂ ਦੌਰਾਨ ਰਾਜ ਵਿਚ ਸਿਹਤ ਵਿਭਾਗ ਨੇ ਦਵਾਈਆਂ, ਡਰਗਜ਼ ਤਿਆਰ ਕਰਨ ਵਾਲਿਆਂ/ਡਿਸਟਰੀ-ਬਿਊਟਰਾਂ ਦੇ ਇਹਾਤਿਆਂ/ਲਬਾਰਟਰੀ ਜਾਂ ਕੈਮਿਸਟਾਂ ਤੇ ਛਾਪੇ ਮਾਰੇ; ਜੇਕਰ ਅਜਿਹਾ ਹੋਵੇ ਤਾਂ ਸਥਾਨ-ਵਾਰ ਮਾਰੇ ਗਏ ਛਾਪਿਆਂ ਦਾ ਵੇਰਵਾ ਕੀ ਹੈ, ਨਕਲੀ ਦਵਾਈਆਂ ਤਿਆਰ

Original with;
Punjab Vidhan Sabha
Digitized by;
Panjab Digital Library

ਕਰਦੇ/ਵੇਚਦੇ/ਮਾਰਕੀਟਿੰਗ ਕਰ ਰਹੇ ਕਾਰਖਾਨੇਦਾਰਾਂ, ਡਿਸਟਰੀਬਿਊਟਰਾਂ ਅਤੇ ਕੈਮਿਸਟਾਂ ਦੇ ਨਾਂ ਕੀ ਕੀ ਹਨ ਅਤੇ ਉਹਨਾਂ ਹਰ ਇਕ ਵਿਰੁੱਧ ਕੀਤੀ ਗਈ ਕਾਰਵਾਈ ਜਾਂ ਕੀਤੀ ਜਾਣ ਵਾਲੀ ਕਾਰਵਾਈ ਦਾ ਵੇਰਵਾ ਕੀ ਹੈ ?

**ਸਰਦਾਰ ਬਲਬੀਰ ਸਿੰਘ** : ਹਾਂ ਜੀ ਸਿਹਤ ਵਿਭਾਗ ਦੇ ਅਫਸਰਾਂ ਦੁਆਰਾ ਅਕਤੂਬਰ ਅਤੇ ਨਵੰਬਰ, 1975 ਵਿਚ ਦਵਾਈਆਂ ਬਣਾਉਣ/ਵੇਚਣ ਵਾਲਿਆਂ ਦੀਆਂ ਲਬਾਰਟਰੀਆਂ/ਦੁਕਾਨਾਂ ਤੇ ਛਾਪੇ ਮਾਰੇ ਗਏ, ਜਿਨ੍ਹਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

———

Original with;
Punjab Vidhan Sabha
Digitized by;
Panjab Digital Library

ਵੇਰਵਾ

| ਲੜੀ ਨੰ: | ਜਗਾਹ ਦਾ ਨਾਮ ਜਿਥੇ ਛਾਪਾ ਮਾਰਿਆ ਗਿਆ | ਨਿਰੀਖਣ ਕੀਤੀਆਂ ਦੁਕਾਨਾਂ ਦੀ ਗਿਣਤੀ | ਦਵਾਈਆਂ ਬਣਾਉਣ ਵਾਲਿਆਂ/ਵੇਚਣ ਵਾਲਿਆਂ ਦਾ ਨਾਂ ਜਿਨ੍ਹਾਂ ਦੀਆਂ ਲਬਾਰਟਰੀਆਂ/ਦੁਕਾਨਾਂ ਤੇ ਛਾਪਾ ਮਾਰਿਆ ਗਿਆ | ਕੀ ਨਕਲੀ ਦਵਾਈ ਪਕੜੀ ਗਈ | ਜੋ ਕਾਰਵਾਈ ਕੀਤੀ ਗਈ |
|---|---|---|---|---|---|
| 1 | 2 | 3 | 4 | 5 | 6 |
| 1. | ਮੋਗਾ (ਫਰੀਦਕੋਟ) | 3 | (1) ਜੀ. ਸੀ. ਐਮ. ਲਬਾਰਟਰੀ, ਮੋਗਾ | ਨਹੀਂ | ਕਿਉਂਕਿ ਕੋਈ ਨਕਲੀ ਦਵਾਈ ਨਹੀਂ ਫੜੀ ਗਈ ਇਸ ਲਈ ਕੋਈ ਕਾਰਵਾਈ ਦੀ ਲੋੜ ਨਹੀਂ। |
| | | | (2) ਪਰਵੀਨ ਮੈਡੀਕਲ ਸਟੋਰ, ਮੋਗਾ। | ਹਾਂ | ਇਸ ਆਦਮੀ ਦੇ ਖਿਲਾਫ ਮੁਕੱਦਮਾ ਦਾਇਰ ਕਰਨ ਦੇ ਹੁਕਮ ਡਵੀਜ਼ਨਲ ਡਰਗ ਇਨਸਪੈਕਟਰ, ਫਰੀਦਕੋਟ ਨੂੰ ਦੇ ਦਿਤੇ ਗਏ ਹਨ। |
| | | | (3) ਚੌਧਰੀ ਮੈਡੀਕਲ ਹਾਲ, ਮੋਗਾ। | ਹਾਂ | ਇਸ ਦੁਕਾਨ ਤੇ ਭਾਰਤ ਸਰਕਾਰ ਦੁਆਰਾ ਭੇਜੇ ਗਏ ਡਰਗ ਇਨਸਪੈਕਟਰ ਨੂੰ ਸਿਵਲ ਸਰਜਨ, ਫਰੀਦਕੋਟ ਦੀ |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| | | | | | ਸਹਾਇਤਾ ਨਾਲ ਜਿਸ ਨੇ ਡਾ: ਕੇ. ਸੀ. ਗਰਗ ਅਤੇ ਡਵੀਜ਼ਨਲ ਡਰਗ ਇਨਸਪੈਕਟਰ, ਫਰੀਦਕੋਟ ਨੂੰ ਭੇਜਿਆ ਛਾਪਾ ਮਾਰਿਆ, ਭਾਰਤ ਸਰਕਾਰ ਦੁਆਰਾ ਭੇਜੇ ਗਏ ਡਰਗ ਇਨਸਪੈਕਟਰ ਨੇ ਦਵਾਈਆਂ ਦੇ ਨਮੂਨੇ ਲਏ, ਜਿਹੜੇ ਕਿ ਉਸ ਨੇ ਕੇਂਦਰੀ ਦਵਾਈ ਪਰਯੋਗ, ਸ਼ਾਲਾ, ਕੱਲਕਤਾ ਤੋਂ ਟੈਸਟ ਕਰਵਾਏ ਅਤੇ ਉਹ ਨਕਲੀ ਸਾਬਤ ਹੋ ਗਏ ਹਨ। ਇਹ ਕੇਸ ਅਜੇ ਤਕ ਸਹਾਇਕ ਡਰਗ ਕੰਟਰੋਲਰ, ਗਾਜ਼ੀਆਬਾਦ ਦੇ ਨਿਰੀਖਣ ਅਧੀਨ ਹੈ। ਇਸ ਸਬੰਧ ਵਿਚ ਭਾਰਤ ਸਰਕਾਰ ਦੁਆਰਾ ਹਦਾਇਤ ਮਿਲਣ ਤੇ ਮੁਕੱਦਮਾ ਦਾਇਰ ਕਰ ਦਿਤਾ ਜਾਵੇਗ। |
| 2. | ਮੁਕਤਸਰ (ਫਰੀਦਕੋਟ) | 1 | ਜੀ. ਐਸ. ਸ਼ਾਮ ਸੁੰਦਾਰ ਕੈਮਿਸਟ ਮੁਕਤਸਰ (ਫਰੀਦਕੋਟ) | ਨਹੀਂ | ਕਿਉਂਕਿ ਕੋਈ ਨਕਲੀ ਦਵਾਈ ਨਹੀਂ ਫੜੀ ਗਈ ਇਸ ਲਈ ਕਿਸੇ ਕਾਰਵਾਈ ਦੀ ਲੋੜ ਨਹੀਂ। |
| 3. | ਪਿੰਡ ਸ਼ੰਕਰ, ਤਹਿਸੀਲ ਨਕੋਦਰ (ਜਲੰਧਰ) | 1 | ਸ੍ਰੀ ਰਛਪਾਲ ਸਿੰਘ ਸਪੁੱਤਰ ਸ੍ਰੀ ਹਰਭਜਨ ਸਿੰਘ, ਨਕੋਦਰ (ਜਲੰਧਰ) | ਨਹੀਂ | —ਉਹੀ— |
| 4. | ਜਲੰਧਰ | 1 | ਸ੍ਰੀ ਜਗਜੀਤ ਸਿੰਘ ਲੱਡਵਾਲੀ ਰੋਡ, ਜਲੰਧਰ। | ਨਹੀਂ | —ਉਹੀ— |

Original with; Punjab Vidhan Sabha Digitized by; Panjab Digital Library

| 1 | 2 | 3 | 4 | 5 | 6 |
|---|---|---|---|---|---|
| 5. | ਪਟਿਆਲਾ | 6 | (1) ਗਿਆਨ ਸਿੰਘ ਐਂਡ ਕੰਪਨੀ, ਪਟਿਆਲਾ । | ਨਹੀਂ | —ਉਹੀ— |
| | | | (2) ਸ਼੍ਰੀ ਮੂਲ ਚੰਦ ਐਂਡ ਕੰਪਨੀ, ਪਟਿਆਲਾ । | ਨਹੀਂ | —ਉਹੀ— |
| | | | (3) ਵੀਨਸ ਲਬਾਰਟਰੀ, ਪਟਿਆਲਾ | ਨਹੀਂ | —ਉਹੀ— |
| | | | (4) ਵਿਜੇ ਮੈਡੀਕਲ ਅਜੈਂਸੀ, ਪਟਿਆਲਾ । | ਨਹੀਂ | —ਉਹੀ— |
| | | | (5) ਪਰੇਮ ਮੈਡੀਕਲ ਸਟੋਰ, ਪਟਿਆਲਾ | ਨਹੀਂ | —ਉਹੀ— |
| | | | (6) ਭਗਤ ਸਿੰਘ ਐਂਡ ਸਨਜ਼, ਪਟਿਆਲਾ । | ਨਹੀਂ | —ਉਹੀ— |
| 6. | ਰਾਜਪੁਰਾ (ਪਟਿਆਲਾ) | 1 | ਓਸਵਾਲ ਲਬਾਰਟਰੀ, ਰਾਜਪੁਰਾ (ਪਟਿਆਲਾ) | ਨਹੀਂ | —ਉਹੀ— |
| 7. | ਹੁਸ਼ਿਆਰਪੁਰ | 2 | (1) ਆਦਰਸ਼ ਮੈਡੀਕਲ ਹਾਲ, ਹੁਸ਼ਿਆਰਪੁਰ । | ਨਹੀਂ | —ਉਹੀ— |
| | | | (2) ਸੁਭਾਸ਼ ਮੈਡੀਕਲ ਸਟੋਰ, ਹੁਸ਼ਿਆਰਪੁਰ । | ਨਹੀਂ | —ਉਹੀ— |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 8. | ਗੜ੍ਹਸ਼ੰਕਰ (ਹੁਸ਼ਿਆਰਪੁਰ) | 3 | (1) ਦੁਰਗਾ ਮੈਡੀਕਲ ਗੜ੍ਹਸ਼ੰਕਰ, (ਹੁਸ਼ਿਆਰਪੁਰ) | ਨਹੀਂ | —ਉਹੀ— |
| | | | (2) ਕਰਮ ਚੰਦ ਲਾਂਬਾ ਕੈਮੀਕਲ, ਗੜ੍ਹਸ਼ੰਕਰ (ਹੁਸ਼ਿਆਰਪੁਰ) | ਨਹੀਂ | —ਉਹੀ— |
| | | | (3) ਜਨਕ ਮੈਡੀਕਲ ਹਾਲ, ਗੜ੍ਹਸ਼ੰਕਰ (ਹੁਸ਼ਿਆਰਪੁਰ) | ਨਹੀਂ | —ਉਹੀ— |
| 9. | ਕਪੂਰਥਲਾ | 1 | ਮੈ: ਭਾਰਤ ਕੈਮੀਕਲ ਐਂਡ ਮੈਨੂੰਫੈਕਚਰਿੰਗ ਵਰਕਸ, ਕਪੂਰਥਲਾ । | ਨਹੀਂ | —ਉਹੀ— |
| 10. | ਫਗਵਾੜਾ (ਕਪੂਰਥਲਾ) | 4 | (1) ਮੈ: ਜਨਤਾ ਮੈਡੀਕਲ ਸਟੋਰ, ਫਗਵਾੜਾ । | ਨਹੀਂ | —ਉਹੀ— |
| | | | (2) ਮੈ: ਚੱਡਾ ਮੈਡੀਕਲ ਹਾਲ, ਫਗਵਾੜਾ । | ਨਹੀਂ | —ਉਹੀ— |
| | | | (3) ਮੈ: ਭਗਤ ਰਾਮ ਦੱਤ, ਫਗਵਾੜਾ । | ਨਹੀਂ | —ਉਹੀ— |
| | | | (4) ਮੈ: ਵਿਜੈ ਮੈਡੀਕਲ ਏਜੰਸੀ, ਫਗਵਾੜਾ । | ਨਹੀਂ | —ਉਹੀ— |
| 11. | ਅੰਮ੍ਰਿਤਸਰ | 2 | (1) ਮੈ: ਕੇ. ਐਲ. ਅਨੰਦ ਬਲੱਡ ਬੈਂਕ, ਅੰਮ੍ਰਿਤਸਰ । | ਨਹੀਂ | —ਉਹੀ— |
| | | | (2) ਮੈ: ਰਾਮ ਸਰਨ ਦਾਸ ਕਿਸ਼ੋਰੀ ਲਾਲ ਚੈਰੀਟੇਬਲ ਹਸਪਤਾਲ, ਅੰਮ੍ਰਿਤਸਰ । | ਨਹੀਂ | —ਉਹੀ— |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 |
|---|---|---|---|---|---|
| 12. | ਰੋਪੜ | 2 | (1) ਕੇਵਲ ਮੈਡੀਕਲ ਹਾਲ, ਰੋਪੜ | ਨਹੀਂ | —ਉਹੀ— |
| | | | (2) ਗਿਆਨ ਚੰਦ ਐਂਡ ਸਨਜ਼, ਰੋਪੜ। | ਨਹੀਂ | —ਉਹੀ— |
| 13. | ਮੁਹਾਲੀ (ਰੋਪੜ) | 2 | (1) ਚੌਧਰੀ ਮੈਡੀਕਲ, ਮੁਹਾਲੀ | ਨਹੀਂ | —ਉਹੀ— |
| | | | (2) ਰਣਵੈਕਸੀ ਲਬਾਰਟਰੀ, ਮੁਹਾਲੀ | ਨਹੀਂ | —ਉਹੀ— |
| 14. | ਖਰੜ (ਰੋਪੜ) | 2 | (1) ਕੈਪੀਟਲ ਮੈਡੀਕਲ ਸਟੋਰ, ਖਰੜ | ਨਹੀਂ | —ਉਹੀ— |
| | | | (2) ਮੈ: ਗੁਪਤਾ ਮੈਡੀਕਲ ਸਟੋਰ, ਖਰੜ। | ਨਹੀਂ | —ਉਹੀ— |
| 15. | ਕੁਰਾਲੀ (ਰੋਪੜ) | 1 | ਮੈ: ਇਕਬਾਲ ਮੈਡੀਕਲ ਸਟੋਰ, ਕੁਰਾਲੀ । | ਨਹੀਂ | —ਉਹੀ— |
| 16. | ਅਨੰਦਪੁਰ ਸਾਹਿਬ (ਰੋਪੜ) | 2 | (1) ਮੈ: ਸ਼ਰਮਾਂ ਮੈਡੀਕਲ ਹਾਲ, ਅਨੰਦਪੁਰ ਸਾਹਿਬ । | ਨਹੀਂ | —ਉਹੀ— |
| | | | (2) ਨੈਸ਼ਨਲ ਮੈਡੀਕਲ ਹਾਲ, ਅਨੰਦਪੁਰ ਸਾਹਿਬ | ਨਹੀਂ | —ਉਹੀ— |
| 17. | ਬਠਿੰਡਾ | 6 | (1) ਮੈ: ਜੋਤੀ ਮੈਡੀਕਲ ਸਟੋਰ, ਬਠਿੰਡਾ । | ਨਹੀਂ | —ਉਹੀ— |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| | | | (2) ਮੈ; ਚੀਪ ਮੈਡੀਕਲ ਸਟੋਰ, ਬਠਿੰਡਾ । | ਨਹੀਂ | —ਉਹੀ— |
| | | | (3) ਸੁਰਿੰਦਰਾ ਮੈਡੀਕਲ ਹਾਲ, ਬਠਿੰਡਾ | ਨਹੀਂ | —ਉਹੀ— |
| | | | (4) ਜਗਦੀਸ਼ ਮੈਡੀਕਲ ਏਜੰਸੀ, ਬਠਿੰਡਾ । | ਨਹੀਂ | —ਉਹੀ— |
| | | | (5) ਮੈ: ਸੁਖਦੇਵ ਸ਼ਰਮਾ, ਆਰ.ਐਮ.ਪੀ., ਬਠਿੰਡਾ । | ਨਹੀਂ | —ਉਹੀ— |
| | | | (6) ਐਵਰਸਟ ਫਾਰਮਾ ਵਰਕਸ, ਬਠਿੰਡਾ । | ਨਹੀਂ | —ਉਹੀ— |
| 18. | ਮਾਨਸਾ | 2 | (1) ਹੈਲਨ ਲਬਾਰਟਰੀ, ਮਾਨਸਾ | ਨਹੀਂ | —ਉਹੀ— |
| | | | (2) ਹਿੰਦੁਸਤਾਨ ਮੈਡੀਕਲ ਹਾਲ, ਮਾਨਸਾ । | ਨਹੀਂ | —ਉਹੀ— |
| 19. | ਲੁਧਿਆਣਾ | 1 | ਯੂਨਾਈਟਡ ਮੈਡੀਕਲ ਹਾਲ, ਲੁਧਿਆਣਾ (ਅਗਸਤ 1975 ਵਿਚ ਛਾਪਾ ਮਾਰਿਆ ਗਿਆ) | ਹਾਂ | ਦੋ ਮੁਕੱਦਮੇ 16 ਅਕਤੂਬਰ, 1975 ਅਤੇ 14 ਨਵੰਬਰ, 1975 ਨੂੰ ਦਾਇਰ ਕਰ ਦਿਤੇ ਗਏ । ਇਸ ਫਰਮ ਦੇ ਡਰਗ ਲਾਇਸੰਸ ਕੈਂਸਲ ਕਰ ਦਿਤੇ ਗਏ । |

Original with;
Punjab Vidhan Sabha
Digitized by;
Panjab Digital Library

# UNSTARRED QUESTIONS AND ANSWERS

## CONSTRUCTION OF MODEL VILLAGES IN AMRITSAR DISTRICT

**987. Comrade Satya Pal Dang** : Will the Minister of State for Development be pleased to state—

(a) the names of villages so far declared as Model Villages in Amritsar District, block-wise ;

(b) the details of the works carried out and completed in each of the said villages under the Model Villages Scheme ;

(c) the details of the works which have not so far been carried out under the said Scheme in case of each village stating the reasons for the same ?

**Sardar Santokh Singh Randhawa** : (a) A statement is enclosed.

(b) A Statement is enclosed.

(c) A Statement is enclosed.

**List of villages so far declared as Model Villages in Amritsar District**

| (a) The names of Villages so far declared as Model Villages under Model Villages Scheme | | | (b) The details of the works carried out & completed in each of the said villages under Model Villages Scheme | | (c) The details of the works which have not so far been carried out under the said scheme in case of each village stating the reasons for the same |
|---|---|---|---|---|---|
| Name of Block | S. No. | Name of Village | Upto date Paving | Progress Drains | |
| 1 | 2 | 3 | 4 | 5 | 6 |
| Majitha | 1. | Bhoma | Completed | Completed | — |
| | 2. | Bhangali | Completed | Completed | — |
| | 3. | Budha Theh | 92% | 92% | — |
| | 4. | Jalalpura | 90% | 90% | — |
| | 5. | Pakherpura | 90% | 90% | — |
| | 6. | Begowal | 42% | 42% | — |
| | 7. | Rupowali | 10% | 10% | — |
| | 8. | Bhagwan | 95% | 95% | — |
| Rayya | 9. | Rajpur | Completed | Completed | — |
| | 10. | Butter | Completed | Completed | — |
| | 11. | Wadala Kalan | Completed | Completed | — |

Original with;
Punjab Vidhan Sabha
Digitized by;
Panjab Digital Library

| (a) The names of Villages so far declared as Model Villages under Model Villages Scheme | | | (b) The details of the work carried out & completed in each of the said villages under Model Villages Scheme | | (c) The details of the works which have not so far been carried out under the said scheme in case of each village stating the reasons for the same |
|---|---|---|---|---|---|
| Name of Block | S. No. | Name of Village | Upto date Paving | Progress Drains | |
| 1 | 2 | 3 | 5 | 5 | 6 |
| | 12. | Lidder | 95% | 95% | — |
| | 13. | Jalal Usman | 80% | 80% | — |
| | 14. | Wazir Bhuller | Completed | Completed | — |
| | 15. | Gaggar Bhana | 93% | 98% | — |
| | 16. | Pheruman | 100% | 100% | — |
| | 17. | Balsarai | 85% | 80% | — |
| Jandiala | 18. | Manawala Khurd | Completed | Completed | — |
| | 19. | Jhita Khurd | Completed | Completed | — |
| | 20. | Devidaspura | Completed | Completed | — |
| | 21. | Chauhan | Completed | Completed | — |
| | 22. | Meharbanpur | Completed | Completed | — |
| | 23. | Taragarh | Completed | Completed | — |
| | 24. | Jethowal | 40% | 15% | — |
| Tarsikka | 25. | Dhulka | Completed | Completed | — |
| | 26. | Chhajal Waddi | Completed | Completed | — |
| | 27. | Muchhal | Completed | Completed | — |
| | 28, | Dohriwal | Completed | Completed | — |
| | 29. | Lora | Completed | Completed | — |
| | 30. | Kaleka | Coupleted | Completed | — |
| | 31. | Thando | 95% | 100% | — |
| | 32. | Ghanupur | Completed | Completed | — |
| | 33. | Loharka Khurd | 100% | 90% | — |
| | 34. | Heir | 94% | 94% | — |
| | 35. | Fatehgarh Shuker Chak | 95% | 95% | — |
| Verka | 36. | Verka | 90% | 95% | — |
| — | 37. | Kot Khalsa | 62% | 68% | — |
| — | 38. | Vallah | 90% | 90% | — |

Original with;
Punjab Vidhan Sabha
Digitized by;
Panjab Digital Library

[Minister of State for Development]

| (a) The names of Villages so far declared as Model Villages under Model Villages Scheme | | | (b) The details of the work carried out & completed in each of the said villages under Model Villages Scheme | | (c) The details of the works which have not so far been carried out under the said scheme in case of each village stating the reasons for the same |
|---|---|---|---|---|---|
| Name of Block | S. No. | Name of Village | Upto date Paving | Progress Drains | |
| 1 | 2 | 3 | 4 | 5 | 6 |
| Tarn Taran | 39. | Behla | Completed | Completed | — |
| | 40. | Bhojian | 100% | 60% | — |
| | 41. | Ram Rauni | 100% | 100% | — |
| | 42. | Kadgel | 98% | 96% | — |
| | 43. | Pandori Ram Singh | 96% | 94% | — |
| | 44. | Pandori Rehman | 100% | 99% | — |
| | 45. | Muse | 79% | 94% | — |
| Chola Sahib | 46. | Brahampura | Completed | Completed | — |
| | 47. | Fateh Abad | 85% | 80% | — |
| | 48. | Marhana | 90% | 50% | — |
| | 49. | Mohanpura | 83% | 85% | — |
| | 50. | Pakhupura | 70% | 43% | — |
| | 51. | Chohla Sahib | 75% | 40% | — |
| Naushehra Panuan | 52. | Tur | Completed | Completed | — |
| | 53. | Nathu Chak | Completed | Completed | — |
| | 54. | Kairon | 90% | 86% | — |
| | 55. | Naushehral Pannuan | 98% | 95% | — |
| | 56. | Lauhka | 100% | 92% | — |
| | 57. | Lalpura | 93% | 78% | — |
| | 58. | Jhander | 95% | 85% | — |
| Khadur Sahib | 59. | Khadur Sahib | Completed | Completed | — |
| | 60. | Jalalabad | Completed | Completed | — |
| | 61. | Ghaseetpur | 72% | 60% | — |
| | 62. | Thaktheir Chak | 98% | 98% | — |
| | 63. | Pindian | 90% | 80% | — |
| | 64. | Bhaini Sidhwan | 95% | 95% | — |

Original with;
Punjab Vidhan Sabha
Digitized by;
Panjab Digital Library

| (a) The names of Villages so far declared as Model Villages under Model Villages Scheme | | | (b) The details of the work carried out & completed in each of the said villages under Model Villages Scheme | (c) The details of the works which have not so far been carried out under the said scheme in case of each village stating the reasons for the same | |
|---|---|---|---|---|---|
| Name of Block | S. No. | Name of Village | Upto date Paving | Progress Drains | |
| 1 | 2 | 3 | 4 | 5 | 6 |
| | 65. | Goindwal | 82% | 50% | — |
| | 66. | Khakh | 97% | 93% | — |
| Gandiwind | 67. | Gandiwind | Completed | Completed | — |
| | 68. | Burj Kahan Singh | 100% | 100% | — |
| | 69. | Kher Denke | 100% | 100% | — |
| | 70. | Bhuse | 1 00% | 100% | — |
| | 71. | Aima Kalan | 100% | 100% | — |
| | 72. | Gagga Bua | 100% | 100% | — |
| | 73. | Kasal | 75% | 45% | — |
| | 74. | Sohal | 78% | 90% | — |
| Ajnala | 75. | Jugder Kalan | Completed | Completed | — |
| | 76. | Dhariwal | 87% | 87% | — |
| | 77. | Chak Sikander | 93% | 93% | — |
| | 78. | Mallu Nangal | 90% | 90% | — |
| | 79. | Awan | 90% | 90% | — |
| | 80. | Thoba | 100% | 100% | — |
| | 81. | Lashhri Nangal | 90% | 95% | — |
| | 82. | Ajnala | 90% | 90% | — |
| | 83. | Balharwal | 23% | 23% | — |
| Chogawan | 84. | Sarangra | Completed | Completed | — |
| | 85. | Chak Misri Khan | 87% | 87% | — |
| | 86. | Kasmaska | — | — | The work has not yet been started as the Village Panchayat has not deposited due share and earth work has also not been completed. |
| | 87. | Jasraur | 90% | 90% | — |
| | 88. | Brar | 98% | 96% | — |

Original with;
Punjab Vidhan Sabha
Digitized by;
Panjab Digital Library

[Minister of State for Development]

| | | | | | |
|---|---|---|---|---|---|
| | 89. | Beharwal | 96% | 100% | — |
| | 90. | Ranian | 73% | 73% | — |
| | 91. | Raja Sansi | 63% | 68% | — |
| | 92. | Harsa Chhina | Completed | Completed | — |
| Patti | 93. | Raipur Balim | Completed | Completed | — |
| | 94. | Saheed | Completed | Completed | — |
| | 95. | Ghariala | 50% | 50% | — |
| | 96. | Kiratwal | 98% | 83% | — |
| | 97. | Barwala | 96% | 89% | — |
| | 98. | Dubli | 87% | 88% | — |
| | 99. | Mugalwala | 100% | 95% | — |
| | 100. | Bathe Baini | 21% | 21% | — |
| Bhikhiwind | 101. | Bhikhiwind | Completed | Completed | — |
| | 102. | Basarke | 90% | 90% | — |
| | 103. | Pahuwind | 70% | 70% | — |
| | 104. | Naroli | 70% | 70% | — |
| | 105. | Suga | 80% | 80% | — |
| | 106. | Sidhwan | 90% | 90% | — |
| Valtoha | 107. | Mehmodpura | Completed | Completed | — |
| | 108. | Rajoko | 75% | 75% | — |
| | 109. | Jand | — | — | The work has not been started as the Village Panchayat has not deposited its due share and earth work has also not been completed. |
| | 110. | Toot | 96% | 77% | — |
| | 111. | Warnala | 89% | 97% | — |
| | 112. | Muchike | 80% | 80% | — |

Original with;
Punjab Vidhan Sabha
Digitized by;
Panjab Digital Library

UNSTARRED QUESTION No. 1104

(Extension was asked for in respect of Unstarred Question No. 1104)

ਵਿਧਾਨ ਸਭਾ ਦੇ ਅਨਸਟਾਰਡ ਸਵਾਲ ਨੰ: 1104 ਜੋ ਮਿਤੀ 10 ਫਰਵਰੀ, 1976 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ, ਐਲ. ਏ. ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ 'ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

(ਉਮਰਾਓ ਸਿੰਘ)

ਮਾਲ ਤੇ ਚੋਣ ਮੰਤਰੀ, ਪੰਜਾਬ ।

ਸੇਵਾ ਵਿਖੇ

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ: ਸ: ਪੱਤਰ ਨ: 30 ਮਿਤੀ ਚੰਡੀਗੜ੍ਹ, 9 ਫਰਵਰੀ, 1976

CALCULATING OF PENSION OF RETIRING GOVERNMENT EMPLOYEES

**1105. Comrade Satya Pal Dang** : Will the Minister for Finance be pleased to state whether any legislator wrote to him in the month of June or July, 1975 suggesting revision in the present pension formula; if so, a copy of the letter together with the details of the action taken by the Government thereon be laid on the Table of the House?

**ਸ੍ਰੀ ਹੰਸ ਰਾਜ ਸ਼ਰਮਾ** : ਹਾਂ ਜੀ । ਮਿਤੀ 4 ਜੁਲਾਈ, 1975 ਦੇ ਪੱਤਰ ਦੀ ਇਕ ਨਕਲ ਸਮੇਤ ਪੰਜਾਬ ਸਰਕਾਰ ਦੇ ਪੱਤਰ ਨੰ: 2309.6 ਐਫ. ਆਰ.-75/17687, ਮਿਤੀ 31 ਜੁਲਾਈ, 1975 ਦੀ ਇਕ ਨਕਲ ਦੇ ਜਿਸ ਵਿਚ ਇਸ ਸਬੰਧੀ ਕੀਤੀ ਗਈ ਕਾਰਵਾਈ ਦਰਸਾਈ ਹੋਈ ਹੈ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

**Copy of the letter**

SATYA PAL DANG M.L.A.

Ekta Bhawan
Chheharta (Amritsar)
Dated : 4-7-1975

My dear Sharma ji,

I am writing this to once again draw your attention to a very justified demand of the pensioners :—

(a) When the Punjab Government revised the Grades and Scales of pay of the State Government Employees some years ago, it did not give any relief to the Pensioners corresponding to that.

Original with:
Punjab Vidhan Sabha
Digitized by:
Panjab Digital Library

[ਵਿੱਤ ਮੰਤਰੀ]

(b) The Government of India has recently revised the Grades and Scales of pay of the Central Government Employees. Simultaneously it has revised the pension formula. The pension rate has been increased. The maximum has also been increased from Rs. 670/— to Rs. 1,000/— This would benefit the existing employees of the Central Government when they retire.

In connection with this some *ad-hoc* relief has also been given to the existing pensioners who retired before the date of revision of grades and scales of pay of the Central Government Employees.

(c) The punjab is committed since long to keep its pensioners at par with the pensioners of the Central Government.

They have, however, not been given relief corresponding to the *ad hoc* relief given by the Central Government in connection with the revision of grades and scales of pay.

(d) I would very strongly request that :—

(i) The State Government should revise its pension formula without further delay on lines of the Central Government.

(ii) grant *ad-hoc* relief to the pensioners at par with the similar relief given by the Central Government to its pensioners.

I would also request that another injustice done to the pensioners should also be undone. Relief given to them on account of dearness is at par with the relief given by the Government of India in matter of quantum but not from the same date. It is requested that this relief may be made retrospective from the same date from which it has been given by the Central Government.

Early action and reply are requested.

With kind regards.

Yours sincerely,
Sd/—
(Satya Pal Dang, M.L.A.)

1. Shri Hans Raj Sharma,
Finance Minister, Punjab, Chandigarh.

2. Giani Zail Singh,
Chief Minister, Punjab,
Chandigarh.

No. 2309—6FR—75/17687.

From

The Secretary to Government, Punjab,
Finance Department.

To

All Heads of Departments,
Registrar, Punjab and Haryana High Court, Commissioners of Divisions, District and Sessions Judges, and Deputy Commissioners in the Punjab.

Dated Chandigarh, the 31st July, 1975.

Subject :—Liberalization of the provisions of death-cum-retirement benefits on the basis of the recommendations of the Central Third Pay Commission.

Sir,

I am directed to invite a reference to the subject noted above and to say that the question of adoption of the recommendations of the Central Third Pay Commission relating to Death-cum-Retirement Benefits, has been under the consi-

Original with;
Punjab Vidhan Sabha
Digitized by;
Panjab Digital Library

deration of the State Government for sometime. It has now been decided to accept the following recommendations :—

(A) **Pension and Death-cum-Retirement Gratuity.**

(i) The maximum limit of pension in terms of rule 6.16 of the Punjab Civil Services Rules, Volume II, has been raised from Rs. 675 to Rs. 1,000 p. m.

(ii) The maximum limit of Rs. 24,000 applicable to Death-cum-Retirement Gratuity as laid down in sub-rule (3) of Rule 6.16 'A' *ibid* has been raised to Rs. 30,000.

(iii) The maximum limit for calculating Death-cum-Retirement Gratuity in terms of sub-rule (5) (i) of Rule 6.16 A *ibid* has been raised from Rs. 1,800 p.m. to Rs. 2,500 p.m.

(B) **Family Pension Scheme, 1964.**

(i) The rates of the Family Pension under the family pension Scheme, 1964, contained in Appendix I of Punjab Civil Services Rules, Volume II, have been revised as follows :—

| Pay of Govt. employee | Monthly pension of widow/widower/children. |
|---|---|
| (a) Below Rs. 400 | 30 per cent of pay subject to a minimum of Rs. 60 and maximum of Rs. 100. |
| (b) Rs. 400 and above but below Rs. 1,200 | 15 per cent of pay subject to a minmum of Rs. 100 and maximum of Rs. 160. |
| (c) Rs. 1200 and above | 12 per cent of pay subject to a minimum of Rs. 160 and a maximum of Rs. 250. |

(ii) The maximum contribution of Rs. 3,600 recoverable out of Death-cum-Retirement Gratuity in terms of para 5 of Family Pension Scheme, 1964, has been raised to Rs. 5,000.

(iii) The amount of the Family Pension at enhanced rates as determined under para 21 of Family Pension Scheme, 1964, shall be payable—

(a) in the event of death of a Government employee while in service for a period of seven years or up to the date on which the deceased Government employee would have attained the age of 65 years had he survived whichever period is less;

(b) In the event of death after retirement, the family pension at the enhanced rates shall be payable up to the date on which the pensioner would have attained the age of 65 years or for seven years, whichever period is less, but in no case the amount of family pension shall exceed the pension sanctioned to the Government employee at the time of his retirement. However, in cases where the amount of family pension as admissible under sub-para B (1) above exceeds the pension sanctioned at the time of retirement, the amount of family pension sanctioned under this sub-clause shall not be less than that amount. The pension sanctioned at the time of retirement shall be the pension inclusive of the part of the pension which the retired Government employee may have commuted before death.

(iv) The family pension in respect of Government employee who dies after retirement, shall be payable to the family as defined in para 3 of Family Pension Scheme, 1964 and declared as such by the Government employee before retirement.

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

(C) **Invalid Pension.**

In respect of Government employee who retires on invalid pension in terms of rule 5.11 and 5.12 of Punjab Civil Services, Rules Volume II, the amount of invalid pension shall not be less than the amount of the Family Pension mentioned at (B) (1) above.

2. These provisions shall be applicable to retirements taking place on or after the 1st January, 1973.

3. Amendment in the relevant rules will be made in due course.

Yours faithfully,

HARBANS SINGH CHOPRA,

Under Secretary, Finance (R)
*for* Secretary to Government, Punjab,
Finance Department.

No. 2309-6FR-75/17688, dated Chandigarh, the 31st July, 1975.

A copy is forwarded to the Accountant General, Punjab, Chandigarh for information and necessary action.

HARBANS SINGH CHOPRA,

Under Secretary, Finance (R),
*for* Secretary to Government, Punjab,
Finance Department.

Copies are forwarded to the Financial Commissioners, Punjab and all the Administrative Secretaries to Government, Punjab, for information and guidance.

HARBANS SINGH CHOPRA,

Under Secretary, Finance (R),
*for* Secretary to Government, Punjab,
Finance Department.

(1) The Financial Commissioners, Punjab.

(2) All the Administrative Secretaries to Government, Punjab.

U. O. No. 2309-6-FR-75, dated Chandigarh, the 31st July, 1975.

## PUNJAB GOVERNMENT LIAISON OFFICER AT CALCUTTA

**1108. Comrade Satya Pal Dang** : Will the Chief Minister be pleased to state—

(a) whether the Punjab Government in the Industries Department have appointed any Liaison Officer at Calcutta ; if so, the date when this post was created ;

(b) the name of the person who was appointed against the said post when it was first created and the name of the person who is holding the post at present ?

(c) the nature of duties of the said Liaison Officer ;

(d) the average monthly expenditure incurred on the said post so far ?

Original with;
Punjab Vidhan Sabha
Digitized by;
Panjab Digital Library

**ਗਿਆਨੀ ਜ਼ੈਲ ਸਿੰਘ :** (ਏ) ਹਾਂ, ਪੰਜਾਬ ਸਰਕਾਰ ਦੇ ਪਿੱਠ ਅੰਕਣ ਨੰ: 2925-ਐਸ. ਆਈ. (1)-74/ਮਿਤੀ 15-5-74 ਦੇ ਅਨੁਸਾਰ ਸੰਪਰਕ ਅਫਸਰ, ਕਲੱਕਤਾ, ਦੀ ਇਕ ਆਰਜ਼ੀ ਐਕਸ-ਕਾਡਰ ਅਸਾਮੀ ਮਿਤੀ 5 ਜੁਲਾਈ, 1974 ਤੋਂ ਰਚੀ ਗਈ ਸੀ ।

(ਬੀ) ਸ੍ਰੀ ਐਨ. ਐਸ. ਰਤਨ, ਆਈ.ਏ.ਐਸ., ਸੰਪਰਕ ਅਫਸਰ, ਕਲੱਕਤਾ ਪਹਿਲੀ ਵਾਰ ਨਿਯੁਕਤ ਕੀਤੇ ਗਏ ਸਨ । ਹੁਣ ਸ੍ਰੀ ਜੀ. ਪਟਨਾਇਕ, ਆਈ.ਏ.ਐਸ., ਇਸ ਅਸਾਮੀ ਤੇ ਲੱਗੇ ਹੋਏ ਹਨ ।

(ਸੀ) ਸੰਪਰਕ ਅਫਸਰ ਦੀਆਂ ਡਿਊਟੀਆਂ ਇਸ ਪ੍ਰਕਾਰ ਹਨ :—

(1) ਜੁਆਇੰਟ ਪਲਾਂਟ ਕਮੇਟੀ, ਕੋਲ ਕੰਟਰੋਲਰ, ਜੁਆਇੰਟ ਡਾਇਰੈਕਟਰ (ਟਰਾਂਸਪੋਰਟੇਸ਼ਨ ਕੋਲ) ਅਤੇ ਦੂਜੇ ਹੋਰ ਭਾਰਤ ਸਰਕਾਰ ਦੇ ਦਫਤਰਾਂ ਤੋਂ ਲੋਹਾ, ਕੋਲ, ਕੋਕ, ਸਟੀਲ ਅਤੇ ਦੂਜੇ ਮੈਟੀਰੀਅਲ ਦੀ ਖਰੀਦ ਬਾਰੇ ਇੰਡੈਂਟਾਂ ਨੂੰ ਪਰਸੂ ਕਰਨਾ ।

(2) ਬੈਕ ਲਾਗ ਦੇ ਕਾਰਨ ਜਮ੍ਹਾਂ ਹੋਏ ਮਾਲ ਦੇ ਨਿਪਟਾਰੇ ਲਈ ਪੰਜਾਬ ਸਟੇਟ ਸਮਾਲ ਇੰਡਸਟਰੀਜ਼ ਕਾਰਪੋਰੇਸ਼ਨ ਦੀ ਸਹਾਇਤਾ ਕਰਨਾ ।

(3) ਜੁਆਇੰਟ ਪਲਾਂਟ ਕਮੇਟੀ ਆਦਿ ਦੇ ਦਫਤਰਾਂ ਵਿਚ ਸਮਾਲ ਸਕੇਲ ਯੂਨਿਟਾਂ ਅਤੇ ਪੰਜਾਬ ਸਮਾਲ ਇੰਡਸਟਰੀਜ਼ ਕਾਰਪੋਰੇਸ਼ਨ ਦੇ ਜ਼ਰੂਰੀ ਕੰਮਾਂ ਦੀ ਦੇਖ ਭਾਲ ਕਰਨਾ ।

(4) ਪਰਮ ਅਗੇਤ ਪਰੋਗਰਾਮੇ ਆਦਿ ਨੂੰ ਕਮਪਿਊਟਰਾਈਜੇਸ਼ਨ ਦੇ ਮੰਤਵ ਲਈ ਜੁਆਇੰਟ ਪਲਾਂਟ ਕਮੇਟੀ ਨਾਲ ਸੰਪਰਕ ਕਾਇਮ ਰਖਣਾ ।

(5) ਰੀ-ਰੋਲੇਬਲ ਸਕਰੈਪ ਦੀ ਵੰਡ ਬਾਰੇ ਮਾਮਲੇ ਨੂੰ ਜੁਆਇੰਟ ਪਲਾਂਟ ਕਮੇਟੀ ਨਾਲ ਨਜਿੱਠਣਾ ।

(6) ਰਾਜ ਵਿਚ ਪਿਗ ਆਇਰਨ ਨੂੰ ਛੇਤੀ ਪਹੁੰਚਾਣ ਲਈ ਕਲਕੱਤੇ ਦੇ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਰਖਣਾ ।

(ਡੀ) ਸੰਪਰਕ ਅਫਸਰ ਨੇ ਰੁ: 13,494.50 ਪੈਸੇ ਬਤੌਰ ਤਨਖਾਹ ਸਮਾਂ ਅਪਰੈਲ, 1975 ਤੋਂ ਨਵੰਬਰ, 1975 ਤਕ ਡਰਾ ਕੀਤੀ । ਇਸ ਤਰ੍ਹਾਂ ਇਸ ਪੋਸਟ ਤੇ ਔਸਤਨ ਮਹਾਵਾਰੀ ਖਰਚਾ ਰੁ: 1686.81 ਪੈਸੇ ਆਉਂਦਾ ਹੈ ।

———

## STATEMENTS LAID ON THE TABLE OF THE HOUSE IN REPLY TO CALL-ATTENTION NOTICES

**Minister of State for Health and Family Planning** (Sardar Balbir Singh) : Sir, I beg to lay on the Table replies to Call Attention Notices Nos. 82 and 83.

Original with;
Punjab Vidhan Sabha
Digitized by;
Panjab Digital Library

(Serial No. 82)

**Comrade Darshan Singh Canadian** : to draw the attention of the Government towards a matter of urgent public importance, namely, that hundreds of Chowkidars have still not been paid the arrears of pay for the year 1968 to 1974 even after the Government decision to pay them. As the matter concerns thousands of Chowkidars and their families and is generating discontentment among them, the Government may be asked to make a statement on the subject in the House.

**ਗਿਆਨੀ ਜ਼ੈਲ ਸਿੰਘ** (ਮੁੱਖ ਮੰਤਰੀ) : ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਨੂੰ 30 ਜੁਲਾਈ, 1971 ਤੋਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ 17 ਅਗਸਤ, 1973 ਤੋਂ ਚੌਕੀਦਾਰਾ ਟੈਕਸ ਤੋਂ ਛੋਟ ਦਿੱਤੀ ਗਈ ਸੀ। ਸਰਕਾਰ ਦੇ ਇਸ ਫੈਸਲੇ ਦੇ ਕਾਰਨ ਰਾਜ ਦੇ ਕੁਝ ਚੌਕੀਦਾਰਾਂ ਨੂੰ ਪੂਰੀ ਤਨਖਾਹ ਨਹੀਂ ਮਿਲ ਸਕੀ ਸੀਂ। ਚੌਕੀਦਾਰਾਂ ਦੀ ਤਨਖਾਹ ਦੇ ਇਸ ਘਾਟੇ ਨੂੰ ਪੂਰਾ ਕਰਨ ਲਈ ਸਰਕਾਰ ਨੇ ਸਾਲ 1973-74 ਵਿਚ 29,81,350 ਰੁ: ਦੀ ਮਨਜ਼ੂਰੀ ਦੇ ਦਿੱਤੀ ਸੀ। ਇਹ ਰਕਮ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਦੀ ਡਿਸਪੋਜ਼ਲ ਤੇ ਰੱਖੀਂ ਗਈ ਸੀ। ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੇ ਆਪਣੇ ਆਪਣੇ ਜ਼ਿਲ੍ਹੇ ਵਿਚ ਇਸ ਰਕਮ ਦੀ ਚੌਕੀਦਾਰਾਂ ਵਿਚ ਉਸੇ ਢੰਗ ਨਾਲ ਅਦਾਇਗੀ ਕੀਤੀ ਸੀ ਜਿੰਨੀ ਜਿੰਨੀ ਰਕਮ ਹਰ ਚੌਕੀਦਾਰ ਨੂੰ 30 ਜੁਲਾਈ, 1971 ਤੋਂ ਬਾਅਦ ਘੱਟ ਮਿਲੀ ਸੀ। ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਇਹ ਵੀ ਆਦੇਸ਼ ਦਿੱਤਾ ਗਿਆ ਸੀ ਕਿ ਇਹ ਰਕਮ 31 ਮਾਰਚ, 1974 ਤੋਂ ਪਹਿਲਾਂ ਪਹਿਲਾਂ ਵੰਡ ਦਿਤੀ ਜਾਵੇ। ਸਾਲ 1974-75 ਵਿਚ ਵੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਚੌਕੀਦਾਰਾ ਟੈਕਸ ਤੋਂ ਛੋਟ ਦਿੱਤੀ ਜਾਣ ਦੇ ਕਾਰਨ ਘੱਟਦੀ ਰਕਮ ਦੀ ਪੂਰਤੀ ਲਈ ਬਜਟ ਵਿਚ 18.79 ਲੱਖ ਰੁਪਏ ਦਾ ਉਪਬੰਧ ਕਰਵਾਇਆ ਗਿਆ ਸੀ। ਚੌਕੀਦਾਰਾਂ ਦੇ ਬਕਾਏ ਦੇਣ ਬਾਰੇ ਲੋੜੀਂਦੀ ਕਾਰਵਾਈ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਹੋ ਸਕਦਾ ਹੈ ਕਿ ਕਿਤੇ ਹਾਲੇ ਵੀ ਅਦਾਇਗੀ ਨਾ ਹੋਈ ਹੋਵੇ। ਡਿਪਟੀ ਕਮਿਸ਼ਨਰਾਂ ਨੂੰ ਫੇਰ ਹਦਾਇਤਾਂ ਜਾਰੀ ਕਰਨ ਦੇ ਆਦੇਸ਼ ਦਿੱਤੇ ਜਾ ਰਹੇ ਹਨ ਕਿ ਜਿਥੇ ਕਿਤੇ ਹਾਲੇ ਬਕਾਏ ਦੀ ਅਦਾਇਗੀ ਨਹੀਂ ਹੋਈ, ਛੇਤੀ ਕੀਤੀ ਜਾਵੇ।

(ਕ੍ਰਮ ਨੰ: 83)

**ਮਾਸਟਰ ਦਲੀਪ ਚੰਦ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਬਲਾਚੌਰ ਦੇ ਹਲਕੇ ਵਿਚ ਕੰਡੀ ਦੇ 60, 70, ਪਿੰਡ ਵਿਚ ਅਵਾਰਾ ਗਊਆਂ ਨੇ ਫਸਲਾਂ ਨੂੰ ਤਬਾਹ ਕਰ ਦਿਤਾ ਹੈ ਅਤੇ ਇਹ ਬੜਾ ਕੌਮੀ ਨੁਕਸਾਨ ਹੋਇਆ ਹੈ। 200 ਅਵਾਰਾ ਗਊਆਂ ਦੀ ਇਕ ਟੋਲੀ ਕੰਡੀ ਦੇ ਪਿੰਡਾਂ ਵਿਚ ਕਾਫੀ ਸਮੇਂ ਤੋਂ ਫਿਰ ਰਹੀ ਹੈ। ਲੋਕ ਗਰੀਬ ਹਨ। ਇਨ੍ਹਾਂ ਦੀਆਂ ਫਸਲਾਂ ਇਸ ਤਰ੍ਹਾਂ ਤਬਾਹ ਹੋ ਰਹੀਆਂ ਹਨ। ਲੋਕਾਂ ਵਿਚ ਬਹੁਤ ਘਬਰਾਹਟ ਅਤੇ ਬੇਚੈਨੀ ਹੈ। ਸਰਕਾਰ ਸਦਨ ਵਿਚ ਜਵਾਬ ਦੇਣ ਦੀ ਕਿਰਪਾਲਤਾ ਕਰੇ।

**ਸਰਦਾਰ ਸੰਤੋਖ ਸਿੰਘ ਰੰਧਾਵਾ** (ਰਾਜ ਮੰਤਰੀ, ਵਿਕਾਸ) : ਅਵਾਰਾ ਤੇ ਜੰਗਲੀ ਪਸ਼ੂਆਂ ਨੂੰ ਖਤਮ ਕਰਨ ਵਾਸਤੇ ਰਾਜ ਵਿਚ ਇਕ ਸਕੀਮ 1960/61 ਤੋਂ ਚਲਾਈ ਗਈ

Original with;
Punjab Vidhan Sabha
Digitized by;
Panjab Digital Library

ਸੀ ਜਿਸ ਅਧੀਨ ਆਵਾਰਾ ਤੇ ਜੰਗਲੀ ਪਸ਼ੂਆਂ ਨੂੰ ਫੜਨ ਲਈ ਸਟਾਫ ਮਨਜ਼ੂਰ ਕੀਤਾ ਹੋਇਆ ਸੀ । ਅਜਿਹੇ ਪਸ਼ੂਆਂ ਨੂੰ ਫੜਨ ਤੋਂ ਬਾਅਦ ਕੁਦਰਤੀ ਮੌਤ ਮਰਨ ਲਈ ਗੌਸਦਨ ਵਿਖੇ ਭੇਜ ਦਿਤਾ ਜਾਂਦਾ ਸੀ । ਸਾਲ 1972 ਦੇ ਦੌਰਾਨ ਮਹਿਸੂਸ ਕੀਤਾ ਗਿਆ ਕਿ ਇਸ ਸਕੀਮ ਦੇ ਲਗਾਤਾਰ ਚਲਣ ਕਰ ਕੇ ਅਵਾਰਾ ਤੇ ਜੰਗਲੀ ਪਸ਼ੂਆਂ ਦਾ ਖਤਰਾ ਤਕਰੀਬਨ ਸਮਾਪਤ ਹੋ ਗਿਆ ਹੈ । ਕਿਉਂਕਿ ਸਾਲ 1971-72 ਦੌਰਾਨ 201 ਅਵਾਰਾ ਪਸ਼ੂ ਸ਼ਹਿਰੀ ਇਲਾਕੇ ਵਿਚੋਂ ਅਤੇ 168 ਹੋਰ ਜੰਗਲੀ ਪਸ਼ੂ ਪਕੜੇ ਗਏ ਅਤੇ ਇਸ ਤਰ੍ਹਾਂ ਇਕ ਪਸ਼ੂ ਨੂੰ ਪਕੜਨ ਤੇ ਤਕਰੀਬਨ 200 ਰੁਪਏ ਖਰਚ ਆਇਆ ਇਸ ਅਨੁਸਾਰ ਇਸ ਸਕੀਮ ਨੂੰ ਅਗੇ ਚਾਲੂ ਰਖਣ ਦੀ ਲੋੜ ਨਹੀਂ ਮਹਿਸੂਸ ਕੀਤੀ ਗਈ ਤੇ ਇਹ ਸਕੀਮ ਠੱਪ ਕਰ ਦਿਤੀ ਗਈ ।

ਇਸ ਸਕੀਮ ਦੇ ਬੰਦ ਹੋ ਜਾਣ ਤੋਂ ਕੁਝ ਸਮੇਂ ਬਾਅਦ ਕੁਝ ਪੰਚਾਇਤਾਂ ਅਤੇ ਪਿੰਡਾਂ ਦੇ ਲੋਕਾਂ ਨੇ ਇਹ ਸ਼ਿਕਾਇਤ ਕਰਨੀ ਆਰੰਭ ਕਰ ਦਿੱਤੀ ਕਿ ਆਵਾਰਾ ਤੇ ਜੰਗਲੀ ਪਸ਼ੂਆਂ ਦਾ ਖਤਰਾ ਅਜੇ ਭੀ ਜਾਰੀ ਹੈ ਅਤੇ ਇਸ ਨਾਲ ਪਹਿਲਾਂ ਦੀ ਤਰ੍ਹਾਂ ਖੜ੍ਹੀਆਂ ਫਸਲਾਂ ਨੂੰ ਕਾਫੀ ਨੁਕਸਾਨ ਹੁੰਦਾ ਹੈ । ਇਨ੍ਹਾਂ ਲੋਕਾਂ ਨੇ ਇਸ ਖਤਰੇ ਦੀ ਰੋਕ ਵਜੋਂ ਸਖਤ ਕਦਮ ਚੁਕਣ ਦੀ ਮੰਗ ਕੀਤੀ । ਪਰ ਸਿਵਾਏ ਡਿਪਟੀ ਕਮਿਸ਼ਨਰ ਬਠਿੰਡਾ ਦੇ ਪ੍ਰਾਂਤ ਦੇ ਹੋਰ ਕਿਸੇ ਡਿਪਟੀ ਕਮਿਸ਼ਨਰ ਪਾਸੋਂ ਅਵਾਰਾ ਜਾਨਵਰਾਂ ਬਾਰੇ ਕੋਈ ਰਿਪੋਰਟ ਨਹੀਂ ਆਈ ।

ਪੰਚਾਇਤਾਂ ਅਤੇ ਪਿੰਡਾਂ ਦੇ ਲੋਕਾਂ ਦੀ ਮੰਗ ਨੂੰ ਮੁੱਖ ਰਖਦੇ ਹੋਏ ਅਵਾਰਾ ਅਤੇ ਜੰਗਲੀ ਪਸ਼ੂਆਂ ਨੂੰ ਫੜਨ ਦੀ ਇਕ ਸਕੀਮ ਪੰਜਵੀਂ ਪੰਜ ਸਾਲਾ ਪਲਾਨ ਵਿਚ ਮੁੜ ਸ਼ਾਮਲ ਕੀਤੀ ਗਈ ਹੈ । ਅਤੇ ਇਹ ਸਕੀਮ ਸਾਲ 1976-77 ਤੋਂ ਆਰੰਭ ਕਰਨ ਤੇ ਵਿਚਾਰ ਕੀਤਾ ਜਾ ਰਿਹਾ ਹੈ । ਅਰੰਭ ਵਿਚ ਇਹ ਪਰੋਗਰਾਮ ਬੇਟ ਅਤੇ ਨੀਮ ਪਹਾੜੀ ਇਲਾਕਿਆਂ ਵਿਚ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ।

ਬਲਾਚੌਰ ਬਲਾਕ ਦੇ ਕੰਡੀ ਇਲਾਕੇ ਵਿਚ ਅਵਾਰਾ ਪਸ਼ੂਆਂ ਦੀ ਸਹੀ ਗਿਣਤੀ ਅਤੇ ਇਹਨਾਂ ਪਸ਼ੂਆਂ ਵਲੋਂ ਖੜੀ ਫਸਲਾਂ ਨੂੰ ਕੀਤੇ ਨੁਕਸਾਨ ਬਾਰੇ ਸੂਚਨਾ ਵਿਭਾਗ ਕੋਲ ਮੌਜੂਦ ਨਹੀਂ ਜੀ ।

## PAPRES LAID ON THE TABLE OF THE HOUSE

**Finance Minister (Shri Hans Raj Sharma)** : Sir, I beg to lay on the Table the following* documents as required by clause (2) of Article 151 of the Constitution of India :—

(i) the Finance Accounts, 1973-74.

(ii) the Appropriation Accounts, 1973-74.

(iii) the Report of the Comptroller and Auditor General of India (Civil alongwith the Supplementary Report) for the year 1973-74.

(iv) the Report of the Comptroller and Auditor General of India (Commercial) for the year 1973-74 and

(v) the Report of the Comptroller and Auditor General of India for the year 1973-74 (Revenue Receipts),

*Placed in the Library,

Original with;
Punjab Vidhan Sabha
Digitized by;
Panjab Digital Library

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਕਾਲ ਅਟੈਨਸ਼ਨ ਨਹੀਂ ਆਈ ਜੀ ।

ਸ੍ਰੀ ਸਪੀਕਰ : ਅੱਜ ਉਹ ਹੈ ਨਹੀਂ ਸੀ । (ਵਿਘਨ) ਮੇਰੇ ਚੈਂਬਰ ਵਿਚ ਆ ਕੇ ਗੱਲ ਕਰ ਲੈਣਾ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਜਵਾਬ ਲੈਣਾ ਹੈ । (ਵਿਘਨ)

ਸ੍ਰੀ ਸਪੀਕਰ : ਉਹ ਟਾਈਮ ਲੰਘ ਗਿਆ, ਉਸ ਵੇਲੇ ਤੁਸੀਂ ਸੁੱਤੇ ਰਹੇ ਹੋ ।

## PRESENTATION OF REPORT

**Shri Prem Gupta** (Member, Committee on Estimates) : Sir I beg to present the Report of the Committee on Estimates on the Budget Estimates for the year 1975-76 of the Labour Department.

## LEGISLATIVE BUSINESS

### THE PUNJAB APPROPRIATION (No. 2) BILL, 1976

**Finance Minister** (Shri Hans Raj Sharma) : Sir, I beg to introduce the Punjab Appropriation (No. 2) Bill.

I also beg to move—

That the Punjab Appropriation (No. 2) Bill be taken into consideration at once.

**Mr. Speaker** : Motion moved—

That the Punjab Appropriation (No. 2) Bill be taken into consideration at once.

ਸਰਦਾਰ ਸੁਰਜੀਤ ਸਿੰਘ ਅਟਵਾਲ (ਫਿਲੌਰ) : ਸਪੀਕਰ ਸਾਹਿਬ, ਮੈਂ ਪੰਜਾਬ ਐਪਰੋਪ੍ਰੀਏਸ਼ਨ ਬਿਲ ਨੰ: 2 ਤੇ ਬੋਲਣ ਵਾਸਤੇ ਖੜਾ ਹੋਇਆ ਹਾਂ । ਸਭ ਤੋਂ ਪਹਿਲਾਂ ਮੈਂ ਆਪਣੀ ਕਾਂਸਟੀਚਿਊਐਂਸੀ ਦੇ ਲੋਕਾਂ ਦੀ ਤਰਫੋਂ ਮਾਨਯੋਗ ਸ੍ਰੀਮਤੀ ਇੰਦਰਾ ਗਾਂਧੀ ਜੀ ਦਾ ਬਹੁਤ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ ਜਿਨ੍ਹਾਂ ਨੇ 20-ਪੁਆਇੰਟ ਪ੍ਰੋਗਰਾਮ ਦੇਸ਼ ਨੂੰ ਦਿੱਤਾ ਹੈ । ਔਰ ਦੇਸ਼ ਦੀ ਹਾਲਤ ਨੂੰ ਮੱਦੇਨਜ਼ਰ ਰਖਦਿਆਂ ਹੋਇਆਂ ਐਮਰਜੈਂਸੀ ਲਗਾਈ । ਇਸ ਦੇ ਉਪ੍ਰੰਤ ਮੈਂ ਪੰਜਾਬ ਦੇ ਮਾਨਯੋਗ ਨੇਤਾ ਗਿਆਨੀ ਜ਼ੈਲ ਸਿੰਘ ਜੀ ਨੂੰ ਵੀ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਵੀਹ ਸੂਤਰੀ ਪ੍ਰੋਗਰਾਮ ਦੇ ਉਤੇ ਉਸ ਦਿਨ ਤੋਂ ਹੀ ਅਮਲ ਕਰਨਾ ਸ਼ੁਰੂ ਕਰ ਦਿੱਤਾ ਸੀ ਜਿਸ ਦਿਨ ਤੋਂ ਉਨ੍ਹਾਂ ਨੇ ਚੀਫ ਮਨਿਸਟਰਸ਼ਿਪ ਦੀ ਵਾਗ ਡੋਰ ਸੰਭਾਲੀ ਸੀ । ਉਸ ਵੇਲ਼ੇ ਸਿਵਾਇ ਪੰਜਾਬ ਦੇ ਹਿੰਦੁਸਤਾਨ ਦੀ ਕਿਸੇ ਸਟੇਟ ਨੇ 20-ਪੁਆਇੰਟ ਪ੍ਰੋਗਰਾਮ ਤੇ ਅਮਲ ਕਰਨਾ ਸ਼ੁਰੂ ਨਹੀਂ ਸੀ ਕੀਤਾ । ਪੰਜਾਬ ਪਹਿਲੀ ਸਟੇਟ ਸੀ ਜਿਸ ਨੇ ਉਹ ਕਮ ਸ਼ੁਰੂ ਕੀਤਾ ਸੀ ਜਿਹੜਾ ਬਾਅਦ ਵਿਚ ਜਾ ਕੇ 20-ਪੁਆਇੰਟ ਪ੍ਰੋਗਰਾਮ ਦਾ ਪਾਰਟ ਬਣਿਆ । ਪਿੰਡਾਂ ਵਿਚ ਲੋਕਾਂ ਨੂੰ ਘਰ ਬਣਾਉਣ ਲਈ ਮੁਫਤ ਜ਼ਮੀਨ ਦਿੱਤੀ ਗਈ, ਕੀ ਇਹ 20-ਪੁਆਇੰਟ ਪ੍ਰੋਗਰਾਮ ਦਾ ਪਾਰਟ ਨਹੀਂ ? ਗਰੀਬ ਤਬਕੇ ਦੇ ਲੋਕਾਂ ਵਾਸਤੇ ਘਰ ਬਣਾਉਣ ਦਾ ਪੰਜਾਬ ਸਰਕਾਰ ਨੇ ਜਿਹੜਾ ਕੰਮ ਸ਼ੁਰੂ ਕੀਤਾ, ਕੀ ਇਹ 20-ਪੁਆਇੰਟ

Original with;
Punjab Vidhan Sabha
Digitized by;
Panjab Digital Library

ਪ੍ਰੋਗਰਾਮ ਦਾ ਪਾਰਟ ਨਹੀਂ ? ਪਿੰਡਾਂ ਵਿਚ ਟਿਯੂਬਵੈਲਾਂ ਵਸਤੇ ਬਿਜਲੀ ਦਾ ਜ਼ਿਆਦਾ ਪ੍ਰਬੰਧ ਕਰਨਾ ਔਰ ਜਲਦੀ ਤੋਂ ਜਲਦੀ ਬਿਜਲੀ ਪ੍ਰੋਵਾਈਡ ਕਰਨਾ, ਕੀ ਇਹ 20-ਪੁਆਇੰਟ ਪ੍ਰੋਗਰਾਮ ਦਾ ਪਾਰਟ ਨਹੀਂ ? ਉਸ ਵੇਲੇ ਜਦੋਂ ਕਿ ਕੀਮਤਾਂ ਚੀਜ਼ਾਂ ਦੀਆਂ ਦਿਨੋ ਦਿਨ ਬੜ੍ਹ ਰਹੀਆਂ ਹੋਣ ਔਰ ਜ਼ਰੂਰਤ ਦੀਆਂ ਚੀਜ਼ਾਂ ਲੋਕਾਂ ਨੂੰ ਸਮੇਂ ਸਿਰ ਜਾਂ ਮੌਕੇ ਤੇ ਵਾਜਬ ਕੀਮਤਾਂ ਤੇ ਨਾ ਮਿਲਦੀਆਂ ਹੋਣ, ਉਨ੍ਹਾਂ ਬਾਰੇ ਠੋਸ ਕਦਮ ਉਠਾਉਣਾ ਤੇ ਨਵੀਂ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਕਾਇਮ ਕਰਕੇ ਅਤੇ ਹੋਰ ਤਰੀਕਿਆਂ ਨਾਲ ਲੋਕਾਂ ਨੂੰ ਇੱਕ ਫਿਕਸਡ ਭਾਅ ਉਤੇ ਚੀਜ਼ਾ ਮੁਹੱਈਆ ਕਰਨਾ, ਕੀ ਇਹ 20-ਪੁਆਇੰਟ ਪ੍ਰੋਗਰਾਮ ਦਾ ਪਾਰਟ ਨਹੀਂ ? ਇਨ੍ਹਾਂ ਗੱਲਾਂ ਦੇ ਪੇਸ਼ੇਨਜ਼ਰ ਮੈਂ ਇਕ ਦਫਾ ਫਿਰ ਆਪਣੇ ਨੇਤਾ ਗਿਆਨੀ ਜ਼ੈਲ ਸਿਘ ਜੀ ਨੂੰ ਉਨ੍ਹਾਂ ਦੀਆਂ ਇਨ੍ਹਾਂ ਕਾਰਵਾਈਆਂ ਉਤੇ ਮੁਬਾਰਕਬਾਦ ਦਿੰਦਾ ਹਾਂ ।

ਜਿਹੜਾ 1976-77 ਦਾ ਬਜਟ ਬਣਿਆ ਹੈ ਉਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਸਰਕਾਰ 20-ਪੁਆਇੰਟ ਪ੍ਰੋਗਰਾਮ ਨੂੰ ਪੂਰਾ ਕਰਨ ਦਾ ਪੱਕਾ ਤਹੱਈਆ ਕਰ ਚੁਕੀ ਹੈ (ਵਿਘਨ) ਬਜਟ ਵਿਚ ਐਜੂਕੇਸ਼ਨ ਲਈ ਅੱਗੇ ਨਾਲੋਂ ਜ਼ਿਆਦਾ ਪ੍ਰੋਵੀਜ਼ਨ ਕੀਤੀ ਗਈ ਹੈ ਔਰ ਵੀਕਰ ਸੈਕਸ਼ਨਜ਼ ਵਾਸਤੇ ਹੋਰ ਜ਼ਿਆਦਾ ਫੰਡਜ਼ ਪ੍ਰੋਵਾਈਡ ਕੀਤੇ ਗਏ ਹਨ। ਇਸ ਦੇ ਇਲਾਵਾ ਹਰੀਜਨਾਂ ਦੀ ਅੱਪ-ਲਿਫਟ ਵਾਸਤੇ 16 ਕਰੋੜ ਰੁਪਏ ਬਜਟ ਵਿਚ ਰਖੇ ਗਏ ਹਨ । ਇਸ ਤੋਂ ਇਹ ਸਹੀ ਸਾਬਤ ਹੁੰਦਾ ਹੈ ਕਿ ਅੱਜ ਦੀ ਸਰਕਾਰ ਗਰੀਬਾਂ ਦੀ ਅੱਪ-ਲਿਫਟ ਵਾਸਤੇ, ਬੈਕਵਰਡ ਕਲਾਸਿਜ਼ ਨੂੰ ਉਪਰ ਉਠਾਉਣ ਵਾਸਤੇ ਆਪਣੇ ਸਾਰੇ ਸਾਧਨ ਇਸਤੇਮਾਲ ਕਰਨਾ ਚਾਹੁੰਦੀ ਹੈ ਤਾਂ ਜੋ ਉਨ੍ਹਾਂ ਦੀ ਜਲਦੀ ਤੋਂ ਜਲਦੀ ਬੇਹਤਰੀ ਹੋਵੇ । ਹਰੀਜਨਾਂ ਦੀ ਅੱਪ-ਲਿਫਟ ਸਬੰਧੀ ਹੋ ਸਕਦਾ ਹੈ ਕਿ ਕੁਝ ਭਰਾਵਾਂ ਨੂੰ ਇਹ ਫੀਲਿੰਗ ਹੋਵੇ ਕਿ 16 ਕਰੋੜ ਰੁਪਏ ਦੀ ਰਕਮ ਬਹੁਤ ਘੱਟ ਹੈ ਮਗਰ ਇਹ ਗੱਲ ਮੰਨਣੀ ਪਏਗੀ ਕਿ ਇੱਕ ਹਜ਼ਾਰ ਸਾਲ ਦੀ ਗਰੀਬੀ ਨੂੰ ਦੂਰ ਕਰਨ ਵਾਸਤੇ ਕੁਝ ਸਮਾਂ ਲਗੇਗਾ । ਮੈਂ ਆਪਣੀ ਸਰਕਾਰ ਨੂੰ ਤੇ ਗਿਆਨੀ ਜ਼ੈਲ ਸਿੰਘ ਜੀ ਨੂੰ ਇੱਕ ਦਫਾ ਫਿਰ ਰਿਕੁਐਸਟ ਕਰਾਂਗਾ ਕਿ ਇਸ ਸਾਲ ਦੇ ਬਜਟ ਵਿਚ ਅਗਰ ਕਿਸੇ ਵੀ ਤਰੀਕੇ ਨਾਲ ਹੋਰ ਰੁਪਿਆ ਬਚ ਸਕਦਾ ਹੋਵੇ ਤਾਂ ਉਹ ਇਸ ਮਦ ਥਲੇ ਜ਼ਰੂਰ ਖਰਚ ਕੀਤਾ ਜਾਵੇ (ਥੰਪਿੰਗ)

ਹੈਲਥ ਦੇ ਵਾਸਤੇ ਬਜਟ ਵਿਚ ਅੱਗੇ ਨਾਲੋਂ ਜ਼ਿਆਦਾ ਪੈਸੇ ਪ੍ਰੋਵਾਈਡ ਕੀਤੇ ਗਏ ਹਨ। ਉਸ ਦੀ ਡਿਸਟ੍ਰੀਬਿਊਸ਼ਨ ਇਸ ਤਰੀਕੇ ਨਾਲ ਕੀਤੀ ਜਾਵੇ ਕਿ ਪਿੰਡਾਂ ਦੇ ਗਰੀਬ ਤਬਕੇ ਨੂੰ ਜ਼ਿਆਦਾ ਜਲਦੀ ਤੋਂ ਜਲਦੀ ਔਰ ਘੱਟ ਕੀਮਤ ਤੇ ਦਵਾਈਆਂ ਪ੍ਰਾਪਤ ਹੋ ਸਕਣ । ਇਹ ਚੰਗਾ ਔਰ ਸੁਚੱਜਾ ਕਦਮ ਹੈ । (ਵਿਘਨ)

**ਇੱਕ ਆਵਾਜ਼ :** ਸਪੀਕਰ ਸਾਹਿਬ, ਅਟਵਾਲ ਸਾਹਿਬ ਕਿਸ ਡਿਮਾਂਡ ਤੇ ਬੋਲ ਰਹੇ ਹਨ । (ਵਿਘਨ)

**Chaudhri Darshan Singh** : The Budget as a whole is being discussed.

**Mr. Speaker** : There are specific rules for the discussion of the Appropriation Bill. (*Interruption*)

Original with;
Punjab Vidhan Sabha
Digitized by;
Panjab Digital Library

**ਸ੍ਰੀ ਪ੍ਰਤਾਪ ਚੰਦ ਭੰਡਾਰੀ :** ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਪੁਆਇੰਟ ਆਫ ਆਰਡਰ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਇਆ ਆਪਣੇ ਪਰਾਏ ਬੰਦੇ ਵੀ ਡਿਕਲੇਅਰ ਹੋ ਸਕਦੇ ਹਨ ਹਾਊਸ ਵਿਚ । (ਵਿਘਨ)

**ਸਰਦਾਰ ਸੁਰਜੀਤ ਸਿੰਘ ਅਟਵਾਲ :** ਸਪੀਕਰ ਸਾਹਿਬ ਇਹ ਟੋਟਲ ਬਜਟ ਬਾਰੇ ਐਪਰੋਪ੍ਰੀਏਸ਼ਨ ਬਿਲ ਹੈ, ਇਹ ਨਹੀਂ ਕਿ ਕੋਈ ਹੋਰ ਬਿਲ ਐਪਰੋਪ੍ਰੀਏਸ਼ਨ ਬਿਲ ਤੋਂ ਬਾਅਦ ਆਉਣਾ ਹੈ । (ਵਿਘਨ)

ਸਪੀਕਰ ਸਾਹਿਬ, ਪੰਜਾਬ ਦੇ ਵਿਚ ਜਿਹੜੀ ਚੀਜ਼ ਦੀ ਸਭ ਤੋਂ ਜ਼ਿਆਦਾ ਲੋੜ ਹੈ ਸਟੇਟ ਦੀ ਡਿਵੈਲਪਮੈਂਟ ਵਾਸਤੇ, ਇੰਡਸਟਰੀਜ਼ ਦੀ ਡਿਵੈਲਪਮੈਂਟ ਵਾਸਤੇ, ਐਗਰੀਕਲਚਰ ਦੀ ਡਿਵੈਲਪਮੈਂਟ ਵਾਸਤੇ ਉਹ ਹੈ ਬਿਜਲੀ ਦੀ ਸਪਲਾਈ । ਉਸ ਦੇ ਵਾਸਤੇ ਬਜਟ ਦੇ ਵਿਚ 90 ਕਰੋੜ ਰੁਪਿਆ ਪ੍ਰੋਵਾਈਡ ਕੀਤਾ ਗਿਆ ਹੈ । ਇਹ ਇਕ ਬੜਾ ਚੰਗਾ ਕਦਮ ਹੈ ਔਰ ਇਸ ਤੋਂ ਮਹਿਸੂਸ ਹੁੰਦਾ ਹੈ ਕਿ ਅੱਜ ਦੀ ਸਰਕਾਰ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਾਡੇ ਲੋਕਾਂ ਦੀ ਕੀ ਜ਼ਰੂਰਤ ਹੈ । ਬਿਜਲੀ ਦੀ ਪਿਛਲੇ 2 ਸਾਲਾਂ ਤੋਂ ਕੋਈ ਕਮੀ ਨਹੀਂ ਆਈ ਅਤੇ ਅਗੇ ਨੂੰ ਵੀ ਕੋਈ ਕਮੀ ਨਾ ਆਵੇ ਇਸ ਦੀ ਪੇਸ਼ ਬੰਦੀ ਲਈ ਹੁਣ ਤੋਂ ਹੀ ਇਹ ਸਰਕਾਰ ਵਿਚਾਰ ਕਰ ਰਹੀ ਹੈ ਕਿ ਬਿਜਲੀ ਦੀ ਜ਼ਰੂਰਤ ਕਿੰਨੀ ਹੈ ਅਤੇ ਇਹ ਜ਼ਰੂਰਤ ਕਿਸ ਤਰ੍ਹਾਂ ਮੀਟ ਵਿਦ ਕਰਨੀ ਹੈ । ਉਸ ਸਾਰੇ ਕੰਮ ਦੇ ਵਾਸਤੇ ਪ੍ਰੋਵੀਜ਼ਨ ਕੀਤਾ ਗਿਆ ਹੈ । ਬਾਕੀ ਕਈ ਸਾਲਾਂ ਤੋਂ ਇਹ ਗੱਲ ਚਲੀ ਆਉਂਦੀ ਸੀ ਕਿ ਪੰਜਾਬ ਦੇ ਵਿਚ ਥੀਨ ਡੈਮ ਬਣਾਉਣਾ ਹੈ । 1969 ਵਿਚ ਜਿਸ ਵੇਲੇ ਮੈਂ ਆਪੋਜ਼ੀਸ਼ਨ ਵਿਚ ਬੈਠਾ ਸੀ ਤਾਂ ਉਦੋਂ ਦੀ ਸਰਕਾਰ ਨੇ ਇਹ ਡਿਕਲੇਅਰ ਕਰ ਦਿਤਾ ਕਿ ਅਸੀਂ ਥੀਨ ਡੈਮ ਸ਼ੁਰੂ ਕਰ ਰਹੇ ਹਾਂ । ਉਨ੍ਹਾਂ ਦੀ ਇਸ ਗੱਲ ਨੂੰ ਸੁਣ ਕੇ ਮੈਂ ਸੈਂਟਰ ਦੀ ਸਰਕਾਰ ਦੇ ਮੁਤਅਲਕਾ ਡੀਪਾਰਟਮੈਂਟ ਤੋਂ ਪਤਾ ਲਿਆ ਕਿ ਤੁਸੀਂ ਕੋਈ ਥੀਨ ਡੈਮ ਦੀ ਮਨਜ਼ੂਰੀ ਦੇ ਦਿਤੀ ਹੈ ਤਾਂ ਉਹ ਡੀਪਾਰਟਮੈਂਟ ਵਾਲੇ ਕਹਿਣ ਲਗੇ ਕਿ ਇਥੇ ਤਾਂ ਥੀਨ ਡੈਮ ਦੀ ਕੋਈ ਗੱਲ ਹੀ ਨਹੀਂ ਹੈ ਅਤੇ ਨਾ ਹੀ ਕੋਈ ਇਸ ਦੀ ਫਾਈਲ ਹੈ । ਔਨ ਦੀ ਫਲੋਰ ਆਫ ਦੀ ਹਾਊਸ ਉਸ ਵੇਲੇ ਦੀ ਸਰਕਾਰ ਦਾ ਇਹ ਕਹਿ ਦੇਣਾ ਕਿ ਅਸੀਂ ਥੀਨ ਡੈਮ ਸ਼ੁਰੂ ਕਰ ਰਹੇ ਹਾਂ ਜਦੋਂ ਕਿ ਸੈਂਟਰ ਦੀ ਸਰਕਾਰ ਤੋਂ ਉਸ ਵਾਸਤੇ ਕੋਈ ਪਰਮਿਸ਼ਨ ਨਾ ਲਈ ਹੋਵੇ ਅਤੇ ਇਸ ਸਬੰਧ ਵਿਚ ਉਥੇ ਕੋਈ ਫਾਈਲ ਹੀ ਨਾ ਹੋਵੇ; ਨਿਹਾਇਤ ਹੀ ਅਫਸੋਸਨਾਕ ਗਲ ਹੈ । ਲੇਕਿਨ ਅੱਜ ਸਹੀ ਮਾਇਨਿਆਂ ਵਿਚ ਥੀਨ ਡੈਮ ਬਣਾਉਣ ਦੀ ਪਰਮਿਸ਼ਨ ਮਿਲੀ ਹੈ ਔਰ ਜਿਨ੍ਹਾਂ ਸਟੇਟਾਂ ਦੇ ਆਪਸੀ ਝਗੜੇ ਹਨ ਉਨ੍ਹਾਂ ਨੂੰ ਅੱਜ ਦੀ ਸਾਡੀ ਸਰਕਾਰ ਮਿਲ ਕੇ ਨਿਪਟਾ ਰਹੀ ਹੈ ਔਰ ਥੀਨ ਡੈਮ ਬਣਾਉਣਾ ਆਰੰਭ ਕਰ ਰਹੀ ਹੈ ਤਾਂ ਕੀ ਇਹ ਸਰਕਾਰ ਮੁਬਾਰਕਵਾਦ ਦੀ ਮੁਸਤਿਹਿਕ ਨਹੀਂ ਹੈ ? ਜ਼ਰੂਰ ਹੈ । ਮੈਨੂੰ ਪੂਰੀ ਉਮੀਦ ਹੈ ਕਿ ਹੁਣ ਥੀਨ ਡੈਮ ਜਲਦੀ ਤੋਂ ਜਲਦੀ ਬਣਨਾ ਸ਼ੁਰੂ ਹੋ ਜਾਵੇਗਾ ।

ਸਪੀਕਰ ਸਾਹਿਬ, ਸਭ ਤੋਂ ਚੰਗਾ ਕਦਮ ਜਿਹੜਾ ਇਸ ਅੱਜ ਦੀ ਸਰਕਾਰ ਨੇ ਚੁਕਿਆ ਹੈ ਤੇ ਉਸ ਦੇ ਲਈ ਵੀ ਮੈਂ ਇਸ ਸਰਕਾਰ ਨੂੰ ਮੁਬਾਰਕਵਾਦ ਦਿੰਦਾ ਹਾਂ । ਉਹ ਇਹ ਹੈ ਕਿ ਇਸ ਗਲ ਨੂੰ ਫੀਲ ਕਰਦਿਆਂ ਹੋਇਆਂ ਕਿ ਲੋਕਾਂ ਦੀਆਂ ਬਿਜਲੀ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਹਨ ਅਤੇ ਲੋਕਾਂ ਨਾਲ ਜੋ ਅਸੀਂ ਕੁਮਿਟਮੈਂਟ ਕਰਕੇ ਇਥੇ ਆਏ ਹਾਂ ਉਹ ਪੂਰੀਆਂ ਕਰਨੀਆਂ ਹਨ, ਉਸ ਦੇ ਲਈ ਬਿਜਲੀ ਬੋਰਡ ਦਾ ਜਿਹੜਾ ਚੇਅਰਮੈਨ

Original with;
Punjab Vidhan Sabha
Digitized by;
Panjab Digital Library

ਲਗਾਇਆ ਹੈ ਉਹ ਇਕ ਅਜਿਹਾ ਪੋਲੀਟੀਕਲ ਆਦਮੀ ਲਗਾਇਆ ਹੈ ਜਿਸ ਨੂੰ ਪਾਰਟੀ ਦੀ ਕੁਮਿਟਮੈਂਟਸ ਦਾ ਪਤਾ ਹੈ ਕਿ ਲੋਕਾਂ ਨਾਲ ਕੀ ਕੀਤੀਆਂ ਹੋਈਆ ਹਨ ਅਤੇ ਜਿਸ ਨੂੰ ਇਹ ਫੀਲਿੰਗ ਹੈ ਕਿ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ, ਸੋ ਇਸ ਸਰਕਾਰ ਨੇ ਪੋਲੀਟੀਕਲ ਆਦਮੀ ਨੂੰ ਬਿਜਲੀ ਬੋਰਡ ਦਾ ਚੇਅਰਮੈਨ ਲਾ ਕੇ ਇਕ ਬੜਾ ਚੰਗਾ ਕਦਮ ਚੁਕਿਆ ਹੈ। ਮੈਂ ਤਾਂ ਚੀਫ ਮਨਿਸਟਰ ਸਾਹਿਬ ਨੂੰ ਇਹ ਵੀ ਕਹਾਂਗਾ ਕਿ ਹੋਰ ਜਗ੍ਹਾ ਤੇ ਵੀ, ਕਾਰਪੋਰੇਸ਼ਨਾਂ ਆਦਿ ਵਿਚ ਵੀ ਉਹ ਲੋਕ ਜ਼ਿੰਮੇਵਾਰ ਬਣਾਉਣੇ ਚਾਹੀਦੇ ਹਨ ਜਿਹੜੇ ਪਾਰਟੀ ਦੇ ਪ੍ਰੋਗਰਾਮ ਨੂੰ, ਅੱਜ ਦੀ ਸਰਕਾਰ ਦੇ ਪ੍ਰੋਗਰਾਮ ਨੂੰ ਸਮਝਦੇ ਹੋਣ ਔਰ ਇਹ ਫੀਲ ਕਰਦੇ ਹੋਣ ਕਿ ਸਾਡੀ ਜ਼ਿੰਮੇਵਾਰੀ ਕੀ ਹੈ ਅਤੇ ਜਿਸ ਔਹਦੇ ਤੇ ਉਹ ਆਏ ਹਨ ਉਥੇ ਉਨ੍ਹਾਂ ਸਾਰੀਆਂ ਕੁਮਿਟਮੈਂਟਸ ਨੂੰ ਜੋ ਅਸੀਂ ਕੀਤੀਆਂ ਹਨ, ਪੂਰਾ ਕਰਨਾ ਹੈ।

ਇਸ ਦੇ ਨਾਲ ਹੀ ਮੈਂ ਇਕ ਹੋਰ ਅਰਜ਼, ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਰਨੀ ਚਾਹੁੰਦਾ ਹਾਂ ਕਿ ਇਥੇ ਸਾਡੇ ਕਮੇਟੀਆਂ ਬਣਾਉਣ ਦਾ ਸਿਸਟਮ ਹੈ ਜਿਸ ਤਰ੍ਹਾਂ ਪਬਲਿਕ ਅਕਾਊਂਟਸ ਕਮੇਟੀ, ਐਸਟੀਮੇਟ ਕਮੇਟੀ, ਪਬਲਿਕ ਅੰਡਰ ਟੇਕਿੰਗਜ਼ ਕਮੇਟੀ ਜਾਂ ਇਸ ਤਰ੍ਹਾਂ ਹੋਰ ਬਹੁਤ ਸਾਰੀਆਂ ਕਮੇਟੀਆਂ ਹਨ, ਇਹ ਠੀਕ ਨਹੀਂ। ਮੈਂ ਦੇਖਿਆ ਹੈ ਕਿ ਉਨ੍ਹਾਂ ਦੇ ਜ਼ਿੰਮੇ ਕੰਮ ਕੀ ਹੈ? ਕੰਮ ਇਹ ਹੈ ਕਿ 3-3, 4-4 ਜਾਂ 5-5 ਸਾਲ ਜਿਸ ਗੱਲ ਨੂੰ ਹੋ ਗਏ ਜਾਂ ਲਗ ਗਏ ਹਨ ਉਸ ਬਾਰੇ ਬੈਠ ਕੇ ਗਲ ਬਾਤ ਕਰੋ ਅਤੇ ਅਫਸਰਾਂ ਨੂੰ ਕੁਝ ਸਵਾਲ ਜਵਾਬ ਪੁਛੋ, ਹੋਰ ਕੋਈ ਗੱਲ ਬਾਤ ਨਹੀਂ ਹੈ। ਜੇ ਇਨ੍ਹਾਂ ਕਮੇਟੀਆਂ ਨੂੰ ਇਹੀ ਕੰਮ ਦੇਣਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਵੇਸਟੇਜ ਆਫ ਮਨੀ ਹੈ ਔਰ ਇਨ੍ਹਾਂ ਕਮੇਟੀਆਂ ਦੀ ਕੋਈ ਜ਼ਰੂਰਤ ਨਹੀਂ ਹੈ। ਮੈਂ ਤਾਂ ਇਹ ਅਰਜ਼ ਕਰਾਂਗਾ ਕਿ ਜੇ ਸਹੀ ਮਾਇਨਿਆਂ ਵਿਚ ਕਮੇਟੀਆਂ ਤੋਂ ਕੰਮ ਲੈਣਾ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਕੁਝ ਅਧਿਕਾਰ ਦਿਉ। ਇਹ ਇਸ ਹਾਊਸ ਦੀਆਂ ਕਮੇਟੀਆਂ ਹਨ ਅਤੇ ਹਾਊਸ ਦੇ ਮੈਂਬਰ ਸਾਹਿਬਾਨ ਇਨ੍ਹਾਂ ਕਮੇਟੀਆਂ ਵਿਚ ਹੁੰਦੇ ਹਨ ਔਰ ਉਹ ਚੀਜ਼ ਨੂੰ ਅੱਛੇ ਤਰੀਕੇ ਦੇ ਨਾਲ ਚੈਕ ਕਰ ਸਕਦੇ ਹਨ। ਸਪੀਕਰ ਸਾਹਿਬ, ਅਸੀਂ ਐਸਟੀਮੇਟ ਕਮੇਟੀ ਦੀ ਇਕ ਮੀਟਿੰਗ ਦੇ ਸਬੰਧ ਵਿਚ ਲੁਧਿਆਣੇ ਗਏ ਅਤੇ ਉਥੇ ਈ.ਐਸ.ਆਈ. ਹਸਪਤਾਲ ਵੇਖਿਆ। ਉਥੇ ਅਸੀਂ ਇਹ ਦੇਖ ਕੇ ਹੈਰਾਨ ਹੋਏ ਕਿ ਮਰੀਜ਼ਾਂ ਦੇ ਕੋਲ ਸਰਾਹਣੇ ਹੀ ਨਹੀਂ, ਕਿਸੇ ਨੂੰ ਪੁਛਿਆ ਤਾਂ ਕਿਸੇ ਨੂੰ ਕੁਝ ਪਤਾ ਹੀ ਨਹੀਂ ਸੀ। ਜਦੋਂ ਅਸੀਂ ਮੀਟਿੰਗ ਤੋਂ ਵਾਪਸ ਇਥੇ ਆਏ ਤਾਂ ਸਾਨੂੰ ਪਤਾ ਲਗਿਆ ਕਿ ਇਹ ਤਾਂ ਸਾਡਾ ਕੰਮ ਹੀ ਨਹੀਂ ਹੈ। ਅਸੀਂ ਹਸਪਤਾਲ ਚੈਕ ਹੀ ਨਹੀਂ ਕਰ ਸਕਦੇ, ਇਹ ਸਾਨੂੰ ਅਧਿਕਾਰ ਹੀ ਨਹੀਂ ਫਿਰ ਤਾਂ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਕਮੇਟੀਆਂ ਦਾ ਕੋਈ ਫਾਇਦਾ ਨਹੀਂ ਹੈ ਅਤੇ ਮੇਰੇ ਖਿਆਲ ਵਿਚ ਇਨ੍ਹਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਫਿਰ ਇਨ੍ਹਾਂ ਦੀਆਂ ਜਿਹੜੀਆਂ ਪ੍ਰੈਸ ਤੋਂ ਰਿਪੋਰਟਾਂ ਛੱਪ ਕੇ ਆਉਂਦੀਆਂ ਹਨ ਉਹ 3-3, 4-4 ਸਾਲ ਬਾਅਦ ਛੱਪ ਕੇ ਆਉਂਦੀਆਂ ਹਨ। 1972-73 ਦੀਆਂ ਰਿਪੋਰਟਾਂ ਹੁਣ ਛੱਪ ਕੇ ਆਉਂਦੀਆਂ ਪਈਆਂ ਹਨ। ਮੈਂ ਸਮਝਦਾ ਹਾਂ ਕਿ ਇਤਨੇ ਚਿਰ ਬਾਅਦ ਰਿਪੋਰਟਾਂ ਦੇ ਛੱਪ ਕੇ ਆਉਣ ਦਾ ਕੋਈ ਫਾਇਦਾ ਨਹੀਂ ਕਿਉਂਕਿ ਕਿਸੇ ਨੇ ਵੀ ਇਤਨੇ ਚਿਰ ਬਾਅਦ ਪੜ੍ਹਨੀਆਂ ਨਹੀਂ। ਜੇ ਰਿਪੋਰਟਾਂ ਛੱਪਣੀਆਂ ਹਨ ਤਾਂ ਇਹ ਉਸੇ ਸਾਲ ਹੀ ਛੱਪ ਜਾਣੀਆਂ ਚਾਹੀਦੀਆਂ ਹਨ ਜੇ ਉਸੇ ਸਾਲ ਨਹੀਂ ਤਾਂ ਵੱਧ ਤੋਂ ਵੱਧ ਅਗਲੇ ਸਾਲ ਤਕ ਜ਼ਰੂਰ ਛਪ ਜਾਣੀਆਂ ਚਾਹੀਦੀਆਂ ਹਨ। ਨਹੀਂ ਤਾਂ ਜੋ ਉਹ ਪੈਸਾ ਜੋ ਛਪਾਈ ਤੇ ਖਰਚ ਹੋਣਾ ਹੈ ਘੱਟਾ ਕੇ ਹਰੀਜਨਾਂ ਦੀ ਅੱਪ ਲਿਫਟ ਤੇ ਲਾ ਦਿਤਾ ਜਾਵੇ ਤਾਂ ਬੜੀ ਚੰਗੀ ਗੱਲ ਹੋਵੇਗੀ। ਇਨ੍ਹਾਂ ਰਿਪੋਰਟਾਂ ਦਾ ਕੋਈ ਫਾਇਦਾ ਨਹੀਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਅਟਵਾਲ]

ਫੇਰ, ਸਪੀਕਰ ਸਾਹਿਬ, ਐਗਰੀਕਲਚਰ ਵਾਸਤੇ ਬੜਾ ਕੁਝ ਕੀਤਾ ਗਿਆ ਹੈ ਔਰ ਕੀਤਾ ਜਾ ਰਿਹਾ ਹੈ। ਕਿਸਾਨਾਂ ਨੂੰ 19 ਕਰੋੜ ਰੁਪਏ ਦਾ ਬੋਨਸ ਦਿਤਾ ਗਿਆ ਹੈ ਔਰ ਹੋਰ ਬੋਨਸ ਦਿਤਾ ਜਾਣਾ ਹੈ। ਇਸ ਦੇ ਉਪਰੰਤ ਸਰਕਾਰ ਨੇ 20 ਕਰੋੜ ਰੁਪਏ ਦੀ ਲਾਗਤ ਨਾਲ ਸੀਡ ਫ਼ਾਰਮ ਬਣਾਉਣ ਦਾ ਇਰਾਦਾ ਕੀਤਾ ਹੈ ਇਹ ਬੜੀ ਅੱਛੀ ਗੱਲ ਹੈ। ਇਸ ਬਾਰੇ ਮੈਂ ਬਿਜਲੀ ਦੇ ਮੰਤਰੀ ਜੀ ਨੂੰ ਇਕ ਅਪੀਲ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ ਛੋਟੇ ਕਿਸਾਨ ਹਨ 2, 3, 4 ਜਾਂ 5 ਏਕੜ ਜ਼ਮੀਨਾਂ ਵਾਲੇ, ਉਨ੍ਹਾਂ ਤੇ ਇਹ ਬੰਦਸ਼ ਲਾਉਣੀ ਕਿ ਪਹਿਲਾਂ 5 ਹਜ਼ਾਰ ਰੁਪਏ ਜਮ੍ਹਾ ਕਰਾਓ ਅਤੇ ਫਿਰ ਟਿਊਬਵੈਲਜ਼ ਲਗਾ ਕੇ ਦਿਆਂਗੇ, ਇਹ ਠੀਕ ਨਹੀਂ। ਉਹ ਵਿਚਾਰੇ ਇੰਨੀ ਰਕਮ ਕਿਥੋਂ ਲਿਆ ਸਕਦੇ ਹਨ। ਅੱਜ ਦੀ ਸਰਕਾਰ ਕੋਲੋਂ ਇਹ ਐਕਸਪੈਕਟ ਨਹੀਂ ਕੀਤਾ ਜਾ ਸਕਦਾ ਕਿ ਉਹ ਇਸ ਸ਼ਰਤ ਨੂੰ ਨਾ ਹਟਾਏ। ਮੇਰੀ ਇਹ ਬੇਨਤੀ ਹੈ ਕਿ ਬਜਾਏ ਇਸ ਬਾਰੇ ਮਹਿਕਮਾਨਾ ਖ਼ਤੋਕਿਤਾਬਤ ਦੇ ਬਿਜਲੀ ਦੇ ਮੰਤਰੀ ਸਾਹਿਬ ਤੇ ਚੀਫ਼ ਮਨਿਸਟਰ ਸਾਹਿਬ ਮਿਲ ਕੇ ਸਲਾਹ ਕਰਕੇ ਆਰਡਰ ਹੀ ਕਰ ਦੇਣ ਕਿ ਛੋਟੇ ਜ਼ਿਮੀਂਦਾਰਾਂ ਕੋਲੋਂ ਡਿਪਾਜ਼ਿਟਸ ਨਹੀਂ ਲੈਣੇ ਅਤੇ ਵਾਰੀ ਵਾਰੀ ਉਨ੍ਹਾਂ ਨੂੰ ਰੁਟੀਨ ਵਿਚ ਕੁਨੈਕਸ਼ਨ ਦਿਤੇ ਜਾਣਗੇ।

**ਸ੍ਰੀ ਸਪੀਕਰ :** ਅਟਵਾਲ ਸਾਹਿਬ, ਦੱਸ ਮਿੰਟ ਤੁਸੀਂ ਬੋਲ ਚੁਕੇ ਹੋ ਅਤੇ ਦਸ ਮਿੰਟ ਵਿਚ ਖ਼ਤਮ ਕਰ ਦਿਓ। ਗਿਲੋਟੀਨ ਰੂਲਜ਼ ਦੇ ਮੁਤਾਬਿਕ 1.00 ਵਜੇ ਅਪਲਾਈ ਕੀਤੀ ਜਾਏਗੀ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਸਪੀਕਰ ਸਾਹਿਬ, ਸੜਕਾਂ ਦੇ ਵਾਸਤੇ ਵੀ ਇਸ ਸਾਲ ਦੇ ਬਜਟ ਵਿਚ ਕਾਫ਼ੀ ਰੁਪਿਆ ਪ੍ਰੋਵਾਈਡ ਕੀਤਾ ਗਿਆ ਹੈ। ਔਰ ਕੱਲ ਹਾਊਸ ਦੇ ਵਿਚ ਮਾਨਯੋਗ ਐਗਰੀਕਲਚਰ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਮਾਰਕੀਟ ਕਮੇਟੀਆਂ ਕੋਲੋਂ ਅਤੇ ਮਾਰਕੀਟ ਬੋਰਡ ਕੋਲੋਂ ਸੜਕਾਂ ਵਾਸਤੇ ਹੋਰ ਰੁਪਿਆ ਲੈ ਕੇ ਦਿਆਂਗੇ। ਇਹ ਬੜੀ ਅੱਛੀ ਗੱਲ ਹੈ ਔਰ ਮੈਂ ਉਮੀਦ ਕਰਦਾ ਹਾਂ ਕਿ ਮੰਤਰੀ ਸਾਹਿਬ, ਪੀ.ਡਬਲਯੂ.ਡੀ., ਪਬਲਿਕ ਵਰਕਸ, ਇਹ ਵੇਖਣਗੇ ਕਿ ਇਹ ਸਾਰੇ ਰੁਪਏ ਦੀ ਵਰਤੋਂ ਠੀਕ ਕੀਤੀ ਜਾਏ ਤੇ ਕੇਵਲ ਸਟਾਫ਼ ਤੇ ਹੀ ਨਾ ਲਾਇਆ ਜਾਵੇ, ਕਿਉਂਕਿ ਜਿਸ ਵੇਲੇ ਸੜਕਾਂ ਦਾ ਬਜਟ 42 ਕਰੋੜ ਰੁਪਏ ਸੀ ਤਾਂ ਜਿੰਨਾਂ ਸਟਾਫ ਉਦੋਂ ਸੀ ਹੁਣ ਵੀ ਜਦ 9 ਕਰੋੜ ਰੁਪਏ ਦਾ ਬਜਟ ਹੈ ਉਹੀ ਸਟਾਫ਼ ਹੈ। ਇਹ ਸਟਾਫ਼ ਬਜਟ ਦੇ ਮੁਤਾਬਕ ਘਟਾਇਆ ਵਧਾਇਆ ਨਹੀਂ ਜਾਂਦਾ। ਮੇਰੀ ਇਨ੍ਹਾਂ ਅਗੇ ਬੇਨਤੀ ਹੈ ਕਿ ਜਦੋਂ ਸੜਕਾਂ ਦੇ ਬਣਾਉਣ ਵਾਸਤੇ ਬਜਟ ਘੱਟ ਗਿਆ ਤਾਂ ਫਿਰ ਸਟਾਫ਼ ਨੂੰ ਘਟਾ ਦੇਣਾ ਚਾਹੀਦਾ ਹੈ। ਇਕ ਸਿਸਟਮ ਚਲਾਇਆ ਗਿਆ ਸੀ ਬ੍ਰਿਟਿਸ਼ ਟਾਈਮ ਵਿਚ ਕਿ ਜਿੰਨਾਂ ਰੁਪਿਆ ਹੈ ਉਹ ਮਾਰਚ ਦੇ ਅੰਤ ਤਕ ਖਰਚ ਕਰ ਦੇਣਾ ਹੈ। ਉਹ ਸਿਸਟਮ ਉਨ੍ਹਾਂ ਨੂੰ ਕਿਸੇ ਤਰ੍ਹਾਂ ਸੂਟ ਕਰਦਾ ਸੀ। ਜੇ ਕੋਈ ਸੜਕ ਬਣਾਉਣੀ ਹੈ ਤਾਂ ਮਾਲ ਲਿਆ ਕੇ ਸੁਟ ਦਿਤਾ ਜਾਂਦਾ ਹੈ ਅਤੇ ਫਿਰ ਮਾਲ ਸੁਟ ਕੇ ਕਹਿ ਦਿੰਦੇ ਹਨ ਕਿ ਪੈਸੇ ਖ਼ਤਮ ਹੋ ਗਏ। ਜਿਹੜੀ ਲੇਬਰ ਉਸ ਤੇ ਲਗਣੀ ਹੁੰਦੀ ਹੈ ਉਸ ਦੇ ਵਾਸਤੇ ਪੈਸੇ ਨਹੀਂ ਹੁੰਦੇ। ਪੰਜਾਬ ਸਰਕਾਰ ਜਿਥੇ ਹੋਰ ਸਾਰੀਆਂ ਤਬਦੀਲੀਆਂ ਲਿਆ ਰਹੀ ਹੈ, ਇਸ ਸਿਸਟਮ ਨੂੰ ਵੀ ਤਬਦੀਲ ਕਰਨਾ ਚਾਹੀਦਾ ਹੈ। ਜਿਥੇ ਸੜਕ ਬਣਨੀ ਹੈ ਉਥੇ ਨਾਲ ਦੀ ਨਾਲ ਵੀ ਮੈਟੀਰੀਅਲ ਆ ਸਕਦਾ ਹੈ। ਮੈਂ ਵਿੱਤ ਮੰਤਰੀ ਸਾਹਿਬ ਨੂੰ ਰਿਕੁਐਸਟ ਕਰਾਂਗਾ, ਉਹ ਇਸ ਵੇਲੇ ਰੈਵਨਿਊ ਮਨਿਸਟਰ ਸਾਹਿਬ ਨਾਲ ਗੁਫਤਗੂ ਕਰ ਰਹੇ ਹਨ, ਕਿ ਇਹ ਉਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

ਜ਼ਿਮੇਵਾਰੀ ਹੈ ਕਿ ਉਹ ਪੀ. ਡਬਲਯੂ. ਡੀ. ਦੇ ਮੰਤਰੀ ਸਾਹਿਬ ਨੂੰ ਕਹਿਣ ਕਿ ਮਾਲ ਉਸ ਵੇਲੇ ਖ਼ਰੀਦੋ ਜਦੋਂ ਜ਼ਰੂਰਤ ਹੋਵੇ । ਸਾਲਾਂ ਬੱਧੀ ਪੈਸਾ ਰੋਕ ਕੇ ਨਾ ਰਖਿਆ ਜਾਵੇ । ਮਾਲ ਪਿਆ ਹੈ ਸੜਕ ਬਣ ਨਹੀਂ ਰਹੀ ਅਤੇ ਐਵੇਂ ਵਿਆਜ ਪੈ ਰਿਹਾ ਹੈ । ਇਸ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਵਲੋਂ ਇਕ ਅਜਿਹਾ ਪ੍ਰੋਗਰਾਮ ਜੋ ਟਾਈਮ ਬਾਊਂਡ ਹੋਵੇ ਬਣਾਇਆ ਜਾਣਾ ਚਾਹੀਦਾ ਹੈ ਜਿਸ ਦੇ ਮੁਤਾਬਿਕ 6 ਮਹੀਨੇ ਜਾਂ ਸਾਲ ਵਿਚ ਮਿਥੀਆਂ ਸੜਕਾਂ ਦਾ ਕੰਮ ਮੁਕੰਮਲ ਹੋ ਜਾਵੇ ਅਤੇ ਉਹ ਉਸੇ ਸਮੇਂ ਵਿਚ ਹੋ ਜਾਵੇ । ਇਹ ਨਾ ਹੋਵੇ ਕਿ ਦੱਸ ਸਾਲ ਲਟਕਦਾ ਰਹੇ । ਜਦ ਅਸੀਂ ਹਰ ਗੱਲ ਐਮਰਜੰਸੀ ਦੇ ਤਰੀਕੇ ਨਾਲ ਕਰ ਰਹੇ ਹਾਂ ਤਾਂ ਫਿਰ ਇਧਰ ਉਸ ਤਰ੍ਹਾਂ ਕਿਉਂ ਨਹੀਂ ਆਉਂਦੇ ? ਇਸ ਦੇ ਲਈ ਵਿੱਤ ਮੰਤਰੀ ਸਾਹਿਬ ਜ਼ਿਮੇਵਾਰ ਹਨ ਅਤੇ ਉਹ ਇਸ ਗੱਲ ਨੂੰ ਚੈਕ ਕਰਨ । ਮੇਰੀ ਬੇਨਤੀ ਇਹ ਹੈ ਕਿ ਇਸ ਸਿਸਟਮ ਨੂੰ ਜ਼ਰੂਰ ਬਦਲਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਐਜੂਕੇਸ਼ਨ ਲਈ ਬੜਾ ਰੁਪਿਆ ਰਖਿਆ ਗਿਆ ਹੈ ਔਰ ਸਕੂਲ ਬੜੇ ਅੱਪਗਰੇਡ ਹੋਣੇ ਹਨ । ਮਗਰ ਇਕ ਗੱਲ ਦੀ ਜਿਹੜੀ ਕਮੀ ਹੈ ਉਸ ਬਾਰੇ ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਅਤੇ ਆਪਣੀ ਸਰਕਾਰ ਨੂੰ ਰਿਕੁਐਸਟ ਕਰਾਂਗਾ ਕਿ ਜਿਸ ਵੇਲੇ ਸਕੂਲ ਅੱਪਗਰੇਡ ਹੋ ਜਾਂਦੇ ਹਨ ਉਥੇ ਜਿਹੜੇ ਵਧੇਰੇ ਟੀਚਰਜ਼ ਚਾਹੀਦੇ ਹੁੰਦੇ ਹਨ ਉਹ ਸਾਲ ਸਾਲ ਦੋ ਦੋ ਸਾਲ ਨਹੀਂ ਭੇਜੇ ਜਾਂਦੇ । ਇਹ ਪਤਾ ਨਹੀਂ ਕਿਉਂ ਕੀਤਾ ਜਾਂਦਾ ਹੈ ? ਸਾਨੂੰ ਇਹ ਸਮਝ ਨਹੀਂ ਆਈ ਕਿ ਮਹਿਕਮੇ ਨੂੰ ਕੀ ਤਕਲੀਫ ਹੈ? ਕੀ ਪੜ੍ਹੇ ਲਿਖੇ ਲੋਕ ਨਹੀਂ ਮਿਲਦੇ ? ਸਾਡੇ ਕੋਲ ਹਜ਼ਾਰਾਂ ਕੁਆਲੀਫਾਈਡ ਨੌਜਵਾਨ ਆਉਂਦੇ ਹਨ ਕਿ ਸਾਨੂੰ ਕੰਮ ਦਿਓ । ਕੀ ਇਸ ਦੇ ਲਈ ਕੋਈ ਐਨਰੋਲਮੈਂਟ ਵਿਚ ਖ਼ਰਾਬੀ ਹੈ ਜਾਂ ਐਪੁਆਇੰਟਮੈਂਟ ਸਿਸਟਮ ਵਿਚ ਖ਼ਰਾਬੀ ਹੈ ? ਜੇ ਹੈ, ਉਸ ਨੂੰ ਚੇਂਜ ਕਰਨਾ ਚਾਹੀਦਾ ਹੈ । ਜਦੋਂ ਕਹਿ ਦਿਤਾ ਜਾਂਦਾ ਹੈ ਕਿ ਸਕੂਲ ਅੱਪਗਰੇਡ ਹੋ ਗਿਆ ਹੈ ਔਰ ਬੱਚੇ ਐਨਰੋਲ ਕਰ ਲਵੋ, ਫੇਰ ਉਥੇ ਟੀਚਰ ਨਾ ਭੇਜੇ ਜਾਣ ਤਾਂ ਇਹ ਚੰਗੀ ਗੱਲ ਨਹੀਂ । ਮਹਿਕਮੇ ਲਈ ਇਹ ਸ਼ੋਭਨੀਕ ਨਹੀਂ । ਟੀਚਰਜ਼ ਜਲਦੀ ਤੋਂ ਜਲਦੀ ਭੇਜਣੇ ਚਾਹੀਦੇ ਹਨ ਅਤੇ ਇਸ ਖ਼ਰਾਬੀ ਨੂੰ ਦੂਰ ਕਰਨਾ ਚਾਹੀਦਾ ਹੈ ।

ਜਦੋਂ ਸਾਡੀ ਸਰਕਾਰ ਦਾ ਪਹਿਲਾ ਬਜਟ ਪੇਸ਼ ਹੋਇਆ ਸੀ ਤਾਂ ਮੈਂ ਉਸਤੇ ਬੋਲਦੇ ਹੋਏ ਆਪਣੇ ਵਿੱਤ ਮੰਤਰੀ ਸਾਹਿਬ ਨੂੰ ਅਰਜ਼ ਕੀਤੀ ਸੀ ਕਿ ਅਗਰ ਪਿੰਡਾਂ ਦੀ ਅੱਨਐਮਪਲਾਇਮੈਂਟ ਦੂਰ ਕਰਨੀ ਹੈ ਤਾਂ ਉਥੇ 10-15 ਕਰੋੜ ਰੁਪਏ ਦੀ ਲਾਗਤ ਨਾਲ ਸਮਾਲ ਸਕੇਲ ਇੰਡਸਟਰੀ ਲਾ ਦੇਣੀ ਚਾਹੀਦੀ ਹੈ । ਉਸ ਵੇਲੇ ਸਾਡੇ ਵਿੱਤ ਮੰਤਰੀ ਸਾਹਿਬ ਨੇ ਬੜੀ ਖੂਬਸੂਰਤੀ ਨਾਲ ਜਵਾਬ ਦੇ ਦਿਤਾ ਸੀ, ਮਗਰ ਅੱਜ 20 ਸੂਤਰੀ ਪ੍ਰੋਗਰਾਮ ਵਿਚ ਉਹੀ ਗੱਲ ਆ ਗਈ ਹੈ ਕਿ ਕੋਈ ਇੰਡਸਟਰੀ ਪਿੰਡਾਂ ਵਿਚ ਖੋਲ੍ਹਣ ਦਾ ਉਪ੍ਰਾਲਾ ਕਰੋ ਤਾਂ ਜੋ ਉਥੇ ਅਨ-ਐਮਪਲਾਇਮੈਂਟ ਦੂਰ ਹੋ ਜਾਵੇ । ਮੇਰੀ ਬੇਨਤੀ ਹੈ ਕਿ ਸਰਕਾਰ ਇਸ ਤੇ ਜ਼ਰੂਰ ਜ਼ੋਰ ਦੇਵੇ । ਕੁਝ ਪ੍ਰੋਵੀਜ਼ਨ ਬਜਟ ਵਿਚ ਇਸ ਲਈ ਕੀਤਾ ਵੀ ਹੈ ਅਤੇ ਕੁਝ ਹੋਰ ਫੰਡਜ਼ ਦਾ ਪ੍ਰੋਵੀਜ਼ਨ ਕੀਤਾ ਜਾਵੇ ਤਾਂ ਕਿ ਕੰਮ ਜਲਦੀ ਹੋ ਸਕੇ । ਸਮਾਲ ਸਕੇਲ ਇੰਡਸਟਰੀ ਜਿਹੜੀ ਹੈ ਉਹ ਬਜਾਏ ਸ਼ਹਿਰਾਂ ਦੇ ਪਿੰਡਾਂ ਵਿਚ ਆ ਜਾਵੇ ।

ਸਪੀਕਰ ਸਾਹਿਬ, ਰੈਵਿਨਿਊ ਡਿਪਾਰਟਮੈਂਟ ਨੇ ਪਿਛਲੇ ਦੋ ਸਾਲਾਂ ਵਿਚ ਕੁਝ ਇਕ ਚੰਗਾ ਸਿਸਟਮ ਸ਼ੁਰੂ ਕੀਤਾ ਸੀ । ਉਹ ਇਹ ਸੀ ਕਿ ਜ਼ਮੀਨਾਂ ਦੀ ਓਨਰਸ਼ਿਪ ਦੀਆਂ ਬੁਕਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਅਟਵਾਲ]

ਜਿਹੜੀਆਂ ਹਨ ਉਹ ਫਾਰਮਰਜ਼ ਨੂੰ ਦਿਤੀਆਂ ਜਾਣੀਆਂ ਚਾਹੀਦੀਆਂ ਹਨ । ਉਹ ਸਿਸਟਮ ਬੜਾ ਚੰਗਾ ਸੀ । ਔਰ ਉਸ ਦੇ ਨਾਲ ਇਕ ਬੜਾ ਝਗੜਾ ਦੂਰ ਹੋ ਸਕਦਾ ਹੈ । ਇਥੇ ਹਾਉਸ ਵਿਚ ਜਿਹੜਾ ਰੌਲਾ ਪੈਂਦਾ ਰਿਹਾ ਹੈ ਬੇਨਾਮੀਆਂ ਦਾ, ਅਗਰ ਉਨ੍ਹਾਂ ਕਿਤਾਬਾਂ ਤੇ ਫੋਟੋ ਲਾ ਕੇ ਦਿਤੀਆਂ ਜਾਣ ਤਾਂ ਇਹ ਪ੍ਰਾਬਲਮ ਸਾਲਵ ਹੋ ਜਾਵੇਗੀ । ਅਗਰ ਰੈਵਨਿਊ ਡਿਪਾਰਟਮੈਂਟ ਇਹ ਸੋਚਦਾ ਹੈ ਕਿ ਬੇਨਾਮੀਆਂ ਹਟਾਈਆਂ ਹਨ ਤਾਂ ਕਿਉਂ ਨਹੀਂ ਬਜਟ ਵਿਚ ਪ੍ਰੋਵੀਜ਼ਨ ਕਰਾਇਆ ਇਸ ਗੱਲ ਵਾਸਤੇ ? ਮੇਰੀ ਬੇਨਤੀ ਇਹ ਹੈ ਕਿ ਬਜਾਏ ਇਸ ਨੂੰ 5 ਸਾਲ ਦਾ ਜਾਂ ਦੱਸ ਸਾਲ ਦਾ ਪ੍ਰੋਜੈਕਟ ਬਣਾਉਣ, ਇਹ ਇਸ ਨੂੰ ਇਕ ਸਾਲ ਦਾ ਪ੍ਰੋਜੈਕਟ ਬਣਾ ਦੇਣ ਤਾਂ ਕਿ ਝੰਝਟ ਹੀ ਖ਼ਤਮ ਹੋ ਜਾਵੇ ।

ਸਪੀਕਰ ਸਾਹਿਬ, ਟਰਾਂਸਪੋਰਟ ਦੇ ਬਾਰੇ ਸਾਡਾ ਸਿਸਟਮ ਚੰਗਾ ਚਲਣ ਲਗ ਪਿਆ ਹੈ, ਅਗੇ ਜਿਹੜੀਆਂ ਕਮੀਆਂ ਸਨ ਉਹ ਦੂਰ ਹੋ ਗਈਆਂ ਹਨ ਮਗਰ ਇਕ ਗੱਲ ਰਹਿ ਗਈ ਹੈ ਉਹ ਇਹ ਕਿ ਜਿਹੜੀ ਸਰਕਾਰ ਨੇ ਕਮਿਟਮੈਂਟ ਕੀਤੀ ਸੀ ਅਸੀਂ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਹੈ ਉਸ ਦੇ ਮੁਤਅੱਲਕ ਪਤਾ ਨਹੀਂ ਕਿਉਂ ਚੁਪ ਸਾਧ ਲਈ ਹੈ । ਹੁਣ ਇਸ ਤਰ੍ਹਾਂ ਲਗਦਾ ਹੈ ਕਿ ਇਸ ਦੇ ਲਈ ਪ੍ਰਾਈਵੇਟ ਓਪਰੇਟਰਾਂ ਨੂੰ ਕੁਝ ਟਾਈਮ ਹੋਰ ਦਿਤਾ ਜਾਵੇਗਾ, ਇਹ ਨਹੀਂ ਹੋਣਾ ਚਾਹੀਦਾ ।

ਇਕ ਬੇਨਤੀ ਮੇਰੀ ਇਹ ਹੈ, ਸਪੀਕਰ ਸਾਹਿਬ, ਕਿ ਜਿਹੜੀ ਸਾਡੀ ਇੰਡਸਟਰੀ ਹੈ ਉਸ ਦੇ ਵਿਚ ਜਿੰਨੀਂ ਜਲਦੀ ਅਸੀਂ ਵਰਕਰਜ਼ ਨੂੰ ਮਨੇਜਮੈਂਟ ਵਿਚ ਹਿੱਸਾ ਦੇਵਾਂਗੇ, ਉਨਾਂ ਹੀ ਅੱਛਾ ਹੋਵੇਗਾ । ਜਿਹੜੀ ਇੰਡਸਟਰੀ ਪਬਲਿਕ ਸੈਕਟਰ ਵਿਚ ਹੈ ਉਸ ਬਾਰੇ ਉਨਾਂ ਨੂੰ ਥਿੰਕਿੰਗ ਹੋਵੇਗੀ ਕਿ ਉਨ੍ਹਾਂ ਦੀ ਆਪਣੀ ਇੰਡਸਟਰੀ ਹੈ ਔਰ ਉਹ ਆਪਣੇ ਤਰੀਕੇ ਨਾਲ ਮਨੇਜਮੈਂਟ ਕਰਨਗੇ, ਆਪਣੇ ਤਰੀਕੇ ਨਾਲ ਪ੍ਰੋਡਕਸ਼ਨ ਵਧਾਉਣਗੇ ਅਤੇ ਸਹੀ ਮਾਇਨਿਆਂ ਵਿਚ ਕਾਸਟ ਆਫ ਪ੍ਰੋਡਕਸ਼ਨ ਘਟਾਉਣਗੇ ਤੱਦ ਤਕ ਅਸੀਂ ਜ਼ਿਆਦਾ ਸੱਕਸੈਸਫੁਲ ਨਹੀਂ ਹੋ ਸਕਦੇ ਜਦ ਤਕ ਅਸੀਂ ਵਰਕਰਜ਼ ਨੂੰ ਮਨੇਜਮੈਂਟ ਵਿਚ ਹਿੱਸਾ ਨਹੀਂ ਦਿੰਦੇ ।

ਸਪੀਕਰ ਸਾਹਿਬ, ਮੇਰੀ ਸਰਕਾਰ ਦੇ ਅੱਗੇ ਇਹ ਬੇਨਤੀ ਹੈ ਕਿ ਜਲਦੀ ਤੋਂ ਜਲਦੀ ਟਰਾਂਸਪੋਰਟ ਦੀ ਵੀ ਅਤੇ ਹੋਰ ਵੀ ਜਿਤਨੀ ਪਬਲਿਕ ਸੈਕਟਰ ਦੀ ਇੰਡਸਟਰੀ ਹੈ ਉਥੇ ਵਰਕਰਜ਼ ਨੂੰ ਜ਼ਰੂਰ ਮਨੇਜਮੈਂਟ ਵਿਚ ਹਿੱਸਾ ਦਿਤਾ ਜਾਵੇ (ਘੰਟੀ) ਅਸੀਂ ਕਹਿੰਦੇ ਹਾਂ ਕਿ ਬਸ ਸਟੈਂਡ ਕਿਉਂ ਨਹੀਂ ਬਣਾਉਂਦੇ । ਸਰਕਾਰ ਕਹਿੰਦੀ ਹੈ ਕਿ ਫੰਡਜ਼ ਨਹੀਂ ।

**ਸ਼੍ਰੀ ਸਪੀਕਰ :** ਵਾਈਂਡ ਅੱਪ ਕਰੋ ਜੀ ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਮੈਂ ਦਸ ਮਿੰਟ ਹੋਰ ਲਵਾਂਗਾ ਜੀ । ਇਥੇ ਕਿਹਾ ਜਾਂਦਾ ਹੈ ਕਿ ਫੰਡਜ਼ ਦੀ ਸ਼ਾਰਟੇਜ ਹੈ । ਜਿਹੜਾ ਰੋਡ ਰਿਪੇਅਰਜ਼ ਵਗੈਰਾ ਦਾ ਕੰਮ ਹੈ ਇਸ ਨੂੰ ਠੀਕ ਤਰੀਕੇ ਨਾਲ ਕੀਤਾ ਜਾਵੇ । ਮੈਨੇਜਮੈਂਟ, ਵਰਕਰਜ਼ ਨੂੰ, ਸਭ ਨੂੰ ਇਹ ਪਤਾ ਹੋਵੇ ਕਿ ਇਹ ਬਸ ਸਟੈਂਡ ਅਸੀਂ ਬਣਾਉਣਾ ਹੈ ਅਤੇ ਗੌਰਮਿੰਟ ਨੂੰ ਇਸ ਦੇ ਬਾਰੇ ਬਾਦਰ ਕਰਨ ਦੀ ਲੋੜ ਨਹੀਂ ।

ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਨੂੰ ਇਸ ਗੱਲ ਉਤੇ ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਆਨ ਦੀ ਫਲੋਰ ਆਫ ਦੀ ਹਾਊਸ ਪੰਜਾਬ ਗੌਰਮਿੰਟ ਦੇ

Original with;
Punjab Vidhan Sabha
Digitized by;
Panjab Digital Library

ਜਿਹੜੇ ਕਰਮਚਾਰੀ ਹਨ ਉਨ੍ਹਾਂ ਨੂੰ ਐਡੀਸ਼ਨਲ ਡੀ. ਏ. ਦੀਆਂ ਇਨਸਟਾਲਮੈਂਟਸ ਦੇਣ ਵਾਸਤੇ ਅਨਾਊਂਸਮੈਂਟ ਕੀਤੀ। ਇਹ ਬਹੁਤ ਸੁਹਣਾ ਅਤੇ ਨੇਕ ਕੰਮ ਕੀਤਾ ਹੈ। ਮੈਨੂੰ ਪਤਾ ਲਗਾ ਹੈ ਕਿ ਜਿਹੜੇ ਆਈ.ਏ.ਐਸ. ਤੇ ਆਈ.ਪੀ.ਐਸ. ਵਾਲੇ ਹਨ ਉਨ੍ਹਾਂ ਨੂੰ ਪੰਜ ਪੰਜ ਇਨਸਟਾਲਮੈਂਟਾਂ ਐਡੀਸ਼ਨਲ ਡੀ.ਏ. ਦੀਆਂ ਮਿਲ ਚੁਕੀਆਂ ਹਨ। ਇਸ ਲਈ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਆਪਣੀ ਉਸ ਅਨਾਊਂਸਮੈਂਟ ਉਤੇ ਜ਼ਰੂਰ ਇਕ ਦਫ਼ਾ ਵਿਚਾਰ ਕਰਨ ਅਤੇ ਪੰਜਾਬ ਗੌਰਮਿੰਟ ਦੇ ਕਰਮਚਾਰੀਆਂ ਨੂੰ ਕੁਝ ਹੋਰ ਡੀ.ਏ. ਦੀਆਂ ਇਨਸਟਾਲਮੈਂਟਾਂ ਦਿਤੀਆਂ ਜਾਣ। ਸਪੀਕਰ ਸਾਹਿਬ, ਇਕ ਹੋਰ ਅਨਾਊਂਸਮੈਂਟ, ਸੈਂਟਰ ਗੌਰਮਿੰਟ ਤੇ ਪੰਜਾਬ ਗੌਰਮਿੰਟ ਨੇ ਕੀਤੀ ਸੀ ਕਿ ਜਿਨ੍ਹਾਂ ਅਫਸਰਾਂ ਦੇ ਆਪਣੇ ਮਕਾਨ ਹਨ ਅਤੇ ਉਹ ਜਿਥੇ ਕੰਮ ਕਰਦੇ ਹਨ ਉਥੇ ਉਹ ਸਰਕਾਰੀ ਮਕਾਨਾਂ ਵਿਚ ਰਹਿ ਰਹੇ ਹਨ, ਉਹ ਆਪਣੇ ਮਕਾਨਾਂ ਵਿਚ ਚਲੇ ਜਾਣ ਅਤੇ ਸਰਕਾਰੀ ਮਕਾਨ ਖਾਲੀ ਕਰ ਦੇਣ ਤਾਂਕਿ ਜਿਨ੍ਹਾਂ ਕੋਲ ਆਪਣੇ ਮਕਾਨ ਨਹੀਂ ਉਨ੍ਹਾਂ ਨੂੰ ਸਰਕਾਰੀ ਮਕਾਨ ਮਿਲ ਜਾਣ। ਮਗਰ ਇਸ ਤੇ ਕੁਝ ਜ਼ਿਆਦਾ ਅਮਲ ਨਹੀਂ ਹੋਇਆ। ਚੰਡੀਗੜ੍ਹ ਟੈਰੇਟਰੀ ਵਿਚ ਸਾਡੀ ਜੁਰਿਸਡਿਕਸ਼ਨ ਨਹੀਂ। ਇਸ ਕਰਕੇ ਜਿਨ੍ਹਾਂ ਦੇ ਇਥੇ ਮਕਾਨ ਹਨ ਉਨ੍ਹਾਂ ਨੂੰ ਅਸੀਂ ਇਹ ਨਹੀਂ ਕਹਿ ਸਕਦੇ ਕਿ ਸਰਕਾਰੀ ਮਕਾਨ ਖਾਲੀ ਕਰੋ। ਮੈਂ ਚੀਫ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਯੂਨੀਅਨ ਟੈਰੇਟਰੀ ਦੇ ਅਧਿਕਾਰੀਆਂ ਨਾਲ ਗੱਲ ਕਰਨ ਕਿ ਜਿਨ੍ਹਾਂ ਕਰਮਚਾਰੀਆਂ ਦੇ ਆਪਣੇ ਮਕਾਨ ਹਨ ਅਤੇ ਸਰਕਾਰੀ ਮਕਾਨਾਂ ਵਿਚ ਰਹਿ ਰਹੇ ਹਨ ਉਹ ਆਪਣੇ ਮਕਾਨਾਂ ਵਿਚ ਚਲੇ ਜਾਣ ਅਤੇ ਉਨ੍ਹਾਂ ਦੇ ਮਕਾਨ ਕਿਰਾਏਦਾਰਾਂ ਤੋਂ ਖਾਲੀ ਕਰਵਾਉਣ।

ਸਪੀਕਰ ਸਾਹਿਬ, ਮੈਂ ਇਕ ਦੋ ਰਿਕੁਐਸਟਸ ਆਪਣੀ ਕਾਂਸਟੀਚਿਊਐਂਸੀ ਮੁਤਲਿਕ ਕਰਨਾ ਚਾਹੁੰਦਾ ਹਾਂ। ਮੇਰੀ ਕਾਂਸਟੀਚਿਊਐਂਸੀ ਅਤੇ ਇਲਾਕੇ ਵਿਚ ਕੋਈ ਲੜਕੀਆਂ ਜਾਂ ਲੜਕਿਆਂ ਦਾ ਕਾਲਜ ਨਹੀਂ। ਜਿਤਨੀਆਂ ਵੀ ਲੜਕੀਆਂ ਉਸ ਏਰੀਏ ਦੀਆਂ ਹਨ ਉਹ ਸਾਰੀਆਂ ਲੁਧਿਆਣੇ ਕਾਲਜ ਵਿਚ ਪੜ੍ਹਨ ਜਾਂਦੀਆਂ ਹਨ। ਇਸ ਨਾਲ ਬੜੀ ਮੁਸ਼ਕਲ ਹੁੰਦੀ ਹੈ।

**ਇਕ ਆਵਾਜ਼ :** ਉਹ ਤਾਂ ਹੁਣ ਤੁਹਾਡੀ ਕਾਂਸਟੀਚਿਊਐਂਸੀ ਰਹੀ ਹੀ ਨਹੀਂ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਮੈਂ ਉਸ ਕਾਂਸਟੀਚਿਊਐਂਸੀ ਦੀ ਗੱਲ ਕਰ ਰਿਹਾ ਹਾਂ ਜਿਥੋਂ ਮੈਂ 1976-77 ਤਕ ਇਲੈਕਟ ਕੀਤਾ ਗਿਆ ਹਾਂ।

**ਸ੍ਰੀ ਸਪੀਕਰ :** ਡੀਲਿਮੀਟੇਸ਼ਨ ਦੀ ਤਾਂ ਕੋਈ ਆਈਟਮ ਅੰਡਰ ਡਿਸਕਸ਼ਨ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਸਪੀਕਰ ਸਾਹਿਬ, ਮੈਂ ਖਜ਼ਾਨਾ ਮੰਤਰੀ ਸਾਹਿਬ ਨੂੰ ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ ਉਹ ਕਿਸੇ ਤਰੀਕੇ ਨਾਲ ਵਿਚਾਰ ਕਰਕੇ ਫਿਲੌਰ ਵਿਚ ਵੀ ਲੜਕੀਆਂ ਦਾ ਗੌਰਮਿੰਟ ਕਾਲਜ ਖੋਲ੍ਹ ਦੇਣ। ਇਸ ਦੇ ਨਾਲ ਹੀ ਨਾਲ ਮੈਂ ਮੁੱਖ ਮੰਤਰੀ ਸਾਹਿਬ ਨੂੰ ਵੀ ਰਿਕੁਐਸਟ ਕਰਾਂਗਾ ਕਿ ਉਹ ਇਸ ਤੇ ਜ਼ਰੂਰ ਧਿਆਨ ਦੇਣ। ਸਪੀਕਰ ਸਾਹਿਬ, ਹਾਲਾਂ ਕਿ ਕਾਂਸਟੀਚਿਊਐਂਸੀ ਵਿਚ ਮੈਨੂੰ ਬਹੁਤਾ ਕੋਈ ਲਾਈਕ ਨਹੀਂ ਕਰਦਾ, ਨਾ ਕੋਈ ਚਾਹੁੰਦਾ ਹੈ, ਲੋਕ ਦੁਰਕਾਰਦੇ ਹਨ। ਠੀਕ ਹੈ ਜੇ ਮੈਂ ਕੰਮ ਨਹੀਂ ਕਰਾਂਗਾ ਤਾਂ ਉਹ ਮੈਨੂੰ ਦੁਰਕਾਰਨਗੇ ਹੀ, ਪਸੰਦ ਕਿਉਂ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ :** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮਾਨਯੋਗ ਮੈਂਬਰ ਸਾਹਿਬ ** * * ਬੋਲ ਰਹੇ ਹਨ। ਮੈਨੂੰ ਪਤਾ ਹੈ ਕਿ ਉਥੇ ਇਨ੍ਹਾਂ ਨੂੰ ਲੋਕ ਬਹੁਤ ਸਤਿਕਾਰਦੇ ਹਨ। ਕੀ ** * * ਬੋਲਣਾ ਇਥੇ ਅਲਾਊਡ ਹੈ ?

**ਸ੍ਰੀ ਸਪੀਕਰ :** ** * * ਲਫਜ਼ ਅਨਪਾਰਲੀਮੈਂਟਰੀ ਹੈ। ਇਹ ਜਿਹੜਾ ਤੁਸੀਂ ਕਿਹਾ ਹੈ, ਇਹ ਗਲਤ ਹੈ। ਇਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਸਪੀਕਰ ਸਾਹਿਬ, ਮੈਂ ਵੀ ਕੋਸ਼ਿਸ਼ ਕਰਾਂਗਾ ਅਤੇ ਆਪਣੇ ਇਲਾਕੇ ਵਿਚੋਂ ਕਾਲਜ ਦੀ ਸਥਾਪਨਾ ਲਈ ਤਿੰਨ ਚਾਰ ਲੱਖ ਰੁਪਿਆ ਇਕੱਠਾ ਕਰਕੇ ਦੇਣ ਦਾ ਯਤਨ ਕਰਾਂਗਾ। ਮੇਰੀ ਬੇਨਤੀ ਹੈ ਕਿ ਸਰਕਾਰ ਜ਼ਰੂਰ ਇਸ ਦੇ ਉਤੇ ਧਿਆਨ ਦੇਵੇ। ਇਸ ਦੇ ਨਾਲ ਹੀ ਮੈਂ ਇਕ ਦਫਾ ਫਿਰ ਆਪਣੇ ਮੁੱਖ ਮੰਤਰੀ ਸਾਹਿਬ ਜਿਨ੍ਹਾਂ ਨੇ ਪੰਜਾਬ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਚੰਗੇ ਕੰਮ ਕੀਤੇ ਹਨ ਅਤੇ ਜਿਹੜੇ ਚੰਗੇ ਕੰਮ ਕਰਵਾ ਰਹੇ ਹਨ ਉਨ੍ਹਾਂ ਦੇ ਵਾਸਤੇ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ।

**ਸ੍ਰੀ ਸਪੀਕਰ :** 12.30 ਤੇ ਐਫ. ਐਮ. ਸਾਹਿਬ ਬੋਲਣਗੇ। ਆਪੋਜ਼ੀਸ਼ਨ ਵਲੋਂ ਕਾਮਰੇਡ ਰਾਜ ਕੁਮਾਰ ਜੀ ਹੀ ਬੋਲਣਗੇ। ਰਾਜ ਕੁਮਾਰ ਜੀ, ਤੁਸੀਂ ਕਿਤਨਾ ਟਾਈਮ ਲਓਗੇ ?

**ਕਾਮਰੇਡ ਰਾਜ ਕੁਮਾਰ**, ਸਪੀਕਰ ਸਾਹਿਬ, ਜਿਤਨਾ ਟਾਈਮ ਦੇ ਦਿਉਗੇ। ਵੈਸੇ ਮੈਂ 25 ਮਿੰਟ ਬੋਲਾਂਗਾ।

**ਸ੍ਰੀ ਸਪੀਕਰ:** ਠੀਕ ਹੈ, ਬਾਕੀ ਦਾ ਟਾਈਮ ਹੋਰ ਆਨਰੇਬਲ ਮੈਂਬਰਜ਼ ਨੂੰ ਦੇ ਦਿਆਂਗੇ।

**ਕਾਮਰੇਡ ਰਾਜ ਕੁਮਾਰ** (ਧਾਰੀਵਾਲ): ਸਪੀਕਰ ਸਾਹਿਬ, ਡੈਸਪਰੇਟ ਕਿਸਮ ਦੀ ਇਕਤਸਾਦੀ ਹਾਲਤ ਦੀ ਬੈਕਗਰਾਊਂਡ ਸੀ ਜਿਸ ਦੇ ਵਿਚ ਸਾਡੀ ਵਿਧਾਨ ਸਭਾ ਦੇ ਸਾਹਮਣੇ ਇਸ ਆਉਣ ਵਾਲੇ ਸਾਲ ਦਾ ਬਜਟ ਲਿਆਂਦਾ ਗਿਆ ਹੈ। ਡੈਸਪਰੇਟ ਹਾਲਾਤ ਭਾਵੇਂ ਅੱਜ ਨਾ ਹੋਣ ਲੇਕਿਨ ਜੂਨ, 1975 ਵਿਚ ਇਸ ਗੱਲ ਤੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਸੀ, ਕੋਈ ਦੋ ਰਾਵਾਂ ਨਹੀਂ ਸਨ ਕਿ ਉਹ ਟਾਈਮ ਕੀਮਤਾਂ ਦੇ ਚੜ੍ਹਾ, ਡਿਗਦੀ ਹੋਈ ਤਰੱਕੀ ਦੇ ਇਸ਼ਾਰਿਆਂ, ਥੁੜ੍ਹਾਂ ਅਤੇ ਹਰ ਕਿਸਮ ਦੀਆਂ ਥੁੜਾਂ, ਜ਼ਰੂਰੀ ਚੀਜ਼ਾਂ ਦੀ ਥੁੜ, ਮੈਟਰੀਅਲ ਦੀ ਥੁੜ, ਇਨਪੁਟਸ ਦੀ ਥੁੜ, ਗਰਜ਼ੇ ਕਿ ਹਰ ਕਿਸਮ ਦੀ ਥੁੜ ਦਾ ਸਮਾਂ ਸੀ। ਸਪੀਕਰ ਸਾਹਿਬ, ਜਿੱਥੇ ਇਕ ਪਾਸੇ ਥੁੜ ਸੀ, ਦੂਜੇ ਪਾਸੇ ਸਭ ਕੁਝ ਸੀ ਅਤੇ ਕੁਝ ਲੋਕਾਂ ਦਾ ਮਨਸ਼ਾ ਸੀ ਕਿ ਇਕਤਸਾਦੀ ਤੌਰ ਉਤੇ ਬਿਲਕੁਲ ਉਜਾੜੇ ਦੀ ਹਾਲਤ ਹੋਵੇ, ਲੋਕਾਂ ਦੀ ਇਕਨਾਮੀਕਲੀ ਇਮਪਾਵਰਿਸ਼ਡ ਹਾਲਤ ਹੋਵੇ। ਦਿਮਾਗੀ ਤੌਰ ਤੇ ਕੁਝ ਲੋਕਾਂ ਦੀ ਇਹ ਹਾਲਤ ਸੀ ਕਿ ਉਹ ਆਪਣੇ ਆਪ ਨੂੰ ਹੁਮੀਲੇਟਿਡ ਫੀਲ ਕਰ ਰਹੇ ਸਨ ਅਤੇ ਡੈਸਪਰੇਟ ਸਨ, ਡੀਮਾਰੇਲਾਈਜ਼ਡ ਸਨ। ਉਸ ਸਮੇਂ ਜੋ ਮੁਲਕ ਵਿਚ ਹੋ ਰਿਹਾ ਸੀ ਉਸ ਦੇ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ। 1961 ਵਿਚ ਗਰੀਬਾਂ ਦੀ ਤਾਦਾਦ 38% ਸੀ ਅਤੇ 1969 ਵਿਚ ਇਹ 54% ਹੋ ਗਈ ਅਤੇ 1975 ਵਿਚ ਇਹ ਤਾਦਾਦ 400

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਿਲੀਅਨ ਵੱਧ ਹੋ ਗਈ । ਇਹ ਇਕ ਅਮਲ ਜਾਰੀ ਸੀ । ਸਪੀਕਰ ਸਾਹਿਬ, ਇਸ ਕਿਸਮ ਦੇ ਹਾਲਾਤ ਵਿਚ ਜੋ ਮਾਨਸਿਕ ਸਥਿਤੀ ਸੀ ਉਸ ਦਾ ਜ਼ਿਕਰ ਮੇਰੇ ਮਾਨਯੋਗ ਵਿੱਤ ਮੰਤਰੀ ਜੀ ਦੇ ਭਾਸ਼ਨ ਦੇ ਦੂਸਰੇ ਸਫ਼ੇ ਤੇ ਹੈ:

In concrete terms, the strategy of the Fifth Plan and the Annual Plan has been to—

(i) continue the emphasis on the core sectors of economy with a view to accelerating the rate of growth and creating growth potential;

(ii) diversify the economic structure by according higher priority to industry;

(iii) create larger employment opportunities both for skilled workers and educated un-employed; and

(iv) provide adequate funds for the welfare of weaker and under privileged sections of society and for the development of backward areas so as to reduce the economic inequalities between different sections of society and different regions of the State.

ਇਹ ਕੋਈ ਅਜਿਹੀ ਗੱਲ ਨਹੀਂ ਜਿਸ ਦੇ ਉਤੇ ਕੋਈ ਵੀ ਹੋਸ਼ ਆਦਮੀ ਸੈਟਿਸਫੈਕਸ਼ਨ ਜ਼ਾਹਿਰ ਨਾ ਕਰੇ । ਪਿਛੇ ਜਿਹੇ ਇਸ ਸਬੰਧ ਵਿਚ ਕਿਹਾ ਗਿਆ ਸੀ ਕਿ ਸੌਖ ਤੋਂ ਕੰਮ ਲੈ ਰਹੇ ਹਾਂ ਲੇਕਿਨ ਹਕੀਕਤ ਨੂੰ ਅੱਖਾਂ ਬੰਦ ਕਰਕੇ ਬਿਲਕੁਲ ਨਹੀਂ ਵੇਖਦੇ ਜਿਹੜੀ ਹਕੀਕਤ ਪਰਤੱਖ ਹੈ । 700 ਕਰੋੜ ਦੇ ਬਜਟ ਨੂੰ ਜੇ ਕੰਸਟੈਂਟ ਪ੍ਰਾਈਸ ਦੇ ਉਤੇ ਵੀ ਕੈਲਕੁਲੇਟ ਕਰ ਕੇ ਦੇਖ ਲਈਏ ਤਾਂ ਇਸ ਨੂੰ ਬਹੁਤ ਜ਼ਿਆਦਾ ਸੈਟਿਸਫੈਕਟਰੀ, ਬਹੁਤ ਜ਼ਿਆਦਾ ਸੁਝਾਵਾਂ ਅਤੇ ਪੱਖਾਂ ਤੋਂ ਦਰੁਸਤ ਕਰਨ ਦੀ ਗੁੰਜਾਇਸ਼ ਵੀ ਮੌਜੂਦ ਹੈ ਕਿਉਂਕਿ ਮੁਲਕ ਦੀ ਜੋ ਹਾਲਤ ਹੈ ਉਹ ਭਾਵੇਂ ਕਿੰਨੀ ਵੀ ਸੈਟਿਸਫੈਕਟਰੀ ਦਸੀ ਗਈ ਹੋਵੇ, ਮੁਲਕ ਦੀਆਂ ਜ਼ਰੂਰਤਾਂ ਦੇ ਪੇਸ਼ੇ ਨਜ਼ਰ ਘੱਟ ਹੈ । ਇਹ ਗੱਲ ਤਸੱਲੀ ਵਾਲੀ ਹੈ ਕਿ ਉਨ੍ਹਾਂ ਤਬਕਿਆਂ ਵਲ ਧਿਆਨ ਦੇਣ ਦਾ ਯਤਨ ਕੀਤਾ ਗਿਆ ਅਤੇ ਉਨ੍ਹਾਂ ਦੀ ਮਦਦ ਕਰਨ ਵਲ ਧਿਆਨ ਦਿਤਾ ਗਿਆ ਜੋ ਮੋਹਤਾਜ ਸਨ ਅਤੇ ਇਹ ਗੱਲ ਅਹਿਸਾਸ ਕਰਾਉਣ ਲਈ ਕਿ ਅੱਜ ਸਾਡੇ ਦੇਸ਼ ਦੇ ਵਿਚ ਇਕਨੌਮਿਕ ਆਜ਼ਾਦੀ ਤਾਂ ਬਿਲਕੁਲ ਬੇਮਾਇਨੀ ਹੋ ਕੇ ਰਹਿ ਜਾਵੇਗੀ ਅਗਰ ਅਸੀਂ ਉਨ੍ਹਾਂ ਲੋਕਾਂ ਵਲ ਪੂਰਾ ਧਿਆਨ ਨਾ ਦਿਤਾ ਜਿਹੜੇ ਲਗਾਤਾਰ ਗਰੀਬ ਹਨ, ਬੇਕਾਰੀ ਦਾ ਸ਼ਿਕਾਰ, ਭੁੱਖਮਰੀ ਦਾ ਸ਼ਿਕਾਰ ਰਹੇ ਹਨ ਅਤੇ ਉਸੇ ਬੁਰੀ ਹਾਲਤ ਵਿਚ ਕੰਟੀਨਿਊ ਕਰਦੇ ਚਲੇ ਆ ਰਹੇ ਹਨ । ਇਸ ਬੈਕਗਰਾਊਂਡ ਵਿਚ ਜੋ ਮਨਸ਼ੇ ਰਖੇ ਗਏ ਹਨ, ਉਨ੍ਹਾਂ ਨੂੰ ਅਸੀਂ ਸੈਟਿਸਫੈਕਟੋਰੀਲੀ ਵੇਖਦੇ ਹਾਂ । ਸਾਨੂੰ ਉਨ੍ਹਾਂ ਦਾ ਧਿਆਨ

10.40 ਸਵੇਰ

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਇਸ ਗੱਲ ਵਲ ਦਿਵਾਉਣਾ ਚਾਹੀਦਾ ਹੈ ਕਿ ਜੋ ਮਨਸ਼ੇ ਸ਼੍ਰੀਮਤੀ ਇੰਦਰਾ ਗਾਂਧੀ ਜੀ, ਪ੍ਰਧਾਨ ਮੰਤਰੀ ਨੇ ਆਪਣੀ 1 ਜੁਲਾਈ 1975 ਦੀ ਤਕਰੀਰ ਦੇ ਵਿਚ ਜ਼ਾਹਿਰ ਕੀਤੇ, ਉਸ ਦੀ ਰੌਸ਼ਨੀ ਵਿਚ ਮੁਲਕ ਦੇ ਸਾਮ੍ਹਣੇ ਉਲੀਕੇ ਹੋਏ ਕੰਮ ਤੇ ਲਗੀਏ । ਡਿਪਟੀ ਸਪੀਕਰ ਸਾਹਿਬ, ਸਾਡੀਆਂ ਸਟੇਟਸ ਨੇ ਗਰਾਊਂਡ ਅਤੇ ਗਰਾਸ ਰੂਟ ਲੈਵਲ ਤੇ ਕੰਮ ਕਰਨਾ ਹੈ । ਸਮਾਜਿਕ ਇਨਸਾਫ ਪਰੈਕਟੀਕਲੀ ਇਸ ਦੇ ਉਤੇ ਨਿਰਭਰ ਹੈ । ਸਮਾਜਿਕ ਇਨਸਾਫ ਦੇ ਵਾਸਤੇ ਜੋ ਕਦਮ ਚੁਕੇ ਜਾਣੇ ਹਨ, ਉਹ ਕੌਮੀ ਪੈਮਾਨੇ ਉਤੇ ਆਤਮ ਨਿਰਭਰਤਾ ਦੀ ਜੋ ਨੀਤੀ ਹੈ ਉਸ ਨੂੰ ਮਜ਼ਬੂਤ ਕਰਨਗੇ । ਆਤਮ ਨਿਰਭਰਤਾ ਦੀ ਮਜ਼ਬੂਤੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਦੇ ਨਾਲ ਸਾਡੇ ਮੁਲਕ ਨੂੰ ਜਿਹੜੇ ਬਾਹਰੋਂ ਕੋਈ ਖ਼ਤਰੇ ਹਨ ਉਹ ਟਲਣਗੇ । ਇਸ ਕਰਕੇ ਸਾਨੂੰ ਸਮਾਜਿਕ ਇਨਸਾਫ ਦੇ ਮੈਦਾਨ ਵਿਚ ਆਇਆਂ ਵਕਤ ਦੇ ਤਕਾਜ਼ੇ ਦੇ ਮੁਤਾਬਿਕ ਚਲਣਾ ਚਾਹੀਦਾ ਹੈ ਅਤੇ ਸਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਆਇਆ ਅਸੀਂ ਉਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਵਾਸਤੇ ਕੰਮ ਕਰ ਰਹੇ ਹਾਂ ਜਾਂ ਨਹੀਂ ਅਤੇ ਜਿਹੜੀ ਇਸ ਕੰਮ ਵਿਚ ਹੋਰ ਗੁੰਜਾਇਸ਼ ਹੈ, ਉਸ ਵਲ ਸਾਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਜੀ ਦੇ 20 ਸੂਤਰੀ ਪ੍ਰੋਗਰਾਮ ਦੇ ਸਬੰਧ ਵਿਚ ਹੋਰ ਜੋ ਕੋਈ ਪ੍ਰਗਤੀ ਦਾ ਵਿਵਰਣ ਦਿਤਾ ਹੈ, ਉਹ ਜਿਹੜੀ ਗਵਰਨਮੈਂਟ ਦੀ ਤਰਫੋਂ ਇਕ ਪੁਸਤਕ ਦਿਤੀ ਗਈ ਹੈ "ਬਜਟ ਅਤੇ 20 ਨਕਾਤੀ ਪਰੋਗਰਾਮ" ਉਸ ਦੇ ਵਿਚ ਦਿਤੀਆਂ ਗਈਆਂ ਚੀਜ਼ਾਂ ਤੋਂ ਜ਼ਾਹਰ ਹੁੰਦਾ ਹੈ ਕਿ ਭਾਵੇਂ 20 ਦੇ 20 ਨੁਕਤੇ ਪੰਜਾਬ ਸਰਕਾਰ ਦੇ ਜ਼ਰੀਏ ਪੂਰੇ ਨਹੀਂ ਹੋਣੇ, ਪਰ ਜ਼ਿੰਮੇਵਾਰੀ ਕਮ-ਅਜ਼-ਕਮ 8-9 ਨੁਕਤਿਆਂ ਤੇ ਤਾਂ ਸਾਡੀ ਸਰਕਾਰ ਦੀ ਹੈ। ਉਸ ਦੇ ਮੁਤਾਬਿਕ ਵੀ ਪੰਜਾਬ ਸਰਕਾਰ ਦੇ ਕੋਲ 12 ਮੱਦਾਂ ਹਨ, ਜਿਨ੍ਹਾਂ ਦਾ ਇਸ ਦੇ ਵਿਚ ਜ਼ਿਕਰ ਕੀਤਾ ਗਿਆ ਹੈ, ਇਸ ਦੇ ਵਿਚ ਇਕ ਰੁਝਾਨ ਹੈ, ਉਸ ਰੁਝਾਨ ਨੂੰ ਅਸੀਂ ਲੋਕੀ ਬਿਲਕੁਲ ਵੈਲਕਮ ਕਰੀਏ। ਸਮਾਜਿਕ ਇਨਸਾਫ, ਸਮਾਜਿਕ ਪਛਾਪਨ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਵਲ ਪਾਜ਼ੇਟਿਵ ਕਦਮ ਚੁੱਕਣੇ ਚਾਹੀਦੇ ਹਨ ਲੇਕਿਨ, ਡਿਪਟੀ ਸਪੀਕਰ ਸਾਹਿਬ, ਇਹ ਹਕੀਕਤ ਹੈ ਅਤੇ ਅਸੀਂ ਇਸ ਚੀਜ਼ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ ਮੁਲਕ ਦੀ ਹਾਇਐਸਟ ਪਾਰਟੀ ਨੇ ਅਤੇ ਉਸ ਪਾਰਟੀ ਦੀ ਪ੍ਰਧਾਨ ਮੰਤਰੀ ਜੀ ਨੇ ਜਿਸ ਚੀਜ਼ ਨੂੰ ਦੇਸ਼ ਦੇ ਹਿੱਤਾਂ ਵਾਸਤੇ ਕਰਨ ਵਾਸਤੇ ਕਿਹਾ ਹੈ, ਉਹ ਪੂਰੇ ਹੋਣੇ ਚਾਹੀਦੇ ਹਨ। ਮੈਂ ਇਹ ਬੇਨਤੀ ਕਰਾਂਗਾ ਕਿ ਸਾਨੂੰ ਪੰਜਾਬ ਵਿਚ ਇਹ ਸਭ ਚੀਜ਼ਾਂ ਕਰਨੀਆਂ ਚਾਹੀਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਸਾਨੂੰ ਵਾਜ਼ੇ ਤੌਰ ਤੇ ਫਖ਼ਰ ਕਰਨਾ ਚਾਹੀਦਾ ਹੈ ਕਿ ਕਈ ਗੱਲਾਂ ਵਿਚ ਉਨ੍ਹਾਂ ਦਾ ਜ਼ਿਕਰ, ਸਾਡੇ ਪੰਜਾਬ ਦੇ ਵਿਚ ਹੋਰ ਪ੍ਰਗਤੀ ਦਾ ਜਿਨ੍ਹਾਂ ਆਂਕੜਿਆਂ ਤੋਂ ਪਤਾ ਲਗ ਸਕਦਾ ਹੈ ਜਿਹੜੇ ਆਂਕੜੇ ਪਹਿਲਾਂ ਦੱਸੀ ਗਈ ਪੁਸਤਕ ਨਾਲ ਮਿਲੇ ਹੋਏ ਹਨ। ਇਸ ਨਾਲ ਵਾਜ਼ੇ ਤੌਰ ਤੇ ਫਖ਼ਰ ਕਰ ਸਕਦੇ ਹਾਂ। ਪੰਜਾਬ ਕਈ ਗੱਲਾਂ ਦੇ ਵਿਚ ਸਾਰੇ ਹਿੰਦੁਸਤਾਨ ਦੇ ਸੂਬਿਆਂ ਨਾਲੋਂ ਪ੍ਰਤੱਖ ਸ਼ਾਕਸ਼ੀ ਨਹੀਂ ਬਲਕਿ ਉਨ੍ਹਾਂ ਨਾਲੋਂ ਵੀ ਉਚੇ ਪੱਧਰ ਤੇ ਖੜਾ ਹੈ (ਥੰਪਿੰਗ) ਲੇਕਿਨ ਇਹ ਗੱਲ ਜਿਥੇ ਸਾਨੂੰ ਅਹਿਸਾਸ ਦੇ ਸਕਦੀ ਹੈ, ਹੌਸਲਾ ਦੇ ਸਕਦੀ ਹੈ, ਇਸ ਦੇ ਨਾਲ ਕੰਪਲੇਸੈਂਸੀ ਵੀ ਦੇ ਸਕਦੀ ਹੈ। ਇਸ ਸਬੰਧ ਵਿਚ ਇਸ ਬਜਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੋਈ ਟੈਕਸ ਨਹੀਂ ਲਗਾਇਆ ਗਿਆ। ਭਾਵੇਂ ਟੈਕਸ ਨਾ ਲਗਾਇਆ ਗਿਆ ਹੋਵੇ ਪਰ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਟੈਕਸ ਨਾ ਲਗਾਉਣ ਦੇ ਬਾਵਜੂਦ ਵੀ ਅੱਜ ਹਰ ਪੰਜਾਬੀ ਨੂੰ ਉਨ੍ਹਾਂ ਅੰਕੜਿਆਂ ਅਨੁਸਾਰ ਜਿਹੜੇ ਕਿ "ਸਟੈਟਿਸਟੀਕਲ ਐਬਸਟਰੈਕਟ" ਦੇ ਸਫਾ 450, 454, 455 ਅਤੇ 457 ਤੇ ਦਿਤੇ ਹੋਏ ਹਨ। ਇਸ ਦੇ ਵਿਚ ਇਨਡਾਇਰੈਕਟ ਟੈਕਸ, ਡਾਇਰੈਕਟ ਟੈਕਸ ਅਤੇ ਟੋਟਲ ਟੈਕਸ ਦਾ ਜ਼ਿਕਰ ਹੈ। ਅੱਜ ਨਵੇਂ ਟਕਸ ਨਾ ਲਗਾਉਣ ਦੇ ਬਾਵਜੂਦ ਵੀ ਹਰ ਪੰਜਾਬੀ ਨੂੰ 10 ਰੁਪਏ 24 ਪੈਸੇ ਹੁਣ ਡਾਇਰੈਕਟ ਟੈਕਸ ਦੇਣਾ ਪੈਂਦਾ ਹੈ, ਜਿਹੜਾ ਕਿ 1972-73 ਵਿਚ 10 ਰੁਪਏ 5 ਪੈਸੇ ਸੀ। ਇਸ ਵਿਚ ਕੋਈ ਪ੍ਰਗਤੀ ਨਹੀਂ। ਲੇਕਿਨ ਉਸ ਦੇ ਮੁਕਾਬਲੇ ਵਿਚ 1972-73 ਵਿਚ ਹਰ ਪੰਜਾਬੀ ਨੂੰ 86.07 ਰੁਪਏ ਇਨਡਾਇਰੈਕਟ ਟੈਕਸ ਦੇਣਾ ਪੈਂਦਾ ਸੀ ਪਰ ਉਸ ਨੂੰ ਅਜ 100 ਰੁਪਏ 94 ਪੈਸੇ ਦੇਣੇ ਪੈਂਦੇ ਹਨ। ਟੋਟਲ ਟੈਕਸ ਜਿਹੜਾ ਹੈ, ਉਹ 1972 ਦੇ

Original with;
Punjab Vidhan Sabha
Digitized by;
Panjab Digital Library

ਵਿਚ 96.12% ਸੀ ਔਰ ਇਹ ਹੁਣ 111.18% ਦੇਣਾ ਪੈਂਦਾ ਹੈ । ਟੈਕਸ ਨਹੀਂ ਲਗਾਏ ਗਏ, ਪਰ 15% ਹਰ ਪੰਜਾਬੀ ਨੂੰ ਟੈਕਸ ਵੱਧ ਦੇਣਾ ਪੈਂਦਾ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਇਸ ਥਿਊਰੀ ਨੂੰ ਨਹੀਂ ਸਮਝ ਸਕਿਆ ਕਿ ਅਸੀਂ ਟੈਕਸ ਨਹੀਂ ਲਗਾ ਰਹੇ ਹਾਂ ਅਤੇ ਇਸ ਗੱਲ ਦੀ ਸਮਝ ਪੈ ਸਕਦੀ ਹੈ ਕਿ ਸਾਨੂੰ ਇਨਡਾਇਰੈਕਟ ਟੈਕਸ ਗਰੀਬ ਆਦਮੀ ਤੋਂ ਘਟਾਉਣਾ ਚਾਹੀਦਾ ਹੈ ਅਤੇ ਜਿਹੜਾ ਆਦਮੀ ਆਸਾਨੀ ਨਾਲ ਟੈਕਸ ਦੇ ਸਕਦਾ ਹੈ ਉਸ ਤੇ ਟੈਕਸ ਲਗਣਾ ਚਾਹੀਦਾ ਹੈ ਪਰ ਗਰੀਬ ਆਦਮੀਆਂ ਉਤੇ ਟੈਕਸ ਵੱਧਦੇ ਚਲੇ ਆ ਰਹੇ ਹਨ । ਇਕ ਸਾਲ ਪਹਿਲਾਂ ਸਾਡੇ ਵਿੱਤ ਮੰਤਰੀ ਜੀ ਨੇ ਤਕਰੀਰ ਕਰਦਿਆਂ ਇਸ ਸਦਨ ਵਿਚ ਇਹ ਜਵਾਬ ਦਿਤਾ ਸੀ, ਜਦੋਂ ਕਿ ਅਸੀਂ ਕਿਹਾ ਸੀ ਕਿ ਜੋ ਰਾਜ ਕਮੇਟੀ ਨੇ ਸਿਫਾਰਸ਼ਾਂ ਕੀਤੀਆਂ ਸਨ, ਉਨ੍ਹਾਂ ਨੂੰ ਲਾਗੂ ਕੀਤਾ ਜਾਵੇ, ਕਿ ਅਸੀਂ ਉਹ ਟੈਕਸ ਸਟਰੱਕਚਰ ਨਹੀਂ ਅਪਨਾਉਣਾ । ਇਹ ਠੀਕ ਹੈ ਕਿ ਪੋਲੀਟੀਕਲ ਕੰਸਿਡਰੇਸ਼ਨਜ਼ ਹੁੰਦੀਆਂ ਹਨ । ਸਾਨੂੰ ਇਹ ਕਹਿ ਦਿਤਾ ਕਿ ਅਸੀਂ ਅਪਰੋਚ ਰਾਜ ਕਮੇਟੀ ਵਾਲੀ ਲਈ ਹੈ । ਰਾਜ ਕਮੇਟੀ ਦੀ ਅਪਰੋਚ ਵਿਚ ਬਿਲਕੁਲ ਇਹ ਨਹੀਂ ਕਿਹਾ ਗਿਆ ਸੀ ਕਿ ਕਾਮਨ ਮੈਨ ਤੇ ਇਨਡਾਇਰੈਕਟ ਟੈਕਸ ਵਧਾਂਦੇ ਚਲੇ ਜਾਵੋ । ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਟੈਕਸਾਂ ਦਾ ਭਾਰ ਹੈ ਇਸ ਦਾ ਭਾਰ ਕਾਮਨ ਮੈਨ ਤੇ ਪਾਇਆ ਜਾਂਦਾ ਹੈ ਪਰ ਹਕੀਕਤ ਇਹ ਹੈ ਕਿ ਅੱਜ ਵੀ ਪਿੰਡਾਂ ਦੇ ਵਿਚ ਅਤੇ ਸ਼ਹਿਰਾਂ ਦੇ ਵਿਚ ਇਕ ਬਹੁਤ ਵੱਡਾ ਹਿੱਸਾ ਐਸਾ ਪਿਆ ਹੈ ਜਿਹੜੇ ਕਿ ਅਨਟੈਕਸਡ ਹਨ ਪਰ ਉਹ ਅਮੀਰ ਹਨ, ਵਡੇ ਵਡੇ ਲੈਂਡਲਾਰਡ ਹਨ, ਵਡੇ ਵਡੇ ਜਾਗੀਰਦਾਰ ਹਨ, ਉਸ ਪਾਸੇ ਨਾ ਤਾਂ ਕੋਈ ਸਟੈਪ ਲਿਆ ਗਿਆ ਹੈ ਅਤੇ ਨਾ ਹੀ ਕੋਈ ਅਪਰੋਚ ਕੀਤੀ ਗਈ ਹੈ । ਮੈਨੂੰ ਤਾਂ ਇੰਜ ਜਾਪਦਾ ਹੈ ਕਿ ਜਿਸ ਤਰ੍ਹਾਂ ਕੁਝ ਸੱਜਣ ਚਾਹੁੰਦੇ ਹਨ ਕਿ ਅਸੀਂ ਤੇਜ਼ ਤੁਰੀਏ ਪਰ ਉਹ ਇੰਨਾਂ ਤੇਜ਼ ਤੁਰਦੇ ਹਨ ਕਿ ਉਹ ਤੁਰਦੇ ਤੁਰਦੇ ਡਿਗ ਪੈਂਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਦੇ ਹੱਕ ਵਿਚ ਹਾਂ ਕਿ ਫੂਕ ਫੂਕ ਕੇ ਕਦਮ ਚੁਕਣਾ ਚਾਹੀਦਾ ਹੈ ਤਾਕਿ ਅਸੀਂ ਡਿਗ ਨਾ ਪਈਏ ਪਰ ਇਸ ਫੂਕ ਫੂਕ ਕੇ ਤੁਰਨ ਦਾ ਮਤਲਬ ਇਹ ਨਹੀਂ ਕਿ ਅਸੀਂ ਤੁਰੀਏ ਕੁਝ ਵੀ ਨਾ ਅਤੇ ਫੂਕਾਂ ਮਾਰਦੇ ਜਾਈਏ । ਇਸ ਲਈ ਮੇਰੀ ਬੇਨਤੀ ਹੈ ਕਿ ਸਾਨੂੰ ਉਸ ਪਾਸੇ ਵੱਲ ਜਿਹੜੇ ਕਿ ਵਡੇ ਵਡੇ ਲੈਂਡਲਾਰਡ ਹਨ, ਵਡੇ ਵਡੇ ਇੰਡਸਟਰੀਲਿਅਸਟ ਹਨ, ਉਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਇਹ ਜਿਹੜੇ ਟੈਕਸ ਲਾਉਣ ਦੀ ਐਪਰੋਚ ਹੈ ਇਹ ਉਸ ਪਾਸੇ ਲਈ ਕਰਨੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਉਸ ਤਬਕੇ ਦੀ ਗੱਲ ਕਰਦਾ ਹਾਂ ਜਿਹੜੇ ਕਿ ਰੂਰਲ ਮਜ਼ਦੂਰ ਹਨ ਜਿਨ੍ਹਾਂ ਨੇ ਦੇਸ਼ ਦੀ ਪੈਦਾਵਾਰ ਵਧਾਉਣ ਵਿਚ ਹਿੱਸਾ ਲਿਆ ਅਤੇ ਆਪਣਾ ਖੂਨ-ਪਸੀਨਾ ਵਹਾ ਕੇ ਉਸ ਨੇ ਮਿਹਨਤ ਕੀਤੀ ਅਤੇ ਅੱਜ ਉਸ ਦਾ ਫਰੂਟ ਅਸੀਂ ਵੇਖ ਰਹੇ ਹਾਂ ਕਿ ਦੇਸ਼ ਵਿਚ ਕਿੰਨੀ ਪੈਦਾਵਾਰ ਵੱਧੀ ਹੈ, ਕਿੰਨੀ ਤਰੱਕੀ ਹੋਈ ਹੈ ਪਰ ਸਾਨੂੰ ਉਸ ਦੀ ਬੇਹਤਰੀ ਦਾ ਖਿਆਲ ਹੋਣਾ ਚਾਹੀਦਾ ਹੈ । ਉਨ੍ਹਾਂ ਨਾਲ ਜਿਹੜੇ ਵਡੇ ਵਡੇ ਆਦਮੀ ਧੱਕੇ ਕਰਦੇ ਹਨ ਉਸ ਮਾਰ ਤੋਂ ਉਸ ਨੂੰ ਬਚਾਉਣਾ ਚਾਹੀਦਾ ਹੈ ਅਤੇ ਇਹ ਕਦਮ ਚੁੱਕਣ ਲਈ ਜੇ ਇਸ ਸਰਕਾਰ ਨੂੰ ਉਨ੍ਹਾਂ ਵਡੇ ਵਡੇ ਸਰਮਾਇਦਾਰਾਂ ਦੇ ਖਿਲਾਫ ਕੋਈ ਸਖ਼ਤ ਕਦਮ ਵੀ ਚੁਕਣੇ ਪੈਣ ਤਾਂ ਉਹ ਵੀ ਚੁਕਣੇ ਚਾਹੀਦੇ ਹਨ ।

ਸਾਡੀ ਪ੍ਰਧਾਨ ਮੰਤਰੀ ਨੇ ਸਖ਼ਤ ਲਫ਼ਜ਼ਾਂ ਵਿਚ 1 ਜੁਲਾਈ, 1975 ਨੂੰ ਕਿਹਾ ਸੀ ਕਿ ਸਟ੍ਰਾਂਗ ਡਸਿਪਲਨ ਚਾਹੀਦਾ ਹੈ, ਜਦੋਂ ਤਕ ਇਹ ਡਸਿਪਲਨ ਦੀ ਭਾਵਨਾ ਨਹੀਂ ਆਵੇਗੀ ਦੇਸ਼ ਤਰੱਕੀ ਨਹੀਂ ਕਰ ਸਕੇਗਾ । ਪਰ, ਡਿਪਟੀ ਸਪੀਕਰ ਸਾਹਿਬ, ਡਸਿਪਲਨ ਕਦੇ ਵੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਵਨ ਵੇ ਟ੍ਰੈਫਿਕ ਨਹੀਂ ਹੁੰਦਾ, ਡਿਸਪਲਨ ਟੂ ਵੇ ਟ੍ਰੈਫਿਕ ਹੁੰਦਾ ਹੈ ਅਤੇ ਜਦੋਂ ਤਕ ਦੋਨੋਂ ਤਰਫ ਤੋਂ ਪੂਰਾ ਡਸਿਪਲਨ ਨਹੀਂ ਹੋ ਜਾਂਦਾ ਦੇਸ਼ ਕਦੇ ਤਰੱਕੀ ਨਹੀਂ ਕਰ ਸਕਦਾ। ਅਸੀਂ ਇਥੇ ਕਈ ਵਾਰ ਕਿਹਾ ਹੈ ਕਿ ਇਸ ਐਮਰਜੈਂਸੀ ਦੇ ਵੇਲੇ ਇਸ ਵਰਕਿੰਗ ਕਲਾਸ ਨੇ ਦੇਸ਼ ਦੀ ਤਰੱਕੀ ਵਿਚ ਬਹੁਤ ਹਿੱਸਾ ਪਾਇਆ ਹੈ, ਇਸ ਦਾ ਸਬੂਤ ਇਹ ਹੈ ਕਿ ਪ੍ਰਧਾਨ ਮੰਤਰੀ ਨੇ ਅਪਣੀਆਂ ਕਈ ਸਪੀਚਾਂ ਦੇ ਵਿਚ ਚਾਹੇ ਉਹ ਪਾਰਲੀਮੈਂਟ ਵਿਚ ਕੀਤੀਆਂ ਗਈਆਂ ਜਾਂ ਇਥੇ ਚੰਡੀਗੜ੍ਹ ਦੇ ਨੇੜੇ ਜਿਹੜਾ ਸੈਸ਼ਨ ਹੋਇਆ ਸੀ ਉਥੇ ਹੋਈਆਂ ਸੀ ਉਥੇ ਹੋਈਆਂ ਜਾਂ ਕਿਤੇ ਹੋਰ ਕੀਤੀਆਂ ਗਈਆਂ, ਉਨ੍ਹਾਂ ਵਿਚ ਵਰਕਿੰਗ ਕਲਾਸ ਦੀ ਪ੍ਰਸ਼ੰਸਾ ਕੀਤੀ ਗਈ। ਉਨ੍ਹਾਂ ਨੇ ਡਸਿਪਲਨ ਦਾ ਸਬੂਤ ਦਿੱਤਾ, ਕੋਈ ਹੜਤਾਲ ਨਹੀਂ ਕੀਤੀ, ਕੋਈ ਮੁਜ਼ਾਹਰਾ ਨਹੀਂ ਕੀਤਾ ਪਰ ਦੂਜੇ ਬੰਨੇ ਉਨ੍ਹਾਂ ਨਾਲ ਇਨ੍ਹਾਂ ਵਡੇ ਵਡੇ ਲੈਂਡਲਾਰਡਾਂ ਨੇ, ਇਨ੍ਹਾਂ ਵਡੇ ਵਡੇ ਇੰਡਸਟਰੀਅਲਿਸਟਾਂ ਨੇ ਉਨ੍ਹਾਂ ਨਾਲ ਕੀ ਕੀਤਾ ? ਉਨ੍ਹਾਂ ਨੇ ਇਨ੍ਹਾਂ ਵਰਕਿੰਗ ਕਲਾਸ ਦੀ ਛਾਂਟੀ ਕੀਤੀ। ਇਨ੍ਹਾਂ ਨੂੰ ਲੇ ਆਫ ਕੀਤਾ। ਇਸ ਦੇ ਬਾਰੇ, ਜਦੋਂ ਦਾ ਵਿਧਾਨ ਸਭਾ ਦਾ ਸੈਸ਼ਨ ਸ਼ੁਰੂ ਹੋਇਆ ਹੈ, ਕਾਮਰੇਡ ਸੱਤ ਪਾਲ ਡਾਂਗ ਜੀ ਨੇ ਅੰਮ੍ਰਿਤਸਰ ਵਿਚ ਜੋ ਛਾਂਟੀ ਅਤੇ ਲੇ ਆਫ ਹੋਈ ਹੈ ਉਸ ਦਾ ਕਈ ਵਾਰ ਜ਼ਿਕਰ ਕੀਤਾ ਹੈ। ਇਸ ਦਾ ਜ਼ਿਕਰ ਬਾਰ ਬਾਰ ਪ੍ਰਧਾਨ ਮੰਤਰੀ ਵੀ ਕਰਦੀ ਰਹੀ ਕਿ ਇਸ ਵਰਕਿੰਗ ਕਲਾਸ ਨੂੰ ਉਚਾ ਚੁਕਿਆ ਜਾਵੇ ਅਤੇ ਸਾਡੇ ਪ੍ਰਧਾਨ ਮੰਤਰੀ ਨੇ ਵਾਜ਼ੇ ਤੌਰ ਤੇ ਇਹ ਕਿਹਾ ਕਿ ਵਰਕਿੰਗ ਕਲਾਸ ਨੇ ਡਸਿਪਲਨ ਦਾ ਸਬੂਤ ਦਿੱਤਾ ਹੈ, ਜ਼ਿੰਮੇਵਾਰੀ ਦਾ ਸਬੂਤ ਦਿੱਤਾ ਹੈ ਔਰ ਇਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਲੇ ਆਫ ਦਾ ਕਾਨੂੰਨ ਬਣਾਇਆ ਗਿਆ ਅਤੇ ਉਨ੍ਹਾਂ ਨੇ ਉਸ ਵਿਚ ਉਚੇਚੇ ਤੌਰ ਤੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਡਸਿਪਲਨ ਨੂੰ ਕੁਝ ਲੋਕ ਵਨ ਵੇ ਟ੍ਰੈਫਿਕ ਬਣਾ ਕੇ ਇਸਤੇਮਾਲ ਕਰਨਾ ਚਾਹੁੰਦੇ ਹਨ, ਇਸ ਕਰਕੇ ਇਹ ਮਈਅਰ ਐਡਾਪਟ ਕੀਤਾ ਗਿਆ। ਅੱਜ ਦੇਸ਼ ਵਿਚ ਲੱਖਾਂ ਲੋਕ ਨਹੀਂ ਬਲਕਿ ਕਰੋੜਾਂ ਆਦਮੀ ਐਸੇ ਹਨ ਜਿਨ੍ਹਾਂ ਦੀ ਤਦਾਦ 4 ਹਜ਼ਾਰ ਮਿਲੀਅਨ ਤੋਂ ਜ਼ਿਆਦਾ ਹੈ ਜਿਹੜੇ ਕਿ ਡਿਪਰਾਈਵ ਕੀਤੇ ਜਾ ਰਹੇ ਹਨ, ਉਨ੍ਹਾਂ ਦੇ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਪੈਦਾਵਾਰ ਦੇ ਸਾਧਨ ਮੁੱਹਈਆ ਕੀਤੇ ਜਾਣ। ਪਿੰਡਾਂ ਵਿਚ ਐਗਰੀਕਲਚਰ ਸੈਕਟਰ ਵਿਚ ਪੈਦਾਵਾਰ ਵਧਾਉਣ ਦਾ ਸਾਧਨ ਕੀ ਹੈ ? ਉਹ ਹੈ ਜ਼ਮੀਨ। ਇਹ ਜ਼ਮੀਨ ਉਨ੍ਹਾਂ ਨੂੰ ਦਿੱਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਜਿਸ ਦਿਨ ਦਾ ਲੈਂਡ ਰੀਫਾਰਮਜ਼ ਸੀਲਿੰਗ ਬਿਲ ਲਿਆਂਦਾ ਗਿਆ ਹੈ ਉਹ ਇਸ ਦੀ ਜੀਂਦੀ ਜਾਗਦੀ ਮਿਸਾਲ ਹੈ ਕਿ ਵਡੇ ਵਡੇ ਲੈਂਡਲਾਰਡਾਂ ਨੇ ਉਸ ਦਿਨ ਤੋਂ ਕਿੰਨਾ ਇਨਡਸਿਪਲਨ ਕਰੀਏਟ ਕੀਤਾ ਹੋਇਆ ਹੈ। ਉਹ ਆਪਣੇ ਫਰਜ਼ ਨੂੰ ਨਿਭਾਉਣ ਦੇ ਬਜਾਏ ਮੁਲਕ ਨੂੰ ਗਿਰਾਵਟ ਵਿਚ ਲੈ ਗਏ ਹਨ। ਡਿਪਟੀ ਸਪੀਕਰ ਸਾਹਿਬ, ਜਦੋਂ ਦਾ ਇਹ ਕਾਨੂੰਨ ਲਾਗੂ ਹੋਇਆ, 1975 ਖ਼ਤਮ ਹੋ ਗਿਆ ਹੈ ਅਤੇ 1976 ਸ਼ੁਰੂ ਹੋ ਗਿਆ ਹੈ ਅਤੇ ਹੁਣ ਵੀ ਇਹ ਕਿਹਾ ਗਿਆ ਹੈ ਕਿ ਅਸੀਂ ਇਹ ਜ਼ਮੀਨਾਂ ਜੂਨ ਦੇ ਵਿਚ ਦਿਵਾਉਣ ਦਾ ਯਤਨ ਕਰਾਂਗੇ। ਇਹ ਇਕ ਇਨਡਸਿਪਲਨ ਹੈ, ਇਸ ਇਨਡਸਿਪਲਨ ਨੂੰ ਜਦੋਂ ਤਕ ਖ਼ਤਮ ਨਹੀਂ ਕੀਤਾ ਜਾਂਦਾ, ਜਦੋਂ ਤਕ ਇਸ ਸੀਲਿੰਗ ਬਿਲ ਨੂੰ ਪੂਰੀ ਤਰ੍ਹਾਂ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ, ਉਦੋਂ ਤਕ ਇਹ ਵਰਕਿੰਗ ਕਲਾਸ ਉਚਾ ਨਹੀਂ ਉਠ ਸਕਦੀ। ਇਹ ਪ੍ਰਧਾਨ ਮੰਤਰੀ ਦੇ ਉਸ ਪ੍ਰੋਗ੍ਰਾਮ ਨੂੰ ਸਿਰੇ ਚੜ੍ਹਾਉਣ ਵਾਸਤੇ ਨਿਹਾਇਤ ਜ਼ਰੂਰੀ ਹੈ। ਡਿਪਟੀ ਸਪੀਕਰ ਸਾਹਿਬ, ਐਮਰਜੈਂਸੀ ਲਾਗੂ ਹੋਈ ਪਰ ਇਹ ਆਪਣੇ ਆਪ ਕੋਈ ਗੱਲ ਨਹੀਂ ਸੀ ਬਣਨੀ ਅਗਰ 20 ਪੁਆਇੰਟ ਪ੍ਰੋਗ੍ਰਾਮ ਨਾ ਹੁੰਦਾ। ਐਮਰਜੈਂਸੀ ਇਕ ਐਸੀ ਬਿਮਾਰੀ ਲਈ ਪ੍ਰੀਵੈਨਟਿਵ ਮਈਅਰ

Original with;
Punjab Vidhan Sabha
Digitized by;
Panjab Digital Library

ਸੀ ਜਿਹੜੀ ਬਿਮਾਰੀ ਸਾਰੇ ਮੁਲਕ ਨੂੰ ਖ਼ਰਾਬ ਕਰ ਰਹੀ ਸੀ ਅਤੇ ਇਹ ਜਿਹੜਾ 20 ਪੁਆਇੰਟ ਪ੍ਰੋਗ੍ਰਾਮ ਹੈ ਇਹ ਇਸ ਦਾ ਕਿਉਰੇਟਿਵ ਮਈਅਰ ਹੈ । ਡਿਪਟੀ ਸਪੀਕਰ ਸਾਹਿਬ, ਜੇ ਬਿਮਾਰੀ ਲਈ ਕਿਉਰੇਟਿਵ ਮਈਅਰ ਅਡਾਪਟ ਕੀਤੇ ਜਾਣ ਅਤੇ ਪਰਵੇਂਟਿਵ ਮਈਅਰ ਅਡਾਪਟ ਨਾ ਕੀਤਾ ਜਾਵੇ ਤਾਂ ਉਸ ਦਾ ਕੋਈ ਫਾਇਦਾ ਨਹੀਂ ਅਤੇ ਜੇ ਪਰਵੇਂਸ਼ਨ ਕੀਤਾ ਜਾਵੇ ਅਤੇ ਉਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਸ ਬਿਮਾਰੀ ਦੀ ਜੜ੍ਹ ਨਹੀਂ ਜਾਂਦੀ । ਇਸ ਲਈ ਇਹ ਐਮਰਜੈਂਸੀ ਅਤੇ 20 ਪੁਆਇੰਟ ਪ੍ਰੋਗਰਾਮ ਦੋਨੋਂ ਹੀ ਇਸ ਬਿਮਾਰੀ ਨੂੰ ਖ਼ਤਮ ਕਰ ਸਕਦੇ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਬਹੁਤ ਸਾਰੇ ਲੋਕਾਂ ਨੇ ਇਸ ਐਮਰਜੈਂਸੀ ਦੇ ਪਰੀਵੇਂਟਿਵ ਮਯੀਅਰ ਨੂੰ ਨਜਾਇਜ਼ ਤੌਰ ਤੇ ਇਸਤੇਮਾਲ ਕੀਤਾ ਹੈ, ਇਹ ਦੁੱਖ ਦੀ ਗੱਲ ਹੈ ਅਤੇ ਇਸ ਦਾ ਹਲ ਕਢਿਆ ਜਾਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਜਿਹੜਾ ਅੱਜ ਪਿੰਡਾਂ ਵਿਚ ਡਿਸਟਰੀਬਿਊਸ਼ਨ ਸਿਸਟਮ ਹੈ ਉਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਡਿਸਟਰੀਬਿਊਸ਼ਨ ਸਿਸਟਮ ਨੂੰ ਸਟ੍ਰੀਮ ਲਾਈਨ ਕਰਨ ਵਾਸਤੇ ਬਜਟ ਵਿਚ ਕੁਝ ਪਰੋਵੀਜ਼ਨ ਕੀਤੇ ਹਨ । ਇਸ ਕੰਮ ਲਈ ਬਜਟ ਵਿਚ ਕਾਫ਼ੀ ਰਕਮ ਰਖੀ ਗਈ ਹੈ । ਮੈਂ ਇਸ ਸਬੰਧ ਵਿਚ ਇਕ ਗੱਲ ਵਲ ਆਪ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ ਕਪੜਾ, ਖੰਡ, ਦਾਲਾਂ ਅਤੇ ਹੋਰ ਵੀ ਕਈ ਜ਼ਰੂਰੀਆਤ ਦੀਆਂ ਚੀਜ਼ਾਂ ਹਨ ਜਿਨ੍ਹਾਂ ਦੀ 25 ਦੀ ਲਿਸਟ ਹੈ, ਉਸ ਵਾਸਤੇ ਜਿਹੜਾ ਡਿਸਟ੍ਰੀਬਿਊਸ਼ਨ ਸਿਸਟਮ ਬਣਾਇਆ ਹੈ, ਉਸ ਦਾ ਜੋ ਮਕਸਦ ਹੈ ਉਹ ਪੂਰਾ ਨਹੀਂ ਹੋ ਰਿਹਾ । ਇਹ ਜਿਹੜੀਆਂ ਅਸੈਂਸ਼ੀਅਲ ਚੀਜ਼ਾਂ ਮਿਲਦੀਆਂ ਹਨ ਜਿਸ ਤਰ੍ਹਾਂ ਖੰਡ, ਕਪੜਾ ਆਦਿ ਇਹ ਪਿੰਡਾਂ ਦੇ ਆਦਮੀ ਤਾਂ ਖਰੀਦ ਨਹੀਂ ਸਕਦੇ ਬਲਕਿ ਵਪਾਰੀ ਹੀ ਸਾਰਾ ਖਰੀਦ ਲੈਂਦੇ ਹਨ । ਇਸ ਤਰ੍ਹਾਂ ਨਾਲ ਉਹ ਜਿਹੜੇ ਗਰੀਬ ਮਜ਼ਦੂਰ ਹਨ, ਉਨ੍ਹਾਂ ਨੂੰ ਇਸ ਡਿਸਟਰੀਬਿਊਸ਼ਨ ਦਾ ਕੋਈ ਫਾਇਦਾ ਨਹੀਂ ਹੋ ਰਿਹਾ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਹੁਣ ਤਾਂ ਐਮਰਜੈਂਸੀ ਦੇ ਵੇਲੇ ਇਸ ਸਿਸਟਮ ਨੂੰ ਠੀਕ ਕਰਨ ਦਾ ਵਕਤ ਹੈ । ਇਹ ਜਿਹੜਾ ਡਿਸਟਰੀਬਿਊਸ਼ਨ ਸਿਸਟਮ ਇੰਟਰੋਡਿਊਸ ਕੀਤਾ ਹੋਇਆ ਹੈ, ਇਸ ਵਿਚ ਇਸ ਵੇਲੇ ਸੁਧਾਰ ਲਿਆਇਆ ਜਾ ਸਕਦਾ ਹੈ । ਡਿਪਟੀ ਸਪੀਕਰ ਸਾਹਿਬ, ਉਹ ਜਿਹੜੇ ਗਰੀਬ ਮਜ਼ਦੂਰ ਹੁੰਦੇ ਹਨ ਉਨ੍ਹਾਂ ਕੋਲ ਪੈਸਾ ਨਹੀਂ ਹੁੰਦਾ, ਸਾਲ ਵਿਚ ਮੁਸ਼ਕਲ ਨਾਲ 2 ਮਹੀਨੇ ਦਾ ਟਾਈਮ ਅਜਿਹਾ ਹੁੰਦਾ ਹੈ ਜਦੋਂ ਕਿ ਉਨ੍ਹਾਂ ਕੋਲ ਕੁਝ ਪੈਸਾ ਹੁੰਦਾ ਹੈ ਅਤੇ ਉਹ ਖੰਡ ਤੇ ਕਪੜਾ ਆਦਿ ਜੋ ਸਟੋਰਾਂ ਤੇ ਮਿਲਦਾ ਹੈ ਉਹ ਖਰੀਦ ਸਕਦੇ ਹਨ । ਇਸ ਲਈ ਸਰਕਾਰ ਨੂੰ ਇਹ ਜ਼ਰੂਰ ਕਰਨਾ ਚਾਹੀਦਾ ਹੈ ਕਿ ਜਿਸ ਵੇਲੇ ਉਨ੍ਹਾਂ ਕੋਲ ਪੈਸਾ ਹੁੰਦਾ ਹੈ ਉਸ ਵੇਲੇ ਉਨ੍ਹਾਂ ਨੂੰ ਇਹ ਅਸੈਂਸ਼ੀਅਲ ਚੀਜ਼ਾਂ ਦਿੱਤੀਆਂ ਜਾਣ ਤਾਂ ਹੀ ਕਾਮਨ ਮੈਨ ਤਕ ਇਹ ਚੀਜ਼ਾਂ ਪਹੁੰਚ ਸਕਦੀਆਂ ਹਨ । ਨਹੀਂ ਤਾਂ ਮਾਰਕਿਟਿੰਗ ਵਿਚ ਜਿਹੜੀ ਗੱਲ ਅੱਜ ਤਕ ਸ਼ੂਗਰ ਵਿਚ ਹੋ ਰਹੀ ਹੈ, ਫਰਟੇਲਾਈਜ਼ਰ ਵਿਚ ਹੋ ਰਹੀ ਹੈ, ਹੁਣ ਹੋਰ ਚੀਜ਼ਾਂ ਵਿਚ ਵੀ ਹੋਵੇਗੀ । ਇਸ ਕਰਕੇ ਮੇਰੀ ਬੇਨਤੀ ਹੈ ਕਿ ਇਸ ਕੰਮ ਦੇ ਲਈ ਪੀਪਲਜ਼ ਕਮੇਟੀਆਂ ਸੈਟ ਅੱਪ ਕੀਤੀਆਂ ਜਾਣ । People Committees can involve common man in running the social affairs of the State. ਅਗਰ ਤੁਸੀਂ ਇਹ ਸੈਟ ਅਪ ਨਹੀਂ ਕਰੋਗੇ ਤਾਂ ਬਿਊਰੋਕ੍ਰੈਟਿਕ ਸੈਟ ਅੱਪ ਜਿਹੜਾ ਹੈ, with due deference to the best of their

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

qualities, ਮੇਰੀ ਰਾਏ ਹੈ ਕਿ ਇਸ ਢੰਗ ਨਾਲ ਹੇਠਲੀ ਪਰਤ ਤਕ ਪਰਕੋਲੇਟ ਕਰਨ ਵਿਚ, ਰੀਲੀਫ ਦੇਣ ਵਿਚ ਅਸਮਰੱਥ ਹੈ। ਇਸ ਕਰਕੇ ਇਕ ਤਾਂ ਇਹ ਰਸਤਾ ਹੈ ਕਿ on every store popular elected Committees with statutory powers ਬਣਾਈਆਂ ਜਾਣ ਜਾਂ ਇਕ ਇਕ ਪਟਵਾਰ ਹਲਕੇ ਦੇ ਵਿਚ ਜਾਂ ਗਰਦਾਵਰ ਹਲਕੇ ਦੇ ਵਿਚ State run departmental stores ਖੋਲ੍ਹੇ ਜਾਣ ਜਿਸ ਵਿਚ ਗੌਰਮਿੰਟ ਇੰਪਲਾਈਜ਼ ਹੋਣ ਤਾਂਕਿ ਪਿੰਡਾਂ ਵਿਚ ਜਿਹੜਾ ਕੰਮ ਹੈ ਉਹ ਠੀਕ ਤਰ੍ਹਾਂ ਨਾਲ ਚਲ ਸਕੇ। ਬਿਜ਼ਨੈਸ ਅਦਾਰਿਆਂ ਦੇ ਤੌਰ ਤੇ, ਬਿਜ਼ਨੈਸ ਦੇ ਸਾਰੇ ਨਿਯਮਾਂ ਦੇ ਨਾਲ ਰੀਲੇਟ ਕੀਤਾ ਜਾਵੇ ਤਾਂ ਇਹ ਕੰਮ ਹੋ ਸਕਦਾ ਹੈ ਔਰ ਫਿਰ ਜ਼ਰੂਰੀ ਹੈ ਕਿ ਇਹ ਚੀਜ਼ ਪਰਕੋਲੇਟ ਹੋ ਸਕੇ ਨਹੀਂ ਤਾਂ ਮੈਂ ਜਿਹੜਾ ਖਦਸ਼ਾ ਜ਼ਾਹਰ ਕੀਤਾ ਹੈ ਕਿ ਕਰੋੜਾਂ ਰੁਪਿਆ ਜਿਹੜਾ ਈਅਰ-ਮਾਰਕ ਕਰ ਰਹੇ ਹੋ, ਉਸ ਬਾਰੇ ਪਾਸੇਬਿਲਿਟੀ ਹੈ ਕਿ ਜ਼ਾਇਆ ਹੋ ਜਾਵੇ ਜੇਕਰ ਇਹ ਦੋ ਕੰਮ ਨਾ ਕੀਤੇ ਗਏ ਤਾਂ। (ਘੰਟੀ)

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਪਾਸ ਇਕ ਬੇਨਤੀ ਕਰਾਂਗਾ ਕਿ ਮੈਨੂੰ ਕਮ-ਅਜ਼-ਕਮ ਆਪਣੇ ਪੁਆਇੰਟਸ ਕਹਿ ਲੈਣ ਦਿਉ ਔਰ ਘੰਟੀ ਜਿਹੜੀ ਹੈ ਇਸ ਨੂੰ ਰਹਿਮ ਦਿਲੀ ਨਾਲ ਵਜਾਇਆ ਜਾਵੇ। ......

**ਚੌਧਰੀ ਦਰਸ਼ਨ ਸਿੰਘ :** ਕੀ ਫਿਰ ਫੇਅਰ ਡਿਸਟਰੀਬਿਊਸ਼ਨ ਹੋ ਜਾਵੇਗੀ ? (ਹਾਸਾ)

**ਕਾਮਰੇਡ ਰਾਜ ਕੁਮਾਰ :** ਨਹੀਂ ਜੀ, ਮੈਂ ਰਹਿਮ ਦੀ ਅਪੀਲ ਕੀਤੀ ਹੈ। I can very well assure my hon. colleagues that I too will be fair. ਡਿਪਟੀ ਸਪੀਕਰ ਸਾਹਿਬ, ਵੇਜਿਜ਼ ਦਾ ਮਸਲਾ ਬੜਾ ਹੀ ਅਹਿਮ ਮਸਲਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਬੜੀ ਹੀ ਚਿੰਤਾ ਜਨਕ ਹਾਲਤ ਦੇ ਵਿਚ ਜਿਹੜਾ ਇਹ ਪ੍ਰੋਗਰਾਮ ਬਣਾਇਆ ਸੀ ਜਿੱਥੇ ਮੈਂ ਇਹ ਪਹਿਲਾਂ ਦੱਸਿਆ ਹੈ ਕਿ ਜਿਹੜੇ ਡਿਵੈਲਪਮੈਂਟਲ ਐਕਟੇਵਿਟੀਜ਼ ਵਿਚ ਨਹੀਂ ਹਨ, ਉਨ੍ਹਾਂ ਨੂੰ ਇਨਵਾਲਵ ਕਰਨ ਦਾ ਪ੍ਰੋਗਰਾਮ ਸੀ, ਉਥੇ ਇਹ ਪ੍ਰੋਗਰਾਮ ਬਹੁਤ ਹੀ ਇੰਪਾਰਟੈਂਟ ਸੀ ਕਿ ਪੂਅਰਰ ਸੈਕਸ਼ਨ ਜਿਹੜਾ ਹੈ ਉਸ ਦੀ ਸਮੱਰਥਾ ਵਧਾਈ ਜਾਵੇ। ਸਮੱਰਥਾ ਤੋਂ ਮੇਰਾ ਮਤਲਬ ਹੈ ਕਿ ਆਰਥਿਕ ਸਮੱਰਥਾ। ਅਧਿਆਤਮਿਕ ਸਮੱਰਥਾ ਤਾਂ ਵਿਚ ਹੀ ਆ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਗੌਰਮਿੰਟ ਨੇ ਕਈ ਸਾਥੋਂ ਵਾਧੂ ਕਰਿਟੀਸਿਜ਼ਮ ਵੀ ਕਰਵਾਏ ਕਿਉਂਕਿ ਅਧਿਆਤਮਿਕ ਸਮੱਰਥਾ ਵਲ ਇਹ ਵੱਧ ਤੋਂ ਵੱਧ ਹੋ ਗਏ ਜਿੱਥੇ ਕਿ ਜ਼ਿਆਦਾ ਆਰਥਿਕ ਸਮਰੱਥਾ ਵਧਾਉਣ ਦੀ ਲੋੜ ਸੀ। ਕੱਲ ਡਾਂਗ ਸਾਹਿਬ ਨੇ ਅੰਕੜੇ ਦਿੱਤੇ ਸਨ ਇਸ ਲਈ ਮੈਂ ਉਹ ਦੁਬਾਰਾ ਨਹੀਂ ਦੇਣਾ ਚਾਹੁੰਦਾ। ਅਸੀਂ ਪੰਜਾਬ ਦੇ ਅੰਦਰ ਪਰ ਕੈਪੀਟਾ ਇਨਕਮ ਵਧਾਉਣ ਦੀ ਮੰਗ ਕਰ ਰਹੇ ਹਾਂ। ਡਿਪਟੀ ਸਪੀਕਰ ਸਾਹਿਬ, ਠੀਕ ਹੈ ਕਿ ਮਿਨੀਮੱਮ ਵੇਜਿਜ਼ ਸਾਡੀਆਂ ਸਟੈਚੂਟਰੀ ਤੌਰ ਉਤੇ ਸਾਰੇ ਇੰਡੀਆ ਵਿਚੋਂ ਵੱਧ ਹਨ ਪਰ ਜਲੰਧਰ ਦੇ ਅੱਡੇ ਵਿਚ ਤੁਸੀਂ ਵੀ ਜੇਕਰ ਮੌਕਾ ਮਿਲਿਆ ਤਾਂ ਵੇਖ ਲੈਣਾ, ਉਥੇ ਕੰਮ ਚਲ ਰਿਹਾ ਹੈ। ਉਥੇ ਰਾਜਸਥਾਨ ਤੋਂ, ਬਿਹਾਰ ਤੋਂ ਔਰ ਹੋਰਨਾਂ ਥਾਵਾਂ ਤੋਂ ਆ ਕੇ ਆਦਮੀ ਕੰਮ ਕਰ ਰਹੇ ਹਨ। ਮੈਨੂੰ ਉਥੇ ਬੱਸ ਨਹੀਂ ਸੀ ਮਿਲੀ, ਮੈਂ ਲੇਟ ਹੋ ਗਿਆ ਸੀ, ਇਸ ਲਈ ਮੈਂ ਉਥੇ ਪੁੱਛਣ ਚਲਾ ਗਿਆ। ਡਿਪਟੀ ਸਪੀਕਰ ਸਾਹਿਬ, ਜਦੋਂ ਮੈਂ ਉਨ੍ਹਾਂ ਤੋਂ ਪੁੱਛਿਆ ਕਿ ਤੁਹਾਨੂੰ ਕਿਤਨੇ ਰੁਪਏ ਦਿਹਾੜੀ ਦੇ ਮਿਲਦੇ

Original with;
Punjab Vidhan Sabha
Digitized by;
Panjab Digital Library

ਹਨ ਤਾਂ ਉਨ੍ਹਾਂ ਮਜ਼ਦੂਰਾਂ ਨੇ ਦੱਸਿਆ ਕਿ 5/- ਰੁਪਏ ਆਦਮੀ ਨੂੰ ਔਰ 4/- ਰੁਪਏ ਔਰਤ ਨੂੰ ਦਿੱਤੇ ਜਾਂਦੇ ਹਨ । ਔਰ ਪਿੰਡਾਂ ਵਿਚ ਵੱਧ ਤੋਂ ਵੱਧ 180 ਦਿਨ ਸਾਲ ਦੇ ਵਿਚ ਕੰਮ ਮਿਲਦਾ ਹੈ । ਬੜੇ ਹੀ ਸਸਤੇ ਭਾਅ ਉਤੇ ਪਿੰਡਾਂ ਵਿਚ ਜਿਸ ਵੇਲੇ ਕੰਮ ਨਹੀਂ ਹੁੰਦਾ ਲੇਬਰ ਮਿਲਦੀ ਹੈ । ਜਦੋਂ ਜ਼ਿਆਦਾ ਕੰਮ ਹੁੰਦਾ ਹੈ ਉਸ ਵੇਲੇ ਤਾਂ ਲੇਬਰ ਵੀ ਦਬਾਅ ਪਾ ਕੇ ਗੁਜ਼ਾਰੇ ਜੋਗੇ ਪੈਸੇ ਲੈ ਲੈਂਦੀ ਹੈ ਪਰ ਜਦੋਂ ਕੰਮ ਘੱਟ ਹੁੰਦਾ ਹੈ, ਉਨ੍ਹਾਂ ਨੂੰ ਬੜੀ ਹੀ ਘੱਟ ਲੇਬਰ ਮਿਲਦੀ ਹੈ । ਨਤੀਜਾ ਇਹ ਹੁੰਦਾ ਹੈ ਕਿ ਵਿਸਫੋਟ ਹੁੰਦੇ ਹਨ, ਜਿਸ ਨੂੰ ਅਸੀਂ ਬਾਈਕਾਟ ਕਹਿੰਦੇ ਹਾਂ, 107/151 ਦੇ ਹੇਠ ਫੜੋ ਫੜਾਈ ਹੁੰਦੀ ਹੈ । ਇਸ ਲਈ ਜ਼ਰੂਰੀ ਹੈ ਕਿ ਮਿਨੀਮੱਮ ਵੇਜਿਜ਼ ਨੂੰ ਨਾਰਮਲ ਹਾਲਤ ਦੇ ਵਿਚ ਇੰਪਲੀਮੈਂਟ ਕੀਤਾ ਜਾਣਾ ਚਾਹੀਦਾ ਹੈ । ਇਹ ਠੀਕ ਹੈ ਕਿ ਇਸ ਦੀ ਸਟੈਚੂਟਰੀ ਪ੍ਰੋਵੀਜ਼ਨ ਕਰ ਦਿੱਤੀ ਹੈ ਪਰ ਸਾਡੇ ਪਾਸ ਇਸ ਦੀ ਇੰਪਲੀਮੈਂਟੇਸ਼ਨ ਲਈ ਮਸ਼ੀਨਰੀ ਨਹੀਂ ਹੈ ਜਿਹੜੀ ਕਿ ਇਸ ਨੂੰ ਲਾਗੂ ਕਰ ਸਕੇ । ਮੈਂ ਬਜਟ ਵਿਚ ਪੜ੍ਹਿਆ ਹੈ 12 ਲੇਬਰ ਅਫ਼ਸਰ ਹੋਰ ਲਗਾਏ ਗਏ ਹਨ ਔਰ ਨਾਲ ਪੈਸੇ ਵੀ ਮੰਗੇ ਗਏ ਹਨ ਪਰ ਮੈਂ ਇਕ ਗੱਲ ਕਹਾਂਗਾ ਕਿ ਜੇਕਰ ਫ਼ਿਜ਼ੇਬਿਲਿਟੀ ਜ਼ਰੂਰ ਹੋਵੇ ਤਾਂ ਠੀਕ ਹੈ ਰੱਖੇ ਜਾਣ ਲੇਕਿਨ ਇਹ ਵੀ ਤੁਸੀਂ ਕਹੋ ਕਿ ਜਿਹੜੇ ਲੇਬਰ ਇਨਸਪੈਕਟਰ, ਕਨਸੀਲੀਏਸ਼ਨ ਅਫਸਰ, ਜਾਂ ਲੇਬਰ ਅਫਸਰ ਹਨ ਉਨ੍ਹਾਂ ਦੀ ਆਊਟ ਪੁੱਟ ਕੀ ਹੈ ? ਇਸ ਪਾਸੇ ਵੀ ਧਿਆਨ ਕਰੋ । ਮੇਰੀ ਰਾਏ ਹੈ ਕਿ ਇਸ ਪਾਸੇ ਜਿਹੜਾ ਕਿ ਅਨਪ੍ਰੋਡਕਟਿਵ ਖਰਚ ਹੈ, ਇਸ ਨੂੰ ਘੱਟ ਕਰੋ । ਇਨਫ਼ਰਾਸਟਰੱਕਚਰ ਪੈਦਾ ਇਸ ਤਰ੍ਹਾਂ ਨਾਲ ਕਰੋ ਜਿਸ ਨਾਲ ਕਿ ਮਿਨੀਮੱਮ ਵੇਜਿਜ਼ ਜਿਹੜੀਆਂ ਕਿ ਸਾਰੇ ਹਿੰਦੁਸਤਾਨ ਵਿਚ ਵੱਧ ਹਨ, ਉਹ ਲਾਗੂ ਹੋ ਸਕਣ । ਜੇਕਰ ਇਹ ਠੀਕ ਤਰ੍ਹਾਂ ਨਾਲ ਲਾਗੂ ਹੋ ਜਾਣ ਤਾਂ ਪਿੰਡਾਂ ਦੀ ਅਤੇ ਸ਼ਹਿਰਾਂ ਦੀ ਲੇਬਰ ਦੀ ਸੇਵਾ ਹੋ ਸਕਦੀ ਹੈ ਔਰ ਉਨ੍ਹਾਂ ਨੂੰ ਹੋਰ ਕਈ ਫਾਇਦੇ ਹੋ ਸਕਦੇ ਹਨ । ਇਸ ਲਈ ਤਾਂ ਇਕੋ ਹੀ ਰਸਤਾ ਹੈ ਕਿ ਹਿੰਦੁਸਤਾਨ ਵਿਚ ਕੋਈ ਵੀ ਪ੍ਰਾਬਲਮ ਸਾਲਵ ਨਹੀਂ ਹੋ ਸਕਦੀ ਜੇਕਰ ਤੁਸੀਂ ਸਮਾਜਿਕ ਤੌਰ ਉਤੇ ਡਾਊਨ ਟਰੋਡਨ ਲੋਕਾਂ ਨੂੰ, ਸਮਾਜ ਦੇ ਦਲਿਤ ਤਬਕਿਆਂ ਨੂੰ ਇਸ ਵਿਚ ਇਨਵਾਲਵ ਨਹੀਂ ਕਰੋਗੇ । ਤੁਸੀਂ ਜਨਤਾ ਨੂੰ ਇਨਵਾਲਵ ਨਹੀਂ ਕਰ ਸਕੋਗੇ ਜੇਕਰ ਇਸ ਮੁਲਕ ਦੀ ਸੈਲਫ-ਰੀਲਾਇੰਸ ਦੀ ਨੀਤੀ ਔਰ ਲੋਕਾਂ ਦੀ ਸਮੱਰਥਾ ਸੈਲਫ-ਰਿਲਾਇੰਸ ਦੀ ਜਿਹੜੀ ਹੈ, ਉਸ ਨਾਲ ਨਹੀਂ ਜੋੜੋਗੇ । ਜੇਕਰ ਲੋਕ ਸੈਲਫ ਰਿਲਾਇੰਟ ਨਹੀਂ ਬਣਦੇ ਪਿੰਡਾਂ ਦੇ ਵਿਚ ਤਾਂ ਮੁਲਕ ਦੀ ਸੈਲਫ ਰਿਲਾਇੰਸ ਦੀ ਨੀਤੀ ਜਿਹੜੀ ਹੈ ਉਹ ਹੋਰ ਤਰੱਕੀ ਨਹੀਂ ਕਰਦੀ । ਡਿਪਟੀ ਸਪੀਕਰ ਸਾਹਿਬ, ਕਮੇਟੀਆਂ ਲਈ ਅਸੀਂ ਕੀ ਕਰਦੇ ਹਾਂ ਕਿ ਸਾਰੀਆਂ ਪਾਰਟੀਆਂ ਦੀਆਂ ਕਮੇਟੀਆਂ ਬਣਾ ਦਿੰਦੇ ਹਾਂ ਔਰ ਇਸ ਤਰ੍ਹਾਂ ਕਈ ਵਾਰੀ ਜਿਵੇਂ ਕਿ ਪੰਜਾਬੀ ਦੀ ਕਹਾਵਤ ਹੈ, "ਬੱਕਰੇ ਨੂੰ ਬੋਹਲ ਦਾ ਰਾਖਾ" ਬਣਾ ਦਿੰਦੇ ਹਾਂ । ਜਨਸੰਘ ਦੇ ਨੁਮਾਇੰਦੇ ਲੈ ਲਏ, ਮਨਾਪਲੀ ਹਾਊਸਿਜ਼ ਦੇ ਨੁਮਾਇੰਦੇ ਲੈ ਲਏ ਔਰ ਉਨ੍ਹਾਂ ਨਾਲ ਮੀਟਿੰਗਜ਼ ਕਰ ਲਈਆਂ, ਬਿਉਪਾਰ ਮੰਡਲ ਦੇ ਨੁਮਾਇੰਦੇ ਲੈ ਲਏ ਲੇਕਿਨ ਇਸ ਤਰ੍ਹਾਂ ਨਾਲ ਜਿਹੜਾ ਟਾਰਗੇਟ ਅਚੀਵ ਕਰਨਾ ਹੁੰਦਾ ਹੈ, ਉਹ ਨਹੀਂ ਹੋ ਸਕਦਾ । ਕਿਉਂਕਿ ਉਨ੍ਹਾਂ ਵਿਚ ਟਰੇਡ ਯੂਨੀਅਨਾਂ ਦੇ ਕਦੇ ਵੀ ਪੂਰੇ ਨੁਮਾਇੰਦੇ ਨਹੀਂ ਲਏ ਜਾਂਦੇ ਜਿਨ੍ਹਾਂ ਨੇ ਸਹੀ ਮਾਹਨਿਆਂ ਵਿਚ ਉਸ ਪਾਸੇ ਨੂੰ ਚਲਣਾ ਹੁੰਦਾ ਹੈ । ਇਸ ਕਰਕੇ, ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡਾ ਧਿਆਨ ਇਸ ਪਾਸੇ ਵਲ ਜ਼ਰੂਰ ਦਿਵਾਉਣਾ ਚਾਹੁੰਦਾ ਹਾਂ । (ਘੰਟੀ) ਤੁਸੀਂ ਵੀ ਇਹ ਗਲ ਜਾਣਦੇ ਹੋਵੋਗੇ ਕਿ ਸਾਰੇ ਹਿੰਦੁਸਤਾਨ ਦੇ ਵਿਚ ਡੀ. ਏ. ਦੀਆਂ ਪੰਜ ਕਿਸ਼ਤਾਂ ਦਿੱਤੀਆਂ ਗਈਆਂ ਹਨ । ਅਸੀਂ ਵੀ ਇਸ ਗੱਲ ਦਾ ਵਾਇਦਾ ਕੀਤਾ ਹੋਇਆ ਹੈ ਕਿ ਅਸੀਂ ਵੀ ਦਿਆਂਗੇ । ਡਿਪਟੀ ਸਪੀਕਰ ਸਾਹਿਬ, ਸਾਡੀ ਪਲਾਨਿੰਗ ਦੇ ਵਿਚ ਪਰ ਕੈਪੀਟਾ ਐਕਸਪੈਂਡੀਚਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਸਾਰੇ ਹੀ ਮੁਲਕ ਨਾਲੋਂ ਵੱਧ ਹੈ । ਉਸ ਪਰ ਕੈਪੀਟਾ ਐਕਸਪੈਂਡੀਚਰ ਵਿਚੋਂ ਵਰਕਰ ਉਤੇ ਕਿਤਨਾ ਪਰ ਕੈਪੀਟਾ ਐਕਸਪੈਂਡੀਚਰ ਹੈ, 39 ਰੁਪਏ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਨੇ ਇਸ ਪੁਲੀਟੀਕਲ ਸੈਟਅੱਪ ਨੂੰ ਕਾਇਮ ਰੱਖਣ ਵਾਸਤੇ, ਹੋਰ ਤਰੱਕੀ ਚਾਹੁਣ ਵਾਲੇ ਉਨ੍ਹਾਂ ਲੋਕਾਂ ਨੇ ਕਿਤਨਾ ਸਾਥ ਦਿੱਤਾ ਸੀ । ਬੰਗਲਾ ਦੇਸ਼ ਦੇ ਹਾਲਾਤ ਸੁਣੋ, ਹੋਰ ਬਾਹਰਲੇ ਲੋਕਾਂ ਦੇ ਵੀ ਸੁਣਦੇ ਹਾਂ । ਉਨ੍ਹਾਂ ਤਰੱਕੀ ਪਸੰਦ ਲੋਕਾਂ ਨੂੰ ਇਸ ਤਰ੍ਹਾਂ ਨਾਲ ਡੀਨਾਈ ਕਰਨਾ, ਉਨ੍ਹਾਂ ਨੂੰ ਪੰਜ ਕਿਸ਼ਤਾਂ ਨਾ ਦੇਣਾ, ਠੀਕ ਨਹੀਂ ਹੈ । ਮੈਂ ਨਹੀਂ ਯਕੀਨ ਕਰਨਾ ਚਾਹੁੰਦਾ ਹਾਂ ਕਿ ਇਹ ਆਪਣੇ ਕੀਤਿਆਂ ਹੋਇਆਂ ਵਾਦਿਆਂ ਤੋਂ ਮੁੱਕਰ ਰਹੇ ਹਨ । ਮੈਂ ਇਹ ਉਮੀਦ ਨਹੀਂ ਕਰਨਾ ਚਾਹੁੰਦਾ ਕਿਉਂਕਿ ਮੈਂ ਇਨ੍ਹਾਂ ਦੇ ਸੁਭਾਉ ਤੋਂ ਵਾਕਿਫ ਹਾਂ । ਅੱਜ ਗੌਰਮਿੰਟ ਆਫ ਇੰਡੀਆਂ ਛੇਵੀਂ ਕਿਸ਼ਤ ਦਾ ਵੀ ਐਲਾਨ ਕਰ ਰਹੀ ਹੈ ਪਰ ਇਨ੍ਹਾਂ ਨੇ ਪੰਜ ਵੀ ਨਹੀਂ ਦਿੱਤੀਆਂ । ਪ੍ਰਾਈਵੇਟਲੀ ਮੈਨੂੰ ਤਾਂ ਇਹ ਵੀ ਪਤਾ ਲਗਾ ਸੀ ਕਿ ਤਿੰਨ ਕਿਸ਼ਤਾਂ ਦੇਣ ਲਈ ਇਹ ਮੰਨ ਗਏ ਸਨ । ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਤਿੰਨ ਕਿਸ਼ਤਾਂ ਦੀ ਮੰਗ ਕਰਦੇ ਹਾਂ । ਅਸੀਂ ਤਾਂ ਕਹਿੰਦੇ ਹਾਂ ਕਿ ਪੰਜ ਦੀਆਂ ਪੰਜ ਹੀ ਮਿਲਣੀਆਂ ਚਾਹੀਦੀਆਂ ਹਨ । ਇਹ ਕਿਸ਼ਤਾਂ ਉਸ ਤਬਕੇ ਨੂੰ ਦੇਣੀਆਂ ਹਨ ਜਿਨ੍ਹਾਂ ਨੇ ਕਿ ਪੁਲੀਟੀਕਲ ਸਿਸਟਮ ਨੂੰ ਸਸਟੇਨ ਕਰਨ ਵਿਚ ਸਭ ਤੋਂ ਜ਼ਿਆਦਾ ਪਾਰਟ ਅਦਾ ਕੀਤਾ ਸੀ। ਇਸ ਕਰਕੇ ਇਹ ਡੀ. ਏ. ਦੀਆਂ ਪੰਜ ਹੀ ਕਿਸ਼ਤਾਂ ਇਨ੍ਹਾਂ ਨੂੰ ਦਿੱਤੀਆਂ ਜਾਣ । ਨਾਲ ਹੀ ਇਹ ਗੱਲ ਵੀ ਕਰਨੀ ਚਾਹੀਦੀ ਹੈ ਕਿ ਜਿਹੜੇ 30/30 ਸਾਲ ਦੀ ਨੌਕਰੀ ਕਰਕੇ ਰਿਟਾਇਰ ਹੋਏ ਹਨ ਉਨ੍ਹਾਂ ਨੂੰ ਵੀ ਇਹ ਕਿਸ਼ਤਾਂ ਮਿਲਣੀਆਂ ਚਾਹੀਦੀਆਂ ਹਨ । ਲੇਕਿਨ ਉਨ੍ਹਾਂ ਨੂੰ ਪੈਸੇ ਨਹੀਂ ਦਿੱਤੇ ਗਏ ਔਰ ਉਨ੍ਹਾਂ ਨਾਲ ਇਸ ਮਾਮਲੇ ਦੇ ਵਿਚ ਪੈਰਿਟੀ ਨਹੀਂ ਰੱਖੀ ਗਈ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਕਰਨ ਲਗਾ ਹਾਂ ਔਰ ਆਪਣੇ ਆਖਰੀ ਲਫ਼ਜ਼ਾਂ ਉਤੇ ਹੀ ਹਾਂ ।

ਸਟਰਿਕਟ ਡਸਿਪਲਨ ਵਿਚ ਰਹਿ ਕੇ ਹੋਣਾ ਚਾਹੀਦਾ ਹੈ । ਜਿਵੇਂ ਪ੍ਰਧਾਨ ਮੰਤਰੀ ਜੀ ਨੇ ਕਿਹਾ ਹੈ ਕਿ 'We also need' to follow a far stricter code of austerity all round, ਵਿੱਤ ਮੰਤਰੀ ਜੀ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਤੁਹਾਡੇ ਕੋਲ ਡਿਮਾਂਡ ਆਉਣੀ ਹੈ ਕਿ ਡਾਇਰੈਕਟਰ, ਸਿਖਿਆ ਵਿਭਾਗ, ਫੇਰ ਉਨ੍ਹਾਂ ਦੇ ਉਪਰ ਡਾਇਰੈਕਟਰ ਜਨਰਲ, ਇਸੇ ਤਰ੍ਹਾਂ ਚੀਫ ਇੰਜੀਨੀਅਰ ਸਿੰਜਾਈ, ਚੀਫ ਇੰਜੀਨੀਅਰ ਪ੍ਰਾਜੈਕਟ, ਚੀਫ ਇੰਜੀਨੀਅਰ ਪੀ. ਡਬਲਯੂ. ਡੀ., ਫੇਰ ਉਨ੍ਹਾਂ ਦੇ ਉਪਰ ਇੰਜੀਨੀਅਰ ਜਨਰਲ ਦੇਣ ਲਈ ਕਹਿਣਗੇ । ਇਹ ਇੰਜੀਨੀਅਰ ਜਨਰਲ ਬਣਾਉਣ ਦੀ ਜਿਹੜੀ ਗੱਲ ਸਾਡੇ ਕੋਲ ਕੋਲ ਪਹੁੰਚ ਰਹੀ ਹੈ । ਇਹ ਠੀਕ ਨਹੀਂ, and strict observance of what Shrimati Indira Gandhi advises the State Governments to do, ਮੈਂ ਤੁਹਾਨੂੰ ਕਹਾਂਗਾ ਕਿ ਉਧਰ ਧਿਆਨ ਦਿਉ । ਅੱਨ-ਨਸੈਸਰੀ ਜੋ ਪੋਸਟਾਂ ਹਨ ਜਿਸ ਤਰ੍ਹਾਂ ਐਸ. ਈ. ਜੋ ਲੈਟਰ ਬਾਕਸ ਹਨ, ਫੇਰ ਸੀ. ਈ. ਓ. ਜਿਹੜੇ ਲੈਟਰ ਬਾਕਸ ਹਨ, ਇਸ ਦੇ ਨਾਲ ਜੋ ਅੰਡਰ ਸੈਕਟਰੀ ਜਾਂ ਬਿਟਵੀਨ ਸੈਕਟਰੀ ਜਿਹੜੇ ਹਨ ਉਨ੍ਹਾਂ ਦੀ ਗਿਣਤੀ ਥੋੜ੍ਹਾ ਕਰੋ ਅਤੇ ਕੰਮ ਨੂੰ ਤੇਜ਼ੀ ਵਿਚ ਲਉ ਲੇਕਿਨ ਇਥੇ ਅੜਿਚਾ ਤੇ ਅੜ੍ਰਿਕਾ ਪਾ ਰਹੇ ਹਨ । ਪਹਿਲੇ ਡੀ. ਪੀ. ਆਈ. ਅਤੇ ਫੇਰ ਹੁਣ ਐਡੀਸ਼ਨਲ ਡੀ. ਪੀ. ਆਈ. ਲਗਾ ਦਿੱਤਾ ਹੈ । ਇਹ ਟਾਪ ਹੈਵੀ ਐਡਮਨਿਸਟ੍ਰੇਸ਼ਨ ਬਣਾਉਣ ਦੇ ਰਸਤੇ ਨੂੰ ਨਹੀਂ ਛੱਡ ਰਹੇ, ਇਹ

Original with;
Punjab Vidhan Sabha
Digitized by;
Panjab Digital Library

ਐਡਮਨਿਸਟ੍ਰੇਟਿਵ ਰਿਫਾਰਮਜ਼ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਵੱਲ ਬਿਲਕੁਲ ਧਿਆਨ ਨਹੀਂ ਦੇ ਰਹੇ । ਇਹ ਲੋਕ ਪਾਵਰਫੁਲ ਹੋਣ ਦੇ ਬਾਵਜੂਦ, ਇਨ੍ਹਾਂ ਨੂੰ ਸਭ ਤੋਂ ਪਹਿਲਾਂ ਸੈਂਟਰ ਦਾ ਡੀ. ਏ. ਮਿਲਦਾ ਹੈ ਪਰ ਸਾਡੇ ਪੰਜਾਬ ਦੇ ਮੁਲਾਜ਼ਮਾਂ ਨੂੰ ਨਹੀਂ ਮਿਲਦਾ । ਮੈਨੂੰ ਤਾਂ ਇਹ ਵੀ ਪਤਾ ਲਗਾ ਹੈ ਕਿ ਐਸ. ਡੀ. ੳ. (ਸਿਵਲ) ਨੂੰ ਫਰੀ ਅਕਾਮੋਡੇਸ਼ਨ ਦੇਣ ਦੇ ਆਰਡਰ ਕਰ ਦਿੱਤੇ ਹਨ । ਜਿਹੜੇ ਤਬਕੇ ਡੀਜ਼ਰਵ ਕਰਦੇ ਹਨ ਉਨ੍ਹਾਂ ਨੂੰ ਤਾਂ ਇਹ ਨਹੀਂ ਮਿਲਦੀ ਪਰ ਦੂਸਰੇ ਲੋਕ ਲੈ ਜਾਂਦੇ ਹਨ । ਮੈਂ ਇਸ ਗੱਲ ਨੂੰ ਮਹਿਸੂਸ ਕਰਦਾ ਹਾਂ ਕਿ ਰੀਸੋਰਸਿਜ਼ ਹਨ ਪਰ ਸ਼ਰਮਾ ਜੀ ਨੇ ਜੋ 22 ਕਰੋੜ ਰੁਪਏ ਦਾ ਘਾਟਾ ਦਸਿਆ ਹੈ, ਇਹ ਉਨ੍ਹਾਂ ਇਧਰੋਂ ਉਧਰੋਂ ਹੀ ਪੂਰਾ ਕਰ ਲੈਣਾ ਹੈ । ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਮੇਰੇ ਹਲਕੇ ਵਿਚ ਧਾਰੀਵਾਲ ਸ਼ੈਲਰ ਵਾਲਿਆਂ ਕੋਲੋਂ ਇਨ੍ਹਾਂ 20 ਲੱਖ ਰੁਪਏ ਲੈਣੇ ਹਨ, ਪਹਿਲੇ ਉਹ 3 ਫੀਸਦੀ ਦਿੰਦੇ ਸੀ ਪਰ ਹੁਣ ਇਨ੍ਹਾਂ ਨੇ 7 ਫੀਸਦੀ ਕਰ ਦਿੱਤਾ ਹੈ। ਹੁਣ ਉਹ ਕੋਰਟ ਤੋਂ ਸਟੇਅ ਲੈ ਆਏ ਹਨ ਨਾ ਤਾਂ ਉਹ 3 ਫੀਸਦੀ ਦਿੰਦੇ ਹਨ ਨਾ $1\frac{1}{2}$ ਫੀਸਦੀ ਦੇ ਰਹੇ ਹਨ । ਉਹ ਦੋ ਸਾਲ ਤੋਂ ਸਟੇਅ ਲੈ ਕੇ ਬੈਠੇ ਹਨ । ਮੇਰਾ ਖਿਆਲ ਹੈ ਕਿ ਤੁਸੀਂ ਮੇਰੇ ਹਲਕੇ ਦੇ ਵਿਚੋਂ 20 ਲੱਖ ਰੁਪਏ ਪ੍ਰਾਪਤ ਕਰ ਸਕਦੇ ਹੋ ਇਨ੍ਹਾਂ ਸ਼ੈਲਰ ਵਾਲਿਆਂ ਕੋਲੋਂ। 22 ਕਰੋੜ ਰੁਪਏ ਦਾ ਨਿਕਲਣਾ ਬੜੀ ਸੌਖੀ ਗੱਲ ਹੈ ਪਰ ਤੁਸੀਂ ਇਤਨਾ ਮਾਈਜ਼ਰੀ ਨਾਲ ਕਿਉਂ ਸੋਚਦੇ ਹੋ ਜਦੋਂ ਮੁਲਾਜ਼ਮਾਂ ਨੂੰ ਕੁਝ ਦੇਣ ਦਾ ਵਕਤ ਆਉਂਦਾ ਹੈ ਤਾਂ (ਘੰਟੀ) ਤੁਸੀਂ ਉਨ੍ਹਾਂ ਨੂੰ ਸਪੋਰਟ ਦਿਉ । ਉਨ੍ਹਾਂ ਦੀਆਂ 5 ਕਿਸ਼ਤਾਂ ਦਿਉ । ਇਸੇ ਤਰ੍ਹਾਂ ਪੈਨਸ਼ਨਰਾਂ ਨੂੰ ਵੀ ਦਿਓ । ਮੈਂ ਆਖਿਰ ਵਿਚ ਬੇਨਤੀ ਕਰਾਂਗਾ ਕਿ......

**ਸ੍ਰੀ ਡਿਪਟੀ ਸਪੀਕਰ** : ਇਹ ਤੁਸੀਂ ਬਲੈਕ ਮਾਰਕੀਟਿੰਗ ਕਰ ਰਹੇ ਹੋ ।

**ਕਾਮਰੇਡ ਰਾਜ ਕੁਮਾਰ** : ਡਿਪਟੀ ਸਪੀਕਰ ਸਾਹਿਬ, ਮੈਂ ਬਲੈਕ ਮਾਰਕੀਟਿੰਗ ਨਹੀਂ ਕਰਦਾ, ਬੱਸ ਮੈਂ ਖਤਮ ਹੀ ਕਰਨ ਵਾਲਾ ਹਾਂ । ਅਸੀਂ ਇਸ ਗਲ ਦਾ ਬੜਾ ਮਾਣ ਕਰ ਰਹੇ ਹਾਂ ਕਿ ਇੰਡਸਟਰੀਆਲਾਈਜ਼ੇਸ਼ਨ ਦੇ ਸਿਲਸਿਲੇ ਵਿਚ ਪੰਜਾਬ ਗੋਰਮਿੰਟ ਦੀ ਜਿਹੜੀ ਨੀਤੀ ਹੈ, ਉਸ ਨੂੰ ਬੇਹਤਰ ਕੀਤਾ ਹੈ । ਇੰਡਸਟਰੀਅਲਾਈਜ਼ੇਸ਼ਨ ਦੇ ਬਾਰੇ ਜਿਹੜਾ ਸਰਦਾਰ ਗੁਰਬਚਨ ਸਿੰਘ (ਰੋਪੜ) ਜੀ ਨੇ ਸਵਾਲ ਦਿੱਤਾ ਸੀ ਉਸ ਦੇ ਜਵਾਬ ਵਿਚ ਕਿਹਾ ਗਿਆ ਹੈ ਕਿ ਅਸੀਂ ਇਕ ਟਾਇਰ ਫੈਕਟਰੀ ਲਗਾ ਰਹੇ ਹਾਂ । ਇਸ ਦੇ ਨਾਲ ਹੀ ਜਿਹੜੀ ਸਾਨੂੰ ਅਮਰੀਕਾ ਨੇ ਟੈਕਨੀਕਲ ਐਡਵਾਈਜ਼ ਦੇਣੀ ਸੀ ਉਸ ਦੇ ਬਾਰੇ ਕਿਹਾ ਹੈ ਕਿ ਸਾਡੀ ਟੈਕਨੀਕਲ ਐਡਵਾਈਜ਼ ਦੀ ਕਾਸਟ ਵੱਧ ਗਈ ਹੈ ਔਰ ਨਾਲ ਹੀ ਇਸ ਦਾ ਅਮਰੀਕਨ ਡਾਲਰ ਵਿਚ ਪੈਸਾ ਜ਼ਿਆਦਾ ਬਣਦਾ ਹੈ । ਮੇਰੀ ਬੇਨਤੀ ਇਹ ਹੈ ਕਿ ਕੇਵਲ ਅਮਰੀਕਾ ਵਿਚ ਹੀ ਟੈਕਨੀਕਲ ਨੋ ਹਾਓ ਹੀ ਨਹੀਂ ਹਨ ਬਲਕਿ ਦੂਜੇ ਦੇਸ਼ਾਂ ਵਿਚ ਵੀ ਹਨ ਜਿਵੇਂ ਰੂਸ ਵਿਚ । ਗਿਆਨੀ ਜੀ ਨੂੰ ਹਿੰਦ-ਰੂਸ ਮਿੱਤਰਤਾ ਦਾ ਫਾਇਦਾ ਉਠਾਉਣਾ ਚਾਹੀਦਾ ਹੈ, ਇਨ੍ਹਾਂ ਨੂੰ ਆਪਣਾ ਅਸਰ ਰਸੂਖ ਵਰਤਣਾ ਚਾਹੀਦਾ ਹੈ । ਜਿਵੇਂ ਸਾਡਾ ਹਿੰਦ ਅਤੇ ਰੂਸ ਦਾ ਸਮਝੌਤਾ ਹੈ । ਰੂਸ ਦੇ ਕੋਲੋਂ ਟੈਕਨੀਕਲ ਨੋ ਹਓ ਲੈਣੀ ਚਾਹੀਦੀ ਹੈ ਅਤੇ ਇਹ ਲਿਆਉਣ ਦੀ ਕੋਸ਼ਿਸ਼ ਕਰਨ । ਜਿਸ ਤਰ੍ਹਾਂ ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਨੇ ਐਲਾਨ ਕੀਤਾ ਹੈ, ਰੰਧਾਵਾ ਸਾਹਿਬ ਕੱਲ੍ਹ ਇਕ ਜਲਸੇ ਵਿਚ ਬੋਲ ਰਹੇ ਸਨ ਕਿ ਜਿਹੜਾ ਸਿਸਟਮ ਇੰਟਰੋਡਿਊਸ ਕਰ ਰਹੇ ਹਾਂ ਕਿ ਗਊਆਂ ਦੀ ਨਸਲ ਸੁਧਾਰਨ ਲਈ ਕਈ ਸੀਮਨ ਬੈਂਕ, ਤਰਲ ਨਾਈਟਰੋਜਨ ਪਲਾਂਟ ਅਤੇ ਗਰਭਾਦਾਨ ਯੂਨਿਟ ਲਗਾਏ ਗਏ ਹਨ ਇਨ੍ਹਾਂ ਦੀ ਗਿਣਤੀ ਵਿਚ ਵਾਧਾ ਕਰਨ ਲਈ ਦੋਗਲੀਆਂ ਵੱਛੀਆਂ, ਵਧੀਆ ਕਿਸਮ ਦੀਆਂ ਗਊਆਂ ਅਤੇ

Original with; Punjab Vidhan Sabha Digitized by; Panjab Digital Library

[ਕਾਮਰੇਡ ਰਾਜ ਕੁਮਾਰ]

ਹੋਰ ਵਿਦੇਸ਼ੀ ਪਸ਼ੂ ਦਰਾਮਦ ਕੀਤੇ ਜਾ ਰਹੇ ਹਨ । ਇਸ ਵਿਚ ਜੋ ਕਸਰ ਸੀ ਉਸ ਨਸਲ ਨੂੰ ਅੱਛੀ ਕਿਸਮ ਦੀ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ । ਇਸ ਕੰਮ ਤੇ 35 ਲੱਖ ਰੁਪਏ ਮੰਗੇ ਜਾ ਰਹੇ ਹਨ। ਪੰਜਾਬ ਗੌਰਮਿੰਟ ਇਨੀਸਿਏਟਿਵ ਲਵੇ ਤਾਂ ਹੋਰ ਮਦਦ ਮਿਲ ਸਕਦੀ ਹੈ । ਸਵਿਸ ਕੋਲੋਂ ਹੋਰ ਮੱਦਦ ਮਿਲ ਸਕਦੀ ਹੈ । (ਘੰਟੀ) ਦੁਧ ਵਧਾਉਣ ਵਾਸਤੇ ਉਨ੍ਹਾਂ ਤੋਂ ਮਦੱਦ ਲੈ ਸਕਦੇ ਹਨ । ਬਸ ਜੀ, ਡਿਪਟੀ ਸਪੀਕਰ ਸਾਹਿਬ, ਆਖ਼ਿਰ ਵਿਚ ਮੈਂ ਇਕ ਗਲ ਕਹਿ ਕੇ ਖਤਮ ਕਰ ਦੇਵਾਂਗਾ ।

ਡਿਪਟੀ ਸਪੀਕਰ ਸਾਹਿਬ, ਮੈਂ ਆਸ ਕਰਦਾ ਹਾਂ ਕਿ ਹੁਣ ਥੀਨ ਡੈਮ ਦੇ ਮਾਮਲੇ ਨੂੰ ਨੂੰ ਜਿਸ ਤਰ੍ਹਾਂ ਗਿਆਨੀ ਜੀ ਨੇ ਬੜੇ ਸ਼ਾਨਦਾਰ ਤਰੀਕੇ ਨਾਲ ਹੱਲ ਕੀਤਾ ਹੈ, ਜਿਸ ਸੂਝ ਬੂਝ ਨਾਲ ਇਸ ਮਸਲੇ ਨੂੰ ਕਸ਼ਮੀਰ ਦੇ ਨਾਲ ਹੱਲ ਕੀਤਾ ਹੈ, ਉਸੇ ਸੂਝ ਬੂਝ ਨਾਲ ਹਿਮਾਚਲ ਪ੍ਰਦੇਸ਼ ਦੇ ਨਾਲ ਗੱਲ ਬਾਤ ਕਰਕੇ ਇਸ ਰੁਕਾਵਟ ਨੂੰ ਦੂਰ ਕਰ ਲੈਣਗੇ । ਪਰ ਫੇਰ ਵੀ ਇਸ ਨਾਲ ਗੱਲ ਨਹੀਂ ਬਣਨੀ ਕਿਉਂਕਿ ਪਲੈਨਿੰਗ ਡਿਪਾਰਟਮੈਂਟ ਇਸ ਵਿਚ ਬੇਸਿਕ ਗੱਲ ਹੈ ਅਤੇ ਪੰਜ ਸਾਲਾ ਪਲਾਨ ਦੀ ਜਿਹੜੀ ਪ੍ਰਾਇਰਟੀ ਹੈ ਉਨ੍ਹਾਂ ਦੀ ਇਸ ਗੱਲ ਵੱਲ ਨਹੀਂ ਹੁੰਦੀ । ਮੈਂ ਪੰਜਾਬ ਸਰਕਾਰ ਨੂੰ ਅਤੇ ਗਿਆਨੀ ਜੀ ਨੂੰ ਖਾਸ ਤੌਰ ਤੇ ਕਹਾਂਗਾ ਕਿ ਇਨ੍ਹਾਂ ਨੇ ਬੜੇ ਸ਼ਾਨਦਾਰ ਤਰੀਕੇ ਨਾਲ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ ਹੈ ਜਿਹੜਾ ਇਨ੍ਹਾਂ ਨੇ ਸ਼ੇਖ ਅਬਦੁਲਾ ਨਾਲ ਸਮਝੌਤਾ ਕੀਤਾ ਹੈ, ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਪਰਮਾਰ ਨਾਲ ਗੱਲ ਬਾਤ ਕਰੋ ਅਤੇ ਗੌਰਮਿੰਟ ਆਫ ਇੰਡੀਆ ਨੂੰ ਕਹੋ ਕਿ ਥੀਨ ਡੈਮ ਜਿਹੜਾ ਹੈ, ਇਹ ਨਾ ਕੇਵਲ ਪਾਵਰ ਵਾਸਤੇ ਹੀ ਬਣਾਉਣਾ ਹੈ ਬਲਕਿ ਇਸ ਦੇ ਨਾਲ ਜ਼ਮੀਨ ਦੀ ਇਰੀਗੇਸ਼ਨ ਹੋਵੇਗੀ ਅਤੇ ਪੈਦਾਵਾਰ ਵਧੇਗੀ ਅਤੇ ਪੰਜਾਬ ਦੇ ਅੰਦਰ ਇਸ ਨੂੰ ਪ੍ਰਾਇਰਿਟੀ ਵਿਚ ਲਾਉਣ । ਇਸ ਨਾਲ ਹੜ੍ਹਾਂ ਨੂੰ ਰੋਕਣ ਵਾਸਤੇ ਵੀ ਮਦਦ ਮਿਲੇਗੀ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜ਼ਿਆਦਾ ਟਾਈਮ ਦਿੱਤਾ ਹੈ ।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਦੇ ਆਉਣ ਵਾਲੇ ਸਾਲ ਦੇ ਬਜਟ ਤੇ ਬਹਿਸ ਹੋ ਰਹੀ ਹੈ ਔਰ ਅੱਜ ਇਸ ਨੂੰ ਅਸੀਂ ਪਾਸ ਵੀ ਕਰਨਾ ਹੈ । ਇਸ ਬਜਟ ਦੇ ਰਾਹੀਂ 666 ਕਰੋੜ 77 ਲੱਖ ਰੁਪਿਆ ਆਮਦਨ ਵਿਖਾਈ ਗਈ ਹੈ ਅਤੇ 681 ਕਰੋੜ 57 ਲੱਖ ਰੁਪਿਆ ਖਰਚ ਦਿਖਾਇਆ ਗਿਆ ਹੈ । 22 ਕਰੋੜ ਰੁਪਏ ਦਾ ਘਾਟਾ ਦਿਖਾਇਆ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਸਾਨੂੰ ਇਹ ਗੱਲ ਬਿਲਕੁਲ ਨਹੀਂ ਭੁੱਲਣੀ ਚਾਹੀਦੀ ਕਿ ਅੱਜ ਵਾਲਾ ਜਿਹੜਾ ਇਹ ਬਜਟ ਹੈ ਇਹ ਬਜਟ 20 ਨੁਕਾਤੀ ਪ੍ਰੋਗਰਾਮ ਨੂੰ ਸਾਹਮਣੇ ਰੱਖ ਕੇ ਬਣਾਇਆ ਗਿਆ ਹੈ ।

ਇਹ ਜਿਹੜਾ 20 ਨੁਕਾਤੀ ਪ੍ਰੋਗਰਾਮ ਸਾਡੀ ਮਹਿਬੂਬ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਨੇ ਬਣਾਇਆ ਹੈ ਇਹ ਕਿਨ੍ਹਾਂ ਵਾਸਤੇ ਬਣਾਇਆ ਹੈ—ਇਹ ਗਰੀਬ, ਵੀਕਰ ਸੈਕਸ਼ਨ ਵਾਸਤੇ ਬਣਾਇਆ ਹੈ । ਬੱਚਿਆਂ ਦੇ ਵਜ਼ੀਫਿਆਂ ਵਾਸਤੇ ਬਣਾਇਆ ਹੈ । ਜਿਹੜੇ ਹੋਮਲੈਸ ਹਨ ਉਨ੍ਹਾਂ ਨੂੰ ਹਾਊਸ ਸਾਈਟਸ ਦੇਣ ਵਾਸਤੇ ਬਣਾਇਆ ਹੈ ਅਤੇ ਦੇਸ਼ ਦੀ ਪ੍ਰੋਡਕਸ਼ਨ ਵਧਾਉਣ ਵਾਸਤੇ ਬਣਾਇਆ ਹੈ । ਬੱਜਟ ਦਾ 90% ਹਿੱਸਾ ਵੀਕਰ ਸੈਕਸ਼ਨ ਤੇ ਖਰਚ ਕਰਨਾ ਹੈ । ਇਸ ਬੱਜਟ ਨੂੰ ਘਾਟੇ ਦਾ ਬੱਜਟ ਕਹਿਣਾ ਸ਼ੋਭਾ ਨਹੀਂ ਦਿੰਦਾ । ਡਿਪਟੀ

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਹ ਕੋਈ ਬਣੀਏ ਦੀ ਦੁਕਾਨ ਨਹੀਂ ਹੈ ਜਿਹੜਾ ਇਸ ਨੂੰ ਘਾਟੇ ਦਾ ਬਜਟ ਕਿਹਾ ਜਾਵੇ । ਇਹ ਕੋਈ ਬਣੀਏ ਦੀ ਦੁਕਾਨ ਨਹੀਂ ਹੈ ਕਿ ਉਸ ਨੇ ਦੇਖਣਾ ਹੁੰਦਾ ਹੈ ਕਿ ਕਿੰਨਾ ਪ੍ਰਾਫਿਟ ਹੋਇਆ ਹੈ ਅਤੇ ਕਿੰਨਾ ਘਾਟਾ ਹੋਇਆ ਹੈ । ਅਸੀਂ ਇਹ ਤਾਂ ਕਹਿ ਸਕਦੇ ਹਾਂ ਕਿ ਇਸ ਮੱਦ ਤੇ ਐਨਾ ਪੈਸਾ ਰੱਖਣਾ ਚਾਹੀਦਾ ਸੀ ਅਤੇ ਇਸ ਮੱਦ ਤੇ ਜ਼ਿਆਦਾ ਜਾਂ ਘੱਟ ਕਿਉਂ ਰੱਖਿਆ ਹੈ ? ਡਿਪਟੀ ਸਪੀਕਰ ਸਾਹਿਬ, ਨਵੇਂ ਟੈਕਸ ਨਹੀਂ ਲਾਏ । ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਫਜ਼ੂਲ ਖਰਚੀ ਨਹੀਂ ਹੋਣੀ ਚਾਹੀਦੀ, ਲੇਕਿਨ ਇਹ ਨਹੀਂ ਕਹਿ ਸਕਦੇ ਕਿ ਪੰਜਾਬ ਸਰਕਾਰ ਖਰਚ ਕਿਉਂ ਕਰਦੀ ਪਈ ਹੈ । 90% ਬੱਜਟ ਦਾ ਹਿੱਸਾ ਵੀਕਰ ਸੈਕਸ਼ਨ ਨੂੰ ਜਾਣਾ ਹੈ । ਇਸ ਲਈ ਇਹ ਕੋਈ ਦੁਕਾਨਦਾਰੀ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਨੈਸ਼ਨਲ ਹੈਰਲਡ ਪੇਪਰ ਹੈ ਉਸ ਨੇ ਕਿਹਾ ਹੈ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ ਵੱਧ ਹੈ । ਡਿਪਟੀ ਸਪੀਕਰ ਸਾਹਿਬ, ਜੇ ਅਸੀਂ ਕਿਸੇ ਵੀ ਡਿਵੈਲਪਿੰਗ ਕੰਟਰੀ ਦਾ ਬੱਜਟ ਦੇਖੀਏ ਭਾਵੇਂ ਉਸ ਦੀ ਪਰ ਕੈਪੀਟਾ ਇਨਕਮ ਸਾਡੇ ਨਾਲੋਂ 4 ਗੁਣਾ ਜ਼ਿਆਦਾ ਵੀ ਕਿਉਂ ਨਾ ਹੋਵੇ ਪਰ ਜਦੋਂ ਬੱਜਟ ਡਿਵੈਲਪਿੰਗ ਕੰਟਰੀ ਦਾ ਬਣਦਾ ਹੈ ਤਾਂ ਉਹ ਘਾਟੇ ਦਾ ਹੁੰਦਾ ਹੈ । ਜੋ ਖਰਚ ਹੋਵੇਗਾ ਤਾਂ ਉਹ ਗਰੀਬ ਕਿਰਸਾਨ ਅਤੇ ਗਰੀਬ ਮਜ਼ਦੂਰ ਤੇ ਖਰਚ ਹੋਵੇਗਾ । ਪੰਜਾਬ ਸਰਕਾਰ ਨੇ ਇਹ ਸਾਰਾ ਘਾਟਾ 22 ਕਰੋੜ ਰੁਪਏ ਦਾ ਦੱਸਿਆ ਹੈ । ਇਹ ਗੈਪ ਬੜਾ ਸੌਖਾ ਹੀ ਪੂਰਾ ਹੋ ਸਕਦਾ ਹੈ । ਇਸ ਘਾਟੇ ਨੂੰ ਪੂਰਾ ਕਰਨ ਸਬੰਧੀ ਵਿੱਤ ਸਕੱਤਰ ਸ੍ਰੀ ਐਸ. ਪੀ. ਬਾਗਲਾ ਨੇ ਪਰੈਸ ਸਟੇਟਮੈਂਟ ਦਿੱਤੀ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਟੈਕਸ ਪੇਅਰਜ਼ ਨੇ ਟੈਕਸ ਪੇ ਕਰਨ ਦਾ ਰਿਸਪਾਂਸ ਨਹੀਂ ਦਿੱਤਾ, ਉਨ੍ਹਾਂ ਨੇ ਟੈਕਸ ਪੂਰਾ ਨਹੀਂ ਦਿੱਤਾ । ਜ਼ਿਆਦਾ ਧਨ ਕਮਾਉਣ ਵਾਲੇ ਇਸ ਸੂਬੇ ਵਿਚ ਵਸਣ ਵਾਲਿਆਂ ਨੇ ਉਸ ਦਾ ਜਵਾਬ ਪੂਰਾ ਨਹੀਂ ਦਿੱਤਾ । ਨੈਸ਼ਨਲ ਹੈਰਲਡ ਨੇ ਇਹ ਵੀ ਕਿਹਾ ਕਿ ਰਿਸੋਰਸਿਜ਼ ਨੂੰ ਤੇਜ਼ ਕਰੋ ਤਾਂਕਿ ਇਹ ਜਿਹੜਾ ਘਾਟੇ ਦਾ ਬੱਜਟ ਹੈ ਇਹ ਹੋਰ ਘਾਟੇ ਵਾਲੇ ਪਾਸੇ ਨਾ ਜਾਵੇ । ਰਿਸੋਰਸਿਜ਼ ਕਿਹੜੇ ਹਨ—ਇਸ ਬਾਰੇ ਕਾਮਰੇਡ ਜੀ ਨੇ ਦੱਸਿਆ ਹੈ ਕਿ ਸ਼ੈਲਰਜ਼ ਵਾਲਿਆਂ ਤੋਂ 22 ਕਰੋੜ ਰੁਪਿਆ ਨਿਕਲਦਾ ਹੈ । ਠੀਕ ਹੈ ਇਸ ਪਾਸੇ ਵੀ ਧਿਆਨ ਦੇਣਾ ਪਵੇਗਾ ।

ਇਸ ਤੋਂ ਅੱਗੇ ਮੈਂ, ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਟਾਪ ਹੈਵੀ ਐਡਮਨਿਸਟਰੇਸ਼ਨ ਹੈ । ਕਿੰਨੇ ਡੀ. ਆਈ. ਜੀ. ਹਨ, ਕਿੰਨੇ ਕਮਿਸ਼ਨਰ ਹਨ, ਕਿੰਨੇ ਸੈਕਟਰੀ ਅਤੇ ਕਿੰਨੇ ਡਿਪਟੀ ਸੈਕਟਰੀ ਹਨ । ਇਸ ਟਾਪ ਹੈਵੀ ਐਡਮਨਿਸਟਰੇਸ਼ਨ ਨੂੰ ਕਟ ਡਾਊਨ ਕਰੋ । ਨਹੀਂ ਤਾਂ 20 ਨੁਕਾਤੀ ਪ੍ਰੋਗਰਾਮ ਲਾਗੂ ਨਹੀਂ ਹੋਵੇਗਾ । It shall take months and years to finalise it.

ਹਰ ਦਫਤਰ ਵਿਚ ਦੇਖ ਲਵੋ ਬਾਟਮ ਤੋਂ ਟਾਪ ਤੱਕ ਕਿੰਨੀ ਟਾਪ ਹੈਵੀ ਐਡਮਨਿਸ-ਟਰੇਸ਼ਨ ਹੈ । From lower to the top level. ਉਹ ਹਰ ਵੇਲੇ ਇਹੀ ਸੋਚਦੇ ਰਹਿੰਦੇ ਹਨ ਕਿ ਕਿਸ ਤਰ੍ਹਾਂ ਪੋਸਟ ਕਰੀਏਟ ਕੀਤੀ ਜਾ ਸਕਦੀ ਹੈ । ਕਿੰਨੇ ਡੀ. ਆਈ. ਜੀ. ਹਨ, ਕਿੰਨੇ ਕਮਿਸ਼ਨਰ, ਕਿੰਨੇ ਆਈ. ਜੀ., ਕਿੰਨੇ ਸੈਕਟਰੀ ਅਤੇ ਡਿਪਟੀ ਸੈਕਟਰੀ, ਕਿੰਨੇ ਚੀਫ ਇੰਜੀਨੀਅਰ ਹਨ । ਕਿਸੇ ਚੀਫ ਇੰਜੀਨੀਅਰ ਨੂੰ ਰੂਲਜ਼ ਬਣਾਉਣ ਤੇ ਲਗਾ ਦਿੰਦੇ ਹਨ ਅਤੇ ਕਿਸੇ ਨੂੰ ਕੋਈ ਕਿਸੇ ਕਿਸਮ ਦਾ ਕੰਮ ਦੇ ਦਿੰਦੇ ਹਨ । ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜੀ ਇਤਨੀ ਟਾਪ ਹੈਵੀ ਐਡਮਨਿਸਟਰੇਸ਼ਨ ਹੈ ਇਸ ਨੂੰ ਘੱਟ ਕਰਨਾ ਚਾਹੀਦਾ ਹੈ । ਮੈਂ ਸ਼ਰਮਾ ਜੀ ਨੂੰ ਕਹਾਂਗਾ ਕਿ ਤੁਸੀਂ ਕਾਰਪੋਰੇਸ਼ਨਜ਼ ਬਣਾਈਆਂ ਹਨ,

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਇਹ ਅੱਛਾ ਕੰਮ ਹੈ ਪਰ ਇਹ ਜਿਹੜੀ ਫਿਲਮ ਕਾਰਪੋਰੇਸ਼ਨ ਹੈ ਇਸ ਦਾ ਟੈਕਸ ਮੁਆਫ ਨਹੀਂ ਕਰਨਾ ਚਾਹੀਦਾ। ਇਹ ਟੈਕਸ ਮੁਆਫ ਕਰਨ ਨਾਲ ਗਰੀਬਾਂ ਨੂੰ ਕੋਈ ਫਾਇਦਾ ਨਹੀਂ ਹੋਣਾ। ਇਸ ਲਈ ਇਸ ਪਾਸੇ ਵੀ ਜਿਹੜਾ ਟੈਕਸ ਮੁਆਫ ਕੀਤਾ ਜਾਂਦਾ ਹੈ ਇਹ ਟੈਕਸ ਮੁਆਫ ਨਹੀਂ ਹੋਣਾ ਚਾਹੀਦਾ, ਇਸ ਪਾਸੇ ਵੀ ਧਿਆਨ ਦੇਣਾ ਹੈ। ਇਥੇ ਸਰਦਾਰ ਦਿਲਬਾਗ ਸਿੰਘ ਡਾਲੇਕੇ ਟਰਾਂਸਪੋਰਟ ਦੇ ਮੰਤਰੀ ਬੈਠੇ ਨਹੀਂ ਹਨ, ਅਸੀਂ ਟਰਾਂਸਪੋਰਟ ਨੈਸ਼ਨੇਲਾਈਜ਼ ਕਰਨੀ ਸੀ ਪਰ ਉਹ ਨੈਸ਼ਨੇਲਾਈਜ਼ ਨਹੀਂ ਕੀਤੀ। ਹਰਿਆਣਾ ਸਾਡਾ ਗਵਾਂਢੀ ਸੂਬਾ ਹੈ, ਉਥੇ ਸਾਡੇ ਨਾਲੋਂ ਕਾਫੀ ਬੈਟਰ ਪੁਜ਼ੀਸ਼ਨ ਹੈ। ਉਥੇ ਟ੍ਰਾਂਸਪੋਰਟ ਨੈਸ਼ਨੇਲਾਈਜ਼ ਹੋ ਗਈ ਹੈ। ਸਾਡੇ ਇਹ ਜਿਹੜੀ 60 ਅਤੇ 40 ਦੀ ਰੇਸ਼ੋ ਹੈ ਇਸ ਨੂੰ ਹੋਰ ਐਕਸਟੈਂਡ ਕਰੀ ਜਾਂਦੇ ਹਨ। ਪ੍ਰਾਈਵੇਟ ਬੱਸਾਂ ਦਾ ਨੰਬਰ ਸਾਡੇ ਪੰਜਾਬ ਵਿਚ 1800 ਅਤੇ ਰੋਡਵੇਜ਼ ਦਾ ਨੰਬਰ ਵੀ 1800 ਹੈ। ਪ੍ਰਾਈਵੇਟ ਕੰਪਨੀਆਂ ਵਾਲੇ ਪੈਸੰਜਰ ਟੈਕਸ 2 ਕਰੋੜ ਰੁਪਿਆ ਦਿੰਦੇ ਹਨ ਜਦ ਕਿ ਪੰਜਾਬ ਰੋਡਵੇਜ਼ ਪੈਸੰਜਰ ਟੈਕਸ ਸਾਢੇ 7 ਕਰੋੜ ਰੁਪਿਆ ਦਿੰਦੀ ਹੈ। The number of passengers travelling in the private buses is much more than the Punjab Roadways buses. 27 ਹਜ਼ਾਰ ਤਾਲ-ਬੇ-ਇਲਮਾਂ (ਵਿਦਿਆਰਥੀਆਂ) ਨੂੰ ਪੰਜਾਬ ਰੋਡਵੇਜ਼ ਦੀਆਂ ਬੱਸਾਂ ਲੈ ਜਾਂਦੀਆਂ ਹਨ ਪਰ ਪ੍ਰਾਈਵੇਟ ਵਾਲੇ ਉਨ੍ਹਾਂ ਨੂੰ ਚੜ੍ਹਾਉਂਦੇ ਹੀ ਨਹੀਂ ਹਨ। ਇਸ ਦੇ ਬਾਵਜੂਦ ਵੀ ਪ੍ਰਾਈਵੇਟ ਕੰਪਨੀਆਂ ਵਾਲੇ ਪੈਸੰਜਰ ਟੈਕਸ 2 ਕਰੋੜ ਰੁਪਿਆ ਦਿੰਦੇ ਹਨ ਅਤੇ ਪੰਜਾਬ ਰੋਡਵੇਜ਼ ਸਾਢੇ ਸੱਤ ਕਰੋੜ ਰੁਪਿਆ ਦਿੰਦੀ ਹੈ। ਜੇ ਪ੍ਰਾਈਵੇਟ ਵਾਲਿਆਂ ਦਾ ਬੱਸਾਂ ਦਾ ਨੰਬਰ ਜ਼ਿਆਦਾ ਹੋਵੇ ਜਾਂ ਸਾਡੇ ਜਿੰਨਾ ਹੋਵੇ, ਉਨ੍ਹਾਂ ਦੀ ਮਾਈਲੇਜ ਜ਼ਿਆਦਾ ਹੋਵੇ ਤਾਂ ਫਿਰ ਉਹ ਪੈਸੰਜਰ ਟੈਕਸ ਰੋਡਵੇਜ਼ ਨਾਲੋਂ ਜ਼ਿਆਦਾ ਕਿਉਂ ਨਾ ਦੇਣ ਅਤੇ ਰੋਡਵੇਜ਼ ਜ਼ਿਆਦਾ ਟੈਕਸ ਕਿਉਂ ਦੇਵੇ ? ਸੋ ਇਹ ਜਿਹੜਾ 22 ਕਰੋੜ ਦਾ ਘਾਟਾ ਹੈ ਇਹ ਇਸ ਤਰ੍ਹਾਂ ਹੀ ਪੂਰਾ ਹੋ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਸਾਨੂੰ ਇਕ ਗੱਲ ਨਹੀਂ ਭੁੱਲਣੀ ਚਾਹੀਦੀ ਅਗਰ ਆਪੋਜ਼ੀਸ਼ਨ ਵੀ ਇਸ ਨੂੰ ਮੰਨੇ ਕਿ ਅਨਹੈਲਦੀ ਆਪੋਜ਼ੀਸ਼ਨ ਯੂਜ਼ਫੁਲ ਨਹੀਂ ਹੁੰਦੀ। ਹੈਲਦੀ ਆਪੋਜ਼ੀਸ਼ਨ ਯੂਜ਼ਫੁਲ ਹੋ ਸਕਦੀ ਹੈ। ਸਾਡੇ ਮੁਲਕ ਵਿਚ ਡੈਮੋਕਰੈਟਿਕ ਸੋਸ਼ਲਿਜ਼ਮ ਹੈ ਅਤੇ ਸੋਸ਼ਲਿਸਟ ਡੈਮੋਕਰੇਸੀ ਨਹੀਂ ਹੈ। ਜਿਨ੍ਹਾਂ ਮੁਲਕਾਂ ਨੇ ਸੋਸ਼ਲਿਸਟਿਕ ਮੈਥਡ ਅਡਾਪਟ ਕੀਤਾ ਸੀ ਉਥੇ ਵੀ ਡੈਮੋਕਰੇਸੀ ਖਤਮ ਹੋ ਗਈ ਹੈ। ਸੋਸ਼ਲਿਜ਼ਮ ਤਾਂ ਕਿਸੇ ਮੁਲਕ ਵਿਚ ਆ ਗਿਆ ਪਰ ਸਾਡੇ ਮੁਲਕ ਵਿਚ ਡੈਮੋਕਰੈਟਿਕ ਸੋਸ਼ਲਿਜ਼ਮ ਹੈ। ਅਸੀਂ 60 ਕਰੋੜ ਲੋਕਾਂ ਨੂੰ ਨਾਲ ਲੈ ਕੇ ਬਰਾਬਰ ਤੁਰਨਾ ਹੈ, ਉਨ੍ਹਾਂ ਨੂੰ ਨਾਲ ਲੈ ਕੇ ਚਲਣਾ ਹੈ। ਅਸੀਂ 60 ਕਰੋੜ ਲੋਕਾਂ ਨੂੰ ਨਾਲ ਲੈ ਕੇ ਅੱਗੇ ਚੱਲਣਾ ਹੈ। ਪਿਛੇ ਜਿਹੇ ਸਾਡੇ ਮੁਲਕ ਵਿਚ ਆਵਾਜ਼ ਉਠੀ ਸੀ ਕਿ ਇਥੇ ਪ੍ਰੈਜ਼ੀਡੈਂਸ਼ੀਅਲ ਰੂਲ ਲਾਗੂ ਹੋ ਰਿਹਾ ਹੈ ਅਤੇ ਡੈਮੋਕਰੇਸੀ ਖਤਮ ਹੋਣ ਲੱਗੀ ਹੈ ਪਰ ਡਿਪਟੀ ਸਪੀਕਰ ਸਾਹਿਬ, ਪਰਸੋਂ ਦਾ ਕੇਂਦਰ ਦੇ ਕਾਨੂੰਨ ਮੰਤਰੀ ਸ੍ਰੀ ਗੋਖਲੇ ਦਾ ਬਿਆਨ ਹੈ, ਉਨ੍ਹਾਂ ਨੇ ਕਿਹਾ ਹੈ ਕਿ ਨਹੀਂ Presidential system will not be applicable. ਉਨ੍ਹਾਂ ਨੇ ਕਿਹਾ ਹੈ ਕਿ ਅਜਿਹੇ ਲੋਕ ਜੋ ਇਸ ਕਿਸਮ ਦੀਆਂ ਗੱਲਾਂ ਕਰ ਰਹੇ ਹਨ ਉਹ ਗਲਤ ਅਫਵਾਹਾਂ ਫੈਲਾ ਰਹੇ ਹਨ ਅਤੇ ਹਿੰਦੁਸਤਾਨ ਵਿਚ ਡੈਮੋਕਰੇਸੀ ਰਹੇਗੀ ਅਤੇ ਪ੍ਰੈਜ਼ੀਡੈਂਸ਼ੀਅਲ ਰੂਲ ਲਾਗੂ ਨਹੀਂ ਕੀਤਾ ਜਾਵੇਗਾ। ਇਹੋ ਜਿਹੀਆਂ ਗਲਤ ਅਫਵਾਹਾਂ ਜਿਹੜੇ ਫੈਲਾ ਰਹੇ ਹਨ ਉਹ ਦੇਸ਼ ਦੇ ਗ਼ਦਾਰ ਹਨ। ਪੰਜਾਬ ਸਰਕਾਰ ਨੇ ਬੜੇ ਅੱਛੇ ਅੱਛੇ ਕੰਮ ਕੀਤੇ ਹਨ। (ਵਿਘਨ) ਇਹ ਠੀਕ ਹੈ ਕਿ ਅਸੀਂ ਗ੍ਰੀਨ ਰੇਵੋਲਿਊਸ਼ਨ, ਵਾਈਟ ਰੇਵੋਲਿਊਸ਼ਨ ਲਿਆ ਰਹੇ ਹਾਂ ਅਤੇ ਅਸੀਂ

Original with;
Punjab Vidhan Sabha
Digitized by;
Panjab Digital Library

ਫਲਾਣੀ ਫਲਾਣੀ ਚੀਜ਼ ਵਿਚ ਫਸਟ ਨੰਬਰ ਤੇ ਹਾਂ । ਰਾਜਪੁਰੇ ਵਿਚ ਜਦ ਕੋਈ ਦਾਖਲ ਹੁੰਦਾ ਹੈ ਤਾਂ ਪੰਜਾਬ ਵਿਚ ਦਾਖਲ ਹੋ ਜਾਂਦਾ ਹੈ । ਦਿਸ ਇਜ਼ ਏ ਮਾਡਰਨ ਸਟੇਟ । ਇਸ ਨੂੰ ਮਾਡਰਨ ਸਟੇਟ ਬਣਾਉਣਾ ਪਵੇਗਾ । ਪਰਚੇਜ਼ਿੰਗ ਪਾਵਰ ਦਾ ਵੀਕਰ ਸੈਕਸ਼ਨ ਵਿਚ ਵਾਧਾ ਕਰਨਾ ਪਵੇਗਾ । ਜਿੰਨਾ ਚਿਰ ਅਸੀਂ ਪਿੰਡਾਂ ਵਿਚ ਰਹਿਣ ਵਾਲੇ ਗਰੀਬ ਕਿਰਸਾਨ, ਖੇਤ ਮਜ਼ਦੂਰ ਆਦਿ ਵੱਲ ਧਿਆਨ ਨਹੀਂ ਦਿਆਂਗੇ, ਅਸੀਂ ਅੱਗੇ ਨਹੀਂ ਵਧ ਸਕਾਂਗੇ । ਕਿਹਾ ਜਾਂਦਾ ਸੀ ਕਿ ਖੰਡ ਦੀ ਬਲੈਕ ਹੋ ਜਾਂਦੀ ਹੈ ਪਰ ਮੈਂ ਕਹਿੰਦਾ ਹਾਂ ਕਿ ਸਾਡੇ ਖੁਰਾਕ ਸਪਲਾਈ ਮੰਤਰੀ ਦੀ ਅਗਵਾਈ ਵਿਚ ਉਨ੍ਹਾਂ ਨੇ 12 ਹਜ਼ਾਰ ਪਿੰਡਾਂ ਵਿਚ ਰਾਸ਼ਨ ਕਾਰਡ ਬਣਾਏ ਹਨ । ਇਹ ਵੀ ਕਿਹਾ ਗਿਆ ਕਿ ਵੰਡ ਠੀਕ ਨਹੀਂ ਹੁੰਦੀ । ਮੈਂ ਰਾਜ ਕੁਮਾਰ ਜੀ ਨੂੰ ਕਹਾਂਗਾ ਕਿ ਜਿੰਨਾ ਚਿਰ ਤਕਸੀਮ ਕਰਨ ਵਾਲੀ ਮਸ਼ੀਨਰੀ ਭਾਵੇਂ ਉਹ ਸਰਕਾਰੀ ਕਰਮਚਾਰੀ ਹਨ ਜਾਂ ਕੋਈ ਵੀ ਹਨ ਜਿੰਨਾ ਚਿਰ ਉਨ੍ਹਾਂ ਨੂੰ ਮਜ਼ਬੂਤ ਹੱਥਾਂ ਨਾਲ ਨਹੀਂ ਨਿਪਟਿਆ ਜਾਂਦਾ ਉਤਨੀ ਦੇਰ ਇਹ ਤਕਸੀਮ ਠੀਕ ਨਹੀਂ ਹੋਵੇਗੀ । ਉਨ੍ਹਾਂ ਨੂੰ ਤਕੜੇ ਹੱਥੀਂ ਲੈਣਾ ਚਾਹੀਦਾ ਹੈ ਨਹੀਂ ਤਾਂ ਉਹ ਆਪ ਹੀ ਵੇਚ ਕੇ ਖਾ ਜਾਣਗੇ । ਕਿਹਾ ਗਿਆ ਕਿ ਐਮਰਜੈਂਸੀ ਦਾ ਗਲਤ ਇਸਤੇਮਾਲ ਹੋਇਆ ਹੈ ਅਤੇ ਲੋਕੀਂ ਪਿਸ ਜਾਣਗੇ । ਮੈਂ ਕਹਿੰਦਾ ਹਾਂ ਕਿ ਐਮਰਜੈਂਸੀ ਨੂੰ ਮਜ਼ਬੂਤ ਹੱਥਾਂ ਨਾਲ ਲਾਗੂ ਕਰੋ ਪੰਜਾਬ ਸਰਕਾਰ ਦੇ ਜਿੰਨੇ ਵੀ ਬੇਈਮਾਨ, ਕੁਰੱਪਟ ਅਫ਼ਸਰ ਜਾਂ ਕਰਮਚਾਰੀ ਹਨ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿਓ ।

ਜਦ ਧਰਮਵੀਰ ਗਵਰਨਰ ਲੱਗਾ ਸੀ ਤਾਂ ਉਸ ਨੇ ਜਿਹੜਾ ਅਡੱਲਟਰੇਸ਼ਨ ਕਰਦਾ ਸੀ ਉਸ ਨੂੰ ਬਾਹਰ ਕੱਢ ਦਿੱਤਾ ਸੀ ਅਤੇ ਉਨ੍ਹਾਂ ਦੇ ਗਲਾਂ ਵਿਚ ਹਾਰ ਪਾ ਕੇ ਬਾਜ਼ਾਰ ਵਿਚ ਪਰੇਡ ਕਰਵਾਈ ਸੀ । ਅਸੀਂ ਉਨ੍ਹਾਂ ਤੋਂ ਸਬਕ ਨਹੀਂ ਲੈ ਸਕਦੇ ? ਡਿਸਟਰੀਬਿਊਟਿੰਗ ਏਜੰਸੀ ਨੂੰ, ਸਿਸਟਮ ਨੂੰ ਠੀਕ ਕਰਨਾ ਚਾਹੀਦਾ ਹੈ । ਐਫ. ਸੀ. ਆਈ. ਵਾਲੇ ਸ਼ਾਰਟੇਜ ਕਰ ਜਾਂਦੇ ਹਨ । ਕਿਸ ਤਰ੍ਹਾਂ ਉਥੇ ਜਿਹੜੇ ਇਨਸਪੈਕਟਰ ਅਤੇ ਸਬ ਇਨਸਪੈਕਟਰ ਵੇਚ ਕੇ ਖਾ ਗਏ । ਕੇਸ ਦਰਜ ਹੋਇਆ, ਪੁਲਿਸ ਤਫਤੀਸ਼ ਕਰਨ ਗਈ ਪਰ ਉਥੇ ਕੋਈ ਸ਼ਾਰਟੇਜ ਨਹੀਂ । ਹਰ ਗੁਦਾਮ ਵਿਚੋਂ ਸੈਂਕੜੇ ਬੋਰੀਆਂ ਇਨਸਪੈਕਟਰ ਅਤੇ ਸਬ ਇਨਸਪੈਕਟਰ ਵੇਚ ਕੇ ਖਾ ਗਏ ਪਰ ਜਦ ਤਫਤੀਸ਼ ਹੁੰਦੀ ਹੈ ਤਾਂ ਕੁਝ ਨਹੀਂ ਨਿਕਲਦਾ । ਇਹ ਕਿਉਂ ਹੁੰਦਾ ਹੈ ? ਮੈਂ ਕਹਿੰਦਾ ਹਾਂ ਕਿ ਜਿੰਨਾ ਚਿਰ ਬਿਊਰੋਕਰੇਸੀ ਨੂੰ ਚੰਗੀ ਤਰ੍ਹਾਂ ਸਬਕ ਨਹੀਂ ਦਿਉਗੇ, ਜਦ ਤੱਕ ਕੋਈ ਐਗਜ਼ਾਂਪਲ ਸੈਟ ਨਹੀਂ ਕਰੋਗੇ, ਉਤਨੀ ਦੇਰ ਇਹ ਠੀਕ ਨਹੀਂ ਹੋਵੇਗਾ ਅਤੇ 20 ਨੁਕਾਤੀ ਪ੍ਰੋਗਰਾਮ ਤੇ ਅਮਲ ਨਹੀਂ ਹੋਵੇਗਾ । ਮੈਂ ਮਾਸਟਰ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਗੰਨੇ ਦੀ ਕੀਮਤ ਬਾਰੇ ਮਜਬੂਰੀ ਜ਼ਾਹਿਰ ਕੀਤੀ ਸੀ । ਕਾਮਰੇਡ ਰਾਜ ਕੁਮਾਰ ਨੇ ਕਿਹਾ ਕਿ ਰਿਚ ਪੀਪਲ ਤੇ ਟੈਕਸ ਨਹੀਂ ਲਾਇਆ । ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਲੈਂਡ ਰਿਫਾਰਮ ਦੀ ਪਾਲਿਸੀ ਬਣਾਈ ਹੈ । ਇਸ ਬਾਰੇ ਮੈਂ ਤੁਹਾਡੇ ਨਾਲ ਹਾਂ ਕਿ ਲੈਂਡ ਰਿਫਾਰਮ ਦੀ ਪਾਲਿਸੀ ਨੂੰ ਇੰਪਲੀਮੈਂਟ ਕੀਤਾ ਜਾਵੇ । ਜਦ ਲਿਮਿਟ ਰੱਖੀ ਹੈ ਕਿ ਐਨੀ ਲਿਮਿਟ ਤੋਂ ਵੱਧ ਜ਼ਮੀਨ ਨਹੀਂ ਰਹਿਣ ਦੇਣੀ ਤਾਂ ਠੀਕ ਹੈ ਇਸ ਨੂੰ ਇੰਪਲੀਮੈਂਟ ਕਰਨਾ ਚਾਹੀਦਾ ਹੈ । ਜਦ ਬੇਨਾਮੀ ਜ਼ਮੀਨਾਂ ਹੀ ਨਹੀਂ ਰਹਿਣ ਦੇਣੀਆਂ ਤਾਂ ਫਿਰ ਉਸ ਦੇ ਬਾਅਦ ਪਿੰਡਾਂ ਵਿਚ ਕੋਈ ਰਿਚ ਨਹੀਂ ਰਹਿਣਾ । ਖਰਚ ਕਿੰਨਾ ਵੱਧ ਗਿਆ ਹੈ । ਜ਼ਿਮੀਦਾਰਾਂ, ਕਿਸਾਨਾਂ ਦੇ ਖਰਚ ਕਿੰਨੇ ਵੱਧ ਗਏ ਹਨ । ਫਰਟੇਲਾਈਜ਼ਰ ਦੀਆਂ ਕੀਮਤਾਂ ਵੱਧ ਗਈਆਂ ਹਨ । ਕਿਸਾਨ ਤੇ ਵੈਲਥ ਟੈਕਸ ਲੱਗਾ ਹੈ । ਔਰ ਉਸ ਤੋਂ ਇਲਾਵਾ ਜੋ ਦੱਸ ਏਕੜ ਵਾਲਾ ਬੈਠਾ ਹੈ ਉਹ ਜੇ ਮਰ ਗਿਆ ਤਾਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਉਸ ਤੇ ਡੈਥ ਡਿਊਟੀ ਲਗੀ ਹੈ । ਉਸ ਪ੍ਰਾਂਤ ਨੂੰ ਨਾ ਮਾਰਿਆ ਜਾਵੇ ਜਿਹੜਾ ਪ੍ਰਾਂਤ ਦੇਸ਼ ਦੇ ਅੰਨ ਭੰਡਾਰ ਵਿਚ 60 ਫੀ ਸਦੀ ਆਪਣਾ ਹਿੱਸਾ ਪਾਉਂਦਾ ਹੈ । ਲੈਂਡ ਰਿਫਾਰਮਜ਼ ਲਈ ਮੈਂ ਤੁਹਾਡੇ ਨਾਲ ਹਾਂ । ਰਾਈਟ ਮੈਨ ਫਾਰ ਦੀ ਰਾਈਟ ਜਾਬ ਹੋਣਾ ਚਾਹੀਦਾ ਹੈ । ਲੈਂਡ ਰਿਫਾਰਮਜ਼ ਵਿਚ ਬੇਨਾਮੀਆਂ ਜ਼ਮੀਨਾਂ ਉਸੇ ਤਰ੍ਹਾਂ ਹੀ ਚਲੀਆਂ ਆ ਰਹੀਆਂ ਹਨ ।

ਇੱਕ ਗਲ ਮੈਂ ਅਨ-ਐਂਪਲਾਇਮੈਂਟ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ, ਐਜੂਕੇਸ਼ਨ ਇਜ਼ ਏ ਵੇ ਆਫ ਲਿਵਿੰਗ । ਸਾਨੂੰ ਗਰੈਜੂਏਟਸ ਦੀ ਅਨ-ਐਂਪਲਾਇਮੈਂਟ ਦੇ ਬਾਰੇ ਵਿਚ ਜ਼ਰੂਰ ਸੋਚਣਾ ਚਾਹੀਦਾ ਹੈ । ਦਸਵੀਂ ਪਾਸ ਕਰਨ ਤੋਂ ਬਾਅਦ ਕਾਲਜਾਂ ਵਿਚ ਇਨ੍ਹਾਂ ਦੀ ਏਂਟਰੀ ਨੂੰ ਰਿਸਟ੍ਰਿਕਟ ਕਰਨਾ ਚਾਹੀਦਾ ਹੈ । ਫਸਟ, ਸੈਕਿੰਡ ਡਵੀਜ਼ਨ ਵਾਲੇ ਹੀ ਉਥੇ ਜਾਣੇ ਚਾਹੀਦੇ ਹਨ । ਇਸ ਲਈ ਸਟੈਂਡਰਡ ਕ੍ਰਾਈਟੇਰੀਆ ਲੇ ਕਰੀਏ ਤਾਂ ਕਿ ਟੈਕਨੀਕਲ ਸਾਈਡ ਵਿਚ ਨਿਕਲਿਆ ਜਾਏ । ਜਿਹੜੇ ਗਰੈਜੂਏਟਸ ਹਨ ਉਨ੍ਹਾਂ ਨੂੰ ਉਨ੍ਹਾਂ ਦੇ ਮਾਂ ਬਾਪ ਨੇ ਭੁੱਖੇ ਨੰਗੇ ਰਹਿ ਕੇ ਉਨ੍ਹਾਂ ਨੂੰ ਬੀ. ਏ. ਕਰਾਇਆ ਹੈ, ਉਨ੍ਹਾਂ ਗਰੈਜੂਏਟਸ ਲਈ ਜ਼ਰੂਰ ਕੁਝ ਕਰਨਾ ਚਾਹੀਦਾ ਹੈ (ਘੰਟੀ)

**ਸ੍ਰੀ ਡਿਪਟੀ ਸਪੀਕਰ :** ਸਾਰਿਆਂ ਵਾਸਤੇ ਹੀ ਸੋਚਣਾ ਚਾਹੀਦਾ ਹੈ ।

**ਚੌਧਰੀ ਦਰਸ਼ਨ ਸਿੰਘ :** ਠੀਕ ਹੈ, ਮੈਂ ਐਗਰੀ ਕਰਦਾ ਹਾਂ ਕਿ ਸਾਰਿਆਂ ਵਾਸਤੇ ਸੋਚਣਾ ਚਾਹੀਦਾ ਹੈ । ਮੈਟ੍ਰਿਕ ਔਰ ਅੰਡਰ ਮੈਟ੍ਰਿਕ ਸਮਾਜ ਦੇ ਦੂਜੇ ਕੰਮ ਕਰ ਸਕਦੇ ਹਨ ਲੇਕਿਨ ਗਰੈਜੂਏਟਸ ਪੰਜਾਬ ਸਰਕਾਰ ਤੋਂ ਆਸ ਕਰਦੇ ਹਨ। ਉਹ ਸੋਚਦੇ ਹਨ ਕਿ—

'I am an educated man. I must get job. I am as good a citizen as others are.'

ਉਹ ਕਹਿੰਦਾ ਹੈ ਕਿ ਮੈਂ ਬੀ. ਏ. ਪੜ੍ਹਿਆ ਹੋਇਆ ਹਾਂ । ਮੈਨੂੰ ਰੋਟੀ ਮਿਲਣੀ ਚਾਹੀਦੀ ਹੈ ।

ਗਿਆਨੀ ਜ਼ੈਲ ਸਿੰਘ ਜੀ ਨੂੰ ਮੈਂ ਵਧਾਈ ਦਿੰਦਾ ਹਾਂ ਕਿ ਹਿਮਾਚਲ ਪ੍ਰਦੇਸ਼ ਦੇ ਇਰੀਗੇਸ਼ਨ ਔਰ ਪਾਵਰ ਮਨਿਸਟਰ ਦਾ ਥੀਨ ਡੈਮ ਬਾਰੇ ਬਿਆਨ ਆ ਗਿਆ ਹੈ । ਪਾਣੀ ਪਾਕਿਸਤਾਨ ਵਿਚ ਜਾਂਦਾ ਸੀ, ਪੇਮੈਂਟ ਕਰ ਚੁਕੇ ਹਾਂ । 1980 ਤਕ 2,000 ਮੈਗਾਵਾਟ ਬਿਜਲੀ ਦੀ ਡਿਮਾਂਡ ਆ ਜਾਏਗੀ । ਇਸ ਨੂੰ ਕਿਥੋਂ ਪੂਰਾ ਕਰਾਂਗੇ ? ਅਗਰ ਹਿਮਾਚਲ ਪ੍ਰਦੇਸ਼ ਨਾਲ ਗਲ ਬਾਤ ਕਰਕੇ ਉਨ੍ਹਾਂ ਦੇ ਨੈਚੂਰਲ ਰਿਸੋਰਸਿਜ਼ ਨੂੰ ਟੈਪ ਨਹੀਂ ਕਰਾਂਗੇ ਤਾਂ ਇੰਡਸਟਰੀ ਨਹੀਂ ਲਗ ਸਕੇਗੀ । ਜਿਸ ਸੂਬੇ ਵਿਚ ਇੰਡਸਟਰੀ ਨਾ ਹੋਵੇ ਉਹ ਸੂਬਾ ਅੱਗੇ ਨਹੀਂ ਵਧ ਸਕਦਾ । 1939 ਦੀ ਸੈਕਿੰਡ ਵਰਲਡ ਵਾਰ ਹੋਈ, ਉਸ ਵਿਚ ਜਰਮਨੀ ਔਰ ਜਾਪਾਨ ਤਬਾਹ ਹੋਏ ਸੀ ਲੇਕਿਨ ਉਸ ਦੇ ਬਾਵਜੂਦ ਵੀ ਉਥੇ ਕੀਮਤਾਂ ਕੰਟ੍ਰੋਲ ਵਿਚ ਰਹੀਆਂ । ਇਸ ਦੀ ਵਜ਼ਾ ਇਹ ਸੀ ਕਿ ਉਹ ਕੰਟ੍ਰੀਜ਼ ਇੰਡਸਟ੍ਰੀਆਲਾਈਜ਼ਡ ਸਨ । 3—4 ਏਕੜ ਤੋਂ ਵੱਧ ਜਾਪਾਨ ਵਿਚ ਕੋਈ ਜ਼ਮੀਨ ਦਾ ਮਾਲਕ ਨਹੀਂ । ਉਥੇ ਕੰਮ ਕਰਨ ਤੋਂ ਬਾਅਦ ਉਹ ਲੋਕ ਘਰ ਆ ਕੇ ਸਮਾਲ ਸਕੇਲ ਇੰਡਸਟਰੀਜ਼ ਦਾ ਕੰਮ ਕਰਦੇ ਹਨ । ਇਹੀ ਵਜ਼ਾ ਹੈ ਕਿ ਅੱਜ ਜਾਪਾਨ ਇੰਡਸਟਰੀਜ਼ ਵਿਚ ਨੰਬਰ 1 ਤੇ ਹੈ । ਜਿੰਨਾ ਚਿਰ ਬਣੀਆਂ ਹੋਈਆਂ ਚੀਜ਼ਾਂ ਨੂੰ ਬਾਹਰ ਨਹੀਂ ਭੇਜਦੇ, ਜਿੰਨਾ ਚਿਰ ਸਾਡਾ ਮੁਲਕ ਵਰਲਡ ਮਾਰਕਿਟ ਵਿਚ ਐਂਟਰ ਨਹੀਂ

Original with;
Punjab Vidhan Sabha
Digitized by;
Panjab Digital Library

ਹੁੰਦਾ ਔਰ ਇਥੋ ਦੀਆਂ ਬਣੀਆਂ ਹੋਈਆਂ ਚੀਜ਼ਾਂ ਨੂੰ ਉਥੇ ਬਾਹਰਲ ਮੁਲਕਾਂ ਵਿਚ ਨਹੀਂ ਵੇਚਦਾ ਉਨਾਂ ਚਿਰ ਤਕ ਸਾਡਾ ਮੁਲਕ ਤਰੱਕੀ ਨਹੀਂ ਕਰ ਸਕਦਾ ਹੈ । 26 ਫੋਕਲ ਪੁਆਇੰਟ ਹਨ, ਇਹ ਬੈਕਵਰਡ ਏਰੀਆ ਵਿਚ ਲਗਾਏ ਜਾਣੇ ਚਾਹੀਦੇ ਹਨ । ਇਹ ਅੱਛਾ ਕੰਮ ਹੈ। ਮੈਂ ਇੱਕ ਗਲ ਹੋਰ ਕਹਿਣੀ ਚਾਹੁੰਦਾ ਹਾਂ (ਵਿਘਨ)

**ਚੌਧਰੀ ਜਗਤ ਰਾਮ** : ਵਾਇਦਾ ।

**ਚੌਧਰੀ ਦਰਸ਼ਨ ਸਿੰਘ** :ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗਲ ਹੋਰ ਕਹਿਣੀ ਚਾਹੁੰਦਾ ਹਾਂ, ਮਾਸਟਰ ਜੀ ਇਥੇ ਬੈਠੇ ਹਨ । ਗੰਨਾਂ ਹਰਿਆਣੇ ਵਿਚ 14.25 ਰੁਪਏ ਸੀ ਔਰ ਪੰਜਾਬ ਸਰਕਾਰ ਨੇ ਇਸ ਦੀਂ ਕੀਮਤ 14.35 ਰੁਪਏ ਫਿਕਸ ਕੀਤੀ ਪਰ ਇਸ ਦੇ ਬਾਵਜੂਦ ਵੀ ਕਈ ਸ਼ੂਗਰ ਮਿਲਜ਼ ਐਸੀਆਂ ਹਨ ਜੋ ਕਿ ਇਹ ਪਰਾਈਸ ਨਹੀਂ ਦਿੰਦੀਆਂ ਹਨ । ਫਗਵਾੜੇ ਦੀ ਮਿਲ 11/- ਦੇਣ ਨੂੰ ਵੀ ਤਿਆਰ ਨਹੀਂ ਹੈ । ਮਾਸਟਰ ਜੀ ਨੇ ਕਿਹਾ ਸੀ ਕਿ ਨੇਫੈਡ 40/- ਦੇ ਹਿਸਾਬ ਨਾਲ ਆਲੂ ਚੁਕੇਗੀ । ਉਹ ਚੁਕਣੋਂ ਹਟ ਗਏ ਹਨ । ਇਨ੍ਹਾਂ ਦਾ ਬਿਆਨ ਕਿਥੇ ਗਿਆ ? ਉਹ ਕਹਿੰਦੇ ਹਨ ਕਿ ਉਨ੍ਹਾਂ ਨੇ 7,000 ਕੁਇੰਟਲ ਆਲੂ ਲੈਣਾ ਸੀ ਔਰ ਉਸ ਤੋਂ ਬਾਅਦ ਉਨ੍ਹਾਂ ਨੇ ਆਲੂ ਨਹੀਂ ਲੈਣਾ ਹੈ । ਛੋਟੇ ਛੋਟੇ ਕਿਸਾਨ ਆਲੂ ਬੀਜਦੇ ਹਨ । ਉਹ ਕੀ ਕਰਨ ?

**ਸ੍ਰੀ ਡਿਪਟੀ ਸਪੀਕਰ** : ਉਹ ਚੁਕ ਨਹੀਂ ਰਹੇ ਹਨ ।

**ਚੌਧਰੀ ਦਰਸ਼ਨ ਸਿੰਘ** : ਉਹ ਆਲੂ ਚੁੱਕ ਨਹੀਂ ਰਹੇ ਹਨ । ਗੰਨਾ ਵੀ ਜੋ ਇਸ ਦੀ ਪ੍ਰਾਈਸ ਫਿਕਸ ਕੀਤੀ ਗਈ ਹੈ ਉਸ ਹਿਸਾਬ ਨਾਲ ਚੁਕਿਆ ਨਹੀਂ ਜਾ ਰਿਹਾ ਹੈ ।

**ਸ੍ਰੀ ਡਿਪਟੀ ਸਪੀਕਰ** : ਇਸ ਮੱਸਲੇ ਨੂੰ ਜ਼ਰਾ ਸੀਰੀਅਸਲੀ ਲਿਆ ਜਾਣਾ ਚਾਹੀਦਾ ਹੈ ।

**ਚੌਧਰੀ ਦਰਸ਼ਨ ਸਿੰਘ** : ਇਸ ਮੱਸਲੇ ਨੂੰ ਟੇਕ ਅੱਪ ਕਰੋ । ਇੱਕ ਪਾਸੇ ਤਾਂ 11/- ਦੇ ਹਿਸਾਬ ਨਾਲ ਵੀ ਕੋਈ ਚੁਕ ਨਹੀਂ ਰਿਹਾ ਹੈ ਅਤੇ ਦੂਸਰੇ ਪਾਸੇ ਇਸ ਦੀ ਕੀਮਤ 14.35 ਰੁਪਏ ਫਿਕਸ ਕੀਤੀ ਗਈ ਹੈ । ਟੇਕਨੀਕਲ ਪੁਆਇੰਟਸ ਤੇ ਇਸ ਨੂੰ ਵਰਕ ਆਊਟ ਕਰਨਾ ਚਾਹੀਦਾ ਹੈ । ਮੈਨੂੰ ਆਸ ਹੈ ਕਿ ਮਾਸਟਰ ਜੀ ਜ਼ਰੂਰ ਇਸ ਗੱਲ ਵਲ ਧਿਆਨ ਦੇਣਗੇ ।

ਜੋ ਕਾਮਰੇਡ ਰਾਜ ਕੁਮਾਰ ਨੇ ਡੀ. ਏ. ਦੀਆਂ ਕਿਸ਼ਤਾਂ ਬਾਰੇ ਕਿਹਾ ਹੈ ਉਨ੍ਹਾਂ ਨਾਲ ਮੈਂ ਸਹਿਮਤ ਹਾਂ । ਡੀ. ਏ. ਦੀਆਂ ਦੋ ਕਿਸ਼ਤਾਂ ਦਿੱਤੀਆਂ ਹਨ । ਪੰਜਾਬ ਸਰਕਾਰ ਨੂੰ ਇਸ ਨੂੰ ਰੀਕੰਸਿਡਰ ਜ਼ਰੂਰ ਕਰਨਾ ਚਾਹੀਦਾ ਹੈ ।

ਕੁਐਸ਼ਚਨ ਆਇਆ ਸੀ, ਸਪਲੀਮੈਂਟਰੀ ਹੋਈ ਸੀ ਕਿ ਖੋਖੇ ਰੇੜ੍ਹੀ ਵਾਲੇ ਜੋ ਸੜਕਾਂ ਤੇ ਬੈਠੇ ਹਨ ਅਗਰ ਉਨ੍ਹਾਂ ਨੂੰ ਉਠਾਉਣਾ ਹੈ ਤਾਂ ਉਨ੍ਹਾਂ ਲਈ ਕੋਈ ਆਲਟਰਨੇਟਿਵ ਜਗ੍ਹਾ ਪ੍ਰੋਵਾਈਡ ਕਰਨੀ ਚਾਹੀਦੀ ਹੈ । ਅੱਜ ਸ਼ਰਮਾਂ ਸਾਹਿਬ ਨੇ ਜਵਾਬ ਦਿੰਦਿਆਂ ਕਨਫਿਊਜ਼ਨ ਕ੍ਰੀਏਟ ਕਰ ਦਿੱਤਾ ਜਦੋਂ ਉਨ੍ਹਾਂ ਨੇ ਕਿਹਾ ਕਿ ਹੋਰ ਜਗ੍ਹਾ ਉਹ ਲੈਂਦੇ ਨਹੀਂ ਹਨ । ਮੈਂ ਤਾਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਲਈ ਚਿੱਠੀ ਜਾਰੀ ਕੀਤੀ ਗਈ ਹੈ ਕਿ ਨਹੀਂ ? ਇਸ ਸਬੰਧ ਵਿਚ ਚਿੱਠੀ ਜਾਰੀ ਕਰਨੀ ਚਾਹੀਦੀ ਹੈ । ਭਾਵੇਂ ਰਿਹੈਬਲੀਟੇਸ਼ਨ ਡਿਪਾਰਟਮੈਂਟ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਹੋਵੇ, ਇੰਪਰੂਵਮੈਂਟ ਟੱਰਸਟ ਹੋਣ ਤੇ ਭਾਵੇਂ ਮਿਊਂਸਪਲ ਕਮੇਟੀਆਂ ਹੋਣ ਉਨ੍ਹਾਂ ਕੋਲੋਂ 20 ਸਾਲ ਕਿਰਾਇਆ ਲਿਆ ਤੇ ਅੱਜ ਕਹਿੰਦੇ ਹੋ ਕਿ ਉਹ ਅਨ-ਆਥੋਰਾਈਜ਼ਡ ਬੈਠੇ ਹਨ। ਕਿਰਾਏ ਦੀਆਂ ਰਸੀਦਾਂ ਉਨ੍ਹਾਂ ਕੋਲ ਹਨ। ਵੀਕਰ ਸੈਕਸ਼ਨ ਨੂੰ ਉਠਾ ਕੇ ਸਟ੍ਰਾਂਗੈਸਟ ਸੈਕਸ਼ਨ ਨੂੰ ਅਲਾਟ ਕਰ ਦਿਉ ਤਾਂ ਫਿਰ ਕਹਿੰਦੇ ਹੋ ਕਿ ਸਮਾਜਵਾਦ ਲਿਆ ਰਹੇ ਹਾਂ ? ਪੰਜਾਬ ਸਰਕਾਰ ਨੂੰ ਹਿਦਾਇਤਾਂ ਜਾਰੀ ਕਰਨੀਆਂ ਚਾਹੀਦੀਆਂ ਹਨ ਕਿ ਵੀਕਰ ਸੈਕਸ਼ਨ ਨੂੰ ਪ੍ਰੈਫਰੈਂਸ ਮਿਲਣੀ ਚਾਹੀਦੀ ਹੈ ਚਾਹੇ ਉਨ੍ਹਾਂ ਨੂੰ ਦੋ, ਤਿੰਨ ਜਾਂ ਪੰਜ ਮਰਲੇ ਹੀ ਦਿੱਤੇ ਜਾਣ। ਮੈਂ ਔਰ ਕੇ. ਪੀ. ਸਾਹਿਬ ਮੌਕੇ ਤੇ ਗਏ ਸੀ ਉਥੇ ਸਾਈਕਲ ਰਿਪੇਅਰਜ਼ ਕਰਨ ਵਾਲੇ ਔਰ ਬੂਟ ਪਾਲਿਸ਼ ਕਰਨ ਵਾਲੇ ਸਨ, ਉਹ ਵਿਚਾਰੇ ਮਰ ਗਏ, ਗਿਆਨੀ ਜੀ ਨੇ ਸਟੇ ਜ਼ਰੂਰ ਕਰ ਦਿੱਤੀ ਹੈ ਉਨ੍ਹਾਂ ਨੂੰ 2 ਜਾਂ 5 ਮਰਲੇ ਜ਼ਮੀਨ ਜ਼ਰੂਰ ਦੇਣੀ ਚਾਹੀਦੀ ਹੈ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ :** ਚੌਧਰੀ ਸਾਹਿਬ ਕਹਿੰਦੇ ਹਨ ਕਿ ਬੂਟ ਪਾਲਿਸ਼ ਕਰਨ ਵਾਲੇ ਮਰ ਗਏ। ਉਹ ਕਿਥੇ ਮਰ ਗਏ ?

(ਇਸ ਵੇਲੇ ਚੌਧਰੀ ਜਗਤ ਰਾਮ ਜੀ ਆਪਣੀ ਸੀਟ ਤੇ ਖੜੇ ਸਨ)

**ਸ੍ਰੀ ਡਿਪਟੀ ਸਪੀਕਰ :** ਹੁਣ ਕੀ ਚੌਧਰੀਆਂ ਦੀ ਹੀ ਵਾਰੀ ਆਈ ਜਾਣੀ ਹੈ।

**ਚੌਧਰੀ ਜਗਤ ਰਾਮ :** ਡਿਪਟੀ ਸਪੀਕਰ ਸਾਹਿਬ, ਨਵੇਂ ਚੌਧਰੀ ਔਰ ਪੁਰਾਣੇ ਚੌਧਰੀ ਵਿਚ ਫਰਕ ਹੈ।

**ਚੌਧਰੀ ਦਰਸ਼ਨ ਸਿੰਘ :** ਇਨ੍ਹਾਂ ਨੇ ਆਪਣੇ ਪਾਸੇ ਵੱਲ ਲੈ ਲਿਆ ਹੈ। ਕਾਲ ਏ ਸਪੇਡ ਏ ਸਪੇਡ। ਸੱਚ ਨੂੰ ਸੱਚ ਕਹਿਣਾ ਚਾਹੀਦਾ ਹੈ। ਰਾਈਟ ਨੂੰ ਰਾਈਟ ਕਹਿਣਾ ਚਾਹੀਦਾ ਹੈ। ਮੈਂ ਆਪ ਕਹਿੰਦਾ ਹਾਂ ਕਿ ਗਰੀਬਾਂ ਨੂੰ ਕਿਉਂ ਉਜਾੜਿਆ ਗਿਆ ਹੈ।

ਠੀਕ ਹੈ ਪਰ ਕੈਪੀਟਾ ਇਨਕਮ ਬੜ੍ਹ ਗਈ ਹੈ ਪਰ ਸ਼ਰਮਾਂ ਸਾਹਿਬ ਨੇ ਪਰ ਕੈਪੀਟਾ ਇਨਕਮ ਵਧਣ ਬਾਰੇ ਆਪਣੇ ਹਿਸਾਬ ਨਾਲ ਹੀ ਦਸਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸਰਮਾਇਦਾਰ ਲੋਕ ਹੀ ਇਸ ਦਾ ਫਾਇਦਾ ਉਠਾਈ ਜਾਣ। ਇਹ 20 ਪੁਆਇੰਟ ਪਰੋਗਰਾਮ ਦਾ ਕੋਈ ਫਾਇਦਾ ਨਹੀਂ ਹੋ ਸਕਦਾ ਜਿੰਨਾ ਚਿਰ ਇਨ੍ਹਾਂ ਚਾਰੇ ਤਜਵੀਜ਼ਾਂ ਤੇ ਅਮਲ ਨਹੀਂ ਕੀਤਾ ਜਾਂਦਾ ਹੈ। ਇਨ੍ਹਾਂ ਤੇ ਬਿਊਰੋਕ੍ਰੇਸੀ ਸੀ ਨਹੀਂ ਚਲਣੀ। ਪਹਿਲੀ ਚੀਜ਼ ਹੈ ਕਿ ਹਾਰਡ ਵਰਕ। ਦੂਜੀ ਚੀਜ਼ ਵਿਜ਼ਨ ਸ਼ੁਡ ਬੀ ਵੈਰੀ ਕਲੀਅਰ। ਤੁਸੀਂ ਗਰੀਬਾਂ ਵਲ ਦੇਖਦੇ ਹੋ ਜਾਂ ਅਮੀਰਾਂ ਵਲ ਦੇਖਦੇ ਹੋ। ਕੁਰਸੀ ਤੇ ਬੈਠਣ ਵਾਲੇ ਜਦੋਂ ਫੈਸਲਾ ਕਰਦੇ ਹਨ ਤਾਂ ਉਸ ਵੇਲੇ ਉਹ ਗਰੀਬਾਂ ਵਲ ਨਹੀਂ ਦੇਖਦੇ ਬਲਕਿ ਉਹ ਆਪਣੇ ਵਲ ਵੀ ਦੇਖਦੇ ਹਨ। ਤੀਜੇ ਪੰਜਾਬ ਗੌਰਮਿੰਟ ਮਸਟ ਹੈਵ ਆਇਰਨ ਵਿਲ। ਇਥੇ ਕਿਹਾ ਗਿਆ ਹੈ ਲੋਕਾਂ ਨੂੰ ਮਾਰਿਆ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਹੋਰ ਮਾਰੋ ਲੋਕਾਂ ਨੂੰ ਜੋ ਅੱਡਲਟ੍ਰੇਸ਼ਨ ਕਰਦੇ ਹਨ। ਇੱਕ ਆਦਮੀ ਦੀ ਜੇਬ ਵਿਚ ਤਾਂ ਲੱਖਾਂ ਕਰੋੜਾਂ ਰੁਪਏ ਹਨ ਅਤੇ ਦੂਜੇ ਆਦਮੀ ਦੀ ਜੇਬ ਵਿਚ ਦੱਸ ਪੈਸੇ ਵੀ ਨਹੀਂ ਹਨ। ਅੱਡਲਟ੍ਰੇਟਰਜ਼ ਨੂੰ ਸਖਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਚੌਥੀ ਗਲ ਹੈ ਕੌਮ ਵਿਚ ਡਸਿਪਲਨ ਆਇਆ ਹੈ। (ਘੰਟੀ)

Original with;
Punjab Vidhan Sabha
Digitized by;
Panjab Digital Library

ਇੱਕ ਗਲ ਮੈਂ ਲਾਸਟ ਵਿਚ ਕਹਿਣੀ ਚਾਹੁੰਦਾ ਹਾਂ ਕਿ 1 ਜੁਲਾਈ, 1975 ਤੋਂ 31 ਦਸੰਬਰ, 1975 ਤਕ ਕਰਾਈਮ ਵਿਚ ਡਿਕਲਾਈਨ ਹੋਇਆ ਹੈ, ਜੁਰਮਾਂ ਵਿਚ ਘਾਟਾ ਹੋਇਆ ਹੈ। ਸਰਕਾਰ ਵਲੋਂ ਮਜ਼ਬੂਤ ਹੱਥਾਂ ਨਾਲ ਡੀਲ ਕਰਨ ਨਾਲ ਕਤਲਾਂ ਵਿਚ, ਹੋਰ ਕਰਾਈਮਜ਼ ਦੇ ਕੇਸਿਜ਼ ਵਿਚ ਘਾਟਾ ਹੋਇਆ ਹੈ । ਨੇਸ਼ਨ ਨੂੰ ਇੱਕ ਸੜਕ ਉਤੇ ਤੋਰਨ ਵਾਸਤੇ ਜ਼ਰੂਰ ਕੁਝ ਕਰਨਾ ਚਾਹੀਦਾ ਹੈ । ਐਮਰਜੈਂਸੀ ਹਮੇਸ਼ਾਂ ਨਹੀਂ ਰਹਿਣੀ ਹੈ । ਪੰਜਬ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮਜ਼ਬੂਤ ਹੱਥਾਂ ਨਾਲ ਇਹ 20 ਪੁਆਇੰਟ ਪਰੋਗਰਾਮ ਨੂੰ ਇੰਪਲੀਮੈਂਟ ਕਰੇ ਨਹੀਂ ਤਾਂ ਇਥੇ ਇਹ ਗਰੀਨ ਰੇਵੋਲਿਊਸ਼ਨ ਲਿਆ ਰਹੇ ਹਨ, ਮੈਨੂੰ ਡਰ ਹੈ ਕਿ ਕਿਤੇ ਕੋਈ ਹੋਰ ਰੇਵੋਲਿਊਸ਼ਨ ਨਾ ਆ ਜਾਵੇ ।

**ਸਰਦਾਰ ਵਰਿਆਮ ਸਿੰਘ ਭਾਗੋਵਾਲੀਆ** (ਸ੍ਰੀ ਹਰਗੋਬਿੰਦਪੁਰ) : ਡਿਪਟੀ ਸਪੀਕਰ ਸਾਹਿਬ, ਸਾਲ 1976-77 ਦੇ ਵਾਸਤੇ ਵੱਖ ਵੱਖ ਮਹਿਕਮਿਆਂ ਦੇ ਸਬੰਧ ਵਿਚ ਜਿੰਨੀ ਰਕਮ ਮੰਨਜ਼ੂਰ ਕਰਨੀ ਚਾਹੀਦੀ ਸੀ ਉਹ ਬੜੇ ਵਿਸਥਾਰ ਨਾਲ ਹਾਊਸ ਨੇ ਵਿਚਾਰ ਕਰਕੇ ਉਸ ਦੀ ਮੰਨਜ਼ੂਰੀ ਦਿਤੀ ਹੈ । ਇਸ ਬਿਲ ਰਾਹੀਂ ਇਸ ਸਰਕਾਰ ਨੂੰ ਇਸ ਸਾਲ ਰਕਮ ਖਰਚਣ ਦਾ ਅਧਿਕਾਰ ਹਾਊਸ ਨੇ ਦੇਣਾ ਹੈ ਔਰ ਇਸ ਵਾਸਤੇ ਇਹ ਬਿਲ ਸਾਡੇ ਸਾਹਮਣੇ ਪੇਸ਼ ਹੋਇਆ ਹੈ । ਵੈਸੇ ਜੇ ਨਵੇਂ ਅਧਿਕਾਰ ਦੇਣ ਵਾਸਤੇ ਦੇਖਣਾ ਹੋਵੇ ਤਾਂ ਪਿਛਲੀ ਕਾਰਕਰਦਗੀ ਨੂੰ ਦੇਖਣਾ ਪੈਂਦਾ ਹੈ ਕਿ ਸਰਕਾਰ ਨੇ ਪਿਛਲੇ ਸਾਲਾਂ ਦੇ ਵਿਚ ਜੇ ਚੰਗੇ ਢੰਗ ਦੇ ਨਾਲ ਖਰਚ ਕੀਤਾ ਹੈ ਤਾਂ ਇਹ ਹੁਣ ਵੀ ਅਧਿਕਾਰ ਉਸੇ ਤਰ੍ਹਾਂ ਸਰਕਾਰ ਨੂੰ ਖਰਚ ਕਰਨ ਦਾ ਦੇਣਾ ਚਾਹੀਦਾ ਹੈ ।

**ਸ੍ਰੀ ਡਿਪਟੀ ਸਪੀਕਰ** : ਮਾਸਟਰ ਜੀ ਆਪਣੇ ਕਿਸੇ ਸਾਥੀ ਵਜ਼ੀਰ ਸਾਹਿਬ ਜੀ ਨੂੰ ਵੀ ਜ਼ਰਾ ਬੁਲਾ ਲਏ ।

**ਖੇਤੀ ਬਾੜੀ ਤੇ ਜੰਗਲਾਤ ਮੰਤਰੀ**: ਸਵਾ ਲੱਖ ਬੈਠਾ ਹੈ ਜੀ ।

**ਸ੍ਰੀ ਡਿਪਟੀ ਸਪੀਕਰ** : ਹੋਰ ਵੀ ਕੋਈ ਬੁਲਾ ਲਵੇ ।

**ਸਰਦਾਰ ਵਰਿਆਮ ਸਿੰਘ ਭਾਗੋਵਾਲੀਆ** : ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਦੀ ਜੋ ਪਿਛਲੇ ਸਾਲਾਂ ਦੀ ਕਾਰ ਰਦਗੀ ਹੈ ਉਹ ਬੜੀ ਸ਼ਲਾਘਾਯੋਗ ਹੈ । ਜੇ ਥੋੜੀ ਬਹੁਤ ਕਿਧਰੇ ਨੁਕਤਾਚੀਨੀ ਵੀ ਆਉਂਦੀ ਹੈ ਤਾਂ ਵੀ ਅਸੀਂ ਉਸ ਦੇ ਕੰਮਾਂ ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦੇ ਔਰ ਖਾਸ ਤੌਰ ਤੇ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਵਿਚ ਦਿਹਾਤੀ ਇਕਾਨਮੀ ਨੂੰ ਵਧੇਰੇ ਮਜ਼ਬੂਤ ਕਰਨ ਵਾਸਤੇ ਸਾਡੀ ਸਰਕਾਰ ਨੇ ਪਿਛਲੇ ਚਾਰ ਸਾਲਾਂ ਦੇ ਵਿਚ ਬੇਹੱਦ ਚਾਰਾ ਕੀਤਾ ਹੈ । ਮਿਸਾਲ ਦੇ ਤੌਰ ਤੇ ਇਹ 20 ਨੁਕਾਤੀ ਪ੍ਰੋਗਰਾਮ ਦੇ ਵਿਚ ਸਾਡੇ ਪ੍ਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਦਿਹਾਤਾਂ ਦੇ ਵਿਚ ਰਹਿਣ ਵਾਲੇ ਖੇਤ ਮਜ਼ਦੂਰਾਂ, ਕਾਮਿਆਂ ਨੂੰ 4 ਮਰਲੇ ਦੇ ਪਲਾਟ ਦੇਣ ਦੀ ਵੰਗਾਰ ਦਿੱਤੀ। ਮੈਂ ਹੁਣੇ ਹੀ ਪਿਛਲੇ ਹਫਤੇ ਦੇ ਵਿਚ ਇਕ ਦਿਨ ਪ੍ਰਧਾਨ ਮੰਤਰੀ ਜੀ ਦੀ ਸਟੇਟਮੈਂਟ ਪੜ੍ਹੀ ਸੀ ਜਿਸ ਦੇ ਵਿਚ ਉਨ੍ਹਾਂ ਨੇ ਆਖਿਆ ਸੀ ਕਿ ਅਸੀਂ ਦੇਸ਼ ਦੇ ਵਿਚ 5 ਲੱਖ 90 ਹਜ਼ਾਰ ਬੇਘਰੇ ਲੋਕਾਂ, ਕਿਸਾਨ ਮਜ਼ਦੂਰਾਂ ਨੂੰ ਪਲਾਟ ਦੇ ਚੁੱਕੇ ਹਾਂ । ਮੈਂ ਡਿਪਟੀ ਸਪੀਕਰ ਸਾਹਿਬ, ਬੜੇ ਫਖਰ ਨਾਲ ਇਹ ਕਹਿ ਸਕਦਾ ਹਾਂ ਕਿ ਜਿਥੇ 5 ਲੱਖ 90 ਹਜ਼ਾਰ ਪਲਾਟ ਸਾਰੇ ਹਿੰਦੁਸਤਾਨ ਵਿਚ ਦਿਤੇ ਗਏ ਹਨ ਉਨ੍ਹਾਂ ਦੇ ਵਿਚੋਂ 3 ਲੱਖ ਤਾਂ ਤਕਰੀਬਨ ਇਸ ਪੰਜਾਬ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਰਿਆਮ ਸਿੰਘ ਭਾਗੋਵਾਲੀਆ]
ਵਿਚ ਹੀ ਦਿੱਤੇ ਗਏ ਹਨ (ਵਿਘਨ) (ਇਕ ਆਵਾਜ਼ : 5 ਕਰੋੜ ਸੀ ਜੀ) ਬਰਹਾਲ ਮੈਂ ਸਮਝਦਾ ਹਾਂ ਕਿ ਇਸ ਦੇ ਵਿਚ ਅਜੇ ਇਕ ਗਲ ਦੀ ਹੋਰ ਲੋੜ ਹੈ ਜਿਹੜੀ ਇਸ ਸਰਕਾਰ ਨੂੰ ਕਰਨੀ ਚਾਹੀਦੀ ਹੈ। ਪਿੰਡਾਂ ਥਾਵਾਂ ਦੇ ਵਿਚ, ਜਿਥੇ ਪਲਾਟ ਦਿਤੇ ਗਏ ਹਨ ਜਿਥੇ ਜਿਥੇ ਲੋਕਾਂ ਨੂੰ ਸੋਸਾਇਟੀਆਂ ਮਕਾਨ ਬਣਾਉਣ ਵਾਸਤੇ ਬਣਾ ਕੇ ਦਿੱਤੀਆਂ ਹਨ ਅਸਲ ਮਾਹਨਿਆਂ ਵਿਚ ਉਥੇ ਸਮਝਿਆ ਜਾਂਦਾ ਹੈ ਕਿ ਇਹ ਪਲਾਟ ਦਿਤੇ ਹਨ। ਬਾਕੀਆਂ ਥਾਵਾਂ ਵਾਸਤੇ ਵੀ ਮੈਂ ਪੰਜਾਬ ਸਰਕਾਰ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਹਰ ਪਿੰਡ ਦੇ ਵਿਚ ਮਕਾਨ ਬਣਾਉਣ ਵਾਸਤੇ ਸੋਸਾਇਟੀਆਂ ਬਣਾਂ ਦਿੱਤੀਆਂ ਜਾਣ ਤਾਂ ਜੋ ਉਹ ਜਿਹੜੇ ਪਲਾਟ ਦਿੱਤੇ ਗਏ ਹਨ ਉਨ੍ਹਾਂ ਨੂੰ ਲੋਕ ਬਣਾ ਸਕਣ ਅਤੇ ਇਸ ਪ੍ਰੋਗਰਾਮ ਨੂੰ ਪੂਰਾ ਅਮਲੀ ਰੂਪ ਦਿੱਤਾ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਦਿਹਾਤਾਂ ਦੇ ਵਿਚ ਮੈਂ ਸਮਝਦਾ ਹਾਂ ਕਿ ਵਿਦਿਆ ਦੇ ਸਬੰਧ ਵਿਚ ਸਾਡੀ ਸਰਕਾਰ ਨੇ ਇਕ ਖਾਸ ਸ਼ਲਾਘਾ ਯੋਗ ਕਦਮ ਚੁੱਕਿਆ ਹੈ। ਕਿੰਨੇ ਹੀ ਸਕੂਲ ਅਪਗਰੇਡ ਕੀਤੇ ਹਨ। 100 ਮਿਡਲ ਸਕੂਲ ਅਤੇ 300 ਹਾਈ ਸਕੂਲ ਅਪਗਰੇਡ ਕਰ ਦੇਣੇ ਹਨ ਪਰ ਇਸ ਦੇ ਨਾਲ ਹੀ ਜਿਹੜੀ ਐਜੂਕੇਸ਼ਨ ਵਿਚ ਵੋਕੇਸ਼ਨੇਲਾਈਜ਼ੇਸ਼ਨ ਦੀ ਸਕੀਮ ਚਾਲੂ ਕੀਤੀ ਹੈ ਇਹ ਇਕ ਬੜਾ ਸ਼ਲਾਘਾ ਯੋਗ ਕਦਮ ਹੈ। ਪਿੰਡਾਂ ਥਾਂਵਾਂ ਦੇ ਵਿਚ ਅਜੋ ਜਿਹੜੇ ਪੜ੍ਹੇ ਲਿਖੇ ਬਚੇ ਹੁੰਦੇ ਸਨ ਉਹ ਖੇਤੀ ਕਰਨਾ ਵੀ ਪਸੰਦ ਨਹੀਂ ਸਨ ਕਰਦੇ ਤੇ ਨੌਕਰੀ ਉਨ੍ਹਾਂ ਨੂੰ ਮਿਲਦੀ ਨਹੀਂ ਸੀ। ਹੁਣ ਵੋਕੇਸ਼ਨੇਲਾਈਜ਼ੇਸ਼ਨ ਪ੍ਰੋਗਰਾਮ ਅਨੁਸਾਰ ਉਨ੍ਹਾਂ ਨੂੰ ਦਸਤਕਾਰੀ ਦਾ ਕੰਮ ਆ ਜਾਵੇਗਾ ਅਤੇ ਉਹ ਆਪਣਾ ਕਾਰੋਬਾਰ ਕਰ ਸਕਣਗੇ। ਪਿੰਡਾਂ ਥਾਵਾਂ ਦੇ ਵਿਚ ਖਾਸ ਤੌਰ ਤੇ ਜਦੋਂ ਮੈਕੇਨਾਈਜ਼ੇਸ਼ਨ ਖੇਤੀ ਦੇ ਵਿਚ ਅਸੀਂ ਇਨਟਰੋਡਿਊਸ ਕਰ ਰਹੇ ਹਾਂ ਅਤੇ ਉਸ ਦੇ ਲਈ ਵਧੇਰੇ ਮਕੈਨਿਕਸ ਦੀ ਲੋੜ ਹੈ ਤਾਂ ਇਹ ਉਸ ਲੋੜ ਨੂੰ ਪੂਰਾ ਕਰਨਗੇ। ਪਿੰਡਾਂ ਥਾਂਵਾਂ ਦੇ ਮੁੰਡੇ ਜਦੋਂ ਸਕੂਲਾਂ ਵਿਚੋਂ ਸਿੱਖ ਕੇ ਨਿਕਲਣਗੇ ਤਾਂ ਉਹ ਪਿੰਡਾਂ ਥਾਂਵਾਂ ਵਾਸਤੇ ਵਧੇਰੇ ਚੰਗੇ ਸਾਬਤ ਹੋਣਗੇ। ਇਕ ਖਾਸ ਤੌਰ ਤੇ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੇ ਵਿਦਿਆ ਦੇ ਮੈਦਾਨ ਵਿਚ ਰਿਆਇਤ ਦਿਤੀ ਹੈ ਉਹ ਬੜੀ ਸ਼ਲਾਘਾਯੋਗ ਹੈ ਜਿਹੜੇ ਲੜਕੇ ਮੈਟਰਿਕ ਦੇ ਵਿਚ ਫਸਟ ਡਵੀਜ਼ਨ ਲੈ ਕੇ ਪਾਸ ਹੋਣਗੇ ਉਸ ਦੇ ਲਈ ਵਜ਼ੀਫੇ ਦੀ ਹੱਦ ਮੁਕੱਰਰ ਕੀਤੀ ਹੈ। (ਵਿਘਨ) (ਇਸ ਵਕਤ ਵਿਕਾਸ ਦੇ ਰਾਜ ਮੰਤਰੀ, ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਆਪਣੀ ਸੀਟ ਤੇ ਆ ਗਏ) ਉਸ ਦੇ ਵਿਚ ਆਮਦਨੀ ਦਾ ਆਧਾਰ ਰੱਖਿਆ ਹੈ। ਜਿਸ ਆਦਮੀ ਦੀ 5,000 ਰੁਪਿਆ ਜਾਂ 6,000 ਰੁਪਿਆ ਸਾਲ ਦੀ ਆਮਦਨੀ ਹੈ ਉਸ ਦੀ ਇਸ ਦੇ ਰਾਹੀਂ ਮਦਦ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਹ ਜੋ ਰਿਆਇਤ ਪੰਜਾਬ ਸਰਕਾਰ ਨੇ ਦਿਤੀ ਹੈ ਇਹ ਬੜੀ ਚੰਗੀ ਗਲ ਹੈ। ਹਰ ਲੈਕਚਰਾਰ ਦਾ ਲੈਕਚਰ ਮੁਕੰਮਲ ਤਾਂ ਹੀ ਹੁੰਦਾ ਹੈ ਜੇ ਉਹ ਆਪਣੇ ਲੈਕਚਰ ਵਿਚ ਕੁਝ ਨਾ ਕੁਝ ਹਰੀਜਨਾਂ ਲਈ ਹਮਦਰਦੀ ਦੇ ਲਫਜ਼ ਆਖੇ। ਮੈਂ ਸਮਝਦਾ ਹਾਂ ਕਿ ਇਹ ਲੋਕ ਸਦੀਆਂ ਤੋਂ ਗੁਲਾਮ ਚਲੇ ਆ ਰਹੇ ਹਨ ਔਰ ਡਾਊਨਟਰੋਡਨ ਹੋਣ ਦੇ ਨਾਤੇ ਮੁਖਤਲਿਫ ਰਿਆਇਤਾਂ ਇਨ੍ਹਾਂ ਨੂੰ ਦਿਤੀਆਂ ਗਈਆਂ ਹਨ ਅਤੇ ਹੁਣ ਥੋੜੀ ਜਿਹੀ ਹੋਸ਼ ਇਨ੍ਹਾਂ ਨੂੰ ਆਈ ਹੈ। ਦਿਹਾਤਾਂ ਦੇ ਵਿਚ ਖਾਸ ਤੌਰ ਤੇ ਇਕ ਐਸੇ ਢੰਗ ਦਾ ਤਬਕਾ ਬਣ ਰਿਹਾ ਸੀ ਜਿਹੜਾ ਇਕ ਕਨਾਲ ਦਾ ਮਾਲਕ ਜਾਂ ਇਕ ਏਕੜ ਦਾ ਮਾਲਕ ਹੁੰਦਾ ਸੀ ਉਨ੍ਹਾਂ ਨੂੰ ਪੜ੍ਹਾਈ ਦੇ ਵਿਚ ਕੁਝ ਸੁਵਿਧਾਵਾਂ ਨਹੀਂ ਸੀ ਮਿਲਦੀਆਂ। ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਪਹਿਲਾਂ ਤੋਂ ਹੀ ਪ੍ਰੀਕਾਸ਼ਨਜ਼ ਲੈਣੇ ਸ਼ੁਰੂ ਕਰ ਦਿੱਤੇ ਹਨ। ਇਹ ਇਕ ਸੋਧ ਦਿਤੀ ਹੈ ਔਰ ਜਿਹੜੇ ਇਕਨਾਮੀਕਲੀ ਬੈਕਵਾਰਡ ਲੋਕ ਹਨ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

ਉਤਸ਼ਾਹ ਦਿੱਤਾ ਹੈ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਦਾ ਜਿਹੜਾ ਇਹ ਕਦਮ ਹੈ ਇਹ ਸਭ ਤੋਂ ਵੱਧ ਸ਼ਲਾਘਾ ਯੋਗ ਹੈ

ਡਿਪਟੀ ਸਪੀਕਰ ਸਾਹਿਬ, ਸਾਡੇ ਸੂਬੇ ਦੀ ਇਕਾਨਮੀ ਖੇਤੀ ਬਾੜੀ ਤੇ ਡੀਪੈਂਡ ਕਰਦੀ ਹੈ ਔਰ ਖੇਤੀ ਬਾੜੀ ਦੀ ਤਰੱਕੀ 3-4 ਚੀਜ਼ਾਂ ਤੇ ਨਿਰਭਰ ਕਰਦੀ ਹੈ । ਇਕ ਬਿਜਲੀ, ਦੂਸਰਾ ਆਬਪਾਸ਼ੀ ਦੇ ਸਾਧਨ, ਤੀਸਰਾ ਕੋਆਪ੍ਰੇਟਿਵ ਸੋਸਾਇਟੀਆਂ ਜਿਸ ਦੇ ਰਾਹੀਂ ਕਿਸਾਨ ਦੀ ਮਦਦ ਕੀਤੀ ਜਾਂਦੀ ਹੈ ਔਰ ਚੌਥੀ ਹੈ ਮਾਰਕੀਟਿੰਗ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ, ਪੰਜਾਬ ਸਰਕਾਰ ਨੇ ਬੜੇ ਚੰਗੇ ਤੇ ਸੁਚੱਜੇ ਢੰਗ ਨਾਲ ਇਸ ਦੀ ਅਗਵਾਈ ਕੀਤੀ ਹੈ ਔਰ ਖੇਤੀ ਦੇ ਵਿਚ ਇਨਕਲਾਬ ਲਿਆ ਦਿੱਤਾ ਹੈ । ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਦੱਸਿਆ ਹੈ ਇਹ ਇਕ ਮਾਡਰਨ ਸਟੇਟ ਬਣਾ ਦਿੱਤੀ ਹੈ । ਪਿਛਲੇ ਸਾਲ 80 ਲੱਖ ਟਨ ਦੀ ਉਪਜ ਕੋਈ ਸਾਧਾਰਣ ਗਲ ਨਹੀਂ ਇਹ ਬੜੀ ਸ਼ਲਾਘਾ ਯੋਗ ਗਲ ਹੈ । ਮੈਂ ਸਮਝਦਾ ਹਾਂ ਕਿ ਇਸ ਦੇ ਉਤੇ ਜਿਤਨਾ ਅਸੀਂ ਖਰਚ ਕਰ ਸਕੀਏ ਉਤਨਾ ਹੀ ਥੋੜ੍ਹਾ ਹੈ । ਇਸ ਦੇ ਵਿਚ ਸਹਿਕਾਰਤਾ ਦਾ ਵੀ ਖਾਸ ਹਿੱਸਾ ਹੈ । ਸਹਿਕਾਰੀ ਮਹਿਕਮੇ ਨੇ ਵੇਲੇ ਸਿਰਫ ਖਾਦ ਆਦਿ ਲਈ ਕਰਜ਼ੇ ਦਿਤੇ, ਟਿਊਬਵੈਲਾਂ ਵਾਸਤੇ ਕਰਜੇ ਦਿੱਤੇ, ਟਰੈਕਟਰਾਂ ਵਾਸਤੇ ਕਰਜ਼ੇ ਦਿੱਤੇ ਲੈਂਡ ਮਾਰਟਗੇਜ਼ ਬੈਂਕਸ ਰਾਹੀ ਇਸ ਦੇ ਨਾਲ ਹੀ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਕਿਰਸਾਨ ਨੂੰ ਇਸ ਕਾਬਲ ਬਣਾ ਦਿੱਤਾ ਕਿ ਉਹ ਇਤਨੀ ਉਪਜ ਪੈਦਾ ਕਰ ਸਕੇ ਔਰ ਮੰਡੀਆਂ ਵਿਚ ਲਿਆ ਸਕੇ ਔਰ ਦੇਸ਼ ਦੇ ਭੰਡਾਰ ਵਿਚ ਆਪਣਾ ਪੂਰਾ ਹਿੱਸਾ ਪਾ ਸਕੇ ਲੇਕਿਨ ਇਕ ਗੱਲ ਮੈਂ ਸਹਿਕਾਰਤਾ ਦੇ ਮਹਿਕਮੇ ਬਾਰੇ ਸਹਿਕਾਰਤਾ ਦੇ ਵਜ਼ੀਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਇਹ ਠੀਕ ਹੈ ਕਿ ਗਰੋਅਰ ਨੇ ਆਪਣੀ ਹਿੰਮਤ ਕਰਕੇ ਇਤਨੀ ਉਪਜ ਪੈਦਾ ਕੀਤੀ ਲੇਕਿਨ ਉਸ ਦੀ ਰੀ ਪੇ ਕਪੈਸਿਟੀ ਇਤਨੀ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਇਸ ਵੇਲੇ ਲੱਖਾਂ ਆਦਮੀਆਂ ਦੇ ਵਾਰੰਟ ਨਿਕਲੇ ਹੋਏ ਹਨ ਔਰ ਇਹ ਵਾਰੰਟ ਉਸ ਦੀ ਕਰਜ਼ੇ ਦੀ ਵਸੂਲੀ ਵਾਸਤੇ ਨਿਕਲੇ ਹੋਏ ਹਨ । ਤੁਸੀਂ ਉਸ ਦੀ ਜਇਦਾਦ ਕੁਰਕ ਕਰ ਲਓ, ਜ਼ਮੀਨ ਕੁਰਕ ਕਰ ਲਓ, ਫਸਲ ਕੁਰਕ ਕਰ ਲਓ, ਲੇਕਿਨ ਉਸ ਦੇ ਇਸ ਤਰ੍ਹਾਂ ਵਾਰੰਟ ਨਹੀਂ ਨਿਕਲਣੇ ਚਾਹੀਦੇ । ਆਖਿਰ ਸਰਕਾਰ ਦੇ ਖ਼ਜ਼ਾਨੇ ਵਿਚੋਂ ਪੈਸਾ ਗਿਆ ਹੈ ਉਸ ਦੇ ਵਾਪਿਸ ਆਏ ਬਗੈਰ ਤਾਂ ਕੋਈ ਕੰਮ ਚਲਣਾ ਨਹੀਂ ਲੇਕਿਨ ਗ੍ਰਿਫਤਾਰੀ ਦਾ ਜਿਹੜਾ ਤਰੀਕਾ ਹੈ ਇਹ ਠੀਕ ਨਹੀਂ । ਇਕ ਵਾਰੀ ਸਰ ਛੋਟੂ ਰਾਮ ਨੇ ਕਿਹਾ ਸੀ ਕਿ ਕਰਜ਼ੇ ਦੇ ਵਿਚ ਕਿਸੇ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ ਔਰ ਉਸ ਗਲ ਦੀ ਚਾਰੇ ਤਰਫੋਂ ਬੜੀ ਸ਼ਲਾਘਾ ਹੋਈ ਸੀ । ਹੁਣ ਪਿੰਡਾਂ ਦੇ ਵਿਚ ਜਿਹੜਾ ਸਿਸਟਮ ਕਰਜ਼ੇ ਦੀ ਵਸੂਲੀ ਵਾਸਤੇ ਹੈ ਉਹ ਤਬਦੀਲ ਕਰਨਾ ਚਾਹੀਦਾ ਹੈ । ਇਹ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਵਸੂਲੀ ਜ਼ਰੂਰ ਕੀਤੀ ਜਾਵੇ ਲੇਕਿਨ ਗ੍ਰਿਫਤਾਰੀ ਨਹੀਂ ਕੀਤੀ ਜਾਣੀ ਚਾਹੀਦੀ ।

ਖੇਤੀ ਦੇ ਸਬੰਧ ਵਿਚ ਬਿਜਲੀ ਅਤੇ ਨਹਿਰਾਂ ਦਾ ਖ਼ਾਸ ਹਿੱਸਾ ਹੈ । ਬਿਜਲੀ ਵਾਸਤੇ ਸਾਡੀ ਸਰਕਾਰ ਨੇ ਖਾਸ ਕਦਮ ਚੁਕੇ ਹਨ । ਪਹਿਲਾਂ ਜਿਹੜੀ ਕਿੱਲਤ ਸੀ ਟਿਊਬਵੈਲਾਂ ਲਈ ਬਿਜਲੀ ਨਹੀਂ ਸੀ ਮਿਲਦੀ, ਹੁਣ ਥਰਮਲ ਪਲਾਂਟ ਦੇ ਬਣਨ ਦੇ ਬਾਅਦ ਪਿੰਡਾਂ ਵਿਚ ਕੋਈ ਸ਼ਿਕਾਇਤ ਨਹੀਂ ਕਿ ਬਿਜਲੀ ਨਹੀਂ ਮਿਲ ਰਹੀ । ਲੇਕਿਨ ਮੈਂ ਇਕ ਬੇਨਤੀ ਕਰਨੀ ਚਾਹਵਾਂਗਾ ਕਿ ਜਿਸ ਹਿਸਾਬ ਨਾਲ ਟਿਊਬਵੈਲਜ਼ ਦਾ ਖਿਲ-ਚਾਰਜ ਕੀਤਾ ਜਾਂਦਾ ਹੈ ਉਹ

Original with
Punjab Vidhan Sabha
Digitized by;
Panjab Digital Library

[ਸਰਦਾਰ ਵਰਿਆਮ ਸਿੰਘ ਭਾਗੋਵਾਲੀਆ]

ਬਹੁਤ ਜ਼ਿਆਦਾ ਹੈ । ਦਰ ਅਸਲ ਅਗਰ ਹਾਈਡਲ ਚੈਨਲਜ਼ ਵਿਚ ਬਿਜਲੀ ਪੈਦਾ ਕਰੀਏ ਤਾਂ 5 ਪੈਸੇ ਫ਼ੀ ਯੂਨਿਟ ਬਿਜਲੀ ਮਿਲ ਸਕਦੀ ਹੈ । ਇਸ ਲਈ 5 ਪੈਸੇ ਫ਼ੀ ਯੂਨਿਟ ਬਿਜਲੀ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਮੈਂ ਸਰਕਾਰ ਕੋਲ ਬੜੇ ਜ਼ੋਰ ਨਾਲ ਬੇਨਤੀ ਕਰਾਂਗਾ ਕਿ ਅਗਰ ਰਾਵੀ ਦੇ ਪਾਣੀ ਨੂੰ ਰੋਕਣ ਵਾਸਤੇ ਥੀਨ ਡੈਮ ਬਣਾਇਆ ਜਾਵੇ ਤਾਂ ਜਿਹੜਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਜ਼ਿਲ੍ਹੇ ਹਨ ਉਹ ਉਸ ਦੇ ਨਾਲ ਹੀ ਸਹਿਰਾਬ ਹੋ ਸਕਦੇ ਹਨ ਅਤੇ ਅਸੀਂ ਬਿਜਲੀ ਦੇ ਬਿੱਲਾਂ ਤੋਂ ਛੁਟਕਾਰਾ ਪਾ ਸਕਾਂਗੇ । ਇਸ ਤਰ੍ਹਾਂ ਨਾ ਤੇ ਪੰਜਾਬ ਸਰਕਾਰ ਬਿਜਲੀ ਬੋਰਡ ਨੂੰ ਟਾਪ ਹੈਵੀ ਐਡਮਨਿਸਟਰੇਸ਼ਨ ਘਟਾਉਣ ਲਈ ਕਹੇਗੀ ਅਤੇ ਨਾ ਸਾਡੇ ਬਿਜਲੀ ਦੇ ਬਿਲ ਘੱਟਣੇ ਹਨ । ਜਿਸ ਤਰ੍ਹਾਂ ਗਿਆਨੀ ਜੀ ਨੇ ਥੀਨ ਡੈਮ ਦੇ ਸਿਲਸਲੇ ਵਿਚ ਜੰਮੂ ਕਸ਼ਮੀਰ ਨਾਲ ਗਲ ਬਾਤ ਕਰ ਲਈ ਹੈ ਅਤੇ ਹਿਮਾਚਲ ਵਲੋਂ ਵੀ ਇਸ਼ਾਰਾ ਆ ਗਿਆ ਹੈ ਕਿ ਛੇਤੀ ਗਲਬਾਤ ਕਰ ਲਵਾਂਗੇ, ਉਹ ਵੀ ਠੀਕ ਸਿਰੇ ਚੜ੍ਹ ਜਾਏਗੀ । ਫਿਰ ਮਸਲਾ ਰਹਿ ਜਾਏਗਾ ਪੈਸੇ ਦਾ । ਇਹ ਜ਼ਰੂਰੀ ਨਹੀਂ ਕਿ ਅਸੀਂ ਨਿਰੇ ਪੁਰੇ ਸੈਂਟਰ ਤੇ ਹੀ ਬੈਠੇ ਰਹੀਏ । ਮੈਂ ਅਰਜ਼ ਕਰਾਂਗਾ ਕਿ ਸਾਡੀ ਸਰਕਾਰ ਨੂੰ ਡਿਬੈਂਚਰਜ਼ ਫਲੋਟ ਕਰਨੇ ਚਾਹੀਦੇ ਹਨ, ਸਾਰੇ ਡੈਮ ਦਾ ਪੈਸਾ ਲੋਕਾਂ ਕੋਲੋਂ ਹੀ ਮਿਲ ਜਾਏਗਾ । ਅਸੀਂ ਥੀਨ ਡੈਮ ਵਾਸਤੇ ਇਸ ਸਾਲ ਦੇ ਬਜਟ ਵਿਚ 3 ਕਰੋੜ ਰੁਪਿਆ ਮਖ਼ਸੂਸ ਕੀਤਾ ਹੈ ਅਤੇ 6 ਕਰੋੜ ਰੁਪਏ ਫਲੱਡ ਕੰਟਰੋਲ ਵਾਸਤੇ । ਇਹ ਫਲੱਡ ਕੰਟਰੋਲ ਰਾਵੀ ਲਈ ਹੀ ਹੈ । ਅਗਰ ਅਸੀਂ ਉਹ 6 ਕਰੋੜ ਰੁਪਿਆ ਥੀਨ ਡੈਮ ਤੇ ਖਰਚ ਕਰ ਦਈਏ ਤਾਂ ਫਿਰ ਫਲੱਡ ਵਾਸਤੇ ਕਦੇ ਲੋੜ ਨਹੀਂ ਪੈਣੀ । ਮੈਂ ਫਲੱਡ ਦਾ ਜ਼ਿਕਰ ਕਰ ਰਿਹਾ ਹਾਂ । ਇਸ ਬਾਰੇ ਇਕ ਬੇਨਤੀ ਜ਼ਰੂਰ ਕਰਾਂਗਾ ਕਿ ਐਤਕੀ ਫਲੱਡ ਇਫ਼ੈਕਟਿਡ ਏਰੀਆ ਜ਼ਿਲ੍ਹਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਰਿਹਾ ਹੈ । ਇਸ ਬਾਰੇ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਵੀ ਆਇਆ ਹੈ ਕਿ ਇਹ ਕਲਾਉਡਜ਼ ਦੇ ਬਰਸਟ ਹੋਣ ਕਾਰਨ ਹੀ ਹੋਇਆ ਹੈ । ਜੇ ਇਹ ਬਦਲਾਂ ਦੇ ਫਟਣ ਨਾਲ ਆਇਆ ਹੈ ਤਾਂ ਨਹਿਰਾਂ ਅਤੇ ਦਰਿਆਵਾਂ ਨਾਲ ਵੀ ਫਲੱਡ ਆਉਂਦਾ ਹੈ। ਗਿਰਦਾਵਰੀਆਂ ਅਤੇ ਰਿਪੋਰਟਾਂ ਤੋਂ ਪਤਾ ਲਗੇਗਾ ਕਿ ਪਿੰਡਾਂ ਵਿਚ ਗਰੀਬ ਹਰੀਜਨਾਂ ਦੇ ਜਿਹੜੇ ਕੱਚੇ ਘਰ ਸੀ ਉਹ ਡਿਗ ਪਏ ਜਿਹੜੇ ਰਿਵਰਜ਼ ਬੈਡ ਤੋਂ ਪਰੇ ਸੀ ਅਤੇ ਫਲੱਡ ਏਰੀਏ ਵਿਚ ਨਹੀਂ ਸਨ । ਉਨ੍ਹਾਂ ਦੀ ਸਹਾਇਤਾ ਨਹੀਂ ਸੀ ਹੋ ਸਕੀ । ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਦੀ ਵੀ ਸਹਾਇਤਾ ਕਰ ਦਿਤੀ ਜਾਵੇ । ਉਨ੍ਹਾਂ ਦੇ ਛੋਟੇ ਛੋਟੇ ਕਲੇਮ ਹੋਣੇ ਹਨ, ਉਹ ਦੇ ਦਿਤੇ ਜਾਣੇ ਚਾਹੀਦੇ ਹਨ ।

ਇਸ ਤੋਂ ਅਗੇ ਮੈਂ ਮਾਰਕੀਟਿੰਗ ਦੇ ਮੁਤਅੱਲਕ ਅਰਜ਼ ਕਰਦਾ ਹਾਂ ਕਿ ਇਸ ਦਾ ਪ੍ਰਬੰਧ ਅੱਛਾ ਹੈ । ਮਾਰਕਿਟ ਕਮੇਟੀਆਂ ਥਾਂ ਥਾਂ ਤੇ ਬਣਾਈਆਂ ਜਾ ਰਹੀਆਂ ਹਨ । ਨੇੜੇ ਨੇੜੇ ਪਰਚੇਜ਼ਿੰਗ ਸੈਂਟਰਜ਼ ਵੀ ਖੋਲ੍ਹੇ ਜਾ ਰਹੇ ਹਨ । ਵੈਸੇ ਮਾਰਕੀਟਿੰਗ ਦਾ ਫ਼ਾਇਦਾ ਵੀ ਹੋ ਰਿਹਾ ਹੈ । ਜਿਹੜਾ ਟੈਕਸ ਆ ਰਿਹਾ ਹੈ ਉਹ ਅੱਛੀ ਥਾਂ ਤੇ ਵਰਤਿਆ ਜਾ ਰਿਹਾ ਹੈ, ਦੇਸ਼ ਦੀ ਉਸਾਰੀ ਵਾਸਤੇ ਵਰਤਿਆ ਜਾ ਰਿਹਾ ਹੈ । (ਘੰਟੀ) ਪਿਛਲੇ ਦਿਨਾਂ ਵਿਚ ਦਿਹਾਤੀ ਬਿਜਲੀਕਰਨ ਦੇ ਸਬੰਧ ਵਿਚ ਸਰਕਾਰ ਦੀ ਵੰਗਾਰ ਤੇ ਮਾਰਕਿਟ ਕਮੇਟੀਆਂ ਨੇ ਪੈਸਾ ਦਿਤਾ ਔਰ ਆਲਮੋਸਟ ਸਾਰੇ ਦੇ ਸਾਰੇ ਪਿੰਡਾਂ ਵਿਚ ਬਿਜਲੀ ਚਲੀ ਗਈ ਹੈ । ਸੜਕਾਂ ਦੇ ਵਾਸਤੇ ਖ਼ਰਚ ਕੀਤਾ ਜਾ ਰਿਹਾ ਹੈ । ਪੀ.ਡਬਲਿਊ.ਡੀ. ਸੜਕਾਂ ਬਣਾਉਣ ਦੇ ਕੰਮ ਤੋਂ ਤਾਂ ਬਿਲਕੁਲ ਲਾਂਭੇ ਹੋ ਗਿਆ ਹੈ ਔਰ ਜਿਹੜੀਆਂ ਪਿੰਡਾਂ ਵਿਚ ਸੜਕਾਂ ਬਣ ਰਹੀਆਂ ਹਨ ਇਹ ਮਾਰਕਿਟ ਕਮੇਟੀਆਂ ਬਣਾ ਰਹੀਆਂ ਹਨ । ਇਨ੍ਹਾਂ ਦਾ ਕੰਮ ਸ਼ਲਾਘਾਯੋਗ ਹੈ । ਲੇਕਿਨ ਪੀ.ਡਬਲਿਊ.ਡੀ. ਵਜ਼ੀਰ ਸਾਹਿਬ

Original with;
Punjab Vidhan Sabha
Digitized by;
Panjab Digital Library

ਨੂੰ ਮੈਂ ਬੇਨਤੀ ਕਰਾਂਗਾ ਕਿ ਜਿਹੜੀ ਪੁਰਾਣੀ ਸੜਕਾਂ ਦੀ ਰਿਪੇਅਰ ਦਾ ਖ਼ਾਤਾ ਹੈ ਇਸ ਨੂੰ ਜ਼ਰੂਰ ਸਾਂਭੀ ਰਖਣ । ਇਸ ਵਾਸਤੇ ਆਪਣੇ ਬਜਟ ਵਿਚ ਪ੍ਰੋਵੀਜ਼ਨ ਜ਼ਰੂਰ ਕਰਨ । ਕਈ ਸੜਕਾਂ ਜਿਵੇਂ ਬਟਾਲਾ ਤੋਂ ਹਰਗੋਬਿੰਦ ਸਹਾਏ ਹੈ, ਇਹ 10 ਫੁਟ ਚੌੜੀ ਹੈ । ਜੇ ਕਿਤੇ ਕੋਈ ਟਰਾਲੀ ਲੰਘ ਰਹੀ ਹੋਵੇ ਤਾਂ ਉਥੋਂ ਨਾ ਕੋਈ ਸਕੂਟਰ ਅਤੇ ਨਾ ਕੋਈ ਬਾਈਸਿਕਲ ਕਰਾਸ ਕਰ ਸਕਦਾ ਹੈ । ਇਸ ਕਿਸਮ ਦੀਆਂ ਸੜਕਾਂ ਨੂੰ ਚੌੜਾ ਕਰਨ ਦੀ ਲੋੜ ਹੈ । ਪੀ.ਡਬਲਯੂ.ਡੀ. ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । (ਘੰਟੀ)

**ਸ੍ਰੀ ਡਿਪਟੀ ਸਪੀਕਰ:** ਰੇਪੀਟੀਸ਼ਨ ਨਾ ਕਰੋ ।

**ਸਰਦਾਰ ਵਰਿਆਮ ਸਿੰਘ** ਭਾਗੋਵਾਲੀਆ: ਮੈਂ ਬੇਨਤੀ ਕਰਦਾ ਹਾਂ ਕਿ ਕਿਸਾਨ ਦੀ ਖੇਤੀ ਦੇ ਵਿਚ ਗੰਨੇ ਦੀ ਉਪਜ ਵੀ ਹੈ । ਗੰਨਾ ਇਤਨਾ ਜ਼ਿਆਦਾ ਪੈਦਾ ਹੋ ਰਿਹਾ ਹੈ ਅਤੇ ਖਾਸ ਤੌਰ ਤੇ ਗੁਰਦਾਸਪੁਰ ਵਿਚ ਨਵੇਂ ਤਰੀਕੇ ਅਪਨਾਉਣ ਨਾਲ ਤਿੰਨ ਸੌ ਕੁਇੰਟਲ ਫੀ ਏਕੜ ਨਿਕਲਦਾ ਹੈ । ਗਨੇ ਨੂੰ ਸ਼ੂਗਰ ਮਿਲਾਂ ਰਾਹੀਂ ਖੰਡ ਬਨਾਉਣ ਦਾ ਪ੍ਰਬੰਧ ਕੀਤਾ ਜਾਵੇ । ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਦੇਸ਼ ਨੂੰ ਸਟਰਲਿੰਗ ਮਿਲੇਗੀ । ਸਾਡੇ ਬਟਾਲਾ ਸ਼ੂਗਰ ਮਿਲ ਹੈ ਉਸ ਦੀ ਕਪੈਸਿਟੀ ਵਧਾਉਣ ਬਾਰੇ ਵਜ਼ੀਰ ਸਾਹਿਬ ਨੂੰ ਕਿਹਾ ਸੀ, ਉਹ ਕਹਿੰਦੇ ਹਨ ਕਿ ਉਸ ਦੀ ਕਪੈਸਿਟੀ ਵੱਧ ਨਹੀਂ ਸਕਦੀ । ਮੈਂ ਕਹਿੰਦਾ ਹਾਂ ਕਿ ਇਸ ਦੀ ਚੋਣ ਕਰਾ ਦਿਤੀ ਜਾਵੇ । ਇਸ ਦੀ ਜ਼ਿਮੇਵਾਰੀ ਚੁਣੇ ਹੋਏ ਬੋਰਡ ਦੀ ਹੋ ਜਾਵੇਗੀ । ਉਹ ਆਪ ਹੀ ਫੈਸਲਾ ਕਰ ਲੈਣਗੇ । ਇਸ ਵਕਤ ਗੰਨੇ ਦੀ ਕੀਮਤ 14 ਰੁਪਏ ਹੈ ਅਸੀਂ ਇਕ ਰੁਪਿਆ ਘੱਟ ਲੈ ਲਵਾਂਗੇ । ਇਸ ਤਰ੍ਹਾਂ 20 ਲੱਖ ਰੁਪਿਆ ਮਿਲ ਜਾਏਗਾ ਅਤੇ ਅਸੀਂ ਸ਼ੇਅਰ ਪਾ ਦਿਆਂਗੇ ਮਿਲ ਵਿਚ ਅਤੇ ਉਸ ਦੀ ਕਪੈਸਿਟੀ ਐਨਹਾਂਸ ਕਰਾਂਗੇ । ਜੇ ਸਰਕਾਰ ਨਹੀਂ ਕਰ ਸਕਦੀ ਤਾਂ ਕਮ-ਅਜ਼-ਕਮ ਚੋਣਾ ਕਰਾ ਦੇਵੇ ਤਾਂਕਿ ਉਹ ਆਪਣੇ ਸਬੰਧ ਵਿਚ ਆਪ ਫੈਸਲਾ ਕਰ ਸਕਣ । ਮਾਮਲਾ ਲਮਕਾਉਣਾ ਕੋਈ ਬਹੁਤੀ ਇਨਸਾਫ਼ ਵਾਲੀ ਗਲ ਨਹੀਂ ।

ਹੁਣ ਮੈਂ ਐਮਰਜੰਸੀ ਦੇ ਮੁਤਅੱਲਕ ਇਕ ਬੇਨਤੀ ਕਰਨੀ ਚਾਹੁੰਦਾ ਹਾਂ । ਐਮਰਜੰਸੀ ਜਦੋਂ ਦੀ ਲਗੀ ਹੈ ਡਸਿਪਲਨ ਆਇਆ ਹੈ । ਹਰ ਢੰਗ ਵਿਚ, ਹਰ ਸ਼ੋਭੇ ਵਿਚ ਤਰੱਕੀ ਕੀਤੀ ਹੈ । ਲੇਕਿਨ ਕੁਝ ਖ਼ਾਮੀਆਂ ਜਿਹੜੀਆਂ ਪਹਿਲਾਂ ਵੀ ਸਨ ਤੇ ਹੁਣ ਵੀ ਹਨ, ਉਨ੍ਹਾਂ ਵਲ ਥੋੜ੍ਹਾ ਜਿਹਾ ਧਿਆਨ ਦੇਣਾ ਚਾਹੀਦਾ ਹੈ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਸਰਕਾਰ ਨੇ ਇਤਨਾ ਕੁਝ ਕੀਤਾ ਹੈ ਕਿ ਨਾ ਅਗੇ ਕਦੀ ਹੋਇਆ ਹੈ ਅਤੇ ਨਾ ਹੀ ਹੋਵੇਗਾ (ਥੰਪਿੰਗ) ਬਾਕੀ ਸੂਬਿਆਂ ਨਾਲ ਜੇ ਅਸੀਂ ਆਪਣੇ ਸੂਬੇ ਦਾ ਮੁਕਾਬਲਾ ਕਰੀਏ ਤਾਂ ਪੰਜਾਬ ਸਰਕਾਰ ਦੀ ਬੇਇਜ਼ਤੀ ਹੈ (ਥੰਪਿੰਗ) ਲੇਕਿਨ ਇਸ ਦੇ ਵਿਚ ਥੋੜ੍ਹਾ ਜਿਹਾ ਸ਼ੇਡੋ ਆ ਜਾਂਦਾ ਹੈ ਕੁਰੱਪਸ਼ਨ ਦਾ ਉਸ ਤਾਂ ਮੋਹਤਾਤ ਰਹਿਣਾ ਚਾਹੀਦਾ ਹੈ । ਇਸ ਤੋਂ ਮੋਹਤਾਤ ਰਹਿ ਕੇ ਸੂਬੇ ਦੀ ਤਰਕੀ ਨੂੰ ਜਾਰੀ ਰਖਿਆ ਜਾਵੇ । (ਘੰਟੀ)

ਬੱਸ ਜੀ ਇਕ ਗੱਲ ਹੀ ਹੋਰ ਕਹਿ ਕੇ ਮੈਂ ਬੇਠ ਜਾਵਾਂਗਾ । ਸਾਡੀ ਸਰਕਾਰ ਨੇ, ਪੰਜਾਬ ਦੀ ਸਰਕਾਰ ਨੇ, ਗਿਆਨੀ ਜ਼ੈਲ ਸਿੰਘ ਜੀ ਨੇ ਫਰੀਡਮ-ਫਾਈਟਰਜ਼ ਨੂੰ ਜਿਸ ਢੰਗ ਨਾਲ ਐਨਕਰੇਜ ਕੀਤਾ ਹੈ ਉਹ ਸ਼ਲਾਘਾਯੋਗ ਹੈ । ਗਿਆਨੀ ਜੀ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਦੇ ਭੋਗ ਤੇ ਜਾ ਕੇ ਆਏ ਅਤੇ ਉਨ੍ਹਾਂ ਦੇ ਟਰੱਸਟ ਵਾਸਤੇ ਜਿਹੜੇ ਐਨਕਰਜਿੰਗ

Original with;
Punjab Vidhan Sabha
Digitized by;
Panjab Digital Library

[ਸਰਦਾਰ ਵਰਿਆਮ ਸਿੰਘ ਭਾਗੋਵਾਲੀਆ]

ਕਦਮ ਚੁਕੇ ਹਨ, ਉਹ ਸ਼ਲਾਘਾਯੋਗ ਹਨ। ਇਸ ਤੋਂ ਇਲਾਵਾ ਸਾਡੇ ਅਕਰਪੁਰੀ ਜੀ ਦੇ ਭੋਗ ਤੇ ਇਕ ਡੰਗਰਾਂ ਦਾ ਹਸਪਤਾਲ ਅਤੇ ਇਕ ਸਿਵਲ ਹਸਪਤਾਲ ਬਣਾਉਣ ਦਾ ਇਕਰਾਰ ਕਰ ਆਏ ਹਨ। ਲੋਕ ਵੀ ਸਰਕਾਰ ਦੇ ਇਸ ਕਿਸਮ ਦੇ ਕਦਮ ਦੀ ਬਹੁਤ ਸ਼ਲਾਘਾ ਕਰਦੇ ਹਨ। (ਥੰਪਿੰਗ) ਮੈਂ ਜਿਆਦਾ ਵਕਤ ਨਾ ਲੈਂਦਾ ਹੋਇਆ ਇਥੇ ਹੀ ਖ਼ਤਮ ਕਰਦਾ ਹਾਂ।

**ਚੌਧਰੀ ਸੁੰਦਰ ਸਿੰਘ** (ਨਰੋਟ ਮਹਿਰਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬੜਾ ਸ਼ੁਕਰੀਆ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਜਿਨ੍ਹਾਂ ਨੇ ਸਿਫਾਰਸ਼ ਕੀਤੀ ਹੈ ਉਨ੍ਹਾਂ ਦਾ ਵੀ ਸ਼ੁਕਰੀਆ। ਇਸ ਤੋਂ ਬਾਅਦ ਬੇਸ਼ਕ ਇਨ੍ਹਾਂ ਨੂੰ ਟਾਈਮ ਦੇ ਦੇਣਾ। ਇਹ ਜਿਹੜਾ ਹਰੀਜਨਾਂ ਵਾਸਤੇ 16 ਕਰੋੜ ਰੁਪਿਆ ਖਰਚ ਕਰਨਾ ਹੈ, ਇਸ ਲਈ ਮੈਂ ਫਾਈਨਾਂਸ ਮਨਿਸਟਰ ਸਾਹਿਬ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਥੈਂਕਸ ਅਦਾ ਕਰਦਾ ਹਾਂ। ਇਹ ਜਿਹੜਾ ਐਜੂਕੇਸ਼ਨ ਮਨਿਸਟਰ ਨੇ 1500 ਹਰੀਜਨ ਲੜਕਿਆਂ ਨੂੰ ਜੇ. ਬੀ. ਟੀ. ਅਤੇ ਬੀ. ਐਡ. ਦੀ ਟਰੇਨਿੰਗ ਦੇਣ ਵਾਸਤੇ ਪ੍ਰੋਵੀਜ਼ਨ ਕੀਤਾ ਹੈ, ਇਸ ਵਾਸਤੇ ਵੀ ਮੈਂ ਉਨ੍ਹਾਂ ਦਾ ਬੜਾ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਸੈਂਟਰਲ ਗੌਰਮਿੰਟ ਦਾ ਵੀ ਜਿਸਦੇ ਇਸ਼ਾਰੇ ਤੇ ਇਹ ਹੋਇਆ ਹੈ। ਜਿਹੜੇ ਗਰੀਬ ਹਰੀਜਨਾਂ ਨੂੰ 3 ਲੱਖ ਦੇ ਕਰੀਬ ਪਲਾਟ ਦਿੱਤੇ ਹਨ ਉਸ ਦੇ ਲਈ ਵੀ ਮੈਂ ਬੜਾ ਧੰਨਵਾਦ ਕਰਦਾ ਹਾਂ ਜਿਹੜੀਆਂ ਹੋਰ ਮੁਸ਼ਕਲਾਂ ਹਨ ਮੈਂ ਸਮਝਦਾ ਹਾਂ ਕਿ ਉਹ ਵੀ ਦੂਰ ਹੋ ਜਾਣਗੀਆਂ। ਮਗਰ ਨੀਅਤ ਠੀਕ ਹੈ, ਸਿਲਸਿਲਾ ਠੀਕ ਹੈ। ਇਸ ਵਾਸਤੇ ਮੈਂ ਇਨ੍ਹਾਂ ਦਾ ਬੜਾ ਸ਼ੁਕਰੀਆ ਅਦਾ ਕਰਦਾ ਹਾਂ। ਇਹ ਜਿਹੜੀ ਕਮੇਟੀ ਆਨ ਵੈਲਫੇਅਰ ਆਫ ਸ਼ਡਿਊਲਡ ਕਾਸਟਸ ਸ਼ਡਿਊਲਡ ਟਰਾਈਬਜ਼ ਐਂਡ ਬੈਕਵਰਡ ਕਲਾਸਿਜ਼ ਦੀ ਰਿਪੋਰਟ ਹੈ ਇਹ ਮੈਂ ਪੜ੍ਹੀ ਹੈ। ਇਹ ਕੰਮ ਗਿਆਨੀ ਹੋਰਾਂ ਨੇ ਇਸ ਤਰ੍ਹਾਂ ਕੀਤਾ ਹੈ ਜਿਸ ਤਰ੍ਹਾਂ ਡਾਕਟਰ ਅੰਬੇਦਕਰ ਨੂੰ ਲਾਅ ਮਨਿਸਟਰ ਬਣਾ ਦਿੱਤਾ ਸੀ ਸੈਂਟਰਲ ਗੌਰਮਿੰਟ ਵਿੱਚ ਅਤੇ ਕਿਹਾ ਕਿ ਇਹ ਆਪਣੇ ਵਾਸਤੇ ਆਪ ਕਾਨੂੰਨ ਬਣਾਉਣ। ਉਨ੍ਹਾਂ ਨੇ ਕਾਨੂੰਨ ਬਣਾਇਆ। ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਇਸ ਦੀ ਤਸੱਲੀ ਤਦ ਹੋਵੇਗੀ ਜੇ ਇਹ ਆਪਣੇ ਹੱਥੀ ਹਰੀਜਨਾਂ ਵਾਸਤੇ ਕਾਨੂੰਨ ਬਣਾਏਗਾ। ਮਹਾਤਮਾ ਗਾਂਧੀ ਜੀ ਸਹੀ ਤੌਰ ਤੇ ਸਾਡੇ ਵਾਸਤੇ ਸੋਚਦੇ ਸਨ। ਹਰੀਜਨ ਹਿੰਦੁਸਤਾਨ ਵਿਚ ਇਸ ਵਾਸਤੇ ਕਾਂਗਰਸ ਦੇ ਨਾਲ ਸਨ ਕਿਉਂਕਿ ਮਹਾਤਮਾ ਗਾਂਧੀ ਉਨ੍ਹਾਂ ਵਾਸਤੇ ਬਹੁਤ ਚੰਗੀ ਤਰ੍ਹਾਂ ਸੋਚਦੇ ਸਨ। ਇਸ ਵਾਸਤੇ ਡਾਕਟਰ ਅੰਬੇਦਕਰ ਨੂੰ ਜਿਹੜਾ ਲਾਅ ਮਨਿਸਟਰ ਬਣਾਇਆ ਗਿਆ ਸੀ ਉਨ੍ਹਾਂ ਨੇ ਕਿਹਾ ਸੀ

> "I was born as Hindu. The blame was not mine. I will not die as Hindu."

ਉਹ ਹਿੰਦੂਆਂ ਦੇ ਬਰਖਿਲਾਫ ਸੀ। ਇਸੇ ਤਰ੍ਹਾਂ ਗਿਆਨੀ ਜ਼ੈਲ ਸਿੰਘ ਨੇ ਹਰਚੰਦ ਸਿੰਘ ਨੂੰ ਇਸ ਕਮੇਟੀ ਦਾ ਚੇਅਰਮੈਨ ਬਣਾ ਕੇ ਹਰੀਜਨਾਂ ਦੀ ਤਰੱਕੀ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਜਿਤਨੇ ਵੀ ਬਾਕੀ ਦੇ ਪ੍ਰਾਂਤ ਹਨ ਉਹ ਵੀ ਕੋਸ਼ਿਸ਼ ਕਰਦੇ ਹਨ ਕਿ ਇਸ ਕਿਸਮ ਦੀ ਕਮੇਟੀ ਬਣਾਈਏ। ਇਹ ਤਾਂ ਉਸੇ ਤਰ੍ਹਾਂ ਕਮੇਟੀ ਬਣਾਈ ਹੈ ਕਿ ਤੁਸੀਂ ਖੁਦ ਫੈਸਲਾ ਕਰੋ। ਸਰਦਾਰ ਹਰ ਚੰਦ ਸਿੰਘ ਕੋਲ ਜਿਹੜੇ ਹਰੀਜਨ ਦੁੱਖੀ ਹਨ ਉਹ ਆਉਂਦੇ ਹਨ ਉਨ੍ਹਾਂ ਦੀ ਸੁਣਵਾਈ ਕਰਦਾ ਹੈ ਅਤੇ ਡੱਟ ਕੇ ਗਿਆਨੀ ਹੋਰੀਂ ਉਨ੍ਹਾਂ ਦੀ ਮਦਦ ਕਰਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਉਹ ਹਰੀਜਨਾਂ ਦੀ ਬੇਹਤਰੀ ਚਾਹੁੰਦੇ ਹਨ।

Original with;
Punjab Vidhan Sabha
Digitized by;
Panjab Digital Library

ਹਰਿਆਣਾ ਪ੍ਰਾਂਤ ਤੇ ਬਾਕੀ ਦੇ ਸੂਬੇ ਵੀ ਚਾਹੁੰਦੇ ਹਨ ਕਿ ਇਸ ਕਿਸਮ ਦੀ ਕਮੇਟੀ ਬਣਾਈ ਜਾਵੇ। ਇਸ ਲਈ ਮੈਂ ਗਿਆਨੀ ਜੀ ਦਾ ਬਹੁਤ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ। ਇਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਹੈ। ਇਥੇ ਕਿਹਾ ਜਾਂਦਾ ਹੈ ਕਿ ਹਰੀਜਨਾਂ ਨੂੰ ਸਾਈਟ ਦਿੱਤੇ ਜਾ ਰਹੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰੀਜਨਾਂ ਨੇ ਵੀ ਬੜੀਆਂ ਕੁਰਬਾਨੀਆਂ ਕੀਤੀਆਂ ਹਨ। 1947 ਵਿੱਚ ਜਦੋਂ ਮੁਸਲਿਮ ਲੀਗ ਨੇ ਪੰਜਾਬ ਦਾ ਦੌਰਾ ਕੀਤਾ ਸੀ ਅਤੇ ਕਿਹਾ ਸੀ ਕਿ ਹਰੀਜਨਾਂ ਦੀ 6 ਕਰੋੜ ਆਬਾਦੀ ਹੈ ਤੇ ਮੁਸਲਮਾਨਾਂ ਦੀ 9 ਕਰੋੜ ਆਬਾਦੀ ਹੈ। ਉਸ ਸਮੇਂ ਸਾਰੇ ਹਿੰਦੁਸਤਾਨ ਦੀ 33 ਕਰੋੜ ਆਬਾਦੀ ਸੀ। ਉਸ ਵੇਲੇ ਹਰੀਜਨਾਂ ਨੇ ਹੀ ਹਿੰਦੁਸਤਾਨ ਦੀ ਮਦਦ ਕੀਤੀ ਸੀ। ਨਹੀਂ ਤਾਂ ਜੇ ਹਰੀਜਨ ਮੁਸਲਮਾਨਾਂ ਨਾਲ ਮਿਲ ਜਾਂਦੇ ਤਾਂ ਅੱਜ ਇਥੇ ਅੱਧੇ ਹਿੰਦੁਸਤਾਨ ਤੇ ਮੁਸਲਮਾਨਾਂ ਦਾ ਕਬਜ਼ਾ ਹੋ ਜਾਣਾ ਸੀ। ਇਸ ਲਈ ਹਰੀਜਨ ਹਿੰਦੁਸਤਾਨ ਦੀ ਅੱਧੀ ਜ਼ਮੀਨ ਦੇ ਮਾਲਕ ਹਨ। ਉਸ ਵਕਤ ਇਨ੍ਹਾਂ ਨੇ ਹੀ ਸਾਥ ਦਿੱਤਾ ਸੀ। ਮੈਨੂੰ ਯਾਦ ਹੈ ਮੈਂ ਕਪੂਰਥਲੇ ਹਾਊਸ ਵਿਚ ਉਸ ਵੇਲੇ ਬੋਲਿਆ ਸੀ:

"ਮੇਵਾ ਖਾਧਾ ਇਸ ਬ੍ਰਿਛ ਦਾ,
ਮਾਣੀ ਠੰਡੜੀ ਛਾਂ,
ਅਗ ਲਗੇ ਇਸ ਬ੍ਰਿਛ ਨੂੰ,
ਤੇ ਉਡ ਕੇ ਕਿਤ ਵਲ ਜਾਂ।"

ਮੁਸਲਿਮ ਲੀਗ ਸਾਰਾ ਪਾਕਿਸਤਾਨ ਦੇ ਦੇਵੇ, ਅਸੀਂ ਉਸ ਨੂੰ ਜੁਤੀ ਦੀ ਨੋਕ ਨਾਲ ਠੁਕਰਾ ਦਿਆਂਗੇ। ਉਸ ਵਕਤ ਮਾਸਟਰ ਤਾਰਾ ਸਿੰਘ ਵੀ ਬੋਲਿਆ ਸੀ। ਅਸੀਂ ਬਹੁਤ ਕੁਰਬਾਨੀ ਕੀਤੀ ਹੈ ਹਿੰਦੁਸਤਾਨ ਵਾਸਤੇ। ਇਸ ਲਈ ਇਹ ਜਿਹੜੇ ਪਲਾਟ ਦਿੱਤੇ ਹਨ ਇਹ ਕੋਈ ਬਹੁਤ ਵੱਡੀ ਗੱਲ ਨਹੀਂ। ਜੇ ਸਾਡੀ 6 ਕਰੋੜ ਆਬਾਦੀ ਮੁਸਲਮਾਨਾਂ ਨਾਲ ਮਿਲ ਜਾਂਦੀ ਤਾਂ ਇਥੋਂ ਦੇ ਇਹ ਸਾਰੇ ਮਕਾਨ ਅਤੇ ਜ਼ਮੀਨ ਮੁਸਲਮਾਨਾਂ ਦੀ ਹੋ ਜਾਣੀ ਸੀ। ਹੁਣ ਅਸੀਂ ਕਹਿੰਦੇ ਫਿਰਦੇ ਹਾਂ ਮਹਾਰਾਜ ਜੀ ਸਾਨੂੰ ਕੁਝ ਦਿਓ। ਇਹ ਸਾਰਾ ਕੁਝ ਪਾਕਿਸਤਾਨ ਨੂੰ ਚਲਾ ਜਾਣਾ ਸੀ। ਇਸ ਵਾਸਤੇ ਬਹੁਤ ਚੌੜੇ ਨਾ ਹੋਵੋ ਕਿ ਬਹੁਤ ਕੁਝ ਹਰੀਜਨਾਂ ਲਈ ਕੀਤਾ ਗਿਆ ਹੈ। ਤੁਹਾਨੂੰ ਕਰਨਾ ਪਵੇਗਾ। ਮੈਂ ਇਕ ਗੱਲ ਦੱਸਣਾ ਚਾਹੁੰਦਾ ਹਾਂ:

> I seek God in the poor and it is for my salvation that I go and worship them. The poor and miserable are for our salvation so that we may worship the Lord coming in the shape of lunatic, leper and the sinner. Bold are my words but let me repeat them that it is the greatest privilege that we are allowed to worship the Lord in these shapes.

ਇਹ ਜੋ ਕੁਝ ਤੁਸੀਂ ਕਰ ਰਹੇ ਹੋ ਇਹ ਤੁਹਾਡੀ ਸਾਲਵੇਸ਼ਨ ਵਾਸਤੇ ਹੈ। ਜਿਤਨੀ ਸਾਡੀ ਸੇਵਾ ਕਰੋਗੇ ਉਤਨੀ ਤੁਹਾਡੀ ਤਰੱਕੀ ਹੋਵੇਗੀ। ਇਥੇ ਕਿਹਾ ਜਾਂਦਾ ਹੈ ਕਿ ਸਾਈਟ ਦੇ ਦਿੱਤੇ ਹਨ। ਅਸੀਂ ਹਿੰਦੁਸਤਾਨ ਦੇ ਮਾਲਕ ਹਾਂ। ਪ੍ਰਾਈਮ ਮਨਿਸਟਰ ਦਾ ਵੀ ਸਾਡੇ ਲਈ ਬੜਾ ਸਾਫਟ ਕਾਰਨਰ ਹੈ।

**ਸ੍ਰੀ ਡਿਪਟੀ ਸਪੀਕਰ:** ਵਾਈਂਡ ਅੱਪ ਕਰੋ ਜੀ।

**ਚੌਧਰੀ ਸੁੰਦਰ ਸਿੰਘ:** ਜਿਥੋਂ ਤਕ ਲੈਂਡ ਰਿਫਾਰਮਜ਼ ਦਾ ਤੁਅੱਲਕ ਹੈ, ਮੈਂ ਇਸ ਦੇ ਬਾਰੇ ਥੋੜਾ ਬਹੁਤ ਕਹਿਣਾ ਚਾਹੁੰਦਾ ਹਾਂ। ਲੈਂਡ ਰਿਫਾਰਮਜ਼ ਹੁਣ ਕੁਝ ਹੋਣ ਲੱਗ ਪਏ ਹਨ। ਇਸ ਵਾਸਤੇ ਹੁਣ 10 ਲੱਖ ਰੁਪਿਆ ਰੱਖਿਆ ਹੈ। ਇਹ ਬੜੀ ਚੰਗੀ ਗੱਲ ਕੀਤੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਹੈ । ਇਸ ਦੇ ਨਾਲ ਸਾਡੀਆਂ ਪ੍ਰਾਬਲਮਜ਼ ਸਾਲਵ ਹੋਣਗੀਆਂ ਪਹਿਲਾਂ 10,000 ਰੁਪਿਆ ਇਸ ਵਾਸਤੇ ਰਖਿਆ ਸੀ । ਹੁਣ ਜਿਹੜਾ ਇਨ੍ਹਾਂ ਨੇ ਇਹ ਅਮਾਊਂਟ ਵੱਧਾ ਕੇ 10 ਲੱਖ ਕਰ ਦਿੱਤਾ ਹੈ ਇਸ ਲਈ ਇਨ੍ਹਾਂ ਦਾ ਮੈਂ ਬੜਾ ਧੰਨਵਾਦ ਕਰਦਾ ਹਾਂ । ਇਹ ਬੜੀ ਚੰਗੀ ਗੱਲ ਕੀਤੀ ਹੈ । ਮੇਰਾ ਇਲਾਕਾ ਬਹੁਤ ਬੈਕਵਰਡ ਹੈ । ਉਥੇ ਕੋਈ ਮਾਰਕੀਟ ਕਮੇਟੀ ਨਹੀਂ ਬਣਾਈ ਗਈ । ਇਸ ਵਾਸਤੇ ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਥੇ ਤੁਸੀਂ ਸਬ-ਤਹਿਸੀਲ ਤਾਂ ਦਿੱਤੀ ਹੈ ਮਗਰ ਟਰੈਜ਼ਰੀ ਨਹੀਂ ਦਿੱਤੀ । ਉਥੋਂ ਦੇ ਲੋਕਾਂ ਨੂੰ ਪਠਾਨਕੋਟ ਜਾਣਾ ਪੈਂਦਾ ਹੈ । (ਘੰਟੀ) ਜਿਹੜੀਆਂ ਸੜਕਾਂ ਬਣਾਈਆਂ ਗਈਆਂ ਹਨ ਇਸ ਵਾਸਤੇ ਵੀ ਮੈਂ ਪੀ. ਡਬਲਿਯੂ. ਡੀ. ਮਨਿਸਟਰ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਹੈ । ਫਿਰ ਇਹ ਕਹਿੰਦੇ ਹਨ ਕਿ ਇਨ੍ਹਾਂ ਨੂੰ ਮੇਨਟੇਨ ਕਰਨ ਲਈ ਪੈਸੇ ਦਿਉ । ਇਹ ਆਪਣੇ ਆਪ ਇਸ ਨੂੰ ਮੇਨਟੇਨ ਕਰਨ । ਹਰ ਪਾਸੇ ਪੈਸਿਆਂ ਦੀ ਗੱਲ ਹੈ । (ਘੰਟੀ) ਸਾਡਾ ਫਾਈਨਾਂਸ ਮਨਿਸਟਰ ਆਪੋਜ਼ੀਸ਼ਨ ਦੀ ਕੋਈ ਪੇਸ਼ ਨਹੀਂ ਜਾਣ ਦਿੰਦਾ । ਬੜਾ ਹੁਸ਼ਿਆਰ ਆਦਮੀ ਹੈ । ਇਸ ਨੂੰ ਸਾਡਾ ਬੜਾ ਖਿਆਲ ਹੈ । 20 ਪੁਆਇੰਟ ਪ੍ਰੋਗਰਾਮ ਵੀ ਚੰਗੀ ਤਰ੍ਹਾਂ ਚਲਾਇਆ ਜਾ ਰਿਹਾ ਹੈ । ਇਸ ਵਿੱਚ ਕੋਈ ਚਿੰਤਾ ਦੀ ਗੱਲ ਨਹੀਂ ਕਿਉਂਕਿ ਇਹ INTUC ਦੇ ਸੈਕਟਰੀ ਰਹਿ ਚੁਕੇ ਹਨ । ਪ੍ਰਾਈਮ ਮਨਿਸਟਰ ਸਾਹਿਬਾ ਨੇ 20 ਪੁਆਇੰਟ ਪ੍ਰੋਗਰਾਮ ਇਨ੍ਹਾਂ ਨੂੰ ਚਲਾਉਣ ਵਾਸਤੇ ਦਿੱਤਾ ਹੈ । ਇਹ ਕੰਮ ਇਨ੍ਹਾਂ ਉਤੇ ਸੁਟਿਆ ਹੈ । ਆਜ਼ਾਦ ਸਾਹਿਬ ਤਾਂ ਸ਼ਾਨਦਾਰ ਆਦਮੀ ਹਨ । ਉਨ੍ਹਾਂ ਦੇ ਅਗੇ ਚਲਣ ਵਾਲਾ ਆਦਮੀ ਡਿਗ ਕੇ ਨਹੀਂ ਮਰਦਾ, ਉਹ ਬਚ ਜਾਂਦਾ ਹੈ, ਬਹੁਤ ਚੰਗੇ ਆਦਮੀ ਹਨ . . .

**ਸ੍ਰੀ ਡਿਪਟੀ ਸਪੀਕਰ :** ਚੌਧਰੀ ਸਾਹਿਬ, ਤੁਸੀਂ ਹੁਣ ਵਾਈਂਡ ਅੱਪ ਕਰੋ ਜੀ ।

**ਚੌਧਰੀ ਸੁੰਦਰ ਸਿੰਘ :** ਹੋਰ ਵੀ ਤਾਂ, ਡਿਪਟੀ ਸਪੀਕਰ ਸਾਹਿਬ, ਗੱਲਾਂ ਕਰਨੀਆਂ ਹਨ ।

**ਸ੍ਰੀ ਡਿਪਟੀ ਸਪੀਕਰ :** ਤੁਸੀਂ ਫਿਰ ਕਰ ਲੈਣਾ, ਹੁਣ ਬੱਸ ਕਰੋ ।

**ਚੌਧਰੀ ਸੁੰਦਰ ਸਿੰਘ :** ਮੈਂ ਸਮਾਜ ਭਲਾਈ ਮੰਤਰੀ ਜੀ ਨੂੰ ਕਹਾਂਗਾ ਕਿ ਉਹ ਪੈਨਸ਼ਨ ਨੰਗਲ ਵਿਚ ਹੀ ਨਾ ਦੇਈ ਜਾਣ ਅਤੇ ਜੋ ਨੌਕਰੀਆਂ ਵਗੈਰਾ ਹਨ ਉਹ ਵੀ ਆਪਣੇ ਹਲਕੇ ਵਿਚ ਹੀ ਨਾ ਦੇਈ ਜਾਣ, ਹੋਰਨਾਂ ਨੂੰ ਵੀ ਹਿੱਸਾ ਦਿੱਤਾ ਜਾਵੇ । ਜੋ ਵੰਡ ਖਾਏ ਸੋ ਖੰਡ ਖਾਏ (ਹਾਸਾ)

**ਖੇਤੀ ਬਾੜੀ ਅਤੇ ਜੰਗਲਾਤ ਮੰਤਰੀ :** ਤੁਹਾਡੀ ਮਾਰਕਿਟ ਕਮੇਟੀ ਬਣਾ ਦੇਵਾਂਗੇ ।

**ਸ੍ਰੀ ਡਿਪਟੀ ਸਪੀਕਰ :** ਚੌਧਰੀ ਸਾਹਿਬ ਤੁਹਾਡੀ ਮਾਰਕਿਟ ਕਮੇਟੀ ਤਾਂ ਬਣ ਗਈ ।

**ਮਾਸਟਰ ਚੰਦ ਸਿੰਘ (ਸ਼ੇਰਪੁਰ ਐਸ. ਸੀ.) :** ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਖੇਤੀਬਾੜੀ ਦੇ ਸਬੰਧ ਵਿਚ, ਸੁਧਾਰ ਬਾਰੇ ਕੋਈ ਠੋਸ ਕਦਮ

Original with;
Punjab Vidhan Sabha
Digitized by;
Panjab Digital Library

ਨਹੀਂ ਚੁੱਕੇ ਗਏ । ਬੇਟ ਦੇ ਇਲਾਕੇ ਵਿਚ ਜਿਥੇ ਗਰੀਬ ਹਰੀਜਨ 1965 ਤੋਂ ਲੈ ਕੇ ਲਹੂ ਪਸੀਨਾ ਇਕ ਕਰਕੇ ਕੰਮ ਕਰਦੇ ਰਹੇ....

**ਸ੍ਰੀ ਡਿਪਟੀ ਸਪੀਕਰ** : ਚੋਪੜਾ ਜੀ, ਤੁਹਾਡੇ ਕੋਲ 5 ਮਿੰਟ ਹਨ, ਤੁਸੀਂ ਇਸ ਟਾਈਮ ਵਿਚ ਹੀ ਵਾਈਂਡ ਅੱਪ ਕਰ ਦੇਣਾ ;

**ਮਾਸਟਰ ਚੰਦ ਸਿੰਘ** : ਉਨ੍ਹਾਂ ਗਰੀਬ ਹਰੀਜਨਾਂ ਨੂੰ ਬੇਦਖਲ ਕੀਤਾ ਜਾ ਰਿਹਾ ਹੈ । ਉਨ੍ਹਾਂ ਲੋਕਾਂ ਦਾ ਵੀ ਖਿਆਲ ਰੱਖਿਆ ਜਾਣਾ ਚਾਹੀਦਾ ਹੈ । ਨੂਰਪੁਰ ਬੇਦੀ ਦੇ ਪਿੰਡ ਵਿਚ ਹਰੀਜਨਾਂ ਨੂੰ ਬੇਦਖ਼ਲ ਕੀਤਾ ਗਿਆ ਹੈ । ਮੈਂ ਹੋਰ ਵੀ ਮਿਸਾਲਾਂ ਦੇ ਸਕਦਾ ਹਾਂ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਜਿਹੜੇ ਹਰੀਜਨ 10 ਸਾਲ ਤੋਂ ਜ਼ਮੀਨ ਤੇ ਕਾਬਜ਼ ਹਨ ਅਤੇ ਬੰਜਰ ਜ਼ਮੀਨ ਨੂੰ ਆਪਣੀ ਮਿਹਨਤ ਨਾਲ ਆਬਾਦ ਕੀਤਾ ਹੈ, ਉਨ੍ਹਾਂ ਨੂੰ ਬੇਦਖਲ ਨਹੀਂ ਕਰਨਾ ਚਾਹੀਦਾ ਬਲਕਿ ਉਨ੍ਹਾਂ ਨੂੰ ਮਾਲਿਕ ਬਣਾ ਦੇਣਾ ਚਾਹੀਦਾ ਹੈ । ਉਨ੍ਹਾਂ ਨੂੰ ਮਾਲਕੀ ਹਕੂਕ ਦਿੱਤੇ ਜਾਣ ਅਤੇ ਉਨ੍ਹਾਂ ਜ਼ਮੀਨਾਂ ਦੀ ਅਲਾਟਮੈਂਟ ਹੋਰ ਗੈਰ ਹਰੀਜਨਾਂ ਅਤੇ ਦੂਜਿਆਂ ਲੋਕਾਂ ਦੀ ਰੱਦ ਕੀਤੀ ਜਾਵੇ ।

ਹੁਣ ਮੈਂ ਐਜੂਕੇਸ਼ਨ ਦੇ ਬਾਰੇ ਬੋਲਣਾ ਚਾਹੁੰਦਾ ਹਾਂ । ਭਾਵੇਂ ਸਰਕਾਰ ਦੇ ਅੰਕੜੇ ਇਹ ਹਨ ਕਿ 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਦਾ ਸਕੂਲਾਂ ਵਿਚ ਦਾਖਲਾ 100% ਹੈ, ਪਰ ਇਸ ਤਰ੍ਹਾਂ ਅਸਲ ਵਿਚ ਹੈ ਨਹੀਂ, ਕਿਉਂਕਿ ਸਾਡੇ ਪਿੰਡਾਂ ਵਿਚ ਜਾ ਕੇ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਗਰੀਬ ਹਰੀਜਨ ਬੱਚੇ ਇਕਨੌਮੀਕਲੀ ਵੀਕ ਹੋਣ ਕਰਕੇ ਸਕੂਲ ਨਹੀਂ ਜਾਂਦੇ ਅਤੇ ਆਪਣੀ ਰੋਟੀ ਕਮਾਉਣ ਵਾਸਤੇ ਹੋਰ ਕੰਮ ਕਰਦੇ ਹਨ ਜਾਂ ਕੋਈ ਛੋਟੀ ਮੋਟੀ ਨੌਕਰੀ ਕਰਦੇ ਹਨ ਅਤੇ ਐਜੂਕੇਸ਼ਨ ਪ੍ਰਾਪਤ ਨਹੀਂ ਕਰ ਸਕਦੇ ਕਿਉਂਕਿ ਉਹ ਕਪੜੇ ਲੀੜੇ ਚੰਗੇ ਨਹੀਂ ਪਾ ਸਕਦੇ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਵੀ ਉਨ੍ਹਾਂ ਨੂੰ ਨਹੀਂ ਮਿਲਦੀਆਂ । ਇਸ ਕਰਕੇ ਗਰੀਬ ਬੱਚਿਆਂ ਨੂੰ ਪਹਿਲੀ ਜਮਾਤ ਤੋਂ ਹੀ ਵੱਧ ਵਜ਼ੀਫੇ ਦਿੱਤੇ ਜਾਣੇ ਚਾਹੀਦੇ ਹਨ ਅਤੇ ਉਨ੍ਹਾਂ ਦੀਆਂ ਫ਼ੀਸਾਂ ਵਗੈਰਾ ਮੁਆਫ ਹੋਣੀਆਂ ਚਾਹੀਦੀਆਂ ਹਨ । ਇਸ ਦੇ ਨਾਲ ਹੀ ਉਨ੍ਹਾਂ ਗਰੀਬ ਬੱਚਿਆਂ ਲਈ ਕਪੜੇ ਦਾ, ਖਾਣੇ ਦਾ ਪ੍ਰਬੰਧ ਵੀ ਸਕੂਲ ਵਿਚ ਕਰਨਾ ਚਾਹੀਦਾ ਹੈ ਤਾਂ ਜੋ ਉਹ ਵੀ ਉਪਰ ਉਠ ਸਕਣ । ਐਕਚੂਅਲ ਗਿਣਤੀ ਸਕੂਲਾਂ ਵਿਚ ਤਾਂ ਹੀ ਹੋ ਸਕਦੀ ਹੈ ਜੇ ਇਹ ਸਾਰੀਆਂ ਚੀਜ਼ਾਂ ਗਰੀਬ ਬੱਚਿਆਂ ਨੂੰ ਪ੍ਰੋਵਾਈਡ ਕੀਤੀਆਂ ਜਾਣ ਅਤੇ ਤਾਂ ਹੀ ਬੱਚੇ ਸਹੀ ਮਾਇਨਿਆਂ ਵਿਚ ਪੜ੍ਹ ਸਕਦੇ ਹਨ । ਇਸ ਦੇ ਨਾਲ ਹੀ ਮੈਂ ਐਜੂਕੇਸ਼ਨ ਬੋਰਡ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਪਹਿਲਾਂ 10ਵੀਂ ਜਮਾਤ ਦੀ ਐਡਮਿਸ਼ਨ ਫੀਸ 27/- ਰੁਪਏ ਹੁੰਦੀ ਸੀ ਪਰ ਹੁਣ ਇਹ 50/- ਰੁਪਏ ਹੋ ਗਈ ਹੈ । 50/- ਰੁਪਏ ਤਾਂ ਬੀ. ਏ. ਲੈਵਲ ਤੇ ਯੂਨੀਵਰਸਿਟੀ ਦੀ ਵੀ ਐਡਮਿਸ਼ਨ ਫੀਸ ਨਹੀਂ ਲਗਦੀ ਸੀ । ਐਜੂਕੇਸ਼ਨ ਬੋਰਡ ਦੀ ਫੀਸ ਬਹੁਤ ਜ਼ਿਆਦਾ ਹੈ । ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਈਵੇਟ ਸਟੂਡੈਂਟਸ ਹਨ, ਇਥੇ ਕਾਲਜ ਨਹੀਂ ਹੁੰਦੇ ਅਤੇ ਕਾਲਜ ਨਾ ਹੋਣ ਦੇ ਕਾਰਨ ਉਨ੍ਹਾਂ ਨੂੰ ਫ਼ੀਸਾਂ ਭਰਨੀਆਂ ਪੈਂਦੀਆਂ ਹਨ, ਮਜਬੂਰੀ ਵਿਚ ਭਰਨੀਆਂ ਪੈਂਦੀਆਂ ਹਨ, ਇਸ ਬਾਰੇ ਮੈਂ ਸਰਕਾਰ ਨੂੰ ਕਹਾਂਗਾ ਕਿ ਇਨ੍ਹਾਂ ਸਟੂਡੈਂਟਸ ਦੀਆਂ ਫੀਸਾਂ ਘੱਟ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਉਹ ਕਾਲਜ ਨਾ ਹੋਣ ਕਾਰਨ ਹੀ ਪ੍ਰਾਈਵੇਟਲੀ ਪੜ੍ਹਦੇ ਹਨ । ਇਸ ਪਾਸੇ ਜ਼ਰੂਰ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਫ਼ਿਰ ਜਿਹੜੀ ਐਜੂਕੇਸ਼ਨ ਹੈ ਇਹ ਜਾਬ ਓਰੀਐਂਟਿਡ ਹੋਣੀ ਚਾਹੀਦੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਹੈ । ਭਾਵੇਂ ਸਕੂਲਾਂ ਵਿਚ ਵੋਕੇਸ਼ਨਲ ਐਜੂਕੇਸ਼ਨ ਚਾਲੂ ਕੀਤੀ ਹੈ ਪਰ ਅਜੇ ਨਾ ਜ਼ਿਆਦਾ ਹੈ ਅਤੇ ਨਾ ਥੋੜੀ ਹੈ । ਮੈਂ ਤਾਂ ਇਹ ਕਹਾਂਗਾ ਕਿ ਹਰ ਇਕ ਸਕੂਲ ਵਿਚ ਇਸ ਤਰ੍ਹਾਂ ਦੀ ਜਾਬ ਓਰੀਐਂਟਿਡ ਐਜੂਕੇਸ਼ਨ ਦੇਣੀ ਚਾਹੀਦੀ ਹੈ ਤਾਂ ਜੋ ਹਰ ਇਕ ਬੱਚਾ ਸਕੂਲ ਵਿਚੋਂ ਨਿਕਲ ਕੇ ਨੌਕਰੀ ਲੈ ਸਕੇ ਅਤੇ ਹੋਰ ਕੋਈ ਕੰਮ ਕਰ ਸਕੇ । ਇਸ ਬਾਰੇ ਸਰਕਾਰ ਨੂੰ ਗਰੰਟੀ ਵੀ ਦੇਣੀ ਚਾਹੀਦੀ ਹੈ ਕਿ ਸਕੂਲ ਵਿਚੋਂ ਨਿਕਲਦੇ ਹੀ ਉਸ ਬੱਚੇ ਨੂੰ ਕੋਈ ਨੌਕਰੀ ਮਿਲ ਜਾਵੇਗੀ । ਉਸ ਨੇ 10 ਸਾਲ ਮਿਹਨਤ ਕੀਤੀ ਹੁੰਦੀ ਹੈ ਜਿਹੜੀ ਕਿ ਉਸ ਦੇ ਕੰਮ ਆ ਸਕੇ ਅਤੇ ਉਹ ਆਪਣੀ ਰੋਜ਼ੀ ਕਮਾ ਸਕੇ । ਫਿਰ ਕਾਲਜ ਟੀਚਰਜ਼ ਦੀਆਂ ਡੀਮਾਂਡਜ਼, ਪ੍ਰਾਈਵੇਟ ਕਾਲਜ ਟੀਚਰਜ਼ ਦੀਆਂ ਡੀਮਾਂਡਜ਼ ਪੂਰੀਆਂ ਕਰਨੀਆਂ ਚਾਹੀਦੀਆਂ ਹਨ । ਭੱਤੇ ਦੀਆਂ ਇਨ੍ਹਾਂ ਨੇ ਮੁਲਾਜ਼ਮਾਂ ਨੂੰ ਪੰਜ ਕਿਸ਼ਤਾਂ ਦੇਣੀਆਂ ਸਨ, ਮੈਂ ਇਸ ਬਾਰੇ ਹਰ ਵਾਰੀ ਕਹਿੰਦਾ ਹਾਂ ਪਰ ਇਨ੍ਹਾਂ ਨੇ ਦੋ ਕਿਸ਼ਤਾਂ ਦਿੱਤੀਆਂ ਹਨ ਅਤੇ ਤਿੰਨ ਕਿਸ਼ਤਾਂ ** **

**ਸ੍ਰੀ ਡਿਪਟੀ ਸਪੀਕਰ :** ਇਹ ਜਿਹੜੇ ਲਫਜ਼ ** ** ਕਹੇ ਹਨ, ਇਹ ਕੱਟ ਦਿੱਤੇ ਜਾਣ ।

**ਮਾਸਟਰ ਚੰਦ ਸਿੰਘ :** ਮੁਲਾਜ਼ਮਾਂ ਨੂੰ ਭੱਤੇ ਦੀਆਂ ਸਭ ਕਿਸ਼ਤਾਂ ਡਿਊ ਡੇਟ ਤੋਂ ਦੇਣੀਆਂ ਚਾਹੀਦੀਆਂ ਹਨ । ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਸਰਕਾਰ ਇਹ ਕਹਿੰਦੀ ਹੈ ਕਿ ਐਮਰਜੈਂਸੀ ਲਗਾ ਕੇ ਡਸਿਪਲਿਨ ਆਇਆ ਹੈ, ਪਰ ਮੈਂ ਤਾਂ ਇਹ ਕਹਾਂਗਾ ਕਿ ਐਮਰਜੈਂਸੀ ਦਾ ਗਲਤ ਇਸਤੇਮਾਲ ਹੋਇਆ ਹੈ ਅਤੇ ਇਸ ਦਾ ਗਲਤ ਫਾਇਦਾ ਉਠਾ ਕੇ ਮੁਲਾਜ਼ਮਾਂ ਨੂੰ ਸਿਰਫ ਦੋ ਕਿਸ਼ਤਾਂ ਦਿੱਤੀਆ ਅਤੇ ਮਜਬੂਰ ਮੁਲਾਜ਼ਮਾਂ ਤੇ ਡੰਡਾ ਰੱਖਿਆ ਹੋਇਆ ਹੈ, ਉਹ ਬੋਲ ਨਹੀਂ ਸਕਦੇ, ਕਿਉਂਕਿ ਐਮਰਜੈਂਸੀ ਇਨ੍ਹਾਂ ਨੇ ਲਗਾਈ ਹੋਈ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਮੈਡੀਕਲ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਪਿੰਡਾਂ ਦੇ ਵਿਚ ਅੱਜ ਕੱਲ ਨਵੀਆਂ ਨਵੀਆਂ ਬਿਮਾਰੀਆਂ ਆ ਰਹੀਆਂ ਹਨ । ਇਸ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਹੋਰ ਡਿਸਪੈਂਸਰੀਆਂ ਅਤੇ ਵੱਡੇ ਹਸਪਤਾਲ ਪਿੰਡਾਂ ਵਿਚ ਖੋਲ੍ਹੇ ਤਾਂ ਜੋ ਗਰੀਬ ਲੋਕਾਂ ਨੂੰ ਇਲਾਜ ਦੀ ਸਹੂਲਤ ਮਿਲ ਸਕੇ ਅਤੇ ਇਸ ਦੇ ਨਾਲ ਹੀ ਉਨ੍ਹਾਂ ਡਿਸਪੈਂਸਰੀਆਂ ਵਿਚ ਹਰ ਦਵਾਈ ਹੋਣੀ ਚਾਹੀਦੀ ਹੈ, ਤਾਂ ਜੋ ਲੋਕਾਂ ਨੂੰ ਫਾਇਦਾ ਹੋ ਸਕੇ ਅਤੇ ਇਹ ਦਵਾਈਆਂ ਗਰੀਬ ਲੋਕਾਂ ਨੂੰ ਮੁਫਤ ਦੇਣ ਬਾਰੇ ਸਰਕਾਰ ਨੂੰ ਪ੍ਰਬੰਧ ਕਰਨਾ ਚਾਹੀਦਾ ਹੈ । ਇਸ ਦੇ ਨਾਲ ਹੀ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸੰਗਰੂਰ ਵਿਚ ਇਕ ਟੀ. ਬੀ. ਦਾ ਸੈਂਟਰ ਹੈ, ਪਰ ਉਥੇ ਦਾ ਮੈਡੀਕਲ ਸੁਪਰਡੰਟ ਪੈਸੇ ਲਏ ਬਿਨਾਂ ਮਰੀਜ਼ ਦੀ ਡਾਕਟਰੀ ਨਹੀਂ ਕਰਦਾ । ਕੁਝ ਦਿਨ ਉਹ ਅਮਰੀਕਾ ਚਲਾ ਗਿਆ ਪਰ ਉਸ ਦੀ ਗੈਰ ਹਾਜ਼ਰੀ ਵਿਚ ਕਿਸੇ ਦਾ ਐਕਸ-ਰੇ ਨਹੀਂ ਹੋਇਆ ਇਸ ਬਾਰੇ ਉਥੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਜਦੋਂ ਉਹ ਵਾਪਸ ਆਇਆ ਤਾਂ ਹੁਣ ਲੋਕਾਂ ਕੋਲੋਂ ਜ਼ਿਆਦਾ ਪੈਸੇ ਲੈ ਲੈ ਕੇ ਉਨ੍ਹਾਂ ਗਰੀਬਾਂ ਦਾ ਗੱਲ ਵੱਢ ਰਿਹਾ ਹੈ । ਇਸ ਬਾਰੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

---

**Expunged as order by the Chair.

Original with;
Punjab Vidhan Sabha
Digitized by;
Panjab Digital Library

ਕੁਝ ਮੈਂ ਡੇਅਰੀ ਦੇ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ । ਜਿਹੜੇ ਕਿਸਾਨ ਨੂੰ ਕਰਜ਼ੇ ਮਿਲਦੇ ਹਨ, ਉਨ੍ਹਾਂ ਪੈਸਿਆਂ ਨਾਲ ਉਹ ਪਸ਼ੂ ਮੰਡੀ ਵਿਚੋਂ ਖਰੀਦਦੇ ਹਨ । ਜਿਹੜਾ ਡਾਕਟਰ ਹੁੰਦਾ ਹੈ ਉਹ ਜਿਸ ਮੱਝ ਜਾਂ ਗਾਂ ਵਾਸਤੇ ਕਹਿੰਦਾ ਹੈ, ਉਹ ਖਰੀਦੀ ਜਾਂਦੀ ਹੈ । ਇਸ ਦਾ ਨਤੀਜਾ ਇਹ ਹੁੰਦਾ ਹੈ ਕਿ 1200/- ਰੁਪਏ ਦਾ ਪਸ਼ੂ ਜੋ ਹੁੰਦਾ ਹੈ ਉਹ 1800/- ਰੁਪਏ ਨੂੰ ਕਿਸਾਨ ਨੂੰ ਮਿਲਦਾ ਹੈ । ਇਸ ਤਰ੍ਹਾਂ ਨਾਲ 500/- ਜਾਂ 600/- ਰੁਪਏ ਦਾ ਪਸ਼ੂ 800/- ਜਾਂ 900/- ਰੁਪਏ ਨੂੰ ਮਿਲ ਮਿਲਾ ਕੇ ਗਰੀਬ ਕਿਸਾਨਾਂ ਨੂੰ ਵੇਚ ਜਾਂਦੇ ਹਨ ਅਤੇ ਉਨ੍ਹਾਂ ਦਾ ਇਸ ਤਰ੍ਹਾਂ ਗੱਲ ਵੱਢਿਆ ਜਾਂਦਾ ਹੈ । ਇਸ ਕਰਕੇ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਇਹ ਚੀਜ਼ ਬੰਦ ਕਰ ਦੇਣੀ ਚਾਹੀਦੀ ਹੈ । ਫਿਰ ਲੈਂਡ ਮਾਰਟਗੇਜ ਬੈਂਕ ਦੀ ਮਾਰਫਤ ਕਿਸਾਨਾਂ ਨੂੰ ਇੰਜਣ ਮਿਲਦੇ ਹਨ । ਇਸ ਬਾਰੇ ਇਥੇ ਰੌਲਾ ਵੀ ਪਿਆ । ਕਿਸਾਨ ਨੂੰ ਸਰਕਾਰ ਨੇ ਕਿਹਾ ਕਿ ਪੈਸੇ ਦੇਣ ਦੀ ਬਜਾਏ ਉਨ੍ਹਾਂ ਨੂੰ ਇੰਜਣ ਦਿੱਤੇ ਜਾਣਗੇ ਅਤੇ ਉਹ ਇੰਜਣ ਉਨ੍ਹਾਂ ਨੂੰ ਕੁਝ ਏਜੰਸੀਆਂ ਕੋਲੋਂ ਹੀ ਲੈਕੇ ਦਿੱਤੇ ਜਾਂਦੇ ਹਨ ਅਤੇ ਕਿਸਾਨ ਫਰੀ ਨਹੀਂ ਕਿ ਜਿਥੇ ਮਰਜ਼ੀ ਆਪਣੀ ਮਨ ਪਸੰਦ ਦਾ ਇੰਜਣ ਖਰੀਦ ਸਕੇ । ਇਸ ਬਾਰੇ ਮੈਂ ਇਹ ਕਹਾਂਗਾ ਕਿ ਕਿਸਾਨ ਇਸ ਮਾਮਲੇ ਵਿਚ ਫਰੀ ਹੋਣਾ ਚਾਹੀਦਾ ਹੈ ਕਿ ਉਹ ਜਿਥੋਂ ਮਰਜ਼ੀ ਇੰਜਣ ਖਰੀਦੇ, ਉਸ ਨੂੰ ਪੈਸੇ ਦੇ ਦੇਣੇ ਚਾਹੀਦੇ ਹਨ । ਫਿਰ ਇਹ ਕਹਿੰਦੇ ਹਨ ਕਿ ਐਮਰਜੈਂਸੀ ਨਾਲ ਡਸਿਪਲਨ ਆਇਆ ਹੈ, ਪਰ ਮੈਂ ਤਾਂ ਇਹ ਕਹਿੰਦਾ ਹਾਂ ਕਿ ਡੀ. ਆਈ. ਆਰ. ਅਤੇ ਮੀਸਾ ਲਾਗੂ ਹੋਣ ਤੋਂ ਬਾਅਦ ਮਿਲ ਮਾਲਕਾਂ ਨੇ ਤਾਲਾ ਬੰਦੀਆਂ ਕੀਤੀਆਂ ਅਤੇ ਮਜ਼ਦੂਰ ਬੇਕਾਰ ਹੋਏ ਹਨ । ਇਸ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਡੀ. ਆਈ. ਆਰ. ਅਤੇ ਮੀਸਾ ਉਨ੍ਹਾਂ ਵੱਡਿਆਂ ਵੱਡਿਆਂ ਮਿਲ ਮਾਲਕਾਂ ਅਤੇ ਅਮੀਰਾਂ ਤੇ ਲਾਗੂ ਕਰਨ ਜਿਹੜੇ ਕਿ ਤਾਲਾ ਬੰਦੀਆਂ ਕਰਦੇ ਹਨ ਅਤੇ ਗਰੀਬ ਮਜ਼ਦੂਰਾਂ ਨੂੰ ਬੇਰੋਜ਼ਗਾਰ ਕਰਦੇ ਹਨ ਪਰ ਇਹ ਸਰਕਾਰ ਤਾਂ ਮੁਲਾਜ਼ਮਾਂ ਦੇ ਸਿਰ ਤੇ ਐਮਰਜੈਂਸੀ ਦਾ ਡੰਡਾ ਰੱਖੀ ਬੈਠੀ ਹੈ ਔਰ ਕਿਸੇ ਵੱਡੇ ਆਦਮੀ ਨੂੰ ਕੁਝ ਨਹੀਂ ਕਹਿੰਦੀ ।

ਇਸ ਦੇ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਸਹਿਕਾਰਤਾ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਜਿਹੜੀਆਂ ਪਿੰਡਾਂ ਦੇ ਵਿਚ ਸੋਸਾਇਟੀਆਂ ਹਨ, ਉਨ੍ਹਾਂ ਦੇ ਰਾਹੀਂ ਸਿਰਫ ਖੰਡ ਹੀ ਵੰਡੀ ਜਾਂਦੀ ਹੈ, ਭਾਵੇਂ ਉਨ੍ਹਾਂ ਨੇ ਡਿਪੂ ਖੋਲ੍ਹੇ ਹਨ । ਮੈਂ ਤਾਂ ਇਹ ਕਹਾਂਗਾ ਕਿ ਇਨ੍ਹਾਂ ਸੋਸਾਇਟੀਆਂ ਦੇ ਡਿਪੂਆਂ ਰਾਹੀਂ ਹਰ ਚੀਜ਼, ਕਪੜਾ ਅਤੇ ਹੋਰ ਚੀਜ਼ਾਂ ਵੀ ਪਿੰਡਾਂ ਦੇ ਗਰੀਬ ਲੋਕਾਂ ਨੂੰ ਮਿਲਣੀਆਂ ਚਾਹੀਦੀਆਂ ਹਨ ।

ਇਕ ਗੱਲ ਮੈਂ ਰੰਧਾਵਾ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ । ਮੇਰੇ ਹਲਕੇ ਵਿਚ ਜਿਹੜਾ ਪਿੰਡ ਪੰਜ ਗਰਾਈਆਂ ਹੈ....

**ਸ੍ਰੀ ਡਿਪਟੀ ਸਪੀਕਰ :** ਇਹ ਲਿੱਖ ਕੇ ਦੇ ਦੇਣਾ, ਹੁਣ ਬਸ ਕਰੋ ।

**ਮਾਸਟਰ ਚੰਦ ਸਿੰਘ :** ਅੱਛਾ ਜੀ, ਮੈਂ ਇਕ ਪਸ਼ੂਆਂ ਦੀ ਬਿਮਾਰੀ ਦੀ ਗਲ ਕਹਿ ਕੇ ਖ਼ਤਮ ਕਰਦਾ ਹਾਂ । ਪਸ਼ੂਆਂ ਦੀ ਬਿਮਾਰੀ ਬਹੁਤ ਵਧ ਰਹੀ ਹੈ ਪਰ ਕਈ ਪਿੰਡ ਅਜਿਹੇ ਹਨ ਜਿਥੇ ਕਿ ਕੋਈ ਡਿਸਪੈਂਸਰੀ ਨਹੀਂ । ਇਸ ਲਈ ਮੇਰੀ ਬੇਨਤੀ ਹੈ ਕਿ ਹਰ 5, 7 ਮੀਲ ਦੇ ਏਰੀਏ ਵਿਚ ਇਕ ਪਸ਼ੂਆਂ ਦੀ ਡਿਸਪੈਂਸਰੀ ਜ਼ਰੂਰ ਖੋਲ੍ਹੀ ਜਾਵੇ ।

(ਇਸ ਵੇਲੇ ਕਈ ਮਾਨਯੋਗ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋ ਗਏ । ਸ੍ਰੀ ਡਿਪਟੀ ਸਪੀਕਰ ਨੇ ਸ੍ਰੀ ਪ੍ਰਤਾਪ ਚੰਦ ਭੰਡਾਰੀ ਜੀ ਨੂੰ ਸਪੀਚ ਕਰਨ ਲਈ ਕਿਹਾ ।)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਭੰਡਾਰੀ ਜੀ ਜ਼ਰਾ ਬਰੀਫ਼ ਕਰਨਾ, ਕੇਸ਼ੋ ਰਾਮ ਜੀ ਨੇ ਵੀ ਬੋਲਣਾ ਹੈ ।

**ਸ਼੍ਰੀ ਪ੍ਰਤਾਪ ਚੰਦ ਭੰਡਾਰੀ** (ਅੰਮ੍ਰਿਤਸਰ ਕੇਂਦਰੀ) : ਡਿਪਟੀ ਸਪੀਕਰ ਸਾਹਿਬ, ਜੋ ਬਜਟ ਪੇਸ਼ ਕੀਤਾ ਗਿਆ ਹੈ ਮੈਂ ਉਸ ਦੇ ਸਮਰਥਨ ਵਾਸਤੇ ਕਹਿਣਾ ਚਾਹੁੰਦਾ ਹਾਂ । ਜਿਥੋਂ ਤਕ ਵਧਾਈ ਦਾ ਤੁਅੱਲਕ ਹੈ, ਇਹ ਤਾਂ ਹੁਣ ਤਕ ਬਹੁਤ ਸਾਰੇ ਮੈਂਬਰਜ ਸਾਹਿਬਾਨ ਵਲੋਂ ਦਿੱਤੀਆਂ ਜਾ ਚੁੱਕੀਆਂ ਹਨ । ਮੈਂ ਤਾਂ ਕੁਝ ਸੁਝਾਵ ਦੇਣਾ ਚਾਹੁੰਦਾ ਹਾਂ ।

ਸੱਭ ਤੋਂ ਪਹਿਲੀ ਗਲ ਤਾਂ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਕੋਈ ਵੀ ਸਰਕਾਰ ਹੋਵੇ, ਭਾਵੇਂ ਪੰਜਾਬ ਸਰਕਾਰ ਹੈ ਜਾਂ ਕੋਈ ਹੋਰ ਹੋਵੇ ਉਸ ਦਾ ਕੰਮ ਪੁਲਿਸ ਦੇ ਰਾਹੀਂ ਚਲਦਾ ਹੈ । ਇਸ ਲਈ ਮੈਂ ਪੁਲਿਸ ਦੀ ਮੱਦ ਤੇ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਇਸ ਦੇ ਲਈ ਮੇਰਾ ਸੁਝਾਵ ਹੈ ਕਿ ਪੁਲਿਸ ਦੀ ਜਿਹੜੀ ਵਰਕਿੰਗ ਹੈ ਇਸ ਨੂੰ 2 ਹਿੱਸਿਆਂ ਵਿਚ ਵੰਡ ਦੇਣਾ ਚਾਹੀਦਾ ਹੈ—ਇਕ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਲਈ ਅਤੇ ਦੂਜੀ ਇਨਵੈਸਟੀਗੇਸ਼ਨ ਨੂੰ ਮੇਨਟੇਨ ਕਰਨ ਵਾਸਤੇ । ਮੈਂ ਵੇਖਿਆ ਹੈ ਕਿ ਪੁਲਿਸ ਜਿਹੜੀ ਹੈ ਇਹ ਕਈ ਨਜਾਇਜ਼ ਤਰੀਕੇ ਇਸਤੇਮਾਲ ਕਰ ਲੈਂਦੀ ਹੈ ਅਤੇ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰਦੀ । ਇਸ ਲਈ ਜੇ ਇਸ ਪੁਲਿਸ ਦੇ 2 ਹਿਸੇ ਕਰ ਦਿੱਤੇ ਜਾਣ ਤਾਂ ਇਸ ਪੁਲਿਸ ਦੇ ਕੰਮ ਵਿਚ ਸੁਧਾਰ ਆ ਸਕਦਾ ਹੈ ਅਤੇ ਇਸ ਦਾ ਕੰਮ ਚੰਗੀ ਤਰ੍ਹਾਂ ਚਲ ਸਕਦਾ ਹੈ ।

ਦੂਜਾ ਪੁਆਇੰਟ ਜਿਹੜਾ ਮੈਂ ਰਖਣਾ ਚਾਹੁੰਦਾ ਹਾਂ ਉਹ ਹੈ ਇੰਡਸਟਰੀ ਦੇ ਬਾਰੇ ਵਿਚ । ਜਿਹੜੀਆਂ ਵੀ ਇੰਡਸਟਰੀ ਦੇ ਲਈ ਸਕੀਮਾਂ ਬਣਾਈਆਂ ਜਾ ਰਹੀਆਂ ਹਨ ਉਹ ਬੜੀਆਂ ਸ਼ਲਾਘਾਯੋਗ ਹਨ । ਲੇਕਿਨ ਮੈਂ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੀ ਇੰਡਸਟਰੀ ਅਤੇ ਪੰਜਾਬ ਦੀ ਜਿਹੜੀ ਸਿਲਕ ਇੰਡਸਟਰੀ ਹੈ ਇਹ ਬੜੀ ਬੈਕਵਰਡ ਜਾ ਰਹੀ ਹੈ ਅਤੇ ਹੋਰ ਵੀ ਜਿਹੜੀਆਂ ਇੰਡਸਟਰੀਆਂ ਹਨ ਉਨ੍ਹਾਂ ਨੂੰ ਆਪਣੀ ਪਰੋਡਕਸ਼ਨ ਬਜ਼ਾਰ ਵਿਚ ਵੇਚਣ ਲਈ ਬੜੀ ਮੁਸ਼ਕਲ ਹੁੰਦੀ ਹੈ । ਇਸ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰ ਦੀ ਤਰਫੋਂ ਪਰਚੇਜ਼ਿੰਗ ਸੈਂਟਰ ਖੋਲ੍ਹੇ ਜਾਣ । ਉਨ੍ਹਾਂ ਇੰਡਸਟਰੀਜ਼ ਨੂੰ ਰਾਅ ਮੈਟਰੀਅਲ ਜਿਹੜਾ ਹੈ ਉਹ ਸਪਲਾਈ ਕੀਤਾ ਜਾਵੇ । ਇੰਡਸਟਰੀ ਵਿਚ ਜਿਹੜਾ ਗਰੀਬ ਤਬਕਾ ਹੈ ਉਹ ਇਸੇ ਕਰਕੇ ਪਿਛੇ ਰਹਿ ਜਾਂਦਾ ਹੈ ਕਿਉਂਕਿ ਉਸ ਪਾਸ ਮੈਟੀਰੀਅਲ ਪੂਰਾ ਨਹੀਂ ਹੁੰਦਾ । ਇਸ ਲਈ ਮੇਰਾ ਇਹ ਸੁਝਾਵ ਹੈ ਕਿ ਇਕ ਤਾਂ ਰਾਅ ਮੈਟੀਰੀਅਲ ਦਿੱਤਾ ਜਾਵੇ ਅਤੇ ਦੂਸਰਾ ਜਿਹੜਾ ਉਨ੍ਹਾਂ ਦਾ ਮਾਲ ਹੈ, ਜਿਹੜੀ ਉਨ੍ਹਾਂ ਦੀ ਪਰੋਡਕਸ਼ਨ ਹੈ ਉਸ ਦੇ ਵਾਸਤੇ ਪਰਚੇਜ਼ਿੰਗ ਸੈਂਟਰ ਖੋਲ੍ਹਣੇ ਚਾਹੀਦੇ ਹਨ, ਇਸ ਤਰੀਕੇ ਨਾਲ ਇਹ ਜਿਹੜੇ ਇੰਡਸਟਰੀ ਦੇ ਮਸਲੇ ਹਨ, ਇਹ ਹੱਲ ਹੋ ਜਾਣਗੇ, ਖਾਸ ਕਰਕੇ ਇਹ ਪਰਚੇਜ਼ਿੰਗ ਸੈਂਟਰ ਅੰਮ੍ਰਿਤਸਰ ਵਿਚ ਜ਼ਰੂਰ ਖੁਲ੍ਹਣਾ ਚਾਹੀਦਾ ਹੈ ਇਸ ਨਾਲ ਉਥੋਂ ਦੀ ਜਿਹੜੀ ਇੰਡਸਟਰੀ ਹੋਵੇਗੀ ਉਹ ਅੱਗੇ ਜਾ ਸਕੇਗੀ ।

ਤੀਸਰਾ ਪੁਆਇੰਟ ਜੋ ਮੈਂ ਕਹਿਣਾ ਚਾਹੁੰਦਾ ਹਾਂ ਉਹ ਹੈ ਹਾਊਸ ਸਾਈਟਸ ਦੇ ਬਾਰੇ ਵਿਚ । ਸਾਡੀ ਸਰਕਾਰ ਵਲੋਂ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਜਿਨ੍ਹਾਂ ਵਲੋਂ ਦਰਖਾਸਤਾਂ ਆਈਆਂ ਸਨ ਉਨ੍ਹਾਂ ਨੂੰ ਮਕਾਨ ਦਿੱਤਾ ਜਾਵੇ ਔਰ ਦਿੱਤੇ ਵੀ ਹਨ । ਮਗਰ ਸ਼ਹਿਰ ਵਾਲਿਆਂ ਲਈ ਕੋਈ ਕਦਮ ਨਹੀਂ ਚੁੱਕੇ ਗਏ । ਇਹ ਠੀਕ ਹੈ ਕਿ ਸ਼ਹਿਰਾਂ ਵਿਚ ਜ਼ਮੀਨ

Original with;
Punjab Vidhan Sabha
Digitized by;
Panjab Digital Library

ਦੀ ਕੀਮਤ ਜ਼ਿਆਦਾ ਹੋਣ ਕਰਕੇ ਅੜਚਨਾਂ ਪੈ ਸਕਦੀਆਂ ਹਨ ਲੇਕਿਨ ਜੇ ਇਕ ਵਾਰ ਸਰਕਾਰ ਸ਼ਹਿਰ ਦੇ ਲੋਕਾਂ ਤੋਂ ਖੁਲ੍ਹੀਆਂ ਐਪਲੀਕੇਸ਼ਨਾਂ ਮੰਗਵਾ ਲਵੇ ਤਾਂ ਇਸ ਪਰਾਬਲਮ ਦਾ ਜ਼ਰੂਰ ਕੋਈ ਨਾ ਕੋਈ ਹੱਲ ਨਿਕਲ ਆਵੇਗਾ। ਇਸ ਨਾਲ ਇਹ ਵੀ ਪਤਾ ਲਗ ਜਾਵੇਗਾ ਕਿ ਹਰ ਸ਼ਹਿਰ ਵਿਚ ਕਿੰਨੇ ਬੇਘਰ ਲੋਕ ਬੈਠੇ ਹਨ ਅਤੇ ਉਨ੍ਹਾਂ ਵਾਸਤੇ ਭਾਵੇਂ ਹਾਊਸਿੰਗ ਬੋਰਡ ਰਾਹੀਂ ਜਾਂ ਭਾਵੇਂ ਇੰਪਰੂਵਮੈਂਟ ਟਰੱਸਟ ਰਾਹੀਂ ਕਿਸ ਤਰ੍ਹਾਂ ਪਲਾਟ ਦਿੱਤੇ ਜਾ ਸਕਦੇ ਹਨ। ਇਸ ਦੇ ਨਾਲ ਜਿਹੜੇ ਸਲੱਮ ਏਰੀਏ ਹਨ ਉਹ ਵੀ ਸਾਫ਼ ਹੋ ਜਾਣਗੇ। ਸ਼ਹਿਰਾਂ ਵਿਚ ਜੋ ਗਰੀਬ ਮਜ਼ਦੂਰ ਰਹਿੰਦੇ ਹਨ, ਗਰੀਬ ਲੋਕ ਰਹਿੰਦੇ ਹਨ, ਉਹ ਇਹ ਨਹੀਂ ਕਹਿਣਗੇ ਕਿ ਦਿਹਾਤਾਂ ਵਿਚ ਪਲਾਟ ਇਸ ਲਈ ਦਿੱਤੇ ਗਏ ਹਨ ਕਿਉਂਕਿ ਉਥੇ ਜ਼ਮੀਨ ਪਈ ਸੀ। ਇਸ ਲਈ ਮੈਨੂੰ ਆਸ ਹੈ ਕਿ ਸਾਡੀ ਸਰਕਾਰ ਸ਼ਹਿਰਾਂ ਵਿਚੋਂ ਵੀ ਖੁਲ੍ਹੀਆਂ ਅਰਜ਼ੀਆਂ ਮੰਗਵਾ ਕੇ ਇਸ ਪਰਾਬਲਮ ਨੂੰ ਸੈਟਲ ਕਰਨ ਦੀ ਕੋਸ਼ਿਸ਼ ਕਰੇਗੀ।

ਜਿਥੋਂ ਤਕ ਐਂਪਲਾਇਮੈਂਟ ਦਾ ਤੁਅੱਲਕ ਹੈ ਇਹ ਗਲ ਬੜੀ ਅੱਛੀ ਹੈ ਕਿ ਉਨ੍ਹਾਂ ਨੂੰ ਟੈਕਨੀਕਲ ਐਜੂਕੇਸ਼ਨ ਦਿੱਤੀ ਜਾ ਰਹੀ ਹੈ। ਮਗਰ ਜਿਥੋਂ ਤਕ ਅਨਐਂਪਲਾਇਮੈਂਟ ਦਾ ਤੁਅੱਲਕ ਹੈ, ਇਸ ਨੂੰ ਦੂਰ ਕਰਨ ਦਾ ਸਭ ਤੋਂ ਵਡਾ ਤਰੀਕਾ ਇਹ ਹੈ ਕਿ ਇੰਡਸਟਰੀ ਵਿਚ ਵਾਧਾ ਕੀਤਾ ਜਾਵੇ, ਇਸ ਨਾਲ ਜਿੰਨੇ ਵੀ ਪੜ੍ਹੇ ਲਿੱਖੇ ਲੋਕ ਬੇਕਾਰ ਹਨ ਉਨ੍ਹਾਂ ਨੂੰ ਰੋਜ਼ਗਾਰ ਮਿਲੇਗਾ। ਇਸ ਦੇ ਵਾਸਤੇ ਜਿਸ ਤਰ੍ਹਾਂ ਮੈਂ ਪਹਿਲੇ ਅਰਜ਼ ਕੀਤੀ ਹੈ ਕਿ ਇਹ ਇੰਡਸਟਰੀ ਤਦ ਹੀ ਵੱਧ ਸਕਦੀ ਹੈ ਜੇ ਸਰਕਾਰ ਪਰਚੇਜ਼ਿੰਗ ਸੈਂਟਰ ਖੋਲ੍ਹੇ ਔਰ ਪੜ੍ਹੇ ਲਿਖੇ ਆਦਮੀਆਂ ਨੂੰ ਇਸ ਗਲ ਦਾ ਵਿਸ਼ਵਾਸ਼ ਦਿਵਾਏ ਕਿ ਉਹ ਇੰਡਸਟਰੀ ਲਾਕੇ ਜਿਹੜੀ ਵੀ ਪਰੋਡਕਸ਼ਨ ਕਰਨਗੇ, ਉਹ ਮਾਲ ਸਰਕਾਰ ਆਪ ਚੁਕੇਗੀ। ਇਸ ਤਰੀਕੇ ਨਾਲ ਲੋਕਾਂ ਦੀ ਭਾਵਨਾ ਇੰਡਸਟਰੀ ਲਾਉਣ ਵਲ ਜਾਵੇਗੀ ਅਤੇ ਬੇਰੁਜ਼ਗਾਰੀ ਵੀ ਦੂਰ ਹੋਵੇਗੀ।

ਜਿਥੋਂ ਤਕ ਸ਼ਡਿਊਲਡ ਕਾਸਟਸ ਦਾ ਤੁਅਲਕ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਇਸ ਬਾਰੇ ਬਹੁਤ ਗਲਾਂ ਕੀਤੀਆਂ ਗਈਆਂ ਹਨ। ਇਸ ਸਬੰਧ ਵਿਚ ਮੈਂ ਆਪਣੀ ਇਕ ਰਾਏ ਤੁਹਾਡੇ ਰਾਹੀਂ ਸਰਕਾਰ ਤਕ ਪਹੁੰਚਾਉਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ 50% ਹਰੀਜਨਾਂ ਵਾਸਤੇ ਰਿਜ਼ਰਵੇਸ਼ਨ ਰਖੀ ਹੈ, ਮੈਂ ਇਸ ਵਾਸਤੇ ਇਹ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਉਸ ਰਿਜ਼ਰਵੇਸ਼ਨ ਵਿਚ 50% ਰਿਜ਼ਰਵੇਸ਼ਨ ਸਿਰਫ਼ ਉਨ੍ਹਾਂ ਆਦਮੀਆਂ ਲਈ ਕਰ ਦਿੱਤੀ ਜਾਵੇ ਜਿਹੜੇ ਕਿ ਸ਼ਡਿਊਲਡ ਕਾਸਟਸ ਵਿਚ ਇਕਨੌਮੀਕਲੀ ਬੈਕਵਰਡ ਹਨ। ਇਸ ਨਾਲ ਜਿਹੜੇ ਉਨ੍ਹਾਂ ਵਿਚ ਬਹੁਤ ਇਕਨੌਮੀਕਲੀ ਪਛੜੇ ਹੋਏ ਹਨ, ਉਨ੍ਹਾਂ ਨੂੰ ਫਾਇਦਾ ਹੋਵੇਗਾ (ਘੰਟੀ)

ਅੰਤ ਵਿਚ ਡਿਪਟੀ ਸਪੀਕਰ ਸਾਹਿਬ, ਮੈਂ ਇਕ ਸੇਲਜ਼ ਟੈਕਸ ਦੇ ਬਾਰੇ ਗਲ ਕਰਨੀ ਚਾਹੁੰਦਾ ਹਾਂ। ਇਸ ਸਬੰਧ ਵਿਚ ਇਕ ਕਮੇਟੀ ਵੀ ਬਣਾਈ ਗਈ ਸੀ ਅਤੇ ਉਸ ਕਮੇਟੀ ਨੇ ਕੁਝ ਰਿਕਮੈਂਡੇਸ਼ਨਜ਼ ਵੀ ਪੰਜਾਬ ਸਰਕਾਰ ਨੂੰ ਕੀਤੀਆਂ ਹਨ, ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਿਫ਼ਾਰਸ਼ਾਂ ਕਮੇਟੀ ਦੀਆਂ ਮੰਨ ਲੈਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਹੀ ਜਿਹੜੇ ਦਫ਼ਤਰਾਂ ਵਿਚ ਟੈਕਸ ਜਮ੍ਹਾਂ ਕਰਾਉਣ ਲਈ ਲੋਕ ਜਾਂਦੇ ਹਨ ਉਥੇ ਉਨ੍ਹਾਂ ਦੇ ਬੈਠਣ ਵਾਸਤੇ ਕੋਈ ਜਗ੍ਹਾ ਨਹੀਂ ਹੁੰਦੀ। ਪਿਛਲੀ ਵਾਰ ਇਹ ਫੈਸਲਾ ਵੀ ਹੋਇਆ ਸੀ ਕਿ ਉਨ੍ਹਾਂ ਦੇ ਬੈਠਣ ਵਾਸਤੇ ਪ੍ਰਬੰਧ ਜ਼ਰੂਰ ਕੀਤਾ ਜਾਵੇਗਾ ਅਤੇ ਇਸ ਦੇ ਨਾਲ ਹੀ ਉਨ੍ਹਾਂ ਵਾਸਤੇ ਟਾਈਮ ਵੀ ਮੁਕੱਰਰ ਕੀਤਾ ਜਾਵੇਗਾ। ਪਰ ਹੁਣ ਤੱਕ ਇਸ ਤੇ ਅਮਲ ਨਹੀਂ ਹੋਇਆ (ਘੰਟੀ)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ ।

**ਸ਼੍ਰੀ ਪ੍ਰਤਾਪ ਚੰਦ ਭੰਡਾਰੀ** : ਸੱਭ ਤੋਂ ਅਖ਼ੀਰ ਤੇ ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੀ ਜੋ ਕਣਕ ਹੈ ਇਹ ਸੈਂਟਰ ਪੂਲ ਵਿਚ 105/– ਰੁਪਏ ਦੇ ਭਾਅ ਦਿੱਤੀ ਗਈ ਸੀ ਪਰ ਪੰਜਾਬ ਦੇ ਵਿਚ ਹੁਣ 137/- ਰੁਪਏ ਤੋਂ ਘੱਟ ਨਹੀਂ ਮਿਲਦੀ । ਇਹ ਜਿਹੜਾ 32/- ਰੁਪਏ ਦਾ ਡਿਫਰੈਂਸ ਹੈ ਇਹ ਬਹੁਤ ਜ਼ਿਆਦਾ ਹੈ । ਜੋ ਵਡੇ ਜ਼ਿਮੀਂਦਾਰ ਨੇ ਉਹ ਆਪਣੀ ਕਣਕ ਇਸ ਵੇਲੇ 136/- ਰੁਪਏ ਦੇ ਭਾਅ ਵੇਚ ਰਹੇ ਹਨ । ਇਸ ਤਰੀਕੇ ਨਾਲ ਗਰੀਬ ਜ਼ਿਮੀਂਦਾਰ ਨੂੰ ਤਾਂ ਬਹੁਤ ਨੁਕਸਾਨ ਹੋਇਆ ਹੈ ਅਤੇ ਵਡੇ ਜ਼ਿਮੀਦਾਰ ਬਹੁਤ ਕਮਾ ਰਹੇ ਹਨ । (ਘੰਟੀ) ਬੱਸ ਜੀ, ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਡਿਫਰੈਂਸ ਹੈ ਇਹ ਬਹੁਤ ਜ਼ਿਆਦਾ ਹੈ, ਇਸ ਲਈ ਸਾਡੀ ਸਰਕਾਰ ਨੂੰ ਇਸ ਵਲ ਵੀ ਖਾਸ ਧਿਆਨ ਦੇਣਾ ਚਾਹੀਦਾ ਹੈ ।

**ਸ਼੍ਰੀ ਕੇਸ਼ੋ ਰਾਮ ਗੋਇਲ** (ਬਠਿੰਡਾ) : ਡਿਪਟੀ ਸਪੀਕਰ ਸਾਹਿਬ, ਜੋ ਬਹਿਸ ਬਜਟ ਤੇ ਇਥੇ ਮੈਂਬਰ ਸਾਹਿਬਾਨ ਵਲੋਂ ਕੀਤੀ ਗਈ ਹੈ ਉਸ ਤੇ ਵੱਧ ਤੋਂ ਵੱਧ ਮੈਂਬਰਾਂ ਵਲੋਂ ਸਾਡੀ ਸਰਕਾਰ ਨੂੰ ਪ੍ਰਸ਼ੰਸ਼ਾ ਮਿਲੀ ਹੈ ਅਤੇ ਮੈਂ ਵੀ ਇਸ ਦੀ ਪ੍ਰਸ਼ੰਸ਼ਾ ਕਰਦਾ ਹਾਂ ।

ਇਥੇ ਇਕ ਗਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਭਾਵੇਂ ਐਗਰੀਕਲਚਰ ਵਿਚ ਜਿੰਨੀ ਮਰਜ਼ੀ ਆਏ ਪਰੋਡਕਸ਼ਨ ਵਧਾ ਲਓ, ਇੰਡਸਟਰੀ ਜਿੰਨੀ ਚਾਹੋ ਲਾ ਲਓ ਪਰ ਉਦੋਂ ਤਕ ਦੇਸ਼ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ ਜਦੋਂ ਤਕ ਕਿ ਫੈਮਿਲੀ ਪਲੈਨਿੰਗ ਕੰਪਲਸਰੀ ਨਹੀਂ ਕੀਤੀ ਜਾਂਦੀ । ਮੁਲਕ ਦੇ ਮਸਲਿਆਂ ਨੂੰ ਹੱਲ ਕਰਨ ਵਾਸਤੇ ਫੈਮਿਲੀ ਨੂੰ ਛੋਟਾ ਕਰਨਾ ਬਹੁਤ ਜ਼ਰੂਰੀ ਹੈ । ਮੈਂ ਤਾਂ ਇਹ ਕਹਿੰਦਾ ਹਾਂ ਕਿ ਅਬਾਦੀ ਨੂੰ ਘੱਟ ਕਰਨ ਲਈ ਕਿਸੇ ਵੀ ਆਦਮੀ ਨੂੰ 2 ਬੱਚਿਆਂ ਤੋਂ ਵੱਧ ਬੱਚੇ ਪੈਦਾ ਕਰਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ ਅਤੇ ਜੇ ਕਿਸੇ ਦੇ 2 ਤੋਂ ਵੱਧ ਬੱਚੇ ਹੋਣ ਤਾਂ ਉਸ ਤੇ ਟੈਕਸ ਲਾ ਦਿੱਤਾ ਜਾਵੇ (ਹਾਸਾ)

ਡਿਪਟੀ ਸਪੀਕਰ ਸਾਹਿਬ, ਹੁਣ ਮੈਂ 20 ਪੁਆਇੰਟ ਪ੍ਰੋਗਰਾਮ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਇਸ ਦੇ ਲਾਗੂ ਹੋਣ ਨਾਲ ਕਾਫ਼ੀ ਬੇਜ਼ਮੀਨਿਆਂ ਨੂੰ ਪਲਾਟ ਦਿੱਤੇ ਗਏ ਹਨ ।

ਮੇਰੇ ਕਮਿਊਨਿਸਟ ਵੀਰ ਇਕ ਰੈਜ਼ੋਲਿਊਸ਼ਨ ਲਿਆਏ ਕਿ 15 ਕਰੋੜ ਰੁਪਏ ਲਗਾ ਕੇ ਪਲਾਟਾਂ ਵਾਲਿਆਂ ਨੂੰ ਮਕਾਨ ਬਣਾ ਕੇ ਦਿਤੇ ਜਾਣ । ਮੈਂ ਸਮਝਦਾ ਹਾਂ ਕਿ ਇਨ੍ਹਾਂ ਗਲਾਂ ਨਾਲ ਗਰੀਬ ਸੈਕਸ਼ਨ ਜਿਹੜਾ ਹੈ ਉਹ ਐਕਸਪਲਾਇਟ ਹੋ ਜਾਂਦਾ ਹੈ । ਇਹ ਠੀਕ ਹੈ ਕਿ ਆਪਾਂ ਤਾਂ ਉਨ੍ਹਾਂ ਦੇ ਭਲੇ ਦੀ ਗਲ ਕਰਦੇ ਹਾਂ ਪਰ ਜਿਹੜੀਆਂ ਰੀਐਕਸ਼ਨਰੀ ਫੋਰਸਿਜ਼ ਹਨ ਉਹ ਉਨ੍ਹਾਂ ਨੂੰ ਐਕਸਪਲਾਇਟ ਕਰਦੀਆਂ ਹਨ । ਕਾਂਗਰਸ ਪਾਰਟੀ ਸੰਨ 1885 ਤੋਂ ਜਦੋਂ ਤੋਂ ਇਹ ਐਸਟੈਬਲਿਸ਼ ਹੋਈ ਹੈ, ਇਸ ਦਾ ਅਸੂਲ ਹੈ ਕਿ ਗਲਤ ਵਾਇਦਾ ਨਾ ਕੀਤਾ ਜਾਵੇ । ਜੋ ਗੱਲ ਕਹੀ ਜਾਵੇ ਉਹ ਪੂਰੀ ਕੀਤੀ ਜਾਵੇ । 20 ਨੁਕਾਤੀ ਪ੍ਰੋਗਰਾਮ ਵਿਚ ਦਿਤਾ ਹੋਇਆ ਹੈ ਕਿ ਬੇਘਰਿਆਂ ਨੂੰ ਜਗ੍ਹਾ ਦਿਆਂਗੇ ਲੇਕਿਨ ਜਿਹੜਾ ਮਕਾਨ ਬਣਾਉਣ ਵਾਲਾ ਕੰਮ ਹੈ ਉਹ ਤਾਂ ਇਕ ਜਾਂ ਦੋ ਸਾਲਾਂ ਵਿਚ ਹੋਣ ਵਾਲਾ ਨਹੀਂ ਹੈ । ਇਸ ਲਈ ਅਗਰ ਕੋਈ ਗਲ ਕਹਿ ਦਿਉ ਤਾਂ ਰਿਐਕਸ਼ਨਰੀ ਫੋਰਸਿਜ਼ ਉਨ੍ਹਾਂ ਗਰੀਬ ਲੋਕਾਂ ਨੂੰ ਐਕਸਪਲਾਇਟ ਕਰਦੀਆਂ ਹਨ । ਅਗਰ ਕੋਈ ਵਾਇਦਾ ਕਰ ਲਵੇ ਔਰ ਪੂਰਾ ਨਾ ਹੋ ਸਕੇ ਤਾਂ ਰਿਐਕਸ਼ਨਰੀ ਫੋਰਸਿਜ਼ ਔਰ

Original with;
Punjab Vidhan Sabha
Digitized by;
Panjab Digital Library

ਕਮਿਊਨਿਲ ਫੋਰਸਿਜ਼ ਨੇ ਜਿਸ ਤਰ੍ਹਾਂ ਕਿ ਹਿੰਦੁਸਤਾਨ ਦਾ ਪਹਿਲਾਂ ਹੀ ਬਹੁਤ ਨੁਕਸਾਨ ਕਰ ਦਿਤਾ ਹੈ, ਉਹ ਹੋਰ ਵੀ ਕਰਨਗੀਆਂ । ਪਹਿਲਾਂ ਹਿੰਦੁਸਤਾਨ ਦਾ ਵੀ ਨੁਕਸਾਨ ਹੋਇਆ ਔਰ ਪੰਜਾਬ ਦਾ ਵੀ ਹੋਇਆ । ਅਗਰ ਲੋਕ ਉਨ੍ਹਾਂ ਦੇ ਹੱਥਾਂ ਵਿਚ ਖੇਲ੍ਹਦੇ ਗਏ ਤਾਂ ਪੰਜਾਬ ਦਾ ਹੋਰ ਬੜਾ ਨੁਕਸਾਨ ਹੋਵੇਗਾ । ਮੈਂ ਕਹਾਂਗਾ ਕਿ ਕੋਈ ਵੀ ਐਗਜ਼ੈਗਰੇਟਿਡ ਗਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਕਿ ਰਿਐਕਸ਼ਨਰੀ ਫੋਰਸਿਜ ਪਾਸੋਂ ਲੋਕ ਐਕਸਪਲਾਇਟ ਹੋ ਜਾਣ ।

ਡਿਪਟੀ ਸਪੀਕਰ ਸਾਹਿਬ, ਜੇਕਰ ਮੁਲਕ ਵਿਚੋਂ ਗਰੀਬੀ ਕੱਢਣੀ ਹੈ ਤਾਂ ਇਸ ਦਾ ਇਕੋ ਹੀ ਹਲ ਹੈ ਕਿ ਪ੍ਰੋਡਕਸ਼ਨ ਵਧਾ ਦਿਤੀ ਜਾਵੇ, ਫੈਮਿਲੀ ਪਲਾਨਿੰਗ ਲਾਗੂ ਕਰ ਦਿਤੀ ਜਾਵੇ । ਪੰਜਾਬ ਸਰਕਾਰ ਨੇ 90 ਕਰੋੜ ਰੁਪਿਆ ਬਿਜਲੀ ਵਾਸਤੇ ਰੱਖਿਆ ਹੈ ਜਿਹੜੀ ਕਿ ਪ੍ਰੋਡਕਸ਼ਨ ਨੂੰ ਵਧਾਉਣ ਵਿਚ ਵੱਧ ਤੋਂ ਵੱਧ ਸਹਾਇਤਾ ਕਰਦੀ ਹੈ । ਸਾਨੂੰ 2000 ਮੈਗਾਵਾਟਸ ਬਿਜਲੀ ਦੀ ਸੰਨ 1980 ਵਿਚ ਲੋੜ ਹੋਵੇਗੀ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਸੰਨ 1981 ਤਕ ਜਾਂ 1982 ਤਕ ਜੋ ਟਾਰਗੇਟ ਹਨ ਉਨ੍ਹਾਂ ਨੂੰ ਹੁਣੇ ਹੀ ਇਸ ਨਿਗਾਹ ਨਾਲ ਵੇਖ ਕੇ ਪਲਾਨਿੰਗ ਕੀਤੀ ਜਾਵੇ । ਕੁਝ ਮੈਂ ਡਿਪਟੀ ਸਪੀਕਰ ਸਾਹਿਬ, ਆਪਣੀ ਕਾਨਸਟੀ-ਚਿਊਐਂਸੀ ਦੀ ਗਲ ਕਰਨੀ ਚਾਹੁੰਦਾ ਹਾਂ (ਘੰਟੀ) ਦੋ ਮਿੰਟਾਂ ਵਿਚ ਹੀ ਕਰ ਲੈਣੀ ਹੈ ।

**ਸ੍ਰੀ ਡਿਪਟੀ ਸਪੀਕਰ :** ਕਾਨਸਟੀਚਿਊਐਂਸੀ ਦੀ ਗਲ ਅਲੈਹਦਾ ਕਰ ਲੈਣਾ ।

**ਸ੍ਰੀ ਪ੍ਰੇਮ ਗੁਪਤਾ :** ਇਨ੍ਹਾਂ ਨੂੰ ਬੋਲ ਲੈਣ ਦਿਓ ਜੀ, ਤੁਸੀਂ ਟਾਈਮ ਐਕਸਟੈਂਡ ਕਰ ਦਿਉ ।

**ਸ੍ਰੀ ਕੇਸ਼ੋ ਰਾਮ ਗੋਇਲ :** ਡਿਪਟੀ ਸਪੀਕਰ ਸਾਹਿਬ, ਬਠਿੰਡਾ ਜਿਹੜਾ ਕਿ ਡਿਵੈਲਪ ਹੋ ਰਿਹਾ ਹੈ ਉਥੇ ਦੀ ਆਬਾਦੀ ਸੰਨ 1970 ਦੇ ਸੈਂਸਿਜ਼ ਦੇ ਮੁਤਾਬਿਕ 65 ਹਜ਼ਾਰ ਸੀ । ਹੁਣ ਸੰਨ 1981 ਜਦੋਂ ਹੋਵੇਗਾ ਤਾਂ ਫਿਰ ਸੈਂਸਿਜ ਹੋਵੇਗੀ । ਉਥੇ ਜਿਹੜੇ ਮੁਲਾਜ਼ਮ ਹਨ ਉਨ੍ਹਾਂ ਨੂੰ ਹਾਊਸ ਰੈਂਟ ਘੱਟ ਮਿਲਦਾ ਹੈ ਔਰ ਉਹ ਖਰਚੇ ਵਾਲਾ ਸ਼ਹਿਰ ਹੈ। ਸਰਕਾਰੀ ਹਾਊਸ ਵੀ ਮਿਲਦਾ ਨਹੀਂ ਹੈ । ਇਸ ਲਈ ਮੈਂ ਕਹਾਂਗਾ ਕਿ ਜਿਸ ਤਰ੍ਹਾਂ ਗੌਰਮਿੰਟ ਪੈਟਰਨ ਉਤੇ $12\frac{1}{2}\%$ ਰੋਪੜ ਵਿਚ ਕੀਤਾ ਹੈ, ਹੋਰ ਜਗਾਹ ਉਤੇ ਕੀਤਾ ਹੈ ਉਸੇ ਤਰ੍ਹਾਂ ਹੀ ਬਠਿੰਡੇ ਵਿਚ ਵੀ ਕੀਤਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਬਠਿੰਡਾ ਪਾਣੀ ਦੇ ਲਿਹਾਜ਼ ਨਾਲ ਵੀ ਬੈਕਵਰਡ ਹੈ । ਉਥੇ ਪੀਣ ਦਾ ਪਾਣੀ ਮਾੜਾ ਹੈ । ਆਬਪਾਸ਼ੀ ਲਈ ਵੀ ਪਾਣੀ ਠੀਕ ਨਹੀਂ ਹੈ । ਇਸ ਲਈ ਮੈਂ ਪੰਜਾਬ ਸਰਕਾਰ ਪਾਸ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਡਿਸਟ੍ਰਿਕਟ ਬਠਿੰਡਾ ਨੂੰ ਜਿਸ ਤਰ੍ਹਾਂ ਕਿ ਪਹਾੜੀ ਏਰੀਆ ਵਿਚ ਪੀਣ ਦੇ ਪਾਣੀ ਦਾ ਇੰਤਜ਼ਾਮ ਕੀਤਾ ਗਿਆ ਹੈ, ਉਸੇ ਤਰ੍ਹਾਂ ਹੀ ਪਾਣੀ ਪੀਣ ਵਾਸਤੇ ਵੀ ਦਿਤਾ ਜਾਣਾ ਚਾਹੀਦਾ ਹੈ । ਉਥੇ ਆਬਪਾਸ਼ੀ ਦਾ ਵੀ ਇੰਤਜ਼ਾਮ ਠੀਕ ਨਹੀਂ ਹੈ । ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕੋਈ ਇਕ ਸਾਲ ਲਈ ਜਾਂ ਦੋ ਸਾਲਾਂ ਲਈ ਪਲਾਨ ਬਣਾ ਕੇ ਬਠਿੰਡੇ ਵਾਸਤੇ ਪੀਣ ਵਾਲੇ ਪਾਣੀ ਦਾ ਇੰਤਜ਼ਾਮ ਕੀਤਾ ਜਾਵੇ । ਆਬਪਾਸ਼ੀ ਵਾਸਤੇ ਖਾਲਾਂ ਜਿਹੜੀਆਂ ਹਨ ਉਨ੍ਹਾਂ ਨੂੰ ਪੱਕਿਆਂ ਕਰ ਦਿਤਾ ਜਾਵੇ । (ਘੰਟੀ) ਡਿਪਟੀ ਸਪੀਕਰ ਸਾਹਿਬ ਇਹ ਉਸ ਇਲਾਕੇ ਦੇ ਲੋਕਾਂ ਨਾਲ ਧਕਾ ਹੋਇਆ ਸੀ ਜਿਹੜਾ ਕਿ ਸਰਹੰਦ ਨਹਿਰ ਦਾ ਪਾਣੀ ਵੀ ਉਸ ਇਲਾਕੇ ਨੂੰ ਹੁਣ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਕੇਸ਼ੋ ਰਾਮ ਗੋਇਲ]

ਨਹੀਂ ਦਿੱਤਾ ਜਾ ਰਿਹਾ। ਪਹਿਲਾਂ ਜਿਹੜੀ ਬੇਟ ਨਹਿਰ ਸੀ ਉਹ ਛਿਮਾਹੀ ਚਲਦੀ ਸੀ ਪਰ ਹੁਣ ਉਹ ਸਾਲ ਭਰ ਲਈ ਕਰ ਦਿਤੀ ਹੈ। ਡਿਪਟੀ ਸਪੀਕਰ ਸਾਹਿਬ, ਉਸ ਇਲਾਕੇ ਵਿਚ ਤਾਂ ਟਿਊਬਵੈੱਲ ਚਲਦੇ ਹਨ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਹੋਈ ਬੇਇਨਸਾਫੀ ਨੂੰ ਵੀ ਠੀਕ ਕੀਤਾ ਜਾਵੇ। ਡੀਪ ਟਿਊਬਵੈੱਲਜ਼ ਲਗਾ ਕੇ ਜ਼ਿਲ੍ਹਾ ਬਠਿੰਡਾ ਨੂੰ ਪਾਣੀ ਵਲੋਂ ਪਛੜਿਆ ਨਹੀਂ ਰਹਿਣ ਦੇਣਾ ਚਾਹੀਦਾ। ਬੱਸ ਜੀ, ਮੈਂ ਇਤਨਾ ਕਹਿ ਕੇ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਬੇਅੰਤ ਸਿੰਘ (ਪਾਇਲ)** : ਡਿਪਟੀ ਸਪੀਕਰ ਸਾਹਿਬ, ਬੱਜਟ ਉਤੇ ਬਹਿਸ ਹੋ ਚੁਕੀ ਹੈ। ਇਹ ਬਿੱਲ ਸਿਰਫ ਛੋਟਾ ਜਿਹਾ ਲਿਆਂਦਾ ਹੈ ਲੇਕਿਨ ਇਸ ਦੀ ਬੜੀ ਭਾਰੀ ਅਹਿਮੀਅਤ ਹੈ। ਕਿਉਂਕਿ 10,78,79,22,000 ਰੁਪਿਆ ਜਿਹੜਾ ਹੈ ਕੰਸਾਲੀਡੇਟਿਡ ਫੰਡ ਵਿਚੋਂ ਮੰਗਿਆ ਹੈ। ਇਹ ਸਰਕਾਰ ਨੇ ਮੰਗਿਆ ਹੈ ਔਰ ਅਸੈਂਬਲੀ ਨੇ ਪਾਸ ਕਰਨਾ ਹੈ। ਇਸ ਦੇ ਵਿਚ ਮੈਂ ਇਹ ਅਰਜ ਕਰਨੀ ਚਾਹੁੰਦਾ ਹਾਂ ਕਿ ਇਸ ਬਜਟ ਦੇ ਵਿਚ ਬੜੀਆਂ ਬੜੀਆਂ ਚੰਗੀਆਂ ਗੱਲਾਂ ਕਹੀਆਂ ਜਾ ਚੁਕੀਆਂ ਹਨ। ਹੁਣ ਤਾਂ ਮੈਂ ਇਕ ਹੀ ਗਲ ਕਹਾਂਗਾ ਕਿ ਡਿਮਾਂਡ ਨੰ: 21 ਵਿਚ ਪਹਿਲਾਂ ਜੋ ਲੇਬਰ ਦੇ ਉਤੇ ਅਤੇ ਐਂਪਲਾਇਮੈਂਟ ਦੇ ਉਤੇ ਖਰਚਣ ਲਈ ਪੈਸੇ ਰਖੇ ਹਨ। ਉਸ ਵਾਸਤੇ ਇੰਬੀਸ਼ੀਅਸ ਪ੍ਰੋਗਰਾਮ ਬਣਾਏ ਹਨ। ਅਗਰ ਵੈਲਫੇਅਰ ਸਟੇਟ ਦੇ ਵਿਚ ਲੋਕਾਂ ਨੂੰ ਐਂਪਲਾਇਮੈਂਟ ਮਿਲਦੀ ਰਹੇ, ਅਗਰ ਲੋਕਾਂ ਨੂੰ ਇਸ ਗਲ ਦਾ ਪਤਾ ਹੋਵੇ ਕਿ ਸਾਨੂੰ ਰੋਜ਼ੀ ਜਿਹੜੀ ਹੈ ਉਹ ਮਿਲ ਜਾਣੀ ਹੈ ਤਾਂ ਮੈਂ ਸਮਝਦਾ ਹਾਂ ਕਿ ਉਸ ਵੈਲਫੇਅਰ ਸਟੇਟ ਦਾ ਕਾਫ਼ੀ ਸਾਰਾ ਕੰਮ ਜਿਹੜਾ ਹੈ ਉਹ ਹੋ ਜਾਂਦਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਇਸ ਸਾਲ ਲੋਕਾਂ ਨੂੰ ਐਂਪਲਾਇਮੈਂਟ ਦੇਣ ਵਾਸਤੇ 6,46,99,000 ਰੁਪਿਆ ਰਖਿਆ ਹੈ। 30 ਜੂਨ, 1975 ਨੂੰ ਡਿਪਟੀ ਸਪੀਕਰ ਸਾਹਿਬ 2.65 ਲੱਖ ਲੋਕ ਸਨ ਜਿਹੜੇ ਵਰਕ-ਸੀਕਰਜ਼, ਸਨ, ਜਿਨ੍ਹਾਂ ਵਿਚੋਂ 1.35 ਲੱਖ ਐਸੇ ਸਨ ਜਿਨ੍ਹਾਂ ਦੀ ਮਿਨੀਮੱਮ ਕੁਆਲੀਫੀਕੇਸ਼ਨ ਮੈਟਰਿਕ ਸੀ ਔਰ ਉਸ ਦੇ ਬਾਅਦ ਸਾਡੀ ਸਰਕਾਰ ਨੇ ਫਾਈਨਾਂਸ ਮਨਿਸਟਰ ਸਾਹਿਬ ਨੇ ਯਤਨ ਕਰਕੇ ਇਕ ਬੜਾ ਭਾਰੀ ਪ੍ਰੋਗਰਾਮ ਦਿੱਤਾ ਹੈ। 9,761 ਬੀ. ਐਡ. ਸਨ ਜਿਨ੍ਹਾਂ ਨੂੰ ਇਨ੍ਹਾਂ ਨੇ ਲਗਾਉਣ ਦੀ ਕੋਸ਼ਿਸ਼ ਕੀਤੀ ਹੈ. ਔਰ ਫਿਰ ਐਜੂਕੇਸ਼ਨ ਕਮੇਟੀ ਬਣਾਈ ਹੈ, ਸਿਰਫ ਐਸ. ਐਸ. ਬੋਰਡ ਉਤੇ ਹੀ ਨਹੀਂ ਛੱਡਿਆ ਗਿਆ। ਮੈਨੂੰ ਪਤਾ ਹੈ ਕਿ ਕਿਤਨੇ ਬੀ. ਏ., ਬੀ. ਐਡ. ਵਿਹਲੇ ਫਿਰਦੇ ਹਨ। ਡਿਪਟੀ ਸਪੀਕਰ ਸਾਹਿਬ, ਉਹ ਟੀਚਰਜ਼ ਸਿਲੈਕਟ ਹੋਏ ਹਨ ਔਰ ਇਸ ਤਰ੍ਹਾਂ ਨਾਲ ਹੀ ਅਸੀਂ ਸਕੂਲਾਂ ਨੂੰ ਅੱਪਗਰੇਡ ਕਰੀ ਜਾਂਦੇ ਹਾਂ ਅਤੇ ਇਸ ਨਾਲ ਵੀ ਐਜੂਕੇਸ਼ਨ ਡਿਪਾਰਟਮੈਂਟ ਉਨ੍ਹਾਂ ਪੜ੍ਹੇ ਲਿਖੇ ਬੰਦਿਆ ਨੂੰ ਖਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਜੇ. ਬੀ. ਟੀ. ਜਿਹੜੇ ਹਨ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਖਪਤ ਹੋ ਚੁਕੀ ਹੈ। ਮੈਂ ਇਹ ਗਲ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਲੁਧਿਆਣੇ ਦੇ ਵਿਚ ਹਰੀਜਨਾਂ ਵਾਸਤੇ ਕਾਫੀ ਸਾਰੀਆਂ ਪੋਸਟਾਂ ਸਨ। ਉਥੇ ਕੋਈ ਵੀ ਹਰੀਜਨ ਲੜਕਾ ਜਾਂ ਲੜਕੀ ਵਿਹਲੀ ਨਹੀਂ ਫਿਰਦੀ। ਕਾਫ਼ੀ ਪੋਸਟਾਂ ਅਜੇ ਵੀ ਪਈਆਂ ਹਨ ਇਸ ਲਈ ਮੈਂ ਅਰਜ਼ ਕਰਾਂਗਾ ਕਿ ਅਗਰ ਕੋਈ ਹਰੀਜਨ ਲੜਕੇ ਨਹੀਂ ਮਿਲਦੇ ਤਾਂ ਹੋਰ ਜ਼ਿਲਿਆਂ ਵਿਚੋਂ ਜਿਸ ਤਰ੍ਹਾਂ ਸਾਡੀਆਂ ਹੋਰ ਜਾਤੀਆਂ ਹਨ, ਬੈਕਵਰਡ ਲੋਕ ਜਿਹੜੇ ਹਨ ਅਗਰ ਉਨ੍ਹਾਂ ਪੋਸਟਾਂ ਦੀ ਥਾਂ ਤੇ ਉਹ ਭਰਤੀ ਕਰ ਲਏ ਜਾਣ ਤਾਂ ਵੀ ਕੋਈ ਮਾੜੀ ਗਲ ਨਹੀਂ ਹੈ।

12.42 ਬਾਅਦ ਦੁਪਿਹਰ | (ਇਸ ਸਮੇਂ ਸ਼੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ।)

Original with;
Punjab Vidhan Sabha
Digitized by;
Panjab Digital Library

ਮੈਂ, ਸਪੀਕਰ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸ਼ਰਮਾ ਸਾਹਿਬ ਨੇ ਦਸਿਆ ਸੀ ਕਿ 1.2 ਕਰੋੜ ਰੁਪਿਆ ਸਕਾਲਰਸ਼ਿਪ ਵਾਸਤੇ ਰਖਿਆ ਹੈ। ਇਕ ਅਗੇ ਕਾਰਪੋਰੇਸ਼ਨ ਸੀ ਉਹ ਹਰੀਜਨਾਂ ਵਾਸਤੇ ਹੀ ਸੀ। ਬੈਕਵਰਡ ਕਲਾਸਿਜ਼ ਦੇ ਲੋਕ ਜਾਂ ਇਕਨਾਮੀਕਲੀ ਬੈਕਵਰਡ ਜਿਹੜੇ ਲੋਕ ਸਨ ਉਨ੍ਹਾਂ ਨੂੰ ਕੁਝ ਨਹੀਂ ਸੀ ਮਿਲਦਾ। ਹੁਣ ਉਨ੍ਹਾਂ ਲੋਕਾਂ ਨੂੰ ਰਾਹਤ ਦੇਣ ਵਾਸਤੇ ਜਿਹੜੀ ਇਕ ਕਾਰਪੋਰੇਸ਼ਨ ਖੋਲ੍ਹਣ ਦਾ ਪ੍ਰਬੰਧ ਕੀਤਾ ਹੈ ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਲੋਕਾਂ ਨੂੰ ਰਾਹਤ ਦਿਤੀ ਗਈ ਹੈ। ਇਹ ਕਾਰਪੋਰੇਸ਼ਨ ਪਛੜੇ ਹੋਏ ਲੋਕਾਂ ਨੂੰ, ਜਿਹੜੇ ਇਕਨਾਮੀਕਲੀ ਵੀਕਰ ਹਨ ਉਨ੍ਹਾਂ ਨੂੰ ਕਰਜ਼ੇ ਦਿਆ ਕਰੇਗੀ ਤਾਕਿ ਉਹ ਆਪਣੀ ਬੇਹਤਰੀ ਕਰ ਸਕਣ। ਫਾਈਨਾਂਸ ਮਨਿਸਟਰ ਸਾਹਿਬ ਨੇ ਇਹ ਬੜੀ ਭਾਰੀ ਗਲ ਕੀਤੀ ਹੈ। ਇਕ ਮੈਂ ਅਰਜ਼ ਕਰ ਰਿਹਾ ਸੀ ਕਿ ਅਨਐਜੂਕੇਟਿਡ ਪਰਸਨਜ਼ ਦੀ ਜਿਹੜੀ ਅਨਐਂਪਲਾਇਮੈਂਟ ਹੈ ਉਸ ਵਾਸਤੇ ਵੀ ਸਰਕਾਰ ਨੇ ਉਨ੍ਹਾਂ ਨੂੰ ਇੰਪਲਾਏ ਕਰਨ ਦਾ ਭਾਰੀ ਕੰਮ ਕੀਤਾ ਹੈ। ਨਾਲ ਦੀ ਨਾਲ ਇਹ ਵੀ ਕੀਤਾ ਹੈ ਕਿ ਜਿਹੜੇ ਇੰਜਨੀਰਿੰਗ ਗਰੈਜੂਏਟਸ ਹਨ ਉਨ੍ਹਾਂ ਨੂੰ ਥੋੜ੍ਹੇ ਇੰਟਰੈਸਟ ਉਤੇ ਯਾਨੀ 8% ਦੇ ਕਰੀਬ ਸੂਦ ਉਤੇ ਲੋਨ ਦੇਣੇ ਹਨ। ਮੈਨੂੰ ਇਕ ਲੜਕੇ ਦਾ ਪਤਾ ਹੈ। ਉਹ ਗਰੈਜੂਏਟ ਸੀ, ਐਕਸ-ਸਰਵਿਸਮੈਨ ਵੀ ਸੀ। ਉਸ ਨੇ ਇਕ ਹਾਰਵੈਸਟਿੰਗ ਕੰਬਾਈਨ ਖਰੀਦੀ ਹੈ। ਇਕ ਸਰਵਿਸ ਸਟੇਸ਼ਨ ਵੀ ਖੋਲ੍ਹਿਆ ਹੈ। ਉਸ ਨੂੰ ਹੁਣ ਰਸ਼ੀਆ ਦੇ ਵਿਚ ਟ੍ਰੇਨਿੰਗ ਲੈਣ ਵਾਸਤੇ ਭੇਜਿਆ ਗਿਆ ਹੈ ਤਾਕਿ ਉਥੇ ਇਸ ਕਿਸਮ ਦਾ ਜਿਹੜਾ ਕੰਮ ਹੈ ਹਾਰਵੈਸਟਿੰਗ ਕੰਬਾਈਨ ਦਾ ਉਹ ਉਥੋਂ ਸਿੱਖ ਕੇ ਆਵੇ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਸਾਡੇ ਸੈਂਟਰ ਦੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਫਰਮਾਇਆ ਹੈ, ਉਹ ਮੈਂ ਪੜ੍ਹ ਕੇ ਦੱਸਦਾ ਹਾਂ ਕਿ—

> 'The problem of educated unemployed was over emphasised to the extent of nuisance. The educated unemployed were urban based, vocal and organised while the vast majority of the uneducated unemployed in the countryside were disorganised and mute and therefore ignored.'

ਇਸ ਕਰਕੇ ਮੈਂ ਅਰਜ਼ ਕਰਦਾ ਹਾਂ ਕਿ, ਸਪੀਕਰ ਸਾਹਿਬ, ਇਗਨੋਰ ਤਾਂ ਉਹ ਬੰਦੇ ਹੁੰਦੇ ਹਨ ਜਿਹੜੇ ਪਿੰਡਾਂ ਵਿਚ ਬੈਠੇ ਹਨ, ਜਿਹੜੇ ਪਿੰਡਾਂ ਦੇ ਵਿਚ ਕੰਮ ਕਰਨਾ ਚਾਹੁੰਦੇ ਹਨ। ਇਨ੍ਹਾਂ ਨੂੰ ਕੰਮ ਨਹੀਂ ਮਿਲਦਾ ਜਿਵੇਂ ਕਾਮਰੇਡ ਰਾਜ ਕੁਮਾਰ ਜੀ ਨੇ ਫਰਮਾਇਆ ਹੈ। ਇਸ ਵਾਸਤੇ ਮੈਂ ਕਹਾਂਗਾ ਕਿ ਸਰਕਾਰ ਨੇ ਇਨ੍ਹਾਂ ਵਾਸਤੇ ਚੰਗਾ ਕੰਮ ਕੀਤਾ ਹੈ, ਇਨ੍ਹਾਂ ਦੀਆਂ ਉਜਰਤਾਂ ਵਧਾ ਦਿੱਤੀਆਂ ਹਨ। ਜਿਹੜਾ ਇਕ ਹਜ਼ਾਰ ਰੁਪਏ ਪਾ ਕੇ ਰਲਦਾ ਸੀ ਤਾਂ ਸਾਂਝੀ ਕਰ ਲੈਂਦਾ ਸੀ। ਜਿਹੜੇ ਸਾਂਝੀ ਹੁੰਦੇ ਸੀ ਉਹ 4 ਜਾਂ 5 ਅਤੇ ਜਾਂ 7ਵਾਂ ਹਿੱਸਾ ਲੈ ਕੇ ਖੇਤੀ ਕਰਦਾ ਹੈ ਔਰ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਉਸ ਦਾ ਸਾਂਝੀਦਾਰ ਹਾਂ ਅਤੇ ਇਸ ਵਿਚ ਮੇਰਾ ਹਿੱਸਾ ਹੈ। ਇਸ ਵਿਚ ਕੋਈ ਮੁਸ਼ਕਿਲ ਨਹੀਂ ਹੈ। ਮੁਸ਼ਕਿਲ ਤਾਂ ਇਹ ਹੈ ਕਿ ਜਿਹੜੀ ਰੋਜ਼ ਰੋਜ਼ ਦੀ ਲੇਬਰ ਹੈ, ਡੇਲੀ ਲੇਬਰ ਹੈ ਉਨ੍ਹਾਂ ਨੂੰ ਕਈ ਵਾਰ ਕੰਮ ਨਹੀਂ ਮਿਲਦਾ ਹੈ। ਸੋ ਇਸ ਕਰਕੇ ਇਸ ਸਰਕਾਰ ਨੇ ਇਨ੍ਹਾਂ ਦਿਹਾੜੀਦਾਰਾਂ ਦੀ ਦਿਹਾੜੀ ਵੱਧਾ ਦਿੱਤੀ ਹੈ। ਲੇਕਿਨ ਅੱਜ ਜਿਹੜਾ ਦਿਹਾੜੀ ਕਰਦਾ ਹੈ ਉਸ ਨੂੰ ਲਗਾਤਾਰ ਲੇਬਰ ਦਾ ਕੰਮ ਨਹੀਂ ਮਿਲਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਸ ਦੇ ਵਾਸਤੇ ਜਿਹੜੀ ਲੈਂਡਲੈਸ ਲੇਬਰ ਹੈ ਉਸ ਨੂੰ ਲਗਾਤਾਰ ਕੰਮ ਦਿੱਤਾ ਜਾਵੇ। ਉਸ ਦੇ ਵਾਸਤੇ ਇਕੋ ਹੀ ਤਰੀਕਾ ਹੈ ਕਿ ਪਿੰਡਾਂ ਦੇ ਵਿਚ ਇੰਡਸਟਰੀ ਖੋਲ੍ਹੀ ਜਾਵੇ। ਇਹ ਐਗਰੀਕਲਚਰਲ-ਬੇਸਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਇੰਡਸਟਰੀ ਹੋਵੇ ਔਰ ਐਗਰੀਕਲਚਰਲ-ਬੇਸਡ ਇੰਡਸਟਰੀ ਕਾਇਮ ਕਰਕੇ ਚਲਾਈ ਜਾਵੇ ਤਾਂ ਪਿੰਡਾਂ ਦੇ ਲੋਕ ਨਾਲ ਦੇ ਨਾਲ (ਘੰਟੀ) ਖੱਪਦੇ ਜਾਣਗੇ । ਸਪੀਕਰ ਸਾਹਿਬ, ਮੈਂ ਜ਼ਿਆਦਾ ਟਾਇਮ ਨਹੀਂ ਲੈਣਾ ਚਾਹੁੰਦਾ । ਪਹਿਲੇ ਜਿਹੜੇ ਕਾਰਖਾਨੇ ਬੰਦ ਕਰ ਦਿੰਦੇ ਸਨ, ਲੇਅ ਆਫ ਹੁੰਦਾ ਸੀ ਉਸ ਨਾਲ ਲੇਬਰਰਜ਼ ਦਾ ਬੜਾ ਨੁਕਸਾਨ ਹੁੰਦਾ ਸੀ ਹੁਣ ਸਾਡੀ ਸੈਂਟਰ ਦੀ ਸਰਕਾਰ ਨੇ ਬੜੀ ਭਾਰੀ ਪਾਬੰਦੀ ਲਗਾ ਦਿੱਤੀ ਹੈ ਕਿ ਲੇਅ ਆਫ ਨਹੀਂ ਹੋਵੇਗੀ, ਕਾਰਖਾਨਿਆਂ ਵਿਚ ਹੜਤਾਲਾਂ ਨਹੀਂ ਹੋਣਗੀਆਂ ਅਤੇ ਕਾਰਖਾਨੇ ਬੰਦ ਨਹੀਂ ਹੋਣਗੇ । ਇਸ ਨਾਲ ਮਜ਼ਦੂਰਾਂ ਵਿਚ ਖੁਸ਼ੀ ਦੀ ਲਹਿਰ ਆਈ ਹੈ, ਕਿਉਂਕਿ ਇੰਡਸਟਰੀ ਵਾਲੇ ਅਜਿਹਾ ਮਹਿਸੂਸ ਨਹੀਂ ਕਰਦੇ ਕਿ ਅਸੀਂ ਸੋਸ਼ਲਿਸਟਿਕ ਸੋਸਾਇਟੀ ਵਿਚ ਵੱਸਦੇ ਹਾਂ । ਜਿਸ ਤਰ੍ਹਾਂ ਐਗਰੀਕਲਚਰ ਦੇ ਵਿਚ ਸਾਂਝੀ ਦਾ ਹਿੱਸਾ ਹੁੰਦਾ ਹੈ ਇਸੇ ਤਰ੍ਹਾਂ ਹੀ ਇੰਡਸਟਰੀ ਦੇ ਵਿਚ ਵੀ ਲੇਬਰ ਦਾ ਕਾਰਖਾਨੇ ਦੇ ਵਿਚ ਹਿੱਸਾ ਹੋਵੇ । (ਘੰਟੀ) ਉਹ ਹਿੱਸੇਦਾਰ ਹੋਣ । ਮੈਂ ਇਸ ਨਾਲ ਸਮਝਦਾ ਹਾਂ ਕਿ ਪੈਦਾਵਾਰ ਵਧੇਗੀ ਔਰ ਪੈਦਾਵਾਰ ਦੇ ਨਾਲ ਨਾਲ ਇਹ ਸਾਰੇ ਲੋਕ ਖੁਸ਼ ਹੋਣਗੇ । ਸਪੀਕਰ ਸਾਹਿਬ, ਇਥੇ ਇਹ ਵੀ ਕਿਹਾ ਗਿਆ ਹੈ ਕਿ ਸਾਡੀ ਐਡਮਨਿਸਟਰੇਸ਼ਨ ਕਾਫੀ ਹੈਵੀ ਹੈ । ਲੇਕਿਨ ਗੱਲ ਇਹ ਹੈ ਕਿ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਠੀਕ ਰੱਖਣ ਵਾਸਤੇ ਐਡਮਨਿਸਟਰੇਸ਼ਨ ਦੀ ਲੋੜ ਹੈ । ਸੜਕਾਂ ਬਣ ਗਈਆਂ ਹਨ । ਜਿਹੜੇ ਲੋਕ ਕਰਾਈਮ ਕਰਦੇ ਹਨ, ਉਹ ਕਿਸੇ ਨਾ ਕਿਸੇ ਸੜਕ ਉਤੇ ਚਲੇ ਜਾਂਦੇ ਹਨ ਇਸੇ ਲਈ ਉਨ੍ਹਾਂ ਨੂੰ ਫੜਣ ਵਾਸਤੇ ਅਫਸਰਾਂ ਦੀ ਤਾਦਾਦ ਵਧਾਉਣੀ ਜ਼ਰੂਰੀ ਸੀ । ਮੈਂ ਅਰਜ਼ ਕਰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 99 ਫੀ ਸਦੀ ਆਈ. ਏ. ਐਸ. ਅਫਸਰਾਂ ਦੇ ਮਕਾਨ ਚੰਡੀਗੜ੍ਹ ਦੇ ਵਿਚ ਬਣੇ ਹੋਏ ਹਨ ਫਿਰ ਵੀ ਉਹ ਸਰਕਾਰੀ ਕੋਠੀਆਂ ਵਿਚ ਰਹਿੰਦੇ ਹਨ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਸਰਕਾਰੀ ਕੋਠੀਆਂ ਹੋਰ ਕਿਸੇ ਕੰਮ ਆ ਸਕਦੀਆਂ ਹਨ ਉਹ ਅਫਸਰ ਆਪਣੇ ਮਕਾਨਾਂ ਵਿਚ ਚਲੇ ਜਾਣ । ਫੇਰ ਸਰਕਾਰ ਨੇ ਮੁਲਾਜ਼ਮਾਂ ਨੂੰ 2 ਕਿਸ਼ਤਾਂ ਦਿੱਤੀਆਂ ਹਨ । ਇਸ ਨਾਲ ਮੁਲਾਜ਼ਮਾਂ ਨੂੰ ਐਨਕਰੇਜਮੈਂਟ ਮਿਲੀ ਹੈ । ਨਾਲ ਹੀ ਨਾਲ ਇਹ ਵੀ ਅਰਜ਼ ਕਰਾਂ ਕਿ ਜਿਹੜੇ ਬੜੇ ਭਾਰੀ ਅਫਸਰ ਹਨ ਜਿਵੇਂ ਆਈ. ਏ. ਐਸ. ਹਨ ਇਹ ਬਹੁਤ ਪੈਸੇ ਲੈਂਦੇ ਹਨ । ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਇਕ ਹਰਬੰਸ ਸਿੰਘ ਕਮਿਸ਼ਨ ਬੈਠਾ ਸੀ ਉਸ ਨੇ ਮੁਲਾਜ਼ਮਾਂ ਦੀਆਂ ਕੈਟੇਗਰੀਜ਼ ਕਰੀਬਨ 57 ਕਰ ਦਿੱਤੀਆਂ ਸਨ । ਪਰ ਮੈਂ ਸਮਝਦਾ ਹਾਂ ਕਿ ਇਹ ਅਜੇ ਵੀ ਜ਼ਿਆਦਾ ਹੈ ਇਸ ਨੂੰ ਹੋਰ ਘੱਟ ਕੀਤਾ ਜਾਵੇ । ਮੇਰੇ ਖਿਆਲ ਵਿਚ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਕਲਾਸ ਇਕ, ਦੋ, ਅਤੇ ਤਿੰਨ ਹੀ ਹੋਵੇ ਅਤੇ ਇਸ ਤੋਂ ਜ਼ਿਆਦਾ ਨਾ ਹੋਵੇ । (ਘੰਟੀ)

**Mr. Speaker** : Please resume your seat.

**ਸਰਦਾਰ ਬੇਅੰਤ ਸਿੰਘ** : ਉਨ੍ਹਾਂ ਦੀ ਤਨਖਾਹ ਵਿਚ ਬੜਾ ਖੱਪਾ ਹੈ । ਆਈ.ਏ.ਐਸ. ਅਫਸਰਾਂ ਨੂੰ ਤਾਂ ਪੈਸੇ ਮਿਲ ਗਏ ਹਨ ਪਰ ਦੂਸਰਿਆਂ ਮੁਲਾਜ਼ਮਾਂ ਅਤੇ ਅਫਸਰਾਂ ਨੂੰ ਇਹ ਪੈਸੇ ਨਹੀਂ ਮਿਲੇ । ਇਸ ਲਈ ਮੈਂ ਅਰਜ਼ ਕਰਾਂਗਾ ਇਹ ਜਿਹੜਾ ਤਨਖਾਹ ਦਾ ਖੱਪਾ ਹੈ ਇਹ ਦੂਰ ਕਰਨਾ ਚਾਹੀਦਾ ਹੈ । ਕੈਟੇਗਰਾਈਜ਼ੇਸ਼ਨ ਘੱਟ ਕਰਨੀ ਚਾਹੀਦੀ ਹੈ । ਐਨੀ ਗੱਲ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਇਕ ਜ਼ਰੂਰੀ ਗੱਲ ਕਰਨੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਅਸੀਂ ਪੁਲਿਸ ਅਤੇ ਐਜੂਕੇਸ਼ਨ ਤੇ ਐਨਾ ਖਰਚ ਕਰ ਰਹੇ ਹਾਂ, ਮੈਂ ਪੁਲਿਸ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਮਹਿੰਦਰਾ ਕਾਲਜ, ਪਟਿਆਲਾ ਦੇ ਹੋਸਟਲ ਵਿਚ ਪੁਲਿਟੀਕਲ ਐਲੀਮੈਂਟ ਵਲੋਂ ਜ਼ਬਰਦਸਤ ਅਟੈਕ ਹੋਇਆ ਹੈ । ਉਸ ਦੀ ਐਫ. ਆਈ. ਆਰ. ਦਰਜ ਕਰਾਈ ਗਈ ਹੈ ਅਤੇ ਪੁਲਿਸ ਨੇ ਉਨ੍ਹਾਂ ਦੇ ਖਿਲਾਫ ਕੇਸ ਰਜਿਸਟਰ ਕਰ ਲਿਆ ਹੈ ਪਰ ਗ੍ਰਿਫਤਾਰੀਆਂ ਨਹੀਂ ਹੋ ਰਹੀਆਂ ।

**ਸ਼੍ਰੀ ਸਪੀਕਰ** : ਇਸ ਦਾ ਐਪਰੋਪਰੀਏਸ਼ਨ ਬਿੱਲ ਨਾਲ ਕੋਈ ਸਬੰਧ ਨਹੀਂ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ ।

**ਸ਼੍ਰੀ ਸਪੀਕਰ** : ਇਸ ਬਿਲ ਨਾਲ ਇਸ ਦਾ ਕੋਈ ਤੁਅੱਲਕ ਨਹੀਂ ਹੈ ।

**ਵਿੱਤ ਮੰਤਰੀ** (ਸ਼੍ਰੀ ਹੰਸ ਰਾਜ ਸ਼ਰਮਾ) : ਐਪਰੋਪਰੀਏਸ਼ਨ ਬਿੱਲ ਦੀ ਅਟਵਾਲ ਸਾਹਿਬ, ਕਾਮਰੇਡ ਰਾਜ ਕੁਮਾਰ ਅਤੇ ਚੌਧਰੀ ਦਰਸ਼ਨ ਸਿੰਘ ਨੇ ਜਿਹੜੀ ਸ਼ਲਾਘਾ ਕੀਤੀ ਹੈ, ਇਸ ਬੱਜਟ ਦੇ ਰੁਖ ਦੀ, ਉਨ੍ਹਾਂ ਦਾ ਮੈਂ ਮਸ਼ਕੂਰ ਹਾਂ । ਜੋ ਉਨ੍ਹਾਂ ਨੇ ਸੁਜੈਸ਼ਨਜ਼ ਦਿਤੀਆਂ ਹਨ ਉਨ੍ਹਾਂ ਤੇ ਵੀ ਪੂਰਾ ਅਮਲ ਕਰਾਂਗੇ । ਜਿਥੋਂ ਤੱਕ ਪੰਜਾਬ ਦੀ ਜਨਤਾ ਨੂੰ ਤਰੱਕੀ ਵੱਲ ਲੈ ਜਾਣ ਦਾ ਸਬੰਧ ਹੈ, ਕਾਮਰੇਡ ਰਾਜ ਕੁਮਾਰ ਨੇ ਟੈਕਸਾਂ ਦੀ ਗੱਲ ਕੀਤੀ ਹੈ । ਉਨ੍ਹਾਂ ਨੇ ਪੰਜਾਬ ਵਿਚ ਜਿਹੜਾ ਡਾਇਰੈਕਟ ਟੈਕਸ ਹੈ ਉਸ ਤੇ ਜ਼ਿਆਦਾ ਜ਼ੋਰ ਦਿਤਾ ਹੈ ਕਿ ਡਾਇਰੈਕਟ ਟੈਕਸ ਜ਼ਿਆਦਾ ਲਾਉਣਾ ਚਾਹੀਦਾ ਹੈ ਅਤੇ ਇਨਡਾਇਰੈਕਟ ਟੈਕਸ ਵੱਲ ਵੀ ਧਿਆਨ ਕਰਨਾ ਚਾਹੀਦਾ ਹੈ । ਜਿਥੋਂ ਤੱਕ ਇਨਡਾਇਰੈਕਟ ਟੈਕਸ ਦਾ ਸਬੰਧ ਹੈ ਇਸ ਬਾਰੇ ਸਾਡੇ ਥੋੜਾ ਥੋੜ੍ਹਾ ਸਕੋਪ ਹੈ । ਇਨਡਾਇਰੈਕਟ ਟੈਕਸ ਵਧਾਇਆ ਨਹੀਂ ਗਿਆ । ਉਸ ਦਾ ਰੇਟ ਉਹੀ ਹੈ । ਲੇਕਿਨ ਪੰਜਾਬ ਵਿਚ ਪ੍ਰਾਸਪੈਰਿਟੀ ਆਈ ਹੈ, ਲੋਕਾਂ ਵਿਚ ਖੁਸ਼ਹਾਲੀ ਆਈ ਹੈ, ਅਤੇ ਪੰਜਾਬ ਦੀ ਪਰ ਕੈਪੀਟਾ ਇਨਕਮ ਵੱਧੀ ਹੈ ਅਤੇ ਪਰ ਕੈਪੀਟਾ ਐਕਸਪੈਂਡੀਚਰ ਵੀ ਵੱਧਿਆ ਹੈ ਅਤੇ ਖਰਚ ਵੀ ਜ਼ਿਆਦਾ ਹੋਇਆ ਹੈ ਅਤੇ ਇਹ ਡਿਵੈਲਪਮੈਂਟ ਤੇ ਖਰਚ ਹੋਇਆ ਹੈ । ਬੱਜਟ ਜ਼ਿਆਦਾ ਹੋਵੇਗਾ ਡਿਵੈਲਪਮੈਂਟ ਤੇ ਜ਼ਿਆਦਾ ਰੁਪਿਆ ਖਰਚਿਆ ਜਾਵੇਗਾ ਤਾਂ ਪ੍ਰਾਸਪੈਰਿਟੀ ਆਪੇ ਹੀ ਸਟੇਟ ਵਿਚ ਆਵੇਗੀ । ਸਾਨੂੰ ਟੈਕਸ ਲਾਉਣ ਦੀ ਲੋੜ ਨਹੀਂ ਪਈ, ਇਹ ਮੈਂ ਕੋਈ ਲਾਡੇਬਲ ਗੱਲ ਨਹੀਂ ਸਮਝਦਾ ਕਿ ਅਸੀਂ ਕੋਈ ਟੈਕਸ ਨਹੀਂ ਲਾਇਆ । ਸੇਲਜ਼ ਟੈਕਸ ਲਗਜ਼ਰੀ ਗੁੱਡਜ਼ ਤੇ ਜ਼ਿਆਦਾ ਕੀਤਾ ਹੈ । ਮੈਂਬਰ ਸਾਹਿਬਾਨ ਜਾਣਦੇ ਹਨ ਕਿ ਸਾਡੀ ਇਹ ਸ਼ੁਰੂ ਤੋਂ ਹੀ ਨੀਤੀ ਰਹੀ ਹੈ ਕਿ ਜਿਹੜੇ ਅਮੀਰ ਆਦਮੀ ਹਨ ਉਨ੍ਹਾਂ ਤੇ ਜ਼ਿਆਦਾ ਟੈਕਸ ਲਾਇਆ ਜਾਵੇ, ਜਿਹੜੇ ਕਿ ਸਾਮਾਨ ਨੂੰ ਜ਼ਿਆਦਾ ਇਸਤੇਮਾਲ ਕਰਦੇ ਹਨ, ਇਸ ਲਈ ਉਨ੍ਹਾਂ ਦਾ ਸੇਲਜ਼ ਟੈਕਸ ਵਧਾਇਆ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਸਾਡੀ ਸੇਵਿੰਗ ਜ਼ਿਆਦਾ ਹੋਵੇ ਅਤੇ ਰੇਟ ਸਾਡਾ ਉਹੀ ਹੋਵੇ ਸੇਲਜ਼ ਟੈਕਸ ਦਾ ਤਾਂ ਉਸ ਦੇ ਵਿਚ ਵੀ ਵਿਤਕਰਾ ਹੈ । ਲਗਜ਼ਰੀ ਗੁੱਡਜ਼ ਤੇ ਟੈਕਸ ਨਾਲ ਜਿੰਨਾ ਪੈਸਾ ਆਉਂਦਾ ਹੈ ਉਹ ਡਿਵੈਲਪਮੈਂਟ ਤੇ ਖਰਚ ਹੋਣਾ ਹੈ । ਡਾਇਰੈਕਟ ਟੈਕਸ ਦਾ ਸਕੋਪ ਸਾਡੇ ਕੋਲ ਨਹੀਂ ਹੈ । ਇਹ ਸਾਡੇ ਸਕੋਪ ਵਿਚ ਨਹੀਂ ਹੈ । ਮੈਂ ਵਰਕਰਾਂ ਬਾਰੇ ਕਹਾਂਗਾ ਕਿ ਉਨ੍ਹਾਂ ਨੇ ਐਮਰਜੈਂਸੀ ਵਿਚ ਸਾਡਾ ਬੜਾ ਸਾਥ ਦਿਤਾ ਹੈ ਅਤੇ ਫਾਸਿਸਟ ਤਾਕਤਾਂ ਦਾ ਮੂੰਹ ਮੋੜਿਆ ਹੈ । ਇਸ ਦੇ ਵਿਚ ਕੋਈ ਸ਼ੱਕ ਨਹੀਂ ਹੈ । ਇੰਡਸਟਰੀਅਲ ਵਰਕਰ ਅਤੇ

Original with
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਐਗਰੀਕਲਚਰਲ ਵਰਕਰਾਂ ਨੇ ਪ੍ਰਧਾਨ ਮੰਤਰੀ ਦਾ ਮੁਸ਼ਕਲ ਵੇਲੇ ਸਾਥ ਦਿਤਾ ਹੈ ਅਤੇ ਹਿੰਦੁਸਤਾਨ ਵਿਚ ਜਿਹੜੀਆਂ ਫਾਸਿਸਟ ਤਾਕਤਾਂ ਸਨ ਉਨ੍ਹਾਂ ਦਾ ਮੂੰਹ ਮੋੜਿਆ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ। ਪਰ ਕੁਝ ਬੰਦੇ ਇਸ ਦਾ ਫਾਇਦਾ ਉਠਾ ਰਹੇ ਹਨ ਅਤੇ ਉਨ੍ਹਾਂ ਨੂੰ ਲੇ-ਆਫ ਕਰ ਰਹੇ ਹਨ ਅਤੇ ਉਨ੍ਹਾਂ ਦੀ ਰੀਟਰੈਂਚਮੈਂਟ ਕਰ ਰਹੇ ਹਨ। ਇਸ ਤੇ ਭਾਰਤ ਸਰਕਾਰ ਨੂੰ ਕਾਨੂੰਨ ਬਣਾਉਣਾ ਪਿਆ ਤਾਕਿ ਐਮਰਜੰਸੀ ਗਰੀਬਾਂ ਤੇ ਇਸਤੇਮਾਲ ਨਾ ਹੋਵੇ ਅਤੇ ਸਰਮਾਇਦਾਰ ਉਨ੍ਹਾਂ ਨੂੰ ਕੋਈ ਨੁਕਸਾਨ ਨਾ ਪਹੁੰਚਾ ਸਕਣ। ਸਪੀਕਰ ਸਾਹਿਬ, ਸ਼੍ਰੀ ਕੇਸ਼ੋ ਰਾਮ ਨੇ ਜ਼ਿਕਰ ਕੀਤਾ ਸੀ ਕਿ ਅਰਬਨ ਡਿਵੈਲਪਮੈਂਟ ਦਾ ਜ਼ਿਆਦਾ ਖਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਬਠਿੰਡੇ ਦਾ ਜ਼ਿਕਰ ਕੀਤਾ ਹੈ ਅਤੇ ਕਿਹਾ ਕਿ ਉਥੇ 7% ਤੋਂ 12½% ਕਰੋ ਕਿਉਂਕਿ ਅਸੀਂ ਇਕ ਲੱਖ ਦੀ ਆਬਾਦੀ ਦੇ ਸ਼ਹਿਰ ਇਸ ਵਿਚ ਇਨਕਲੂਡ ਕਰਦੇ ਹਾਂ। ਉਨ੍ਹਾਂ ਦੱਸਿਆ ਕਿ ਉਸ ਸ਼ਹਿਰ ਦੀ ਆਬਾਦੀ 1 ਲੱਖ ਹੋ ਗਈ ਹੈ। ਇਸ ਕਰਕੇ ਇਹ ਰੁਪਿਆ ਬਠਿੰਡਾ ਨੂੰ ਵੀ ਦੇ ਦਿਆਂਗੇ। (ਤਾੜੀਆਂ) ਉਨ੍ਹਾਂ ਨੇ ਕਿਹਾ ਕਿ ਅਰਬਨ ਡਿਵੈਲਪਮੈਂਟ ਵੱਲ ਸਾਨੂੰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਅਤੇ ਸ਼ਹਿਰਾਂ ਦੇ ਮਸਲੇ ਹੱਲ ਕਰਨੇ ਚਾਹੀਦੇ ਹਨ। ਸਪੀਕਰ ਸਾਹਿਬ, ਅਗਰ ਮੈਂ ਅੰਕੜੇ ਪੇਸ਼ ਕਰਾਂ ਕਿ ਅਰਬਨ ਅਸਟੇਟ ਦੇ ਅਤੇ ਹਾਉਸਿੰਗ ਬੋਰਡ ਦੇ ਜਿਹੜੇ ਕਿ ਸ਼ਹਿਰਾਂ ਵਿਚ ਮਕਾਨ ਬਣਾਉਣ ਲਈ ਪੈਸੇ ਦਿੰਦੇ ਹਨ ਤਾਂ ਆਪ ਨੂੰ ਸਭ ਪਤਾ ਲੱਗ ਜਾਵੇਗਾ। ਅਰਬਨ ਐਸਟੇਟ ਦੇ ਅੰਕੜੇ ਮੈਂ ਦੱਸਦਾ ਹਾਂ ਕਿ 1974-75 ਵਿਚ 4 ਕਰੋੜ 10 ਲੱਖ ਰੁਪਿਆ ਇਨ੍ਹਾਂ ਸਾਰਿਆਂ ਮਹਿਕਮਿਆਂ ਰਾਹੀਂ ਇਸ ਤੇ ਖਰਚ ਹੋਇਆ ਸੀ। 1975-76 ਵਿਚ 4 ਕਰੋੜ 50 ਲੱਖ ਰੁਪਿਆ ਖਰਚ ਹੋਇਆ ਜਦ ਕਿ 1976-77 ਲਈ 8 ਕਰੋੜ ਰੁਪਿਆ ਰੱਖਿਆ ਗਿਆ ਹੈ ਸਿਰਫ ਅਰਬਨ ਡਿਵੈਲਪਮੈਂਟ ਲਈ। ਇਸ ਢੰਗ ਨਾਲ ਅਗਰ ਸਾਰਿਆਂ ਮਹਿਕਮਿਆਂ ਦਾ ਅੰਦਾਜ਼ਾ ਲਾਈਏ ਤਾਂ 1974-75 ਵਿਚ ਇਹ ਰੁਪਿਆ 11 ਕਰੋੜ 14 ਲੱਖ ਬਣਦਾ ਸੀ ਜੋ ਕਿ ਇਨ੍ਹਾਂ ਮਹਿਕਮਿਆਂ ਦੇ ਰਾਹੀਂ ਖਰਚ ਕੀਤਾ ਗਿਆ। 1975-76 ਵਿਚ 13 ਕਰੋੜ 44 ਲੱਖ ਰੁਪਿਆ ਖਰਚਿਆ ਗਿਆ ਅਤੇ 1976-77 ਦਾ ਇਹ ਜਿਹੜਾ ਬੱਜਟ ਪੇਸ਼ ਹੋਇਆ ਹੈ, ਇਸ ਐਪਰੋਪਰੀਏਸ਼ਨ ਬਿੱਲ ਵਿਚ 20 ਕਰੋੜ 20 ਲੱਖ ਰੁਪਿਆ ਅਰਬਨ ਡਿਵੈਲਪਮੈਂਟ ਲਈ ਰਖਿਆ ਗਿਆ ਹੈ। (ਤਾੜੀਆਂ) ਮੈਂਬਰ ਸਾਹਿਬਾਨ ਦਾ ਇਹ ਕਹਿਣਾ ਕਿ ਅਰਬਨ ਡਿਵੈਲਪਮੈਂਟ ਵਲ ਧਿਆਨ ਨਹੀਂ ਦਿਤਾ ਗਿਆ, ਸ਼ਹਿਰਾਂ ਦੀ ਤਰੱਕੀ ਵੱਲ ਧਿਆਨ ਨਹੀਂ ਦਿਤਾ ਗਿਆ ਤਾਂ ਇਹ ਗੱਲ ਉਨ੍ਹਾਂ ਦੀ ਠੀਕ ਨਹੀਂ ਹੈ। ਅਸੀਂ ਹਮੇਸ਼ਾਂ ਪਿੰਡਾਂ ਵਿਚ ਜਿਹੜੇ ਗਰੀਬ ਲੋਕ ਵਸਦੇ ਹਨ ਉਨ੍ਹਾਂ ਵੱਲ ਧਿਆਨ ਦਿੰਦੇ ਆ ਰਹੇ ਹਾਂ। ਅਟਵਾਲ ਸਾਹਿਬ ਨੇ ਦਸਿਆ ਹੈ ਕਿ ਹਰੀਜਨਾਂ ਤੇ ਜ਼ਿਆਦਾ ਤੋਂ ਜ਼ਿਆਦਾ ਖਰਚ ਹੋਣਾ ਚਾਹੀਦਾ ਹੈ। ਇਕ ਗੱਲ ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ ਉਨ੍ਹਾਂ ਦਾ ਬੱਜਟ ਬਹੁਤ ਵਧਾਇਆ ਹੈ। ਪਿਛਲੇ ਚਾਰ ਸਾਲਾਂ ਤੋਂ ਅਸੀਂ ਉਨ੍ਹਾਂ ਵਾਸਤੇ ਬੱਜਟ ਵਧਾ ਰਹੇ ਹਾਂ। ਹਰੀਜਨਾਂ ਦੇ ਲੜਕਿਆਂ ਦੇ ਵਜ਼ੀਫੇ ਵਧਾਏ ਹਨ ਜੋ ਕਿ ਫਸਟ, ਸੈਕੰਡ ਅਤੇ ਥਰਡ ਡਵੀਜ਼ਨ ਵਿਚ ਆਉਣ ਵਾਲਿਆਂ ਨੂੰ ਮਿਲਦੇ ਹਨ। ਛੇਵੀਂ ਤੋਂ ਅੱਠਵੀਂ ਤੱਕ ਅਤੇ ਨੌਵੀਂ ਤੋਂ ਗਿਆਰਵੀਂ ਤੱਕ ਵਜ਼ੀਫੇ ਦੀ ਦਰ ਵਧਾਈ ਹੈ ਅਤੇ ਇਸ ਤਰ੍ਹਾਂ ਸਰਕਾਰ ਦਾ 4 ਕਰੋੜ ਰੁਪਿਆ ਹੋਰ ਖਰਚ ਹੋਵੇਗਾ। ਇਸ ਤਰ੍ਹਾਂ ਹਰੀਜਨਾਂ ਦੇ ਲੜਕਿਆਂ ਦੇ ਵਜ਼ੀਫੇ ਵਧਾਏ ਹਨ। (ਤਾੜੀਆਂ) ਇਸ ਕਰਕੇ ਇਹ ਕੋਸ਼ਿਸ਼ ਕੀਤੀ ਗਈ ਹੈ ਤਾਕਿ ਜਿਸ ਜਗ੍ਹਾਂ

Original with;
Punjab Vidhan Sabha
Digitized by;
Panjab Digital Library

ਵੀ ਕੋਈ ਕਮੀ ਹੋਵੇ, ਉਸ ਨੂੰ ਦੂਰ ਕੀਤਾ ਜਾਵੇ । ਜਿਹੜੇ ਹਰੀਜਨ ਭਰਾ ਹਨ ਉਨ੍ਹਾਂ ਵਿਚ ਬਾਲਮੀਕੀ ਅਤੇ ਲੜਕੀਆਂ ਜੋ ਹਨ ਉਨ੍ਹਾਂ ਨੂੰ ਬਾਕੀ ਹਰੀਜਨਾਂ ਨਾਲੋਂ ਹੋਰ ਵੀ ਇਕ ਦੋ ਰੁਪਏ ਜ਼ਿਆਦਾ ਵਜ਼ੀਫੇ ਦੀ ਰਕਮ ਦਿੱਤੀ ਹੈ । (ਤਾੜੀਆਂ) ਇਸ ਢੰਗ ਨਾਲ ਅਸੀਂ ਇਨ੍ਹਾਂ ਤੇ ਖਰਚ ਕਰ ਰਹੇ ਹਾਂ । ਸਪੀਕਰ ਸਾਹਿਬ, ਟੈਕਨੀਕਲ ਸਿਖਿਆ ਵਾਸਤੇ, ਗਰੀਬ ਲੋਕ ਜਿਹੜੇ ਟੈਕਨੀਕਲ ਕੰਮ ਕਰਦੇ ਹਨ ਉਨ੍ਹਾਂ ਵਾਸਤੇ ਇਕ ਸਕੀਮ ਬਣਾਈ ਸੀ ਅਤੇ ਸਰਕਾਰ ਉਨ੍ਹਾਂ ਨੂੰ ਕੋਈ ਲੋਨ ਦਿੰਦੀ ਸੀ । ਪਹਿਲੇ 500/- ਰੁਪਏ ਦੀ ਆਮਦਨ ਦੀ ਲਿਮਿਟ ਰੱਖੀ ਗਈ ਸੀ ਕਿ ਜਿਸ ਦੀ ਆਮਦਨ ਜਾਂ ਜਿਸ ਦੇ ਪੇਰੈਂਟਸ ਦੀ ਆਮਦਨ 500/- ਰੁਪਏ ਮਹੀਨਾ ਤੱਕ ਦੀ ਹੋਵੇਗੀ ਉਸ ਨੂੰ ਲੋਨ ਦਿਤਾ ਜਾਂਦਾ ਸੀ ਪਰ ਹੁਣ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਦੀ ਫੈਮਿਲੀ ਦੀ ਆਮਦਨ 500/- ਰੁਪਏ ਤੋਂ 1000/- ਰੁਪਿਆ ਮਹੀਨਾ ਤੱਕ ਦੀ ਹੋਵੇਗੀ ਉਨ੍ਹਾਂ ਨੂੰ ਵੀ ਲੋਨ ਦਿਆਂਗੇ ਲੋਨ ਦੀ ਰਕਮ ਵੀ ਜੇ ਉਹ ਚਾਹੁੰਦੇ ਹੋਣਗੇ ਤਾਂ ਉਹ ਵੀ ਵਧਾ ਦਿਤੀ ਜਾਵੇਗੀ ।

---

## EXTENSION OF TIME OF THE SITTING

**ਸ੍ਰੀ ਸਪੀਕਰ** : ਸ਼ਰਮਾ ਸਾਹਿਬ, ਤੁਸੀਂ ਹੋਰ ਕਿੰਨਾ ਸਮਾਂ ਲਵੋਗੇ ?

**ਵਿੱਤ ਮੰਤਰੀ** : ਮੈਂ 20 ਮਿੰਟ ਹੋਰ ਲਵਾਂਗਾ ।

**ਸ੍ਰੀ ਸਪੀਕਰ** : ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ ਅੱਧ ਘੰਟਾ ਵੱਧਾ ਦਿਤਾ ਜਾਵੇ।

**ਆਵਾਜ਼ਾਂ** : ਵੱਧਾ ਦਿਉ ਜੀ ।

**ਸ੍ਰੀ ਸਪੀਕਰ** : ਹਾਊਸ ਦੀ ਮਰਜ਼ੀ ਦੇ ਨਾਲ ਹਾਊਸ ਦਾ ਸਮਾਂ ਅੱਧਾ ਘੰਟਾ ਵੱਧਾ ਦਿਤਾ ਜਾਂਦਾ ਹੈ । ਗਿਲੋਟੀਨ ਪਹਿਲੇ 1.00 ਵਜੇ ਲੱਗਣੀ ਸੀ ਅਤੇ ਹੁਣ ਉਹ 1.30 ਵਜੇ ਲੱਗੇਗੀ । ਜੇ ਸ਼ਰਮਾ ਜੀ ਨੇ ਆਪਣੀ ਸਪੀਚ ਖ਼ਤਮ ਪਹਿਲਾਂ ਕਰ ਲਈ ਤਾਂ ਇਹ ਪਹਿਲਾਂ ਲਗ ਜਾਵੇਗੀ ।

---

## THE PUNJAB APPROPRIATION (No. 2) BILL, 1976
(Resumption of Consideration))

**ਵਿੱਤ ਮੰਤਰੀ** : ਸੋ, ਸਪੀਕਰ ਸਾਹਿਬ, ਇਸ ਲੋਨ ਦੀ ਰਕਮ ਵਧਾ ਅਸੀਂ ਦਿਤੀ ਹੈ ਤਾਕਿ ਉਹ 500/- ਰੁਪਏ ਤੋਂ 1000/- ਰੁਪਿਆ ਦੀ ਇਨਕਮ ਵਾਲੇ ਵੀ ਲੋਨ ਲੈ ਸਕਣ । 500/- ਰੁਪਏ ਦੀ ਆਮਦਨ ਤੋਂ ਥੱਲੇ ਲਈ ਵਜੀਫਾ ਦਿਆਂਗੇ । ਇਹ ਵੀ ਇਕ ਨਵੀਂ ਸਕੀਮ ਰਾਇਜ਼ ਕੀਤੀ ਹੈ ।

ਖੇਤੀ ਬਾੜੀ ਦੇ ਬਾਰੇ ਚੌਧਰੀ ਦਰਸ਼ਨ ਸਿੰਘ ਨੇ ਦਸਿਆ ਸੀ ਕਿ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਉਨ੍ਹਾਂ ਲੋਕਾਂ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਜਿਹੜੇ ਕਿ ਆਨਾਜ ਪੈਦਾ ਕਰਦੇ ਹਨ । ਸਪੀਕਰ ਸਾਹਿਬ, ਅਸੀਂ ਰੈਵੇਨਿਊ ਅਤੇ ਕੈਪੀਟਲ ਅਕਾਊਂਟ ਦਾ ਐਕਸਪੈਂਡੀਚਰ ਦੇਖੀਏ ਤਾਂ ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਅਸੀਂ ਇਨਪੁੱਟਸ ਸਪਲਾਈ ਕਰਨ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਖਰਚਾ ਖੇਤੀ ਬਾੜੀ ਲਈ ਰਖਿਆ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]
ਅਗਰ ਅਸੀਂ ਰੈਵੇਨਿਊ ਅਕਾਊਂਟ ਐਗਰੀਕਲਚਰ ਦਾ ਲਈਏ ਤਾਂ ਇਹ ਜਿਥੇ ਪਹਿਲੇ 10 ਕਰੋੜ ਰੁਪਏ ਦਾ ਸੀ ਹੁਣ 1976-77 ਦੇ ਬੱਜਟ ਪਰੋਵੀਜ਼ਨ ਵਿਚ ਇਹ 30.15 ਕਰੋੜ ਰੁਪਏ ਹੈ । ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਅਸੀਂ ਲਗਾਤਾਰ ਸਾਲੋ ਸਾਲ ਅੱਗੇ ਵਧਦੇ ਗਏ ਹਾਂ । ਕੈਪੀਟਲ ਅਕਾਊਂਟ ਜਿਹੜਾ ਹੈ ਪਲਾਨ ਐਕਸਪੈਂਡੀਚਰ ਦਾ ਇਹ ਵੀ 1974-75 ਵਿਚ 5 ਕਰੋੜ ਸੀ ਜੋ ਕਿ ਹੁਣ 1976-77 ਦੇ ਬੱਜਟ ਵਿਚ ਇਹ 10 ਕਰੋੜ ਰੁਪਿਆ ਹੋ ਗਿਆ ਹੈ । ਲਗਾਤਾਰ ਅਸੀਂ ਖੇਤੀਬਾੜੀ ਵਾਸਤੇ ਪੈਸਾ ਵੱਧਾ ਰਹੇ ਹਾਂ । ਮਾਸਟਰ ਜੀ ਨੇ ਵ੍ਹੀਟ ਪਰੋਡਕਸ਼ਨ ਦੇ ਬਾਰੇ ਦੱਸਿਆ ਸੀ ਕਿ ਵ੍ਹੀਟ ਪਰੋਡੱਕਸ਼ਨ ਇਕ ਰਿਕਾਰਡ ਤੋੜ ਹੋਵੇਗੀ। 1971-72 ਨਾਲੋਂ ਹੁਣ ਬਹੁਤ ਸਾਰੇ ਸਾਧਨ ਮੁਹੱਈਆ ਕੀਤੇ ਗਏ ਹਨ ।

ਸਪੀਕਰ ਸਾਹਿਬ, ਪੈਨਸ਼ਨਾਂ ਦਾ ਜ਼ਿਕਰ ਆਇਆ ਸੀ । ਇਸ ਬਾਰੇ ਗੌਰਮਿੰਟ ਆਫ ਇੰਡੀਆ ਨੇ ਫੈਸਲਾ ਲਿਆ ਹੈ ।

**ਸਰਦਾਰ ਦਰਬਾਰਾ ਸਿੰਘ :** ਸਪੀਕਰ ਸਾਹਿਬ, ਕਣਕ ਤਾਂ ਇਸ ਕਰਕੇ ਵੱਧ ਜਾਵੇਗੀ ਕਿ ਜਿਸ ਤਰ੍ਹਾਂ ਉਹ ਕਹਿੰਦੇ ਹਨ ਕਿ ਹਵਨ ਕੀਤਾ ਸੀ ਅਤੇ ਇਸ ਤਰ੍ਹਾਂ ਮੀਂਹ ਪੈ ਜਾਵੇਗਾ ਅਤੇ ਕਣਕ ਵੱਧ ਜਾਵੇਗੀ ।

**ਵਿੱਤ ਮੰਤਰੀ :** ਸਰਦਾਰ ਦਰਬਾਰਾ ਸਿੰਘ ਜੀ, ਇਹ ਤਾਂ ਸਰਕਾਰ ਦੀਆਂ ਐਫਰਟਸ ਅਫਸਰਾਂ, ਅਤੇ ਉਨ੍ਹਾਂ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਐਫਰਟਸ ਦਾ ਨਤੀਜਾ ਹੈ । ਲਗਾਤਾਰ ਅਸੀਂ ਇਸ ਖੇਤਰ ਵੱਲ ਤਰੱਕੀ ਕਰ ਰਹੇ ਹਾਂ ।

**ਸ੍ਰੀ ਸਪੀਕਰ :** ਸ਼ਰਮਾ ਸਾਹਿਬ, ਤੁਸੀਂ ਜਾਰੀ ਰੱਖੋ ਮੈਂ ਉਨ੍ਹਾਂ ਨੂੰ ਇਜਾਜ਼ਤ ਨਹੀਂ ਦਿੱਤੀ ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਇੱਥੇ ਪੈਨਸ਼ਨਾਂ ਬਾਰੇ ਕਿਹਾ ਗਿਆ ਸੀ । ਇਸ ਬਾਰੇ ਗੌਰਮਿੰਟ ਆਫ ਇੰਡੀਆ ਨੇ ਡਿਸੀਜ਼ਨ ਲਿਆ ਹੈ ਅਤੇ ਉਨ੍ਹਾਂ ਨੇ ਸੈਂਟਰਲ ਇੰਪਲਾਈਜ਼ ਦੇ ਬਾਰੇ ਕੋਈ ਓਵਰ ਆਲ ਪਰੋਸੀਜਰ ਅਡਾਪਟ ਕੀਤਾ ਹੈ ਅਤੇ ਪੰਜਾਬ ਸਰਕਾਰ ਨੇ ਵੀ ਉਸ ਨੂੰ ਅਡਾਪਟ ਕੀਤਾ ਹੈ । ਉਹ ਇੰਪਲਾਈਜ਼ ਦੀ ਪੈਨਸ਼ਨ ਬਾਰੇ 36 ਮਹੀਨੇ ਤੋਂ ਬੇਸ ਬਣਾ ਕੇ ਕੈਲਕੂਲੇਟ ਕਰਦੇ ਸੀ ਅਤੇ ਉਹ ਹੁਣ 10 ਮਹੀਨੇ ਕਰ ਦਿਤਾ ਹੈ ਔਰ ਅਸੀਂ 24 ਮਹੀਨੇ ਬੇਸ ਰੱਖਦੇ ਸੀ ਅਤੇ ਹੁਣ ਅਸੀਂ ਵੀ ਉਹ 10 ਮਹੀਨੇ ਦਾ ਕਰਨ ਦਾ ਫੈਸਲਾ ਕੀਤਾ ਹੈ । ਇਸ ਤਰ੍ਹਾਂ ਉਸੀ ਢੰਗ ਨਾਲ ਓਵਰ ਆਲ ਸਾਰਾ ਪ੍ਰੋਸੀਜਰ ਕਰਦੇ ਪਏ ਹਾਂ ਜਿਸ ਤਰ੍ਹਾਂ ਸੈਂਟਰਲ ਸਰਕਾਰ ਨੇ ਕੀਤਾ ਹੈ । ਇਸ ਤਰ੍ਹਾਂ ਸਾਡਾ 2 ਲੱਖ ਰੁਪਿਆ ਵੱਧ ਖਰਚ ਆਵੇਗਾ । ਪਰ ਇਸ ਨਾਲ ਇੰਪਲਾਈਜ਼ ਨੂੰ ਕਾਫੀ ਇਮਦਾਦ ਮਿਲੇਗੀ । (ਤਾੜੀਆਂ)

ਸਪੀਕਰ ਸਾਹਿਬ, ਸੜਕਾਂ ਦੇ ਬਾਰੇ ਅਟਵਾਲ ਸਾਹਿਬ ਨੇ ਕਿਹਾ ਸੀ । ਸੜਕਾਂ ਦੇ ਬਾਰੇ, ਸਪੀਕਰ ਸਾਹਿਬ, ਗੌਰਮਿੰਟ ਨੇ 61 ਕਰੋੜ ਰੁਪਏ ਦਾ ਕਰੈਸ਼ ਪ੍ਰੋਗਰਾਮ ਬਣਾਇਆ ਸੀ ਅਤੇ ਇਹ ਖਿਆਲ ਸੀ ਕਿ 61 ਕਰੋੜ ਰੁਪਏ ਨਾਲ ਸਾਰੇ ਪਿੰਡ ਲਿੰਕ ਸੜਕਾਂ ਨਾਲ ਜੁੜ ਜਾਣਗੇ । ਉਸ ਦੇ ਬਾਅਦ ਮੈਂਬਰਜ਼ ਨੇ ਕਿਹਾ ਕਿ ਸੜਕਾਂ ਪਿੰਡਾਂ ਦੇ ਅੰਦਰ ਜੰਞ ਘਰਾਂ, ਮੰਦਰਾਂ ਅਤੇ

Original with;
Punjab Vidhan Sabha
Digitized by;
Panjab Digital Library

ਗੁਰਦਵਾਰਿਆਂ ਤਕ ਜਾਣੀਆਂ ਚਾਹੀਦੀਆਂ ਹਨ ਪਰ ਪਹਿਲੇ ਇਸ ਚੀਜ਼ ਦਾ ਐਸਟੀਮੇਟ ਨਹੀਂ ਸੀ। ਉਨ੍ਹਾਂ ਦੇ ਕਹਿਣ ਦੇ ਮੁਤਾਬਿਕ ਮੈਜਾਰਿਟੀ ਪਿੰਡ ਸੜਕਾਂ ਨਾਲ ਜੁੜ ਗਏ ਹਨ ਲੇਕਿਨ ਕੁਝ ਬਣ ਰਹੇ ਹਨ ਅਤੇ ਇਸ ਖਰਚ ਲਈ ਉਸ ਵੇਲੇ ਐਸਟੀਮੇਟ ਨਹੀਂ ਸੀ ਕੀਤਾ ਕਿ ਪਿੰਡਾਂ ਦੇ ਅੰਦਰ ਵੀ ਕਈ ਜਗ੍ਹਾ ਸੜਕ ਲੈ ਕੇ ਜਾਣੀ ਪਵੇਗੀ। ਹੁਣ ਅਸੀਂ ਇਸ ਬਜਟ ਵਿਚ ਸੱਤ ਕਰੋੜ ਦੀ ਬਜਾਏ 10 ਕਰੋੜ ਰੁਪਿਆ ਇਸ ਕੰਮ ਵਾਸਤੇ ਰੱਖਿਆ ਹੈ। ਰਿਪੇਅਰ ਵਾਸਤੇ ਵੀ ਤਿੰਨ ਕਰੋੜ ਦੀ ਬਜਾਏ ਸਾਢੇ ਚਾਰ ਕਰੋੜ ਰੁਪਿਆ ਰੱਖਿਆ ਹੈ ਤਾਕਿ ਜਿਹੜੇ ਪਿੰਡ ਰਹਿ ਜਾਣ ਉਥੇ ਲਿੰਕ ਸੜਕਾਂ ਬਣ ਜਾਣ ਅਤੇ ਉਨ੍ਹਾਂ ਨੂੰ ਜਲਦੀ ਮੁਕੰਮਲ ਕੀਤਾ ਜਾਵੇ ਅਤੇ ਆਵਾਜਾਈ ਦਾ ਇਹ ਜਿਹੜਾ ਕੰਮ ਹੈ ਇਹ ਮੁਕੰਮਲ ਹੋ ਜਾਵੇ ਕਿਉਂਕਿ ਸੜਕਾਂ ਦੇ ਬਗੈਰ ਸਿਵਲਾਈਜ਼ੇਸ਼ਨ ਨਹੀਂ ਆਉਂਦੀ, ਇਹ ਹੀ ਅਸੀਂ ਸੁਣਦੇ ਆਏ ਹਾਂ। ਅਗਰ ਸੜਕਾਂ ਚਲੀਆਂ ਜਾਂਦੀਆਂ ਹਨ ਤਾਂ ਬਹੁਤ ਫਾਇਦਾ ਇਸ ਦਾ ਇਕਨਾਮਿਕ ਡਿਵੈਲਪਮੈਂਟ ਵਿਚ ਔਰ ਦੂਜੀਆਂ ਗਲਾਂ ਵਿਚ ਪਿੰਡਾਂ ਵਾਲਿਆਂ ਨੂੰ ਪਹੁੰਚ ਜਾਂਦਾ ਹੈ।

ਹੁਣ ਕੁਝ ਮੈਂਬਰ ਸਾਹਿਬਾਨ ਨੇ ਜ਼ਿਕਰ ਕੀਤਾ ਸੀ ਕਿ ਕਾਟੇਜ ਇੰਡਸਟਰੀਜ਼ ਪਿੰਡਾਂ ਵਿਚ ਹੋਵੇ, ਇਸ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਇਸ ਲਈ ਕੁਝ ਸਹੂਲਤਾਂ ਇਸ ਬਜਟ ਵਿਚ ਅਸੀਂ ਰਖੀਆਂ ਹਨ। ਇਸ ਤੋਂ ਇਲਾਵਾ ਵੱਡੀ ਅੜਚਣ ਜੋ ਹੈ ਕਿ ਜੋ ਮਾਲ ਬਣਿਆ ਹੋਇਆ ਨਾ ਵਿਕੇ ਤਾਂ ਬੜੀ ਮੁਸ਼ਕਿਲ ਆਉਂਦੀ ਹੈ। ਛੋਟੇ ਛੋਟੇ ਕਾਰਖਾਨੇਦਾਰਾਂ ਦਾ ਮਾਲ ਜੋ ਬਣਦਾ ਹੈ ਉਹ ਵਿਕਦਾ ਨਹੀਂ ਹੈ। ਪੰਜਾਬ ਗੌਰਮਿੰਟ ਨੇ ਪਹਿਲੀ ਵਾਰ ਫੈਸਲਾ ਕੀਤਾ ਹੈ ਕਿ ਅਸੀਂ ਸੇਲਜ਼ ਕਾਰਪੋਰੇਸ਼ਨ ਬਣਾਈਏ ਔਰ ਸੇਲਜ਼ ਕਾਰਪੋਰੇਸ਼ਨ ਰਾਹੀਂ ਜੋ ਮਾਲ ਸ਼ਹਿਰਾਂ ਵਿਚ ਜਾਂ ਪਿੰਡਾਂ ਵਿਚ ਅੱਛਾ ਬਣਦਾ ਹੈ ਤਾਂ ਉਸ ਦੀ ਸੇਲ ਇਸ ਕਾਰਪੋਰੇਸ਼ਨ ਰਾਹੀਂ ਹੋਏਗੀ। ਇਸ ਨਾਲ ਮਿਡਲ ਮੈਨ ਨੂੰ ਐਕਸਪਲਾਇਟ ਨਹੀਂ ਕੀਤਾ ਜਾਏਗਾ, ਉਸ ਦਾ ਮਾਲ ਖਰੀਦਿਆ ਜਾਏਗਾ ਔਰ ਉਨ੍ਹਾਂ ਨੂੰ ਪੈਸੇ ਵੀ ਟਾਈਮ ਸਿਰ ਮਿਲ ਸਕਿਆ ਕਰਨਗੇ।

ਕਾਮਰੇਡ ਰਾਜਕੁਮਾਰ ਸੀ ਨੇ ਗਿਲਾ ਕੀਤਾ ਜੀ ਕਿ ਪੰਜਾਬ ਦੀ ਪਾਰਚੇਜ਼ਿੰਗ ਪਾਵਰ ਘੱਟ ਹੈ। ਮੈਂ ਸਮਝਦਾ ਹਾਂ ਡਿਵੈਲਪਿੰਗ ਇਕਨਾਮੀ ਵਿਚ ਲੋਕ ਅੰਡਰ-ਡਿਵੈਲਪਡ ਡੈਮੋਕ੍ਰੇਟਿਕ ਤਰੀਕੇ ਨਾਲ ਉਪਰ ਉਠਦੇ ਹਨ। ਇਸ ਤਰ੍ਹਾਂ ਨਾਲ ਲਾਜ਼ਮੀ ਤੌਰ ਤੇ ਆਹਿਸਤਾ ਆਹਿਸਤਾ ਪਰਚੇਜ਼ਿੰਗ ਪਾਵਰ ਬੜ੍ਹਦੀ ਹੈ। ਪੰਜਾਬ ਦੇ ਲੋਕਾਂ ਦੀ ਪਿਛਲੇ ਸਾਲ ਪਰਚੇਜ਼ਿੰਗ ਪਾਵਰ ਬੜ੍ਹੀ ਹੈ। ਪੰਜਾਬ ਦੇ ਪਿੰਡਾਂ ਵਿਚ ਵੀ ਔਰ ਹੋਰ ਥਾਵਾਂ ਤੇ ਵੀ ਜਿਸ ਤਰਾਂ ਦੀ ਪ੍ਰੋਡਕਸ਼ਨ ਬੜੇਗੀ ਉਸੇ ਤਰ੍ਹਾਂ ਦੀ ਅਨ-ਇੰਪਲਾਈਮੈਂਟ ਦਰ ਹੋ ਸਕੇਗੀ। ਪੰਜਾਬ ਵਿਚ ਇੰਡਸਟਰੀਅਲ ਲੇਬਰ ਦੀ ਬਹੁਤ ਵੱਡੀ ਤਾਦਾਦ ਹੈ। ਬਾਹਰਲੇ ਸੂਬਿਆਂ ਤੋਂ ਆ ਕੇ ਲੋਕ ਇਥੇ ਲੇਬਰ ਕਰਦੇ ਹਨ। ਸੜਕਾਂ ਤੇ ਜ਼ਿਆਦਾ ਲੇਬਰ ਯੂ. ਪੀ. ਅਤੇ ਰਾਜਿਸਥਾਨ ਤੋਂ ਆਉਂਦੀ ਹੈ। ਉਨ੍ਹਾਂ ਨੂੰ ਇਥੇ ਆਪਣੇ ਸੂਬਿਆਂ ਨਾਲੋਂ ਜ਼ਿਆਦਾ ਪੈਸੇ ਮਿਲ ਜਾਂਦੇ ਹਨ। ਜਿੰਨਾ ਚਿਰ ਐਗਰੀਕਲਚਰ ਡਿਵੈਲਪ ਨਹੀਂ ਹੁੰਦੀ ਉਨਾਂ ਚਿਰ ਇਹ ਪਰਾਬਲਮ ਰਹਿਣੀ ਹੈ। ਕਿਉਂਕਿ ਕਈ ਥਾਵਾਂ ਤੇ ਪਾਣੀ ਜਾਣ ਦਾ ਹਾਲੇ ਚੰਗੀ ਤਰ੍ਹਾਂ ਨਾਲ ਇੰਤਜ਼ਾਮ ਨਹੀਂ ਹੋਇਆ ਹੈ, ਜਿਸ ਤਰਾਂ ਕਿ ਸਬ-ਮਾਊਂਟੇਨਸ ਏਰੀਆ, ਇਥੇ ਡੂੰਘੇ ਟਿਊਬਵੈੱਲ ਲਗਾ ਰਹੇ ਹਾਂ ਤਾਂ ਕਿ ਉਥੇ ਵੀ ਉਪਜ ਜ਼ਿਆਦਾ ਹੋਵੇ। ਸਬ ਮਾਊਂਟੇਨਸ ਏਰੀਆ ਵਾਸਤੇ, ਬਾਰਡਰ ਦੇ ਏਰੀਆ ਵਾਸਤੇ ਸਿਰਫ ਪਲੈਨ ਹੀ ਨਹੀਂ ਬਣਾਏ ਬਲਕਿ ਸਬ-ਪਲੈਨਿੰਗ ਵੀ ਕੀਤੀ ਗਈ ਹੈ। ਇਹ ਸਬ-ਪਲੈਨਿੰਗ ਦਾ ਹੀ ਨਤੀਜਾ ਹੈ ਕਿ ਪਰੋਡਕਸ਼ਨ ਵੱਧੀ ਹੈ (ਵਿਘਨ)

Original with;
Punjab Vidhan Sabha
Digitized by;
| | | 181. Ghungrani | 153. Sakruli |
| | | 182. Pandori Dilbi | 154. Hukeran |
| | | 183. Chak Mallan | 155. Alawalpur |
| | | 184. Attowal | 156. Majo Majra |
| | | 185. Harmoya | 157. Mali |
| | | 186. Khera | 158. Nandalon |
| 89. | Shamchurasi | 187. Kabirpür | 159. Sherpur Khas |
| | | 188. Chack Raju Singh | 160. Nila naloa |
| | | 189. Bhullowal | 161. Sikeri |
| | | 190. Dhadian Khurd | 162. Hardokhanpur |
| | | 191. Gobindpur | 163. Bhikhowal |
| | | 192. Dolowal | 164. Haryana Balmiki |
| | | 193. Nandchaur | 165. Haryana Adharmi |
| | | 194. Bhilowal Kalian | |
| 90. | Balachaur | 195. Mallowal Kohli | 166. Begowal |
| | | | 167. Tonsa |
| | | | 168. Panauli Kalan |
| | | | 169. Mehtabpur |
| | | | 170. Torewal |
| | | | 171. Chandpur Rurki |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਲੋਕ ਨਿਰਮਾਣ]

| 1 | 2 | 3 | 4 | 5 |
|---|---|---|---|---|
| 91. | Hoshiarpur | 196. Chhabewal | 172. Bajwara Kalan | — |
| | | 197. Ahrna Kalan | 173. Bohan | |
| | | 198. Patti | 174. Chabewa 1 | |
| | | 199. Ghasipur | | |
| | | 200. Bhikhowal | | |
| | | 201. Adamwal | | |
| | | 202. Purhiran | | |
| | | 203. Shorgarh | | |
| | | 204. Mohalanwali Nandgarh. | | |
| | | 205. Marholi Dahamana | | |
| | | 206. Saseli | | |
| | | 207. Basti Daulat Khan | | |
| | | 208. Naurangabad | | |
| 92. | Tanda | — | 175. Bugan | — |
| | | | 176. Lehlan | |
| | | | 177. Dugan | |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 93. | Garhshankar | — | 178. Kaloa | 61. Mahndiwani |
| | | | 179. Kharal Khurd | |
| | | | 180. Kalora | |
| | | | 181. Sohian | |
| | | | 182. Kalowal Bhagtan | |
| | | | 183. Jassowal | |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 452 ਪਿੰਡ 1972 ਤੋਂ 1974 ਤਕ ਹਰੀਜਨ ਬਸਤੀ ਸੁਧਾਰ ਸਕੀਮ ਹੇਠਾਂ ਲਏ ਗਏ ਅਤੇ 126 ਪਿੰਡ ਪਿਛਲੇ ਸਾਲ 1975 ਵਿੱਚ ਕਰਨੇ ਸਨ । ਕੀ ਵਜ੍ਹਾ ਹੈ ਕਿ ਕੁਝ ਹਲਕਿਆਂ ਵਿੱਚ, ਜਿਸ ਤਰ੍ਹਾਂ ਨਵਾਂ ਸ਼ਹਿਰ ਹੈ ਉਥੇ ਪਹਿਲੇ ਦੋ ਸਾਲ ਦੇ ਪੀਰੀਅਡ ਵਿੱਚ 23 ਪਿੰਡ ਲਏ ਗਏ, ਨੰਗਲ ਵਿੱਚ 18 ਪਿੰਡ ਅਤੇ ਮਾਹਲਪੁਰ ਵਿੱਚ 20 ਪਿੰਡ ਲਏ ਗਏ ਜਦੋਂ ਕਿ ਦੂਜੇ ਹਲਕੇ ਜਿਵੇਂ ਗੁਰਦਾਸਪੁਰ ਦਾ ਜ਼ਿਲ੍ਹਾ ਹੈ ਉਥੇ ਸਾਰੇ ਜ਼ਿਲ੍ਹੇ ਵਿਚ ਸਿਰਫ 12 ਪਿੰਡ ਹੀ ਲਏ ਗਏ, ਗੜ੍ਹ ਸ਼ੰਕਰ ਦੇ ਤਿੰਨ ਪਿੰਡ ਤੇ ਰੋਪੜ ਦੇ ਪੰਜ ਪਿੰਡ ਇਸ ਸਕੀਮ ਹੇਠਾਂ ਲਏ ਗਏ । ਇਸ ਤਰ੍ਹਾਂ ਦਾ ਅੰਤਰ ਕਿਉਂ ਰੱਖਿਆ ਗਿਆ ਹੈ ? ਇਨਸਾਫ ਨਾਲ ਹਰ ਹਲਕੇ ਵਿੱਚੋਂ ਹਰੀਜਨ ਬਸਤੀ ਸੁਧਾਰ ਸਕੀਮ ਹੇਠਾਂ ਪਿੰਡ ਕਿਉਂ ਨਹੀਂ ਲਏ ਗਏ ?

**ਰਾਜ ਮੰਤਰੀ :** ਸਪੀਕਰ ਸਾਹਿਬ, ਡਿਸਕਰੀਮੀਨੇਸ਼ਨ ਕੋਈ ਨਹੀਂ ਹੋ ਰਹੀ। ਜਿਉਂ ਜਿਉਂ ਲਿਸਟਾਂ ਆਉਂਦੀਆਂ ਹਨ, ਕੇਸ ਕੰਪਲੀਟ ਹੋ ਜਾਂਦੇ ਹਨ ਤਿਉਂ ਤਿਉਂ ਉਨ੍ਹਾਂ ਨੂੰ ਟੇਕ ਅਪ ਕੀਤਾ ਜਾਂਦਾ ਹੈ । ਜਿਉਂ ਜਿਉਂ ਰੁਪਿਆ ਮਿਲਦਾ ਜਾਂਦਾ ਹੈ ਤਿਉਂ ਤਿਉਂ ਇਨਵੈਸਟਮੈਂਟ ਕੀਤੀ ਜਾਂਦੀ ਹੈ । ਇਸ ਕਰਕੇ ਡਿਸਕਰੀਮੀਨੇਸ਼ਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ।

**ਕਾਮਰੇਡ ਅੱਛਰਾ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਡਿਸਕਰੀਮੀਨੇਸ਼ਨ ਨਹੀਂ ਹੋ ਰਹੀ । ਮੈਂ ਆਪ ਦੇ ਰਾਹੀਂ ਇਹ ਪੁੱਛਣਾ ਚਾਹਾਂਗਾ ਕਿ ਕੀ ਕਰਾਈਟੇਰੀਆ ਹੈ ਜਿਸ ਦੇ ਮੁਤਾਬਿਕ ਇਹ ਪਿੰਡ ਚੁਣੇ ਜਾਂਦੇ ਹਨ ਜਦੋਂ ਕਿ ਸਾਰੇ ਪੰਜਾਬ ਵਿੱਚ ਹਰੀਜਨਾਂ ਦੀਆਂ ਬਸਤੀਆਂ ਪਛੜੀਆਂ ਹੋਈਆਂ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਸਕੀਮ ਦੇ ਅਧੀਨ ਉਨ੍ਹਾਂ ਬਸਤੀਆਂ ਦੀਆਂ ਸਟਰੀਟਸ ਤੇ ਪੇਵਮੈਂਟਸ ਪੱਕੀਆਂ ਕਰਨੀਆਂ ਹਨ, ਬਾਥ ਰੂਮ ਵਗੈਰਾ ਬਣਾਉਣੇ ਹਨ, ਚਿਲਡਰਨ ਪਾਰਕ ਬਣਾਉਣੇ ਹਨ ਅਤੇ ਹੋਰ ਤਰੱਕੀ ਦੇ ਕੰਮ ਕਰਨੇ ਹਨ । ਇਹੋ ਜਿਹੀਆਂ ਚੀਜ਼ਾਂ ਦੀ ਲੋੜ ਹੈ ।

**ਸ਼੍ਰੀ ਸਪੀਕਰ :** ਉਹ ਤਾਂ ਕਰਾਈਟੇਰੀਆ ਪੁੱਛਦੇ ਹਨ ਕਿ ਕਿਸ ਆਧਾਰ ਤੇ ਚੁਣੇ ਜਾਂਦੇ ਹਨ ।

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਥੇ ਹਰੀਜਨਾਂ ਦੀ ਆਬਾਦੀ ਜ਼ਿਆਦਾ ਹੈ ਅਤੇ ਜਿਥੇ ਡਿਵੈਲਪਮੈਂਟ ਦੀ ਲੋੜ ਹੈ , ਇਹ ਹੀ ਇਸ ਦਾ ਆਧਾਰ ਹੈ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਲੋੜ ਕੇਵਲ ਉਨ੍ਹਾਂ ਕਾਂਸਟੀਚੂਐਂਸੀਜ਼ ਦੇ ਪਿੰਡਾਂ ਨੂੰ ਹੈ ਜਿਥੋਂ ਕਿ ਮਨਿਸਟਰ ਆਏ ਹਨ, ਜਿਸ ਤਰ੍ਹਾਂ ਮਾਹਲਪੁਰ ਹੈ, ਨੰਗਲ ਹੈ, ਅਨੰਦਪੁਰ ਸਾਹਿਬ ਹੈ । ਕੀ ਬਾਕੀ ਪਿੰਡਾਂ ਵਿਚ ਹਰੀਜਨ ਬਹੁਤ ਉਚੀ ਪਦਵੀ ਤੇ ਪਹੁਚ ਚੁਕੇ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਗਲਤ ਫਹਿਮੀ ਹੈ । ਇਹ ਕੋਈ ਜ਼ਰੂਰੀ ਨਹੀਂ ਕਿ ਮਨਿਸਟਰ ਦੀ ਹੀ ਕਾਂਸਟੀਚੂਐਂਸੀ ਹੋਵੇ ।

Original with;
Punjab Vidhan Sabha
Digitized by;
Panjab Digital Library

ਕਾਰਾਈਟੇਰੀਏ ਲਈ ਆਬਾਦੀ ਵੀ ਜ਼ਰੂਰੀ ਹੈ । ਬਾਕੀ ਜੇ ਕਾਮਰੇਡ ਸਾਹਿਬ ਦੇ ਨੋਟਿਸ ਵਿੱਚ ਕੋਈ ਖਾਸ ਪਿੰਡ ਹੈ ਤਾਂ ਦਸ ਦੇਣ, ਉਸ ਤੇ ਵੀ ਵਿਚਾਰ ਕਰ ਲਵਾਂਗੇ । ਇਸ ਤਰ੍ਹਾਂ ਹੀ ਪੰਜਾਬ ਦੇ ਬਾਕੀ ਸਾਰੇ ਹਲਕਿਆਂ ਬਾਰੇ ਕੀਤਾ ਜਾਂਦਾ ਹੈ ।

**ਕਾਮਰੇਡ ਦਾਨਾ ਰਾਮ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਲੰਬੀ ਦੇ ਹਲਕੇ ਵਿਚੋਂ ਪਿੰਡਾਂ ਦੇ ਨਾਂ ਦਿੱਤੇ ਹਨ ਜਿਨ੍ਹਾਂ ਵਿੱਚ ਹਰੀਜਨਾਂ ਦੇ 800 ਦੇ ਕਰੀਬ ਘਰ ਹਨ ਪਰ ਉਨ੍ਹਾਂ ਵਿਚੋਂ ਇੱਕ ਵੀ ਪਿੰਡ ਇਸ ਸਕੀਮ ਹੇਠ ਨਹੀਂ ਲਿਆ ਇਹ ਉਨ੍ਹਾਂ ਪਿੰਡਾਂ ਨੂੰ ਕਦੋਂ ਤਕ ਇਸ ਸਕੀਮ ਦੇ ਅਧੀਨ ਲੈ ਲੈਣਗੇ ?

**ਰਾਜ ਮੰਤਰੀ :** ਇਸ ਤੇ ਵੀ ਵਿਚਾਰ ਕਰਾਂਗੇ । 452 ਪਿੰਡ ਅਸੀਂ ਇਸ ਸਕੀਮ ਹੇਠ ਲਏ ਹਨ । ਇਸ ਤੋਂ ਇੱਕ ਗਲ ਜ਼ਾਹਿਰ ਹੋ ਜਾਂਦੀ ਹੈ ਕਿ ਕਿਸੇ ਮਨਿਸਟੀਰੀਅਲ ਹਲਕੇ ਨੂੰ ਮੁੱਖ ਰੱਖ ਕੇ ਇਹ ਪਿੰਡ ਨਹੀਂ ਚੁਣੇ ਗਏ । ਉਨ੍ਹਾਂ ਪਿੰਡਾਂ ਵਿੱਚ ਹਰੀਜਨਾਂ ਦੀ ਆਬਾਦੀ ਨੂੰ ਵੀ ਮੁੱਖ ਰਖਿਆ ਗਿਆ ਹੈ । ਮੈਂ ਇਹ ਕਹਿ ਸਕਦਾ ਹਾਂ ਕਿ ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ ਹੋਵੇਗਾ । ਜਿਉਂ ਜਿਉਂ ਰੁਪਿਆ ਮਿਲੇਗਾ ਅਸੀਂ ਸਾਰੇ ਪਿੰਡ ਟੇਕ-ਅੱਪ ਕਰਦੇ ਜਾਵਾਂਗੇ ਤੇ ਉਨ੍ਹਾਂ ਦੀ ਡਿਵੈੱਲਪਮੈਂਟ ਕਰਾਂਗੇ ।

---

**ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ ਨੰ: 3496 :**

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ ।)

---

**ਜ਼ਿਲ੍ਹਾ ਸਿਖਿਆ ਅਫ਼ਸਰ, ਬਠਿੰਡਾ ਦੇ ਦਫ਼ਤਰ ਵਿੱਚ ਸੇਵਾਦਾਰਾਂ ਦੀ ਕਲਰਕਾਂ ਵਜੋਂ ਤਰੱਕੀ**

***3545. ਕਾਮਰੇਡ ਜੰਗੀਰ ਸਿੰਘ ਜੋਗਾ :** ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਸਾਲ 1975 ਦੇ ਦੌਰਾਨ ਕੁਝ ਅਜਿਹੇ ਕੇਸ ਫੜੇ ਗਏ ਸਨ, ਜਿਨ੍ਹਾਂ ਵਿਚ ਜ਼ਿਲਾ ਸਿੱਖਿਆ ਅਫਸਰ, ਬਠਿੰਡਾ ਦੇ ਦਫਤਰ ਵਿਚ ਕੰਮ ਕਰ ਰਹੇ ਸੇਵਾਦਾਰਾਂ ਨੇ ਦਸਵੀਂ ਦੇ ਜਾਹਲੀ ਸਰਟੀਫੀਕੇਟ ਪੇਸ਼ ਕਰਕੇ ਕਲਰਕਾਂ ਵਜੋਂ ਤਰੱਕੀ ਹਾਸਲ ਕੀਤੀ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਇਸ ਤਰ੍ਹਾਂ ਤਰੱਕੀ ਦਿੱਤੇ ਗਏ ਕਲਰਕਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ;

(ੲ) ਭਾਗ (ਅ) ਵਿਚ ਵਰਣਿਤ ਕਲਰਕਾਂ ਵਿਰੁਧ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ ?

**ਸ੍ਰੀ ਗੁਰਮੇਲ ਸਿੰਘ :** (ੳ ਅਤੇ ਅ) ਹਾਂ ਜੀ । ਕੇਵਲ ਇਕ ਕੇਸ, ਸ੍ਰੀ ਬਚਿਤਰ ਸਿੰਘ, ਸੇਵਾਦਾਰ ਦਾ ।

(ੲ) ਕਰਮਚਾਰੀ ਨੂੰ ਰਿਵਰਟ ਅਤੇ ਮੁਅੱਤਲ ਕਰ ਦਿੱਤਾ ਗਿਆ ਹੈ ਇਸ ਬਾਰੇ ਹੋਰ ਛਾਣਬੀਣ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਜੰਗੀਰ ਸਿੰਘ ਜੋਗਾ** : ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਦਸਣਗੇ ਕਿ ਜਦ ਇਹ ਕੇਸ ਫੜਿਆ ਬਣਾਉਟੀ ਸਰਟੀਫਿਕੇਟ ਬਣਾਉਣ ਦਾ, ਤਾਂ ਕੀ ਇਹ ਕੇਸ ਪੁਲਿਸ ਵਿੱਚ ਦਰਜ਼ ਕਰਵਾਇਆ ਗਿਆ ਤਾਂ ਕਿ ਇਸ ਦੀ ਪੂਰੀ ਤਹਿਕੀਕਾਤ ਹੋਵੇ ?

**ਮੰਤਰੀ** : ਇਸ ਦੇ ਖਿਲਾਫ਼ ਐਕਸ਼ਨ ਲਿਆ ਹੈ । ਉਹ ਕਹਿੰਦਾ ਹੈ, ਕਿ ਐਜੂਕੇਸ਼ਨ ਬੋਰਡ ਦੇ ਵਿਚੋਂ ਸਰਟੀਫਿਕੇਟ ਇਸ਼ੂ ਹੋਇਆ । ਉਨ੍ਹਾਂ ਨੂੰ ਅਸੀਂ ਲਿਖ ਦਿੱਤਾ ਹੈ ਕਿ ਇਸ ਬਾਰੇ ਸਾਨੂੰ ਇਨਫਰਮੇਸ਼ਨ ਦੇਣ ।

———

## GRANTS TO THE FLOOD VICTIMS IN THE STATE

*3547. **Comrade Raj Kumar** : Will the Minister for Revenue and Elections be pleased to state—

(a) the names of villages district-wise affected by floods and rains during the period from June to September, 1975 ;

(b) t e amounts of the estimated losses of crops, fodder, houses etc. in each village as assessed by the Government ;

(c) the amounts disbursed in each village by way of :

(i) fodder grants ;

(ii) cash doles for rations ;

(iii) cash Grants for house repairs ;

(iv) cash compensation for loss of crops ;

(v) compensation for loss of human life ; and

(vi) compensation for loss of cattle heads ;

(d) the criteria/formula for marking disbursements of grants to the affected persons of villages referred to in part (a) above ;

(e) whether the Government received any representations/letters from persons of the affected villages and legislators in the months of October and November, 1975 pointing out difficulties/problems of those persons who have not been paid any grant etc., referred to in part (c) above ; if so, the action taken thereon ?

**Sardar Umrao Singh** : (a) to (e) Reply is laid on the Table of the House.

Original with;
Punjab Vidhan Sabha
Digitized by;
Panjab Digital Library

(a) The total number of villages in the State district-wise, affected by floods during the period from June to September, 1975, are given below :—

| Name of District | | Number of villages affected |
|---|---|---|
| Hoshiarpur | .. | 18 |
| Jullundur | .. | 41 |
| Faridkot | .. | 99 |
| Gurdaspur | .. | 563 |
| Amritsar | .. | 332 |
| Patiala | .. | 27 |
| Ludhiana | .. | 20 |
| Kapurthala | .. | 24 |
| Ropar | .. | 24 |
| Ferozepur | .. | 187 |

It is, however, considered that time and labour involved in collecting information about the names of villages affected by floods in each district, will not be commensurate with any possible benefit likely to be derived.

(b) It is considered that time and labour involved in collecting the requisite information will not be commensurate with any possible benefit likely to be derived. However, the total loss on account of floods during 1975 approximately comes to rupees fourteen crores.

(c) The total disbursement of gratuitous relief in the State, district-wise so far is as under :

| Name of District | | Amount of gratuitous relief on fodder, house repair, cash doles electric, disbursed. |
|---|---|---|
| Hoshiarpur | .. | 14,660 |
| Jullundur | .. | 1,27,035 |
| Faridkot | .. | 1,00,805 |
| Gurdaspur | .. | 1,13,26,745 |
| Amritsar | .. | 1,01,25,800 |
| Patiala | .. | 1,425 |
| Ludhiana | .. | 1,500 |
| Ropar | .. | 8,670 |
| Ferozepur | .. | 19,77,960 |

(The work of disbursement of relief to flood sufferers is still in progress.)

Original with;
Punjab Vidhan Sabha
Digitized by;
Panjab Digital Library

[Minister for Revenue and Elections]

It is, however, considered that time and labour involved in collecting information about disbursement of gratuitous relief in the State, village-wise and item-wise will not be commensurate with any possible benefit likely to be derived.

(d) Gratuitous relief to the flood affected persons in the State was allowed during 1975 as under :

I. (i) Subsistence grant at the rate of Rs. 40 per head, per month in lieu of free food and other necessaries of life for a maximum period of two months.

(ii) **House Repair Grants**

| | | | | |
|---|---|---|---|---|
| 1. For a pucca house | Up | to | Rs. | 2,000 (if totally damaged) |
| | ,, | ,, | ,, | 1,000 (if partly damaged) |
| 2. For a kucha house | ,, | ,, | ,, | 500 (if totally damaged) |
| | ,, | ,, | ,, | 250 (if partly damaged) |
| 3. For a hut | ,, | ,, | ,, | 100 (if totally damaged) |
| | ,, | ,, | ,, | 50 (if partly damaged) |

(iii) **Grants for animals lost**

| | | |
|---|---|---|
| 1. Per bullock/buffalo | .. | Rs. 650 |
| 2. Per Cow | .. | Rs. 400 |
| 3. Per sheep/goat | .. | Rs. 100 |

(iv) **Grants for fodder**

Rs. 30 per animal, subject to a maximum of 8 animals per family.

(v) **Grants on the Death of Bread-winners**

Rs. 5,000 to the heirs of the deceased.

(v) **Grants for Temporary shelters**

Rs. 50 per family for construction of temporary shelter.

II. (1) In villages where damage to crops exceeds 75%, relief will be admissible to all landowners/tenants irrespective of their size of holdings and to land less labourers and *Kamis* and others. In addition, relief will also be admissible to the members of the families of persons with fixed income such as pensioners and petty employees of the Government Local Bodies etc., if the family. in addition to the pension or salary of its head, also supplements its income with wages etc., from their work on agricultural operations. Shopkeepers who are not directly dependent on agriculture, will not be granted relief.

(2) In villages where damage to crops exceeds 50% but does not exceed 75%, the relief will be admissible to such of the landowners/ tenants whose crops have actually been damaged to the extent of at least 25%, and to the landless agricultural labourers, *Kamis* and other dependents on agriculture, members of the families of persons with fixed income such as pensioners and petty employees of Govt. Local Bodies etc., if the family in addition to the pension or salary of its Head, also supplements its income with wages etc., from work on agricultural operations. For this purpose, casual or seasonal agricultural labourers will also be treated as agricultural workers.

Original with;
Punjab Vidhan Sabha
Digitized by;
Panjab Digital Library

(3) In villages where damage to crops exceeds 25% but does not exceed 50%, relief is admissible to such of the landowners/tenants whose crops have actually been damaged to the extent of at least 25% and to the landless agricultural labourers and *Kamis* dependent on agriculture. The agricultural labourers include casual or part-time agricultural workers.

(e) Yes, Sir; necessary action was taken wherever needed.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਵੈਸੇ ਬੜਾ ਡਿਟੇਲਡ ਜਵਾਬ ਦਿੱਤਾ ਹੈ। ਲੇਕਿਨ ਹਰੇਕ ਸਵਾਲ ਦੇ ਜਵਾਬ ਵਿਚ ਇਹ ਲਿਖ ਦਿੱਤਾ ਹੈ ਕਿ ਇਹ ਇਨਫਰਮੇਸ਼ਨ ਇਕੱਠੀ ਕਰਨ ਤੇ ਟਾਈਮ ਤੇ ਮਿਹਨਤ ਜਿਹੜੀ ਲਗੇਗੀ ਉਹ ਬਹੁਤ ਹੋਵੇਗੀ ਸਪੀਕਰ ਸਾਹਿਬ, ਠੀਕ ਹੈ ਪੈਸੇ ਤਾਂ ਇਨ੍ਹਾਂ ਨੇ ਦਿੱਤੇ ਹਨ ਲੇਕਿਨ ਮੈਂ ਵੇਰੀਅਸ ਕੈਟੇਗਰੀਜ਼ ਬਾਰੇ ਜਵਾਬ ਪੁੱਛਿਆ ਹੈ ਕਿ ਫੌਡਰ ਦੀ ਕੀ ਗਰਾਂਟ ਦਿੱਤੀ ਹੈ, ਕੈਸ਼ ਗਰਾਂਟ ਕਿਤਨੀ ਦਿੱਤੀ ਹੈ ਅਤੇ ਕੰਪੈਨਸੇਸ਼ਨ ਕਿਤਨੀ ਦਿੱਤੀ ਹੈ, ਫਾਰ ਲਾਸ ਆਫ ਹਿਊਮਨ ਲਾਈਫ ਕਿਤਨੀ ਦਿੱਤੀ ਹੈ ਤੇ ਫਾਰ ਲਾਸ ਆਫ ਕੈਟਲ ਹੈਡਜ਼ ਕਿਤਨੀ ਦਿੱਤੀ ਹੈ। ਇਸ ਦਾ ਰਿਕਾਰਡ ਡਿਪਟੀ ਕਮਿਸ਼ਨਰ ਅਤੇ ਐਸ. ਡੀ. ਓ. ਦੇ ਦਫਤਰ ਵਿੱਚ ਮੌਜੂਦ ਹੈ ਕਿ ਕਿਤਨਾ ਨਕਦੀ ਪੈਸਾ ਦਿਤਾ ਹੈ ?

**ਸ੍ਰੀ ਸਪੀਕਰ** : ਤੁਸੀਂ ਆਰਗੂਮੈਂਟ ਨਾ ਕਰੋ, ਸਵਾਲ ਕਰੋ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਸ ਦਾ ਜਵਾਬ ਇਕਠਾ ਕਰਨ ਵਿੱਚ ਲੇਬਰ ਬਹੁਤ ਲੱਗਦੀ ਹੈ। ਕੀ ਡਿਪਟੀ ਕਮਿਸ਼ਨਰ ਜਾਂ ਐਸ. ਡੀ. ਓ. ਨੂੰ ਇੱਕ ਚਿੱਠੀ ਲਿਖਣ ਨਾਲ ਲੇਬਰ ਬਹੁਤ ਲੱਗਦੀ ਹੈ ? ਇਹ ਇਨ੍ਹਾਂ ਨੇ ਕਿਸ ਤਰ੍ਹਾਂ ਕਿਹਾ ਹੈ ਕਿ ਜਿਹੜੀ ਇਨਫਰਮੇਸ਼ਨ ਇਕੱਠੀ ਹੋਵੇਗੀ, ਉਹ ਟਾਈਮ ਅਤੇ ਲੇਬਰ ਜਿਹੜੀ ਲਗੇਗੀ ਉਸਦੇ ਕੁਮੈਂਨਸੂਰੇਟ ਨਹੀਂ ਹੋਵੇਗੀ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਦੋ ਚਾਰ ਪਿੰਡਾਂ ਬਾਰੇ ਇਨ੍ਹਾਂ ਨੇ ਇਨਫਰਮੇਸ਼ਨ ਲੈਣੀ ਹੈ, ਉਹ ਵੈਸੇ ਹੀ ਮੈਨੂੰ ਪੁੱਛ ਲੈਣ, ਮੈਂ ਇਨ੍ਹਾਂ ਨੂੰ ਦਸ ਦੇਵਾਂਗਾ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਵਿੱਚ ਇਨ੍ਹਾਂ ਨੇ ਸਾਰਿਆਂ ਨਾਲੋਂ ਵੱਧ ਪੈਸੇ ਦਿੱਤੇ ਹਨ। ਮੇਰੇ ਜ਼ਿਲ੍ਹੇ ਦੇ 539 ਪਿੰਡ ਹਨ। ਸਪੀਕਰ ਸਾਹਿਬ, ਕੈਲਕੂਲੇਸ਼ਨ ਇਹ ਕੀਤੀ ਗਈ ਕਿ ਜਿਹੜੇ ਮਕਾਨ ਫਲੱਡ ਨਾਲ ਢੱਠੇ ਹਨ ਉਨ੍ਹਾਂ ਨੂੰ ਕੰਪੈਨਸੇਸ਼ਨ ਦੇ ਦਿਓ ਅਤੇ ਜਿਹੜੇ ਬਾਰਸ਼ਾਂ ਨਾਲ ਢੱਠੇ ਹਨ ਉਨ੍ਹਾਂ ਨੂੰ ਨਾ ਦਿਓ। ਬਾਰਸ਼ਾਂ ਨੇ ਹੀ ਫਲੱਡ ਲਿਆਂਦੇ ਹਨ। ਕੀ ਵਜ੍ਹਾ ਹੈ ਕਿ ਜਿਹੜੇ ਪਿੰਡ ਵਿੱਚ ਮਕਾਨ ਬਾਰਸ਼ਾਂ ਨਾਲ ਢੱਠੇ ਹਨ, ਉਨ੍ਹਾਂ ਨੂੰ ਕੈਸ਼ ਕੰਪੈਨਸੇਸ਼ਨ ਕਿਉਂ ਨਹੀਂ ਦਿੱਤੀ ਗਈ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਮੁਕੰਮਲ ਤੌਰ ਤੇ ਪੱਕੇ ਮਕਾਨ ਢੱਠੇ ਹਨ ਉਨ੍ਹਾਂ ਦਾ ਦੋ ਹਜ਼ਾਰ ਰੁਪਿਆ ਦਿੱਤਾ ਹੈ। ਜਿਹੜੇ ਪਾਰਟਲੀ ਢੱਠੇ ਹਨ ਉਨ੍ਹਾਂ ਦਾ ਇੱਕ ਹਜ਼ਾਰ ਰੁਪਿਆ ਦਿੱਤਾ ਹੈ। ਜਿਹੜੇ ਕੱਚੇ ਮਕਾਨ ਮੁਕੰਮਲ ਤੌਰ ਤੇ ਢੱਠੇ ਹਨ ਉਨ੍ਹਾਂ ਦਾ 500 ਰੁਪਿਆ ਦਿੱਤਾ ਹੈ ਅਤੇ ਜਿਹੜੇ ਪਾਰਟਲੀ ਢੱਠੇ ਹਨ ਉਨ੍ਹਾਂ ਦਾ 250 ਰੁਪਿਆ ਦਿੱਤਾ ਹੈ।

**ਸ਼੍ਰੀ ਸਪੀਕਰ** : ਉਨ੍ਹਾਂ ਨੇ ਤਾਂ ਪੁੱਛਿਆ ਹੈ ਕਿ ਜਿਹੜੇ ਮਕਾਨ ਬਾਰਸ਼ਾਂ ਨਾਲ ਢੱਠੇ ਹਨ ਉਨ੍ਹਾਂ ਦਾ ਕੀ ਕੰਪੈਨਸੇਸ਼ਨ ਦਿੱਤਾ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੇ ਸਾਰੇ ਪਿੰਡ ਦੱਸੇ ਹਨ, ਇਹ ਸਾਰੇ ਪੰਜਾਬ ਦੇ ਹਨ। ਜਿਥੇ ਨੁਕਸਾਨ ਹੋਇਆ ਹੈ ਉਥੇ ਕੰਪੇਨਸੇਸ਼ਨ ਦਿੱਤੀ ਹੈ। ਬਾਕੀ ਪਟਿਆਲਾ, ਲੁਧਿਆਣਾ, ਰੋਪੜ, ਫਿਰੋਜ਼ਪੁਰ ਅਤੇ ਕਪੂਰਥਲੇ ਦੇ ਪਿੰਡਾਂ ਵਿੱਚ ਵੀ ਬਾਰਸ਼ਾਂ ਨਾਲ ਕਾਫੀ ਨੁਕਸਾਨ ਹੋਇਆ ਹੈ।

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਜਦੋਂ ਮੈਂਬਰ ਸਾਹਿਬਾਨ ਹੜ੍ਹਾਂ ਦੇ ਬਾਰੇ ਇਨਫਰਮੇਸ਼ਨ ਮੰਗਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਇਹ ਕਹਿਣਾ ਵਾਜਿਬ ਨਹੀਂ ਕਿ ਇਹ ਇਨਫਰਮੇਸ਼ਨ ਕੁਲੈਕਟ ਕਰਨ ਵਿਚ ਟਾਈਮ ਅਤੇ ਐਨਰਜੀ ਜ਼ਿਆਦਾ ਇਨਵਾਲਵਡ ਹੈ। ਮੇਰੇ ਹਲਕੇ ਵਿਚ, ਝਮਵਾਲ, ਚੱਕ ਮਲੀਆਂ, ਬਾਹਮਣੀਆਂ. ਬੁਢਾਲਾ ਮੰਡੀ ਕਾਸੂ, ਵਗੈਰਾ 30 ਪਿੰਡ ਹਨ, ਜਿਥੇ ਮਕਾਨ ਢਹਿ ਗਏ ਹਨ, ਫਸਲ ਤਬਾਹ ਹੋ ਗਈ ਹੈ ਅਤੇ ਸਿਰਫ 54 ਹਜ਼ਾਰ ਰੁਪਿਆ ਦਿੱਤਾ ਗਿਆ ਹੈ ਪਰ ਕਿਸੇ ਮਕਾਨ ਵਾਸਤੇ ਕੋਈ ਗਰਾਂਟ ਨਹੀਂ ਦਿੱਤੀ ਗਈ ਅਤੇ ਨਾ ਹੀ ਚਾਰੇ ਦੀ ਕੋਈ ਮਦਦ ਦਿੱਤੀ ਗਈ। ਕੀ ਸਰਕਾਰ ਇਨ੍ਹਾਂ ਪਿੰਡਾਂ ਵਲ ਵੀ ਧਿਆਨ ਦੇਵੇਗੀ ?

**ਮੰਤਰੀ** : ਜਲੰਧਰ ਜ਼ਿਲ੍ਹੇ ਵਿਚ 41 ਪਿੰਡ ਫਲੱਡ ਅਫੈਕਟਿਡ ਹਨ, ਜਿਨ੍ਹਾਂ ਨੂੰ 1 ਲੱਖ 27 ਹਜ਼ਾਰ 35 ਰੁਪਏ ਦਿੱਤੇ ਗਏ ਹਨ। ਜੇ ਇਹ ਹੋਰ ਪਿੰਡਾਂ ਬਾਰੇ ਪੁਛਣਾ ਚਾਹੁੰਦੇ ਹਨ ਤਾਂ ਮੈਨੂੰ ਦੱਸ ਦੇਣ, ਸਰਵੇ ਕਰਵਾ ਲਿਆ ਜਾਵੇਗਾ।

**ਚੌਧਰੀ ਸੁੰਦਰ ਸਿੰਘ** : ਨਰੋਟ ਜੈਮਲ ਸਿੰਘ ਵਿਚ, ਜਿਥੇ ਫਲੱਡ ਨਾਲ ਨੁਕਸਾਨ ਹੋਇਆ ਸੀ, ਉਥੇ ਮਕਾਨਾਂ ਵਾਸਤੇ ਕੁਝ ਨਹੀਂ ਦਿੱਤਾ ਗਿਆ। ਕੀ ਸਰਕਾਰ ਉਥੇ ਵੀ ਗਰਾਂਟ ਦੇਵੇਗੀ ?

**ਮੰਤਰੀ** : ਜਿਹੜੇ ਪਿੰਡ ਹੜ੍ਹਾਂ ਨਾਲ ਅਫੈਕਟ ਹੋਏ ਹਨ, ਚੌਧਰੀ ਸਾਹਿਬ ਮੈਨੂੰ ਦੱਸ ਦੇਣ, ਲਿਸਟ ਦੇ ਦੇਣ, ਦੁਬਾਰਾ ਸਰਵੇ ਕਰਵਾ ਲਿਆ ਜਾਵੇਗਾ ?

**ਚੌਧਰੀ ਦਰਸ਼ਨ ਸਿੰਘ** : ਫਲੱਡ ਰਿਲੀਫ ਦਾ ਮਤਲਬ ਹੈ ਇਮੀਜਿਏਟ ਰਿਲੀਫ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਰੀ ਸਟੇਟ ਦੇ ਵਿਚ ਗੌਰਮਿੰਟ ਨੇ ਕਿੰਨੀ ਅਸੈਸਮੈਂਟ ਕੀਤੀ ਅਤੇ ਕਿੰਨੀ ਡਿਮਾਂਡ ਆਈ ਅਤੇ ਕਿੰਨਾ ਗੌਰਮਿੰਟ ਵਲੋਂ ਰੁਪਿਆ ਡਿਸਟ੍ਰਿਕਟਸ ਨੂੰ ਦਿੱਤਾ ਜਾ ਚੁੱਕਾ ਹੈ ਅਤੇ ਆਇਆ ਉਸ ਰੁਪਏ ਦੀ ਡਿਸਟਰੀਬਿਊਸ਼ਨ ਹੋ ਚੁੱਕੀ ਹੈ ?

**ਮੰਤਰੀ** : ਜੇ ਚੌਧਰੀ ਸਾਹਿਬ ਜਵਾਬ ਪੜ੍ਹਦੇ ਤਾਂ ਪਤਾ ਲਗ ਜਾਂਦਾ ਕਿ ਜ਼ਿਲ੍ਹਾ-ਵਾਈਜ਼ ਕਰੋੜਾਂ ਰੁਪਏ ਤਕਸੀਮ ਕੀਤੇ ਗਏ ਹਨ। ਸਪੀਕਰ ਸਾਹਿਬ, ਚੌਧਰੀ ਸਾਹਿਬ ਇੰਨਾਂ ਚਿਰ ਐਮ. ਅਲ. ਏ. ਰਹੇ ਹਨ ਇਨ੍ਹਾਂ ਨੂੰ ਪਤਾ ਹੈ ਕਿ ਮਕਾਨਾਂ ਲਈ ਰਿਲੀਫ ਤਾ ਪਹਿਲਾਂ ਕਿਸੇ ਨੇ ਦਿੱਤੀ ਹੀ ਨਹੀਂ ਸੀ, ਟਾਲਣ ਦਾ ਤਾਂ ਸਵਾਲ ਹੀ ਪਦਾ ਨਹੀਂ ਹੁੰਦਾ। ਪਹਿਲਾਂ ਨਾਲੋਂ ਤਾਂ ਵੱਧ ਹੀ ਰਿਲੀਫ ਦਿੱਤੀ ਗਈ ਹੈ, ਇਸ ਗੱਲ ਦੀ ਤਾਂ ਮੈਂਬਰ ਸਾਹਿਬਾਨ ਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਅਸੀਂ ਮਨਿਸਟਰ ਸਾਹਿਬਾਨ, ਚੀਫ ਮਨਿਸਟਰ ਸਾਹਿਬ, ਡਿਵੈਲਪ-ਮੈਂਟ ਮਨਿਸਟਰ ਸਾਹਿਬ ਅਤੇ ਮੈਂ ਖੁਦ ਵੇਖ ਆਇਆ ਹਾਂ ਕਿ ਬੜੀ ਸਟ੍ਰਿਕਟਲੀ ਇਹ ਚੀਜ਼ ਠੀਕ ਤਰੀਕੇ ਨਾਲ ਹੋ ਰਹੀ ਹੈ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਇਹ ਪੁੱਛਦੇ ਹਨ ਕਿ ਡਿਸਟਰੀਬਿਊਸ਼ਨ ਹੋ ਚੁੱਕੀ ਹੈ ਜਾਂ ਨਹੀਂ ?

ਮੰਤਰੀ : ਡਿਸਟਰੀਬਿਊਸ਼ਨ ਹੋ ਚੁੱਕੀ ਹੈ, ਜੋ ਡਿਸਟਰੀਬਿਊਸ਼ਨ ਹੋਈ ਹੈ ਉਸ ਦਾ ਵੇਰਵਾ ਹਾਊਸ ਦੀ ਟੇਬਲ ਤੇ ਰੱਖ ਦਿੱਤਾ ਹੈ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਜਲੰਧਰ ਜ਼ਿਲ੍ਹੇ ਦੇ 41 ਪਿੰਡਾਂ ਵਾਸਤੇ 1,27,035 ਰੁਪਏ ਵੰਡੇ ਗਏ ਅਤੇ ਇਕ ਪਿੰਡ ਵਾਸਤੇ 3,000 ਰੁਪਿਆ ਬਣਦਾ ਹੈ ਜਦੋਂ ਕਿ ਫਲੱਡ ਨਾਲ ਲੋਕਾਂ ਦੇ ਮਕਾਨ ਢਹਿ ਗਏ ਹਨ ਅਤੇ ਫਸਲ ਤਬਾਹ ਹੋ ਗਈ ਹੈ। ਇਸ ਕਰਕੇ ਇਹ ਅਮਾਊਂਟ ਘੱਟ ਹੈ। ਇਸ ਦੇ ਨਾਲ ਹੀ ਜਿਹੜੇ ਹੋਰ ਫਲੱਡ ਐਫੈਕਟਿਡ ਪਿੰਡ ਹਨ, ਕੀ ਉਨ੍ਹਾਂ ਨੂੰ ਵੀ ਜਲਦੀ ਤੋਂ ਜਲਦੀ ਰਿਲੀਫ ਦਿੱਤਾ ਜਾਵੇਗਾ ?

ਮੰਤਰੀ : ਸਾਰੇ ਪਿੰਡਾਂ ਨੂੰ ਰਿਲੀਫ ਨਹੀਂ ਦਿੱਤਾ ਜਾਂਦਾ ਪਰ ਜਿਥੇ ਮਕਾਨ ਢਹਿ ਗਏ ਹੋਣ, ਫਸਲ ਖਰਾਬ ਹੋਈ ਹੋਵੇ, ਉਨ੍ਹਾਂ ਨੂੰ ਰਿਲੀਫ ਦਿੱਤਾ ਜਾਂਦਾ ਹੈ। ਅਗਰ ਕਿਤੇ ਘੱਟ ਵੰਡਿਆ ਗਿਆ ਹੈ ਰੂਲ ਦੇ ਮੁਤਾਬਿਕ, ਤਾਂ ਮੈਨੂੰ ਦੱਸ ਦੇਣ, ਦੁਬਾਰਾ ਇਸ ਗੱਲ ਨੂੰ ਵੇਖ ਲਵਾਂਗੇ। ਗੱਲ ਇਹ ਹੈ ਕਿ ਕਈ ਪਿੰਡਾਂ ਵਿਚ ਮਕਾਨ ਪਾਰਟਲੀ ਡੈਮੇਜ ਹੋਇਆ ਹੋਵੇ ਤਾਂ ਘਟ ਪੈਸੇ ਦਿਤੇ ਜਾਂਦੇ ਹਨ ਅਤੇ ਜੇ ਟੋਟਲੀ ਡੈਮੇਜ ਹੋਇਆ ਹੋਵੇ ਤਾਂ ਕੁਝ ਜ਼ਿਆਦਾ ਦਿੱਤੇ ਜਾਂਦੇ ਹਨ, ਪਰ ਸਾਰੇ ਪਿੰਡ ਨੂੰ ਤਾਂ ਰਿਲੀਫ ਨਹੀਂ ਦਿੱਤਾ ਜਾ ਸਕਦਾ।

ਚੌਧਰੀ ਦਰਸ਼ਨ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਕਰੋੜ ਰੁਪਿਆ ਸਰਕਾਰ ਫਲੱਡ ਰਿਲੀਫ ਦਾ ਦੇ ਚੁੱਕੀ ਹੈ ?

ਮੰਤਰੀ : ਗੁਰਦਾਸਪੁਰ ਵਿਚ 1 ਕਰੋੜ 19 ਲੱਖ ਰੁਪਿਆ, ਅੰਮ੍ਰਿਤਸਰ ਵਿਚ 1 ਕਰੋੜ, ਦੇ ਕਰੀਬ ਅਤੇ ਫਿਰੋਜ਼ਪੁਰ ਵਿਚ 3 ਲੱਖ ਦੇ ਕਰੀਬ ।

ਚੌਧਰੀ ਦਰਸ਼ਨ ਸਿੰਘ : ਜਲੰਧਰ ਦਾ ਨਹੀਂ ਦੱਸਿਆ ?

ਚੌਧਰੀ ਸੁੰਦਰ ਸਿੰਘ : ਸਪਲੀਮੈਂਟਰੀ ਸਰ ।

ਸ੍ਰੀ ਸਪੀਕਰ : ਨੋ ਪਲੀਜ਼, ਅਗਲਾ ਸਵਾਲ ਕਰੋ ਜੀ ।

**ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ ਨੰ: 3445**

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ ।)

ਸ੍ਰੀ ਸਪੀਕਰ : ਅਗਲਾ ਸਵਾਲ ਨੰ: 3571 ਵੱਲੋਂ ਕਾਮਰੇਡ ਰਾਜ ਕੁਮਾਰ ।

(ਕਾਮਰੇਡ ਰਾਜ ਕੁਮਾਰ ਜੀ ਸਵਾਲ ਨੰਬਰ 3571 ਪੇਸ਼ ਕਰਨ ਵਾਸਤੇ ਖੜ੍ਹੇ ਨਹੀਂ ਹੋਏ ।)

ਸ੍ਰੀ ਸਪੀਕਰ : ਇਹ ਤਾਂ ਬਹੁਤ ਅੱਛੀ ਗੱਲ ਨਹੀਂ ਹੈ ਕਿ ਮੈਂਬਰ ਸਾਹਿਬ ਬੈਠੇ ਹੋਣ ਅਤੇ ਆਪਣਾ ਸਵਾਲ ਪੇਸ਼ ਨਾ ਕਰਨ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ** : ਇਹ ਪੋਸਟਪੋਂਡ ਸਵਾਲ ਹੈ ਜੀ ।

**ਸ੍ਰੀ ਸਪੀਕਰ** : ਲਿਸਟ ਪੋਸਟਪੋਂਡ ਸਵਾਲਾਂ ਦੀ ਹੈ ਜੀ ।

**ਕਾਮਰੇਡ ਰਾਜ ਕੁਮਾਰ** : ਸਵਾਲ ਨੰਬਰ 3571 ।

## COMPLAINT AGAINST ACCEPTANCE OF FABRICATION WORK

*3571. **Comrade Raj Kumar** : Will the Minister of State for Transport and Civil Aviation be pleased to state whether the Government received a letter dated 16th December, 1975 from a legislator alongwith a complaint from a Jullundur firm about alleged acceptance of fabrication work by the State Transport Department and the Pepsu Road Transport Corporation at rates higher than the approved rates, if so the details thereof together with the details of the action taken ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : ਹਾਂ ਜੀ । ਪੱਤਰ ਦਾ ਵੇਰਵਾ ਅਤੇ ਉਸ ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

### ਵੇਰਵਾ

ਕਾਮਰੇਡ ਰਾਜ ਕੁਮਾਰ, ਐਮ. ਐਲ. ਏ. ਵੱਲੋਂ ਇਕ ਪੱਤਰ ਮਿਤੀ 16 ਦਸੰਬਰ, 1975 ਪ੍ਰਾਪਤ ਹੋਇਆ ਸੀ ਜਿਸ ਨਾਲ ਉਨ੍ਹਾਂ ਨੇ ਮੈਸਰਜ਼ ਜਲੰਧਰ ਬੋਡੀ ਬਿਲਡਰਜ਼, ਜਲੰਧਰ, ਵੱਲੋਂ ਇਕ ਸ਼ਕਾਇਤ ਭੇਜੀ ਸੀ ਜਿਸ ਵਿਚ ਇਹ ਕਿਹਾ ਗਿਆ ਸੀ ਕਿ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਵੱਲੋਂ ਬੱਸ ਬਾਡੀਆਂ ਪ੍ਰਵਾਨਿਤ ਰੇਟ ਤੋਂ ਵੱਧ ਰੇਟ ਤੇ ਬਣਵਾਈਆਂ ਗਈਆਂ ਸਨ । ਇਸ ਫਰਮ ਵੱਲੋਂ ਪਹਿਲਾਂ ਵੀ ਕਈ ਪ੍ਰਤੀ-ਬੇਨਤੀਆਂ ਭੇਜੀਆਂ ਗਈਆਂ ਸਨ । ਇਨ੍ਹਾਂ ਦੀ ਸ਼ਕਾਇਤ ਇਹ ਸੀ ਕਿ ਬੱਸ ਬਾਡੀਆਂ ਬਣਾਉਣ ਵਾਲੀਆਂ 'ਅਪਰੂਵਡ' ਅਤੇ 'ਅਨ-ਅਪਰੂਵਡ' ਫਰਮਾਂ ਨੂੰ ਕੰਮ ਵੱਖਰੇ ਦਰਾਂ ਤੇ ਦਿੱਤਾ ਗਿਆ ਸੀ । ਇਸ ਮਾਮਲੇ ਤੇ ਸਰਕਾਰ ਦੇ ਪੱਧਰ ਤੇ ਵਿਚਾਰ ਕੀਤੀ ਗਈ ਸੀ ਅਤੇ ਇਹ ਅਨੁਭਵ ਕੀਤਾ ਗਿਆ ਸੀ ਕਿ ਬੱਸ ਬਾਡੀ ਬਨਾਉਣ ਵਾਲੀਆਂ ਫਰਮਾਂ ਵਿਚ ਇਹ ਫਰਕ ਨਹੀਂ ਹੋਣਾ ਚਾਹੀਦਾ ਅਤੇ 'ਅਪਰੂਵਡ' ਫਰਮਾਂ ਨੂੰ ਵੱਧ ਰੇਟ ਨਹੀਂ ਦੇਣਾ ਚਾਹੀਦਾ । ਇਹ ਫੈਸਲਾ ਕੀਤਾ ਗਿਆ ਸੀ ਕਿ 'ਅਪਰੂਵਡ' ਅਤੇ 'ਅਨ-ਅਪਰੂਵਡ' ਫਰਮਾਂ ਵਿਚਕਾਰ ਫਰਕ ਮਿਟਾਇਆ ਜਾਵੇ ਅਤੇ ਚੈਸੀਆਂ ਅਲਾਟ ਕਰਦੇ ਸਮੇਂ ਇਕੋ ਰੇਟ ਤੇ ਅਦਾਇਗੀ ਕੀਤੀ ਜਾਵੇ । ਜਿਥੇ ਕਿਸੇ ਫਰਮ ਵੱਲੋਂ ਘੱਟ ਰੇਟ ਦਿੱਤਾ ਗਿਆ ਹੈ ਤਾਂ ਘੱਟ ਰੇਟ ਵਾਲਿਆਂ ਨੂੰ ਚੈਸੀਆਂ ਪਹਿਲਾਂ ਦਿੱਤੀਆਂ ਜਾਣ ਅਤੇ ਵੱਧ ਰੇਟ ਵਾਲਿਆਂ ਨੂੰ ਉਸ ਸੂਰਤ ਵਿਚ ਚੈਸੀਆਂ ਦਿੱਤੀਆਂ ਜਾਣ ਜੇ ਘੱਟ ਰੇਟ ਵਾਲੇ ਬਾਡੀਆਂ ਨਾ ਬਣਾ ਸਕਣ । ਇਹ ਫੈਸਲਾ ਡੀ. ਸ. ਟ. ਨੂੰ ਦੱਸਿਆ ਗਿਆ ਸੀ । ਇਕ ਹੋਰ ਪ੍ਰਤੀ ਬੇਨਤੀ ਬਾਡੀ ਬਿਲਡਰਜ਼ ਐਸੋਸੀਏਸ਼ਨ ਵੱਲੋਂ ਪਰਾਪਤ ਹੋਈ ਹੈ ਅਤੇ ਇਸ ਤੇ ਵਿਚਾਰ ਕੀਤੀ ਜਾ ਰਹੀ ਹੈ ।

ਵੱਧ ਰੇਟ ਕੇਵਲ ਇਸ ਕਰਕੇ ਦਿੱਤਾ ਗਿਆ ਸੀ ਤਾਂ ਜੋ ਚੈਸੀਆਂ ਵੇਲ੍ਹੀਆਂ ਖੜੀਆਂ ਰਹਿਣ ਨਾਲ ਸਰਕਾਰ ਨੂੰ ਤਕਰੀਬਨ 222 ਰੁਪਏ ਰੋਜ਼ ਦਾ ਘਾਟਾ ਪੈਂਦਾ ਹੈ । ਇਸ ਰਕਮ ਵਿਚੋਂ 200 ਰੁਪਏ ਇਕ ਬੱਸ ਦੀ ਇਕ ਦਿਨ ਦੀ ਕਮਾਈ ਦੇ ਬਰਾਬਰ ਹੈ ਅਤੇ 22 ਰੁਪਏ ਵਿਆਜ ਵਜੋਂ ਸਰਕਾਰ ਨੂੰ ਦੇਣੇ ਪੈਣਗੇ ।

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਾਰੀ ਗੱਲ ਬਾਤ ਦਾ ਫੈਸਲਾ ਹੋ ਗਿਆ ਸੀ, ਇਸ ਲਈ ਮੈਂਬਰ ਸਾਹਿਬ ਨੂੰ ਕੋਈ ਇਤਰਾਜ਼ ਨਹੀਂ ਹੈ ।

ਸ਼੍ਰੀ ਸਪੀਕਰ : ਮਾਵਾਂ ਧੀਆਂ ਵਿਚ ਗੱਲ ਸੀ, ਇਸ ਕਰਕੇ ਸਵਾਲ ਨਹੀਂ ਸੀ ਕਰਦੇ। (ਹਾਸਾ)

---

COMPLAINT FOR DIGGING UNDER GROUND CHANNEL

*3572. **Comrade Raj Kumar** : Will the Minister of State for Irrigation and Power be pleased to state whether the Punjab State Tubewell Corporation received a letter dated 25th December, 1975 from a legislator narrating therein complaint of 4 Panchayats supported by Resolutions which indicated their demands for digging underground channel instead of over ground; if so, copies thereof together with the action taken thereon be laid on the Table of the House ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : ਨਹੀਂ ਜੀ ।

ਕਾਮਰੇਡ ਰਾਜ ਕੁਮਾਰ : ਮੈਨੂੰ ਜਵਾਬ ਨਹੀਂ ਮਿਲਿਆ ਜੀ ।

ਸ਼੍ਰੀ ਸਪੀਕਰ : ਜਵਾਬ ਤਾਂ ਬੜਾ ਮੁਖਤਸਰ ਹੈ ।

ਕਾਮਰੇਡ ਰਾਜ ਕੁਮਾਰ : ਪੰਜਾਬ ਸਰਕਾਰ ਦੀ ਅੰਡਰਟੇਕਿੰਗ ਟਿਊਬਵੈੱਲ ਕਾਰਪੋਰੇਸ਼ਨ ਨੇ ਇਸ ਸਾਲ ਟਿਊਬਵੈੱਲ ਸਕੀਮ ਰਾਹੀਂ ਜਿਹੜੀ ਪਾਣੀ ਦੀ ਨਹਿਰ ਵਿਚ ਆਗਮੈਂਟੇਸ਼ਨ ਕੀਤੀ ਹੈ, ਕੀ ਵਜ੍ਹਾ ਹੈ ਕਿ ਬਾਕੀ ਥਾਵਾਂ ਤੇ ਅੰਡਰਗਰਾਊਂਡ ਚੈਨਲ ਬਣਾਈ ਗਈ ਪਰ ਮੇਰੇ ਹਲਕੇ ਵਿਚ ਆਗਮੈਂਟੇਸ਼ਨ ਦਾ ਜੋ ਪ੍ਰੋਗਰਾਮ ਹੈ, ਉਥੇ ਚੈਨਲ ਜ਼ਮੀਨ ਦੇ ਉਤੇ ਬਣਾਈ ਜਾ ਰਹੀ ਹੈ, ਇਸ ਦੀ ਕੀ ਵਜ੍ਹਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਕਲਾਨੌਰ ਡਿਸਟਰੀਬਿਊਟਰੀ ਤੇ ਪਾਣੀ ਦੀ ਆਗਮੈਂਟੇਸ਼ਨ ਵਾਸਤੇ ਟਿਊਬਵੈਲਜ਼ ਲੱਗ ਰਹੇ ਹਨ ਅਤੇ 35 ਟਿਊਬਵੈਲਜ਼ ਇਸ ਵੇਲੇ ਲੱਗ ਚੁੱਕੇ ਹਨ । ਕਲਾਨੌਰ ਡਿਸਟਰੀਬਿਊਟਰੀ ਵਿਚ ਪਾਣੀ ਹੈ ਲੇਕਿਨ ਕੋਈ ਪੈਰੀਨੀਅਲ ਡਿਸਟਰੀਬਿਊਟਰੀ ਨਹੀਂ ਹੈ । ਇਹ ਇਕ ਬਰਸਾਤੀ ਪਾਣੀ ਨਾਲ ਚਲਦੀ ਹੈ ਅਤੇ ਇਸ ਦੇ ਵਿਚ 50 ਕਿਊਸਿਕ ਪਾਣੀ ਹੈ ਜੋ ਕਿ ਥੋੜ੍ਹਾ ਹੈ ਅਤੇ ਉਸ ਨਾਲ ਇਹ ਨਹੀਂ ਚਲਾਈ ਜਾ ਸਕਦੀ । ਇਸ ਕਰਕੇ 50-60 ਕਿਊਸਿਕਸ ਦੀ ਡਿਸਟਰੀਬਿਊਸ਼ਨ ਲਈ ਇਕ ਟੈਕਨੀਕਲ ਕਮੇਟੀ ਬਣਾਈ ਗਈ ਹੈ, ਉਸ ਕਮੇਟੀ ਨੇ ਇਸ ਚੀਜ਼ ਨੂੰ ਐਗਜ਼ਾਮਿਨ ਕੀਤਾ ਹੈ ਕਿ ਇਸ ਚੀਜ਼ ਦੀ ਇਕਨੌਮੀਕਲੀ ਅਤੇ ਟੈਕਨੀਕਲੀ ਫੀਜ਼ੀਬਿਲਿਟੀ ਠੀਕ ਨਹੀਂ ਹੈ । ਪਰ ਇਸ ਨੂੰ ਦੋਬਾਰਾ ਐਗਜ਼ਾਮਿਨ ਕਰਾਉਣ ਵਾਸਤੇ ਵੇਖ ਲਿਆ ਜਾਵੇਗਾ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਇਕ ਏਰੀਏ ਵਿਚ 98 ਟਿਊਬਵੈੱਲ ਲਗਾਉਣ ਦਾ ਇਨ੍ਹਾਂ ਦਾ ਪ੍ਰੋਗਰਾਮ ਸੀ । ਉਹ ਬੋਰ ਹੋਏ ਹੋਏ ਹਨ, ਬਿਜਲੀ ਦੇ ਮਹਿਕਮੇ ਕੋਲ ਪੈਸੇ ਵੀ ਜਮ੍ਹਾਂ ਕਰਵਾ ਦਿੱਤੇ ਗਏ ਹਨ ਪਰ ਹਾਲੇ ਤਕ ਕੁਨੈਕਸ਼ਨ ਨਹੀਂ ਮਿਲੇ । ਇਸ ਕਰਕੇ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਟਿਊਬਵੈਲਾਂ ਨੂੰ ਕਦੋਂ ਤੱਕ ਮੋਟਰਾਂ ਦੇ ਕੁਨੈਕਸ਼ਨ ਦੇ ਦਿੱਤੇ ਜਾਣਗੇ ।

ਸ਼੍ਰੀ ਸਪੀਕਰ : ਇਹ ਤਾਂ ਅੰਡਰਗਰਾਊਂਡ ਚੈਨਲਜ਼ ਦਾ ਸਵਾਲ ਹੈ, ਨਾਟ ਅਲਾਊਡ ।

Original with;
Punjab Vidhan Sabha
Digitized by;
Panjab Digital Library

## STARRED QUESTIONS AND ANSWERS

### PENDING APPLICATIONS FOR ALLOTMENT OF HOUSE SITES

*3615. **Shri Vishwa Mitter Sekhri** : Will the Minister of State for Housing be pleased to state—

(a) the total number of applications for allotment of house-sites still lying pending district-wise;

(b) the time by which these are likely to be disposed of ?

**ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ** : (ੳ)

| | |
|---|---|
| ਅੰਮ੍ਰਿਤਸਰ | 1,390 |
| ਜਲੰਧਰ | 326 |
| ਜੋੜ | 1,716 |

(ਅ) ਕਿਉਂ ਜੋ ਮਾਮਲਾ ਹਾਈ ਕੋਰਟ ਵਿਚ ਅਦਾਲਤੀ ਕਾਰਵਾਈ ਅਧੀਨ ਹੈ ਇਸ ਕਰਕੇ ਕੋਈ ਨਿਸ਼ਚਿਤ ਸਮਾਂ ਨਹੀਂ ਦਸਿਆ ਜਾ ਸਕਦਾ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਮੰਤਰੀ ਜੀ ਨੇ ਇਹ ਦਸਿਆ ਹੈ ਕਿ 1390 ਐਪਲੀਕੇਸ਼ਨਜ਼ ਅੰਮ੍ਰਿਤਸਰ ਵਿੱਚ ਅਤੇ 326 ਜਲੰਧਰ ਵਿਚ ਪੈਂਡਿੰਗ ਹਨ ਅਤੇ ਇਹ ਇਸ ਕਰਕੇ ਪੈਂਡਿੰਗ ਹਨ ਕਿ ਇਨ੍ਹਾਂ ਦੇ ਸਬੰਧ ਵਿਚ ਹਾਈ ਕੋਰਟ ਵਿਚ ਲਿਟੀਗੇਸ਼ਨ ਚਲਦੀ ਹੈ । ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਬਾਕੀ ਜ਼ਿਲ੍ਹੇ ਜਿਹੜੇ ਹਨ, ਉਨ੍ਹਾਂ ਦੇ ਕੋਈ ਕੇਸ ਪੈਂਡਿੰਗ ਨਹੀਂ ਹਨ ? ਇਸ ਬਾਰੇ ਜਵਾਬ ਨਹੀਂ ਦਿੱਤਾ ਗਿਆ । ਸਾਡੇ ਜ਼ਿਲ੍ਹਾ ਗੁਰਦਾਸਪੁਰ ਵਿਚ ਬੜੀਆਂ ਐਪਲੀਕੇਸ਼ਨਜ਼ ਪੈਂਡਿੰਗ ਪਈਆਂ ਹੋਈਆਂ ਹਨ .. .. ..

**ਸ੍ਰੀ ਸਪੀਕਰ** : ਤੁਸੀਂ ਇਹ ਸ਼ਵਾਲ ਕਰੋ ਕਿ ਕੀ ਕਿਸੇ ਹੋਰ ਜ਼ਿਲ੍ਹੇ ਵਿਚ ਐਪਲੀ-ਕੇਸ਼ਨਜ਼ ਪੈਂਡਿੰਗ ਹਨ ?

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਤਾਦਾਦ ਦੱਸ ਦੇਣ ਕਿ ਹੋਰ ਜ਼ਿਲ੍ਹਿਆਂ ਵਿਚ ਕਿੰਨੀਆਂ ਕਿੰਨੀਆਂ ਐਪਲੀਕੇਸ਼ਨਜ਼ ਪੈਂਡਿੰਗ ਹਨ ?

**ਰਾਜ ਮੰਤਰੀ** : ਸ੍ਰੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਹੋਰ ਕੋਈ ਅਰਜ਼ੀ ਪੈਂਡਿੰਗ ਨਹੀਂ । ਸੇਖੜੀ ਸਾਹਿਬ ਵੀ ਹੁਣ ਤਕ ਕੋਈ ਹੋਰ ਪੈਂਡਿੰਗ ਕੇਸ ਮੇਰੇ ਨੋਟਿਸ ਵਿਚ ਨਹੀਂ ਲਿਆਏ ।

**ਸ੍ਰੀ ਪ੍ਰਤਾਪ ਚੰਦ ਭੰਡਾਰੀ** : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੰਚਾਇਤਾਂ ਦੇ ਸਰਪੰਚਾਂ ਨੇ ਕਈ ਆਦਮੀਆਂ ਦੇ ਖਿਲਾਫ਼ ਰਿਪੋਰਟਾਂ ਦੇ ਕੇ ਉਨ੍ਹਾਂ ਨੂੰ ਸਾਈਟਸ ਨਹੀਂ ਲੈਣ ਦਿੱਤੀਆਂ, ਕੀ ਵਜ਼ੀਰ ਸਾਹਿਬ, ਇਸ ਦੀ ਇਨਕੁਆਇਰੀ ਕਰਵਾਉਣਗੇ ?

**ਰਾਜ ਮੰਤਰੀ** : ਇਹ ਦਸ ਦੇਣ ਪਤਾ ਕਰ ਲਵਾਂਗੇ ।

**ਚੌਧਰੀ ਸੁੰਦਰ ਸਿੰਘ** : ਕੀ ਵਜ਼ੀਰ ਸਾਹਿਬ, ਇਹ ਦੱਸਣਗੇ ਕਿ ਜਿਨ੍ਹਾਂ ਨੂੰ ਉਨ੍ਹਾਂ ਦੇ ਪਿੰਡ ਤੋਂ 4, 4 ਮੀਲ ਦੀ ਦੂਰੀ ਤੇ ਸਾਈਟਸ ਦਿੱਤੀਆਂ ਹਨ । ਅਤੇ ਉਨ੍ਹਾਂ ਨੇ ਨੇੜੇ ਆਉਣ ਲਈ ਅਰਜ਼ੀਆਂ ਦਿੱਤੀਆਂ ਹਨ, ਕੀ ਉਨ੍ਹਾਂ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਕੋਈ ਐਸਾ ਕੇਸ ਨਹੀਂ ਜਿਥੇ ਕਿ ਕਿਸੇ ਨੂੰ 4 ਮੀਲ ਦੀ ਦੂਰੀ ਤੇ ਹਾਊਸ ਸਾਈਟ ਦਿੱਤੀ ਗਈ ਹੋਵੇ, ਅੱਧੇ ਮੀਲ ਦੀ ਦੂਰੀ ਤੇ ਤਾਂ ਹੋ ਸਕਦਾ ਹੈ ਪਰ 4 ਮੀਲ ਦੀ ਦੂਰੀ ਤੇ ਮੇਰੇ ਨੋਟਿਸ ਵਿਚ ਨਹੀਂ ਹੈ।

**ਕਾਮਰੇਡ ਦਾਨਾ ਰਾਮ** : ਮੈਂ ਤੁਹਾਡੇ ਰਾਹੀ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਆਪਣੇ ਹਲਕੇ ਮਲੋਟ ਵਿਚ ਕਈ ਪਿੰਡ ਐਸੇ ਹਨ ਜਿਥੇ ਕਿ ਲੋਕਾਂ ਨੂੰ 4, 4 ਮੀਲ ਜਗ੍ਹਾ ਦਿੱਤੀ ਗਈ ਹੈ ਅਤੇ ਉਨ੍ਹਾਂ ਨੇ ਵੀ ਅਰਜ਼ੀਆਂ ਦਿਤੀਆਂ ਹਨ, ਕੀ ਉਨ੍ਹਾਂ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ ਕਰਨਗੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਦਾਨ ਰਾਮ ਜੀ ਨੂੰ ਮੇਰੀ ਕਾਂਸਟੀਚਿਊਐਂਸੀ ਦਾ ਬੜਾ ਫਿਕਰ ਹੈ, ਕੀ ਉਥੋਂ ਇਹ ਆਪ ਤਾਂ ਇਲੈਕਸ਼ਨ ਨਹੀਂ ਲੜਨਾ ਚਾਹੁੰਦੇ ?

**ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਜਿਹੜੀ ਜਗ੍ਹਾ ਅਲਾਟ ਕੀਤੀ ਗਈ ਸੀ ਉਸ ਤੇ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਸ਼ਹਿਰ ਵਿਚ ਜਗ੍ਹਾ ਪਈ ਸੀ ਪਰ ਉਨ੍ਹਾਂ ਨੂੰ ਨਹੀਂ ਦਿੱਤੀ ਗਈ ਅਤੇ ਸਹਿਰ ਤੋਂ ਬਾਹਰ ਦੇ ਦਿੱਤੀ ਗਈ ਹੈ, ਕੀ ਇਨ੍ਹਾਂ ਦੇ ਇਲਮ ਵਿਚ ਕੋਈ ਅਜਿਹੀ ਇਤਲਾਹ ਆਈ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਨੂੰ ਕੋਈ ਅਜਿਹੀ ਇਤਲਾਹ ਨਹੀਂ ਮਿਲੀ ਕਿ ਸ਼ਹਿਰ ਵਿਚ ਜਗ੍ਹਾ ਪਈ ਹੋਵੇ ਔਰ ਉਸ ਨੂੰ ਪਿੰਡ ਵਿਚ ਅਲਾਟ ਕੀਤੀ ਗਈ ਹੋਵੇ, ਜੇ ਕੋਈ ਅਜਿਹਾ ਕੇਸ ਹੈ, ਤਾਂ ਮੇਰੇ ਨੋਟਿਸ ਵਿਚ ਲੈ ਆਉਣ ।

---

## ਪਰਿਵਾਰ ਦੇ ਇਕ ਤੋਂ ਵੱਧ ਮੈਂਬਰ ਨੂੰ ਸਰਕਾਰੀ ਨੌਕਰੀ ਤੇ ਨਾ ਲਗਾਉਣ ਦਾ ਪ੍ਰਸਤਾਵ

*3592. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਜਿਹਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ ਜਿਸ ਅਨੁਸਾਰ ਇਕੋ ਪਰਿਵਾਰ, ਦੇ ਇਕ ਤੋਂ ਵੱਧ ਮੈਂਬਰ ਨੂੰ ਸਰਕਾਰੀ ਨੌਕਰੀ ਵਿਚ ਪ੍ਰਵੇਸ਼ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ।

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕੱਤਰ)**: ਅਜਿਹਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਚੀਫ ਪਾਰਲੀਮੈਂਟ ਸੈਕਟਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਇਹ ਧਿਆਨ ਵਿਚ ਹੈ ਕਿ ਸਿਹਤ ਮਨਿਸਟਰ ਸਾਹਿਬ ਦਾ ਆਪਣਾ ਬਿਆਨ ਹੈ ਅਤੇ ਇਹ ਅਖਬਾਰਾਂ ਵਿਚ ਵੀ ਆਇਆ ਹੈ ਕਿ ਕਿਸੇ ਵੀ ਪਰਿਵਾਰ ਦੇ ਇਕ ਤੋਂ ਵੱਧ ਮੈਂਬਰ ਨੂੰ ਸਰਕਾਰੀ ਨੌਕਰੀ ਵਿੱਚ ਲੈਣ ਦੀ ਇਜਾਜ਼ਤ ਨਹੀਂ ਹੋਵੇਗੀ ।

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਮੇਰੇ ਦੋਸਤ ਭੁੱਲ ਗਏ ਹਨ ਇਹ ਸਿਹਤ ਮੰਤਰੀ ਸਾਹਿਬ ਦਾ ਬਿਆਨ ਨਹੀਂ ਬਲਕਿ ਸਰਦਾਰ ਗੁਰਦਰਸ਼ਨ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਦੀ ਇਹ ਆਪਣੀ ਰਾਏ ਹੈ । ਇਸ ਨਾਲ ਸਰਕਾਰ ਦਾ ਕੋਈ ਤੁਅੱਲਕ ਨਹੀਂ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਕੇਸ਼ੋ ਰਾਮ ਗੋਇਲ :** ਮੈਂ ਪੁੱਛਦਾ ਹਾਂ ਕਿ ਕੀ ਅਜਿਹੀ ਕੋਈ ਪਰਪੋਜ਼ਲ ਇਨ੍ਹਾਂ ਦੇ ਕੰਸੀਡਰੇਸ਼ਨ ਵਿਚ ਹੈ ਜਿਸ ਰਾਹੀਂ ਇਕ ਤੋਂ ਵੱਧ ਇਕ ਫੈਮਿਲੀ ਦਾ ਮੈਂਬਰ ਨੌਕਰੀ ਵਿਚ ਨਾ ਹੋਵੇ ।

**ਮੁੱਖ ਸੰਸਦੀ ਸਕੱਤਰ :** ਅੰਡਰ ਰੂਲ 16 (1) ਅਸੀਂ ਇਹ ਨਹੀਂ ਕਰ ਸਕਦੇ ਇਹ ਉਨ੍ਹਾਂ ਦਾ ਹੱਕ ਹੈ ।

**ਸ੍ਰੀ ਪ੍ਰੇਮ ਗੁਪਤਾ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਇਸ ਸਬੰਧ ਵਿਚ ਕੋਈ ਅਮੈਂਡਮੈਂਟ ਕਾਂਸਟੀਚਿਊਸ਼ਨ ਵਿਚ ਲਿਆਉਣ ਵਾਸਤੇ ਰਿਕੁਮੈਂਡ ਕਰੇਗੀ ?

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਹਾਲੇ ਇਸ ਤੇ ਗੌਰ ਨਹੀਂ ਕੀਤਾ ਅਤੇ ਨਾ ਹੀ ਕਰਨਯੋਗ ਹੈ ।

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਸ ਤੇ ਕੋਈ ਪਾਬੰਦੀ ਨਹੀਂ ਲਗਾਈ ਜਾ ਸਕਦੀ ਪਰ ਕੀ ਸਰਕਾਰ ਇਸ ਤਜਵੀਜ਼ ਤੇ ਗੌਰ ਕਰੇਗੀ ਕਿ ਜਿਸ ਦੇ ਦੋ ਤੋਂ ਵੱਧ ਬੱਚੇ ਹੋਣ ਉਸ ਤੇ ਟੈਕਸ ਲਾ ਦਿੱਤਾ ਜਾਵੇ ?

**ਮੁੱਖ ਸੰਸਦੀ ਸਕੱਤਰ :** ਇਸ ਸਵਾਲ ਦਾ ਇਸ ਨਾਲ ਕੋਈ ਤੁਅਲਕ ਨਹੀਂ ਹੈ ।

## RAISING OF LABOUR PRODUCTIVITY IN THE STATE

***3554. Shri Sardari Lal Kapur :** Will the Chief Minister be pleased to state the steps proposed to be taken to raise labour productivity in industry in the State ?

**Shri Hans Raj Sharma** (Finance Minister) : An Apex body has been set up at the State level. Bi partite Committees have also been set up in the following industries in the State :—

1. Textile Industry.
2. General Engineering Industry
3. Sugar Industry.
4. Private Transport Industry.
5. Brick Kiln Industry.
6. State Transport.
7. Pepsu Road Transport Corporation.

The Government of India announced a scheme for workers participation in industry at the shop floor and the plant level in mining and manufacturing industries employing 500 or more workers. The State Government have gone a step further by extending this scheme to manufacturing units employing 200 or more workmen. . A committee has been constituted at Government level, with C. M. as its Chairman with a view to implementing this scheme in public sector also.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਰਦਾਰੀ ਲਾਲ ਕਪੂਰ**: ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਜਿਹੜਾ ਇਨ੍ਹਾਂ ਨੇ ਜਵਾਬ ਦਿਤਾ ਹੈ ਇਸ ਦੇ ਮੁਤਾਬਕ ਉਨ੍ਹਾਂ ਦੀ ਕੀ ਪਰਸੈਂਟੇਜ ਹੋਵੇਗੀ ਜਿਹੜੇ ਮੈਨੇਜਮੈਂਟ ਵਿਚ ਹੋਣਗੇ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਸ ਕਮੇਟੀ ਵਿਚ ਫਿਫਟੀ ਫਿਫਟੀ ਦੀ ਨੁਮਾਇੰਦਗੀ ਦਿਤੀ ਜਾਵੇਗੀ । ਇਸ ਕਮੇਟੀ ਦਾ ਕੰਮ ਇੰਡਸਟਰੀਅਲ ਰਿਲੇਸ਼ਨ ਨੂੰ ਕਾਇਮ ਰਖਣਾ ਹੈ, ਉਨ੍ਹਾਂ ਦੇ ਆਪਸ ਵਿਚ ਤਾਅਲੁਕਾਤ ਚੰਗੇ ਕਰਨੇ ਅਤੇ ਪਰੋਡਕਟਿਵਿਟੀ ਵਧਾਉਣਾ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਵਜ਼ੀਰ ਸਾਹਿਬ, ਨੇ ਇਸ ਕਮੇਟੀ ਦਾ ਕੰਮ ਪਰੋਡਕਟਿਵਿਟੀ ਵਧਾਉਣ ਲਈ ਦਸਿਆ ਹੈ; ਇਸ ਗੱਲ ਦੀ ਰੋਸ਼ਨੀ ਵਿਚ ਕਿ ਪ੍ਰਾਈਵੇਟ ਸੈਕਟਰ ਵਿਚ ਜਿਹੜੇ ਕੰਮ ਕਰਦੇ ਹਨ ਉਹ ਪਰੋਡਕਟਿਵਿਟੀ ਨਹੀਂ ਵਧਾਉਣਾ ਚਾਹੁੰਦੇ ਅਤੇ ਇਸ ਤਰ੍ਹਾਂ ਨਾਲ ਉਹ ਵਰਕਿੰਗ ਕਲਾਸ ਦੀ ਛਾਂਟੀ ਅਤੇ ਲੇ ਆਫ ਕਰਦੇ ਹਨ । ਕੀ ਮਨਿਸਟਰ ਸਾਹਿਬ, ਇਨ੍ਹਾਂ ਹਾਲਾਤ ਵਿਚ ਜਦੋਂ ਕਿ ਐਮਰਜੰਸੀ ਲਗੀ ਹੋਈ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਪਰੋਡਕਸ਼ਨ ਵਧਾਈ ਜਾਵੇ, ਇਸ ਛਾਂਟੀ ਤੇ ਟੋਟਲ ਪਾਬੰਦੀ ਲਾਉਣ ਲਈ ਤਿਆਰ ਹਨ ਜਾਂ ਘੱਟੋ ਘੱਟ ਸਰਕਾਰ ਦੀ ਆਗਿਆ ਤੋਂ ਬਗੈਰ ਕੋਈ ਵੀ ਫੈਕਟਰੀ, ਕੋਈ ਵੀ ਮਿੱਲ ਕੋਈ ਵੀ ਇੰਡਸਟਰੀਅਲ ਯੂਨਿਟ ਛਾਂਟੀ ਨਾ ਕਰ ਸਕੇ, ਲੇ ਆਫ਼ ਨਾ ਕਰੇ ?

**ਮੰਤਰੀ** : ਸਪੀਕਰ ਸਾਹਿਬ, ਸੈਂਟਰ ਵਿਚ ਇਸ ਸਬੰਧ ਵਿਚ ਐਕਟ ਆ ਚੁੱਕਾ ਹੈ ਅਤੇ ਸਟੇਟ ਉਸ ਨੂੰ ਫਾਲੋ ਕਰੇਗੀ ਕਿ ਕੋਈ ਵੀ ਯੂਨਿਟ ਜੈਨੁਅਨ ਕਾਰਣ ਤੋਂ ਬਿਨ੍ਹਾਂ ਛਾਂਟੀ ਨਾ ਕਰ ਸਕੇ ।

**ਸ਼੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਸਟੇਟ ਲੈਵਲ ਤੇ ਇਕ ਕਮੇਟੀ ਬਣਾਈ ਗਈ; ਮੈਂ ਇਹ ਪੁੱਛਦਾ ਹਾਂ ਕਿ ਇਸੇ ਤਰ੍ਹਾਂ ਜ਼ਿਲ੍ਹਾ ਲੈਵਲ ਤੇ ਵੀ ਕੋਈ ਕਮੇਟੀ ਬਣਾਉਣਗੇ ?

**ਮੰਤਰੀ** : ਇੰਡਸਟਰੀਵਾਈਜ਼ ਬਣਾਈ ਜਾਵੇਗੀ ।

**ਕਾਮਰੇਡ ਸੱਤ ਪਾਲ ਡਾਂਗ** : ਇਸ ਗੱਲ ਦੀ ਰੋਸ਼ਨੀ ਵਿਚ ਕਿ ਸੈਂਟਰ ਨੇ ਜਿਹੜਾ ਐਕਟ ਬਣਾਇਆ ਹੈ ਉਹ ਸਿਰਫ਼ ਉਸ ਇੰਡਸਟਰੀ ਤੇ ਲਾਗੂ ਹੁੰਦਾ ਹੈ ਜਿਥੇ 300 ਵਰਕਰਜ਼ ਕੰਮ ਕਰਦੇ ਹੋਣ, ਪਰ ਪੰਜਾਬ ਵਿਚ ਅਜਿਹੀਆਂ ਫੈਕਟਰੀਆਂ ਘੱਟ ਹਨ । ਇਸ ਲਈ ਕੀ ਪੰਜਾਬ ਸਰਕਾਰ ਕੋਈ ਅਜਿਹਾ ਕਾਨੂੰਨ ਬਨਾਉਣ ਨੂੰ ਤਿਆਰ ਹੈ ਜਿਸ ਰਾਹੀਂ ਕਿ ਹਰ ਯੂਨਿਟ ਤੇ ਇਹ ਪਾਬੰਦੀ ਲਗਾ ਦਿਤੀ ਜਾਵੇ ਕਿ ਕੋਈ ਵੀ ਲੇ ਆਫ ਜਾਂ ਛਾਂਟੀ ਨਾ ਕਰ ਸਕੇ ?

**ਮੰਤਰੀ** : ਸਪੀਕਰ ਸਾਹਿਬ, ਕੇਂਦਰ ਸਰਕਾਰ ਨੇ 300 ਵਰਕਰਾਂ ਦੇ ਯੂਨਿਟ ਵਾਸਤੇ ਇਹ ਐਕਟ ਬਣਾਇਆ ਹੈ ਪਰ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਥੋੜ੍ਹੀ ਗਿਣਤੀ ਤੇ [illegible] ਦੇ ਮੁਤਾਬਕ ਵਿਚਾਰ ਕਰਾਂਗੇ ।

Original with;
Punjab Vidhan Sabha
Digitized by;
Panjab Digital Library

## ਅੰਤਰ ਜਾਤੀ ਵਿਆਹ

*3463 1. ਕਾਮਰੇਡ ਸੱਘੜ ਸਿੰਘ
2. ਕਾਮਰੇਡ ਸੱਤ ਪਾਲ ਡਾਂਗ
: ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ

ਕਿ ਕੀ ਅੰਤਰ ਜਾਤੀ ਵਿਆਹ, ਖਾਸ ਤੌਰ ਤੇ ਅਨੁਸੂਚਿਤ ਜਾਤੀਆਂ ਦੇ ਲੜਕੇ ਅਤੇ ਲੜਕੀਆਂ ਵਿਚਕਾਰ ਵਿਆਹਾਂ ਨੂੰ ਉਤਸ਼ਾਹ ਦੇਣ ਲਈ ਕੋਈ ਉਪਾ ਕਰਨ ਅਤੇ ਲਾਭ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਜੇ ਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ** (ਰਾਜ ਮੰਤਰੀ, ਲੋਕ ਨਿਰਮਾਣ) : ਅੰਤਰ-ਜਾਤੀ ਵਿਆਹ ਜਿਸ ਵਿਚ ਕਿ ਇਕ ਪਾਰਟੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੀ ਹੋਵੇ, ਜੋੜੇ ਨੂੰ ਮਾਲੀ ਉਤਸ਼ਾਹ ਦੇਣ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਤਜਵੀਜ਼ ਤੇ ਫੈਸਲਾ ਛੇਤੀ ਹੋ ਜਾਵੇਗਾ ।

**ਕਾਮਰੇਡ ਸੱਤ ਪਾਲ ਡਾਂਗ** : ਇਸ ਗੱਲ ਦੀ ਰੋਸ਼ਨੀ ਵਿਚ ਕਿ ਕਈ ਸਟੇਟਾਂ ਵਿਚ ਇੰਟਰਕਾਸਟ ਮੈਰਿਜ ਨੂੰ ਇਨਸੈਂਟਿਵ ਦਿਤਾ ਜਾਂਦਾ ਅਤੇ ਹੋਰ ਵੀ ਕਈ ਕੰਮਾਂ ਵਿਚ ਪਰਾਇਰਿਟੀ ਦਿੱਤੀ ਜਾਂਦੀ ਹੈ ਪਰ ਪੰਜਾਬ ਇਸ ਮਾਮਲੇ ਵਿਚ ਬਹੁਤ ਪਿਛੇ ਹੈ । ਮੈਂ ਇਹ ਪੁੱਛਦਾ ਹਾਂ ਕਿ ਇਸ ਉਤੇ ਪੰਜਾਬ ਸਰਕਾਰ ਕੋਈ ਫੈਸਲਾ ਕਰੇਗੀ ਕਿ ਜਿਹੜੀਆਂ ਅਜਿਹੀਆਂ ਮੈਰਿਜਜ਼ ਹੋਣ ਉਨ੍ਹਾਂ ਨੂੰ ਕੋਈ ਇਨਸੈਂਟਿਵ ਦਿਤਾ ਜਾਵੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜੇ ਮਸਲੇ ਸਮਾਜਕ ਹੁੰਦੇ ਹਨ ਉਨ੍ਹਾਂ ਉਤੇ ਲੋਕ ਰਾਏ ਲੈਣਾ ਸਰਕਾਰ ਦਾ ਫਰਜ਼ ਹੈ । ਇਸ ਵਾਸਤੇ ਸੀ.ਪੀ.ਆਈ. ਵਾਲਿਆਂ ਨੇ ਵੀ ਹੁਣ ਤਕ ਕੋਈ ਰਾਏ ਨਹੀਂ ਦਿਤੀ ਕਿ ਜਿਹੜਾ ਇੰਟਰਕਾਸਟ ਮੈਰਿਜ ਕਰੇ ਉਸ ਨੂੰ ਕੀ ਇਨਸੈਂਟਿਵ ਦਿਤਾ ਜਾਵੇ । ਕਾਂਗਰਸ ਵਾਲਿਆਂ ਨੇ ਵੀ ਕੋਈ ਰਾਏ ਨਹੀਂ ਦਿਤੀ ਅਤੇ ਜਿਹੜੀ ਪਾਰਟੀ ਦੇ ਮੈਂਬਰ (ਆਪੋਜ਼ੀਸ਼ਨ ਵੱਲ ਇਸ਼ਾਰਾ) ਇਥੇ ਨਹੀਂ ਹਨ ਉਨ੍ਹਾਂ ਨੇ ਵੀ ਕੋਈ ਰਾਏ ਨਹੀਂ ਦਿਤੀ ਅਤੇ ਨਾ ਹੀ ਸਮਾਜਿਕ ਸੁਧਾਰ ਦੀਆਂ ਜਿਹੜੀਆਂ ਜੱਥੇਬੰਦੀਆਂ ਹਨ ਉਨ੍ਹਾਂ ਨੇ ਕੋਈ ਰਾਏ ਦਿਤੀ ਹੈ, ਨਾ ਐਜੂਕੇਸ਼ਨਿਸਟਾਂ ਨੇ ਦਿਤੀ ਹੈ । ਇਕ ਭਾਵਨਾ ਜ਼ਰੂਰ ਪੈਦਾ ਹੋਈ ਹੈ । ਇਕ ਦੋ ਸਟੇਟਾਂ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ । ਹੁਣ ਵੇਖਣਾ ਹੈ ਕਿ ਉਸ ਦਾ ਰੀਐਕਸ਼ਨ ਕੀ ਹੋਇਆ ਹੈ । ਕਈਆਂ ਨੇ ਕਿਹਾ ਹੈ ਕਿ ਇਹ ਮਾੜੀ ਗੱਲ ਹੋਈ ਹੈ । ਤੁਸੀਂ ਜੋ ਹੌਸਲਾ ਦੇਣ ਲਗੇ ਹੋ ਵਿਆਹ ਦੇ ਮਾਮਲੇ ਵਿਚ ਕਿ ਜੇਕਰ ਇਸ ਤਰ੍ਹਾਂ ਵਿਆਹ ਕਰੋਗੇ ਤਾਂ ਚੰਗਾ ਹੈ, ਇਸ ਤਰ੍ਹਾਂ ਉਨ੍ਹਾਂ ਨੂੰ ਇਮਦਾਦ ਮਿਲੇਗੀ । ਇਹ ਤਾਂ, ਸਪੀਕਰ ਸਾਹਿਬ, ਪਿਆਰ ਮੁਹੱਬਤ ਦਾ ਸੌਦਾ ਹੈ, ਪਿਆਰ ਨਾਲ, ਮੁਹੱਬਤ ਨਾਲ ਵਿਆਹ ਹੋਣ, ਮਾਪੇ ਵੀ ਬਹੁਤਾ ਦਖਲ ਨਾ ਦੇਣ ਔਰ ਬੱਚਿਆਂ ਦੀ ਸੋਚ ਸਮਝ ਕੇ ਮੱਦਦ ਕਰਨ ਔਰ ਜਾਇਜ਼ ਤਰੀਕੇ ਨਾਲ ਵਿਆਹ ਹੋਵੇ ਚਾਹੇ ਉਹ ਕਿਸੇ ਕਾਸਟ ਵਿਚ ਹੋਵੇ । ਪਰ ਜੇਕਰ ਪੈਸੇ ਦੇਣੇ ਜ਼ਰੂਰੀ ਕਰ ਦਿਤੇ ਤਾਂ ਦੂਸਰੇ ਪਾਸੇ ਤੋਂ ਵੀ ਮੰਗ ਆ ਸਕਦੀ ਹੈ ਕਿ ਅਸੀਂ ਇਸ ਦੇ ਬਰਖਿਲਾਫ ਹਾਂ । ਇਸ ਲਈ ਲੋਕ ਰਾਏ ਹੋਣੀ ਜ਼ਰੂਰੀ ਹੈ । ਫਿਲਹਾਲ ਪੰਜਾਬ ਸਰਕਾਰ ਬਿਲਕੁਲ ਇਸ ਮਾਮਲੇ ਵਿਚ ਨਿਰਪੱਖ ਹੈ ।

(ਇਸ ਸਮੇਂ ਕਮਿਊਨਿਸਟ ਪਾਰਟੀ ਦੇ ਕੁਝ ਮਾਨਯੋਗ ਮੈਂਬਰ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ ।)

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਜਾਪਦਾ ਹੈ ਕਿ ਸੀ.ਪੀ.ਆਈ. ਵਾਲੇ ਇਸ ਵਿਚ ਬੜਾ ਇੰਟਰੈਸਟ ਰਖਦੇ ਹਨ । (ਹਾਸਾ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਸਰਕਾਰ ਅੱਗੇ ਵੀ ਪ੍ਰੋਗਰੈਸਿਵ ਮੈਰਿਜਜ਼ ਵਾਲੇ ਲੈਜਿਸਲੇਸ਼ਨ ਅਸੈਂਬਲੀ ਵਿਚ ਲਿਆਉਂਦੀ ਹੈ ਔਰ ਬਜਾਏ ਉਸ ਬਾਰੇ ਲੋਕ ਰਾਏ ਵੇਖਣ ਦੇ ਹੀ ਉਨ੍ਹਾਂ ਨੂੰ ਪਾਸ ਵੀ ਕੀਤਾ ਗਿਆ ਹੈ । ਕੀ ਗਿਆਨੀ ਜ਼ੈਲ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਉਹ ਨੌਜਵਾਨ ਨਵੀਆਂ ਲੀਹਾਂ ਪਾਉਂਦੇ ਹਨ, ਪੁਰਾਣੀਆਂ ਨੂੰ ਤੋੜਦੇ ਹਨ, ਆਇਆ ਇਸ ਚੀਜ਼ ਨੂੰ ਮੱਦੇ ਨਜ਼ਰ ਰਖਦੇ ਹੋਏ, ਸਰਕਾਰ ਕੋਈ ਯਤਨ ਕਰੇਗੀ ਜਿਨ੍ਹਾਂ ਨਾਲ ਕਿ ਉਨ੍ਹਾਂ ਦੀ ਹੌਸਲਾ ਅਫਜ਼ਾਈ ਹੋ ਸਕੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜੋਸ਼ ਜੀ ਦੀ ਗੱਲ ਬੜੀ ਵਜ਼ਨਦਾਰ ਹੈ । ਅੱਜ ਜਿਹੜੀ ਸਰਕਾਰ ਹੈ, ਲੋਕ ਰਾਏ ਦੀ ਸਰਕਾਰ ਹੈ । ਲੋਕਾਂ ਦੀਆਂ ਭਾਵਨਾਵਾਂ ਦੇ ਮਗਰ ਚਲਦੀ ਹੈ, ਆਪਣੇ ਮਗਰ ਲੋਕਾਂ ਨੂੰ ਨਹੀਂ ਲਗਾਉਂਦੀ । ਲੋਕ ਰਾਏ ਦੀ ਸਰਕਾਰ ਇਹ ਬੈਠੀ ਹੈ ਔਰ ਇਹ ਲੋਕ ਰਾਏ ਦੀ ਸਰਕਾਰ ਇਸ ਅਸੈਂਬਲੀ ਨੂੰ ਜਵਾਬ-ਦੇਹ ਹੈ ਪਰ ਅਸੈਂਬਲੀ ਦੇ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਆਪ ਇਸ ਪਾਸੇ ਨੂੰ ਚਲਣ, ਆਪਣੇ ਵਿਆਹ ਇਸ ਤਰ੍ਹਾਂ ਨਾਲ ਕਰਨ ਔਰ ਆਪਣੇ ਬੱਚਿਆਂ ਦੇ ਵੀ ਕਰਨ, ਫਿਰ ਸਰਕਾਰ ਉਤਸ਼ਾਹ ਵੀ ਦੇਵੇਗੀ ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੇਰੇ ਮਾਨਯੋਗ ਮੈਂਬਰ ਜਿਹੜੇ ਸੀ.ਪੀ.ਆਈ. ਦੇ ਮੈਂਬਰ ਹਨ ਆਇਆ ਉਨ੍ਹਾਂ ਨੇ ਵੀ ਇੰਟਰਕਾਸਟ ਮੈਰਿਜਜ਼ ਕਰਵਾਈਆਂ ਹੋਈਆਂ ਹਨ ?

Mr. Speaker : Not allowed.

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਸਾਡੇ ਦੇਸ਼ ਵਿਚ ਅਨਟੱਚੇਬਿਲਿਟੀ ਬਹੁਤ ਜ਼ਿਆਦਾ ਹੈ । ਮਹਾਤਮਾਂ ਗਾਂਧੀ ਨੇ ਕਿਹਾ ਸੀ ਕਿ ਅਗਰ ਹਰੀਜਨਾਂ ਦੀ ਮੱਦਦ ਕਰਨਾ ਚਾਹੁੰਦੇ ਹੋ ਤਾਂ ਹਿੰਦੂ ਜਿਹੜੇ ਹਨ, ਬਰਾਹਮਣ ਜਿਹੜੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਲੜਕੀਆਂ ਹਰੀਜਨਾਂ ਨੂੰ ਦੇ ਦੇਣ । ਇਹ ਲਫਜ਼ ਕਹੇ ਸਨ ਮਹਾਤਮਾਂ ਗਾਂਧੀ ਜੀ ਨੇ ਕਿ ਤਦ ਇਨ੍ਹਾਂ ਦੀ ਛੂਤ ਛਾਤ ਦੂਰ ਹੋ ਸਕਦੀ ਹੈ ਔਰ ਇਹ ਸਾਰੀ ਚੀਜ਼ ਠੀਕ ਹੋ ਸਕਦੀ ਹੈ । ਇਸ ਵਾਸਤੇ ਹਰੀਜਨ ਮਹਾਤਮਾ ਗਾਂਧੀ ਨੂੰ ਆਪਣਾ ਸੱਚਾ ਲੀਡਰ ਸਮਝਦੇ ਹਨ । ਲੜਕੀਆਂ ਦੇਣ ਦਾ ਮਤਲਬ ਹੈ ਕਿ ਇਨ੍ਹਾਂ ਨਾਲ ਦਿਲੋਂ ਪਿਆਰ ਕਰਨਾ ਚਾਹੀਦਾ ਹੈ । ਲੜਕੀਆਂ ਦੇਣ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ ਬਲਕਿ ਇਨ੍ਹਾਂ ਦੀ ਦਿਲੋਂ ਮੱਦਦ ਕਰਨ ਦਾ ਸਵਾਲ ਹੈ ।

ਸ੍ਰੀ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ, ਬਿਆਨ ਨਾ ਦਿਉ । (You should not give information. This is no supplementary.)

ਕਾਮਰੇਡ ਅਰਜਨ ਸਿੰਘ ਮਸਤਾਨਾ: ਮੇਰੇ ਕੋਲ, ਸਪੀਕਰ ਸਾਹਿਬ, ਇਕ ਦਰਖਾਸਤ ਹੈ ਕਿ ਇਕ ਲੜਕੇ ਨੇ ਆਪਣੀ ਜ਼ਾਤ ਤੋਂ ਬਾਹਰ ਇਕ ਲੜਕੀ ਨਾਲ ਸ਼ਾਦੀ ਕਰਵਾ ਲਈ ਹੈ, ਹੁਣ ਉਸ ਦੇ ਮਾਮੇ ਉਸ ਨੂੰ ਕਤਲ ਕਰਨ ਨੂੰ ਫਿਰਦੇ ਹਨ । ਆਇਆ ਚੀਫ਼ ਮਨਿਸਟਰ ਸਾਹਿਬ ਫੌਰੀ ਤੌਰ ਤੇ ਕਾਰਵਾਈ ਕਰਨਗੇ ਤਾਕਿ ਜੋ ਇਸ ਤਰ੍ਹਾਂ ਜਾਤ ਤੋਂ ਬਾਹਰ ਵਿਆਹ ਕਰਵਾ ਲਵੇ ਉਸ ਦੀ ਪ੍ਰੋਟੈਕਸ਼ਨ ਹੋ ਸਕੇ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**: ਸਪੀਕਰ ਸਾਹਿਬ, ਸਾਡੇ ਪਾਸ ਪਹਿਲਾਂ ਵੀ ਇਸ ਤਰ੍ਹਾਂ ਦੇ ਇਕ - ਦੋ ਕੇਸਿਜ਼ ਆਏ ਸਨ ਔਰ ਇਕ ਸ਼ਾਇਦ ਮਾਹਲਪੁਰ ਖਾਲਸਾ ਕਾਲਿਜ ਦਾ ਕੇਸ ਸੀ । ਉਥੇ ਇੰਟਰਕਾਸਟ ਮੈਰਿਜ ਹੋਈ ਸੀ ਔਰ ਉਨਾਂ ਨੂੰ ਮੈਨੇਜਮੈਂਟ ਵਾਲਿਆਂ ਨੇ ਉਥੋਂ ਕੱਢ ਦਿੱਤਾ ਸੀ। ਸਰਕਾਰ ਨੇ ਉਨਾਂ ਨੂੰ ਸਮਝਾ ਬੁਝਾ ਕੇ ਕਿਹਾ ਕਿ ਉਨ੍ਹਾਂ ਨੂੰ ਨਾ ਕੱਢੋ । ਪਹਿਲਾਂ ਉਹ ਨਹੀਂ ਸਨ ਮੰਨੇ । ਮੈਂ ਲੜਕੇ ਔਰ ਲੜਕੀ ਨੂੰ ਇਥੇ ਕਿਹਾ ਸੀ ਕਿ ਘਬਰਾਓ ਨਹੀਂ, ਅਗਰ ਉਹ ਨੌਕਰੀ ਨਹੀਂ ਦੇਣਗੇ ਤਾਂ ਅਸੀਂ ਦੇਵਾਂਗੇ (ਥੰਪਿੰਗ) ਆਖਿਰ ਉਹ ਮੰਨ ਗਏ । ਸੋ, ਇਸ ਤਰ੍ਹਾਂ ਦਾ ਉਤਸ਼ਾਹ ਤਾਂ ਦਿੰਦੇ ਹਾਂ । ਪੈਸਿਆਂ ਵਾਲੀ ਗਲ ਲੋਕ ਕਹਿਣਗੇ ਤਾਂ ਕਰ ਦੇਵਾਂਗੇ ਲੇਕਿਨ ਅਜੇ ਤਕ ਲੋਕ ਇਹ ਨਹੀਂ ਕਹਿੰਦੇ । ਅਜੇ ਤਾਂ ਸਰਕਾਰ ਇਤਨਾਂ ਹੀ ਕਰ ਸਕਦੀ ਹੈ ਕਿ ਲੋਕ ਆਪਣੀ ਮਰਜ਼ੀ ਨਾਲ ਵਿਆਹ ਕਰਨ, ਜਿੱਥੇ ਮਰਜ਼ੀ ਹੈ ਕਰਨ, ਸਰਕਾਰ ਉਸ ਵਿਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਪੈਦਾ ਕਰਦੀ ।

**ਸ਼੍ਰੀ ਵਿਸ਼ਵਾ ਮਿੱਤਰ ਸੇਖੜੀ**: ਸਪੀਕਰ ਸਾਹਿਬ, ਮੇਰੀ ਬੜੀ ਅਦਬ ਨਾਲ ਗੁਜ਼ਾਰਿਸ਼ ਹੈ ਕਿ ਸਾਡੇ ਕਪੂਰ ਸਾਹਿਬ, ਇਸ ਵਿਚ ਬੜਾ ਇੰਟਰੈਸਟ ਰਖਦੇ ਹਨ, ਇਨ੍ਹਾਂ ਦਾ ਵੀ ਪ੍ਰਬੰਧ ਕਰ ਦੇਣਾ ਚਾਹੀਦਾ ਹੈ । (ਹਾਸਾ)

**Mr. Speaker**: No supplementary. Order please.

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਇਕ ਬੜੀ ਨਿਰਾਲੀ ਗਲ ਕਹੀ ਹੈ ਕਿ ਨੌਜਵਾਨ ਲੜਕੇ ਲੜਕੀਆਂ ਨੂੰ ਆਪਣੀ ਮਰਜ਼ੀ ਨਾਲ ਸ਼ਾਦੀ ਕਰਨੀ ਚਾਹੀਦੀ ਹੈ ਔਰ ਮਾਪਿਆਂ ਨੂੰ ਦਖਲ ਨਹੀਂ ਦੇਣਾ ਚਾਹੀਦਾ ।

**ਮੁੱਖ ਮੰਤਰੀ**: ਮੁਆਫ ਕਰਨਾ ਡਾਂਗ ਸਾਹਿਬ, ਮੈਂ ਕਿਹਾ ਹੈ ਕਿ ਯੋਗ ਅਗਵਾਈ ਕਰਨੀ ਚਾਹੀਦੀ ਹੈ ਰੁਕਾਵਟ ਨਹੀਂ ਬਣਨੀ ਚਾਹੀਦੀ ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਇਹ ਤਾਂ ਹੋਰ ਵੀ ਚੰਗੀ ਗਲ ਹੈ । ਮੈਂ ਇਸ ਗੱਲ ਦੀ ਰੋਸ਼ਨੀ ਵਿਚ ਚੀਫ਼ ਮਨਿਸਟਰ ਸਾਹਿਬ ਨੂੰ ਇਹ ਗਲ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਇਕ ਸ਼ਡਿਊਲਡ ਕਾਸਟ ਨੌਜਵਾਨ ਲੜਕਾ ਔਰ ਇਕ ਬਰਾਹਮਣ ਜ਼ਾਤੀ ਦੀ ਨੌਜਵਾਨ ਲੜਕੀ ਆਪਣੀ ਮਰਜ਼ੀ ਦੇ ਨਾਲ ਸ਼ਾਦੀ ਕਰ ਲੈਣ ਤਾਂ ਜਿਸ ਤਰ੍ਹਾਂ ਛੂਤ ਛਾਤ ਸਿਸਟਮ ਦੇ ਖਿਲਾਫ ਕਮਿਊਨਿਸਟ ਪਾਰਟੀ ਔਰ ਕਾਂਗਰਸ ਪਾਰਟੀ ਅਨੇਕਾਂ ਸਾਲਾਂ ਤੋਂ ਲੜ ਰਹੀਆਂ ਹਨ, ਉਸ ਛੂਤ ਛਾਤ ਦੇ ਅਸਰ ਦੇ ਹੇਠ ਉਸ ਜੋੜੇ ਨੂੰ ਘਰੋਂ ਮਾਪੇ ਕੱਢ ਦੇਣ, ਔਰ ਉਹ ਸੜਕ ਉਤੇ ਫਿਰਨ, ਇਹੋ ਜਿਹੇ ਬੱਚਿਆਂ ਨੂੰ ਕੀ ਸਰਕਾਰ ਨੌਕਰੀਆਂ ਵਿਚ ਉਨ੍ਹਾਂ ਦੀ ਇਮਦਾਦ ਉਤੇ ਕਿਸੇ ਨਾ ਕਿਸੇ ਤਰ੍ਹਾਂ ਨਾਲ ਆਉਣ ਵਾਸਤੇ ਤਿਆਰ ਹੈ ?

**ਮੁੱਖ ਮੰਤਰੀ**: ਮੈਂ, ਸਪੀਕਰ ਸਾਹਿਬ, ਪਹਿਲਾਂ ਹੀ ਕਹਿ ਚੁਕਾ ਹਾਂ ਕਿ ਅਸੀਂ ਹੌਸਲਾ ਅਫ਼ਜ਼ਾਈ ਵੈਸੇ ਤਾਂ ਕਰਦੇ ਹਾਂ ਲੇਕਿਨ ਇਕ ਫਿਕਸਡ ਐਲਾਨ ਕਰ ਦੇਣਾ ਕਿ ਜੇਕਰ ਇਸ ਤਰ੍ਹਾਂ ਕਰੋਗੇ ਤਾਂ ਇਹ ਕੁਝ ਮਿਲੇਗਾ, ਇਹ ਠੀਕ ਨਹੀਂ ਹੈ । ਲੇਕਿਨ ਇਹ ਗਲ ਨਹੀਂ ਭੁਲਣੀ ਚਾਹੀਦੀ ਕਿ ਬਹੁਤੇ ਤਾਂ ਜ਼ਾਤ ਪਾਤ ਵੇਖਕੇ ਰਿਸ਼ਤਾ ਨਹੀਂ ਕਰਦੇ । ਅਮੀਰ-ਜ਼ਾਦੇ ਮੁੰਡਿਆਂ ਨੂੰ ਚਾਹੇ ਕਿਸੇ ਵੀ ਜ਼ਾਤੀ ਦਾ ਹੋਵੇ, ਲੋਕ ਲੜਕੀਆਂ ਦਿੰਦੇ ਹਨ ਪਰ ਕੰਗਾਲ ਨੂੰ ਕੋਈ ਨਹੀਂ ਦਿੰਦਾ । ਇਸ ਤਰ੍ਹਾਂ ਹੀ ਜੇਕਰ ਕੋਈ ਇਨਸੈਂਟਿਵ ਦਿੱਤਾ ਜਾਵੇ ਪੈਸੇ ਧੇਲੇ ਦਾ

Original with;
Punjab Vidhan Sabha
Digitized by;
Panjab Digital Library

ਤਾਂ ਗਰੀਬ ਆਦਮੀ ਜਿਹੜਾ ਹੈ ਉਹ ਸ਼ਾਦੀ ਲਈ ਸ਼ਾਇਦ ਤਿਆਰ ਹੋ ਜਾਵੇ ਪਰ ਅਮੀਰ ਤਿਆਰ ਨਹੀਂ ਹੁੰਦਾ ਕਿਉਂਕਿ ਇਹ ਤਾਂ ਸਮਾਜਿਕ ਨਾ-ਬਰਾਬਰੀ ਹੈ। ਇਸ ਨੂੰ ਦੂਰ ਕਰਨਾ ਸਭ ਤੋਂ ਵੱਡੀ ਗੱਲ ਹੈ। ਹਾਂ, ਜਿੱਥੇ ਕਿਤੇ ਛੂਤ ਛਾਤ ਨੂੰ ਮਾਰਨ ਵਾਸਤੇ ਕੋਸ਼ਿਸ਼ ਕੀਤੀ ਜਾਵੇ ਅਤੇ ਇਸ ਤਰ੍ਹਾਂ ਦਾ ਪ੍ਰੇਮ ਵਿਆਹ ਹੋ ਗਿਆ ਹੋਵੇ, ਮਾਪੇ ਨਾਂਹ ਕਰਨ, ਸ਼ੋਸ਼ਲ ਬਾਈਕਾਟ ਹੁੰਦਾ ਹੋਵੇ, ਸਰਕਾਰ ਪੂਰੀ ਤਰ੍ਹਾਂ ਪ੍ਰੋਟੈਕਸ਼ਨ ਦੇਵੇਗੀ। (ਥੰਪਿੰਗ)

## COMPENSATORY ALLOWANCES TO THE EMPLOYEES OF KANDI AREA/HILL AREA AND SUB-MONTANE AREA

*3526. **Chaudhri Ram Singh**: Will the Minister for Finance be pleased to state —

(a) whether the Government have sanctioned any compensatory allowance for its employees posted in Kandi areas, Hill areas and sub-montane areas of the State, if so, the date of its sanction and the rate thereof ;

(b) whether the said compensatory allowance is actually being paid to all Government employees who are working/posted in those areas ?

(a) **Shri Hans Raj Sharma** (a) Yes, Compensatory Allowance @12½% of pay subject to a minimum of Rs. 10 and maximum of Rs. 50 per mensem has been sanctioned w.e.f. 1st Janaury, 1964 to Government employees drawing pay not exceeding Rs. 850 and working in Dhar Kalan Block of Gurdaspur District, Hajipur Block of Dasuya Tehsil, Hoshiarpur District. This allowance was subsequently given to employees posted in Anandpur Sahib Block in Ropar District w.e.f. 9th July, 1973 and w.e.f. 21st May, 1975 it was also given to employees working in 31 villages of Ropar Block.

(b) No complaint of non-payment has come to the notice of Government.

**ਚੌਧਰੀ ਰਾਮ ਸਿੰਘ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਵੀ ਇਸ ਗਲ ਦਾ ਪਤਾ ਹੋਵੇਗਾ ਕਿ ਕੁਝ ਕੰਡੀ ਏਰੀਆ ਦੇ ਐਸੇ ਸਟੇਸ਼ਨਜ਼ ਹਨ ਜਿੱਥੇ ਕਿ 12½% ਦੇ ਹਿਸਾਬ ਨਾਲ ਅਲਾਉਂਸ ਨਹੀਂ ਦਿੱਤਾ ਜਾਂਦਾ ਔਰ ਜਿਹੜੇ ਇੰਪਲਾਈਜ਼ ਉਥੇ ਟਰਾਂਸਫਰ ਹੋ ਕੇ ਜਾਂਦੇ ਹਨ ਉਨ੍ਹਾਂ ਨੂੰ 6% ਜਾਂ 6½% ਜਾਂ ਜੋ ਵੀ ਹੈ, ਉਸ ਰੇਟ ਉਤੇ ਦਿੱਤਾ ਜਾਂਦਾ ਹੈ, ਆਇਆ ਉਨ੍ਹਾਂ ਨੂੰ ਵੀ 12½% ਦੇ ਹਿਸਾਬ ਨਾਲ ਸਰਕਾਰ ਅਲਾਉਂਸ ਦੇਣ ਨੂੰ ਤਿਆਰ ਹੈ ? ਉਨ੍ਹਾਂ ਨੂੰ ਵੀ 12½% ਦੇ ਹਿਸਾਬ ਨਾਲ ਅਲਾਉਂਸ ਮਿਲਣਾ ਚਾਹੀਦਾ ਹੈ।

**ਮੰਤਰੀ**: ਇਹ ਸਾਰੇ ਸਵਾਲ ਉਤੇ ਦੁਬਾਰਾ ਗੌਰ ਕਰ ਰਹੇ ਹਾਂ ਔਰ ਐਡਮਨਿਸਟਰੇਟਿਵ ਡਿਪਾਰਟਮੈਂਟ ਨੂੰ ਲਿਖਿਆ ਹੈ ਕਿ ਕੋਈ ਕਰਾਈਟੇਰੀਆ ਬਣਾ ਦਿਓ। ਉਸ ਵਿਚ ਚੌਧਰੀ ਸਾਹਿਬ ਦੀ ਸੁਜੈਸ਼ਨ ਦਾ ਵੀ ਖਿਆਲ ਰੱਖਾਂਗੇ। ਅਸੀਂ ਇਹ ਵੀ ਲਿਖਿਆ ਹੈ ਕਿ ਬੇਟ ਏਰੀਆ, ਬਾਰਡਰ ਏਰੀਆ, ਕੰਡੀ ਏਰੀਆ ਵੀ ਡੀਫਾਈਨ ਹੋਵੇ ਤਾਂਕਿ ਇਸ ਉਤੇ ਡੀਟੇਲਡ ਵਿਚਾਰ ਕਰ ਲਈ ਜਾਵੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਸਪੀਕਰ ਸਾਹਿਬ, ਜਦੋਂ ਸਰਕਾਰ ਆਪਣੇ ਨੋਟੀਫੀਕੇਸ਼ਨ ਰਾਹੀਂ ਕੰਡੀ ਏਰੀਆ ਦੀ ਕਲੈਰੀਫੀਕੇਸ਼ਨ ਕਰ ਚੁਕੀ ਹੈ ਔਰ ਮੁੱਖ ਤੌਰ ਤੇ ਰੋਪੜ, ਹੁਸ਼ਿਆਰਪੁਰ ਤੇ ਪਠਾਨਕੋਟ ਸੜਕ ਨੂੰ ਹੱਦ ਮਿਲਦੀ ਹੈ, ਫਿਰ ਜਿਹੜੇ ਬਾਕੀ ਦੇ ਬਲਾਕ ਕੰਡੀ ਏਰੀਏ ਵਿਚ ਲਗਦੇ ਹਨ ਜਿਨ੍ਹਾਂ ਵਿਚ ਬਲਾਚੌਰ, ਹੁਸ਼ਿਆਰਪੁਰ, ਗੜ੍ਹਸ਼ੰਕਰ, ਮੁਕੇਰੀਆਂ ਹਨ, ਉਨ੍ਹਾਂ ਦੇ ਮੁਲਾਜ਼ਮਾਂ ਨੂੰ ਇਸ ਸਹੂਲਤ ਤੋਂ ਕਿਉਂ ਵਾਂਝਿਆਂ ਰਖਿਆ ਜਾਂਦਾ ਹੈ ?

**ਮੰਤਰੀ**: ਸਪੀਕਰ ਸਾਹਿਬ, ਮੈਂ ਤਾਂ ਅਰਜ਼ ਕੀਤੀ ਹੈ ਕਿ ਅਸੀਂ ਕਰਾਈਟੇਰੀਆਂ ਬਣਾ ਰਹੇ ਹਾਂ ਅਤੇ ਗੜ੍ਹਸ਼ੰਕਰ ਦਾ ਵੀ ਖਿਆਲ ਰਖਾਂਗੇ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਸਪੀਕਰ ਸਾਹਿਬ, ਮੈਂ ਕੇਵਲ ਗੜ੍ਹਸ਼ੰਕਰ ਲਈ ਹੀ ਨਹੀਂ ਰੋਇਆ ਮੈਂ ਤਾਂ ਜਨਰਲ ਗੱਲ ਕੀਤੀ ਹੈ । ਜਿਥੇ ਬਾਕੀਆਂ ਨੂੰ ਰਿਆਇਤਾਂ 1 ਜਨਵਰੀ, 1964 ਤੋਂ ਦਿੱਤੀਆਂ ਹਨ ਉਥੇ ਇਨ੍ਹਾਂ ਨੂੰ 12 ਸਾਲ ਤੋਂ ਕਿਉਂ ਫਾਹੇ ਲਾਇਆ ਹੈ । ਜੇ ਇਨ੍ਹਾਂ ਨੇ ਲਾਗੂ ਕਰਨਾ ਹੈ ਤਾਂ ਆਇਆ ਸਰਕਾਰ ਉਸੇ ਤਾਰੀਖ ਤੋਂ ਲਾਗੂ ਕਰੇਗੀ ?

**Minister**: Grant of Hill Compensatory Allowance to the Employees ਬਾਰੇ ਐਡਮਨਿਸਟ੍ਰੇਟਿਵ ਡਿਪਾਰਟਮੈਂਟ ਨੂੰ ਕਿਹਾ ਹੈ ਕਿ ਕੋਈ ਕਰਾਈਟੇਰੀਆ ਬਣਾਓ ਅਤੇ ਵੇਖੋ ਕਿ ਕਿਹੜਾ ਏਰੀਆ ਡੀਜ਼ਰਵ ਕਰਦਾ ਹੈ । ਇਸ ਵੇਲੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਕਿਹੜਾ ਇਲਾਕਾ ਯੋਗ ਹੈ, ਕਿਹੜਾ ਨਹੀਂ ਹੈ ।

---

## AMENDMENT TO THE EAST PUNJAB RENT RESTRICTION ACT, 1949

*3498. 1. **Comrade Satya Pal Dang**
2. **Comrade Saghar Singh** : Will the Minister for Finance be pleased to state —

(a) whether the Governtment appointed a Committee to make recommendations for amending the East Punjab Rent Restriction Act, 1949, if so, the date of the constitution of the committee;

(b) whether the Committee was reconstituted; if so, how many times;

(c) the date on which the committee submitted its report, if any, together with the details of recommendations made by it and the details of the decisions, if any, taken by the Government thereon be laid on the Table of the House ?

**Shri Hans Raj Sharma**: (a) Yes; on 5th July, 1974;

(b) Yes; The Punjab Urban Rent Restriction Law Enquiry Committee was orginally appointed on 1st December, 1965., Such a Committee was reconstituted 6 times, from time to time;

(c) The Committee completed its report on 28th August, 1975. A copy of the recommendations made by the Committee is laid on the table of the House. A Cabinet Sub-Committee has been appointed to scrutinise the proposals in detail and to take a final decision about the implementation of these recommendations.

Original with;
Punjab Vidhan Sabha
Digitized by;
Panjab Digital Library

## ANNEXURE 'A'

**List of the proposals made by the Rent Restriction Act Enquiry Committee for the amendment of the East Punjab Urban Rent Restriction Act, 1949.**

| Sr. No. | Section No. | Existing Provision | Proposed amendment by Enquiry Committee |
|---|---|---|---|
| 1 | 2 | 3 | 4 |
| 1. | Section 1 (1) | This Act may be called the East Punjab Urban Rent Restriction Act, 1949 | This Act may be called the Punjab Urban Rent Restriction Act, 1949. |
| 2. | Section 1 (2) | It extends to all urban areas in (Punjab), but nothing herein contained shall be deemed to effect the regulation of house accommodation in any Cantonment area. | It shall extend to all Urban Areas in Punjab but nothing herein contained shall apply Cantonment areas. |
| 3. | Section 2(a) | "building" means any building or part of a building let for any purpose whether being actually used for that purpose or not, including any land, godowns, out-houses or furniture let therewith, but does not include a room in a hotel, hostel or boarding-house; | "building" means any building or a part of building let for any purpose whether being actually used for that purpose or not including any land, godowns, out-houses, gardens, lawns, wells or tanks appurtenant to such building or the furniture let therewith or any fittings affixed to or machinery installed in such building, but does not include a room in a hotel, hostel or boarding house ; |
| 4. | Section 2(h) | "scheduled building" means a residential building which is being used by a person engaged in one or more of the professions specified in the Schedule to this Act, partly for his business and partly for his residence. | It was decided to delete the existing definition. |

Original with;
Punjab Vidhan Sabha
Digitized by;
Panjab Digital Library

(Finance Minister)

| Sr. No. | Section No. | Existing Provision | | Proposed amendment by Enquiry Committee |
|---|---|---|---|---|
| 1 | 2 | 3 | | 4 |
| 5. | Section 2(i) | "tenant" means any person by whom or on whose account rent is payable for a building or rented land and includes a tenant continuing in pessession after the termination of the tenancy in his favour, but does not include a person placed in occupation of a building or rented land by its tenant, unless with the consent in writing of the landlord, or a person to whom the collection of rent or fees in a public market, cart-stand or slaughter-house or of rents for shops has been framed out or leased by a Municipal, town or notified area committee; and | 2(h) | "tenant" means any person by whom or on whose account rent is payable for a building or rented land and includes a tenant continuing in possession after the termination of his tenancy and in the event of such persons death, such of his heirs as are mentioned in the Schedule appended to this Act and who were ordinarily residing with him at the time of his death, but does not include a person placed in occupation of a building or rented land by its tenant, except with the written consent of the landlord, or person to whom the collection of rent or fees in a public market, cart-stand or slaughter-house or of rents for shops has been framed out, or leased by a municipal or notified area committee ; |
| 6. | Section 2 (J) | "urban area" means any area administered by a municipal committee, a cantonment board, a town committee or a notified area committee or any area declared by the State Government by notification to be urban for the purpose of this Act. | 2 (1) | "urban area" means any area administered by a municipal committee a notified area committee, or any area declared by the State Government by notification to be urban area for the purpose of this Act. |
| 7. | Section 4(1) | The Controller shall on application by the tenant or land-lord of a building or rented land fix the fair rent for such building or rented land after holding such inquiry as the Controller thinks fit. | 4 (1) | The Controller shall, on application by the tenant or the landlord of a building or rented land, fix the fair rent for such building or rented land after holding such enquiry as he may think fit. Such fair rent shall be operative from the date of application. |

Original with;
Punjab Vidhan Sabha
Digitized by;
Panjab Digital Library

| | | |
|---|---|---|
| | (2) In determining the fair rent under this section the Controller shall first fix a basic rent taking into consideration.—<br>(a) the prevailing rates of rent in the locality for the same or similar accommodation in-similar circumstances during the twelve months prior to the 1st January, 1939; and<br>(b) the rental value of such building or rented land if entered in property tax assessment register of the municipal town or notified area committee, cantonment board, as the case may be, relating to the period mentioned in clause (a) ; | (2) In fixing the fair rent under this section, the Controller shall first determine the basic rent which shall be the rent agreed upon between the landlord and the tenant preceding the date of the application in respect of the building or rented land, or where no rent has been agreed upon, the basic rent shall be determined on the basis of the rent prevailing in the locality for similar building or rented land on the date of application. |
| 7. Section 4 (3) | In fixing the fair rent of a residential building the Controller may allow, if the basic rent,—<br>(i) in the case of a building in existence before the 1st January, 1939,—<br>(a) does not exeeed Rs. 25 per mensem, an increase not exceeding $8\frac{1}{3}$ percent on basic rent ;<br>(b) exceeds Rs. 25 per mensem but does not exceed Rs. 50 per mensem an increase not exceeding $12\frac{1}{2}$ on such basic rent ;<br>(c) exceeds Rs. 50 per mensem, an increase not exceeding 25 per cent on such basic rent ;<br>(ii) in the case of a building constructed on or after the 1st January, 1939,—<br>(a) does-not exceed Rs. 25 per mensem, an increase not exceeding 25 per cent on such basic rent ; | (3) In fixing the fair rent, the Controller may allow an increase or decrease on the basic rent defermined under sub-section (2), net exceeding twenty-five per centum of the rise or fall in the general level of prices since the date of agreed rent or the date of application, as the case may be, in accordance with the All-India Wholesale Price Index, as determined by the Government of India, relating to 31st December next preceding the date of application. |

Original with;
Punjab Vidhan Sabha
Digitized by;
Panjab Digital Library

| Sr. No. | Section No. | Existing Provision | Proposed amendment by Enquiry Committee |
|---|---|---|---|
| | | (b) exceeds Rs 25 but does not exceed Rs. 50 per mensem an increase not exceeding 37½ per cent such basic rent; | |
| | | (c) exceeds Rs. 50 per mensem, an increase not exceeding 50 per cent on such basic rent; | |
| | (4) | In fixing the fair rent of a scheduled building the Controller may allow, if the basic rent,— | (4) Notwithstanding that the fair rent for building or rented land has been fixed under the East Punjab Urban Rent Restriction Act, 1949 (hereinafter referred to as the 1949 Act), a landlord or tenant of such building or rented land shall be entitled to get its fair rent fixed under this section. |
| | | (i) in the case of a building in existence before the 1st January, 1939,— | |
| | | (a) does not exceed Rs. 25 per mensem, an increase not exceeding 13⅓ per cent on such basic Rent; | |
| | | (b) exceeds Rs. 25 but does not exceed Rs. 50 per mensem, an increase not exceeding 17½ per cent on such basic rent; | |
| | | (c) exceeds Rs. 50 per mensem an increase not exceeding 30 per cent on such basic rent; | |
| | | (ii) In the case of building constructed on or after the 1st January, 1939,— | |
| | | (a) does not exceed Rs. 25 per mensem, an increase not exceeding 30 per cent on such basic rent; | |
| | | (b) exceeds Rs. 25 but does not exceed Rs. 50 per mensem an increase not exceeding 42½ per cent on such basic rent; | |
| | | (c) exceeds Rs. 50 per mensem, an increase not exceeding 55 per cent on such basic rent. | |

Original with;
Punjab Vidhan Sabha
Digitized by;
Panjab Digital Library

(5) In fixing the fair rent of non-residential building or rented land the Controller may allow, if the basic rent;

(i) in the case of a building in existence before the 1st January, 1939, or in the case of rented land;

(a) does not exceed Rs. 50 per mensem, an increase not exceeding $37\frac{1}{2}$ per cent on such basic rent ;

(b) exceeds Rs. 50 per mensem, an increase not exceeding 50 per cent on such basic rent ;

(ii) in the case of a building constructed after the 1st January, 1939;

(a) does not exceed Rs. 50 per mensem, an increase not exceeding 50 per cent on such basic rent ;

(b) exceeds Rs. 50 mensem an increase not exceeding Rs. 100 per cent on such basic rent.

(6) Nothing in this section shall be deemed to entitle the Controller to fix the fair rent of a building or rented land at an amount less than the rent payable for such building or rented land under a subsisting lease entered into before the first day of January, 1939.

(5) Notwithstanding anything contained in this Act, the Controller may fix the fair rent *on the basis of the compromise arrived at between the parties to the proceedings. Such rent shall be binding only between the parties and their heirs.

Original with;
Punjab Vidhan Sabha
Digitized by;
Panjab Digital Library

| Sr. No. | Section No. | Existing Provision | Proposed amendment by Enquiry Committee |
|---|---|---|---|
| 8. | Section 5 | When the fair rent of a building or rented land has been fixed under section 4, no further increase in such fair rent shall be permissible except in cases where some addition, improvement or alteration has been carried out at the landlord's expense and if the building or rented land is in the occupation of a tenant at his request :<br><br>Provided that the fair rent as increased under this section shall not exceed the fair rent payable under this Act for a similar building or rented land in the same locality with such addition, improvement or alteration and it shall not be chargeable until such addition; improvement or alteration has been completed.<br><br>Provided further that any dispute between the landlord and tenant in regard to any increase claimed under this section shall be decided by the Controller :<br><br>Provided further that nothing in this section shall apply to any periodical increment of rent accruing under any subsisting agreement entered into before the first day of January, 1939. | 5 (1) When the fair rent of a building or rented land has been fixed under section 4, no further increase or decrease in such fair rent shall be permissible for a period of five years :<br><br>Provided that an increase may be allowed in case where any addition, improvement or alteration has been carried out at the expense of the landlord, and in the building or rented land which is in occupation of the tenant then at the request of the tenant :<br><br>Provided further that the decrease may be allowed in cases where there is a decrease or diminution in the accommodation or amenities provided.<br><br>(2) Any dispute between the landlord and the tenant in regard to any increase or decrease under this section shall be decided by the Controller. |
| 9. | Section 6 (1) | Save as provided in section 5, when the Controller has fixed the fair rent of a building or rented land under section 4—<br><br>(a) the landlord shall not claim or receive any premium or other like sum in addition to fair rent or any rent in excess of such fair rent but the landlord may stipulate for and receive in advance an amount not exceeding one month's rent; | 6. Save as provided in this Act, when the Controller has fixed the fair rent of a building or rented land under section 4;—<br><br>(a) the landlord shall not claim or receive any premium or other like sum in addition to fair rent or any rent in excess of such fair rent, but the landlord may stipulate for and receive in advance an amount not exceeding one month's rent; |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| | | (b) any agreement for the payment of any sum in addition to rent or of rent in excess of such fair rent shall be null and void. | (b) any agreement for the payment of any sum in addition to fair rent or of rent in excess of such fair rent shall be null and void |
| | | (2) Nothing in this section shall apply to the recovery of any rent which became due before the 1st day of January, 1939. | |
| 10. | Section 7 (1) | No landlord shall in consideration of the grant, renewal or continuance of a tenancy of any building or rented land require the payment of any fine, premium or any other like sum in addition to the rent. | 7. Where any sum has, whether before or after the commencement of this Act, been paid which sum by reason of the provisions of the Act should not have been paid, such sum shall, at any time within a period of six month after the date of payment, be recoverable by the tenants from the landlord who received the payment or his legal representative, and may, without prejudice to any other method of recovery, be deducted, within, such six months, by such tenant from any rent payable by him to such landlord. |
| | 7 (2) | Nothing in this section shall apply to any payment under any subsisting agreement entered into before the 1st day of January, 1939. | *Explanation* :—In this section the expression 'legal representative' has the same meaning as is assigned to it in the Code of Civil Procedure, 1908, and includes, in the case of joint family property, the joint family of which the deceased person was a member. |
| 11. | Section 8 (1) | Where any sum has, whether before or after the commencement of this Act, been paid which sum is by reason of the provisions of this Act irrecoverable, such sum shall, at any time within a period of six months after the date of the payment, or in the case of a payment made before the commencement of this Act, within six months after the commencement thereof, be recoverable by the tenant by whom it was paid or his legal representative from the landlord who received the payment or his legal representative, and may without prejudice to any other method of recovery be deducted by such tenant from any rent payable within such six months by him to such landlord. | 8. (1) Notwithstanding anything contained in any other provision of the Act, a landlord shall be entitled to increase the rent of a building or rented land if after the commencement of the tenancy, a fresh rate, cess or tax is levied in respect of the building or rented land by any local authority, or if there is an increase in the amount of such a rate, cess or tax being levied at the commencement of this Act.<br><br>Provided that increase in rent shall not exceed the amount of any such rates, cess or tax or the amount of increase in such rate, cess or tax, as the case may be :<br><br>Provided further that such increase in rent shall be payable by the tenant from the date of despatch of the written notice of demand sent by the landlord under registered cover. |

Original with;
Punjab Vidhan Sabha
Digitized by;
Panjab Digital Library

[Finance Minister]

| Sr. No. | Section No. | Existing Provisions | Proposed amendment by Enquiry Committee |
|---|---|---|---|
| | 8 (2) | In this section the expression "legal representative" has the same meaning as in the Code of Civil Procedure, 1908 and includes also in the case of joint family property, the joint family of which the deceased person was a member. | (2) Notwithstanding any thing contained in any law for the time being in force or any contract, no landlord shall recover from his tenant the amount of any rate, cess or tax or any portion thereof in respect of any building or rented land occupied by such tenant by any increase in the amount of the rent payable or otherwise, save as provided in sub-section (1). |
| 12. | Section 10 (1) | No landlord shall, without just or sufficient cause, cut off or withhold any of the amenities enjoyed by the tenant. | (1) No landlord shall cut off or withhold any of the amenities enjoyed by the tenant. (The words without just or sufficient cause be deleted.) |
| | 10 (2) | A tenant in occupation of a building or rented land may, if landlord has contravened the provisions of this section, make an application to the Controller complaining of such contravention. | Provision should be made that the Controller may visit the spot and pass interim orders as to the restoration of amenities by the tenant himself and recovery of the expenses from the rent. |
| | 10 (3) | If the controller on enquiry finds that the tenant has been in enjoyment of the amenities and that they were cut off or withheld by the landlord without just or sufficient cause, he shall make an order directing the landlord to restore such amenities. | Provision should also be made for penalty to the tenant in case of default on his side.<br><br>Court fee in such cases should be reduced to Rs. 1.25. |
| 13. | Section 12. | If a landlord fails to make the necessary repairs to a building other than structural alterations, it shall be competent for the Controller to direct on application by the tenant, and after such inquiry as the Controller may think necessary, that such repairs may be made by the tenant, and that the cost thereof may be deducted from the rent which is payable by him. | (1) In case the landlord fails to do the annual white-washing, the tenant shall give him one week's notice through registered post and there after he shall be entitled to get the white-washing done himself at the landlord's expense provided the total amount spent dose not exceed 15 days rent.<br><br>(2) Where the Municipal Committee has sanctioned latrine and bath-room in the approved building plan for the tenancy premises, the tenant shall be entitled to get the said construction made at the landlord's expense. |

Original with;
Punjab Vidhan Sabha
Digitized by;
Panjab Digital Library

| | |
|---|---|
| Section 13 | 1. In the last line of this section in between the figure '1974' and the words 'as subsequently amended' the words 'The East Punjab Urban Rent Restriction Act, 1949, may be added. |
| | 2. It should be made obligatory for the landlord to issue receipt for the rent. In case the landlord does not issue the receipt the tenant may remit the rent by money order which should be treated as legal tender. |
| | 3. There should be no tenancy without a written rent deed in which all conditions regarding facilities etc. to be given should be incorporated. |
| | 4. In case of a suit for non-payment of rent, the landlord shall not be entitled to recover rent for more than one year. In other words there shall be a limitation of one year on suits for non-payment of rent. |
| | 5. If a suit for eviction is instituted, the arrears shall be deposited by the tenant within ten days of the first date of hearing in the court. |
| | 6. The tenant should pay the amount of arrears of rent and interest in the court from the first date of hearing. |
| 13 (2) (i) | 7. It was decided that the second proviso to section 13 (2) (b) be added as under— "Provided further that the landlord shall not be entitled to claim arrears of rent for a period exceeding one year immediately proceeding the date of application under the provisions of this Act". |
| 13 (2) (ii) (b) | 8. It should be provided in the Act that building meant for residential purposes shall not be used for industrial or commercial purposes or for allied activities and vice versa. |

Original with;
Punjab Vidhan Sabha
Digitized by;
Panjab Digital Library

[Finance Minister]

| Sr. No. | Section No. | Existing Provision | Proposed amendment by Enquiry Committee |
|---|---|---|---|
| | 13 (3) (b) | | 9. After the words ".. building or rented land on such date as may be specified by the Controller" the words "which shall not be less than thirty days" be added. |
| | 13 (3) (c) | | 10. The words "and such date shall not be later than 15 days from the date of the order" should be deleted. |
| | 13 (3) (d) | | 11. This provision should be so modified that a tenant who is a workman and who has been discharged or dismissed by the landlord from the service or employment should not be liable to eviction during the period from the time of raising of the demand under the Industrial Disputes Act, 1947 till the settlement of the said dispute. |
| | 13 (5) | | 12. Penalty provided in this section may be raised from Rs. 100 to Rs. 1000 |
| 15.<br>16. | Section 15 (1) (b)<br>Seetion 19 (1) | | The period for filing an appeal should be increased to 30 days. It was decided that in addition to the contravention of sections already mentioned, continued, contravention of section 13 should also be made punishable under this section. It was also decided that the prescribed punishment should be increased to Rs. 2,000 with a minimum of Rs. 500. |
| | Section 19 (3) | | It was decided that requirement of obtaining prior sanction of the Controller as contemplated under section 19 (3) (a) should be omitted. |

## SCHEDULE

*See* section 2 (h).

Son, daughter, widow, father, mother, grandfather, grandmother, son of a pre-deceased son, unmarried daughter of a pre-deceased son, widow of a pre-deceased son and widow of a pre-deceased son of pre-deceased son.

Original with; Punjab Vidhan Sabha Digitized by; Panjab Digital Library

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਇਸ ਕਮੇਟੀ ਦੀਆਂ ਰਿਪੋਰਟਾਂ ਅਖਬਾਰਾਂ ਵਿਚ ਆਈਆਂ ਹਨ। ਪਰੈਸ ਨੂੰ ਬਰੀਫ ਕੀਤਾ ਗਿਆ ਹੈ। ਮਨਿਸਟਰ ਸਾਹਿਬ ਨੇ ਐਲਾਨ ਕੀਤਾ ਹੈ ਕਿ ਜਿਸ ਤਰ੍ਹਾਂ ਹੋਰ ਸੂਬਿਆਂ ਵਿਚ ਕਿਸੇ ਕਿਰਾਏਦਾਰ ਦੇ ਬੱਚੇ ਨੂੰ ਰਹਿਣ ਦਾ ਹੱਕ ਹੈ ਉਸੇ ਤਰ੍ਹਾਂ ਕਾਨੂੰਨ ਵਿਚ ਤਰਮੀਮ ਹੋ ਸਕਦੀ ਹੈ। ਬਹੁਤ ਸਾਰੇ ਲੈਂਡਲਾਰਡ ਬਹੁਤ ਸਾਰੇ ਕਸਬਿਆਂ ਵਿਚ ਕਿਰਾਏਦਾਰਾਂ ਨੂੰ ਜਾਇਜ਼ ਨਾ-ਜਾਇਜ਼ ਤਰੀਕੇ ਨਾਲ ਕਢੱਣ ਦੀ ਕੋਸ਼ਿਸ਼ ਕਰ ਰਹੇ ਹਨ। ਅਦਾਲਤਾਂ ਵਿਚ ਝੂਠੇ ਸੱਚੇ ਕੇਸਿਜ਼ ਦਰਜ ਕਰਦੇ ਹਨ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜੀ ਸਰਕਾਰ ਨੇ ਕਾਨੂੰਨ ਵਿਚ ਤਰਮੀਮ ਕਰਨੀ ਹੈ ਉਹ ਜਲਦੀ ਹੀ ਆਰਡੀਨੈਂਸ ਰਾਹੀਂ ਜਾਂ ਐਕਟ ਦੇ ਰਾਹੀਂ ਜਾਰੀ ਕਰਨਗੇ ਤਾਕਿ ਕੋਰਟ ਵਿਚ ਜਿਹੜੇ ਕੇਸਿਜ ਚਲ ਰਹੇ ਹਨ ਉਹ ਫਰੀਜ਼ ਹੋ ਸਕਣ ਅਤੇ ਕੋਰਟਾਂ ਵਿਚ ਕੇਸ ਨਾ ਅਗੇ ਤੋਂ ਚਲਣ ਅਤੇ ਕੋਰਟ ਐਵਿਕਸ਼ਨ ਵਾਸਤੇ ਕੋਈ ਆਰਡਰਜ਼ ਪਾਸ ਨਾ ਕਰ ਦੇਵੇ ?

**ਮੰਤਰੀ:** ਸਪੀਕਰ ਸਾਹਿਬ, ਇਹ ਕਮੇਟੀ 1964-65 ਤੋਂ ਕਈ ਵਾਰ ਬਣੀ ਅਤੇ ਕਈ ਵਾਰ ਟੁੱਟੀ ਹੈ। ਹੁਣ ਇਸ ਗੌਰਮਿੰਟ ਨੇ ਜਿਹੜੀ ਕਮੇਟੀ ਬਣਾਈ ਹੈ ਇਸ ਕਮੇਟੀ ਦੀਆਂ ਸਿਫਾਰਸ਼ਾਂ ਤੇ ਵਿਸਥਾਰ ਨਾਲ ਵਿਚਾਰ ਕਰਨ ਲਈ ਅਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਇਕ ਕੈਬਨਿਟ ਸਬ ਕਮੇਟੀ ਬਣਾਈ ਹੈ ਇਸ ਤੇ ਛੇਤੀ ਤੋਂ ਛੇਤੀ ਵਿਚਾਰ ਕਰ ਰਹੇ ਹਾਂ। ਕੈਬਨਿਟ ਸਬ-ਕਮੇਟੀ ਇਸ ਨੂੰ ਜਲਦੀ ਤੋਂ ਜਲਦੀ ਕੰਪਲੀਟ ਕਰੇਗੀ।

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਇਨ੍ਹਾਂ ਨੇ ਦਸਿਆ ਹੈ ਕਿ ਅਸੀਂ ਜਲਦੀ ਤੋਂ ਜਲਦੀ ਕਰਾਂਗੇ 2-4 ਮਹੀਨੇ ਭਾਵੇਂ ਲਗ ਜਾਣ ਪਰ ਇਸ ਦੌਰਾਨ ਸਪੈਸ਼ਲ ਲੈਜਿਸਲੇਸ਼ਨ ਕਰੋ, ਅਸੈਂਬਲੀ ਵਿਚ ਜਾਂ ਆਰਡੀਨੈਂਸ ਕਰਕੇ ਕਿ ਜਿਹੜੇ ਕੇਸਿਜ਼ ਕੋਰਟ ਵਿਚ ਪੈਂਡਿੰਗ ਹਨ ਉਨ੍ਹਾਂ ਨੂੰ ਫਰੀਜ਼ ਕਰ ਦਿਤਾ ਜਾਵੇ ਤਾਕਿ ਐਵਿਕਸ਼ਨ ਕਿਸੇ ਦੀ ਨਾ ਹੋਵੇ।

**ਮੰਤਰੀ:** ਇਹ ਕੈਬਨਿਟ ਸਬ-ਕਮੇਟੀ ਦੇ ਫੈਸਲੇ ਤੋਂ ਬਾਅਦ ਜ਼ਰੂਰ ਕਰਾਂਗੇ।

**ਸ਼੍ਰੀ ਪ੍ਰੇਮ ਗੁਪਤਾ:** ਸਪੀਕਰ ਸਾਹਿਬ, ਸਰਕਾਰ ਨੇ ਬੜੀ ਕੋਸ਼ਿਸ਼ ਕੀਤੀ ਹੈ ਕਿ ਕਿਰਾਏਦਾਰ ਨੂੰ ਰਿਲੀਫ ਦਿਤੀ ਜਾਵੇ। ਮੇਰਾ ਸਵਾਲ ਇਹ ਹੈ ਕਿ ਸਰਕਾਰ ਕੀ ਇਫੈਕਟਿਵ ਸਟੈਪਸ ਲੈ ਰਹੀ ਹੈ ਕਿਉਂਕਿ ਕਿਰਾਏਦਾਰ ਨੂੰ ਪ੍ਰੋਟੈਕਸ਼ਨ ਦੇਣੀ ਹੈ। ਇਹ ਵਾਇਉਲੇਂਟ ਨਾ ਹੋਵੇ ਅਤੇ ਕੋਈ ਲੈਂਡਲਾਰਡ ਧੱਕਾ ਨਾ ਕਰ ਸਕੇ।

**ਮੰਤਰੀ:** ਸਪੀਕਰ ਸਾਹਿਬ, ਕਾਨੂੰਨ ਦੇ ਰਾਹੀਂ ਮੌਜੂਦਾ ਕਿਰਾਏਦਾਰ ਕੋਲੋਂ ਦੁਕਾਨ ਖਾਲੀ ਕਰਵਾਉਣਾ ਬੜਾ ਮੁਸ਼ਕਿਲ ਹੈ ਔਰ ਇਹ ਕਹਿਣਾ ਕਿ ਉਲੰਘਣਾ ਹੋ ਰਹੀ ਹੈ, ਇਹ ਗਲਤ ਹੈ। ਇਸ ਕਾਨੂੰਨ ਤੇ ਅਸੀਂ ਦੋਬਾਰਾ ਗੌਰ ਕੀਤੀ ਹੈ ਅਤੇ ਕਿਰਾਏਦਾਰਾਂ ਦੀਆਂ ਜਿਹੜੀਆਂ ਜੈਨੂਅਨ ਔਕੜਾਂ ਸੀ, ਜਿਸ ਤਰ੍ਹਾਂ ਇਥੇ ਦਸਿਆ ਗਿਆ ਹੈ ਕਿ ਜਦੋਂ ਕੋਈ ਕਿਰਾਏਦਾਰ ਮਰ ਜਾਂਦਾ ਸੀ ਤਾਂ ਉਸ ਦੇ ਬੱਚੇ ਨੂੰ ਮਕਾਨ ਨਹੀਂ ਸੀ ਮਿਲਦਾ, ਇਸ ਕਿਸਮ ਦੇ 2, 3 ਫੀਸਦੀ ਲੋਕ ਹਨ ਔਰ ਅਸੀਂ ਇਸ ਤੇ ਵਿਚਾਰ ਕਰ ਰਹੇ ਹਾਂ ਤਾਕਿ ਇਸ ਵਿਚ ਕੋਈ ਸੋਧ ਲਿਆਂਦੀ ਜਾਵੇ। ਜਿਹੜੇ ਕਿਰਾਏਦਾਰ ਅੱਗੇ ਸਬ-ਲੈਟ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਰਦੇ ਹਨ ਉਨ੍ਹਾਂ ਨੂੰ ਵੀ ਇਸ ਕਾਨੂੰਨ ਵਿਚ ਲਿਆਏ ਜਾਂ ਅਗਰ ਉਨ੍ਹਾਂ ਦਾ ਕਿਰਾਏਦਾਰ ਕਿਸੇ ਹੋਰ ਨੂੰ ਦੁਕਾਨ ਦੇ ਜਾਂਦਾ ਹੈ ਤਾਂ ਇਸ ਕਿਸਮ ਦੀ ਵੀ ਸੋਧ ਕੀਤੀ ਗਈ ਹੈ ਅਤੇ ਇਹ ਖਿਆਲ ਰਖਿਆ ਗਿਆ ਹੈ ਕਿ ਕਿਰਾਏਦਾਰਾਂ ਨੂੰ ਕੋਈ ਨਾਜਾਇਜ਼ ਤੰਗ ਨਾ ਕਰ ਸਕੇ। ਇਸੇ ਤਰ੍ਹਾਂ ਹੀ ਮਾਲਕਾਂ ਦੀਆਂ ਜੈਨੂਅਨ ਡਿਫੀਕਲਟੀਜ਼ ਹਨ ਉਨ੍ਹਾਂ ਨੂੰ ਵੀ ਧਿਆਨ ਵਿਚ ਰਖਿਆ ਹੈ।

**ਚੌਧਰੀ ਰਾਮ ਸਿੰਘ**: ਕੀ ਇਨ੍ਹਾਂ ਨੂੰ ਪਤਾ ਹੈ ਕਿ ਬਹੁਤ ਸਾਰੇ ਕੇਸਿਜ਼ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਇਸ ਸਬੰਧੀ ਚਲ ਰਹੇ ਹਨ। ਉਨ੍ਹਾਂ ਦਾ ਉਥੇ 20-20, 40-40 ਸਾਲਾਂ ਦਾ ਦੁਕਾਨਾਂ ਤੇ ਕਬਜ਼ਾ ਹੈ ਪਰ ਜਦ ਆਪ ਉਹ ਮਰ ਜਾਂਦੇ ਹਨ ਤਾਂ ਉਨ੍ਹਾਂ ਦੇ ਲੜਕੇ ਕੰਮ ਕਰਦੇ ਹਨ, ਇਤਨੇ ਸਾਲਾਂ ਤੋਂ ਉਥੇ ਬੈਠਣ ਦੇ ਬਾਵਜੂਦ ਵੀ ਇਨ੍ਹਾਂ ਕਿਰਾਏਦਾਰਾਂ ਨੂੰ ਬੇਦਖਲ ਕੀਤਾ ਜਾ ਰਿਹਾ ਹੈ। ਕੀ ਮਨਿਸਟਰ ਸਾਹਿਬ, ਕੋਈ ਕੈਟੇਗੋਰੀਕਲੀ ਜਵਾਬ ਦੇਣਗੇ ਕਿ ਜਿਹੜੇ ਕਿਰਾਏਦਾਰ 20-25 ਜਾਂ 40 ਸਾਲਾਂ ਤੋਂ ਬੈਠੇ ਹਨ ਅਤੇ ਉਨ੍ਹਾਂ ਨੂੰ ਕਢਿਆ ਜਾ ਰਿਹਾ, ਉਨ੍ਹਾਂ ਨੂੰ ਉਥੋਂ ਕੱਢਣ ਤੋਂ ਰੋਕਣਗੇ?

**ਮੰਤਰੀ**: ਇਹ ਜਿਹੜੀ ਇਨ੍ਹਾਂ ਨੇ ਸੁਜੈਸ਼ਨ ਦਿਤੀ ਹੈ ਇਸ ਦੇ ਉਪਰ ਵੀ ਅਮਲ ਕਰਾਂਗੇ ਕਿ ਜਿਹੜੇ ਇਸ ਕਿਸਮ ਦੇ ਝਗੜੇ ਹਨ, ਝਗੜੇ ਕਰਕੇ ਕਿਰਾਏਦਾਰ ਨੂੰ ਕਢਿਆ ਨਾ ਜਾ ਸਕੇ ਅਤੇ ਉਨ੍ਹਾਂ ਦੇ ਬੇਟੇ ਵੀ ਉਥੇ ਰਹਿ ਸਕਣ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ**: ਇਹ ਮਸਲਾ ਬੜਾ ਅਹਿਮ ਹੈ। 28 ਅਗਸਤ, 1975 ਨੂੰ ਇਨ੍ਹਾਂ ਕੋਲ ਰਿਪੋਰਟ ਆ ਗਈ ਸੀ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੈਬਿਨਟ ਸਬ-ਕਮੇਟੀ ਕਿਸ ਡੇਟ ਤੋਂ ਬਣਾਈ ਗਈ ਸੀ ਅਤੇ ਕਿਤਨੀ ਦੇਰ ਤੋਂ ਕਮੇਟੀ ਇਸ ਨੂੰ ਫਾਈਨੇਲਾਈਜ਼ ਕਰੇਗੀ?

**ਮੰਤਰੀ**: ਇਹ ਕੋਈ ਜ਼ਿਆਦਾ ਟਾਈਮ ਨਹੀਂ ਹੋਇਆ। ਕੈਬਨਿਟ ਸਬ-ਕਮੇਟੀ ਨੂੰ ਜਿਹੜਾ ਮਾਮਲਾ ਸਪੁਰਦ ਹੋਇਆ ਸੀ, ਉਸ ਨੂੰ 19 ਜਨਵਰੀ 1976 ਨੂੰ ਕੈਬਨਿਟ ਨੇ ਕੰਸਿਡਰ ਕੀਤਾ ਅਤੇ ਉਸੇ ਦਿਨ ਹੀ ਸਬ-ਕਮੇਟੀ ਦੇ ਸਪੁਰਦ ਕਰ ਦਿਤਾ ਸੀ। ਕਿਉਂਕਿ ਬਜਟ ਸੈਸ਼ਨ ਆ ਗਿਆ ਸੀ ਇਸ ਕਰਕੇ ਮੀਟਿੰਗ ਨਹੀਂ ਹੋ ਸਕੀ ਵਰਨਾ ਇਹ ਹੁਣ ਤਕ ਫਾਈਨੇਲਾਈਜ਼ ਹੋ ਜਾਣਾ ਸੀ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਮੈਂ ਪੁਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪਿੰਡਾਂ ਵਿਚ ਮੰਡੀਆਂ ਖੋਲ੍ਹਣ ਨਾਲ, ਪਿੰਡਾਂ ਵਿਚ ਕਸਬੇ ਬਣ ਗਏ ਹਨ। ਉਥੇ 15-20 ਹਜ਼ਾਰ ਦੀ ਆਬਾਦੀ ਹੋ ਗਈ, ਕਿਰਾਏਦਾਰ ਹੋ ਗਏ। ਇਸ ਲਈ ਮੈਂ ਕਹਾਂਗਾ ਜਿਹੜੀ ਇਸ ਕਾਨੂੰਨ ਵਿਚ ਸੋਧ ਕਰਨੀ ਹੈ, ਜਿਵੇਂ ਇਹ ਕਹਿੰਦੇ ਹਨ ਕਿ ਕੈਬਨਿਟ ਸਬ-ਕਮੇਟੀ ਦੀਆਂ ਸਿਫਾਰਸ਼ਾਂ ਤੋਂ ਬਾਅਦ ਕਰਾਂਗੇ, ਇਹ ਜਿਹੜਾ ਇਸ ਵੇਲੇ ਕਾਨੂੰਨ ਹੈ ਜਿਥੇ ਸਾਰੇ ਪਿੰਡਾਂ ਵਿਚ ਮੰਡੀਆਂ ਚਾਲੂ ਹੋ ਚੁਕੀਆਂ ਹਨ, ਕੀ ਇਹ ਉਥੇ ਕਾਨੂੰਨ ਲਾਗੂ ਕਰਨ ਦਾ ਐਲਾਨ ਕਰਨਗੇ?

**ਮੰਤਰੀ**: ਕਈ ਜਗ੍ਹਾ ਇਸ ਕਾਨੂੰਨ ਨੂੰ ਪਿਛਲੇ ਸਾਲ ਲਾਗੂ ਕੀਤਾ ਹੈ। ਕੁਝ ਐਸੀਆਂ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਬਾਰੇ ਡੀ.ਸੀ. ਕੋਲੋਂ ਰਿਪੋਰਟ ਲੈਣੀ ਜ਼ਰੂਰੀ ਹੁੰਦੀ ਹੈ

Original with;
Punjab Vidhan Sabha
Digitized by;
Panjab Digital Library

ਕਿ ਆਇਆ ਇਹ ਇਸ ਸ਼ਕਲ ਵਿਚ ਆ ਗਈ ਹੈ ਜਾਂ ਨਹੀਂ । ਅਸੀਂ ਰੈਂਟ ਰੈਸਟ੍ਰਿਕਸ਼ਨ ਐਕਟ ਲਾਗੂ ਕਰ ਦਿਤਾ ਹੈ । ਕੋਈ ਹੋਰ ਬਿਲਡਿੰਗ ਬਣਾਉਣੀ ਹੋਵੇ ਤਾਂ ਕਰਿਪਲ ਹੋ ਜਾਂਦੀ ਹੈ ਸੋ ਇਸ ਕਰਕੇ ਡੀ.ਸੀ. ਦੀ ਰਿਪੋਰਟ ਮਗ ਲੈਂਦੇ ਹਾਂ ਅਤੇ ਮਹਿਕਮੇ ਦੀ ਰਿਪੋਰਟ ਲੈ ਕੇ ਜਲਦੀ ਲਾਗੂ ਕਰ ਦਿੰਦੇ ਹਾਂ । ਸਾਡਾ ਨਜ਼ਰੀਆ ਇਹ ਹੈ ਕਿ ਮਕਾਨਾਂ ਦੀ ਉਸਾਰੀ ਨਾ ਰੁਕੇ ਅਤੇ ਜਿਹੜੇ ਕਿਰਾਏਦਾਰ ਹਨ ਉਨ੍ਹਾਂ ਨੂੰ ਜ਼ਰੂਰ ਤੁਹੱਫਜ਼ ਦਿਤਾ ਜਾਵੇ ।

---

### ਰਾਜ ਵਿਚ ਜੇ. ਬੀ. ਟੀ. ਅਤੇ ਬੀ.ਐਡ. ਅਧਿਆਪਕ

*3454 1. ਕਾਮਰੇਡ ਸੱਘੜ ਸਿੰਘ
2. ਕਾਮਰੇਡ ਸੱਤ ਪਾਲ ਡਾਂਗ } ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) 1 ਦਸੰਬਰ. 1975 ਨੂੰ ਰਾਜ ਵਿਚ ਸਰਕਾਰੀ ਸਕੂਲਾਂ ਵਿਚ ਵੱਖ ਵੱਖ ਕੁਲ ਕਿੰਨੇ ਜੇ. ਬੀ. ਟੀ. ਅਤੇ ਬੀ.ਐਡ. ਅਧਿਆਪਕ ਸਨ;

(ਅ) 1 ਦਸੰਬਰ, 1975 ਨੂੰ ਤਦ-ਅਰਥ ਆਧਾਰ ਤੇ ਅਜਿਹੇ ਕਿਤਨੇ ਅਧਿਆਪਕ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਵਿਚ ਸ਼੍ਰੇਣੀਵਾਰ ਕਿੰਨੇ ਅਧਿਆਪਕ ਹਨ ਜਿਨ੍ਹਾਂ ਦੀ 4 ਸਾਲ ਦੀ ਸਰਵਿਸ ਹੋ ਗਈ ਹੈ?

**ਸ੍ਰੀ ਗੁਰਮੇਲ ਸਿੰਘ :**

| | | 1 ਦਸੰਬਰ, 1975 ਨੂੰ ਕੁਲ ਅਧਿਆਪਕ | ਤਦ-ਅਰਥ ਆਧਾਰ ਤੇ | 4 ਸਾਲ ਸੇਵਾ ਵਾਲੇ |
|---|---|---|---|---|
| (ੳ) ਜੇ.ਬੀ.ਟੀ. ਅਧਿਆਪਕ | .. | 46,786 | 4,675 | 127 |
| ਅਤੇ | | | | |
| (ਅ) ਬੀ.ਐਡ. ਅਧਿਆਪਕ | .. | 14,499 | 2,852 | 177 |

ਕਾਮਰੇਡ ਸੱਤ ਪਾਲ ਡਾਂਗ: ਇਸ ਗੱਲ ਦੀ ਰੋਸ਼ਨੀ ਵਿਚ ਕਿ ਇਹ ਜਿਹੜੇ ਐਡਹਾਕ ਟੀਚਰਾਂ ਦੀ ਗਿਣਤੀ ਹੈ, ਜੇ. ਬੀ. ਟੀ. ਅਤੇ ਬੀ. ਐਡ. ਟੀਚਰ ਮਿਲਾਕੇ, ਇਨਾਂ ਦੀ ਗਿਣਤੀ ਤਕਰੀਬਨ 7 ਹਜ਼ਾਰ ਬਣਦੀ ਹੈ ਅਤੇ ਇਹ ਐਡਹਾਕ ਐਪੁਆਇੰਟਮੈਂਟਸ ਇਸ ਕਰਕੇ ਹੁੰਦੀਆਂ ਹਨ ਕਿ ਫੌਰੀ ਤੌਰ ਤੇ 6 ਮਹੀਨਿਆਂ ਵਾਸਤੇ ਆਰਜ਼ੀ ਤੌਰ ਤੇ ਕੋਈ ਇੰਤਜ਼ਾਮ ਹੋ ਸਕੇ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਐਡਹਾਕ ਸਿਸਟਮ ਹੈ ਇਹ ਬੜਾ ਮਿਸਯੂਜ਼ ਹੁੰਦਾ ਹੈ, ਕੀ ਇਸ ਵੇਲੇ ਜਿਹੜੇ ਐਡਹਾਕ ਬੇਸਿਜ਼ ਤੇ ਲੱਗੇ ਹੋਏ ਹਨ ਉਨ੍ਹਾਂ ਨੂੰ ਰੈਗੂਲੇਰਾਈਜ਼ ਕਰਨਗੇ ਅਤੇ ਅੱਗੇ ਤੋਂ ਐਡਹਾਕ ਸਿਸਟਮ ਤੇ ਐਪੁਆਇੰਟਮੈਂਟਸ ਬੰਦ ਕਰਨਗੇ ਕਿਉਂਕਿ ਇਹ ਐਡਹਾਕ ਸਿਸਟਮ ਬੜਾ ਮਿਸਯੂਜ਼ ਹੁੰਦਾ ਹੈ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਉਨ੍ਹਾਂ ਵਿਚੋਂ ਕੁਝ ਰੈਗੂਲਰ ਕਰ ਦਿੱਤੇ ਗਏ ਹਨ। ਬਾਕੀਆਂ ਦੇ ਕੁਝ ਕੇਸਿਜ਼ ਐਜੂਕੇਸ਼ਨ ਮਹਿਕਮੇ ਦੀ ਚੋਣ ਕਮੇਟੀ ਨੂੰ ਰੈਫਰ ਕੀਤੇ ਹਨ। ਅੱਗੇ ਤੋਂ ਐਡਹਾਕ ਐਪੁਆਇੰਟਮੈਂਟਸ ਨੂੰ ਬੰਦ ਕਰਨ ਲਈ ਸਾਡੇ ਪਾਸ ਕੋਈ ਪਰਪੋਜ਼ਲ ਨਹੀਂ ਹੈ।

**ਚੌਧਰੀ ਰਾਮ ਸਿੰਘ**: ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਜੇ.ਬੀ.ਟੀ. ਦੀਆਂ ਕਲਾਸਾਂ ਕੰਡੀ ਏਰੀਆ ਵਿਚ, ਚਾਹੇ ਉਹ ਰੋਪੜ, ਹੁਸ਼ਿਆਰਪੁਰ ਜਾਂ ਗੁਰਦਾਸਪੁਰ ਵਿਚ ਹੈ, ਉਥੇ ਖੋਲ੍ਹਣਗੇ ਕਿਉਂਕਿ ਬਾਹਰੋਂ ਜਦ ਕਿਸੇ ਦੀ ਉਥੇ ਲਈ ਟਰਾਂਸਫਰ ਹੋ ਜਾਂਦੀ ਹੈ ਤਾਂ ਬਾਹਰੋਂ ਉਥੇ ਕੋਈ ਜਾਣ ਵਾਸਤੇ ਤਿਆਰ ਨਹੀਂ ਹੁੰਦਾ। ਇਸ ਲਈ ਕੀ ਉਥੇ ਜੇ. ਬੀ, ਟੀ. ਦੀਆਂ ਕਲਾਸਾਂ ਖੋਲ੍ਹਣਗੇ ਤਾਂਕਿ ਉਥੇ ਦੇ ਬੱਚੇ ਪੜ੍ਹ ਕੇ ਉਥੇ ਲੱਗ ਸ਼ਕਣ?

**ਮੰਤਰੀ**: ਸਪੀਕਰ ਸਾਹਿਬ, ਜੇ. ਬੀ. ਟੀ. ਦੀਆਂ ਕਲਾਸਾਂ ਹਿੱਲੀ ਏਰੀਆ, ਕੰਡੀ ਏਰੀਆ ਆਦਿ ਵਿਚ ਕਾਫੀ ਖੋਲ੍ਹੀਆਂ ਹਨ ਅਤੇ ਜੇ ਅਗਲੇ ਸਾਲ ਹੋਰ ਜ਼ਰੂਰਤ ਪਈ ਤਾਂ ਇਸ ਨੂੰ ਕੰਸਿਡਰ ਕਰ ਲਵਾਂਗੇ।

**ਚੌਧਰੀ ਸੁੰਦਰ ਸਿੰਘ**: ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਬੇਟ ਦੇ ਏਰੀਆ ਅਤੇ ਬਾਰਡਰ ਦੇ ਏਰੀਆ ਵਿਚ ਜੇ. ਬੀ. ਟੀ. ਦੀਆਂ ਕਲਾਸਾਂ ਖੋਲ੍ਹਣਗੇ? ਨਰੋਟ ਜੈਮਲ ਸਿੰਘ ਤਾਂ ਇਨ੍ਹਾਂ ਨੇ ਜੇ. ਬੀ. ਟੀ. ਦੀ ਕਲਾਸ ਖੋਲ੍ਹੀ ਹੈ ਜਿਸ ਨਾਲ ਕਾਫੀ ਫਾਇਦਾ ਹੋਇਆ ਹੈ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਅਪ੍ਰੈਲ ਵਿਚ 100 ਆਦਮੀਆਂ ਵਾਸਤੇ ਉਨ੍ਹਾਂ ਇਲਾਕਿਆਂ ਵਿਚ ਜੇ. ਬੀ. ਟੀ. ਦੀਆਂ ਕਲਾਸਾਂ ਖੋਲ੍ਹਣਗੇ ਤਾਕਿ ਉਥੇ ਲੜਕੇ ਦਾਖਲ ਹੋ ਸਕਣ ਅਤੇ ਫਾਇਦਾ ਉਠਾ ਸਕਣ ਅਤੇ ਅਨਇੰਪਲਾਇਮੈਂਟ ਦੂਰ ਹੋ ਸਕੇ ਉਸ ਦੇ ਵਿਚ ਸਿਰਫ ਹਰੀਜਨ ਹੀ ਨਹੀਂ ਬਲਕਿ ਗੈਰ-ਹਰੀਜਨ ਨੂੰ ਵੀ ਟਰੇਨਿੰਗ ਲੈਣ ਦੀ ਉਸੇ ਤਰ੍ਹਾਂ ਇਜਾਜ਼ਤ ਹੋਵੇ?

**ਮੰਤਰੀ**: ਸਪੀਕਰ ਸਾਹਿਬ, ਇਹ ਜਿਹੜਾ ਚੰਗਾ ਕੰਮ ਕੀਤਾ ਗਿਆ ਹੈ ਇਸ ਲਈ ਇਨ੍ਹਾਂ ਨੇ ਸਾਡਾ ਧੰਨਵਾਦ ਕੀਤਾ ਹੈ। ਅਗਲੇ ਸਾਲ ਜੇ ਲੋੜ ਹੋਈ ਤਾਂ ਉਸ ਵੇਲੇ ਫਿਰ ਕੰਸਿਡਰ ਕਰ ਲਵਾਂਗੇ ਅਤੇ ਫਿਰ ਉਹ ਧੰਨਵਾਦ ਕਰ ਦੇਣਗੇ?

**ਸ਼੍ਰੀ ਗੁਰਦਿਆਲ ਸੈਣੀ**: ਸਪੀਕਰ ਸਾਹਿਬ, ਮੈਂ ਜਿਹੜਾ ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਇਸ ਮੁਤਾਬਿਕ ਐਡਹਾਕ ਬੇਸਿਜ਼ ਦੇ ਜੇ. ਬੀ. ਟੀ. ਟੀਚਰ 4,675 ਹਨ ਅਤੇ ਬੀ. ਐਡ. ਟੀਚਰਜ਼, ਜੋ ਕਿ ਐਡਹਾਕ ਬੇਸਿਜ਼ ਤੇ ਹਨ, ਉਨ੍ਹਾਂ ਦੀ ਗਿਣਤੀ 2,852 ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਰੈਗੂਲਰ ਹੋ ਜਾਣਗੇ ਅਤੇ ਇਸ ਦਾ ਕੀ ਕਰਾਇਟੇਰੀਆ ਹੈ?

**ਮੰਤਰੀ**: ਮੈਂ ਇਹ ਪਹਿਲਾਂ ਹੀ ਕਿਹਾ ਹੈ ਕਿ ਵਿਦਿਆ ਵਿਭਾਗ ਦੀ ਜੋ ਸਿਲੈਕਸ਼ਨ ਕਮੇਟੀ ਹੈ ਉਸ ਨੂੰ ਕੇਸ ਰੈਫਰ ਕੀਤਾ ਹੈ। ਕੁਝ ਕੇਸਿਜ਼ ਹਾਈ ਕੋਰਟ ਵਿਚ ਚਲਦੇ ਪਏ ਹਨ ਅਤੇ ਉਨ੍ਹਾਂ ਦਾ ਹਾਲਾਂ ਤਕ ਡਿਸ਼ੀਜ਼ਨ ਨਹੀਂ ਹੋਇਆ।

Original with;
Punjab Vidhan Sabha
Digitized by;
Panjab Digital Library

ਵਿਦਿਆ ਸੁਧਾਰ ਕਮੇਟੀ

*3583. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ ਸਰਕਾਰ ਨੇ ਕੋਈ ਵਿਦਿਆ ਸੁਧਾਰ ਕਮੇਟੀ ਬਣਾਈ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵਿਚਾਰ ਗੋਚਰਾ ਵਿਸ਼ਾ ਅਤੇ ਇਸ ਦੀ ਬਣਤਰ ਕੀ ਹੈ;

(ਅ) ਕੀ ਉਪਰੋਕਤ ਕਮੇਟੀ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੇ ਹੁਣ ਤਕ ਕਿੰਨੀਆਂ ਮੀਟਿੰਗਾਂ ਕੀਤੀਆਂ ਹਨ;

(ੲ) ਉਪਰੋਕਤ ਕਮੇਟੀ ਬਣਾਉਣ ਲਈ ਕਿਹੜੀ ਵਿਧੀ ਬਣਾਈ ਗਈ ਹੈ?

**Shri Gurmail Singh**: (a) Yes. The relevent notification is placed on the Table of the House.

(b) Yes. One meeting of the Committee has already been held.

(c) The Committee was constituted by drawing persons from different disciplines having hearing on education.

(TO BE PUBLISHED IN PUNJAB GOVERNMENT GAZETTE)
EDUCATION DEPARTMENT

NOTIFICATION

No. 3415-16 (ERC )—Ed. I. ASO (2)—75 Dated : 25-8-75

The Govrnor of Punjab is pleased to constitute a committee consisti n of the following to advise the Government on the question of Education reforms :—

| | | | |
|---|---|---|---|
| 1. | Education Minister, Punjab. | .. | Chairman |
| 2. | Planning and Finance Seceretary, Punjab. | .. | Member |
| 3. | Secretary Industries, Punjab. | .. | ,, |
| 4. | Education Secretary, Punjab. | .. | ,, |
| 5. | Director, Public Instruction, Punjab. | .. | Member Secretary |
| 6. | Vice Chancellor. Punjabi University, Patiala. | .. | Member |
| 7. | Vice Chancellor, Guru Nanak Dev University, Amritsar. | .. | ,, |
| 8. | Vice Chancellor, Punjab University, Chandigarh. | .. | ,, |
| 9. | Vice Chancellor, Punjab Agricultural University, Ludhiana | .. | ,, |

Original with;
Punjab Vidhan Sabha
Digitized by;
Panjab Digital Library

[Minister for Education]

| | | | |
|---|---|---|---|
| 10. | Chairman, Punjab School Education Board, Chandigarh. | .. | Member |
| 11. | Director Research and Medical Education, Punjab, Chandigarh. | .. | " |
| 12. | Director of Technical Education, Punjab, Chandigarh. | .. | " |
| 13. | Prof. Rais Ahmed, Director, NCERT, New Delhi. | .. | " |
| 14. | Shri R.K. Chhabra, Secretary, University Grants Commission, Delhi. | .. | " |
| 15. | Sh. D.P. Nayar, Advisor, Education Planning Commission, Delhi. | .. | " |
| 16. | Sh. B. S. Bahl, Principal, D.A.V, College, Jullundur. | .. | " |
| 17. | Shri Gursewak Singh, Principal, Government Mahendra College, Patiala. | .. | " |
| 18. | Smt. H. L. Deol, Principal, Govt. Higher Secondary School, Pheel Khana (Patiala) | .. | " |
| 19. | Shri Joginder Singh, Headmaster, Khalsa High School, Samana. | .. | " |
| 20. | Shri Basant Lal Joshi, JBT (Retd.) (National Awardee), Basti Mirawalai, Patti, District Amritsar. | .. | " |
| 21. | Shri Ajit Singh, (National Awardee), Government Primary School, Hardaspur (Kapurthala). | .. | " |
| 22. | Shri Inderjit Singh, Chairman, Punjab and Sind Bank, Cahnaught Place, New Delhi. | .. | " |
| 23. | Shri M. G. Ramchaandran, Director Gandhi Gram, P.O. Gandhi Gram, District Madurai (Tamil Nadu). | | " |
| 24. | Shri L. N. Thapar House, Jan Path, New Delhi. | .. | " |
| 25. | Shri Jwahar Lal Oswal, Managing Director, Oswal Woolen Mills, Pvt. Ltd. Shekhpur, G. T. Road, Ludhiana. | .. | " |
| 26. | Shri Ajmer Singh, Advocate, 275 Sector 10—A Chd. | | |
| 27. | Pt. Homan Lal, President, S. D. Colleges, Managing Committee, 1581, Sector 18—D, Chandigarh. | .. | " |
| 28. | Shri Ude Partap Singh, Student, Punjabi University, Patiala. | .. | " |
| 29. | Sh. Jasbir Singh, M.A. Student Punjab, University, Chandigarh. | .. | " |
| 30. | Shrimati Preet Inder Kaur, Home Science Student, Punjab Agricultural University, Ludhiana. | | " |
| 31. | Dr. Bakhshish Kaur, Lecturer in Education, Punjab University, Chandigarh. | .. | " |

2. The terms of reference of the Committee will be notified later.

3. Headquarters

Original with;
Punjab Vidhan Sabha
Digitized by;
Panjab Digital Library

The Headquarters of the Committee will be at Chandigarh.

4. The terms and conditions regulating TA/DA of the members shall be as under :—

(a) The official members will draw TA/DA as admissible to them under the TA Rules.

(b) Non-official members other than MLAs/MDCs/MPs, at the rate of one 1st Class railway fares plus incidental charges and road mileage as admissible to a first grade Government employee drawing pay of Rs. 1000 and Rs. 9 as Daily Allowance. TA Rules for Government employees will also apply to Journeys proformed by non-official members except where otherwise provided.

5. The Director of Public Instruction will countersign the TA bills of non-official members (other than MLAs) for attending the meeting of the Committee.

6. The expenditure Involved will be debitable to the Head "277-General Education".

7. This issue with the concurrence of the Finance Department conveyed vide their U.O. No. 2501-2 FD II-75, dated 15-5-75.

K.S. Bains
Secretary to Government Punjab,
Educatian Department.

No. 3415-16 (ERC)-Ed. I. ASO-2-75 Dated

A copy is forwarded to the Accountant General, Punjab, Chandigarh, for information.

Sd/-
Joint Secretary, Education,
for Secretary to Government Punjab,
Education Department.

No. 3415-16 (ERC)-Ed. I. ASO-2-75 Dated :25-8-75

A copy is forwarded for information and necessary action to :—

(i) All members of the Committe.

(ii) The Chief Secretary to Government Punjab. (In Political Branch).

(iii) The Seceretary to Government Punjab, Finance Department with reference to his U.O. No. 2501-2 FD II-75, dated 15-5-75.

Sd/-
Joint Secretary, Education,
for Secretary to Government Punjab,
Education Department.

No. 3415-16-ASO (2)-ERC-Ed. I.—75 Dated, Chandigarh the

A copy is forwarded to the Controller, Printing and Stationery, Punjab with request that the above notification may please the published in the next issue of Punjab Government Gazette.

Sd/-
Section Officer,
for Seceretary to Government Punjab,
Education Department.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਕਮੇਟੀ ਕਿਸ ਆਧਾਰ ਤੇ ਬਣਾਈ ਹੈ ਤਾਂ ਉਸ ਦਾ ਇਨ੍ਹਾਂ ਨੇ ਜਵਾਬ ਦਿੱਤਾ ਹੈ :

"The Committee was constituted by drawing persons from different disciplines having bearing on education".

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਲਿਸਟ ਦਿੱਤੀ ਗਈ ਹੈ ਇਸ ਵਿਚ ਕੁਝ ਆਦਮੀਆਂ ਦੇ ਨਾਮ ਹਨ, ਜਿਸ ਤਰ੍ਹਾਂ ਸ਼੍ਰੀ ਇੰਦਰਜੀਤ ਸਿੰਘ, ਚੇਅਰਮੈਨ, ਪੰਜਾਬ ਐਂਡ ਸਿੰਧ ਬੈਂਕ, ਕਨਾਟ ਪਲੇਸ, ਨਿਊ ਦੇਹਲੀ ; ਸ਼੍ਰੀ ਐਲ. ਐਨ. ਥਾਪਰ, ਥਾਪਰ ਹਾਊਸ, ਜਨ ਪਥ, ਨਿਊ ਦੇਹਲੀ ਅਤੇ ਇਸ ਤਰ੍ਹਾਂ ਹੋਰ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਇੰਡਸਟਰੀਅਲਿਸਟਸ ਅਤੇ ਵਿਉਪਾਰੀ ਹਨ ਇਨ੍ਹਾਂ ਦੀ ਐਜੂਕੇਸ਼ਨ ਉਤੇ ਕੀ ਬੇਅਰਿੰਗ ਹੈ ?

**ਮੰਤਰੀ :** ਸਪੀਕਰ ਸਾਹਿਬ, ਇਹ ਵੀ ਕੁਝ ਇੰਸਟੀਚਿਊਸ਼ਨ ਚਲਾਉਂਦੇ ਪਏ ਹਨ ਅਤੇ ਐਜੂਕੇਸ਼ਨ ਨਾਲ ਬੜੀ ਦਿਲਚਸਪੀ ਰੱਖਦੇ ਹਨ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਇਸ ਵਿਚ ਕਈ ਸਾਰੀਆਂ ਐਜੂਕੇਸ਼ਨਲ ਜਥੇਬੰਦੀਆਂ ਦੇ ਪ੍ਰਤਿਨਿਧ ਪਾਏ ਹਨ ਉਥੇ ਪੰਜਾਬ ਦੀ ਸਟੂਡੈਂਟਸ ਫੈਡਰੇਸ਼ਨ ਇਕ ਮੇਜਰ ਜਥੇਬੰਦੀ ਵਿਦਿਆਰਥੀਆਂ ਦੀ ਹੈ। ਇਸ ਸਟੂਡੈਂਟਸ ਦੀ ਜਥੇਬੰਦੀ ਨੂੰ ਪ੍ਰਤਿਨਿਧਤਾ ਕਿਉਂ ਨਹੀਂ ਦਿੱਤੀ ਗਈ ?

**ਮੰਤਰੀ :** ਸਪੀਕਰ ਸਾਹਿਬ, ਇਸ ਵਿਚ ਕਿਸੇ ਜਥੇਬੰਦੀ ਦਾ ਕੋਈ ਨੁਮਾਇੰਦਾ ਨਹੀਂ ਰੱਖਿਆ ਗਿਆ ਅਤੇ ਨਾ ਹੀ ਇਸ ਸਟੇਜ ਤੇ ਰੱਖਣ ਦਾ ਕੋਈ ਵਿਚਾਰ ਹੈ । ਜਿਸ ਵੇਲੇ ਰੱਖਣ ਦੀ ਜ਼ਰੂਰਤ ਹੋਈ ਤਾਂ ਉਸ ਵੇਲੇ ਦੇਖ ਲਵਾਂਗੇ ਕਿ ਕਿਹੜੀ ਜਥੇਬੰਦੀ ਦਾ ਕਿਹੜਾ ਰੱਖਣਾ ਹੈ ।

**ਸ਼੍ਰੀ ਪ੍ਰੇਮ ਗੁਪਤਾ :** ਇਹ ਜਿਹੜੀ ਕਮੇਟੀ ਬਣਾਈ ਗਈ ਹੈ ਇਹ ਬੜੀ ਚੰਗੀ ਗੱਲ ਹੈ ਕਿ ਐਜੂਕੇਸ਼ਨ ਦੇ ਰਿਫਾਰਮ ਵਾਸਤੇ ਬਣਾਈ ਗਈ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਕਮੇਟੀ ਵਿਚ ਇਸ ਹਾਊਸ ਦੇ ਕਿੰਨੇ ਮੈਂਬਰ ਹਨ ਜੇ ਨਹੀਂ ਹਨ ਤਾਂ ਉਨ੍ਹਾਂ ਨੂੰ ਉਸ ਕਮੇਟੀ ਵਿਚ ਇਨਕਲੂਡ ਕਰਨ ਵਾਸਤੇ ਸਰਕਾਰ ਕੀ ਕਰ ਰਹੀ ਹੈ ?

**ਮੰਤਰੀ :** ਸਪੀਕਰ ਸਾਹਿਬ, ਕਮੇਟੀ ਦੀ ਮੀਟਿੰਗ ਹੋ ਚੁੱਕੀ ਹੈ ਅਤੇ ਕਮੇਟੀ ਦੀ ਦੂਜੀ ਮੀਟਿੰਗ ਹੋਣ ਲਈ ਵੀ ਸ਼ਾਇਦ ਡੇਟ ਫਿਕਸ ਕੀਤੀ ਹੋਵੇ । ਕਮੇਟੀ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਸਬ-ਕਮੇਟੀ ਵੀ ਬਣਾ ਦਿੱਤੀ ਹੈ । ਇਸ ਲਈ ਇਸ ਸਟੇਜ ਤੇ ਹੋਰ ਕੋਈ ਐਡ ਕਰਨ ਦਾ ਸਵਾਲ ਪੈਦਾ ਨਹੀਂ ਹੁੰਦਾ ।

**ਸ਼੍ਰੀ ਗੁਰਦਿਆਲ ਸੈਣੀ :** ਇਹ ਜਿਹੜੀ 31 ਮੈਂਬਰਾਂ ਦੀ ਕਮੇਟੀ ਹੈ ਇਸ ਵਿਚ ਪੰਜਾਬ ਦੇ ਕਿੰਨੇ ਮੈਂਬਰ ਹਨ ਅਤੇ ਬਾਹਰਲੇ ਕਿੰਨੇ ਮੈਂਬਰ ਹਨ

**ਮੰਤਰੀ :** ਸਪੀਕਰ ਸਾਹਿਬ, ਲਿਸਟ ਹਾਊਸ ਦੀ ਟੇਬਲ ਤੇ ਲੇ ਕਰ ਦਿੱਤੀ ਗਈ ਹੈ ਇਹ ਉਸ ਨੂੰ ਪੜ੍ਹ ਲੈਣ ।

Original with;
Punjab Vidhan Sabha
Digitized by;
Panjab Digital Library

STARRED QUESTION NO. 3588

**Mr. Speaker** : Extension has been asked for in respest of Starred Question No. 3588.

---

### ਜ਼ਰਾਇਤੀ ਉਪਜ ਦੀ ਸਾਲਾਨਾ ਪੈਦਾਵਾਰ

*3552. **ਸ੍ਰੀ ਸਰਦਾਰੀ ਲਾਲ ਕਪੂਰ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਰਾਜ ਵਿਚ ਜ਼ਰਾਇਤੀ ਉਪਜ ਦੀ ਔਸਤਨ ਸਾਲਾਨਾ ਪੈਦਾਵਾਰ ਵਧਾਣ ਲਈ ਕੀ ਕਾਰਵਾਈ ਕਰਨ ਦੀ ਤਜਵੀਜ਼ ਹੈ ?

**ਮਾਸਟਰ ਗੁਰਬੰਤਾ ਸਿੰਘ** : ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

### ਸਟੇਟਮੈਂਟ

ਖੇਤੀ ਦੇ ਸਾਲਾਨਾ ਔਸਤਨ ਵਾਧੇ ਲਈ ਸਰਕਾਰ ਨੇ ਭਿੰਨ ਭਿੰਨ ਪ੍ਰਕਾਰ ਦੇ ਕਦਮ ਚੁੱਕੇ ਹਨ, ਜਿਵੇਂ ਵਧੇਰੇ ਝਾੜ ਦੇਣ ਵਾਲੀਆਂ ਉੱਨਤ ਕਿਸਮਾਂ ਦੇ ਬੀਜਾਂ ਦੀ ਸਪਲਾਈ ਉਪਦਾਨ ਦਰਾਂ ਤੇ, ਕਾਫੀ ਮਾਤਰਾ ਵਿਚ ਰਸਾਇਣਕ ਖਾਦਾਂ, ਕੀੜੇ ਮਾਰ ਦਵਾਈਆਂ ਤੇ ਕਿਸਾਨ ਸਿਖਲਾਈ ਦਾ ਵੱਡੇ ਪੈਮਾਨੇ ਤੇ, ਕਿਸਾਨਾਂ ਲਈ ਇਹ ਜ਼ਰੂਰੀ ਖੇਤੀ ਵਸਤੂਆਂ ਖਰੀਦਣ ਲਈ ਕਰਜ਼ੇ ਦਾ ਪਰਬੰਧ ਕੀਤਾ ਗਿਆ ਹੈ । ਉਪਰੋਕਤ ਖੇਤੀ ਵਸਤੂਆਂ ਤੋਂ ਵੱਧ ਤੋਂ ਵੱਧ ਲਾਭ ਲੈਣ ਲਈ ਸਿੰਚਾਈ ਜ਼ਰੂਰੀ ਹੈ । ਇਸ ਲਈ ਹਰ ਸਾਲ 20 ਹਜ਼ਾਰ ਨਵੇਂ ਟਿਊਬਵੈਲ ਲਾਉਣ ਦਾ ਨਿਸ਼ਾਨਾ ਮਿਥਿਆ ਗਿਆ ਹੈ । ਟਿਊਬਵੈਲ ਲਾਉਣ ਲਈ ਮਾਰਗੇਜ ਬੈਂਕ/ਏ. ਆਰ. ਸੀ. ਰਾਹੀਂ ਵਿੱਤੀ ਮਦਦ ਦਿੱਤੀ ਗਈ ਹੈ । ਜਿਪਸਮ ਲਈ ਉਪਦਾਨ ਦੀ ਰਕਮ ਵਧਾ ਕੇ ਜ਼ਮੀਨ ਦੇ ਸੁਧਾਰ ਦਾ ਕੰਮ ਹੋਰ ਤੇਜ਼ ਕੀਤਾ ਗਿਆ ।

**ਸ੍ਰੀ ਸਰਦਾਰੀ ਲਾਲ ਕਪੂਰ** : ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਭਰ ਵਿਚ ਜਿਹੜੀਆਂ ਬੀਜ ਵਧਾਉਣ ਵਾਸਤੇ ਲੋਕਾਂ ਦੀਆਂ ਜ਼ਮੀਨਾਂ ਹਨ ਉਨ੍ਹਾਂ ਦੀ ਸਾਇਲ ਪਹਿਲਾਂ ਟੈਸਟ ਕਰਵਾ ਕੇ ਉਸ ਦੇ ਮੁਤਾਬਿਕ ਹੀ ਅਗਰ ਕੀਤਾ ਜਾਵੇ, ਉਸ ਦੇ ਮੁਤਾਬਿਕ ਅਗਰ ਬੀਜ ਦਿੱਤਾ ਜਾਵੇ ਅਤੇ ਉਸ ਦੇ ਮੁਤਾਬਿਕ ਬੀਜ ਬੋਇਆ ਜਾਵੇ ਤ ਜ਼ਿਆਦਾ ਮੁਨਾਸਬ ਹੋਵੇਗਾ । ਇਸ ਲਈ ਕੀ ਇਹ ਆਪਣੇ ਮਹਿਕਮੇ ਨੂੰ ਕਹਿਣਗੇ ਕਿ ਸਾਰੇ ਪੰਜਾਬ ਵਿਚ ਸਾਇਲ ਟੈਸਟ ਕਰਕੇ ਉਸ ਦੇ ਮੁਤਾਬਿਕ ਖੇਤੀ ਕੀਤੀ ਜਾਵੇ ?

**ਮੰਤਰੀ** : ਕਪੂਰ ਸਾਹਿਬ ਦੀ ਬੜੀ ਅੱਛੀ ਸੁਜੈਸ਼ਨ ਹੈ, ਇਸ ਨੂੰ ਅਸੀਂ ਦੇਖ ਲਵਾਂਗੇ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਾਇਲ ਪਹਿਲਾਂ ਹੀ ਟੈਸਟ ਕਰਵਾਉਂਦੇ ਹਾਂ, ਬਾਕੀ ਅਸੀਂ ਦੇਖ ਲਵਾਂਗੇ ਕਿ ਸਾਰੇ ਪੰਜਾਬ ਵਿਚ ਕਿਸ ਤਰ੍ਹਾਂ ਕਰਵਾ ਸਕਦੇ ਹਾਂ ।

---

For Starred Question No. 3588 and reply thereto please see Debates dated 26th March, 1976,

Original with;
Punjab Vidhan Sabha
Digitized by;
Panjab Digital Library

**Mr. Speaker** : Now the question hour is over. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly.

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਘਣੀ ਖੇਤੀ ਕਰਨਾ

***3553. ਸ੍ਰੀ ਸਰਦਾਰੀ ਲਾਲ ਕਪੂਰ** : ਕੀ ਖੇਤੀ ਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਹੋਰ ਘਣੀ ਖੇਤੀ ਕਰਨ ਲਈ ਕਾਰਵਾਈ ਕਰਨ ਦੀ ਤਜਵੀਜ਼ ਹੈ ?

**ਮਾਸਟਰ ਗੁਰਬੰਤਾ ਸਿੰਘ** : ਪੰਜਾਬ ਵਿਚ ਖੇਤੀ ਉਪਜ ਦੇ ਵਾਧੇ ਲਈ, ਸਰਕਾਰ ਨੇ ਵਧੇਰੇ ਝਾੜ ਦੇਣ ਵਾਲੀ ਕਣਕ, ਚੌਲ, ਦੋਗਲੀ ਮੱਕੀ ਤੇ ਬਾਜਰਾ ਥੱਲੇ ਰਕਬਾ ਵਧਾਉਣ ਦਾ ਪ੍ਰੋਗਰਾਮ ਬਣਾਇਆ ਹੈ । ਇਸ ਮਤਲਬ ਲਈ ਬੀਜ ਉਪਦਾਨ ਤੇ ਦੇਣ ਦੀ ਤਜਵੀਜ਼ ਬਣਾਈ ਗਈ ਹੈ । ਰਸਾਇਣਕ ਖਾਦ ਦੀ ਵਧੇਰੇ ਖਪਤ, ਸਿੰਜਾਈ ਦੀਆਂ ਸਹੂਲਤਾਂ ਫ਼ਸਲੀ ਤੀਬਰਤਾ ਤੇ ਜ਼ਮੀਨ ਦਾ ਸੁਧਾਰ ਆਦਿ ਲਈ ਵਿਸ਼ੇਸ਼ ਸਾਧਨ ਅਪਣਾਏ ਗਏ । ਇਨ੍ਹਾਂ ਦੇ ਅਪਨਾਉਣ ਨਾਲ ਪੰਜਵੀਂ ਪੰਜ ਵਰਸੀ ਯੋਜਨਾ ਦੇ ਅੰਤ ਤਕ (1978-79) ਫਸਲੀ ਤੀਬਰਤਾ 160 ਪ੍ਰਤੀਸ਼ਤ ਹੋਵੇਗੀ, ਜਿਹੜੀ ਕਿ ਸਾਲ 1973-74 ਤਕ 146.8% ਸੀ ।

---

### ਸੰਗਰੂਰ ਜ਼ਿਲ੍ਹੇ ਵਿਚ ਤੱਪਾ ਮੰਡੀ ਤੋਂ ਪੱਖੋਕੇ ਤੱਕ ਸੜਕ ਨੂੰ ਪੱਕੀ ਕਰਨਾ

***3488 ਗਿਆਨੀ ਕੁੰਦਨ ਸਿੰਘ ਪਤੰਗ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਸੰਗਰੂਰ ਵਿਚ ਤੱਪਾ ਮੰਡੀ ਪੱਖੋਕੇ ਸੜਕ ਤੇ ਤੱਪਾ ਮੰਡੀ ਰੇਲਵੇ ਕਰਾਸਿੰਗ ਤੋਂ ਇਕ ਕਿਲੋਮੀਟਰ ਲੰਬੀ ਸੜਕ ਜਿਸ ਤੇ ਆਵਾਜਾਈ ਹੁੰਦੀ ਹੈ, ਕੱਚੀ ਹੈ ਜਿਸ ਦੇ ਸਿੱਟੇ ਵਜੋਂ ਜਨਤਾ ਨੂੰ ਬਹੁਤ ਮੁਸ਼ਕਲ ਹੁੰਦੀ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਣ ਹਨ ਅਤੇ ਇਸ ਨੂੰ ਕਦੋਂ ਤਕ ਪੱਕਾ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : ਜੀ ਹਾਂ ਇਹ ਠੀਕ ਹੈ, 0.5 ਕਿਲੋ ਮੀਟਰ ਦਾ ਟੁਕੜਾ ਅਜੇ ਵੀ ਕੱਚਾ ਹੈ ਇਹ ਸੜਕ ਦਾ ਟੋਟਾ ਭੋਂ ਪਰਾਪਤ ਕਰਨ ਪਿਛੋਂ ਪੱਕਾ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

## ਭਦੌੜ ਅਸੈਂਬਲੀ ਚੋਣ ਹਲਕਾ ਵਿਚ ਸੇਹਨਾ-ਮੌੜਾਂ ਸੜਕ

*3512. **ਗਿਆਨੀ ਕੁੰਦਨ ਸਿੰਘ ਪਤੰਗ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜ਼ਿਲ੍ਹਾ ਸੰਗਰੂਰ ਦੇ ਭਦੌੜ ਅਸੈਂਬਲੀ ਚੋਣ ਹਲਕੇ ਵਿਚ ਅਧੂਰੀ ਸੇਹਨਾ-ਮੌੜਾਂ ਸੜਕ, ਜਿਸ ਤੇ ਪੱਥਰ ਵਿਛਾਉਣ ਦਾ ਕੰਮ ਹੋ ਚੁੱਕਾ ਹੈ, ਪਰ ਜਿਸ ਤੇ ਲੁੱਕ ਨਹੀਂ ਪਾਈ ਗਈ ਹੈ, ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ;

(ਅ) ਤਲਵੰਡੀ (ਮਾਲੂਕੀ) ਜ਼ਿਲ੍ਹਾ ਸੰਗਰੂਰ ਤੋਂ ਪਿੰਡ ਸੇਦੋਂ ਤਹਿਸੀਲ ਮੋਗਾ ਤੱਕ. ਦੋ ਮੀਲ ਲੰਮੀ ਸੜਕ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ :** (ੳ) ਸੇਹਣਾ-ਮੌੜਾ ਸੜਕ ਉਤੇ ਸੋਲਿੰਗ ਲਗ ਚੁੱਕਾ ਹੈ । ਪੱਥਰ ਦੀ ਕੁਟਾਈ ਵੀ ਹੋ ਚੁੱਕੀ ਹੈ, ਸਿਰਫ ਇਕ ਕਿਲੋਮੀਟਰ ਵਿਚ ਪੱਥਰ ਦੀ ਕੁਟਾਈ ਰਹਿੰਦੀ ਹੈ ਜਿਸ ਨੂੰ ਕਿ ਅਗਲੇ ਤਿੰਨ ਮਹੀਨਿਆਂ ਵਿਚ ਮੁਕੰਮਲ ਕਰ ਦੇਣ ਦੀ ਆਸ ਹੈ । ਬਾਕੀ ਸਾਰੀ ਸੜਕ ਤੇ ਲੁਕ ਵੀ ਪੈ ਚੁਕੀ ਹੈ ।

(ਅ) ਇਹ ਇਕ ਇੰਟਰ ਵਿਲੇਜ ਲਿੰਕ ਸੜਕ ਹੈ । ਜਿਸ ਵੇਲੇ ਇੰਟਰ ਵਿਲੇਜ ਲਿੰਕ ਸੜਕਾਂ ਦਾ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ ਉਸ ਵੇਲੇ ਇਸ ਨੂੰ ਵੀ ਬਣਾਇਆਂ ਜਾਵੇਗਾ ।

---

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਤਲਵਾੜਾ ਤੋਂ ਮੁਬਾਰਿਕਪੁਰ ਤੱਕ ਸਰਬ ਮੌਸਮੀ ਸੜਕ ਬਣਾਉਣਾ

*3635. **ਕਾਮਰੇਡ ਰਾਜ ਕੁਮਾਰ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣ ਦੀ ਖੇਚਲ ਕਰਨਗੇ ਕਿ ਕੀ ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਨਾਲ ਮਿਲਾਉਂਦੀ ਹੋਈ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਤਲਵਾੜਾ ਤੋਂ ਮੁਬਾਰਿਕਪੁਰ ਤੱਕ ਪੁਲਾਂ ਸਮੇਤ ਸਰਬ ਮੌਸਮੀ ਸੜਕ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਉਕਤ ਸੜਕ ਕਦੋਂ ਤੱਕ ਬਣਾਏ ਜਾਣ ਦੀ ਤਜਵੀਜ਼ ਹੈ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ :** ਤਲਵਾੜਾ-ਮੁਬਾਰਿਕਪੁਰ ਸੜਕ ਦੇ ਪੰਜਾਬ ਰਾਜ ਵਿਚ 15 ਕਿਲੋ ਮੀਟਰ ਪੈਂਦੇ ਹਨ । ਇਹ ਲੰਬਾਈ ਸਰਫੇਸਿੰਗ ਦੇ ਦੂਜੇ ਕੋਟ ਤੱਕ ਮੁਕੰਮਲ ਕੀਤੀ ਜਾ ਚੁੱਕੀ ਹੈ । ਇਸ ਸੜਕ ਨੂੰ ਲੱਗਭਗ 22 ਚੋਅ ਪਾਰ ਕਰਦੇ ਹਨ ਅਤੇ ਇਨ੍ਹਾਂ ਚੋਆਂ ਤੇ ਪੁਲ ਬਣਾਉਣ ਲਈ 40 ਲੱਖ ਰੁਪਏ ਦੇ ਲੱਗਭਗ ਲੋੜ ਹੈ । ਇਨ੍ਹਾਂ ਪੁਲਾਂ ਨੂੰ ਬਣਾਉਣ ਦੀ ਅਜੇ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ । ਜਿਤਨੀ ਦੇਰ ਤੱਕ ਉਪਰ ਦੱਸੇ ਚੋਆਂ ਤੇ ਪੁਲ ਨਹੀਂ ਬਣ ਜਾਂਦੇ ਇਹ ਸੜਕ ਸਰਬ ਮੌਸਮੀ ਸੜਕ ਬਣਾਉਣੀ ਔਖੀ ਹੈ ।

Original with;
Punjab Vidhan Sabha
Digitized by;
Panjab Digital Library

## ਪਿੰਡ ਸਾਲਾਬਤਪੁਰਾ ਤੋਂ ਪਿੰਡਾਂ ਅਲਕੋਰ ਅਤੇ ਤਲਵੰਡੀ ਮਾਭੂਕੀ ਤੱਕ ਲੋਕਲ ਬੱਸ ਸਰਵਿਸ

*3470. **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਦਾ ਪਿੰਡ ਸਾਲਾਬਤਪੁਰਾ ਜ਼ਿਲ੍ਹਾ ਬਠਿੰਡਾ ਤੋਂ ਪਿੰਡਾਂ ਅਲਕੋਰੇ ਅਤੇ ਤਲਵੰਡੀ ਮਾਭੂਕੀ, ਜ਼ਿਲ੍ਹਾ ਸੰਗਰੂਰ ਤੱਕ ਲੋਕਲ ਬੱਸ ਸਰਵਿਸ ਚਾਲੂ ਕਰਨ ਦਾ ਵਿਚਾਰ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਬੱਸ-ਸਰਵਿਸ ਕਿਸ ਸਮੇਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ;

(ਅ) ਕੀ ਜ਼ਿਲ੍ਹਾ ਸੰਗਰੂਰ ਵਿਚ ਤੱਪਾ ਮੰਡੀ ਤੋਂ ਅਲੀਕੇ ਅਤੇ ਭਦੌੜ ਤੱਕ ਵੀ ਬੱਸ ਸਰਵਿਸ ਚਾਲੂ ਕਰਨ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : (ੳ) ਨਹੀਂ ਜੀ

(ਅ) ਹਾਂ ਜੀ ।

---

## ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਵਰਕਰਾਂ ਵਲੋਂ ਭੁੱਖ-ਹੜਤਾਲ ।

*3544. **ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਨਵਰੀ 1976 ਦੇ ਪਹਿਲੇ ਹਫਤੇ ਦੇ ਦੌਰਾਨ ਕੁਝ ਮਸ਼ਹੂਰ ਬੱਸ ਅੱਡਿਆਂ ਤੇ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਵਰਕਰਾਂ ਨੇ ਭੁੱਖ ਹੜਤਾਲ ਕੀਤੀ, ਜੇ ਅਜਿਹਾ ਹੋਵੇ ਤਾ ਵਰਕਰਾਂ ਦੀਆਂ ਮੰਗਾਂ ਕੀ ਸਨ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : ਪੰਜਾਬ ਰੋਡਵੇਜ਼ ਦੇ ਕਿਸੇ ਵੀ ਕਰਮਚਾਰੀ ਨੇ ਜਨਵਰੀ, 1976 ਦੇ ਪਹਿਲੇ ਹਫਤੇ ਵਿੱਚ ਭੁੱਖ ਹੜਤਾਲ ਨਹੀਂ ਕੀਤੀ ।

2. ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਕੁਝ ਕਰਮਚਾਰੀਆਂ ਨੇ ਮਿਤੀ 6 ਜਨਵਰੀ, 1976 ਨੂੰ ਫਰੀਦਕੋਟ ਅਤੇ ਸੰਗਰੂਰ ਦੇ ਬੱਸ ਅੱਡਿਆਂ ਤੇ ਹੇਠ ਲਿਖੀਆਂ ਮੰਗਾਂ ਦੇ ਸਬੰਧ ਵਿੱਚ ਭੁੱਖ ਹੜਤਾਲ ਕੀਤੀ ਸੀ :—

(1) ਪਰਧਾਨ ਮੰਤਰੀ ਦਾ 20 ਸੂਤਰੀ ਕਾਰੀਕਰਮ ਲਾਗੂ ਕੀਤਾ ਜਾਵੇ ।

(2) ਮਹਿੰਗਾਈ ਭੱਤੇ ਦੀਆਂ 5 ਕਿਸ਼ਤਾਂ ਦਿੱਤੀਆਂ ਜਾਣ ।

(3) ਬੋਨਸ ਦੀ ਅਦਾਇਗੀ ਪੁਰਾਣੇ ਪੈਟਰਨ ਤੇ ਕੀਤੀ ਜਾਵੇ ।

(4) ਦਿਹਾੜੀ ਤੇ ਰੱਖੇ ਵਰਕਰਾਂ ਨੂੰ ਨਿਯਮਿਤ ਕੀਤਾ ਜਾਵੇ ।

3. ਸਰਕਾਰ ਦੀ ਨਿਰਧਾਰਤ ਨੀਤੀ ਅਨੁਸਾਰ ਇਨ੍ਹਾਂ ਮੰਗਾਂ ਤੇ ਕਾਰਵਾਈ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

## ACCOMPANYING OF PORTERS IN PUNJAB ROADWAYS BUSES ON LONG ROUTES

***3458 1. Comrade Saghar Singh**

**2. Comrade Satya Pal Dang**: Will the Minister of State for Transport and Civil Aviation be pleased to state :—

(a) whether there is a system of porters (coolies) accompanying certain buses of the Punjab Roadways on long routes, if so, the names of such routes;

(b) the nature of service they are expected to render to the passengers;

(c) whether any charges payable by passengers to these porters have been fixed by the Government;

(d) whether these porters are paid/given any remunerations and/or facilities by the Government, if so, the details thereof;

(e) whether these porters are required to pay any fee and/or tax to the Government, if so, the rate thereof;

(f) whether these rates were revised up wards in 1975, if so, the rates before the revision and reasons for such revision?

**ਸਰਦਾਰ ਦਿਲਬਾਗ ਸਿੰਘ ਡਾਲੇਕੇ**: (ੳ) ਜੀ ਹਾਂ, ਰੂਟਾਂ ਦੇ ਨਾਵਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਸਮਾਨ ਚੜ੍ਹਾਣਾ ਅਤੇ ਉਤਾਰਨਾ ।

(ੲ) ਜੀ ਹਾਂ, 25 ਪੈਸੇ ਹਰੇਕ 40 ਕਿਲੋ ਤੱਕ ਸਮਾਨ ਚੜ੍ਹਾਣ ਅਤੇ 25 ਪੈਸੇ ਹੀ ਸਮਾਨ ਉਤਾਰਨ ਦੇ ਲਏ ਜਾਂਦੇ ਹਨ ।

(ਸ) ਉਨ੍ਹਾਂ ਨੂੰ ਬੱਸਾਂ ਵਿਚ ਮੁਫਤ ਯਾਤਰਾ ਕਰਨ ਦੀ ਆਗਿਆ ਦਿੱਤੀ ਹੋਈ ਹੈ ।

(ਹ) ਜੀ ਹਾਂ, ਉਨ੍ਹਾਂ ਨੂੰ 5 ਰੁਪਏ ਮਹੀਨਾ ਲਾਇਸੈਂਸ ਫ਼ੀਸ ਦੇਣੀ ਪੈਂਦੀ ਹੈ ।

(ਕ) ਜੀ ਹਾਂ, 1-10-75 ਤੋਂ ਪਹਿਲਾਂ ਲਾਇਸੈਂਸ ਫੀਸ 4 ਰੁਪਏ ਪ੍ਰਤੀ ਮਹੀਨਾ ਸੀ। ਸਮਾਨ ਚੜ੍ਹਾਉਣ ਅਤੇ ਲਾਹੁਣ ਦੀ ਦਰ 15 ਪੈਸੇ ਤੋਂ 25 ਪੈਸੇ ਤੱਕ ਵਧਾਉਣ ਕਾਰਨ ਲਾਇਸੈਂਸ ਫੀਸ 10 ਰੁਪਏ ਪ੍ਰਤੀ ਮਹੀਨਾ ਕੀਤੀ ਗਈ ਪਰੰਤੂ ਬਾਅਦ ਵਿਚ ਇਸ ਦੀ ਦਰ ਪੋਰਟਰਾਂ ਦੀ ਪ੍ਰਤੀ ਬੇਨਤੀ ਪਰਾਪਤ ਹੋਣ ਤੇ ਘਟਾ ਕੇ 5 ਰੁਪਏ ਕਰ ਦਿੱਤੀ ਗਈ । ਸੋਧੀ ਹੋਈ ਦਰ 1-10-75 ਤੋਂ ਲਾਗੂ ਹੈ ।

Original with;
Punjab Vidhan Sabha
Digitized by;
Panjab Digital Library

[Minister of State for Transport]

List of routes where coolies are provided with the buses plying on long routes

| Sr. No. | Name of the route | Sr. No. | Name of the route |
|---|---|---|---|
| 1. | Amritsar—Jammu | 40. | Jullundur—Jammu |
| 2. | Amritsar—Delhi | 41. | Amritsar—Chandigrrh |
| 3. | Amritsar—Chandigarh | 42. | Chandigarh—Jammu |
| 4. | Amritsar—Ambala | 43. | Chandigarh—Ferozepur |
| 5. | Amritsar—Kurukshetra | 44. | Chandigarh—Amritsar |
| 6. | Amritsar—Ganga Nagar | 45. | Chandigarh—Muktsar |
| 7. | Amritsar—Talwara | 46. | Chandigarh—Pong Dam |
| 8. | Hoshiarpur—Amritsar | 47. | Chandigarh—Fazilka |
| 9. | Hoshiarpur—Ferozepur | 48. | Chandigarh—Ganganagar via Abohar |
| 10. | Hoshiarpur—Moga | 49. | Chandigarh—Gurdaspur |
| 11. | Hoshiarpur—Faridkot | 50. | Chandigarh—Faridkot |
| 12. | Hoshiarpur—Kalka | 51. | Chandigarh—Jullundur |
| 13. | Hoshiarpur—~~Yamnagar~~ Jamunanagar | 52. | Ludhiana—Delhi |
| 14. | Talwara—Delhi | 53. | Ludhiana—Abohar |
| 15. | Hoshiarpur—Chandigarh via Ropar | 54. | Ludhiana—Hoshiarpur |
| 16. | Hoshiarpur—Chandigarh via Ludhiana | 55. | Ludhiana—Pathankot |
| 17. | Hoshiarpur—Dharamsala | 56. | Ludhiana—Simla |
| 18. | Hoshiarpur—Baijnath | 57. | Ludhiana—Kulu |
| 19. | Hoshiarpur—Jahu | 58. | Ludhiana—Katra |
| 20. | Hoshiarpur—Hamirpur | 59. | Ludhiana—Tarn Taran |
| 21. | Hoshiarpur—Pathankot | 60. | Ludhiana—Surat Garh |
| 22. | Ludhiana—Chintpurni | 61. | Ludhiana—Amritsar |
| 23. | Hoshiarpur—Jawalaji | 62. | Amritsar—Ganganagar |
| 24. | Batala—Jammu | 63. | Moga—Chandigarh |
| 25. | Gurdaspur—Chandigarh | 64. | Hoshiarpur—Ganganagar |
| 26. | Batala—Chandigarh | 65. | Ferozepur—Jammu |
| 27. | Gurdaspur—Patiala | 66. | Amritsar—Ganganagar |
| 28. | Pathankot—Chandigarh | 67. | Amritsar—Hanumangarh |
| 29. | Pathankot—Kalka | 68. | Amritsar—Hissar |
| 30. | Pathankot—Delhi | 69. | Amritsar—Sirsa |
| 31. | Jammu—Delhi | 70. | Amritsar—Chadala |
| 32. | Jammu—Jullundur | 71. | Patti—Jammu |
| 33. | Jammu—Amritsar | 72. | Tarn Taran—Jammu |
| 34. | Jammu—Ludhiana | 73. | Patti—Delhi |
| 35. | Jullundur—Kalka | 74. | Tarn Taran—Patiala |
| 36. | Jullundur—Chandigarh | 75. | Tarn Taran—Chandigarh |
| 37. | Jullundur—Ganganager | 76. | Khalra—Chandigarh |
| 38. | Jullundur—Rohtak | 77. | Bhikhiwind—Chandigarh |
| 39. | Jullundur—Delhi | 78. | Tarn Taran—Nangal |

Original with;
Punjab Vidhan Sabha
Digitized by;
Panjab Digital Library

## SALARIES TO PARA-MEDICAL STAFF POSTED IN MANSA BLOCK OF BHATINDA DISTRICT

*3497. 1. **Comrade Satya Pal Dang**
2. **Comrade Saghar Singh** : Will the Minister of State for Health & Family Planning be pleased to state—

(a) the date on which salaries for November, 1975 of the Para Medical Staff posted in Mansa Block, District Bhatinda, were drawn;

(b) the date on which the salaries were actually disbursed to the said staff together with the reasons for the delay, if any, in disbursement ?

**ਸਰਦਾਰ ਬਲਬੀਰ ਸਿੰਘ** : (ੳ) ਮਾਨਸਾ ਬਲਾਕ, ਜਿਲ੍ਹਾ ਬਠਿੰਡਾ ਵਿਚ ਲਗੇ ਹੋਏ ਪੈਰਾ ਮੈਡੀਕਲ ਅਮਲੇ ਦੀ ਨਵੰਬਰ, 1975 ਦੇ ਮਹੀਨੇ ਦੀ ਤਨਖਾਹ 1 ਅਤੇ 2 ਦਸੰਬਰ, 1975 ਨੂੰ ਕਢਵਾਈ ਗਈ ਸੀ ।

(ਅ) ਉਕਤ ਅਮਲੇ ਦੀ ਤਨਖਾਹ ਮਿਤੀ 11 ਦਸੰਬਰ, 1975 ਅਤੇ ਇਸ ਉਪਰੰਤ ਵੰਡੀ ਗਈ ਸੀ । ਪ੍ਰਾਇਮਰੀ ਹੈਲਥ ਸੈਂਟਰ, ਮਾਨਸਾ ਦਾ ਕਰਮਚਾਰੀ ਜਿਹੜਾ ਕਿ ਮਿਤੀ 4 ਦਸੰਬਰ, 1975 ਨੂੰ ਸਿਵਲ ਸਰਜਨ, ਬਠਿੰਡਾ ਦੇ ਦਫਤਰ ਵਿਚ ਮਾਹਵਾਰੀ ਮੀਟਿੰਗ ਵਿਚ ਭਾਗ ਲੈਣ ਲਈ, ਅਤੇ ਪੈਰਾ ਮੈਡੀਕਲ ਸਟਾਫ, ਮਾਨਸਾ, ਬਲਾਕ ਦੀ ਤਨਖਾਹ ਲੈਣ ਲਈ ਆਇਆ, ਉਹ ਆਪਣੇ ਨਾਲ ਪ੍ਰਚਲਤ ਪਰੈਕਟਿਸ ਅਨੁਸਾਰ, ਪ੍ਰਾਇਮਰੀ ਹੈਲਥ ਸੈਂਟਰ ਦੇ ਇਨਚਾਰਜ ਤੋਂ "ਅਥਾਰਟੀ ਲੈਟਰ" ਨਾ ਲਿਆਇਆ । ਕਰਮਚਾਰੀ ਨੂੰ ਇਸ ਅਣਗਹਿਲੀ ਕਾਰਨ ਤਾੜਨਾ ਕੀਤੀ ਗਈ, ਤਦ ਤਨਖਾਹ ਮਿਤੀ 9 ਦਸੰਬਰ, 1975 ਨੂੰ ਬੈਂਕ ਡਰਾਫਟ ਦੁਆਰਾ ਭੇਜੀ ਗਈ । (ਮਿਤੀ 6, 7 ਅਤੇ 8 ਦਸਬਰ, 1975 ਨੂੰ ਗਜ਼ਟਿਡ ਛੁੱਟੀਆਂ ਸਨ ।)

---

## MEDICINES FOR AYURVEDIC DISPENSARY VILLAGE MULLANPUR GARIBDASS IN KHARAR SUB-DIVISION

*3593. **Comrade Shamsher Singh Josh** : Will the Minister of State for Health and Family Planning be pleased to state—

(a) the amount sanctioned for the year 1975-76 for medicines for Ayurvedic Dispensary at Village Mullanpur Garibdas in Kharar Sub-Division, Ropar District.

(b) the estimated expenditure on the Establishment/staff of the said dispensary for the said year ?

**ਸਰਦਾਰ ਬਲਬੀਰ ਸਿੰਘ** : (ੳ) 1200-50 ਰੁਪਏ ।

(ਅ) ਲਗਭਗ 18,870 ਰੁਪਏ ।

Original with;
Punjab Vidhan Sabha
Digitized by;
Panjab Digital Library

## NON-AVAILABILITY OF DRINKING WATER IN SOME VILLAGES OF MUKERIAN ASSEMBLY CONSTITUENCY

*3634. **Comrade Raj Kumar** : Will the Minister of State for Health and Family Planning be pleased to state—

(a) whether the Government is aware of the fact that about 12 villages Ram Nangal, Dehar, Bhera, Sri Pandain, etc. (Oustees from Pong Dam) in Mukerian Assembly Constituency are facing considerable difficulty due to non-availability of drinking water;

(b) if the reply to part (a) above be in the affirmative, whether the Government has any proposal under consideration to supply water to these villages; if so, the approximate time by which it is likely to be implemented ?

**ਸਰਦਾਰ ਬਲਬੀਰ ਸਿੰਘ** : (ੲੇ) ਹਾਂ ਜੀ।

(ਬੀ) 1. ਹਾਂ ਜੀ।

2. ਤਕਰੀਬਨ ਇਕ ਸਾਲ।

---

## QUESTIONS OF PRIVILEGE

**Mr. Speaker** : On the 4th February, 1976, I informed the House that I had received notice of a Privilege Motion from Comrade Satya Pal Dang, M.L.A. wherein he had alleged that the Minister concerned had given wrong reply to Unstarred Question No. 1001 regarding Cycle Rickshaw Bye-laws enforced by the Municipal Committees in the State included in the list of Unstarred Questions for the 21st January, 1976. I had also at that time stated that I was asking the Minister concerned to clarify the position and that on receipt of his clarification I would give my ruling.

I have now received a detailed reply from the Minister concerned wherein he has clarified the position. In his reply, he has stated inter alia that reply to Unstarred Question No. 1001 was forwarded to the Punjab Vidhan Sabha Secreteriat on 20th January, 1976 and since a copy of the published gazette notification enhancing the rate of cycle rickshaw fee had not been received by the department by that time, it was not possible to state categorically that the enhanced rates had come into force. In fact, according to him, the published Gazette Notification of enhanced rates reached the Local Government Department on 4th February, 1976, i.e., after that reply had already been given. He has added that to give a reply that the rates of enhanced fees had come into force without the receipt of a copy of the notification would have been presumptive. He has further stated in his letter that he is getting these rates revised in favour of rickshaw pullers in a few days.

After taking into consideration all these facts, I have come to the conclusion that the late receipt of the published Gazette Notification by the Local Government Department from the

Original with;
Punjab Vidhan Sabha
Digitized by;
Panjab Digital Library

Government Press has created a situation in which the Minister could not furnish the latest correct position in his reply. I am, therefore, of the view that there was no deliberate and wilful intention on his part to supply wrong information with a view to mislead the House. At the same time, I appreciate the alertness of Comrade Dang.

In view of what is stated above, I do not give my consent to the question of privilege being raised. Of course, the official record will be got corrected in accordance with the prescribed procedure.

**Mr. Speaker** : I have received notice of a Privilege Motion from Comrade Satya Pal Dang, M.L.A., wherein he has alleged that the Minister for Finance has given a wrong reply to Unstarred Question No. 1103 regarding retrenchment of employees by the daily newspapers in the State after the declaration of emergency, included in the list of Unstarred Questions or 9th February, 1976.

As per past practice, I am asking the Minister concerned to clarify the position. On receipt of his clarification, I will give my ruling.

**ਕਾਮਰੇਡ ਜੰਗੀਰ ਸਿੰਘ ਜੋਗਾ** : ** **

**Mr. Speaker** : Whatever the hon. Member has said without the permission of the Chair, should not form part of the proceedings.

## CALL ATTENTION NOTICE UNDER RULE 66

(Serial No. 101)

**Comrade Shamsher Singh Josh** : Sir, I beg to draw the attention of the Government towards a matter of the urgent public importance, namely, recent cracking of walls of a number of Houses built in Sahibzada Ajit Singh Nagar for economically weaker section of people by the Punjab Housing Board. These triple storey Houses numbering 304 were allotted during February/March, 1975. The development of major defect is due to bad workmanship and substandard material. The allottees have brought all this to the notice of the Chief Minister, Housing Minister and Housing Commissioner but no action has been taken so far. The allottees have also demanded analysis of the material used in construction of these houses, i.e., proportion of cement, iron and quality of wood and other furnishing material. As the lives of the occupants are in danger and as it involves many hundred families, the State Government may be asked to make a statement.

**Mr. Speaker**: Admitted. The hon. Minister concerned may please make a statement.

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਸਪੀਕਰ ਸਾਹਿਬ, ਮੇਰੀ ਵੀ ਕਾਲ ਅਟੈਨਸ਼ਨ ਮੋਸ਼ਨ ਸੀ (ਵਿਘਨ)

**ਸ੍ਰੀ ਸਪੀਕਰ** : ਸਾਰੀਆਂ ਐਡਮਿਟ ਨਹੀਂ ਹੋ ਸਕਦੀਆਂ। ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

## FOURTH REPORT OF THE BUSSINESS ADVISORY COMMITTEE

**Mr. Speaker** : I have to present to the House Fourth Report of the Business Advisory Committee. The Report reads as under :—

After some discussion, it was decided that the following business be transacted at the sitting of the Vidhan Sabha, to be held on Wednesday, the 11th February, 1976. : -

**I. Motion Under Rule 16.**

Motion under rule 16 regarding adjournment of the Assembly at its rising after completing the business entered in the Order Paper for the 11th February, 1976.

**II. Legislative Business.**

(i) The Punjab legislative Assembly (Allowances of Members) Amendment Bill, 1976.

—10 minutes.

(ii) The East Punjab Minister's Salaries (Amendment) Bill, 1976.

—10 minutes.

(iii) The Salaries and Allowances of Deputy Ministers, Punjab (Amendment) Bill, 1976.

—10 minutes.

(iv) The Punjab Legislative Assembly Speaker's and Deputy Speaker's salaries (Amendment) Bill, 1976.

(v) The Punjab Land Reforms (Amendment) Bill, 1976.

—20 minutes.

(vi) The Punjab General Sales Tax (Amendment and Validation) Bill, 1976.

—15 minutes.

(vii) The Punjab New Capital (periphery) Control (Amendment) Bill, 1976.

—20 minutes.

(viii) The Punjab Village Common Lands (Regulation) (Amendment) Bill, 1976.

—30 minutes.

(ix) The Punjab Panchayat Samitis and Zila Parishads (Amendment) Bill, 1976.

—15 minutes.

(x) The Punjab Gram Panchayat (Amendment) Bill, 1976.

—1 hour.

(xi) A Bill to amend the Punjabi University Act, 1961.

—10 minutes.

(xii) A Bill to amend the Guru Nanak Dev University, Amritsar Act, 1969.

—10 minutes

Original with;
Punjab Vidhan Sabha
Digitized by;
Panjab Digital Library

(iii) Resolution regarding waving of restrictions to wear crash helmets by the Sikhs while driving motor cycles/scooters.

(iv) Motion for the adoption of the 4th Report of the Rules Committee laid on the Table on the 10th February, 1976.

(Not exceeding 30 minutes)

(v) Discussion of the annual Administration Report of the Punjab State Electricity Board, for the year 1972-73.

If necessary the time of the sitting will be extended, for the completion of the business.

The House will adjourn for Lunch at 1.25 P. M. and re-assemble at 2.30 P. M.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that the rule/those rules will stand suspended to that exten

**Mr Speaker**: Notice of another Bill namely Bhudan Yagna has also been received. I have taken approval of the Members of the Business Advisory Committee. This will also be taken up to-day.

**Minister For Revenue and Elections** (Sardar Umrao Singh) : Sir, I beg to move—

That this House agrees with the recommendations contained in the Fourth Report of the Business Advisory Committee.

**Mr. Speaker** : Motion moved—

That this House agrees with the recommendations contained. in the Fourth Report of the Business Advisory Committee

**Mr. Speaker** : Question is—

That this House agrees with the recommendations contained in the Fourth Report of the Business Advisory Committee

*The Motion was carried.*

## MOTION UNDER RULE 16

**Revenue and Elections Minister** (Sardar Umrao Singh) : Sir, I beg to move—

that the Assembly at its rising after completing the business entered in the Order Paper for the 11th February, 1976, shall stand adjourned *sine die*.

**Mr. Speaker** : Motion moved—

That the Assembly at its rising after completing the Business entered in the Order Paper for the 11th February, 1976, shall stand adjourned *sine die*.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਦੋ ਤਿੰਨ ਔਬਜ਼ਰਵੇਸ਼ਨਜ਼ ਕਰਨਾ ਚਾਹੁੰਦਾ ਹਾਂ ਕਿਉਂਕਿ ਹਾਊਸ ਅੱਜ 11 ਤਾਰੀਖ ਨੂੰ ਸਾਈਨੇ ਡਾਈ ਐਡਜਰਨ ਕਰ ਦਿਤਾ ਜਾਵੇਗਾ । ਪਹਿਲੀ ਬੇਨਤੀ ਮੈਂ ਇਹ ਕਰਨਾ ਚਾਹੁੰਦਾ ਹਾਂ ਕਿ ਹਾਊਸ ਕਿੰਨਾ ਚਲੇ ਕਿੰਨਾਂ ਨਾ ਚਲੇ ਉਸ ਦੇ ਵਿਚ ਇੰਮਪਾਰਟੈਂਟ ਕੰਨਸਿਡਰੇਸ਼ਨ ਹੋਣੀ ਚਾਹੀਦੀ ਹੈ ਤਾਂ ਜੋ ਜਿਹੜੀ ਲੈਜਿਸਲੇਸ਼ਨ ਹੈ ਉਸ ਦੇ ਵਿਚ ਮੈਂਬਾਜ਼ ਵੱਧ ਤੋਂ ਵੱਧ ਕੰਟਰੀਬਿਊਸ਼ਨ ਕਰ ਸਕਣ । ਤੁਸੀਂ ਇਹ ਬਿਲ ਪਾਸ ਕਰਵਾ ਕੇ ਹਾਊਸ ਐਡਜਰਨ ਕਰ ਦੇਣਾ ਹੈ ਮੈਨੂੰ ਇਹ ਬਿਲ 7.00 ਵਜੇ ਮਿਲੇ ਹਨ ਔਰ ਇਨ੍ਹਾਂ ਵਿਚ ਕੁਝ ਅਮੈਂਡਿੰਗ ਬਿਲਜ਼ ਹਨ । ਕਈ ਮੈਂਬਰਾਂ ਨੂੰ ਹੁਣ ਮਿਲੇ ਹਨ ਔਰ ਪੰਜਾਬੀ ਦੇ ਵਿਚ ਇਹ ਮਿਲੇ ਹੀ ਨਹੀਂ । ਮੈਂ ਸਮਝਦਾ ਹਾਂ ਕਿ ਇਹ ਮੈਂਬਰਾਂ ਦੇ ਨਾਲ ਜਸਟਿਸ ਨਹੀਂ ਹੈ ਔਰ ਲੈਜਿਲੇਸ਼ਨ ਦੇ ਨਾਲ ਵੀ ਜਸਟਿਸ ਨਹੀਂ ਹੈ । ਜਿਹੜੀ ਕੈਪੀਟਲ ਪੈਰੀਫੈਰੀ ਅਮੈਂਡਿੰਗ ਬਿਲ ਹੈ ਇਹ ਸਵੇਰੇ 7.00 ਵਜੇ ਮਿਲਿਆ ਹੈ ਔਰ ਪੰਜਾਬੀ ਵਿਚ ਮਿਲਿਆ ਹੀ ਨਹੀਂ । ਪ੍ਰਿੰਸੀਪਲ ਐਕਟ ਕਦੋਂ ਪੜ੍ਹਾਂਗੇ, ਅਮੈਂਡਿੰਗ ਬਿਲ ਦਾ ਮਤਲਬ ਕੀ ਹੈ ਇਹ ਕਦੋਂ ਸਮਝਾਂਗੇ । ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਪਾਰਲੀਮੈਂਟਰੀ ਅਦਾਰੇ ਦਾ ਜੋ ਮਕਸਦ ਹੈ, ਜਿਸ ਢੰਗ ਨਾਲ ਅਸੀਂ ਚਲਾਉਣਾ ਚਾਹੁੰਦੇ ਹਾਂ, ਸਟਰੈਂਗਥਨ ਕਰਨਾ ਚਾਹੁੰਦੇ ਹਾਂ ਉਹ ਬਿਲਕਲ ਉਲਟ ਹੋ ਜਾਂਦਾ ਹੈ । (ਵਿਘਨ)

**ਸ੍ਰੀ ਸਪੀਕਰ** : ਬਿਲ ਤਾਂ ਸਾਰੇ ਰਾਤ ਨੂੰ ਮੈਂਬਰਾਂ ਨੂੰ ਪਹੁੰਚ ਗਏ, ਤੁਸੀ ਸੌਂ ਗਏ ਹੋਵੋਗੇ।

**ਕਾਮਰੇਡ ਸੱਤ ਪਾਲ ਡਾਂਗ** : ਮੈਂ ਪਰੂਵ ਕਰਨ ਨੂੰ ਤਿਆਰ ਹਾਂ ਕਿ ਮੈਂ ਰਾਤ ਨੂੰ 12.00 ਵਜੇ ਸੁੱਤਾ ਹਾਂ । ਸਵੇਰੇ 7.00 ਵਜੇ ਅਸੈਂਬਲੀ ਦਾ ਬੰਦਾ ਆਇਆ ਤੇ ਸਵੇਰੇ ਬਿਲ ਰਸੀਵ ਹੋਇਆ ਹੈ । (ਵਿਘਨ) ਅੱਧੇ ਮੈਂਬਰ ਬੈਠੇ ਹਨ ਜਿਨ੍ਹਾਂ ਨੂੰ ਹੁਣ ਬਿਲ ਮਿਲੇ ਹਨ ਪੰਜਾਬੀ ਵਿਚ ਮਿਲੇ ਹੀ ਨਹੀਂ । ਅਮੈਂਡਿੰਗ ਬਿਲ ਦਾ ਪ੍ਰਿੰਸੀਪਲ ਐਕਟ ਕਦੋਂ ਪੜ੍ਹਾਂਗੇ ਤੇ ਪੜ੍ਹ ਕੇ ਮਤਲਬ ਕਦੋਂ ਸਮਝਾਂਗੇ । ਇਹ ਲੈਜਿਸਲੇਸ਼ਨ ਦੇ ਨਾਲ ਇਨਸਾਫ ਨਹੀਂ ਹੈ । (ਵਿਘਨ)

ਦੂਸਰੀ ਮੇਰੀ ਬੇਨਤੀ ਹੈ ਕਿ ਬੜੇ ਇੰਮਪਾਰਟੈਂਟ ਬਿਲ ਹਾਊਸ ਵਿਚ ਆਉਣੇ ਸੀ । ਕਰਾਏ ਦੇ ਕਾਨੂੰਨ ਬਾਰੇ ਮਨਿਸਟਰ ਸਾਹਿਬ ਨੇ ਐਕਸਪਲੇਨ ਕਰ ਦਿਤਾ ਕਿ ਸਬ-ਕਮੇਟੀ ਆਪਣਾ ਕੰਮ ਖਤਮ ਨਹੀਂ ਕਰ ਸਕੀ । ਕਿਰਾਏਦਾਰਾਂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਕੱਢਿਆ ਜਾ ਰਿਹਾ ਹੈ । ਫਿਰ ਦਹੇਜ਼ ਦੇ ਖਿਲਾਫ ਬਿਲ ਆਉਣਾ ਸੀ ਉਹ ਵੀ ਨਹੀਂ ਲਿਆ ਰਹੇ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਜੇ ਦੇਸ਼ ਦੇ ਵਿਚ ਫਾਸਿਸਟ ਔਰ ਸਾਮਰਾਜੀ ਪੱਖੀ ਤਾਕਤਾਂ ਦਾ ਮੁਕਾਬਲਾ ਕਰਨਾ ਹੈ ਤਾਂ ਇਹ ਜਿਹੜੀ ਪਾਰਲੀਮੈਂਟਰੀ ਪ੍ਰਥਾ ਹੈ ਇਸ ਨੂੰ ਸਟਰੈਂਗਥਨ ਕਰਨ ਦੀ ਲੋੜ ਹੈ । ਇਹ ਜਿਹੜਾ ਪ੍ਰੋਸੀਜਰ ਅਡਾਪਟ ਕੀਤਾ ਜਾ ਰਿਹਾ ਹੈ ਇਹ ਦਰੁਸਤ ਨਹੀਂ ਹੈ । ਮੈਂ ਘੱਟੋ ਘੱਟ ਇਹ ਬੇਨਤੀ ਕਰਾਂਗਾ ਕਿ ਅਗੋਂ ਐਸਾ ਨਹੀਂ ਹੋਣਾ ਚਾਹੀਦਾ ਔਰ ਜਿਹੜੇ ਇੰਪਾਰਟੈਂਟ ਬਿਲ ਹੁਣ ਹਾਊਸ ਵਿਚ ਇਹ ਨਹੀਂ ਲਿਆ ਸਕੇ ਉਸ ਦੇ ਲਈ ਹਾਊਸ ਪ੍ਰੋਰੋਗ ਨਾ ਕੀਤਾ ਜਾਵੇ ਅਤੇ ਛੇਤੀ ਹੀ ਹਾਊਸ ਮੁੜ ਕੇ ਸੱਦ ਕੇ ਦਹੇਜ਼ ਦੀ ਪਾਬੰਦੀ ਦੇ ਬਾਰੇ ਬਿਲ, ਕਿਰਾਏ ਦੇ ਕਾਨੂੰਨ ਬਾਰੇ ਵਗੈਰਾ ਵਗੈਰਾ ਇਮਪਾਰਟੈਂਟ ਬਿਲ ਹਾਊਸ ਨੂੰ ਪ੍ਰੋਰੋਗ ਕੀਤੇ ਬਿਨਾ ਛੇਤੀ ਮੁੜ ਕੇ ਸੈਸ਼ਨ ਸੱਦ ਕੇ ਉਹ ਬਿਲ ਹਾਊਸ ਵਿਚ ਲਿਆਂਦੇ ਜਾਣ । ਇਤਨਾ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

Original with;
Punjab Vidhan Sabha
Digitized by;
Panjab Digital Library

**आचार्य पृथ्वी सिंह आज़ाद** (खन्ना एस. सी.) : स्पीकर साहिब, मैं तो एक ही अर्ज़ करना चाहता हूं कि दहेज के विरूद्ध चीफ़ मिनिस्टर साहिब ने विश्वास दिला रखा है, यह ज़रूरी था और अगर चीफ़ मिनिस्टर साहिब इस के बारे में विश्वास दिला दें कि जल्दी से जल्दी हाऊस को बुला कर इस बिल को लाया जाएगा तो फिर हमें कोई शिकायत नहीं है क्योंकि उस बिल के साथ लोगों के अन्दर नई भावनाएं पैदा होती हैं। बाकी हर बिल पर डिसकशन के लिए 10-15 मिन्ट का फैसला कर लिया है। इतने में बिल पर डिसकशन तो नहीं कर सकते लेकिन ज़ाबता में रह कर कार्रवाई करनी है। इस लिए आगे के लिए मैं दर्खास्त करता हूं कि जो बिल लाया जाए उस के लिए पूरा पूरा समय मिलना चाहिए।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਸਪੀਕਰ ਸਾਹਿਬ, ਜਿਹੜੀ ਸਾਈ ਨੇ ਡਾਈ ਦੀ ਮੋਸ਼ਨ ਆਈ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਲ ਤਾਂ ਸਾਰੇ ਮੈਂਬਰਾਂ ਨੂੰ ਕੱਲ ਹੀ ਮਿਲ ਗਏ ਸੀ . . . .

**Commrade Satya Pal Dang** : It is absolutely wrong statement.

**ਸ੍ਰੀ ਸਪੀਕਰ** : ਮੈਂ ਇਨਕੁਆਇਰੀ ਕਰਾਂਗਾ, ਹੋ ਸਕਦਾ ਹੈ ਕਿਸੇ ਨੂੰ ਸਵੇਰੇ ਮਿਲੇ ਹੋਣ। I will enquire into the matter.

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਇੰਨਾ ਟੱਚੀ ਹੋਣ ਦਾ ਕੋਈ ਫਾਇਦਾ ਨਹੀਂ ਹੈ। ਬਿਲ ਤਾਂ ਕੋਈ ਅਜਿਹਾ ਨਹੀਂ ਹੈ ਜਿਹੜਾ ਰਿਐਕਸ਼ਨਰੀ ਬਿਲ ਹੋਵੇ ਔਰ ਇਹ ਪ੍ਰੋਗਰੈਸਿਵ ਸਾਈਡ ਦੇ ਬਿਲ ਹਨ। ਬਿਲ ਬੜੇ ਛੋਟੇ ਛੋਟੇ ਹਨ ਔਰ ਇਹ ਬਹੁਤ ਲੰਮੇ ਬਿਲ ਨਹੀਂ ਹਨ। ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਅਪੋਜ਼ ਕਰਨ ਦੀ ਵੀ ਲੋੜ ਨਹੀਂ ਪੈਣੀ। ਇਸ ਕਰਕੇ ਜੇ ਕੋਈ ਬਹਾਨਾ ਲਾਉਣਾ ਹੈ ਹਾਊਸ ਐਕਸਟੈਂਡ ਕਰਾਉਣ ਦਾ ਤਾਂ ਬੇਸ਼ਕ ਲੋੜ ਪਵੇ ਤਾਂ ਹਾਊਸ ਘੰਟੇ ਵਾਸਤੇ ਹੋਰ ਐਕਸਟੈਂਡ ਕਰ ਦੇਣ ਤਾਂ ਕਿ ਇਹ ਆਪਣੇ ਖੁਲ੍ਹੇ ਵਿਚਾਰ ਰਖ ਸਕਣ। ਪਰ ਇਸ ਮੋਸ਼ਨ ਨੂੰ ਪਾਸ ਕਰਨਾ ਚਾਹੀਦਾ ਹੈ।

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ।

**ਸ੍ਰੀ ਸਪੀਕਰ** : ਇਨਫਰਮੇਸ਼ਨ ਮਨਿਸਟਰ ਸਾਹਿਬ ਤੋਂ ਲਵੋਗੇ ਜਾਂ ਚੌਧਰੀ ਦਰਸ਼ਨ ਸਿੰਘ ਜੀ ਤੋਂ ਲਵੋਗੇ। (ਹਾਸਾ)

**ਕਾਮਰੇਡ ਸੱਤ ਪਾਲ ਡਾਂਗ** : ਇਨ੍ਹਾਂ ਦੇ ਲਾਅ ਮਨਿਸਟਰ ਚੌਧਰੀ ਦਰਸ਼ਨ ਸਿੰਘ ਜੀ ਹਨ। (ਹਾਸਾ)

**ਚੌਧਰੀ ਦਰਸ਼ਨ ਸਿੰਘ** : ਮੈਨੂੰ ਉਮੀਦ ਹੈ ਕਿ ਇਸ ਗੱਲ ਨੂੰ ਚੀਫ ਮਨਿਸਟਰ ਸਾਹਿਬ ਨੇ ਮਨਜ਼ੂਰ ਕਰ ਲੈਣਾ ਹੈ।

**ਮੁੱਖ ਮੰਤਰੀ** (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਹਾਊਸ ਦੇ ਬਿਜ਼ਨੈਸ ਵਿਚ ਕੰਮ ਦੀ ਗਿਣਤੀ ਤਾਂ ਬੜੀ ਲੰਮੀ ਹੈ ਪਰ ਇਹ ਬਹੁਤ ਛੋਟੇ ਛੋਟੇ ਕੰਮ ਹਨ ਔਰ ਉਸ ਤੇ ਜ਼ਿਆਦਾ ਸਮਾਂ ਲਿਆ ਨਹੀਂ ਜਾ ਸਕੇਗਾ। ਫਿਰ ਵੀ ਮੈਂ ਰਿਕੁਐਸਟ ਕਰਾਂਗਾ ਮਾਨਯੋਗ

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ]
ਮੈਂਬਰਜ਼ ਨੂੰ ਇਸ ਗੱਲ ਦੀ ਸ਼ਿਕਾਇਤ ਨਾ ਰਹੇ ਜਿਤਨਾ ਚਿਰ ਉਹ ਬੋਲਣਾ ਚਾਹੁੰਦੇ ਹਨ, ਬੋਲ ਲੈਣ। ਹਾਊਸ ਰਾਤ ਦੇ 10.00 ਵਜੇ ਤੱਕ ਬੇਸ਼ਕ ਚਲਦਾ ਰਹੇ, ਤੁਸੀਂ ਉਨ੍ਹਾਂ ਨੂੰ ਖੁਲ੍ਹਾ ਟਾਇਮ ਦਿਉ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਕੁਝ ਬਿੱਲਾਂ ਦਾ ਡਾਂਗ ਸਾਹਿਬ ਨੇ ਜ਼ਿਕਰ ਕੀਤਾ ਹੈ। ਉਨ੍ਹਾਂ ਵਿਚੋਂ ਜਿਥੋਂ ਤਕ ਡਾਉਰੀ ਦੇ ਬਿੱਲ ਦਾ ਤੁਅੱਲਕ ਹੈ ਉਸ ਦੇ ਲਈ ਕੈਬਨਿਟ ਨੇ ਫੈਸਲਾ ਕਰ ਲਿਆ ਹੈ ਔਰ ਪਾਸ ਕਰ ਦਿਤਾ ਹੈ ਤੇ ਸੈਂਟਰ ਗੌਰਮੈਂਟ ਨੂੰ ਪ੍ਰਾਇਰ ਐਪਰੂਵਲ ਵਾਸਤੇ ਭੇਜਿਆ ਹੈ। ਮੈਂ ਇਨ੍ਹਾਂ ਦੀ ਫੀਲਿਗਜ਼ ਸ਼ੇਅਰ ਕਰਦਾ ਹਾਂ ਔਰ ਮੈਂ ਇਹ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਜੋ ਮੈਂਬਰਜ਼ ਦੀ ਐਂਗਜ਼ਾਇਟੀ ਹੈ ਕਿ ਡਾਉਰੀ ਦੇ ਬਾਰੇ ਬਿੱਲ ਲਿਆਂਦਾ ਜਾਵੇ, ਇਸ ਦੇ ਮੁਤੱਅਲਕ ਅਸੀਂ ਛੇਤੀ ਤੋਂ ਛੇਤੀ ਲੈਜਿਸਲੇਸ਼ਨ ਲੈ ਆਵਾਂਗੇ।

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਕਿਹਾ ਹੈ ਕਿ ਸਾਰੇ ਬਿੱਲ ਪ੍ਰੋਗਰੈਸਿਵ ਆ ਰਹੇ ਹਨ; ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਛੋਟੇ ਮੁਲਾਜ਼ਮਾਂ ਨੂੰ ਮਹਿੰਗਾਈ ਦੀਆਂ ਕਿਸ਼ਤਾਂ ਪੂਰੀਆਂ ਨਾ ਦੇਣਾ, ਯੂਨੀਵਰਸਟੀ ਦੇ ਪ੍ਰੋਫੈਸਰਾਂ ਦੀ ਗੱਲ ਨਾ ਮੰਨਣਾ....(ਵਿਘਨ) ਮੈਂਬਰਾਂ ਨੂੰ 225 ਰੁਪਏ ਦੇ ਦੇਣਾ, ਇਹ ਪ੍ਰੋਗਰੈਸਿਵ ਕੰਮ ਹੈ ਜਾਂ ਰਿਐਕਸ਼ਨਰੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜਿਹੜੀ ਗੱਲ ਕਰਨੀ ਸੀ ਉਹ ਕਰ ਲਈ ਹੈ। ਇਨ੍ਹਾਂ ਨੇ ਇਹ ਦੱਸਣਾ ਸੀ ਕਿ ਅਸੀਂ ਤੁਹਾਡੀ ਆਵਾਜ਼ ਉਠਾਈ ਹੈ। ਲੇਕਿਨ ਤੁਹਾਨੂੰ ਪਤਾ ਹੈ ਕਿ "ਖੂਬਾਂ ਸੇ ਛੇੜਖਾਨੀ ਚਲਤੀ ਰਹਿਤੀ ਹੈ"। (ਵਿਘਨ) ਇਹ ਉਹ ਚੀਜ਼ਾਂ ਸਾਹਮਣੇ ਲੈ ਆਉਂਦੇ ਹਨ ਜਿਹੜੀਆਂ ਵਿਚਾਰ ਅਧੀਨ ਹੁੰਦੀਆਂ ਹਨ। ਇਹ ਵਿਚਾਰ ਅਧੀਨ ਹਨ ਅਤੇ ਉਨ੍ਹਾਂ ਤੇ ਐਕਟਿਵ ਵਿਚਾਰ ਕਰ ਰਹੇ ਹਾਂ। ਸਾਰੀਆਂ ਪ੍ਰੋਗਰੈਸਿਵ ਸਕੀਮਾਂ ਹਨ ਲੇਕਿਨ ਇਸ ਗੱਲ ਦੇ ਲਈ ਮੈਂ ਮੌਕਾ ਪਾ ਕੇ ਸੀ. ਪੀ. ਆਈ. ਗਰੁਪ ਨੂੰ ਇਹ ਕਹਿਣਾ ਚਾਹਵਾਂਗਾ ਕਿ ਕੰਸਟਰੱਕਟਿਵ ਕ੍ਰਿਟਿਸਿਜ਼ਮ ਦਾ ਮਤਲਬ ਇਹ ਹੈ ਕਿ ਜਿਨ੍ਹਾਂ ਲੋਕਾਂ ਵਾਸਤੇ ਆਵਾਜ਼ ਉਠਾਈ ਜਾਵੇ ਉਨ੍ਹਾਂ ਲੋਕਾਂ ਦੀਆਂ ਡਿਊਟੀਆਂ ਕੀ ਹਨ, ਉਹ ਵੀ ਉਨ੍ਹਾਂ ਨੂੰ ਦੱਸੀਆਂ ਜਾਣ। (ਵਿਘਨ) (ਇਕ ਆਵਾਜ਼ : ਉਹ ਵੀ ਦੱਸਦੇ ਹਾਂ) ਕੋਈ ਤਬਕਾ ਫਰਿਸ਼ਤਾ ਨਹੀਂ ਜਿਸ ਦੇ ਵਿਚ ਕੋਈ ਕਮੀ ਨਹੀਂ ਔਰ ਕੋਈ ਐਸਾ ਤਬਕਾ ਨਹੀਂ ਜਿਸ ਦੀ ਕੋਈ ਲੋੜ ਨਹੀਂ। ਸਰਕਾਰ ਦਾ ਕੰਮ ਹੈ ਲੋੜਾਂ ਪੂਰੀਆਂ ਕਰਨੀਆਂ ਅਤੇ ਉਨ੍ਹਾਂ ਦਾ ਕੰਮ ਹੈ ਡਿਊਟੀਆਂ ਪੂਰੀਆਂ ਕਰਨਾ। ਸੋ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਵੀ ਦਸਿਆ ਕਰੋ। ਇਸ ਮਾਹੌਲ ਵਿਚ ਨਹੀਂ ਜਾਣਾ ਚਾਹੀਦਾ। ਕਈ ਵਾਰੀ ਆਦਮੀ ਦਾ ਬੈਂਕ ਬੈਲੈਂਸ ਨਹੀਂ ਹੁੰਦਾ ਤੇ ਉਹ ਸਾਰੀ ਦੀ ਸਾਰੀ ਚੈਕ ਬੁਕ ਸਾਹਮਣੇ ਰਖ ਦਿੰਦਾ ਹੈ ਕਿ ਜੋ ਮਰਜ਼ੀ ਇਸ ਦੇ ਵਿਚ ਅਮਾਊਂਟ ਭਰ ਲਉ। ਡਾਂਗ ਸਾਹਿਬ ਕੋਲ ਬੈਂਕ ਬੈਲੈਂਸ ਨਾ ਹੋਣ ਕਰਕੇ ਸਾਰਾ ਕੁਝ ਸਾਹਮਣੇ ਰੱਖ ਦਿਤਾ ਹੈ ਕਿ ਇਹ ਵੀ ਕਰ ਦਿਉ, ਉਹ ਵੀ ਕਰ ਦਿਉ ਲੇਕਿਨ ਉਨ੍ਹਾਂ ਨੂੰ ਇਹ ਨਹੀਂ ਦੱਸਦੇ ਕਿ ਉਨ੍ਹਾਂ ਦੀਆਂ ਡਿਊਟੀਆਂ ਕੀ ਹਨ। ਉਨ੍ਹਾਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਵੀ ਦੱਸਿਆ ਕਰੋ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਕਾਂਗਰਸ ਦੀ ਕਿਰਪਾ ਨਾਲ ਉਨ੍ਹਾਂ ਕੋਲ ਤਾਕਤ ਦਾ ਬੈਂਕ ਬੈਲੈਂਸ ਹੈ। (ਵਿਘਨ)

**ਮੁੱਖ ਮੰਤਰੀ** : ਬਾਕੀ ਚੌਧਰੀ ਦਰਸ਼ਨ ਸਿੰਘ ਦੀ ਉਨ੍ਹਾਂ ਨੇ ਸਿਫਾਰਸ਼ ਕਰ ਦਿੱਤੀ ਹੈ, ਉਸ ਤੇ ਗੌਰ ਕਰਾਂਗੇ ।

**Mr. Speaker** : Question is —

> That the Assembly at its rising after completing the business entered in the Order Paper for the 11th February, 1976, shall stand adjourned *sine die*.

*The Motion was carried.*

---

## PRESENTATION OF REPORTS

**Chairman, Committee on Subordinate Legislation** (Comrade Raj Kumar) : Sir, I beg to present the Fourteenth Report of the Committee on Subordinate Legislation (1975-76).

**Member, Committee on Estimates** (Shri Prem Gupta) : Sir, I beg to present the Report of the Committee on Estimates on the Budget Estimates of the Employment Department for the year 1975-76.

Sir, it has not been possible to get copies of the Report printed for want of time. I have, therefore, presented a typed copy of the Report. Printed copies of the same will be distributed amongst the hon'ble Members as soon as they are ready.

---

## STATEMENT BY THE MINISTER OF STATE FOR HEALTH AND FAMILY PLANNING REG. MEASURES TAKEN FOR ENCOURAGING FAMILY PLANNING AMONG GOVERNMENT EMPLOYEES

**ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ** (ਸਰਦਾਰ ਬਲਬੀਰ ਸਿੰਘ) : ਸਪੀਕਰ ਸਾਹਿਬ, ਪਰਿਵਾਰ ਨਿਯੋਜਨ ਦੀ ਮਹਤੱਵਪੂਰਣ ਸਮੱਸਿਆ ਵਲ ਸਾਰੇ ਦੇਸ਼ ਦਾ ਧਿਆਨ ਲਗਿਆ ਹੋਇਆ ਹੈ । ਪੰਜਾਬ ਸਰਕਾਰ ਨੇ ਬੜੀ ਗੰਭੀਰਤਾ ਨਾਲ ਇਸ ਮਸਲੇ ਤੇ ਵਿਚਾਰ ਕੀਤਾ ਹੈ ਅਤੇ ਮੁੱਖ ਮੰਤਰੀ ਜੀ ਦੇ ਆਦੇਸ਼ ਅਨੁਸਾਰ ਠੋਸ ਕਦਮ ਚੁਕੇ ਹਨ ਅਤੇ ਕੁਝ ਫੈਸਲੇ ਕੀਤੇ ਹਨ । ਇਸ ਬਾਰੇ ਪੰਜਾਬ ਸਰਕਾਰ ਆਪਣੇ ਕਰਮਚਾਰੀਆਂ ਤੋਂ ਇਹ ਆਸ ਰਖਦੀ ਹੈ ਕਿ ਉਹ ਇਸ ਸਿਲਸਲੇ ਵਿਚ ਸਰਕਾਰ ਦਾ ਪੂਰਾ ਪੂਰਾ ਸਹਿਯੋਗ ਦੇਣਗੇ। ਫੈਸਲਿਆਂ ਦਾ ਵੇਰਵਾ ਇਸ ਪ੍ਰਕਾਰ ਹੈ :—

1. ਅਗੇ ਲਈ ਹਰ ਕਿਸਮ ਦੇ ਕਰਜ਼ੇ ਜਿਵੇਂ ਕਿ ਮਕਾਨ ਬਨਾਉਣ ਲਈ, ਮੋਟਰ ਕਾਰ/ਸਕੂਟਰ, ਕਣਕ ਖਰੀਦਣ ਲਈ, ਕੇਵਲ ਉਨ੍ਹਾਂ ਸਰਕਾਰੀ ਕਰਮ-ਚਾਰੀਆਂ ਨੂੰ ਦਿੱਤੇ ਜਾਣਗੇ ਜੋ ਆਪਣੇ ਪਰੀਵਾਰ ਨੂੰ ਦੋ ਬੱਚਿਆਂ ਤਕ ਸੀਮਤ ਰਖਣਗੇ । ਜਿਨ੍ਹਾਂ ਕਰਮਚਾਰੀਆਂ ਦੇ ਦੋ ਤੋਂ ਵੱਧ ਬੱਚੇ ਹਨ, ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ]

ਨੂੰ ਅਜਿਹੇ ਕਰਜ਼ੇ ਤਦ ਹੀ ਦਿਤੇ ਜਾਣਗੇ ਜੋ ਉਹ ਪਰਿਵਾਰ ਨਿਯੋਜਨ ਲਈ ਨਸਬੰਦੀ/ਨਲਬੰਦੀ ਕਰਵਾ ਕੇ ਸਰਟੀਫਿਕੇਟ ਪੇਸ਼ ਕਰਨਗੇ ਜਾਂ ਇਸ ਗਲ ਦੀ ਗਾਰੰਟੀ ਦੇਣਗੇ ਕਿ ਫੈਮਲੀ ਪਲਾਨਿੰਗ ਦੇ ਦੂਜੇ ਤਰੀਕੇ ਕੰਨਵੈਨ-ਸ਼ਨਲ ਕੰਟਰਾਸੈਪਟਿਵ ਗਰਭਪਾਤ ਆਦਿ ਅਪਣਾਕੇ ਆਪਣੇ ਪਰਿਵਾਰ ਵਿਚ ਵਾਧਾ ਨਹੀਂ ਕੀਤਾ ਕਰਨਗੇ ।

2. ਇਸਤਰੀ ਕਰਮਚਾਰੀਆਂ ਨੂੰ ਜਣੇਪੇ ਲਈ ਪਰਸੂਤੀ ਛੁਟੀ ਕੇਵਲ ਦੋ ਬਚਿਆਂ ਤਕ ਹੀ ਦਿੱਤੀ ਜਾਵੇਗੀ । ਪਹਿਲਾਂ ਇਹ ਛੁਟੀ ਉਨ੍ਹਾਂ ਨੂੰ ਤਿੰਨ ਮਹੀਨੇ ਲਈ ਦਿੱਤੀ ਜਾਂਦੀ ਸੀ । ਹੁਣ ਦੋ ਬਚਿਆਂ ਤਕ ਉਹ ਛੁਟੀ ਪੰਜ ਮਹੀਨੇ ਕਰ ਦਿਤੀ ਜਾਵੇਗੀ ।

3. ਬਦਲੀ ਸਮੇਂ ਕਿਸੇ ਵੀ ਕਰਮਚਾਰੀ ਨੂੰ ਦੋ ਬਚਿਆਂ ਤੋਂ ਵੱਧ ਸਫਰ ਭੱਤਾ ਨਹੀਂ ਦਿਤਾ ਜਾਵੇਗਾ ਜੇ ਕਰ ਉਹ ਜਾਂ ਉਸ ਦਾ ਪਤੀ/ਪਤਨੀ, ਜਿਹਾ ਵੀ ਕੇਸ ਹੋਵੇ, ਨਲਬੰਦੀ/ਨਸਬੰਦੀ ਨਹੀਂ ਕਰਾਉਂਦਾ ਜਾਂ ਦੂਸਰੇ ਤਰੀਕੇ ਕੰਟਰਾਸੈਪਟਿਵ ਗਰਭਪਾਤ ਆਦਿ ਅਪਨਾਵੇ । ਦੋ ਤੋਂ ਵੱਧ ਜਿਨ੍ਹਾਂ ਦੇ ਬੱਚੇ ਹਨ ਉਨ੍ਹਾਂ ਨੂੰ ਇਹ ਸਹੂਲਤ ਤੱਦ ਹੀ ਦਿਤੀ ਜਾਵੇਗੀ ਜੇ ਉਹ ਆਪਣੀ ਨਸਬੰਦੀ ਜਾਂ ਨਲਬੰਦੀ ਕਰਵਾ ਲੈਣਗੇ ਜਾਂ ਉਹ ਗਰੰਟੀ ਦੇਣਗੇ ਕਿ ਉਹ ਦੂਸਰੇ ਤਰੀਕੇ ਅਪਣਾਕੇ ਆਪਣੇ ਪਰਿਵਾਰ ਵਿਚ ਵਾਧਾ ਨਹੀਂ ਕੀਤਾ ਕਰਨਗੇ ।

4. ਸਰਕਾਰੀ ਸੇਵਾਵਾਂ ਵਿਚ ਆਉਣ ਵਾਲੇ ਨਵੇਂ ਕਰਮਚਾਰੀਆਂ ਤੋਂ ਇਹ ਵਚਨ ਲਿਆ ਜਾਵੇਗਾ ਕਿ ਉਹ ਆਪਣੇ ਪਰੀਵਾਰ ਨੂੰ ਦੋ ਬੱਚਿਆਂ ਤਕ ਸੀਮਤ ਰੱਖਣਗੇ ਅਤੇ ਦੋਹਾਂ ਵਿਚੋਂ (ਪਤੀ/ਪਤਨੀ ਵਿਚੋਂ) ਕਿਸੇ ਇਕ ਦਾ ਦੂਜੇ ਬੱਚੇ ਦੇ ਜਨਮ ਪਿਛੋਂ ਔਪਰੇਸ਼ਨ ਕਰਵਾਂ ਲੈਣਗੇ ਜਾਂ ਦੂਸਰੇ ਤਰੀਕੇ ਅਪਣਾਕੇ ਆਪਣੇ ਪਰੀਵਾਰ ਵਿਚ ਹੋਰ ਵਾਧਾ ਨਹੀਂ ਕਰਨਗੇ ।

5. ਸਰਕਾਰੀ ਮਕਾਨ/ਕੁਆਟਰਜ਼ ਕੇਵਲ ਉਨ੍ਹਾਂ ਕਰਮਚਾਰੀਆਂ ਨੂੰ ਹੀ ਅਲਾਟ ਕੀਤੇ ਜਾਣਗੇ, ਜਿਨ੍ਹਾਂ ਦਾ ਪਰੀਵਾਰ ਦੋ ਬੱਚਿਆਂ ਤਕ ਸੀਮਤ ਹੋਵੇਗਾ । ਜਿਹੜੇ ਕਰਮਚਾਰੀਆਂ ਨੂੰ ਪਹਿਲੇ ਹੀ ਮਕਾਨ ਅਲਾਟ ਹੋ ਚੁਕੇ ਹਨ ਅਤੇ ਉਨ੍ਹਾ ਦੇ ਦੋ ਤੋਂ ਵੱਧ ਬੱਚੇ ਹਨ ਉਨ੍ਹਾਂ ਲਈ ਇਹ ਉਪਬੰਧ ਕਰ ਦਿਤਾ ਜਾਏਗਾ ਕਿ ਇਨ੍ਹਾਂ ਹਦਾਇਤਾਂ ਦੇ ਜਾਰੀ ਹੋਣ ਦੇ ਬਾਅਦ, ਮੁਨਾਸਬ ਸਮਾਂ ਜੋ ਮਿਥਿਆ ਜਾਏਗਾ, ਅੰਦਰ ਅੰਦਰ ਉਹ ਆਪਣੀ ਜਾਂ ਆਪਣੇ ਪਤੀ/ਪਤਨੀ ਦੀ ਨਸਬੰਦੀ/ਨਲਬੰਦੀ ਕਰਵਾ ਦੇਣ ਜਾਂ ਇਸ ਗਲ ਦੀ ਗਰੰਟੀ ਦੇਣਗੇ ਕਿ ਦੂਸਰੇ ਤਰੀਕੇ ਅਪਣਾਕੇ ਆਪਣੇ ਪਰੀਵਾਰ ਵਿਚ ਵਾਧਾ ਨਹੀਂ ਕੀਤਾ ਕਰਨਗੇ । ਨਹੀਂ ਤਾਂ ਉਨ੍ਹਾਂ ਤੋਂ ਇਸ ਪਿਛੋਂ ਸਰਕਾਰੀ ਮਕਾਨ ਦਾ ਕਿਰਾ-ਇਆ ਮਾਰਕਿਟ ਕਿਰਾਏ ਦੀਆਂ ਦਰਾਂ ਤੇ ਲਿਆ ਜਾਵੇਗਾ ।

6 ਇਸ ਸਮੇਂ ਛੁਟੀ ਤੇ ਘਰ ਜਾਣ ਲਈ ਸਰਕਾਰੀ ਕਰਮਚਾਰੀਆਂ ਅਤੇ ਉਨ੍ਹਾਂ ਦੇ ਸਾਰੇ ਪਰੀਵਾਰ ਨੂੰ ਕਰਾਏ ਆਦਿ ਦੀਆਂ ਸਹੂਲਤਾਂ ਦਿਤੀਆਂ

Original with;
Punjab Vidhan Sabha
Digitized by;
Panjab Digital Library

ਜਾਂਦੀਆਂ ਹਨ । ਸਰਕਾਰੀ ਕਰਮਚਾਰੀਆਂ ਨੂੰ ਪਰੀਵਾਰ ਨਿਯੋਜਨ ਸਬੰਧੀ ਪਰੇਰਿਤ ਕਰਨ ਲਈ ਨਿਯਮਾਂ ਵਿਚ ਉਪਬੰਧ ਕਰ ਦਿਤਾ ਜਾਵੇਗਾ ਕਿ ਸਹੂਲਤਾਂ ਕੇਵਲ ਦੋ ਬਚਿਆਂ ਤਕ ਸੀਮਤ ਹੋਣਗੀਆਂ। ਜਿਨ੍ਹਾਂ ਕਰਮਚਾਰੀਆਂ ਦੇ ਦੋ ਤੋਂ ਵੱਧ ਬੱਚੇ ਹਨ ਉਨ੍ਹਾਂ ਨੂੰ ਇਹ ਸਹੂਲਤ ਤਦ ਦਿਤੀ ਜਾਏਗੀ ਜੇ ਉਹ ਪਰੀਵਾਰ ਨਿਯੋਜਨ ਲਈ ਨਸਬੰਦੀ/ਨਲਬੰਦੀ ਕਰਵਾ ਕੇ ਸਰਟੀ-ਫਿਕੇਟ ਪੇਸ਼ ਕਰਨਗੇ ਜਾਂ ਇਸ ਗਲ ਦੀ ਗਾਰੰਟੀ ਦੇਣਗੇ ਕਿ ਉਹ ਦੂਸਰੇ ਤਰੀਕੇ ਅਪਣਾ ਕੇ ਆਪਣੇ ਪਰੀਵਾਰ ਵਿਚ ਅਗੇ ਨੂੰ ਵਾਧਾ ਨਹੀਂ ਕੀਤਾ ਕਰਨਗੇ ।

7. ਦੋ ਬੱਚਿਆਂ ਤੋਂ ਵੱਧ ਮੈਡੀਕਲ ਖਰਚੇ ਦੀ ਪ੍ਰਤੀ ਪੂਰਤੀ ਨਹੀਂ ਕੀਤੀ ਜਾਵੇਗੀ ਜੇ ਕਰ ਹੋਰ ਵਾਧਾ ਕਰਨਗੇ । ਜਿਨ੍ਹਾਂ ਕਰਮਚਾਰੀਆਂ ਦੇ ਦੋ ਤੋਂ ਵੱਧ ਬੱਚੇ ਹਨ ਅਤੇ ਉਨ੍ਹਾਂ ਨੂੰ ਇਹ ਸਹੂਲਤ ਤਦ ਹੀ ਦਿਤੀ ਜਾਏਗੀ ਜੇ ਉਹ ਆਪਣੀ ਨਸਬੰਦੀ/ਨਲਬੰਦੀ ਕਰਵਾ ਲੈਣਗੇ ਜਾਂ ਇਸ ਗਲ ਦੀ ਗਾਰੰਟੀ ਦੇਣਗੇ ਕਿ ਦੂਸਰੇ ਤਰੀਕੇ ਅਪਨਾ ਕੇ ਆਪਣੇ ਪਰੀਵਾਰ ਵਿਚ ਵਾਧਾ ਨਹੀਂ ਕੀਤਾ ਕਰਨਗੇ ।

ਇਨ੍ਹਾਂ ਸ਼ਰਤਾਂ ਨੂੰ ਲਾਗੂ ਕਰਨ ਲਈ ਮੁਨਾਸਬ ਸਮਾਂ ਦਿਤਾ ਜਾਏਗਾ । ਇਸ ਸਿਲਸਲੇ ਵਿਚ ਜਿਹੜੀਆਂ ਹਦਾਇਤਾਂ ਜਾਂ ਰੂਲਜ਼ ਹਨ ਉਨ੍ਹਾਂ ਵਿਚ ਲੋੜੀਂਦੀ ਸੋਧ ਕੀਤੀ ਜਾਏਗੀ ਅਤੇ ਜੇ ਕਰ ਲੋੜ ਪਈ ਤਾਂ ਕੇਂਦਰੀ ਸਰਕਾਰ ਦੀ ਮੰਨਜ਼ੂਰੀ ਲੈ ਲਈ ਜਾਵੇਗੀ ।

ਸੀਮਿਤ ਪਰੀਵਾਰ ਲਈ ਇੰਸੈਂਟਿਵ ਤੇ ਵਿਚਾਰ ਹੋ ਰਹੀ ਹੈ । ਫੈਮਲੀ ਪਲਾਨਿੰਗ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਇਕ ਟੈਕਨੀਕਲ ਕਮੇਟੀ ਬਣੀ ਹੋਈ ਹੈ ਜਿਹੜੀ ਇਸ ਤੇ ਵਿਚਾਰ ਕਰ ਰਹੀ ਹੈ ਤਾਂ ਕਿ ਸੋਸਾਇਟੀ ਦੇ ਦੂਸਰੇ ਸੈਕਸ਼ਨ ਨੂੰ ਵੀ ਇਸ ਪ੍ਰੋਗਰਾਮ ਅਧੀਨ ਲਿਆਂਦਾ ਜਾਵੇ ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਫ਼ੈਮਿਲੀ ਪਲਾਨਿੰਗ ਹੋਵੇ, ਇਸ ਨਾਲ ਕਿਸੇ ਨੂੰ ਅਸਹਿਮਤੀ ਨਹੀਂ, ਪਰ ਇਹੋ ਜਿਹੇ ਢੰਗਾਂ ਬਾਰੇ ਅਸਹਿਮਤੀ ਹੈ । ਇਹੋ ਜਿਹੇ ਫੈਸਲੇ ਤੇ ਇਸ ਤਰ੍ਹਾਂ ਸਟੇਟਮੈਂਟ ਦੇਣਾ, ਜਿਸ ਤੇ ਹਾਊਸ ਵਿਚ ਡਿਸਕਸ਼ਨ ਨਾ ਹੋਈ ਹੋਵੇ, ਉਹ ਠੀਕ ਨਹੀਂ ।

**ਸ੍ਰੀ ਸਪੀਕਰ**: ਮਨਿਸਟਰ ਸਾਹਿਬ, ਸਟੇਟਮੈਂਟ ਤਾਂ ਦੇ ਸਕਦੇ ਹਨ ।

**ਰਾਜ ਮੰਤਰੀ ਸਿਹਤ ਅਤੇ ਪਰਿਵਾਰ ਨਿਯੋਜਨ**: ਸਪੀਕਰ ਸਾਹਿਬ, ਗੱਲ ਇਹ ਹੈ ਕਿ ਅੱਜ ਤਕ ਜੋ ਸਰਕਾਰ ਵਲੋਂ ਆਪਣੇ ਕਰਮਚਾਰੀਆਂ ਨੂੰ ਸਹੂਲਤਾਂ ਦਿਤੀਆਂ ਜਾਂਦੀਆਂ ਹਨ ਇਹ ਉਨ੍ਹਾਂ ਬਾਰੇ ਹੈ । ਇਹ ਨੈਸ਼ਨਲ ਪਾਲਿਸੀ ਹੈ ਅਤੇ ਇਸ ਸਰਕਾਰ ਦਾ ਕਰਤਵ ਹੈ ਕਿ ਇਹ ਇਸ ਨੂੰ ਇੰਪਲੀਮੈਂਟ ਕਰੇ । ਪਤਾ ਨਹੀਂ ਡਾਂਗ ਸਾਹਿਬ ਨੂੰ ਕੀ ਇਤਰਾਜ਼ ਹੈ ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ:** ਸਪੀਕਰ ਸਾਹਿਬ, ਮਿਸਟਰ ਡਾਂਗ ਨੇ ਕਿਹਾ ਸੀ ਕਿ ਬੜੀ ਇੰਪਾਰਟੈਂਟ ਅਨਾਊਂਸਮੈਂਟ ਹੈ ਅਤੇ ਇਹ ਇਸ ਤਰ੍ਹਾਂ ਹਰਿਡਲੀ ਨਹੀਂ ਹੋਣੀ ਚਾਹੀਦੀ । ਇਹ ਚੀਜ਼ ਬੜੀ ਸੋਚ ਵਿਚਾਰ ਕੇ ਗੌਰਮਿੰਟ ਨੇ ਰਖੀ ਹੈ । ਮੈਂ ਆਫਰ ਕਰਦਾ ਹਾਂ ਕਿ ਅਗਰ ਡਾਂਗ ਸਾਹਿਬ ਜਾਂ ਹੋਰ ਮੈਂਬਰ ਸਾਹਿਬਾਨ ਇਸ ਤੇ ਆਪਣੀ ਰਾਏ ਦੇਣਾ ਚਾਹੁੰਦੇ ਹਨ ਤਾਂ ਤੁਸੀਂ ਅਧੇ ਘੰਟੇ ਲਈ ਅਲਾਊ ਕਰ ਦਿਓ ।

---

## LEGISLATIVE BUSINESS

## THE PUNJAB LEGISLATIVE ASSEMBLY (ALLOWANCES OF MEMBERS )AMENDMENT BILL, 1976

**Revenue and Elections Minister** (Sardar Umrao Singh): Sir, I beg to introduce the Punjab Legislative Assembly (Allowances of Members) Amendment Bill.

Sir, I also beg to move—

> That the Punjab Legislative Assembly (Allowances of Members) Amendment Bill be taken into consideration at once.

**Mr. Speaker :** Motion moved—

> That the Punjab Legislative Assembly (Allowances of Members) Amendment Bill be taken into consideration at once.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ): ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ (ਵਿਘਨ)

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ:** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਿਧਾਂਤਕ ਰੂਪ ਵਿਚ ਜਿਹੜੇ ਇਸ ਬਿੱਲ ਦੀ ਵਿਰੋਧਤਾ ਕਰਨ ਉਹ ਇਸ ਬਿੱਲ ਦੇ ਅੰਦਰ ਜਿਹੜੇ ਕੰਨਸੈਸ਼ਨ ਹਨ, ਬਿਲਕੁਲ ਨਾ ਲੈਣ ।

**ਸ੍ਰੀ ਸਪੀਕਰ:** ਜਿਹੜੇ ਵਿਰੋਧਤਾ ਕਰਦੇ ਹਨ ਉਹ ਨਾ ਲੈਣ ।

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਜੋ ਆਜ਼ਾਦ ਸਾਹਿਬ ਨੇ ਪੁਆਇੰਟ ਆਫ਼ ਆਰਡਰ ਰਾਹੀਂ ਸੁਜੈਸ਼ਨ ਦਿਤੀ ਹੈ ਮੈਂ ਉਸ ਦੇ ਬਾਵਜੂਦ ਇਸ ਬਿਲ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ । ਉਨ੍ਹਾਂ ਦਾ ਵੀ ਜਵਾਬ ਦਿਆਂਗਾ । ਸਪੀਕਰ ਸਾਹਿਬ, ਮੈਂ ਇਸ ਦੀ ਵਿਰੋਧਤਾ ਕਰਦਾ ਹਾਂ ਮੈਂ ਪਹਿਲਾਂ ਵੀ ਕੀਤੀ ਸੀ ਅਤੇ ਅੱਜ ਵੀ ਕੀਤੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਦੇਸ਼ ਵਿਚ ਐਮਰਜੰਸੀ ਲਾਗੂ ਹੈ । ਇਸ ਐਮਰਜੰਸੀ ਦਾ ਬੜਾ ਵੱਡਾ ਕੰਮ ਇਹ ਹੈ ਕਿ ਜਿਹੜੀਆਂ ਸਾਮਰਾਜੀ ਪੱਖੀ ਸ਼ਕਤੀਆਂ ਹਨ ਉਨ੍ਹਾਂ ਨੂੰ ਦੇਸ਼ ਵਿਚੋਂ ਜੜੋਂ ਉਖੇੜਨਾ ਹੈ । ਇਸ ਸਬੰਧ ਦੇ ਵਿਚ ਅਸੀਂ ਅਨੇਕਾਂ ਕੰਮ ਕਰਨੇ ਹਨ । ਉਨ੍ਹਾਂ ਵਿਚੋਂ ਸਭ ਤੋਂ ਵੱਡਾ ਇਕ ਇਹ ਹੈ ਕਿ ਡਸਿਪਲਨ ਪੈਦਾ ਹੋਵੇ । ਇਸ ਤੋਂ ਅਗੇ ਕੰਮ ਇਹ ਹੈ ਕਿ ਜਿਹੜੀ ਗਰੀਬ ਜਨਤਾ ਹੈ, ਸਾਧਾਰਨ ਲੋਕ ਹਨ, ਜਿਨ੍ਹਾਂ ਨੂੰ ਛੋਟੇ ਕਿਹਾ ਜਾਂਦਾ ਹੈ ਉਨ੍ਹਾਂ ਦੇ ਦਿਲਾਂ ਵਿਚ ਇਹ ਵਿਸ਼ਵਾਸ ਪੈਦਾ ਹੋਵੇ । ਜਦੋਂ ਉਨ੍ਹਾਂ ਕੋਲੋਂ ਦੇਸ਼ ਲਈ ਕੁਰਬਾਨੀ ਮੰਗੀ ਜਾਂਦੀ ਹੈ ਤਾਂ ਪਹਿਲਾਂ ਉਨ੍ਹਾਂ ਜਿਹੜੇ ਵੱਡੇ ਲੋਕ ਹਨ, ਜਿਹੜੇ

Original with;
Punjab Vidhan Sabha
Digitized by;
Panjab Digital Library

ਬੇਟਰ ਪਲੇਸਡ ਹਨ ਉਨ੍ਹਾਂ ਕੋਲੋਂ ਕੁਰਬਾਨੀ ਮੰਗਣੀ ਚਾਹੀਦੀ ਹੈ। ਇਸ ਕੰਟੈਕਟਸ ਵਿਚ ਮੈਂ ਇਹ ਸਮਝਦਾ ਹਾਂ ਕਿ ਪਿਛੇ ਵੀ ਇਹ ਬਿਲ ਗਲਤ ਆਉਂਦਾ ਰਿਹਾ ਹੈ ਪਰ ਅੱਜ ਦੇ ਦਿਨ ਜਦੋਂ ਕਿ ਮਾਲੀ ਹਾਲਾਤ ਦਾ ਸਹਾਰਾ ਲੈ ਕੇ ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ ਇਸ ਹਾਊਸ ਵਿਚ ਸ਼ਰਮਾਂ ਜੀ ਵਲੋਂ ਵਾਇਦਾ ਕਰਕੇ ਉਲੰਘਣਾ ਕੀਤੀ ਗਈ ਅਤੇ ਉਨ੍ਹਾਂ ਨੂੰ 5 ਕਿਸ਼ਤਾਂ ਨਾ ਦੇ ਕੇ ਦੋ ਹੀ ਦਿਤੀਆਂ ਗਈਆਂ ਹਨ। (ਵਿਘਨ)

**ਸ੍ਰੀ ਸਪੀਕਰ**: ਇਹ ਰੈਪੀਟੀਸ਼ਨ ਕਰ ਰਹੇ ਹੋ ਤੁਸੀਂ, ਡਾਂਗ ਸਾਹਿਬ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਟੀਚਰਜ਼ ਨੂੰ 1 ਜਨਵਰੀ, 1973 ਤੋਂ ਉਨ੍ਹਾਂ ਦਾ ਹੱਕ ਨਹੀਂ ਦਿਤਾ ਜਾ ਰਿਹਾ। ਅਗਰ ਅਸੰਬਲੀ ਦੇ ਮੈਂਬਰ ਆਪਣੀਆਂ ਤਨਖਾਹਾਂ ਕੰਸਟੀਚਿਊਐਂਸੀਜ਼ ਦੇ ਨਾਮ ਤੇ, ਟਿਕਟ ਦੇ ਖਰਚ ਤੇ, ਸੈਕਰੇਟੇਰੀਅੱਲ ਫੈਸਿਲਿਟੀਜ਼ ਦੇ ਨਾਂ ਤੇ 225 ਰੁਪਏ ਵਧਾ ਲੈਂਦੇ ਹਨ ਤਾਂ ਇਸ ਦਾ ਜਿਹੜਾ ਅਸਰ ਹੈ ਉਹ ਸਾਡੇ ਦੇਸ਼ ਤੇ ਅੱਛਾ ਨਹੀਂ ਪਵੇਗਾ; ਇਸ ਲਈ ਮੈਂ ਵਿਰੋਧਤਾ ਕਰਦਾ ਹਾਂ। ਸੁਆਲ ਇਹ ਨਹੀਂ ਕਿ ਰਕਮ 2 ਲੱਖ 58 ਹਜ਼ਾਰ ਹੈ ਜਾਂ ਵੱਧ ਹੈ ਪਰ ਸੁਆਲ ਇਹ ਹੈ ਕਿ ਮੁਲਾਜ਼ਮਾਂ ਨਾਲ ਬੇਇਨਸਾਫ਼ੀ ਕਿਉਂ ਕੀਤੀ ਜਾਏ। ਮੈਂ ਕਹਿੰਦਾ ਹਾਂ ਕਿ ਆਪਣੇ ਵਧਾ ਲਏ ਜਾਣ ਅਤੇ ਉਨ੍ਹਾਂ ਦੇ ਇਹ ਕਹਿ ਕੇ ਨਾ ਵਧਾਏ ਜਾਣ ਕਿ ਮਾਲੀ ਹਾਲਾਤ ਮਾੜੇ ਹਨ, ਕੀ ਇਹ ਬੇਨਿਸਾਫ਼ੀ ਨਹੀਂ ਤਾਂ ਹੋਰ ਕੀ ਹੈ?

ਇਕ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜਿਥੇ ਮੰਗਾਂ ਰਖ ਦਿੰਦੇ ਹਨ ਉਥੇ ਡਿਊਟੀਆਂ ਵੀ ਦਸਿਆ ਕਰਨ। ਮੈਂ ਉਨ੍ਹਾਂ ਨਾਲ ਸਹਿਮਤ ਹਾਂ। ਮੈਂ ਦਾਅਵਾ ਕਰਦਾ ਹਾਂ ਕਿ ਮੁਲਾਜ਼ਮਾਂ, ਮਜਦੂਰਾਂ ਅਤੇ ਯੂਨੀਵਰਸਿਟੀ ਦੇ ਟੀਚਰਾਂ ਦੇ ਇਸ ਗੱਲ ਤੇ ਸਟੈਂਡ ਲੈਣ ਤੇ ਸੀ. ਪੀ. ਆਈ. ਕਾਂਗਰਸ ਨਾਲੋਂ ਅਗੇ ਹੈ। ਮੈਂ, ਸਪੀਕਰ ਸਾਹਿਬ, ਟਰੇਡ ਯੂਨੀਅਨ ਦਾ ਲੀਡਰ ਹਾਂ ਅਗਰ ਕਾਰਖ਼ਾਨੇ ਵਿਚੋਂ ਕੋਈ ਮਜ਼ਦੂਰ ਕਿਸੇ ਕਿਸਮ ਦੀ ਕੋਈ ਚੋਰੀ ਕਰਕੇ ਨਿਕਲੇ, ਅਸੀਂ ਕਦੇ ਉਸ ਦੇ ਕਾਜ਼ ਨੂੰ ਚੈਂਪੀਅਨ ਨਹੀਂ ਕੀਤਾ। ਸਪੀਕਰ ਸਾਹਿਬ, ਟਰਾਂਸਪੋਰਟ ਮਨਿਸਟਰ ਸਾਹਿਬ ਬੈਠੇ ਹਨ ਅਗਰ ਕਿਸੇ ਡਰਾਈਵਰ ਜਾਂ ਕੰਡਕਟਰ ਨੇ ਲੋਕਾਂ ਨਾਲ ਬਦਸਲੂਕੀ ਕੀਤੀ ਹੋਵੇ ਤਾਂ ਸਾਡੀ ਯੂਨੀਅਨ ਡਟ ਕੇ ਉਸ ਦੇ ਖਿਲਾਫ਼ ਸਟੈਂਡ ਲੈਂਦੀ ਹੈ। (ਘੰਟੀ)

**ਸ੍ਰੀ ਸਪੀਕਰ**: ਤੁਸੀਂ ਬਿਲ ਤਕ ਕਨਫਾਈਨ ਕਰੋ ਜਨਰਲ ਡਿਸਕਸ਼ਨ ਨਾ ਕਰੋ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਜਿਨ੍ਹਾਂ ਮੁਲਾਜ਼ਮਾਂ ਨਾਲ ਇਨਸਾਫ ਨਹੀਂ ਹੁੰਦਾ ਅਸੀਂ ਉਨ੍ਹਾਂ ਦੇ ਹੱਕ ਵਿਚ ਮਿਲਦੇ ਹਾਂ। ਅੱਜ ਦੇਸ਼ ਵਿਚ ਐਮਰਜੰਸੀ ਲੱਗੀ ਹੋਈ ਹੈ। ਇਸ ਤਰ੍ਹਾਂ ਨਾਲ ਐਮ. ਐਲ. ਏਜ਼. ਨੂੰ 225 ਰੁਪਏ ਮਹੀਨਾ ਭੱਤਾ ਦੇਣਾ, ਜਦੋਂ ਕਿ ਮਾਲੀ ਔਖੜ ਹੈ, ਇਸ ਦਾ ਕਾਫੀ ਮਾੜਾ ਅਸਰ ਪਵੇਗਾ। ਆਜ਼ਾਦ ਸਾਹਿਬ ਨੇ ਕਿਹਾ ਹੈ ਕਿ ਜਿਹੜੇ ਇਸ ਦੀ ਵਿਰੋਧਤਾ ਕਰਦੇ ਹਨ ਉਹ ਇਹ ਨਾ ਲੈਣ। ਪਰ ਮੈਨੂੰ ਪਤਾ ਹੈ ਕਿ ਸਾਡੀ ਮੁਖਾਲਫਤ ਦੇ ਬਾਵਜੂਦ ਵੀ ਇਹ ਪਾਸ ਕਰ ਦੇਣਾ ਹੈ। ਜੇ ਇਹ ਰੁਪਿਆ ਸਰਕਾਰ ਕੋਲ ਹੀ ਰਹੇਗਾ ਤਾਂ ਉਸ ਦੀ ਵਰਤੋਂ ਚੰਗੀ ਨਹੀਂ ਹੋਵੇਗੀ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਜੇ ਮੈਂ ਇਹ ਆਪਣੀ ਪਾਰਟੀ ਨੂੰ ਦੇ ਦਿਆਂਗਾ ਤਾਂ ਮੈਨੂੰ ਪਤਾ ਹੈ ਕਿ ਇਹ ਪੰਜਾਬ ਦੀ ਜਨਤਾ ਦੇ ਹਿੱਤਾਂ ਵਿਚ ਹੀ ਇਸਤੇਮਾਲ ਹੋਵੇਗੀ। ਆਜ਼ਾਦ ਸਾਹਿਬ ਨੂੰ ਮੈਂ ਕਹਾਂਗਾ ਕਿ ਇਹ ਸਾਡੇ ਨਾਲ ਰਲ ਕੇ ਇਸ ਦੀ ਵਿਰੋਧਤਾ ਕਰਨ । ਅਗਰ ਸਰਕਾਰ ਇਸ ਨੂੰ ਫਿਰ ਵੀ ਪਾਸ ਕਰਦੀ ਹੈ ਤਾਂ ਅਸੀਂ ਇਹ ਪੈਸੇ ਲੈ ਕੇ ਆਪਣੀ ਪਾਰਟੀ ਨੂੰ ਹੀ ਦੇਵਾਂਗੇ । ਇਸ ਦਾ ਜਨਤਾ ਉਤੇ ਚੰਗਾ ਅਸਰ ਨਹੀਂ ਪਵੇਗਾ । ਇਹ ਬਿਲ ਪਾਸ ਨਹੀਂ ਕਰਨਾ ਚਾਹੀਦਾ। ਕਿਤਨੇ ਮੈਂਬਰ ਹਨ, ਜਿਹੜੇ ਹੋਲ ਟਾਈਮ ਕੰਮ ਕਰਦੇ ਹਨ । ਕਈਆਂ ਦੇ ਆਪਣੇ ਬਿਜ਼ਨੈਸ ਹਨ । ਕਈਆਂ ਦੀਆਂ ਫਰਮਾਂ ਹਨ, ਕਈਆਂ ਦੀਆਂ ਬੇਨਾਮੀਆਂ ਜ਼ਮੀਨਾਂ ਹਨ । ਇਸ ਬਿਲ ਦੀ ਕੋਈ ਲੋੜ ਨਹੀਂ ਇਸ ਦਾ ਲੋਕਾਂ ਤੇ ਮਾੜਾ ਅਸਰ ਪਵੇਗਾ । ਜੇ ਕੰਮ ਕਾਰ ਵਿਚ ਐਮ. ਐਲ. ਏ. ਦੀ ਮਦਦ ਕਰਨੀ ਹੈ ਤਾਂ ਟਿਕਟਾਂ ਦੇ ਦਿਓ, ਬੀ.ਡੀ.ਓ. ਨੂੰ ਕਹਿ ਦਿਓ ਕਿ ਉਹ ਐਮ. ਐਲ. ਏ. ਨੂੰ ਆਪਣੇ ਹਲਕੇ ਵਿਚ ਟੂਰ ਕਰਨ ਲਈ ਇਕ ਜਾਂ ਦੋ ਦਿਨ ਵਾਸਤੇ ਜੀਪ ਦੇ ਦੇਵੇ । ਜੇ ਸੈਕਰੇਟੇਰੀਅਲ ਹੈਲਪ ਦੇਣੀ ਹੈ ਤਾਂ ਇਥੇ ਜਿਹੜੀਆਂ ਤੁਹਾਡੀਆਂ, ਸਪੀਕਰ ਸਾਹਿਬ, ਪੋਸਟਾਂ ਖਾਲੀ ਹਨ ਉਹ ਭਰ ਕੇ ਸਟੈਨੋਗਰਾਫਰਾਂ ਨੂੰ ਐਮ. ਐਲ. ਏਜ਼. ਦੇ ਨਾਲ ਲਾਓ । ਬਾਕੀ ਇਹ ਪੈਸਾ ਵਧਾਉਣਾ ਬੜੀ ਗਲਤ ਗਲ ਹੈ ਅਤੇ ਇਹ ਬਿਲ ਪਾਸ ਨਹੀਂ ਹੋਣਾ ਚਾਹੀਦਾ ।

**आचार्य पृथ्वी सिंह आज़ाद (खन्ना, एस. सी.)** : स्पीकर साहिब, अगर यह बिल ऐसे समय में लाया जाता जब एमरजैंसी न होती या ऐसे समय में लाया जाता जब कि हम इम्पलाइज़ की मांगों को यह कह कर नामन्जूर न करते कि इस स्टेट के बजट पर बोझ पड़ेगा तो मैं समझता हूं कि शायद हम सभी इसका स्वागत करते क्योंकि मैम्बरज़ को अपनी कान्सटीच्युऐंसी में घूमना पड़ता है । वाकई उसके लिए फैसिलिटीज़ की ज़रूरत है । जैसे डांग साहिब ने कहा है अगर हर गांव में बस जाती हो तो फिर यह पैसे लेने की कोई ज़रूरत नहीं । मैं इस बिल के बारे में सिद्धांतक रूप से सहमत हूं लेकिन इस बिल को लाने के लिए मुनासिब समय की तलाश नहीं की । सरकार ने मुलाज़मों को पूरा महंगाई भत्ता नहीं दिया । शर्मा साहिब ने इस बिल को लाकर बजट पर 2,80,000 रू. का बोझ और डाल दिया है । इस लिए मैं आपके द्वारा सरकार से दरख्वास्त करूंगा कि जब तक ऐमरजैंसी है तब तक इस बिल को न लाएं ।

**ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.)** : ਸਪੀਕਰ ਸਾਹਿਬ, ਮੈਂ ਵੀ ਇਸ ਬਿੱਲ ਦੀ ਵਿਰੋਧਤਾ ਕਰਦਾ ਹਾਂ ।

**ਸਰਦਾਰ ਸੁਰਜੀਤ ਸਿੰਘ ਅਟਵਾਲ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਜੋ ਡਾਂਗ ਸਾਹਿਬ ਨੇ ਕਿਹਾ ਹੈ ਮੈਂ ਉਸ ਨਾਲ ਸਹਿਮਤ ਹਾਂ ਤੇ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ । ਸਰਕਾਰ ਨੇ ਜਿਹੜੀਆਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੁਲਾਜ਼ਮਾਂ ਦੀਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਹੀਂ ਦਿੱਤੀਆਂ ਅਤੇ ਦੂਜੇ ਪਾਸੇ ਜਿਹੜੇ ਸਾਡੇ ਪਿੰਡਾਂ ਵਿੱਚ ਮਜ਼ਦੂਰ ਹਨ ਉਨ੍ਹਾਂ ਨੂੰ ਚਾਰ ਰੁਪਏ ਦਿਹਾੜੀ ਮਿਲਦੀ ਹੈ ਜਿਸਦਾ ਮਤਲਬ ਹੈ ਕਿ 120 ਰੁਪਏ ਮਹੀਨਾ ਮਿਲਦਾ ਹੈ । ਉਨ੍ਹਾਂ ਗਰੀਬਾਂ ਵਲ ਤਾਂ ਕੋਈ ਤਵਜੋ ਨਹੀਂ ਦਿੱਤੀ ਜਾਂਦੀ । ਇਥੇ ਐਮ. ਐਲ. ਏਜ਼. ਨੂੰ 225 ਰੁਪਏ ਮਹੀਨਾ ਭੱਤਾ ਦਿੱਤਾ ਜਾ ਰਿਹਾ ਹੈ । ਇਹ ਗਲਤ ਹੈ ਕਿਉਂਕਿ ਐਮ. ਐਲ. ਏਜ਼. ਨੂੰ ਆਲਰੇਡੀ ਬੱਸਾਂ ਵਿੱਚ ਫਰੀ ਸਫਰ ਕਰਨ ਦੀ ਇਜਾਜ਼ਤ ਹੈ । ਜਿਵੇਂ ਡਾਂਗ ਸਾਹਿਬ ਨੇ ਕਿਹਾ ਹੈ ਕਿ ਪ੍ਰਾਈਵੇਟ ਬੱਸਾਂ ਵਿੱਚ ਵੀ ਇਨ੍ਹਾਂ ਨੂੰ ਫਰੀ ਸਫਰ ਕਰਨਾ ਅਲਾਓ ਕਰ ਦਿਓ ਜਾਂ ਫਿਰ ਬੀ. ਡੀ. ਓ. ਨੂੰ ਕਹਿ ਦਿਓ ਕਿ ਉਹ ਆਪਣੀ ਜੀਪ ਦੇ ਦੇਵੇ ਇੱਕ ਜਾਂ ਦੋ ਦਿਨ ਲਈ । ਬਾਕੀ ਐਮ. ਐਲ. ਏ. ਆਪਣੇ ਹਲਕੇ ਵਿੱਚ ਸਾਈਕਲ ਵਗੈਰਾ ਤੇ ਵੀ ਸਫਰ ਕਰ ਸਕਦਾ ਹੈ । ਇਸ ਲਈ ਇਹ ਪੈਸੇ ਵਧਾਉਣ ਦੀ ਲੋੜ ਨਹੀਂ । ਇਸ ਕਰਕੇ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ ।

**ਸ੍ਰੀ ਪਰਤਾਪ ਚੰਦ ਭੰਡਾਰੀ** (ਅੰਮ੍ਰਿਤਸਰ ਕੇਂਦਰੀ): ਸਪੀਕਰ ਸਾਹਿਬ, ਮੈਂ ਇਸ ਬਿੱਲ ਦੀ ਹਮਾਇਤ ਕਰਨ ਵਾਸਤੇ ਖੜਾ ਹੋਇਆ ਹਾਂ । ਮੈਂ ਸਮਝਦਾ ਹਾਂ ਕਿ ਮੈਂਬਰਾਂ ਨੂੰ ਜਿਹੜਾ ਇਹ ਕੰਸਟੀਚੂਐਂਸੀ ਦਾ ਅਲਾਊਂਸ ਦਿੱਤਾ ਜਾ ਰਿਹਾ ਹੈ ਇਸ ਬਿਲ ਦੇ ਰਾਹੀਂ .... (ਵਿਘਨ) (ਸ਼ੋਰ)

**Mr. Speaker** : Be serious please. Order please.

**ਸ੍ਰੀ ਪਰਤਾਪ ਚੰਦ ਭੰਡਾਰੀ** : ਸਪੀਕਰ ਸਾਹਿਬ, ਜਿਥੋਂ ਤਕ ਡਾਂਗ ਸਾਹਿਬ ਦਾ ਇਸ ਬਿਲ ਦੀ ਵਿਰੋਧਤਾ ਕਰਨ ਦਾ ਤੁਅੱਲਕ ਹੈ, ਉਨ੍ਹਾਂ ਦੀ ਪਾਰਟੀ ਅੱਗੇ ਹੀ ਉਨ੍ਹਾਂ ਨੂੰ ਇਸ ਕਿਸਮ ਦੀਆਂ ਸਹੂਲਤਾਂ ਦਿੰਦੀ ਹੈ । ਇਨ੍ਹਾਂ ਨੇ ਕਿਹਾ ਹੈ ਕਿ ਮੈਂ ਇਹ ਪੈਸੇ ਆਪਣੀ ਪਾਰਟੀ ਨੂੰ ਦੇਵਾਂਗਾ । ਜਿਹੜਾ ਐਮ. ਐਲ. ਏ. ਦਾ ਖਰਚ ਆਉਂਦਾ ਹੈ ਉਹ ਕਾਂਗਰਸ ਪਾਰਟੀ ਨਹੀਂ ਦਿੰਦੀ, ਉਹ ਖੁਦ ਹੀ ਕਰਦਾ ਹੈ । ਮੈਂ ਸਮਝਦਾ ਹਾਂ ਕਿ ਇਹ ਇੱਕ ਅੱਛਾ ਕਦਮ ਹੈ ਜਿਸ ਨਾਲ ਐਮ. ਐਲ. ਏਜ਼ ਨੂੰ ਉਨ੍ਹਾਂ ਦੇ ਖਰਚ ਲਈ ਪੈਸੇ ਦਿੱਤੇ ਜਾ ਰਹੇ ਹਨ । ਇਨ੍ਹਾਂ ਨੇ ਪਾਰਟੀ ਲੈਵਲ ਤੇ ਇਸ ਦੀ ਵਿਰੋਧਤਾ ਕੀਤੀ ਹੈ ਜਿਹੜੀ ਕਿ ਇਨ੍ਹਾਂ ਨੂੰ ਨਹੀਂ ਸੀ ਕਰਨੀ ਚਾਹੀਦੀ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** (ਜਮਸ਼ੇਰ, ਐਸ. ਸੀ.) : ਸਪੀਕਰ ਸਾਹਿਬ, ਜਿਹੜਾ ਮੈਂਬਰਜ਼ ਅਲਾਊਂਸ ਬਿਲ ਸਰਦਾਰ ਉਮਰਾਓ ਸਿੰਘ ਨੇ ਪੇਸ਼ ਕੀਤਾ ਹੈ, ਮੈਂ ਇਸ ਦੀ ਹਮਾਇਤ ਕਰਦਾ ਹਾਂ । ਡਾਂਗ ਸਾਹਿਬ ਨੇ ਇਸਦੀ ਵਿਰੋਧਤਾ ਕੀਤੀ ਹੈ ਮਗਰ ਲੈਣਗੇ ਜ਼ਰੂਰ ।

**ਸ੍ਰੀ ਸਪੀਕਰ** : ਚੋਪੜਾ ਜੀ ਵੀ ਲੈਣਗੇ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਸਪੀਕਰ ਸਾਹਿਬ, ਸਾਰੇ ਹੀ ਲੈਣਗੇ । ਅੱਜ ਕਲ ਪੀਅਨ ਨੂੰ ਵੀ 500 ਰੁਪਏ ਤਨਖਾਹ ਮਿਲਦੀ ਹੈ । ਅਸੈਂਬਲੀ ਦੇ ਮੈਂਬਰ ਨੂੰ ਆਪਣੀ ਕਾਂਸਟੀਚੂਐਂਸੀ ਦੇ ਬੜੇ ਕੰਮ ਕਰਨੇ ਪੈਂਦੇ ਹਨ, ਪਿੰਡਾਂ ਵਿੱਚ ਜਾਣਾ ਪੈਂਦਾ ਹੈ, ਚਿੱਠੀ ਪੱਤਰ ਲਿਖਣੇ ਪੈਂਦੇ ਹਨ, ਇਸ ਵਾਸਤੇ ਇਹ ਬਿਲ ਲਿਆ ਕੇ ਮੈਂਬਰਾਂ ਦੀ ਹੌਸਲਾ ਅਫਜ਼ਾਈ ਕੀਤੀ ਜਾ ਰਹੀ ਹੈ । ਇਸ ਨਾਲ ਮੈਂਬਰਾਂ ਦੀ ਮਦਦ ਹੋਵੇਗੀ । ਇਸ ਲਈ ਇਸਨੂੰ ਪਾਸ ਕਰ ਦੇਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਤ ਰਾਮ** (ਬੰਗਾ, ਐਸ. ਸੀ. ) : ਸਪੀਕਰ ਸਾਹਿਬ, ਦਰਅਸਲ ਮੇਰਾ ਆਪਣਾ ਵਿਚਾਰ ਸੀ ਕਿ ਜਿਹੜੇ ਬਹੁਤ ਵੱਡੇ ਲੈਂਡ ਲਾਰਡਜ਼ ਹਨ ਉਹ ਸ਼ਾਇਦ ਇਸ ਦੀ ਮੁਖਾਲਫਤ ਕਰਨਗੇ ਕਿਉਂਕਿ ਉਨ੍ਹਾਂ ਦੀ ਆਮਦਨ ਬੜੀ ਹੁੰਦੀ ਹੈ। ਪਰ ਡਾਂਗ ਸਾਹਿਬ ਤਾਂ ਯੂਨੀਅਨ ਦੇ ਲੀਡਰ ਵੀ ਹਨ, ਸਿਆਣੇ ਤੇ ਸੁਲਝੇ ਹੋਏ ਹਨ, ਹਮੇਸ਼ਾਂ ਸਾਡੇ ਗਰੀਬਾਂ ਦੀ ਹੀ ਗਲ ਕਰਦੇ ਹਨ। ਇਹ ਗੱਲ ਮੰਨਣੀ ਪਵੇਗੀ ਕਿ ਉਹ ਗਰੀਬਾਂ ਦੇ ਹਮਾਇਤੀ ਹਨ। ਪਰ ਅੱਜ ਬਿਲਕੁਲ ਪਤਾ ਲੱਗ ਗਿਆ ਕਿ ਉਹ ਗਰੀਬਾਂ ਦੇ ਹਾਮੀ ਨਹੀਂ। ਉਹ ਤਾਂ ਇਸ ਤਰ੍ਹਾਂ ਕਰਦੇ ਹਨ ਕਿ ਕਿਸੇ ਮਾਈ ਦਾ ਲਾਲ ਗੁਜ਼ਰ ਜਾਵੇ ਉਸ ਨੂੰ ਜੇ ਰੋਣ ਨਾ ਆਵੇ ਤਾਂ ਡਾਂਗ ਵਰਗੀ ਬੀਬੀ ਕੀਰਨੇ ਬੜੇ ਪਾਉਂਦੀ ਹੈ ਤੇ ਕਹਿੰਦੀ ਹੈ ਇਥੇ ਮਾਰੋ, ਉਥੇ ਮਾਰੋ।

**ਸ੍ਰੀ ਸਪੀਕਰ** : ਡਾਂਗ ਸਾਹਿਬ ਬੀਬੀ ਨਹੀਂ।

**ਚੌਧਰੀ ਜਗਤ ਰਾਮ** : ਸਪੀਕਰ ਸਾਹਿਬ, ਇਹ ਠੀਕ ਹੈ, ਲੇਕਿਨ ਮੇਰੇ ਦੇਸ਼ ਵਿੱਚ ਰਿਵਾਜ਼ ਹੈ ਕਿ ਹਰ ਕੋਈ ਆਪਣੇ ਮਤਲਬ ਦਾ ਬੁਰਕਾ ਔੜ ਲੈਂਦਾ ਹੈ, ਚਾਹੇ ਬੀਬੀ ਹੋਵੇ ਜਾਂ ਬੀਬਾ ਹੋਵੇ। ਇਸ ਕਰਕੇ ਬੁਰਕਾ ਔੜ ਕੇ ਇਸਦੀ ਮੁਖਾਲਫਤ ਕੀਤੀ ਹੈ। ਜੇ ਇਸ ਤਰ੍ਹਾਂ ਦਾ ਕੋਈ ਬਿਲ ਆਉਂਦਾ ਹੈ ਤਾਂ ਆਪੋਜ਼ੀਸ਼ਨ ਆਪਣੀ ਨੀਤੀ ਨਾਲ ਜ਼ਰੂਰ ਇਸ ਦੀ ਮੁਖਾਲਫਤ ਕਰਦੀ ਹੈ। ਲੇਕਿਨ ਅੱਜ ਤਕ ਕਿਸੇ ਨੇ ਇਹ ਸਬੂਤ ਨਹੀਂ ਦਿੱਤਾ ਕਿ ਆਪੋਜ਼ੀਸ਼ਨ ਦੇ ਕਿਸੇ ਬੰਦੇ ਨੇ ਇਸ ਦੀ ਮੁਖਾਲਫਤ ਕੀਤੀ ਹੋਵੇ ਅਤੇ ਬਾਅਦ ਵਿੱਚ ਅਲਾਊਂਸ ਨਾ ਲਿਆ ਹੋਵੇ।

**ਸ੍ਰੀ ਸਪੀਕਰ** : ਸ੍ਰੀ ਮੋਹਨ ਲਾਲ ਦੱਤ, ਐਮ. ਐਲ. ਏ. ਨੇ ਨਹੀਂ ਲਿਆ ਸੀ।

**ਚੌਧਰੀ ਜਗਤ ਰਾਮ** : ਸਪੀਕਰ ਸਾਹਿਬ, ਕਾਂਗਰਸ ਪਾਰਟੀ ਦਾ ਮੋਹਨ ਲਾਲ ਦੱਤ ਹੀ ਸੀ ਜਿਸਨੇ ਬਿਲ ਦੀ ਮੁਖਾਲਫਤ ਕਰਕੇ ਬਾਅਦ ਵਿੱਚ ਅਲਾਊਂਸ ਨਹੀਂ ਸੀ ਲਿਆ। ਜਿਹੜੇ ਆਨੈਸਟ ਐਮ. ਐਲ. ਏਜ਼ ਹਨ ਜਿਨ੍ਹਾਂ ਨੇ ਸਹੀ ਮਾਹਨਿਆਂ ਵਿੱਚ ਦੇਸ਼ ਦੀ ਸੇਵਾ ਕਰਨੀ ਹੈ, ਉਹ ਕਾਂਸਟੀਚੂਐਂਸੀ ਦਾ ਕੰਮ ਕਰਨ ਤੇ ਖਰਚ ਭਰਦੇ ਹਨ। ਜੇ ਆਨੈਸਟੀ ਨਾਲ ਚਲਣਾ ਹੈ ਤਾਂ ਠੀਕ ਹੈ, ਪਰ ਜਿਹੜਾ ਆਦਮੀ ਨਿਕੰਮੇ ਢੰਗ ਦੇ ਕੰਮ ਕਰਦਾ ਹੈ ਅਤੇ ਠੀਕ ਢੰਗ ਨਾਲ ਨਹੀਂ ਚਲਦਾ, ਉਸ ਦੇ ਨਾਲ ਪੁਲਿਟੀਕਲ ਬੰਦੇ ਖਰਾਬ ਹੁੰਦੇ ਹਨ, ਉਹ ਹੇਰਾ ਫੇਰੀ ਬੰਦ ਹੋਣੀ ਚਾਹੀਦੀ ਹੈ। ਕਈ ਲੋਕ ਵਕੀਲ ਬਣਦੇ ਹਨ, ਕਈ ਯੂਨੀਅਨਜ਼ ਦੇ ਧੰਦੇ ਹੁੰਦੇ ਹਨ, ਉਨ੍ਹਾਂ ਦੀ ਫੀਸ ਵਕੀਲ ਨੇ ਤਾਂ ਤੈਅ ਨਹੀਂ ਕਰਨੀ। ਜੇ ਵਕੀਲ ਕੋਲ ਕਿਸੇ ਕੰਮ ਲਈ ਚਲੇ ਜਾਓ ਤਾਂ ਉਹ ਕਹਿੰਦਾ ਹੈ ਕਿ ਮੁਨਸ਼ੀ ਕੋਲ ਜਾਓ ਅਤੇ ਜਦੋਂ ਮੁਨਸ਼ੀ ਕੋਲ ਜਾਓ ਤਾਂ ਉਹ ਕਹਿੰਦਾ ਹੈ ਕਿ ਪਹਿਲਾਂ ਫੀਸ ਦਾ ਫੈਸਲਾ ਕਰ ਲਓ। ਚੌਧਰੀ ਦਰਸ਼ਨ ਸਿੰਘ ਜੀ ਉਠ ਕੇ ਚਲੇ ਗਏ, ਨਹੀਂ ਤਾਂ ਮੈਂ ਉਨ੍ਹਾਂ ਨੂੰ ਵੀ ਅਰਜ਼ ਕਰਦਾ।

ਸੋ ਮੈਂ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

**ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ)** : ਸਪੀਕਰ ਸਾਹਿਬ, ਮੈਨੂੰ ਥੋੜ੍ਹਾ ਜਿਹਾ ਇਸ ਗੱਲ ਦਾ ਬੜਾ ਦੁੱਖ ਹੋਇਆ ਕਿ ਡਾਂਗ ਸਾਹਿਬ ਨੇ ਡਾਂਗ ਫੜੀ ਹੈ ਅਤੇ ਉਸ ਨੂੰ ਚਲਾਈ ਜਾਂਦੇ ਹਨ ਅਤੇ ਭਾਵੇਂ ਆਪਣਿਆਂ ਨੂੰ ਲੱਗੇ ਜਾਂ ਦੂਜਿਆਂ ਨੂੰ ਲਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਆਪਣਿਆਂ ਨੂੰ ਨਹੀਂ ਮਾਰਦੇ ।

**ਮਾਲ ਅਤੇ ਚੋਣ ਮੰਤਰੀ** : ਪੈਸੇ ਨ ਲੈਣੇ ਹੋਣ ਤਾਂ ਆਪਣਿਆਂ ਤੇ ਵੀ ਵਜਦੀ ਹੈ । ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਅਸੈਂਬਲੀ ਦੇ ਮੈਂਬਰ ਸਾਹਿਬਾਨ ਨਾਲ ਅਤੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਹੋਰ ਲੋਕਾਂ ਨਾਲ, ਐਂਪਲਾਈਜ਼ ਦੇ ਨਾਲ ਜੋ ਤਸ਼ਬੀਹ ਦਿੱਤੀ ਹੈ, ਉਹ ਵਾਜਿਬ ਨਹੀਂ । ਐਂਪਲਾਈਜ਼ ਦੀ ਗੱਲ ਬਜਟ ਉਤੇ ਕੀਤੀ ਗਈ ਹੈ, ਇਕ ਦਫਾ ਨਹੀਂ ਕਈ ਦਫਾ ਕੀਤੀ ਗਈ । ਸਪੀਕਰ ਸਾਹਿਬ, ਤੁਸੀਂ ਕਿਹਾ ਵੀ ਸੀ ਕਿ ਰੈਪੀਟੀਸ਼ਨ ਦੀ ਲੋੜ ਨਹੀਂ । ਮੈਂ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਗੱਲ ਕਰਦਾ ਹਾਂ। ਪ੍ਰਧਾਨ ਮੰਤਰੀ ਜੀ ਦੇ 20 ਨੁਕਾਤੀ ਪ੍ਰੋਗਰਾਮ ਦਾ ਜ਼ਿਕਰ ਕੀਤਾ ਗਿਆ ਹੈ । ਇਸ ਪ੍ਰੋਗਰਾਮ ਦੇ ਨਾਲ ਸਾਰੇ ਮੈਂਬਰ ਸਾਹਿਬਾਨ ਦੀ ਜ਼ਿੰਮੇਦਾਰੀ ਵੱਧ ਗਈ ਹੈ ਕਿਉਂਕਿ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਹਲਕੇ ਦੇ ਪਿੰਡਾਂ ਵਿਚ ਜਾਕੇ ਵੇਖਣਾ ਹੈ (ਥਪਿੰਗ) ਕਿ ਗਰੀਬ ਲੋਕਾਂ ਨੂੰ ਪਲਾਟ ਮਿਲੇ ਹਨ ਕਿ ਨਹੀਂ ਅਤੇ ਲੋਕਾਂ ਦੀਆਂ ਹੋਰ ਰਿਕੁਆਇਰਮੈਂਟਸ ਪੂਰੀਆਂ ਹੋ ਰਹੀਆਂ ਹਨ ਕਿ ਨਹੀਂ । ਇਸ ਦੇ ਨਾਲ ਹੀ ਪਿੰਡਾਂ ਵਿਚ ਜਿਹੜੇ ਗਰੀਬ ਲੇਬਰਰਜ਼ ਹਨ, ਉਨ੍ਹਾਂ ਵਾਸਤੇ ਕਾਟੇਜ ਇੰਡਸਟਰੀਜ਼ ਅਤੇ ਦੂਜੇ ਕੰਮਾਂ ਵਿਚ, ਜੋ 20 ਨੁਕਾਤੀ ਪ੍ਰੋਗਰਾਮ ਵਿਚ ਦਿੱਤੇ ਗਏ ਹਨ, ਉਨ੍ਹਾਂ ਵਾਸਤੇ ਕੰਮ ਠੀਕ ਹੋ ਰਿਹਾ ਹੈ ਜਾਂ ਨਹੀਂ ।

**ਚੌਧਰੀ ਜਗਤ ਰਾਮ** : ** **

**Mr. Speaker** : This is no point of order.

**ਮਾਲ ਅਤੇ ਚੋਣ ਮੰਤਰੀ** : ਇਹ ਮਹਿਸੂਸ ਕੀਤਾ ਗਿਆ ਕਿ ਮੈਂਬਰ ਸਾਹਿਬਾਨ ਆਪਣੀ ਜ਼ਿੰਮੇਦਾਰੀ ਪੂਰੀ ਤਰ੍ਹਾਂ ਨਿਭਾ ਸਕਣ ਅਤੇ ਪੂਰਾ ਧਿਆਨ ਰਖ ਸਕਣ, ਇਸ ਕਰਕੇ ਇਹ ਅਲਾਊਂਸ ਵਿਚ ਵਾਧਾ ਕੀਤਾ ਹੈ । ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 4 ਸਾਲਾਂ ਵਿਚ ਸਹਾਇਤਾ ਵਜੋਂ ਸਟੇਟ ਦੇ ਇੰਪਲਾਈਜ਼ ਨੂੰ, ਪ੍ਰੋਫੈਸਰਾਂ ਨੂੰ, ਟੀਚਰਾਂ ਨੂੰ, ਕਲਰਕਾਂ ਨੂੰ ਚਪੜਾਸੀਆਂ ਨੂੰ ਅਤੇ ਹੋਰ ਜਿਹੜੇ ਲੋਕ ਦਫਤਰਾਂ ਵਿਚ ਕੰਮ ਕਰਦੇ ਹਨ, ਜਿਹੜੇ ਇਹ ਸਭ ਕਰਮਚਾਰੀ ਹਨ, 30 ਕਰੋੜ ਰੁਪਏ ਦਾ ਐਡੀਸ਼ਨਲ ਬਰਡਨ ਸਰਕਾਰ ਨੇ ਬਰਦਾਸ਼ਤ ਕੀਤਾ ਹੈ ਅਤੇ ਇਸ ਦੇ ਵਿਚ ਹਰ ਮਹਿਕਮਾਂ ਕਵਰ ਹੁੰਦਾ ਹੈ । ਫਿਰ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਗਰੇਡ ਵੀ ਮਿਲ ਰਹੇ ਹਨ । ਡਾਂਗ ਸਾਹਿਬ ਕਹਿੰਦੇ ਹਨ ਕਿ ਟੀਚਰਾਂ ਦਾ ਕੁਝ ਨਹੀਂ ਕੀਤਾ । ਅਸੀਂ ਪ੍ਰੋਫੈਸਰਾਂ ਵਗੈਰਾ ਨੂੰ ਗਰੇਡ ਦੇ ਦਿੱਤੇ ਹਨ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇੰਪਲਾਈਜ਼ ਨੂੰ ਲੈਜਿਸਲੇਟਰਜ਼ ਦੇ ਮੁਕਾਬਲੇ ਵਿਚ ਲਿਆਉਣਾ ਠੀਕ ਨਹੀਂ ਹੈ, ਸਰਕਾਰ ਨੇ ਇੰਪਲਾਈਜ਼ ਵਾਸਤੇ ਵੀ ਸਭ ਕੁਝ ਕੀਤਾ ਹੈ । ਜੋ ਮੈਂਬਰ ਸਾਹਿਬਾਨ ਦੀ ਜ਼ਿਮੇਦਾਰੀ ਹੈ ਅਤੇ ਜੋ ਇਸ ਵੇਲੇ ਇਕਨੌਮਿਕ ਹਾਲਾਤ ਹਨ, ਉਸ ਦੇ ਹਿਸਾਬ ਨਾਲ ਮੈਂਬਰ ਸਾਹਿਬਾਨ ਨੂੰ ਕੁਝ ਜ਼ਿਆਦਾ ਅਲਾਊਂਸ ਦਿੱਤਾ ਜਾਵੇ ਤਾਂ ਕੋਈ ਗੱਲ ਨਹੀਂ ਹੈ । ਸੋ ਇਸ ਬਿਲ ਦੀ ਮੁਖਾਲਫਤ ਕਰਨਾ ਠੀਕ ਨਹੀਂ ਮੈਂਬਰ ਸਾਹਿਬਾਨ ਨੂੰ ਕੁਝ ਜ਼ਿਆਦਾ ਅਲਾਊਂਸ ਮਿਲੇ, ਉਹ ਆਪਣੀਆਂ ਕੰਸਟੀਚਿਊਐਂਸੀਜ਼ ਵਿਚ ਜਾ ਕੇ ਸਾਰੇ ਕੰਮ ਨੂੰ ਵੇਖ ਸਕਣ, ਇਹ ਚੰਗੀ ਗੱਲ ਹੈ । ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਮੈਂਬਰ ਸਾਹਿਬਾਨ ਵਾਸਤੇ ਫੈਸਿਲਿਟੀ ਦੀ ਲੋੜ ਹੈ ਅਤੇ ਬੀ. ਡੀ. ਓਜ਼ ਦੀਆਂ ਜੀਪਾਂ ਉਨ੍ਹਾਂ ਨੂੰ ਦੇ ਦਿੱਤੀਆਂ ਜਾਣ ਕੰਸਟੀਚਿਊਐਂਸੀਜ਼ ਵਿਚ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਜਾਣ ਵਾਸਤੇ, ਪਰ ਦੂਜੇ ਪਾਸੇ ਬਿਲ ਦੀ ਮੁਖਾਲਫਿਤ ਕਰਦੇ ਹਨ। ਸੋ ਮੈਂ ਇਹ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਸਰਵ ਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ।

**Mr. Speaker** : Question is—

That the Punjab Legislative Assembly (Allowances of Members) (Amendment) Bill, 1976 be taken into consideration at once.

*The Motion was carried.*

**Mr. Speaker** : Now the House will proceed to consider the Bill clause by clause.

SUB-CLAUSE (2) OF CLAUSE 1

**Mr. Speaker** : Question is—

That Sub-Clause (2) of Clause 1 stand part of the Bill.

*The Motion was carried.*

CLAUSE 2

**Mr. Speaker** : Question is—

That Clause 2 stand part of the Bill.

*The Motion was carried.*

SUB-CLAUSE (1) OF CLAUSE 1

**Mr. Speaker** : Question is—

That Sub-Clause (1) of Clause 1 stand part of the Bill.

*The Motion was carried.*

TITLE

**Mr. Speaker** : Question is—

That Title be the Title of the Bill.

*The Motion was carried.*

**Revenue & Elections Minister (Sardar Umrao Singh)** : Sir, I beg to move—

That the Punjab Legislative Assembly (Allowances of Members) (Amendment) Bill be passed.

**Mr. Speaker** : Motion moved—

That the Punjab Legislative Assembly (Allowances of Members) (Amendment) Bill be passed.

**Mr. Speaker** : Question is—

That the Punjab Legislative Assembly (Allowances of Members) (Aendment) Bill be passed.

*The Motion was carried.*

Original with;
Punjab Vidhan Sabha
Digitized by;
Panjab Digital Library

# THE EAST PUNJAB MINISTER'S SALARIES (AMENDMENT) BILL, 1976.

**Revenue & Elections Minister (Sardar Umrao Singh)** : Sir, I beg to introduce the East Punjab Minister's Salaries (Amendment) Bill.

Sir, I also beg to move—

That the East Punjab Minister's Salaries (Amendment) Bill be taken into consideration at once.

**Mr. Speaker** : Motion moved—

That the East Punjab Minister's Salaries (Amendment) Bill be taken into cousideration at once.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਕਰਨਾ ਚਾਹੁੰਦਾ ਹਾਂ ਅਤੇ ਇਸ ਦੇ ਕੁਝ ਬੁਨਿਆਦੀ ਕਾਰਨ ਵੀ ਹਨ । ਇਸ ਬਿਲ ਦੇ ਰਾਹੀਂ ਤਜਵੀਜ਼ ਇਹ ਹੈ ਕਿ ਮਨਿਸਟਰ ਸਾਹਿਬ ਨੂੰ ਜਿਹੜੀਆਂ ਤਨਖਾਹਾਂ ਮਿਲਦੀਆਂ ਹਨ, ਉਨ੍ਹਾਂ ਉਤੇ ਉਹ ਇਨਕਮ ਟੈਕਸ ਨਹੀਂ ਭਰਦੇ ਅਤੇ ਸਰਕਾਰ ਉਨ੍ਹਾਂ ਦਾ ਇਨਕਮ ਟੈਕਸ ਅਦਾ ਕਰਦੀ ਹੈ । ਇਸ ਗੱਲ ਦੇ ਵਿਚ ਅਸੂਲ ਦੀ ਗੱਲ ਵੀ ਆਉਂਦੀ ਹੈ। ਸਰਦਾਰ ਉਮਰਾਓ ਸਿੰਘ ਜੀ ਨੇ ਹੁਣੇ ਹੀ ਤਕਰੀਰ ਕਰਦਿਆਂ ਕਿਹਾ ਕਿ ਪਤਾ ਨਹੀਂ ਮਿਸਟਰ ਡਾਂਗ ਕਿਉਂ ਮੁਲਾਜ਼ਮਾਂ ਦੇ ਨਾਲ ਤਸ਼ਬੀਹ ਦਿੰਦੇ ਹਨ । ਸਪੀਕਰ ਸਾਹਿਬ, ਮੈਂ ਤਾਂ ਇਹ ਸਮਝਦਾ ਹਾਂ ਕਿ ਹਰ ਇਕ ਇਨਸਾਨ ਹੈ, ਜ਼ਿੰਮੇਦਾਰੀ ਵਖੋ ਵੱਖ ਹੋ ਸਕਦੀ ਹੈ ਅਤੇ ਹਰ ਇਕ ਦੀ ਜ਼ਿੰਮੇਦਾਰੀ ਦੇ ਮੁਤਾਬਿਕ ਉਸ ਦੇ ਨਾਲ ਇਨਸਾਫ ਹੋਣਾ ਚਾਹੀਦਾ ਹੈ । ਜੇ ਕਿਸੇ ਆਦਮੀ ਨੂੰ ਇਨਸਾਫ ਦੀ ਲੋੜ ਹੈ ਅਤੇ ਉਸ ਨੂੰ ਨਾ ਮਿਲੇ ਤਾਂ ਸਾਡਾ ਫਰਜ਼ ਹੈ ਕਿ ਉਸ ਵਾਸਤੇ ਆਵਾਜ਼ ਉਠਾਈਏ । ਇਸ ਦੇ ਨਾਲ ਮੈਂ ਇਹ ਕਹਿ ਰਿਹਾ ਸੀ ਕਿ ਮਨਿਸਟਰਾਂ ਦੀ ਤਨਖਾਹ ਤਾਂ ਇਨਕਮ ਟੈਕਸ ਤੋਂ ਫਰੀ ਹੋਵੇ, ਜਿਹੜੀ ਕਿ ਇਕ ਨਵੀਂ ਕੈਟੇਗਰੀ ਬਣਾ ਦਿੱਤੀ ਹੈ, ਪਰ ਜਿਹੜੇ ਸਰਕਾਰੀ ਮੁਲਾਜ਼ਮ ਹਨ, ਛੋਟਾ ਹੈ ਜਾਂ ਬੜਾ ਹੈ, ਪੀ. ਸੀ. ਐਸ. ਹੈ, ਉਸ ਤੋਂ ਥੱਲੇ ਹੈ ਜਾਂ ਉਸ ਤੋਂ ਉਪਰ ਹੈ, ਉਨ੍ਹਾਂ ਨੂੰ ਇਨਕਮ ਟੈਕਸ ਦੇਣਾ ਪੈਂਦਾ ਹੈ । ਇਸ ਕਰਕੇ ਮੈਂ ਇਹ ਕਹਾਂਗਾ ਕਿ ਮਨਿਸਟਰਾਂ ਦੀਆਂ ਤਨਖਾਹਾਂ ਤੇ ਵੀ ਇਨਕਮ ਟੈਕਸ ਲਗਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਟੈਕਸ ਵੀ ਐਟ ਸੋਰਸ ਕਟਿਆ ਜਾਣਾ ਚਾਹੀਦਾ ਹੈ ਤਾਂ ਕਿ ਹਰ ਆਦਮੀ ਨੂੰ ਪਤਾ ਲਗੇ ਕਿ ਮਨਿਸਟਰ ਸਾਹਿਬਾਨ ਵੀ ਇਨਕਮ ਟੈਕਸ ਦਿੰਦੇ ਹਨ, ਅਤੇ ਲੋਕਾਂ ਨੂੰ ਪਤਾ ਲਗੇ ਕਿ ਇਹ ਜਿਹੜੀ ਕੈਟੇਗਰੀ ਹੈ, ਜਿਨ੍ਹਾਂ ਦੀ ਤਨਖਾਹ ਤਾਂ ਵਧਾ ਦਿੱਤੀ ਜਾਂਦੀ ਹੈ, ਪਰ ਇਨਕਮ ਟੈਕਸ ਫ਼ਰੀ ਹੈ । ਇਥੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਬੜੇ ਸੱਜਣਾਂ ਦੀਆਂ ਜ਼ਮੀਨਾਂ ਹਨ, ਕਈਆਂ ਕੋਲ ਵੱਧ ਹਨ, ਕਈਆਂ ਕੋਲ ਘੱਟ ਹਨ ਅਤੇ ਕਈਆਂ ਕੋਲ ਬੇਨਾਮੀ ਵੀ ਹੋਵੇਗੀ । ਤੁਹਾਨੂੰ ਪਤਾ ਹੋਣਾ ਹੈ ਕਿ ਐਗਰੀਕਲਚਰਲ ਇਨਕਮ ਜਿਹੜੀ ਹੈ, ਉਹ ਇਨਕਮ ਟੈਕਸ ਤੋਂ ਫਰੀ ਹੈ । ਹਾਲਾਂ ਤੀਕ ਸਾਰੇ ਸੂਬਿਆਂ ਨਾਲੋਂ ਸਾਡੇ ਸੂਬੇ ਵਿਚ ਹੀ ਫਰੀ ਹੈ ਅਤੇ ਕਈ ਸੂਬਿਆਂ ਵਿਚ ਐਗਰੀਕਲਚਰਲ ਇਨਕਮ ਤੇ ਇਨਕਮ ਟੈਕਸ ਲਿਆ ਜਾਂਦਾ ਹੈ ਪਰ ਸਾਡੇ ਸੂਬੇ ਵਿਚ ਫਰੀ ਹੈ । ਸਪੀਕਰ ਸਾਹਿਬ, ਇਹ ਚੀਜ਼ ਸਾਰੇ ਹਿੰਦੁਸਤਾਨ ਵਿਚ ਹੀ ਲਾਗੂ ਕਰ ਦੇਣੀ ਚਾਹੀਦੀ ਹੈ ਕਿ ਇਕ ਆਦਮੀ ਦੀ ਜਿੰਨਿਆਂ ਸੋਰਸਿਜ਼ ਤੋਂ ਜੋ ਵੀ ਆਮਦਨ ਹੋਵੇ ਉਸ ਉਤੇ ਟੈਕਸ ਲਗਣਾ ਚਾਹੀਦਾ ਹੈ । ਇਨਕਮ ਟੈਕਸ ਦੇ ਮੁਤਾਬਿਕ ਜਿੰਨੀ ਆਮਦਨੀ ਕਿਸੇ ਦੀ ਵਧਦੀ ਜਾਂਦੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਹੈ, ਉਸ ਉਤੇ ਟੈਕਸ ਵੀ ਵਧਦਾ ਜਾਂਦਾ ਹੈ ਅਤੇ ਡਬਲ ਤਕ ਵੀ ਹੋ ਜਾਂਦਾ ਹੈ। ਹੁਣ ਕਾਨੂੰਨ ਇਹ ਹੈ ਕਿ ਰੇਟ ਦਾ ਫੈਸਲਾ ਕਰਨ ਵਾਸਤੇ ਐਗਰੀਕਲਚਰਲ ਇਨਕਮ ਵਿਚ ਪਾਈ ਜਾਵੇਗੀ ਅਤੇ ਉਸ ਰੇਟ ਤੇ ਐਗਰੀਕਲਚਰਲ ਇਨਕਮ ਤੇ ਟੈਕਸ ਲਗਦਾ ਹੈ। ਕਿਹੜੇ ਮਨਿਸਟਰ ਦੀ ਕਿੰਨੀ ਜ਼ਮੀਨ ਹੈ ਅਤੇ ਕਿੰਨੀ ਉਸ ਦੀ ਹੋਰ ਰਿਸੋਰਸਿਜ਼ ਤੋਂ ਆਮਦਨੀ ਹੈ, ਕੀ ਉਨ੍ਹਾਂ ਤੇ ਇਨਕਮ ਟੈਕਸ ਦਿੱਤਾ ਹੈ, ਰਿਟਰਨ ਭਰੀ ਹੈ ਜਾਂ ਨਹੀਂ ਇਹੋ ਜਿਹੀਆਂ 500 ਕੰਪਲੀਕੇਸ਼ਨਜ਼ ਬਾਅਦ ਵਿਚ ਖੜੀਆਂ ਹੋ ਜਾਣਗੀਆਂ। ਇਕ ਮਨਿਸਟਰ ਨੂੰ ਹੋਰ ਵੀ ਕਈ ਰਿਸੋਰਸਿਜ਼ ਤੋਂ ਆਮਦਨੀ ਹੋ ਸਕਦੀ ਹੈ। ਇਸ ਕਰਕੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਟ੍ਰੇਟ ਫਾਰਵਰਡ ਗੱਲ ਕਰਨੀ ਚਾਹੀਦੀ ਹੈ। ਮਨਿਸਟਰਾਂ ਦੀਆਂ ਤਨਖਾਹਾਂ ਬੇਸ਼ਕ ਵਧਾ ਲਓ ਪਰ ਇਹ ਕਹਿਣਾ ਕਿ ਅਸੀਂ ਤਨਖਾਹ ਤਾਂ ਵਧਾਈ ਨਹੀਂ ਪਰ ਜਿਹੜਾ ਇਨਕਮ ਟੈਕਸ ਹੈ ਉਨ੍ਹਾਂ ਦੀ ਤਨਖਾਹ ਤੇ ਇਹ ਸਰਕਾਰ ਦੇਵੇਗੀ, ਇਹ ਠੀਕ ਨਹੀਂ। ਇਸ ਕਰਕੇ ਇਹ ਬਿਲ ਗੈਰ-ਵਾਜ਼ਬ ਹੈ, ਇਹ ਵਾਪਸ ਹੋਣਾ ਚਾਹੀਦਾ ਹੈ ਅਤੇ ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ।

**ਸਰਦਾਰ ਸੁਰਿੰਦਰ ਸਿੰਘ ਕੈਰੋਂ** (ਪੱਟੀ) : ਸਪੀਕਰ ਸਾਹਿਬ, ਮੈਂ ਡਾਂਗ ਸਾਹਿਬ ਦੀ ਗੱਲ ਸੁਣੀ ਹੈ। ਮੈਂ ਇਨਕਮ ਟੈਕਸ ਦਾ ਅਸੈਸੀ ਹੋਣ ਦੇ ਨਾਤੇ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਦੀ ਤਨਖਾਹ ਤੋਂ ਇਲਾਵਾ ਦੂਸਰੀ ਇਨਕਮ ਹੈ, ਚਾਹੇ ਉਹ ਜ਼ਮੀਨ ਤੋਂ ਹੈ ਜਾਂ ਕਿਸੇ ਹੋਰ ਰਿਸੋਰਸਿਜ਼ ਤੋਂ ਹੈ, ਉਸ ਦੀ ਸ਼ਰ੍ਹਾ ਇਸ ਵਿਚ ਸ਼ਾਮਲ ਨਹੀਂ ਹੋਣੀ। ਫਰਜ਼ ਕਰੋ ਕਿ ਇਕ ਮਨਿਸਟਰ ਦੀ ਤਨਖਾਹ 1500 ਰੁਪਏ ਹੈ ਅਤੇ 4 ਹਜ਼ਾਰ ਰੁਪਏ ਉਸ ਨੂੰ ਹੋਰ ਰਿਸੋਰਸਿਜ਼ ਤੋਂ ਆਮਦਨੀ ਹੈ ਜਿਸ ਦਾ ਕਿ ਸਾਨੂੰ ਪਤਾ ਵੀ ਨਹੀਂ, ਇਸ ਆਮਦਨੀ ਦੇ ਬਾਰੇ ਜ਼ਰੂਰ ਕਲੀਅਰ ਕਰ ਦੇਣਾ ਚਾਹੀਦਾ ਹੈ। ਗੌਰਮਿੰਟ ਨੇ ਸਿਰਫ ਉਸ ਤੇ ਇਨਕਮ ਟੈਕਸ ਦੇਣਾ ਹੈ ਜੋ ਉਸ ਦੀ ਤਨਖਾਹ ਹੈ ਅਤੇ ਇਸ ਤੋਂ ਇਲਾਵਾ ਜੋ ਹੋਰ ਉਸ ਦੀ ਆਮਦਨੀ ਹੈ ਉਸ ਤੇ ਸਰਕਾਰ ਨੇ ਟੈਕਸ ਨਹੀਂ ਦੇਣਾ, ਉਹ ਉਨ੍ਹਾਂ ਨੇ ਆਪ ਦੇਣਾ ਹੈ। ਸੋ ਮੈਂ ਸਮਝਦਾ ਹਾਂ ਕਿ ਇਹੋ ਜਿਹੀ ਕੋਈ ਗੱਲ ਨਹੀਂ ਹੈ ਅਤੇ ਡਾਂਗ ਸਾਹਿਬ ਨੂੰ ਕੋਈ ਖਤਰਾ ਨਹੀਂ ਹੋਣਾ ਚਾਹੀਦਾ।

**ਸ੍ਰੀ ਸਪੀਕਰ** : ਕਈ ਗਰੀਬ ਮਨਿਸਟਰ ਵੀ ਹੁੰਦੇ ਹਨ ਜਿਨ੍ਹਾਂ ਦੀ ਤਨਖਾਹ ਤੋਂ ਇਲਾਵਾ ਕੋਈ ਹੋਰ ਆਮਦਨੀ ਨਹੀਂ ਹੁੰਦੀ।

**ਸਰਦਾਰ ਸੁਰਿੰਦਰ ਸਿੰਘ ਕੈਰੋਂ** : ਦੂਜੀ ਮੇਰੀ ਸੁਜੈਸ਼ਨ ਇਹ ਹੈ ਕਿ ਇਹ ਇਨਕਮ ਟੈਕਸ ਦੀ ਰਿਟਰਨ ਜਿਹੜੀ ਹੈ ਇਹ ਮਨਿਸਟਰ ਨੂੰ ਆਪ ਭਰਨੀ ਚਾਹੀਦੀ ਹੈ ਡਿਪਾਰਟਮੈਂਟ ਨੂੰ ਇਸ ਵਿਚ ਗ਼ਲਤੀ ਲਗ ਸਕਦੀ ਹੈ ਅਤੇ ਇਹ ਰਿਟਰਨ ਗ਼ਲਤ ਭਰਨਾ ਇਕ ਕਰਾਈਮ ਹੈ। ਸੋ ਇਹ ਜਿਹੜੀ ਰਿਟਰਨ ਹੈ ਇਹ ਮਨਿਸਟਰ ਨੂੰ ਆਪਣੀ ਆਮਦਨੀ ਦੀ ਆਪ ਭਰਨੀ ਚਾਹੀਦੀ ਹੈ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** (ਖੰਨਾ, ਐਸ, ਸੀ) : ਸਪੀਕਰ ਸਾਹਿਬ, ਮੇਰੀ ਸੁਜੈਸ਼ਨ ਇਹ ਹੈ ਕਿ ਇਹ ਜਿਹੜਾ ਵਜ਼ੀਰ ਸਾਹਿਬ ਨੇ ਬਿਲ ਲਿਆਂਦਾ ਹੈ ਅਸੀਂ ਇਸ ਨੂੰ ਪਾਸ ਤਾਂ ਕਰ ਦੇਣਾ ਹੈ। ਲੇਕਿਨ ਮੇਰਾ ਸੁਝਾਵ ਇਹ ਹੈ ਕਿ ਅੱਗੇ ਐਮ.ਐਲ.ਏ. ਨੂੰ 500

Original with;
Punjab Vidhan Sabha
Digitized by;
Panjab Digital Library

ਰੁਪਿਆ ਮਿਲਦਾ ਸੀ ਅਤੇ ਇਨਕਮ ਟੈਕਸ ਨਹੀਂ ਲਗਦਾ ਸੀ ਹੁਣ 225 ਰੁਪਏ ਹੋਰ ਐਡ ਕਰ ਦਿੱਤੇ ਹਨ ਤਾਂ ਇਹ ਟੈਕਸੇਬਲ ਹੋ ਜਾਵੇਗਾ....।

**ਸ੍ਰੀ ਸਪੀਕਰ :** ਇਹ ਤਾਂ ਅਲਾਊਂਸ ਹੈ, ਇਹ ਇਸ ਤਰ੍ਹਾਂ ਨਹੀਂ ਹੋਵੇਗਾ ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ.ਸੀ.) : ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ । ਇਹ ਜਿਹੜਾ ਮਨਿਸਟਰਾਂ ਦੀਆਂ ਤਨਖਾਹਾਂ ਤੇ ਇਨਕਮ ਟੈਕਸ ਸਰਕਾਰ ਦੇਵੇਗੀ, ਇਸ ਨਾਲ ਜਨਤਾ ਤੇ ਭਾਰ ਪਵੇਗਾ । ਇਸ ਲਈ ਇਹ ਬਿਲ ਵਾਪਸ ਹੋਣਾ ਚਾਹੀਦਾ ਹੈ । ਇਸ ਕਰਕੇ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਇਹ ਕਰਨੀ ਚਾਹੁੰਦਾ ਹਾਂ ਕਿ ਹੁਣੇ ਹੀ ਅਸੀਂ ਮੈਂਬਰਜ਼ ਨੂੰ ਕਾਂਸਟੀਚਿਊਐਂਸੀ ਅਲਾਊਂਸ ਦਿੱਤਾ ਹੈ ਪਰ ਉਸ ਵਿਚ ਮਨਿਸਟਰ ਨਹੀਂ ਆਉਂਦੇ । ਕਈ ਸਟੇਟਾਂ ਵਿਚ ਇਹ ਅਲਾਊਂਸ ਮੈਂਬਰਾਂ ਨੂੰ ਵੀ ਮਿਲਦਾ ਹੈ ਅਤੇ ਮਨਿਸਟਰਾਂ ਨੂੰ ਵੀ ਮਿਲਦਾ ਹੈ । ਇਸ ਦੇ ਨਾਲ ਹੀ ਜਿਹੜਾ ਉਨ੍ਹਾਂ ਦੀ ਸੈਲਰੀ ਤੇ ਇਨਕਮ ਟੈਕਸ ਹੁੰਦਾ ਹੈ ਉਹ ਵੀ ਗੌਰਮਿੰਟ ਖਾਤੇ ਵਿਚੋਂ ਹੀ ਦਿੱਤਾ ਜਾਂਦਾ ਹੈ । ਹੁਣੇ ਹੀ ਮੈਨੂੰ ਮਾਸਟਰ ਜੀ ਨੇ ਦਸਿਆ ਹੈ, ਇਹ ਬਹੁਤ ਪੁਰਾਣੇ ਮੈਂਬਰ ਰਹੇ ਹਨ, ਇਨ੍ਹਾਂ ਨੇ ਦਸਿਆ ਹੈ ਕਿ 1947 ਤੋਂ ਬਾਅਦ ਇਨ੍ਹਾਂ ਦੀਆਂ ਤਨਖਾਹਾਂ ਵਿਚ ਕੋਈ ਜ਼ਿਆਦਾ ਵਾਧਾ ਨਹੀਂ ਹੋਇਆ । ਇਸ ਲਈ ਜੇ ਇਹ ਹਾਉਸ ਚਾਹੁੰਦਾ ਹੈ ਤਾਂ ਇਹ ਜਿਹੜਾ ਥੋੜ੍ਹਾ ਜਿਹਾ ਰਲੀਫ ਹੈ ਇਹ ਦਿੱਤਾ ਜਾਵੇ । ਇਸ ਦੇ ਵਿਚ ਜਿਹੜੀ ਕਿਸੇ ਮਨਿਸਟਰ ਦੀ ਕਿਸੇ ਹੋਰ ਰਿਸੋਰਸਿਜ਼ ਤੋਂ ਜਾਂ ਐਗਰੀਕਲਚਰ ਤੋਂ ਆਮਦਨੀ ਹੈ ਉਸ ਤੇ ਅਸਰ ਨਹੀਂ ਪਵੇਗਾ । ਸਪੀਕਰ ਸਾਹਿਬ, ਕੁਝ ਐਸੇ ਕੇਸਿਜ਼ ਸਨ ਜਿਵੇਂ ਕਿ ਜਿਹੜੇ ਹੁਣ ਡਿਪਟੀ ਮਨਿਸਟਰ ਤੋਂ ਸਟੇਟ ਮਨਿਸਟਰ ਬਣੇ ਹਨ, ਉਨ੍ਹਾਂ ਦੇ ਇਹ ਕੇਸ 2 ਸਾਲ ਤੋਂ ਚਲ ਰਹੇ ਸਨ, ਸਿਰਫ ਉਨ੍ਹਾਂ ਵਿਚ ਯੂਨੀਫਾਰਮਿਟੀ ਲਿਆਉਣ ਵਾਸਤੇ ਇਹ ਕਰ ਰਹੇ ਹਾਂ । ਇਸ ਲਈ ਇਸ ਨੂੰ ਪਾਸ ਕੀਤਾ ਜਾਵੇ ।

**Mr. Speaker**: Question is—

That the East Punjab Minister's Salaries (Amendment) Bill be taken into consideration at once.

*The motion was carried.*

**Mr. Speaker**: Now the House will proceed to consider the Bill clause by clause.

SUB-CLAUSE (2) OF CLAUSE 1.

**Mr. Speaker : Question is—**

That Sub-Clause (2) of Clause 1 stand part of the Bill.

*The motion was carried*

Original with;
Punjab Vidhan Sabha
Digitized by;
Panjab Digital Library

CLAUSE 2

**Mr. Speaker**: Question is—

That Clause 2 stand part of the Bill.

*The motion was carried.*

SUB-CLAUSE (1) OF CLAUSE 1.

**Mr. Speaker** : Question is—

That Sub-Clause (1) of Clause 1 stand part of the Bill.

*The motion was carried.*

TITLE

**Mr. Speaker** : Question is—

That Title be the Title of the Bill.

*The Motion was carried.*

**Revenue & Elections Minister (Sardar Umrao Singh)**: Sir, I beg to move—

That the East Punjab Minister's Salaries (Amendment) Bill be passed.

**Mr. Speaker** : Motion moved—

That the East Punjab Minister's Salaries (Amendment) Bill be passed.

**Mr. Speaker**: Question is—

That the East Punjab Minister's Salaries (Amendment) Bill be passed.

*The motion was carried.*

---

## THE SALARIES AND ALLOWANCES OF DEPUTY MINISTERS, PUNJAB (AMENDMENT) BILL, 1976.

**Revenue & Elections Minister** (Sardar Umrao Singh): Sir, I beg to introduce the Salaries and Allowances of Deputy Ministers, Punjab (Amendment) Bill.

Sir, I beg to moved—

That the Salaries and Allowances of Deputy Ministers, Punjab (Amendment) Bill be taken into consideration at once.

**Mr. Speaker**: Motion moved—

That the Salaries and Allowances of Deputy Ministers, Punjab (Amendment) Bill be taken into consideration at once.

**Mr. Speaker**: Question is—

That the Salaries and Allowances of Deputy Ministers, Punjab (Amendment) Bill be taken into consideration at once.

*The motion was carried.*

Original with;
Punjab Vidhan Sabha
Digitized by;
Panjab Digital Library

**Mr. Speaker**: Now the House will proceed to consider the Bill clause by clause.

SUB-CLAUSE (2) OF CLAUSE 1.

**Mr. Speaker**: Question is—

That Sub-Clause (2) of Clause 1 stand part of the Bill.

*The motion was carried.*

CLAUSE 2

**Mr. Speaker**: Question is—

That Clause 2 stand part of the Bill.

*The motion was carried.*

CLAUSE 3

**Mr. Speaker**: Question is—

That Clause 3 stand part of the Bill.

*The motion was carried.*

CLAUSE 4

**Mr. Speaker**: Question is—

That Clause 4 stand part of the Bill.

*The motion was carried.*

SUB-CLAUSE (1) OF CLAUSE 1.

**Mr. Speaker**: Question is—

That Sub-Clause (1) of Clause 1 stand part of the Bill.

*The motion was carried.*

TITLE

**Mr. Speaker**: Question is—

That Title be the Title of the Bill.

*The motion was carried.*

**Revenue and Elections Minister** (Sardar Umrao Singh): Sir, I beg to move—

That the Salaries and Allowances of Deputy Ministers, Pnnjab (Amendment) Bill, be passed.

Original with;
Punjab Vidhan Sabha
Digitized by;
Panjab Digital Library

**Mr. Speaker**: Motion moved—

That the Salaries and Allowances of Deputy Ministers, Punjab (Amendment) Bill be passed.

**Mr. Speaker**: Question is—

That the Salaries and Allowances of Deputy Ministers, Punjab (Amendment) Bill be passed.

*The motion was carried.*

## THE PUNJAB LEGISLATIVE ASSEMBLY SPEAKER'S AND DEPUTY SPEAKER'S SALARIES (AMENDMENT) BILL, 1976

**Revenue and Elections Minister** (Sardar Umrao Singh): Sir, I beg to introduce the Punjab Legislative Assembly Speaker's and Deputy Speaker's Salaries (Amendment) Bill.

Sir, I also beg to move—

That the Punjab Legislative Assembly Speaker's and Deputy Speaker's Salaries (Amendment) Bill be taken into consideration at once.

**Mr. Speaker**: Motion moved—

That the Punjab Legislative Assembly Speaker's and Deputy Speaker's Salaries (Amendment) Bill be taken into consideration at once.

**Mr. Speaker**: Question is—

That the Punjab Legislative Assembly Speaker's and Deputy Speaker's Salaries (Amendment) Bill be taken into consideration at once.

*The motion was carried.*

**Mr. Speaker**: Now the House will proceed to consider the Bill Clause by Clause.

SUB-CLAUSE (2) OF CLAUSE 1

**Mr. Speaker**: Question is—

That Sub-Clause (2) of Clause 1 stand part of the Bill.

*The motion was carried.*

CLAUSE 2

**Mr. Speaker**: Question is—

That Clause 2 stand part of the Bill.

*The motion was carried.*

SUB-CLAUSE (1) OF CLAUSE 1

**Mr. Speaker**: Question is—

That Sub-Clause (1) of Clause 1 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

TITLE

**Mr. Speaker**: Question is—

> That Title be the Title of the Bill.

*The motion was carried.*

**Revenue and Elections Minister** (Sardar Umrao Singh): Sir, I beg to move—

> That the Punjab Legislative Assembly Speaker's and Deputy Speaker's Salaries (Amendment) Bill be passed.

**Mr. Speaker**: Motion moved—

> That the Punjab Legislative Assembly Speaker's and Deputy Speakers Salaries (Amendment) Bill be passed.

**Mr. Speaker**: Question is—

> That the Punjab Legislative Assembly Speaker's and Deputy Speaker's Salaries (Amendment) Bill be passed.

*The motion was carried.*

---

## THE PUNJAB LAND REFORMS (AMENDMENT) BILL, 1976

**Revenue and Elections Minister** (Sardar Umrao Singh): Sir, I beg to introduce the Punjab Land Reforms (Amendment) Bill.

Sir, I also beg to move—

> That the Punjab Land Reforms (Amendment) Bill, be taken into consideration at once.

**Mr. Speaker**: Motion moved—

> That the Punjab Land Reform (Amendment) Bill, be taken into consideration at once.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਮਾਲ ਮੰਤਰੀ ਜੀ ਲਿਆ ਰਹੇ ਹਨ ਇਸ ਵਿਚ ਪਹਿਲਾਂ ਦਿੱਤਾ ਹੋਇਆ ਸੀ ਕਿ ਜੇਕਰ ਕੋਈ ਲੈਂਡ ਲਾਰਡ ਰਿਟਰਨ ਗਲਤ ਦੇਵੇ ਜਾਂ ਦੇਵੇ ਹੀ ਨਾ ਤਾਂ ਉਸ ਨੂੰ 6 ਮਹੀਨੇ ਸਜ਼ਾ ਹੋ ਸਕਦੀ ਹੈ ਜਾਂ ਇਕ ਹਜ਼ਾਰ ਰੁਪਏ ਤਕ ਜੁਰਮਾਨਾ ਹੋ ਸਕਦਾ ਹੈ ਔਰ ਇਸ ਵਿਚ ਇਹ ਹੈ ਕਿ ਦੋ ਸਾਲ ਸਜ਼ਾ ਹੋ ਸਕਦੀ ਹੈ ਜਾਂ ਦੋ ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ। ਇਹ ਠੀਕ ਹੈ ਕਿ ਇਹ ਸਟਰਾਂਗ ਹੈ ਪਹਿਲਾਂ ਨਾਲੋਂ ਔਰ ਸਟਰੇਜੈਂਟ ਮੈਯਰ ਹੈ ਲੇਕਿਨ ਨਾਲ ਦੀ ਨਾਲ ਮਾਮਲੇ ਦੀ ਅਹਿਮੀਅਤ ਨੂੰ ਸਾਹਮਣੇ ਰਖਦੇ ਹੋਏ ਜੋ ਅੱਜ ਇਸ਼ੂ ਇਨਵਾਲਵ ਹੈ ਉਸ ਨੂੰ ਬੜੀ ਹੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਸਪੀਕਰ ਸਾਹਿਬ, ਰਾਜਾ ਫਰੀਦਕੋਟ ਦੀ 12,582 ਏਕੜ ਜ਼ਮੀਨ ਹੈ। 1952 ਤੋਂ ਲੈਂਡ ਰਿਫਾਰਮਜ਼ ਦੇ ਕਾਨੂੰਨ ਬਣ ਰਹੇ ਹਨ, ਲੇਕਿਨ ਕਿਸੇ ਵੀ ਕਾਨੂੰਨ ਦੇ ਅਨੁਸਾਰ ਉਨ੍ਹਾਂ ਨੇ ਆਪਣੀ ਲੈਂਡ ਨਹੀਂ ਛੱਡੀ ਇਸ ਲਈ ਮੈਂ ਕਹਾਂਗਾ ਕਿ ਇਹੋ ਜਿਹੇ ਜਿਹੜੇ ਡੀਫਾਲਟਰਜ਼ ਹੋਣ ਉਨ੍ਹਾਂ ਵਾਸਤੇ ਦੋਵੇਂ ਗਲਾਂ ਹੀ ਕਰ ਦਿੱਤੀਆਂ ਜਾਣ ਤਾਂ ਵੀ ਕੋਈ ਮਾੜੀ ਗੱਲ ਨਹੀਂ ਹੋਵੇਗੀ। ਵੈਸੇ ਵੀ ਸਾਡੇ ਪ੍ਰਾਈਮ ਮਨਿਸਟਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਦੇ ਪ੍ਰੋਗਰਾਮ ਦੇ ਮੁਤਾਬਿਕ ਔਰ ਜੋ ਮੁਲਕ ਦੇ ਹਾਲਾਤ ਹਨ ਉਨ੍ਹਾਂ ਨੂੰ ਵੇਖਦੇ ਹੋਏ ਇਹ ਤਿੰਨ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ:—

ਜਿਵੇਂ ਪਹਿਲੀ ਗੱਲ ਇਹ ਹੈ ਕਿ ਇਹ ਕੀਤਾ ਜਾਵੇ ਕਿ ਦੋ ਸਾਲ ਦੀ ਸਜ਼ਾ ਜਾਂ ਦੋ ਹਜ਼ਾਰ ਰੁਪਏ ਜੁਰਮਾਨਾ ਜਾਂ ਦੋਨੋਂ ਇਕੱਠੀਆਂ, ਹਾਲਾਤ ਨੂੰ ਵੇਖ ਕੇ, ਹੋਣਗੀਆਂ।

ਅਗਲੀ ਗੱਲ ਇਹ ਹੈ, ਸਪੀਕਰ ਸਾਹਿਬ, ਕਿ ਅਮੈਂਡਿੰਗ ਬਿੱਲ ਲਿਆਂਦਾ ਹੈ, ਚੰਗੀ ਮੱਦ ਲਿਆਂਦੀ ਹੈ । 1972 ਵਿਚ ਲੈਂਡ ਰਿਫਾਰਮਜ਼ ਐਕਟ ਪਹਿਲਾਂ ਪਾਸ ਕੀਤਾ ਹੈ । ਇਸ ਵਿਚ ਹੋਰ ਵੀ ਬੜੀਆਂ ਊਣਤਾਈਆਂ ਹਨ । ਇਕ ਪਿੱਛੇ ਜਿਹੇ ਅਮੈਂਡਮੈਂਟ ਸਰਦਾਰ ਉਮਰਾਓ ਸਿੰਘ ਜੀ ਨੇ ਪਾਸ ਕਰਵਾ ਲਈ ਸੀ ਜਿਸ ਵਿਚ ਇਹ ਸੀ ਕਿ ਲੈਂਡ ਲਾਰਡਜ਼ ਦਾ ਜਿਹੜਾ ਸਰਪਲੱਸ ਏਰੀਆ ਹੈ ਅਗਰ ਕਿਸੇ ਜਾਗੀਰਦਾਰ ਨੂੰ ਤਕਸੀਮ ਹੋਣ ਤੋਂ ਪਹਿਲਾਂ ਹੀ ਮੁਜ਼ਾਰੇ ਬਿਠਾਏ ਹੋਏ ਹਨ, ਜਦੋਂ ਉਹ ਸਰਪਲੱਸ ਕੀਤੀ ਜਾਵੇਗੀ ਤਾਂ ਅਲਾਟਮੈਂਟ ਲਈ ਲੀਗਲ ਕਬਜ਼ਾ ਜਿਹੜਾ ਹੈ, ਉਹ ਮੰਨ ਲਿਆ ਜਾਵੇਗਾ। ਇਸ ਤਰ੍ਹਾਂ ਨਾਲ ਇਲ ਲੀਗਲ ਅਲਾਟਮੈਂਟ ਨੂੰ ਲੀਗਲ ਬਣਾਉਣ ਵਾਲੀ ਗੱਲ ਸੀ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਬਹੁਤ ਸਾਰੇ ਜਾਗੀਰਦਾਰਾਂ ਨੇ ਬੇ-ਨਾਮੀ ਜ਼ਮੀਨਾਂ ਕੀਤੀਆਂ ਹੋਈਆਂ ਹਨ, ਕਿਸੇ ਨੇ ਨੌਕਰ ਦੇ ਨਾਮ ਉਤੇ ਅਤੇ ਕਿਸੇ ਨੇ ਕਿਸੇ ਬਾਹਰਲੇ ਦੇ ਨਾਮ ਉਤੇ। ਜੇਕਰ ਉਹ ਅਮੈਂਡਮੈਂਟ ਪਰਵਾਨ ਹੋ ਜਾਵੇ ਤਾਂ ਉਸ ਨਾਲ ਲੈਂਡ ਰੀਫਾਰਮਜ਼ ਨਾਲੋਂ ਇਫੈਕਟ ਟੁੱਟ ਜਾਂਦਾ ਸੀ। ਬਾਅਦ ਵਿਚ ਕਈ ਵਾਰੀ ਇਹ ਮਾਮਲਾ ਟੇਕ ਅੱਪ ਕੀਤਾ ਹੈ। ਇਨ੍ਹਾਂ ਨੇ ਕਿਹਾ ਸੀ ਕਿ ਵਾਕਿਆ ਹੀ ਉਮਿਸ਼ਨ ਹੋ ਗਈ ਸੀ । ਇਸ ਲਈ ਉਹ ਵੀ ਜਿਹੜੀ ਅਮੈਂਡਮੈਂਟ ਹੋ ਗਈ ਸੀ ਉਸ ਨੂੰ ਨੱਲੀਫਾਈ ਕਰਨ ਵਾਸਤੇ ਵੀ ਕੋਈ ਸੋਧਨਾ ਲਿਆਂਦੀ ਜਾਂਦੀ ਤਾਂ ਚੰਗੀ ਗਲ ਸੀ। ਸਾਨੂੰ ਇਹ ਵੀ ਪਤਾ ਲਗਿਆ ਹੈ ਕਿ ਉਸ ਸੋਧਨਾ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲੀ । ਅਸੀਂ ਵੀ ਔਰ ਸਾਡਾ ਡੈਪੂਟੇਸ਼ਨ ਵੀ ਐਗਰੀਕਲਚਰ ਮਨਿਸਟਰ ਨੂੰ ਮਿਲਿਆ ਸੀ । ਉਸ ਨੇ ਵੀ ਕਿਹਾ ਸੀ ਕਿ ਇਹ ਐਂਟੀ-ਡਿਮਾਂਡ ਡਿਸੀਜ਼ਨ ਹੋ ਗਿਆ ਹੈ ਔਰ ਇਸ ਨੂੰ ਮਨਜ਼ੂਰੀ ਨਹੀਂ ਦੇਵਾਂਗੇ। ਇਸ ਲਈ ਉਸ ਵਲ ਵੀ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਕ ਗੱਲ ਹੋਰ ਹੈ ਕਿ ਬੇ-ਨਾਮੀਆਂ ਦੀ ਡੈਫੀਨੀਸ਼ਨ ਬਾਰੇ ਐਕਟ ਵਿਚ ਕੁਝ ਨਹੀਂ ਹੈ । ਜਦੋਂ ਤਕ ਇਸ ਦੀ ਡੈਫੀਨੀਸ਼ਨ ਨਹੀਂ ਸਰਕਾਰ ਕਰਦੀ, ਉਸ ਵੇਲੇ ਤਕ ਇਹ ਲੈਂਡ ਨਹੀਂ ਲੈ ਸਕਦੇ। ਸੋ ਮੈਂ ਸਮਝਦਾ ਹਾਂ ਕਿ ਤਿੰਨ ਕਿਸਮ ਦੀਆਂ ਜ਼ਮੀਨਾਂ ਨੂੰ ਛੱਡ ਕੇ ਸਾਰੀਆਂ ਹੀ ਬੇਨਾਮੀਆਂ ਸਮਝੀਆਂ ਜਾਣ। ਇਕ ਲੀਗਲ ਹੇਅਰ ਦੀ। ਲੀਗਲ ਹੇਅਰ ਨੂੰ, ਲਿਜੀਬਲ ਟਾਈਪ ਨੂੰ ਅਲਾਟ ਹੋ ਗਈ ਹੋਵੇ। (ਵਿਘਨ) ਜਾਂ ਸਰਕਾਰ ਨੇ ਕਰਜ਼ਾ ਦਿੱਤਾ ਹੋਵੇ ਔਰ ਉਸ ਨੂੰ ਜ਼ਬਤ ਕਰ ਲਿਆ ਹੋਵੇ। ਤਿੰਨ ਕਿਸਮਾਂ ਨੂੰ ਛੱਡ ਕੇ ਬਾਕੀ ਸਾਰੀ ਹੀ ਬੇ-ਨਾਮੀ ਤਸਲੀਮ ਹੋਣੀ ਚਾਹੀਦੀ ਹੈ।

ਬਾਕੀ ਜਿਹੜੀਆਂ ਕਮੇਟੀਆਂ ਬਣਾਈਆਂ ਹਨ ਉਨ੍ਹਾਂ ਨੂੰ ਕੋਈ ਇਖਤਿਆਰ ਨਹੀਂ । ਕੋਈ ਸਟੈਚੂਟਰੀ ਪਾਵਰਜ਼ ਨਹੀਂ। ਉਹ ਕਿਵੇਂ ਦੱਸ ਸਕਦੀਆਂ ਹਨ ਕਿ ਕਿਹੜੀ ਜ਼ਮੀਨ ਠੀਕ ਹੈ, ਕਿਹੜੀ ਗਲਤ ਹੈ । ਇਸ ਲਈ ਉਨ੍ਹਾਂ ਨੂੰ ਸਟੈਚੂਟਰੀ ਪਾਵਰਜ਼ ਦਿੱਤੀਆਂ ਜਾਣ । ਇਸ ਚੀਜ਼ ਦਾ ਲੈਂਡ ਰਿਫਾਰਮਜ਼ ਐਕਟ ਦੀ ਇੰਪਲੀਮੈਂਟੇਸ਼ਨ ਦੇ ਵਿਚ ਬੜਾ ਹੀ ਅਹਿਮ ਸਥਾਨ ਹੈ । ਇਸ ਚੀਜ਼ ਦਾ ਬਿਲ ਦੇ ਵਿਚ ਕਿਸੇ ਕਿਸਮ ਦਾ ਜ਼ਿਕਰ ਨਹੀਂ ਹੈ ਔਰ ਨਾ ਹੀ ਵੈਸੇ ਹੈ ।

Original with;
Punjab Vidhan Sabha
Digitized by;
Panjab Digital Library

ਇਕ ਗੱਲ, ਸਪੀਕਰ ਸਾਹਿਬ, ਹੋਰ ਹੈ ਕਿ ਸੰਨ 1959 ਦੀ ਗੱਲ ਹੈ ........... ।

**ਸ੍ਰੀ ਸਪੀਕਰ** : ਜੋਸ਼ ਸਾਹਿਬ, ਤੁਸੀਂ ਫਾਲਸ ਡੈਕਲੇਰੇਸ਼ਨ ਦੇ ਕੇਸ ਵਿਚ ਸਜ਼ਾ ਦੇ ਬਾਰੇ ਸੁਝਾਉ ਦਿਓ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਹਾਂ ਜੀ, ਉਹ ਹੀ ਦੇ ਰਿਹਾ ਹਾਂ। ਇਹ ਬਿੱਲ ਲੈਂਡ ਰਿਫਾਰਮਜ਼ ਐਕਟ ਵਿਚ ਦਰੁਸਤੀ ਕਰਨ ਵਾਸਤੇ ਹੈ। ਇਸ ਤਰ੍ਹਾਂ ਦੀਆਂ ਅਮੈਂਡਮੈਂਟਸ ਹੋਰ ਬਹੁਤ ਸਾਰੀਆਂ ਲਿਆਉਣੀਆਂ ਚਾਹੀਦੀਆਂ ਸਨ । ਲੈਂਡ ਰਿਫਾਰਮਜ਼ ਦਾ ਐਕਟ ਪਾਸ ਕੀਤਾ ਹੈ, ਉਸ ਵਿਚ ਬਹੁਤ ਨੁਕਸ ਹਨ । ਇਸ ਲਈ ਉਹ ਸਾਰੀਆਂ ਚੀਜ਼ਾਂ ਇਸ ਬਿੱਲ ਵਿਚ ਆਉਣੀਆਂ ਚਾਹੀਦੀਆਂ ਸਨ ਜਿਨ੍ਹਾਂ ਨਾਲ ਕਿ ਮੇਨ ਐਕਟ ਦੀਆਂ ਊਣਤਾਈਆਂ ਦੂਰ ਹੋ ਜਾਂਦੀਆਂ ।

**ਚੌਧਰੀ ਜਗਤ ਰਾਮ** : * * * * *

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਹ ਆਨਰੇਬਲ ਮੈਂਬਰ ਨਾਲ ਮਜ਼ਾਕ ਹੈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸੋ, ਸਪੀਕਰ ਸਾਹਿਬ, ਲੈਂਡ ਰਿਫਾਰਮਜ਼ ਐਕਟ ਸੰਨ 1972 ਦੇ ਵਿਚ ਪਾਸ ਹੋਇਆ । ( ਘੰਟੀ ) ਸਪੀਕਰ ਸਾਹਿਬ, ਕਮਾਲ ਦੀ ਗੱਲ ਹੈ, ਤੁਸੀਂ ਘੰਟੀ ਵਜਾਉਣ ਲਗ ਪੈਂਦੇ ਹੋ । ਮੈਂ ਰੈਲੇਵੈਂਟ ਬੋਲ ਰਿਹਾ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਉਮਰਾਓ ਸਿੰਘ ਜੀ ਇਹ ਦੱਸਣ , ਸਰਕਾਰ ਇਹ ਦੱਸੇ, ਅਸੀਂ ਸੰਨ 1972 ਵਿਚ ਕਿਹਾ ਸੀ ਹਾਊਸ ਵਿਚ ਕਿ ਜਿਹੜੀ ਡੈਫੀਨੀਸ਼ਨ ਫੈਮਿਲੀ ਦੀ ਹੈ, ਉਹ ਗਲਤ ਹੈ ।

**Mr. Speaker**: Please be relevant.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕਮਾਲ ਹੈ, ਸਪੀਕਰ ਸਾਹਿਬ, ਮੈਂ ਏਹੋ ਹੀ ਤਾਂ ਕਹਿੰਦਾ ਹਾਂ ਕਿ ਜਿਹੜੀ ਮੱਦ ਸਰਦਾਰ ਉਮਰਾਓ ਸਿੰਘ ਜੀ ਲਿਆਉਣੀ ਚਾਹੁੰਦੇ ਸਨ ਅਸੀਂ ਕਹਿੰਦੇ ਹਾਂ ਕਿ ਉਹ ਠੀਕ ਨਹੀਂ ਹੈ । ਇਨ੍ਹਾਂ ਨੂੰ ਐਲ. ਆਰ. ਨੇ ਇਕ ਸਾਲ ਗਧੀ-ਗੇੜ ਪਾ ਰਖਿੱਆ ਹੈ । ਸੈਂਟਰ ਤੋਂ ਜੋ ਕੁਝ ਆਇਆ ਹੈ ਉਹ ਨੌਂਵੇਂ ਸ਼ਡਿਊਲਡ ਵਿਚ ਆ ਗਿਆ ਹੈ । ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦੀਆਂ ਹੋਰ ਜਿਹੜੀਆਂ ਊਣਤਾਈਆਂ ਹਨ ਉਨ੍ਹਾਂ ਨੂੰ ਵੀ ਦੂਰ ਕਰਨ । ਇਹ ਅਮੈਂਡਮੈਂਟ ਠੀਕ ਹੈ, ਚੰਗੀ ਹੈ । ਇਸ ਵਿਚ ਮੈਂ ਇਤਨਾ ਕਹਿੰਦਾ ਹਾਂ ਕਿ ਜੁਰਮਾਨਾ ਅਤੇ ਸਜ਼ਾ ਇਕੱਠੇ ਕਰ ਦਿਓ ।

**ਚੌਧਰੀ ਰਾਮ ਸਿੰਘ** ( ਪਠਾਨਕੋਟ ): ਸਪੀਕਰ ਸਾਹਿਬ, ਇਹ ਜਿਹੜਾ ਲੈਂਡ ਰਿਫਾਰਮਜ਼ ਬਿਲ ਆਇਆ ਹੈ ਇਹ ਬਹੁਤ ਚੰਗਾ ਬਿਲ ਹੈ ਅਤੇ ਇਸ ਦੇ ਵਿਚ ਦੋ ਸਾਲ ਦੀ ਸਜ਼ਾ ਅਤੇ 2 ਹਜ਼ਾਰ ਰੁਪਏ ਜੁਰਮਾਨਾ ਵੀ ਰਖਿਆ ਗਿਆ ਹੈ । ਇਹ ਜਿਹੜਾ ਲੈਂਡ ਰਿਫਾਰਮਜ਼ ਦਾ ਮਸਲਾ ਹੈ ਇਹ ਬਹੁਤ ਦੇਰ ਤੋਂ ਚਲਿਆ ਆ ਰਿਹਾ ਹੈ । ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਇਹ ਸੁਝਾਓ ਦੇਵਾਂਗਾ ਕਿ ਫੈਮਿਲੀ ਦੇ ਯੂਨਿਟਸ ਅਤੇ ਬੇ-ਨਾਮੀ ਦੇ ਬਾਰੇ ਵਿਚ ਇਕੋ ਵਾਰੀ ਜਿਹੜੀ ਅਮੈਂਡਮੈਂਟ ਕਰਨੀ ਹੈ ਉਸ ਨੂੰ ਕਰਕੇ ਇਕ ਕਾਮਯਾਬ ਬਿਲ ਦੀ ਸ਼ਕਲ ਵਿਚ ਲਿਆਉਣ ਤਾਂਕਿ ਰੋਜ਼ ਰੋਜ਼ ਦਾ

---

**Expunged as ordered by the Chair

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਝਗੜਾ ਖਤਮ ਹੋ ਜਾਵੇ ਅਤੇ ਲੋਕਾਂ ਨੂੰ ਪਤਾ ਲਗ ਜਾਵੇ ਕਿ ਸਾਨੂੰ ਇਸ ਨਾਲ ਕੁਝ ਜ਼ਮੀਨ ਮਿਲੇਗੀ (ਘੰਟੀ) ਸਰਕਾਰ ਇਕ ਕੰਪਰੀਹੈਂਸਿਵ ਤਰਮੀਮ ਲਿਆ ਕੇ, ਸਪੈਸ਼ਲ ਇਜਲਾਸ ਬੁਲਾਕੇ ਪਾਸ ਕਰਵਾ ਲਵੇ ਤਾਂਕਿ ਲੋਕਾਂ ਨੂੰ ਇਹ ਪਤਾ ਹੋਵੇ ਕਿ ਅਸੀਂ ਬਿਲਕੁਲ ਇਸ ਕੰਮ ਲਈ ਵਚਨਬੱਧ ਹਾਂ। ਇਹ ਤਰਮੀਮ ਬਹੁਤ ਚੰਗੀ ਹੈ। ਇਸ ਕਰਕੇ ਮੇਰੀ ਸਰਕਾਰ ਅੱਗੇ ਇਹ ਹੀ ਪ੍ਰਾਰਥਨਾ ਸੀ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** (ਖੰਨਾ, ਐਸ. ਸੀ.) : ਸਪੀਕਰ ਸਾਹਿਬ, ਜਿਹੜਾ ਸਰਦਾਰ ਉਮਰਾਓ ਸਿੰਘ ਜੀ ਨੇ ਇਹ ਬਿੱਲ ਪੇਸ਼ ਕੀਤਾ ਹੈ। ਮੈਂ ਇਸ ਦੀ ਤਾਂ ਪ੍ਰਸੰਸ਼ਾ ਕਰਦਾ ਹਾਂ ਪਰ ਸਵਾਲ ਇਹ ਹੈ ਕਿ ਲੈਂਡ ਰਿਫਾਰਮਜ਼ ਦਾ ਬਿੱਲ ਸਾਡੀ ਸਟੇਟ ਵਿਚ 1952 ਤੋਂ ਲਾਗੂ ਹੈ। ਉਸ ਸਮੇਂ ਜਦੋਂ ਚੌਧਰੀ ਸੁੰਦਰ ਸਿੰਘ ਜੀ ਉਸ ਸਮੇਂ ਦੇ ਪ੍ਰਧਾਨ ਮੰਤਰੀ ਜੀ ਨੂੰ ਮਿਲਣ ਗਏ ਤਾਂ ਪ੍ਰਧਾਨ ਮੰਤਰੀ ਜੀ ਨੇ ਕਿਹਾ ਕਿ ਤੁਹਾਡੀ ਸਟੇਟ ਤਾਂ ਬਹੁਤ ਚੰਗੀ ਹੈ ਜਿਸ ਨੇ ਲੈਂਡ ਰਿਫਾਰਮ ਨੂੰ ਲਾਗੂ ਕੀਤਾ ਹੈ। ਪਰ ਦੂਸਰੀ ਗੱਲ ਇਹ ਕਹਿਣ ਲੱਗੇ ਕਿ ਲੈਂਡ ਰਿਫਾਰਮ ਦੇ ਨਾਲ ਜ਼ਮੀਨ ਤਾਂ ਆਉਣੀ ਹੈ ਪਰ ਉਥੇ ਤਾਂ ਜ਼ਮੀਨ ਲਈ ਸਿਰ ਕਟ ਦਿੰਦੇ ਹਨ। 1952 ਦਾ ਲੈਂਡ ਰਿਫਾਰਮਜ਼ ਬਿਲ ਇਕ ਖਲੌਣਾ ਦੇ ਕੇ ਸਾਨੂੰ ਬਹਿਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਹੜੀ ਇਹ ਅਮੈਂਡਮੈਂਟ ਆਈ ਹੈ ਇਹ ਬੜੀ ਚੰਗੀ ਹੈ। ਇਹ 1972 ਤੋਂ ਬਾਅਦ ਅੱਜ ਚਾਰ ਸਾਲਾਂ ਦੇ ਬਾਅਦ ਆਈ ਹੈ। ਜਿਨ੍ਹਾਂ ਲੋਕਾਂ ਨੇ ਰਿਟਰਨਜ਼ 1972 ਵਿਚ ਦਿੱਤੀਆਂ ਸਨ, ਇਹ ਕਲੀਅਰ ਨਹੀਂ ਹਨ। (ਘੰਟੀ) ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਲੈਂਡ ਰਿਫਾਰਮਜ਼ ਦੀ ਜਿਹੜੀ ਅਮੈਂਡਮੈਂਟ ਹੈ ਇਹ ਉਦੋਂ ਤਕ ਪੂਰੀ ਨਹੀਂ ਹੋਣੀ ਜਦੋਂ ਤਕ ਸਰਕਾਰ ਇਸ ਲੈਂਡ ਰਿਫਾਰਮਜ਼ ਨੂੰ ਪੂਰੀ ਦਿਲੀ ਕੋਸ਼ਿਸ਼ ਕਰਕੇ ਲਾਗੂ ਨਹੀਂ ਕਰਦੀ। ਮੈਂ ਤਾਂ ਤੁਹਾਡੇ ਰਾਹੀ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਹਰਚੰਦ ਸਿੰਘ ਟਾਈਪ ਦੀਆਂ ਕਮੇਟੀਆਂ ਜ਼ਿਲ੍ਹਾ ਵਾਰ ਬਣਾ ਦਿਤੀਆਂ ਜਾਣ ਅਤੇ ਉਸ ਨੂੰ ਸਟੈਚੂਟਰੀ ਪਾਵਰਜ਼ ਦਿਤੀਆਂ ਜਾਣ ਤਾਂਕਿ ਉਹ ਪਤਾ ਕਰਨ ਕਿ ਕਿਸ ਨੂੰ ਬੇ-ਨਾਮੀ ਜ਼ਮੀਨ ਦੀ ਟਰਾਂਜ਼ੈਕਸ਼ਨ ਕੀਤੀ ਹੈ।

ਜਿਹੜੇ ਲੈਂਡ ਲਾਰਡਾਂ ਨੇ ਜ਼ਮੀਨਾਂ ਨੱਪੀਆਂ ਹੋਈਆਂ ਹਨ ਅਤੇ ਬੇ ਨਾਮੀਆਂ ਕਿਸ ਤਰ੍ਹਾਂ ਹੋ ਰਹੀਆਂ ਹਨ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਬਿਲ ਦਾ ਸਮਰਥਨ ਕਰਦਾ ਹਾਂ ਅਤੇ ਵਜ਼ੀਰ ਸਾਹਿਬ ਤੋਂ ਮੰਗ ਕਰਦਾ ਹਾਂ ਕਿ ਹਰਚੰਦ ਸਿੰਘ ਕਮੇਟੀ ਦੀ ਤਰ੍ਹਾਂ ਕਮੇਟੀਆਂ ਬਣਾ ਦਿੱਤੀਆਂ ਜਾਣ ਅਤੇ ਉਨ੍ਹਾਂ ਨੂੰ ਸਟੈਚੂਟਰੀ ਪਾਵਰਜ਼ ਦਿੱਤੀਆਂ ਜਾਣ।

**ਚੌਧਰੀ ਸੁੰਦਰ ਸਿੰਘ** (ਨਰੋਟ ਮਹਿਰਾ, ਐਸ. ਸੀ.): ਸਪੀਕਰ ਸਾਹਿਬ, ਇਹ ਬਿਲ ਲਿਆਂਦਾ ਹੈ। ਇਹ ਥੋੜਾ ਜਿਹਾ ਚੰਗਾ ਹੀ ਹੈ। ਗੱਲ ਇਹ ਹੈ ਕਿ ਇਹ ਜਿਹੜਾ ਬਿਲ ਲਿਆਂਦਾ ਹੈ ਇਹ ਜ਼ਮੀਨ ਦੇ ਸਿਰ ਤੇ ਹੀ ਬਣਿਆ ਹੈ। ਜਦੋਂ ਸਰ ਛੋਟੂ ਰਾਮ ਇਥੇ ਸੀ ਤਾਂ ਕਿਸਾਨ ਦੇ ਇਲਾਵਾ ਹੋਰ ਕੋਈ ਜ਼ਮੀਨ ਨਹੀਂ ਸੀ ਰੱਖ ਸਕਦਾ ਲੈਂਡ ਏਲਾਈਨੇਸ਼ਨ ਐਕਟ ਦੀ ਮੌਜੂਦਗੀ ਵਿਚ ਗੈਰ ਜੱਟ ਜ਼ਮੀਨ ਨਹੀਂ ਖਰੀਦ ਸਕਦਾ (ਵਿਘਨ) ਅੱਜ ਕਾਂਗਰਸ ਦੀ ਸਰਕਾਰ ਵੇਲੇ ਜ਼ਮੀਨਾਂ ਮਿਲਦੀਆਂ ਹਨ, ਲੈਂਡ ਰਿਫਾਰਮਰਜ਼ ਐਕਟ ਬਣਿਆ ਹੈ ਅਤੇ ਲੈਂਡ ਏਲਾਈਨੇਸ਼ਨ ਐਕਟ ਖ਼ਤਮ ਹੋ ਗਿਆ ਹੈ। ਪਰ ਜਿਥੋਂ ਤਕ ਲੈਂਡ ਰਿਫਾਰਮ ਦਾ ਤਾਅਲੁਕ ਹੈ ਉਹ ਪੰਜਾਬ ਵਿਚ ਨਹੀਂ ਹੋਈ। ਐਸੇ ਲੂਪ ਹੋਲਜ਼ ਵਾਲੇ ਐਕਟ ਬਣਾਉਣ ਦੀ ਬਜਾਏ ਅਗਰ ਨਾ ਹੀ ਬਣਾਏ ਜਾਂਦੇ ਤਾਂ ਹਰੀਜਨ ਜ਼ਮੀਨ ਦੇ ਮੁਕਦਮਿਆਂ ਵਿਚ ਨਾ ਫਸਦੇ ਅਤੇ ਆਪਣੇ ਹੋਰ ਕੰਮਾਂ ਨਾਲ ਗੁਜ਼ਾਰਾ ਕਰ ਲੈਂਦੇ। ਲੈਂਡ ਰਿਫਾਰਮ 1952 ਤੋਂ ਹੋ ਰਹੀ ਹੈ। ਮੈਂ ਕਹਿੰਦਾ ਹਾਂ ਕਿ ਇਸ ਦਾ ਜੇ ਇਹ ਨਾਮ ਹੀ ਨਾ ਲੈਣ ਤਾਂ ਠੀਕ ਹੈ ਕਿਉਂਕਿ ਬਹੁਤ ਸਾਰੇ ਧਨੀ ਲੋਕਾਂ ਨੇ ਜ਼ਮੀਨਾਂ ਨੱਪੀਆਂ ਹੋਈਆਂ ਹਨ ਅਤੇ ਉਹ ਜ਼ਮੀਨਾਂ ਵਾਪਸ ਨਹੀਂ ਦੇ ਰਹੇ। ਲੋਕ ਮੁਕਦੱਮੇ-ਬਾਜ਼ੀ ਵਿਚ ਫੱਸ ਗਏ

Original with;
Punjab Vidhan Sabha
Digitized by;
Panjab Digital Library

ਹਨ। (ਵਿਘਨ) ਠੀਕ ਹੈ ਇਨ੍ਹਾਂ ਨੇ ਬਿਲ ਲਿਆਂਦਾ ਹੈ ਅਤੇ ਬਹੁਤ ਕੁਝ ਕਰ ਰਹੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦਿਹਾਤਾਂ ਵਿਚ ਜਿਸ ਕੋਲ ਜ਼ਮੀਨ ਨਹੀਂ ਹੈ ਉਸ ਦੀ ਕੋਈ ਇਜ਼ਤ ਨਹੀਂ ਅਤੇ ਕਾਂਗਰਸ ਨੇ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਨੂੰ ਜ਼ਮੀਨ ਮਿਲੇ। ਇਵੈਕਿਊ ਪ੍ਰਾਪ੍ਰਟੀ ਦੇ ਵਾਸਤੇ ਵੀ ਕੋਸ਼ਿਸ਼ ਕੀਤੀ ਹੈ ਕਿ ਇਹ ਹਰੀਜਨਾਂ ਨੂੰ ਮਿਲੇ। ਅਸੀਂ ਇਸ ਬਾਰੇ ਕੈਰੋਂ ਸਾਹਿਬ ਨਾਲ ਵੀ ਲੜਾਈ ਕੀਤੀ ਸੀ ਉਨ੍ਹਾਂ ਕਿਹਾ ਕਿ ਦਿਆਂਗੇ। ਉਸ ਤੋਂ ਬਾਅਦ ਕਈ ਸਰਕਾਰਾਂ ਬਣੀਆਂ ਪਰ ਉਨ੍ਹਾਂ ਨੂੰ ਉਹ ਜ਼ਮੀਨਾਂ ਨਹੀਂ ਮਿਲੀਆਂ ਅਤੇ ਲੋਕਾਂ ਨੇ ਨਾਜਾਇਜ਼ ਕਬਜ਼ੇ ਕਰ ਲਏ ਹਨ। ਇਹ ਸਾਰਾ ਸਿਲਸਲਾ ਖਰਾਬ ਹੋਇਆ ਹੈ। ਜਿਹੜੇ ਲੀਡਰ ਬਣੀ ਫਿਰਦੇ ਹਨ ਉਨ੍ਹਾਂ ਨੇ ਕਿਹਾ ਹੈ ਕਿ ਜ਼ਮੀਨਾਂ ਐਕਸ-ਮਿਲਟਰੀ ਵਾਲਿਆਂ ਨੂੰ ਦਿਓ ਅਤੇ ਉਨ੍ਹਾਂ ਨੂੰ ਕੁਝ ਥਾਂ ਤੇ ਆਬਾਦ ਵੀ ਕੀਤਾ ਗਿਆ ਹੈ। ਪਰ ਮੈਂ ਤੁਹਾਨੂੰ ਦਸੱਦਾ ਹਾਂ ਕਿ ਬੇ-ਨਾਮੀਆਂ ਮੇਰੇ ਇਲਾਕੇ ਵਿਚ ਬਹੁਤ ਹੋਈਆਂ ਹਨ। ਜਦੋਂ 8 ਅਪਰੈਲ, 1964 ਦਾ ਫੈਸਲਾ ਹੋਇਆ ਸੀ ਉਸ ਦੇ ਵਿਚ ਸਾਰੀ ਦੀ ਸਾਰੀ ਇਵੈਕਿਊ ਲੈਂਡ ਹਰੀਜਨਾਂ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਸੀ। ਮਗਰ ਜਦੋਂ ਇਸ ਤੋਂ ਬਾਅਦ ਜੋ ਸਰਕਾਰਾਂ ਆਈਆਂ ਉਨ੍ਹਾਂ ਨੇ ਗੈਰ-ਹਰੀਜਨਾਂ ਨੂੰ ਜ਼ਮੀਨਾਂ ਦੇਣੀਆਂ ਸ਼ੁਰੂ ਕਰ ਦਿਤੀਆਂ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਬਹੁਤ ਸਾਰੀਆਂ ਬੇਨਾਮੀਆਂ ਹੋਈਆਂ ਹਨ। ਉਥੇ ਵੱਡੇ-ਵੱਡੇ ਜ਼ਿਮੀਦਾਰਾਂ ਨੇ ਆਪਣੀਆਂ ਜ਼ਮੀਨਾਂ ਵੇਚ ਲਈਆਂ ਹਨ। ਜਿਹੜੀਆਂ ਕਮੇਟੀਆਂ ਬਣੀਆਂ ਹਨ ਉਨ੍ਹਾਂ ਦੀ ਕੋਈ ਮੀਟਿੰਗ ਨਹੀਂ ਕਰਦੇ। ਵੱਡੇ ਵੱਡੇ ਜ਼ਿਮੀਦਾਰਾਂ ਦਾ ਉਨ੍ਹਾਂ ਜ਼ਮੀਨਾਂ ਤੇ ਕਬਜ਼ਾ ਹੈ ਅਤੇ ਉਨ੍ਹਾਂ ਨੇ ਵੇਚ ਕੇ ਲੱਖਾਂ ਰੁਪਏ ਬਣਾ ਲਏ ਹਨ ਅਤੇ ਸ਼ਹਿਰਾਂ ਵਿਚ ਆ ਗਏ ਹਨ। ਜੇ ਲੈਂਡ ਰਿਫਾਰਮ ਕਰਨੀ ਹੈ ਤਾਂ ਜਿਨ੍ਹਾਂ ਨੇ ਬੇਨਾਮੀਆਂ ਕੀਤੀਆਂ ਹਨ ਜਾਂ ਜਿਹੜੇ ਲੋਕ ਗਲਤ ਰਿਟਰਨਾਂ ਭਰਦੇ ਹਨ ਜ਼ਮੀਨ ਦੀਆਂ, ਉਨ੍ਹਾਂ ਨੂੰ ਸਜ਼ਾ ਦਿਓ। ਜ਼ਿਮੀਦਾਰ ਬੜਾ ਖਚਰਾ ਹੁੰਦਾ ਹੈ। ਮੈਂ ਵੀ ਇਕ ਜ਼ਿਮੀਦਾਰ ਹਾਂ ਇਸ ਕਰਕੇ ਮੈਨੂੰ ਪਤਾ ਹੈ ਕਿ ਜ਼ਿਮੀਦਾਰ ਬੜਾ ਖਚਰਾ ਆਦਮੀ ਹੁੰਦਾ ਹੈ। ਮੈਂ ਵੀ ਮਾਰਾਂ ਖਾਧੀਆਂ ਹਨ, ਇਸ ਕਰਕੇ ਮੈਨੂੰ ਸਾਰਾ ਪਤਾ ਹੈ। ਜੇ ਇਨ੍ਹਾਂ ਨੇ ਲੈਂਡ ਰਿਫਾਰਮ ਕਰਨੀ ਹੈ ਤਾਂ ਇਹ ਜਿਹੜੇ ਵੱਡੇ ਵੱਡੇ ਜ਼ਿਮੀਦਾਰ ਧੋਖਾ ਕਰ ਰਹੇ ਹਨ ਉਨ੍ਹਾਂ ਨੂੰ ਤੁਹਾਨੂੰ ਠੀਕ ਕਰਨਾ ਚਾਹੀਦਾ ਹੈ। (ਘੰਟੀ) ਲੈਂਡ ਰਿਫਾਰਮ ਠੀਕ ਤਰ੍ਹਾਂ ਕਰਨੀ ਚਾਹੀਦੀ ਹੈ। ਸਰਦਾਰ ਉਮਰਾਓ ਸਿੰਘ ਜੀ, ਤੁਸਾਂ 2 ਹਜ਼ਾਰ ਰੁਪਏ ਜੁਰਮਾਨਾ ਰੱਖਿਆ ਹੈ ਅਤੇ 2 ਸਾਲ ਦੀ ਸਜ਼ਾ ਰੱਖੀ ਹੈ, ਇਹ ਅੱਛੀ ਗੱਲ ਹੈ ਪਰ ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਨੇ ਬੇਨਾਮੀਆਂ ਕੀਤੀਆਂ ਹਨ ਉਨ੍ਹਾਂ ਨੂੰ ਤੁਸੀਂ ਪਕੜੋ। ਜਿਨ੍ਹਾਂ ਨੇ ਬੇਨਾਮੀਆਂ ਕੀਤੀਆਂ ਹਨ ਉਨ੍ਹਾਂ ਨੂੰ ਉਥੋਂ ਉਠਾਓ ਅਤੇ ਇਸ ਕੰਮ ਵਿਚ ਸ਼ੋਭਾ ਖੱਟੋ। ਉਨ੍ਹਾਂ ਨੂੰ ਉਥੋਂ ਕੱਢੋ ਅਤੇ ਉਹ ਹੋਰ ਕੋਈ ਕੰਮ ਕਰਨ। ਪਰ ਤੁਸੀਂ ਇਹ ਕਰ ਨਹੀਂ ਰਹੇ ਅਤੇ ਇਸ ਦਾ ਨਤੀਜਾ ਇਹ ਹੋਵੇਗਾ ਕਿ ਉਹ ਜ਼ਮੀਨਾਂ ਸਾਂਭੀ ਰੱਖਣਗੇ ਅਤੇ ਬੇਨਾਮੀਆਂ ਰਹਿਣਗੀਆਂ। ਹੁਣ ਸਾਡੇ ਚੀਫ਼ ਮਨਿਸਟਰ ਆਏ ਹਨ ਅਤੇ ਹੁਣ ਕੁਝ ਕੰਮ ਹੋਵੇਗਾ। ਮੈਂ ਕਹਾਂਗਾ ਕਿ ਤੂੰ ਤਕੜਾ ਹੋ ਕੇ ਕੰਮ ਕਰ। ਇਹ ਜਿਹੜੀ ਜ਼ਮੀਨ ਹੈ ਇਸ ਦੇ ਵਾਸਤੇ ਬੜੇ ਨਾਹਰੇ ਵੱਜਦੇ ਹਨ। (ਘੰਟੀ) ਲੈਂਡ ਰਿਫਾਰਮ ਕਸ਼ਮੀਰ ਵਿਚ ਸ਼ੇਖ ਅਬਦੁੱਲਾ ਨੇ ਕੀਤੀ ਹੈ। ਉਥੇ ਬਿਨਾ ਮੁਆਵਜ਼ਾ ਜ਼ਮੀਨ ਲੈ ਲਈ ਹੈ ਪਰ ਬਾਕੀ ਕਿਤੇ ਇਹ ਚੀਜ਼ ਨਹੀਂ ਹੋਈ। ਇਸ ਵਾਸਤੇ ਮੈਂ ਕਹਾਂਗਾ ਕਿ ਇਹ ਜਿਹੜਾ ਪ੍ਰਾਈਮ ਮਨਿਸਟਰ ਦਾ 20 ਨੁਕਾਤੀ ਪ੍ਰੋਗਰਾਮ ਹੈ ਉਸ ਉਤੇ ਅਮਲ ਕਰੋ ਅਤੇ ਵੰਡ ਖਾਓ ਖੰਡ ਖਾਓ ਦੀ ਪਾਲਿਸੀ ਤੇ ਅਮਲ ਕਰਨਾ ਚਾਹੀਦਾ ਹੈ। ਮੇਰੇ ਹਲਕੇ ਨਰੋਟ ਜੈਮਲ ਸਿੰਘ ਵਲ ਧਿਆਨ ਦੇਣ ਦੀ ਲੋੜ ਹੈ। ਉਥੇ ਲੋਕਾਂ ਨੇ ਬੇਨਾਮੀਆਂ ਕੀਤੀਆਂ ਹਨ ਉਨ੍ਹਾਂ ਤੋਂ ਜ਼ਮੀਨ ਲਵੋ ਅਤੇ ਗਰੀਬਾਂ ਵਿਚ ਵੰਡੋ ਤਾਕਿ ਗਰੀਬਾਂ ਨੂੰ ਰੋਟੀ ਮਿਲ ਸਕੇ। ਜ਼ਬਾਨੀ ਜਮ੍ਹਾਂ ਖਰਚ ਚੱਲ ਰਿਹਾ ਹੈ, ਇਸ ਕਰਕੇ ਬੇਨਾਮੀ ਵਾਲਿਆਂ ਨੂੰ ਠੀਕ ਕਰੋ।

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ ): ਸਪੀਕਰ ਸਾਹਿਬ, ਇਹ ਜਿਹੜਾ ਅਮੈਂਡਿੰਗ ਬਿੱਲ ਹੈ, ਇਸ ਦੀ ਮੈਂ ਵਧਾਈ ਦਿੰਦਾ ਹਾਂ। ਪੀਨਲ ਕਲਾਜ਼ ਨੂੰ ਉਨ੍ਹਾਂ ਨੇ ਇਨਕਰੀਜ਼ ਕੀਤਾ ਹੈ। ਜਿਹੜਾ ਨੋਇੰਗਲੀ ਫਾਲਸ ਰਿਟਰਨ ਦੇਵੇ ਉਸ ਵਾਸਤੇ ਦੋ ਹਜ਼ਾਰ ਰੁਪਏ ਜ਼ੁਰਮਾਨਾ ਕੀਤਾ ਹੈ ਅਤੇ ਦੋ ਸਾਲ ਦੀ ਕੈਦ ਰੱਖੀ ਹੈ, ਇਹ ਬੜਾ ਅੱਛਾ ਕੀਤਾ ਹੈ ਅਤੇ ਇਹ ਵਧਾਈ ਦੇ ਪਾਤਰ ਹਨ। ਸਪੀਕਰ ਸਾਹਿਬ, ਮੈਂ ਇਕ ਗਲ ਕਹਿਣਾ ਚਾਹੁੰਦਾ ਹਾਂ ਕਿ ਲੈਂਡ ਰਿਫਾਰਮ ਵਾਸਤੇ ਪੰਜਾਬ ਸਰਕਾਰ ਨੇ ਇਕ ਲੈਂਡ ਰਿਫਾਰਮ ਬਿਲ ਲਿਆਂਦਾ ਪਰ ਉਸ ਨੂੰ ਹਾਈ ਕੋਰਟ ਨੇ ਸਟਰਾਈਕ ਡਾਊਨ ਕਰ ਦਿੱਤਾ। ਇਸ ਤੇ ਪੰਜਾਬ ਸਰਕਾਰ ਨੇ ਉਸਨੂੰ ਸ਼ਡਿਊਲ 9 ਥੱਲੇ ਲਿਆਂਦਾ ਤਾਕਿ ਉਹ ਕੋਰਟ ਦੇ ਪਰਵਿਊ ਵਿਚੋਂ ਨਿਕਲ ਜਾਵੇ। ਸਪੀਕਰ ਸਾਹਿਬ, ਰੋਜ਼ ਲੈਂਡ ਰਿਫਾਰਮ ਦੇ ਬਾਰੇ ਕਿਹਾਂ ਜਾਂਦਾ ਹੈ ਕਿ ਸਾਰੇ ਹਿੰਦ ਦਾ ਮਸਲਾ ਬਣ ਗਿਆ ਹੈ ਅਤੇ ਇਕ ਲਿਮਿਟ ਆ ਗਈ ਹੈ ਕਿ ਇਸ ਤੋਂ ਵੱਧ ਕੋਈ ਜ਼ਮੀਨ ਨਹੀਂ ਰਖ ਸਕਦਾ। ਇਹ ਪੰਜਾਬ ਵਿਚ ਜ਼ਮੀਨ ਬਾਰੇ ਜਿਹੜੇ ਨਾਹਰੇ ਲਗ ਰਹੇ ਹਨ ਪੰਜਾਬ ਵਿਚ ਵੱਡੇ ਵੱਡੇ ਜ਼ਿਮੀਦਾਰਾਂ ਦਾ ਚੰਦ ਨੰਬਰ ਹੀ ਹੈ ਅਤੇ ਉਹ ਉਂਗਲੀਆਂ ਤੇ ਗਿਣੇ ਜਾ ਸਕਦੇ ਹਨ। ਇਹੀ ਚੰਦ ਲੋਕ ਕਿਸਾਨ ਨੂੰ, ਜਿਸ ਨੇ ਅਨਾਜ ਦੇ ਭੰਡਾਰ ਵਿਚ ਇਤਨਾ ਵੱਡਾ ਹਿੱਸਾ ਪਾਇਆ ਹੈ, ਪਾਉਂਦਾ ਹੈ, ਕਿਸਾਨ ਨੂੰ ਬਦਨਾਮ ਕਰਦੇ ਹਨ। ਵਨਸ ਫਾਰ ਆਲ ਜਦ ਲੈਂਡ ਰਿਫਾਰਮ ਕਰ ਰਹੇ ਹਾਂ ਤਾਂ ਤੁਸੀਂ ਇਹੋ ਜਿਹੇ ਅਫਸਰਾਂ ਨੂੰ ਲਾਓ ਜਿਹੜੇ ਇਨ੍ਹਾਂ ਉਂਗਲਾਂ ਤੇ ਗਿਣੇ ਜਾਣ ਵਾਲੇ ਚੰਦ ਆਦਮੀਆਂ ਦੇ ਖਿਲਾਫ, ਜਿਨ੍ਹਾਂ ਨੇ ਬੇਨਾਮੀਆਂ ਕਰਵਾਈਆਂ ਹਨ, ਐਕਸ਼ਨ ਲੈਣ। ਕੋਈ ਪੀਨਲ ਕਲਾਜ਼ ਉਨ੍ਹਾਂ ਦੇ ਖਿਲਾਫ ਵਰਤਣੀ ਪਵੇ ਤਾਂ ਵਰਤੋ ਤਾਕਿ ਉਹ ਜਿਹੜੇ ਚੰਦ ਆਦਮੀ ਕਿਸਾਨ ਨੂੰ ਬਦਨਾਮ ਕਰਦੇ ਹਨ ਉਹ ਉਸਨੂੰ ਬਦਨਾਮ ਨਾ ਕਰਨ। ਕਿਸਾਨ ਹਿੰਦੁਸਤਾਨ ਦੀ ਰੀੜ ਦੀ ਹੱਡੀ ਹੈ। ਜੇ ਹਿੰਦੁਸਤਾਨ ਦੀ ਸਰਕਾਰ ਨੇ ਕਿਹਾ ਕਿ ਜ਼ਮੀਨ ਦੀ ਹਦ ਹੋਰ ਥੱਲੇ ਲੈ ਆਓ ਤਾਂ ਇਹ ਹੋਰ ਥੱਲੇ ਆ ਜਾਣੀ ਹੈ, ਪਰ ਇਸ ਦੀ ਇੰਪਲੀਮੈਂਟੇਸ਼ਨ ਠੀਕ ਹੋਣੀ ਚਾਹੀਦੀ ਹੈ। ਕਿਸਾਨ ਦੀ ਵਰਕਿੰਗ ਬਾਰੇ ਇਹ ਹੈ ਕਿ ਪੰਜਾਬ ਦਾ ਕਿਸਾਨ ਐਨਾ ਗੰਨਾ ਪੈਦਾ ਕਰਦਾ ਹੈ, ਐਨਾ ਅਨਾਜ ਪੈਦਾ ਕਰਦਾ ਹੈ। ਇਸ ਲਈ ਜੇ ਪੰਜਾਬ ਦੇ ਛੋਟੇ ਕਿਸਾਨ ਨੂੰ ਸਹਾਇਤਾ ਦਿਤੀ ਜਾਵੇ ਤਾਂ ਪੀ.ਐਲ. 480 ਅਧੀਨ ਸਾਨੂੰ ਸ਼ਾਇਦ ਬਾਹਰੋਂ ਕਣਕ ਮੰਗਵਾਉਣ ਦੀ ਲੋੜ ਨਹੀਂ ਪੈਂਦੀ। ਠੀਕ ਹੈ ਅਸੀਂ ਛੋਟੇ ਕਿਸਾਨ ਦੀ ਮਦਦ ਕਰ ਰਹੇ ਹਾਂ ਅਤੇ ਕਰਨੀ ਵੀ ਚਾਹੀਦੀ ਹੈ ਪਰ ਜਿਹੜੇ ਵੱਡੇ ਜ਼ਿਮੀਦਾਰ ਹਨ ਉਨ੍ਹਾਂ ਨੂੰ ਕੱਟ ਡਾਊਨ ਕਰੋ ਅਤੇ ਬੇਨਾਮੀਆਂ ਨੂੰ ਸਕਰੂਟੇਨਾਈਜ਼ ਕਰੋ। ਉਨ੍ਹਾਂ ਅਫਸਰਾਂ ਨੂੰ ਇਸ ਪਾਸੇ ਲਾਓ, ਜਿਹੜੇ ਇਸ ਵਿਚਾਰਧਾਰਾ ਦੇ ਹਾਮੀ ਹਨ। ਜਿਹੜੇ ਇਸ ਵਿਚਾਰਧਾਰਾ ਦੇ ਉਲਟ ਹਨ ਉਨ੍ਹਾਂ ਨੂੰ ਦੂਸਰੇ ਪਾਸੇ ਲਾਓ ਅਤੇ ਉਨ੍ਹਾਂ ਨੂੰ ਬੇਨਾਮੀਆਂ ਦੀ ਸਕਰੂਟਿਨੀ ਤੇ ਨਾ ਲਾਓ। ਉਨ੍ਹਾਂ ਦੇ ਨੰਬਰਡ ਕੇਸਿਜ਼ ਹਨ ਅਤੇ ਉਹ ਉਂਗਲੀਆਂ ਤੇ ਗਿਣੇ ਜਾ ਸਕਦੇ ਹਨ। ਉਹ ਕੋਈ ਜ਼ਿਆਦਾ ਤੋਂ ਜ਼ਿਆਦਾ 100 ਤੋਂ ਵੱਧ ਨਹੀਂ। ਇਨ੍ਹਾਂ 100 ਦੇ ਪਿੱਛੇ ਡੇਢ ਕਰੋੜ ਕਿਰਸਾਨ ਖ਼ਰਾਬ ਹੋ ਰਿਹਾ ਹੈ। ਇਸ ਲਈ ਵਨਸ ਫਾਰ ਆਲ ਲੈਂਡ ਰਿਫਾਰਮ ਦੇ ਮਸਲੇ ਨੂੰ ਡਿਸਾਈਡ ਕਰੋ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** (ਫਗਵਾੜਾ, ਐਸ. ਸੀ.) : ਸਪੀਕਰ ਸਾਹਿਬ, ਇਹ ਜਿਹੜਾ ਅਮੈਂਡਿੰਗ ਬਿਲ ਆਇਆ ਹੈ ਮੈਂ ਇਸ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ। ਜਿਹੜੇ ਆਦਮੀਆਂ ਨੇ ਜਾਣ ਬੁਝ ਕੇ ਗਲਤ ਰਿਟਰਨਾਂ ਦਿੱਤੀਆਂ ਹਨ ਉਨ੍ਹਾਂ ਦੀ ਸਜ਼ਾ 6 ਮਹੀਨੇ ਤੋਂ ਵਧਾ ਕੇ 2 ਸਾਲ ਅਤੇ ਜੁਰਮਾਨਾ 1 ਹਜ਼ਾਰ ਰੁਪਏ ਤੋਂ 2 ਹਜ਼ਾਰ ਕਰ ਦਿੱਤਾ ਹੈ, ਇਸ ਦੀ ਮੈਂ ਸ਼ਲਾਘਾ ਕਰਦਾ ਹਾਂ। ਹੁਣੇ ਹੀ ਚੌਧਰੀ ਦਰਸ਼ਨ ਸਿੰਘ ਨੇ ਇਸ ਬਾਰੇ ਕਾਫੀ ਕੁਝ ਦੱਸਿਆ ਹੈ। ਇਹ ਜਿਹੜਾ ਲੈਂਡ ਰਿਫਾਰਮ ਦਾ ਮਸਲਾ ਹੈ, ਪਿੰਡਾਂ ਵਿਚ ਲੈਂਡਲੈਸ ਔਰ ਸ਼ਡਿਊਲਡ ਕਾਸਟਸ ਦੇ ਜ਼ਿਮੀਦਾਰਾਂ ਨਾਲ ਐਨੇ ਝਗੜੇ ਵੱਧ ਗਏ ਹਨ, ਮੈਂ ਸਮਝਦਾ ਹਾਂ ਕਿ ਰੋਜ਼ ਜ਼ਮੀਨ ਦਾ ਰੌਲਾ ਜੋ ਪੈਂਦਾ ਹੈ, ਲੜਾਈਆਂ ਹੁੰਦੀਆਂ ਹਨ, ਕਤਲ ਹੁੰਦੇ ਹਨ ਅਤੇ ਕਿਤੇ ਕਿਤੇ ਸੋਸ਼ਲ ਬਾਈਕਾਟ ਭੀ ਹੁੰਦੇ ਹਨ, ਉਸ ਦਾ ਕਾਰਨ ਜ਼ਮੀਨ ਦਾ ਮਸਲਾ ਹੁੰਦਾ ਹੈ। ਇਸ ਲਈ,

Original with;
Punjab Vidhan Sabha
Digitized by;
Panjab Digital Library

ਸਪੀ ਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਮਸਲੇ ਨੂੰ ਫੌਰੀ ਤੌਰ ਤੇ ਹੱਲ ਕਰ ਦਿੱਤਾ ਜਾਵੇ ਤਾਕਿ ਜਿਹੜੇ ਲੈਂਡਲੈਸ ਲੋਕ ਹਨ, ਸ਼ਡਿਊਲਡ ਕਾਸਟਸ ਅਤੇ ਬੈਕਵਰਡ ਲੋਕ ਹਨ ਉਹ ਇਸ ਪਾਸੇ ਤੋਂ ਹਟਕੇ ਇੰਡਸਟਰੀ ਵਲ ਜਾਂ ਕਿਸੇ ਹੋਰ ਕੰਮ ਵਲ ਉਨ੍ਹਾਂ ਦਾ ਧਿਆਨ ਹੋਵੇ । ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਵੇਰੇ ਚੀਫ਼ ਮਨਿਸਟਰ ਸਾਹਿਬ ਨੇ ਇਸ ਹਾਊਸ ਵਿਚ ਇੰਟਰ-ਕਾਸਟ ਸ਼ਾਦੀਆਂ ਦੇ ਬਾਰੇ ਬਿਆਨ ਦਿੱਤਾ ਸੀ ਕਿ ਇਸ ਹਾਊਸ ਦੇ ਮੈਂਬਰਾਂ ਤੋਂ ਸ਼ੁਰੂ ਹੋਣ ।

**ਸ਼੍ਰੀ ਸਪੀਕਰ :** ਇਸ ਦੀ ਇਸ ਨਾਲ ਕੀ ਰੈਲੇਵੈਂਸੀ ਹੈ ?

**ਸ਼੍ਰੀ ਪਿਆਰਾ ਰਾਮ ਧੰਨੋਵਾਲੀ :** ਸਪੀਕਰ ਸਾਹਿਬ, ਇਸ ਦੀ ਇਸ ਬਿਲ ਨਾਲ ਰੈਲੇਵੈਂਸੀ ਹੈ। ਸਾਡੇ ਇ ਸ ਹਾਊਸ ਦੇ ਮਾਨਯੋਗ ਮੈਂਬਰਜ਼ ਨੂੰ ਆਪਣੇ ਤੋਂ ਇਹ ਸ਼ੁਰੂ ਕਰਨਾ ਚਾਹੀਦਾ ਹੈ।(ਘੰਟੀ) (ਵਿਘਨ) ਜਿਨ੍ਹਾਂ ਲੋਕਾਂ ਨੇ ਜ਼ਮੀਨਾਂ ਦੀਆਂ ਬੇਨਾਮੀਆਂ ਕੀਤੀਆਂ ਹਨ, ਅਤੇ ਕੁੱਤੇ, ਬਿੱਲਿਆਂ ਦੇ ਨਾਮ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਨਾਵਾਂ ਤੇ ਜ਼ਮੀਨ ਬੇਨਾਮੀਆਂ ਕੀਤੀਆਂ ਹਨ। ਮੈਂ ਕਹਾਂਗਾ ਕਿ ਇਸ ਹਾਊਸ ਦੇ ਆਨਰੇਬਲ ਮੈਂਬਰਜ਼ ਨੂੰ ਇਹ ਆਪਣੇ ਤੇ ਲਾਗੂ ਕਰਨਾ ਚਾਹੀਦਾ ਹੈ। (ਤਾੜੀਆਂ) ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਸਜ਼ਾ ਜਾਂ ਜੁਰਮਾਨਾ ਕਰਨ ਦੀ ਲੋੜ ਨਹੀਂ ਕਮ-ਅਜ਼-ਕਮ ਉਨ੍ਹਾਂ ਨੂੰ ਇਥੋਂ ਹੀ ਛੁੱਟੀ ਕਰ ਦਿੱਤੀ ਜਾਵੇ। (ਤਾੜੀਆਂ) ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਅਮੈਂਡਿੰਗ ਬਿਲ ਦੀ ਹਮਾਇਤ ਕਰਦਾ ਹਾਂ ।

**ਕਾਮਰੇਡ ਅਰਜਨ ਸਿੰਘ ਮਸਤਾਨਾ** (ਵਲਟੋਹਾ ): ਸਪੀਕਰ ਸਾਹਿਬ, ਮੈਨੂੰ ਵੀ ਦੋ ਮਿੰਟ ਟਾਈਮ ਦਿਉ ।

**ਸ਼੍ਰੀ ਸਪੀਕਰ :** 20 ਮਿੰਟ ਦਾ ਫੈਸਲਾ ਕੀਤਾ ਸੀ ਪਰ ਹੁਣ ਇਸ ਤੇ 25 ਮਿੰਟ ਲਗ ਗਏ ਹਨ । ਧੰਨੋਵਾਲੀ ਜੀ ਨੇ ਤੁਹਾਡੇ ਮਨ ਦੀ ਗੱਲ ਕਹਿ ਲਈ ਹੈ।

**ਕਾਮਰੇਡ ਸਤੱਪਾਲ ਡਾਂਗ :** ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਬੇਸ਼ਕ ਰਾਤ ਦੇ 10 ਵੱਜੇ ਤੱਕ ਬਠ ਲਵੋ । ਇਸ ਕਰਕੇ ਟਾਈਮ ਮਿਲਣਾ ਚਾਹੀਦਾ ਹੈ।

**ਕਾਮਰੇਡ ਅਰਜਨ ਸਿੰਘ ਮਸਤਾਨਾ :** ਸਪੀਕਰ ਸਾਹਿਬ, ਮੈਂ ਇਕ ਜ਼ਰੂਰੀ ਸੁਜੈਸ਼ਨ ਦੇਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਅਤੇ ਮੇਰੀ ਪਾਰਟੀ ਇਸ ਬਿਲ ਨੂੰ ਜੀ ਆਇਆਂ ਕਹਿੰਦੀ ਹੈ । ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਧੰਨੋਵਾਲੀ ਜੀ ਨੇ ਵੀ ਕਿਹਾ ਅਤੇ ਚੌਧਰੀ ਦਰਸ਼ਨ ਸਿੰਘ ਨੇ ਵੀ ਕਿਹਾ ਹੈ ਕਿ ਇਕ ਕਮੇਟੀ ਬਣਾਈ ਜਾਵੇ। ਧੰਨੋਵਾਲੀ ਜੀ ਨੇ ਕਿਹਾ ਕਿ ਇਸ ਨੂੰ ਇਸ ਹਾਊਸ ਵਿਚੋਂ ਚਾਲੂ ਕੀਤਾ ਜਾਵੇ। ਮੈਂ ਪਿਛਲੇ ਦਿਨਾਂ ਵਿਚ ਵੀ ਕਿਹਾ ਸੀ ਅਤੇ ਇਹ ਮੇਰੇ ਕੋਲ ਸਾਰਾ ਰਿਕਾਰਡ ਹੈ XX

**ਸ਼੍ਰੀ ਸਪੀਕਰ :** ਇਹ ਜੋ ਕੁਝ ਨਾਮ ਲੈ ਕੇ ਕਹਿ ਰਹੇ ਹਨ , that should not form part of the proceedings

**ਕਾਮਰੇਡ ਅਰਜਨ ਸਿੰਘ ਮਸਤਾਨਾ :** ** ** **

**ਸ਼੍ਰੀ ਸਪੀਕਰ :** ਇਹ ਜੋ ਕੁਝ ਕਹਿ ਰਹੇ ਹਨ, ਇਹ ਐਕਸਪੰਜ ਕਰ ਦਿੱਤਾ ਜਾਵੇ।

**ਕਾਮਰਡ ਅਰਜਨ ਸਿੰਘ ਮਸਤਾਨਾ :** ਐਨਾ ਕਹਿੰਦਾ ਹੋਇਆ ਮੈਂ ਇਸ ਬਿਲ ਨੂੰ ਜੀ ਆਇਆਂ ਕਹਿੰਦਾ ਹਾਂ ।

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ** (ਮੁੱਖ ਸੰਸਦੀ ਸਕੱਤਰ ) : ਸੁਪੀਕਰ ਸਾਹਿਬ, ਮੈਂ ਇਸ ਗਲ ਉੱਤੇ ਦੋ ਮਿੰਟ ਬੋਲਣਾ ਚਾਹੁੰਦਾ ਹਾਂ। ਪੰਜਾਬ ਲੈਂਡ ਰਿਫਾਰਮਜ਼ ਐਕਟ ਇਥੇ ਤਿੰਨ ਵਾਰੀ ਆਇਆ ਹੈ। ਇਸ ਉਤੇ ਬਾਰ ਬਾਰ ਅਸੈਂਬਲੀ ਵਿਚ ਤਕਰੀਰਾਂ ਵੀ ਹੋਈਆਂ ਹਨ। ਇਸ ਵੇਲੇ ਹਾਲਤ ਇਹ ਹੈ ਕਿ ਪੰਜਾਬ ਵਿਚ ਇਸ ਬਾਰੇ ਝਗੜਾ ਨਹੀਂ ਹੈ ਕਿ ਸਰਪਲੱਸ ਜ਼ਮੀਨ ਹੈ । 1 ਕਰੋੜ 25 ਲੱਖ ਏਕੜ ਜ਼ਮੀਨ 70 ਲੱਖ ਆਦਮੀਆਂ ਦੇ ਨਾਂ ਪਟਵਾਰਖਾਨੇ ਵਿਚ ਅੰਦਰਾਜ਼ ਹੈ। ਜੇ ਬੇਨਾਮੀ ਕੀਤੀ ਗਈ ਹੈ ਤਾਂ ਉਹ ਥੋੜੇ ਹੀ ਹੋਣਗੇ । ਇਹ ਜਿਹੜਾ ਬਿਲ ਹੈ ਇਹ ਐਨਾ ਅੱਛਾ ਬਿਲ ਹੈ ਕਿ ਇਸ ਨਾਲ ਬੇਨਾਮੀ ਜ਼ਮੀਨ ਸਾਰੀ ਨਿਕਲ ਆਏਗੀ। ਫਰਜ਼ ਕਰੋ ਮੇਰੇ ਕੋਲ 100 ਏਕੜ ਜ਼ਮੀਨ ਹੈ ਉਹਦੇ ਵਿਚੋਂ ਮੈਂ 17 ਏਕੜ ਆਪਣੇ ਨਾਂ ਰਖ ਲਈ ਔਰ 17 ਏਕੜ ਹੋਰ ਜੋ ਹੱਕ ਰਖਦੇ ਹਨ ਉਨ੍ਹਾਂ ਦੇ ਨਾਂ ਦੇ ਦਿਤੀ ਜੇ ਫਿਰ ਵੀ ਬੱਚ ਗਈ ਤਾਂ ਬਾਹਰਲੇ ਲੋਕਾਂ ਨੂੰ ਦੇ ਦਿੱਤੀ ਲੇਕਿਲ ਗਿਰਦਾਵਰੀ ਤਾਂ ਮੇਰੇ ਨਾਂ ਹੀ ਹੁੰਦੀ ਹੈ ਜੋ ਗਿਰਦਾਵਰੀ ਪਟਵਾਰੀ ਨਾਲ ਮਿਲਕੇ ਕਰਾਉਂਦੇ ਹਨ , ਇਸ ਬਿਲ ਰਾਹੀਂ ਅਖਤਿਆਰ ਹੋਏਗਾ ਕਿ ਅਜਿਹੇ ਪਟਵਾਰੀਆਂ ਤੇ ਐਕਸ਼ਨ ਲਿਆ ਜਾ ਸਕੇਗਾ। ਕੋਈ ਗਲਤ ਕੰਮ ਨਹੀਂ ਹੋਵੇਗਾ। ਸਾਰੇ ਗਲਤ ਕੰਮ ਕਰਨ ਵਾਲਿਆਂ ਨੂੰ ਕੈਦ ਹੋ ਸਕੇਗੀ । ਇਸ ਬਿਲ ਨੂੰ ਪਾਸ ਕਰ ਦੇਣਾ ਚਾਹੀਦਾ ਹੈ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ): ਮੈਨੂੰ ਖੁਸ਼ੀ ਹੈ ਕਿ ਮੈਂਬਰ ਸਾਹਿਬਾਨ ਨੇ ਇਸ ਬਿਲ ਦਾ ਸਵਾਗਤ ਕੀਤਾ ਹੈ ਔਰ ਪਰਸ਼ੰਸਾ ਪ੍ਰਗਟ ਕੀਤੀ ਹੈ ਔਰ ਜੋ ਸਪਿਰਟ ਹੈ ਉਸ ਦੇ ਮੁਤਾਬਿਕ ਅਮਲ ਦਰਾਮਦ ਪੰਜਾਬ ਵਿਚ ਕਰਨ ਨਾਲ ਸੁਧਾਰ ਹੋਣ ਦੀ ਸੰਭਾਵਨਾ ਹੈ। ਕੁਝ ਸੁਝਾਉ ਜੋਸ਼ ਸਾਹਿਬ ਨੇ ਅਤੇ ਹੋਰ ਮੈਂਬਰਾਂ ਨੇ ਦਿੱਤੇ ਹਨ, ਉਹ ਅੰਡਰ ਕੰਸਿਡਰੇਸ਼ਨ ਹਨ ਔਰ ਇਸ ਤਰਮੀਮ ਨਾਲ ਉਹ ਠੀਕ ਹੋਣੇ ਹਨ। ਕਮੇਟੀਜ਼ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ। ਉਸ ਤੇ ਅਸੀਂ ਵਿਚਾਰ ਕੀਤਾ ਹੈ ਔਰ ਉਸ ਨੂੰ ਹੋਰ ਇਫੈਕਟਿਵ ਬਣਾਉਣ ਦਾ ਵਿਚਾਰ ਹੈ ਤਾਂ ਕਿ ਉਹ ਕਮੇਟੀਆਂ ਜ਼ਿਆਦਾ ਇਫੈਕਟਿਵਲੀ ਤੌਰ ਤੇ ਕੰਮ ਕਰ ਸਕਣ । ਇਸ ਨਾਲ ਬੜਾ ਫਾਇਦਾ ਹੋਏਗਾ। ਇਥੇ ਮਹਾਰਾਜਾ ਫਰੀਦਕੋਟ ਦੀ ਜ਼ਮੀਨ ਦਾ ਜ਼ਿਕਰ ਕੀਤਾ ਗਿਆ ਹੈ। ਇਹ ਚੀਜ਼ ਸਰਕਾਰ ਦੇ ਨੋਟਿਸ ਵਿਚ ਹੈ। ਇਸ ਬਾਰੇ ਕੁਲੈਕਟਰ ਨੂੰ ਰਿਕੁਐਸਟ ਕੀਤੀ ਗਈ ਹੈ। ਇਸ ਨੂੰ ਐਕਸ-ਪੀਡਾਈਟ ਕੀਤਾ ਜਾਵੇਗਾ ਔਰ ਜੇ ਲੋੜ ਪਈ ਤਾਂ ਸਰਕਾਰ ਵਲੋਂ ਸਪੈਸ਼ਲ ਕੁਲੈਕਟਰ ਲਗਾਇਆ ਜਾਏਗਾ। ਹੋਰ ਵੀ ਕੀਤਾ ਜਾਏਗਾ ਤਾਂ ਕਿ ਜੋ ਇਸ ਬਿਲ ਦੇ ਫਾਇਦੇ ਹਨ ਉਸਦੀ ਪੂਰਤੀ ਹੋ ਸਕੇ । ਪਿਛਲਾ ਬਿਲ ਇਥੇ ਅਸੈਂਬਲੀ ਵਿਚ ਪੇਸ਼ ਹੋਇਆ ਸੀ। ਉਸਦਾ ਜ਼ਿਕਰ ਜੋਸ਼ ਸਾਹਿਬ ਨੇ ਕੀਤਾ ਹੈ । ਉਸ ਦਾ ਇਸ ਨਾਲ ਕੋਈ ਸਬੰਧ ਨਹੀਂ ਸੀ । ਉਸ ਦੇ ਨਾਲ ਕੁਝ ਸਾਥੀਆਂ ਨੇ ਸੁਝਾਉ ਦਿੱਤੇ ਸੀ ਔਰ ਉਹ ਮੈਂ ਦੇਖ ਲਏ ਸੀ ਕਿ ਉਸ ਨਾਲ ਕੋਈ ਫਾਇਦਾ ਪਹੁੰਚ ਸਕਦਾ ਹੈ ਕਿ ਨਹੀਂ । ਬਹੁਤ ਸਾਰੇ ਜੈਨੂਅਨ ਟੇਨੈਂਟਸ ਨੂੰ ਕਵਰ ਕਰਨ ਵਾਸਤੇ ਉਹ ਬਿਲ ਲਿਆਉਣਾ ਪਿਆ ਸੀ। ਮੈਨੂੰ ਨਹੀਂ ਪਤਾ ਸੀ ਕਿ ਉਸ ਦਾ ਜ਼ਿਕਰ ਇਥੇ ਕਰਨ ਦੀ ਲੋੜ ਹੈ। ਇੱਕ ਗਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਸਰਕਾਰ ਦੀ ਮਨਸ਼ਾ ਹੈ, ਮੁੱਖ ਮੰਤਰੀ ਜੀ ਦੀ ਮਨਸ਼ਾ ਹੈ ਕਿ ਇਹ ਕੰਮ ਜਲਦੀ ਤੋਂ ਜਲਦੀ ਸਿਰੇ ਚੜ੍ਹਾਇਆ ਜਾਵੇ। ਪੰਜਾਬ ਵਿਚ ਲੈਂਡ ਰਿਮਾਫਾਰਮਜ਼ ਪਹਿਲਾਂ 1947 ਵਿਚ ਹੋਈ ਜਦੋਂ ਕਿ ਰਿਫਿਊਜੀਜ਼ ਆਏ। ਉਦੋਂ 95 ਪ੍ਰਤੀਸ਼ਤ ਕਟ ਲਗੀ। ਫਿਰ 1954-55 ਵਿਚ ਪੈਪਸੂ ਵਿਚ ਕਾਨੂੰਨ ਬਣਾਇਆ ਗਿਆ, ਉਸ ਵੇਲੇ ਲੈਂਡ ਰਿਫਾਰਮਜ਼ ਹੋਈ। ਬਾਕੀ ਜੋ ਰਹਿੰਦੇ ਹਨ ਉਹ ਇਸ ਐਕਟ ਰਾਹੀਂ ਜਲਦੀ ਤੋਂ ਜਲਦੀ ਕੰਮ ਕਰਨਾ ਚਾਹੁੰਦੇ ਹਾਂ । ਨੈਸ਼ਨਲ ਟਾਰਗੇਟ ਹੈ ਕਿ ਇਹ ਕੰਮ 30 ਜੂਨ, 1976 ਤਕ ਹੋ ਜਾਵੇ। ਅਸੀਂ ਇਸ ਬਾਰੇ ਹਦਾਇਤਾਂ ਕਰ ਦਿੱਤੀਆਂ ਹਨ ਕਿ ਇਹ ਕੰਮ ਉਸ ਤਾਰੀਖ ਦੇ ਅੰਦਰ ਅੰਦਰ ਕਰ ਦਿੱਤਾ ਜਾਏ ਤਾਂ ਕਿ ਇਸ ਕੰਮ ਵਿਚ ਪੰਜਾਬ ਕਿਸੇ ਹੋਰ ਸੂਬੇ ਨਾਲੋਂ ਪਿਛੇ ਨਾ ਰਹਿ ਸਕੇ।

**Mr. Speaker** : Question is—

That the Punjab Land Reforms (Amendment) Bill be taken into consideration at once.

*The Motion was carried.*

Original with;
Punjab Vidhan Sabha
Digitized by;
Panjab Digital Library

**Mr. Speaker :** Now the House will proceed to consider the Bill Clause by Clause.

CLAUSE 2

**Mr. Speaker :** Now Clause 2 is before the House. There are some notices of amendments to this Clause by Comrade Satya Pal Dang.

**Comrade Satya Pal Dang** (Amritsar, West) · Sir I beg to move—

> In the proposed sub-section (2), lines 7-8, *between* "two years" and "or" *substitute* "but which shall not be less than six months".

ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਪ੍ਰਧਾਨ ਮੰਤਰੀ ਨੇ ਕਈ ਵਾਰੀ ਕਿਹਾ ਹੈ ਕਿ ਜੁਡੀਸ਼ਰੀ ਅੰਦਰ ਬਹੁਤ ਸਾਰਾ ਪਰੋ-ਵੈਸਟਿਡ ਐਲੀਮੈਂਟ ਹੈ । ਦੋ ਸਾਲ ਦੀ ਕੈਦ ਭਾਵੇਂ ਪਰੋਵਾਈਡ ਕੀਤੀ ਹੈ, ਉਹ ਮੈਕਸੀਮਮ ਹੈ । ਇੱਕ ਰੁਪਏ ਦੀ ਬਜਾਏ 5 ਰੁਪਏ ਜੁਰਮਾਨਾ ਕੀਤਾ ਜਾ ਸਕਦਾ ਹੈ । ਇਸ ਅਮੈਂਡਮੈਂਟ ਦਾ ਮਕਸਦ ਇਹ ਹੈ ਕਿ ਜਿਹੜਾ ਆਪਣੀ ਜ਼ਮੀਨ ਬਾਰੇ ਝੂਠੀ ਸਟੇਟਮੈਂਟ ਦਿੰਦਾ ਹੈ ਕੋਰਟ ਰਾਹੀਂ ਇਹ ਲਾਜ਼ਮੀ ਕਰ ਦਿੱਤਾ ਜਾਵੇ ਕਿ ਉਹਨੂੰ 6 ਮਹੀਨੇ ਦੀ ਘੱਟ ਤੋਂ ਘੱਟ ਸਜ਼ਾ ਜ਼ਰੂਰੀ ਦਿੱਤੀ ਜਾ ਸਕੇ । ਇਹ ਇਨ੍ਹਾਂ ਨੂੰ ਮੰਨ ਲੈਣਾ ਚਾਹੀਦਾ ਹੈ । ਜਿਹੜਾ ਚੌਧਰੀ ਸਾਹਿਬ ਨੇ ਕਿਹਾ ਹੈ ਦੋ ਸਾਲ ਦੀ ਸਜ਼ਾ ਮੈਕਸੀਮਮ ਹੈ । (ਵਿਘਨ) 1 ਰੁਪਿਆ ਨਾ ਕਰੋ 5 ਰੁਪਏ ਜੁਰਮਾਨਾ ਕਰ ਦਿਉ । ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਝੂਠੀ ਸਟੇਟਮੈਂਟ ਦੇਵੇ ਉਸ ਨੂੰ 6 ਮਹੀਨਿਆਂ ਦੀ ਸਜ਼ਾ ਜ਼ਰੂਰ ਦਿੱਤੀ ਜਾਵੇ । ਇਹ ਕਰ ਲੈਣਾ ਚਾਹੀਦਾ ਹੈ ।

Sir I beg to move—

> In the proposed sub-section (2), line 8, for "or with fine" *substitute* "and with fine"

ਕੈਦ ਜਾਂ ਜੁਰਮਾਨਾ ਨਹੀਂ । ਮੈਂ ਤਾਂ ਇਹ ਕਹਿੰਦਾ ਹਾਂ ਕਿ ਕੈਦ ਔਰ ਜੁਰਮਾਨਾ ਦੋਵੇਂ ਹੀ ਜ਼ਰੂਰੀ ਹੋਣੇ ਚਾਹੀਦੇ ਹਨ । ਇਹ ਦੋਵੇਂ ਚੀਜ਼ਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ ।

Sir I beg to move—

> In the proposed sub-section (2), line 9, *delete* "or with both".

ਇਹ ਕਾਂਸੀਕਐਂਸ਼ਲ ਹੈ । ਜੇ ਉਪਰ ਦੱਸੀਆਂ ਗੱਲਾਂ ਲਾਜ਼ਮੀ ਹੋ ਜਾਣ ਤਾਂ ਇਹਦੀ ਲੋੜ ਨਹੀਂ ਰਹਿੰਦੀ ਹੈ । ਇਹ ਕੋਰਟ ਵਿਚ ਲਾਜ਼ਮੀ ਕਰ ਦੇਣਾ ਚਾਹੀਦਾ ਹੈ ਕਿ ਸਜ਼ਾ ਅਤੇ ਜੁਰਮਾਨਾ ਦੋਵੇਂ ਹੀ ਲਾਜ਼ਮੀ ਹੋਣੀਆਂ ਚਾਹੀਦੀਆਂ ਹਨ ।

**Mr. Speaker :** Motion, moved—

1. In the proposed sub-section (2), lines 7-8, *between* "two years" and "or" *substitute* "but which shall not be less than six months".
2. In the proposed sub-section (2), line 8, *for* "or with fine" *substitute* "and with fine".
3. In the proposed sub-section (2), line 9 *delete* "or with both".

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ): ਇਹ ਜਿਹੜਾ ਅਮੈਂਡਿੰਗ ਬਿਲ ਲਿਆਂਦਾ ਹੈ, ਇਹ ਆਲ ਇੰਡੀਆ ਦਾ ਮਸਲਾ ਹੈ ਜਿਸ ਦੇ ਬਿਨਾ ਤੇ ਇਹ ਲਿਆਂਦਾ ਗਿਆ ਹੈ। ਸਾਰੀਆਂ ਸਟੇਟਾਂ ਵਿਚ ਸਿਮੀਲਰ ਲੈਜਿਸਲੇਸ਼ਨ ਹੁੰਦੀ ਹੈ। ਇਸ ਅਮੈਂਡਮੈਂਟ ਨਾਲ ਕਾਫੀ ਅਸਰ ਪਵੇਗਾ। ਇਹ ਕਾਫੀ ਸਟਰੇਂਜੈਂਟ ਹੈ। ਡਾਂਗ ਸਾਹਿਬ ਇਸ ਦੀ ਇੰਪਲੀਮੈਂਟੇਸ਼ਨ ਦੇਖ ਲੈਣ ਅਤੇ ਜੇ ਫਿਰ ਇਹਨੂੰ ਸਖਤ ਕਰਨ ਦੀ ਹੋਰ ਲੋੜ ਪਈ ਤਾਂ ਦੇਖ ਲਵਾਂਗੇ। ਜਿਸ ਤਰ੍ਹਾਂ ਹੋਰ ਸਟੇਟਾਂ ਵਿਚ ਇਸ ਬਾਰੇ ਯੂਨੀਫਾਰਮਿਟੀ ਰੱਖੀ ਗਈ ਗਈ ਹੈ, ਉਸੇ ਤਰ੍ਹਾਂ ਹੀ ਇਹ ਵੀ ਕੀਤਾ ਗਿਆ ਹੈ।

**Mr. Speaker** : Question is—

In the proposed sub-section (2), lines 7-8, *between* "two years" and "or" *substitute* "but which shall not be less than six months."

*The motion was lost.*

**Mr. Speaker** : Question is—

In the proposed sub-section (2), line 8, *for* "or with fine" *substitute* "and with fine."

*The motion was lost.*

**Mr. Speaker** : Question is—

In the proposed sub-section (2), line 9, *delete* "or with both"

*The motion was lost.*

**Mr. Speaker** : Question is—

That Clause 2 stand part of the Bill.

*The motion was carried.*

CLAUSE 3

**Mr. Speaker** : Now Clause 3 is before the House. There is a notice of amendment to this Clause by Comrade Satya Pal Dang.

**Comrade Satya Pal Dang** (Amritsar, West) : Sir, I beg to move—

In line 3, *for* "or" *substitute* "and"

ਇਹ ਵੀ, ਸਪੀਕਰ ਸਾਹਿਬ, ਉਹੀ ਗਲ ਹੈ। ਇਹ ਦੋਵੇਂ ਚੀਜ਼ਾਂ, ਸਜ਼ਾ ਔਰ ਜੁਰਮਾਨਾ ਹੋਣੀਆਂ ਚਾਹੀਦੀਆਂ ਹਨ।

**Mr. Speaker** : Motion moved—

In line 3 *for* "or" *substitute* "and".

ਤੁਸੀਂ ਕੁਝ ਕਹਿਣਾ ਹੈ, ਸਰਦਾਰ ਉਮਰਾਓ ਸਿੰਘ ਜੀ ?

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ : ਕੋਈ ਲੋੜ ਨਹੀਂ ਜੀ, ਮੈਂ ਪਹਿਲਾਂ ਹੀ ਇਸ ਦਾ ਜਵਾਬ ਦੇ ਚੁਕਾ ਹਾਂ।

**Mr. Speaker** : Question is—

In line 3, *for* "or" substitute "and".

*The Motion was lost.*

CLAUSE 3

**Mr. Speaker** : Question is—

That Clause 3 stand part of the Bill.

*The Motion was carried.*

CLAUSE 1

**Mr. Speaker** : Question is—

That Clause 1 stand part of the Bill.

*The Motion was carried.*

TITLE

**Mr. Speaker** : Question is—

That Title be the Title of the Bill.

*The motion was carried.*

**Revenue and Elections Minister** (Sardar Umrao Singh) : Sir, I beg to move –

That the Punjab Land Reforms (Amendment) Bill be passed,

**Mr. Speaker** : Motion moved—

That the Punjab Land Reforms (Amendment) Bill be passed.

**Mr. Speaker** : Question is—

That the Punjab Land Reforms (Amendment) Bill be passed.

*The Motion was carried.*

## THE PUNJAB GENERAL SALES TAX (AMENDMENT AND VALIDATION) BILL, 1976

**Excise and Taxation Minister** (Shri Yash Pal) : Sir, I beg to introduce the Punjab General Sales Tax (Amendment and Validation) Bill.

I also beg to move—

That the Punjab General Sales Tax (Amendment and Validation) Bill be taken into consideration at once.

Original with;
Punjab Vidhan Sabha
Digitized by;
Panjab Digital Library

[ਆਬਕਾਰੀ ਤੇ ਕਰ ਮੰਤਰੀ]

ਸਪੀਕਰ ਸਾਹਿਬ, ਇਹ ਬਿਲਕੁਲ ਛੋਟਾ ਜਿਹਾ ਬਿਲ ਹੈ ਅਤੇ ਇਸ ਦਾ ਤੁਅੱਲਕ ਲਗਜ਼ਰੀ ਦੇ ਲਫਜ਼ ਬਾਰੇ ਹੈ, ਜਿਹੜੇ ਲੋਕ ਟੈਕਸ ਤੋਂ ਅਗੇ ਬਚ ਜਾਂਦੇ ਸੀ ਉਹ ਨਾ ਬਚ ਸਕਣ। ਸਿਰਫ ਇਤਨੀ ਹੀ ਗਲ ਹੈ।

**Mr. Speaker :** Motion moved—

That the Punjab General Sales Tax (Amendment and Validation) Bill be taken into consideration at once.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਬਿਲ ਪੇਸ਼ ਕੀਤਾ ਹੈ, ਕਿਸੇ ਹਾਈਕੋਰਟ ਦੀ ਜਜਮੈਂਟ ਨੂੰ ਮੱਦੇ ਨਜ਼ਰ ਰਖ ਕੇ, ਕੁਝ ਲੋਕ ਟੈਕਸ ਤੋਂ ਬੱਚ ਜਾਂਦੇ ਸੀ ਉਹ ਨਾ ਬੱਚ ਸਕਣ, ਇਹ ਜਿਹੜੀ ਪਰਟੀਕੁਲਰ ਗਲ ਹੈ ਇਸ ਦੇ ਵਿਚ ਸਾਡੀ ਕੋਈ ਅਸਹਿਮਤੀ ਨਹੀਂ ਹੈ ਪਰ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਥੇ ਜਿਨ੍ਹਾਂ ਤੇ ਟੈਕਸ ਲਗਣਾ ਚਾਹੀਦਾ ਸੀ ਉਹ ਬੱਚ ਨਾ ਜਾਣ ਅਤੇ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਿਨ੍ਹਾਂ ਤੇ ਨਹੀਂ ਲਗਣਾ ਚਾਹੀਦਾ ਉਨ੍ਹਾਂ ਤੇ ਨਹੀਂ ਲਾਉਣਾ ਚਾਹੀਦਾ। ਮਨਿਸਟਰ ਸਾਹਿਬ ਇਸ ਗਲ ਦਾ ਖਿਆਲ ਰਖਣ। ਮੈਂ ਇਨ੍ਹਾਂ ਦੇ ਨੋਟਿਸ ਵਿਚ ਦੋ ਗਲਾਂ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਵੁਡ ਕਰਾਫਟਸ ਦਾ ਕੰਮ ਕਰਨ ਵਾਲੇ ਹਨ ਉਹ ਬਹੁਤੇ ਤਾਂ ਅਨਪੜ੍ਹ ਹੁੰਦੇ ਹਨ ਅਤੇ ਸੀ.ਪੀ.ਐਮ. ਸਾਹਿਬ ਦੇ ਇਲਾਕੇ ਦੇ ਬਹੁਤ ਸਾਰੇ ਲੋਕ ਹਨ ਉਨ੍ਹਾਂ ਵਾਸਤੇ ਐਗਜ਼ੈਂਪਸ਼ਨ ਦੀ ਜਿਹੜੀ ਲਿਮਿਟ ਹੈ ਉਹ 10 ਹਜ਼ਾਰ ਰੁਪਿਆ ਹੈ। ਇਹ ਐਗਜ਼ੈਂਪਸ਼ਨ ਲਿਮਿਟ ਜਿਹੜੀ ਹੈ ਇਹ ਪੁਰਾਣੇ ਵਕਤਾਂ ਦੀ ਫਿਕਸ ਕੀਤੀ ਹੋਈ ਹੈ ਅਤੇ ਜਿਸ ਦੇ ਨਾਲ ਉਨ੍ਹਾਂ ਲੋਕਾਂ ਨੂੰ ਮੁਸ਼ਕਲ ਹੁੰਦੀ ਹੈ। ਇਸੇ ਤਰ੍ਹਾਂ ਗਰੀਬ ਹਰੀਜਨ ਜਿਹੜੇ ਵਿਚਾਰੇ ਜੁਤੀਆਂ ਬਣਾਉਂਦੇ ਹਨ, ਗੁਰਗਾਬੀਆਂ ਅਤੇ ਬੂਟ ਵਗੈਰਾ ਬਣਾਉਂਦੇ ਹਨ ਉਨ੍ਹਾਂ ਦੀ ਵੀ ਐਗਜ਼ੈਂਪਸ਼ਨ ਲਿਮਿਟ ਜਿਹੜੀ ਹੈ ਉਹ 10 ਹਜ਼ਾਰ ਰੁਪਿਆ ਹੈ। ਮੇਰੀ ਬੇਨਤੀ ਹੈ ਕਿ ਇਹ 10 ਹਜ਼ਾਰ ਰੁਪਏ ਤੋਂ ਵਧਾ ਕੇ ਘੱਟੋ ਘੱਟ 1 ਲੱਖ ਰੁਪਿਆ ਕਰਨੀ ਚਾਹੀਦੀ ਹੈ।

11.44 a.m. | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਦੂਸਰੀ ਬੇਨਤੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਦੇਸੀ ਘੀ ਤਾਂ ਕੋਈ ਖਾਂਦਾ ਨਹੀਂ, ਵੈਸੇ ਜੇ ਬਹੁਤਾ ਨਾ ਖਾਇਆ ਜਾਵੇ ਤਾਂ ਅੱਛਾ ਹੈ। (ਵਿਘਨ) ਬਨਾਸਪਤੀ ਘੀ ਜਿਹੜਾ ਹੈ ਉਸ ਦੇ ਲਈ ਅਰਜ਼ ਹੈ ਕਿ ਇਕ ਸਟੇਜ ਤੇ ਐਮਰਜੈਂਸੀ ਤੋਂ ਪਹਿਲਾਂ ਦੀ ਗਲ ਹੈ ਅਤੇ ਮਨਿਸਟਰ ਸਾਹਿਬ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਟੈਕਸ ਦੀ ਇਵੇਜ਼ਨ ਕਰਨ ਲਈ ਜਾਂ ਹੋਰ ਕੋਈ ਗਲ ਕਰਨ ਲਈ ਬਨਾਸਪਤੀ ਦੀ ਥਾਂ ਮਾਰਗਰੀਨ ਜਾਂ ਪਤਾ ਨਹੀਂ ਉਸ ਨੂੰ ਕੀ ਕਹਿੰਦੇ ਹਨ ਉਹ ਘਲਣੀ ਸ਼ੁਰੂ ਕਰ ਦਿਤੀ। ਬਨਾਸਪਤੀ ਤੇ ਸੇਲਜ਼ ਟੈਕਸ ਨਹੀਂ ਔਰ ਉਸ ਦੇ ਉਤੇ ਸੇਲਜ਼ ਟੈਕਸ ਹੈ। ਦਰਅਸਲ ਉਹ ਚੀਜ਼ ਵੀ ਟੈਕਸ ਇਵੇਜ਼ਨ ਕਰਨ ਲਈ, ਸਰਕਾਰ ਨੂੰ ਧੋਖਾ ਦੇਣ ਲਈ, ਕੀਤੀ ਔਰ ਸਰਕਾਰ ਨਾਲ ਧੋਖਾ ਕੀਤਾ। ਉਸ ਹਿਸਾਬ ਵਿਚ ਗੜਬੜ ਹੋ ਗਈ। ਜਿਹੜੇ ਦੁਕਾਨਦਾਰ, ਛੋਟੇ ਦਰਮਿਆਨੇ ਦੇ ਟਰੇਡਰ ਲਿਆਏ ਸੀ ਭਾਵੇਂ ਉਸ ਦਾ ਰਜਿਸਟਰਡ ਨੰਬਰ ਹੋਵੇ ਜਾਂ ਨਾ ਹੋਵੇ ਉਹ ਜੋ ਲਿਆਏ ਸੀ ਉਹ ਬਨਾਸਪਤੀ ਕਰਕੇ ਲਿਆਏ ਸੀ। ਮੈਨੂਫੈਕਚਰਰ ਇਸ ਦਾ ਟੈਕਸ ਨਹੀਂ ਭਰਦੇ। ਹੁਣ ਅਫ਼ਸਰ ਜਿਹੜੇ ਹਨ ਉਹ

Original with;
Punjab Vidhan Sabha
Digitized by;
Panjab Digital Library

ਡਿਫਰੈਂਟ ਵਿਊ ਦੇ ਹਨ । ਉਹ ਛੋਟੇ ਦੁਕਾਨਦਾਰ ਨੂੰ, ਦਰਮਿਆਨੇ ਟਰੇਡਰ ਨੂੰ ਕਹਿੰਦੇ ਹਨ ਕਿ ਇਹ ਬਨਾਸਪਤੀ ਨਹੀਂ ਸੀ ਇਸ ਦੇ ਉਤੇ ਤੁਸੀਂ ਟੈਕਸ ਦਿਉ । ਅਫ਼ਸਰ ਇਹ ਵਿਊ ਲੈਂਦੇ ਹਨ । ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਬਨਾਸਪਤੀ ਕਰਕੇ ਵੇਚਿਆ ਜਾਂਦਾ ਸੀ ਇਸ ਤੇ ਟੈਕਸ ਨਹੀਂ ਲਗਦਾ । ਉਨ੍ਹਾਂ ਨੇ ਸਰਕਾਰ ਨੂੰ ਧੋਖਾ ਦੇਣ ਲਈ, ਲੋਕਾਂ ਨੂੰ ਧੋਖਾ ਦੇਣ ਲਈ, ਕੀਤਾ । ਇਹ ਟੈਕਸ ਮੈਨੂਫੈਕਚਰਰ ਤੇ ਪੈਣਾ ਚਾਹੀਦਾ ਹੈ, ਦਰਮਿਆਨੇ ਟਰੇਡਰ ਤੇ ਜਿਨ੍ਹਾਂ ਕੋਲ ਰਜਿਸਟਰਡ ਨੰਬਰ ਹੈ ਸੀ ਜਾਂ ਨਹੀਂ ਉਨ੍ਹਾਂ ਤੇ ਨਹੀਂ ਹੁਣ ਲਗਣਾ ਚਾਹੀਦਾ । ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਡਿਪਾਰਟਮੈਂਟ ਨੂੰ ਇੰਸਟ੍ਰੱਕਸ਼ਨਜ਼ ਦੇਣ ਕਿ ਕੋਈ ਇਹੋ ਜਿਹੀ ਪਾਲਿਸੀ ਹੋਵੇ ਜਿਸ ਨਾਲ ਇਸ ਤਰ੍ਹਾਂ ਉਨ੍ਹਾਂ ਨਾਲ ਨਾ ਹੋਵੇ । ਟੈਕਨੀਕਲੀ ਬਨਾਸਪਤੀ ਨਾਮ ਨਹੀਂ ਸੀ ਅਤੇ ਉਹ ਮਾਰਗਰੀਨ ਸੀ ਉਸ ਤੇ ਮੈਨੂਫੈਕਚਰਰ ਆਪ ਟੈਕਸ ਦੇਣ ਨਾ ਕਿ ਛੋਟੇ ਤਬਕੇ ਦਾ ਦੁਕਾਨਦਾਰ ਜਾਂ ਦਰਮਿਆਨੇ ਤਬਕੇ ਦਾ ਟਰੇਡਰ ।

ਮੇਰੀਆਂ ਇਹੀ ਦੋ ਬੇਨਤੀਆਂ ਹਨ, ਮੈਨੂੰ ਉਮੀਦ ਹੈ ਕਿ ਮਨਿਸਟਰ ਸਾਹਿਬ ਇਨ੍ਹਾਂ ਨੂੰ ਮੰਨ ਲੈਣਗੇ ।

**ਆਬਕਾਰੀ ਅਤੇ ਕਰ ਮੰਤਰੀ** (ਸ੍ਰੀ ਯਸ਼ ਪਾਲ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ ਇਸ ਦਾ ਤਾਂ ਤੁਅੱਲਕ ਹੈ ਲਗਜ਼ਰੀ ਦੇ ਲਫਜ਼ ਬਾਰੇ, ਜਿਹੜੇ ਲੋਕ ਟੈਕਸ ਤੋਂ ਅਗੇ ਬਚ ਜਾਂਦੇ ਸੀ, ਉਹ ਨਾ ਬਚ ਸਕਣ । ਡਾਂਗ ਸਾਹਿਬ ਨੇ ਜਿਹੜੀਆਂ ਦੋ ਗਲਾਂ ਕਹੀਆਂ ਹਨ ਉਨ੍ਹਾਂ ਦੇ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਨੇ ਫੈਸਲਾ ਕਰ ਦਿਤਾ ਹੈ, ਜਿਹੜੀ ਲਿਮਿਟ 10 ਹਜ਼ਾਰ ਰੁਪਏ ਦੀ ਹੈ ਉਹ 40 ਹਜ਼ਾਰ ਰੁਪਏ ਕਰ ਦਿਤੀ ਜਾਵੇ । ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਕਿ 1 ਲੱਖ ਰੁਪਿਆ ਇਹ ਲਿਮਿਟ ਕਰ ਦਿਉ, ਇਹ 1 ਲੱਖ ਰੁਪਿਆ ਤਤਕਾਲ ਨਹੀਂ ਹੋ ਸਕਦੀ । ਇਕ ਦਮ ਜੰਪ ਕਰਨ ਨਾਲ ਕਈ ਦਫ਼ਾ ਕੰਪਲੀਕੇਸ਼ਨਜ਼ ਪੈਦਾ ਹੋ ਜਾਂਦੀਆਂ ਹਨ । ਇਸ ਲਈ ਇਤਨੀ ਲਿਮਿਟ ਕਰ ਦਿਤੀ ਹੈ ਜੇ ਫਿਰ ਕੋਈ ਜ਼ਰੂਰਤ ਹੋਈ ਤਾਂ ਬਾਅਦ ਵਿਚ ਰੀਵਾਈਜ਼ ਕੀਤੀ ਜਾ ਸਕਦੀ ਹੈ ।

ਦੂਸਰੀ ਗਲ ਜਿਹੜੀ ਬਨਾਸਪਤੀ ਤੇ ਮਾਰਗਰੀਨ ਦੇ ਬਾਰੇ ਵਿਚ ਉਨ੍ਹਾਂ ਨੇ ਕਹੀ ਹੈ ਉਸ ਦੇ ਲਈ ਮੇਰੀ ਬੇਨਤੀ ਹੈ ਕਿ ਟੈਕਸ ਦੋਨਾਂ ਤੇ ਹੀ ਲਗਦਾ ਹੈ । ਬਨਾਸਪਤੀ ਤੇ ਪਹਿਲੀ ਸਟੇਜ ਤੇ ਟੈਕਸ ਲਗਦਾ ਹੈ ।(ਵਿਘਨ)ਇਸ ਦੇ ਮੁਤੱਲਿਕ ਹਦਾਇਤਾਂ ਜਾਰੀ ਕਰ ਦਿਤੀਆਂ ਹਨ ਕਿ ਜਿਨ੍ਹਾਂ ਨੇ ਪਹਿਲੀ ਸਟੇਜ ਤੇ ਟੈਕਸ ਦੇ ਦਿਤਾ ਹੈ ਉਨ੍ਹਾਂ ਤੋਂ ਦੂਸਰੀ ਸਟੇਜ ਤੇ ਟਕਸ ਨਾ ਲਿਆ ਜਾਵੇ ਭਾਵੇਂ ਉਹ ਰਜਿਸਟਰਡ ਹੋਵੇ ਜਾਂ ਨਾ ਹੋਵੇ । ਇਕ ਫੈਸਲਾ ਅਸੀਂ ਇਹ ਕਰ ਰਹੇ ਹਾਂ ਕਿ ਜਿਸ ਤਰ੍ਹਾਂ ਬਨਾਸਪਤੀ ਤੇ ਫਸਟ ਸਟੇਜ ਟੈਕਸ ਤੇ ਲਗਦਾ ਹੈ ਮਾਰਗਰੀਨ ਤੇ ਵੀ ਇਸ ਤਰ੍ਹਾਂ ਲਗੇ । ਇਸ ਦੇ ਵਾਸਤੇ ਅਮੈਂਡਮੈਂਟ ਕਰ ਲਵਾਂਗੇ । ਇਹ ਬਾਅਦ ਵਿਚ ਇਸ ਤਰ੍ਹਾਂ ਕਰ ਲਵਾਂਗੇ । ਡਾਂਗ ਸਾਹਿਬ ਨੇ ਜੋ ਦੋ ਗਲਾਂ ਕਹੀਆਂ ਸਨ ਉਹ ਮੈਂ ਦੱਸ ਦਿਤੀਆਂ ਹਨ, ਬਾਕੀ ਤਾਂ ਕੋਈ ਝਗੜਾ ਨਹੀਂ । ਇਸ ਲਈ ਮੇਰੀ ਬੇਨਤੀ ਹੈ ਕਿ ਇਹ ਬਿਲ ਪਾਸ ਕਰ ਦੇਣਾ ਚਾਹੀਦਾ ਹੈ ।

**Mr. Deputy Speaker:** Question is—

That the Punjab General Sales Tax (Amendment and Validation) Bill be taken into consideration at once.

*The motion was carried.*

Original with;
Punjab Vidhan Sabha
Digitized by;
Panjab Digital Library

**Mr. Deputy Speaker :** Now the House will proceed to consider the Bill clause by clause.

SUB-CLAUSE (2) OF CLAUSE 1.

**Mr. Deputy Speaker :** Question is—

That Sub-Clause (2) of clause 1 stand part of the Bill.

*The motion was carried.*

CLAUSE 2

**Mr. Deputy Speaker:** Question is—

That Clause 2 stand part of the Bill.

*The motion was carried.*

CLAUSE 3

**Mr. Deputy Speaker :** Question is—

That Clause 3 stand part of the Bill.

*The motion was carried.*

CLAUSE 4

**Mr. Deputy Speaker:** Question is—

That Clause 4 stand part of the Bill.

*The motion was carried.*

CLAUSE 5

**Mr. Deputy Speaker :** Question is—

That Clause 5 stand part of the Bill.

*The motion was carried.*

SUB-CLAUSE (1) OF CLAUSE 1.

**Mr. Deputy Speaker :** Question is—

That Sub-clause (1) of Clause 1 stand part of the Bill.

*The motion was carried.*

TITLE

**Mr. Deputy Speaker :** Question is—

That the Title be the Title of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Excise and Taxation Minister** (Shri Yash Pal) : Sir, I beg to move—

> That the Punjab General Sales Tax (Amendment and Validation) Bill be passed.

**Mr. Deputy Speaker :** Motion moved—

> That the Punjab General Sales Tax (Amendment and Validation) Bill be passed.

**Mr. Deputy Speaker :** Question is—

> That the Punjab General Sales Tax (Amendment and Validation) Bill be passed.

*The motion was carried.*

---

## THE PUNJAB NEW CAPITAL (PERIPHERY) CONTROL (AMENDMENT) BILL, 1976

**Finance Minister** (Shri Hans Raj Sharma) : Sir, I beg to introduce the Punjab New Capital (Periphery) Control (Amendment) Bill.

I also beg to move—

> That the Punjab New Capital (Periphery) Control (Amendment) Bill be taken into consideration at once.

**Mr. Deputy Speaker :** Motion moved—

> That the Punjab New Capital (Periphery) Control (Amendment) Bill be taken into consideration at once.

**Comrade Satya Pal Dang** (Amritsar West) : Sir, I beg to move—

> "the Punjab New Capital (Periphery) Control (Amendment) Bill, 1976 be referred to a Select Committee consisting of—
>
> 1. Chaudhri Darshan Singh;
> 2. Comrade Shamsher Singh Josh; and
> 3. Chaudhri Kanshi Ram.
>
> with a direction to make report within one month.

ਡਿਪਟੀ ਸਪੀਕਰ ਸਾਹਿਬ, ਮੈਂ ਮੋਸ਼ਨ ਇਸ ਕਰਕੇ ਦਿੱਤੀ ਹੈ ਕਿ ਸ਼ਾਇਦ ਇਹ ਬਿਲ ਚੰਗਾ ਹੋਵੇ । ਮੈਨੂੰ ਨਹੀਂ ਪਤਾ ਕਿ ਇਹ ਚੰਗਾ ਹੈ ਜਾਂ ਮਾੜਾ ਹੈ । ਮੈਨੂੰ ਇਹ ਸਵੇਰੇ ਸੱਤ ਵਜੇ ਮਿਲਿਆ ਹੈ ਅਤੇ ਕਈਆਂ ਨੂੰ ਇਥੇ ਮਿਲਿਆ ਹੈ। ਜਿਤਨਾ ਚਿਰ ਪ੍ਰਿੰਸੀਪਲ ਐਕਟ ਨੂੰ ਸਟੱਡੀ ਨਹੀਂ ਕੀਤਾ ਜਾਂਦਾ, ਇਸ ਅਮੈਂਡਿੰਗ ਬਿਲ ਦੀ ਸਮਝ ਨਹੀਂ ਆ ਸਕਦੀ । ਇਸ ਕਰਕੇ ਇਕ ਸਿਲੈਕਟ ਕਮੇਟੀ ਬਣਾ ਦਿਓ ਤਿੰਨ ਮੈਂਬਰਾਂ ਦੀ ਜਿਹੜੀ ਕਿ ਇਕ ਮਹੀਨੇ ਦੇ ਵਿੱਚ ਰਿਪੋਰਟ ਦੇ ਦੇਵੇ ।

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

"the Punjab New Capital (Periphery) Control (Amendment) Bill, 1976 be referred to a Select Committee consisting of—

1. Chaudhri Darshan Singh;
2. Comrade Shamsher Singh Josh; and
3. Chaudhri Kanshi Ram.

with a direction to make report within one month.

The Punjab New Capital (Periphery) Control (Amendment) Bill, 1976 and the motion to refer the said Bill to the Select Committee will be discussed together.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਡਿਪਟੀ ਸਪੀਕਰ ਸਾਹਿਬ, ਸ਼ਰਮਾ ਜੀ ਨੇ ਇਹ ਅਮੈਂਡਿੰਗ ਬਿਲ ਲਿਆਂਦਾ ਹੈ ।

**ਸ੍ਰੀ ਡਿਪਟੀ ਸਪੀਕਰ** : ਕੀ ਤੁਸੀਂ ਇਹ ਪੜ੍ਹਿਆ ਹੈ ?

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਡਿਪਟੀ ਸਪੀਕਰ ਸਾਹਿਬ, ਕਿਉਂਕਿ ਇਹ ਬਿਲ ਮੇਰੇ ਇਲਾਕੇ ਨਾਲ ਤੁਅੱਲਕ ਰੱਖਦਾ ਹੈ ; ਇਸ ਲਈ ਮੈਂ ਪਹਿਲਾਂ ਇਸ ਨੂੰ ਪੜ੍ਹਿਆ ਹੋਇਆ ਹੈ ।

**ਸ੍ਰੀ ਡਿਪਟੀ ਸਪੀਕਰ** : ਡਾਂਗ ਸਾਹਿਬ, ਤੁਹਾਡੀ ਗੱਲ ਗਲਤ ਸਾਬਤ ਹੋ ਗਈ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਇਹ ਇਨ੍ਹਾਂ ਦੇ ਇਲਾਕੇ ਨੂੰ ਕਨਸਰਨ ਕਰਦਾ ਹੈ । ਮਨਿਸਟਰ ਸਾਹਿਬ ਨੇ ਚੰਗੀ ਗਲ ਕੀਤੀ ਹੈ ਕਿ ਇਨ੍ਹਾਂ ਨੂੰ ਕਨਫੀਡੈਂਸ ਵਿਚ ਲਿਆ ਹੈ, ਇਸ ਦੇ ਵਿਚ ਮੇਰਾ ਕੀ ਕਸੂਰ ਹੈ ?

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਡਿਪਟੀ ਸਪੀਕਰ ਸਾਹਿਬ, 1952 ਵਿਚ ਇਹ ਐਕਟ ਬਣਿਆ ਸੀ । ਉਦੋਂ ਪੰਜਾਬ ਦੀ ਨਵੀਂ ਰਾਜਧਾਨੀ ਬਣ ਰਹੀ ਸੀ । ਇਹ ਐਕਟ ਜਦੋਂ ਬਣਿਆ ਸੀ, ਇਸ ਦਾ ਮਕਸਦ ਸੀ ਕਿ ਜਿਹੜੀ ਮਾਸਟਰ ਪਲਾਨ ਹੈ ਚੰਡੀਗੜ੍ਹ ਦੀ, ਉਸਦੇ ਵਿਚ ਕੋਈ ਇਲਲੀਗਲ ਜਾਂ ਇਰਰੈਗੂਲਰ ਕਨਸਟਰਕਸ਼ਨ ਨਾ ਹੋਵੇ । ਹੁਣ ਇਨ੍ਹਾਂ ਨੇ ਸਜ਼ਾ ਕਰੜੀ ਕਰਨ ਦੀ ਪ੍ਰੋਪੋਜ਼ਲ ਲਿਆਂਦੀ ਹੈ । ਇਹ ਚੰਗੀ ਗੱਲ ਹੈ । ਪਰ ਮੇਰੇ ਮਨ ਵਿਚ ਦੋ ਤਿੰਨ ਸਵਾਲ ਉਠਦੇ ਹਨ । ਇਹ ਜਿਹੜੀ ਚੰਡੀਗੜ੍ਹ ਦੀ ਮਾਸਟਰ ਪਲਾਨ ਹੈ, ਇਹ ਹੁਣ ਯੂਨੀਅਨ ਟੈਰੇਟਰੀ ਵਾਸਤੇ ਹੈ ਅਤੇ ਇਹ ਯੂਨੀਅਨ ਟੈਰੇਟਰੀ ਪੰਜਾਬ ਵਿਚ ਅੱਗੇ ਐਕਸਟੈਂਡ ਨਹੀਂ ਕਰ ਸਕਦੀ । ਬੁਨਿਆਦੀ ਤੌਰ ਤੇ ਜਿਸ ਮਕਸਦ ਲਈ ਇਹ ਕਾਨੂੰਨ ਬਣਾਇਆ ਗਿਆ ਸੀ, ਉਸ ਦੀ ਜ਼ਰੂਰਤ ਹੁਣ ਨਹੀਂ ਰਹਿੰਦੀ । ਦੂਸਰੀ ਗਲ ਇਹ ਹੈ ਕਿ ਐਨਫੋਰਸਮੈਂਟ ਸਟਾਫ ਕੋਈ ਨਹੀਂ ਹੈ । 10 ਮੀਲ ਦੇ ਅੰਦਰ ਦਾ ਰਕਬਾ ਮੁਕੱਰਰ ਕੀਤਾ ਗਿਆ ਸੀ ਜਿਥੇ ਕਿ ਅਸਟੇਟ ਆਫਿਸ ਦੀ ਇਜਾਜ਼ਤ ਤੋਂ ਬਿਨਾਂ ਕੋਈ ਬਿਲਡਿੰਗ ਨਹੀਂ ਸੀ ਬਣਾ ਸਕਦਾ ਸਿਵਾਏ ਟਿਊਬਵੈਲ ਦੇ ਦੋ ਖਣਾਂ ਦੇ ਕੋਠੇ ਦੇ ਹੋਰ ਕੁਝ ਨਹੀਂ ਸੀ ਬਣਾਇਆ ਜਾ ਸਕਦਾ । ਮੈਂ ਇਸ ਇਲਾਕੇ ਦਾ ਰਹਿਣ ਵਾਲਾ ਹਾਂ । ਇਹ 10 ਮੀਲ ਦਾ ਇਲਾਕਾ ਮੇਰੀ ਕਾਂਸਟੀਚਿਊਐਂਸੀ ਵਿਚ

Original with;
Punjab Vidhan Sabha
Digitized by;
Panjab Digital Library

ਹੀ ਆਉਂਦਾ ਹੈ । ਜੇ ਤੁਸੀਂ ਚੰਡੀਗੜ੍ਹ ਤੋਂ ਲੁਧਿਆਣੇ ਨੂੰ ਜਾਓ ਜਾਂ ਆਪਣੇ ਹਲਕੇ ਨੂੰ ਜਾਉ ਤਾਂ ਤੁਸੀਂ ਵੇਖੋਗੇ ਕਿ ਕੋਲਡ ਸਟੋਰੇਜ ਸੜਕਾਂ ਉਤੇ ਬਣੇ ਹੋਏ ਹਨ । ਬੜੇ ਬੜੇ ਮਕਾਨ, ਕਾਰਖ਼ਾਨੇ ਬਣਾਏ ਗਏ ਹਨ । ਮੰਡੀ ਖਰੜ ਦੇ ਕੋਲ ਕਿਸੇ ਨੇ ਕਾਰਖਾਨਾ ਬਣਾ ਲਿਆ ਹੈ । ਜਦੋਂ ਕੋਈ ਉਥੇ ਮਕਾਨ ਪਾਉਂਦਾ ਹੈ, ਤਾਂ ਉਸਨੂੰ ਕੋਈ ਨਹੀਂ ਰੋਕਦਾ । ਲੋਕ ਬਣਾਈ ਜਾਂਦੇ ਹਨ । ਜਦੋਂ ਕੋਈ ਮਕਾਨ ਜਾਂ ਕਾਰਖਾਨਾ ਬਣਾ ਲੈਂਦਾ ਹੈ, ਜਾਂ ਕੋਈ ਗਰੀਬ ਆਦਮੀ ਆਪਣਾ ਕੋਠਾ ਬਣਾ ਲੈਂਦਾ ਹੈ ਤਾਂ ਫਿਰ ਉਥੇ ਪੈਰੀਫੇਰੀ ਐਕਟ ਵਾਲੇ ਚਲੇ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਕਿਉਂ ਬਣਾਇਆ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੋਲ ਐਨਫੋਰਸਮੈਂਟ ਸਟਾਫ ਹੀ ਨਹੀਂ ਹੈ । ਜਿਥੋਂ ਤਕ ਮੇਰੀ ਜਾਣਕਾਰੀ ਹੈ ਇਹ ਕੋਈ ਨਹੀਂ ਪੁੱਛਦਾ । ਪਰ ਬਾਅਦ ਵਿਚ ਨੋਟਿਸ ਵਾਲੇ ਆ ਜਾਂਦੇ ਹਨ । ਉਸ ਨੂੰ ਸੌ ਰੁਪਏ ਦੇ ਕੇ ਚੁਪ ਕਰਾਇਆ ਜਾਂਦਾ ਹੈ । ਛੇ ਮਹੀਨੇ ਬਾਅਦ ਫਿਰ ਨੋਟਿਸ ਆ ਜਾਂਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਠੀਕ ਹੈ ਸਜ਼ਾਵਾਂ ਕਰੜੀਆਂ ਕੀਤੀਆਂ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਇਹ ਮਕਾਨ ਜਾਂ ਕਾਰਖਾਨੇ ਬਣਾਏ ਹਨ ਕੀ ਇਸ ਨਵੇਂ ਪ੍ਰੋਵੀਜ਼ਨ ਦੇ ਮੁਤਾਬਿਕ ਉਨ੍ਹਾਂ ਦੇ ਮਕਾਨ ਢਾਹੁਣਗੇ ? ਇਨ੍ਹਾਂ ਵਿਚ ਗ਼ਰੀਬ ਕਿਸਾਨ ਤੇ ਹਰੀਜਨ ਦੇ ਕੋਠੇ ਵੀ ਹੋਣਗੇ ਤੇ ਅਮੀਰ ਆਦਮੀ ਦੇ ਕਾਰਖਾਨੇ ਵੀ ਹੋਣਗੇ । ਡਿਪਟੀ ਸਪੀਕਰ ਸਾਹਿਬ, ਇਥੇ ਇਕ ਸ਼ਡਿਊਲਡ ਰੋਡਜ਼ ਦਾ ਬਿਲ ਵੀ ਆਇਆ ਸੀ । ਲੁਧਿਆਣੇ ਤਕ ਤੁਸੀਂ ਦੇਖ ਲਓ ਸੜਕਾਂ ਦੇ ਉਤੇ ਲੋਕਾਂ ਨੇ ਮਕਾਨ ਬਣਾਏ ਹੋਏ ਹਨ । ਉਹ ਬਿਲ ਹਾਊਸ ਨੇ ਇਕ ਸਿਲੈਕਟ ਕਮੇਟੀ ਨੂੰ ਭੇਜਿਆ ਸੀ । ਇਸ ਨਾਲ ਚੰਗੀਆਂ ਸੋਧਾਂ ਹੋ ਗਈਆਂ ਸਨ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਵਿਚ ਬਹੁਤ ਸਾਰੇ ਇਸ਼ੂਜ਼ ਇਨਵਾਲਵਡ ਹਨ । ਚੰਗਾ ਹੋਵੇ ਜੇ ਇਹ ਬਿਲ ਸਿਲੈਕਟ ਕਮੇਟੀ ਨੂੰ ਭੇਜ ਦੇਣ । ਇਸ ਦੇ ਵਿਚ ਕੋਈ ਜ਼ਿਆਦਾ ਐਮਰਜੈਂਸੀ ਵੀ ਨਹੀਂ । ਇਕ ਮਹੀਨੇ ਦੇ ਅੰਦਰ ਅੰਦਰ ਸਿਲੈਕਟ ਕਮੇਟੀ ਰਿਪੋਰਟ ਦੇ ਦੇਵੇਗੀ । ਉਸਦੇ ਬਾਅਦ ਮੇਰਾ ਖ਼ਿਆਲ ਹੈ ਕਿ ਇਹ ਬਿਲ ਦਰੁਸਤ ਹੋ ਜਾਵੇਗਾ । ਅਸੀਂ ਵੈਸੇ ਸਪੋਰਟ ਕਰਦੇ ਹਾਂ ਇਹ ਬਿਲ ਲਿਆਉਣਾ ਚਾਹੀਦਾ ਹੈ ।

**ਸ੍ਰੀ ਪ੍ਰੇਮ ਗੁਪਤਾ** (ਪਟਿਆਲਾ) : ਇਹ ਅਮੈਂਡਿੰਗ ਬਿਲ, ਪ੍ਰਿੰਸੀਪਲ ਐਕਟ, 1952 ਦੀ ਅਮੈਂਡਮੈਂਟ ਵਾਸਤੇ ਸ਼ਰਮਾ ਜੀ ਨੇ ਲਿਆਂਦਾ ਹੈ । ਮੈਂ ਸਮਝਦਾ ਹਾਂ ਕਿ ਇਸ ਨੂੰ ਸਿਲੈਕਟ ਕਮੇਟੀ ਨੂੰ ਭੇਜਣ ਦੀ ਕੋਈ ਲੋੜ ਨਹੀਂ । ਜਿਸ ਮੰਤਵ ਵਾਸਤੇ ਇਹ ਬਿਲ ਲਿਆਂਦਾ ਹੈ ਉਹ ਮੀਟ ਹੁੰਦਾ ਹੈ । ਇਹ ਗੱਲ ਬਿਲਕੁਲ ਕੁਰੈਕਟ ਹੈ ਕਿ ਲੋਕਾਂ ਨੇ ਪਹਿਲਾਂ ਕਨਸਟਰਕਸ਼ਨਜ਼ ਕਰ ਲਈਆਂ ਹਨ । ਇਹ ਰੈਗੂਲੇਟ ਨਹੀਂ ਹੋ ਸਕਦੀਆਂ । ਇਹ ਅਮੈਂਡਿੰਗ ਬਿਲ ਇਸ ਚੀਜ਼ ਨੂੰ ਪ੍ਰੋਵਾਈਡ ਕਰਦਾ ਹੈ । ਚੰਡੀਗੜ੍ਹ ਇਕ ਸੁਹਣਾ ਅਤੇ ਪਲਾਨਡ ਸ਼ਹਿਰ ਹੈ । ਇਸ ਦੇ ਆਲੇ ਦੁਆਲੇ ਪੰਜਾਬ ਦਾ ਏਰੀਆ ਹੈ । ਇਹ ਉਸ ਇਲਾਕੇ ਨਾਲ ਤੁਅੱਲਕ ਰੱਖਦਾ ਹੈ । ਤੁਸੀਂ ਕਿਸੇ ਪਾਸੇ ਚਲੇ ਜਾਓ ਹਰ ਪਾਸੇ ਅਨਪਲਾਂਡ ਗਰੋਥ ਹੋ ਰਹੀ ਹੈ । ਪਲਾਨਿੰਗ ਦੇ ਜ਼ਮਾਨੇ ਵਿਚ ਹਰ ਚੀਜ਼ ਨੂੰ ਰੈਗੂਲੇਟ ਕਰਨਾ ਚਾਹੀਦਾ ਹੈ । ਮੈਂ ਕਹਿੰਦਾ ਹਾਂ ਕਿ ਸ਼ਰਮਾ ਜੀ ਨੇ ਬੜਾ ਚੰਗਾ ਕੰਮ ਕੀਤਾ ਹੈ । ਚਾਹੇ ਸਟੋਨ ਕਰੱਸ਼ਰ ਬਣਾਏ ਗਏ ਹਨ ਜਾਂ ਕਾਰਖਾਨੇ ਲਾਏ ਗਏ ਹਨ, ਜਿਥੇ ਉਹ ਰੈਗੂਲੇਟ ਨਹੀਂ ਕਰਦੇ ਉਥੇ ਸਜ਼ਾਵਾਂ ਦੇਣ ਦਾ ਪ੍ਰੋਵੀਜ਼ਨ ਇਸ ਬਿਲ ਵਿਚ ਕੀਤਾ ਗਿਆ ਹੈ । ਹੁਣ ਜਿਨ੍ਹਾਂ ਦੇ ਸਟੋਨ ਕਰੱਸ਼ਰ ਲੱਗੇ ਹਨ ਜਾਂ ਭੱਠੇ ਲੱਗ ਹਨ, ਸਰਕਾਰ ਉਨ੍ਹਾਂ ਨੂੰ ਠੀਕ ਜਗ੍ਹਾ ਤੇ ਲਗਾਵੇਗੀ । ਜਗ੍ਹਾ ਉਨ੍ਹਾਂ ਲਈ ਨਿਸ਼ਚਿਤ ਕਰੇਗੀ ਤਾਂ ਕਿ ਉਨ੍ਹਾਂ ਦਾ ਕੰਮ ਠੀਕ ਠਾਕ ਚਲੇ, ਸੜਕਾਂ ਠੀਕ ਬਣਨ ਤੇ ਉਨ੍ਹਾਂ ਦੇ ਇਧਰ ਉਧਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਉਸਾਰੀ ਨਾ ਹੋਵੇ । ਇਹ ਗਲਾਂ ਕੇਵਲ ਕੈਪੀਟਲ ਬਾਰੇ ਹੀ ਨਹੀਂ ਹੋਣੀਆਂ ਚਾਹੀਦੀਆਂ । ਸਾਰੀ ਸਟੇਟ ਵਿਚ ਜਿਤਨੇ ਵੀ ਟਾਊਨ ਹਨ ਉਥੇ ਇਸ ਚੀਜ਼ ਨੂੰ ਰੈਗੂਲੇਟ ਕਰਨ ਦੀ ਜ਼ਰੂਰਤ ਹੈ । ਜਿਥੇ ਛੋਟੇ 2 ਖੋਖਿਆਂ ਵਾਲੇ ਹਨ ਉਨ੍ਹਾਂ ਨੂੰ ਕਾਨੂੰਨ ਨਾਲ ਉਠਾਉਣ ਅਤੇ ਪ੍ਰਾਪਰਲੀ ਰੀਹੈਬਿਲੀਟੇਟ ਕਰਨ । ਮੈਂ ਸਮਝਦਾ ਹਾਂ ਕਿ ਜਿਥੇ ਇਹ ਬਿਲ ਕਨਸਟਰਕਸ਼ਨ ਨੂੰ ਰੈਗੂਲੇਟ ਕਰੇਗਾ ਉਥੇ ਪ੍ਰਾਪਰਲੀ ਰੀਹੈਬਿਲੀਟੇਟ ਵੀ ਕਰੇਗਾ । ਇਹ ਮੇਨ ਐਕਟ ਨੂੰ ਠੀਕ ਕਰਨ ਵਾਸਤੇ ਲਿਆਂਦਾ ਗਿਆ ਹੈ । ਮੈਂ ਇਸ ਅਮੈਂਡਿੰਗ ਬਿਲ ਦਾ ਸਵਾਗਤ ਕਰਦਾ ਹਾਂ ।

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਅਮੈਂਡਿੰਗ ਬਿਲ ਲਿਆਂਦਾ ਗਿਆ ਹੈ, ਮੈਂ ਮੰਨਦਾ ਹਾਂ ਕਿ ਇਹ ਬਹੁਤ ਪਹਿਲਾਂ ਲਿਆਉਣਾ ਚਾਹੁੰਦਾ ਸੀ ਕਿਉਂਕਿ ਰੀਆਰਗੇਨਾਈਜ਼ੇਸ਼ਨ ਐਕਟ ਦੇ ਮੁਤਾਬਿਕ ਪੰਜਾਬ ਦਾ ਜਿਹੜਾ ਏਰੀਆ ਹੈ ਚੰਡੀਗੜ੍ਹ ਦੇ ਇਰਦ ਗਿਰਦ ਉਸ ਨੂੰ ਅਸੀਂ ਰੈਗੂਲੇਟ ਕਰਨਾ ਹੈ । ਪਹਿਲਾਂ ਡੀ. ਸੀ. ਅੰਬਾਲਾ ਮੁਕਰੱਰ ਕੀਤਾ ਹੋਇਆ ਸੀ ਇਸ ਕੰਮ ਲਈ, ਹੁਣ ਪਟਿਆਲਾ ਅਤੇ ਰੋਪੜ ਦੇ ਡੀ. ਸੀਜ਼. ਨੇ ਐਕਸ਼ਨ ਲੈਣਾ ਹੈ । ਲੇਕਿਨ ਕੁਝ ਕੇਸ ਹਾਈ ਕੋਰਟ ਵਿਚ ਗਏ ਅਤੇ ਸਾਡੇ ਖ਼ਿਲਾਫ ਡਿਸੀਜ਼ਨ ਹੋਏ । ਉਸ ਦਾ ਪ੍ਰੋਵੀਜ਼ਨ ਵੀ ਇਸਦੇ ਵਿਚ ਕੀਤਾ ਗਿਆ ਹੈ, ਜਿਨ੍ਹਾਂ ਗੱਲਾਂ ਵਲ ਹਾਈ ਕੋਰਟ ਨੇ ਸਾਡੀ ਤਵਜੋ ਦਿਲਾਈ ਸੀ । ਇਹ ਜਿਹੜਾ 10 ਮੀਲ ਦਾ ਇਲਾਕਾ ਹੈ, ਬਗੈਰ ਇਸ ਅਮੈਂਡਿੰਗ ਬਿਲ ਦੇ ਸਾਡੇ ਕੋਲ ਪਹਿਲਾਂ ਹੋਰ ਕੋਈ ਪਾਵਰ ਨਹੀਂ ਜਿਸ ਨਾਲ ਅਸੀਂ ਇਨ੍ਹਾਂ ਨੂੰ ਰੋਕ ਸਕੀਏ । ਉਹ ਪਾਵਰ ਇਸ ਰਾਹੀਂ ਲਈ ਜਾ ਰਹੀ ਹੈ । ਇਹ ਵੀ ਪ੍ਰੋਵਾਈਡ ਕੀਤਾ ਹੈ ਕਿ ਪੇਸ਼ਤਰ ਇਸ ਦੇ ਕਿ ਡਿਪਟੀ ਕਮਿਸ਼ਨਰ ਨੋਟਿਸ ਦੇ ਦੇਵੇ, ਉਹ ਉਨ੍ਹਾਂ ਨੂੰ ਬੁਲਾ ਕੇ ਹੀਅਰਿੰਗ ਕਰੇ ਅਤੇ ਉਨ੍ਹਾਂ ਨੂੰ ਪੁੱਛੇ । ਇਸ ਦੇ ਵਿਚ ਸਜ਼ਾ ਵੀ ਅਸੀਂ ਕਰੜੀ ਕੀਤੀ ਹੈ । ਇਸ ਦੇ ਵਿਚ ਡੇਅਰੀ ਅਤੇ ਪੋਲਟਰੀ ਫਾਰਮਿੰਗ ਨਹੀਂ ਸੀ, ਉਹ ਵੀ ਅਸੀਂ ਸ਼ਾਮਿਲ ਕੀਤੇ ਹਨ ਤਾਂਕਿ ਉਨ੍ਹਾਂ ਨੂੰ ਕੋਈ ਨੁਕਸਾਨ ਨਾ ਹੋਵੇ । ਇਸ ਦੇ ਅੰਦਰ ਜਿਹੜੇ ਪੱਥਰ ਅਤੇ ਕੰਕਰ ਆਦਿ ਬਣਾਉਣ ਵਾਲੇ ਕਾਰਖਾਨੇ ਹਨ ਉਨ੍ਹਾਂ ਦਾ ਜ਼ਿਕਰ ਵੀ ਕੀਤਾ ਹੈ । ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਡੀ. ਸੀ. ਤੋਂ ਲਾਈਸੈਂਸ ਲੈਣ ਅਤੇ ਫਿਰ ਕੰਮ ਚਲਾਉਣ । ਸਟੋਨ ਕਰੱਸ਼ਰ ਵੀ ਨੇੜੇ ਤੇੜੇ ਲੱਗ ਰਹੇ ਹਨ । ਇਸ ਦੀ ਮਿੱਟੀ ਉਡ ਕੇ ਸਿਰਫ ਖੇਤੀਬਾੜੀ ਨੂੰ ਹੀ ਤਬਾਹ ਨਹੀਂ ਕਰੇਗੀ ਬਲਕਿ ਲੋਕਾਂ ਦੀ ਸਿਹਤ ਨੂੰ ਵੀ ਖ਼ਰਾਬ ਕਰੇਗੀ । ਮੈਨੂੰ ਦੁੱਖ ਹੈ ਕਿ ਇਹ ਬਿਲ ਪਹਿਲਾਂ ਕਿਉਂ ਨਹੀਂ ਲਿਆਂਦਾ ਗਿਆ । ਇਸ ਦੇ ਵਿਚ ਕੰਪਨੀਆਂ ਦੀ ਵੀ ਡੇਫੀਨੀਸ਼ਨ ਦਿੱਤੀ ਹੈ ।

ਕੋਈ ਡਾਇਰੈਕਟਰ ਦੇ ਨਾਂ ਤੇ ਕਰ ਦੇਵੇਗਾ, ਉਸ ਦੇ ਵਾਸਤੇ ਡੈਫੀਨੀਸ਼ਨ ਦਿੱਤੀ ਹੈ ਤਾਂ ਜੋ ਕੰਸਟਰਕਸ਼ਨ ਐਕਟਿਵਿਟੀਜ਼ ਨੂੰ ਰੈਗੂਲੇਟ ਕਰ ਸਕਣ, ਬੰਦ ਕਰਨ ਦਾ ਕਿਸੇ ਦਾ ਖ਼ਿਆਲ ਨਹੀਂ, ਇਹ ਤਾਂ ਸਿਰਫ ਇਕ ਪਲੈਂਡ ਤਰੀਕੇ ਨਾਲ ਚਲਣ ਵਾਸਤੇ ਹੈ ਕਿਉਂਕਿ ਚੰਡੀਗੜ੍ਹ ਨੇ ਹੋਰ ਵੱਧਣਾ ਹੈ ਇਰਦ ਗਿਰਦ ਦੇ ਇਲਾਕੇ ਵਿਚ ਅਤੇ ਚੰਡੀਗੜ੍ਹ ਪੰਜਾਬ ਵਿਚ ਵੀ ਆਵੇਗਾ ਅਤੇ ਸਾਨੂੰ ਇਸ ਚੀਜ਼ ਦੀ ਹੋਰ ਵੀ ਲੋੜ ਮਹਿਸੂਸ ਹੋਵੇਗੀ । ਜਿਹੜਾ ਵਕਤ ਗੁਜ਼ਰ ਗਿਆ ਹੈ ਪਿਛੇ, ਉਹ ਤਾਂ ਗੁਜ਼ਰ ਗਿਆ, ਪਰ ਸਾਨੂੰ ਹੋਰ ਵਕਤ ਨਹੀਂ ਗਵਾਉਣਾ ਚਾਹੀਦਾ ਅਤੇ ਇਸ ਬਿਲ ਨੂੰ ਸਿਲੈਕਟ ਕਮੇਟੀ ਨੂੰ ਰੈਫਰ ਨਹੀਂ ਕਰਨਾ ਚਾਹੀਦਾ । ਸਿਲੈਕਟ ਕਮੇਟੀ ਦੀ ਰਿਪੋਰਟ ਅਗਲੇ ਸ਼ੈਸ਼ਨ ਤਕ ਕਿਤੇ ਆਵੇਗੀ ਅਤੇ ਉਦੋਂ ਤੱਕ 10 ਕਾਰਖਾਨੇ ਹੋਰ ਬਣ

Original with;
Punjab Vidhan Sabha
Digitized by;
Panjab Digital Library

ਜਾਣਗੇ। ਡਿਪਟੀ ਕਮਿਸ਼ਨਰ ਕੁਝ ਨਹੀਂ ਕਰ ਸਕਦਾ, ਕਿਉਂਕਿ ਸਜ਼ਾ ਥੋੜ੍ਹੀ ਹੈ, 20 ਰੁਪਏ ਜ਼ੁਰਮਾਨਾ ਹੈ। ਕੋਈ ਆਦਮੀ ਇਹ ਕਰੇਗਾ ਕਿ ਕਾਰਖਾਨਾ ਬਣਾਈ ਜਾਓ, 20 ਰੁਪਏ ਜ਼ੁਰਮਾਨਾ ਦੇ ਦਿੱਤਾ ਜਾਵੇਗਾ। ਇਸ ਕਰਕੇ ਹੁਣ ਇਹ ਪ੍ਰੋਵੀਜ਼ਨ ਕੀਤੀ ਹੈ ਤਾਂ ਜੋ ਕੰਸਟਰੱਕਸ਼ਨਲ ਐਕਟੀਵਿਟੀਜ਼ ਨੂੰ ਰਗੂਲੇਟ ਕੀਤਾ ਜਾ ਸਕੇ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਬਿਲ ਦੀ ਮੁਖਾਲਫਿਤ ਨਹੀਂ ਕਰਨੀ ਚਾਹੀਦੀ ਅਤੇ ਇਸ ਨੂੰ ਸਰਵਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ।

**Mr. Deputy Speaker** : Question is—

That the Punjab New Capital (Periphery) Control (Amendment) Bill, 1976 be referred to a Select Committee consisting of :

1. Chaudhri Darshan Singh;
2. Comrade Shamsher Singh Josh; and
3. Chaudhri Kanshi Ram.

with a direction to make report within one month.

*The motion was lost*

**Mr. Deputy Speaker** : Question is—

That the Punjab New Capital (Periphery) Control (Amendment) Bill be taken into consideration at once.

*The motion was carried.*

**Mr. Deputy Speaker** ; Now the House will proceed to consider the Bill clause by clause.

CLAUSE 2

**Mr. Deputy Speaker** ; Question is—

That clause 2 stand part of the Bill.

*The motion was carried.*

CLAUSE 3

**Mr. Deputy Speaker** : Question is—

That clause 3 stand part of the Bill.

*The motion was carried.*

CLAUSE 4

**Mr. Deputy Speaker** : Question is—

That clause 4 stand part of the Bill

*The motion was carried.*

Original with;
Punjab Vidhan Sabha
Digitized by;
Panjab Digital Library

CLAUSE 5

**Mr. Deputy Speaker :** Question is—

That Clause 5 stand part of the Bill.

*The motion was carried.*

CLAUSE 6

**Mr. Deputy Speaker :** Question is—

That Clause 6 stand part of the Bill.

*The motion was carried.*

CLAUSE 1

**Mr. Deputy Speaker :** Qusetion is—

That clause 1 stand part of the Bill.

*The motion was carried.*

TITLE

**Mr. Deputy Speaker :** Question is—

That Title be the Title of the Bill.

*The motion was carried.*

**Finance Minister** (Shri Hans Raj Sharma) : Sir, I beg to move—

That the Punjab New Capital (Periphery) Control (Amendment) Bill be passed.

**Mr. Deputy Speaker :** Motion moved—

That the Punjab New Capital (Periphery) Control (Amendment) Bill be passed.

**Mr. Deputy Speaker :** Question is—

That the Punjab New Capital (Periphery) Control (Amendment) Bil[ be passed.

*The motion was carried.*

---

## THE PUNJAB VILLAGE COMMON LANDS (REGULATION) (AMENDMENT) BILL, 1976

**Minister of State for Development** (Sardar Santokh Singh Randhawa) : Sir, I beg to introduce the Punjab Village Common Lands (Regulation) (Amendment) Bill.

Sir, I also beg to move—

That the Punjab Village Common Lands (Regulation) (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

That the Punjab Village Common Lands (Regulation) (Amendment) Bill be taken into consideration at once.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ):** ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) (ਅਮੈਂਡਮੈਂਟ) ਬਿਲ, 1976 ਵਿਕਾਸ ਮੰਤਰੀ ਜੀ ਨੇ ਲਿਆਂਦਾ ਹੈ, ਇਸ ਦੇ ਵਿਚ ਬੜੇ ਚੰਗੇ ਸੁਝਾਓ ਦਰਜ ਕੀਤੇ ਗਏ ਹਨ ਅਤੇ ਜਿਹੜੀਆਂ ਪਹਿਲਾਂ ਊਣਤਾਈਆਂ ਸਨ, ਉਹ ਦੂਰ ਕੀਤੀਆਂ ਗਈਆਂ ਹਨ । ਇਸ ਬਿਲ ਦਾ ਨਤੀਜਾ ਇਹ ਹੋਵੇਗਾ ਕਿ ਜਿਹੜੀ ਪਿੰਡਾਂ ਵਿਚ ਸਾਂਝੀ ਜ਼ਮੀਨ ਸੀ, ਸਾਂਝੀ ਵਰਤੋਂ ਦੀ ਜਿਹੜੀ ਜ਼ਮੀਨ ਹੈ, ਉਸ ਤੇ ਕੋਈ ਪੰਚਾਇਤਾਂ ਦਾ ਕੰਟਰੋਲ ਨਹੀਂ ਸੀ ਉਸਤੇ ਪੰਚਾਇਤ ਦਾ ਕੰਟਰੋਲ ਹੋਵੇਗਾ । ਇਹ ਵੀ ਠੀਕ ਹੈ ਕਿ ਪੰਚਾਇਤਾਂ ਆਪਣਿਆਂ ਰਕਬਿਆਂ ਨੂੰ ਖੁਰਦ ਬੁਰਦ ਕਰਦੀਆਂ ਸਨ, ਕਿਸੇ ਨੂੰ ਹਸਪੀਟਲ ਵਾਸਤੇ ਜਗ੍ਹਾ ਦੇ ਦਿੱਤੀ , ਕਿਸੇ ਨੂੰ ਸਕੂਲ ਵਾਸਤੇ ਜਗ੍ਹਾ ਦੇ ਦਿੱਤੀ ਅਤੇ ਕਿਸੇ ਨੂੰ ਕਿਸੇ ਤਰ੍ਹਾਂ ਜਗ੍ਹਾ ਦੇ ਦਿੱਤੀ । ਇਸ ਕਰਕੇ ਜਿਹੜਾ ਇਹ ਕੀਤਾ ਗਿਆ ਕਿ ਪੰਚਾਇਤਾਂ 50 ਪ੍ਰਤੀਸ਼ਤ ਆਫ ਦੀ ਟੋਟਲ ਲੈਂਡ ਤੋਂ ਜ਼ਿਆਦਾ ਨਹੀਂ ਦੇ ਸਕਦੀਆਂ, ਇਹ ਠੀਕ ਹੈ । ਦਰਅਸਲ 40-45 ਅਮੈਂਡਮੈਂਟਸ ਰੰਧਾਵਾ ਸਾਹਿਬ ਨੇ ਜੋ ਇਸ ਐਕਟ ਵਿਚ ਲਿਆਂਦੀਆਂ ਹਨ, ਜਿਨ੍ਹਾਂ ਦੇ ਨਾਲ ਵਿਲੇਜ ਕਾਮਨ ਲੈਂਡ ਨੂੰ ਰੈਗੂਲੇਟ ਕੀਤਾ ਜਾ ਸਕੇ । ਇਹ ਚੀਜ਼ ਸਾਬਤ ਕਰਦੀ ਹੈ ਕਿ ਇਨ੍ਹਾਂ ਨੇ ਅਤੇ ਇਨ੍ਹਾਂ ਦੇ ਮਹਿਕਮੇ ਨੇ ਬਹੁਤ ਮਿਹਨਤ ਕਰਕੇ ਅਤੇ ਸੋਚ ਵਿਚਾਰ ਕੇ ਇਹ ਚੀਜ਼ ਕੀਤੀ ਹੈ ਅਤੇ ਜਿਹੜੀਆਂ ਊਣਤਾਈਆਂ ਇਸ ਕੰਮ ਵਿਚ ਸਨ, ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਨਾਲ ਜਿਹੜੀਆਂ ਡੈਫੀਸ਼ੈਂਸੀਜ਼ ਐਕਟ ਵਿਚ ਸਨ, ਉਹ ਦੂਰ ਹੋਣਗੀਆਂ । ਪਰ ਇਕ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਅਤੇ 2-3 ਸੁਝਾਓ ਦੇਣਾ ਚਾਹੁੰਦਾ ਹਾਂ । ਇਕ ਬੜੀ ਬੁਨਿਆਦੀ ਕਮੀ ਹੈ ਕਿ ਜਦੋਂ ਐਕਟ ਪਾਸ ਕੀਤਾ ਗਿਆ ਸੀ 1961 ਵਿਚ ਤਾਂ ਡਿਪਟੀ ਸਪੀਕਰ ਸਾਹਿਬ, ਉਸ ਦੇ ਵਿਚ ਇਕ ਬਹੁਤ ਵੱਡੀ ਘਾਟ ਰਹਿ ਗਈ ਸੀ । ਉਹ ਘਾਟ ਇਹ ਸੀ ਕਿ ਉਸ ਮੇਨ ਐਕਟ ਦੀ ਸੈਕਸ਼ਨ 2 ਵਿਚ ਜਿਹੜੀ ਸ਼ਾਮਲਾਤ ਦੇਹ ਦੀ ਡੈਫੀਨੀਸ਼ਨ ਦਿੱਤੀ ਹੈ ਉਹ ਡਿਫੈਕਟਿਵ ਹੈ । ਉਸ ਦੇ ਵਿਚ ਇਹ ਹੈ ਕਿ ਜਿਹੜੀ ਆਬਾਦੀ ਦੇਹ ਲਾਲ ਲਕੀਰ ਦੇ ਅੰਦਰ ਹੈ, ਉਸ ਦਾ ਪੰਚਾਇਤ ਨੂੰ ਕਬਜ਼ਾ ਨਹੀਂ ਮਿਲਿਆ । Clause g(1) of section 2 reads as under :—

"Shamlat Deh includes land described in the revenue records as Shamlat excluding abadi deh".

ਜੇ, ਡਿਪਟੀ ਸਪੀਕਰ ਸਾਹਿਬ, ਐਕਸਕਲੂਡਿੰਗ ਆਬਾਦੀ ਦੇਹ ਨਾ ਹੁੰਦਾ ਤਾਂ ਲਾਲ ਲਕੀਰ ਦੇ ਅੰਦਰ ਅਤੇ ਬਾਹਰ ਜਿਹੜੀ ਵੀ ਸਾਂਝੀ ਜ਼ਮੀਨ ਸੀ ਪਿੰਡ ਵਿਚ, ਉਹ ਸਾਂਝੀ ਵਰਤੋਂ ਵਿਚ ਆਉਂਦੀ ਅਤੇ ਉਹ ਪੰਚਾਇਤ ਦੇ ਕਬਜ਼ੇ ਵਿਚ ਆ ਜਾਂਦੀ । ਹੁੰਦਾ ਕੀ ਹੈ ਕਿ ਲਾਲ ਲਕੀਰ ਦੇ ਅੰਦਰ ਜ਼ਬਰ ਨਾਲ ਲੋਕ ਕਬਜ਼ਾ ਕਰ ਲੈਂਦੇ ਹਨ । ਐਸ. ਡੀ. ਓ. ਕੋਲ ਜਾਓ ਤਾਂ ਉਹ ਕਹਿੰਦਾ ਹੈ ਕਿ ਮੇਰੇ ਅਖਤਿਆਰ ਵਿਚ ਨਹੀਂ ਹੈ ਅਤੇ ਜੇ. ਬੀ. ਡੀ. ਓ. ਕੋਲ ਜਾਓ ਤਾਂ ਉਹ ਵੀ ਕਹਿੰਦਾ ਹੈ ਕਿ ਮੇਰੇ ਅਖਤਿਆਰ ਵਿਚ ਨਹੀਂ । ਇਸ ਕਰਕੇ ਇਨ੍ਹਾਂ ਜ਼ਮੀਨਾਂ ਤੇ ਨੋ ਮੈਨਜ਼ ਰੂਲ ਚਲ ਰਿਹਾ ਹੈ । ਇਹ ਬੜੀ ਭਾਰੀ ਘਾਟ ਸੀ ਜਿਹੜੀ ਐਕਟ ਵਿਚ ਰਹਿ ਗਈ ਹੈ । ਇਸ ਕਰਕੇ ਮੈਂ ਰੰਧਾਵਾ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਬੁਨਿਆਦੀ ਅਮੈਂਡਮੈਂਟ ਨੂੰ ਲਿਆ ਕੇ ਇਸ ਨੂੰ ਠੀਕ ਕੀਤਾ ਜਾਵੇ ਤਾਕਿ ਜਿਹੜੀ ਲਾਲ ਲਕੀਰ ਦੇ ਅੰਦਰ ਦੀ ਜ਼ਮੀਨ ਹੈ, ਉਹ ਵੀ ਪੰਚਾਇਤਾਂ ਕੋਲ ਜਾ ਸਕੇ ਅਤੇ ਜਦੋਂ ਉਹ ਪੰਚਾਇਤਾਂ ਕੋਲ ਜਾਵੇਗੀ ਤਾਂ ਗ਼ਰੀਬ ਲੋਕਾਂ ਨੂੰ ਪਲਾਟ ਦੇਣ ਦੇ ਕੰਮ ਆਵੇਗੀ ਅਤੇ ਛੋਟੇ ਮੋਟੇ ਗ਼ਰੀਬ ਆਦਮੀਆਂ ਨੂੰ ਦਿੱਤੀ ਜਾ ਸਕੇਗੀ । ਹੁਣ ਤਾਂ ਇਹ ਹਾਲ ਹੈ ਕਿ ਜੇ ਕੋਈ ਪਿੰਡ ਵਿਚ ਟੋਬਾ ਵੀ ਹੈ ਤਾਂ ਉਸ ਵਾਸਤੇ ਵੀ ਝਗੜੇ ਖੜ੍ਹੇ ਹੋ ਜਾਂਦੇ ਹਨ ਅਤੇ ਹੋਰ ਵੀ ਕਈ ਇਸ ਤਰ੍ਹਾਂ ਦੇ ਝਗੜੇ ਹੁੰਦੇ ਹਨ । ਮੇਰਾ ਪਹਿਲਾ ਸੁਝਾਓ ਤਾਂ ਇਹ ਸੀ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਮੇਰਾ ਦੂਜਾ ਸੁਝਾਓ ਇਹ ਹੈ ਕਿ ਕੁਝ ਪੰਚਾਇਤਾਂ ਨੇ ਜ਼ਮੀਨਾਂ ਲੀਜ਼ ਤੇ ਦਿੱਤੀਆਂ ਹੋਈਆਂ ਹਨ। ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਟਿਆਲਾ ਅਤੇ ਸੰਗਰੂਰ ਵਿਚ ਇਹ ਮਸਲਾ ਜ਼ਿਆਦਾ ਹੈ। ਉਥੇ ਇਹ ਪੋਜ਼ੀਸ਼ਨ ਹੈ ਕਿ ਕੁਝ ਲੋਕਾਂ ਨੇ ਜੰਗਲ ਵਰਗੀ ਜ਼ਮੀਨ ਨੂੰ ਪੁਟ ਕੇ ਤੇ ਮਿਹਨਤ ਕਰਕੇ 15 ਜਾਂ 20 ਏਕੜ ਤਕ ਚੰਗੀ ਬਣਾ ਲਈ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰ ਇਸ ਤਰ੍ਹਾਂ ਦੇ ਆਦਮੀ ਨੂੰ, 5 ਏਕੜ ਦਾ ਰਕਬਾ ਦੇ ਦੇਣਾ ਚਾਹੀਦਾ ਹੈ, ਅਤੇ ਉਹ ਰਕਬਾ ਉਨ੍ਹਾਂ ਤੋਂ ਨਹੀਂ ਲੈਣਾ ਚਾਹੀਦਾ, ਉਸ ਦੀ ਕੀਮਤ ਭਾਵੇਂ ਵਸੂਲ ਕਰ ਲਈ ਜਾਵੇ, ਜਿਸ ਦਾ ਨਤੀਜਾ ਇਹ ਵੀ ਹੋਵੇਗਾ ਕਿ ਕਿਸੇ ਕੋਲ 5 ਏਕੜ ਦੀ ਜ਼ਮੀਨ ਵੀ ਰਹਿ ਜਾਵੇਗੀ ਅਤੇ ਪੰਚਾਇਤਾਂ ਕੋਲ ਡਿਵੈਲਪਮੈਂਟ ਵਾਸਤੇ ਪੈਸਾ ਵੀ ਆ ਜਾਵੇਗਾ।

ਇਨ੍ਹਾਂ ਸੁਝਾਵਾਂ ਦੇ ਨਾਲ ਮੈਂ ਇਸ ਅਮੈਂਡਿੰਗ ਬਿਲ ਦਾ ਸਮਰਥਨ ਕਰਦਾ ਹਾਂ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ**(ਖੰਨਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਸਰਕਾਰ ਨੇ ਲਿਆਂਦਾ ਹੈ, ਇਸ ਦੇ ਨਾਲ ਪੰਚਾਇਤਾਂ ਦੀ ਆਮਦਨੀ ਵਿਚ ਵਾਕਈ ਵਾਧਾ ਹੋਵੇਗਾ, ਅਤੇ ਜਿਹੜੀਆਂ ਪੰਚਾਇਤਾਂ ਦੀਆਂ ਜ਼ਮੀਨਾਂ ਦੇ ਉਤੇ ਲੋਕਾਂ ਦੇ ਨਾਜਾਇਜ਼ ਕਬਜ਼ੇ, ਖਾਸ ਕਰਕੇ ਜਿਹੜੇ ਤਕੜੇ, ਮੰਨੇ ਹੋਏ ਪਿੰਡਾਂ ਵਿਚ ਲੋਕ ਹਨ, ਉਨ੍ਹਾਂ ਦੇ ਕਬਜ਼ੇ ਕੀਤੇ ਹੋਏ ਸਨ, ਉਹ ਛੁਡਵਾ ਦਿੱਤੇ ਜਾਣਗੇ, ਬੜਾ ਚੰਗਾ ਬਿਲ ਹੈ। ਇਸ ਦੇ ਨਾਲ ਪੰਚਾਇਤਾਂ ਦੀ ਆਮਦਨੀ ਵਧਾਈ ਜਾ ਸਕੇਗੀ ਅਤੇ, ਡਿਪਟੀ ਸਪੀਕਰ ਸਾਹਿਬ, ਇਸ ਲੈਂਡ ਦੀ ਰੈਗੂਲੇਸ਼ਨ ਬਾਰੇ ਜਿਥੇ ਇਨੀ ਮਿਹਨਤ ਕੀਤੀ ਗਈ ਹੈ, ਉਥੇ ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਧਿਆਨ ਹੋਰ ਸਮੱਸਿਆਵਾਂ ਵੱਲ ਨਹੀਂ ਗਿਆ।

ਜਿਵੇਂ ਹੁਣੇ ਹੀ ਕਾਮਰੇਡ ਜੋਸ਼ ਜੀ ਨੇ ਪਟਿਆਲਾ, ਸੰਗਰੂਰ ਅਤੇ ਹੋਰ ਜ਼ਿਲ੍ਹਿਆਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਜਦੋਂ ਸਰਕਾਰ ਨੇ ਲੈਂਡ ਯੂਟੇਲਾਈਜ਼ੇਸ਼ਨ ਐਕਟ ਪਾਸ ਕੀਤਾ ਸੀ ਤਾਂ ਉਸ ਲੈਂਡ ਯੂਟੇਲਾਈਜ਼ੇਸ਼ਨ ਐਕਟ ਥਲੇ ਬੰਜਰ ਜ਼ਮੀਨਾਂ ਹਰੀਜਨਾਂ ਨੂੰ ਲੀਜ਼ ਤੇ ਅਲਾਟ ਕਰ ਦਿੱਤੀਆਂ ਸਨ ਅਤੇ ਉਨ੍ਹਾਂ ਨੇ ਇਹ ਜ਼ਮੀਨਾਂ ਆਬਾਦ ਕਰਕੇ ਕਾਸ਼ਤ ਕਰਨ ਯੋਗ ਬਣਾਈਆਂ। ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਹ ਆਪ ਹੀ ਫੈਸਲਾ ਕੀਤਾ ਹੋਇਆ ਹੈ ਕਿ ਜਿਹੜੀ ਪਿੰਡਾਂ ਦੀ ਜ਼ਮੀਨ ਹੈ ਉਸ ਨੂੰ ਪਜਾਬ ਵਿਲੇਜ ਕਾਮਨ ਲੈਂਡਜ਼ ਰੈਗੂਲੇਸ਼ਨ ਥੱਲੇ ਜਿਹੜਾ ਰੂਲ 1964 ਵਿਚ ਬਣਿਆ ਸੀ ਉਸ ਦੀ ਪਰੋਵੀਜ਼ਨ 'ਏ' ਵਿਚ ਪਰੋਵਾਈਡ ਕੀਤਾ ਹੈ ਕਿ 1/3 ਲੈਂਡ ਉਨ੍ਹਾਂ ਨੂੰ ਦਿੱਤੀ ਜਾਵੇਗੀ। ਮੈਂ ਕਹਿੰਦਾ ਹਾਂ ਕਿ ਜਿਸ ਵੇਲੇ 1/3 ਲੈਂਡ ਉਨ੍ਹਾਂ ਨੂੰ ਲੀਜ਼ ਤੇ ਦਿੱਤੀ ਸੀ ਅਤੇ ਜਿਸ ਵੇਲੇ ਲੈਂਡ ਯੂਟੇਲਾਈਜ਼ੇਸ਼ਨ ਐਕਟ ਥੱਲੇ ਜ਼ਮੀਨ ਨਹੀਂ ਮਿਲੀ ਸੀ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਰਾਹੀਂ ਸਰਕਾਰ ਨੇ ਜ਼ਮੀਨ ਲੀਜ਼ ਤੇ ਦਿੱਤੀ, ਅਤੇ ਅੱਜ ਉਹ ਖਾਸ ਕਰਕੇ ਜ਼ਿਲ੍ਹਾ ਸੰਗਰੂਰ, ਲੁਧਿਆਣਾ ਅਤੇ ਪਟਿਆਲਾ ਵਿਚ ਅਜਿਹੇ ਬੇਜ਼ਮੀਨੇ ਹਰੀਜਨ ਬੈਠੇ ਹਨ। ਉਨ੍ਹਾਂ ਲਈ ਮੈਂ ਤੁਹਾਡੇ ਰਾਹੀਂ ਦਰਖਾਸਤ ਕਰਾਂਗਾ ਕਿ ਜਿਥੇ ਉਹ ਬੈਠੇ ਹਨ ਉਨ੍ਹਾਂ ਨੂੰ ਉਸ ਜਗ੍ਹਾ ਦੀ ਅੱਧੀ ਜ਼ਮੀਨ ਜ਼ਰੂਰ ਦਿੱਤੀ ਜਾਵੇ ਨਹੀਂ ਤਾਂ ਉਹ ਵਸੇ ਹੋਏ ਲੋਕ ਮੁੜ ਉਜੜ ਜਾਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਦਰਖਾਸਤ ਕਰਦਾ ਹਾਂ ਕਿ ਉਨ੍ਹਾਂ ਹਰੀਜਨਾਂ ਨੇ ਉਹ ਜ਼ਮੀਨਾਂ ਬੜੀ ਮਿਹਨਤ ਨਾਲ ਆਬਾਦ ਕੀਤੀਆਂ ਹਨ ਇਸ ਲਈ ਉਨ੍ਹਾਂ ਨੂੰ ਉਥੋਂ ਨਾ ਕੱਢਿਆ ਜਾਵੇ। ਇਨ੍ਹਾਂ ਸ਼ਬਦਾਂ ਰਾਹੀਂ ਮੈਂ ਬਿਲ ਦਾ ਸਮਰਥਨ ਕਰਦਾ ਹਾਂ ਤੇ ਤੁਹਾਡਾ ਸਮਾਂ ਦੇਣ ਲਈ ਧੰਨਵਾਦੀ।

**ਸਰਦਾਰ ਦਿਲਬਾਗ ਸਿੰਘ** (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜਾ ਹੋਇਆ ਹਾਂ। ਰੰਧਾਵਾ ਸਾਹਿਬ ਨੇ ਨਜਾਇਜ਼ ਜ਼ਮੀਨਾਂ ਤੋਂ ਕਬਜ਼ਾ ਹਟਾਉਣ ਲਈ ਕਈ ਅਮੈਂਡਮੈਂਟਾਂ ਲਿਆ ਕੇ ਪੰਚਾਇਤਾਂ ਨੂੰ ਵੱਧ ਤੋਂ ਵੱਧ ਹੱਕ ਦਿੱਤੇ ਹਨ। ਇਸ ਵਾਸਤੇ ਇਕ ਕਮੇਟੀ ਵੀ ਬਣਾਈ ਸੀ ਅਤੇ ਉਸ ਨੇ ਵੀ ਕਈ ਰਿਕਮੈਂਡੇਸ਼ਨਜ਼ ਕੀਤੀਆਂ ਸਨ। ਇਨ੍ਹਾਂ ਨਾਲ ਕਾਫੀ ਸੁਧਾਰ ਹੋਇਆ ਹੈ ਅਤੇ

Original with;
Punjab Vidhan Sabha
Digitized by;
Panjab Digital Library

ਅੱਜ ਪਿੰਡਾਂ ਦੇ ਪੰਚਾਂ ਅਤੇ ਸਰਪੰਚਾਂ ਦੇ ਦਿਲ ਵਿਚ ਡਰ ਪੈ ਗਿਆ ਹੈ ਕਿ ਜੇ ਕਿਸੇ ਸਾਂਝੀ ਜ਼ਮੀਨ ਤੇ ਕਬਜ਼ਾ ਕੀਤਾ ਤਾਂ ਸਰਕਾਰ ਕੋਈ ਵੀ ਐਕਸ਼ਨ ਲੈ ਸਕਦੀ ਹੈ। ਲੇਕਿਨ ਉਸ ਦੇ ਨਾਲ ਮੈਂ ਸਮਝਦਾ ਹਾਂ ਕਿ ਇਸ ਨੂੰ ਕੁਝ ਹੋਰ ਸਖਤ ਕੀਤਾ ਜਾਵੇ। ਜਿਥੇ ਸਰਕਾਰ ਚਾਹੁੰਦੀ ਹੈ ਕਿ ਪਿੰਡਾਂ ਦੀ ਭਲਾਈ ਹੋਵੇ ਲੇਕਿਨ ਹਾਈਕੋਰਟ ਇਕਦਮ ਉਸ ਨੂੰ ਸਟੇ ਦੇ ਦਿੰਦੀ ਹੈ ਅਤੇ 2, 2 ਜਾਂ 3, 3 ਸਾਲ ਤਕ ਉਸ ਦਾ ਕੋਈ ਫੈਸਲਾ ਨਹੀਂ ਹੁੰਦਾ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਜਿਹੜੇ ਕਬਜ਼ੇ ਹੋਏ ਹਨ, ਉਨ੍ਹਾਂ ਨੂੰ ਹਾਈ ਕੋਰਟ ਵਿਚ ਨਾ ਜਾਣ ਦੀ ਇਜ਼ਾਜ਼ਤ ਹੋਵੇ, ਐਸਾ ਕੋਈ ਬਿਲ ਲਿਆਉਣਾ ਚਾਹੀਦਾ ਹੈ।

ਦੂਜੀ ਗੱਲ ਜੋ ਜੋਸ਼ ਜੀ ਨੇ ਦੱਸੀ ਹੈ ਕਿ ਮਿਊਨਸਿਪੈਲਟੀ ਕੋਲ ਕੋਈ ਵੀ ਐਸੀ ਜ਼ਮੀਨ ਨਹੀਂ ਹੁੰਦੀ ਜੋ ਉਸ ਦੀ ਹਦ ਤੋਂ ਬਾਹਰ ਹੋਵੇ। ਉਹ ਸਾਰੀ ਲਾਲ ਲਕੀਰ ਦੇ ਅੰਦਰ ਹੀ ਹੁੰਦੀ ਹੈ। ਉਹ ਜਿਹੜੀ ਲਾਲ ਲਕੀਰ ਦੇ ਨਾਲ ਜ਼ਮੀਨ ਹੁੰਦੀ ਹੈ ਉਸ ਤੇ ਕਈ ਆਦਮੀ ਪਹਿਲੇ ਆਪਣੇ ਬੈਲ ਬੰਨਣੇ ਸ਼ੁਰੂ ਕਰਦੇ ਹਨ ਅਤੇ ਫਿਰ ਕੋਠਾ ਪਾ ਲੈਂਦੇ ਹਨ ਅਤੇ ਉਸ ਦਾ ਕੋਈ ਰਿਕਾਰਡ ਨਹੀਂ ਹੁੰਦਾ। ਇਸ ਤਰੀਕੇ ਨਾਲ ਬਾਅਦ ਵਿਚ ਅਦਾਲਤਾਂ ਵਿਚ ਧੱਕੇ ਖਾਣੇ ਪੈਂਦੇ ਹਨ। ਇਸ ਲਈ ਮੇਰੀ ਦਰਖਾਸਤ ਹੈ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ।

ਇਕ ਬਹੁਤ ਜ਼ਰੂਰੀ ਮਸਲਾ, ਡਿਪਟੀ ਸਪੀਕਰ ਸਾਹਿਬ, ਮੈ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਬਹੁਤ ਪਹਿਲੇ ਜਦੋਂ ਲੋਕਾਂ ਪਾਸ ਘਰ ਬਣਾਉਣ ਵਾਸਤੇ ਜਾਂ ਝੁਗੀਆਂ ਪਾਉਣ ਵਾਸਤੇ ਕੋਈ ਸਮਾਨ ਨਹੀਂ ਸੀ ਹੁੰਦਾ ਤਾਂ ਉਨ੍ਹਾਂ ਨੇ ਕਈ ਥਾਵਾਂ ਤੋਂ ਗੜ੍ਹ ਖੋਦ ਕੇ ਮਿੱਟੀ ਨਾਲ ਝੁਗੀਆਂ ਬਣਾਉਣੀਆਂ ਸ਼ੁਰੂ ਕੀਤੀਆਂ ਸਨ। ਪਰ ਅੱਜ ਇਸ ਦੀ ਲੋੜ ਨਹੀਂ ਰਹੀ ਹੈ। ਅੱਜ ਜਿਹੜੇ ਉਥੇ ਤਲਾਬ ਜਾਂ ਛੱਪੜ ਬਣੇ ਹੋਏ ਹਨ, ਉਹ ਬੜੀ ਕੀਮਤੀ ਜ਼ਮੀਨ ਹੈ। ਉਸ ਜ਼ਮੀਨ ਦੇ ਵਿਚ ਸਿਵਾਏ ਬਰਸਾਤਾਂ ਦੇ ਪਾਣੀ ਖੜਾ ਹੋਣ ਦੇ ਜਾਂ ਮੱਛਰ ਪੈਦਾ ਹੋਣ ਦੇ ਹੋਰ ਕੁਝ ਨਹੀਂ ਹੁੰਦਾ। ਅਗਰ ਉਸ ਜ਼ਮੀਨ ਨੂੰ ਠੀਕ ਕੀਤਾ ਜਾਵੇ ਤਾਂ ਉਸ ਦਾ ਬਹੁਤ ਫਾਇਦਾ ਹੋ ਸਕਦਾ ਹੈ। ਕਈ ਲੋਕਾਂ ਨੇ ਤਾਂ, ਜਿਹੜੇ ਉਨ੍ਹਾਂ ਤਲਾਬਾਂ ਜਾਂ ਛਪੜਾਂ ਨੇੜੇ ਰਹਿੰਦੇ ਸਨ, ਤਾਲਾਬਾਂ ਅਤੇ ਛੱਪੜਾਂ ਨੂੰ ਠੀਕ ਕਰਕੇ ਉਥੇ ਅਪਣਾ ਕਬਜ਼ਾ ਕਰ ਲਿਆ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਅਗਰ ਇਸੇ ਤਰ੍ਹਾਂ ਹੁੰਦਾ ਰਿਹਾ ਤਾਂ ਇਕ ਦਿਨ ਐਸਾ ਹੋਵੇਗਾ ਕਿ ਇਹ ਕਾਮਨ ਲੈਂਡ ਤਲਾਬਾਂ ਅਤੇ ਛਪੜਾਂ ਵਾਲੀ ਸਾਰੀ ਲੋਕਾਂ ਵਿਚ ਤਕਸੀਮ ਹੋ ਜਾਵੇਗੀ। ਮੈਂ ਅਰਜ਼ ਕਰਾਂ ਕਿ ਇਹੋ ਜਿਹੀਆਂ ਗੱਲਾਂ ਦੋਆਬੇ ਵਿਚ ਤਾਂ ਬਹੁਤ ਹੋ ਰਹੀਆਂ ਹਨ ਅਤੇ ਸੈਂਕੜੇ ਏਕੜ ਜ਼ਮੀਨ ਐਸੀ ਹੈ ਜਿਸ ਦੀ ਆਮਦਨ ਲੱਖਾਂ ਰੁਪਏ ਹੋ ਸਕਦੀ ਹੈ। ਮੈਂ ਦਸਦਾ ਹਾਂ ਕਿ ਕਈ ਜਗ੍ਹਾਂ ਤਾਂ ਐਸੀਆਂ ਹਨ ਜਿਨ੍ਹਾਂ ਦੀ ਹਜ਼ਾਰ, ਹਜ਼ਾਰ ਰੁਪਏ ਇਕ ਮਰਲੇ ਦੀ ਕੀਮਤ ਪੈਂਦੀ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਰੰਧਾਵਾ ਸਾਹਿਬ ਜਿਥੇ ਹੋਰ ਪੰਚਾਇਤਾਂ ਦਾ ਐਨਾ ਸੁਧਾਰ ਕਰ ਰਹੇ ਹਨ ਉਥੇ ਇਸ ਪਾਸੇ ਵੀ ਖਾਸ ਧਿਆਨ ਦੇ ਕੇ ਕੋਈ ਨਾ ਕੋਈ ਕਦਮ ਚੁੱਕਣ।

**ਸਰਦਾਰ ਬੇਅੰਤ ਸਿੰਘ** (ਪਾਇਲ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਮਨਿਸਟਰ ਸਾਹਿਬ ਨੇ ਇਥੇ ਲਿਆਂਦਾ ਹੈ ਇਹ ਬੜਾ ਅੱਛਾ ਬਿਲ ਹੈ। ਪੰਚਾਇਤਾਂ ਨੂੰ ਸਟ੍ਰਾਂਗ ਕਰਨ ਵਾਸਤੇ ਇਸ ਬਿਲ ਵਿਚ ਕਈ ਅਮੈਂਡਮੈਂਟਸ ਕੀਤੀਆਂ ਹਨ। ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿਚ ਮੁਸਲਮਾਨਾਂ ਦੀ ਜ਼ਮੀਨ ਆਈ ਹੈ ਉਹ ਲੋਕਾਂ ਪਾਸ ਹਾਲੇ ਜ਼ਮੀਨ ਪਈ ਹੈ। ਉਸ ਦਾ ਕੋਈ ਤਰੀਕਾ ਨਹੀਂ ਲੱਭਦਾ ਕਿ ਉਸ ਨੂੰ ਕਿਸ ਤਰ੍ਹਾਂ ਨਾਲ ਪੰਚਾਇਤਾਂ ਦੇ ਹੇਠਾਂ ਲਿਆਂਦਾ ਜਾਵੇ। ਜਿਹੜੀ ਇਵੈਕੂਈ ਲੈਂਡ ਮਿਲੀ ਸੀ ਉਸ ਦੇ ਲੋਕ ਮਾਲਕ ਬਣ ਚੁਕੇ ਹਨ। ਇਸ ਲਈ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਇਹ ਜਿਹੜੀ ਜ਼ਮੀਨ ਹੈ ਇਸ ਨੂੰ ਪੰਚਾਇਤਾਂ ਦੇ ਹੇਠਾਂ ਲਿਆਂਦਾ ਜਾਵੇ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਰੰਧਾਵਾ ਸਾਹਿਬ ਇਸ ਦੇ ਬਾਰੇ ਵੀ ਜ਼ਰੂਰ ਧਿਆਨ ਦੇਣ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਮੁਰੱਬਾਬੰਦੀ ਦੀ ਕਰਨੀ ਚਾਹੁੰਦਾ ਹਾਂ । ਮੁਰੱਬਾ-ਬੰਦੀ ਦੇ ਵਿਚ ਜਿਹੜੀਆਂ ਜ਼ਮੀਨਾਂ ਸ਼ਾਮਲਾਤ ਦੀਆਂ ਸਨ ਜਿਨ੍ਹਾਂ ਨੂੰ ਮੁਸ਼ਤਰਕਾ ਮਾਲਕਾਨ ਕਹਿੰਦੇ ਹਨ, ਉਸ ਤੇ ਵੀ ਲੋਕਾਂ ਨੇ ਕਬਜ਼ੇ ਕੀਤੇ ਹੋਏ ਸਨ ਅਤੇ ਉਸ ਦੇ ਵਾਸਤੇ ਹਾਈ ਕੋਰਟ ਵਿਚ ਰਿੱਟਾਂ ਕੀਤੀਆਂ ਹਨ ਅਤੇ ਇਹ ਰਿੱਟਾਂ ਕਰਕੇ ਉਨ੍ਹਾਂ ਨੇ ਉਸ ਸਾਂਝੀ ਜ਼ਮੀਨ ਤੇ ਫਿਰ ਕਬਜ਼ੇ ਕਰ ਲਏ ਹਨ । ਇਸ ਲਈ ਮੈਂ ਰੰਧਾਵਾ ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੇ ਹੋਰ ਜਿਹੜੇ ਸ਼ਲਾਘਾਯੋਗ ਕੰਮ ਕੀਤੇ ਹਨ ਉਥੇ ਇਸ ਲਈ ਵੀ ਜ਼ਰੂਰ ਕੋਈ ਨਾ ਕੋਈ ਇੰਤਜ਼ਾਮ ਕੀਤਾ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** (ਫਗਵਾੜਾ, ਐਸ. ਸੀ. ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਰੰਧਾਵਾ ਜੀ ਵੱਲੋਂ ਪੇਸ਼ ਹੋਇਆ ਹੈ, ਪੰਚਾਇਤਾਂ ਦੀ ਆਮਦਨ ਵਧਾਉਣ ਵਾਸਤੇ ਔਰ ਜਿਹੜੀਆਂ ਜ਼ਮੀਨਾਂ ਕੁਝ ਇਨਫਲੂਐਂਸ਼ੀਅਲ ਬੰਦਿਆਂ ਨੇ ਧੱਕੇ ਨਾਲ ਸੰਭਾਲੀਆਂ ਹੋਈਆਂ ਸਨ, ਉਨ੍ਹਾਂ ਨੂੰ ਕਢਾ ਕੇ ਪੰਚਾਇਤਾਂ ਦੀ ਆਮਦਨ ਵਧਾਉਣ ਲਈ ਇਹ ਬਿੱਲ ਲਿਆਂਦਾ ਹੈ, ਮੈਂ ਇਸ ਦੀ ਹਮਾਇਤ ਕਰਦਾ ਹਾਂ। ਉਂਝ ਤਾਂ ਜਦੋਂ ਦੀ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਆਈ ਹੈ, ਖਾਸ ਤੌਰ ਉਤੇ ਇਸ ਨੇ ਪੰਚਾਇਤੀ ਰਾਜ ਨੂੰ ਮਜ਼ਬੂਤ ਬਣਾਉਣ ਲਈ ਕੰਮ ਕੀਤਾ ਹੈ। ਫੁਲਫਲੈਜਡ ਡਾਇਰੈਕਟੋਰੇਟ ਬਣਾਉਣਾ, ਪੰਚਾਇਤਾਂ ਨੂੰ ਹੋਰ ਇਖਤਿਆਰ ਦੇਣੇ ਔਰ ਪੰਚਾਇਤਾਂ ਦੀ ਆਮਦਨ ਇਸ ਤਰ੍ਹਾਂ ਨਾਲ ਵਧਾਉਣੀ, ਇਹ ਬਹੁਤ ਸਾਰੇ ਅੱਛੇ ਕੰਮ ਕੀਤੇ ਗਏ ਹਨ । ਇਸ ਵਿਚ ਮੇਰੀ ਇਕ ਬੇਨਤੀ ਹੈ ਕਿ ਜਿਹੜੇ ਲੋਕ ਪੰਚਾਇਤਾਂ ਦੀਆਂ ਜ਼ਮੀਨਾਂ ਉਤੇ ਪਹਿਲਾਂ 10 ਸਾਲਾਂ ਤੋਂ ਬੈਠੇ ਹਨ, ਰਿਕਲੇਮੇਸ਼ਨ ਡਿਪਾਰਟਮੈਂਟ ਨੇ ਆਬਾਦ ਕਰਨ ਲਈ ਬਿਠਾਇਆ ਹੋਇਆ ਹੈ ਜਿਸ ਤਰ੍ਹਾਂ ਕਿ ਲੁਧਿਆਣੇ ਵਿਚ, ਔਰ ਜ਼ਿਲ੍ਹਾ ਜਲੰਧਰ ਵਿਚ ਬੇਟ ਦੇ ਏਰੀਏ ਵਿਚ ਹਨ, ਉਥੇ ਮੈਂ ਸਮਝਦਾ ਹਾਂ ਕਿ ਉਨ੍ਹਾਂ ਜ਼ਮੀਨਾਂ ਉਤੇ ਉਨ੍ਹਾਂ ਨੂੰ ਰਹਿਣ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਜਿਥੇ ਲਿਖਿਆ ਹੈ ਕਿ 1/3 ਸ਼ਡਿਊਲਡ ਕਾਸਟਸ ਨੂੰ ਜ਼ਮੀਨ ਦਿੱਤੀ ਜਾਵੇਗੀ, ਇਹ ਜ਼ਮੀਨ ਕਿਸੇ ਨੂੰ ਮੁਫਤ ਨਹੀਂ ਦੇਣੀ, ਮੁੱਲ ਵੀ ਨਹੀਂ ਦੇਣੀ, ਬਲਕਿ ਠੇਕੇ ਉੱਤੇ ਦੇਣੀ ਹੈ, ਇਸ ਲਈ ਮੇਰੀ ਬੇਨਤੀ ਹੈ ਕਿ ਸ਼ਡਿਊਲਡ ਕਾਸਟਸ ਜਿੱਥੇ ਕਈ ਜ਼ਮੀਨਾਂ ਆਬਾਦ ਕਰੀ ਬੈਠੇ ਹਨ ਉਹ ਉਨ੍ਹਾਂ ਨੂੰ ਹੀ ਦੇ ਦੇਣੀਆਂ ਚਾਹੀਦੀਆਂ ਹਨ। ਜਿੱਥੇ ਨਹੀਂ ਹੈ ਉਹ 1/3 ਦੀ ਬਜਾਏ 1/2 ਜ਼ਮੀਨ ਸ਼ਡਿਊਲਡ ਕਾਸਟਸ ਨੂੰ ਦਿੱਤੀ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਿਲ ਦਾ ਸਮਰਥਨ ਕਰਦਾ ਹਾਂ।

**ਸਰਦਾਰ ਹਰਚੰਦ ਸਿੰਘ** (ਅਮਲੋਹ, ਐਸ. ਸੀ. ) ਡਿਪਟੀ ਸਪੀਕਰ ਸਾਹਿਬ, ਰੰਧਾਵਾ ਸਾਹਿਬ ਨੇ ਜਿਹੜਾ ਅਮੈਂਡਿੰਗ ਬਿੱਲ ਰੱਖਿਆ ਹੈ, ਇਹ ਬੜਾ ਠੀਕ ਹੈ, ਮੈਂ ਇਸ ਦੀ ਸ਼ਲਾਘਾ ਕਰਦਾ ਹਾਂ । ਗੱਲ ਇਹ ਹੈ ਕਿ ਇਹ ਚੀਜ਼ ਸੋਚ ਕੇ ਪਿੰਡਾਂ ਦੀ ਡਿਵੈਲਪਮੈਂਟ ਹੋਣੀ ਚਾਹੀਦੀ ਹੈ, ਇਸ ਵਾਸਤੇ ਜਿਹੜੀਆਂ ਜ਼ਮੀਨਾਂ ਸਾਂਝੀਆਂ ਪਈਆਂ ਹਨ ਉਨ੍ਹਾਂ ਲਈ ਫਾਲਤੂ ਕਾਮਨ ਲੈਂਡ ਐਕਟ ਬਣਾ ਦਿੱਤਾ ਜਾਵੇ, ਉਹ ਇਕੱਠੀ ਕੀਤੀ ਜਾਵੇ। ਅਸਲ ਵਿਚ ਤਾਂ ਉਹ ਜ਼ਮੀਨਾਂ ਜ਼ਿਮੀਦਾਰਾਂ ਦੀਆਂ ਹੁੰਦੀਆਂ ਸਨ ਲੇਕਿਨ ਮੁਰੱਬੇਬੰਦੀ ਵਿਚ ਉਨ੍ਹਾਂ ਨੂੰ ਰਿਕੁਐਸਟ ਕੀਤੀ ਗਈ ਕਿ ਇਹ ਪਿੰਡਾਂ ਦੀ ਭਲਾਈ ਉਤੇ ਕੰਮ ਆਵੇਗੀ ਜੋ ਰੁਪਿਆ ਆਵੇਗਾ ਉਹ ਪਿੰਡਾਂ ਦੀ ਭਲਾਈ ਉਤੇ ਲਗਾਇਆ ਜਾਵੇਗਾ । ਇਸ ਕਰਕੇ ਜ਼ਮੀਨਾਂ ਸਾਂਝੀਆਂ ਰੱਖੀਆਂ ਹਨ । ਜਿਸ ਤਰ੍ਹਾਂ ਅਸੰਬਲੀ ਦੀਆਂ ਇਲੈਕਸ਼ਨਾਂ ਹੁੰਦੀਆਂ ਹਨ ਇਸੇ ਤਰ੍ਹਾਂ ਹੀ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਜਿੱਥੇ ਜ਼ਿਆਦਾ ਜ਼ਮੀਨਾਂ ਹਨ ਉਥੇ 10/10, 20/20 ਹਜ਼ਾਰ ਰੁਪਿਆ ਲਗਾਇਆ ਗਿਆ। ਔਰ ਆਪਣੇ ਹੱਥ ਪਾਵਰ ਆਉਣ ਤੋਂ ਬਾਅਦ ਬੀ. ਡੀ. ਓਜ਼ ਨਾਲ ਮਿਲ ਕੇ ਔਰ ਹੋਰ ਅਫਸਰਾਂ ਨਾਲ ਮਿਲ ਕੇ ਉਹ ਜ਼ਮੀਨਾਂ ਖੁਰਦ ਬੁਰਦ ਕੀਤੀਆਂ ਹੋਈਆਂ ਹਨ। ਸਾਡੀ ਸਰਕਾਰ ਨੇ ਹੁਣ ਇਸ ਪਾਸੇ ਧਿਆਨ ਦਿੱਤਾ ਹੈ। ਜਿੱਥੇ ਪਹਿਲਾਂ ਇਕ ਇਕ ਹਜ਼ਾਰ ਰੁਪਿਆ ਆਮਦਨ ਹੁੰਦੀ ਸੀ ਉਥੇ ਹੁਣ 20/20 ਹਜ਼ਾਰ ਰੁਪਿਆ ਹੋਣ ਲਗ

Original with;
Punjab Vidhan Sabha
Digitized by;
Panjab Digital Library

ਪਈ ਹੈ। ਜੇਕਰ ਇਹ ਪ੍ਰਬੰਧ ਸਹੀ ਕੀਤਾ ਜਾਵੇ ਤਾਂ ਪਿੰਡਾਂ ਦੇ ਵਿਚ ਸਰਕਾਰ ਨੂੰ ਆਪਣੇ ਪਾਸ ਤੋਂ ਹੋਰ ਰੁਪਿਆ ਲਗਾਉਣ ਦੀ ਜ਼ਰੂਰਤ ਨਹੀਂ ਹੈ। ਕਈ ਥਾਈਂ ਚਾਰ ਚਾਰ ਸੌ ਪੰਜ, ਪੰਜ ਸੌ ਏਕੜ ਜ਼ਮੀਨ ਐਸੀ ਹੈ ਜਿਹੜੀ ਕਿ ਤਾਕਤਵਰ ਆਦਮੀ ਵਾਹੀ ਫਿਰਦੇ ਹਨ ਔਰ ਦਿੰਦੇ ਲੈਂਦੇ ਕੁਝ ਨਹੀਂ ਹਨ। ਹੁਣ 20 ਨੁਕਾਤੀ ਪ੍ਰੋਗਰਾਮ ਵਿਚ ਜਿਹੜੀ ਗਲ ਚਲਾਈ ਹੈ ਇਸ ਨੂੰ ਮੱਦੇ ਨਜ਼ਰ ਰਖਦੇ ਹੋਏ ਪੰਜਾਬ ਦੀ ਸਰਕਾਰ ਨੇ ਇਹ ਬਿਲ ਲਿਆਂਦਾ ਹੈ ਤਾਂਕਿ ਜਿਨ੍ਹਾਂ ਪਾਸ ਨਜ਼ਾਇਜ਼ ਕਬਜ਼ੇ ਹੇਠ ਜ਼ਮੀਨ ਹੈ ਉਨ੍ਹਾਂ ਤੋਂ ਉਹ ਜ਼ਮੀਨ ਲਈ ਜਾਵੇ। ਉਨ੍ਹਾਂ ਤੋਂ ਜ਼ਮੀਨ ਲੈ ਕੇ ਜਿਨ੍ਹਾਂ ਲੋਕਾਂ ਪਾਸ ਅਗੇ ਇਕ ਇੰਚ ਵੀ ਜ਼ਮੀਨ ਨਹੀਂ ਹੈ ਉਨ੍ਹਾਂ ਨੂੰ ਥੋੜ੍ਹੀ ਥੋੜ੍ਹੀ ਜ਼ਮੀਨ ਦਿੱਤੀ ਜਾਵੇ ਤਾਕਿ ਉਹ ਵੀ ਗੁਜ਼ਾਰਾ ਕਰ ਸਕਣ ਔਰ ਪੰਚਾਇਤਾਂ ਦੀ ਆਮਦਨ ਵਧ ਸਕੇ। ਪਰ ਇਕ ਗੱਲ ਹੈ ਕਿ ਉਸ ਆਮਦਨ ਉਤੇ ਸਰਕਾਰ ਦਾ ਕੰਟਰੋਲ ਹੋਣਾ ਚਾਹੀਦਾ ਹੈ, ਪੰਚਾਇਤ ਦਾ ਨਹੀਂ ਹੋਣਾ ਚਾਹੀਦਾ। ਡਿਪਟੀ ਸਪੀਕਰ ਸਾਹਿਬ ਇਕ ਇਨਫਲੂਐਂਸ਼ੀਅਲ ਆਦਮੀ ਸੀ ਉਸ ਪਾਸੋਂ ਰੰਧਾਵਾ ਸਾਹਿਬ ਨੇ ਡੇਢ ਲੱਖ ਰੁਪਿਆ ਵਸੂਲ ਕਰ ਲਿਆ। ਉਹ ਆਦਮੀ ਕਾਂਗਰਸੀਆਂ ਨਾਲ, ਅਕਾਲੀਆਂ ਨਾਲ ਵੀ ਮਿਲ ਜਾਂਦਾ ਸੀ, ਕੋਈ ਉਸ ਨੂੰ ਹੱਥ ਨਹੀਂ ਸੀ ਪਾਉਂਦਾ। ਡਿਪਟੀ ਸਪੀਕਰ ਸਾਹਿਬ, ਮੈਂ ਜਿਥੇ ਸਰਕਾਰ ਦੀ ਸ਼ਲਾਘਾ ਕਰਦਾ ਹਾਂ, ਇਕ ਅਮੈਂਡਮੈਂਟ ਆਈ ਹੈ, ਉਸ ਵਾਸਤੇ ਮੈਂ ਰਿਕੁਐਸਟ ਕਰਦਾ ਹਾਂ ਕਿ ਵਜ਼ੀਰ ਸਾਹਿਬ ਇਸ ਨੂੰ ਮਨਜ਼ੂਰ ਕਰ ਲੈਣ।

**Mr. Deputy Speaker :** Question is—

That the Punjab Village Common Lands (Regulation) (Amendment) Bill be taken in to consideration at once.

*The Motion was carried.*

**Mr. Deputy Speaker :** Now the House will proceed to consider the Bill Clause by Clause.

SUB-CLAUSE (2) OF CLAUSE 1

That sub-clause (2) of Clause I stand part of the Bill.

*The Motion was carried.*

CLAUSE 2

**Mr. Deputy Speaker :** Question is—

That Clause 2 stand part of the Bill.

*The Motion was carried.*

CLAUSE 3

**Mr. Deputy Speaker :** Question is—

That Clause 3 stand part of the Bill.

*The Motion was carried.*

CLAUSE 4

**Mr. Deputy Speaker :** Now clause 4 is before the ~~Hoase.~~ House There are some notices of amendments to this clause.

Original with;
Punjab Vidhan Sabha
Digitized by;
Panjab Digital Library

**Sardar Harchand Singh** : (Amloh S.C.) Sir, I beg to move:—

*Add* the following at the end of the proposed sub-section (5) of section 5 :—

"and where any land vested or deemed to have been vested in a Panchayat under this Act is to be given on lease not less than fifty per cent of such land shall be so given to the members of Scheduled Castes."

**ਸਰਦਾਰ ਪ੍ਰਿਥੀਪਾਲ ਸਿੰਘ**(ਅੰਮ੍ਰਿਤਸਰ ਦੱਖਣ) ਡਿਪਟੀ ਸਪੀਕਰ ਸਾਹਿਬ, ਇਸ ਵਿਚ ਲੈਂਡਲੈਸ ਔਰ ਬੈਕਵਰਡ ਕਲਾਸਿਜ਼ ਨੂੰ ਵੀ ਸ਼ਾਮਲ ਕੀਤਾ ਜਾਵੇ ।

**Mr. Deputy Speaker** : Motion moved:

*Add* the following at the end of the proposed sub-section (5) of section 5 :-

"and where any land vested or deemed to have been vested in a Panchayat under this Act is to be given on lease not less than fifty percent of such land shall be so given to the members of Scheduled Castes.

**ਸਰਦਾਰ ਦਰਬਾਰਾ ਸਿੰਘ** (ਨਕੋਦਰ) : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪਿੰਡਾਂ ਵਿਚ ਵੱਸਣ ਵਾਲਿਆਂ ਵਿਚ ਬੇਜ਼ਮੀਨੇ ਜ਼ਿਮੀਂਦਾਰ ਔਰ ਹੋਰ ਬਹੁਤ ਸਾਰੇ ਲੋਕ ਹਨ ਜਿਨਾਂ ਦਾ ਕੋਈ ਸਹਾਰਾ ਨਹੀਂ ਹੈ ਜਿਸ ਤਰ੍ਹਾਂ ਕਿ ਨਾਈ ਹਨ, ਝੀਊਰ ਹਨ, ਬੇਜ਼ਮੀਨੇ ਜੱਟ ਹਨ ਜਿਨ੍ਹਾਂ ਪਾਸ ਜ਼ਮੀਨ ਨਹੀਂ ਹੈ । ਇਨ੍ਹਾਂ ਬਾਰੇ ਇਸ ਵਿਚ ਕੋਈ ਪ੍ਰੋਵੀਜ਼ਨ ਨਹੀਂ ਹੈ । ਲੀਜ਼ ਉਤੇ ਜ਼ਮੀਨ ਵੰਡਣ ਲਈ ਸ਼ਡਿਊਲਡ ਕਾਸਟਸ ਕਨਸਿਡਰ ਕਰਨੇ ਹਨ, ਠੀਕ ਹੈ ਲੇਕਿਨ ਕਈਆਂ ਸ਼ਡਿਊਲਡ ਕਾਸਟਸ ਦੀ ਹਾਲਤ ਦੂਸਰੀਆਂ ਜ਼ਾਤੀਆਂ ਦੇ ਲੋਕਾਂ ਨਾਲੋਂ ਕੋਈ ਮਾੜੀ ਨਹੀਂ ਹੈ । ਇਸ ਲਈ ਇਹ ਕਲਾਸਾਂ ਵੀ ਨਾਲ ਲਗਾ ਦਿਓ ਜਿਸ ਤਰ੍ਹਾਂ ਘੁਮਾਰ ਹਨ, ਝਿਊਰ ਹਨ ਜਾਂ ਹੋਰ ਇਸ ਤਰ੍ਹਾਂ ਦੇ ਜਿਹੜੇ ਲੋਕ ਵਸਦੇ ਹਨ ਉਹ ਵੀ ਇਸ ਵਿਚ ਪਾ ਲਏ ਜਾਣ ਤਾਂ ਠੀਕ ਹੋਵੇਗਾ ।

**ਸ੍ਰੀ ਡਿਪਟੀ ਸਪੀਕਰ** : ਸਰਦਾਰ ਦਰਬਾਰਾ ਸਿੰਘ ਜੀ, ਇਹ ਅਮੈਂਡਮੈਂਟ ਸਿਰਫ ਸ਼ਡਿਊਲਡ ਕਾਸਟਸ ਵਾਸਤੇ ਹੈ । (ਚੌਧਰੀ ਜਗਤ ਰਾਮ ਜੀ ਵਲੋਂ ਵਿਘਨ)

**ਵਿਕਾਸ ਦੇ ਰਾਜ ਮੰਤਰੀ** : ਡਿਪਟੀ ਸਪੀਕਰ ਸਾਹਿਬ, ਪਹਿਲਾਂ ਐਕਟ ਵਿਚ ਇਹ ਗਲ ਪ੍ਰੋਵਾਈਡ ਨਹੀਂ ਸੀ ਕਿ ਜ਼ਮੀਨ ਕਿਤਨੀ ਕਿਸ ਨੂੰ ਦਿੱਤੀ ਜਾਵੇ । ਰੂਲਜ਼ ਜਿਹੜੇ ਬਣਾਏ ਸੀ ਉਨ੍ਹਾਂ ਵਿਚ ਇਹ ਸੀ ਕਿ 1/3 ਹਿੱਸਾ ਜ਼ਮੀਨ ਜਿਹੜੀ ਹੈ ਉਹ ਅਸੀਂ ਸ਼ਡਿਊਲਡ ਕਾਸਟਸ ਲੋਕਾਂ ਨੂੰ ਦਿਆਂਗੇ । ਮੈਂ ਬੇਨਤੀ ਕੀਤੀ ਸੀ ਕਿ ਹੁਣ ਵੀ ਰੂਲਜ਼ ਅਮੈਂਡ ਕਰ ਦੇਵਾਂਗੇ ਲੇਕਿਨ ਸਰਦਾਰ ਹਰਚੰਦ ਸਿੰਘ ਜੀ ਔਰ ਕੁਝ ਸਾਥੀਆਂ ਨੇ ਕਿਹਾ ਹੈ ਕਿ ਐਕਟ ਵਿਚ ਇਹ ਨਵੀਂ ਚੀਜ਼ ਆਉਣੀ ਚਾਹੀਦੀ ਹੈ । ਮੈਂ ਸਮਝਦਾ ਹਾਂ ਕਿ ਰੂਲਜ਼ ਜਿਹੜੇ ਹਨ ਉਨ੍ਹਾਂ ਵਿਚ ਤਾਂ ਇਹ ਚੀਜ਼ ਹੈ ਲੇਕਿਨ ਐਕਟ ਵਿਚ ਸਾਨੂੰ ਇਹ ਨਵੀਂ ਕਲਾਜ਼ ਪਾਉਣੀ ਪਵੇਗੀ ਔਰ ਇਸ ਦੇ ਨਾਲ ਮੈਂ ਬੇਨਤੀ ਕਰਾਂਗਾ ਕਿ ਰੂਲਜ਼ ਅਸੀਂ ਕਿਸੇ ਵੇਲੇ ਵੀ ਅਮੈਂਡ ਕਰ ਸਕਦੇ ਹਾਂ । ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਰੂਲਜ਼ ਅਸੈਂਬਲੀ ਵਿਚ ਨਹੀਂ ਆਉਣੇ । ਇਸ ਲਈ ਅਗਰ ਰੂਲਜ਼ ਵਿਚ ਹੀ ਅਮੈਂਡਮੈਂਟ ਕਰ ਲਈਏ ਕਿ 1/3 ਦੀ ਬਜਾਏ 1/2 ਕਰ ਲਿਆ

Original with;
Punjab Vidhan Sabha
Digitized by;
Panjab Digital Library

ਜਾਵੇ ਤਾਂ ਕੋਈ ਐਸੀ ਗਲ ਨਹੀਂ ਹੈ । ਰੂਲਜ਼ ਬੜੇ ਹੀ ਕਲੀਅਰ ਹਨ । ਲੇਕਿਨ ਜੇਕਰ ਐਕਟ ਵਿਚ ਨਵੀਂ ਕਲਾਜ਼ ਲਿਆਉਣੀ ਚਾਹੁੰਦੇ ਹਨ ਤਾਂ ਫਿਰ ਮੈਂ ਚਾਹਵਾਂਗਾ ਕਿ ਇਸ ਦੇ ਨਾਲ ਜੋ ਇਨ੍ਹਾਂ ਨੇ ਪੜ੍ਹਿਆ ਹੈ :—

"and where any land vested or deemed to have been vested in a Panchayat under this Act to be given on lease not less than fifty per cent of such land shall be so given to the Members of Scheduled Castes."

ਇਥੇ ਮੈਂ add ਕਰਾਂਗਾ 'in the manner prescribed.'

ਜਿਸ ਤਰ੍ਹਾਂ ਦੂਜੇ ਸਜਨਾਂ ਨੇ ਕਿਹਾ ਹੈ ਕਿ ਇਸ ਦੇ ਵਿਚ ਹੋਰ ਵੀਕਰ ਸੈਕਸ਼ਨ ਆ ਜਾਣ; ਇਹ ਵੀ ਸ਼ਾਮਿਲ ਕਰ ਲੈਣੇ ਚਾਹੀਦੇ ਹਨ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : (ਰਾਏਪੁਰ) ਡਿਪਟੀ ਸਪੀਕਰ ਸਾਹਿਬ, ਜੇ ਤਾਂ ਇਨ੍ਹਾਂ ਦੀ ਮੈਨਰ ਪ੍ਰੈਸਕਰਾਈਬਡ ਵਿਚ ਸ਼ਡਿਊਲਡ ਕਾਸਟ ਦਾ ਨਾਂ ਨਾ ਲਿਖਿਆ ਤਾਂ ਜਿਵੇਂ ਮਰਜ਼ੀ ਆਵੇ ਕਰ ਲਵੋ । ਜੇ ਸ਼ਡਿਊਲਡ ਕਾਸਟ ਦਾ ਨਾਂ ਮੈਨਰ ਪ੍ਰੈਸਕਰਾਈਬਡ ਵਿਚ ਹੈ ਤਾਂ ਫੇਰ ਦੂਸਰੇ ਨਾਂ ਨਹੀਂ ਲਿਆਏ ਜਾ ਸਕਦੇ । ਗੱਲ ਤਾਂ ਇਹ ਹੈ ਕਿ ਮੈਂ ਸ਼ਡਿਊਲਡ ਕਾਸਟ ਦਾ ਬੜਾ ਹਮਦਰਦੀ ਹਾਂ ਅਤੇ ਉਨ੍ਹਾਂ ਦੀ ਮੈਂ ਹਮਾਇਤ ਕਰਦਾ ਹਾਂ, ਹਮਾਇਤੀ ਰਿਹਾ ਹਾਂ । ਜਦੋਂ ਅਸੀਂ ਵੋਟਾਂ ਲੈਣ ਵਾਸਤੇ ਝਿਊਰ ਦੇ ਘਰ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਤੁਸੀਂ ਸਾਡੇ ਵਾਸਤੇ ਕੀ ਕੀਤਾ ਹੈ । ਇਸ ਲਈ ਸ਼ਡੂਲਡ ਕਾਸਟ ਅਤੇ ਬੈਕਵਰਡ ਸੈਕਸ਼ਨ ਕਰੋ । (ਵਿਘਨ)

**ਸ੍ਰੀ ਡਿਪਟੀ ਸਪੀਕਰ** : ਕੋਈ ਡਿਸਕਸ਼ਨ ਨਹੀਂ ਹੋਣੀ ਚਾਹੀਦੀ ।

**ਮੁੱਖ ਮੰਤਰੀ** : (ਗਿਆਨੀ ਜ਼ੈਲ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਇਹ ਮਹਿਸੂਸ ਕਰਦਾ ਹਾਂ ਕਿ ਹਰੀਜਨ ਕਮਿਊਨਿਟੀ ਨੂੰ ਜਿਹੜੇ ਇਖਤਿਆਰ ਰੂਲਜ਼ ਵਿਚ ਦਿਤੇ ਜਾਣੇ ਹਨ ਉਨ੍ਹਾਂ ਦੀ ਤਾਂ ਇਸ ਗੱਲ ਵਿਚ ਗੁੰਜਾਇਸ਼ ਰਹਿ ਜਾਂਦੀ ਹੈ । ਇਹ ਬਹਾਨਾ ਕਰਕੇ ਹਰੀਜਨਾਂ ਦੇ ਹੱਕਾਂ ਨੂੰ ਉਪਰਲੀ ਕਲਾਸਾਂ ਵਾਲੇ ਲੈ ਜਾਂਦੇ ਹਨ। ਇਹ ਹਰੀਜਨ ਭਰਾਵਾਂ ਵਿਚ ਖਦਸ਼ਾ ਹੈ । ਚੂੰਕਿ ਇਸ ਬਿੱਲ ਵਿਚ ਸਡਨਲੀ ਐਂਮਡਮੈਂਟ ਲਿਆਂਦੀ ਹੈ । ਇਸ ਨੂੰ ਸੋਚਿਆ ਵਿਚਾਰਿਆ ਗਿਆ ਹੈ ਅਤੇ ਗੌਰ ਨਾਲ ਵੇਖਿਆ ਗਿਆ ਹੈ ਅਤੇ ਕੈਬਨਿਟ ਵਿਚ 2 ਮੈਂਬਰ ਹਰੀਜਨਾਂ ਦੇ ਵੀ ਬੈਠੇ ਸਨ । ਹੁਣ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਅਮੈਂਡਮੈਂਟ ਵਾਪਸ ਲੈਣ ਔਰ ਜਿਹੜੇ ਰੂਲਜ਼ ਹਨ ਉਹ ਅਸੈਂਬਲੀ ਵਿਚ ਲੇਅ ਡਾਊਨ ਕੀਤੇ ਜਾਣਗੇ, ਅਗਰ ਰੂਲਾਂ ਉਤੇ ਸੈਟਿਸਫੈਕਸ਼ਨ ਨਾ ਹੋਈ ਤੇ ਹਰੀਜਨਾਂ ਨਾਲ ਉਹੀ ਧੱਕਾ ਹੁੰਦਾ ਰਿਹਾ, ਜਿਹੜਾ ਪਹਿਲਾਂ ਹੁੰਦਾ ਰਿਹਾ ਹੈ ਤਾਂ ਇਹੋ ਅਮੈਂਡਮੈਂਟ ਹੀ ਕਰ ਦਿਤੀ ਜਾਵੇਗੀ ਔਰ ਇਨ੍ਹਾਂ ਨੂੰ ਜ਼ਰੂਰੀ ਹੱਕ ਮਿਲਣਗੇ । (ਤਾੜੀਆਂ)

**Mr. Deputy Speaker** : Now I will put the amendment of Sardar Harchand Singh to the vote of the House.

**Sardar Harchand Singh** : Sir, I withdraw my amendment.

**Mr. Deputy Speaker** : Has the hon'ble Member leave of the House to withdraw his amendment.

**Voices** : Yes, yes.

Original with;
Punjab Vidhan Sabha
Digitized by;
Panjab Digital Library

**Mr. Deputy Speaker** : The amendment stands withdrawn with the leave of the House.

**Mr. Deputy Speaker** : Question is—

That Clause 4 stand part of the Bill.

*The motion was carried.*

CLAUSE 5

**Mr. Deputy Speaker** : Question is—

That Clause 5 stand part of the Bill.

*The motion was carried.*

CLAUSE 6

**Mr. Deputy Speaker** : Question is—

That Clause 6 stand part of the Bill.

*The motion was carried.*

CLAUSE 7

**Mr. Deputy Speaker** : Question is—

That Clause 7 stand part of the Bill.

*The motion was carried.*

CLAUSE 8

**Mr. Deputy Speaker** : Question is—

That Clause 8 stand part of the Bill.

*The motion was carried.*

CLAUSE 9

**Mr. Deputy Speaker** : Question is—

That Clause 9 stand part of the Bill.

*The motion was carried.*

SUB-CLAUSE (1) OF CLAUSE 1

**Mr. Deputy Speaker** : Question is—

That Sub-Clause (1) of Clause 1 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

TITLE

**Mr. Deputy Speaker:** Question is—

That Title be the Title of the Bill.

*The motion was carried.*

**Minister of State for Development** (Sardar Santokh Singh Randhawa):

Sir, I beg to move—

That the Punjab Village Common Lands (Regulation) (Amendment) Bill be passed.

**Mr. Deputy Speaker:** *Motion moved—*

That the Punjab Village Common Lands (Regulation) (Amendment) Bill be passed.

**Mr. Deputy Speaker:** Question is—

That the Punjab Village Common Lands (Regulation) (Amendment) Bill be passed.

*The motion was carried*

## RESOLUTION UNDER CLAUSE 2(A) OF ARTICLE 213 OF THE CONSTITUTION DISAPPROVING THE PUNJAB PANCHAYAT SAMITIS AND ZILA PARISHADS (THIRD AMENDMENT) ORDINANCE, 1975 (PUNJAB ORDINANCE NO. 11 OF 1975) & THE PUNJAB PANCHAYAT SAMITIS AND ZILA PARISHADS (AMENDMENT) BILL, 1976

**Comrade Raj Kumar:** Sir, I beg to move—

That this House disapproves the Punjab Panchayat Samitis and Zila Parishads (Third Amendment) Ordinance, 1975 (Punjab Ordinance No. 11 of 1975).

**Mr. Deputy Speaker:** Motion Moved—

That this House disapproves the Panchayat Samitis and Zila Parishads (Third Amendment) Ordinance, 1975 (Punjab ordinance. No. 11 of 1975)

**Minister of State for Development** (Sardar Santokh Singh Randhawa) Sir, I beg to introduce the Punjab Panchayat Samitis and Zila Parishads (Amendment) Bill.

Sir, I also beg to move—

That the Punjab Panchayat Samitis and Zila Parishads (Amendment) Bill be taken into consideration at once.

Original with Punjab Vidhan Sabha Digitized by; Panjab Digital Library

**Mr. Deputy Speaker** : Motion moved—

> That the Punjab Panchayat Samitis and Zila Parishads (Amendment) Bill be taken into consideration at once.

> The practice in the past has been that the resolution seeking disapproval of the ordinance and the Bill seeking replacement of the ordinance are discussed together though voting takes place on each item separately. If the House approves, following the past practice the resolution given notice of by Comrade Raj Kumar for disapproval of the Panchayat Samitis and Zila Parishads (Third Amendment) Ordinance, 1975 (Punjab Ordinance No. 11 of 1975) may be discussed alongwith the consideration motion of the Punjab Panchayat Samitis and Zila Parishads (Amendment) Bill, 1976.

**Voices** : Yes, yes.

**Mr. Deputy Speaker** : The above resolution seeking disapproval of the Ordinance and the Bill seeking replacement of the Ordinance will be discussed together.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ 30 ਮਹੀਨੇ ਤੋਂ 3 ਸਾਲ ਦਾ ਸੁਪਰਸੈਸ਼ਨ ਦਾ ਪੀਰੀਅਡ ਹੈ, ਇਸ ਬਾਰੇ ਇਹ ਠੀਕ ਹੈ ਅਤੇ ਇਸ ਉਤੇ ਕੋਈ ਔਬ-ਜੈਕਸ਼ਨ ਵਾਲੀ ਗੱਲ ਨਹੀਂ ਹੈ। ਪਰ ਮੈਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਪੰਚਾਇਤ ਦੇ ਕਾਨੂੰਨ ਵਿਚ ਤਾਂ 40-45 ਅਮੈਂਡਮੈਂਟਸ ਇਨ੍ਹਾਂ ਨੇ ਲਿਆਂਦੀਆਂ ਹਨ ਅਤੇ ਠੀਕ ਲਿਆਂਦੀਆਂ ਹਨ। ਇਸ ਨੂੰ ਚੰਗਾ ਤਕੜਾ ਬਣਾਉਣ ਲਈ ਇਹ ਜਿਹੜੀਆਂ ਅਮੈਂਡਮੈਂਟਸ ਲਿਆਂਦੀਆਂ ਹਨ, ਇਹ ਚੰਗਾ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਕ ਕਮੇਟੀ ਬਣਾਈ ਸੀ ਜਿਸ ਦੇ ਰੰਧਾਵਾ ਸਾਹਿਬ ਚੇਅਰਮੈਨ ਹਨ। ਉਸ ਕਮੇਟੀ ਵਿਚ 28 ਮੈਂਬਰ ਸੀ, ਜਿਨ੍ਹਾਂ ਵਿਚ 18 ਐਮ. ਐਲ. ਏਜ਼. ਇਸ ਹਾਊਸ ਦੇ ਵੀ ਸਨ ਅਤੇ ਹੋਰ ਬਾਹਰ ਦੇ ਵੀ ਸਨ, ਉਸ ਵਿਚ ਅਫਸਰ ਵੀ ਸਨ ਅਤੇ ਬਲਾਕਾਂ ਦੇ ਚੇਅਰਮੈਨ ਵੀ ਉਸ ਕਮੇਟੀ ਵਿਚ ਸਨ। ਉਸ ਕਮੇਟੀ ਨੇ ਇਹ ਫੈਸਲਾ ਕੀਤਾ ਸੀ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੇ ਜੋ ਫੰਕਸ਼ਨ ਹਨ ਉਹ ਅੱਪ ਟੂ ਦੀ ਮਾਰਕ ਨਹੀਂ ਰਹੇ ਅਤੇ ਇਸ ਵਿਚ ਤਬਦੀਲੀਆਂ ਦੀ ਲੋੜ ਹੈ। ਕਮੇਟੀ ਨੇ ਤਬਦੀਲੀਆਂ ਵਾਸਤੇ ਸੁਜੈਸ਼ਨਜ਼ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਥਰੀ-ਟਾਇਰ ਸਿਸਟਮ ਤਾਂ ਠੀਕ ਹੈ ਲੇਕਿਨ ਇਸ ਨੂੰ ਰੀਮਾਡਲਿੰਗ ਕਰਨਾ ਚਾਹੀਦਾ ਹੈ ਮਹਾਰਾਸ਼ਟਰਾ ਦੇ ਪੈਂਡੂ ਰਾਜ ਪੱਧਰ ਦੇ ਪੈਟਰਨ ਦੇ ਉਤੇ। ਡਿਪਟੀ ਸਪੀਕਰ ਸਾਹਿਬ, ਇਸ ਦੇ ਲਈ ਪਹਿਲਾਂ ਵੀ ਕਮੇਟੀਆਂ ਬਣੀਆਂ ਸਨ। ਪਹਿਲੇ ਬਲਵੰਤ ਰਾਏ ਕਮੇਟੀ ਬਣੀ, ਰਾਜਿੰਦਰ ਸਿੰਘ ਕਮੇਟੀ ਬਣੀ ਅਤੇ ਫਿਰ ਹਰਚੰਦ ਸਿੰਘ ਕਮੇਟੀ ਬਣਾਈ ਗਈ। ਉਸ ਦੇ ਬਾਅਦ ਰੰਧਾਵਾ ਸਾਹਿਬ ਨੇ ਕਮੇਟੀ ਬਣਾਈ। ਉਸ ਕਮੇਟੀ ਨੇ ਬੜਾ ਚੰਗਾ ਕੰਮ ਕੀਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਨੇ ਪੰਚਾਇਤਾਂ ਦੇ ਕਾਨੂੰਨ ਵਿਚ ਤਾਂ ਸੋਧ ਲੈ ਆਂਦੀ ਹੈ ਤਾਂ ਇਸ ਦੇ ਵਿਚ ਕਿਉਂ ਨਹੀਂ ਲਿਆਂਦੀ ? ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਨਿਸਚਿੰਤ ਪਈਆਂ ਹਨ। ਇਹ ਤਜਰਬੇ ਤੋਂ ਗੱਲ ਸਾਹਮਣੇ ਆਈ ਹੈ ਕਿ ਜੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਨੂੰ ਤਕੜਾ ਨਹੀਂ ਕਰੋਗੇ ਤਾਂ ਇਹ ਅੱਛਾ ਕੰਮ ਨਹੀਂ ਕਰ ਸਕਦੀਆਂ। ਇਨ੍ਹਾਂ ਕੋਲ ਫੰਡਜ਼ ਬੜੇ ਮੀਗਰ ਹਨ। ਕਮੇਟੀ ਨੇ ਸੁਝਾ ਦਿੱਤਾ ਸੀ ਕਿ ਸਾਰਾ ਲੈਂਡ ਰੈਵਨਿਊ, ਸਰਚਾਰਜ ਅਤੇ ਲੋਕਲ ਟੈਕਸ, ਮਾਰਕਿਟ ਕਮੇਟੀਆਂ ਦਾ ਬਹੁਤ ਸਾਰਾ ਕੰਮ ਇਨ੍ਹਾਂ ਨੂੰ ਦੇ ਦਿਓ। (ਵਿਘਨ) ਮੈਂ ਵਿਕਾਸ ਮੰਤਰੀ ਦਾ ਧਿਆਨ ਇਸ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਗੱਲ ਦੇ ਵਿਚ ਬੜੀ ਕਮੀ ਰਹੀ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇ ਸੰਮਤੀਆਂ ਨੂੰ ਸਟਰੀਮ ਲਾਈਨ ਕਰਨ ਵੱਲ ਕਦਮ ਚੁੱਕੇ ਹਨ ਇਨ੍ਹਾਂ ਨੂੰ ਹੋਰ ਸਟਰੀਮ

Original with;
Punjab Vidhan Sabha
Digitized by;
Panjab Digital Library

ਲਾਈਨ ਕਰਨਾ ਚਾਹੀਦਾ ਹੈ। ਇਨ੍ਹਾਂ ਨੇ ਪੰਚਾਇਤੀ ਰਾਜ ਡਾਇਰੈਕਟੋਰੇਟ ਕਾਇਮ ਕੀਤਾ ਹੈ ਅਤੇ ਇਸ ਨੂੰ ਬੜਾ ਚੰਗਾ ਅਦਾਰਾ ਬਣਾਇਆ ਹੈ। ਡਿਸਟ੍ਰਿਕਟਸ ਵਿਚ ਡੀ. ਡੀ. ਪੀ. ਓ. ਹਨ ਉਨ੍ਹਾਂ ਨੂੰ ਡੀ. ਸੀ. ਦੇ ਬਹੁਤ ਸਾਰੇ ਅਖਤਿਆਰ ਦਿੱਤੇ ਗਏ ਹਨ। ਉਹ ਡੀ. ਡੀ. ਪੀ. ਓ. ਦੀਆਂ ਪੋਸਟਾਂ ਕਲਾਸ ਵੰਨ ਡਿਕਲੇਅਰ ਹੋਣੀਆਂ ਚਾਹੀਦੀਆਂ ਹਨ। ਬੀ. ਡੀ. ਓ. ਪੰਚਾਇਤੀ ਰਾਜ ਵਿਚ ਬੜਾ ਰੋਲ ਅਦਾ ਕਰਦੇ ਹਨ। ਇਨ੍ਹਾਂ ਨੇ ਫੈਸਲਾ ਕੀਤਾ ਸੀ ਕਿ ਉਨ੍ਹਾਂ ਨੂੰ 10 ਪ੍ਰਤੀਸ਼ਤ ਪੀ. ਸੀ. ਐਸ. ਵਿਚ ਨੁਮਾਇੰਦਗੀ ਦਿੱਤੀ ਜਾਵੇਗੀ। ਇਹ ਸਰਕਾਰ ਨੇ ਫੈਸਲਾ ਕੀਤਾ ਸੀ। ਮੈਂ ਕਹਿੰਦਾ ਹਾਂ ਕਿ ਇਸ ਡਿਸੀਜ਼ਨ ਨੂੰ ਇੰਪਲੀਮੈਂਟ ਕਰਾਓ। ਰੂਲਜ਼ ਦੀ ਖਾਮੀ ਕਰਕੇ ਇਸ ਨੂੰ ਰੱਖਿਆ ਹੋਇਆ ਹੈ। (ਘੰਟੀ)

**ਸ੍ਰੀ ਡਿਪਟੀ ਸਪੀਕਰ** : ਤੁਸੀਂ ਖਤਮ ਕਰੋ ਜੀ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਪੰਚਾਇਤੀ ਰਾਜ ਦੇ ਸਿਸਟਮ ਨੂੰ ਓਵਰ ਆਲ ਕਰੋ ਤਾਂਕਿ ਉਹ ਲੋਕਾਂ ਦੀ ਸੇਵਾ ਚੰਗੀ ਕਰਨ। (ਘੰਟੀ)

**Mr. Deputy Speaker** : Question is—

> That this House disapproves the Punjab Panchayat Samitis and Zila Parishads (Third Amendment) Ordinance, 1975 (Punjab Ordinance No. 11. of 1975).

*The Motion was lost.*

**Mr. Deputy Speaker** : Question is—

> That the Punjab Panchayat Samitis and Zila Parishads (Amendment) Bill, be taken into consideration at once.

*The Motion was carried.*

**Mr. Deputy Speaker** : Now the House will proceed to consider the Bill Clause by Clause.

## SUB-CLAUSE (2) OF CLAUSE (1)

**Mr. Deputy Speaker** : Question is—

> That Sub Clause (2) of Clause 1 stand part of the Bill.

*The Motion was carried.*

## CLAUSE 2

**Mr. Deputy Speaker** : Question is—

> That Clause 2 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

CLAUSE 3

**Mr. Deputy Speaker** : Question is—

That Clause 3 stand part of the Bill.

*The Motion was carried.*

SUB CLAUSE (1) OF CLAUSE 1

**Mr. Deputy Speaker** : Question is—

That Sub Clause (1) of Clause 1 stand part of the Bill.

*The Motion was carried.*

TITLE

**Mr. Deputy Speaker** : Question is—

That Title be the Title of the Bill.

*The Motion was carried.*

**Minister of State for Development** (Sardar Santokh Singh Randhawa) : Sir, I beg to move—

That the Punjab Panchayat Samitis and Zila Parishads (Amendment) Bill, be passed.

**Mr. Deputy Speaker** : Motion moved—

That the Punjab Panchayat Samitis and Zila Parishads (Amendment) Bill be passed.

**Mr. Deputy Speaker** : Question is—

That the Punjab Panchayat Samitis and Zila Parishads (Amendment) Bill, be passed.

*The motion was carried.*

---

THE PUNJAB GRAM PANCHAYAT (Amendment) BILL, 1976.

**Minister of State for Development** (Sardar Santokh Singh Randhawa) : Sir, I beg to introduce the Punjab Gram Panchayat (Amendment) Bill.

Sir, I also beg to move—

That the Punjab Gram Panchayat (Amendment) Bill be taken into consideration at once.

**Mr. Deputy Speaker** : Motion moved—

That the Punjab Gram Panchayat (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

**Mr. Deputy Speaker** : Question is—

That the Punjab Gram Panchayat (Amendment) Bill be taken into consideration at once.

*The motion was carried.*

**Mr. Deputy Speaker** : Now the House will proceed to consider the Bill Clause by Clause.

SUB CLAUSE (2) OF CLAUSE 1

**Mr. Deputy Speaker** : Question is—

That Sub-Clause (2) of Clause 1 stand part of the Bill.

*The motion was carried.*

CLAUSE 2

**Mr. Deputy Speaker** : Question is—

That Clause 2 stand part of the Bill.

*The motion was carried.*

CLAUSE 3

**Mr. Deputy Speaker** : Question is—

That Clause 3 stand part of the Bill.

*The motion was carried.*

CLAUSE 4

**Mr. Deputy Speaker** : Question is—

That Clause 4 stand part of the Bill.

*The motion was carried.*

CLAUSE 5

**Mr. Deputy Speaker** : Question is—

That Clause 5 stand part of the Bill.

*The Motion was carried.*

CLAUSE 6

**Mr. Deputy Speaker** : Question is—

That Clause 6 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

CLAUSE 7

**Mr. Deputy Speaker** : Question is

That clause 7 stand part of the Bill.

*The motion was carried.*

CLAUSE 8

**Mr. Deputy Speaker**: Question is—

That clause 8 stand part of the Bill.

*The motion was carried.*

CLAUSE 9

**Mr. Deputy Speaker** : Question is—

That clause 9 stand part of the Bill.

*The motion was carried.*

CLAUSES 10, 11, 12, 13, 14, 15, 16, 17, 18, 19, 20, 21, 22, 23, 24, 25, 26,27 AND 28

**Mr. Deputy Speaker** : Question is—

That Clauses 10, 11,12, 13, 14, 15, 16, 17, 18, 19, 20, 21, 22, 23, 24, 25, 26, 27 and 28 stand part of the Bill.

*The motion was carried.*

CLAUSE 29

**Mr. Deputy Speaker :** Now Clause 29 is before the House. There is a notice of amendment to this clause by Comrade Shamsher Singh Josh and Comrade Raj Kumar.

(Amendment not moved)

**Mr. Deputy Speaker** : Question is—

That Clause 29 stand part of the Bill.

*The motion was carried*

CLAUSE 30

**Mr. Deputy Speaker :** Question is—

That clause 30 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

CLAUSES 31, 32 AND 33

**Mr. Deputy Speaker :** Question is—

That clauses 31, 32 and 33 stand part of the Bill.

*The motion was carried.*

CLAUSE 34

**Mr. Deputy Speaker :** Now clause 34 is before the House. There are some notices of amendments to this Clause.

(Amendments not moved)

**Mr. Deputy Speaker :** Question is—

That clause 34 stand part of the Bill.

*The motion was carried.*

CLAUSES 35, 36, 37, 38, 39, 40, 41, 42, 43, 44, 45, 46, AND 47

**Mr. Deputy Speaker :** Question is—

That Clauses 35, 36, 37, 38, 39, 40, 41, 42, 43, 44, 45, 46 and 47 stand part of the Bill.

*The motion was carried.*

SUB-CLAUSE (1) OF CLAUSE 1

**Mr. Deputy Speaker :** Question is—

That Sub-Clause (1) of Clause 1 stand part of the Bill.

*The motion was carried.*

TITLE

**Mr. Deputy Speaker :** Question is—

That Title be the Title of the Bill.

*The motion was carried.*

**Minister of State for Development :** (Sardar Santokh Singh Randhawa) : Sir, I beg to move—

That the Punjab Gram Panchayat (Amendment) Bill be passed.

**Mr. Deputy Speaker :** Motion moved—

That the Punjab Gram Panchayat (Amendment) Bill be passed.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ (ਧਾਰੀਵਾਲ) :** ** ** **

**Mr. Deputy Speaker** : Were you sleeping ?

**ਕਾਮਰੇਡ ਰਾਜ ਕੁਮਾਰ :** ** ** **

**ਸ਼੍ਰੀ ਪਰਤਾਪ ਚੰਦ ਭੰਡਾਰੀ :** ਮੈਂਬਰ ਸਾਹਿਬ ਨੇ ਕਿਹਾ ਹੈ ** ** ਇਹ ਠੀਕ ਨਹੀਂ ਹੈ । ਇਹ ਰਿਕਾਰਡ ਦਾ ਹਿੱਸਾ ਨਹੀਂ ਬਣਨਾ ਚਾਹੀਦਾ ।

**ਸ਼੍ਰੀ ਡਿਪਟੀ ਸਪੀਕਰ :** ਇਹ ਰਿਕਾਰਡ ਦਾ ਹਿੱਸਾ ਨਾ ਬਣੇ ।

**ਕਾਮਰੇਡ ਰਾਜ ਕੁਮਾਰ :** ਭਾਵੇਂ ਲੇਟ ਹੀ ਸਹੀ ਪਰ ਮੈਂ ਰੰਧਾਵਾ ਸਾਹਿਬ ਨੂੰ ਮੁਬਾਰਕਬਾਦ ਦੇਣ ਵਾਸਤੇ ਖੜ੍ਹਾ ਹੋਇਆ ਹਾਂ । It is a very legitimate birth, beautiful birth ਮੈਂ ਤਾਂ ਇਹ ਕਹਾਂਗਾ ਕਿ ਹਾਈ ਪਾਵਰਡ ਕਮੇਟੀ ਜਿਹੜੀ ਬਣੀ ਸੀ (ਵਿਘਨ)

**ਮੁੱਖ ਸੰਸਦੀ ਸਕੱਤਰ :** ਮੈਂ ਚਾਹੁੰਦਾ ਹਾਂ ਕਿ ਇਹ ਪਰੋਸੀਡਿੰਗ ਦਾ ਹਿੱਸਾ ਬਣੇ ।

**ਕਾਮਰੇਡ ਰਾਜ ਕੁਮਾਰ :** ਇਹ ਕੀ ਕਹਿੰਦੇ ਹਨ ?

**ਸ਼੍ਰੀ ਡਿਪਟੀ ਸਪੀਕਰ :** ਇਹ ਕਹਿੰਦੇ ਹਨ ਕਿ ਉਹ ਰਿਕਾਰਡ ਦਾ ਹਿੱਸਾ ਬਣੇ ।

**ਕਾਮਰੇਡ ਰਾਜ ਕੁਮਾਰ :** ਮੈਨੂੰ ਉਸ ਤੇ ਕੋਈ ਔਬਜੈਕਸ਼ਨ ਨਹੀਂ ਹੈ। ਮੈਂ ਠੀਕ ਗੱਲ ਕਹੀ ਸੀ। (ਵਿਘਨ) ਮੈਂ ਅਰਜ਼ ਕਰ ਰਿਹਾ ਸੀ, ਡਿਪਟੀ ਸਪੀਕਰ ਸਾਹਿਬ, ਕਿ ਇਹ ਬਹੁਤ ਅੱਛਾ ਕੰਮ ਕੀਤਾ ਜਾ ਰਿਹਾ ਹੈ। ਇਹ ਵੈਲਕੰਮ ਸਟੈਪ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ, ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਕਿ ਕਾਮਰੇਡ ਰੰਧਾਵਾ ਜੀ ਬੜੇ (ਥੰਪਿੰਗ) ਮੁਬਾਰਕਵਾਦ ਦੇ ਮੁਸਤਹਿਕ ਹਨ। ਹਾਈ ਪਾਵਰਡ ਕਮੇਟੀ ਦੀ ਸਾਲਹ-ਸਾਲ ਦੀ ਮਿਹਨਤ ਨੂੰ ਦੇਖ ਕੇ ਇਸ ਬਿੱਲ ਦੀ ਸ਼ਕਲ ਦੇ ਕੇ ਸਦਨ ਦੇ ਸਾਹਮਣੇ ਲਿਆਂਦਾ ਹੈ। ਡਿਪਟੀ ਸਪੀਕਰ ਸਾਹਿਬ, ਗਰਾਮ ਪੰਚਾਇਤ ਐਕਟ ਜਿਸ ਵਕਤ ਬਣਿਆ ਸੀ ਉਹ ਇੱਕ ਅਟੈਂਪਟ ਸੀ। ਜਿਸ ਅਟੈਂਪਟ ਦੇ ਦੌਰਾਨ ਜਿਹੜਾ ਤਜਰਬਾ ਪੰਜਾਬ ਭਰ ਵਿਚ ਲਾਗੂ ਕਰਨ ਦੇ ਸਿਲਸਿਲੇ ਵਿਚ ਹੋਇਆ ਉਸ ਹਾਈ ਪਾਵਰਡ ਕਮਟੀ ਨੇ ਜਿਹੜੀ ਇਨ੍ਹਾਂ ਦੀ ਅਧਿਅਕਸ਼ਤਾ ਵਿਚ ਬਣੀ ਸੀ ਉਨ੍ਹਾਂ ਦੇ ਤਜਰਬਿਆਂ ਨੂੰ ਸਾਹਮਣੇ ਰਖ ਕੇ ਗਰਾਮ ਪੰਚਾਇਤ ਐਕਟ ਵਿਚ ਜੋ ਸੋਧਾਂ ਲਿਆਂਦੀਆਂ ਹਨ, ਮੇਰੀ ਰਾਏ ਵਿਚ ਡੈਮੋਕ੍ਰੇਸੀ ਨੂੰ ਪੱਕਾ ਕਰਨ ਵਿਚ ਇਹ ਬਹੁਤ ਹੱਦ ਤੱਕ ਅੱਗੇ ਜਾਣਗੀਆਂ। ਜਿਸ ਹਾਲਤ ਵਿਚ ਡੈਮੋਕ੍ਰੇਸੀ ਦਾ ਤਜਰਬਾ ਇਸ ਮੁਲਕ ਵਿਚ ਕਰ ਰਹੇ ਹਾਂ ਉਸ ਨਾਲ ਕੁਦਰਤੀ ਗੱਲ ਹੈ ਕਿ ਸਾਨੂੰ ਨਵੇਂ ਨਵੇਂ ਤਜਰਬੇ ਤੇ ਪਹਿਲਾਂ ਭਰੋਸਾ ਰਖਣਾ ਪਵੇਗਾ ਜੇ ਲੋੜ ਪਏਗੀ ਤਾਂ ਸੋਧਾਂ ਕਰਨੀਆਂ ਪੈਣਗੀਆਂ, ਫਿਰ ਤਜਰਬੇ ਕਰਾਂਗੇ ਅਤੇ ਲੋੜ ਪੈਣ ਤੇ ਫਿਰ ਸੋਧਾਂ ਕਰਨੀਆਂ ਪੈਣਗੀਆਂ (ਸ਼ੋਰ) ਦਫਾ 6, 10, 12, 15, ਔਰ 34 ਇਹ ਦਫਾਵਾਂ ਹਨ ਜਿਨ੍ਹਾਂ ਵਿਚ ਬੜੀਆਂ ਮਹੱਤਵਪੂਰਣ ਤਬਦੀਲੀਆਂ ਕੀਤੀਆਂ ਗਈਆਂ ਹਨ । ਹਾਈ ਪਾਵਰਡ ਕਮੇਟੀ ਦੀ ਰਿਕਮੈਂਡੇਸ਼ਨ ਤੇ ਹੈਰਾਨ ਹੋਵੇਗੀ ਕਿ ਪਹਿਲਾਂ ਡੀ. ਸੀ. ਨੂੰ ਇਹ ਅਖਤਿਆਰ ਸੀ ਕਿ ਅਗਰ ਕਿਸੇ ਸਰਪੰਚ ਨੂੰ ਸਸਪੈਂਡ ਕਰਨਾ ਚਾਹੁੰਦਾ ਹੋਵੇ ਤਾਂ ਕਰ ਦੇਵੇ। ਲੇਕਿਨ ਜਿਹੜਾ ਚੀਫ ਕੰਟ੍ਰੋਲਿੰਗ ਅਫਸਰ ਹੈ ਉਸ ਨੂੰ ਅਖਤਿਆਰ ਨਹੀਂ ਸੀ ਕਿ ਕਿਸੇ ਸਰਪੰਚ ਦੇ ਖਿਲਾਫ ਜੋ ਬੇਕਾਇਦਗੀਆਂ ਹੋਣ ਉਹਨੂੰ ਡਾਇਰੈਕਟ ਸਸਪੈਂਡ ਕਰ ਦੇਵੇ। ਉਹ ਨੂੰ ਡੀ. ਸੀ. ਦੀ ਰਾਹੀਂ ਉਹਨੂੰ ਸਸਪੈਂਡ ਕਰਨਾ ਪੈਂਦਾ ਸੀ। ਇਸ ਤਰ੍ਹਾਂ ਉਹਨੂੰ ਪਾਵਰ ਦੇ ਕੇ ਡੈਮੋਕ੍ਰੇਸੀ ਨੂੰ ਇਕ ਨਵੀਂ ਡਾਇਰੈਕਸ਼ਨ ਦਿੱਤੀ ਗਈ ਹੈ। ਔਰ ਜਿਹੜੀਆਂ ਅਨਫੇਅਰ ਪ੍ਰੈਕਟਿਸਿਜ਼

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਨ ਪੰਚਾਇਤਾਂ ਦੇ ਅੰਦਰ ਉਨ੍ਹਾਂ ਨੂੰ ਖਤਮ ਕਰਨ ਵਿਚ ਮਦਦ ਮਿਲੀ ਹੈ । ਡਿਪਟੀ ਸਪੀਕਰ ਸਾਹਿਬ, ਇਕ ਪੰਚਾਇਤਾਂ ਦੇ ਅੰਦਰ ਇਸ ਗੱਲ ਤੋਂ ਬੜਾ ਝਗੜਾ ਉਠਦਾ ਸੀ ਕਿ ਸਰਪੰਚ ਜਦੋਂ ਲਥ ਜਾਂਦਾ ਸੀ ਜਾਂ ਮਰ ਜਾਂਦਾ ਸੀ ਤਾਂ ਇਸ ਨਾਲ ਸਰਪੰਚ ਦੀ ਥਾਂ ਖਾਲੀ ਹੋ ਜਾਂਦੀ ਸੀ ਤਾਂ ਉਸ ਵੇਲੇ ਇਹ ਬੜਾ ਝਗੜਾ ਪੈਂਦਾ ਸੀ ਕਿ ਉਹਦੀ ਥਾਂ ਕੌਣ ਸੰਭਾਲੇ । ਇਸ ਐਕਟ ਵਿਚ ਨਾਇਬ ਸਰਪੰਚ ਦੀ ਅਸਾਮੀ ਰਖ ਕੇ ਅੱਛਾ ਕੰਮ ਕੀਤਾ ਗਿਆ ਹੈ । ਇਸ ਨਾਲ ਉਸ ਦੀ ਥਾਂ ਦਾ ਲਗਾਤਾਰ ਕੰਮ ਚਲਦਾ ਰਹੇਗਾ । ਇਹ ਇਕ ਵੈਲਕਮ ਫੀਚਰ ਹੈ ।

ਦੂਸਰੇ ਜਿਹੜਾ ਸਾਡੇ ਸਾਹਮਣੇ ਝਗੜਾ ਆਉਂਦਾ ਸੀ, ਜਿਹੜਾ ਆਊਟਸਟੈਂਡਿੰਗ ਝਗੜਾ ਸੀ ਉਹ ਇਹ ਸੀ ਕਿ ਬਹੁਤ ਸਾਰੇ ਸਰਪੰਚ ਜਦੋਂ ਹਾਰ ਜਾਂਦੇ ਸੀ ਤਾਂ ਉਹ ਨਵੇਂ ਸਰਪੰਚ ਨੂੰ ਰਿਕਾਰਡ ਨਹੀਂ ਦਿੰਦੇ ਸੀ । ਇਸ ਵਾਸਤੇ ਪੀਨਲ ਕਲਾਜ਼ ਵਿਚ ਉਸ ਸਜ਼ਾ ਨੂੰ ਵਧਾ ਦਿੱਤਾ ਗਿਆ ਹੈ । ਇਹ ਬਹੁਤ ਅੱਛਾ ਕੀਤਾ ਗਿਆ ਹੈ । ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤੀ ਸੀ ਇਹ ਸਾਰੀਆਂ ਰਿਕੁਮੈਂਡੇਸ਼ਨਜ਼ ਉਸ ਹਾਈ ਪਾਵਰਡ ਕਮੇਟੀ ਦੇ ਕੰਮ ਦਾ ਹੀ ਨਤੀਜਾ ਹੈ । ਇਸ ਨੂੰ ਹੋਰ ਪੱਖ ਤੋਂ ਵੀ ਸੰਵਾਰਿਆ ਗਿਆ ਹੈ । ਪ੍ਰਿੰਸੀਪਲਜ਼ ਆਫ਼ ਨੇਚੁਰਲ ਜਸਟਿਸ ਦੇਣ ਵਾਸਤੇ ਉਹਦੇ ਵਿਚ ਪਰਾਸੈਸ ਆਫ਼ ਸਰਵਿਸ ਨੂੰ ਸਟ੍ਰੀਮਲਾਈਨ ਕੀਤਾ ਗਿਆ ਹੈ । ਅੱਗੇ ਜੇ ਕੋਈ ਝਗੜਾ ਹੋ ਜਾਂਦਾ ਸੀ ਤਾਂ ਉਸ ਬਾਰੇ ਪੰਚਾਇਤ ਕੋਲ ਜ਼ਬਾਨੀ ਵੀ ਸ਼ਿਕਾਇਤ ਆ ਜਾਵੇ ਤਾਂ ਉਸ ਤੇ ਐਕਸ਼ਨ ਹੋ ਜਾਂਦਾ ਸੀ ਅਤੇ ਪਾਵਰ ਦਾ ਮਿਸਯੂਜ਼ ਹੋ ਜਾਂਦਾ ਸੀ । ਹੁਣ ਇਸ ਬਿੱਲ ਰਾਹੀਂ ਕੇਵਲ ਲਿਖਤੀ ਰੂਪ ਵਿਚ ਸ਼ਿਕਾਇਤ ਆਉਣ ਤੇ ਹੀ ਸਬੰਧਤ ਬੰਦੇ ਤੇ ਮੁਕੱਦਮਾ ਚਲਾਇਆ ਜਾਇਆ ਕਰੇਗਾ । ਉਹਦੇ ਕੋਲੋਂ ਮੁਕੱਦਮੇ ਦੀ ਫੀਸ ਲਿਆ ਜਾਇਆ ਕਰੇਗੀ । ਅੱਗੇ ਗਲਤ ਮੁਕੱਦਮੇ ਕਰਕੇ ਪਾਵਰ ਦਾ ਮਿਸਯੂਜ਼ ਹੁੰਦਾ ਸੀ । ਹੁਣ ਅੱਗੇ ਨੂੰ ਇਸ ਤਰ੍ਹਾਂ ਨਾਲ ਨਹੀਂ ਕੀਤਾ ਜਾਇਆ ਕਰੇਗਾ । ਅੱਗੇ ਕਈ ਵਾਰੀ ਜੈਨੁਅਨ ਲੋਕਾਂ ਦੇ ਕੇਸਿਜ਼ ਜਾਂਦੇ ਸੀ ਉਹ ਡੀਫਾਲਟ ਵਿਚ ਨਿਕਲ ਜਾਂਦੇ ਸੀ । ਪੰਚਾਇਤ ਦੇ ਕਿਸੇ ਅਧਿਕਾਰੀ ਤੇ ਪਾਬੰਦੀ ਨਹੀਂ ਸੀ ਕਿ ਉਹ ਇਸ ਦੀ ਰਸੀਦ ਦੇਵੇ । ਉਹ ਅਬਿਊਜ਼ ਹੁੰਦਾ ਆ ਰਿਹਾ ਸੀ । (ਘੰਟੀ) ਇਹਦੇ ਨਾਲ ਉਹ ਕੰਮ ਵੀ ਸਾਰਾ ਸਟ੍ਰੀਮਲਾਈਨ ਹੋ ਜਾਏਗਾ ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਕੁਝ ਅਧਿਕਾਰੀ ਵਿਲੇਜ ਲੈਵਲ ਤੇ ਕਿਸੇ ਕੰਟ੍ਰੋਲ ਵਿਚ ਨਹੀਂ ਸਨ । ਪਟਵਾਰੀ, ਸਕੂਲ ਟੀਚਰ, ਗਰਾਮ ਸੇਵਕ ਔਰ ਹੋਰ ਅਲਾਈਡ ਵਿਲੇਜ਼ ਲੈਵਲ ਵਰਕਰਜ਼ ਨੂੰ ਵਾਜ਼ਾ ਕਰ ਦਿੱਤਾ ਗਿਆ ਹੈ ਕਿ ਹੁਣ ਪੰਚਾਇਤਾਂ ਨੂੰ ਅਖਤਿਆਰ ਹੋਏਗਾ ਕਿ ਉਸ ਨੂੰ ਤਲਬ ਕਰ ਸਕਣ । ਉਸ ਨੂੰ ਗਰਾਮ ਸਭਾ ਵਿਚ ਤਲਬ ਕਰ ਸਕਣ ਜਿਸ ਦੀਆਂ ਕੁਰੀਤੀਆਂ ਨੋਟਿਸ ਵਿਚ ਆਈਆਂ ਹੋਣ। ਉਹ ਪਬਲਿਕ ਸਾਹਮਣੇ ਪੇਸ਼ ਹੋ ਸਕੇਗਾ ਔਰ ਉਸ ਨੂੰ ਇਸ ਤਰ੍ਹਾਂ ਮਜ਼ਬੂਤ ਕੀਤਾ ਜਾ ਸਕੇਗਾ । ਹਾੜੀ, ਸਾਉਣੀ ਦੋ ਮੀਟਿੰਗਾਂ ਗਰਾਮ ਸਭਾ ਦੀਆਂ ਜ਼ਰੂਰ ਬੁਲਾਏਗਾ । ਜਿਹੜਾ ਮੁੱਢਲੇ ਐਕਟ ਵਿਚ ਪਰੋਵਾਈਡ ਕੀਤਾ ਗਿਆ ਸੀ । ਉਹ ਸਾਰੇ ਪੰਜਾਬ ਵਿਚ ਅਬਿਊਜ਼ ਕੀਤਾ ਗਿਆ । ਕੋਈ ਵਿਰਲਾ ਹੀ ਪਿੰਡ ਹੋਵੇਗਾ ਜਿਸ ਵਿਚ ਇਸ ਤਰ੍ਹਾਂ ਕੀਤਾ ਜਾਂਦਾ ਹੋਵੇ । ਹੁਣ ਹਾੜੀ ਔਰ ਸਾਉਣੀ ਦੀਆਂ ਦੋ ਮੀਟਿੰਗਾਂ ਜ਼ਰੂਰ ਉਹਨੂੰ ਬੁਲਾਉਣੀਆਂ ਪੈਣਗੀਆਂ ਨਹੀਂ ਤਾਂ ਉਹ ਆਟੋਮੈਟੀਕਲੀ ਰੀਮੂਵ ਹੋ ਜਾਏਗਾ । ਇਸ ਬਾਰੇ ਗਰਾਮ ਪੰਚਾਇਤਾਂ ਨੂੰ ਪਹਿਲੀ ਵਾਰੀ ਇਫੈਕਟਿਵਲੀ ਤੌਰ ਤੇ ਲਾਗੂ ਕਰਨ ਵਾਸਤੇ ਇਹ ਸੋਧਾਂ ਕੀਤੀਆਂ ਗਈਆਂ ਹਨ । ਮੈਂ ਅਰਜ਼ ਕੀਤੀ ਹੈ ਕਿ ਇਹ ਬਿਲ ਲਿਆਕੇ ਰੰਧਾਵਾ ਸਾਹਿਬ ਨੇ ਗਰਾਮ ਪੰਚਾਇਤਾਂ ਨੂੰ ਮਜ਼ਬੂਤ ਕੀਤਾ ਹੈ ਔਰ ਪੰਚਾਇਤੀ ਰਾਜ ਦੀਆਂ ਜੜ੍ਹਾਂ ਨੂੰ ਪੱਕਾ ਕਰਨ ਵਿਚ ਤਾਕਤ ਬਖਸ਼ੀ ਹੈ । ਇਸ ਤੇ ਮੈਂ ਰੰਧਾਵਾ ਸਾਹਿਬ ਨੂੰ ਅਤੇ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** (ਹਾਏਪੁਰ) : ਕਾਮਰੇਡ ਰਾਜ ਕੁਮਾਰ ਨੇ ਥਰਡ ਰੀਡਿੰਗ ਵੇਲੇ ਆਪਣੀ ਗੱਲ ਕੀਤੀ ਹੈ । ਮੈਂ ਦੋ ਗੱਲਾਂ ਕਹਿਕੇ ਖਤਮ ਕਰਾਂਗਾ । ਮੈਂ ਡਿਟੇਲ ਵਿਚ ਨਹੀਂ ਜਾਵਾਂਗਾ ਕਿਉਂਕਿ ਲੰਚ ਆਵਰ ਬੜਾ ਨਜ਼ਦੀਕ ਆ ਰਿਹਾ ਹੈ । ਮੈਂ ਇਕ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਹਾਈ ਪਾਵਰਡ ਕਮੇਟੀ ਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿਘ ਪ੍ਰੇਮ]

ਇਹ ਜਿਹੜੀਆਂ ਅਮੈਂਡਮੈਂਟਸ ਪੂਰੇ ਜ਼ੋਰ ਨਾਲ ਪੇਸ਼ ਕੀਤੀਆਂ ਹਨ ਉਸ ਦੇ ਚੇਅਰਮੈਨ ਸਰਦਾਰ ਸੰਤੋਖ ਸਿੰਘ ਰੰਧਾਵਾ ਹਨ। ਮੈਂ ਉਨ੍ਹਾਂ ਦੀ ਤਾਰੀਫ ਕੀਤੇ ਬਗੈਰ ਨਹੀਂ ਰਹਿ ਸਕਦਾ ਕਿਉਂਕਿ ਮੈਂ ਵੀ ਉਸ ਕਮੇਟੀ ਦਾ ਮੈਂਬਰ ਸੀ। ਉਨ੍ਹਾਂ ਨੇ ਸਾਰੀਆਂ ਕਮੇਟੀਆਂ ਦੀਆਂ ਮੀਟਿੰਗਾਂ ਵਿਚ ਓਪਨ ਮਾਈਂਡ ਰਖ ਕੇ ਸਾਰਿਆਂ ਦੀਆਂ ਸੁਜੈਸ਼ਨਜ਼ ਨੂੰ ਵਿਚਾਰਿਆ ਹੈ ਔਰ ਕਿਸੇ ਚੀਜ਼ ਨੂੰ ਬਿਊਰੋਕਰੈਟਿਕ ਢੰਗ ਨਾਲ ਨਹੀਂ ਕੀਤਾ ਸਗੋਂ ਹਰ ਚੀਜ਼ ਨੂੰ ਡੀਪ ਵਿਚਾਰ ਕਰਨ ਲਈ ਡਟੇ ਰਹੇ। ਇਸ ਹਾਊਸ ਦੇ ਹਰ ਗਰੁਪ ਦੇ ਮੈਂਬਰ ਉਸ ਦੇ ਵਿਚ ਮੌਜੂਦ ਸਨ, ਅਕਾਲੀ ਗਰੁਪ ਦੇ ਜਾਂ ਹੋਰ ਦੂਸਰੇ ਜਿਹੜੇ ਗਰੁਪ ਹਨ ਉਨ੍ਹਾਂ ਸਾਰਿਆਂ ਦੀਆਂ ਰਾਇਆਂ ਸਾਹਮਣੇ ਆਈਆਂ ਅਤੇ ਉਨ੍ਹਾਂ ਨੂੰ ਓਪਨ ਮਾਈਂਡ ਨਾਲ ਕੰਸਿਡਰ ਕੀਤਾ। ਜਿਥੇ ਕੋਈ ਗੱਲ ਅੜ ਗਈ ਉਸ ਦੇ ਕੰਸਿਡਰੇਸ਼ਨ ਵਾਸਤੇ ਜਿਥੇ ਜਿਤਨਾ ਟਾਈਮ ਜ਼ਿਆਦਾ ਲਾਉਣਾ ਪਾਇਆ ਉਹ ਇਨ੍ਹਾਂ ਨੇ ਲਗਾਇਆ। ਇਨ੍ਹਾਂ ਦੇ ਬਾਅਦ ਗਿਆਨੀ ਜ਼ੈਲ ਸਿੰਘ ਜੀ ਨੇ ਕੈਬਨਿਟ ਸਬ ਕਮੇਟੀ ਬਣਾਈ ਔਰ ਉਸ ਨੇ ਵੀ ਇਸ ਦੇ ਉਤੇ ਜੋ ਵਿਚਾਰ ਕੀਤਾ ਉਨ੍ਹਾਂ ਦੀ ਮੈਂ ਤਾਰੀਫ ਕਰਦਾ ਹਾਂ ਕਿ ਜਿਹੜਾ ਰੀਆਲਿਸਟਿਕ ਐਪਰੋਚ ਪਿੰਡਾਂ ਦੇ ਮੁਤਅੱਲਕ ਹਾਈ ਪਾਵਰਡ ਕਮੇਟੀ ਨੇ ਪੇਸ਼ ਕੀਤੀ ਹੈ ਉਸ ਨੂੰ ਐਕਸੈਪਟ ਕੀਤਾ ਹੈ। ਇਸ ਦੇ ਨਾਲ ਹੀ ਮੈਂ ਕਾਮਰੇਡ ਰਾਜ ਕੁਮਾਰ ਜੀ ਨਾਲ ਐਗਰੀ ਕਰਦਾ ਹਾਂ ਕਿ ਇਸ ਦੇ ਨਾਲ ਬੜਾ ਭਾਰੀ ਇਨਕਲਾਬ ਆਇਆ ਹੈ, ਜਿਹੜੀਆਂ ਤਰੁਟੀਆਂ ਰਹਿ ਗਈਆਂ ਸਨ ਉਹ ਇਸ ਅਮੈਂਡਿੰਗ ਬਿਲ ਦੇ ਰਾਹੀਂ ਪੂਰੀਆਂ ਕੀਤੀਆਂ ਗਈਆਂ ਹਨ। ਮੈਂ ਆਸ ਕਰਦਾ ਹਾਂ ਕਿ ਜਿਹੜਾ ਪਿੰਡਾਂ ਦਾ ਰੁਪਿਆ ਪਹਿਲਾਂ ਸਰਪੰਚ ਛੋਟੇ ਛੋਟੇ ਮੁਲਾਜ਼ਮਾਂ ਨਾਲ ਰਲ ਕੇ ਖੁਰਦ ਬੁਰਦ ਕਰ ਜਾਂਦੇ ਸਨ ਉਹ ਹੁਣ ਨਹੀਂ ਹੋਵੇਗਾ। ਮੈਂ ਇਕ ਵਾਰੀ ਫਿਰ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਅਤੇ ਇਸ ਬਿਲ ਦੀ ਪ੍ਰੋੜ੍ਹਤਾ ਕਰਦਾ ਹਾਂ।

**Mr. Deputy Speaker**: Question is—

> That the Punjab Gram Panchayat (Amendment) Bill be passed.

*The motion was carried.*

## THE PUNJABI UNIVERSITY (AMENDMENT) BILL, 1976

**Education Minister** (Shri Gurmail Singh): Sir, I beg to introduce the Punjabi University (Amendment) Bill.

I also beg to move—

> That the Punjabi University (Amendment) Bill be taken into consideration at once.

**Mr. Deputy Speaker**: Motion moved —

> That the Punjabi University (Amendment) Bill be taken into consideration at once.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਡਿਪਟੀ ਸਪੀਕਰ ਸਾਹਿਬ, 1972 ਦੀਆਂ ਚੋਣਾਂ ਤੋਂ ਬਾਅਦ —

**ਸ੍ਰੀ ਡਿਪਟੀ ਸਪੀਕਰ** : ਡਾਂਗ ਸਾਹਿਬ, ਇਸ ਬਿੱਲ ਲਈ ਸਿਰਫ 10 ਮਿੰਟ ਰਖੇ ਹਨ, ਇਸ ਲਈ (please be brief.)

**ਕਾਮਰੇਡ ਸੱਤ ਪਾਲ ਡਾਂਗ** : ਮੈਂ 8 ਮਿੰਟ ਹੀ ਲਵਾਂਗਾ ਜੀ ਅਤੇ 2 ਮਿੰਟ ਇਨ੍ਹਾਂ ਵਾਸਤੇ ਛੱਡ ਦਿਆਂਗਾ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ :** ਨਹੀਂ, ਤੁਸੀਂ 4–5 ਮਿੰਟ ਹੀ ਬੋਲ ਸਕਦੇ ਹੋ ।

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, 1972 ਦੀਆਂ ਚੋਣਾਂ ਤੋਂ ਥੋੜ੍ਹਾ ਸਮਾਂ ਬਾਅਦ ਹੀ ਸਰਕਾਰ ਨੇ ਇਸ ਗੱਲ ਦਾ ਐਲਾਨ ਕੀਤਾ ਕਿ ਯੂਨੀਵਰਸਿਟੀਆਂ ਦੀਆਂ ਜਿਹੜੀਆਂ ਗਵਰਨਿੰਗ ਬਾਡੀਜ਼ ਹਨ ਉਨ੍ਹਾਂ ਦੇ ਵਿਚ ਵਿਦਿਆਰਥੀਆਂ ਦੇ ਨੁਮਾਇੰਦੇ ਲਏ ਜਾਣਗੇ । ਉਹ ਵਾਅਦਾ ਪੂਰਾ ਕਰਨ ਵਿਚ ਬਹੁਤ ਸਮਾਂ ਲਗ ਗਿਆ, ਮੈਂ ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ । ਇਹ ਅਸੂਲ ਮੰਨਿਆ ਹੈ ਕਿ ਵਿਦਿਆਰਥੀਆਂ ਦੀ ਨੁਮਾਇੰਦਗੀ ਯੂਨੀਵਰਸਿਟੀਜ਼ ਦੀ ਗਵਰਨਿੰਗ ਬਾਡੀਜ਼ ਵਿਚ ਹੋਣੀ ਚਾਹੀਦੀ ਹੈ ਔਰ ਇਹ ਗੱਲ ਚੰਗੀ ਹੈ ਜਿਹੜੀ ਇਸ ਬਿਲ ਦੇ ਵਿਚ ਉਸ ਅਸੂਲ ਨੂੰ ਮੰਨਿਆ ਗਿਆ ਹੈ । ਪਰ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦਾ ਧਿਆਨ 2–3 ਗੱਲਾਂ ਵਲ ਦੁਆਉਣਾ ਚਾਹੁੰਦਾ ਹਾਂ । ਇਸ ਦੇ ਵਿਚ ਇਹ ਪ੍ਰੋਵਿਜ਼ਨ ਕੀਤੀ ਗਈ ਹੈ ਕਿ ਯੂਨੀਵਰਸਿਟੀ ਦੇ ਸੈਨੇਟ ਦੇ ਵਿਚ ਵਿਦਿਆਰਥੀਆਂ ਨੇ 6 ਨੁਮਾਇੰਦੇ ਹੋਣਗੇ ਜਿਨ੍ਹਾਂ ਵਿਚੋਂ ਇਕ ਲੜਕੀ ਹੋਵੇਗੀ, ਇਕ ਸ਼ਡਿਊਲਡ ਕਾਸਟ ਜਾਂ ਬੈਕਵਰਡ ਕਲਾਸ ਦਾ ਹੋਵੇਗਾ । (ਵਿਘਨ) (ਇਕ ਆਵਾਜ਼ : ਜਾਂ ਲਫਜ਼ ਨਹੀਂ ਹੈ ) ਇਸ ਵੇਲੇ ਜਾਂ ਲਫਜ਼ ਹੈ, ਜੋ ਤਰਮੀਮ ਹੈ ਉਸ ਦੇ ਵਿਚ ਹੈ ਕਿ ਵੱਖ ਵੱਖ ਕੀਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਬਿਲ ਦੀ ਜੋ ਇਸ ਵੇਲੇ ਲੈਂਗੁਏਜ਼ ਹੈ ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਇਕ ਤੋਂ ਵੱਧ ਲੜਕੀ ਨਹੀਂ ਹੋ ਸਕਦੀ, ਇਕ ਤੋਂ ਵੱਧ ਸ਼ਡਿਊਲਡ ਕਾਸਟ ਜਾਂ ਬੈਕਵਰਡ ਕਲਾਸ ਦਾ ਨਹੀਂ ਹੋ ਸਕਦਾ, ਇਹ ਗੱਲ ਦਰੁਸਤ ਨਹੀਂ ਹੈ ।

ਦੂਸਰੀ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਜਿਹੜੀ ਬੁਨਿਆਦੀ ਗੱਲ ਹੈ, ਇਸ ਦੇ ਵਿਚ ਕਿਹਾ ਹੈ ਕਿ ਸਰਕਾਰ 6 ਦੇ 6 ਵਿਦਿਆਰਥੀ ਨਾਮਜ਼ਦ ਕਰੇਗੀ । ਯੂਨੀਵਰਸਿਟੀਆਂ ਦੀ ਗਵਰਨਿੰਗ ਬਾਡੀ ਦੇ ਵਿਚ ਨੁਮਾਇੰਦਗੀ ਦੇਣ ਵਿਚ ਹਿੰਦੁਸਤਾਨ ਵਿਚ ਸਭ ਤੋਂ ਪਹਿਲਾਂ ਕੇਰਲਾ ਦੀ ਸਰਕਾਰ ਨੇ ਪਹਿਲ ਕਦਮੀ ਕੀਤੀ ਹੈ ਔਰ ਉਥੇ ਨੁਮਾਇੰਦਗੀ ਚੋਣਾਂ ਨਾਲ ਹੁੰਦੀ ਹੈ । ਮੈਂ ਇਹ ਨਹੀਂ ਕਹਿੰਦਾ ਕਿ ਪੰਜਾਬ ਦੇ ਕਾਲਜਾਂ ਦੇ ਵਿਦਿਆਰਥੀਆਂ ਦੀ ਜਾਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਚੋਣਾਂ ਡਾਇਰੈਕਟ ਕਰਵਾਓ, ਬੇਸ਼ਕ ਡਾਇਰੈਕਟ ਨਾ ਕਰਵਾਓ । ਸਟੂਡੈਂਟਸ ਦੀਆਂ ਐਸੋਸੀਏਸ਼ਨਾਂ ਹੁੰਦੀਆਂ ਹਨ ਔਰ ਉਹ ਚੁਣੇ ਹੋਏ ਵਿਦਿ-ਆਰਥੀ ਹੁੰਦੇ ਹਨ । ਉਨ੍ਹਾਂ ਦਾ ਇਲੈਕਟੋਰਲ ਕਾਲਜ ਬਣਾ ਕੇ ਵਿਦਿਆਰਥੀਆਂ ਦੇ ਨੁਮਾਇੰਦਿਆਂ ਦੀਆਂ ਚੋਣਾਂ ਹੋਣੀਆਂ ਚਾਹੀਦੀਆਂ ਹਨ । ਨੁਮਾਇੰਦਗੀ ਦਾ ਅਸੂਲ ਦਰੁਸਤ ਹੈ । ਇਥੇ ਇਹ ਵੀ ਦਲੀਲ ਦਿਤੀ ਗਈ ਹੈ ਕਿ 6 ਵਿਦਿਆਰਥੀ ਜਿਹੜੇ ਨਾਮਜ਼ਦ ਕਰਨੇ ਹਨ ਉਨ੍ਹਾਂ ਵਿਚੋਂ 2 ਐਕੇਡੈਮਿਕ ਰਿਕਾਰਡ ਦੇ ਬੇਸਿਜ਼ ਤੇ ਕਰਾਂਗੇ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਦੇ ਵਿਚ ਕੋਈ ਇਤਰਾਜ਼ ਨਹੀਂ ਤੁਸੀਂ 6 ਦੀ ਥਾਂ ਤੇ ਬੇਸ਼ਕ 8 ਕਰ ਦਿਓ । 6 ਨੁਮਾਇੰਦੇ ਚੁਣੇ ਹੋਏ ਹੋਣ ਅਤੇ 2 ਹੋਰ ਹੋ ਜਾਣ ਜਿਹੜੇ ਰਿਕਾਰਡ ਦੇ ਬੇਸਿਜ਼ ਤੇ ਨਾਮਜ਼ਦ ਕੀਤੇ ਜਾਣ, ਇਹ ਅਖਤਿਆਰ ਸਰਕਾਰ ਨੂੰ ਦੇ ਦਿਓ । 6 ਦੀ ਥਾਂ 8 ਕਰ ਦਿਓ, 6 ਚੁਣੇ ਹੋਏ ਨੁਮਾਇੰਦੇ ਹੋਣ ਅਤੇ 2 ਐਕੇਡੈਮਿਕ ਬੇਸਿਜ਼ ਤੇ ਸਰਕਾਰ ਨਾਮਜ਼ਦ ਕਰ ਦੇਵੇ ।

ਅਗਲੀ ਬੇਨਤੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਕੋਈ ਥੋੜਾ ਜਿਹਾ ਤੇਜ਼ ਰਫਤਾਰ ਨਾਲ ਇਸ ਗੱਲ ਵਿਚ ਚਲਣਾ ਚਾਹੀਦਾ ਹੈ । ਜੇ ਹਾਲਤ ਨੂੰ ਸੰਭਾਲਣਾ ਹੈ, ਜੇ ਦੇਸ਼ ਨੂੰ ਠੀਕ ਪਾਸੇ ਲਿਜਾਣ ਵਿਚ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਹਿੱਸਾ ਦੇਣਾ ਚਾਹੁੰਦੇ ਹੋ ਤਾਂ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਚਲਾਉਣ ਵਿਚ ਸਹੀ ਮਾਹਨਿਆਂ ਵਿਚ ਨੁਮਇੰਦਗੀ ਦੇਣੀ ਚਾਹੀਦੀ ਹੈ । ਜਿਸ ਤਰ੍ਹਾਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਸੈਨਿਟ ਵਿਚ ਨੁਮਾਇੰਦਗੀ ਦੇਣ ਵਿਚ ਕੇਰਲਾ ਦੀ ਸਰਕਾਰ ਨੇ ਪਹਿਲ ਕਦਮੀ ਕੀਤੀ ਸੀ, ਇਸੇ ਤਰ੍ਹਾਂ ਕੇਰਲਾ ਦੀ ਸਰਕਾਰ ਨੇ ਇਕ ਹੋਰ ਚੀਜ਼ ਕਰ ਦਿੱਤੀ ਹੈ । ਇਹ ਮੇਰੇ ਕੋਲ 7 ਫਰਵਰੀ ਦੀ ਅਖ਼ਬਾਰ ਹੈ, ਇਸ ਦੇ ਵਿਚ ਇਕ ਖ਼ਬਰ ਛਪੀ ਹੈ ਜਿਹੜੀ ਕਿ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਔਰ ਹਾਊਸ ਦੇ ਮੈਂਬਰ ਸਾਹਿਬਾਨ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ । ਇਸ ਵਿਚ ਇਹ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਲਿਖਿਆ ਹੈ —

*Trivandrum* : For the first time, a student has become a member of the Kerala Uuiversity Syndicate.

ਸੈਨਿਟ ਵਿਚ ਪਹਿਲਾਂ ਹੀ ਨੁਮਾਇੰਦਗੀ ਦਿੱਤੀ ਹੋਈ ਹੈ । ਨਾ ਕੇਵਲ ਸਨਿਟ ਵਿਚ ਹੀ ਸਗੋਂ The Kerala University Act provides for the election of students representative to the Syndicate. Mr. Chitta Rajan a Student of the Law College here is among the 12 members declared elected to the syndicate today.

ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਆਪਣੇ ਐਕਟ ਵਿਚ ਇਹ ਪ੍ਰੋਵਾਈਡ ਕਰ ਦਿੱਤਾ ਹੈ । ਪਹਿਲਾਂ ਇਹ ਕਿ ਕਿਸੇ ਸੈਨਿਟ ਵਿਚ ਵਿਦਿਆਰਥੀਆਂ ਦੇ ਨੁਮਾਇੰਦੇ ਚੁਣ ਕੇ ਹੋਣਗੇ, ਫਿਰ ਮੁੜ ਕੇ ਇਹ ਕਰ ਦਿਤਾ ਕਿ ਸੈਨਿਟ ਨੇ ਆਪਣੇ ਵਿਚੋਂ ਸਿੰਡੀਕੇਟ ਦਾ ਨੁਮਾਇੰਦਾ ਦੇਣਾ ਹੈ ਔਰ ਘੱਟੋਘੱਟ ਇਕ ਮੈਂਬਰ ਵਿਦਿਆਰਥੀਆਂ ਵਿਚੋਂ ਚੁਣਨਾ ਹੈ ਔਰ ਉਹ ਉਥੇ ਚੁਣਿਆ ਗਿਆ ਹੈ । ਕੇਰਲਾ ਯੂਨੀਵਰਸਿਟੀ ਦਾ ਵਿਦਿਆਰਥੀ ਸਿੰਡੀਕੇਟ ਦਾ ਮੈਂਬਰ ਬਣ ਗਿਆ ਹੈ । ਜਿਸ ਤਰ੍ਹਾਂ ਮੈਂ, ਡਿਪਟੀ ਸਪੀਕਰ ਸਾਹਿਬ, ਤਜ਼ਵੀਜ਼ ਦਿੱਤੀ ਹੈ ਉਸ ਦੇ ਲਈ ਇਸ ਅਮੈਂਡਿੰਗ ਬਿਲ ਦੇ ਵਿਚ ਇਕ ਹੋਰ ਮਦ ਪਾਈ ਜਾਵੇ ਕਿ ਸੈਨਿਟ ਨੇ ਜਿਹੜੇ ਨੁਮਾਇੰਦੇ ਚੁਣ ਕੇ ਸਿੰਡੀਕੇਟ ਵਿਚ ਘੱਲਣੇ ਹਨ ਉਨ੍ਹਾਂ ਵਿਚੋਂ ਘੱਟੋ ਘੱਟ ਇਕ ਵਿਦਿਆਰਥੀ ਸੈਨਿਟ ਵਿਚੋਂ ਸਿੰਡੀਕੇਟ ਵਿਚ ਘਲਿਆ ਜਾਵੇ । ਪਿਛਲੇ ਇਜਲਾਸ ਵਿਚ ਇਕ ਬਿੱਲ ਪਾਸ ਕੀਤਾ ਹੈ ਕਾਨੂੰਨ ਬਣਾਇਆ ਹੈ । ਉਸ ਅਨੁਸਾਰ ਸੈਨਿਟ ਦੇ ਅਖ਼ਤਿਆਰ ਨਹੀਂ ਰਹੇ, ਇਸ ਦਾ ਕੋਈ ਸਿੱਟਾ ਨਹੀਂ ਨਿਕਲਦਾ । ਸਾਰੇ ਅਖ਼ਤਿਆਰ ਸਿੰਡੀਕੇਟ ਨੂੰ ਹਨ । ਇਸ ਲਈ ਸਿੰਡੀਕੇਟ ਵਿਚ ਇਕ ਵਿਦਿਆਰਥੀ ਜ਼ਰੂਰ ਹੋਵੇ । ਇਹ ਪ੍ਰੋਵੀਜ਼ਨ ਵੀ ਕਰਨੀ ਚਾਹੀਦੀ ਹੈ । ਇਸ ਦੇ ਨਾਲ ਮੈਂ ਸਮਝਦਾ ਹਾਂ ਕਿ ਜਿਹੜਾ ਚੰਗਾ ਹਰਟਨਿੰਗ ਤੇ ਅੱਧ ਪਚੱਧਾ ਕਦਮ ਚੁੱਕਿਆ ਹੈ ਉਹ ਪੂਰਾ ਹੋਵੇਗਾ । ਵਿਦਿਆਰਥੀ ਇਸ ਗੱਲ ਦਾ ਸਵਾਗਤ ਕਰਨਗੇ ਅਤੇ ਯੂਨੀਵਰਸਿਟੀ ਦੀ ਐਡਮਿਨਿਸਟਰੇਸ਼ਨ ਵਿਚ ਉਨ੍ਹਾਂ ਦੀ ਵੁਆਇਸ ਹੋਵੇਗੀ । ਇਸ ਲਈ ਮੇਰੀ ਬੇਨਤੀ ਹੈ ਕਿ ਸਿੰਡੀਕੇਟ ਦੇ ਵਿਚ ਘੱਟੋ ਘੱਟ ਇਕ ਵਿਦਿਆਰਥੀ ਜ਼ਰੂਰ ਹੋਵੇ । ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ੍ਰੀ ਪ੍ਰੇਮ ਗੁਪਤਾ** (ਪਟਿਆਲਾ) : ਡਿਪਟੀ ਸਪੀਕਰ ਸਾਹਿਬ, ਪੰਜਾਬੀ ਯਨੀਵਰਸਿਟੀ ਅਮੈਂਡਮੈਂਟ ਬਿਲ ਜਿਹੜਾ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਮੂਵ ਕੀਤਾ ਹੈ, ਮੈਂ ਇਸ ਦੀ ਪ੍ਰਸ਼ੰਸਾ ਕਰਨ ਵਾਸਤੇ ਖੜਾ ਹੋਇਆ ਹੈ । ਡਾਂਗ ਸਾਹਿਬ ਨੇ ਵੀ ਮਜ਼ਮੂਈ ਤੌਰ ਤੇ ਇਸ ਨੂੰ ਐਪਰੀਸ਼ੀਏਟ ਕੀਤਾ ਹੈ । ਪੰਜਾਬ ਦੀ ਸਰਕਾਰ ਨੇ ਸਟੂਡੈਂਟ ਕਮਿਊਨਿਟੀ ਦੇ ਜੋ ਜਜ਼ਬਾਤ ਸਨ, ਯੂਨੀਵਰਸਿਟੀ ਬਾਡੀਜ਼, ਯੂਨੀਵਰਸਿਟੀ ਸੈਨੇਟ ਦੇ ਵਿਚ ਗਜੇਂਦਰਗਡਕਰ ਕਮਿਸ਼ਨ ਦੀ ਰਿਕਮੈਂਡੇਸ਼ਨ ਦੇ ਅਨੁਸਾਰ ਸਟੂਡੈਂਟਸ ਨੂੰ ਨੁਮਾਇੰਦਗੀ ਦੇਣੀ ਸੀ, ਉਸ ਰਿਕਮੈਂਡੇਸ਼ਨ ਨੂੰ ਅਸੂਲੀ ਤੌਰ ਤੇ ਮੰਨ ਕੇ ਇਹ ਬਿਲ ਲਿਆਂਦਾ ਹੈ । ਸਟੂਡੈਂਟਸ ਨੂੰ ਇਸ ਵਿਚ ਰਿਪਰਜ਼ੈਂਟੇਸ਼ਨ ਦਿੱਤੀ ਜਾਵੇ । ਇਸ ਦੇ ਵਿਚ ਅਮੈਂਡਮੈਂਟ ਵੀ ਅਸੀਂ ਸਰਕੂਲੇਟ ਕੀਤੀ ਹੈ ਕਿ ਬੈਕਵਰਡ ਕਲਾਸਿਜ਼ ਤੇ ਹਰੀਜਨਾਂ ਨੂੰ ਕੰਬਾਈਨ ਨਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਅਲਹਿਦਾ ਅਲਹਿਦਾ ਨੁਮਾਇੰਦਗੀ ਦਿੱਤੀ ਜਾਵੇ । ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਨੇ ਪਿਛਲੀ ਦਫਾ ਵੀ ਇੱਕ ਪੰਜਾਬੀ ਯੂਨੀਵਰਸਿਟੀ ਐਕਟ ਨੂੰ ਅਮੈਂਡ ਕਰਕੇ ਇਕ ਪਰੋ-ਵਾਈਸਚਾਂਸਲਰ ਦੀ ਪੋਸਟ ਕਰੀਏਟ ਕੀਤੀ ਸੀ । ਹੁਣ ਛੇ ਸਟੂਡੈਂਟਸ ਦੇ ਰਿਪਰ-ਜ਼ੈਂਟੇਟਿਵ ਤਾਂ ਸੈਨੇਟ ਵਿਚ ਹੋਣਗੇ ਅਤੇ ਸੱਤਵਾਂ ਪ੍ਰੋ-ਵਾਈਸਚਾਂਸਲਰ ਹੋਵੇਗਾ ਅਤੇ ਇਸੇ ਤਰ੍ਹਾਂ ਸਿੰਡੀਕੇਟ ਵਿੱਚ ਵੀ ਉਨ੍ਹਾਂ ਦੀ ਗਿਣਤੀ ਵੱਧਣੀ ਚਾਹੀਦੀ ਹੈ । ਜਦੋਂ ਸਰਕਾਰ ਮੁਨਾਸਿਬ ਸਮਝੇ , ਸਿੰਡੀਕੇਟ ਵਿਚ ਵੀ ਸਟੂਡੈਂਟਸ ਨੂੰ ਨੁਮਾਇੰਦਗੀ ਦੇਣ ਲਈ ਮਯੀਅਰ ਲੈ ਆਵੇ । ਇਹ ਇੱਕ ਰੈਵੋਲਿਊਸ਼ਨਰੀ ਕਦਮ ਹੈ ਜੋ ਪੰਜਾਬ ਸਰਕਾਰ ਨੇ ਲਿਆ ਹੈ । ਜੋ ਫੈਸਲੇ ਯੂਨੀਵਰਸਿਟੀ ਕਰਦੀ ਹੈ ਉਸਦੇ ਵਿਚ ਪਾਰਟੀਸੀਪੇਟ ਕਰਨ ਲਈ ਅਤੇ

Original with;
Punjab Vidhan Sabha
Digitized by;
Panjab Digital Library

ਆਪਣੀ ਗੱਲ ਕਹਿਣ ਦੇ ਲਈ ਹੁਣ ਸਟੂਡੈਂਟਸ ਨੂੰ ਮੌਕਾ ਮਿਲੇਗਾ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਤੇ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਸਟੂਡੈਂਟਸ ਦੇ ਜਜ਼ਬਿਆਂ ਦੀ ਕਦਰ ਕਰਦੇ ਹੋਏ ਇਹ ਰਿਪਰਜ਼ੈਂਟੇਸ਼ਨ ਯੂਨੀਵਰਸਿਟੀਆਂ ਵਿਚ ਦੇਣ ਲਈ ਅਮੈਂਡਿੰਗ ਬਿਲ ਲਿਆਂਦਾ ਹੈ।

**ਵਿਦਿਆ ਮੰਤਰੀ** (ਸ੍ਰੀ ਗੁਰਮੇਲ ਸਿੰਘ): ਡਿਪਟੀ ਸਪੀਕਰ ਸਾਹਿਬ, ਇਹ ਬਿਲ ਗਜੇਂਦਰਗਡਕਰ ਕਮਿਸ਼ਨ ਦੀ ਰਿਪੋਰਟ ਦੇ ਮੁਤਾਬਿਕ ਹੀ ਲਿਆਂਦਾ ਗਿਆ ਹੈ। ਉਸ ਕਮਿਸ਼ਨ ਦੀ ਇਹ ਰਿਕਮੈਂਡੇਸ਼ਨ ਸੀ ਕਿ ਸਟੂਡੈਂਟਸ ਨੂੰ ਸੈਨੇਟ ਦੇ ਵਿਚ ਨੁਮਾਇੰਦਗੀ ਦਿੱਤੀ ਜਾਵੇ। ਇਸ ਗੱਲ ਨੂੰ ਚੰਗੀ ਤਰ੍ਹਾਂ ਵਿਚਾਰਿਆ ਗਿਆ। ਉਸ ਤੋਂ ਬਾਅਦ ਇਹ ਬਿਲ ਇਸ ਹਾਊਸ ਵਿਚ ਲਿਆਂਦਾ ਗਿਆ ਹੈ। ਇਹ ਇੱਕ ਚੰਗੀ ਗੱਲ ਹੈ ਜੋ ਪੰਜਾਬ ਸਰਕਾਰ ਨੇ ਕੀਤੀ ਹੈ। ਇਸ ਦੀ ਸਾਰੇ ਪਾਸਿਉਂ ਪ੍ਰਸ਼ੰਸਾ ਹੋਈ ਹੈ। ਡਾਂਗ ਸਾਹਿਬ ਨੇ ਕਿਹਾ ਹੈ ਕਿ ਕੇਰਲਾ ਸਟੇਟ ਨੇ ਸੈਨੇਟ ਵਿਚ ਸਟੂਡੈਂਟਸ ਨੂੰ ਨੁਮਾਇੰਦਗੀ ਦਿੱਤੀ ਹੈ। ਹੋਰ ਵੀ ਦੋ ਸਟੇਟਸ ਹਨ ਆਸਾਮ ਅਤੇ ਮੱਧ ਪ੍ਰਦੇਸ਼ ਜਿਨ੍ਹਾਂ ਨੇ ਸਟੂਡੈਂਟਸ ਨੂੰ ਨੁਮਾਇੰਦਗੀ ਦਿੱਤੀ ਹੈ, ਇਕੱਲੇ ਕੇਰਲਾ ਨੇ ਨਹੀਂ।

**ਕਾਮਰੇਡ ਸੱਤ ਪਾਲ ਡਾਂਗ** : ਮੈਂ ਤਾਂ ਇਹ ਕਿਹਾ ਸੀ ਕਿ ਕੇਰਲਾ ਨੇ ਸਭ ਨਾਲੋਂ ਪਹਿਲਾਂ ਦਿੱਤਾ ਹੈ।

**ਵਿਦਿਆ ਮੰਤਰੀ** : ਦੂਜੇ ਪਾਸੇ ਇਨ੍ਹਾਂ ਨੇ ਕਿਹਾ ਹੈ ਕਿ ਉਸ ਦੇ ਵਿਚ ਨਾਮੀਨੇਸ਼ਨ ਦਾ ਪ੍ਰੋਵੀਜ਼ਨ ਪਾਇਆ ਹੈ। ਇਲੈਕਸ਼ਨ ਹੋਣੀ ਚਾਹੀਦੀ ਹੈ। ਮੈਂ ਪਰਸੋਂ ਵੀ ਕਿਹਾ ਸੀ ਕਿ ਕੁਝ ਅਦਾਰੇ ਐਸੇ ਹਨ ਜਿਨ੍ਹਾਂ ਨੂੰ ਇਲੈਕਸ਼ਨਾਂ ਤੋਂ ਅਸੀਂ ਬਚਾਉਣਾ ਚਾਹੁੰਦੇ ਹਾਂ। ਅਸੀਂ ਨਹੀਂ ਚਾਹੁੰਦੇ ਕਿ ਹਰ ਥਾਂ ਸਟੂਡੈਂਟਸ ਨੂੰ ਨੁਮਾ-ਇੰਦਗੀ ਦੇ ਦਈਏ ਤਾਂ ਕਿ ਉਥੇ ਝਗੜੇ ਹੋਣ ਅਤੇ ਨਵੇਂ ਰਫੜ ਪੈਣ, ਆਪਸ ਵਿਚ ਡਾਂਗ ਸੋਟੇ ਖੜਕਣ, ਇਸ ਨਾਲ ਇਸ ਬਿਲ ਦਾ ਮਕਸਦ ਫੌਤ ਹੋ ਜਾਵੇਗਾ। ਇਹ ਅਸੀਂ ਨਹੀਂ ਚਾਹੁੰਦੇ। ਪਰ ਡਾਂਗ ਸਾਹਿਬ ਨੂੰ ਪਤਾ ਨਹੀਂ ਕਿਉਂ ਚਿੰਤਾ ਰਹਿੰਦੀ ਹੈ ਕਿ ਕਿਤੇ ਨਾ ਕਿਤੇ ਕੋਈ ਝਗੜਾ, ਫਸਾਦ, ਹੁੰਦਾ ਹੀ ਰਹੇ। ਇਸ ਲਈ ਮੈਂ ਕਹਿੰਦਾ ਹਾਂ ਕਿ ਫਿਰ ਲੜਾਈਆਂ ਹੋਣਗੀਆਂ, ਤਲਵਾਰਾਂ ਚਲਣਗੀਆਂ, ਡਾਂਗਾਂ ਅਤੇ ਗੋਲੀਆਂ ਚਲਣਗੀਆਂ ਮੈਂ ਡਾਂਗ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਗਲਾਂ ਤੋਂ ਬਰਾਏ ਮੇਹਰਬਾਨੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਬਚਾਓ ਤਾਂਕਿ ਇਹ ਜਿਸ ਮਕਸਦ ਲਈ ਬਣੇ ਹਨ ਉਸ ਮਕਸਦ ਨੂੰ ਪੂਰਾ ਕਰਨ। ਉਨ੍ਹਾਂ ਦਾ ਅਸਲ ਮਕਸਦ ਪੜ੍ਹਨਾ ਹੈ। ਇੱਕ ਲੜਕੀ ਵੀ ਜ਼ਰੂਰ ਨਾਮੀਨੇਟ ਕਰਾਂਗੇ। ਵੱਧ ਵੀ ਹੋ ਸਕਦੀਆਂ ਹੋਈਆਂ ਤਾਂ ਕਰਾਂਗੇ। ਇਕ ਹਰੀਜਨ ਨੂੰ ਵੀ ਸੈਨੇਟ ਵਿਚ ਨਾਮੀਨੇਟ ਕਰਾਂਗੇ। ਕੁਝ ਦੋਸਤਾਂ ਨੇ ਅਮੈਂਡਮੈਂਟ ਲਿਆਂਦੀ ਹੈ ਕਿ ਬੈਕਵਰਡ ਕਲਾਸਿਜ਼ ਲਈ ਇਕ ਹੋਰ ਸੀਟ ਹੋਣੀ ਚਾਹੁੰਦੀ ਹੈ ਅਤੇ ਸ਼ਡਿਯੂਲਡ ਕਾਸਟਸ ਲਈ ਹੋਰ। ਮੈਂ ਉਸ ਅਮੈਂਡਮੈਂਟ ਨਾਲ ਸਹਿਮਤ ਹਾਂ। ਇਸ ਕਰਕੇ ਉਹ ਮਨਜ਼ੂਰ ਕਰ ਲੈਣੀ ਚਾਹੀਦੀ ਹੈ। ਜੋ ਇਨ੍ਹਾਂ ਨੇ ਕਿਹਾ ਹੈ ਕਿ ਸਿੰਡੀਕੇਟ ਵਿਚ ਸਟੂਡੈਂਟਸ ਨੂੰ ਨੁਮਾਇੰਦਗੀ ਦਿੱਤੀ ਜਾਵੇ, ਫਿਰ ਉਥੇ ਇਲੈਕਸ਼ਨਾਂ ਹੋਣਗੀਆਂ, ਝਗੜੇ ਹੋਣਗੇ ਅਤੇ ਬੱਚੇ ਪੜ੍ਹਨਗੇ ਨਹੀਂ। ਅਸੀਂ ਸਟੂਡੈਂਟਸ ਵਿਚ ਅਮਨ ਤੇ ਚੈਨ ਕਾਇਮ ਰੱਖਣਾ ਚਾਹੁੰਦੇ ਹਾਂ। ਉਨ੍ਹਾਂ ਦੀ ਪੜ੍ਹਾਈ ਵਲ ਧਿਆਨ ਦਿੱਤਾ ਜਾ ਰਿਹਾ ਹੈ। ਮੈਂ ਬੇਨਤੀ ਕਰਾਂਗਾ ਕਿ ਇਹ ਬਿਲ ਪਾਸ ਕਰ ਦਿੱਤਾ ਜਾਵੇ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਇਲੈਕਸ਼ਨਾਂ ਵਿਚ ਲੜਾਈ ਝਗੜੇ ਹੋਣਗੇ, ਡਾਂਗਾਂ ਖੜਕਣਗੀਆਂ, ਤਲਵਾਰਾਂ ਨਿਕਲਣਗੀਆਂ, ਇਹ ਕੰਮ ਤਾਂ ਅਸੈਂਬਲੀ ਦੀਆਂ ਇਲੈਕਸ਼ਨਾਂ ਵਿਚ ਵੀ ਹੁੰਦਾ ਹੈ। ਕੀ ਉਹ ਇਸ ਦਾ ਵੀ ਕੋਈ ਇੰਤਜ਼ਾਮ ਕਰਨਗੇ ਤਾਂ ਕਿ ਇਹ ਲੜਾਈ ਝਗੜੇ ਵੀ ਬੰਦ ਹੋ ਜਾਣ ?

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਜਿਵੇਂ ਇਨ੍ਹਾਂ ਦੇ ਲੀਡਰ ਨੇ ਇਕਬਾਲ ਕਰ ਲਿਆ ਹੈ ਕਿ ਇਨ੍ਹਾਂ ਦਾ ਕੰਮ ਤਰੇ ਚਲੇਗਾ ਜੇ ਲੜਾਈਆਂ ਝਗੜੇ ਹੋਣਗੇ । ਮਨਿਸਟਰ ਸਾਹਿਬ ਨੇ ਠੀਕ ਹੀ ਕਿਹਾ ਹੈ ।

**Mr. Deputy Speaker**: Question is—

That the Punjabi University (Amendment) Bill be taken into consideration at once.

*The motion was carried.*

**Mr. Deputy Speaker**: Now the House will proceed to consider the Bill clause by clause

CLAUSE 2

Now Clause 2 is before the House. There are certain notices of amendments to this clause.

**Comrade Satya Pal Dang** (Amritsar West): Sir I beg to move.—

(i) In line 1 of the proposed clause (Xv) ,*for* " nominated by the State Government "*substitute* elected in accordance with the prescribed procedure"

(ii) In line 2 of the proposed clause (XV), *before* one wherever it occurs *add* "at least "

(iii) In lines 5—6, of the proposed sub—clause (XV), *for* two on the bases of academic record" *substitute*" "two more students will be nominated by the Government on the basis of academic record".

(iv) Delete part (a) of the proviso to the proposed sub-clause (xv)

**Mr. Deputy Speaker** : Motion moved—

(i) In line 1 of the proposed clause (xv) *for* "nominated by the State Government" "*substitute*" elected in accordanc with he prescribed procedure''

(ii) In line 2 of the proposed clause(XV), *before* "one" wherever it occurs *add* "at least"

(iii) In lines 5—6 of the proposed sub—clause (xv) *for* two on the basis of academic record', *substitute* "two more students will be nominated by the Government on the basis of academic record."

(iv) Delete part (a) of the proviso to the proposed sub—clause (xv)

*The motion was lost*

**Mr. Deputy Speaker**: Question is—

(i) In line 1 of the proposed clause (xv), *for* "nominated by the State Government" *substitute* "elected in accordance with prescribed procedure."

(ii) In line 2 of the proposed clause (xv), *before* "one" wherever it occurs *add* " at least."

(iii) In lines 5—6 the proposed sub-clause (xv),*for* two on the basis of academic record .' *substitute* "two more student will be nominated by the Government on the basis of academic record."

(iv) Delete part (a) of, the proviso to the proposed sub— clause (xv)

Original with;
Punjab Vidhan Sabha
Digitized by;
Panjab Digital Library

**Sardar Harchand Singh**: (Amloh S.C.) Sir I beg to move—

In the proposed clause (xv) lines 3—4 *for* "Scheduled Castes or such Backward Classes" *substitute* "Scheduled Castes, one from amongst such Backward Classes."

**Mr. Deputy Speaker**: Motion moved—

In the proposed clauses (xv) lines 3—4 *for* "Scheduled Castes, or such Backward Classes" *substitute* "Scheduled Castes, one from amongst such Backward Classes."

**Mr. Deputy Speaker**: Question is—

In the proposed clause (xv) lines 3—4 *for* "Scheduled Castes or such backward clases" *substitute* "Scheduled Castes, one from amongst such Backward Classes"

*The motion was carried*

**Shri Prem Gupta** (Patiala) Sir, I beg to move—

In the proposed clause (xv), lines 3—4 *for* "or such Backward Classes as have been or are" *substitute* "and one from Backward Classes as have been notified or are to be ."

**Mr.Deputy Speaker**: Motion moved—

In the proposed Clause (xv)lines 3—4*for* "or such Backward Classes as have been or are" *substitute* "and one from Backwerd Classes as have been notified or are to be."

ਇੱਕ ਆਵਾਜ਼ : ਸਰਦਾਰ ਹਰਚੰਦ ਸਿੰਘ ਅਤੇ ਸ੍ਰੀ ਪ੍ਰੇਮ ਗੁਪਤਾ ਵਾਲੀ ਇਕੋ ਜਿਹੀ ਅਮੈਂਡਮੈਂਟ ਹੈ ।

**Mr. Deputy Speaker** : Now I will put the amendment of Shri Prem Gupta to the vote of the House.

**Shri Prem Gupta** : Sir, I withdraw my amendment.

**Mr. Deputy Speaker** : Is it the pleasure of the House ?

**Voices** : Yes, yes.

**Mr. Deputy Speaker** : The amendment of Shri Prem Gupta stands withdrawn.

**Mr. Deputy Speaker** : Question is—

That Clause 2 as amended stand part of the Bill.

*The motion was carried.*

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ ਆਰਡਰ, ਸਰ ।

**ਸ੍ਰੀ ਪ੍ਰੇਮ ਗੁਪਤਾ** : ਮੈਂ ਵਿਦਡਰਾ ਕਰ ਲਈ ਹੈ ਜੀ ।

**ਸ੍ਰੀ ਡਿਪਟੀ ਸਪੀਕਰ** : ਠੀਕ ਹੈ ਜੀ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ, ਡਿਪਟੀ ਸਪੀਕਰ ਸਾਹਿਬ, ਕਿ ਜਿਹੜੀ ਮੈਂ ਅਮੈਂਡਮੈਂਟ ਦਿੱਤੀ ਸੀ, ਉਸ ਬਾਰੇ ਇਕ ਕਲਾਜ਼ ਜਾਂ ਸਬ-ਕਲਾਜ਼ ਹੋਰ ਐਡ ਕੀਤੀ ਸੀ ਕਿ ਸੈਨੇਟ ਜਿਸ ਵੇਲੇ ਸਿੰਡੀਕੇਟ ਲਈ ਮੈਂਬਰ ਚੁਣਦਾ ਹੈ ਤਾਂ ਉਸ ਵਿਚ ਇਕ ਵਿਦਿਆਰਥੀ ਮੈਂਬਰ ਹੋਵੇ, ਪਰ ਉਹ ਤੁਸੀਂ ਰੂਲ ਆਊਟ ਕਰ ਦਿੱਤੀ ਹੈ ।

**ਮਾਲ ਅਤੇ ਚੋਣ ਮੰਤਰੀ :** ਉਹ ਨੋਟਿਸ ਇਨ ਆਰਡਰ ਨਹੀਂ । ਨਿਊ ਕਲਾਜ਼ ਲਈ ਨੋਟਿਸ ਹੋਰ ਤਰ੍ਹਾਂ ਦਿੱਤਾ ਜਾਂਦਾ ਹੈ ।

CLAUSE 1

**Mr. Deputy Speaker** : Question is—

That Clause 1 stand part of the Bill.

*The motion was carried.*

TITLE

**Mr. Deputy Speaker** : Question is—

That Title be the title of the Bill.

*The motion was carried.*

**Education Minister (Shri Gurmail Singh)** : Sir, I beg to move—

That the Punjabi University (Amendment) Bill, as amended, be passed.

**Mr. Deputy Speaker** : Motion moved—

That the Punjabi University (Amendment) Bill, as amended, be passed.

**Mr. Deputy Speaker** : Question is—

That the Punjabi University (Amendment) Bill, as amended, be passed.

*The motion was carried.*

EXTENSION OF TIME OF THE SITTING

**Mr. Deputy Speaker** : May I extend the time of the sitting of the House by five minutes. Is it the pleasure of the House?

**Voices** : Yes, yes.

**Mr. Deputy Speaker** : The time of the sitting of the House is extended by five minutes.

Original with;
Punjab Vidhan Sabha
Digitized by;
Panjab Digital Library

## THE GURU NANAK DEV UNIVERSITY, AMRITSAR (AMENDMENT) BILL, 1976.

**Education Minister** (Shri Gurmail Singh) : Sir, I beg to introduce the Guru Nanak Dev University Amritsar (Amendment) Bill.

Sir, I also beg to move—

> That the Guru Nanak Dev University Amritsar (Amendment) Bill, be taken into consideration at once.

**Mr. Deputy Speaker** : Motion moved—

> That the Guru Nanak Dev University Amritsar (Amendment) Bill, be taken into consideration at once.

**ਕਾਮਰੇਡ ਸੱਤ ਪਾਲ ਡਾਂਗ**(ਅੰਮ੍ਰਿਤਸਰ ਪੱਛਮ) : ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਬੋਲਣਾ ਹੈ ।

**ਸ਼੍ਰੀ ਡਿਪਟੀ ਸਪੀਕਰ** : ਇਸ ਦੇ ਵਿਚ ਵੀ ਉਹੀ ਗੱਲ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਜਿਹੜੀ ਗੱਲ ਇਸ ਵਿਚ ਨਹੀਂ ਹੈ, ਮੈਂ ਉਹ ਕਹਿਣੀ ਹੈ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਡਿਪਟੀ ਸਪੀਕਰ ਸਾਹਿਬ, ਇਹ ਇਕ ਨੋਟਿਸ ਆਇਆ ਹੈ ਕਿ ਹੈਲਥ ਮਨਿਸਟਰ ਸਾਹਿਬ ਨੇ ਇਕ ਸਟੇਟਮੈਂਟ ਦਿੱਤੀ ਹੈ, ਉਸ ਤੇ ਡਿਸਕਸ਼ਨ ਹੋਵੇਗੀ, ਪਰ ਉਹ ਸਟੇਟਮੈਂਟ ਸਰਕੂਲੇਟ ਨਹੀਂ ਕੀਤੀ ਗਈ, ਉਹ ਵੀ ਸਰਕੂਲੇਟ ਕਰ ਦਿੱਤੀ ਜਾਵੇ ।

**ਮਾਲ ਅਤੇ ਚੋਣ ਮੰਤਰੀ** : ਨੋਟਿਸ ਕਿਸ ਰੂਲ ਥੱਲੇ ਆਇਆ ਹੈ ।

**ਸ਼੍ਰੀ ਪ੍ਰੇਮ ਗੁਪਤਾ** : ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਦੀ ਅਮੈਂਡਮੈਂਟ ਸੇਮ ਚੀਜ਼ ਹੈ ।

**ਕਾਮਰੇਡ ਸਤਪਾਲ ਡਾਂਗ** : ਮੈਂ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਗਿਆਤ ਲਈ ਕਹਾਂਗਾ ਕਿ ਪ੍ਰੇਮ ਗੁਪਤਾ ਜੀ ਮੇਰੇ ਨਾਲ ਬੜੀਆਂ ਗੱਲਾਂ ਵਿਚ ਸਹਿਮਤ ਹੁੰਦੇ ਹਨ, ਪਰ ਡਰਦੇ ਹੀ ਰਹਿੰਦੇ ਹਨ । (ਹਾਸਾ)

**ਸ਼੍ਰੀ ਡਿਪਟੀ ਸਪੀਕਰ** : ਕਿਉਂ ਗੁਪਤਾ ਜੀ ਠੀਕ ਹੈ ? (ਹਾਸਾ)

**ਸ਼੍ਰੀ ਪ੍ਰੇਮ ਗੁਪਤਾ** : ਸਹਿਮਤ ਨਹੀਂ ਤਾਂ ਹੀ ਇਹ ਅਮੈਂਡਮੈਂਟ ਮੂਵ ਕਰ ਰਹੇ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ ਬਾਰੇ ਵੀ ਇਨ ਬਿਨ ਉਹੀ ਹੈ ਜਿਹੜੀ ਕਿ ਪੰਜਾਬੀ ਯੂਨੀਵਰਸਿਟੀ ਬਾਰੇ ਕੀਤਾ ਹੈ । ਇਸ ਕਰਕੇ ਆਪਣੀ ਅਮੈਂਡਮੈਂਟ ਦੇ ਸਿਲਸਿਲੇ ਵਿਚ ਮੈਂ ਆਪਣੀ ਦਲੀਲ ਨੂੰ ਵਧਾਉਣਾ ਨਹੀਂ ਚਾਹੁੰਦਾ ਜਾਂ ਹੋਰ ਕੋਈ ਗਲ ਯੂਨੀਵਰਸਿਟੀ ਬਾਰੇ ਨਹੀਂ ਕਹਿਣਾ ਚਾਹੁੰਦਾ । ਇਥੇ ਵਿਦਿਆ ਮੰਤਰੀ ਨੇ ਆਪਣੀ ਤਕਰੀਰ ਦੇ ਦੌਰਾਨ ਕਿਹਾ ਕਿ ਸਿੰਡੀਕੇਟ ਵਿਚ ਡਾਂਗਾਂ ਅਤੇ ਤਲਵਾਰਾਂ ਚਲਾਉਣ ਵਾਲਿਆਂ ਨੂੰ ਨਹੀਂ ਲਿਆਉਣਾ ਚਾਹੀਦਾ ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਯੂਨੀਵਰਸਿਟੀ ਐਕਟ ਦੇ ਵਿਚ ਸਿੰਡੀਕੇਟ ਦੇ ਕੁਝ ਮੈਂਬਰ ਗੌਰਮਿੰਟ ਨਾਮਜ਼ਦ ਕਰਦੀ ਹੈ ਪਰ ਕੁਝ ਨੂੰ ਸੈਨੇਟ ਚੁਣਦੀ ਹੈ । ਇਸ ਕਰਕੇ ਜਿਹੜੀ ਚੋਣ ਸੈਨੇਟ ਕਰਦੀ ਹੈ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਉਸ ਬਾਰੇ ਅਰਜ਼ ਇਹ ਹੈ ਕਿ ਸੈਨੇਟ ਦੇ ਮੈਂਬਰ ਪੜ੍ਹੇ ਲਿਖੇ ਹਨ ਅਤੇ ਉਹ ਡਾਂਗਾਂ ਜਾਂ ਤਲਵਾਰਾਂ ਚਲਾਉਣ ਵਾਲਿਆਂ ਨੂੰ ਨਹੀਂ ਚੁਣਦੇ ਅਤੇ ਚੰਗੇ ਪੜ੍ਹੇ ਲਿਖੇ ਆਦਮੀਆਂ ਨੂੰ ਹੀ ਚੁਣਦੇ ਹਨ ਅਤੇ ਉਹ ਇਕ ਵਿਦਿਆਰਥੀ ਨੂੰ ਮੈਂਬਰ ਚੁਣਨਗੇ। ਸੋ, ਇਹ ਗੱਲ ਇਨ੍ਹਾਂ ਨੂੰ ਨਹੀਂ ਸੀ ਕਹਿਣੀ ਚਾਹੀਦੀ। ਇਸ ਦੇ ਨਾਲ ਇੰਨ੍ਹਾਂ ਨੇ ਕੁਝ ਡਿਸਕੁਆਲੀਫਿਕੇਸ਼ਨਜ਼ ਰਖੀਆਂ ਹਨ। ਜਿਹੜੀ ਸਿੰਡੀਕੇਟ ਵਾਸਤੇ ਨਾਮਜ਼ਦਗੀ ਹੁੰਦੀ ਹੈ ਉਸ ਵਾਸਤੇ ਇਹ ਡਿਸਕੁਆਲੀਫਿਕੇਸ਼ਨ ਰਖੀ ਹੈ ਕਿ ਜੇ ਕੋਈ ਸਟੂਡੈਂਟ ਇਕ ਸਾਲ ਤੋਂ ਰੋਲ ਤੇ ਨਾ ਹੋਵੇ ਤਾਂ ਉਹ ਨਹੀਂ ਲਿਆ ਜਾ ਸਕਦਾ ਅਤੇ ਇਸ ਦੇ ਨਾਲ ਹੀ ਇਹ ਵੀ ਸ਼ਰਤ ਰੱਖੀ ਗਈ ਹੈ ਕਿ ਕਿਸੇ ਦਾ ਮਿਸਕੰਡਕਟ ਨਾ ਹੋਵੇ। ਇਹ ਜਿਹੜਾ ਮਿਸਕੰਡਕਟ ਦਾ ਲਫਜ਼ ਹੈ, ਇਹ ਨਹੀਂ ਹੋਣਾ ਚਾਹੀਦਾ। ਇਸ ਦਾ ਮਤਲਬ ਤਾਂ ਹੈ ਕਿ ਜੇ ਕੋਈ ਸਟੂਡੈਂਟ ਜ਼ਰਾ ਉੱਚਾ ਵੀ ਬੋਲਦਾ ਹੈ ਤਾਂ ਵਾਈਸ ਚਾਂਸਲਰ ਜਾਂ ਪ੍ਰੋ ਵਾਈਸ-ਚਾਂਸਲਰ ਨਰਾਜ਼ ਹੋ ਜਾਵੇਗਾ ਅਤੇ ਉਹ ਸਟੂਡੈਂਟ ਡਿਸਕੁਆਲੀਫਾਈ ਹੋ ਜਾਵੇਗਾ। ਇਹ ਠੀਕ ਨਹੀਂ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਲਫਜ਼ "ਮਿਸਕੰਡਕਟ" ਦੀ ਜਗ੍ਹਾ "ਗਰਾਸ ਮਿਸਕੰਡਕਟ" ਕਰ ਦੇਵੋ। ਇਸ ਵੇਲੇ ਦੀ ਪ੍ਰੋਵੀਜ਼ਨ ਦੇ ਮੁਤਾਬਿਕ ਤਾਂ ਇਹ ਹੈ ਕਿ ਜੇ ਕਿਸੇ ਨੂੰ 5 ਰੁਪਏ ਜੁਰਮਾਨਾ ਹੋ ਜਾਵੇ ਤਾਂ ਉਹ ਵੀ ਡਿਸਕੁਆਲੀਫਾਈ ਹੋ ਗਿਆ।

**ਸ਼੍ਰੀ ਪ੍ਰੇਮ ਗੁਪਤਾ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਸੇਵਿੰਗ ਦੀ ਪ੍ਰੋਵੀਜ਼ਨ ਦਾ ਸਵਾਲ ਹੈ, ਪ੍ਰੋਵੀਜ਼ਨ ਹਣੀ ਚਾਹੀਦੀ ਹੈ ਤਾਂ ਜੋ ਬਗੈਰ ਗੱਲ ਤੋਂ ਸਟੂਡੈਂਟ ਨੂੰ ਨਾ ਕਢਿਆ ਜਾਵੇ। ਪਰ ਜਿਹੜਾ ਡਾਂਗ ਸਾਹਿਬ ਨੇ ਇਹ ਕਿਹਾ ਹੈ ਕਿ "ਗਰਾਸ ਮਿਸਕੰਡਕਟ" ਦੇ ਲਫਜ਼ ਕਰ ਦਿੱਤੇ ਜਾਣ, ਇਸ ਦਾ ਮਤਲਬ ਇਹ ਹੋਇਆ ਕਿ ਇਹ ਮਿਸਕੰਡਕਟ ਨੂੰ ਐਪਰੀਸ਼ੀਏਟ ਕਰਦੇ ਹਨ, ਇਸ ਚੀਜ਼ ਨੂੰ ਇਹ ਕੁਆਲੀਫਾਈ ਕਰ ਦੇਣ।

**ਵਿਦਿਆ ਮੰਤਰੀ** (ਸ਼੍ਰੀ ਗੁਰਮੇਲ ਸਿੰਘ) : ਕੁਝ ਸ਼ਰਤਾਂ ਰੱਖੀਆਂ ਗਈਆਂ ਹਨ, ਸੈਨੇਟ ਵਿਚ ਨੁਮਾਇੰਦਗੀ ਦੇਣ ਲਈ, ਉਨ੍ਹਾਂ ਉਤੇ ਇਕ ਦੋ ਇਤਰਾਜ਼ ਕੀਤੇ ਗਏ ਹਨ। ਅਸੀਂ ਇਸ ਕਰਕੇ ਕੁਝ ਕੰਡੀਸ਼ਨਜ਼ ਲਗਾਈਆਂ ਹਨ ਕਿ ਪੇਸ਼ਾਵਰ ਸਟੂਡੈਂਟਸ ਜਿਹੜੇ ਹੁੰਦੇ ਹਨ ਉਨ੍ਹਾਂ ਨੂੰ ਵਿਚ ਨਾ ਆਉਣ ਦਿੱਤਾ ਜਾਵੇ। ਇਸ ਕਰਕੇ ਜੇ ਮਿਸ ਕੰਡਕਟ ਦਾ ਲਫਜ਼ ਨਾ ਰਖੀਏ ਤਾਂ ਠੀਕ ਨਹੀਂ। ਅਸੈਂਬਲੀ ਦਾ ਮੈਂਬਰ ਵੀ ਅਗਰ ਮਿਸਕੰਡਕਟ ਕਰਦਾ ਹੈ ਤਾਂ ਉਹ ਵੀ ਮਿਸਕੰਡਕਟ ਹੀ ਹੁੰਦਾ ਹੈ। ਸੋ, ਮੈਂ ਡਾਂਗ ਸਾਹਿਬ ਨੂੰ ਇਹ ਕਹਾਂਗਾ ਕਿ ਇਸ ਚੀਜ਼ ਨੂੰ ਬੜ੍ਹਾਵਾ ਨਹੀਂ ਦੇਣਾ ਚਾਹੀਦਾ। ਮਿਸਕੰਡਕਟ ਨੂੰ ਵੇਖਣਾ ਗੌਰਮਿੰਟ ਦੀ ਜ਼ਿਮੇਵਾਰੀ ਹੈ ਕਿ ਸਟੂਡੈਂਟ ਠੀਕ ਹੈ ਜਾਂ ਮਿਸਕੰਡਕਟ ਕਰਦਾ ਹੈ, ਇਸ ਚੀਜ਼ ਨੂੰ ਨਾਮੀਨੇਟ ਕਰਨ ਵੇਲੇ ਗੌਰਮਿੰਟ ਵੇਖੇਗੀ, ਇਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਜੇ ਅਸੀਂ ਇਹ ਸ਼ਰਤਾਂ ਨਹੀਂ ਲਗਾਉਂਦੇ, ਜਿਹੜੀਆਂ ਲਗਾਈਆਂ ਜਾ ਰਹੀਆਂ ਹਨ, ਤਾਂ ਪੇਸ਼ਾਵਰ ਸਟੂਡੈਂਟਸ ਆ ਜਾਣਗੇ ਅਤੇ ਜਿਹੜੇ 10-10 ਜਾਂ 6-6 ਸਾਲ ਤਕ ਕਹਿੰਦੇ ਹਨ ਕਿ ਅਸੀਂ ਸਟੂਡੈਂਟ ਹਾਂ, ਉਹ ਵਿਚ ਆ ਜਾਣਗੇ। ਇਸ ਕਰਕੇ ਇਹ ਸ਼ਰਤ ਰਖੀ ਹੈ ਕਿ ਇਕ ਸਾਲ ਤੋਂ ਸਟੂਡੈਂਟ ਹੋਵੇ ਤਾਂ ਜੋ ਉਸ ਨੂੰ ਤਜਰਬਾ ਹੋਵੇ ਕਿ ਸਟੂਡੈਂਟਸ ਦੇ ਕੀ ਡਿਫੈਕਟਸ ਹਨ ਅਤੇ ਉਹ ਸਟੂਡੈਂਟ ਹਰ ਚੀਜ਼ ਦਾ ਧਿਆਨ ਰਖੇਗਾ। ਡਾਂਗ ਸਾਹਿਬ ਤਾਂ ਕਿਸੇ ਗਲ ਨੂੰ ਮੰਨਣ ਨੂੰ ਤਿਆਰ ਨਹੀਂ ਹਨ, ਪਰ ਮੈਂ ਇਹ ਕਹਾਂਗਾ ਕਿ ਇਹ ਸਾਰੀ ਚੀਜ਼ ਸੋਚ ਸਮਝ ਕੇ ਲਿਆਂਦੀ ਗਈ ਹੈ।

**Mr. Deputy Speaker** : Question is—

That the Guru Nanak Dev University Amritsar (Amendment) Bill, be taken into consideration at once.

*The Motion was carried.*

Original with;
Punjab Vidhan Sabha
Digitized by;
Panjab Digital Library

**Mr. Deputy Speaker** : Now the House will proceed to consider the Bill clause by clause.

CLAUSE 2

**Mr. Deputy Speaker** : Now Clause 2 is before the House. There are some notices of amendments to this Clause.

**Comrade Satya Pal Dang** (Amritsar, West) : Sir, I beg to move the following amendments—

1. In line 1 of the proposed clause (xiv), *for* "nominated by the State Government" *substitute* "elected in accordance with the prescribed procedure".
2. In line 2 of the proposed clause (xiv), *before* "one" wherever occurs *add* "at least".
3. In line 5 of the proposed clause (xiv), *for* "two on the basis of academic record" *substitute* "two more students will be nominated by the Government on the basis of academic record".
4. In the proposed clause (xiv), *delete* part (e) of the proviso.

**Mr. Deputy Speaker** : Motion moved—

1. In line 1 of the proposed clause (xiv), *for* "nominated by the State Government" *substitute* "elected in accordance with the prescribed procedure".
2. In line 2 of the proposed clause (xiv), *before* "one" wherever occurs *add* "at least".
3. In line 5 of the proposed clause (xiv), *for* "two on the basis of academic record" *substitute* "two more students will be nominated by the Government on the basis of academic record".
4. In the proposed clause (xiv), *delete* part (e) of the proviso.

**Mr. Deputy Speaker** : Question is—

1. In line 1 of the proposed clause (xiv), *for* "nominated by the State Government" *substitute* "elected in accordance with the prescribed procedure".
2. In line 2 of the proposed clause (xiv), *before* "one" wherever occurs *add* "at least".
3. In line 5 of the proposed clause (xiv), *for* "two on the basis of academic record" *substitute* "two more students will be nominated by the Government on the basis of academic record".
4. In the proposed clause (xiv), *delete* part (e) of the proviso.

*The motion was lost.*

**Sardar Harchand Singh**
**Chaudhri Jagat Ram**
**Chaudhri Darshan Singh** } (Moved by Shri Prem Gupta) : Sir, I beg to move—

In the proposed clause (xiv), lines 3-4, *for* "Scheduled Castes or such Backward Classes" *substitute* "Scheduled Castes, one from amongst such Backward Classes".

Original with;
Punjab Vidhan Sabha
Digitized by;
Panjab Digital Library

**Mr. Deputy Speaker** : Motion moved—

In the proposed clause (xiv), lines 3-4, *for* "Scheduled Castes or such Backward Classes" *substitute* "Scheduled Castes, one from amongst such Backward Classes".

**Mr. Deputy Speaker** : Question is—

In the proposed clause (xiv), lines 3-4, *for* "Scheduled Castes or such Backward Clasees" *substitute* "Scheduled Castes, one from amongst such Backward Classes".

*The motion was carried.*

**Mr. Deputy Speaker** : Question is—

That Clause 2, as amended, stand part of the Bill.

*The motion was carried.*

CLAUSE 1

**Mr. Deputy Speaker** : Question is—

That Clause 1 stand part of the Bill.

*The motion was carried.*

TITLE

**Mr. Deputy Speaker** : Question is—

That Title be the Title of the Bill.

*The motion was carried.*

**Education Minister** (Shri Gurmail Singh) : Sir, I beg to move—

That the Guru Nanak Dev University Amritsar (Amendment) Bill, as amended, be passed.

**Mr. Deputy Speaker** : Motion moved—

That the Guru Nanak Dev University Amritsar (Amendment) Bill, as amended, be passed.

**Mr. Deputy Speaker** : Question is—

That the Guru Nanak Dev University Amritsar (Amendment) Bill, as amended, be passed.

*The Motion was carried.*

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਡਿਪਟੀ ਸਪੀਕਰ ਸਾਹਿਬ, ਇਕ ਛੋਟਾ ਜਿਹਾ ਜਿਹੜਾ ਇਹ ਭੂਦਾਨ ਯੋਜਨਾ ਦਾ ਬਿਲ ਹੈ ਇਹ ਵੀ ਪਾਸ ਕਰ ਦਿਤਾ ਜਾਏ....

## EXTENSION OF TIME OF THE SITTING

**Mr. Deputy Speaker** : If the House agrees the time of the sitting of the House may be extended till the Punjab Bhudan Yagna (Amedment) Bill, 1976, is passed. Is it the pleasure of the House ?

Original with;
Punjab Vidhan Sabha
Digitized by;
Panjab Digital Library

**Voices** : Yes, Yes.

**Mr. Deputy Speaker** : The time of the sitting of the House is extended till the Punjab Bhudan Yagna (Amendment) Bill, 1976 is passed.

## THE PUNJAB BHUDAN YAGNA (AMENDMENT) BILL, 1976

**Revenue and Elections Minister** (Sardar Umrao Singh): Sir. I beg to introduce the Punjab Bhudan Yagna (Amendment) Bill.

Sir, I also beg to move—

> That the Punjab Bhudan Yagna (Amendment) Bill be taken into consideration at once.

**Mr. Deputy Speaker** : Motion moved—

> That the Punjab Bhudan Yagna (Amendment) Bill be taken into consideration at once.

**Mr. Deputy Speaker** : Question is—

> That the Punjab Bhudan Yagna (Amendment) Bill be taken into consideration at once.

*The Motion was carried.*

**Mr. Deputy Speaker** : Now the House will proceed to consider the Bill Clause by Clause.

### CLAUSE 2

**Mr. Deputy Speaker** : Question is—

> That clause 2 stand part of the Bill.

*The Motion was carried.*

### CLAUSE 3

**Mr. Deputy Speaker** : Question is—

> That clause 3 stand part of the Bill.

*The Motion was carried.*

### CLAUSE 4

**Mr. Deputy Speaker** : Question is—

> That clause 4 stand part of the Bill.

*The Motion was carried.*

Original with;
Punjab Vidhan Sabha
Digitized by;
Panjab Digital Library

CLAUSE 1

**Mr. Deputy Speaker :** Question is—

That clause 1 stand part of the Bill.

*The Motion was carried.*

TITLE

**Mr. Deputy Speaker :** Question is—

That Title be the Title of the Bill.

*The Motion was carried.*

**Revenue and Elections Minister** (Sardar Umrao Singh) : Sir, I beg to move—

That the Punjab Bhudan Yagna (Amendment) Bill be passed.

**Mr. Deputy Speaker :** Motion moved—

That the Punjab Bhudan Yagna (Amendment) Bill be passed.

**Mr. Deputy Speaker :** Question is—

That the Punjab Bhudan Yagna (Amendment) Bill be passed.

*The Motion was carried.*

**Sardar Sadhu Singh :** Sir, I want to move a resolution.

(*Interruption and Noise in the House*)

**Comrade Satya Pal Dang :** On a point of order, Sir.

**Mr. Deputy Speaker :** What is your point of order ?

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਾਨੂੰ ਤਾਂ ਪਤਾ ਹੀ ਨਹੀਂ ਲੱਗ ਰਿਹਾ ਕਿ ਹੋ ਕੀ ਰਿਹਾ ਹੈ ? (ਵਿਘਨ)

(ਇਸ ਸਮੇਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼, ਮਾਸਟਰ ਚੰਦ ਸਿੰਘ, ਸ੍ਰੀ ਪਿਆਰਾ ਰਾਮ ਧੰਨੋਵਾਲੀ ਪੁਆਇੰਟ ਆਫ਼ ਆਰਡਰ ਤੇ ਖੜ੍ਹੇ ਸਨ ਅਤੇ ਸ੍ਰੀ ਡਿਪਟੀ ਸਪੀਕਰ ਨੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੂੰ ਬੋਲਣ ਦੀ ਆਗਿਆ ਦਿੱਤੀ)

---

## SHORT ADJOURNMENT OF THE HOUSE

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅਸੀਂ ਜਿਹੜੀ ਰਿਪੋਰਟ ਸਵੇਰੇ ਅਡਾਪਟ ਕੀਤੀ ਹੈ ਉਸ ਦੇ ਮੁਤਾਬਕ ਇਹ ਸੀ ਕਿ ਹਾਊਸ 1 ਵਜ ਕੇ 25 ਮਿੰਟ ਤੇ ਉਠ ਪਏਗਾ ਅਤੇ ਉਸ ਦੇ ਬਾਅਦ ਫਿਰ ਮੀਟ ਕਰੇਗਾ। ਮੇਰੀ ਅਰਜ਼ ਇੰਨੀ ਹੈ ਕਿ ਹੁਣ 1.30 ਹੋ ਚੁਕੇ ਹਨ How the House can proceed with its further business ?

(*Interruptions and Noise in the House*)

Original with;
Punjab Vidhan Sabha
Digitized by;
Panjab Digital Library

**Mr. Deputy Speaker** : The House stands adjourned till 2.30 p.m. today.

1.40 p.m. | *The Sabha adjourned at 1.40 p. m. and reassembled at 2.30 p. m.*

---

## MOTION FOR RESCISSION OF THE EARLIER ADOPTED MOTION UNDER RULE 16 AND FOR ADJOURNMENT OF THE HOUSE TILL 17TH FEBRUARY, 1976

**Revenue and Elections Minister** (Sardar Umrao Singh) : Sir, I beg to move—

That this Assembly resolves—

that the motion under rule 16 of the Rules of Procedure and Conduct of Business in the Punjab Vidhan Sabha (Punjab Legislative Assembly) to the effect "that the Assembly at its rising after completing the Business entered in the Order Paper for the 11th February, 1976, shall stand adjourend *sine die*" passed on the 11th February, 1976, be rescinded.

This Assembly further resolves that this Assembly at its rising this day shall adjourn to meet again at 2.00 p. m. on Tuesday, the 17th February, 1976.

ਸਪੀਕਰ ਸਾਹਿਬ, ਕੁਝ ਮੈਂਬਰ ਸਾਹਿਬਾਨ ਨੇ ਜਿਸ ਵੇਲੇ ਹੁਣ ਅਸੀਂ ਲੰਚ ਤੇ ਇਕਠੇ ਹੋਏ ਸੀ ਤਾਂ ਉਸ ਵੇਲੇ ਇਹ ਰਾਏ ਪਰਗਟ ਕੀਤੀ ਸੀ ਕਿ ਅਜੇ ਕੰਮ ਹੋਰ ਵੀ ਰਹਿੰਦਾ ਹੈ ਅਤੇ ਜੇ ਕੁਝ ਕੰਮ ਅੱਗੇ ਲੈ ਜਾ ਸਕੀਏ ਤਾਂ ਚੰਗਾ ਹੈ। ਸਪੀਕਰ ਸਾਹਿਬ, ਕੁਝ ਬੜੇ ਇੰਪਾਰਟੈਂਟ ਬਿਲ ਹਨ ਜਿਹੜੇ ਕਿ ਹਾਲੇ ਪਰਾਇਰ ਐਪਰੂਵਲ ਵਾਸਤੇ ਗਏ ਹੋਏ ਹਨ, 2.4, ਦਿਨਾਂ ਵਿਚ ਉਹ ਵੀ ਆ ਜਾਣਗੇ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਬਿਲਾਂ ਨੂੰ ਇਸੇ ਸੈਸ਼ਨ ਵਿਚ ਲੈ ਆਈਏ। ਅਸੀਂ ਆਪਣੇ ਸੀ.ਪੀ.ਆਈ. ਮੈਂਬਰ ਸਾਹਿਬਾਨ ਨਾਲ ਵੀ ਰਾਏ ਕੀਤੀ ਹੈ, ਇਸ ਲਈ ਜੇ ਹਾਊਸ ਇਸ ਨੂੰ ਐਕਸੈਪਟ ਕਰੇ ਤਾਂ ਬਾਕੀ ਜਿਹੜਾ ਕੰਮ ਰਹਿੰਦਾ ਹੈ ਉਸ ਨੂੰ ਅੱਗੇ ਪਾ ਲਈਏ।

**Mr. Speaker** : Motion moved—

That this Assembly resolves—

that the motion under rule 16 of the Rules of Procedure and Conduct of Business in the Punjab Vidhan Sabha (Punjab Legislative Assembly) to the effect "that the Assembly at its rising after completing the Business entered in the Order Paper for the 11th February, 1976, shall stand adjourned *sine die*" passed on the 11th February, 1976, be rescinded.

This Assembly further resolves that this Assembly at its rising this day shall adjourn to meet again at 2.00 p.m. on Tuesday, the 17th February, 1976.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ (ਐਮ੍ਰਿਤਸਰ ਪੱਛਮ):** ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੀ ਸਪੀਚ ਤੋਂ ਇਹ ਸਮਝ ਪਈ ਹੈ ਕਿ ਅਜ ਦਾ ਜਿਹੜਾ ਸਾਰਾ ਬਿਜਨੈਸ ਹੈ ਉਸ ਨੂੰ ਅੱਗੇ ਪਾ ਦਿੱਤਾ ਜਾਵੇ । ਪਰ ਸਾਡੀ ਜੋ ਗੱਲ ਹੋਈ ਸੀ ਉਹ ਇਹ ਸੀ ਕਿ ਪਗੜੀ ਵਾਲਾ ਰੈਜ਼ੋਲਿਊਸ਼ਨ ਕਰਕੇ ਬਾਕੀ ਦਾ ਸਾਰਾ ਬਿਜਨੈਸ 17 ਤਾਰੀਖ ਤੱਕ ਚਲਾ ਜਾਵੇਗਾ ।

**ਸਰਦਾਰ ਉਮਰਾਓ ਸਿੰਘ (ਮਾਲ ਅਤੇ ਚੋਣ ਮੰਤਰੀ) :** ਠੀਕ ਹੈ ਜੀ, ਪਗੜੀ ਵਾਲਾ ਰੈਜ਼ੋਲਿਊਸ਼ਨ ਕਰ ਲਓ ।

**Mr. Speaker :** Question is—

That this Assembly resolves—

that the motion under rule 16 of the Rules of Procedure and Conduct of Business in the Punjab Vidhan Sabha (Punjab Legislative Assembly) to the effect "that the Assembly at its rising after completing the Business entered in the Order Paper for the 11th February, 1976, shall stand adjourned *sine die*" passed on the 11th February, 1976, be rescinded.

This Assembly further resolves that this Assembly at its rising this day shall adjourn to meet again at 2.00 P.M. on Tuesday, the 17th February, 1976.

*The motion was carried.*

---

## RESOLUTION REGARDING WAIVING OFF OF RESTRICTIONS TO WEAR CRASH HELMETS BY THE SIKHS IN BRITAIN WHILE DRIVING MOTOR CYCLES/ SCOOTERS.

**Sardar Sadhu Singh (Sultanpur) :** Sir, I move—

In view of the strong feelings among the Sikh community against the law requiring the Sikhs to wear crash helmets in Britain while riding motor cycles/scooters, this House recommends to the Punjab Government to approach the Union Government with the request to persuade the British Government to waive off the aforesaid restriction which is against the Sikh faith.

ਸਪੀਕਰ ਸਾਹਿਬ, ਮੈਂ ਬੇਨਤੀ ਕਰਾਂ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਹੈ ਇਹ ਸਾਰੇ ਆਨਰੇਬਲ ਮੈਂਬਰਜ਼ ਨੂੰ ਯੂਨੈਨੀਮਸਲੀ ਪਾਸ ਕਰਨਾ ਚਾਹੀਦਾ ਹੈ ਕਿਉਂਕਿ ਜਿਹੜੇ ਸਾਡੇ ਸਿੱਖ ਬਾਹਿਰ ਗਏ ਹਨ ਉਨ੍ਹਾਂ ਤੇ ਇਹ ਜ਼ੁਲਮ ਹੋ ਰਿਹਾ ਹੈ ।

**Mr. Speaker :** Motion moved—

In view of the strong feelings among the Sikh community against the law requiring the Sikhs to wear crash helmets in Britain while riding motor cycles/scooters, this House recommends to Punjab Government to approach the Union Government with the request to persuade the British Government to waive off the aforesaid restriction which is against the Sikh faith.

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਸਪੀਕਰ ਸਾਹਿਬ, ਇਹ ਮਤਾ ਮੇਰੇ ਦੋਸਤਾਂ ਨੇ ਲਿਆਂਦਾ ਹੈ ਇਹ ਚਾਰੇ ਹੀ ਮੈਂਬਰ, ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਸ੍ਰੀ ਗੁਰਦਿਆਲ ਸੈਣੀ, ਸਰਦਾਰ ਸਾਧੂ ਸਿੰਘ ਅਤੇ ਸਰਦਾਰ ਹਰਭਜਨ ਸਿੰਘ ਇਹ ਫਾਰਨ ਹੋਕੇ ਆਏ ਹਨ । ਇਨ੍ਹਾਂ ਨੇ ਉਥੇ ਵੇਖਿਆ ਹੈ ਕਿ ਉਥੇ ਇਹ ਬੜੀ ਸੀਰੀਅਸ ਮੰਗ ਹੈ । ਇਹ ਜਿਹੜੇ ਫਾਰਨ ਗਏ ਹਨ ਇਨ੍ਹਾਂ ਵਿਚ 2 ਤਾਂ ਟੋਪੀ ਵਾਲੇ ਹੀ ਹਨ ਅਤੇ ਦੋ ਪੱਗਾਂ ਵਾਲੇ ਹਨ ।

**ਸ੍ਰੀ ਸਪੀਕਰ** : ਉਨ੍ਹਾਂ ਨੂੰ ਉਨ੍ਹਾਂ ਨਾਲ ਹਮਦਰਦੀ ਹੈ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਸਾਡੇ ਸੈਂਟੀਮੈਂਟਸ ਹੀ ਐਸੇ ਹਨ ਕਿ ਜਿਸ ਨੂੰ ਵੀ ਦਸਿਆ ਜਾਵੇ ਉਹ ਇਸ ਨੂੰ ਠੀਕ ਨਹੀਂ ਕਹਿੰਦਾ । ਉਥੇ ਕਈ ਡੀਮਾਂਸਟਰੇਸ਼ਨਜ਼ ਅਤੇ ਐਜੀਟੇਸ਼ਨਜ਼ ਹੋ ਰਹੀਆਂ ਹਨ ਅਤੇ ਜੁਰਮਾਨੇ ਵੀ ਕੀਤੇ ਜਾ ਰਹੇ ਹਨ । ਪਰ, ਸਪੀਕਰ ਸਾਹਿਬ ਇਹ ਜੁਰਮਾਨੇ ਅਤੇ ਸਜ਼ਾਵਾਂ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਜਿਹੜੇ ਸੈਂਟੀਮੈਂਟਸ ਹਨ ਇਹ ਬੜੇ ਸਟਰਾਂਗ ਹਨ । ਉਹ ਇਸ ਚੀਜ਼ ਦੀ ਖਾਤਰ ਫਿਰ ਗ੍ਰਿਫਤਾਰੀ ਦੇ ਦਿੰਦੇ ਹਨ, ਫਿਰ ਬਾਹਿਰ ਆ ਜਾਂਦੇ ਹਨ ਅਤੇ ਫਿਰ ਗ੍ਰਿਫਤਾਰ ਹੋ ਜਾਂਦੇ ਹਨ। ਸਪੀਕਰ ਸਾਹਿਬ, ਕੋਈ 6 ਲੱਖ ਦੇ ਕਰੀਬ ਹਿੰਦੁਸਤਾਨੀ ਉਥੇ ਵਸਦੇ ਹਨ । ਇਨ੍ਹਾਂ 6 ਲੱਖ ਵਿਚੋਂ 4 ਲੱਖ ਦੇ ਕਰੀਬ ਪੰਜਾਬੀ ਹਨ । 1914 ਤੋਂ ਲੈਕੇ 1918 ਤਕ ਅਤੇ ਫਿਰ 1947 ਤਕ ਸੈਕਿੰਡ ਵਰਲਡ ਵਾਰ ਵਿਚ ਸਾਡੇ ਸੋਲਜਰਜ਼ ਨੇ ਬੜੀ ਬਹਾਦਰੀ ਦਾ ਸਬੂਤ ਦਿੱਤਾ ਸੀ ਅਤੇ ਉਹ ਦੁਨਿਆਂ ਵਿਚ ਵੰਨ ਆਫ ਦੀ ਬੈਸਟ ਸੋਲਜਰਜ਼ ਮੰਨੇ ਜਾਂਦੇ ਸੀ ਤੇ ਉਨ੍ਹਾਂ ਨੂੰ ਵਿਕਟੋਰੀਆ ਕਰਾਸ ਮਿਲਦੇ ਰਹੇ । ਉਸ ਵੇਲੇ ਇਹ ਪਾਬਦੀ ਨਹੀਂ ਲਾਈ ਸੀ ਪਰ ਅੱਜ ਉਨ੍ਹਾਂ ਦੇ ਸੈਂਟੀਮੈਂਟਸ ਨੂੰ ਖਰਾਬ ਕੀਤਾ ਜਾ ਰਿਹਾ ਹੈ । ਪਿਛੇ ਜਿਹੇ ਤਾਂ ਉਨ੍ਹਾਂ ਨੇ ਇਹ ਕਰ ਦਿੱਤਾ ਸੀ ਕਿ ਕੋਈ ਵੀ ਪਗੜੀ ਵਾਲਾ ਕੰਡਕਟਰ ਨਹੀਂ ਲਿਆ ਜਾਵੇਗਾ। ਬਾਅਦ ਵਿਚ ਤਾਂ ਇਸ ਦਾ ਫੈਸਲਾ ਹੋ ਗਿਆ ਅਤੇ ਉਹ ਲਏ ਜਾਣ ਲਗੇ । ਪਰ ਹੁਣ ਉਹ ਕਹਿੰਦੇ ਹਨ ਕਿ ਮੋਟਰ ਸਾਈਕਲ ਚਲਾਉਣ ਵੇਲੇ ਕਈ ਨੈਗਲੀਜੈਂਸੀ ਹੋ ਸਕਦੀ ਹੈ ਅਤੇ ਐਕਸੀਡੈਂਟ ਹੋ ਸਕਦਾ ਹੈ । ਸਪੀਕਰ ਸਾਹਿਬ, ਬੜੀ ਹੈਰਾਨੀ ਦੀ ਗਲ ਕੇਹੈ ਕਿ ਐਕਸੀਡੈਂਟ ਤਾਂ ਮੋਟਰ ਸਾਈਕਲ ਚਲਾਉਣ ਵਾਲੇ ਦਾ ਹੋਣਾ ਹੈ। ਇਸ ਵਿਚ ਉਸ ਸਰਕਾਰ ਦਾ ਕੋਈ ਤੁਆਲਕ ਨਹੀਂ, ਉਥੋਂ ਦੀ ਸੁਸਾਇਟੀ ਦਾ ਕੋਈ ਤੁਅੱਲਕ ਨਹੀਂ । ਇਸ ਲਈ ਉਨ੍ਹਾਂ ਨੂੰ ਸਿੱਖਾਂ ਦੇ ਸੈਂਟੀਮੈਂਟਸ ਨਹੀਂ ਤੋੜਨੇ ਚਾਹੀਦੇ ।

ਇਸ ਕਰਕੇ ਮੈਂ ਆਪਣੀ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਹਿੰਦ ਦੀ ਸਰਕਾਰ ਨੂੰ ਅਪਰੋਚ ਕਰੇ ਕਿ ਜਿਹੜੇ ਪੰਜਾਬ ਦੇ ਸਿੱਖ ਫਾਰਨ ਵਿਚ ਰਹਿਣ ਵਾਲੇ ਹਨ ਉਨ੍ਹਾਂ ਦੇ ਸੈਂਟੀਮੈਂਟਸ ਖਰਾਬ ਕੀਤੇ ਜਾ ਰਹੇ ਹਨ, ਉਨ੍ਹਾਂ ਤੇ ਇਹ ਜਿਹੜੀ ਪਾਬੰਦੀ ਲਗਾਈ ਹੈ ਇਹ ਹਟਾਈ ਜਾਵੇ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** (ਗੜ੍ਹਸ਼ੰਕਰ) : ਮੈਂ, ਸਪੀਕਰ ਸਾਹਿਬ, ਟੋਪੀ ਵਾਲਾ ਸਿੰਘ ਹੁੰਦੇ ਹੋਏ ਟੋਪ ਵਾਲੇ ਸਿੰਘਾਂ ਦੀ ਮੰਗ ਦੀ ਹਮਾਇਤ ਕਰਦਾ ਹਾਂ । ਮੈਂ ਸਮਝਦਾ ਹਾਂ ਕਿ ਸਾਨੂੰ ਇਹ ਮਤਾ ਸਰਬ-ਸਮਤੀ ਨਾਲ ਪਾਸ ਕਰਨਾ ਚਾਹੀਦਾ ਹੈ । ਇੰਗਲੈਂਡ ਦੇ ਵਿਚ ਪਿੱਛਲੇ ਦਿਨੀ ਜਦੋਂ ਮੈਂ ਵੀ ਗਿਆ ਹੋਇਆਂ ਸੀ ਤਾਂ ਇਸ ਸਮੱਸਿਆ ਉਤੇ ਸਿਰਫ ਪੱਗਾਂ ਵਾਲੇ ਸਿੰਘਾਂ ਦੇ ਮਨਾਂ ਵਿਚ ਹੀ ਨਹੀਂ ਬਲਕਿ ਹੋਰ ਅਨੇਕਾਂ ਬਿਨਾਂ ਪੱਗਾਂ ਪੰਜਾਬੀਆਂ ਦੇ ਮਨਾਂ ਦੇ ਵਿਚ ਵੀ ਬੜਾ ਭਾਰੀ ਰੋਸ ਸੀ । ਇਸ ਗੱਲ ਉਤੇ ਜਲਸੇ ਤੇ ਮੁਜ਼ਾਰੇ ਹੋਏ ਹਨ । ਇਥੋਂ ਤਕ ਕਿ ਇਕ ਸਿੰਘ ਜਿਸ ਦਾ ਨਾਮ ਚਾਹਲ ਸਿੰਘ ਹੈ ਉਸ ਵਰਗੇ ਲੋਕਾਂ ਉਤੇ ਬਾਰ ਬਾਰ ਮੁਕੱਦਮੇ ਬਣਾਏ ਗਏ ਹਨ । ਉਹ ਮੁੜ ਮੁੜ ਜੇਲ੍ਹ ਵਿਚ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ[

| 641. | ਹੁਸ਼ਿਆਰ ਪੁੱਤਰ ਅੱਛਰਾ । |
| 642. | ਤੁਲਸੀ ਰਾਮ ਪੁੱਤਰ ਪੂੰਗੜ । |
| 643. | ਘੋਰੂ ਪੁੱਤਰ ਸੰਗਰੂ ! |
| 644. | ਕੇਹਰ ਸਿੰਘ ਪੁੱਤਰ ਸੰਗਰੂ । |
| 645. | ਮੇਹਰ ਸਿੰਘ ਪੁੱਤਰ ਸੰਗਰੂ । |
| 946. | ਪਿਆਰਾ ਸਿੰਘ ਪੁੱਤਰ ਸੰਗਰੂ । |
| 647. | ਘੇਲਾ ਸਿੰਘ ਪੁੱਤਰ ਰੰਗੜਾ । |
| 648. | ਸ੍ਰੀਮਤੀ ਜੰਤੀ ਬੇਵਾ ਤੁਲਸੀ ਰਾਮ । |
| 649. | ਜੈਸੀ ਰਾਮ ਪੁੱਤਰ ਤੁਲਸੀ ਰਾਮ । |
| 650. | ਗੋਪਾਲਾ ਪੁੱਤਰ ਤੁਲਸੀ |
| 651. | ਅਸੂ ਪੁੱਤਰ ਤੁਲਸੀ । |
| 652. | ਪ੍ਰਸ਼ੋਤਮ ਪੁੱਤਰ ਤੁਲਸੀ । |
| 653. | ਸਮਿੱਤਰਾ ਦੇਵੀ ਪੁੱਤਰੀ ਤੁਲਸੀ । |
| 654. | ਸਾਹਿਬ ਸਿੰਘ ਪੁੱਤਰ ਤੁਲਸੀ । |
| 655. | ਚੂੜੀ ਪੁੱਤਰੀ ਬਿਸ਼ਨਾ । |
| 656. | ਕਮਲਾ ਪੁੱਤਰੀ ਬਿਸ਼ਨਾ । |
| 657. | ਸਾਧੂ ਪੁੱਤਰ ਦਲੀਪਾ । |
| 658. | ਬਿਹਾਰੀ ਪੁੱਤਰ ਫੰਗਾ |
| 659. | ਵੀਰੂ ਪੁੱਤਰ ਫੰਗਾ |
| 660. | ਦੁਗਨ ਪੁੱਤਰ ਫੰਗਾ । |
| 661. | ਬਿਰਖੂ ਪੁੱਤਰ ਫੰਗਾ । |
| 662. | ਮੋਰੀ ਰਾਮ ਪੁੱਤਰ ਸੰਤੂ । |
| 663. | ਰੁਲੀਆ ਰਾਮ ਪੁੱਤਰ ਸੰਤੂ । |
| 664. | ਸੰਤੂ ਪੁੱਤਰ ਸੁੰਦਰ । |

Original with;
Punjab Vidhan Sabha
Digitized by;
Panjab Digital Library

| ਕ੍ਰਮ ਨੰਬਰ | ਆਉਸਟੀਜ਼ ਦਾ ਨਾਮ |
|---|---|
| 1 | 2 |
| 665. | ਪ੍ਰਕਾਸ਼ ਪੁੱਤਰ ਕਾਂਸ਼ੀ । |
| 666. | ਗੋਰੀ ਪੁੱਤਰ ਕਾਂਸ਼ੀ । |
| 667. | ਗੁਜਰ ਮੱਲ ਪੁੱਤਰ ਸੋਹਨ ਲਾਲ । |
| 668. | ਲੇਖੂ ਪੁੱਤਰ ਭਾਨਾ । |
| 669. | ਪਾਲੂ ਪੁੱਤਰ ਭਾਨਾ । |
| 670. | ਰੂਦੇਲੂ ਪੁੱਤਰ ਰਫੀਕਾ । |
| 671. | ਹਰੀਆਂ ਪੁੱਤਰ ਰਫੀਕਾ । |
| 672. | ਪਰੀਤੂ ਪੁੱਤਰ ਰਫੀਕਾ । |
| 673. | ਗੋਪਾਲ ਪੁੱਤਰ ਮੰਗਤੂ । |
| 674. | ਗੁਰਚਰਨ ਪੁੱਤਰ ਦਿਆਲਾ । |
| 675. | ਪੰਨਾ ਪੁੱਤਰ ਦਿਆਲਾ । |
| 676. | ਧਰਮ ਚੰਦ ਪੁੱਤਰ ਚਰੰਜੀ ਲਾਲ । |
| 677. | ਸ਼੍ਰੀਮਤੀ ਠਾਕੁਰੀ ਬੇਵਾ ਖੁਸਿਆਲਾ । |
| 678. | ਭਗਵਾਨ ਦਾਸ ਪੁੱਤਰ ਗੁਰਦਿੱਤਾਂ । |
| 679. | ਅਮਰ ਸਿੰਘ ਪੁੱਤਰ ਦਯਾ ਰਾਮ । |
| 680. | ਬੀਨਾ ਕੁਮਾਰੀ ਪੁੱਤਰੀ ਹਰਭਜਨ ਸਿੰਘ । |
| 681. | ਜਾਨਕੀ ਦੇਵੀ ਬੇਵਾ ਧਰਮ ਸਿੰਘ । |
| 682. | ਸ਼ਮਸ਼ੇਰ ਸਿੰਘ ਪੁੱਤਰ ਰਾਏ ਸਿੰਘ । |
| 683. | ਗੁਰਦੇਵ ਸਿੰਘ ਪੁੱਤਰ ਅਨੂਪ ਸਿੰਘ । |
| 684. | ਬਿੱਧੀ ਪੁੱਤਰ ਉਧਮ ਸਿੰਘ । |
| 685. | ਭਗਤ ਰਾਮ ਪੁੱਤਰ ਰੇਲੂ ਰਾਮ । |
| 686. | ਬ੍ਰਿਜ ਲਾਲ ਪੁੱਤਰ ਰੂੜਾ । |
| 687. | ਕਰਤਾਰਾ ਪੁੱਤਰ ਰੂੜਾਂ । |
| 688. | ਸ਼੍ਰੀਮਤੀ ਅਮਰ ਦੇਵੀ ਬੇਵਾ ਵਾਸਦੇਵ । |
| 689. | ਸ਼੍ਰੀਮਤੀ ਸ਼ੀਲਾ ਦੇਵੀ ਪੁੱਤਰੀ ਵਾਸਦੇਵ । |
| 690. | ਸ਼੍ਰੀਮਤੀ ਸੰਤੋਸ਼ ਕੁਮਾਰੀ ਪੁੱਤਰ ਵਾਸਦੇਵ । |
| 691. | ਮੁੱਲਖ ਰਾਜ ਪੁੱਤਰ ਜੈਸੀ ਰਾਮ । |
| 692. | ਪ੍ਰਤਾਪ ਸਿੰਘ ਪੁੱਤਰ ਦਮੋਦਰ ਸਿੰਘ । |
| 693. | ਅਮਰ ਸਿੰਘ ਪੁੱਤਰ ਗੋਕਲ । |
| 694. | ਰਸੀਲਾ ਪੁੱਤਰ ਗੁਰਦਿੱਤਾ । |
| 695. | ਰੱਖੀ ਬੇਵਾ ਰਾਧੂ । |
| 696. | ਇਸਰ ਪੁੱਤਰ ਦਿਆ ਰਾਮ । |

Original with;
Punjab Vidhan Sabha
Digitized by;
Panjab Digital Library

| ਕ੍ਰਮ ਨਬਰ | ਆਉਸਟੀਜ਼ ਦਾ ਨਾਮ |
|---|---|
| 1 | 2 |
| 697. | ਮੋਹਨੀ ਪੁੱਤਰ ਸੋਰਮੀ । |
| 698. | ਹੁਕਮਾ ਪੁੱਤਰ ਭੋਲਾ ਰਾਮ । |
| 699. | ਬਾਬੂ ਰਾਮ ਪੁੱਤਰ ਭੋਲਾ ਰਾਮ । |
| 700. | ਮਹਾਸ਼ਾ ਪੁੱਤਰ ਸੰਤ । |
| 701. | ਮੰਸਾ ਰਾਮ ਪੁੱਤਰ ਭੋਲਾ ਰਾਮ । |
| 702. | ਹੰਸ ਰਾਜ ਪੁੱਤਰ ਭੋਲਾ ਰਾਮ । |
| 703. | ਸੰਗਨ ਪੁੱਤਰ ਗਿਰਦਿਆਲ । |
| 704. | ਰੁਲੀਆ ਪੁੱਤਰ ਦਾਸੂ । |
| 705. | ਗੀਤਾ ਬੇਵਾ ਭੇਸੂ । |
| 706. | ਮਿਲਖੀ ਪੁੱਤਰ ਰੋਡਾ । |
| 707. | ਪਰਮੂ ਪੁੱਤਰ ਰਬੇਲ । |
| 708. | ਕਰਮੂ ਪੁੱਤਰ ਰਬੇਲ । |
| 709. | ਹੰਸੂ ਪੁੱਤਰ ਰਬੇਲ । |
| 710. | ਖੁਸੀਆ ਪੁੱਤਰ ਸਰਨੂੰ । |
| 711. | ਨੇਸਤੋ ਪੁੱਤਰ ਪੂੰਨੂੰ । |
| 712. | ਰਮੇਸੋ ਦੁਖਤਰ ਪੂੰਨੂੰ । |
| 713. | ਰਸੀਲਾ ਰਾਮ ਪੁੱਤਰ ਗੋਪਾਲੂ । |
| 714. | ਰੋਸਨ ਲਾਲ ਪੁੱਤਰ ਭਗਤ ਰਾਮ । |
| 715. | ਰੋਸਨ ਲਾਲ ਪੁੱਤਰ ਸ਼ਿਵ ਰਾਮ । |
| 716. | ਜਗਨ ਨਾਥ ਪੁੱਤਰ ਸ਼ਿਵ ਰਾਮ । |
| 717. | ਦੁਰਗਾ ਦਾਸ ਪੁੱਤਰ ਸ਼ਿਵ ਰਾਮ । |
| 718. | ਜਗਦੀਸ਼ ਰਾਮ ਪੁੱਤਰ ਸ਼ਿਵ ਰਾਮ । |
| 719 | ਸਾਵਨ ਪੁੱਤਰ ਮੁਤਾਬੂ । |
| 720. | ਦਸੌਂਧੀ ਪੁੱਤਰ ਮੁਤਾਬੂ । |
| 721. | ਬਾਬੂ ਰਾਮ ਪਤਰ ਦਯਾ ਰਾਮ । |
| 722. | ਖੁਸ਼ੀ ਰਾਮ ਪੁੱਤਰ ਹਰਦੂ । |
| 723. | ਸ੍ਰੀਮਤੀ ਮਾਲਾ ਬੇਵਾ ਮੰਧਾ । |
| 724. | ਇਸਰ ਦੇਵੀ ਪੁੱਤਰੀ ਪੂਰਨ । |
| 725. | ਅਮਰ ਨਾਥ ਪੁੱਤਰ ਦੌਲਤ ਗਿਰ । |
| 726. | ਸਿਵਦਯਾਲ ਗਿਰ ਪੁੱਤਰ ਹੀਰਾ ਗਿਰ । |
| 727 | ਦਸੌਂਧੀ ਪੁੱਤਰ ਨੰਦੂ । |
| 728. | ਸੰਤ ਪੁੱਤਰ ਖਜਾਨਾ । |

Original with;
Punjab Vidhan Sabha
Digitized by;
Panjab Digital Library

[ਸਿੰਚਾਈ ਅਤੇ ਬਿਜਲੀ ਦੇ ਰਾਜ ਮੰਤਰੀ]

| ਕ੍ਰਮ ਨੰਬਰ | ਆਉਸਟੀਜ਼ ਦਾ ਨਾਮ |
|---|---|
| 1 | 2 |
| 729. | ਕਰਮ ਚੰਦ ਪੁੱਤਰ ਲੈਹਨੂੰ । |
| 730. | ਗਿਆਨ ਚੰਦ ਪੁੱਤਰ ਲੈਹਨੂੰ । |
| 731 | ਭਗਵਾਨ ਦਾਸ ਪੁੱਤਰ ਮੱਤੀ । |
| 732. | ਲੱਤ ਮਨ ਦਾਸ ਪੁੱਤਰ ਰੁਲਦੂ । |
| 733. | ਰਤਨ ਚੰਦ ਮਤਵੱਨਾ ਮਾਰੂ । |
| 734. | ਸ਼੍ਰੀਮਤੀ ਕੌਸ਼ਿਲਿਆ ਦੁਖਤਰ ਲੈਹਨੂੰ । |
| 735. | ਸੰਸਾਰੂ ਪੁੱਤਰ ਪਰੀਤੂ । |
| 736. | ਭਿਖਮ ਚੰਦ ਪੁੱਤਰ ਮੇਲਾ । |
| 737. | ਸ਼ਾਦੀ ਲਾਲ ਪੁੱਤਰ ਮੇਲਾ । |
| 738. | ਸ਼੍ਰੀਮਤੀ ਸ਼ੀਲਾ ਦੇਵੀ ਪੁੱਤਰੀ ਮੇਲਾ । |
| 739. | ਸ਼੍ਰੀਮਤੀ ਮਾਲਾ ਦੇਵੀ ਦੁਖਤਰ ਮੇਲਾ । |
| 740. | ਸ਼੍ਰੀਮਤੀ ਸਾਤੀ ਦੇਵੀ ਦੁਖਤਰ ਮੇਲਾ । |
| 741. | ਮਾਇਆ ਦੇਵੀ ਦੁਖਤਰ ਮੇਲਾ । |
| 742. | ਰਾਮਾ ਪੁੱਤਰ ਉਧੋ । |
| 743. | ਸ਼੍ਰੀਮਤੀ ਰਚਨਾ ਦੇਵੀ ਪੁੱਤਰੀ ਸਾਧੂ । |
| 744. | ਪਰੀਤਮ ਪੁੱਤਰ ਮਾਧੋ । |
| 745. | ਬਿਹਾਰੀ ਪੁੱਤਰ ਗੰਗੂ । |
| 746. | ਰਸੀਲਾ ਪੁੱਤਰ ਗੰਗੂ । |
| 747. | ਕਾਨੂੰ ਪੁੱਤਰ ਚੰਦੂ । |
| 748. | ਵਕੀਲਾ ਪੁੱਤਰ ਗੰਗੂ । |
| 749. | ਗਿਆਨ ਚੰਦ ਪੁੱਤਰ ਲਾਰਜੂ । |
| 750. | ਮੋਹਨੂੰ ਪੁੱਤਰ ਗੁਰਦਿਤ । |
| 751. | ਦਲੀਪਾ ਪੁੱਤਰ ਨਾਨਕ । |
| 752. | ਰਸੀਲੂ ਪੁੱਤਰ ਭੀਖਾ । |
| 753. | ਮਸਤੂ ਪੁੱਤਰ ਵਜ਼ੀਰਾ । |
| 754. | ਜਮੀਲਾ ਪੁੱਤਰ ਵਜ਼ੀਰਾ । |
| 755. | ਸ਼੍ਰੀਮਤੀ ਮਾਲਾ ਦੇਵੀ ਦੁਖਤਰ ਵਜ਼ੀਰਾ |
| 756. | ਜਨਕ ਦੇਵੀ ਦੁਖਤਰ ਵਜ਼ੀਰਾ । |
| 757. | ਸੀਤਾ ਦੇਵੀ ਦੁਖਤਰ ਵਜ਼ੀਰਾ । |
| 758. | ਅਰਬੀ ਦੇਵੀ ਦੁਖਤਰ ਵਜ਼ੀਰਾ । |
| 759. | ਘੁੰਗਰੀ ਪੁੱਤਰ ਮਾਲਾ । |
| 760. | ਮਾਲਾ ਰਾਮ ਪੁੱਤਰ ਉਧੋ ਰਾਮ । |

Original with;
Punjab Vidhan Sabha
Digitized by;
Panjab Digital Library

| ਕ੍ਰਮ ਨੰਬਰ | ਆਉਸਟੀਜ਼ ਦਾ ਨਾਮ |
|---|---|
| 1 | 2 |
| 761. | ਗਿਆਨ ਚੰਦ ਪੁੱਤਰ ਉਧੋ ਰਾਮ । |
| 762. | ਜਗਨ ਨਾਥ ਪੁੱਤਰ ਉਧੋ ਰਾਮ । |
| 763. | ਖਿਲੌਨਾ ਰਾਮ ਪੁੱਤਰ ਮਖਨ । |
| 764. | ਬੀਰੂ ਪੁੱਤਰ ਮੱਖਨ । |
| 765. | ਮੁਨਸ਼ੀ ਪੁੱਤਰ ਬਿਰਜੂ । |
| 766 | ਰਸੀਲਾ ਪੁੱਤਰ ਬਿਰਜੂ । |
| 767. | ਬਿਹਾਰੀ ਪੁੱਤਰ ਬਿਰਜੂ । |
| 768. | ਰਤੀਆ ਪੁੱਤਰ ਬਿਰਜੂ । |
| 769. | ਖੁਸ਼ੀਆ ਪੁੱਤਰ ਗੁਰਦਾਸ । |
| 770. | ਮਹੰਤੀ ਬੇਵਾ ਫੂਲਾ । |
| 771. | ਕਾਲੂ ਪੁੱਤਰ ਸੋਹਨਾ । |
| 772. | ਤਾਰਾ ਪੁੱਤਰ ਕਿਰਪਾ ਰਾਮ । |
| 773. | ਬਾਬੂ ਪੁੱਤਰ ਕਾਲੂ । |
| 774. | ਸ੍ਰੀਮਤੀ ਮੇਲੋ ਬੇਵਾ ਕਾਲੂ । |
| 775. | ਰਤਨ ਦੇਵੀ ਦੁਖਤਰ ਤਾਰਾ । |
| 776. | ਦਿਸਨ ਕਲਾਂ ਦੇਵੀ ਪੁੱਤਰੀ ਤਾਰਾ । |
| 777. | ਸ਼ਾਂਤੀ ਪੁੱਤਰੀ ਤਾਰਾ । |
| 778. | ਪਾਲੂ ਪੁੱਤਰ ਬਿਬਰ । |
| 779. | ਚਹੀਤੋ ਪੁੱਤਰੀ ਬਿਬਰ । |
| 780. | ਪਿਆਰੋ ਪੋਤਰੀ ਬਿਬਜਰ । |
| 781. | ਪਰਸ਼ੋਤਮ ਪੁੱਤਰ ਮਾਰੂ । |
| 782. | ਜੈਸੀ ਪੁੱਤਰ ਭੀਖਾ । |
| 783. | ਜੁਲਫ਼ੀ ਪੁੱਤਰ ਭੀਖਾ । |
| 784. | ਗੱਜਨ ਪੁੱਤਰ ਭੀਖਾ । |
| 785. | ਕੂੜਾ ਪੁੱਤਰ ਛਾਂਗਾ । |
| 786. | ਚਮਾਰੂ ਪੁੱਤਰ ਦਿਯਾ ਰਾਮ । |
| 787. | ਸ੍ਰੀਮਤੀ ਗੋਰੀ ਦੁਖਤਰ ਹਾਕੂ । |
| 788. | ਸੁਰਮੀ ਪੁੱਤਰ ਬੂਟਾ । |
| 789. | ਸੰਖੂ ਪੁੱਤਰ ਗੁਰਾਂਦਿਤਾ । |
| 790. | ਨਾਦੇਸਾ ਪੁੱਤਰ ਸੂਬਨ । |
| 791. | ਭਗਤ ਰਾਮ ਪੁੱਤਰ ਮੋਹਨੂੰ । |
| 792. | ਬਚਿਤਰ ਪੁੱਤਰ ਬੰਸੀ । |

Original with;
Punjab Vidhan Sabha
Digitized by;
Panjab Digital Library

[ਸਿੰਚਾਈ ਅਤੇ ਬਿਜਲੀ ਦੇ ਰਾਜ ਮੰਤਰੀ]

| ਕ੍ਰਮ ਨੰਬਰ | ਆਉਸਟੀਜ਼ ਦਾ ਨਾਮ |
|---|---|
| 1 | 2 |
| 793. | ਸਵਾਮੀ ਪੁੱਤਰ ਬੰਸੀ । |
| 794. | ਬੂਟਾ ਪੁੱਤਰ ਭਗਤੂ । |
| 795. | ਬਰਮੀ ਦਾਸ ਪੁੱਤਰ ਭਗਤੂ । |
| 796. | ਰਾਮ ਪ੍ਰਕਾਸ਼ ਪੁੱਤਰ ਛੱਜੂ । |
| 797. | ਮੁਸਤਰਕਾ ਮਾਲਕਾਨ । |
| 798. | ਫੰਦੂ ਪੁੱਤਰ ਸੋਹਨੂੰ । |
| 799. | ਨਿਹਾਨੂ ਪੁੱਤਰ ਗੁਰਦਿੱਤਾ । |
| 800 | ਜੁਲਫੀ ਪੁੱਤਰ ਮੀਆਂ । |
| 801. | ਮੁਰਤੂ ਪੁੱਤਰ ਸ਼ੰਕਰ । |
| 802. | ਰੋਸ਼ਨ ਲਾਲ ਪੁੱਤਰ ਜਗਤੂ । |
| 803. | ਮੁੱਖਤੂ ਪੁੱਤਰ ਮੇਲੂ । |
| 804 | ਮੁਲਖ ਰਾਜ ਪੁੱਤਰ ਫਕੀਰ ਚੰਦ । |
| 805. | ਬਰਿੰਦਰ ਕੁਮਾਰ ਪੁੱਤਰ ਮੁਨੀ ਲਾਲ । |
| 806. | ਸ੍ਰੀਮਤੀ ਪਰੀਤੋ ਦੁਖਤਰ ਬੇਲੀ ਰਾਮ । |
| 807. | ਤਰਸੇਮ ਪੁੱਤਰ ਮੁਨੀ ਲਾਲ । |
| 808. | ਸੁਖਦੇਵ ਪੁੱਤਰ ਮੁਨੀ ਲਾਲ । |
| 809. | ਸ਼ੰਕਰ ਪੁੱਤਰ ਭਗਤਾ । |
| 810. | ਰੱਖਾ ਰਾਮ ਪੁੱਤਰ ਗੋਦਾਂ ਰਾਮ । |
| 811. | ਚੱਤਰ ਸਿੰਘ ਪੁੱਤਰ ਪਰਕਾਸ਼ਾ । |
| 812. | ਸ੍ਰੀਮਤੀ ਕਾਨਵੰਤੀ ਦੁਖਤਰ ਬੁਧੂੰ । |
| 813. | ਗੁਰਦੇਵ ਸਿੰਘ ਪੁੱਤਰ ਪਰਕਾਸ਼ਾ । |
| 814. | ਧਰਮ ਪੁੱਤਰ ਸੁਮਨ । |
| 815. | ਸ੍ਰੀਮਤੀ ਸੋਮਾ ਦੇਵੀ ਪੁੱਤਰੀ ਉਧਮ ਸਿੰਘ । |
| 816. | ਨੇਕੂ ਪੁੱਤਰ ਛੰਗਨ । |
| 817. | ਰੱਤਨ ਸਿੰਘ ਪੁੱਤਰ ਅਮੀ ਚੰਦ । |
| 818. | ਸ੍ਰੀਮਤੀ ਨਿਰੰਜਨ ਦੇਵੀ ਬੇਵਾ |
| 819. | ਗਿਆਨ ਦੇਵੀ ਦੁਖਤਰ ਉਧਮ ਸਿੰਘ । |
| 820. | ਹੁਸ਼ਿਆਰ ਪੁੱਤਰ ਉਧਮ ਸਿੰਘ । |
| 821. | ਪ੍ਰੀਤਮ ਸਿੰਘ ਪੁੱਤਰ ਉਧਮ ਸਿੰਘ । |
| 822. | ਈਸ਼ਰ ਸਿੰਘ ਪੁੱਤਰ ਉਧਮ ਸਿੰਘ । |
| 823. | ਸ੍ਰੀਮਤੀ ਧੰਨੀ ਬੇਵਾ ਹਾਕਮ ਸਿੰਘ । |
| 824. | ਤੁਲਾ ਰਾਮ ਪੁੱਤਰ ਰੋਦ ਰਾਮ । |

Original with;
Punjab Vidhan Sabha
Digitized by;
Panjab Digital Library

| ਕ੍ਰਮ ਨੰਬਰ | ਆਉਸਟੀਜ਼ ਦਾ ਨਾਮ |
|---|---|
| 1 | 2 |
| 825. | ਸ਼੍ਰੀਮਤੀ ਜਮੁਨਾਂ ਦੇਵੀ ਪਤਨੀ ਮੁਨਸ਼ੀ ਰਾਮ । |
| 826. | ਸ਼੍ਰੀਮਤੀ ਸਰਸਵਤੀ ਦੇਵੀ ਦੁਖਤਰ ਨੇਕੀ ਦੇਵੀ । |
| 827. | ਬਿਸ਼ਨੀ ਦੇਵੀ ਦੁਖਤਰ ਦਿਸੂ ਰਾਮ । |
| 828. | ਬੰਤਾ ਪੁੱਤਰ ਫਿਨਾ । |
| 829. | ਗਰਚਰਨ ਸਿੰਘ ਪੁੱਤਰ ਬਿਧੂ । |
| 830. | ਰਾਮ ਕ੍ਰਿਸ਼ਨ ਪੁੱਤਰ ਬਿਧੂ । |
| 831. | ਰਸੀਲਾ ਪੁੱਤਰ ਬਿਜੂ । |
| 832. | ਤੀਰਥ ਰਾਮ ਪੁੱਤਰ ਅਮਰ ਨਾਥ । |
| 833. | ਸ਼ੇਰ ਸਿੰਘ ਪੁੱਤਰ ਸੰਤਾ । |
| 834. | ਜਗਦੀਸ਼ ਚੰਦ ਪੁੱਤਰ ਸੰਤਾ । |
| 835. | ਖਸ਼ੀਆ ਪੁੱਤਰ ਗੁਰਦਾਸ । |
| 836. | ਰਮਿਆਰ ਪੁੱਤਰ ਮੀਆਂ ਰਾਮ । |
| 837. | ਤਾਰਾ ਸਿੰਘ ਪੁੱਤਰ ਸੋਤਾ । |
| 838. | ਮਾਧੋ ਪੱਤਰ ਸੁਰਜਨ । |
| 839. | ਸ਼੍ਰੀਮਤੀ ਮਹੰਤੀ ਵਿਧਵਾ ਛੰਗਨ । |
| 840. | ਕਰਮ ਸਿੰਘ ਪੁੱਤਰ ਸੁਰਜਨ । |
| 841. | ਰਘਬੀਰ ਸਿੰਘ ਪੁੱਤਰ ਰਾਮ ਸਿੰਘ । |
| 842. | ਸ਼੍ਰੀਮਤੀ ਭਾਗਵੰਤੀ ਵਿਧਵਾ ਲਾਲ ਸਿੰਘ । |
| 843. | ਸ਼੍ਰੀਮਤੀ ਕਿਰਪੋ ਬੇਵਾ ਪਿਆਰੂ । |
| 844. | ਦੇਵਿੰਦਰ ਸਿੰਘ ਪੁੱਤਰ ਰਾਮ ਸਿੰਘ । |
| 845 | ਮਾਇਆ ਸਿੰਘ ਪੁੱਤਰ ਸੰਤਾ ਸਿੰਘ । |
| 846. | ਲਾਲ ਸਿੰਘ ਪੁੱਤਰ ਸੰਤਾ ਸਿੰਘ । |
| 847. | ਰਾਮ ਸਿੰਘ ਪੁੱਤਰ ਗੋਕਲ । |
| 848. | ਰੌਨਕੀ ਰਾਮ ਪੁੱਤਰ ਭੀਖਾ । |
| 849. | ਤਾਰਾ ਸਿੰਘ ਪੁੱਤਰ ਕਿਰਪਾ । |
| 850. | ਗੱਜੂ ਪੁੱਤਰ ਭੀਖਾ । |
| 851. | ਸੁਰਮੀ ਪੁੱਤਰ ਬੂਟਾ । |
| 852. | ਖਿਲੌਨਾ ਪੁੱਤਰ ਮੱਖਨ । |
| 853. | ਮਸਤੂ ਪੁੱਤਰ ਵਜੀਰਾ । |
| 854. | ਚਰਿਤਰੂ ਪੁੱਤਰ ਪਥਰਾ । |
| 855. | ਬਿਹਾਰੀ ਪੁੱਤਰ ਬਿਰਜੂ । |
| 856. | ਅਮਰ ਸਿੰਘ ਪੁੱਤਰ ਗੋਕਲ । |

Original with;
Punjab Vidhan Sabha
Digitized by;
Panjab Digital Library

| ਕ੍ਰਮ ਨੰਬਰ | ਆਊਸਟੀਜ਼ ਦਾ ਨਾਮ |
|---|---|
| 1 | 2 |
| 857. | ਜੈਸੀ ਪੁੱਤਰ ਭੀਖੂ । |
| 858. | ਪਰਸ਼ੋਤਮ ਪੁੱਤਰ ਮੇਰੂ । |
| 859. | ਗਰਵਰੀ ਪੁੱਤਰ ਪਾਲਾ । |
| 860. | ਹੰਸ ਰਾਜ ਪੁੱਤਰ ਛੰਗਨ । |
| 861. | ਤਾਰਾ ਸਿੰਘ ਪੁੱਤਰ ਕਿਰਪਾ । |
| 862. | ਪੋਲੂ ਪੁੱਤਰ ਸੋਹਨੂੰ । |
| 863. | ਘੋਨੂੰ ਪੁੱਤਰ ਕਿਰਪਾ । |
| 864. | ਬਾਬੂ ਰਾਮ ਪੁੱਤਰ ਗੋਕਲ । |
| 865. | ਅਮਰ ਸਿੰਘ ਪੁੱਤਰ ਗੋਕਲ । |
| 866. | ਸ਼੍ਰੀਮਤੀ ਮੇਲੋ ਬੇਵਾ ਕਾਲੂ ਰਾਮ । |
| 867. | ਸ਼੍ਰੀਮਤੀ ਅਨੰਤੀ ਦੇਵੀ ਪੁੱਤਰੀ ਕਾਲੂ । |
| 868. | ਸ਼੍ਰੀਮਤੀ ਬੇਲਾ ਦੇਵੀ ਦੁਖਤਰ ਕਾਲੂ ਰਾਮ । |
| 869, | ਫੱਤਾ ਪੁੱਤਰ ਗੁਰਦਿਤਾ । |
| 870. | ਗੁਰ ਪ੍ਰਸਾਦ ਪੁੱਤਰ ਗੁਨੀ । |
| 871. | ਮੁਨਸ਼ੀ ਪੁੱਤਰ ਕਾਲੂ ਰਾਮ । |
| 872. | ਫੁੰਗਨ ਪੁੱਤਰ ਚੇਤੂ । |
| 873. | ਸੁਰਮੀ ਪੁੱਤਰ ਬਘੇਲਾ । |

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਪੌਂਗ ਡੈਮ ਦੇ ਪੰਜਾਬੀ ਆਊਸਟੀਜ਼ ਜਿਹੜੇ ਹਨ ਉਹ 874 ਹਨ ਅਤੇ ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਉਨ੍ਹਾਂ ਲੋਕਾਂ ਨੂੰ ਗਰਾਂਟ ਤੇ ਹੋਰ ਸਹੂਲਤਾਂ ਨਹੀਂ ਦਿੱਤੀਆਂ ਗਈਆਂ ਕਿਉਂਕਿ ਰਾਜਿਸਥਾਨ ਸਰਕਾਰ ਨੇ ਜ਼ਮੀਨ ਅਲਾਟ ਨਹੀਂ ਕੀਤੀ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜੀ ਜ਼ਮੀਨ ਰਾਜਿਸਥਾਨ ਸਰਕਾਰ ਵਲੋਂ ਅਲਾਟ ਹੁਣ ਤਕ ਨਹੀਂ ਹੋਈ ਆਇਆ ਇਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ, ਅਗਰ ਇਹ ਗਲ ਠੀਕ ਹੈ ਤਾਂ ਹੁਣ ਤਕ ਇਸ ਜ਼ਿੰਮੇਵਾਰੀ ਨੂੰ ਨਿਭਾਇਆ ਕਿਉਂ ਨਹੀਂ ਗਿਆ ਅਤੇ ਅਗਰ ਇਹ ਜ਼ਿੰਮੇਵਾਰੀ ਰਾਜਿਸਥਾਨ ਸਰਕਾਰ ਦੀ ਹੈ ਤਾਂ ਪੰਜਾਬ ਸਰਕਾਰ ਕੀ ਉਪਰਾਲਾ ਕਰ ਰਹੀ ਹੈ ਕਿ ਰਾਜਿਸਥਾਨ ਦੀ ਸਰਕਾਰ ਤੋਂ ਇਨ੍ਹਾਂ 874 ਪੰਜਾਬੀ ਆਊਸਟੀਜ਼ ਨੂੰ ਜਲਦੀ ਤੋਂ ਜਲਦੀ ਜ਼ਮੀਨ ਦਿਵਾਈ ਜਾਵੇ ?

**ਰਾਜ ਮੰਤਰੀ :** ਸਪੀਕਰ ਸਾਹਿਬ, 1960 ਦੇ ਵਿਚ ਸਾਡਾ ਰਾਜਿਸਥਾਨ ਸਰਕਾਰ ਦੇ ਨਾਲ ਇਕ ਫੈਸਲਾ ਹੋਇਆ ਸੀ ਅਤੇ ਉਸ ਵੇਲੇ ਚੀਫ ਮਨਿਸਟਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਸਨ। ਫੈਸਲਾ ਇਹ ਹੋਇਆ ਸੀ ਕਿ ਰਾਜਿਸਥਾਨ ਸਰਕਾਰ ਪੰਜਾਬ ਦੇ ਆਊਸਟੀਜ਼ ਨੂੰ ਜੋ ਪੌਂਗ ਡੈਮ ਵਿਚੋਂ ਹੋਏ ਹਨ, ਉਨ੍ਹਾਂ ਨੂੰ ਕੈਨਾਲ ਏਰੀਆ ਵਿਚ ਜਮੀਨ ਦੇਵੇਗੀ ਲੇਕਿਨ ਕਿਸੇ ਵਜ੍ਹਾ ਕਰਕੇ

Original with;
Punjab Vidhan Sabha
Digitized by;
Panjab Digital Library

ਇਹ ਗਲ ਸਿਰੇ ਨਹੀਂ ਚੜ੍ਹੀ । ਉਸ ਦੇ ਬਾਅਦ ਖ਼ਤੋ ਕਿਤਾਬਤ ਸੈਂਟਰ ਦੀ ਸਰਕਾਰ ਨਾਲ ਹੁੰਦੀ ਰਹੀ ਕਿ ਜਿਹੜੀਆਂ ਜ਼ਮੀਨਾਂ ਪੰਜਾਬ ਦੇ ਆਉਸਟੀਜ਼ ਨੂੰ ਦੇਣੀਆਂ ਹਨ ਉਸ ਦਾ ਇੰਤਜ਼ਾਮ ਕੀਤਾ ਜਾਵੇ । ਇਸ ਸਬੰਧ ਵਿਚ ਇਕ ਚਿੱਠੀ ਪ੍ਰੈਜ਼ੈਂਟ ਗੌਰਮਿੰਟ ਨੇ ਲਿਖੀ ਹੈ । ਉਸ ਦੇ ਬਾਅਦ ਇਹ ਫੈਸਲਾ ਹੋਇਆ ਹੈ ਕਿ ਇਹ ਜਿਹੜੀ ਜ਼ਮੀਨ ਅਲਾਟ ਹੋਣੀ ਹੈ ਇਹ ਰਾਜਿਸਥਾਨ ਗੌਰਮਿੰਟ ਨੇ ਦੇਣੀ ਹੈ । ਸੈਂਟਰ ਨਾਲ ਇਹ ਗਲ ਬਾਤ ਹੋਈ ਹੈ । ਇਸ ਲਈ ਇਹ ਜਿਹੜੀ ਜ਼ਮੀਨ ਹੈ ਇਹ ਰਾਜਿਸਥਾਨ ਸਰਕਾਰ ਨੇ ਦੇਣੀ ਹੈ । (ਵਿਘਨ)

**ਸ੍ਰੀ ਸਪੀਕਰ** : ਪੌਂਗ ਡੈਮ ਤਾਂ ਹੁਣ ਕੰਪਲੀਟ ਵੀ ਹੋ ਗਿਆ ਹੈ । (ਵਿਘਨ)

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਪੌਂਗ ਡੈਮ ਦੇ ਜੋ ਆਉਸਟੀਜ਼ ਸਨ, ਜੋ ਉਥੋਂ ਉਠਾਏ ਗਏ ਸਨ ਉਸ ਸਮੇਂ ਪੰਜਾਬ ਸਰਕਾਰ ਨੇ ਰਾਜਿਸਥਾਨ ਗੌਰਮਿੰਟ ਦੇ ਨਾਲ ਇਹ ਮੁਆਹਿਦਾ ਕਰਕੇ ਜ਼ਮੀਨ ਰਿਜ਼ਰਵ ਕਰਵਾਈ ਸੀ ਹੁਣ ਕੀ ਰੁਕਾਵਟ ਹੈ ਕਿ ਉਹ ਜ਼ਮੀਨ ਅਲਾਟ ਨਹੀਂ ਕਰ ਰਹੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਉਸ ਫੈਸਲੇ ਦੇ ਬਾਅਦ ਰਾਜਿਸਥਾਨ ਸਰਕਾਰ ਨੇ ਇਕ ਨੋਟੀਫੀਕੇਸ਼ਨ ਕੀਤਾ ਜਿਸ ਰਾਹੀਂ ਉਨ੍ਹਾਂ ਲੋਕਾਂ ਨੂੰ ਜ਼ਮੀਨ ਅਲਾਟ ਨਹੀਂ ਹੋਈ । ਅਸੀਂ ਉਨ੍ਹਾਂ ਨੂੰ ਫਿਰ ਐਪਰੋਚ ਕੀਤਾ ਹੈ ਕਿ ਇਸ ਨੋਟੀਫੀਕੇਸ਼ਨ ਦੇ ਵਿਚ ਅਮੈਂਡਮੈਂਟ ਕਰਕੇ ਉਨ੍ਹਾਂ ਨੂੰ ਜ਼ਮੀਨ ਅਲਾਟ ਕੀਤੀ ਜਾਵੇ ।

**ਸਰਦਾਰ ਸਾਧੂ ਸਿੰਘ** : ਸਪੀਕਰ ਸਾਹਿਬ, ਹਰੀਕੇ ਹੈਡ ਵਰਕਸ ਤੇ ਪੰਜ ਚਾਰ ਪਿੰਡ ਰਾਜਪੂਤਾਂ ਦੇ ਉਜਾੜੇ ਗਏ ਸਨ ਉਨ੍ਹਾਂ ਨੂੰ ਪਰਚੀਆਂ ਵੀ ਦਿੱਤੀਆਂ ਰਈਆਂ ਪਰ ਉਨਾਂ ਨੂੰ ਜ਼ਮੀਨਾਂ ਨਹੀਂ ਦਿੱਤੀਆਂ ਗਈਆਂ । ਕੀ ਗੌਰਮਿੰਟ ਉਨ੍ਹਾਂ ਨੂੰ ਜ਼ਮੀਨ ਦਿਵਾਉਣ ਦਾ ਕੋਈ ਇੰਤਜ਼ਾਮ ਕਰੇਗੀ ?

**ਰਾਜ ਮੰਤਰੀ** : ਇਹ ਅੰਡਰ ਕੰਸਿਡਰੇਸ਼ਨ ਹੈ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਬੜਾ ਸਪੱਸ਼ਟ ਜਵਾਬ ਹੈ ਕਿ 874 ਟੱਬਰਾਂ ਨੂੰ ਰਾਜਿਸਥਾਨ ਸਰਕਾਰ ਨੇ ਜ਼ਮੀਨ ਨਹੀਂ ਦਿੱਤੀ । ਉਹ ਜ਼ਿਮੇਂਵਾਰੀ ਪੰਜਾਬ ਸਰਕਾਰ ਦੀ ਹੈ ਕਿ ਉਹ ਉਨ੍ਹਾਂ ਕੋਲੋਂ ਦਿਵਾਏ । ਇਸ ਵਿਚ ਵੀ ਕੋਈ ਇਨਕਾਰੀ ਨਹੀਂ । ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਵਸਾਉਣਾ ਪੰਜਾਬ ਸਰਕਾਰ ਦੀ ਇਖਲਾਕੀ ਜ਼ਿੰਮੇਵਾਰੀ ਹੈ, ਜਿਹੜੀ ਕਿ ਹਣ ਤਕ ਨਹੀਂ ਨਿਭਾਈ ਗਈ । ਹੁਣ ਪੰਜਾਬ ਸਰਕਾਰ ਉਨ੍ਹਾਂ ਨੂੰ ਵਸਾਉਣ ਲਈ ਕੀ ਉਪਰਾਲੇ ਕਰ ਰਹੀ ਹੈ ਅਤੇ ਕਰੇਗੀ ?

**ਰਾਜ ਮੰਤਰੀ** : ਅਸੀਂ ਆਲਰੈਡੀ ਹਿੰਦੁਸਤਾਨ ਦੀ ਸਰਕਾਰ ਨਾਲ ਕੇਸ ਟੇਕ ਅੱਪ ਕੀਤਾ ਹੋਇਆ ਹੈ । ਸੀ. ਐਮ. ਸਾਹਿਬ ਨਾਲ ਗੱਲ ਬਾਤ ਕਰਾਵਾਂਗੇ ਅਤੇ ਕੇਸ ਦਾ ਜਲਦੀ ਨਿਪਟਾਰਾ ਹੋ ਜਾਵੇਗਾ ।

**आचार्य पृथ्वी सिंह आज़ाद** : क्या वजीर साहिब के नालेज में यह बात है कि जो भूमि उन आउस्टीज़ के लिये राजस्थान सरकार ने सुरक्षित की थी वह

Original with;
Punjab Vidhan Sabha
Digitized by;
Panjab Digital Library

[आचार्य पृथ्वी सिंह आजाद]
बेहतरीन थी और दसरों को अलाट कर दी गई, और जो अब दे रहें हैं वह घटिया किसम की है ?

**ਰਾਜ ਮੰਤਰੀ :** ਇਹ ਮੇਰੀ ਨਾਲਿਜ ਵਿਚ ਨਹੀਂ ਹੈ।

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਸ ਤਰਾਂ ਪੌਂਗ ਡੈਮ ਦੇ ਆਉਸਟੀਜ਼ ਦਾ ਝਗੜਾ ਹੁਣ ਤੱਕ ਨਹੀਂ ਨਿਪਟਿਆ. ਹੁਣ ਥੀਨ ਡੈਮ ਦੇ ਆਉਸਟੀਜ਼ ਦਾ ਕੇਸ ਵੀ ਆਉਣ ਵਾਲਾ ਹੈ ਕੀ ਉਨ੍ਹਾਂ ਲਈ ਇਹ ਕੋਈ ਕਾਰਵਾਈ ਹੁਣ ਤੋਂ ਹੀ ਸ਼ੁਰੂ ਕਰ ਦੇਣਗੇ ਤਾਂ ਕਿ ਉਹ ਖਰਾਬ ਨਾ ਹੋਣ......।

**ਸ੍ਰੀ ਸਪੀਕਰ :** ਇਹ ਸਪਲੀਮੈਂਟਰੀ ਤਾਂ ਇਸ ਵਿਚੋਂ ਅਰਾਈਜ਼ ਹੀ ਨਹੀਂ ਹੁੰਦਾ।

**ਸ੍ਰੀ ਸਰਦਾਰੀ ਲਾਲ ਕਪੂਰ :** ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਹਾਲੇ ਤਕ ਉਨਾਂ ਨੂੰ ਜ਼ਮੀਨ ਨਹੀਂ ਮਿਲ ਸਕੀ, ਕੀ ਇਹ ਦਸਣਗੇ ਕਿ ਕੀ ਉਨਾਂ ਨੂੰ ਵਾਕਫ਼ੀਅਤ ਹੈ ਕਿ ਉਹ ਇਸ ਵੇਲੇ ਕਿਥੇ ਬੈਠੇ ਹਨ ਅਤੇ ਉਨ੍ਹਾਂ ਦੀ ਕੀ ਹਾਲਤ ਹੈ।

**ਰਾਜ ਮੰਤਰੀ :** ਇਹ ਸੁਆਲ ਤਾਂ ਇਸ ਵਿਚੋਂ ਪੈਦਾ ਹੀ ਨਹੀਂ ਹੁੰਦਾ, ਜੀ।

**ਚੌਧਰੀ ਕਾਂਸ਼ੀ ਰਾਮ :** ਸਪੀਕਰ ਸਾਹਿਬ, ਪੌਂਗ ਡੈਮ ਦੇ ਐਗਰੀਮੈਂਟ ਦੇ ਮੁਤਾਬਕ 874 ਪਰਿਵਾਰਾਂ ਨੂੰ ਜ਼ਮੀਨ ਦੇਣੀ ਸੀ। ਹੁਣ ਉਸ ਐਗਰੀਮੈਂਟ ਦੇ ਮੁਤਾਬਕ ਰਾਜਿਸਥਾਨ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ ਹੈ। ਹੁਣ ਸ਼ਕੂਕ ਪੈਦਾ ਹੁੰਦੇ ਹਨ ਕਿਉਂਕਿ ਐਗਰੀਮੈਂਟ ਦਾ ਇਕ ਪਾਰਟ ਤਾਂ ਲਾਗੂ ਹੋ ਚੁੱਕਾ ਹੈ ਅਤੇ ਦੂਸਰੇ ਦੀ ਵਾਇਲੇਸ਼ਨ ਹੋ ਰਹੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕਮਜ਼ੋਰ ਹੋ ਚੁੱਕੀ ਹੈ ਕਿ ਇਕ ਪਾਰਟ ਜਿਹੜਾ ਰਹਿੰਦਾ ਹੈ ਉਹ ਹੁਣ ਤਾਈਂ ਇੰਪਲੀਮੈਂਟ ਨਹੀਂ ਕਰਾ ਸਕੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਸੁਆਲ ਇਸ ਦੇ ਵਿਚੋਂ ਬਣਦਾ ਤਾਂ ਹੈ ਨਹੀਂ।

---

## STARRED QUESTIONS AND ANSWERS

### ਰਾਜ ਵਿਚ ਟਰੇਡ ਯੂਨੀਅਨ ਕਾਮਿਆਂ ਦੀਆਂ ਗ੍ਰਿਫ਼ਤਾਰੀਆਂ

*3595. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :—

(ੳ) ਕੀ 6 ਜਨਵਰੀ, 1976 ਨੂੰ ਰਾਜ ਵਿਚ, ਜਲੰਧਰ, ਨੰਗਲ, ਲੁਧਿਆਣਾ, ਬਟਾਲਾ ਅਤੇ ਹੋਰ ਥਾਵਾਂ ਤੇ ਕੁਝ ਟਰੇਡ ਯੂਨੀਅਨਾਂ ਕਾਮੇ ਗ੍ਰਿਫ਼ਤਾਰ ਕੀਤੇ ਗਏ ਸਨ ਜਦੋਂ ਕਿ ਉਹ ਬੋਨਸ ਆਰਡੀਨੈਂਸ ਵਿਰੁੱਧ ਸ਼ਾਂਤਮਈ ਧਰਨਾ ਮਾਰ

Original with;
Punjab Vidhan Sabha
Digitized by;
Panjab Digital Library

ਰਹੇ ਸਨ, ਜੇਕਰ ਅਜਿਹਾ ਹੋਵੇ, ਤਾਂ ਉਕਤ ਕਾਮਿਆਂ ਨੂੰ ਕਿਨ੍ਹਾਂ ਦੋਸ਼ਾਂ ਅਧੀਨ ਗ੍ਰਿਫਤਾਰ ਕੀਤਾ ਗਿਆ ਸੀ;

(ਅ) ਕੀ ਉਕਤ ਕਾਮਿਆਂ ਨੂੰ ਛੱਡ ਦਿਤਾ ਗਿਆ ਹੈ ?

**ਸਰਦਾਰ ਗੁਰਰਤਨ ਸਿੰਘ ਨਿਹਾਲਸਿੰਘਵਾਲਾ** (ਮੁੱਖ ਸੰਸਦੀ ਸੱਕਤਰ) :

(ੳ) ਹਾਂ ਜੀ, ਜਲੰਧਰ —1, ਧਾਰਾ 43 ਡੀ. ਆਈ. ਆਰ. ਅਧੀਨ ।

ਨੰਗਲ—1, ਧਾਰਾ 107/151 ਜ਼ਾਬਤਾ ਫੌਜਦਾਰੀ ਅਧੀਨ ।

ਤਲਵਾੜਾ—3, ਧਾਰਾ 43 ਡੀ. ਆਈ. ਆਰ. ਅਧੀਨ ।

ਮੋਗਾ—3, ਧਾਰਾ 107/151, ਜ਼ਾਬਤਾ ਫੌਜਦਾਰੀ ਅਧੀਨ ।

(ਅ) ਹਾਂ ਜੀ ।

**ਕਾਮਰਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਸੁਆਲ ਇਹ ਹੈ ਕਿ ਇਹ ਜਿਹੜੀ ਐਮਰਜੈਂਸੀ ਲਗਾਈ ਗਈ ਹੈ ਇਹ ਰੀਐਕਸ਼ਨਰੀ ਤਾਕਤਾਂ ਨੂੰ ਅਤੇ ਐਂਟੀ-ਸੋਸ਼ਲ ਐਲੀਮੈਂਟ ਨੂੰ ਦਬਾਉਣ ਲਈ ਲਾਗੂ ਕੀਤੀ ਗਈ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਵਰਕਰਜ਼ ਕਾਨੂੰਨ ਵਿਚ ਰਹਿੰਦੇ ਹੋਏ ਆਪਣੇ ਜਾਇਜ਼ ਹੱਕਾਂ ਲਈ ਧਰਨਾ ਮਾਰਨ, ਤਾਂ ਇਹ ਕਿਸ ਤਰ੍ਹਾਂ ਗੈਰ ਕਾਨੂੰਨੀ ਹੈ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਐਮਰਜੈਂਸੀ ਹੋਵੇ ਜਾਂ ਨਾ ਹੋਵੇ, ਜੇਕਰ ਕਾਨੂੰਨ ਦੀ ਖਿਲਾਫ ਵਰਜ਼ੀ ਕੋਈ ਵਿਅੱਕਤੀ ਕਰਦਾ ਹੈ ਤਾਂ ਸਰਕਾਰ ਨੂੰ ਐਕਸ਼ਨ ਲੈਣਾ ਹੀ ਪੈਂਦਾ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਕੀ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਨਕੁਆਇਰੀ ਕਰਾਉਣ ਲਈ ਤਿਆਰ ਹਨ ਕਿ ਜਿਨ੍ਹਾਂ ਚਾਰ ਥਾਵਾਂ ਤੇ ਗ੍ਰਿਫ਼ਤਾਰੀਆਂ ਹੋਈਆਂ ਹਨ ਅਤੇ ਜਿਨ੍ਹਾਂ ਲੋਕਾਂ ਨੇ ਭੁੱਖ ਹੜਤਾਲ ਸਰਕਾਰੀ ਦਫਤਰਾਂ ਅਗੇ ਕੀਤੀ ਉਨ੍ਹਾਂ ਵਲੋਂ ਨਾ ਤੇ ਟਰੈਫਿਕ ਵਿਚ ਕੋਈ ਰੁਕਾਵਟ ਹੋਈ ਅਤੇ ਨਾ ਕੋਈ ਨਾਹਰਾ ਹੀ ਲਾਇਆ ਜਿਹੜਾ ਕਿ ਕਾਨੂੰਨ ਦੇ ਖਿਲਾਫ਼ ਹੁੰਦਾ ਹੋਵੇ, ਕੁਝ ਅਫਸਰਾਂ ਨੇ ਆਪਣੀ ਤਾਕਤ ਦੀ ਦੁਰਵਰਤੋਂ ਕਰਕੇ ਗ੍ਰਿਫਤਾਰੀਆਂ ਕੀਤੀਆਂ ਜਿਸ ਦਾ ਮਜ਼ਦੂਰਾਂ ਅਤੇ ਜਨਤਾ ਤੇ ਮਾੜਾ ਅਸਰ ਪਿਆ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਕੋਈ ਇਨਫਰਮੇਸ਼ਨ ਮੰਗੀ ਨਹੀਂ ਬਲਕਿ ਦਿਤੀ ਹੈ ਅਤੇ ਜਿਹੜੀ ਇਨਫਰਮੇਸ਼ਨ ਦਿਤੀ ਹੈ ਇਹ ਗਲਤ ਹੈ ।

---

## ਬੀ. ਐਮ. ਬੀ. ਅਮਲੇ ਵਿੱਚ ਆਨੰਦ ਮਾਰਗੀਆਂ ਦਾ ਕਥਿਤ ਸੈਲ

*3596. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

ੳ) ਕੀ ਉਨ੍ਹਾਂ ਨੂੰ ਭਾਖੜਾ ਮੈਨੇਜਮੈਂਟ ਬੋਰਡ ਅਮਲੇ ਵਿੱਚ ਆਨੰਦ ਮਾਰਗੀਆਂ ਦੇ ਕਥਿਤ ਸੈਲ ਸਬੰਧੀ ਸਾਲ 1975 ਵਿੱਚ ਸਕੱਤਰ, ਭਾਰਤੀ ਕਮਿਊਨਿਸਟ ਪਾਰਟੀ ਨੰਗਲ ਤੋਂ ਕੋਈ ਯਾਦ ਪੱਤਰ ਮਿਲਿਆ;

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ]

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਕੀ ਉਸ ਵਿੱਚ ਲਗਾਏ ਗਏ ਦੋਸ਼ਾਂ ਦੀ ਕੋਈ ਪੜਤਾਲ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਪੜਤਾਲੀਆ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

**ਸਰਦਾਰ ਗੁਰਚਰਨ ਸਿਘ ਨਿਹਾਲਸਿੰਘਵਾਲਾ** (ਮੁੱਖ ਸੰਸਦੀ ਸਕੱਤਰ) : (ੳ) ਹਾ ਜੀ ।

(ਅ) ਜੀ ਹਾਂ ਲੋੜੀਂਦੀ ਕਾਰਵਾਈ ਕੀਤੀ ਗਈ ਸੀ । ਪੜਤਾਲੀਆ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰਖਣਾ ਲੋਕ ਹਿਤ ਵਿੱਚ ਨਹੀਂ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਅਸਲ ਸੁਆਲ ਇਹ ਸੀ ਕਿ ਜਿਹੜਾ ਭਾਖੜਾ ਬੋਰਡ ਹੈ ਉਸ ਦੇ ਵਿਚ ਆਨੰਦ ਮਾਰਗੀ ਅਤੇ ਆਰ ਐਸ. ਐਸ. ਦੇ ਸੈਲ ਫੰਕਸ਼ਨ ਕਰ ਰਹੇ ਹਨ ਜਿਹੜੇ ਮੈਮੋਰੰਡਮ ਦਾ ਜ਼ਿਕਰ ਕੀਤਾ ਗਿਆ ਹੈ ਉਹ ਗਿਆਨੀ ਜੀ ਨੂੰ ਦਿਤਾ ਗਿਆ ਅਤੇ ਸਰਕਾਰ ਨੂੰ ਵੀ ਦਿੱਤਾ ਗਿਆ । ਉਥੇ ਦਾ ਜਿਹੜਾ ਸੁਪਰਡੰਟ ਇੰਜੀਨੀਅਰ ਹੈ ਅਤੇ ਹੋਰ ਅਫ਼ਸਰ ਹਨ ਉਹ ਉਥੇ ਸ਼ਾਖਾ ਲਵਾਉਂਦੇ ਹਨ । ਪੰਜਾਬ ਸਰਕਾਰ ਨੇ ਐਸੇ ਅਫ਼ਸਰਾਂ ਨੂੰ ਜਿਹੜੇ ਕਿ ਸਿਆਸਤ ਵਿਚ ਹਿੱਸਾ ਲੈਂਦੇ ਹਨ ਕੱਢਣ ਲਈ ਕੀ ਕਾਰਵਾਈ ਕੀਤੀ ਹੈ ?

**ਮੁੱਖ ਸੰਸਦੀ ਸਕੱਤਰ** : ਮੈਂ ਕਿਹਾ ਹੈ ਕਿ ਜਿਥੇ ਸਰਕਾਰ ਨੇ ਐਸੀ ਚੀਜ਼ ਮਹਿਸੂਸ ਕੀਤੀ, ਕਾਰਵਾਈ ਕੀਤੀ ਗਈ । ਲੇਕਿਨ ਜਿਹੜੀ ਲਿਸਟ ਹੈ ਉਹ ਹਾਊਸ ਦੀ ਟੇਬਲ ਤੇ ਰਖਣੀ ਨਾ ਪਬਲਿਕ ਹਿੱਤ ਵਿਚ ਹੈ ਅਤੇ ਨਾ ਸਰਕਾਰ ਦੇ ਹਿਤ ਵਿਚ ਹੈ ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਮੈਂ ਇਸ ਗੱਲ ਵਿਚ ਨਹੀਂ ਪੈਂਦਾ ਕਿ ਲਿਸਟ ਰਖੀ ਜਾਏ ਜਾਂ ਨਾ ਰਖੀ ਜਾਏ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਅਫ਼ਸਰ ਆਰ. ਐਸ. ਐਸ. ਅਤੇ ਆਨੰਦ ਮਾਰਗੀ ਬਣੇ ਹੋਏ ਹਨ ਉਨ੍ਹਾਂ ਦੀ ਸਕਰੀਨਿੰਗ ਕਰਕੇ ਉਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਸਰਕਾਰ ਨੇ ਕੀ ਕਦਮ ਚੁੱਕੇ ਹਨ ?

**ਮੁੱਖ ਸੰਸਦੀ ਸਕੱਤਰ** : ਸਿਰਫ਼ ਲਿਸਟ ਨਹੀਂ ਰਖ ਸਕਦੇ ਸਦਨ ਦੀ ਮੇਜ਼ ਤੇ ਬਾਕੀ ਸਰਕਾਰ ਨੇ ਕੋਈ ਕਸਰ ਨਹੀਂ ਛੱਡੀ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ ,ਇਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਹਿਤ ਵਿਚ ਨਹੀਂ, ਪਬਲਿਕ ਹਿਤ ਵਿਚ ਨਹੀਂ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਇਹ ਲਿਸਟ ਨਹੀਂ ਰਖਣਾ ਚਾਹੁੰਦੇ ਤਾਂ ਨਾ ਰਖਣ, ਪਰ ਸਾਰੀ ਭਾਖੜਾ ਨੰਗਲ ਦੀ ਆਬਾਦੀ ਵਿਚ ਇਹ ਚਰਚਾ ਹੋਵੇ ਕਿ ਜਿਸ ਗਲ ਕਰਕੇ ਐਮਰਜੈਂਸੀ ਲਗਾਈ ਗਈ ਅਗਰ ਕੋਈ ਚੀਜ਼ ਉਸ ਦੇ ਉਲਟ ਹੋਵੇ ਅਤੇ ਜੇ ਕਰ ਉਨ੍ਹਾਂ ਦੀ ਮਦਦ ਕਰਨ ਵਾਲੇ ਮਨੇਜਮੈਂਟ ਵਿਚ ਬੈਠੇ ਹੋਣ ਅਤੇ ਇਕ ਜ਼ਿੰਮੇਦਾਰ ਪਾਰਟੀ ਨੇ ਲਿਖ ਕੇ ਵੀ ਦਿਤਾ ਹੋਵੇ ਕਿ ਫਲਾਂ ਫਲਾਂ ਆਨੰਦ ਮਾਰਗੀ ਨਾਲ ਤੁਅੱਲਕ ਰਖਦੇ ਹਨ ਇਸ ਚੀਜ਼ ਦੇ ਮੱਦੇ ਨਜ਼ਰ ਇਨ੍ਹਾਂ ਨੇ ਉਨ੍ਹਾਂ ਕੇਸਾਂ ਵਿਚ ਇਨਕੁਆਇਰੀ ਕਰਾਕੇ ਭਾਖੜਾ ਨੰਗਲ ਅਤੇ ਹੋਰ ਪੋਸਟਾਂ ਵਿਚ ਕਿੰਨੇ ਅਫ਼ਸਰ ਲੱਭੇ ਹਨ ਜਿਨ੍ਹਾਂ ਨੂੰ ਨੌਕਰੀਆਂ ਤੋਂ ਹਟਾ ਦਿੱਤਾ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਮੈਂ ਪਹਿਲੋਂ ਹੀ ਅਰਜ਼ ਕੀਤੀ ਹੈ ਕਿ ਸਾਰੇ ਹਿੰਦੁਸਤਾਨ ਵਿਚ ਜਿਥੇ ਜਿਥੇ ਇਸ ਕਿਸਮ ਦਾ ਐਲੀਮੈਂਟ ਸੀ ਅਤੇ ਸਰਕਾਰ ਦੇ ਨੋਟਿਸ ਵਿਚ ਆਇਆ ਅਤੇ ਪੰਜਾਬ ਸਰਕਾਰ ਨੇ ਮਹਿਸੂਸ ਕੀਤਾ ਕਿ ਐਸਾ ਐਲੀਮੈਂਟ ਇਥੇ ਬੈਠਾ ਹੈ ਉਸ ਦੇ ਖਿਲਾਫ਼ ਐਕਸ਼ਨ ਲਿਆ, ਜੇਲ੍ਹਾਂ ਵਿਚ ਵੀ ਸੁੱਟਿਆ ਅਤੇ ਜਿਹੜੇ ਸਰਵਿਸਿਜ਼ ਵਿਚ ਸਨ ਉਨ੍ਹਾਂ ਦੇ ਖ਼ਿਲਾਫ ਜਿਹੜਾ ਐਕਸ਼ਨ ਲੈ ਸਕਦੇ ਸੀ ਉਹ ਲਿਆ ਗਿਆ ।

**आचार्य पृथ्वी सिंह आज़ाद :** स्पीकर साहिब, यह हकीकत है कि आर. ऐस. ऐस., आनंद मार्ग और अनलाफुल आर्गेनाईज़ेशनज़ में कुछ अफसर इन्वाल्वड थे । क्या चीफ पार्लीमैन्ट्री सैक्रेटरी यह बताने की कृपा करेंगे कि इन में से कितने अफसरों की नौकरी से छुट्टी कर दी और कितने जेल में हैं ?

**ਮੁੱਖ ਸੰਸਦੀ ਸਕੱਤਰ :** ਫਰੈਸ਼ ਨੋਟਿਸ ਦੇ ਦੇਣ ਜੀ ।

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੋਵੇਗਾ ਕਿ ਬਹੁਤ ਸਾਰੇ ਸਕੂਲ ਐਸੇ ਹਨ ਜਿਹੜੇ ਆਰ. ਐਸ. ਐਸ. ਨੇ ਚਲਾਏ ਹਨ । ਇਹ ਸਕੂਲ ਫੰਡਜ਼ ਇਕੱਠੇ ਕਰਦੇ ਹਨ ਅਤੇ ਉਨ੍ਹਾਂ ਸਕੂਲਾਂ ਵਿੱਚ ਬੱਚਿਆਂ ਵਿੱਚ ਇਸ ਕਿਸਮ ਦਾ ਪ੍ਰਚਾਰ ਕਰਦੇ ਹਨ । ਕੀ ਸਰਕਾਰ ਐਸੇ ਸਕੂਲਾਂ ਨੂੰ ਬੰਦ ਕਰਾਉਣ ਦਾ ਇੰਤਜ਼ਾਮ ਕਰੇਗੀ ਤਾਂ ਕਿ ਐਸਾ ਪ੍ਰਚਾਰ ਬੱਚਿਆਂ ਵਿੱਚ ਨਾ ਕੀਤਾ ਜਾ ਸਕੇ ?

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਇਹ ਇਸ ਸਵਾਲ ਵਿੱਚੋਂ ਤਾਂ ਪੈਦਾ ਹੀ ਨਹੀਂ ਹੁੰਦਾ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਆਨੰਦ ਮਾਰਗੀਏ ਅਤੇ ਆਰ. ਐਸ. ਐਸ. ਦੇ ਜਿਹੜੇ ਅਫ਼ਸਰ ਭਾਖੜਾ ਮੈਨੇਜਮੈਂਟ ਬੋਰਡ ਵਿੱਚ ਸਨ ਅਤੇ ਜਿਨ੍ਹਾਂ ਦੇ ਖਿਲਾਫ ਇਨ੍ਹਾਂ ਨੇ ਕਾਰਵਾਈ ਕੀਤੀ ਹੈ ਉਹ ਤਾਂ ਇਹ ਇਸ ਕਰਕੇ ਦਸ ਨਹੀਂ ਰਹੇ ਕਿ ਇਹ ਲੋਕ ਹਿੱਤ ਵਿੱਚ ਨਹੀਂ ਹੋਵੇਗੀ । ਸਪੀਕਰ ਸਾਹਿਬ, ਭਾਖੜਾ ਪਾਵਰ ਬੋਰਡ ਇੰਪਲਾਈਜ਼ ਦੇ ਯੂਨੀਅਨ ਦੇ ਲੀਡਰ ਦਲਜੀਤ ਸਿੰਘ ਨੇ ਕੁਝ ਅਫਸਰਾਂ ਦੇ ਖਿਲਾਫ ਸ਼ਿਕਾਇਤ ਕੀਤੀ ਤਾਂ ਉਥੋਂ ਦੇ ਆਨੰਦ ਮਾਰਗੀਏ ਅਫਸਰਾਂ ਨੇ ਉਸਨੂੰ ਨੌਕਰੀ ਤੋਂ ਕਢਵਾ ਦਿੱਤਾ ਸੀ । ਉਨ੍ਹਾਂ ਅਫਸਰਾਂ ਦੇ ਖਿਲਾਫ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ ?

**ਮੁੱਖ ਸੰਸਦੀ ਸਕੱਤਰ :** ਜਿਹੜਾ ਵੀ ਕੋਈ ਸ਼ਿਕਾਇਤ ਕਰਦਾ ਹੈ ਉਸਦੀ ਪੜਤਾਲ ਸਰਕਾਰ ਕਰਦੀ ਹੈ । ਕਈ ਸ਼ਿਕਾਇਤਾਂ ਠੀਕ ਨਹੀਂ ਹੁੰਦੀਆਂ । ਕਈ ਗੁੱਸੇ ਦੀ ਭਾਵਨਾ ਨਾਲ ਕੀਤੀਆਂ ਜਾਂਦੀਆਂ ਹਨ । ਸਰਕਾਰ ਜਿਥੇ ਮਹਿਸੂਸ ਕਰਦੀ ਹੈ ਕਿ ਇਹ ਸ਼ਿਕਾਇਤ ਵਾਕਈ ਅਫਸਰ ਦੇ ਖਿਲਾਫ ਜਾਂਦੀ ਹੈ ਤਾਂ ਉਸਦੇ ਖਿਲਾਫ ਐਕਸ਼ਨ ਲੈਣ ਤੋਂ ਕਦੇ ਸਰਕਾਰ ਨੇ ਗੁਰੇਜ਼ ਨਹੀਂ ਕੀਤਾ ।

**ਸ਼੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਆਨੰਦ ਮਾਰਗੀਆਂ ਤੇ ਆਰ. ਐਸ. ਐਸ. ਦੇ ਵਰਕਰਾਂ ਦੀ ਸਕਰੀਨਿੰਗ ਕਰਨ ਵਾਸਤੇ ਤੇ ਇਨ੍ਹਾਂ ਦੀਆਂ ਐਕਟਿਵਿਟੀਜ਼ ਬੰਦ ਕਰਨ ਵਾਸਤੇ ਕਾਫੀ ਕਦਮ ਸਰਕਾਰ ਨੇ ਚੁੱਕੇ ਹਨ । ਕੀ ਸੀ. ਪੀ. ਐਸ. ਸਾਹਿਬ ਇਸ ਗੱਲ ਦਾ ਵਿਸ਼ਵਾਸ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਦਿਵਾਉਣਗੇ ਇਸ ਹਾਊਸ ਨੂੰ ਕਿ ਜਿਨ੍ਹਾਂ ਅਫ਼ਸਰਾਂ ਦੇ ਖਿਲਾਫ਼ ਲੋਕਾਂ ਨੂੰ ਸ਼ਿਕਾਇਤ ਹੈ ਤੇ ਜਿਨ੍ਹਾਂ ਦਾ ਤੁਅੱਲਕ ਆਰ. ਐਸ. ਐਸ., ਆਨੰਦ ਮਾਰਗੀਆਂ ਜਾਂ ਬੈਨਡ ਆਰਗੇਨਾਈਜ਼ੇਸ਼ਨਜ਼ ਨਾਲ ਰਿਹਾ ਹੈ, ਕੀ ਉਨ੍ਹਾਂ ਨੂੰ ਸਰਵਿਸ ਵਿਚੋਂ ਕੱਢ ਦਿੱਤਾ ਹੈ ? ਬਾਕੀ ਜਿਹੜੀਆਂ ਪ੍ਰਾਈਵੇਟ ਇੰਸਟੀਚਿਊਸ਼ਨਜ਼ ਚਲਦੀਆਂ ਸਨ ਅਤੇ ਸਰਕਾਰ ਤੋਂ ਏਡ ਲੈਂਦੀਆਂ ਹਨ ਅਤੇ ਆਰ. ਐਸ. ਐਸ. ਜਾਂ ਆਨੰਦ ਮਾਰਗੀਆਂ ਦਾ ਪ੍ਰਚਾਰ ਕਰਦੀਆਂ ਹਨ, ਕੀ ਸਰਕਾਰ ਉਨ੍ਹਾਂ ਇੰਸਟੀਚਿਊਸ਼ਨਜ਼ ਦੀ ਗਰਾਂਟ ਬੰਦ ਕਰੇਗੀ ?

**ਮੁੱਖ ਮੰਤਰੀ** : ਇਹ ਦਸਣਾ ਕਿ ਉਨ੍ਹਾਂ ਨੂੰ ਪਕੜਾਂਗੇ, ਕੱਢੋਂਗੇ ਜਾਂ ਨਹੀਂ ਕੱਢੋਂਗੇ ਅਤੇ ਮੈਂਬਰਾਂ ਦਾ ਇਸ ਸਬੰਧ ਵਿਚ ਸਵਾਲ ਪੁੱਛਣਾ ਉਨ੍ਹਾਂ ਦਾ ਹੱਕ ਜ਼ਰੂਰ ਬਣਦਾ ਹੈ ਲੇਕਿਨ ਸਰਕਾਰ ਇਸ ਸਬੰਧ ਵਿੱਚ ਇਸ ਵਾਸਤੇ ਇਨ੍ਹਾਂ ਦਾ ਨੰਬਰ ਨਹੀਂ ਦਸਦੀ ਕਿਉਂਕਿ ਇੱਕ ਤਾਂ ਇਨ੍ਹਾਂ ਦਾ ਨੰਬਰ ਹੈ ਹੀ ਥੋੜ੍ਹਾ, ਦੂਜਾ ਇਸ ਵਾਸਤੇ ਨਹੀਂ ਦਸਦੇ ਕਿ ਜੇ ਇਥੇ ਉਨ੍ਹਾਂ ਦੇ ਨਾਂ ਦਸ ਦੇਈਏ ਤਾਂ ਇਥੇ ਕਈ ਐਸੇ ਹਨ ਜਿਹੜੇ ਉਨ੍ਹਾਂ ਨੂੰ ਭਜਾ ਦੇਣਗੇ । ਤੀਜਾ ਇਸ ਵਾਸਤੇ ਨਹੀਂ ਦਸਦੇ ਕਿ ਕਈ ਆਦਮੀ ਭੋਲੇ ਭਾਲੇ ਆਨੰਦ ਮਾਰਗੀਆਂ ਨਾਲ ਮਿਲ ਗਏ ਸਨ । ਜਦ ਉਨ੍ਹਾਂ ਦੀਆਂ ਐਕਟਿਵਿਟੀਜ਼ ਦਾ ਉਨ੍ਹਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਕਿਹਾ ਕਿ ਸਾਡਾ ਇਨ੍ਹਾਂ ਨਾਲ ਕੋਈ ਤੁਅੱਲਕ ਨਹੀਂ । ਉਹ ਕਹਿਣ ਲੱਗੇ ਕਿ ਸਾਨੂੰ ਨਹੀਂ ਸੀ ਪਤਾ ਕਿ ਇਹ ਖੋਪੜੀਆਂ ਰੱਖ ਕੇ ਖਾਣ ਵਾਲੇ ਬੰਦੇ ਹਨ । ਅਸੀਂ ਤਾਂ ਇਨ੍ਹਾਂ ਨੂੰ ਰਿਸ਼ੀ ਮਹਾਤਮਾਂ ਸਮਝ ਕੇ ਇਨ੍ਹਾਂ ਦੇ ਚੇਲੇ ਬਣੇ ਸੀ । ਜਿਹੜੇ ਆਰ. ਐਸ. ਐਸ. ਵਿੱਚ ਕੰਮ ਕਰਦੇ ਹਨ, ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਇਹ ਦੇਸ਼ ਲਈ ਨੁਕਸਾਨਦੇਹ ਹਨ, ਦੇਸ਼ ਵਿੱਚ ਡਿਕਟੇਟਰ-ਸ਼ਿਪ ਚਾਹੁੰਦੇ ਹਨ ਦੇਸ਼ ਦੀ ਏਕਤਾ ਨੂੰ ਤੋੜਨਾ ਚਾਹੁੰਦੇ ਹਨ, ਫਿਰਕੂ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਇਸ ਪਾਸੇ ਜਾਣ ਨੂੰ ਤਿਆਰ ਨਹੀਂ । ਇਸ ਵਾਸਤੇ ਜਿਹੜੀ ਪੁਰਾਣੀ ਲਿਸਟ ਬਣੀ ਹੈ ਉਸਦੇ ਮੁਤਾਬਿਕ ਆਊਟ-ਰਾਈਟ ਉਨ੍ਹਾਂ ਬੰਦਿਆਂ ਨੂੰ ਫੜ ਲਈਏ ਇਹ ਚੰਗੀ ਗੱਲ ਨਹੀਂ । ਅਸੀਂ ਕਿਸੇ ਵਿਅਕਤੀ ਦੇ ਖਿਲਾਫ ਐਕਸ਼ਨ ਬਿਨਾਂ ਸੋਚੇ ਸਮਝੇ ਨਹੀਂ ਲਿਆ । ਸਰਕਾਰ ਨੇ ਇਹ ਚੀਜ਼ ਸਾਫ ਕਰ ਦਿੱਤੀ ਹੈ ਕਿ ਭਾਵੇਂ ਕੋਈ ਸਰਕਾਰੀ ਅਫਸਰ ਹੋਵੇ ਜਾਂ ਪ੍ਰਾਈਵੇਟ ਤੌਰ ਤੇ ਕੰਮ ਕਰਦਾ ਹੋਵੇ, ਹਰ ਆਦਮੀ ਜਿਹੜਾ ਆਪਣੇ ਦੇਸ਼ ਦੇ ਹਿੱਤ ਦੇ ਖਿਲਾਫ਼ ਕੰਮ ਕਰਦਾ ਹੈ, ਬਦਅਮਨੀ ਪੈਦਾ ਕਰਦਾ ਹੈ ਰੁਕਾਵਟਾਂ ਪਾਉਂਦਾ ਹੈ, ਵਿਦੇਸ਼ੀ ਤਾਕਤਾਂ ਨਾਲ ਮਿਲਿਆ ਹੈ, ਫਾਸਿਜ਼ਮ ਨੂੰ ਇਥੇ ਸਹਾਰਾ ਦਿੰਦਾ ਹੈ, ਉਸ ਆਦਮੀ ਨਾਲ ਸਰਕਾਰ ਕੋਈ ਲਿਹਾਜ਼ ਨਹੀਂ ਕਰੇਗੀ ।

---

**ਡਾ: ਸੇਫ਼-ਦੀਨ ਕਿਚਲੂ ਡਾ: ਸੱਤ ਪਾਲ ਅਤੇ ਸ੍ਰੀ ਧਨੀ ਰਾਮ ਚਾਤ੍ਰਿਕ ਦੀਆਂ ਯਾਦਗਾਰਾਂ ਬਣਾਉਣਾ**

*3609. **ਕਾਮਰੇਡ ਸੱਤ ਪਾਲ ਡਾਂਗ**
**ਕਾਮਰੇਡ ਸੱਘੜ ਸਿੰਘ**
**ਕਾਮਰੇਡ ਦਾਨਾ ਰਾਮ**
: ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਡਾ: ਸੇਫ਼ੂ-ਦੀਨ ਕਿਚਲਊ, ਡਾ: ਸੱਤਪਾਲ ਅਤੇ ਸ੍ਰੀ ਧਨੀਰਾਮ ਚਾਤ੍ਰਿਕ ਦੀਆਂ ਮੁਨਾਸਬ ਯਾਦਗਾਰਾਂ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਸਦਾ ਵੇਰਵਾ ਕੀ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ (ਮੁਖ ਸੰਸਦੀ ਸਕੱਤਰ)** : ਸਰਕਾਰ ਨੇ ਡਾ: ਸੇਫੂ-ਦੀਨ ਕਿਚਲਉ ਦਾ ਅੰਮ੍ਰਿਤਸਰ ਵਿਖੇ ਬਾਨਜ਼ ਦਾ ਬੁੱਤ ਲਾਉਣ ਦਾ ਫੈਸਲਾ ਕੀਤਾ ਹੈ ਅਤੇ ਡਾ: ਸੱਤ ਪਾਲ ਦਾ ਬੁੱਤ ਲਾਉਣ ਬਾਰੇ ਮਾਮਲਾ ਵਿਚਾਰ ਅਧੀਨ ਹੈ। ਲੋਕ ਸੰਪਰਕ ਵਿਭਾਗ ਸ਼ਹੀਦਾਂ ਦੀਆਂ ਯਾਦਗਾਰਾਂ ਬਨਾਉਣ ਦੇ ਮਸਲਿਆਂ ਨੂੰ ਨਜਿੱਠਦਾ ਹੈ। ਸ੍ਰੀ ਧਨੀ ਰਾਮ ਚਾਤ੍ਰਿਕ ਲਿਖਾਰੀ ਸਨ ਅਤੇ ਉਨਾਂ ਦੀ ਯਾਦਗਾਰ ਬਣਾਉਣ ਬਾਰੇ ਕੋਈ ਕਾਰਵਾਈ ਇਸ ਵਿਭਾਗ ਵਿਚ ਨਹੀਂ ਹੋ ਰਹੀ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਹੜਾ ਡਾਕਟਰ ਸੱਤ ਪਾਲ ਦਾ ਮੈਮੋਰੀਅਲ ਬਣਾਉਣ ਦਾ ਫੈਸਲਾ ਕੀਤਾ ਹੈ, ਇਸ ਨੂੰ ਬਣਾਉਣ ਵਿੱਚ ਕਿਤਨੀ ਦੇਰ ਲਗੇਗੀ ? ਸਪੀਕਰ ਸਾਹਿਬ, ਲਾਲਾ ਧਨੀ ਰਾਮ ਚਾਤ੍ਰਿਕ ਭਾਵੇਂ ਰਾਈਟਰ ਸਨ ਅਤੇ ਉਨ੍ਹਾਂ ਦੀ ਪੰਜਾਬੀ ਲਿਟਰੇਚਰ ਵਿੱਚ ਬਹੁੱਤ ਵੱਡੀ ਥਾਂ ਹੈ, ਜੇ ਉਨ੍ਹਾਂ ਦਾ ਮੈਮੋਰੀਅਲ ਇਹ ਮਹਿਕਮਾ ਨਹੀਂ ਬਣਾ ਸਕਦਾ ਤਾਂ ਜਿਹੜਾ ਮਹਿਕਮਾ ਇਹ ਕੰਮ ਕਰ ਸਕਦਾ ਹੈ ਕੀ ਇਹ ਆਪਣੇ ਅਸਰ ਰਸੂਖ ਨਾਲ ਉਸ ਮਹਿਕਮੇ ਨੂੰ ਕਹਿਣਗੇ ਕਿ ਅੰਮ੍ਰਿਤਸਰ ਵਿੱਚ ਉਨ੍ਹਾਂ ਦਾ ਮੈਮੋਰੀਅਲ ਬਣਾਉਣ ਦਾ ਯਤਨ ਕੀਤਾ ਜਾਵੇ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਲਾਲਾ ਧਨੀ ਰਾਮ ਚਾਤਿਕ ਬਾਰੇ ਹਾਲੇ ਫੈਸਲਾ ਸਰਕਾਰ ਨੇ ਨਹੀਂ ਕੀਤਾ। ਬਾਕੀ ਜਿਹੜੇ ਮੈਮੋਰੀਅਲ ਬਣਾਉਣ ਦਾ ਫੈਸਲਾ ਕੀਤਾ ਹੈ, ਉਸ ਕਮੇਟੀ ਦੀ ਮੀਟਿੰਗ, ਅੰਡਰ ਦੀ ਚੇਅਰਮੈਨਸ਼ਿਪ ਆਫ਼ ਮਿਸਟਰ ਯਸ਼, ਐਕਸਾਈਜ਼ ਐਂਡ ਟੈਕਸੇਸ਼ਨ ਮਨਿਸਟਰ, ਹੋਈ ਹੈ। ਜੋ ਕਾਰਵਾਈ ਇਸ ਸਬੰਧ ਵਿੱਚ ਕਰਨ ਦੀ ਜ਼ਰੂਰਤ ਹੈ ਉਹ ਅਸੀਂ ਛੇਤੀ ਤੋਂ ਛੇਤੀ ਕਰ ਰਹੇ ਹਾਂ।

**ਸ੍ਰੀ ਸਰਦਾਰੀ ਲਾਲ ਕਪੂਰ** : ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਇਸ ਗੱਲ ਤੇ ਗੌਰ ਕਰਨਗੇ ਕਿ ਡਾਕਟਰ ਸੱਤ ਪਾਲ ਜਿਹੜੇ ਕਿ ਬਹੁਤ ਵੱਡੇ ਦੇਸ਼ ਭਗਤ ਸਨ ਅਤੇ ਕੁਦਰਤਨ ਸਾਡੀ ਇਸ ਵਿਧਾਨ ਸਭਾ ਦੇ ਸਪੀਕਰ ਵੀ ਰਹੇ ਹਨ, ਕੀ ਇਹ ਮੁਨਾਸਿਬ ਨਹੀਂ ਹੋਵੇਗਾ ਕਿ ਉਨ੍ਹਾਂ ਦੀ ਯਾਦਗਾਰ ਚੰਡੀਗੜ੍ਹ ਵਿੱਚ ਬਣਾਈ ਜਾਵੇ ?

**ਮੁੱਖ ਸੰਸਦੀ ਸਕੱਤਰ** : ਇਹ ਇਨਾਂ ਦੀ ਸੁਜੈਸ਼ਨ ਹੈ। ਇਸ ਤੇ ਕਮੇਟੀ ਗੌਰ ਕਰ ਲਵੇਗੀ।

**आचार्य पृथवी सिंह आज़ाद** : क्या चीफ पार्लीमैन्ट्री सैक्रेटरी साहिब यह बताने की कृपा करेंगे कि जहां तक डा: सैफुद्दीन किचलू और डा: सत्य पाल की यादगारें कायम करने का ताल्लुक है, यह उनकी खिदमात के पशेनज़र है जो उन्होंने देश सेवा के लिए कीं और जल्लयां वाले बाग मूवमैंट में हिस्सा लिया ? इसी तरह जल्लयां-वाले बाग मूवमैंट के सिलसिले में महाशय रत्तो और महाशय बुग्गो को काले पानी की सज़ा हुई थी, क्या इनको भी उस लिस्ट में शामिल किया जायेगा ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਵਿੱਚ ਕਦੇ ਢਿੱਲ ਨਹੀਂ ਕੀਤੀ। ਇਹ ਇਨ੍ਹਾਂ ਨੇ ਨਵੀਂ ਸਜੈਸ਼ਨ ਦਿੱਤੀ ਹੈ, ਇਸ ਤੇ ਕਮੇਟੀ ਗੌਰ ਕਰ ਲਵੇਗੀ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਲਾਲਾ ਧਨੀ ਰਾਮ ਚਾਤ੍ਰਿਕ ਦੀ ਪੰਜਾਬੀ ਲਿਟਰੇਚਰ ਦੇ ਖੇਤਰ ਵਿੱਚ ਬਹੁਤ ਉਚੀ ਜਗ੍ਹਾ ਹੈ । ਹੁਣ ਤਾਂ ਪੰਜਾਬੀ ਦੇ ਬਹੁਤ ਸਾਰੇ ਲਿਖਾਰੀ ਹੋ ਗਏ ਹਨ । ਪੰਜਾਬੀ ਲਿਟਰੇਚਰ ਦਾ ਮੁੱਢ ਬੰਨਣ ਵਿੱਚ ਉਨ੍ਹਾਂ, ਦਾ ਦਰਜਾ ਭਾਈ ਵੀਰ ਸਿੰਘ ਦੇ ਬਰਾਬਰ ਦਾ ਹੈ, ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਬੰਧਤ ਡਿਪਾਰਟਮੈਂਟ ਨੂੰ ਇਹ ਗੱਲ ਕਹਿਣਗੇ ਕਿ ਉਨ੍ਹਾਂ ਦੀ ਕੋਈ ਯਾਦਗਾਰ ਕਾਇਮ ਕੀਤੀ ਜਾਵੇ ਜਾਂ ਕਿਸੇ ਢੰਗ ਨਾਲ ਉਨ੍ਹਾਂ ਨੂੰ ਮਾਨਤਾ ਦਿੱਤੀ ਜਾਵੇ ?

**ਮੁੱਖ ਸੰਸਦੀ ਸਕੱਤਰ** : ਮੈਂ ਅਰਜ਼ ਕੀਤੀ ਹੈ ਕਿ ਜਿਥੋਂ ਤਕ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਣ ਦਾ ਸਵਾਲ ਹੈ, ਲਾਲਾ ਧਨੀ ਰਾਮ ਚਾਤ੍ਰਿਕ ਦਾ ਨਾਂ ਉਸ ਲਿਸਟ ਵਿੱਚ ਨਹੀਂ ਆਉਂਦਾ । ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ । ਜਦੋਂ ਕਮੇਟੀ ਕੋਲ ਇਸ ਕਿਸਮ ਦਾ ਸਵਾਲ ਪੁੱਟ ਹੋਇਆ ਤਾਂ ਮੈਂ ਉਨ੍ਹਾਂ ਨੂੰ ਰਿਕੁਐਸਟ ਕਰ ਦਿਆਂਗਾ ਕਿ ਇਸ ਤੇ ਗੌਰ ਕਰ ਲੈਣ ਕਿਉਂਕਿ ਇਹ ਲੋਕ ਚਾਹੁੰਦੇ ਹਨ ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਬੜੇ ਇੰਪਾਰਟੈਂਟ ਮੈਮੋਰੀਅਲ ਬਣਾਉਣ ਵਾਸਤੇ ਕਮੇਟੀ ਦੀਆਂ ਮੀਟਿੰਗਾਂ ਹੋ ਰਹੀਆਂ ਹਨ । ਸਾਡੇ ਵੀ ਸਾਰਿਆਂ ਦੇ ਮੈਮੋਰੀਅਲ ਬਣਨੇ ਹਨ (ਹਾਸਾ) ਕੀ ਇਹ ਐਂਟੀਸਿਪੇਟਰੀ ਫੈਸਲਾ ਕਰਕੇ, ਫਿਕਸ ਅਪ ਕਰ ਦੇਣਗੇ ਤਾਂ ਕਿ ਮੈਮੋਰੀਅਲ ਬਣਾਉਣ ਵਿੱਚ ਦੇਰੀ ਨਾ ਹੋਵੇ ?

**ਮੁੱਖ ਸੰਸਦੀ ਸਕੱਤਰ** : ਇਹ ਪਟਿਆਲੇ ਤੋਂ ਫੰਡਜ਼ ਰੇਜ਼ ਕਰਵਾ ਦੇਣ, ਅਸੀਂ ਮੈਮੋਰੀਅਲ ਬਣਾ ਦੇਵਾਂਗੇ ।

---

## ਰਸਾਇਣਕ ਉਦਯੋਗ ਦੇ ਕਿਰਤੀਆਂ ਲਈ ਘੱਟੋ ਘੱਟ ਉਜਰਤਾਂ

*3466. **ਕਾਮਰੇਡ ਸੱਘੜ ਸਿੰਘ**
**ਕਾਮਰੇਡ ਸੱਤ ਪਾਲ ਡਾਂਗ** } : ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦਸਣਗੇ

ਕਿ—

(ੳ) ਰਾਜ ਵਿਚ ਰਸਾਇਣਕ ਉਦਯੋਗ ਦੇ ਮਜ਼ਦੂਰਾਂ ਦੀਆਂ ਘੱਟ ਤੋਂ ਘੱਟ ਉਜਰਤਾਂ ਨੂੰ ਪਿਛੇ ਕਦੋਂ ਸੋਧਿਆ ਗਿਆ ਸੀ;

(ਅ) ਕੀ ਇਨ੍ਹਾਂ ਨੂੰ ਨਿਰਬਾਹ ਖਰਚ ਇੰਡੈਕਸ ਨਾਲ ਜੋੜਿਆ ਗਿਆ ਸੀ; ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਤਰੀਕ ਤੋਂ ਇਨ੍ਹਾਂ ਉਜਰਤਾਂ ਨੂੰ ਨਾ ਸੋਧਣ ਦੇ ਕੀ ਕਾਰਨ ਹਨ ?

**ਸ੍ਰੀ ਹੰਸ ਰਾਜ ਸ਼ਰਮਾ** : (ੳ) 30-1-76.

Original with;
Punjab Vidhan Sabha
Digitized by;
Panjab Digital Library

(ਅ) ਹਾਂ ਜੀ,

(ਅ) ਹਾਂ ਜੀ,

(ੲ) ਉਪਰੋਕਤ (ੳ) ਦੇ ਉਤਰ ਨੂੰ ਮੁੱਖ ਰਖਦੇ ਹੋਏ ਕਿਸੇ ਟਿਪਣੀ ਦੀ ਲੋੜ ਨਹੀਂ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੀ ਬੜੀ ਮੇਹਰਬਾਨੀ ਹੈ ਕਿ ਸਵਾਲ ਕਰਨ ਤੋਂ ਬਾਅਦ ਇਨ੍ਹਾਂ ਨੇ ਨੋਟੀਫੀਕੇਸ਼ਨ ਕੈਮੀਕਲ ਇੰਡਸਟਰੀ ਦੇ ਬਾਰੇ ਵਿੱਚ ਕਰ ਦਿੱਤੀ ਹੈ । ਮੈਂ ਇਹ ਪੁੱਛਣਾ ਚਾਹੰਦਾ ਹਾਂ ਕਿ ਕਾਸਟ ਆਫ ਲਿਵਿੰਗ ਇੰਡੈਕਸ ਨਾਲ ਇਹ ਨੋਟੀਫੀਕੇਸ਼ਨ ਲਿੰਕ ਕੀਤੀ ਹੈ ਜਾਂ ਨਹੀਂ ਅਤੇ ਅਨਸਕਲਿਡ ਲੇਬਰ ਦੇ ਮਿਨੀਮਮ ਵੇਜਿਜ਼ ਕੀ ਫਿਕਸ ਕੀਤੇ ਹਨ ?

**ਮੰਤਰੀ** : ਹਾਂ ਜੀ, ਬਕਾਇਦਾ ਲਿੰਕਡ ਹਨ । ਅਨ-ਸਕਿਲਡ ਰੁ: 166.50, ਸੈਮੀ-ਸਕਿਲਡ ਰੁ: 186. 50, ਸਕਿਲਡ ਗਰੇਡ-1 ਰੁ: 211.50, ਸਕਿਲਡ ਗਰੇਡ—2 ਰੁ: 261.50 । ਕਲਰਕਾਂ ਦੇ ਵੀ ਵਧੇ ਹਨ, ਹੋਰਨਾਂ ਦੇ ਵੀ ਵਧੇ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਜਦੋਂ ਟੈਕਸਟਾਈਲ ਇੰਡਸਟਰੀ ਵਿਚ ਘੱਟ ਤੋਂ ਘੱਟ ਵੇਜ ਰੁ: 187.50 ਮੁਕਰੱਰ ਕੀਤੀ ਸੀ, ਤਾਂ ਮੈਂ ਮਨਿਸਟਰ ਸਾਹਿਬ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੈਮੀਕਲ ਇੰਡਸਟਰੀ ਵਿਚ ਕੰਮ ਕਰਦੇ ਹਨ, ਉਨ੍ਹਾਂ ਦਾ ਕੰਮ ਔਖਾ ਹੈ ਅਤੇ ਉਥੇ ਜ਼ਹਿਰੀਲੀਆਂ ਚੀਜ਼ਾਂ ਵੀ ਇਸਤੇਮਾਲ ਹੁੰਦੀਆਂ ਹਨ, ਜਿਹੜੀਆਂ ਕਿ ਜ਼ਰੂਰੀ ਹੁੰਦੀਆਂ ਹਨ, ਉਨ੍ਹਾਂ ਵਾਸਤੇ ਆਪਣੀ ਪਾਲਿਸੀ ਨੂੰ ਰਿਵਾਈਜ਼ ਕਰਕੇ ਕੀ ਇਹ ਇਸ ਚੀਜ਼ ਨੂੰ ਮੰਨਣ ਨੂੰ ਤਿਆਰ ਹਨ ਕਿ ਕਿਸੇ ਵੀ ਇੰਡਸਟਰੀ ਵਿਚ ਸਰਕਾਰ ਦੇ ਕਲਾਸ ਫ਼ੋਰ ਇੰਪਲਾਈ ਦੀ ਤਨਖਾਹ ਤੋਂ ਘੱਟ ਤਨਖਾਹ ਅਤੇ ਟੋਟਲ ਰੈਮੁਨਿਰੇਸ਼ਨ ਤੋਂ ਘੱਟ ਨਹੀ ਹੋਵੇਗੀ ?

**ਮੰਤਰੀ** : ਆਈਡੀਅਲ ਤਾਂ ਇਹੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਫੇਅਰ ਵੇਜ ਹੋਵੇ ਅਤੇ ਇਹ ਕੰਡੀਸ਼ਨ ਹੋਵੇ ਅਤੇ ਇਸ ਕਰਕੇ ਹੀ ਸਰਕਾਰ ਨੇ ਜ਼ਿਆਦਾ ਗਰੇਡ ਰਖੇ ਹਨ, ਪਰ ਇਸ ਦੇ ਨਾਲ ਹੀ ਬਾਕੀ ਸੂਬਿਆਂ ਦੀ ਇੰਡਸਟਰੀ ਨੂੰ ਵੀ ਥੋੜ੍ਹਾ ਬਹੁਤ ਵੇਖਣਾ ਪੈਂਦਾ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਕ ਦੋ ਮਹੀਨਿਆਂ ਵਿਚ ਕੰਜ਼ਿਊਮਰ ਪ੍ਰਾਇਸ ਇੰਡੈਕਸ ਘਟਿਆ ਹੈ । ਸਰਕਾਰ ਦੀ ਕੋਸ਼ਿਸ਼ ਇਹੀ ਹੁੰਦੀ ਹੈ, ਪਰ ਸਰਕਾਰ ਇੰਡਸਟਰੀਜ਼ ਦੀ ਕਪੈਸਿਟੀ ਨੂੰ ਹੀ ਮੁੱਖ ਨਹੀਂ ਰਖਦੀ, ਬਲਕਿ ਹੋਰ ਵੀ ਬਹੁਤ ਸਾਰੇ ਫੈਕਟਰੇਜ਼ ਨੂੰ ਅਗੇ ਰਖ ਕੇ ਇਹ ਚੀਜ਼ ਕੀਤੀ ਜਾਂਦੀ ਹੈ । ਔਰ ਟੈਕਸਟਾਈਲ ਇੰਡਸਟਰੀ ਦੇ ਵਿਚ, ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਕਿ ਜ਼ਿਆਦਾ ਵੇਜ ਹੈ, ਵਧ ਪੈਸੇ ਮਿਲ ਰਹੇ ਹਨ, ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਉਹ ਵਧ ਹੀ ਮਿਲਦੇ ਰਹਿਣ ਅਤੇ ਘੱਟ ਨਾ ਸਕਣ ।

**ਕਾਮਰੇਡ ਸੱਤ ਪਾਲ ਡਾਂਗ** : ਜਦੋਂ ਪੰਜਾਬ ਦੀ ਕੈਮੀਕਲ ਇੰਡਸਟਰੀ ਵਿਚ ਟੈਕਸਟਾਈਲ ਇੰਡਸਟਰੀ ਨਾਲੋਂ ਵੱਧ ਮੁਨਾਫਾ ਹੈ ਅਤੇ ਕੈਮੀਕਲ ਇੰਡਸਟਰੀ ਦਾ ਕੰਮ ਔਖਾ ਹੈ ਅਤੇ ਡੇਂਜਰਸ ਹੈ, ਇਸ ਦੀ ਕੀ ਵਜ੍ਹਾ ਹੈ ਕਿ ਇਸ ਕੈਮੀਕਲ ਇੰਡਸਟਰੀ ਨਾਲੋਂ ਟੈਕਸਟਾਈਲ ਇੰਡਸਟਰੀ ਵਿਚ ਵੇਜਿਜ਼ ਵੱਧ ਰਖੀਆਂ ਗਈਆਂ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਕੈਮੀਕਲ ਇਡਸਟਰੀ ਵਿਚ ਦੂਜੀਆਂ ਇੰਡਸਟਰੀਆਂ ਨਾਲੋਂ ਜ਼ਿਆਦਾ ਵਜ ਰਖੀ ਹੈ, ਖਾਸ ਤੌਰ ਤੇ ਡਿਸਟਿਲਰੀਆਂ ਵਿਚ, ਉਥੇ ਤਾਂ ਬਹੁਤ ਸਾਰਾ ਮਾਲ ਸਰਕਾਰ ਖਰੀਦਦੀ ਹੈ ਅਤੇ ਠੇਕੇਦਾਰਾਂ ਨੂੰ ਦਿੰਦੀ ਹੈ ਅਤੇ ਉਸ ਦੇ ਵਿਚ ਜ਼ਿਆਦਾ ਰੇਟ ਨਹੀਂ ਵਧਾਇਆ ਜਾ ਸਕਦਾ ।

---

## PROVINCIALIZED MUNICIPAL SERVICES IN THE STATE

*3669. **Comrade Satya Pal Dang** : Will the Minister for Finance be pleased to—

(a) state the Municipal services which have been provincialized ;

(b) state the number of Municipal Employees, who have opted for provincialized services and the number of those who have opted to remain as Municipal Employees, categorywise ;

(c) state the number in each category who opted for the provincialized service but were found unfit ?

**ਸ਼੍ਰੀ ਹੰਸ ਰਾਜ ਸ਼ਰਮਾ:** (ੲ) ਹੇਠ ਲਿਖੀਆਂ ਮਿਉਂਸਪਲ ਸੇਵਾਵਾਂ ਕਾਇਮ ਕੀਤੀਆਂ ਗਈਆਂ ਹਨ:—

1. ਸਕੱਤਰ
2. ਸਹਾਇਕ ਸਕੱਤਰ
3. ਮੈਡੀਕਲ ਹੈਲਥ ਅਫਸਰ
4. ਇੰਜੀਨੀਅਰ ਅਤੇ ਸਹਾਇਕ ਇੰਜੀਨੀਅਰ
5. ਸੈਕਸ਼ਨਲ ਅਫਸਰ
6. ਲੇਖਾਕਾਰ
7. ਸੁਪਰਡੈਂਟ

(ਬੀ) ਮਿਉਂਸਪਲ ਸੇਵਾਵਾਂ ਤੇ ਕੰਮ ਕਰ ਰਹੇ ਮੌਜੂਦਾ ਕਰਮਚਾਰੀਆਂ ਲਈ ਜ਼ਰੂਰੀ ਨਹੀਂ ਕਿ ਉਹ ਇਨ੍ਹਾਂ ਸੇਵਾਵਾਂ ਲਈ ਆਪਸ਼ਨ ਦੇਣ । ਜਿਨ੍ਹਾਂ ਕਰਮਚਾਰੀਆਂ ਨੇ ਇਨ੍ਹਾਂ ਨਵੀਆਂ ਸੇਵਾਵਾਂ ਦੇ ਮੈਂਬਰ ਨਾ ਬਨਣ ਲਈ ਨੋਟਿਸ ਦਿਤਾ ਹੈ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| | | |
|---|---|---|
| (1) | ਸਕੱਤਰ | .. 1 |
| (2) | ਸਹਾਇਕ ਇੰਜੀਨਿਅਰ | .. 1 |
| (3) | ਲੇਖਾਕਾਰ | .. 1 |
| (4) | ਸੁਪਰਡੈਂਟ | .. 5 |

Original with;
Punjab Vidhan Sabha
Digitized by;
Panjab Digital Library

(ਸੀ) ਵਰਤਮਾਨ ਕਰਮਚਾਰੀਆਂ ਦਾ ਸੇਵਾ ਰਿਕਾਰਡ ਅਜੇ ਪੜਤਾਲ ਅਧੀਨ ਹੈ ।

**ਕਾਮਰੇਡ ਸੱਤ ਪਾਲ ਡਾਂਗ:** ਇਸ ਗੱਲ ਦੀ ਰੋਸ਼ਨੀ ਵਿਚ ਕਿ ਜਿਹੜੇ ਪ੍ਰੋਵਿੰਸ਼ਿਅਲਾਈਜ਼ਡ ਸਰਵਿਸ ਵਾਸਤੇ ਸਰਕਾਰ ਨੇ ਰੂਲਜ਼ ਬਣਾਏ ਹਨ, ਉਨ੍ਹਾਂ ਦੇ ਵਿਚ ਡਿਸਮਿਸਲ ਤੋਂ ਡਾਊਨਵਰਡ ਵਾਰਨਿੰਗ ਦੀ ਸਜ਼ਾ ਦਾ ਵੀ ਗੌਵਰਮਿੰਟਲ ਅਥਾਰਿਟੀ ਨੂੰ ਅਖਤਿਆਰ ਹੋਵੇਗਾ, ਕੀ ਮਨਿਸਟਰ ਸਾਹਿਬ ਕੋਈ ਕਦਮ ਚੁਕਣਗੇ ਇਸ ਗੱਲ ਨੂੰ ਐਨਸ਼ੋਅਰ ਕਰਨ ਵਾਸਤੇ ਕਿ ਜਿਸ ਵੇਲੇ ਸਰਵਿਸਜ਼ ਪ੍ਰੋਵਿੰਸ਼ਿਅਲਾਈਜ਼ ਹੋ ਜਾਣਗੀਆਂ, ਤਾਂ ਜਿਹੜੇ ਉਸ ਕੇਡਰ ਵਿਚ ਹੋਣਗੇ ਜਿਨ੍ਹਾਂ ਮਿਉਂਸਪਲ ਕਮੇਟੀਆ ਵਿਚ ਉਹ ਪੋਸਟਿਡ ਹੋਣਗੇ, ਕੀ ਉਨ੍ਹਾਂ ਮਿਉਂਸਪਲ ਕਮੇਟੀਆਂ ਨਾਲ ਕੁਆਪਰੇਟ ਕਰਨਗੇ, ਮਿਉਂਸਪਲ ਕਮੇਟੀਆ ਦਾ ਹੁਕਮ ਮੰਨਣਗੇ ਅਤੇ ਉਨ੍ਹਾਂ ਦੇ ਰਸਤੇ ਵਿਚ ਰੋੜਾ ਤਾਂ ਨਹੀਂ ਅਟਕਾਉਣਗੇ ?

**ਮੰਤਰੀ:** ਇਹ ਸਰਵਿਸ ਹੀ ਇਸ ਕਰਕੇ ਬਣਾਈ ਗਈ ਹੈ ਕਿ ਉਹ ਮਿਉਂਸਪਲ ਕਮੇਟੀਆਂ ਦੇ ਕੰਮ ਵਿਚ ਕੋਈ ਰੁਕਾਵਟ ਨਾ ਪਾਉਣ ਅਤੇ ਜੇ ਕੋਈ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਸਰਵਿਸ ਤੋਂ ਹਟਾਇਆ ਜਾ ਸਕਦਾ ਹੈ । ਬਕਾਇਦਾ ਸਾਡੇ ਡਿਪਟੀ ਡਾਇਰੈਕਟਰਜ਼ ਫੀਲਡ ਵਿਚ ਦੂਜੇ ਆਫੀਸਰਜ਼ ਨੂੰ ਹਦਾਇਤ ਕਰਨਗੇ ਕਿ ਜਿਹੜੇ ਐਂਪਲਾਈਜ਼ ਮਿਉਂਸਪਲ ਕਮੇਟੀਆਂ ਨਾਲ ਪੂਰਾ ਕੁਆਪ੍ਰੇਟ ਨਹੀਂ ਕਰਦੇ, ਉਨ੍ਹਾਂ ਦੀ ਜਿਹੜੀ ਰਿਪੋਰਟ ਹਰ ਸਾਲ ਪਰੈਜ਼ੀਡੈਂਟ ਦਿੰਦੇ ਹਨ, ਉਹ ਰਿਪੋਰਟਾਂ ਡਿਪਟੀ ਡਾਇਰੈਕਟਰਜ਼ ਵੀ ਲਿਖਣਗੇ ਅਤੇ ਉਨ੍ਹਾਂ ਰਿਪੋਰਟਾਂ ਨੂੰ ਵੇਖਿਆ ਜਾਇਆ ਕਰੇਗਾ ਅਤੇ ਜਿਹੜੇ ਬੰਦੇ ਖਰਾਬੀ ਕਰਨਗੇ, ਉਨ੍ਹਾਂ ਨੂੰ ਸਜ਼ਾ ਦੇਣ ਵਿਚ ਕੋਈ ਰੁਕਾਵਟ ਨਹੀਂ ਆਵੇਗੀ ।

**ਸ੍ਰੀ ਗੁਰਦਿਆਲ ਸੈਣੀ:** ਜਿਹੜੀਆਂ ਪੋਸਟਾਂ ਪ੍ਰੋਵਿੰਸ਼ਿਅਲਾਈਜ਼ਡ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਐਗਜ਼ੈਕਟਿਵ ਅਫਸਰ ਦੀ ਪੋਸਟ ਪ੍ਰੋਵਿੰਸ਼ਿਅਲਾਈਜ਼ ਨਹੀਂ ਹੋਈ । ਕੀ ਸਰਕਾਰ ਉਸ ਪੋਸਟ ਨੂੰ ਵੀ ਪ੍ਰੋਵਿੰਸ਼ਿਅਲਾਈਜ਼ ਕਰਨ ਲਈ ਵਿਚਾਰ ਰਖਦੀ ਹੈ ?

**ਮੰਤਰੀ:** ਕਰਨੀ ਹੈ, ਕੁਝ ਉਨ੍ਹਾਂ ਦਾ ਰਿਕਾਰਡ ਕੰਪਲੀਟ ਹੋ ਰਿਹਾ ਹੈ ਅਤੇ ਕੁਝ ਲੀਗਲ ਕੰਪਲੀਕੇਸ਼ਨਜ਼ ਸਨ, ਸਰਕਾਰ ਇਨ੍ਹਾਂ ਚੀਜ਼ਾਂ ਨੂੰ ਪੂਰਾ ਕਰਨ ਤੋਂ ਬਾਅਦ ਜਲਦੀ ਤੋਂ ਜਲਦੀ ਇਸ ਗੱਲ ਨੂੰ ਕਰ ਦੇਵੇਗੀ ।

**ਚੌਧਰੀ ਰਾਮ ਸਿੰਘ:** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪ੍ਰੋਵਿੰਸ਼ਿਅਲਾਈਜ਼ਡ ਸਰਵਿਸ ਦੇ ਰੂਲਜ਼ ਸਰਕਾਰ ਕਦੋਂ ਤਕ ਲਾਗੂ ਕਰ ਦੇਵੇਗੀ ਅਤੇ ਜਿਸ ਬੰਦੇ ਵਲੋਂ ਕੋਈ ਮਿਉਂਸਪਲ ਕਮੇਟੀ ਦੇ ਕੰਮ ਵਿਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਕਿਸੇ ਬੰਦੇ ਵਿਚ ਕੋਈ ਖਰਾਬੀ ਹੋਵੇਗੀ ਤਾਂ ਮਿਉਂਸੀਪਲ ਕਮੇਟੀ ਕਿਸ ਹੱਦ ਤਕ ਉਸਤੇ ਐਕਸ਼ਨ ਲੈ ਸਕੇਗੀ, ਕਿਹੜਾ ਕੋਡ ਆਫ ਕੰਡਕਟ ਬਣਾਇਆ ਜਾਵੇਗਾ, ਜਿਸ ਦੇ ਨਾਲ ਇਸ ਚੀਜ਼ ਦੀ ਫੌਰੀ ਰੈਮੇਡੀ ਹੋ ਸਕੇ ?

**ਮੰਤਰੀ:** ਇਸ ਬਾਰੇ ਅਸੀਂ ਸਾਰੇ ਰੂਲਜ਼ ਵਗੈਰਾ ਬਣਾ ਰਹੇ ਹਾਂ ਅਤੇ ਸਭ ਚੀਜ਼ ਨੂੰ ਵੇਖਿਆ ਜਾਵੇਗਾ ।

**ਸ੍ਰੀ ਗੁਰਦਿਆਲ ਸੈਣੀ** ਜਿਹੜੀਆਂ ਪੋਸਟਾਂ ਪ੍ਰੋਵਿੰਸ਼ਿਅਲਾਈਜ਼ ਕੀਤੀਆਂ ਹਨ ਉਹ ਰੂਲਜ਼ ਕੀ 'ਸੀ' ਕਲਾਸ ਕਮੇਟੀਆਂ ਵਾਸਤੇ ਵੀ ਹੋਣਗੇ ਜਾਂ ਦੂਜੀਆਂ ਕਲਾਸਾਂ ਵਾਸਤੇ ਹੋਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: 'ਏ' , 'ਬੀ' ਅਤੇ 'ਸੀ' ਕਲਾਸ ਦੇ ਹਿਸਾਬ ਨਾਲ ਹੀ ਕੀਤਾ ਜਾਵੇਗਾ ।

**ਕਾਮਰੇਡ ਸੱਤ ਪਾਲ ਡਾਂਗ**: ਕੀ ਮਨਿਸਟਰ ਸਾਹਿਬ ਇਸ ਗੱਲ ਤੇ ਵਿਚਾਰ ਕਰਕੇ ਫੈਸਲਾ ਕਰਨਗੇ ਕਿ ਕਿਉਂਕਿ ਇਸ ਕੰਮ ਵਿਚ ਕੋਈ ਰੁਕਾਵਟ ਨਾ ਆਵੇ, ਕੁਝ ਪਨਿਸਮੈਂਟ ਕਨਫੀਡੈਂਸ਼ਲ ਰਿਪੋਰਟਸ ਤੋਂ ਇਲਾਵਾ, ਜੇ ਪੂਰੀ ਮੈਜਾਰਿਟੀ ਨਾਲ ਨਹੀਂ ਤਾਂ 2/3 ਮੈਜਾਰਿਟੀ ਨਾਲ ਜੇ ਮਿਉਂਸਪਲ ਕਮੇਟੀ ਰਿਕਮੈਂਡ ਕਰੇ, ਤਾਂ ਵੀ ਐਕਸ਼ਨ ਲਿਆ ਜਾ ਸਕੇਗਾ ?

**ਮੰਤਰੀ**: ਡਾਂਗ ਸਾਹਿਬ ਦੇ ਰਿਮਾਰਕਸ ਕਿਸੇ ਇਕ ਖਾਸ ਕੇਸ ਵਲ ਹਨ, ਜਿਹੜਾ ਕਿ ਉਨ੍ਹਾਂ ਦੇ ਦਿਮਾਗ ਵਿਚ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਵਿਸਿਜ਼ ਪ੍ਰੋਵਿੰਸ਼ਿਅਲਾਈਜ਼ ਹੀ ਇਸ ਕਰਕੇ ਕੀਤੀਆਂ ਗਈਆਂ ਹਨ. ਕਿ ਉਨ੍ਹਾਂ ਦੀਆਂ ਕੁਆਲੀ-ਫਿਕੇਸ਼ਨਜ਼, ਸਰਵਿਸ ਰਿਕਾਰਡ ਠੀਕ ਹੋਵੇ ਅਤੇ ਜੇ ਲੋਕਲ ਪਾਰਟੀ ਬਾਜ਼ੀ ਹੋਵੇ, ਲੋਕਲ ਪਾਲਿਟਿਕਸ ਹੋਵੇ ਜਾਂ ਕੋਈ ਮਿਉਂਸੀਪਲ ਕਮੇਟੀਆਂ ਦਾ ਹੁਕਮ ਨਾ ਮੰਨੇ ਅਤੇ ਡਸਿਪਲਿਨ ਵਿਚ ਨਾ ਰਹੇ ਤਾਂ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾ ਸਕੇਗਾ ਅਤੇ ਇਸ ਕਰਕੇ ਉਨ੍ਹਾਂ ਇੰਪਲਾਈਜ਼ ਨੂੰ ਇਸ ਗਲ ਦਾ ਪਤਾ ਹੋਵੇਗਾ ਕਿ ਜੇ ਕੋਈ ਖਰਾਬੀ ਕਰਨਗੇ ਤਾਂ ਉਨ੍ਹਾਂ ਦੀਆਂ ਰਿਪੋਰਟਸ ਡਿਪਟੀ ਡਾਇਰੈਕਟਰਜ਼ ਵੀ ਲਿਖਣਗੇ ਅਤੇ ਮਿਉਂਸੀਪਲ ਕਮੇਟੀਆਂ ਦੇ ਪਰੈਜ਼ੀਡੈਂਟਸ ਵੀ ਲਿਖਣਗੇ, ਤਾਂ ਉਹ ਠੀਕ ਤਰੀਕੇ ਨਾਲ ਕੰਮ ਕਰਨਗੇ ।

**ਚੌਧਰੀ ਰਾਮ ਸਿੰਘ** : ਮਨਿਸਟਰ ਸਾਹਿਬ ਨੂੰ ਪਤਾ ਹੋਵੇਗਾ ਕਿ ਚੌਧਰੀ ਰਾਮ ਸਿੰਘ ਕਮੇਟੀ ਨੇ ਇਕ ਕੰਪਰੀਹੈਨਸਿਵ ਰਿਪੋਰਟ ਦਿਤੀ ਹੈ ਕਿ ਉਨ੍ਹਾਂ ਇੰਪਲਾਈਜ਼ ਦੀਆਂ ਇਹ ਕੰਡੀਸ਼ਨਜ਼ ਹੋਣ ਅਤੇ ਮਿਉਂਸਪਲ ਕਮੇਟੀਆਂ ਕਿਸ ਹੱਦ ਤਕ ਐਕਸ਼ਨ ਲੈ ਸਕਦੀਆਂ ਹਨ । ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁਦਾ ਹਾਂ ਕਿ ਕੀ ਉਹ ਕੰਡੀਸ਼ਨ ਇੰਪਲੀਮੈਂਟ ਹਵੇਗੀ ?

**ਮੰਤਰੀ**: ਰੂਲਜ਼ ਬਣਾਉਣ ਵੇਲੇ ਇਸ ਗਲ ਦਾ ਖਿਆਲ ਰਖਿਆ ਜਾਵੇਗਾ । ਚੌਧਰੀ ਰਾਮ ਸਿੰਘ ਕਮੇਟੀ ਨੇ ਇਹ ਰਿਕਮੈਂਡ ਕੀਤਾ ਹੈ ਕਿ ਸਰਕਾਰ ਇੰਨ੍ਹਾਂ ਸਰਵਿਸਿਜ਼ ਨੂੰ ਪ੍ਰੋਵਿੰਸ਼ਿਅਲਾਈਜ਼ ਕਰੇ. ਅਸੀਂ ਉਸ ਚੀਜ਼ ਤੇ ਅਮਲ ਕਰ ਰਹੇ ਹਾਂ ।

**ਸ਼੍ਰੀ ਕੇਸ਼ੋ ਰਾਮ ਗੋਇਲ** : ਪ੍ਰੋਵਿੰਸ਼ਿਅਲਾਈਜੇਸ਼ਨ ਦਾ ਕੇਸ ਬੜਾ ਪੁਰਾਣਾ ਹੈ । ਪੈਪਸੂ ਦੇ ਐਗਜ਼ੈਕਟਿਵ ਅਫਸਰਾਂ ਨੂੰ ਪੰਜਾਬ ਦੇ ਐਗਜ਼ੈਕਟਿਵ ਅਫਸਰਾਂ ਨਾਲੋਂ ਘਟ ਤਨਖਾਹ ਮਿਲਦੀ ਹੈ, ਇਸ ਦੇ ਵਾਸਤੇ ਸਰਕਾਰ ਕੀ ਕਰਨਾ ਚਾਹੁੰਦੀ ਹੈ ?

**ਮੰਤਰੀ** : ਇਸ ਦੇ ਨਾਲ ਇਹ ਮਸਲਾ ਵੀ ਹਲ ਹੋ ਜਾਵੇਗਾ ।

**Mr. Speaker** : Question hour is over. The remaining questions shall be deemed to have been answered under Rule 38.

**ਕਾਮਰੇਡ ਸੱਤ ਪਾਲ ਡਾਂਗ** : ਆਨ-ਏ-ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, 3 ਵਜਣ ਵਿਚ ਵੀ ਹਾਲਾਂ 2 ਮਿੰਟ ਰਹਿੰਦੇ ਹਨ ਅਤੇ ਜਿਹੜਾ ਵਕਤ ਆਬੀਚੁਅਰੀ ਰੈਫਰੈਂਸਿਜ਼ ਤੇ ਲੱਗਿਆ ਹੈ, ਉਹ ਵੀ ਕੁਐਸਚਨ ਆਵਰ ਵਿਚ ਨਹੀਂ ਗਿਣਿਆ ਜਾਂਦਾ। ਇਸ ਬਾਰੇ ਕਲੀਅਰ ਫੈਸਲਾ ਹੋਇਆ ਹੈ । 10 ਮਿੰਟ ਤਾਂ ਆਬੀਚੁਅਰੀ ਰੈਫਰੈਂਸਿਜ਼ ਤੇ ਲੱਗ ਗਏ ਸਨ । ਇਸ ਕਰਕੇ ਕੁਐਸਚਨ ਆਵਰ ਵਧਾ ਦੇਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

**Mr. Speaker** : Yes, I agree. I am thankful for pointing out. I allow five minutes more for questions.

---

**ਰਾਜ ਵਿਚ ਪਿੰਡਾਂ ਨੂੰ ਬਿਜਲੀ ਦੇਣ ਲਈ ਕਰੈਸ਼ ਪਰੋਗਰਾਮ**

***3594 ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਕੀ ਲੋਕ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :

(ੳ) ਕੀ ਸਰਕਾਰ ਨੇ ਰਾਜ ਵਿਚ ਪਿੰਡਾਂ ਨੂੰ ਬਿਜਲੀ ਦੇਣ ਲਈ ਕੋਈ ਕਰੈਸ਼ ਪਰੋ- ਗਰਾਮ ਸ਼ੁਰੂ ਕੀਤਾ ਹੈ ;

(ਅ) ਰਾਜ ਵਿਚ ਸਾਰੇ ਪਿੰਡਾਂ ਵਿੱਚ ਬਿਜਲੀ ਦੇਣ ਬਾਰੇ ਲਗਭਗ ਕਿੰਨਾ ਕੁ ਸਮਾਂ ਲਗੇਗਾ ?

**ਸ੍ਰੀ ਖੁਸ਼ਹਾਲ ਬਹਿਲ** (ਉਪ ਮੰਤਰੀ, ਘਰੇਲੂ ਉਦਯੋਗ) : (ੳ) ਹਾਂ ਜੀ ।

(ਅ) 2 ਅਕਤੂਬਰ, 1977 ਤੱਕ ਰਾਜ ਦੇ ਸਾਰੇ ਪਿੰਡਾਂ ਦਾ ਬਿਜਲੀਕਰਣ ਹੋਣ ਦੀ ਸੰਭਾਵਨਾ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ 2 ਅਕਤੂਬਰ, 1977 ਤਕ ਬਿਜਲੀਕਰਨ ਹੋਣ ਦੀ ਸੰਭਾਵਨਾ ਹੈ । ਇਸ ਸਬੰਧ ਵਿਚ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਕਿ ਜੋ ਹਰ ਇਕ ਪਿੰਡ ਵਿਚ ਬਿਜਲੀ ਦੇਣ ਦਾ ਮਕਸਦ ਹੈ ਉਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਇਕ ਪਿੰਡ ਵਿਚ ਇਕ ਕੁਨੈਕਸ਼ਨ ਦੇ ਕੇ ਫਿਰ ਦੂਜੇ ਪਿੰਡ ਵਿਚ ਚਲਿਆ ਜਾਵੇ ਅਤੇ ਇਸੇ ਤਰ੍ਹਾਂ ਉਥੇ ਇਕ ਕੁਨੈਕਸ਼ਨ ਦੇਕੇ ਫਿਰ ਤੀਜੇ ਪਿੰਡ ਵਿਚ ਚਲਿਆ ਜਾਵੇ । ਮੈਂ ਇਹ ਪੁੱਛਦਾ ਹਾਂ ਕਿ ਜਿਹੜੇ ਪਿੰਡਾਂ ਵਿਚ ਲੋਕਾਂ ਨੇ ਸਿਕਿਊਰਟੀ ਦਿੱਤੀ ਹੁੰਦੀ ਹੈ ਉਨ੍ਹਾਂ ਨੂੰ ਉਸ ਵੇਲੇ ਬਿਜਲੀ ਨਹੀਂ ਦਿੱਤੀ ਜਾਂਦੀ ਅਤੇ ਫਿਰ ਸਾਲਹਾ ਸਾਲ ਲਗ ਜਾਂਦੇ ਹਨ, ਬਿਜਲੀ ਦੇਣ ਵਿਚ ਕੀ ਮਨਿਸਟਰ ਸਾਹਿਬ, ਇਸ ਵਲ ਕੋਈ ਕਦਮ ਚੁੱਕਣਗੇ ?

**ਉਪ ਮੰਤਰੀ :** ਸਪੀਕਰ ਸਾਹਿਬ ਐਸੀ ਕੋਈ ਗਲ ਤਾਂ ਨਹੀਂ ਹੈ ਅਗਰ ਕੋਈ ਸਪੈਸਿਫਿਕ ਕੇਸ ਹੈ ਤਾਂ ਦਸ ਦੇਣ । ਅਸੀਂ ਪਤਾ ਕਰ ਲਵਾਂਗੇ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਸਪੀਕਰ ਸਾਹਿਬ, ਗਲ ਤਾਂ ਉਹੀ ਹੈ ਜੋ ਜੋਸ਼ ਸਾਹਿਬ ਨੇ ਕਹੀ ਹੈ, ਵਜ਼ੀਰ ਸਾਹਿਬ ਮੰਨਣ ਜਾਂ ਨਾ ਮੰਨਣ । ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਜਿਹੜੀਆਂ ਮਾਰਕੀਟ ਕਮੇਟੀਆਂ ਪੈਸਾ ਨਹੀਂ ਦੇ ਸਕਦੀਆ ਉਥੇ ਬਿਜਲੀ ਨਹੀਂ ਦਿੱਤੀ ਜਾਂਦੀ । ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ....

**ਸ੍ਰੀ ਸਪੀਕਰ :** ਬੇਨਤੀ ਨਾ ਕਰੋ, ਸਵਾਲ ਕਰੋ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਬੇਨਤੀ ਦੇ ਨਾਲ ਹੀ ਸਵਾਲ ਕੀਤਾ ਜਾਣਾ ਹੈ ਜੀ । ਮੈਂ ਤਾਂ ਇਹ ਪੁਛਦਾ ਹਾਂ ਕਿ ਜਿਹੜੀਆਂ ਮਾਰਕਿਟ ਕਮੇਟੀਆਂ ਕੋਲ ਟਕਾ ਪੈਸਾ ਨਹੀਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਅਤੇ ਨਾ ਹੀ ਉਨ੍ਹਾਂ ਕੋਲ ਪੈਸਾ ਇਕੱਠਾ ਕਰਨ ਲਈ ਰਿਸੋਰਸਿਜ਼ ਹਨ, ਕੀ ਉਨ੍ਹਾਂ ਨੂੰ ਵੀ ਇਹ ਬਿਜਲੀ ਦੇਣ ਦਾ ਇੰਤਜ਼ਾਮ ਕਰਨਗੇ ?

**ਉਪ ਮੰਤਰੀ :** ਸਪੀਕਰ ਸਾਹਿਬ, ਜਵਾਬ ਤਾਂ ਕਲੀਅਰ ਹੈ ਕਿ ਜ਼ਰੂਰੀ ਨਹੀਂ ਕਿ ਜਿਹੜੇ ਪੈਸੇ ਦੇਣ ਉਨ੍ਹਾਂ ਨੂੰ ਹੀ ਬਿਜਲੀ ਦੇਣੀ ਹੈ। ਬਿਜਲੀ ਤਾਂ ਆਰ. ਈ. ਪੀ. ਦੇ ਮੁਤਾਬਿਕ ਹਰ ਪਿੰਡ ਨੂੰ ਹੀ ਦਿਤੀ ਜਾਣੀ ਹੈ। ਇਹ ਬਿਜਲੀ ਦੇਣ ਲਈ ਇਲੈਕਟ੍ਰੀਸਿਟੀ ਬੋਰਡ ਪਾਸ ਵੀ ਰਿਸੋਰਸਿਜ਼ ਹਨ ਔਰ ਅਸੀਂ ਤਾਂ ਬਿਜਲੀ ਦੇਣ ਦਾ ਪਰੋਗਰਾਮ 100% ਐਚੀਵ ਕਰਨਾ ਹੈ (ਤਾੜੀਆਂ)

**Mr. Speaker :** Next *3612 by Mr. Jasdev Kaur Sandhu.

**ਨਿਸ਼ਾਨ ਵਾਲਾ ਪ੍ਰਸ਼ਨ ਨੰ: 3612**

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਾ ਕੀਤਾ ਗਿਆ)

---

**ਰੋਪੜ ਵਿਖੇ ਵੀਰਜ ਬੈਂਕ ਸਥਾਪਤ ਕਰਨਾ**

*3639. **ਸਰਦਾਰ ਗੁਰਬਚਨ ਸਿੰਘ** (ਰੋਪੜ) : ਕੀ ਵਿਕਾਸ ਤੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ;

(ੳ) ਕੀ ਰੋਪੜ ਵਿਖੇ ਵੀਰਜ ਬੈਂਕ ਸਥਾਪਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਕੀ ਇਹ ਬੈਂਕ ਜੰਮੇ ਹੋਏ (ਫਰੋਜ਼ਨ) ਵੀਰਜ ਦਾ ਹੋਵੇਗਾ ;

(ਅ) ਕਦੋਂ ਕੁ ਤੱਕ ਬੈਂਕ ਸਥਾਪਤ ਕੀਤੇ ਜਾਣ ਅਤੇ ਇਸ ਦੇ ਲੋੜੀਂਦੇ ਅਮਲੇ ਦੀ ਨਿਯੁਕਤੀ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸੰਤੋਖ ਸਿੰਘ ਰੰਧਾਵਾ :** (ੳ) ਹਾਂ ਜੀ, ਸਥਾਪਤ ਕੀਤਾ ਜਾ ਚੁੱਕਾ ਹੈ ਜੋ ਕਿ ਤਰਲ (ਲਿਕਅਡ) ਸੀਮਨ ਬੈਂਕ ਹੈ ਨਾਂ ਕਿ ਜੰਮੇ ਹੋਏ (ਫਰੋਜ਼ਨ) ਵੀਰਜ ਦਾ ਬੈਂਕ।

(ਅ) ਸਥਾਪਤ ਹੋ ਚੁੱਕਿਆ ਹੈ ਤੇ 1 ਸਤੰਬਰ, 1975 ਤੋਂ ਅਮਲੇ ਦੀ ਨਿਯੁਕਤੀ ਕੀਤੀ ਜਾ ਚੁੱਕੀ ਹੈ।

---

**ਵਿਧਵਾ ਪੈਨਸ਼ਨਾਂ**

*3464 **ਕਾਮਰੇਡ ਸੱਘੜ ਸਿੰਘ** / **ਕਾਮਰੇਡ ਸੱਤ ਪਾਲ ਡਾਂਗ** } ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 15 ਦਸੰਬਰ, 1975 ਤੱਕ ਰਾਜ ਵਿਚ ਵਿਧਵਾ ਪੈਨਸ਼ਨਾਂ ਲਈ ਕੁੱਲ ਕਿਤਨੀਆਂ ਦਰਖਾਸਤਾਂ ਪੈਂਡਿੰਗ ਪਈਆਂ ਸਨ ;

(ਅ) ਕੀ ਇਹ ਸੱਚ ਹੈ ਕਿ ਫੰਡਾਂ ਦੀ ਘਾਟ ਕਾਰਨ ਕੋਈ ਵੀ ਨਵੀਂ ਵਿਧਵਾ ਪੈਨਸ਼ਨ ਮਨਜ਼ੂਰ ਨਹੀਂ ਕੀਤੀ ਜਾ ਰਹੀ ਹੈ ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੋਂ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੰਤੋਖ ਸਿੰਘ ਰੰਧਾਵਾ (ਰਾਜ ਮੰਤਰੀ, ਵਿਕਾਸ) :** (ੳ) ਵਿਧਵਾ ਅਤੇ ਨਿਆਸਰਿਤ ਔਰਤਾਂ ਲਈ ਵਿੱਤੀ ਸਹਾਇਤਾ ਸਕੀਮ ਅਧੀਨ ਮਿਤੀ 15 ਦਸੰਬਰ, 1975 ਤੱਕ 15,570 ਅਰਜ਼ੀਆਂ ਪੈਂਡਿੰਗ ਪਈਆਂ ਸਨ ।

(ਅ) ਵਾਧ ਫੰਡ ਮਿਲਣ ਦੀ ਸੰਭਾਵਨਾ ਨੂੰ ਮੁਖ ਰਖਦੇ ਹੋਏ ਇਸ ਸਕੀਮ ਅਧੀਨ 1 ਅਪਰੈਲ, 1975 ਤੋਂ 30 ਜੂਨ, 1975 ਤੱਕ ਕੇਵਲ 41 ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ । ਪਰ ਇਸ ਮੰਤਵ ਲਈ ਫੰਡ ਨਾ ਹੋਣ ਕਰਕੇ ਇਸ ਤੋਂ ਬਾਅਦ ਦੀਆਂ ਅਰਜ਼ੀਆਂ ਲੰਬਿਤ ਰੂਪ ਵਿਚ ਪਈਆਂ ਹਨ । ਹੁਣ ਮਿਤੀ 7 ਜਨਵਰੀ, 1976 ਨੂੰ 18,00,000 ਰੁਪਏ ਮਿਲਣ ਉਪਰੰਤ ਵਿੱਤੀ ਸਹਾਇਤਾ ਭੇਜਣ ਵਾਸਤੇ ਕਾਰਵਾਈ ਕੀਤੀ ਜਾ ਰਹੀ ਹੈ ।

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਹ ਜਿਹੜੀਆਂ 15 ਹਜ਼ਾਰ ਅਰਜ਼ੀਆਂ ਪੈਂਡਿੰਗ ਪਈਆਂ ਹਨ, ਇਨ੍ਹਾਂ ਵਿਚ ਬਹੁਤ ਸਾਰੀਆਂ ਅਰਜ਼ੀਆਂ ਉਹ ਹਨ ਜਿਹੜੀਆਂ ਕਿ ਜਿਸ ਵੇਲੇ ਸਰਕਾਰ ਨੇ ਕੈਂਪ ਲਗਾਏ ਸੀ ਤਾਂ ਉਸ ਵੇਲੇ ਆਈਆਂ ਸਨ । ਹੁਣ ਜਦੋਂ ਕਿ ਇਸ ਵਿਭਾਗ ਨੂੰ ਪੈਸਾ ਵੀ ਮਿਲ ਗਿਆ ਹੈ ਕੀ ਇਨ੍ਹਾਂ ਸਾਰੀਆਂ ਅਰਜ਼ੀਆਂ ਨੂੰ 2 ਜਾਂ 3 ਮਹੀਨੇ ਵਿਚ ਕਲੀਅਰ ਕਰ ਦੇਣਗੇ ?

**ਰਾਜ ਮੰਤਰੀ ਵਿਕਾਸ :** ਸਪੀਕਰ ਸਾਹਿਬ, ਇਹ ਸਕੀਮ 1968 ਵਿਚ ਚਲੀ ਸੀ ਅਤੇ ਉਸ ਵੇਲੇ 20 ਰੁਪਏ ਪੈਨਸ਼ਨ ਮੁਕੱਰਰ ਕੀਤੀ ਗਈ ਸੀ, ਬੇਵਾ ਦੀ । ਪਰ ਜਦੋਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਆਈ ਤਾਂ 1 ਅਪਰੈਲ, 1973 ਤੋਂ ਇਹ 50 ਰੁਪਏ ਪੈਨਸ਼ਨ ਮੁਕੱਰਰ ਕਰ ਦਿੱਤੀ ਗਈ । ਮੈਂ ਇਹ ਵੀ ਮੈਂਬਰ ਸਾਹਿਬ ਦੇ ਗਿਆਤ ਲਈ ਦਸ ਦੇਵਾਂ ਕਿ ਉਸ ਵੇਲੇ ਸਿਰਫ਼ 2,000 ਨੂੰ ਪੈਨਸ਼ਨ ਦਿੱਤੀ ਗਈ ਸੀ ਪਰ ਹੁਣ ਇਸ ਵੇਲੇ 7,500 ਨੂੰ ਪੈਨਸ਼ਨ ਦਿੱਤੀ ਜਾ ਰਹੀ ਹੈ । (ਤਾੜੀਆਂ) ਮੈਂ ਅੱਗੇ ਵੀ ਦਸਿਆ ਹੈ ਕਿ ਹੁਣ ਇਸ ਕੰਮ ਲਈ 18 ਲੱਖ ਰੁਪਿਆ ਹੋਰ ਮਿਲ ਗਿਆ ਹੈ ਅਤੇ ਮੇਰਾ ਖਿਆਲ ਹੈ ਕਿ ਬਹੁਤ ਸਾਰੀਆਂ ਅਰਜ਼ੀਆਂ ਜਿਹੜੀਆਂ ਕਿ ਕੈਂਪਾਂ ਵਿਚ ਲਈਆਂ ਗਈਆਂ ਸਨ ਉਨ੍ਹਾਂ ਨੂੰ ਜਲਦੀ ਹੀ ਪੈਨਸ਼ਨ ਦੇ ਦਿੱਤੀ ਜਾਵੇਗੀ ।

**ਕਾਮਰੇਡ ਅਰਜਨ ਸਿੰਘ ਮਸਤਾਨਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੈਂਪ ਲਵਾ ਕੇ ਸਰਕਾਰ ਨੇ ਬੜਾ ਚੰਗਾ ਕੰਮ ਕੀਤਾ ਸੀ । ਲੇਕਿਨ ਉਸ ਵੇਲੇ ਦੇ ਹਾਲੇ ਬਹੁਤ ਸਾਰੇ ਕਾਗਜ਼ ਥਲੇ ਹੀ ਪਏ ਹਨ, ਕੀ ਸਰਕਾਰ ਫੌਰੀ ਤੌਰ ਤੇ, ਉਹ ਜਿਹੜੇ ਕਾਗਜ਼ ਥਲੇ ਰੁਲਦੇ ਫਿਰਦੇ ਹਨ, ਉਨ੍ਹਾਂ ਤੇ ਫੈਸਲਾ ਕਰਨ ਦੀ ਕੋਸ਼ਿਸ਼ ਕਰੇਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੇ ਕੈਂਪ ਲਗਾਏ ਗਏ ਸਨ ਇਨ੍ਹਾਂ ਕੈਂਪਾਂ ਦੇ ਲਗਾਉਣ ਦਾ ਮਕਸਦ ਹੀ ਇਹ ਸੀ ਕਿ ਇਹ ਕਾਗਜ਼ ਇਧਰ ਉਧਰ ਨਾ ਫਿਰਦੇ ਰਹਿਣ । ਇਸ ਲਈ ਅਸੀਂ ਇਨ੍ਹਾਂ ਕੈਂਪਾਂ ਵਿਚ ਬੀ.ਡੀ.ਓ. ਨੂੰ ਵੀ ਬੁਲਾਇਆ ਸੀ, ਡਾਕਟਰਾਂ ਨੂੰ ਵੀ ਬੁਲਾਇਆ ਸੀ ਅਤੇ ਡਿਪਾਰਟਮੈਂਟ ਦਾ ਵੀ ਅਮਲਾ ਉਥੇ ਸੀ ਤਾਕਿ ਉਨ੍ਹਾਂ ਐਪਲੀਕੇਸ਼ਨਾਂ ਦੀ ਵੈਰੀਫੀਕੇਸ਼ਨ ਕਰਕੇ ਉਨ੍ਹਾਂ ਤੇ ਫੈਸਲਾ ਕੀਤਾ ਜਾ ਸਕੇ । ਇਹ ਤਾਂ ਮੈਂ ਪਹਿਲਾਂ ਹੀ ਦਸਿਆ ਹੈ ਕਿ ਹੁਣ ਪੈਸਾ ਮਿਲ ਗਿਆ ਹੈ ਅਤੇ ਅਸੀਂ ਉਨ੍ਹਾਂ ਐਪਲੀਕੇਸ਼ਨਾਂ ਨੂੰ ਜਲਦੀ ਤੋਂ ਜਲਦੀ ਨਿਪਟਾਵਾਂਗੇ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੈਂਪ ਲਗਾਉਣ ਦਾ ਮਕਸਦ ਹੀ ਇਹ ਸੀ ਕਿ ਅਰਜ਼ੀਆਂ ਅਨਕੰਪਲੀਟ ਨਾ ਰਹਿਣ ਅਤੇ ਇਹ ਦਰੁਸਤ ਹੋ ਸਕਣ। ਪਰ ਮੈਂ ਇਹ ਪੁਛਦਾ ਹਾਂ ਕਿ ਉਨ੍ਹਾਂ ਕੈਂਪਾਂ ਦੇ ਲਗਾਉਣ ਦੇ ਬਾਵਜੂਦ ਵੀ ਕਈ ਕੇਸਾਂ ਵਿਚ ਡਿਪਾਰਟਮੈਂਟ ਵਲੋਂ ਚਿੱਠੀਆਂ ਜਾ ਰਹੀਆਂ ਹਨ ਕਿ ਤੁਹਾਡੀ ਐਪਲੀਕੇਸ਼ਨ ਵਿਚ ਫਲਾਣੀ ਫਲਾਣੀ ਕਮੀ ਹੈ। ਇਸ ਨਾਲ ਉਨ੍ਹਾਂ ਨੂੰ ਬੜੀ ਦਿਕੱਤ ਹੁੰਦੀ ਹੈ, ਇਸ ਲਈ ਕੀ ਇਹ ਕੋਈ ਅਜਿਹਾ ਪ੍ਰਬੰਧ ਕਰਨਗੇ ਕਿ ਉਨ੍ਹਾਂ ਨੂੰ ਇਹ ਦਿੱਕਤਾਂ ਨਾ ਹੋਣ ਅਤੇ ਉਨ੍ਹਾਂ ਨੂੰ ਪੈਨਸ਼ਨ ਮਿਲ ਸਕੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਕੁਝ ਅਰਜ਼ੀਆਂ ਐਸੀਆਂ ਹਨ ਜਿਨ੍ਹਾਂ ਵਿਚ ਕਿ ਕਮੀ ਰਹਿ ਗਈ ਸੀ, ਇਸ ਲਈ ਉਨ੍ਹਾਂ ਨੂੰ ਦੁਬਾਰਾ ਲਿਖ ਕੇ ਉਹ ਕਮੀ ਪੂਰੀ ਕਰਵਾਈ ਜਾ ਰਹੀ ਹੈ। ਪਰ ਮੈਂ ਤਾਂ ਇਹ ਪਹਿਲੇ ਵੀ ਦਸਿਆ ਹੈ ਕਿ ਹੁਣ 18 ਲੱਖ ਰੁਪਿਆ ਇਸ ਕੰਮ ਲਈ ਹੋਰ ਮਿਲ ਗਿਆ ਹੈ ਅਤੇ ਅਮਲਾ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਹੋਰ ਵਧਾ ਲਿਆ ਜਾਵੇ। ਜਿਸ ਵੇਲੇ ਇਹ ਅਮਲਾ ਮਿਲ ਗਿਆ, ਉਨ੍ਹਾਂ ਨੂੰ ਪੈਨਸ਼ਨ ਜਲਦੀ ਮਿਲ ਜਾਵੇਗੀ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪਿੰਡਾਂ ਅਤੇ ਬਲਾਕਾਂ ਵਿਚ ਇਹ ਕੈਂਪ ਲਗਾਏ ਗਏ ਸੀ ਕੀ ਉਸੇ ਤਰ੍ਹਾਂ ਇਹ ਸ਼ਹਿਰਾਂ ਵਿਚ ਵੀ ਕੈਂਪ ਲਗਾਉਣਗੇ ?

**ਰਾਜ ਮੰਤਰੀ** : ਇਸ ਵਿਚੋਂ ਇਹ ਸਵਾਲ ਨਹੀਂ ਉਠਦਾ।

**ਚੌਧਰੀ ਕਾਂਸ਼ੀ ਰਾਮ** : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਵਿਭਾਗ ਦਾ ਪੈਨਸ਼ਨ ਤੇ ਕਿੰਨਾ ਖਰਚ ਹੋਇਆ ਹੈ ਅਤੇ ਕੀ ਉਸ ਨਾਲੋਂ ਇਸ ਦੀ ਐਸਟੈਬਲਿਸ਼ਮੈਂਟ ਤੇ ਜ਼ਿਆਦਾ ਖਰਚ ਨਹੀਂ ਹੋਇਆ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

**Mr. Speaker** : Question hour is over. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly.

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### DHARAMSALAS

+3613. **Mrs. Jasdev Kaur Sandhu** : Will the Minister of State for Social Welfare be pleased to state :-

(a) the names of villages in which Harijan Dharamsalas were sanctioned during 1975-76 in each Assembly Constituency of District Patiala ;

Original with;
Punjab Vidhan Sabha
Digitized by;
Panjab Digital Library

(b) whether the construction of all the Dharamsalas referred to in part (a) above has been completed ; if not, the approximate time by which it is likely to be completed ?

ਕੁਮਾਰੀ ਸਰਲਾ ਪ੍ਰਾਸ਼ਰ : (ੳ) ਲੋੜੀਂਦੀ ਸੂਚਨਾ ਅਨੁਲਗ 'ੲ' ਵਿਚ ਅੰਕਿਤ ਹੈ ਜੋ ਸਦਨ ਦੀ ਟੇਬਲ ਤੇ ਪੇਸ਼ ਹੈ ।

(ਅ) ਇਨ੍ਹਾਂ ਸਭਨਾਂ ਧਰਮਸ਼ਾਲਾਵਾਂ ਦੀ ਉਸਾਰੀ ਜਾਰੀ ਹੈ ਅਤੇ ਇਸ ਕੰਮ ਦੇ ਇਕ ਸਾਲ ਦੇ ਅੰਦਰ ਅੰਦਰ ਮੁਕੰਮਲ ਹੋਣ ਦੀ ਸੰਭਾਵਨਾ ਹੈ ।

## ANNEXURE A

**Dharamshala Scheme for the year 1975-76 District Patiala**

| Sr. No. | Name of Village | Tehsil | New/Old | Amount | Constituency M.L.A. Wise |
|---|---|---|---|---|---|
| 1 | 2 | 3 | 4 | 5 | 6 |
| 1. | Burar | Samana | New | 7,000 | Sh. Gurdev Singh Sidhu, (Samana) |
| 2. | Matauli | Samana | New | 7,000 | ,, |
| 3. | Dedhalan | Do | Do | 7,000 | ,, |
| 4. | Rattan Reri | ,, | ,, | 7,000 | ,, |
| 5. | Burar | ,, | ,, | 7,000 | ,, |
| 6. | Bijal Pur (Bazigar Basti) | ,, | ,, | 7,000 | Smt. Jasdev Kaur Sandhu (Dakala) |
| 7. | Rajala (Basti Bazigar) | ,, | ,, | 7,000 | ,, |
| 8. | Bujrak | ,, | ,, | 7,000 | Sh. Gurdev Singh Sidhu (Samana) |
| 9. | Kartarpur Momian | ,, | ,, | 7,000 | ,, |
| 10. | Kheri Gurana | Rajpura | ,, | 7.000 | Sh. Hans Raj Sharma (Banaur) |
| 11. | Banur (Ramdasia Moh.) | ,, | ,, | 7,000 | ,, |
| 12. | Uthsar | ,, | ,, | 7,000 | Sh. Prem Singh Prem (Raipur) |

Original with;
Punjab Vidhan Sabha
Digitized by;
Panjab Digital Library

| Sr. No. | Name of Village | Tehsil | New/Old | Amount | Constituency M.L.A. wise |
|---|---|---|---|---|---|
| 1 | 2 | 3 | 4 | 5 | 6 |
| 13. | Jalalpur | Rajpura | New | 7,000 | Sh. Hans Raj Sharma (Finance Minister, Pb.) (Banur) |
| 14. | Devi Nagar | ,, | ,, | 7,000 | ,, |
| 15. | Alal Majara | ,, | ,, | 7,000 | Sh. Brij Lal Goyal (Rajpura) |
| 16. | Ram Garh | ,, | ,, | 7,000 | ,, |
| 17. | Kheri Jattan | ,, | ,, | 7,000 | Sh. Hans Raj Sharma (Banur) |
| 18. | Basama Colony | ,, | ,, | 7,000 | ,, |
| 19. | Gurdaspur | ,, | ,, | 7,000 | Sh. Brij Lal Goyal (Rajpura) |
| 20. | Sarala Khurd | ,, | ,, | 7,000 | Sh. Prem Singh Prem (Raipur) |
| 21. | Chhar Bar | ,, | ,, | 7,000 | Sh. Hans Raj Sharaw (Banur) |
| 22. | Nepara | ,, | ,, | 7,000 | ,, |
| 23. | Makaropur | Sirhind | ,, | 7.000 | Sh. Randhir Singh Cheema (Sirhind) |
| 24. | Pehororur (Bherorur) | ,, | ,, | 7,000 | ,, |
| 25. | Mir Pur | ,, | ,, | 7,000 | Sh. Harchand Singh (Amloh) |
| 26. | Kala Majra | ,, | ,, | 7,000 | Sh. Randhir Singh Cheema (Sirhind) |
| 27. | Bhal Majara | ,, | ,, | 7,000 | Sh. Harchand Singh (Amloh) |
| 28. | Bhemasri Baland | ,, | ,, | 7,000 | ,, |
| 29. | Loha Kheri | ,, | ,, | 7,000 | Sh. Randhir Singh Cheema (Sirhind) |
| 30. | Rewana Bhola | ,, | ,, | 7,000 | Sh. Harchand Singh (Amloh) |
| 31. | Balahari Khurd | ,, | ,, | 7,000 | Sh. Randhir Singh Cheema (Sirhind) |
| 32. | Wazidpur | ,, | ,, | 7,000 | ,, |
| 33. | Gopalo Kheria | ,, | ,, | 7.000 | ,, |
| 34. | Nanwal | ,, | ,, | 7,000 | ,, |

Original with;
Punjab Vidhan Sabha
Digitized by;
Panjab Digital Library

| Sr. No. | Name of Village | Tehsil | New/Old | Amount | Constituency M.L.A. Wise |
|---|---|---|---|---|---|
| 1 | 2 | 3 | 4 | 5 | 6 |
| 35. | Dera Mir Miran | Sirhind | New | 7,000 | Sh. Randhir Singh Cheema (Sirhind |
| 36. | Sefal Pur | ,, | ,, | 7,000 | Sh. Harchand Singh (Amloh) |
| 37. | Badwala | ,, | ,, | 7,000 | Sh. Randhir Singh Cheema (Sirdind) |
| 38. | Jandali | ,, | ,, | 7,000 | ,, |
| 39. | Jora Rasulpur | Patiala | ,, | 7,000 | Sh. Prem Singh Prem (Raipur) |
| 40. | Kishanpur | ,, | ,, | 7,000 | ,, |
| 41. | Ghanaur | ,, | ,, | 7,000 | ,, |
| 42. | Kheri Malla | ,, | ,, | 7,000 | Smt. Jasdev Kaur Sandhu (Dakala) |
| 43. | Nansu | ,, | ,, | 7,000 | ,, |
| 44. | Kartarpur Charso | ,, | ,, | 7.000 | ,, |
| 45. | Nur Kherian | ,, | ,, | 7,000 | ,, |
| 46. | Ucha Garaon | ,, | ,, | 7,000 | ,, |
| 47. | Dablan | ,, | ,, | 7,000 | ,, |
| 48. | Bathoi Khurd (Dera Dashmesh Nagar) | ,, | ,, | 7,000 | ,, |
| 49. | Dughat | ,, | ,, | 7,000 | ,, |
| 50. | Gupalpur | ,, | ,, | 7,000 | ,, |
| 51. | Agani | ,, | ,, | 7,000 | ,, |
| 52. | Jasowal | ,, | ,, | 7,000 | ,, |
| 53. | Darola | ,, | ,, | 7,000 | ,, |
| 54. | Bishanpura Chhahan | ,, | ,, | 7,000 | ,, |
| 55. | Dadoa | ,, | ,, | 7,000 | ,, |
| 56. | Punjoto (Bazigar) | ,, | ,, | 7,000 | ,, |
| 57. | Mudkara | ,, | ,, | 7,000 | ,, |
| 58. | Khera Musalman | ,, | ,, | 7,000 | ,, |
| 59. | Jhambu | ,, | ,, | 7,000 | ,, |

Original with;
Punjab Vidhan Sabha
Digitized by;
Panjab Digital Library

[ਸਮਾਜ ਭਲਾਈ ਦੇ ਰਾਜ ਮੰਤਰੀ]

| S. No. | Name of Village | Tehsil | New/Old | Amount | Constituency M.L.A. Wise |
|---|---|---|---|---|---|
| 1 | 2 | 3 | 4 | 5 | 6 |
| 60. | Gubmara | Patiala | New | 7,000 | Smt. Jasdev Kaur Sandhu (Dakala) |
| 61. | Partapgarh | ,, | ,, | 7,000 | ,, |
| 62. | Rasulpur Saìda | ,, | ,, | 7,000 | ,, |
| 63. | Sadarpur | ,, | ,, | 7,000 | ,, |
| 64. | Matan Kalan | ,, | ,, | 7,000 | Sh. Prem Singh Prem (Raipur) |
| 65. | Ablowal | ,, | ,, | 7,000 | Smt. Jasdev Kaur (Dakala) |
| 66. | galoai Khurd | ,, | ,, | 7,000 | ,, |
| 67. | Jafar Pur | ,, | ,, | 7,000 | ,, |
| 68. | Badugar | ,, | ,, | 7,000 | ,, |
| 69. | Bartana | Rajpura | ,, | 7,000 | Sh. Hans Raj Sharma (Banur) |
| 70. | Ishapur | ,, | ,, | 7,000 | ,, |
| 71. | Behrampur | ,, | ,, | 7,000 | ,, |
| 72. | Mandi | ,, | ,, | 7000 | ,, |
| 73. | Mirpur | ,, | ,, | 7,000 | ,, |
| 74. | Kasoli | ,, | ,, | 7,000 | ,, |
| 75. | Dage Dhere | ,, | ,, | 7,000 | ,, |
| 76. | Nimbia | ,, | ,, | 7,000 | ,, |
| 77. | Bhankharpur | ,, | ,, | 7,000 | ,, |
| 78. | Sangarpur | ,, | ,, | 7,000 | ,, |
| 79. | Baltana | ,, | ,, | 7,000 | ,, |
| 80. | Mahibala | ,, | ,, | 7,000 | |
| 81. | Gulabgarh | ,, | ,, | 7,000 | ,, |
| 82. | Harìpur Kahra | ,, | ,, | 7,000 | ,, |
| 83. | Chanbaso | ,, | ,, | 7,000 | ,, |
| 84. | Sastana Kula | ,, | ,, | 7,000 | ,, |
| 85. | Lalroo Mandi | ,, | Old | 3,000 | ,, |
| | | | | 5,91,000 | |

Original with;
Punjab Vidhan Sabha
Digitized by;
Panjab Digital Library

## ਨੰਗਲ ਵਿਖੇ ਦਿਮਾਗੀ ਤੌਰ ਤੇ ਅਸਵਸਥ ਬੱਚਿਆਂ ਲਈ ਪ੍ਰਾਈਵੇਟ ਸੰਸਥਾਵਾਂ ਨੂੰ ਅਧਿਕਾਰ ਹੇਠ ਲੈਣਾ

*3465. ਕਾਮਰੇਡ ਸੱਘੜ ਸਿੰਘ, ਕਾਮਰੇਡ ਸੱਤ ਪਾਲ ਡਾਂਗ : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਪਿਛਲੇ ਦੋ ਸਾਲਾਂ ਦੇ ਦੌਰਾਨ ਰਾਜ ਸਰਕਾਰ ਨੇ ਨੰਗਲ ਵਿਖੇ ਦਿਮਾਗੀ ਤੌਰ ਤੇ ਅਸੱਵਸਥ ਬੱਚਿਆਂ ਲਈ ਕਿਸੇ ਪ੍ਰਾਈਵੇਟ ਸੰਸਥਾ ਨੂੰ ਆਪਣੇ ਅਧਿਕਾਰ ਹੇਠ ਲਿਆ ਹੈ ; ਜੇਕਰ ਅਜਿਹਾ ਹੋਵੇ ਤਾਂ ਕਿਹੜੀ ਤਰੀਕ ਨੂੰ ਇਹ ਸੰਸਥਾ ਅਧਿਕਾਰ ਹੇਠ ਲਈ ਗਈ ਸੀ ;

(ਅ) ਕੀ ਇਹ ਸੱਚ ਹੈ ਕਿ ਉਕਤ ਸੰਸਥਾ ਦੇ ਅਮਲੇ ਨੂੰ ਲਗਭਗ ਪਿਛਲੇ 8 ਮਹੀਨਿਆਂ ਤੋਂ ਤਨਖਾਹ ਦੀ ਅਦਾਇਗੀ ਨਹੀਂ ਕੀਤੀ ਗਈ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ ?

**ਕੁਮਾਰੀ ਸਰਲਾ ਪਰਾਸ਼ਰ** (ਰਾਜ ਮੰਤਰੀ, ਸਮਾਜ ਭਲਾਈ) : (ੳ) ਜੀ ਹਾਂ ; ਮਿਤੀ 29 ਮਾਰਚ, 1975 ।

(ਅ) ਸੰਸਥਾ ਦੇ 4 ਸਟਾਫ ਮੈਂਬਰ ਸੰਸਥਾ ਨੂੰ ਸੰਭਾਲਣ ਵੇਲੇ ਤੋਂ ਹੀ ਬਾਕਾਇਦਾ ਤੌਰ ਤੇ ਤਨਖਾਹ ਲੈ ਰਹੇ ਹਨ। ਬਾਕੀ ਕਰਮਚਾਰੀਆਂ ਦੇ ਵੇਤਨ ਦੀ ਅਦਾਇਗੀ ਪਹਿਲੀ ਪ੍ਰਬੰਧਕ ਕਮੇਟੀ ਨਾਲ ਸੰਸਥਾ ਨੂੰ ਲਏ ਜਾਣ ਸਬੰਧੀ ਸ਼ਰਤਾਂ ਬਾਰੇ ਰਸਮੀ ਇਕਰਾਰਨਾਮੇ ਨੂੰ ਅੰਤਮ ਰੂਪ ਦਿੱਤੇ ਜਾਣ ਦੀ ਘਾਟ ਕਾਰਨ ਰੋਕੀ ਗਈ ਸੀ ਪਰ ਹੁਣ ਉਨ੍ਹਾਂ ਨੂੰ ਆਰਜ਼ੀ (ਪਰੋਵੀਜ਼ਨਲ) ਆਧਾਰ ਤੇ ਤਨਖਾਹ ਦਿੱਤੀ ਗਈ ਹੈ ।

———

## MEETING OF CHAIRMEN OF ALL THE ELECTRICITY BOARDS HELD IN NEW DELHI

*3580. **Comrade Satya Pal Dang** : Will the Minister of State for Irrigation and Power be pleased to state—

(a) whether it is a fact that a meeting took place in New Delhi on 14th August, 1975 of Chairmen of all the Electricity Boards in the country, Representatives of Unions, Associations of Employees of these Boards and Union Labour Ministry and the Union Energy Ministry ;

Original with;
Punjab Vidhan Sabha
Digitized by;
Panjab Digital Library

[Comrade Satya Pal Dang]

(b) whether any representative of the State Government also attended the said meeting ; if so, his name ;

(c) whether the State Government has received the recommendation, if any, made at the said meeting ; if so, a statement containing these recommendations along with the details of the action taken by the Government on each recommendation laid on the Table of the House?

ਸਰਦਾਰ ਗੁਰਬਖਸ਼ ਸਿੰਘ ਸਿਬੀਆ :—(ੳ) ਹਾਂ ਜੀ ।

(ਅ) ਨਹੀਂ ਜੀ ।

(ੲ) ਹਾਂ ਜੀ । ਇਕ ਬਿਆਨ ਜਿਸ ਵਿਚ ਇਹ ਸਿਫਾਰਸ਼ਾਂ ਅਤੇ ਜੋ ਕਾਰਵਾਈ ਉਨ੍ਹਾਂ ਤੇ ਕੀਤੀ ਗਈ, ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

**Guidelines approved in the meeting convened by the Union Labour Minister at New Delhi on the 14th August, 1975, to discuss problems relating to increasing production and productivity in the electricity industry, avoidance of transmission losses and better collection of revenues, etc.**

———

For the speedy and effective implementation of the 20-Point economic programme announced by the Prime Minister, particularly those items of the programme pertaining to the electricity industry and workers participation, this conference convened by the Government of India, of the representatives of employees and workers, Organisations in the electricity industry, arrived at the following guidelines for optimising the efficiency of operation of the electricity systems and for associating representatives of the workers' Organisations on the operational activities of the systems at appropriate levels. In associating representatives of workers' Organisations, representation may be given only to those Organisations that have un-reservedly committed themselves to the successful implementation of the 20-Point economic programme :—

(i) Joint Committees of representatives of managements and of trade union organisation should be set up at each district or sub-divisional level. These Committees will, in addition to acting as Vigilance Committees to prevent, sabotage, theft of power and abuses in the use of stores, be also responsible for the task of improving operational efficiency of the system and ensuring consumers' satisfaction besides consideration of suggestions that may be made by individual or group of workmen, with a view to their adoption.

(ii) Similar Committees should also be set at each generating station, which will be responsible for proper operation and maintenance of equipment, availability of spares etc.

(iii) Such Committees should also be set for each project to be responsible for reviewing the progress of work and for adopting measures for the timely and economical completion of project.

(i) to (iii) This issue was discussed in a meeting held on 10th Sept., 1975 between the representatives of the Punjab State Electricity Board and its employees Federation. It was decided that the same may be considered after ascertaining the pattern available in other States.

Original with;
Punjab Vidhan Sabha
Digitized by;
Panjab Digital Library

| | |
|---|---|
| (iv) At the Electricity Board level, a Joint Committee of Management and the representatives of trade union organisations should be set up, this Committee should be enabled to discuss all aspects of the functioning of the power system of the Electricity Board. | (iv) A Consultative Committee had already been formed under the Electricity Supply Act, 1948. The term of the said Committee formed under the Act has expired. Re-constituting of the new Committee is under consideration with the Government. |
| (v) These Committees should meet as frequently, as is necessary but in any case once in three months. Representation to trade union organisations on these Committees may be given to the nominees of All-India Federations and of such other trade unions/organisations committed to the 20-Point Programme, as the management may consider necessary to be represented at the appropriate level on such committees. There should be full exchange of information so as to enable the committees to function effectively. Unanimous decisions of these Committees should be implemented within a specified period of time as may be indicated in the decisions themselves. These Committees would also be responsible for reviewing the implementation of the decisions. | (v) The Committee will hold meetings as frequently as is necessary but in any case once in three months. Representation will be given to the nominees of All India Federations and of such other Trade Unions/Organisations who were committed to 20-Point Programme as the management may consider necessary to be represented at the appropriate level of such committees. |
| (vi) Keeping in view the substantial number of workmen under various Electricity Boards and undertakings who are still borne on the nominal muster rolls (NMR), the system of NMR should not be resorted to in respect of work of a permanent or continuing nature. In all other cases, where NMR workers have been in employment for a period of 3 years or more, all such workers must be regularised in as short a time as possible, in a phased manner. It was strongly felt that all NMR workers should be paid wages at rates not lower than the lowest rates of wages paid to regular workers of that category and it was agreed that the Minister of Energy and Minister of Labour will jointly communicate these feelings to the Chief Ministers for taking appropriate action on this. | (vi) The issue of the regularisation of workers who are still on Nominal Muster Rolls is already under active consideration. |
| (vii) Overtime work must, as far as possible, be eliminated. To achieve this, overtime should normally be resorted to only for urgent operational reasons. At the same time, norms of work should be evolved, without delay Working may be adopted in consultation with the Unions wherever necessary. | (vii) The guidelines for the elimination of overtime is engaging attention of the Board. The Board has already taken steps to effect economy and this will be considered in the true spirits. |

Original with;
Punjab Vidhan Sabha
Digitized by;
Panjab Digital Library

[ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ]

| | |
|---|---|
| (viii) To enable workers acquire and upgrade their skills, it is necessary to implement the provisions of the Apprentices Act, fully, Apprentice training facilities should be made available at the major project sites and/or at other suitable places. Priority for apprenticeship training should be given to those persons (or their dependants or wards) whose lands have been acquired for projects and who have been consequently displaced. | (viii) Apprenticeship Act, 1961 is already being implemented in the Board. |
| (ix) It should be examined whether long standing disputes cannot be settled as quickly as possible, including settlements outside the Courts. | (ix) A separate wing is already functioning in the Board to guide the Field Officers in the implementation of the Labour Laws, etc. Efforts are being made to settle the long outstanding issues outside the Courts. |
| (x) Efforts must be made to extend the Public distribution system to power station colonies which may be outside the areas covered by the Public Distribution system | (x) Arrangements have been made for providing commodities to the staff through the Public Distribution System at the Board's Colony, Bhatinda. Such facilities are proposed to be extended to other colonies as well it is considered viable. |

---

## ਦਰਿਆ ਟਾਂਗਰੀ ਦੇ ਖੱਬੇ ਪਾਸੇ ਬੰਧ ਬਣਾਉਣਾ

*3668. **ਸਰਦਾਰ ਪ੍ਰੇਮ ਸਿੰਘ ਪ੍ਰੇਮ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਪਟਿਆਲਾ, ਬਲਾਕ ਭੁਨਰਹੇੜੀ ਵਿਚੋਂ ਲੰਘਦੇ ਦਰਿਆ ਟਾਂਗਰੀ ਦੇ ਖੱਬੇ ਪਾਸੇ ਬੰਧ ਬਣਾਉਣ ਦੀ ਸਕੀਮ ਨੂੰ ਮਨਜ਼ੂਰੀ ਦਿੱਤੀ ਗਈ ਹੈ ; ਜੇਕਰ ਅਜਿਹਾ ਹੋਵੇ ਤਾਂ ਕਿਹੜੀ ਤਰੀਕ ਨੂੰ ਮਨਜ਼ੂਰੀ ਦਿੱਤੀ ਗਈ ਸੀ;

(ਅ) ਕੀ ਇਸ ਬੰਧ ਨੂੰ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ; ਜੇ ਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ;

(ੲ) ਕੰਮ ਕਦੋਂ ਤਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ** : (ੳ) ਟਾਂਗਰੀ ਨਦੀ ਦੇ ਖੱਬੇ ਪਾਸੇ ਹੜ੍ਹਾਂ ਨੂੰ ਰੋਕਣ ਦਾ ਬੰਨ੍ਹ ਪਹਿਲਾਂ ਹੀ ਮਨਜ਼ੂਰ ਹੈ । ਹਾਂ, ਇਸ ਬੰਨ੍ਹ ਨੂੰ ਉੱਚਾ ਅਤੇ ਮਜ਼ਬੂਤ ਕਰਨ ਲਈ ਇਕ ਪ੍ਰਾਜੈਕਟ ਐਸਟੀਮੇਟ 5 ਜਨਵਰੀ, 1976 ਨੂੰ ਮਨਜ਼ੂਰ ਕੀਤਾ ਗਿਆ ਹੈ ।

(ਅ) ਹਾਂ ਜੀ ।

(ੲ) ਉਪ੍ਰੋਕਤ (ਅ) ਦੇ ਸਨਮੁੱਖ ਸਵਾਲ ਹੀ ਪੈਦਾ ਨਹੀਂ ਹੁੰਦਾ ।

Original with;
Punjab Vidhan Sabha
Digitized by;
Panjab Digital Library

## RESTORATION OF CONFISCATED PROPERTY TO THE LEGAL HEIRS OF PATRIOTS IN THE STATE

*3617. **Shrimati Jasdev Kaur Sandhu** |
**Sardar Sukhdev Singh Dhindsa** | Will the Chief Minister be pleased to state—

(a) whether any decision was taken by the Govt. in 1972-73 to invite fresh applications from the legal heirs of the deceased patriots for the restoration of their confiscated properties, if so the date on which the decision was taken, together with the details thereof ;

(b) whether in the light of the said decision any applications from the legal heirs of the patriots referred to in part (a) above were received, if so, the details thereof ;

(c) the action, if any, taken on the said applications, if no action has been taken, the reasons thereof ;

(d) the number of patriots in the State whose confiscated properties had not been restored to their legal heirs till 31-12-75?

**ਗਿਆਨੀ ਜ਼ੈਲ ਸਿੰਘ** : (ੳ) ਹਾਂ ਜੀ, ਸਰਕਾਰ ਨੇ 1 ਅਗਸਤ, 1973 ਨੂੰ ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਦੀ ਵਾਪਸੀ ਜਾਂ ਉਨ੍ਹਾਂ ਦਾ ਮੁਆਵਜ਼ਾ ਦੇਣ ਲਈ ਨਵੀਆਂ ਅਰਜ਼ੀਆਂ ਮੰਗਵਾਉਣ ਦਾ ਫੈਸਲਾ ਕੀਤਾ ਸੀ । ਪਰੰਤੂ ਇਹ ਅਰਜ਼ੀਆਂ ਕੇਵਲ ਸੁਤੰਤਰਤਾ ਸੰਗਰਾਮੀਆਂ ਕੋਲੋਂ ਜਾਂ ਉਨ੍ਹਾਂ ਦੇ ਸਿੱਧੇ ਵਾਰਸਾਂ ਕੋਲੋਂ ਮੰਗਵਾਈਆਂ ਗਈਆਂ ਸਨ । ਇਸ ਫੈਸਲੇ ਦਾ ਵੇਰਵਾ ਜਾਰੀ ਕੀਤੇ ਪ੍ਰੈਸ-ਨੋਟ ਵਿੱਚ ਦਿੱਤਾ ਗਿਆ ਹੈ ਜਿਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਉਪਰੋਕਤ ਪੈਰਾ (ੳ) ਵਿੱਚ ਦੱਸੇ ਪ੍ਰੈਸ-ਨੋਟ ਦੇ ਹਵਾਲੇ ਵਿੱਚ ਜਿਨ੍ਹਾਂ ਵਿਅਕਤੀਆਂ ਪਾਸੋਂ ਇਹ ਅਰਜ਼ੀਆਂ ਆਈਆਂ ਉਨ੍ਹਾਂ ਦੇ ਨਾਮ ਅਤੇ ਪਤਿਆਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ੲ) ਸਾਰੀਆਂ ਅਰਜ਼ੀਆਂ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਪੜਤਾਲ ਕਰਨ ਅਤੇ ਹਰ ਜ਼ਿਲ੍ਹੇ ਵਿੱਚ ਇਸ ਮੰਤਵ ਲਈ ਬਣਾਈਆਂ ਗਈਆਂ ਤਦਅਰਥ ਕਮੇਟੀਆਂ ਦੇ ਵਿਚਾਰ ਲਈ ਭੇਜ ਦਿੱਤੀਆਂ ਗਈਆਂ ਸਨ । ਹਰ ਇਕ ਕੇਸ ਤੇ ਅੰਤਿਮ ਫੈਸਲਾ ਇਨ੍ਹਾਂ ਤਦਅਰਥ ਕਮੇਟੀਆਂ/ ਡਿਪਟੀ ਕਮਿਸ਼ਨਰਾਂ ਦੀਆਂ ਸਿਫਾਰਸ਼ਾਂ ਆਉਣ ਤੇ ਕੀਤਾ ਜਾਵੇਗਾ ।

(ਸ) ਏਨੇ ਲੰਮੇ ਸਮੇਂ ਪਿੱਛੋਂ ਇਹ ਸੂਚਨਾ ਦੇਣੀ ਸੰਭਵ ਨਹੀਂ ਕਿਉਂ ਜੋ ਜ਼ਬਤ ਕੀਤੀਆਂ ਜਾਇਦਾਦਾਂ ਸੁਤੰਤਰਤਾ ਸੰਗਰਾਮੀਆਂ ਨੂੰ ਵਾਪਿਸ ਕਰਨ ਦਾ ਫੈਸਲਾ ਸਭ ਤੋਂ ਪਹਿਲਾਂ ਸਾਲ 1948 ਵਿਚ ਕੀਤਾ ਗਿਆ ਸੀ ਅਤੇ ਸਮੇਂ ਸਿਰ ਅਰਜ਼ੀਆਂ 30 ਜੂਨ, 1956 ਤੱਕ ਮੰਗਵਾਈਆਂ ਗਈਆਂ ਸਨ । ਹਰ ਇਕ ਕੇਸ ਤੇ ਵਖ ਵਖ ਸਮੇਂ ਫੈਸਲਾ ਕੀਤਾ ਗਿਆ ਸੀ। ਬਹੁਤ ਸਮਾਂ ਲੰਘ ਜਾਣ ਕਰਕੇ ਐਸਾ ਕੋਈ ਰਿਕਾਰਡ ਉਪਲਬਧ ਨਹੀਂ ਜਿਸ ਤੋਂ ਇਹ ਪਤਾ

Original with;
Punjab Vidhan Sabha
Digitized by;
Panjab Digital Library

ਮੁਖ ਮੰਤਰੀ]

ਲਗ ਸਕੇ ਕਿ ਕਿਹੜੀਆਂ ਜਾਇਦਾਦਾਂ ਕਿਸ ਕਿਸ ਕਾਰਨ ਕਰਕੇ ਵਾਪਸ ਨਹੀਂ ਕੀਤੀਆਂ ਗਈਆਂ। ਫਿਰ ਵੀ, ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜ਼ਬਤ ਕੀਤੀਆਂ ਜਾਇਦਾਦਾਂ ਜਾਂ ਉਨ੍ਹਾਂ ਦੇ ਮੁਆਵਜ਼ੇ ਦੇ ਹੱਕਦਾਰ ਸਵਰਗਵਾਸੀ ਦੇਸ਼-ਭਗਤਾਂ ਦੇ ਸਿੱਧੇ ਵਾਰਸਾਂ ਤੋਂ ਇਲਾਵਾ ਦੂਜੇ ਕਾਨੂੰਨੀ ਵਾਰਸ ਨਹੀਂ ਹਨ।

**Restoration of Confiscated Properties to Freedom-Fighters—Last Date for Application Extended.**

Chandigarh, September 13th:—The Punjab Government have decided to extend the last date for the submission of applications by the freedom-fighters for the restoration of their confiscated properties, both movable and immovable and for the refund of fines levied by the British Government for their participation in the various national movements launched after the First Lahore Conspiracy case of 1913.

The last date for the submission of applications to the Chief Secretary to Government, Punjab, Punjab Civil Secretariat, Chandigarh, is December 15, 1973.

In case of Freedom Fighters, who have since died the application submitted by their direct descendants would also be entertained.

The salient features of the Punjab Government decision are :—

1. National movements shall include Civil Disobedience Movement, Akali and Babar Akali Movements and such other movements as have been recognised as National Movements by the State Government from time to time.
2. Where the lands or the landed properties etc. had been confiscated and sold, only the sale-proceeds of auctions shall be restored, after deducting actual expenses of sale. The restoration could only be made in favour of those who had actually suffered or their direct descendants, but not their collaterals.
3. Fines, where actually realised, shall be refunded to the freedom fighters or their direct descendants, after deducting expenses incurred on their recovery.
4. The question of actual restoration of lands or properties situated in West Punjab does not arise. However, persons from West Punjab, who had suffered confiscation of properties etc. can put in their claims for compensation to the Government for their consideration.

ਸੁਤੰਤਰਤਾ ਸੰਗਰਾਮੀਆਂ ਦੀਆਂ ਕੌਮੀ ਲਹਿਰਾਂ ਵਿਚ ਭਾਗ ਲੈਣ ਕਾਰਨ ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਨੂੰ ਬਹਾਲ ਕਰਨ ਜਾਂ ਉਨ੍ਹਾਂ ਇਵਜ਼ ਮੁਆਵਜ਼ੇ ਦੇਣ ਅਤੇ ਜੁਰਮਾਨਿਆਂ ਦੀ ਵਾਪਸੀ ਲਈ ਅਰਜ਼ੀਆਂ ਦੀ ਪੜਤਾਲ ਸਬੰਧੀ ਸੂਚੀ।

| ਲੜੀ ਨੰ: | ਨਾਂ, ਪਿਤਾ ਦਾ ਨਾਂ ਅਤੇ ਪੂਰਾ ਪਤਾ |
|---|---|
| 1 | 2 |

**ਜ਼ਿਲ੍ਹਾ ਬਠਿੰਡਾ**

1. ਸ੍ਰੀ ਬਚਨ ਸਿੰਘ, ਪੁਤਰ ਸ੍ਰੀ ਅਰਜਨ ਸਿੰਘ, ਪਿੰਡ ਬੋੜਾਵਾਲ, ਤਹਿਸੀਲ ਮਾਨਸਾ, ਡਾਕਘਰ ਬਰਾਸਤਾ ਬੁਢਲਾਡਾ ਮੰਡੀ, ਜ਼ਿਲ੍ਹਾ ਬਠਿੰਡਾ।

Original with;
Punjab Vidhan Sabha
Digitized by;
Panjab Digital Library

| 1 | 2 |
|---|---|

ਜ਼ਿਲ੍ਹਾ ਬਠਿੰਡਾ—ਸਮਾਪਤ

2. ਸ਼੍ਰੀ ਸਰਵਣ ਸਿੰਘ, ਪੁਤਰ ਸ਼੍ਰੀ ਵੀਰ ਸਿੰਘ (ਮਿਸਤਰੀ) ਅਗਵਾੜ ਕੋੜਿਆਂ ਦਾ ਪਿੰਡ ਤੇ ਡਾਕਘਰ ਥਾਨਿਆਂ ਵਾਲੀ, ਤਹਿਸੀਲ ਫੂਲ, ਜ਼ਿਲ੍ਹਾ ਬਠਿੰਡਾ ।
3. ਸ਼੍ਰੀ ਬਚਨ ਸਿੰਘ, ਉਰਫ ਪਿਆਰਾ ਸਿੰਘ ਨਾਮਧਾਰੀ, ਪਿੰਡ ਬੇੜਾਵਾਲ, ਤਹਿਸੀਲ ਮਾਨਸਾ, ਜ਼ਿਲ੍ਹਾ ਬਠਿੰਡਾ ।

**ਜ਼ਿਲ੍ਹਾ ਫਰੀਦਕੋਟ**

1. ਸ਼੍ਰੀ ਗੁਰਦਿਆਲ ਸਿੰਘ, ਪਿੰਡ ਤੇ ਡਾਕਘਰ ਜੰਤਾ ਵਾਲਾ, ਜ਼ਿਲ੍ਹਾ ਫਰੀਦਕੋਟ ।
2. ਸ਼੍ਰੀ ਹੰਸ ਰਾਜ, ਪੁੱਤਰ ਸ਼੍ਰੀ ਮੁਨਸ਼ੀ ਰਾਮ, ਮਾਰਫਤ ਪ੍ਰਧਾਨ ਜ਼ਿਲ੍ਹਾ ਪ੍ਰਦੇਸ਼ ਕਾਂਗਰਸ ਕਮੇਟੀ, ਫਰੀਦਕੋਟ ।
3. ਸ਼੍ਰੀ ਹੁਕਮ ਚੰਦ ਹੁਕੀ ਪੰਡਤ ਰਿਖੀ ਰਾਮ, ਮੁਹੱਲਾ ਪਰਹੋਤਾਂ, ਜ਼ਿਲ੍ਹਾ ਫਰੀਦਕੋਟ ।
4. ਸ਼੍ਰੀ ਸ਼ਾਮ ਲਾਲ ਪੁੱਤਰ ਸ਼੍ਰੀ ਰੂੜ ਸਿੰਘ, ਪੂਰਨਾਂ ਬਜਾਰ, ਕੋਟਕਪੂਰਾ ।
5. ਸ਼੍ਰੀ ਮੋਹਨ ਲਾਲ ਪੁੱਤਰ ਸ਼੍ਰੀ ਤੇਲੂ ਰਾਮ ਜਨ, ਨਜ਼ਦੀਕ ਸਿਵਲ ਹਸਪਤਾਲ, ਮੁਕਤਸਰ ।
6. ਸ਼੍ਰੀਮਤੀ ਰਾਮ ਕੌਰ ਵਿਧਵਾ ਸ਼੍ਰੀ ਅਮਰ ਸਿੰਘ, ਪਿੰਡ ਵਾੜਾਦਰਾ ਕਾਂ, ਡਾਕਘਰ ਕੋਟਕਪੂਰਾ ।
7. ਸ਼੍ਰੀ ਰੁਲੀਆ ਸਿੰਘ ਬਾਗੜੀ, ਮੈਂਬਰ ਦੇਸ਼ ਭਗਤ ਕਮੇਟੀ ਪਿੰਡ ਤੇ ਡਾਕਘਰ ਬਰਗਾੜੀ, ਜ਼ਿਲ੍ਹਾ ਫਰੀਦਕੋਟ ।
8. ਸ਼੍ਰੀ ਕਿਹਰ ਸਿੰਘ ਪਿੰਡ ਬਨਵਾਲਾ ਅਨੂਕਾ ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ ।
9. ਸ਼੍ਰੀ ਗੰਗਾ ਸਿੰਘ, ਪੁੱਤਰ ਸ਼੍ਰੀ ਕੁੰਦਾ ਸਿੰਘ. ਪਿੰਡ ਤੇ ਡਾਕਘਰ ਬਿਲਾਸਪੁਰ, ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ ।
10. ਸ਼੍ਰੀ ਮੋਤੀ ਰਾਮ, ਪੁੱਤਰ ਸ: ਨਿਹਾਲ ਸਿੰਘ, ਪਿੰਡ ਸਿੰਘਾਂ ਵਾਲਾ, ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ ।
11. ਸ਼੍ਰੀ ਗੁਲਜ਼ਾਰ ਸਿੰਘ ਪੁੱਤਰ ਸ਼੍ਰ: ਸੰਤਾ ਸਿੰਘ, ਮਕਾਨ ਨੰ: 122. ਚੌਕ ਸ਼ੇਖਾਂ, ਮੋਗਾ, ਜ਼ਿਲਾ ਫਰੀਦਕੋਟ ।
12. ਗਿਆਨੀ ਗੁਰਬਚਨ ਸਿੰਘ, ਜੈਤੋਂ ਮੰਡੀ ਖਾਸ, ਨਜ਼ਦੀਕ ਰੇਲਵੇ ਸਟੇਸ਼ਨ ਜੈਤੋਂ, ਜ਼ਿਲ੍ਹਾ ਫਰੀਦਕੋਟ ।
13. ਡਾਕਟਰ ਲਾਲ ਸਿੰਘ ਗਿੱਲ, 10 ਹਰਿੰਦਰਾ ਨਗਰ, ਫਰੀਦਕੋਟ ।

**ਜ਼ਿਲਾ ਸੰਗਰੂਰ**

1. ਸ਼੍ਰੀ ਉਜਾਗਰ ਸਿੰਘ ਭੌਰਾ, ਪਿੰਡ ਤੇ ਡਾਕਘਰ ਠੀਕਰੀਵਾਲਾ, ਜ਼ਿਲ੍ਹਾ ਸੰਗਰੂਰ ।
2. ਸ਼੍ਰੀ ਕੌਰ ਸਿੰਘ ਮੌੜ, ਨੂਰਪੁਰਾ ਬਸਤੀ, 16-ਬੀ, 163, ਸੰਗਰੂਰ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 |
|---|---|

ਜ਼ਿਲ੍ਹਾ ਸੰਗਰੂਰ—ਸਮਾਪਤ

3. ਸ੍ਰੀ ਜਗੀਰ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਪਿੰਡ ਕਰਮਗੜ੍ਹ, ਜ਼ਿਲ੍ਹਾ ਸੰਗਰੂਰ ।
4. ਸ੍ਰੀ ਕਰਤਾਰ ਸਿੰਘ ਪੁਤਰ ਸ੍ਰੀ ਉਧਮ ਸਿੰਘ ਪਿੰਡ ਬਖੋਪੀਰ, ਤਹਿਸੀਲ ਤੇ ਜ਼ਿਲਾ ਸੰਗਰੂਰ।
5. ਸ੍ਰੀ ਮਾਘੀ ਸਿੰਘ ਨੰਬਰਦਾਰ, ਪੁੱਤਰ ਸ੍ਰੀ ਟਹੇਲ ਸਿੰਘ ਨੰਬਰਦਾਰ, ਪਿੰਡ ਤੇ ਡਾਕਘਰ ਬਡਰੁੱਖਾਂ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ ।
6. ਬਾਬਾ ਹੀਰਾ ਸਿੰਘ ਭੱਠਲ, ਸਾਬਕਾ ਐਮ.ਐਲ.ਏ., ਪਿੰਡ ਪਠਲਾਂ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ ।
7. ਸ੍ਰੀਮਤੀ ਰਾਮ ਕੌਰ ਉਪਲੀ ਵਿਧਵਾ ਸ੍ਰੀ ਪ੍ਰਤਾਪ ਸਿੰਘ ਪੁੱਤਰ ਸ੍ਰੀ ਪ੍ਰੇਮ ਸਿੰਘ, ਸਾਕਨ ਉਪਲੀ ਤਹਿਸੀਲ ਬਰਨਾਲਾ, ਜ਼ਿਲਾ ਸੰਗਰੂਰ ।
8. ਸ੍ਰੀ ਰਤਨ ਸਿੰਘ ਪ ਲਮਪੁਰੀਆ ਮਾਰਫਤ ਗੁਰਸੰਤ ਸਿੰਘ ਐਡਵੋਕੇਟ, ਸੰਗਰੂਰ ।
9. ਸ੍ਰੀ ਜੋਰਾ ਸਿੰਘ ਪੁੱਤਰ ਬਸੰਤ ਸਿੰਘ, ਅਧਿਆਪਕ, ਗੌਰਮਿੰਟ ਹਾਈ ਸਕੂਲ, ਮਲੇਰਕੋਟਲਾ ਜ਼ਿਲਾ ਸੰਗਰੂਰ ।
10. ਸ੍ਰੀ ਸ਼ਮਸ਼ੇਰ ਸਿੰਘ ਪੁੱਤਰ ਸਵਰਗਵਾਸੀ ਪ੍ਰੀਤਮ ਸਿੰਘ, ਪਿੰਡ ਤੇ ਡਾਕਘਰ ਕੁਪ ਕਲਾਂ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ।
11. ਸ੍ਰੀ ਝੰਡਾ ਸਿੰਘ ਪੁੱਤਰ ਸ੍ਰ: ਸ਼ਾਮ ਸਿੰਘ, ਸਾਕਨ ਉਪਲੀ ਡਾਕਘਰ ਬਲ ਧਨੌਲਾ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ ।
12. ਸਰਦਾਰ ਰਣਬੀਰ ਸਿੰਘ ਪੁੱਤਰ ਸ੍ਰੀ ਗੁਰਬਖਸ਼ ਸਿੰਘ, ਪਿੰਡ ਬੁਰਜ ਗੋਹਰਾ, ਥਾਨਾ ਧੂਰੀ ਸੰਗਰੂਰ ।

**ਜ਼ਿਲਾ ਪਟਿਆਲਾ**

1. ਸ੍ਰੀਮਤੀ ਈਸ਼ਰ ਕੌਰ ਵਿਧਵਾ ਸ੍ਰ. ਮੋਹਨ ਸਿੰਘ ਅਕਾਲੀ, ਮਕਾਨ ਨੰ: 176, ਮੁਹਲਾ ਕਰਤਾਰਪੁਰਾ, ਗਲੀ ਅਕਾਲੀ ਮੋਹਨ ਸਿੰਘ ਵਾਲੀ, ਨਾਭਾ ।
2. ਸ੍ਰੀ ਲਛਮਣ ਸਿੰਘ ਗਿਆਨੀ ਪੁੱਤਰ ਸ੍ਰੀ ਜੈਮਲ ਸਿੰਘ, ਪਿੰਡ ਘੋਗਾ, ਤਹਿਸੀਲ ਸਰਹੰਦ, ਜ਼ਿਲ੍ਹਾ ਪਟਿਆਲਾ ।
3. ਸ੍ਰ: ਦਲੀਪ ਸਿੰਘ ਫਰੀਡਮ-ਫਾਈਟਰ ਪੁੱਤਰ ਸ੍ਰੀ ਸ਼ਾਮ ਸਿੰਘ, ਮਕਾਨ ਨੰ: 3-ਜੀ, ਡੋਗਰਾਂ ਗਲੀ, ਨਮਰਦਖਾਨਾ ਰੋਡ, ਪਟਿਆਲਾ ।
4. ਸ੍ਰ: ਸੰਪੂਰਣ ਸਿੰਘ ਪੁੱਤਰ ਸ੍ਰ: ਰਾਏ ਸਿੰਘ ਪੁਰਾਣਾ ਫਰੀਡਮ ਫਾਈਟਰ, ਪੈਨਸ਼ਨਰ, ਮੁਹੱਲਾ ਜਟਾਂ ਵਾਲਾ ਸ਼ਹਿਰ ਨਾਭਾ, ਜ਼ਿਲਾ ਪਟਿਆਲਾ ।
5. ਸਾਹਿਬ ਸਿੰਘ ਪੁੱਤਰ ਝੰਡਾ ਸਿੰਘ ਸਾਹਿਲ, ਡਾਕਘਰ ਠੋਗਾਵਾਨ, ਤਹਿਸੀਲ ਰਾਜਪੁਰਾ, ਜ਼ਿਲਾ ਪਟਿਆਲਾ ।

Original with;
Punjab Vidhan Sabha
Digitized by;
Panjab Digital Library

| 1 | 2 |
|---|---|

ਜ਼ਿਲ੍ਹਾ ਪਟਿਆਲਾ—ਸਮਾਪਤ

6. ਸ੍ਰ: ਅਜੀਤ ਸਿੰਘ ਪੁੱਤਰ ਭਗਵਾਨ ਸਿੰਘ, ਪਿੰਡ ਅਤੇ ਡਾਕਘਰ ਚਲੇਲਾ, ਤਹਿਸੀਲ ਸਰਹੰਦ, ਜ਼ਿਲ੍ਹਾ ਪਟਿਆਲਾ।
7. ਸ੍ਰੀ ਭਗਤ ਸਿੰਘ ਗਿਆਨੀ, ਪੁੱਤਰ ਸ੍ਰ: ਕੀਰਤਨ ਸਿੰਘ, ਮਕਾਨ ਨੰ: 932/3, ਮੁਹੱਲਾ ਖਾਲਸਾ, ਜ਼ਿਲਾ ਪਟਿਆਲਾ!
8. ਸ੍ਰੀ ਬਰਮਦੱਤ ਫਰੀਡਮ-ਫਾਈਟਰ, ਪੁੱਤਰ ਪੰਡਤ ਹਰੀ ਰਾਮ, ਮਕਾਨ ਨੰ: 682/2, ਨਜ਼ਦੀਕ ਪੁਰਾਣੀ ਕੋਤਵਾਲੀ, ਪਟਿਆਲਾ।
9. ਸ੍ਰੀ ਤਾਰਾ ਸਿੰਘ ਪੁੱਤਰ ਸ੍ਰੀ ਚੂਹੜ ਸਿੰਘ, ਪਿੰਡ ਤੇ ਡਾਕਘਰ. ਸਾਨੀਪੁਰ, ਤਹਿਸੀਲ ਸਰਹੰਦ, ਜ਼ਿਲ੍ਹਾ ਪਟਿਆਲਾ।

**ਜ਼ਿਲ੍ਹਾ ਗੁਰਦਾਸਪੁਰ**

1. ਸ੍ਰੀ ਵੰਜਾ ਸਿੰਘ ਪੁੱਤਰ ਸ੍ਰੀ ਗੁਰਮੁੱਖ ਸਿੰਘ, ਪੁੱਤਰ ਸ੍ਰੀ ਚੰਡਾ ਸਿੰਘ, ਨਜਦੀਕ ਪਟਰੋਲ ਪੰਪ ਡਲਹੌਜੀ ਰੋਡ, ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ।
2. ਸ੍ਰੀ ਬੰਤਾ ਸਿੰਘ ਉਰਫ ਗੁਰਚਰਨ ਸਿੰਘ, ਪੁੱਤਰ ਸ੍ਰੀ ਝੰਡਾ ਸਿੰਘ ਵਸਨੀਕ ਛੀਨਾਂ,ਟੇਸ਼ਨਵਾਲਾ ਡਾਕਘਰ ਨੌਸ਼ਹਿਰਾ ਮਾਝਾ ਸਿੰਘ ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ।
3. ਸ੍ਰੀਮਤੀ ਆਸ ਕੌਰ ਪਤਨੀ ਲਾਭ ਸਿੰਘ ਪਿੰਡ ਬਡਾਲਾ ਗੁੰਥੀਆਂ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ।
4. ਹਰਬੰਸ ਸਿੰਘ ਭੱਲਾ, ਐਡੀਟਰ ਜਨਤਾ ਹਿਤਕਾਰੀ, "ਉਰਦੂ ਵੀਕਲੀ" ਮਕਾਨ ਨੰ: 117 ਮੁਹੱਲਾ ਸਕਰੇਟਰੀ, ਜ਼ਿਲ੍ਹਾ ਗੁਰਦਾਸਪੁਰ।
5. ਗੁਰਚਰਨ ਕੌਰ ਵਿਧਵਾ ਸ੍ਰ: ਅਤਰ ਸਿੰਘ ਪਿੰਡ ਤੇ ਡਾਕਘਰ ਖੁਸ਼ਹਾਲ ਪੁਰ, ਬਰਾਸਤਾ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ।

**ਜ਼ਿਲ੍ਹਾ ਅੰਮ੍ਰਿਤਸਰ**

1. ਸ੍ਰੀ ਸੰਤਾ ਸਿੰਘ ਪੁੱਤਰ ਗੁਰਮੁੱਖ ਸਿੰਘ, ਨਗੋਕੀ ਤਰਨਤਾਰਨ-10।
2. ਸ੍ਰੀ ਹਰਭਜਨ ਸਿੰਘ ਪੁੱਤਰ ਅਕਾਲੀ ਟੇਲਰ, ਆਟਾ ਮੰਡੀ, ਏ.ਐਸ.ਆਰ—3।
3. ਸ੍ਰੀ ਬਾਲਕਿਸ਼ਨ ਚੌਂਕ ਮਨੀ ਏ.ਐਸ.ਆਰ—6 ਮਕਾਨ ਨੰ: 2228/7।
4. ਸ੍ਰੀ ਸਜਨ ਸਿੰਘ, ਅੰਮ੍ਰਿਤਸਰ—2।
5. ਸ੍ਰੀਮਤੀ ਜਸਵੰਤ ਕੌਰ ਵਿਧਵਾ ਸ੍ਰੀ ਹਾਕਮ ਸਿੰਘ, ਸ਼ਾਫੀ ਪੁਰਾ ਏ.ਐਸ.ਆਰ—2।
6. ਸ੍ਰੀ ਨਰਿੰਜਣ ਸਿੰਘ ਅਲਿਆਸ, ਕਰਮ ਸਿੰਘ, ਖੋਜੀ ਪੁਰ, ਤਰਨ ਤਾਰਨ—2।
7. ਸ੍ਰੀ ਹਰਨਾਮ ਸਿੰਘ, ਪੁੱਤਰ ਸੰਦਾ ਸਿੰਘ, ਖੋਜੀਪੁਰ, ਤਰਨਤਾਰਨ।
8. ਸ੍ਰੀਮਤੀ ਇਛੋ ਵਿਧਵਾ ਅਛੱਰ ਸਿੰਘ, ਪੱਟੀ ਅੰਮ੍ਰਿਤਸਰ॥

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 |
|---|---|

ਜ਼ਿਲ੍ਹਾ ਰੋਪੜ

1. ਲਛਮਣ ਸਿੰਘ ਗਿਆਨੀ, ਘੋਗਲਾ ਖਰੜ।
2. ਸ੍ਰੀ ਰਣਜੋਧ ਸਿੰਘ, ਪਿੰਡ ਤੇ ਡਾਕਘਰ ਭਟਿਆਨਾ ।
3. ਸ੍ਰੀ ਚਮਨ ਸਿੰਘ ਬਰਸਲਪੁਰ, ਰੋਪੜ ।
4. ਸ੍ਰੀ ਇੰਦਰ ਸਿੰਘ ਪੁੱਤਰ ਸ੍ਰੀ ਸਾਹਿਬ ਸਿੰਘ, ਪਿੰਡ ਘੋਗਲਾ ਖਰੜ ।
5. ਸ੍ਰੀ ਸੂਰਤ ਸਿੰਘ ਪੁੱਤਰ ਰਲਾ ਸਿੰਘ, ਰੋਪੜ ।
6. ਸ੍ਰੀ ਕਿਸ਼ਨ ਲਾਲ ਖੇੜਾ, ਜਰਨਲਿਸਟ, ਰੋਪੜ ।
7. ਸ੍ਰੀ ਸੰਤੋਖ ਸਿੰਘ ਪੁੱਤਰ ਲਹਿਲਾ ਸਿੰਘ, ਕਲੋਟਾ ਰੋਪੜ ।

ਜ਼ਿਲ੍ਹਾ ਜਲੰਧਰ

1. ਸ੍ਰੀ ਕਾਬਲ ਸਿੰਘ ਪੁੱਤਰ ਸ੍ਰੀ ਹਰਨਾਮ ਸਿੰਘ ਸਾਬੋਬਾਦ, ਜਲੰਧਰ ।
2. ਸ੍ਰੀਮਤੀ ਜਸ ਕੌਰ ਵਿਧਵਾ ਸ੍ਰੀ ਸੰਤੋਖ ਸਿੰਘ ਮਕਾਨ ਨੰ. 1654 ਰੇਲਵੇ ਰੋਡ, ਨਵਾਂ ਸ਼ਹਿਰ ।
3. ਸ੍ਰੀ ਕੇਹਰ ਸਿੰਘ ਪੁੱਤਰ ਸ੍ਰੀ ਹਰਨਾਮ ਸਿੰਘ, ਜਗਤਪੁਰ, ਜਲੰਧਰ ।

ਜ਼ਿਲ੍ਹਾ ਹੁਸ਼ਿਆਰਪੁਰ

1. ਸ੍ਰੀ ਹਜੂਰਾ ਸਿੰਘ, ਪੁਤਰ ਸ੍ਰੀ ਅਰਜਨ ਸਿੰਘ ਪਜਗਰਾਂ, ਅਜਨਾਲਾ ।
2. ਸ੍ਰੀ ਵਿਸ਼ਨਦਾਸ ਪੁੱਤਰ ਸ੍ਰੀ ਕਾਂਸ਼ੀ ਰਾਮ, ਚਗਲਾਲਾ, ਗੜਦੀ ਵਾਲਾ ।
3. ਸ੍ਰੀ ਦਲੀਪ ਸਿੰਘ, ਸ਼ੰਕਰ ਸਿੰਘ, ਘੋੜੇਵਾਲਾ, ਦਸੂਹਾ ।
4. ਸ੍ਰੀ ਈਸ਼ਰ ਸਿੰਘ, ਪੱਟੀਆਰੀ, ਹੁਸ਼ਿਆਰਪੁਰ ।

ਜ਼ਿਲ੍ਹਾ ਫਿਰੋਜ਼ਪੁਰ

1. ਸ੍ਰੀ ਧਰਮ ਸਿੰਘ ਗਿੱਲ, ਮਕਾਨ ਨੰ: 71817—ਪਰੇਮ ਨਗਰ, ਅਬੋਹਰ ।
2. ਸ੍ਰੀ ਨੱਥਾ ਸਿੰਘ, ਮਕਾਨ ਨੰ; 41, ਫਿਰੋਜ਼ਪੁਰ ਛਾਉਣੀ ।

## QUESTIONS OF PRIVILEGE

**Mr. Speaker** (i) On the 11th February, 1976, I informed the House that I had received notice of a Privilege Motion from Comrade

Original with: Punjab Vidhan Sabha Digitized by: Panjab Digital Library

Satya Pal Dang, M.L.A., wherein he had alleged that the Minister for Finance had given a wrong reply to Unstarred Question No. 1103 regarding retrenchment of employees by the daily newspapers in the State after the declaration of emergency, included in the list of Unstarred Questions for the 9th February, 1976, I had also at that time stated that I was asking the Minister concerned to clarify the position and that on receipt of his clarification I would give my ruling.

I have now received a detailed reply from the Minister concerned wherein he has clarified the position. In his reply, he has stated, inter alia, that no case of retrenchment in any daily newspapers' establishment has been reported after the declaration of emergency (i.e. after 26th June, 1975). However, the Punjab Working Journalists Union authorised by three Workmen and Punjab Non-working Journalists Union Regd, authorised by 12 Workmen, had served demand notices dated the 16th June, 1975 on the management of M/S Daily Quami Dard, Central Town, Jullundur, in which it was alleged that since 12th April, 1975, with the exception of four days from 16th May to 19th May, 1975, the management was not permitting their workmen to work on their jobs and were illegally marking them absent. This case is a continuing one and at present it is pending with the Industrial Tribunal Punjab for adjudication.

In view of the clarification given by the Minister I do not give my consent to the Question of Privilege being raised.

(ii) I have received notice of a Question of Privilege from Comrade Satya Pal Dang, M.L.A., in which he has alleged that in the list "list of proposals made by Rent Restriction Act Enquiry Committee for the amendment of the East Punjab Urban Rent Restriction Act, 1949" which was laid on the Table of the House in reply to Starred Question No. 3498 included in the list of Starred Questions for 11th February, 1976, the Minister for Local Government has made certain mis-statements.

As per past practice, I am seeking clarification from the Minister concerned and as soon as a reply is received from him, I will give my ruling.

## STATEMENTS LAID ON THE TABLE OF THE HOUSE IN REPLY TO CALL ATTENTION NOTICES

**Chief Parliamentary Secretary** (Sardar Gurcharan Singh Nihal Singhwala) : Sir, I beg to lay on the Table of the House replies to Call Attention Notices Nos. 56, 89 and 95.

(Serial No. 56)

**Comrade Achhra Singh** : to draw the attention of the Government towards a matter of urgent Public importance. namely, that there is wide spread resentment amongst teacher community of district Sangrur. Reasons being that staff of Guru Nanak High School, Sangrur (Government aided one) have not been paid their due wages since more than six months, so they are facing utmost hardship these days. Hence deep resentment.

In view of the obvious importance of the matter, Government may be asked to make a statement in the House.

Original with;
Punjab Vidhan Sabha
Digitized by;
Panjab Digital Library

ਸ੍ਰੀ ਗੁਰਮੇਲ ਸਿੰਘ (ਵਿਦਿਆ ਮੰਤਰੀ) : ਗੁਰੂ ਨਾਨਕ ਹਾਈ ਸਕੂਲ, ਸੰਗਰੂਰ ਦੇ ਸਟਾਫ ਨੂੰ ਜੁਲਾਈ, 1975 ਤੋਂ ਅੱਗੇ ਦੀ ਤਨਖਾਹ ਇਸ ਕਾਰਨ ਨਹੀਂ ਦਿੱਤੀ ਜਾ ਸਕੀ ਕਿਉਂਕਿ ਇਸ ਸਕੂਲ ਦੀ ਮੈਨੇਜ਼ਮੈਂਟ ਨੇ ਸਮੇਂ ਸਿਰ ਮੁਕੰਮਲ ਕਲੇਮ ਨਹੀਂ ਭੇਜੇ ਸਨ। ਸਤੰਬਰ ਅਤੇ ਦਸੰਬਰ 1975 ਦੀ ਤਿਮਾਹੀਆਂ ਦੇ ਮੁਕੰਮਲ ਕਲੇਮ ਪਿਛਲੇ ਦਸੰਬਰ ਦੇ ਅੰਤ ਵਿੱਚ ਦਿੱਤੇ ਸਨ। ਉਪਰ ਦਸੀਆਂ ਦੋਨੋਂ ਤਿਮਾਹੀਆਂ ਦੀ ਗ੍ਰਾਂਟ ਹੁਣ ਜਾਰੀ ਕੀਤੀ ਜਾ ਚੁੱਕੀ ਹੈ।

(Serial No. 89)

**Comrade Raj Kumar** :—to draw the attention of the Government towards a matter of urgent public importance, namely, continuous retrenchment of workmen without notice in the British India Corporation New Egerton Woollen Mills, Dhariwal. Hundreds of workmen have been made jobless exposing their families to hardships and hunger.

In view of the obvious importance of the matter, the Government may be asked to make a statement in the House.

ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ) : ਬਰਿਟਿਸ਼ ਇੰਡੀਆ ਕਾਰਪੋਰੇਸ਼ਨ, ਨਿਊ ਇੰਜਰਟਨ ਵੂਲਨ ਮਿਲਜ਼ ਧਾਰੀਵਾਲ ਦੇ ਪ੍ਰਬੰਧਕਾਂ ਨੇ ਸਪਸ਼ਟ ਤੌਰ ਤੇ ਦਸਿਆ ਹੈ ਕਿ ਉਨ੍ਹਾਂ ਨੇ ਆਪਣੀ ਫੈਕਟਰੀ ਵਿਚ ਪਿਛਲੇ ਕੁਝ ਮਹੀਨਿਆਂ ਤੋਂ ਕਿਰਤੀਆਂ ਦੀ ਕੋਈ ਛਾਂਟੀ ਨਹੀਂ ਕੀਤੀ ਤੇ ਕੇਵਲ ਕੁਝ ਉਹ ਕਿਰਤੀ ਹੀ ਦਸੰਬਰ, 1975 ਵਿਚ 12 ਅਤੇ ਜਨਵਰੀ ਵਿਚ 83 ਕੰਮ ਤੋਂ ਹਟਾਏ ਗਏ ਹਨ ਜਿਨ੍ਹਾਂ ਨੂੰ ਕੰਮ ਦੇ ਜ਼ੋਰ ਸਮੇਂ, ਮਿਥੇ ਹੋਏ ਸਮੇਂ ਲਈ 26 ਦਿਨਾਂ ਤੋਂ 150 ਦਿਨਾਂ ਤੱਕ ਕੰਮ ਤੇ ਰਖਿਆ ਗਿਆ ਸੀ।

ਇਸ ਵਿਭਾਗ ਨੇ ਮਿਤੀ 7 ਫਰਵਰੀ, 1976 ਨੂੰ ਧਾਰੀਵਾਲ ਕਾਰਖਾਨਾ ਵਰਕਰਜ਼ ਯੂਨੀਅਨ ਦੇ ਪ੍ਰਤਿਨਿਧ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਕਿਰਤੀਆਂ ਦੇ ਨਾਂ ਦੀ ਸੂਚੀ ਦੇਵੇ ਜਿਨ੍ਹਾਂ ਦੀ ਕਿ ਛਾਂਟੀ ਕੀਤੀ ਗਈ ਹੈ, ਲੇਕਿਨ ਉਹ ਕਿਸੇ ਵੀ ਕਿਰਤੀ ਦਾ ਨਾਂ ਨਹੀਂ ਦੱਸ ਸਕੇ।

(Serial No. 95)

**Comrade Satya Pal Dang** :—Sir, I beg to draw the attention of the Government towards a matter of urgent public importance, namely, houses of a number of poor and lower middle class people constructed 15—20 years ago on land belonging to the Rehabilitation Department in area called Model House, Jullundur, have been demolished a few days ago. A large number of people with their families have been thrown on the road in this cold weather. Many more are being threatened with the same fate, It is reported that the land got vacated in this manner, is going to be allotted to some big officers.

2. This has caused much resentment in the Public at Jullundur.

3. In view of the obvious and urgent importance of the matter, the Government may please be asked to make a statement in the House.

ਸਰਦਾਰ ਉਮਰਾਓ ਸਿੰਘ (ਮਾਲ ਤੇ ਚੋਣ ਮੰਤਰੀ) : ਇਹ ਗਲਤ ਹੈ ਕਿ ਮਾਡਲ ਹਾਊਸ ਜਲੰਧਰ, ਵਿਖੇ ਗਰੀਬ ਅਤੇ ਛੋਟੀ ਸ਼ਰੇਣੀ ਦੇ ਲੋਕਾਂ ਦੇ ਮਕਾਨ ਪੁਨਰਵਾਸ ਵਿਭਾਗ ਦੇ ਸਟਾਫ ਵਲੋਂ ਢਾਏ ਗਏ ਸੀ। ਪੁਨਰਵਾਸ ਵਿਭਾਗ ਨੇ ਮਾਡਲ ਹਾਊਸ ਅਤੇ ਮਾਡਲ ਟਾਊਨ, ਜਲੰਧਰ, ਵਿਖੇ ਇਸ ਵਿਭਾਗ ਦੇ ਕਰਮਚਾਰੀਆਂ ਦੀ ਹਾਊਸ ਬਿਲਡਿੰਗ ਸੋਸਾਇਟੀ ਦੇ ਮੈਂਬਰਾਂ ਨੂੰ ਉਸ ਵੇਲੇ ਦੇ ਪੁਨਰਵਾਸ ਮੰਤਰੀ, ਜੀ ਦੇ ਹੁਕਮ ਮਿਤੀ 2 ਅਪਰੈਲ, 1971 ਅਨੁਸਾਰ

Original with;
Punjab Vidhan Sabha
Digitized by;
Panjab Digital Library

ਪਲਾਟ ਅਲਾਟ ਕੀਤੇ ਸੀ । ਇਹ ਕਰਮਚਾਰੀ, ਜਿਨ੍ਹਾਂ ਨੇ ਕਿ ਇਨ੍ਹਾਂ ਪਲਾਟਾਂ ਦੀ ਪੂਰੀ ਕੀਮਤ ਭੀ ਦੇ ਦਿੱਤੀ ਸੀ, ਦੇ ਕਬਜ਼ੇ ਦੇਣ ਬਾਰੇ ਜ਼ੋਰ ਦੇ ਰਹੇ ਸਨ । ਤਹਿਸੀਲਦਾਰ (ਸੇਲਜ਼) ਹੈਡਕੁਆਟਰਜ਼ ਦੀ, ਉਨ੍ਹਾਂ ਕਰਮਚਾਰੀਆਂ ਨੂੰ ਕਬਜ਼ਾ ਦੇਣ ਵਾਸਤੇ ਨਿਯੁਕਤੀ ਕੀਤੀ ਗਈ । ਇਸ ਤੋਂ ਪਹਿਲਾਂ ਇਨ੍ਹਾਂ ਅਣ-ਅਧਿਕਾਰਤ ਕਾਬਜ਼ਾਂ ਨੂੰ ਇਹ ਥਾਂ ਖਾਲੀ ਕਰਨ ਲਈ ਕਈ ਵਾਰ ਨੋਟਿਸ ਦਿੱਤੇ ਗਏ ਪਰ ਉਨ੍ਹਾਂ ਨੇ ਕੋਈ ਪਰਵਾਹ ਨਾ ਕੀਤੀ । ਜਦ ਤਹਿਸੀਲਦਾਰ (ਸੇਲਜ਼) ਕਬਜਾ ਦੇਣ ਗਿਆ ਤਾਂ ਇਨ੍ਹਾਂ ਅਣ-ਅਧਿਕਾਰਤ ਕਾਬਜ਼ਾਂ ਨੇ ਇਸਦਾ ਵਿਰੋਧ ਅਤੇ ਮੁਜ਼ਾਹਮਤ ਕੀਤੀ ਅਤੇ ਸਿਆਪਾ ਵੀ ਕੀਤਾ । ਇਹ ਗਲਤ ਹੈ ਕਿ ਇਨ੍ਹਾਂ ਅਣ-ਅਧਿਕਾਰਤ ਕਾਬਜ਼ਾਂ ਵਲੋਂ ਖਾਲੀ ਕੀਤੀ ਗਈ ਜ਼ਮੀਨ ਵੱਡੇ ਅਫਸਰਾਂ ਨੂੰ ਅਲਾਟ ਕੀਤੀ ਜਾ ਰਹੀ ਹੈ । ਅਲਾਟ ਸ਼ੁਦਾ ਪਲਾਟ ਜਿਨ੍ਹਾਂ ਤੇ ਇਨ੍ਹਾਂ ਅਣ-ਅਧਿਕਾਰਤ ਵਿਅਕਤੀਆਂ ਦਾ ਕਬਜ਼ਾ ਹੈ ਪਹਿਲੇ ਹੀ ਬੇਘਰ ਮੁਲਾਜ਼ਮਾਂ ਨੂੰ ਅਲਾਟ ਕੀਤੇ ਜਾ ਚੁਕੇ ਹਨ । ਸਰਕਾਰ ਵਲੋਂ ਸਟੇ ਆਰਡਰ ਪ੍ਰਾਪਤ ਹੋਣ ਉਪਰੰਤ ਮੌਜੂਦਾ ਪੋਜ਼ੀਸ਼ਨ (ਸਟੇਟਸ ਕੋਅ) ਬਹਾਲ ਰਖੀ ਜਾ ਰਹੀ ਹੈ ਅਤੇ ਸਰਕਾਰ ਇਨ੍ਹਾਂ ਅਣ-ਅਧਿਕਾਰਤ ਕਾਬਜ਼ਾਂ ਨੂੰ ਕਿਸੇ ਹੋਰ ਥਾਂ ਜ਼ਮੀਨ ਜਾਂ ਅਲਾਟੀਆਂ ਨੂੰ ਮੁਤਬਾਦਲ ਪਲਾਟ ਦੇਣ ਬਾਰੇ ਸੰਜੀਦਗੀ ਨਾਲ ਗੌਰ ਕਰ ਰਹੀ ਹੈ ।

## MOTION UNDER RULE 15

**Revenue and Elections Minister** (Sardar Umrao Singh) : Sir, I beg to move—

> That the proceedings on the items of business fixed for today, the 17th February, 1976 be exempted at this day's sitting from the provisions of the rule "Sittings of the Vidhan Sabha (Assembly)" indefinitely.

**Mr, Speaker**: Motion Moved—

> That the proceedings on the items of business fixed for today, the 17th February, 1976 be exempted at this day's sitting from the provisions of the rule "Sittings of the Vidhan Sabha (Assembly)" indefinitely.

**ਕਾਮਰੇਡ ਸੱਤਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਛੋਟੀ ਜਿਹੀ ਬੇਨਤੀ ਤੁਹਾਡੇ ਕੋਲ ਔਰ ਤੁਹਾਡੇ ਰਾਹੀਂ ਸਰਕਾਰ ਕੋਲ ਕਰਨੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਅਜੰਡਾ ਕਾਫੀ ਹੈ, ਤਿੰਨ ਚਾਰ ਬਿੱਲ ਹਨ । ਬਿਜਲੀ ਬੋਰਡ ਦੀ ਰਿਪੋਰਟ ਉਪਰ ਬਹਿਸ ਹੈ ।....

**ਸ਼੍ਰੀ ਸਪੀਕਰ** : ਇਨ੍ਹਾਂ ਨੇ ਖਾਣੇ ਦਾ ਪ੍ਰਬੰਧ ਕਰ ਦਿੱਤਾ ਹੈ । (ਹਾਸਾ)

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਖਾਣੇ ਦੀ ਗਲ ਨਹੀਂ ਹੈ, ਭੁਖੇ ਵੀ ਰਹਿ ਸਕਦੇ ਹਾਂ । ਗਲ ਇਹ ਹੈ ਕਿ ਬਿੱਲ ਜਿਹੜੇ ਆਏ ਹਨ, ਕਾਫੀ ਅਹਿਮ ਹਨ । ਇਕ ਬਿੱਲ ਜਿਹੜਾ ਕਿ ਪੈਕੇਜ ਡੀਲ ਦਾ ਹੈ, ਇਹ ਤਾਂ ਮੇਰਾ ਖਿਆਲ ਹੈ ਕਿ ਕਈਂ ਮੈਂਬਰ ਪੜ੍ਹ ਵੀ ਨਹੀਂ ਸਕੇ ਹੋਣਗੇ । ਉਹ ਇਥੇ ਆ ਕੇ ਮਿਲਿਆ ਹੈ । ਅਸੀਂ ਮੰਗ ਕਰ ਰਹੇ ਹਾਂ ਕਿ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਉਪਰ ਫਾਲੋ-ਅਪ ਐਕਸ਼ਨ ਹੋਵੇ, ਬੇਜ਼ਮੀਨੇ ਗਰੀਬ ਹਨ ਉਨ੍ਹਾਂ ਵਿਚ ਜ਼ਮੀਨਾਂ ਵੰਡਣੀਆਂ ਚਾਹੀਦੀਆਂ ਹਨ । ਪਰ ਇਹ ਬਿੱਲ ਜਿਹੜਾ ਹੈ ਇਸ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਧਿਆਨ ਨਾਲ ਪੜ੍ਹਿਆ ਜਾਂਦਾ, ਜਿੱਥੇ ਜਿਥੇ ਕੋਈ ਤਰਮੀਮ ਦੀ ਲੋੜ ਹੁੰਦੀ ਉਹ ਹੋ ਜਾਂਦੀ ਤਾਂ ਹੀ ਇਸ ਬਿੱਲ ਦਾ ਮਕਸਦ ਪੂਰਾ ਹੋ ਸਕਦਾ ਸੀ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਸੈਸ਼ਨ ਅੱਜ ਰਾਤ ਚਲਣ ਦੀ ਬਜਾਏ ਕੁਝ ਸਮਾਂ ਦੇ ਦਿਓ ਤਾਂਕਿ ਇਸ ਨੂੰ ਗੌਰ ਨਾਲ ਪੜ੍ਹ ਲਈਏ, ਜੇਕਰ ਕੋਈ ਤਰਮੀਮ ਦੀ ਲੋੜ ਹੋਵੇ ਤਾਂ ਉਹ ਸੁਜੈਸਟ ਕਰ ਦਈਏ। ਇਸ ਲਈ ਸੈਸ਼ਨ ਕਲ ਤੇ ਰੱਖ ਲਵੋ।

**ਮਾਲ ਅਤੇ ਚੋਣ ਮੰਤਰੀ :** ਸਪੀਕਰ ਸਾਹਿਬ, ਜਿਸ ਵੇਲੇ ਹਾਊਸ ਐਡਜਰਨ ਹੋਇਆ ਸੀ ਤਾਂ ਇਹ ਫੈਸਲਾ ਹੋਇਆ ਸੀ ਕਿ 17 ਤਾਰੀਖ ਨੂੰ ਸੈਸ਼ਨ ਹੋਵੇਗਾ। ਬਿੱਲ ਇੰਪਾਰਟੈਂਟ ਰੱਖੇ ਹਨ, ਠੀਕ ਹੈ, ਲੇਕਿਨ ਜਦੋਂ ਬਿੱਲ ਆਵੇਗਾ ਮੈਂ ਇਕੱਲੀ ਇਕੱਲੀ ਕਲਾਜ਼ ਪਹਿਲਾਂ ਹੀ ਐਕਸਪਲੇਨ ਕਰ ਦਿਆਂਗਾ ਤਾਕਿ ਕਿਸੇ ਮੈਂਬਰ ਨੂੰ ਕੋਈ ਪ੍ਰਾਬਲਮ ਨਹੀਂ ਰਹੇਗੀ ਔਰ ਜੋ ਵੀ ਸੁਝਾਉ ਮੈਂਬਰ ਸਾਹਿਬਾਨ ਦੇਣਗੇ ਅਸੀਂ ਉਨ੍ਹਾਂ ਨੂੰ ਜ਼ਰੂਰ ਵੇਖਾਂਗੇ ਔਰ ਫਿਰ ਜੇਕਰ ਕੋਈ ਅਮੈਂਡਮੈਂਟ ਵਰਕਿੰਗ ਵਿਚ ਕਰਨੀ ਪਈ ਤਾਂ ਜ਼ਰੂਰ ਕਰ ਲਵਾਂਗੇ। ਪਰ ਅੱਜ ਇਹ ਬਿੱਲ ਜ਼ਰੂਰ ਪਾਸ ਕਰ ਲਿਆਂ ਜਾਣਾ ਚਾਹੀਦਾ ਹੈ।

**Mr. Speaker :** Question is—

That the Proceedings on the items of business fixed for today, the 17th February, 1976 be exempted at this day's sitting from the provisions of the rule "Sittings of the Vidhan Sabha (Assembly)" indefinitely.

*The motion was carried*

## MOTION UNDER RULE 16

**Revenue and Election Minister** (Sardar Umrao Singh) :

Sir, I beg to move—

That the Vidhan Sabha (Assembly) at its rising this day shall stand adjourned *sine die*.

**Mr. Speaker :** Motion moved—

That the Vidhan Sabha (Assembly) at its rising this day shall stand adjourned *sine die*.

**Mr. Speaker :** Question is—

That the Vidhan Sabha (Assembly) at its rising this day shall stand adjourned *sine die*.

*The motion was carried*

## FOURTH REPORT OF THE RULES COMMITTEE

**Revenue and Elections Minister** (Sardar Umrao Singh) :

Sir, I beg to move—

That this House agrees with the recommendations contained in the Fourth Report of the Rules Committee which was laid on the Table on the 10th February, 1976.

Original with; Punjab Vidhan Sabha Digitized by; Panjab Digital Library

**Mr. Speaker :** Motion moved—

> That this House agrees with the recommendations contained in the Fourth Report of the Rules Committee which was laid on the Table on the 10th February, 1976,

**ਕਾਮਰੇਡ ਰਾਜ ਕੁਮਾਰ (ਧਾਰੀਵਾਲ) :** ਮਾਨਯੋਗ ਸਪੀਕਰ ਸਾਹਿਬ, ਇਹ ਰੂਲਜ਼ ਕਮੇਟੀ ਦੀ ਜਿਹੜੀ ਰਿਪੋਰਟ ਹੈ, ਜਿਹੜੀ ਸਾਡੇ ਸਾਹਮਣੇ ਪਾਸ ਕਰਨ ਦੇ ਵਾਸਤੇ ਪੇਸ਼ ਹੋਈ ਹੈ, ਮੈਂ ਇਸ ਦੇ ਸਬੰਧ ਵਿਚ ਥੋੜੇ ਜਿਹੇ ਲਫ਼ਜ਼ਾਂ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ।

ਸਪੀਕਰ ਸਾਹਿਬ, ਮੈਂ ਮਸ਼ਕੂਰ ਹਾਂ ਰੂਲਜ਼ ਕਮੇਟੀ ਦਾ ਜਿਨ੍ਹਾਂ ਨੇ ਮੈਨੂੰ ਬੁਲਾਇਆ ਹੈ ਔਰ ਮੈਂ ਆਪਣੇ ਵਿਚਾਰ ਦਿੱਤੇ ਸਨ। ਮੈਨੂੰ ਤਵੱਕੋ ਨਹੀਂ ਸੀ ਕਿ ਜਿਸ ਤਰ੍ਹਾਂ ਜਿਸ ਸਪਿਰਿਟ ਵਿਚ ਆਪਣੇ ਵਿਚਾਰ ਇਨ੍ਹਾਂ ਦੀ ਖਿਦਮਤ ਵਿਚ ਰੱਖੇ ਸਨ ਉਸ ਸਪਿਰਿਟ ਨੂੰ ਤਸਲੀਮ ਨਹੀਂ ਕੀਤਾ ਜਾਵੇਗਾ । ਸਪੀਕਰ ਸਾਹਿਬ, ਇਹ ਤਿੰਨ ਚੀਜ਼ਾਂ ਹਨ ਜਿਨ੍ਹਾਂ ਦੀ ਬਿਨਾ ਤੇ ਰੂਲਜ਼ ਆਫ਼ ਪ੍ਰੋਸੀਜਰ ਐਂਡ ਕੰਡਕਟ ਆਫ਼ ਬਿਜ਼ਨੈਸ ਵਿਚ ਤਰਮੀਮ ਚਾਹੀਦੀ ਹੈ :—

ਇਕ ਤਾਂ ਹੈ ਸਵਾਲਾਂ ਦੇ ਸਬੰਧ ਵਿਚ ਕਿ ਉਨ੍ਹਾਂ ਦੀ ਤਾਦਾਦ ਫ਼ੀ ਮੈਂਬਰ, ਫ਼ੀ ਦਿਨ ਕੀ ਹੋਵੇ । ਦੂਸਰਾ ਸਵਾਲ ਹੈ ਅਥਾਰਿਟੀ ਦੇ ਮਾਮਲੇ ਵਿਚ ਔਰ ਕਾਲ ਅਟੈਨਸ਼ਨ ਮੋਸ਼ਨ ਦੇ ਬਾਰੇ ਵਿਚ ਔਰ ਤੀਸਰੀ ਗਲ ਹੈ ਅਸਤੀਫੇ ਦੇ ਸਬੰਧ ਵਿਚ, ਅਗਰ ਕੋਈ ਮੈਂਬਰ ਅਸਤੀਫ਼ਾ ਦੇਵੇ ਤਾਂ ਕੀ ਹੋਵੇਗਾ ।

ਮੈਂ, ਸਪੀਕਰ ਸਾਹਿਬ, ਇਹ ਬੇਨਤੀ ਕਰਨੀ ਹੈ ਕਿ ਜੋ ਕੁਝ ਪਿਛਲੇ ਅਰਸੇ ਵਿਚ ਵਿਧਾਨ ਸਭਾ ਵਿਚ ਹੁੰਦਾ ਰਿਹਾ ਹੈ ਔਰ ਜੋ ਪ੍ਰੋਸੀਜਰ, ਜੋ ਪ੍ਰੋਸੈਸ ਕਾਫ਼ੀ ਤਜਰਬੇ ਤੋਂ ਬਾਅਦ ਅਮਲ ਵਿਚ ਆਇਆ ਸੀ, ਉਸ ਦਾ ਐਬਿਊਜ਼ ਹੋ ਰਿਹਾ ਸੀ । ਔਰ ਜਮਹੂਰੀਅਤ ਵਿਚ ਵਿਸ਼ਵਾਸ ਰੱਖਣ ਵਾਲਾ ਕੋਈ ਵੀ ਸੱਜਣ ਕਦੇ ਵੀ ਇਨਕਾਰ ਕਰਨ ਵਾਲਾ ਨਹੀਂ ਸੀ ਕਿ ਇਹ ਐਬਿਊਜ਼ ਨਹੀਂ ਹੋਣਾ ਚਾਹੀਦਾ ਸੀ । ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ ਕਿ ਹਾਊਸ ਵਿਚ ਕੀ ਕੁਝ ਹੋਇਆ । ਪ੍ਰਿਵਿਲੇਜ ਕੁਐਸਚਨਜ਼ ਆਏ, ਮਾਮਲੇ ਕਮੇਟੀ ਕੋਲ ਗਏ ਔਰ ਸਰਵ-ਸੰਮਤੀ ਨਾਲ ਨਿਰਣੇ ਹੋਏ, ਔਰ ਮੈਂਬਰਜ਼ ਨੂੰ ਡਿਸਿਪਲਿੰਡ ਕਰਨ ਵਾਸਤੇ ਕੁਝ ਸਖਤ ਫੈਸਲੇ ਵੀ ਕਰਨੇ ਪਏ ਔਰ ਹਾਊਸ ਨੇ ਉਦਾਰਤਾ ਵੀ ਵਿਖਾਈ ਜਦੋਂ ਉਨ੍ਹਾਂ ਨੇ ਗਲਤੀ ਮੰਨ ਲਈ । ਸਪੀਕਰ ਸਾਹਿਬ, ਪਾਜ਼ੇਟਿਵ ਰਵੱਈਆ ਹੋਵੇ ਤਾਂ ਸਪੋਰਟ ਕਰਦੇ ਹਾਂ । ਰੀਜ਼ਨੇਬਲ ਰਿਸਟਰਿਕਸ਼ਨ ਮੈਂਬਰਜ਼ ਦੇ ਰਾਈਟ ਤੇ ਇਸ ਨੀਅਤ ਨਾਲ ਮਨਜ਼ੂਰ ਕੀਤੀ ਜਾਵੇ ਕਿ ਜਮਹੂਰੀਅਤ ਦਾ ਪ੍ਰੋਸੀਜਰ ਹਰ ਤਰ੍ਹਾਂ ਨਾਲ ਵਿਕਾਸ ਕਰੇ, ਤਾਂ ਤੇ ਠੀਕ ਹੈ, ਪਰ ਜੇਕਰ ਨੈਗੇਟਿਵ ਪੱਖ ਨੂੰ ਧਿਆਨ ਵਿਚ ਹੀ ਲਿਆਂਦਾ ਜਾਵੇ ਔਰ ਪਾਜ਼ੇਟਿਵ ਪੱਖ ਨੂੰ ਧਿਆਨ ਵਿਚ ਨਾ ਲਿਆਂਦਾ ਜਾਵੇ, ਤਾਂ ਠੀਕ ਨਹੀਂ ਹੈ ।

ਸਪੀਕਰ ਸਾਹਿਬ, ਪਾਰਲੀਮੈਂਟ ਵਿਚ ਪ੍ਰੋਸੀਜਰ ਨੂੰ ਬੁਨਿਆਦ ਬਣਾ ਕੇ ਅਸੀਂ ਰੂਲਜ਼ ਵਿਚ ਇਹ ਤਬਦੀਲੀਆਂ ਲਿਆਉਣਾ ਚਾਹੁੰਦੇ ਹਾਂ ਕਿ ਮੈਂਬਰਾਂ ਦੇ ਸਵਾਲ ਪੁਛਣ ਦੇ ਹੱਕਾਂ ਨੂੰ ਫਰੀਜ਼ ਕਰ ਦਿੱਤਾ ਜਾਵੇ । ਮੈਂਬਰ ਦੋ ਸਵਾਲ ਪੁੱਛੇਗਾ ਔਰ ਰਿਟਨ ਚਾਰ ਸਵਾਲਾਂ ਤੋਂ ਵੱਧ ਨਹੀਂ ਪੁੱਛੇਗਾ । ਅਨਸਟਾਰਡ ਚਾਰ ਸਵਾਲਾਂ ਤੋਂ ਵੱਧ ਨਹੀਂ ਪੁੱਛੇਗਾ । ਸਪੀਕਰ ਸਾਹਿਬ, ਜੇਕਰ ਤਾਂ ਸਾਡੇ ਕੰਮ ਦਾ ਸਿਸਟਮ ਬਿਲਕੁਲ ਪਾਰਲੀਮੈਂਟ ਵਰਗਾ ਹੋਵੇ ਫਿਰ ਤਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਸ਼ਾਇਦ ਮੈਂ ਇਸ ਗੱਲ ਨਾਲ ਸਹਿਮਤ ਹੁੰਦਾ ਰੂਲਜ਼ ਕਮੇਟੀ ਨਾਲ, ਪਰ ਤੁਸੀਂ ਜਾਣਦੇ ਹੋ ਕਿ ਛੇ ਮਹੀਨੇ ਤਕ ਪਾਰਲੀਮੈਂਟ ਮੀਟ ਕਰਦੀ ਹੈ, ਮਿਨੀਮੱਮ ਅਰਸੇ ਦੇ ਵਿਚ ਜਿਹੜੇ ਸਵਾਲ ਲੋਕਾਂ ਦੇ ਦਿਮਾਗਾਂ ਵਿਚ ਹੁੰਦੇ ਹਨ, ਉਨ੍ਹਾਂ ਨੂੰ ਉਠਾ ਸਕਣ ਪਰ ਸਾਡੇ ਇਸ ਤਰ੍ਹਾਂ ਨਹੀਂ ਹੈ। ਸਾਡੇ ਅਜਲਾਸ ਦੀ ਪਾਬੰਦੀ ਹੈ। ਸਾਡੇ ਟਰੈਂਡ ਹੈ ਕਿ ਅਜਲਾਸ ਘੱਟ ਤੋਂ ਘੱਟ ਹੋਣ ਔਰ ਜਿਹੜਾ ਹੋਵੇ ਉਹ ਵੀ ਘੱਟੋ ਘੱਟ ਅਰਸੇ ਲਈ ਹੋਵੇ। ਜੇਕਰ ਇਕ ਦਿਨ ਦਾ ਹੈ ਤਾਂ ਘੱਟੋ ਘੱਟ ਟਾਈਮ ਲਗੇ। ਹੁਣ ਇਸ ਸਿਸਟਮ ਵਿਚ, ਸਪੀਕਰ ਸਾਹਿਬ, ਜੇਕਰ ਪਾਰਲੀਮੈਂਟ ਦੇ ਸਿਸਟਮ ਨੂੰ ਲੈਕੇ ਇਸ ਤਰ੍ਹਾਂ ਨਾਲ ਤਬਦੀਲ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਕੁਝ ਅਵਗੁਣ ਪੈਦਾ ਹੋ ਜਾਣਗੇ। ਮੈਂ ਇਨ੍ਹਾਂ ਤਰਮੀਮਾਂ ਦੇ ਅੰਦਰ ਇਤਰਾਜ਼ ਦੇਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਇਸ ਗੱਲ ਤੋਂ ਜ਼ਰੂਰ ਅਗਾਹ ਹਾਂ ਕਿ ਪਿਛਲੇ ਦਿਨਾਂ ਵਿਚ ਕੁਝ ਲੋਕਾਂ ਨੇ ਜਮਹੂਰੀਅਤ ਨੂੰ ਡੀਮਾਰੇਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਡਿਸਇਫੈਕਸ਼ਨ ਜਮਹੂਰੀਅਤ ਵਿਚ ਪੈਦਾ ਕਰਨ ਦੀ ਕੋਸ਼ਿਸ਼ ਹੋ ਰਹੀ ਸੀ। ਅਗਰ ਇਹ ਕੋਸ਼ਿਸ਼ਾਂ ਰੋਕੀਆ ਜਾਂਦੀਆਂ ਹਨ ਤਾਂ ਅਸੀਂ ਫਿਰ ਸਪੋਰਟ ਕਰਾਂਗੇ ਲੇਕਿਨ ਸਪੀਕਰ ਸਾਹਿਬ, ਜੋ ਤਰਮੀਮਾਂ ਲਿਆਂਦੀਆਂ ਜਾ ਰਹੀਆਂ ਹਨ ਇਨ੍ਹਾਂ ਨਾਲ ਉਨ੍ਹਾਂ ਕੋਸ਼ਿਸ਼ਾਂ ਵਿਚ ਰੁਕਾਵਟਾਂ ਨਹੀਂ ਪੈਂਦੀਆਂ ਸਗੋਂ ਉਹ ਹਾਲੇ ਵੀ ਉਪਰ ਸੁਲਗਦੀਆਂ ਰਹਿਣਗੀਆਂ।

ਸਪੀਕਰ ਸਾਹਿਬ, ਕਾਲ ਅਟੈਨਸ਼ਨਜ਼ ਬਾਰੇ ਪਾਬੰਦੀ ਲਗਾਈ ਗਈ ਹੈ ਕਿ ਦੋ ਕਾਲ ਅਟੈਨਸ਼ਨਾਂ ਤੋਂ ਵੱਧ ਨਹੀਂ ਦਿੱਤੀਆਂ ਜਾ ਸਕਦੀਆਂ।

**ਸ੍ਰੀ ਸਪੀਕਰ** : ਮੇਰਾ ਖਿਆਲ ਹੈ ਤਿੰਨ ਹਨ।

**ਕਾਮਰੇਡ ਰਾਜ ਕੁਮਾਰ** : ਨਹੀਂ ਜੀ, ਉਹ ਇਸ ਤਰ੍ਹਾਂ ਤਾਂ ਪਹਿਲਾਂ ਸੀ।

**ਮਾਲ ਅਤੇ ਚੋਣ ਮੰਤਰੀ** : ਫਿਰ ਦੋ ਕਰ ਦੇਈਏ।

**ਕਾਮਰੇਡ ਰਾਜ ਕੁਮਾਰ** : ਮੇਰੀ ਗੱਲ ਤਾਂ ਸੁਣੋ। ਦੋ ਹੀ ਤੁਸੀਂ ਕਿਹਾ ਹੈ। ਮੈਂ ਪੜ੍ਹ ਦਿੰਦਾ ਹਾਂ। ਸਪੀਕਰ ਸਾਹਿਬ, ਇਕ ਦਿਨ ਵਿਚ ਦੋ ਤੋਂ ਵੱਧ ਨੋਟਿਸ ਨਹੀਂ ਦਿੱਤੇ ਜਾ ਸਕਦੇ ਔਰ ਇਕ ਦਿਨ ਵਿਚ 3 ਤੋਂ ਵੱਧ ਕਾਲ ਅਟੈਨਸ਼ਨ ਮੋਸ਼ਨਜ਼ ਨਹੀਂ ਆ ਸਕਦੀਆਂ ਜੇਕਰ 3 ਐਡਮਿਟ ਹੋ ਜਾਣ ਤਾਂ ਬੈਲਟ ਨਾਲ ਆਉਣਗੀਆਂ। ਸਪੀਕਰ ਸਾਹਿਬ, ਪਾਰਲੀਮੈਂਟ ਵਿਚ ਕਾਲ ਅਟੈਨਸ਼ਨ ਮੋਸ਼ਨਜ਼ ਬੜੀ ਲਿਮਟਿਡ ਹਨ। ਇਸ ਗੱਲ ਦਾ ਜ਼ਰੂਰ ਧਿਆਨ ਰਖਿਆ ਜਾਣਾ ਚਾਹੀਦਾ ਹੈ ਕਿ ਪਾਰਲੀਮੈਂਟ ਵਿਚ ਇਜਲਾਸ ਘੱਟੋ ਘੱਟ 6 ਮਹੀਨੇ ਤਕ ਦਾ ਚਲਦਾ ਹੈ ਅਤੇ ਹਰ ਸੈਸ਼ਨ 2 ਮਹੀਨੇ ਦਾ ਹੋ ਜਾਂਦਾ ਹੈ। ਟੋਟਲ ਕਰਕੇ ਵੇਖ ਲਵੋ ਕਿ ਅਸੀਂ ਪਾਰਲੀਮੈਂਟ ਦੇ ਮੁਕਾਬਲੇ ਵਿਚ ਕਿਤਨੇ ਕਰਦੇ ਹਾਂ। ਮੈਂ ਪਾਰਲੀਮੈਂਟ ਦਾ ਸੈਸ਼ਨ ਵੇਖਿਆ ਹੈ ਉਨ੍ਹਾਂ ਦਿਨਾਂ ਵਿਚ ਜਿਨ੍ਹਾਂ ਦਿਨਾਂ ਵਿਚ ਹਾਊਸ ਦਾ ਬਹੁਤ ਘੱਟ ਕੰਮ ਹੁੰਦਾ ਹੈ ਉਥੇ ਕਾਲ ਅਟੈਨਸ਼ਨ ਮੋਸ਼ਨਜ਼ ਦੇ ਉਤਰ ਵਿਚ ਸਟੇਟਮੈਂਟ ਦਿੰਦੇ ਹਨ ਅਤੇ ਸਟੇਟਮੈਂਟਸ ਤੇ ਬਹਿਸ ਹੁੰਦੀ ਹੈ। ਇਹ ਗੱਲ ਵੈਲਕੰਮ ਕਰਦੇ ਹਾਂ ਕਿ ਕਾਲ ਅਟੈਨਸ਼ਨ ਮੋਸ਼ਨਜ਼ ਤੋਂ ਬਾਅਦ ਮਨਿਸਟਰ ਲਈ ਇਹ ਪਾਬੰਦੀ ਹੋਵੇ ਕਿ ਹਾਊਸ ਦੇ ਵਿਚ ਹੀ ਜਵਾਬ ਦੇ ਦੇਵੇ, ਇਹ ਗੱਲ ਤਾਂ ਅਸੀਂ ਵੈਲਕੰਮ ਕਰਦੇ ਹਾਂ ਲੇਕਿਨ ਵੈਲਕੰਮ ਦੇ ਨਾਲ ਜਿਹੜੀ ਦੂਜੇ ਪਾਸੇ ਪਾਬੰਦੀ ਲਗਾ ਦਿਤੀ ਹੈ ਕਿ ਦੋ ਤੋਂ ਵੱਧ ਨਹੀਂ ਦਿਤੀ ਜਾ ਸਕਦੀ ਹੈ। ਇਹ ਠੀਕ ਨਹੀਂ ਹੈ ਜਿੰਨਾਂ ਤੋਂ ਹਾਊਸ

Original with;
Punjab Vidhan Sabha
Digitized by;
Panjab Digital Library

ਚਾਹੇ ਅਤੇ ਤੁਸੀਂ ਸਪੀਕਰ ਸਾਹਿਬ, ਆਪਣੀ ਡਿਸਕ੍ਰੀਸ਼ਨ ਵਿਚ ਕਿਸੇ ਮੈਂਬਰ ਨੂੰ ਇਜ਼ਾਜਤ ਦੇ ਸਕਦੇ ਹੋ। ਇਹ ਰੀਜ਼ਨੇਬਲ ਰਿਸਟ੍ਰਿਕਸ਼ਨ ਲਈ ਅੱਨਕਾਲਡ ਫਾਰ ਗੈਪ ਹੋਵੇਗਾ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਕਮੇਟੀ ਵਿਚ ਮੇਰੀ ਦਰਖਾਸਤਾਂ ਨੂੰ ਐਗਰੀ ਨਹੀਂ ਕਰਵਾ ਸਕੇ ਤਾਂ ਹੁਣ ਇਸ ਤੇ ਜ਼ਰੂਰ ਗੌਰ ਕਰ ਲੈਣ ਅਤੇ ਇਸ ਤਰ੍ਹਾਂ ਅੱਗੇ ਚਲਦਾ ਰਹੇ। ਇਨ੍ਹਾਂ ਨੇ ਸੈਸ਼ਨ ਦੀ ਸਾਈਨੇ ਡਾਈ ਦੀ ਮੋਸ਼ਨ ਦੇ ਦਿੱਤੀ ਹੈ। ਪਾਰਲੀਮੈਂਟ ਪ੍ਰੋਸੀਜਰ ਅਤੇ ਪ੍ਰੈਕਟਿਸ ਨੂੰ ਅੱਛੀ ਤਰ੍ਹਾਂ ਵੇਖ ਲਉ। ਸਪੀਕਰ ਸਾਹਿਬ ਜਿਵੇਂ ਤੁਸੀਂ ਰੂਲਜ਼ ਕਮੇਟੀ ਦੇ ਚੇਅਰਮੈਨ ਹੋ ਅਤੇ ਰੂਲਜ਼ ਕਮੇਟੀ ਦੇ ਮੈਂਬਰ ਦਿੱਲੀ ਜਾ ਕੇ ਪਾਰਲੀਮੈਂਟ ਪ੍ਰੋਸੀਜਰ ਅਤੇ ਪ੍ਰੈਕਟਿਸ ਨੂੰ ਵੇਖਣ ਤੋਂ ਬਾਅਦ ਉਨ੍ਹਾਂ ਰੂਲਾਂ ਉਤੇ ਵਿਚਾਰ ਕਰੋ, ਰੱਸ਼ ਨਾਂ ਕਰੋ। ਮੈਂ ਧੰਨਵਾਦ ਕਰਦਾ ਹਾਂ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਨੇ ਰੂਲਜ਼ ਕਮੇਟੀ ਦੀ ਰਿਕੁਮੈਂਡੇਸ਼ਨ ਤੇ ਜੋ ਵਿਚਾਰ ਰੱਖੇ ਹਨ, ਮੇਰੀ ਗੁਜ਼ਾਰਿਸ਼ ਹੈ ਕਿ ਜਿੱਥੋਂ ਤਕ ਸਟਾਰਡ ਸਵਾਲਾਂ ਦਾ ਤੁੱਅਲਕ ਹੈ ਇਸ ਵਿਚ ਰੋਜ਼ ਦੇ 20 ਸਵਾਲ ਕਰ ਦਿੱਤੇ ਹਨ ਅਤੇ ਇਕ ਮੈਂਬਰ ਸਿਰਫ ਦੋ ਸਵਾਲ ਹੀ ਦੇ ਸਕਦਾ ਹੈ। ਇਹ ਲਿਮਟ ਇਸ ਕਰਕੇ ਰੱਖੀ ਗਈ ਹੈ ਤਾਂਕਿ ਕੁਝ ਮੈਂਬਰ ਹੀ ਫਾਇਦਾ ਨਾ ਉਠਾਈ ਜਾਣ। ਪਾਰਲੀਮੈਂਟ ਵਿਚ ਇਕ ਸਵਾਲ ਇਕ ਮੈਂਬਰ ਕਰ ਸਕਦਾ ਹੈ। ਅਸੀਂ ਫ਼ਿਰ ਵੀ ਇਥੇ ਇਕ ਮੈਂਬਰ ਦੇ ਦੋ ਸਵਾਲ ਕਰ ਦਿੱਤੇ ਹਨ ਤਾਂਕਿ ਬਹੁਤ ਸਾਰੇ ਮੈਂਬਰ ਇਸ ਦਾ ਫ਼ਾਇਦਾ ਉਠਾ ਸਕਣ। ਇਨ੍ਹਾਂ ਨੇ ਡੈਮੋਕਰੇਸੀ ਦੀ ਗੱਲ ਕੀਤੀ ਹੈ ਪਰ ਮੈਂ ਸਮਝਦਾ ਹਾਂ ਕਿ ਕੁਝ ਮੈਂਬਰ ਹੁੰਦੇ ਹਨ ਜਿਹੜੇ ਚੰਗੀ ਤਰ੍ਹਾਂ ਅਟੈਨਸ਼ਨ ਦਿੰਦੇ ਹਨ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਇਸ ਦੇ ਵਿਚ ਦੂਜੇ ਮੈਂਬਰਾਂ ਦੀ ਕੰਟਰੀਬਿਊਸ਼ਨ ਹੋ ਸਕੇ। ਇਹ ਮੋਸਟ ਡੈਮੋਕਰੇਟਿਕ ਸਟੈਪ ਹੈ ਕਿ ਸਾਰੇ ਮੈਂਬਰ ਇਸ ਵਿਚ ਹਿੱਸਾ ਲੈ ਸਕਣ। ਇਸ ਲਈ ਸਵਾਲ ਦੋ ਕਰ ਦਿੱਤੇ ਗਏ ਹਨ। ਇਸ ਕਰਕੇ ਚਾਰ ਅਨ-ਸਟਾਰਡ ਕੁਐਸਚਨ ਰੱਖੇ ਗਏ ਹਨ। ਅਸੀਂ ਵੇਖਿਆ ਹੈ ਕਿ ਮੈਂਬਰ ਕਈ ਵਾਰ ਇਸ ਤਰ੍ਹਾਂ ਦੇ ਸਵਾਲ ਕਰ ਦਿੰਦੇ ਹਨ, ਜਿਸ ਨੂੰ ਪੜ੍ਹੇ ਬਗੈਰ ਦਸਤਖਤ ਕਰ ਦਿੰਦੇ ਹਨ ਔਰ ਉਸ ਦੀ ਕਿੰਨੀ ਇੰਪਲੀਕੇਸ਼ਨ ਗੌਰਮਿੰਟ ਨੂੰ ਹੁੰਦੀ ਹੈ ਔਰ ਸਾਰੀ ਗੌਰਮਿੰਟ ਉਸ ਦਾ ਜਵਾਬ ਤਿਆਰ ਕਰਨ ਵਿਚ ਲੱਗੀ ਰਹਿੰਦੀ ਹੈ।

**Comrade Satya Pal Dang**: It is a reflection on the members of the House. ਇਹ ਕਾਂਗਰਸ ਪਾਰਟੀ ਦੇ ਮੈਂਬਰ ਕਰਦੇ ਹੋਣਗੇ ਪਰ ਸਾਡੀ ਪਾਰਟੀ ਦੇ ਮੈਂਬਰ ਇਸ ਤਰ੍ਹਾਂ ਨਹੀਂ ਕਰਦੇ। ਇਸ ਨਾਲ ਸਾਡੇ ਹੱਕ ਨਾ ਖੋਹਵੋ।

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਮੈਂ ਅਤੇ ਕੈਪਟਨ ਸਾਹਿਬ ਆਪੋਜ਼ੀਸ਼ਨ ਵਿਚ ਰਹੇ ਹਾਂ। ਐਮ. ਐਲ. ਏ. ਹੋਸਟਲ ਵਿਚ ਕਦੇ ਕੋਈ ਐਂਪਲਾਈਜ਼ ਅਤੇ ਕਦੇ ਹੋਰ ਕੋਈ ਆਪਣੇ ਸਵਾਲ ਲੈ ਕੇ ਆਉਂਦੇ ਰਹਿੰਦੇ ਸਨ। ਮੈਂ ਨਹੀਂ ਸਮਝਦਾ ਕਿ ਮੈਂਬਰ ਸਾਹਿਬਾਨ ਗੌਰ ਨਹੀਂ ਕਰਦੇ ਹਨ ਅਤੇ ਸਵਾਲਾਂ ਤੇ ਕਿਸੇ ਦੇ ਕਹਿਣ ਤੇ ਦਸਤਖਤ ਕਰ ਦਿੰਦੇ ਹਨ। ਫਿਰ ਵੀ ਮੇਰਾ ਖਿਆਲ ਹੈ ਕਿ ਸਾਰੇ ਮੈਂਬਰਾਂ ਨੂੰ ਸਵਾਲ ਚੰਗੀ ਤਰ੍ਹਾਂ ਨਾਲ ਪੜ੍ਹ ਕੇ ਭੇਜਣੇ ਚਾਹੀਦੇ ਹਨ। ਇਸ ਵਿਚ ਸਾਡੀ ਸਟੇਟ ਦਾ ਵੀ ਇੰਟ੍ਰੈਸਟ ਹੈ। ਤਜਰਬੇ ਦੇ ਤੌਰ ਤੇ ਇਹ ਵੇਖਿਆ ਗਿਆ ਹੈ ਅਤੇ ਫਿਰ ਵੇਖ ਲਵਾਂਗੇ ਅਤੇ ਫਿਰ ਜੇ ਮੈਂਬਰ ਸਾਹਿਬ ਕਹਿਣਗੇ ਕਿ ਇਹ ਸਵਾਲ ਥੋੜੇ ਹਨ ਤਾਂ ਇਹ ਜ਼ਿਆਦਾ ਵੀ ਹੋ ਸਕਦੇ ਹਨ ਪਰ ਮੈਂ ਸਮਝਦਾ ਹਾਂ ਕਿ ਇਹ ਕਾਫੀ ਹਨ। ਇਸ ਦੇ ਬਾਅਦ ਅਥਾਰਿਟੀ ਦੇਣ ਦੀ ਗੱਲ ਹੈ। ਸਪੀਕਰ ਸਾਹਿਬ, ਅੱਗੇ ਵੀ ਪ੍ਰੈਕਟਿਸ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਰਹੀ ਹੈ ਜਦ ਤਕ ਅਥਾਰਿਟੀ ਰਿਟਨ ਨਾ ਹੋਵੇ ਤੁਸੀਂ ਅਲਾਉ ਨਹੀਂ ਕਰਦੇ। ਕਈ ਵਾਰ ਮੈਂਬਰ ਦੀ ਪੁਜ਼ੀਸ਼ਨ ਐਂਬਰਾਸਡ ਹੋ ਜਾਂਦੀ ਹੈ ਜਦ ਕਿ ਤੁਸੀਂ ਅਥਾਰਿਟੀ ਦੀ ਡਿਮਾਂਡ ਕਰਦੇ ਹੋ। ਇਸ ਕਰਕੇ ਰੂਲਜ਼ ਵਿਚ ਇਹ ਪਾ ਦਿੱਤਾ ਗਿਆ ਹੈ ਤਾਕਿ ਜੇ ਕਿਸੇ ਮੈਂਬਰ ਕੋਲ ਰਿਟਨ ਅਥਾਰਿਟੀ ਹੋਵੇ ਤਾਂ ਉਹ ਤੁਹਾਨੂੰ ਭੇਜ ਦੇਵੇ ਅਤੇ ਤੁਸੀਂ ਸਵਾਲ ਕਰਨ ਦੀ ਆਗਿਆ ਦੇ ਦੇਵੋ। ਇਸ ਦੇ ਨਾਲ ਹੀ ਰੈਜ਼ਿਗਨੇਸ਼ਨ ਆਫ ਦੀ ਮੈਂਬਰ ਦੀ ਗੱਲ ਹੈ। ਸਪੀਕਰ ਸਾਹਿਬ, ਇਹ ਬਿਲਕੁਲ ਪਾਰਲੀਮੈਂਟ ਵਰਗੇ ਰੂਲਜ਼ ਹਨ। ਇਸ ਦੇ ਨਾਲ ਸਾਨੂੰ ਮੈਂਬਰਜ਼ ਨੂੰ ਇਸ ਗੱਲ ਦੀ ਪਾਵਰ ਦਿੱਤੀ ਗਈ ਹੈ ਅਤੇ ਤੁਸੀਂ ਵੀ ਉਸ ਰੈਜ਼ਿਗਨੇਸ਼ਨ ਨੂੰ ਦੇਖ ਸਕੋ ਕਿਉਂਕਿ ਕੋਈ ਮੈਂਬਰ ਰੈਜ਼ਿਗਨੇਸ਼ਨ ਨੂੰ ਆਪ ਆਕੇ ਨਹੀਂ ਦਿੰਦਾ ਸਗੋਂ ਬਾਈ ਪੋਸਟ ਜਾਂ ਕਿਸੇ ਹੋਰ ਤਰੀਕੇ ਨਾਲ ਦੇ ਜਾਂਦਾ ਹੈ ਅਤੇ ਤੁਸੀਂ ਇਸ ਦੇ ਉਤੇ ਇਨਕੁਆਇਰੀ ਕਰ ਸਕੋ। ਇਹ ਮੈਂਬਰ ਦੇ ਹਿੱਤ ਵਿਚ ਹੈ। ਕਾਲ ਅਟੈਨਸ਼ਨ ਮੋਸ਼ਨ ਦੇ ਬਾਰੇ ਇਥੇ ਕਿਹਾ ਗਿਆ। ਕਾਮਰੇਡ ਰਾਜ ਕੁਮਾਰ ਨੇ ਕਿਹਾ ਕਿ ਪਾਰਲੀਮੈਂਟ ਦਾ ਸੈਸ਼ਨ 6 ਮਹੀਨੇ ਹੁੰਦਾ ਹੈ। ਪਰ ਮੈਂ ਦੱਸਦਾ ਹਾਂ ਕਿ ਕਾਲ ਅਟੈਨਸ਼ਨ ਕਿਸੇ ਸਪੈਸ਼ਲ ਮੈਟਰ ਜਾਂ ਕਿਸੇ ਮਹਾਨਤਾ ਭਰੇ ਵਿਸ਼ੇ ਵੱਲ ਸਰਕਾਰ ਦਾ, ਹਾਊਸ ਦਾ ਧਿਆਨ. ਅਟੈਨਸ਼ਨ ਫੌਰੀ ਤੌਰ ਤੇ ਦਿਵਾਉਣ ਲਈ ਹੋ ਸਕਦੀ ਹੈ। ਇਹ ਨਹੀਂ ਕਿ 6 ਮਹੀਨੇ ਪੁਰਾਣਾ ਸਬਜੈਕਟ ਮੈਟਰ ਹੋਵੇ ਅਤੇ ਉਸ ਵੱਲ ਗੌਰਮਿੰਟ ਦਾ ਧਿਆਨ, ਹਾਊਸ ਦਾ ਧਿਆਨ, ਡਾਈਵੱਰਟ ਕੀਤਾ ਜਾਵੇ ਭਾਵੇਂ ਅਸੈਂਬਲੀ 6 ਮਹੀਨੇ ਚਲੇ ਜਾਂ 4 ਮਹੀਨੇ ਚਲੇ ਜਾਂ 2 ਮਹੀਨੇ ਚਲੇ। ਜਦੋਂ ਕੋਈ ਇੰਪਾਰਟੈਂਟ ਮੈਟਰ ਦੀ ਗੱਲ ਹੋਵੇ ਤਾਂ ਸਰਕਾਰ ਦਾ ਧਿਆਨ ਦਿਵਾਉਣ ਲਈ ਕਾਲ ਅਟੈਨਸ਼ਨ ਮੋਸ਼ਨ ਆਉਂਦੀ ਹੈ ਅਤੇ ਉਸ ਸਬੰਧੀ ਕੋਈ ਸਵਾਲ ਨਾ ਦਿੱਤਾ ਗਿਆ ਹੋਵੇ ਤਾਂ ਮਾਨਯੋਗ ਮੈਂਬਰ ਕਾਲ ਅਟੈਨਸ਼ਨ ਰਾਹੀਂ ਉਸ ਬਾਰੇ ਪੁੱਛ ਸਕਦੇ ਹਨ। ਇਸ ਬਾਰੇ ਇਸ ਵਿਚ ਪ੍ਰੋਵੀਜ਼ਨ ਰਖਿਆ ਗਿਆ ਹੈ ਕਿ ਪਬਲਿਕ ਇਮਪਾਰਟੈਂਸ ਦੀ ਗੱਲ ਹੋਵੇ ਤਾਂ ਉਹ ਕਾਲ ਅਟੈਨਸ਼ਨ ਮੋਸ਼ਨ ਰਾਹੀਂ ਆ ਸਕਦੀ ਹੈ। ਅਗੇ 10-11 ਕਾਲ ਅਟੈਨਸ਼ਨ ਮੋਸ਼ਨਜ਼ ਹੁੰਦੀਆਂ ਸਨ ਅਤੇ ਉਨ੍ਹਾਂ ਬਾਰੇ ਕਦੇ ਇਤਰਾਜ਼ ਕਰ ਸਕਦੇ ਸੀ (ਵਿਘਨ) ਜੇ ਇਨ੍ਹਾਂ ਨੇ ਪੜ੍ਹ ਲਿਆ ਹੈ ਤਾਂ ਠੀਕ ਹੈ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਪਾਰਲੀਮੈਂਟ ਵਿਚ ਸਿਰਫ ਦੋ ਕਾਲ ਅਟੈਨਸ਼ਨ ਮੋਸ਼ਨਜ਼ ਹੋ ਸਕਦੀਆਂ ਹਨ ਜਦ ਕਿ ਉਹ ਹਾਊਸ 500 ਮੈਂਬਰਾਂ ਦਾ ਹੈ ਅਤੇ ਸਾਡਾ ਹਾਊਸ ਉਸ ਨਾਲੋਂ ਬਹੁਤ ਛੋਟਾ ਹੈ। ਇਸ ਕਰਕੇ ਰੂਲਜ਼ ਕਮੇਟੀ ਨੇ ਇਸ ਉਤੇ ਵਿਚਾਰ ਕੀਤਾ ਅਤੇ ਫੈਸਲਾ ਕੀਤਾ ਕਿ ਇਨ੍ਹਾਂ ਦਾ ਨੰਬਰ ਤਿੰਨ ਤੋਂ ਨਹੀਂ ਘਟਾਉਣਾ ਚਾਹੀਦਾ। ਇਸ ਲਈ ਇਕ ਸਿਟਿੰਗ ਲਈ ਤਿੰਨ ਕਾਲ ਅਟੈਨਸ਼ਨ ਮੋਸ਼ਨ ਕਰ ਦਿੱਤੀਆਂ ਹਨ। ਇਹ ਵੀ ਕੀਤਾ ਗਿਆ ਹੈ ਕਿ ਜਿਸ ਦਿਨ ਕਾਲ ਅਟੈਨਸ਼ਨ ਮੋਸ਼ਨਜ਼ ਆਵੇ ਉਸ ਦਿਨ ਉਸ ਦਾ ਜਵਾਬ ਦਿੱਤਾ ਜਾਵੇਗਾ। ਪਹਿਲੇ ਮੈਂਬਰ ਕਹਿੰਦੇ ਸੀ ਕਿ 6-6 ਮਹੀਨੇ ਜਵਾਬ ਨਹੀਂ ਆਉਂਦਾ। ਸੋ ਇਹ ਬਹੁਤੀ ਪਾਬੰਦੀ ਗੌਰਮਿੰਟ ਤੇ ਲਗਾਈ ਗਈ ਹੈ ਜਿਸ ਨੇ ਉਸੇ ਦਿਨ ਜਵਾਬ ਦੇਣਾ ਹੁੰਦਾ ਹੈ ਨਾ ਕਿ ਮੈਂਬਰਾਂ ਤੇ। ਇਸ ਗੱਲ ਨੂੰ ਇਨ੍ਹਾਂ ਨੇ ਐਪਰੀਸ਼ੀਏਟ ਵੀ ਕੀਤਾ ਹੈ। ਗੌਰਮਿੰਟ ਤੇ ਪਾਬੰਦੀ ਲਗਦੀ ਹੈ ਕਿ ਜਵਾਬ ਉਸੇ ਵੇਲੇ ਦੇਣਾ ਹੈ। ਸੋ ਜੇ ਜਵਾਬ ਉਸੇ ਵੇਲੇ ਦੇਣਾ ਹੈ ਤਾਂ ਫਿਰ 11-12 ਕਾਲ ਅਟੈਨਸ਼ਨ ਮੋਸ਼ਨਜ਼ ਦਾ ਜਵਾਬ ਗੌਰਮਿੰਟ ਨਹੀਂ ਦੇ ਸਕਦੀ ਅਤੇ ਇਸ ਤਰ੍ਹਾਂ ਇਹ ਇੰਪੋਸੀਬਲ ਹੈ ਅਤੇ ਇਨਪ੍ਰੈਕਟੀਕੇਬਲ ਵੀ ਹੈ। ਇਹ ਰੂਲਜ਼ ਕਮੇਟੀ ਦੀਆਂ ਰਿਕਮੈਂਡੇਸ਼ਨ ਹਨ। ਹਾਊਸ ਦੇ ਮੈਂਬਰਜ਼ ਜੋ ਉਸ ਕਮੇਟੀ ਵਿਚ ਹਨ ਉਨ੍ਹਾਂ ਨੇ ਯੂਨਾਨੀਮਸਲੀ ਇਸ ਨੂੰ ਲਿਆ ਹੈ ਅਤੇ ਸਾਰੇ ਮੈਂਬਰਾਂ ਨੇ ਯੂਨਾਨੀਮਸਲੀ ਰਿਕਮੈਂਡ ਕੀਤਾ ਹੈ। ਮੈਂ ਕਹਾਂਗਾ ਕਿ ਹਾਊਸ ਇਸ ਨੂੰ ਪ੍ਰਵਾਨ ਕਰੇ।

Original with;
Punjab Vidhan Sabha
Digitized by;
Panjab Digital Library

ਕੈਪਟਨ ਰਤਨ ਸਿੰਘ : ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ : ਮਨਿਸਟਰ ਸਾਹਿਬ ਨੇ ਰਿਪਲਾਈ ਦੇ ਦਿੱਤਾ ਹੈ । ਹੁਣ ਜੇ ਤੁਸੀਂ ਕੋਈ ਇਨਫਰਮੇਸ਼ਨ ਲੈਣੀ ਹੈ ਤਾਂ ਠੀਕ ਹੈ, ਲੈ ਲਵੋ ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਜ਼ਰੂਰੀ ਗੱਲ ਕਰਨਾ ਚਾਹੁੰਦਾ ਹਾਂ (ਵਿਘਨ) ਸਪੀਕਰ ਸਾਹਿਬ, 25 ਸਾਲ ਦਾ ਜਿਹੜਾ ਸਾਡਾ ਡੈਮੋਕਰੇਟਿਕ ਐਕਸਪੀਰੀਐਂਸ ਹੈ ਉਨ੍ਹਾਂ ਨੂੰ ਰੂਲਜ਼ ਦੇ ਰਾਹੀਂ ਬਦਲਦੇ ਰਹਿੰਦੇ ਹਾਂ, ਉਨ੍ਹਾਂ ਨੂੰ ਰੂਲਜ਼ ਦੇ ਰਾਹੀਂ ਬਦਲਣ ਦੀ ਲੋੜ ਹੁੰਦੀ ਹੈ । ਸਪੀਕਰ ਸਾਹਿਬ, ਤੁਸੀਂ ਕਿਉਂਕਿ ਰੂਲਜ਼ ਕਮੇਟੀ ਦੇ ਚੇਅਰਮੈਨ ਹੁੰਦੇ ਹੋ, ਇਸ ਲਈ ਮੈਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ ।

ਸ੍ਰੀ ਸਪੀਕਰ : ਜਿਸ ਵੇਲੇ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ ਤਾਂ ਹੁਣ ਤੁਸੀਂ ਜੇਕਰ ਕੋਈ ਇਨਫਰਮੇਸ਼ਨ ਲੈਣਾ ਚਾਹੁੰਦੇ ਹੋ ਤਾਂ ਲੈ ਲਵੋ ।

ਕੈਪਟਨ ਰਤਨ ਸਿੰਘ : ਹੁਣ ਜਦ ਬਹਿਸ ਸ਼ੁਰੂ ਹੋ ਜਾਵੇ ਤਾਂ ਬੋਲਣ ਲਈ ਟਾਈਮ ਮਿਲਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਅਗਰ ਤੁਸੀਂ ਪਹਿਲਾਂ ਖੜ੍ਹੇ ਹੋ ਜਾਂਦੇ ਤਾਂ ਫਿਰ ਮੈਂ ਟਾਈਮ ਦੇ ਦਿੰਦਾ ਪਰ ਤੁਸੀਂ ਉਠੇ ਹੀ ਨਹੀਂ । ਹੁਣ ਅਗਰ ਤੁਸੀਂ ਇਨਫਰਮੇਸ਼ਨ ਲੈਣੀ ਹੈ ਤਾਂ ਲੈ ਲਵੋ ।

ਕੈਪਟਨ ਰਤਨ ਸਿੰਘ : ਐਨੇ ਚਿਰ ਵਿਚ ਤਾਂ ਕਹਿ ਵੀ ਲੈਣਾ ਸੀ । ਮੈਂ ਜ਼ਰੂਰੀ ਗੱਲ ਕਹਿਣਾ ਚਾਹੁੰਦਾ ਹਾਂ ।

ਸ੍ਰੀ ਸਪੀਕਰ : ਮਨਿਸਟਰ ਸਾਹਿਬ ਦੇ ਰਿਪਲਾਈ ਦੇ ਬਾਅਦ ਗੱਲ ਨਹੀਂ ਬਣਦੀ । ਅਗਰ ਤੁਸੀਂ ਕੋਈ ਇਨਫਰਮੇਸ਼ਨ ਲੈਣੀ ਹੈ ਤਾਂ ਲੈ ਲਵੋ ।

**Captain Rattan Singh** : If you want to ** ** even this suggestion, I will sit down.

**Mr. Speaker** : Question is—

> That this House agrees with the recommendations contained in the Fourth Report of the Rules Committee which was laid on the Table on the 10th February, 1976.

*The Motion was carried*

---

## THE DOWRY PROHIBITION (PUNJAB AMENDMENT) BILL, 1976

**Revenue and Elections Minister** (Sardar Umrao Singh) : Sir, I beg to introduce the Dowry Prohibition (Punjab Amendment) Bill.

*Expunged as ordered by the Chair.

Original with;
Punjab Vidhan Sabha
Digitized by;
Panjab Digital Library

[Revenue and Elections Minister]

I also beg to move—

That the Dowry Prohibition (Punjab Amendment) Bill be taken into consideration at once.

**Mr. Speaker:** Motion moved—

That the Dowry Prohibition (Punjab Amendment) Bill be taken into consideration at once.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਇਤਹਾਦੀ ਸਭਾ ਦੇ ਫੈਸਲੇ ਦੇ ਅਨੁਸਾਰ ਸਾਰੀ ਦੁਨੀਆਂ ਦੇ ਵਿਚ 1975 ਦਾ ਸਾਲ ਔਰਤਾਂ ਦੇ ਸਾਲ ਦੇ ਨਾਮ ਉਤੇ ਮਨਾਇਆ ਗਿਆ, ਬਾਕੀ ਦੁਨੀਆਂ ਵਿਚ ਵੀ ਅਤੇ ਸਾਡੇ ਦੇਸ਼ ਦੇ ਵਿਚ ਵੀ। 1975 ਦੇ ਵਿਚ ਇਸ ਇਤਹਾਦੀ ਸਭਾ ਦੇ ਇਸ ਫੈਸਲੇ ਦੇ ਸਬੰਧ ਵਿਚ ਕਾਫੀ ਕਾਰਵਾਈਆਂ ਹੋਈਆਂ ਹਨ। ਇਸ ਸਾਲ ਦੇ ਮਨਾਉਣ ਦੇ ਫੈਸਲੇ ਦਾ ਮਕਸਦ ਕੀ ਸੀ, ਸਪੀਕਰ ਸਾਹਿਬ, ਕਿ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਸਿਵਾਏ ਸੋਸ਼ਲਿਸਟ ਦੇਸ਼ਾਂ ਨੂੰ ਛੱਡਕੇ ਔਰਤਾਂ ਨੂੰ ਅੱਜ ਵੀ ਬਰਾਬਰ ਦੀ ਥਾਂ ਨਹੀਂ ਜਿਹੜੀ ਕਿ ਦੋ ਇਨਸਾਨਾਂ ਨੂੰ ਹੋਣੀ ਚਾਹੀਦੀ ਹੈ। ਬਹੁਤ ਦੇਸ਼ਾਂ ਦੇ ਵਿਚ ਵਿਧਾਨ ਦੇ ਵਿਚ ਬਰਾਬਰ ਦੀ ਥਾਂ ਦਿਤੀ, ਹੋਰ ਬਰਾਬਰੀ ਦੇ ਹੱਕ ਦਿਤੇ ਪਰ ਅਮਲ ਵਿਚ ਬਰਾਬਰੀ ਨਹੀਂ। ਦੁਨੀਆਂ ਵਿਚ ਕਈ ਦੇਸ਼ ਇਹੋ ਜਿਹੇ ਹਨ, ਖੁਸ਼ਕਿਸਮਤੀ ਨਾਲ ਸਾਡੀ ਗਿਣਤੀ ਇਸ ਆਖਰੀ ਲਿਸਟ ਵਿਚ ਨਹੀਂ ਜਿਥੇ ਕਾਗਜ਼ਾਂ ਵਿਚ ਔਰਤ ਨੂੰ ਬਰਾਬਰੀ ਨਾ ਹੋਵੇ। ਸਾਡੇ ਦੇਸ਼ ਵਿਚ ਵਿਧਾਨ ਵਿਚ ਬਰਾਬਰੀ ਹੈ ਲੇਕਿਨ ਬਹੁਤ ਸਾਰੇ ਦੇਸ਼ਾਂ ਵਿਚ ਅਮਲ ਦੇ ਵਿਚ, ਹਕੀਕਤ ਦੇ ਵਿਚ ਔਰਤਾਂ ਨੂੰ ਬਰਾਬਰੀ ਨਹੀਂ। ਔਰ ਔਰਤਾਂ ਨੂੰ ਬਰਾਬਰੀ ਹੋਵ ਇਹ ਗੱਲ ਜਿਹੜੀ ਇਤਹਾਦੀ ਸਭਾ ਦੀ, ਸਪੀਕਰ ਸਾਹਿਬ, ਫੈਸਲੇ ਦੀ ਮਹਾਨਤਾ ਸੀ, ਇਸ ਦੇ ਵਿਚ ਇਹ ਸੀ ਜਿਸ ਦੇ ਨਾਲ ਨਾ-ਬਰਾਬਰੀ ਹੁੰਦੀ ਹੈ ਉਸ ਨੂੰ ਬਰਾਬਰੀ ਮਿਲ, ਇਨਸਾਫ ਮਿਲੇ। ਇਤਿਹਾਦੀ ਸਭਾ ਦੇ ਫੈਸਲੇ ਦੀ ਇਹ ਮਹਾਨਤਾ ਸੀ ਕਿ ਸਾਰੀ ਦੁਨੀਆਂ ਵਿਚ ਜਿਥੇ ਲੁਟ ਖਸੁੱਟ ਹੁੰਦੀ ਹੈ, ਔਰਤ ਨੂੰ ਬਰਾਬਰ ਨਹੀਂ ਸਮਝਿਆ ਜਾਂਦਾ, ਉਸ ਨੂੰ ਬਰਾਬਰ ਦਾ ਹੱਕ ਦਿਵਾਉਣ ਲਈ ਦੁਨੀਆਂ ਦੇ ਹਰ ਦੇਸ਼ ਵਿਚ ਇਹੋ ਜਿਹੇ ਹਾਲਾਤ ਪੈਦਾ ਕੀਤੇ ਜਾਣ ਕਿ ਔਰਤ ਨੂੰ ਅਮਲ ਦੇ ਵਿਚ ਆਦਮੀ ਦੀ ਬਰਾਬਰੀ ਮਿਲੇ। ਇਹ ਸੀ ਫੈਸਲ ਦਾ ਮਕਸਦ। ਉਸ ਸਾਲ ਵਿਚ ਜਿਹੜੀਆਂ ਬਹੁਤ ਸਾਰੀਆਂ ਕਾਰਵਾਈਆਂ ਹੋਈਆਂ ਹਨ ਉਸ ਦਾ ਕੁਦਰਤੀ ਤੌਰ ਉਤੇ ਸਾਡੇ ਦੇਸ਼ ਵਿਚ ਔਰ ਦੁਨੀਆਂ ਭਰ ਦੇ ਵਿਚ ਵੀ ਇਹ ਇਕ ਬੜੀ ਵੱਡੀ ਪ੍ਰਾਪਤੀ ਹੈ ਜਿਸ ਦੇ ਉਤੇ ਕਾਫੀ ਅਟੈਨਸ਼ਨ, ਧਿਆਨ ਸਾਰੀ ਦੁਨੀਆਂ ਦਾ ਗਿਆ ਅਤੇ ਸਰਕਾਰ ਨੇ ਵੀ ਧਿਆਨ ਦਿਤਾ, ਦੂਜੀਆਂ ਜਥੇਬੰਦੀਆਂ ਦਾ ਵੀ ਅਤੇ ਆਮ ਜਨਤਾ ਦਾ ਵੀ ਇਸ ਪਾਸੇ ਧਿਆਨ ਗਿਆ ਕਿ ਇਹ ਇਕ ਬੜਾ ਅਹਿਮ ਸਵਾਲ ਹੈ ਅਤੇ ਇਸ ਦੇ ਲਈ ਬੜੀ ਤੇਜ਼ੀ ਨਾਲ ਕਦਮ ਚੁਕਣ ਦੀ ਲੋੜ ਹੈ। ਉਸੇ ਸਾਲ ਦੇ ਵਿਚ, ਸਪੀਕਰ ਸਾਹਿਬ, ਇਹ ਗੱਲ ਬੜੀ ਖੁਸ਼ੀ ਦੀ ਹੈ ਕਿ ਖੁਦ ਔਰਤਾਂ ਦੀ ਜਥੇਬੰਦੀ ਵਲੋਂ ਇਸ ਗੱਲ ਉਤੇ ਬੜਾ ਜ਼ੋਰ ਦਿਤਾ ਗਿਆ ਕਿ ਔਰਤਾਂ ਦੀ ਜਿਹੜੀ ਬਰਾਬਰੀ ਦੀ ਲੋੜ ਹੈ ਇਹ ਕਾਮਯਾਬ ਨਹੀਂ ਹੋ ਸਕਦੀ ਜੇ ਸਾਰੇ ਸਮਾਜ ਦੇ ਵਿਚ ਬਰਾਬਰੀ ਅਤੇ ਇਨਸਾਨ ਔਰ ਸੋਸ਼ਲਿਜ਼ਮ ਦੀ ਜਿਹੜੀ ਲੜਾਈ ਹੈ, ਉਸ ਲੜਾਈ ਦੇ ਹਿੱਸੇ ਦੇ ਤੌਰ ਤੇ ਅਗਰ ਉਹ ਲੜਾਈ ਨਾ ਲੜੀ ਜਾਵੇ ਤਾਂ ਉਸ ਨੂੰ ਸਮਾਜ ਵਿਚ ਬਰਾਬਰੀ ਨਹੀਂ ਮਿਲ ਸਕੇਗੀ ਕਿਉਂਕਿ

Original with;
Punjab Vidhan Sabha
Digitized by;
Panjab Digital Library

ਔਰਤ ਦੀ ਬਰਾਬਰੀ ਦੇ ਨਾਮ ਉਤੇ ਕੁਝ ਯੂਰਪ ਦੇ ਦੇਸ਼ਾਂ ਵਿਚ ਕੁਝ ਔਰਤ ਦੀ ਬਰਾਬਰੀ ਦੇ ਹੱਕ ਦੀ ਲੜਾਈ ਨੂੰ ਆਦਮੀ ਦੇ ਵਿਰੁਧ ਕੀਤਾ ਗਿਆ । ਇਸ ਸਾਲ ਵਿਚ ਖ਼ੁਦ ਔਰਤਾਂ ਦੀ ਜਥੇਬੰਦੀਆਂ, ਹੋਰ ਅਗਾਂਹ ਵਧੂ ਜਥੇਬੰਦੀਆਂ ਨੇ ਇਸ ਪਾਸੇ ਧਿਆਨ ਦਿੱਤਾ ਕਿ ਔਰਤ ਨੂੰ ਬਰਾਬਰ ਦਾ ਸਥਾਨ ਦਿਤਾ ਜਾਵੇ ਜਿਸ ਤਰ੍ਹਾਂ ਸਾਰੀ ਮਨੁਖਤਾ ਦੇ ਹਿੱਤ ਵਿਚ ਹੈ, ਦੇਸ਼ ਦੇ ਹਿਤ ਵਿਚ ਹੈ, ਉਸੇ ਤਰ੍ਹਾਂ ਉਸ ਲੜਾਈ ਦੀ ਕਾਮਯਾਬੀ ਵੀ ਇਸੇ ਵਿਚ ਹੈ ਕਿ ਇਹ ਜਿਹੜੀ ਅਗਾਂਹ-ਵਧੂ ਲਹਿਰ ਹੈ ਦੇ ਨਾਲ ਸੰਪਰਕ ਕਰਕੇ ਲੜਿਆ ਜਾਵੇ । ਸਪੀਕਰ ਸਾਹਿਬ, ਸਾਡੇ ਦੇਸ਼ ਦੇ ਵਿਚ ਔਰ ਸਾਡੇ ਸੂਬੇ ਵਿਚ ਵੀ, ਜਿਹੜਾ ਇਕ ਪਾਸੇ ਸਾਨੂੰ ਇਸ ਗੱਲ ਦਾ ਮਾਣ ਹੋ ਸਕਦਾ ਹੈ, ਸਾਡੇ ਦੇਸ਼ ਵਿਚ, ਦੁਨੀਆਂ ਵਿਚ ਅਤੇ ਹੋਰ ਜਥੇਬੰਦੀਆਂ ਵਿਚ ਜਿਥੇ ਸਾਡੇ ਦੇਸ਼ ਵਿਚ ਦੇਸ਼ ਦੀ ਪ੍ਰਧਾਨ ਮੰਤਰੀ ਔਰਤ ਹੈ । ਸਾਡੀਆਂ ਕਈ ਅਸੈਂਬਲੀਆਂ ਵਿਚ ਔਰ ਪਾਰਲੀਮੈਂਟ ਦੇ ਵਿਚ ਵੀ ਕਈ ਔਰਤਾਂ ਮੈਂਬਰ ਹਨ । ਪਰ ਇਹ ਜਿਹੜੀ ਹਕੀਕਤ ਹੈ ਕਿ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਔਰਤ ਹੈ, ਜੋ ਸਾਡੇ ਦੇਸ਼ ਦੇ ਵਿਚ ਔਰਤ ਦਾ ਦਰਜਾ ਹੈ, ਇਹ ਉਸ ਦਾ ਅਸਲੀ ਪ੍ਰਗਟਾਵਾ ਨਹੀਂ ਹੈ, ਇਹ ਇਕ ਐਕਸੈਪਸ਼ਨ ਹੈ । ਇਹ ਇਕ ਫ਼ੈਕਟ ਹੈ ਜੋ ਸਾਡੇ ਦੇਸ਼ ਵਿਚ ਔਰਤ ਦੇ ਸਦਕੇ ਹੀ ਖ਼ੁਦ ਪ੍ਰਧਾਨ ਮੰਤਰੀ ਨੇ ਜ਼ੋਰ ਦਿੱਤਾ ਹੈ ਕਿ ਇਹ ਪੂਰੀ ਬਰਾਬਰੀ ਨਹੀਂ ਜਿਹੜੀ ਹੋਣੀ ਚਾਹੀਦੀ ਹੈ । ਇਸ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ ਇਸ ਸਬੰਧ ਵਿਚ, ਸਪੀਕਰ ਸਾਹਿਬ, ਉਸ ਸਾਲ ਦੇ ਦੌਰਾਨ ਵਿਚ ਔਰਤਾਂ ਦੀਆਂ ਜਥੇਬੰਦੀਆਂ ਨੇ, ਵਿਦਿਆਰਥੀਆਂ ਦੀ ਜਥੇਬੰਦੀ ਨੇ, ਟਰੇਡ ਯੂਨੀਅਨ ਨੇ, ਕਿਸਾਨ ਸਭਾ ਨੇ, ਅਗਾਂਹ-ਵਧੂ ਸਿਆਸੀ ਪਾਰਟੀਆਂ ਨੇ ਉਸ ਸਾਲ ਦੇ ਵਿਚ ਬਹੁਤ ਸਾਰੇ ਐਸੇ ਮਸਲੇ ਉਠਾਏ ਜਿਹੜੇ ਔਰਤ ਦੀ ਬਰਾਬਰੀ ਲਈ ਜ਼ਰੂਰੀ ਹਨ । ਸਪੀਕਰ ਸਾਹਿਬ, ਮੈਂ ਤਫ਼ਸੀਲ ਵਿਚ ਨਹੀਂ ਜਾਣਾ ਚਾਹੁੰਦਾ ਪਰ ਬਰਾਬਰੀ ਅਖੀਰ ਵਿਚ ਸਹੀ ਮਾਹਨਿਆਂ ਵਿਚ ਉਦੋਂ ਹੋਵੇਗੀ ਜਦੋਂ ਸਮਾਜ ਵਿਚੋਂ ਸਰਮਾਏ-ਦਾਰ ਦੀ ਲੁੱਟ ਖਸੁਟ ਖਤਮ ਹੋਵੇਗੀ । ਸੋਵੀਅਤ ਯੂਨੀਅਨ ਅਤੇ ਹੋਰ ਕਈ ਦੇਸ਼ਾਂ ਵਿਚ ਔਰਤ ਨੂੰ ਹਰ ਪੱਖ ਤੋਂ ਬਰਾਬਰੀ ਹੈ । ਲੇਕਿਨ ਦੁਨੀਆਂ ਦੇ ਹੋਰ ਸਰਮਾਇਦਾਰ ਤੇ ਤਰੱਕੀ-ਯਾਫ਼ਤਾ ਦੇਸ਼ ਹਨ, ਜਿਸ ਤਰਾਂ ਅਮਰੀਕਾ, ਬਰਤਾਨੀਆਂ, ਫਰਾਂਸ ਆਦਿ ਹਨ ਉਨ੍ਹਾਂ ਦੇਸ਼ਾ ਵਿਚ ਔਰਤ ਨੂੰ ਹਾਲਾਂ ਬਰਾਬਰੀ ਨਹੀਂ ਬਲਕਿ ਹਾਲਾਂ ਕਈ ਮੁਲਕਾਂ ਵਿਚ ਹਿੰਦੁਸਤਾਨ ਦੇ ਮੁਕਾਬਲੇ ਵਿਚ ਵੀ ਉਹ ਸਾਡੇ ਨਾਲੋਂ ਪਿੱਛੇ ਹਨ । ਸਪੀਕਰ ਸਾਹਿਬ, ਸਮਾਂ ਥੋੜ੍ਹਾ ਹੋਣ ਕਰਕੇ ਮੈਂ ਤਫ਼ਸੀਲ ਵਿਚ ਨਹੀਂ ਜਾਣਾ ਚਾਹੁੰਦਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਬੁਨਿਆਦੀ ਤੌਰ ਤੇ ਪੂਰਨ ਬਰਾਬਰੀ ਸਮਾਜ ਵਿਚ ਉਦੋਂ ਹੋਵੇਗੀ ਜਦੋਂ ਦੇਸ਼ ਵਿਚ ਸੋਸ਼ਲਿਜ਼ਮ ਹੋਵੇਗਾ ਔਰ ਮਿਹਨਤਕਸ਼ ਨੂੰ ਉਸ ਦਾ ਪੂਰਾ ਹੱਕ ਮਿਲੇਗਾ । ਇਸ ਦਾ ਮਤਲਬ ਇਹ ਵੀ ਨਹੀਂ ਹੋ ਸਕਦਾ ਕਿ ਉਦੋਂ ਤਕ ਅਸੀਂ ਚੁੱਪ ਕਰਕੇ ਬੈਠੇ ਰਹੀਏ । ਅੱਡ ਅੱਡ ਪਹਿਲੂਆਂ ਵਿਚ ਔਰਤਾਂ ਦੀਆਂ ਜਥੇਬੰਦੀਆਂ ਦੀ ਵੱਧ ਚੜ੍ਹ ਕੇ ਮਦਦ ਕਰੀਏ । ਇਸ ਭਾਵਨਾ ਨਾਲ, ਸਪੀਕਰ ਸਾਹਿਬ, ਪਿਛਲੇ ਸਾਲ ਵਿਚ ਔਰਤਾਂ ਦੀ ਮੰਗ ਸਾਡੇ ਦੇਸ਼ ਵਿਚ ਸੀ, ਖਾਸ ਕਰਕੇ ਸਾਡੇ ਦੇਸ਼ ਵਿਚ ਵੀ ਔਰ ਪੰਜਾਬ ਦੇ ਵਿਚ ਵੀ । ਸਰਕਾਰ ਨੇ ਕੁਝ ਐਸੇ ਕਦਮ ਚੁੱਕੇ ਹਨ ਜਿਹੜੇ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਕਰਦੇ ਹਨ । ਪੰਜਾਬ ਵਿਚ ਪੰਚਾਇਤਾਂ ਵਿਚ ਇਕ ਔਰਤ ਦੀ ਥਾਂ ਉਤੇ ਦੋ ਔਰਤਾਂ ਨੂੰ ਨੁਮਾਇੰਦਗੀ ਦਿੱਤੀ ਹੈ । ਇਸੇ ਢੰਗ ਦੇ ਨਾਲ ਤਨਖਾਹਾਂ ਬਾਰੇ ਵੀ ਨੋਟੀਫ਼ੀਕੇਸ਼ਨ ਕੀਤਾ ਅਤੇ ਉਨ੍ਹਾਂ ਵਿਚ ਵੀ ਇਹ ਗੱਲ ਲਿਖ ਦੇਣੀ ਕਿ ਬਰਾਬਰ ਦੇ ਕੰਮ ਵਾਸਤੇ ਘੱਟੋ ਘੱਟ ਤਨਖਾਹ ਔਰਤ ਵਾਸਤੇ ਵੀ ਉਹੀ ਹੋਵੇਗੀ ਜਿਹੜੀ ਆਦਮੀ ਦੇ ਵਾਸਤੇ ਹੈ । ਸੈਂਟਰ ਦੇ ਵਿਚ ਵੀ ਹਿੰਦੁਸਤਾਨ ਦੀ ਸਰਕਾਰ ਨੇ ਇਹ ਕਾਨੂੰਨ ਬਣਾਇਆ ਜਿਹੜਾ ਸਾਡੇ ਵਿਧਾਨ ਦੇ ਡਾਇਰਕਟਿਵ ਪ੍ਰਿੰਸੀਪਲ ਦੇ ਵਿਚ ਵੀ ਸੀ । ਇੰਟਰਨੈਸ਼ਨਲ ਵੋਮੈਨ ਯੀਅਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਵਿਚ ਇਹ ਫੈਸਲਾ ਕੀਤਾ ਗਿਆ ਕਿ ਔਰਤ ਨੂੰ ਬਰਾਬਰ ਦੇ ਕੰਮ ਲਈ ਬਰਾਬਰ ਤਨਖਾਹ ਦੇਣੀ ਲਾਜ਼ਮੀ ਹੈ, ਇਹ ਠੀਕ ਹੈ। ਇਸੇ ਤਰ੍ਹਾਂ ਹੋਰ ਵੀ ਕਈ ਕਦਮ ਉਠਾਏ ਹਨ ਪਰ ਮੈਂ ਤਫਸੀਲ ਵਿਚ ਨਹੀਂ ਜਾਣਾ ਚਾਹੁੰਦਾ । ਚੀਫ਼ ਮਨਿਸਟਰ ਸਾਹਿਬ ਨੇ ਇਕ ਸਰਕੂਲਰ ਕੀਤਾ ਕਿ ਕਿਸੇ ਨੌਜਵਾਨ ਸ਼ਾਦੀ ਸ਼ੁਦਾ ਔਰਤ ਦੀ ਮੌਤ ਹੋ ਜਾਵੇ, ਉਸ ਦਾ ਕਤਲ ਕੀਤਾ ਜਾਵੇ ਇਸ ਗੱਲ ਤੋਂ ਕਿ ਉਸ ਨੇ ਦਹੇਜ ਘੱਟ ਲਿਆਂਦਾ ਹੈ ਤਾਂ ਉਸਦੀ ਲਾਸ਼ ਦਾ ਉਤਨੀ ਦੇਰ ਅੰਤਮ ਸੰਸਕਾਰ ਨਹੀਂ ਕੀਤਾ ਜਾਵੇਗਾ ਜਦ ਤਕ ਉਸ ਦਾ ਪੋਸਟ ਮਾਰਟਮ ਨਾ ਹੋ ਜਾਵੇ ਅਤੇ ਪਤਾ ਨਾ ਲੱਗ ਜਾਵੇ ਕਿ ਉਸਦੀ ਅਚਾਨਕ ਮੌਤ ਹੋਈ ਹੈ ਜਾਂ ਕਿਸ ਤਰ੍ਹਾਂ ਹੋਈ ਹੈ ।

ਇਹ ਜਿਹੜਾ ਬਿੱਲ ਹੈ ਇਸਦੀ ਮੁੱਖ ਮੰਗ ਸੀ ਪੰਜਾਬ ਵਿਚ ਔਰ ਬਾਕੀ ਹਿੰਦੁਸਤਾਨ ਵਿਚ ਵੀ ਕਿ ਜਿਹੜੀ ਔਰਤਾਂ ਦੀ ਨਾ-ਬਰਾਬਰੀ ਹੈ, ਉਸ ਦਾ ਜਿਹੜਾ ਇਜ਼ਹਾਰ ਹੈ ਉਹ ਬੜਾ ਭੈੜੀ ਕਿਸਮ ਦਾ ਹੈ, ਜਿਹੜਾ ਔਰਤਾਂ ਦੀ ਹਾਲਤ ਨੂੰ ਖਰਾਬ ਕਰਦਾ ਹੈ । ਜਿਹੜਾ ਸ਼ਾਦੀ ਦੇ ਮੌਕੇ ਤੇ ਸਿੱਧੇ ਢੰਗ ਨਾਲ ਜਾਂ ਪੁਠੇ ਢੰਗ ਨਾਲ ਮੰਗੇ ਗਏ ਦਹੇਜ ਦਾ ਮਕਸਦ ਹੈ ਜਿਸ ਦੇ ਨਾਲ ਕਿ ਬਾਅਦ ਵਿਚ ਕਈ ਲੜਕੀਆਂ ਖੁਦਕਸ਼ੀ ਕਰਕੇ ਮਰ ਜਾਂਦੀਆਂ ਹਨ ਜਾਂ ਮਾਰ ਦਿੱਤੀਆਂ ਜਾਂਦੀਆਂ ਹਨ। ਇਸ ਲਈ 1961 ਵਿਚ ਹਿੰਦੁਸਤਾਨ ਦੀ ਸਰਕਾਰ ਨੇ ਜਿਹੜਾ ਕਾਨੂੰਨ ਬਣਾਇਆ ਸੀ ਦਹੇਜ ਨੂੰ ਗੈਰ ਕਾਨੂੰਨੀ ਕਰਾਰ ਦੇਣ ਲਈ, ਉਹ ਕਾਮਯਾਬ ਸਾਬਤ ਨਹੀਂ ਹੋਇਆ । ਇਸ ਸਬੰਧ ਵਿਚ ਮੈਂ ਸਵਾਲ ਪੁੱਛਿਆ ਸੀ, ਉਸ ਸਵਾਲ ਦਾ ਜਵਾਬ ਵੀ ਮਿਲਿਆ ਸੀ । ਸਵਾਲ ਇਹ ਪੁੱਛਿਆ ਗਿਆ ਸੀ ਕਿ ਕੀ 1973, 1974 ਔਰ 1975 ਵਿਚ ਪੰਜਾਬ ਵਿਚ ਉਸ ਕਾਨੂੰਨ ਦੀ ਉਲੰਘਣਾ ਦੇ ਸਿਲਸਿਲੇ ਵਿਚ ਕੀ ਕੋਈ ਮੁਕੱਦਮਾ ਚਲਿਆ ਸੀ ? ਉਸ ਦੇ ਜਵਾਬ ਵਿਚ ਇਹ ਦੱਸਿਆ ਗਿਆ ਕਿ ਕੋਈ ਮੁਕੱਦਮਾ ਨਹੀਂ ਚਲਿਆ। ਹਕੀਕਤ ਇਹ ਹੈ ਕਿ ਸੈਂਟਰ ਦਾ ਜਿਹੜਾ 1961 ਦਾ ਕਾਨੂੰਨ ਸੀ ਜਿਸ ਵਿਚ ਕਿ ਦਹੇਜ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਸੀ । ਸਾਰੇ ਹਿੰਦੁਸਤਾਨ ਵਿਚ ਕੇਵਲ ਬਿਹਾਰ ਦੇ ਸੂਬੇ ਵਿਚ ਇੱਕ ਮੁਕੱਦਮਾ ਅਦਾਲਤ ਵਿਚ ਚਲਿਆ ਸੀ ਬਾਕੀ ਸਾਰੇ ਹਿੰਦੁਸਤਾਨ ਵਿਚ ਕੋਈ ਮੁਕੱਦਮਾ ਨਹੀਂ ਚਲਿਆ ਸੀ । ਇਹ 16 ਸਾਲਾਂ ਵਿਚ ਦਹੇਜ ਖੁਲ੍ਹ ਕੇ ਦਿੱਤਾ ਗਿਆ। ਦਹੇਜ ਦਿੱਤੇ ਗਏ ਔਰ ਦਹੇਜ ਲਿੱਤੇ ਗਏ । ਲੜਕੇ ਵਾਲਿਆਂ ਨੇ ਲੜਕੀ ਵਾਲਿਆਂ ਦੇ ਸੰਘੇ ਤੇ ਅੰਗੂਠਾ ਰਖ ਕੇ ਦਹੇਜ ਲਿੱਤੇ । ਇਸ ਤੇ ਇਹ ਖਿਆਲ ਹੋਇਆ ਕਿ ਉਸ ਕਾਨੂੰਨ ਵਿਚ ਤਬਦੀਲੀਆਂ ਕੀਤੀਆਂ ਜਾਣ। ਗਿਆਨੀ ਜ਼ੈਲ ਸਿੰਘ ਜੀ ਨੇ ਇਕ ਜਲਸੇ ਵਿਚ, ਇਕ ਔਰਤਾਂ ਦੇ ਇਕੱਠ ਵਿਚ ਤਕਰੀਰ ਕਰਦਿਆਂ ਹੋਇਆਂ ਕਿਹਾ ਸੀ ਕਿ ਉਸ ਬਿੱਲ ਦੀ ਕਮਜ਼ੋਰੀ ਕੱਢਣ ਲਈ ਅਗਲੇ ਅਸੰਬਲੀ ਦੇ ਇਜਲਾਸ ਵਿਚ ਇਸ ਨੂੰ ਲਿਆਵਾਂਗੇ । ਇਹ ਆ ਗਿਆ ਹੈ। ਇਸ ਗੱਲ ਦੀ ਮੈਨੂੰ ਖੁਸ਼ੀ ਹੈ ਔਰ ਮੈਂ ਇਸ ਬਿਲ ਨੂੰ ਜੀ ਆਇਆਂ ਕਹਿੰਦਾ ਹਾਂ। ਪਰ ਇਸ ਦੇ ਨਾਲ ਹੀ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਬਿੱਲ ਇਸ ਦੇ ਮੁਤਾਬਿਕ ਬਹੁਤ ਕਮਜ਼ੋਰ ਹੈ । ਔਰਤਾਂ ਦੀਂ ਜੋ ਜਥੇਬੰਦੀਆਂ ਦੀ ਮੰਗ ਸੀ ਉਸ ਦੇ ਮੁਤਾਬਿਕ ਇਹ ਬਿਲ ਬਹੁਤ ਕਮਜ਼ੋਰ ਹੈ । ਸੈਂਟਰ ਦਾ ਕਾਨੂੰਨ 16 ਸਾਲਾਂ ਵਿਚ ਬਿਲਕੁਲ ਕਾਮਯਾਬ ਨਹੀਂ ਸਾਬਤ ਹੋਇਆ । ਉਹ ਬਿਲਕੁਲ ਫੇਲ੍ਹ ਸਾਬਤ ਹੋਇਆ ਹੈ। ਉਸ ਦੇ ਕਾਰਨਾਂ ਨੂੰ ਦੂਰ ਕਰਨ ਵਾਸਤੇ ਜੋ ਕਦਮ ਇਸ ਬਿੱਲ ਰਾਹੀਂ ਚੁਕੇ ਜਾਣੇ ਚਾਹੀਦੇ ਸਨ ਉਹ ਚੁਕੇ ਨਹੀਂ ਗਏ ਹਨ । ਇਸ ਗੱਲ ਦਾ ਮੈਨੂੰ ਅਫਸੋਸ ਹੈ । ਇਸ ਸਬੰਧ ਵਿਚ ਮੈਂ ਕੁਝ ਮਸਲੇ ਸਪੀਕਰ ਸਾਹਿਬ ਤੁਹਾਡੇ ਸਾਹਮਣੇ ਰਖਾਂਗਾ । ਇਹ ਕਾਬਲੇ ਦਸਤ ਅੰਦਾਜ਼ ਪੁਲਿਸ ਨਹੀਂ ਕਰਾਰ ਦਿੱਤਾ ਗਿਆ ਹੈ। ਹੁਣ ਵੀ ਕੁਝ ਗੱਲਾਂ ਹਨ ਜਿਨ੍ਹਾਂ ਰਾਹੀਂ ਕਾਬਲੇ ਦਸਤਅੰਦਾਜ਼ ਪੁਲਿਸ ਨਹੀਂ ਦਿੱਤਾ ਗਿਆ ਹੈ ਅਤੇ ਇਹ ਇਸ ਤਰ੍ਹਾਂ ਦਿੱਤਾ ਜਾਣਾ ਚਾਹੀਦਾ ਹੈ । ਅਗਲੀ ਬੇਨਤੀ ਮੈਂ ਇਹ

Original with;
Punjab Vidhan Sabha
Digitized by;
Panjab Digital Library

ਕਰਨੀ ਚਾਹੁੰਦਾ ਹਾਂ ਕਿ ਸੈਂਟਰ ਦੇ ਕਾਨੂੰਨ ਵਿਚ ਵਿਵਸਥਾ ਇਹ ਸੀ ਕਿ ਜਿੱਥੇ ਕੋਈ ਦਹਜ ਲੈਂਦਾ ਹੈ ਜਾਂ ਦਿੰਦਾ ਹੈ ਉਸ ਦੀ ਸ਼ਿਕਾਇਤ ਅਦਾਲਤ ਕੋਲ ਐਗਰੀਵਡ ਪਰਸਨ ਜਾਂ ਲੜਕੀ ਦਾ ਨਜ਼ਦੀਕੀ ਰਿਸ਼ਤੇਦਾਰ ਹੀ ਕਰ ਸਕਦਾ ਸੀ । ਹੁਣ ਵੀ ਇਸ ਨੂੰ ਕਾਬਲੇ ਦਸਤ ਅੰਦਾਜ਼ ਪੁਲਿਸ ਨਹੀਂ ਬਣਾਇਆ ਗਿਆ । ਹੁਣ ਵੀ ਇਸ ਗਲ ਦੀ ਸ਼ਿਕਾਇਤ ਲੜਕੀ ਜਾਂ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਹੀ ਕਰ ਸਕਣਗੇ । ਇਹ ਠੀਕ ਨਹੀਂ ਹੈ । ਉਹ ਲੋਕ ਕਿਸ ਤਰ੍ਹਾਂ ਸ਼ਿਕਾਇਤ ਕਰ ਸਕਦੇ ਹਨ । ਇਸ ਦੀ ਬਜਾਏ ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਿਕਾਇਤ ਕਰਨ ਦਾ ਹੱਕ ਹਰ ਸੋਸ਼ਲ ਵਰਕਰ ਨੂੰ ਹੋਣਾ ਚਾਹੀਦਾ ਹੈ, ਵੂਮੈਨ ਕਾਂਗਰਸ ਹੋਵੇ ਜਾਂ ਇਸਤਰੀ ਸਭਾ ਹੋਵੇ, ਇਸ ਕੰਮ ਲਈ ਇਨ੍ਹਾਂ ਨੂੰ ਹੱਕ ਦੇਣਾ ਚਾਹੀਦਾ ਹੈ । ਜੇ ਇਸ ਤਰ੍ਹਾਂ ਨਹੀਂ ਕੀਤਾ ਜਾਵੇਗਾ ਤਾਂ ਇਸ ਦਾ ਨਤੀਜਾ ਇਹ ਹੋਵੇਗਾ ਕਿ ਲੜਕੀ ਨੇ ਚਾਰ ਸਾਲਾਂ ਵਿਚ ਮਰਨਾ ਹੈ ਤਾਂ ਉਹ ਦੋ ਸਾਲਾਂ ਵਿਚ ਹੀ ਮਰ ਜਾਏਗੀ । ਇਸ ਲਈ ਇਸ ਨੂੰ ਕਗਨੀਜ਼ੇਬਲ ਆਫੈਂਸ ਬਣਾਇਆ ਜਾਣਾ ਚਾਹੀਦਾ ਹੈ । ਅਦਾਲਤ ਵਿਚ ਹਰ ਸੋਸ਼ਲ ਵਰਕਰ ਨੂੰ, ਔਰਤਾਂ ਦੀਆਂ ਜਥੇਬੰਦੀਆਂ ਨੂੰ, ਇਨ੍ਹਾਂ ਦੇ ਪ੍ਰਧਾਨ, ਸੈਕਟਰੀਆਂ ਨੂੰ, ਇਨ੍ਹਾਂ ਦੇ ਐਗਜ਼ੈਕਟਿਵ ਮੈਂਬਰਾਂ ਨੂੰ ਇਸ ਗੱਲ ਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ ।

ਅਗਲੀ ਬੇਨਤੀ, ਸਪੀਕਰ ਸਾਹਿਬ, ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜਿੱਥੇ ਇਸ ਨੇ ਕਗਨੀਜ਼ੇਬਲ ਆਫੈਂਸ ਬਣਨਾ ਹੈ, ਉਥੇ ਇਸ ਕੇਸ ਦੀ ਤਫਤੀਸ਼ ਕਰਨ ਦਾ ਹੱਕ ਕਿਸ ਨੂੰ ਮਿਲਿਆ ਹੈ, ਸਿਰਫ ਡੀ. ਐਸ.ਪੀ. ਤੱਕ ਦੇ ਰੈਂਕ ਦੇ ਅਫ਼ਸਰ ਹੀ ਇਸ ਦੀ ਤਫ਼ਤੀਸ਼ ਕਰ ਸਕਦੇ ਹਨ । ਡੀ.ਐਸ.ਪੀ. ਦੇ ਰੈਂਕ ਤੋਂ ਘੱਟ ਦੇ ਅਫਸਰ ਇਹ ਕੇਸਾਂ ਦੀ ਤਫਤੀਸ਼ ਨਹੀਂ ਕਰ ਸਕਣਗੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੁਣ ਡੀ. ਐਸ. ਪੀ. ਸਬ-ਡਵੀਜ਼ਨ ਲੈਵਲ ਤੋਂ ਘਟ ਨਹੀਂ ਹੁੰਦੇ ਹਨ । ਜੇ ਇਸ ਨੂੰ ਚੰਗੀ ਤਰ੍ਹਾਂ ਨਾਲ ਲਾਗੂ ਕਰਨਾ ਚਾਹੁੰਦੇ ਹੋ ਤਾਂ ਮੇਰੀ ਇਹ ਬੇਨਤੀ ਹੈ ਕਿ ਇਹ ਕੇਸਾਂ ਦੀ ਪੜਤਾਲ ਕੰਸਟੇਬਲ ਨਹੀਂ ਕਰਨਗੇ, ਹੈਡ ਕੰਸਟੇਬਲ ਨਹੀਂ ਕਰਨਗੇ ਬਲਕਿ ਇਸ ਦੀ ਥਾਂ ਤੇ ਇਨ੍ਹਾਂ ਕੇਸਾਂ ਦੀ ਪੜਤਾਲ ਇਨਸਪੈਕਟਰ ਲੈਵਲ ਦੇ ਰੈਂਕ ਦੇ ਅਫਸਰਾਂ ਨੂੰ ਕਰਨੀ ਚਾਹੀਦੀ ਹੈ । ਇਹ ਅਖਤਿਆਰ ਇਨਸਪੈਕਟਰ ਤਕ ਦੇ ਦਿਉ ਤਾਂ ਕਿ ਲੋਕਾਂ ਨੂੰ ਕੋਈ ਹਰਾਸਮੈਂਟ ਨਾ ਹੋਵੇ । ਕਿਉਂਕਿ ਇਹ ਈਵਲ ਬੜੀ ਵੱਡੀ ਹੈ, ਕਾਫੀ ਇਨਵੈਸਟੀਗੇਸ਼ਨ ਦੀ ਲੋੜ ਹੈ, ਇਸ ਲਈ ਇਹ ਹੱਕ ਇਨਸਪੈਕਟਰਾਂ ਦੇ ਲੈਵਲ ਤਕ ਹੋਣਾ ਚਾਹੀਦਾ ਹੈ ।

ਇਕ ਉਲੰਘਣਾ ਹੋਰ ਹੋ ਰਹੀ ਹੈ, ਉਹ ਇਹ ਕਿ ਦਹੇਜ਼ ਤਾਂ ਗੈਰ ਕਾਨੂੰਨੀ ਕਰਾਰ ਦਿੱਤਾ ਗਿਆ ਹੈ ਪਰ ਤੋਹਫੇ ਦਿਤੇ ਜਾ ਸਕਦੇ ਹਨ । ਇਹ ਤੋਹਫੇ ਗੈਰ ਕਾਨੂੰਨੀ ਨਹੀਂ ਹਨ । ਟੈਲੀਵੀਜ਼ਨ ਆਦਿ ਇਹ ਸਭ ਚੀਜ਼ਾਂ ਤੋਹਫਿਆਂ ਆਦਿ ਵਿਚ ਚਲੀਆਂ ਜਾਂਦੀਆਂ ਹਨ। ਨਾਲ ਦੇ ਸੂਬੇ ਨੇ ਹਰਿਆਣੇ ਨੇ ਇਹ ਲੂਪ ਹੋਲ ਨੂੰ ਬੰਦ ਕਰਨ ਲਈ ਇਹ ਕੀਤਾ ਹੈ ਕਿ ਜਿੰਨੇ ਵੀ ਤੋਹਫੇ ਦਿਤੇ ਜਾਣਗੇ ਉਹਦੀ ਕੀਮਤ 5,000 ਤੋਂ ਵਧ ਨਹੀਂ ਹੋਵੇਗੀ । ਇਹ 5000 ਰੁਪਏ ਦੇ ਤੋਹਫੇ ਦੀ ਕੀਮਤ ਬਹੁਤ ਜ਼ਿਆਦਾ ਰਖੀ ਗਈ ਹੈ । ਇਹ ਢਾਈ ਹਜ਼ਾਰ ਰੁਪਏ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ ਹੈ । ਸਾਡੇ ਬਿਲ ਵਿਚ ਵੀ ਇਸ ਲਈ ਕੋਈ ਮੱਦ ਨਹੀਂ ਹੈ । ਸਿਰਫ ਇਹ ਕਿਹਾ ਗਿਆ ਹੈ ਕਿ ਤੋਹਫੇ ਖੁਲ੍ਹੀ ਨੁਮਾਇਸ਼ ਕਰਕੇ ਨਹੀਂ ਦਿਤੇ ਜਾ ਸਕਣਗੇ, ਭਾਵੇਂ ਟੈਲੀਵੀਜ਼ਨ ਹੋਵੇ ਭਾਵੇਂ ਰੇਫਰਿਜਰੇਟਰ ਹੋਵੇ, ਭਾਵੇਂ ਕੋਈ ਹੋਰ ਕਿਸੇ ਕਿਸਮ ਦਾ ਦਹੇਜ ਹੋਵੇ, ਉਹਦੀ ਨੁਮਾਇਸ਼ ਨਾ ਕਰੋ । ਸਾਰਾ ਦਹੇਜ ਭਾਵੇਂ ਉਹ ਲੱਖ ਦਾ ਹੋਵੇ, ਜਿੱਥੇ ਆਈ.ਏ.ਐਸ.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਅਫਸਰ ਹੋਵੇ ਉਹ 5 ਲਖ ਦਾ ਦਿਹੇਜ ਮੰਗੇਗਾ. ਪੀ.ਸੀ.ਐਸ. ਅਫਸਰ ਇਕ ਲੱਖ ਦਾ ਦਹੇਜ ਮੰਗੇਗਾ, ਇਸ ਤਰ੍ਹਾਂ ਹੀ ਸਰਮਾਇਦਾਰ ਲੋਕ ਜ਼ਿਆਦਾ ਦਹੇਜ ਦੀ ਮੰਗ ਕਰਨਗੇ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੋਹਫਿਆਂ ਦੀ ਕੀਮਤ ਦੀ ਹੱਦ ਢਾਈ ਹਜ਼ਾਰ ਰੁਪਏ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ ਹੈ । ਦਹੇਜ਼ ਕਿੱਥੋਂ ਵਧਦਾ ਹੈ । ਇਹ ਬਲੈਕ ਮਨੀ ਵਾਲੇ ਜ਼ਿਆਦਾ ਦਹੇਜ਼ ਦਿੰਦੇ ਹਨ । ਇਸ ਲਈ ਦਹੇਜ਼ ਵਿੱਚ ਤੋਹਫਿਆਂ ਦੀ ਕੀਮਤ ਦੀ ਹਦ ਢਾਈ ਹਜ਼ਾਰ ਮੁਕਰੱਰ ਕਰਨੀ ਚਾਹੀਦੀ ਹੈ । ਇਹ ਇਸ ਤੋਂ ਵਧ ਨਹੀਂ ਹੋਣੀ ਚਾਹੀਦੀ ਹੈ ।

ਕਈ ਲੋਕ ਕਹਿੰਦੇ ਹਨ ਕਿ ਲੜਕੀ ਦਾ ਮਾਂ ਬਾਪ ਦੀ ਜ਼ਾਇਦਾਦ ਵਿਚ ਕੋਈ ਹੱਕ ਨਹੀਂ ਹੁੰਦਾ ਹੈ । ਇਸ ਲਈ ਦਿਹੇਜ਼ ਦਿੱਤਾ ਜਾਂਦਾ ਹੈ । ਮੈਂ ਕਹਿੰਦਾ ਹਾਂ ਕਿ ਲੜਕੀ ਦਾ ਮਾਂ-ਬਾਪ ਦੀ ਜਾਇਦਾਦ ਵਿਚ ਬਰਾਬਰ ਦਾ ਹੱਕ ਹੋਣਾ ਚਾਹੀਦਾ ਹੈ । ਪਰ ਦਹੇਜ਼ ਦੀ ਰਸਮ ਬੰਦ ਹੋਣੀ ਚਾਹੀਦੀ ਹੈ । ਵਰਾਸਤ ਕਰਨ ਲਈ ਕਾਨੂੰਨ ਵਿਚ ਬਾਪ ਨੂੰ ਹੱਕ ਹੈ ਕਿ ਉਹ ਵਸੀਅਤ ਕਰ ਸਕਦਾ ਹੈ ਅਤੇ ਕਿਸੇ ਨੂੰ ਵੀ ਜਾਇਦਾਦ ਤੋਂ ਮਹਿਰੂਮ ਕਰ ਸਕਦਾ ਹੈ । ਲੜਕੀ ਨੂੰ ਵੀ ਉਹਦੇ ਮਾਂ ਬਾਪ ਦੀ ਜਾਇਦਾਦ ਵਿਚ ਬਰਾਬਰ ਦਾ ਹੱਕ ਦੇਣਾ ਚਾਹੀਦਾ ਹੈ । ਕਿਉਂਕਿ ਜਾਇਦਾਦ ਵਿਚ ਲੜਕੀ ਦਾ ਹੱਕ ਨਹੀਂ, ਇਸ ਲਈ ਉਸ ਨੂੰ ਦਹੇਜ਼ ਮਿਲੇ, ਇਹ ਠੀਕ ਗਲ ਨਹੀਂ ਹੈ । ਦਹੇਜ਼ ਵੀ ਟੋਟਲੀ ਤੌਰ ਤੇ ਬੰਦ ਨਾ ਕਰੋ । ਇਸ ਤੇ ਇਕ ਪਾਬੰਦੀ ਲਗਾ ਦਿੱਤੀ ਜਾਵੇ ਕਿ ਇਹ ਢਾਈ ਹਜ਼ਾਰ ਰੁਪਏ ਤੋਂ ਵਧ ਨਹੀਂ ਹੋਣਾ ਚਾਹੀਦਾ ਹੈ । ਇਹ ਜਿਹੜਾ ਬਿੱਲ ਪੇਸ਼ ਕੀਤਾ ਗਿਆ ਹੈ ਇਹਦੇ ਏਮਜ਼ ਔਰ ਆਬਜੈਕਟਸ ਵਿਚ ਲਿਖਿਆ ਹੋਇਆ ਹੈ ਕਿ ਅੱਗੇ ਸਜ਼ਾਵਾਂ ਥੋੜੀਆਂ ਸਨ ਔਰ ਹੁਣ ਜ਼ਿਆਦਾ ਕੀਤੀਆਂ ਹਨ । ਅੱਗੇ ਕੈਦ ਜਾਂ ਜੁਰਮਾਨਾ ਸੀ ਔਰ ਹੁਣ ਕੈਦ ਔਰ ਜੁਰਮਾਨਾ ਹੈ । ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ, ਹਿੰਦੁਸਤਾਨ ਦੀ ਪਰਧਾਨ ਮੰਤਰੀ ਨੇ, ਗੋਖਲੇ ਸਾਹਿਬ ਨੇ ਕਿਹਾ ਹੈ ਕਿ ਅਦਾਲਤਾਂ ਵਿਚ ਲੋਕ ਪੁਰਾਨੀ ਸੋਚ ਵਾਲੇ ਹਨ । ਜੇ ਅਦਾਲਤਾਂ ਵਾਲੇ 5 ਰੁ: ਜੁਰਮਾਨਾ ਕਰ ਦੇਣ ਤਾਂ ਕੀ ਗਲ ਬਣੇਗੀ । 5,000/- ਜੁਰਮਾਨਾ ਮੈਕਸੀਮਮ ਹੈ । ਜੇ ਇੱਕ ਰੁਪਿਆ ਜੁਰਮਾਨਾ ਕਰ ਦੇਵੇ ਤਾਂ ਕੀ ਗਲ ਬਣੇਗੀ ? ਇੱਕ ਮੈਜਿਸਟ੍ਰੇਟ ਨੇ ਇਕ ਆਨਾ ਜੁਰਮਾਨਾ ਕੀਤਾ ਸੀ । ਜੁਰਮਾਨੇ ਦੇ ਨਾਲ ਕੈਦ ਵੀ ਹੋਣੀ ਚਾਹੀਦੀ ਹੈ । ਇਸਤਰੀ ਸਭਾ ਦੀ ਮੰਗ ਹੈ ਅਤੇ ਮੈਂ ਵੀ ਸਪੀਕਰ ਸਾਹਿਬ, ਇਸ ਮੰਗ ਦੀ ਪ੍ਰੋੜ੍ਹਤਾ ਕਰਾਂਗਾ ਔਰ ਕਹਾਂਗਾ ਕਿ ਇਹ ਮੰਗ ਉਨ੍ਹਾਂ ਦੀ ਮੰਨਣੀ ਚਾਹੀਦੀ ਹੈ ਕਿ ਜਿਹੜਾ ਇਸ ਕਾਨੂੰਨ ਦੀ ਉਲੰਘਣਾ ਕਰੇ ਉਨ੍ਹਾਂ ਨੂੰ ਕੁਝ ਕੇਸਾਂ ਵਿਚ 3 ਮਹੀਨੇ ਦੀ ਸਜ਼ਾ ਜ਼ਰੂਰ ਹੋਵੇ ਅਤੇ ਕੁਝ ਕੇਸਾਂ ਵਿਚ 6 ਮਹੀਨੇ ਦੀ ਜ਼ਰੂਰ ਸਜ਼ਾ ਹੋਵੇ । ਇਹ ਅਖ਼ਤਿਆਰ ਮੈਜਿਸਟਰੇਟ ਕੋਲ ਨਹੀਂ ਜਾਣੇ ਚਾਹੀਦੇ । ਮੈਜਿਸਟਰੇਟ ਨੂੰ ਤੁਸੀਂ ਜੁਰਮਾਨੇ ਦੇ ਅਖ਼ਤਿਆਰ ਬੇਸ਼ਕ ਦੇ ਦਿਉ ਕਿ ਉਹ ਜੁਰਮਾਨਾ ਜਿੰਨਾ ਕਰ ਸਕਦਾ ਹੈ, ਕਰ ਲਵੇ ਪਰ ਇਹ ਸਜ਼ਾ ਜ਼ਰੂਰ ਹੋਣੀ ਚਾਹੀਦੀ ਹੈ ਤਾਂ ਕਿ ਉਹ ਤਿੰਨ ਮਹੀਨੇ ਜਾਂ ਛੇ ਮਹੀਨੇ ਜੇਲ੍ਹ ਦੀ ਸੈਰ ਜ਼ਰੂਰ ਕਰੇ । ਦਹੇਜ ਦੇ ਵਿਚ ਇਹ ਗਲ ਸਾਡੀ ਬੜੀ ਮਦਦ ਕਰੇਗੀ । ਫਿਰ ਸਪੀਕਰ ਸਹਿਬ, ਇਸ ਦੇ ਵਿਚ ਇਹ ਜਿਕਰ ਕੀਤਾ ਗਿਆ ਹੈ ਕਿ ਰੋਟੀਆਂ ਦੋ ਤੋਂ ਵੱਧ ਨਹੀਂ ਹੋ ਸਕਦੀਆਂ । ਰੋਟੀ ਦਾ ਮਤਲਬ ਹੈ ਲੰਚ ਔਰ ਡਿਨਰ । ਸਪੀਕਰ ਸਹਿਬ, ਮੈਂ ਇਸ ਦੇ ਬਾਰੇ ਵਿਚ ਅਰਜ਼ ਕਰਾਂਗਾ ਕਿ ਇਸ ਕੌਮੀ ਇੰਟਰ ਨੈਸ਼ਨਲ ਵੂਮੈਨ

Original with;
Punjab Vidhan Sabha
Digitized by;
Panjab Digital Library

ਈਅਰ ਵਿਚ ਔਰਤਾਂ ਦੀਆਂ ਜਥੇਬੰਦੀਆਂ ਦੀ ਹਿੰਮਤ ਨਾਲ ਅਤੇ ਕੁਝ ਹੋਰ ਇਸ ਤਰ੍ਹਾਂ ਦੀਆਂ ਜੰਥੇਬੰਦੀਆਂ ਦੀ ਹਿੰਮਤ ਨਾਲ ਪੋਜ਼ੀਸ਼ਨ ਇਸ ਹੱਦ ਤਕ ਪਹੁੰਚ ਗਈ ਹੈ ਕਿ ਵੱਡੀ ਰੋਟੀ ਇਕ ਹੀ ਅਰਥਾਤ ਲੰਚ ਜਾਂ ਡਿਨਰ ਹੋਵੇ ਅਤੇ ਇਸ ਵੇਲੇ ਆਮ ਜਨਤਾ ਜਾਂ ਬਰਾਤਾਂ ਵਿਚ ਇਕ ਹੀ ਰੋਟੀ ਸਿਰਫ ਦਿਤੀ ਜਾਂਦੀ ਹੈ ਫਿਰ ਅਸੀਂ ਦੋ ਕਾਹਨੂੰ ਲਿਖ ਰਹੇ ਹਾਂ। ਫਿਰ ਇਸ ਦੇ ਨਾਲ ਹੀ ਸਪੀਕਰ, ਸਾਹਿਬ, ਇਸ ਬਿੱਲ ਦੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਬਰਾਤੀਆਂ ਦੀ ਗਿਣਤੀ 25 ਤੋਂ ਵੱਧ ਨਹੀਂ ਹੋਣੀ ਚਾਹੀਦੀ। ਬਰਾਤੀਆਂ ਦੀ ਗਿਨਤੀ 25 ਮੁਕਰਰ ਕਰ ਦਿਤੀ ਹੈ, ਮੈਂ ਇਸ ਗੱਲ ਦੇ ਨਾਲ ਸਹਿਮਤ ਹਾਂ ਪਰ ਨਾਲ ਹੀ ਇਹ ਕਹਿ ਦਿੱਤਾ ਹੈ ਕਿ ਬੈਂਡ ਇਸ ਤੋਂ ਵੱਖਰਾ ਹੈ। ਜੇ ਬੈਂਡ ਜ਼ਰੂਰ ਹੀ ਵਜਾਉਣਾ ਹੈ ਤਾਂ ਇਸ ਤੇ ਵੀ ਕੋਈ ਪਾਬੰਧੀ ਲਾਉਣੀ ਚਾਹੀਦੀ ਹੈ ਕਿ ਜ਼ਿਆਦਾ ਬੈਂਡ ਵਾਲੇ ਨਾ ਹੋਣ। ਬੈਂਡ ਦੇ 100 ਬੰਦੇ ਨਾ ਹੋਣ, ਜੇ ਬੈਂਡ ਜ਼ਰੂਰ ਵਜਾਉਣਾ ਹੀ ਹੈ ਅਤੇ ਖੁਸ਼ੀ ਬਹੁਤ ਕਰਨੀ ਹੀ ਹੈ ਤਾਂ 11 ਬੰਦੇ ਜਾਂ 7 ਬੰਦੇ ਬੈਂਡ ਦੇ ਹੋ ਜਾਣ। ਬੈਂਡ ਦੇ ਬੰਦਿਆਂ ਤੇ ਵੀ ਕੁਝ ਪਾਬੰਦੀ ਜ਼ਰੂਰ ਹੋਣੀ ਚਾਹੀਦੀ ਹੈ। ਫਿਰ ਇਸ ਦੇ ਵਿਚ ਸ਼ਗਨ ਜਾਂ ਠਾਕੇ ਦੇ 11 ਰੁਪਏ ਦਾ ਫ਼ੈਸਲਾ ਕੀਤਾ ਗਿਆ ਹੈ, ਇਹ ਵੀ ਦਰੁਸਤ ਗੱਲ ਹੈ। ਸਪੀਕਰ ਸਾਹਿਬ, ਇਸ ਬਿਲ ਦੀਆਂ ਕੁਝ ਮੱਦਾਂ ਤਾਂ ਦਰੁਸਤ ਹਨ ਅਸੀਂ ਉਨ੍ਹਾਂ ਨੂੰ ਜੀ ਆਇਆਂ ਕਹਿੰਦੇ ਹਾਂ ਪਰ ਇਸ ਦੇ ਵਿਚ ਕਾਫੀ ਹੋਰ ਤਰੁਟੀਆਂ ਹਨ। ਉਨ੍ਹਾਂ ਤਰੁਟੀਆਂ ਦੇ ਬਾਰੇ ਵਿਚ ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਬੇਨਤੀ ਕਰਾਂਗਾਂ ਕਿ ਉਹ ਤਰੁੱਟੀਆਂ ਦੂਰ ਕਰਨੀਆਂ ਚਾਹੀਦੀਆਂ ਹਨ। ਅਸੀਂ ਹਰਿਆਣੇ ਤੋਂ ਵੀ ਇਸ ਗੱਲ ਵਿਚ ਪਿਛੇ ਰਹਿ ਗਏ ਹਾਂ, ਇਹ ਗਲ ਨਹੀਂ ਹੋਣੀ ਚਾਹੀਦੀ। (ਘੰਟੀ)

ਅਗਲੀਂ ਗੱਲ ਸਪੀਕਰ ਸਾਹਿਬ, ਜਿਹੜਾ ਮੇਨ ਪੁਆਇੰਟ ਮੈਂ ਕਹਿਣਾ ਚਾਹੁੰਦਾ ਹਾਂ ਉਹ ਹੈ ਕਿ ਇਹ ਗਲ ਵਾਕਿਅਈ ਠੀਕ ਹੈ ਕਿ ਦਹੇਜ਼ ਕੋਈ ਇਹੋ ਜਿਹਾ ਮਸਲਾ ਨਹੀਂ ਹੈ ਜਿਹੜਾ ਕਾਨੂੰਨ ਨਾਲ ਹੀ ਹੱਲ ਕੀਤਾ ਜਾ ਸਕੇ, ਇਸ ਨੂੰ ਹੱਲ ਕਰਨ ਦੇ ਵਿਚ ਰਾਇਆਮਾ ਦੀ ਵੀ ਲੋੜ ਹੈ ਪਰ ਇਕ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਰਾਇਆਮਾ ਦੀ ਵੀ ਲੋੜ ਹੈ ਪਰ ਇਸ ਦੇ ਲਈ ਕਾਨੂੰਨ ਵੀ ਕੋਈ ਹੋਣਾ ਚਾਹੀਦਾ ਹੈ ਅਤੇ ਕੋਈ ਐਸਾ ਤਗੜਾ ਕਾਨੂੰਨ ਹੋਣਾ ਚਾਹੀਦਾ ਹੈ ਜਿਹੜਾ ਕਿ ਰਾਇਆਮਾ ਦੀ ਗੱਲ ਨੂੰ ਲਾਗੂ ਕਰਨ ਅਤੇ ਤੇਜ਼ ਕਰਨ ਦੇ ਵਿਚ ਸਾਡੀ ਮਦਦ ਕਰੇ। ਇਸ ਲਈ ਅਸੀਂ ਰਾਇਆਮਾ ਨੂੰ ਨਜ਼ਰ ਅੰਦਾਜ਼ ਨਹੀਂ ਕਰਦੇ ਔਰ ਇਹ ਗੱਲ ਵੀ ਦਰੁਸਤ ਹੈ ਕਿ ਦਹੇਜ ਦੀ ਬੁਰੀ ਪ੍ਰੱਥਾ ਨੂੰ ਕੱਢਣ ਦੇ ਲਈ ਕਈ ਹੋਰ ਕਦਮ ਵੀ ਸਾਨੂੰ ਚੁਕਣੇ ਚਾਹੀਦੇ ਹਨ। ਮਿਸਾਲ ਦੇ ਤੌਰ ਤੇ ਵਿਰਾਸਤ ਦੇ ਕਾਨੂੰਨ ਵਿਚ ਬਾਪ ਨੂੰ ਇਹ ਹੱਕ ਹੈ ਕਿ ਉਹ ਫ਼ੈਸਲਾ ਕਰਕੇ ਲੜਕੀ ਨੂੰ ਆਪਣੀ ਜਾਇਦਾਦ ਤੋਂ ਮਹਿਰੂਮ ਕਰ ਦੇਵੇ। (ਵਿਘਨ) (ਘੰਟੀ) ਇਸ ਨਾਲ ਵੀ ਲੜਕੀ ਨਾਲ ਨਾਬਰਾਬਰੀ ਹੁੰਦੀ ਹੈ। ਇਸ ਗੱਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਜੇ ਅਸੀਂ ਇਸ ਤੇ ਕੋਈ ਬੈਨ ਕਰ ਦੇਵਾਂਗੇ ਤਾਂ ਇਹ ਗਲ ਲੜਕੀ ਨੂੰ ਬਰਾਬਰੀ ਦੇਣ ਵਿਚ ਆਪਣਾ ਤਗੜਾ ਹਿੱਸਾ ਪਾਵੇਗੀ ਔਰ ਨਾਬਰਾਬਰੀ ਨੂੰ ਦੂਰ ਕਰਨ ਵਿਚ ਮਦਦ ਕਰੇਗੀ। ਤਾਲੀਮ ਵਿਚ ਲਿਟਰੇਸੀ ਦੇ ਰੇਟ ਵਿਚ ਆਦਮੀਆਂ ਔਰ ਔਰਤਾਂ ਵਿਚ ਜੋ ਫਰਕ ਹੈ ਉਹ ਕੱਢਣ ਲਈ ਹਰ ਲੜਕੀ ਨੂੰ ਜਿਸ ਦੇ ਮਾਪਿਆਂ ਦੀ ਇਨਕਮ ਤਿੰਨ ਸਾਢੇ ਤਿੰਨ ਸੌ ਰੁਪਏ ਤੋਂ ਘੱਟ ਹੈ ਉਨ੍ਹਾਂ ਨੂੰ ਪਹਿਲੀ ਜਮਾਤ ਤੋਂ ਵਜ਼ੀਫਾ ਦਿੱਤਾ ਜਾਵੇ ਤਾਂ ਇਹ ਗੱਲ ਵੀ ਔਰਤਾਂ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਬਰਾਬਰੀ ਦੇਣ ਵਿਚ ਮਦਦ ਕਰੇਗਾ । ਔਰ ਸੱਭ ਨਾਲੋਂ ਵਡੀ ਗਲ ਜਿਹੜੀ ਮੱਦਦ ਕ ਰੇਗੀ ਉਹ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ, ਇਹ ਠੀਕ ਹੈ ਕਿ ਸਰਕਾਰ ਨੂੰ ਕੁਝ ਥਾਂਵਾਂ ਤੇ ਕੰਮ ਕਰਨ ਲਈ ਬਾਲਵਾੜੀਆਂ ਦਾ ਕਦਮ ਚੁਕਿਆ ਹੈ ਜਿਹੜਾ ਕਿ ਸ਼ਲਾਘਾ ਯੋਗ ਹੈ ਔਰ ਲੇਬਰ ਦੇ ਮਹਿਕਮੇ ਨੇ, ਸੋਸ਼ਲ ਵੈਲਫੇਅਰ ਡਿਪਾਰਟਮੈਂਟ ਨੇ ਕੁਝ ਵਰਕਿੰਗ ਹਾਊਸਿਜ਼ ਖੋਲੇ ਹਨ ਪਰ ਮੈਂ ਬੇਨਤੀ ਕਰਾਂਗਾ ਕਿ ਹਾਲੀਂ ਕਿੰਨੀਆਂ ਔਰਤਾਂ ਹਨ ਜਿਹੜੀਆਂ ਕੰਮ ਕਰ ਰਹੀਆਂ ਹਨ ? ਖੇਤੀ ਬਾੜੀ ਵਿਚ ਜ਼ਰੂਰ ਸਾਡੀਆਂ ਔਰਤਾਂ ਕੰਮ ਕਰ ਰਹੀਆਂ ਹਨ ਪਰ ਬਾਕੀ ਦੇ ਕੰਮਾਂ ਵਿਚ ਆਟੇ ਵਿਚ ਲੂਣ ਦੇ ਬਰਾਬਰ ਹੀ ਹਨ । (ਘੰਟੀ) (ਵਿਘਨ) ਕਈ ਕੰਮਾਂ ਵਿਚ 20% ਜਾਂ 25% ਤੋਂ ਵੱਧ ਔਰਤਾਂ ਨਹੀਂ ਹੋਣਗੀਆਂ ਅਤੇ ਕਈ ਕਈ ਥਾਵਾਂ ਤਾਂ ਐਸੀਆਂ ਹਨ ਜਿਨ੍ਹਾਂ ਦੇ ਵਿਚ ਇਕ ਵੀ ਔਰਤ ਕੰਮ ਨਹੀਂ ਕਰ ਰਹੀ । ਇਸ ਲਈ ਮੇਰੀ ਬੇਨਤੀ ਹੈ ਕਿ ਔਰਤਾਂ ਲਈ ਕੰਮ ਕਰਨ ਦੇ ਹਾਲਾਤ ਪੈਦਾ ਕਰਨੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਕੰਮ ਜ਼ਰੂਰ ਮਿਲਣਾ ਚਾਹੀਦਾ ਹੈ । ਸਪੀਕਰ ਸਾਹਿਬ, ਇਸ ਸਿਲਸਿਲੇ ਵਿਚ ਮੈਂ ਪਹਿਲਾਂ ਹੀ ਜੀ ਆਇਆਂ ਕਹਿ ਚੁਕਾ ਹਾਂ ਕਿ ਜਿਹੜਾ ਸਰਕਾਰ ਨੇ ਇਹ ਕਿਹਾ ਹੈ ਕਿ ਬਰਾਬਰ ਦਾ ਕੰਮ ਅਤੇ ਬਰਾਬਰ ਦੀ ਤਨਖਾਹ ਹੋਵੇਗੀ ਪਰ ਮੈਂ ਬੇਨਤੀ ਕਰਾਂਗਾ, ਲੇਬਰ ਮਨਿਸਟਰ ਸਾਹਿਬ ਇਸ ਵੇਲੇ ਇਥੇ ਬੈਠੇ ਨਹੀਂ ਹਨ, ਕਿ ਕੀ ਇਸ ਤੇ ਅਮਲ ਸ਼ੁਰੂ ਹੋ ਗਿਆ ਹੈ । ਸਰਮਾਇਦਾਰ ਜਿਸ ਨੂੰ ਨਫ਼ਾ ਚਾਹੀਦਾ ਹੈ ਉਸ ਦੀ ਦਲੀਲ ਬੜੀ ਸਿੱਧੀ ਹੈ ਕਿ ਬਰਾਬਰ ਦੀ ਤਨਖਾਹ ਦੇ ਲਈ ਬਰਾਬਰ ਦਾ ਕੰਮ ਹੋਣਾ ਚਾਹੀਦਾ ਹੈ (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਵਿਚ ਕਈ ਕਾਰਖਾਨੇ ਇਸ ਕਰਕੇ ਬੰਦ ਕੀਤੇ ਗਏ ਸਨ ਕਿ ਔਰਤਾਂ ਨੂੰ ਕਢਿਆ ਜਾਵੇ ਅਤੇ ਉਨ੍ਹਾਂ ਨੂੰ ਕਢ ਕੇ ਮੁੜ ਕੇ ਕਾਰਖਾਨਾ ਚਲਾਇਆ ਜਾਵੇ । ਔਰ ਔਰਤਾਂ ਨੂੰ ਕਢ ਕੇ ਮੁੜ ਕਾਰਖਾਨੇ ਚਲਾਏ ਗਏ ਹਨ । ਇਸ ਲਈ ਮੇਰੀ ਅਰਜ਼ ਹੈ ਕਿ 25% ਰਿਜ਼ਰਵੇਸ਼ਨ ਔਰਤਾਂ ਵਾਸਤੇ ਹੋਣੀ ਚਾਹੀਦੀ ਹੈ ਨਹੀਂ ਤਾਂ ਬਹੁਤ ਸਾਰੇ ਸਰਮਾਇਦਾਰ ਉਨ੍ਹਾਂ ਨੂੰ ਕੱਢ ਦੇਣਗੇ । ਪਬਲਿਕ ਸੈਕਟਰ ਵਿਚ ਵੀ ਸਾਨੂੰ ਕਰਨਾ ਚਾਹੀਦਾ ਹੈ ਅਤੇ ਪ੍ਰਾਈਵੇਟ ਸੈਕਟਰ ਦੇ ਵਿਚ ਵੀ ਜਿੰਨਾ ਚਿਰ ਕਾਨੂੰਨ ਇਸ ਦੇ ਵਾਸਤੇ ਲਾਗੂ ਨਹੀਂ ਕਰਦੇ ਔਰਤਾਂ ਨੂੰ ਕਾਰਖਾਨਿਆਂ ਵਿਚੋਂ ਕਢਿਆ ਜਾਵੇਗਾ ਅਤੇ ਕਈ ਹੋਰ ਕਾਨੂੰਨ ਕਾਗਜ਼ਾਂ ਵਿਚ ਹੀ ਰਹਿ ਜਾਣਗੇ । (ਘੰਟੀ)

ਆਖਿਰ ਵਿਚ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੇ ਇਕ ਸਰਕੂਲਰ ਕੀਤਾ ਹੈ ਕਿ ਕਤਲ ਦੇ ਕੇਸ ਵਿਚ ਜਾਂ ਖੁਦਕਸ਼ੀ ਦੇ ਕੇਸ ਵਿਚ ਮਾਪਿਆਂ ਦੀ ਤਸੱਲੀ ਕਰਾਉਣ ਲਈ ਪੋਸਟ ਮਾਰਟਮ ਕਰਨ ਤੋਂ ਪਹਿਲਾਂ ਲਾਸ਼ ਨੂੰ ਜਲਾਇਆ ਨਾ ਜਾਵੇ । ਜੇ ਇਹ ਚੀਜ਼ ਸਾਬਤ ਹੋ ਜਾਵੇ ਤਾਂ ਫਿਰ ਮੁਕੱਦਮਾ ਚਲਾਇਆ ਜਾਵੇ । ਜਿਹੜੇ ਇਹੋ ਜਿਹੇ ਕੇਸ ਹੁੰਦੇ ਹਨ ਉਹਨਾਂ ਬਾਰੇ ਸਾਨੂੰ ਸੋਚਣਾ ਚਾਹੀਦਾ ਹੈ ਕਿਉਂਕਿ ਇਹੋ ਜਿਹੇ ਬਹੁਤ ਸਾਰੇ ਕੇਸਿਜ਼ ਹੁੰਦੇ ਹਨ । ਇਕ ਵਾਰੀ ਲਿਖਿਆਂ ਹੀ ਇਹ ਗਲ ਨਹੀਂ ਬਣਨੀ, ਇਸ ਗਲ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਅਤੇ ਇਸ ਤੇ ਅਮਲ ਕਰਵਾਉਣਾ ਚਾਹੀਦਾ ਹੈ । (ਘੰਟੀ) (ਵਿਘਨ)

ਸਪੀਕਰ ਸਾਹਿਬ, ਮੈਂ ਇਕ ਹੋਰ ਸੁਜੇਸ਼ਨ ਦੇਣੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਵਾਸਤੇ ਹਾਊਸ ਦੀ ਇਕ ਕਮੇਟੀ ਬਣਾਈ ਗਈ ਸੀ

Original with;
Punjab Vidhan Sabha
Digitized by;
Panjab Digital Library

ਪਹਿਲਾਂ ਇਕ ਸੂਬੇ ਨੇ ਇਹ ਕਮੇਟੀ ਬਣਾਈ ਸੀ ਫਿਰ ਇਥੇ ਬਣੀ ਅਤੇ ਫਿਰ ਬਾਅਦ ਵਿਚ ਕੁਝ ਹੋਰ ਸੂਬਿਆਂ ਨੇ ਬਣਾਈਆਂ ਹਨ, ਇਸੇ ਤਰ੍ਹਾਂ ਦੀ ਹੀ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ ਜਿਹੜੀ ਔਰਤਾਂ ਦੀ ਵੈਲਫੇਅਰ ਵਾਸਤੇ ਬਣਾਈ ਜਾਵੇ, ਔਰਤਾਂ ਨੂੰ ਬਰਾਬਰੀ ਦਾ ਹੱਕ ਦਿਵਾਉਣ ਵਾਸਤੇ ਬਣਾਈ ਜਾਵੇ। (ਥੰਪਿੰਗ) ਜਿਹੜੀਆਂ ਸਾਡੀਆਂ ਲੈਜਿਸਲੇਟਰਜ਼ ਭੈਣਾਂ ਹਨ ਉਨ੍ਹਾਂ ਨੂੰ ਇਸ ਦੇ ਵਿਚ ਸ਼ਾਮਲ ਕੀਤਾ ਜਾਵੇ। ਮੇਰਾ ਖਿਆਲ ਹੈ ਕਿ ਪੰਜਾਬ ਅਗਰ ਇਸ ਕੰਮ ਵਿਚ ਪਹਿਲ ਕਰੇ ਤਾਂ ਹਿੰਦੁਸਤਾਨ ਸਾਰੇ ਦੀ ਇਹ ਅਗਵਾਈ ਕਰੇਗਾ (ਘੰਟੀ) (ਵਿਘਨ) ਆਖਿਰ ਵਿਚ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 1975 ਦਾ ਸਾਲ ਇੰਟਰਨੈਸ਼ਨਲ ਵੂਮੈਨ ਈਅਰ ਦੇ ਤੌਰ ਤੇ ਮੰਨਾਇਆ ਗਿਆ। (ਵਿਘਨ) ਹੁਣ 1976 ਤੋਂ ਲੈ ਕੇ 10 ਸਾਲ ਦਹਾਕੇ ਦੇ ਤੌਰ ਤੇ ਇਹ ਮੰਨਾਇਆ ਜਾਣਾ ਹੈ। 1975 ਦੇ ਸਾਲ ਵਿਚ ਠੀਕ ਹੈ ਕਿ ਕੁਝ ਚੰਗੇ ਕੰਮ ਹੋਏ ਹਨ ਔਰ ਲੋਕਾਂ ਦਾ ਧਿਆਨ ਇਸ ਗਲ ਵਲ ਗਿਆ ਹੈ। ਪਰ ਮੇਰੀ ਅਰਜ਼ ਹੈ ਕਿ 'ਇਸ ਦਹਾਕੇ ਵਿਚ ਪੰਜਾਬ ਵਿਚ ਕਿੰਨੀਆਂ ਔਰਤਾਂ ਨੂੰ ਕੰਮ ਦੇਣਾ ਹੈ ਜਾਂ ਹੋਰ ਕੀ ਕਰਨਾ ਹੈ ਇਸ ਦੇ ਲਈ ਸਰਕਾਰ ਨੂੰ ਆਪਣਾ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਜਿਹੜਾ ਪਿਛਲਾ ਸਾਲ ਮੰਨਾਇਆ ਗਿਆ ਹੈ ਉਸ ਦੇ ਵਿਚ ਇਕ ਢਾਂਚਾ ਬਣਿਆ ਸੀ। ਚੀਫ ਮਨਿਸਟਰ ਸਾਹਿਬ ਦੀ ਪ੍ਰਧਾਨਗੀ ਨਾਲ ਪਿਛਲਾ ਸਾਲ ਮੰਨਾਇਆ ਗਿਆ ਸੀ। ਮੇਰੀ ਬੇਨਤੀ ਹੈ ਕਿ ਜਿਹੜਾ ਢਾਂਚਾ ਬਣਿਆ ਸੀ ਉਸ ਢਾਂਚੇ ਨੂੰ ਜਾਰੀ ਰਖਿਆ ਜਾਵੇ ਇਸ ਦਹਾਕੇ ਵਿਚ ਅਤੇ ਜਿਹੜੀ ਜੱਦੋ-ਜਹਿਦ ਹੋ ਰਹੀ ਹੈ ਉਸ ਦੇ ਵਿਚ ਸਾਡੀ ਅਸੈਂਬਲੀ ਆਪਣਾ ਵੱਧ ਤੋਂ ਵੱਧ ਹਿੱਸਾ ਪਾ ਸਕੇ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ।

(ਇਸ ਵਕਤ ਮਾਨਯੋਗ ਮੈਂਬਰ ਕੈਪਟਨ ਰਤਨ ਸਿੰਘ ਜੀ ਬੋਲਣ ਲਈ ਖੜੇ ਹੋਏ)

**ਸ੍ਰੀ ਸਪੀਕਰ** : ਇਸ ਤੋਂ ਪਹਿਲਾਂ ਕਿ ਕੈਪਟਨ ਰਤਨ ਸਿੰਘ ਜੀ ਬੋਲਣ. ਇਕ ਲਫਜ਼ ਆਨਰੇਬਲ ਮੈਂਬਰ ਸਾਹਿਬ ਨੇ* *ਦਾ ਯੂਜ਼ ਕੀਤਾ ਹੈ ਮੇਰਾ ਖਿਆਲ ਹੈ ਕਿ ਉਨ੍ਹਾਂ ਜਜ਼ਬਾਤ ਵਿਚ ਆ ਕੇ ਕਹਿ ਦਿਤਾ ਹੈ, ਇਹ ਗੁੱਡ ਟੇਸਟ ਵਿਚ ਨਹੀਂ ਹੈ, ਇਸ ਲਈ ਇਹ ਸ਼ਬਦ ਐਕਸਪੰਜ ਕਰ ਦਿਤਾ ਜਾਵੇ। (ਵਿਘਨ)

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਸ਼ਾਨ ਦੇ ਖਿਲਾਫ਼ ਕੋਈ ਲਫਜ਼ ਨਹੀਂ ਕਹਿ ਸਕਦਾ। ਤੁਸੀਂ ਗਲਾ ਘੁੱਟ ਵੀ ਦਿਓ ਤਾਂ ਵੀ ਅਸੀਂ ਕੁਝ ਨਹੀਂ ਕਹਿਣਾ।

**ਸ੍ਰੀ ਸਪੀਕਰ** : ਮੈਨੂੰ ਰੂਲਜ਼ ਦੇ ਮੁਤਾਬਕ ਚਲਣਾ ਪੈਂਦਾ ਹੈ, ਇਹ ਮੇਰੀ ਮਜ਼ਬੂਰੀ ਹੈ। (ਵਿਘਨ)

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ (ਕੁੰਮ ਕਲਾਂ)** : ਸਪੀਕਰ ਸਾਹਿਬ, ਇਹ ਜਿਹੜਾ ਡਾਊਰੀ ਦਾ ਅਮੈਂਡਮੈਂਟ ਬਿਲ 1961 ਦਾ ਸਾਡੇ ਸਾਹਮਣੇ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਵਲੋਂ ਸਰਦਾਰ ਉਮਰਾਓ ਸਿੰਘ ਜੀ ਨੇ ਪੇਸ਼ ਕੀਤਾ ਹੈ ਅਸੀਂ ਸਾਰੇ ਹੀ ਫਖ਼ਰ ਕਰ ਸਕਦੇ ਹਾਂ ਕਿ ਪੰਜਾਬ ਨੇ ਇਹ ਇਕ ਬਹੁਤ ਹੀ ਚੰਗਾ ਕਦਮ ਚੁਕਿਆ ਹੈ ਅਤੇ ਜੋ ਵਾਇਦਾ ਅਸੀਂ ਕੀਤਾ ਸੀ ਉਹ ਪੂਰਾ ਕੀਤਾ ਹੈ। ਇਹ ਠੀਕ ਹੈ ਕਿ ਹਰਿਆਣੇ ਨੇ ਸਭ ਤੋਂ ਪਹਿਲਾਂ ਬਿਲ ਪਾਸ ਕਰ ਦਿੱਤਾ। ਉਸ ਦੀ ਵਜ੍ਹਾ ਸਿਰਫ ਐਨੀ ਹੈ ਕਿ ਹਰਿਆਣਾ ਦਾ ਅਸੈਂਬਲੀ ਸੈਸ਼ਨ ਸਾਡੇ ਨਾਲੋਂ ਪਹਿਲਾਂ ਸ਼ੁਰੂ ਹੋਇਆ ਸੀ, ਜੇ ਕਰ ਉਨ੍ਹਾਂ ਨੇ ਕੋਈ ਚੰਗਾ ਕਦਮ ਪਹਿਲੋਂ ਲੈ ਲਿਆ ਹੈ ਤਾਂ ਸਾਨੂੰ ਬੜੀ ਖੁਸ਼ੀ ਮਹਿਸੂਸ ਹੋਈ ਹੈ। ਅੱਜ ਉਹ ਬਿੱਲ ਸਾਡੇ ਸਾਹਮਣੇ ਹੈ । ਡਾਂਗ ਸਹਿਬ ਨੇ ਬੜੀਆਂ ਚੀਜ਼ਾਂ ਲਿਆਂਦੀਆਂ ਹਨ ਅਤੇ ਸੋਵੀਅੱਤ ਰੂਸ ਨਾਲ ਮੁਕਾਬਲਾ ਕੀਤਾ ਹੈ। ਮੈਂ ਸਮਝਦਾ ਹਾਂ ਕਿ ਕਈ ਗਲਾਂ ਉਨ੍ਹਾਂ ਨੇ ਬਹੁਤ ਅੱਛੀਆਂ ਲਿਆਂਦੀਆਂ, ਲੇਕਿਨ ਜਿਥੋਂ ਤਕ ਔਰਤਾਂ ਦੀ ਬਰਾਬਰੀ ਦਾ ਸੁਆਲ ਹੈ ਹਿੰਦੁਸਤਾਨ ਬਹੁਤ ਅਗੇ ਹੈ ਦੁਨੀਆਂ ਦੇ ਸੋਸ਼ਲਿਸਟ ਦੇਸ਼ਾਂ ਨਾਲੋਂ, ਕਿਉਂਕਿ ਸਾਡੇ ਦੇਸ਼ ਦੀ ਲੀਡਰ ਅੱਜ ਔਰਤ ਹੈ ਉਨ੍ਹਾਂ ਦੇਸ਼ਾਂ ਨੇ ਤਾਂ ਅੱਜ ਤਕ ਕੋਈ ਔਰਤ ਲੀਡਰ ਐਡੀ ਵੱਡੀ ਪੈਦਾ ਹੀ ਨਹੀਂ ਕੀਤੀ । ਸਾਡੀ ਸੋਸ਼ਲਇਜ਼ਮ ਦੀ ਮੰਗ ਹੈ ਅਤੇ ਅਸੀਂ ਉਧਰ ਨੂੰ ਜਾਣਾ ਹੈ। ਜਿਥੋਂ ਤਕ ਔਰਤਾਂ ਦਾ ਤੁਅੱਲਕ ਹੈ ਸਾਡੀ ਕਾਂਗਰਸ ਨੇ, ਮਹਾਤਮਾਂ ਗਾਂਧੀ ਨੇ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਹ ਪਰੰਪਰਾ ਕਾਇਮ ਕੀਤੀ ਜਿਹੜੀ ਕਿਤੇ ਵੀ ਨਹੀਂ ਮਿਲਦੀ । ਅੱਜ ਅਸੀਂ ਬਚੀਆਂ ਨੂੰ ਬਚਿਆਂ ਦੇ ਬਰਾਬਰ ਹੀ ਨੁਮਾਇੰਦਗੀ ਦਿਤੀ ਹੋਈ ਹੈ ਅਤੇ ਉਹ ਬਚੀਆਂ ਅੱਜ ਠੀਕ ਤਰੀਕੇ ਨਾਲ ਅੱਗੇ ਜਾ ਰਹੀਆਂ ਹਨ। ਮੈਂ ਤਾਂ ਇੱਥੋਂ ਤੱਕ ਕਹਿ ਸਕਦਾ ਹਾਂ ਕਿ ਸਾਡੇ ਬੇਟਿਆਂ ਨਾਲੋਂ ਸਾਡੀਆਂ ਬੇਟੀਆਂ ਨੇ ਕਾਫੀ ਤਰੱਕੀ ਹੈ। ਚਾਹੇ ਕੰਪੀਟੀਟਿਵ ਆਧਾਰ ਤੇ ਵੇਖ ਲਵੋ ਭਾਵੇਂ ਕਿਸੇ ਹੋਰ ਖੇਤਰ ਵਿਚ । ਮੈਂ ਤਾਂ ਸਮਝਦਾ ਹਾਂ ਕਿ ਜਿਹੜਾ ਗੁਲਾਮੀ ਦਾ ਕਾਰਣ ਸੀ ਉਹ ਇਹੀ ਸੀ ਕਿ ਅਸੀਂ ਔਰਤਾਂ ਅਤੇ ਸ਼ਡਿਊਲਡ ਕਾਸਟਸ ਨੂੰ ਬਰਾਬਰੀ ਨਹੀਂ ਸੀ ਦਿੱਤੀ ਹੋਈ। ਸਾਡੇ ਨੇਤਾਵਾਂ ਨੇ ਇਸ ਪਾਸੇ ਧਿਆਨ ਦਿਤਾ ਅਤੇ ਇਸ ਨਾਬਰਾਬਰੀ ਨੂੰ ਠੀਕ ਕੀਤਾ ।

ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਸਾਡੇ ਸਾਹਮਣੇ ਹੈ ਇਸ ਦੇ ਵਿਚ ਬਹੁਤੀਆਂ ਗਲਾਂ ਨਾਲ ਮੈਂ ਸਹਿਮਤ ਹਾਂ ਔਰ ਬੜੀ ਖੁਸ਼ੀ ਪਰਗਟ ਕਰਦਾ ਹਾਂ । ਨਾਲ ਹੀ ਕਹਿੰਦਾ ਇਹ ਹਾਂ ਕਿ ਇਹ ਬਿੱਲ ਕਿਉਂ ਬਣਦਾ ਹੈ ਇਹ ਇਸ ਲਈ ਬਣਦਾ ਹੈ ਕਿਉਂਕਿ ਆਮ ਪਬਲਿਕ ਦੀ ਇਹ ਰਾਏ ਹੁੰਦੀ ਹੈ। ਉਸ ਨੂੰ ਮੱਦੇਨਜ਼ਰ ਰਖ ਕੇ ਜਿਹੜੇ ਲੋਕਾਂ ਦੇ ਚੁਣੇ ਹੋਏ ਰਿਪਰੇਜ਼ੇਂਟੇਟਿਵਜ਼ ਹਨ ਉਹ ਉਸ ਰਾਏ ਨੂੰ ਕਾਨੂੰਨ ਦੀ ਸ਼ਕ ਵਿਚ ਲੋਕਾਂ ਦੇ ਸਾਹਮਣੇ ਰਖਦੇ ਹਨ । ਉਸ ਦੇ ਬਾਅਦ ਅਸੀਂ ਇਹ ਸਮਝਦੇ ਹਾਂ ਕਿ ਸਾਡਾ ਕੰਮ ਖ਼ਤਮ ਹੋ ਗਿਆ ਹੈ। ਇਹ ਸਾਡੀ ਕਮਜ਼ੋਰੀ ਹੈ ਅਤੇ ਇਸ ਨੂੰ ਦੂਰ ਕਰਨਾ ਪਏਗਾ। ਇਹ ਠੀਕ ਹੈ ਕਿ ਅਸੀਂ ਕਾਨੂੰਨ ਵਿਚ ਸਖ਼ਤੀ ਲਿਆ ਦਿਤੀ ਪਰ ਅਗਰ ਉਸ ਦੀ ਇੰਪਲੀਮੈਂਟੇਸ਼ਨ ਨੂੰ ਮੱਧਮ ਕਰ ਦਿੱਤਾ ਤਾਂ ਉਹ ਕਾਨੂੰਨ ਕਾਰਗਰ ਨਹੀਂ ਰਹਿੰਦਾ । ਜਿਸ ਤਰ੍ਹਾਂ 1961 ਵਿਚ ਗੌਰਮਿੰਟ ਆਫ਼ ਇੰਡੀਆ ਵਿਚ ਇਹ ਬਿੱਲ ਆਇਆ ਸੀ ਅਗਰ ਉਸ ਦੇ ਪਿੱਛੇ ਜਿਨੀ ਰਾਏਆਮਾ ਸੀ ਜਾਂ ਜਿਨੀਆਂ ਜੱਥੇਬੰਦੀਆਂ ਹਨ ਸਾਰੀਆਂ ਚਲਦੀਆਂ ਤਾਂ ਉਹ ਕੰਮ ਹੋ ਗਿਆ ਸੀ । ਲੇਕਿਨ ਵੇਖਣ ਵਿਚ ਇਹ ਆਉਂਦਾ ਹੈ ਕਿ 1961 ਦੇ ਮੁਕਾਬਲੇ ਅਗਰ 1972-74

Original with;
Punjab Vidhan Sabha
Digitized by;
Panjab Digital Library

ਵਿਚ ਵੇਖੀਏ ਤਾਂ ਇਹ ਦਹੇਜ ਦੀ ਬਿਮਾਰੀ ਬਹੁਤ ਵੱਧ ਗਈ ਸੀ । ਸਪੀਕਰ ਸਾਹਿਬ, ਮੈਂ ਮੰਗ ਕਰਾਂਗਾ ਕਿ ਜਿਸ ਤਰ੍ਹਾਂ ਕਮੇਟੀਆਂ ਬਣਦੀਆਂ ਹਨ ਇਹ ਇਸ ਪਾਸੇ ਰਾਏ-ਆਮਾ ਨੂੰ ਮਜ਼ਬੂਤ ਕਰਨਗੇ । ਸਪੀਕਰ ਸਾਹਿਬ, ਜਿਨੇ ਮਰਜ਼ੀ ਅਸੀਂ ਕਰੜੇ ਕਾਨੂੰਨ ਬਣਾ ਦਈਏ, ਪਰ ਜਦ ਤੱਕ ਲੋਕਾਂ ਦੇ ਦਿਲਾਂ ਵਿਚ ਇਹ ਨਾ ਪਾ ਦਿਤਾ ਜਾਏ ਕਿ ਦਹੇਜ਼ ਤੇ ਕਿਸੇ ਲੜਕੀ ਨੂੰ ਜਿਹੜਾ ਤੋਲਣਾ ਹੈ ਇਹ ਇਕ ਗੱਲਤ ਅਤੇ ਖਰਾਬ ਹੈ ਤਦ ਤਕ ਅਸੀਂ ਕਾਮਯਾਬ ਨਹੀਂ ਹੋ ਸਕਾਂਗੇ । ਕਿਸੇ ਵੇਲੇ ਅਸੀਂ ਜਦੋਂ ਗੁਲਾਮ ਸੀ ਹਜ਼ਾਰ 1500 ਸਾਲ ਪਹਿਲਾਂ, ਅਮਰੀਕਾ ਵਿਚ ਤਾਂ ਢਾਈ ਤਿੰਨ ਸੌ ਸਾਲ ਪਹਿਲਾਂ ਉਹ ਨੀਗਰੋਜ਼ ਨੂੰ ਬਨ੍ਹ ਕੇ ਲੈ ਜਾਂਦੇ ਸੀ ਅਤੇ ਅਮਰੀਕਾ ਵਿਚ ਜਾ ਕੇ ਵੇਚ ਦਿੰਦੇ ਸੀ । ਸਾਡੇ ਹਮਲਾ-ਆਵਰ ਸਾਡੀਆਂ ਔਰਤਾਂ ਨੂੰ ਚੁਕ ਕੇ ਲੈ ਜਾਂਦੇ ਸੀ ਔਰ ਬਾਜ਼ਾਰਾਂ ਵਿਚ ਜਾ ਕੇ ਨਿਲਾਮ ਕਰ ਦਿੰਦੇ ਸੀ । ਅਸੀਂ ਉਥੋਂ ਚਲੇ ਹਾਂ, ਪਰ ਹਾਲੇ ਵੀ ਪੂਰੀ ਤਰ੍ਹਾਂ ਸਹੀ ਰਾਹ ਤੇ ਨਹੀਂ ਪਏ । ਅਜੇ ਵੀ ਮੈਂ ਸਮਝਦਾ ਹਾਂ ਕਿ ਕਈ ਗਲਾਂ ਹੋਰ ਹਨ ਦੂਰ ਕਰਨ ਵਾਲੀਆਂ । ਜਿਸ ਤਰ੍ਹਾਂ ਬੈਂਡ ਵਾਲਾ ਸਿਲਸਲਾ ਹੈ ਇਹ ਕਹਿਣਗੇ ਕਿ ਕੀ ਕਰਾਂਗੇ । ਜਿਹੜੇ ਖਾਣ ਵਾਲੇ ਹਨ ਉਹ ਤਾਂ 25 ਕਰ ਦਿਤੇ ਹਨ ਪਰ ਜਿਹੜੇ ਪਕਾਉਣ ਵਾਲੇ ਹਨ ਉਨ੍ਹਾਂ ਦਾ ਕੀ ਕਰੋਗੇ । ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ । ਜਿਸ ਤਰ੍ਹਾਂ ਸਰਦਾਰ ਉਮਰਾਓ ਸਿੰਘ ਹੋਇਆ, ਸਰਦਾਰ ਹਰਚੰਦ ਸਿੰਘ ਹੋਇਆ ਜਾਂ ਮੈਂ ਹੋਇਆ ਸਾਡੀਆਂ ਵਡੀਆਂ ਫੈਮਿਲੀਜ਼ ਹਨ, ਕੀ ਪਤਾ ਸਾਨੂੰ ਬੈਂਡ ਵਾਲਿਆਂ ਦੇ ਕਪੜੇ ਪਾ ਕੇ ਨਾ ਜਾਣਾ ਪਏ । ਸਰਦਾਰ ਉਮਰਾਓ ਸਿੰਘ ਨੇ ਇਹ ਤਾਂ ਸੋਚਿਆ ਹੈ ਅਤੇ ਹੋਰਾਂ ਤੇ ਰੋਕ ਹੋ ਸਕਦੀ ਹੈ ਪਰ ਮੈਨੂੰ ਪਤਾ ਹੈ ਕਿ ਉਨ੍ਹਾਂ ਦੇ ਘਰ ਵਾਲੇ ਜਿਹੜੇ ਬਜ਼ੁਰਗ ਹਨ ਉਹ ਉਨ੍ਹਾਂ ਨਾਲ ਨਾਰਾਜ਼ ਹਨ । ਉਹ ਕਹਿੰਦੇ ਹਨ ਕਿ ਪਤਾ ਨਹੀਂ ਉਮਰਾਓ ਸਿੰਘ ਨੂੰ ਕੀ ਹੋਇਆ ਹੈ ਜਿਹੜੀ ਗੱਲ ਹੁੰਦੀ ਹੈ ਸਾਡੇ ਖ਼ਿਲਾਫ਼ ਹੀ ਇਹ ਲੈ ਆਉਂਦਾ ਹੈ । ਪਹਿਲਾਂ ਲੈਂਡ ਸੀਲਿੰਗ ਐਕਟ ਲੈ ਆਇਆ, ਇਹ ਵੀ ਸਰਦਾਰ ਉਮਰਾਉ ਸਿੰਘ ਆਪ ਹੀ ਜਾਣ ਕੇ ਲਿਆਇਆ ਹੈ ਔਰ ਇਥੇ ਕਹਿੰਦੇ ਹਨ ਕਿ ਜਾਣ ਕੇ ਸਰਦਾਰ ਉਮਰਾਓ ਸਿੰਘ ਨੇ ਲੂਪਹੋਲਜ਼ ਰਖ ਲਏ ਹਨ । ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਨੂੰ ਘਰ ਜਾ ਕੇ ਕਿੰਨੀ ਜਵਾਬ ਤਲਬੀ ਦੇਣੀ ਪੈਂਦੀ ਹੈ । ਉਹ ਕਹਿੰਦੇ ਹਨ ਕਿ ਪਤਾ ਨਹੀਂ ਕਿਉਂ ਗਿਆਨੀ ਜੀ ਨੇ ਸਾਰੇ ਕਾਨੂੰਨ ਇਸ ਕਿਸਮ ਦੇ ਇਨ੍ਹਾਂ ਨੂੰ ਦੇ ਦਿਤੇ ਹਨ । ਇਕ ਪਾਸੇ ਘਰ ਦੇ ਔਖੇ ਹਨ ਇਧਰ ਡਾਂਗ ਸਾਹਿਬ ਨਹੀਂ ਛਡਦੇ । ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਜਿਹੜਾ ਬੈਂਡ ਵਾਲਾ ਸਿਲਸਲਾ ਹੈ ਇਹ ਖ਼ਤਮ ਹੋ ਜਾਏ, ਇਸ ਦੀ ਨਾ ਲੀਗਲ ਸੈਂਕਟਿਟੀ ਹੈ ਅਤੇ ਨਾ ਹੀ ਰਿਲੀਜੀਅੱਸ ਹੈ । ਮੈਂ ਕਹਿੰਦਾ ਹਾਂ ਕਿ ਇਹ ਬੈਂਡ ਜਿਹੜਾ ਹੈ ਇਹ ਸੱਭ ਤੋਂ ਵੱਡਾ ਵਿਖਾਂਵਾ ਹੈ । ਇਸ ਨੂੰ ਐਕਸਕਲੂਡ ਕਰ ਦਿਤਾ ਜਾਵੇ ਇਨਕਲੂਡ ਨਾ ਕੀਤਾ ਜਾਵੇ । ਇਸ ਬਾਰੇ ਜਿਹੜੀ ਤਰਮੀਮ ਹੈ ਇਸ ਨੂੰ ਐਕਸੈਪਟ ਕਰ ਲਿਆ ਜਾਵੇ ਅਤੇ ਇਹ ਸਿਲਸਿਲਾ ਹਟਾ ਦੇਣਾ ਚਾਹੀਦਾ ਹੈ । ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਮੇਰੇ ਵਿਆਹ ਤੇ ਬੈਂਡ ਨਹੀਂ ਸੀ ਵਜਿਆ ਅਤੇ ਮੈਂ ਵੈਰੀ ਵੈਰੀ ਹੈਪੀ ਲਾਈਫ਼ ਬਿਤਾ ਰਿਹਾ ਹਾਂ । (ਵਿਘਨ) ਮੈਂ ਬਿਲੀਵ ਕਰਦਾ ਹਾਂ ਕਿ ਜਿਹੜੀਆਂ ਸ਼ੋ ਵਾਲੀਆਂ ਚੀਜ਼ਾਂ ਹਨ ਉਹ ਨਹੀਂ ਹੋਣੀਆਂ ਚਾਹੀਦੀਆਂ । ਇਹ ਗਰੀਬਾਂ ਦੇ ਰਾਹ ਵਿਚ ਰੁਕਾਵਟਾਂ ਪਾਉਂਦੀਆਂ ਹਨ ।

**ਸ਼੍ਰੀ ਸਪੀਕਰ** : ਬੈਂਡ ਵਾਲੇ ਤਾਂ ਗਰੀਬ ਹੁੰਦੇ ਹਨ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਜਿਹੜੇ ਰੋਟੀ ਬਣਾਉਣ ਵਾਲੇ ਹੁੰਦੇ ਹਨ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਉਹ ਵੀ ਗਰੀਬ ਹੀ ਹਨ ਅਤੇ ਜਿਹੜੇ ਚਾਨਣੀਆਂ ਕਰਾਏ ਤੇ ਦਿੰਦੇ ਹਨ ਉਹ ਵੀ ਗਰੀਬ ਤੋਂ ਅਮੀਰ ਬਣ ਜਾਂਦੇ ਹਨ। ਇਹ ਸਾਰੇ ਹੀ ਇਸ ਤਰ੍ਹਾਂ ਦੇ ਹੁੰਦੇ ਹਨ। ਮੈਂ ਤਾਂ ਇਸ ਗਲ ਤੇ ਬਿਲੀਵ ਕਰਦਾ ਹਾਂ ਕਿ ਜਿਹੜੇ ਸ਼ਾਦੀ ਕਰਾਉਣ ਦੇ ਕਾਬਲ ਬੱਚੇ ਹਨ ਉਨ੍ਹਾਂ ਦਾ ਬੋਝ ਮਾਂ ਬਾਪ ਤੇ ਪਾਉਣ ਦੀ ਲੋੜ ਨਹੀਂ। ਸ਼ਾਇਦ ਹੁਣ ਵੀ ਇਸ ਤਰ੍ਹਾਂ ਦੀਆਂ ਸੌ ਸੌ ਸ਼ਾਦੀਆਂ ਸਾਡੇ ਮੁਲਕ ਵਿਚ ਹੁੰਦੀਆਂ ਹਨ। ਮੈਂ ਤਾਂ ਸਮਝਦਾ ਹਾਂ ਕਿ ਗੁਰਦੁਆਰਿਆਂ ਅਤੇ ਮੰਦਰਾਂ ਵਿਚ ਸ਼ਾਦੀਆਂ ਕਰ ਲੈਣੀਆਂ ਚਾਹੀਦੀਆਂ ਹਨ। ਕਿਸੇ ਦੇ ਘਰ ਵਿਚ ਜਾਣ ਦੀ ਲੋੜ ਹੀ ਨਹੀਂ। ਕਿਸੇ ਸਾਂਝੀ ਥਾਂ ਤੇ ਦੋਨੋਂ ਫਰੀਕ ਪਹੁੰਚ ਜਾਣ। 25 ਬੰਦਿਆਂ ਦੀ ਵੀ ਲੋੜ ਨਹੀਂ, ਅਤੇ ਉਸ ਸਾਂਝੀ ਥਾਂ ਤੇ ਹੀ ਸ਼ਾਦੀ ਹੋ ਜਾਏ। ਇਹ ਕੋਈ ਨਵੀਂ ਰੀਤ ਨਹੀਂ। ਸਾਡੇ ਕਰਿਸਚੀਅਨ ਗਿਰਜੇ ਵਿਚ ਮੁਕੱਰਰਾ ਵਕਤ ਤੇ ਚਲੇ ਜਾਂਦੇ ਹਨ ਅਤੇ ਸ਼ਾਦੀ ਤੋਂ ਬਾਅਦ ਉਥੋਂ ਹੀ ਬਾਹਰ ਨਿਕਲ ਜਾਂਦੇ ਹਨ, ਘਰ ਵਾਲਿਆਂ ਦੀ ਪਰਵਾਹ ਤਕ ਨਹੀਂ ਕਰਦੇ। (ਵਿਘਨ)

ਚੌਧਰੀ ਰਾਮ ਸਿੰਘ: ਬੜੇ ਮੌਜ ਮੇਲੇ ਕਰਦੇ ਹਨ (ਵਿਘਨ)

ਕੈਪਟਨ ਰਤਨ ਸਿੰਘ: ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਚੌਧਰੀ ਰਾਮ ਸਿੰਘ ਇਸ ਗਲ ਤੇ ਖੁਸ਼ ਹਨ। ਸਾਡੇ ਡਾਂਗ ਸਾਹਿਬ ਨੂੰ ਅਤੇ ਚੌਧਰੀ ਰਾਮ ਸਿੰਘ ਨੂੰ ਖੁਸ਼ ਕਰਨਾ ਬਹੁਤ ਔਖਾ ਹੈ। ਅੱਜ ਡਾਂਗ ਸਾਹਿਬ ਨੇ ਵੀ ਸਾਡੀ ਸਰਕਾਰ ਨੂੰ ਇਸ ਗੱਲ ਤੇ ਬਹੁਤ ਵਧਾਈ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਹ ਵਧਾਈ ਐਵੇਂ ਨਹੀਂ। ਲੋਕਾਂ ਦੇ ਜਿਹੜੇ ਵੇਸਟਿਡ ਇੰਟਰੈਸਟਸ ਹਨ ਉਨ੍ਹਾਂ ਦੇ ਖਿਲਾਫ਼ ਨਵੀਆਂ ਚੇਂਜਿਜ਼ ਲਿਆਉਣੀਆਂ ਔਖੀਆਂ ਹਨ, ਲੀਹਾਂ ਤੇ ਚਲਣਾ ਸੌਖਾ ਹੈ। ਗਿਆਨੀ ਜੀ ਨੇ ਆਪਣੇ ਮੁੱਖ ਮੰਤਰੀ ਦੇ ਪੱਦ ਦੇ ਦੌਰਾਨ ਵਿਚ ਚੇਂਜਿਜ਼ ਲਿਆਂਦੀਆਂ ਹਨ, ਇਹ ਚੰਗੀ ਗੱਲ ਹੈ। ਜਿਥੋਂ ਤਕ ਕਾਨੂੰਨ ਦਾ ਤੁਅੱਲਕ ਹੈ ਮੈਂ ਕਹਿੰਦਾ ਹਾਂ ਕਿ ਕਾਨੂੰਨੀ ਤੌਰ ਤੇ ਤਾਂ ਜਿਹੜੇ ਕਾਗਜ਼ ਬਣਦੇ ਹਨ ਉਨ੍ਹਾਂ ਵਿਚ ਲੂਪਹੋਲਜ਼ ਰਹਿ ਜਾਂਦੇ ਹਨ, ਪਰ ਮੈਂ ਕਹਿੰਦਾ ਹਾਂ ਕਿ ਇਸ ਵਿਚ ਕੋਈ ਤਕਲੀਫ਼ ਨਹੀਂ ਹੋਣੀ ਚਾਹੀਦੀ। ਬਿੱਲ ਤਾਂ ਆ ਹੀ ਗਿਆ। (ਵਿਘਨ) ਸਪੀਕਰ ਸਾਹਿਬ, ਇਹ ਜਿਹੜਾ ਪੇਜ ਤਿੰਨ ਤੇ ਹੈ।

No court shall take cognizance of any offence punishable under sections 3, 4 and 4-B except upon a complaint made within one year from the date of the offence, by some person aggrieved by the offence.

ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਜਿਹੜਾ ਵੀ ਕੋਰਟ ਵਿੱਚ ਜਾਵੇਗਾ ਤਾਂ ਇਹ ਬਿੱਲ ਇਸ ਕਲਾਜ਼ ਕਾਰਨ ਨੱਲ ਐਂਡ ਵਾਇਡ ਹੋ ਜਾਵੇਗਾ। 'ਬਾਈ ਸਮ ਪਰਸਨ' ਇਹ ਬਹੁਤ ਵੇਗ ਹੈ। ਇਸ ਨੂੰ ਹੋਰ ਸਟੱਡੀ ਕਰ ਲੈਣ। ਮੇਰਾ ਖਿਆਲ ਹੈ ਕਿ ਕਾਹਲੀ ਵਿੱਚ ਇਹ ਰਹਿ ਗਿਆ ਹੈ। ਫਿਰ ਇੱਕ ਹੋਰ ਪ੍ਰੋਵਾਈਜ਼ੋ ਹੈ :—

where such person is under the age of eighteen years, or is an idiot or a lunatic........

ਸਪੀਕਰ ਸਾਹਿਬ, ਲੀਗਲੀ ਤਾਂ ਠੀਕ ਹੈ ਕਿ ਇਡੀਅਟ ਉਹ ਹੁੰਦਾ ਹੈ ਜਿਹੜਾ ਨਾ ਪੂਰਾ ਲਿਊਨੈਟਿਕ ਹੋਵੇ ਤੇ ਨਾ ਹੀ ਉਸਨੂੰ ਪੂਰੀ ਅਕਲ ਹੋਵੇ, ਅਤੇ ਵਿਚ ਵਿਚਾਲੇ ਹੋਵੇ, ਉਹ ਇਡੀਅਟ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

'or is from sickness or infirmity unable to make a complaint, or is a woman who, according to the local customs and manners, ought not to be compelled to appear in public'

ਸਪੀਕਰ ਸਾਹਿਬ, ਇਹ ਜਿਹੜਾ ਈਡੀਏਟ ਸ਼ਬਦ ਹੈ, ਇਹ ਨਾ ਵਰਤਿਆ ਜਾਵੇ ਤਾਂ ਚੰਗਾ ਹੈ **

**ਸਰਦਾਰ ਦਰਬਾਰਾ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਹ ਪਰੋਸੀਡਿੰਗਜ਼ ਦਾ ਭਾਗ ਨਹੀਂ ਬਣਨਾ ਚਾਹੀਦਾ । ਜੇ ਇਨ੍ਹਾਂ ਨੇ ਕਹਿਣਾ ਹੀ ਹੈ ਤਾਂ ਇਹ ਆਪਣੇ ਤਕ ਇਸ ਨੂੰ ਮਹਿਦੂਦ ਰੱਖਣ ।

**ਸ੍ਰੀ ਸਪੀਕਰ :** ਜੇ ਕਰ ਤੁਸੀਂ ਇਹ ਕਿਹਾ ਹੈ ਤਾਂ ਇਹ ਆਨਰੇਬਲ ਮੈਂਬਰਜ਼ ਤੇ ਐਸਪਰਸ਼ਨ ਹੈ ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ,**

**ਸ੍ਰੀ ਸਪੀਕਰ :** ਤੁਸੀਂ ਭਾਵੇਂ ਆਪ * * * ਬਣੀ ਜਾਓ, ਬਾਕੀ ਨਹੀਂ ਬਣਨਾ ਚਾਹੁੰਦੇ । ਇਸ ਲਈ ਇਹ ਐਕਸਪੰਜ ਕਰ ਦਿੱਤਾ ਜਾਵੇ ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਵਰਡ ਇਸ ਬਿਲ ਵਿੱਚ ਨਹੀਂ ਆਉਣਾ ਚਾਹੀਦਾ ਕਿਉਂਕਿ ਇਸ ਚੀਜ਼ ਨੂੰ ਕੌਣ ਸਰਟੀ-ਫਾਈ ਕਰੇਗਾ ਕਿ ਕੌਣ ਇਡੀਏਟ ਹੈ । It is a very very difficult task.

**ਸ੍ਰੀ ਸਪੀਕਰ :** ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਜ਼ਰੂਰ ਕਰੇਗਾ ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਇਹ ਵਰਡ ਇਸ ਬਿੱਲ ਵਿੱਚ ਨਹੀਂ ਆਉਣਾ ਚਾਹੀਦਾ । ਬੇਸ਼ਕ ਇਸ ਦੀ ਥਾਂ ਸੈਮੀ-ਲਿਊਨੈਟਿਕ ਵਰਡ ਪਾ ਦਿਓ । ਪਰ ਇਡੀਅਟ ਸ਼ਬਦ ਨੂੰ ਕੱਢ ਦੇਣਾ ਚਾਹੀਦਾ ਹੈ । ਬਾਕੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਕਈ ਗਲਾਂ ਕੀਤੀਆਂ ਹਨ ਜਿਹੜੀਆ ਕਿ ਮੈਂ ਕਹਿਣੀਆਂ ਸਨ ਅਤੇ ਇਸ ਲਈ ਮੈਂ ਉਹ ਰਿਪੀਟ ਨਹੀਂ ਕਰਨਾ ਚਾਹੁੰਦਾ । ਸਪੀਕਰ ਸਾਹਿਬ, ਜਦੋਂ ਤਕ ਪ੍ਰਾਪਰਟੀ ਦਾ ਰਾਈਟ ਗਰਲਜ਼ ਨੂੰ ਨਹੀਂ ਦਿੱਤਾ ਜਾਂਦਾ ਤਦ ਤਕ ਪੇਰੈਂਟਸ ਦੀ ਇਹ ਖਾਹਿਸ਼, ਰਹੇਗੀ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਆਪਣੀਆਂ ਬੱਚੀਆਂ ਨੂੰ ਕੰਪੈਨਸੇਟ ਕਰਣ । ਸਾਡੇ ਸੂਬੇ ਵਿੱਚ ਦਹੇਜ਼ ਅਸੀਂ ਬੱਚੀਆਂ ਨੂੰ ਦਿੰਦੇ ਹਾਂ । ਕੇਰਲਾ ਵਿੱਚ ਦਹੇਜ਼ ਮਾਂ ਬਾਪ ਆਪਣੇ ਬੱਚੇ ਨੂੰ ਦਿੰਦੇ ਹਨ । ਬੱਚਾ ਮਾਂ ਬਾਪ ਦੇ ਘਰੋਂ ਚਲਾ ਜਾਂਦਾ ਹੈ ਅਤੇ ਜਿੱਥੇ ਵਿਆਹਿਆ ਜਾਂਦਾ ਹੈ ਉਥੇ ਜਾ ਕੇ ਵਸਦਾ ਹੈ । ਜਿੱਥੇ ਮੈਟਰੀਆਰਕਲ ਸਿਸਟਮ ਹੈ ਉਥੇ ਇਹ ਹੁੰਦਾ ਹੈ । ਸਮਾਟਰਾ ਵਿੱਚ ਵੀ ਇਹ ਹੈ, ਕੇਰਲਾ ਵਿੱਚ ਵੀ ਹੈ ਅਤੇ ਮੇਘਾਲਿਆ ਵਿੱਚ ਵੀ ਹੈ । ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਦਹੇਜ਼ ਦੀ ਪ੍ਰਥਾ ਇਸ ਕਰਕੇ ਚਲੀ ਸੀ ਕਿਉਂਕਿ ਰਾਈਟ ਆਫ ਪ੍ਰਾਪਰਟੀ ਲੜਕੀਆਂ ਨੂੰ ਨਹੀਂ ਸੀ । ਜਦੋਂ ਰਾਈਟ ਆਫ ਪ੍ਰਾਪਰਟੀ ਮਿਲ ਜਾਏਗਾ ਤਾਂ ਦਹੇਜ਼ ਦੀ ਪ੍ਰਥਾ ਖੁਦ ਬਖੁਦ ਖਤਮ ਹੋ ਜਾਵੇਗੀ । ਇਹ ਵੀ ਠੀਕ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਹੈ ਕਿ ਸਰਕਾਰ ਨੇ ਡਿਪਟੀ ਸੁਪਰਡੰਟ ਆਫ ਪੁਲਿਸ ਤੋਂ ਹੇਠਾਂ ਕਿਸੇ ਨੂੰ ਵੀ ਇਸ ਚੀਜ਼ ਦਾ ਅਖਤਿਆਰ ਨਹੀਂ ਦਿੱਤਾ । ਇਹ ਇਸ ਕਰਕੇ ਕੀਤਾ ਗਿਆ ਹੈ ਤਾਂ ਕਿ ਕਈ ਦਫਾ ਜ਼ਿਦਬਾਜ਼ੀ ਕਰਕੇ ਕਿਸੇ ਨੂੰ ਨਾਜਾਇਜ਼ ਤੌਰ ਤੇ ਤੰਗ ਨਾ ਕੀਤਾ ਜਾਵੇ । ਸਾਨੂੰ ਖੁਦ ਪਤਾ ਹੈ ਕਿ ਜਦੋਂ ਕਿਸੇ ਨਾਲ ਸਾਡੀ ਲਗਦੀ ਹੋਵੇ ਤਾਂ ਅਸੀਂ ਕਿਸ ਲਿਮਟ ਤਕ ਪਹੁੰਚ ਜਾਂਦਾ ਹਾਂ । ਸਪੀਕਰ ਸਾਹਿਬ, ਸਾਡੇ ਵਿੱਚ ਇਹ ਹੁੰਦਾ ਹੈ ਕਿ ਜਦੋਂ ਕਿਸੇ ਦਾ ਸੱਭ ਤੋਂ ਜ਼ਿਆਦਾ ਖੁਸ਼ੀ ਦਾ ਮੌਕਾ ਆਵੇ ਤਾਂ ਉਸ ਦੇ ਵਿੱਚ ਰੁਕਾਵਟ ਕਿਸ ਤਰ੍ਹਾਂ ਪਾਈ ਜਾ ਸਕਦੀ ਹੈ, ਇਹ ਚੀਜ਼ ਲੋਕ ਕਰਦੇ ਹਨ । ਇਸ ਬਿਲ ਦੀ ਆੜ ਵਿੱਚ ਕੋਈ ਕਿਸੇ ਨੂੰ ਐਕਸ-ਪਲ਼ਾਇਟ ਨਾ ਕਰੇ, ਇਸ ਲਈ ਇਹ ਚੀਜ਼ ਕੀਤੀ ਗਈ ਹੈ । ਫਿਰ ਪੰਜ ਹਜ਼ਾਰ ਰੁਪਏ ਤਕ ਜੁਰਮਾਨਾ ਕੀਤਾ ਗਿਆ ਹੈ । ਫਿਰ ਤੋਹਫਿਆਂ ਦੇ ਦਿਖਾਵੇ ਦੀ ਬਿਲਕੁਲ ਇਸ ਬਿੱਲ ਵਿੱਚ ਇਜਾਜ਼ਤ ਨਹੀਂ ਦਿੱਤੀ ਜਾ ਰਹੀ । ਜੇ ਕੋਈ ਚੋਰੀ ਛਿਪੇ ਦੇ ਦੇਵੇ ਤਾਂ ਠੀਕ ਹੈ ਪਰ ਦਿਖਾਵਾ ਨਹੀਂ ਕਰ ਸਕਦਾ ਇਸ ਨਾਲ ਬਲੈਕ ਡੀਲਜ਼ ਸ਼ੁਰੂ ਹੋ ਜਾਣਗੇ । ਅੰਡਰ-ਗਰਾਊਂਡ ਡੀਲਜ਼ ਹੋਣਗੇ ਜਿਹੜੇ ਹੁਣ ਬਿਲਕੁਲ ਪਤਾ ਵੀ ਨਹੀਂ ਲਗਣਗੇ । ਪਹਿਲਾਂ ਪਤਾ ਤਾਂ ਲੱਗ ਜਾਂਦੇ ਸੀ । ਇਸ ਦੇ ਵਿੱਚ ਇੱਕ ਫਾਇਦਾ ਜ਼ਰੂਰ ਹੈ ਕਿ ਦਹੇਜ਼ ਕੋਈ ਦੇਖੇਗਾ ਨਹੀਂ । ਇਸ ਤਰ੍ਹਾਂ ਕੋਈ ਇਹ ਨਹੀਂ ਕਹੇਗਾ ਕਿ ਫਲਾਣੇ ਨੇ ਐਨਾ ਦਿੱਤਾ ਹੈ ਔਰ ਮੈਨੂੰ ਇਤਨਾ ਜ਼ਰੂਰ ਦੇਣਾ ਪਵੇਗਾ ਨਹੀਂ ਤਾਂ ਮੇਰਾ ਨੱਕ ਨਹੀਂ ਰਹੇਗਾ । ਇਸ ਨਾਲ ਇਤਨਾ ਬਚਾਓ ਜ਼ਰੂਰ ਹੈ । ਮੈਂ ਤਾਂ ਇਹ ਕਹਾਂਗਾ ਕਿ ਇਸ ਦੇ ਖਿਲਾਫ ਸਟਰੌਂਗ ਪਬਲਿਕ ਓਪੀਨੀਅਨ ਹੋਵੇ । ਖਾਸ ਕਰਕੇ ਲੜਕੇ ਅਤੇ ਲੜਕੀਆਂ ਦੇ ਦਿਲੋਂ ਦਿਮਾਗ਼ ਵਿਚ ਇਹ ਪਾ ਦਿੱਤਾ ਜਾਵੇ ਕਿ ਸਾਡਾ ਰਿਸ਼ਤਾ ਮੈਟੀਰੀਅਲ ਚੀਜ਼ਾਂ ਨਾਲੋਂ ਜ਼ਿਆਦਾ ਉੱਚਾ ਹੈ । ਇਨ੍ਹਾਂ ਚੀਜ਼ਾਂ ਨਾਲ ਤਾਂ ਆਦਮੀ ਇਨਕਪੈਸੀਟੇਟ ਹੋ ਜਾਂਦਾ ਹੈ । ਇੱਕ ਜਾਂ ਦੋ ਲੱਖ ਨਾਲ ਸਾਲ ਦੋ ਸਾਲ ਲੰਘ ਜਾਣਗੇ । ਫਿਰ ਕੀ ਕਰੇਗੀ ? ਇਹ ਜਿਹੜਾ ਕਿਹਾ ਗਿਆ ਹੈ ਕਿ ਦਿਖਾਵਾ ਨਾ ਕੀਤਾ ਜਾਵੇ, ਵੈਸੇ ਜਿਤਨਾ ਮਰਜ਼ੀ ਦੇ ਦੇਣ, ਇਹ ਚੰਗੀ ਗਲ ਨਹੀਂ । ਇਹ ਕਲੀ-ਅਰ ਕੱਟ ਕਹਿਣ ਕਿ ਕੋਈ ਡੌਰੀ ਨਹੀਂ ਹੋਣੀ ਚਾਹੀਦੀ । ਜੇ ਡੌਰੀ ਨਹੀਂ ਹੋਵੇਗੀ ਤਾਂ ਡਿਸਪਲੇਨ ਕਿਸ ਤਰ੍ਹਾਂ ਹੋਵੇਗੀ । There should be no dowry.

**ਮਾਲ ਅਤੇ ਚੋਣ ਮੰਤਰੀ :** ਇਹ ਪੇਰੈਂਟ ਐਕਟ ਵਿੱਚ ਹੈ ।

**ਕੈਪਟਨ ਰਤਨ ਸਿੰਘ :** ਦਿਖਾਵਾ ਨਾ ਹੋਵੇ ਪਰ ਵੈਸੇ ਜਿਤਨਾ ਮਰਜ਼ੀ ਦੇ ਦਿਓ । ਇਹ ਰਾਹ ਦੱਸਦਾ ਹੈ । ਇਹ ਇਕ ਲੂਪ ਹੋਲ ਹੈ This is the loophole which appears to me by putting this word. ਜਦੋਂ ਅਸੀਂ ਆਪੋਜ਼ੀਸ਼ਨ ਵਿੱਚ ਹੁੰਦੇ ਸੀ ਤਾਂ ਜ਼ਰੂਰ ਛੇੜ-ਖਾਨੀ ਕਰਦੇ ਸੀ । ਕਈ ਦਫਾ ਜਵਾਬ ਹੀ ਨਹੀਂ ਆਉਂਦਾ ।

**ਮਾਲ ਮੰਤਰੀ :** ਮੈਂ ਇਹ ਚੀਜ਼ ਐਕਸਪਲੇਨ ਕਰ ਦਿੰਦਾ ਹੈ ।

**ਸ੍ਰੀ ਸਪੀਕਰ :** ਬਾਅਦ ਵਿੱਚ ਕਰ ਲੈਣਾ । ਅਜੇ ਕਈਆਂ ਨੇ ਬੋਲਣਾ ਹੈ ।

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ** : ਇਹ ਚੀਜ਼ ਇਸ ਬਿਲ ਵਿੱਚ ਕਲੀਅਰ ਕੱਟ ਦੱਸੀ ਜਾਵੇ । The Government is not going to allow dowry, that should be the clear cut indication. ਇਹ ਲਿਮਟ ਜਿਹੜੀ ਪੰਜ ਹਜ਼ਾਰ ਕੀਤੀ ਗਈ ਹੈ, ਕਿਸੇ ਆਦਮੀ ਲਈ ਪੰਜ ਹਜ਼ਾਰ ਬਹੁਤ ਚੀਜ਼ ਹੈ ਕਿਸੇ ਲਈ ਕੁਝ ਵੀ ਨਹੀਂ । ਡਾਂਗ ਸਾਹਿਬ ਨੇ ਕਿਹਾ ਹੈ ਕਿ ਇਹ 2500 ਕਰ ਦਿਓ । ਮੈਂ ਇਸ ਨਾਲ ਬਿਲਕੁਲ ਸਹਿਮਤ ਨਹੀਂ । ਕਿਸੇ ਆਦਮੀ ਲਈ ਪੰਜ ਹਜ਼ਾਰ ਵੀ ਪੰਜ ਲਖ ਦੇ ਬਰਾਬਰ ਹਨ ਅਤੇ ਉਸ ਲਈ ਤਾਂ ਪੰਜ ਸੌ ਰੁਪਏ ਦੇਣੇ ਵੀ ਮੁਸ਼ਕਲ ਹਨ ।

ਇਹ ਲਿਮਿਟ ਇਨ੍ਹਾਂ ਨੇ ਨਹੀਂ ਰੱਖੀ, ਇਹ ਚੰਗੀ ਗੱਲ ਕੀਤੀ ਹੈ ਔਰ ਲਿਮਟ ਕਰਨੀ ਵੀ ਨਹੀਂ ਚਾਹੀਦੀ । ਜਦੋਂ ਤੁਸੀਂ ਲਿਮਟ ਕਰ ਦੇਵੋ ਤਾਂ ਹਰ ਕੋਈ ਸੋਚਦਾ ਹੈ ਕਿ ਪੰਜ ਹਜ਼ਾਰ ਤਾਂ ਮੈਨੂੰ ਦੇਣਾ ਪੈਣਾ ਹੈ । ਮੇਰਾ ਭਾਵ ਇਹ ਹੈ ਕਿ ਇਹ ਚੀਜ਼ ਕਲੀਅਰ ਕੱਟ ਨਹੀਂ ਰੱਖੀ ਗਈ ਕਿ ਨੋ ਡੋਰੀ, ਨਥਿੰਗ । ਫਿਰ ਜਿਹੜਾ 11 ਰੁਪਏ ਸ਼ਗਣ ਰਖਿਆ ਹੈ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ What is a Shagan ?

Shagan can be a flower. Why we should think of that ? ਸ਼ਗੁਣ ਫੁੱਲ ਵੀ ਹੋ ਸਕਦਾ ਹੈ । 11 ਰੁਪਏ ਨਹੀਂ ਦਿੱਤੇ ਤਾਂ ਠੀਕ ਹੈ । ਪਰ 1100 ਰੁਪਏ ਪਿਛਲੇ ਵਕਤਾਂ ਦੇ 100 ਰੁਪਏ ਤੋਂ ਵੱਧ ਨਹੀਂ ਹਨ । ਅੱਜ 11 ਰੁਪਏ ਪਿਛਲੇ ਵਕਤਾਂ ਦੇ ਇਕ ਰੁਪਏ ਦੇ ਬਰਾਬਰ ਵੀ ਨਹੀਂ ਹਨ, ਕਿਉਂਕਿ ਜਿੰਨੀ ਕੁ ਸਾਡੀ ਇਨਫਲੇਸ਼ਨ ਹੋ ਗਈ ਹੈ, ਉਸ ਦੇ ਹਿਸਾਬ ਨਾਲ ਪਹਿਲਾਂ ਇਕ ਰੁਪਿਆ ਦਿੰਦੇ ਸੀ । ਸ਼ਗਣ ਕੀ ਸੈਂਕਟਿਟੀ ਹੈ ? ਜਿਹੜੀਆਂ ਲਾਵਾਂ ਹੁੰਦੀਆਂ ਹਨ, ਸਕ੍ਰਿਪਚਰਜ਼ ਪੜ੍ਹੇ ਜਾਂਦੇ ਹਨ ਜਾਂ ਲਾਅ ਵਿਚ ਅੰਡਰਟੇਕਿੰਗ ਹੈ, ਉਹ ਵੀ ਸੈਂਕਟਿਟੀ ਹੈ, ਬਾਕੀ 11 ਰੁਪਏ ਜਾਂ ਇਕ ਰੁਪਿਆ ਸ਼ਗਣ ਦਿਓ ਜਾਂ ਕੁਝ ਦਿਉ, ਇਹ ਕੋਈ ਗੱਲ ਨਹੀਂ ਹੈ ।

**Chaudari Darshan Singh** : That is an agreement.

**Captain Rattan Singh** : That is an agreement to marry which can be put on a piece of paper. Then the presence before Guru Granth Sahib. Presence before the Hawan.

ਤੁਸੀਂ ਲੀਗਲੀ ਕਰ ਲਵੋ ਅਤੇ ਜੇ ਲੀਗਲੀ ਨਹੀਂ ਕਰਨਾ ਤਾਂ ਜਿਸ ਤਰ੍ਹਾਂ ਗੁਰੂ ਗਰੰਥ ਸਾਹਿਬ ਨੂੰ ਮੰਨਿਆ ਜਾਂਦਾ ਹੈ ਜਾਂ ਜਿਹੜੇ ਆਪਣੇ ਆਪਣੇ ਮਜ਼ਹਬ ਨੂੰ ਫਾਲੋ ਕਰਦੇ ਹਨ, ਉਸ ਤੋਂ ਵੱਡਾ ਐਗਰੀਮੈਂਟ ਕੋਈ ਹੋ ਨਹੀਂ ਸਕਦਾ । ਜਿਥੇ ਮੈਂ ਸਰਕਾਰ ਨੂੰ ਦਿਲੀ ਮੁਬਾਰਿਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਬੜਾ ਚੰਗਾ ਅਤੇ ਦਲੇਰਾਨਾ ਬਿੱਲ ਲਿਆਂਦਾ ਹੈ, ਉਥੇ ਜੇ ਮੇਰੀਆਂ ਚਾਰ ਕੁ ਗੱਲਾਂ ਮੰਨ ਲਈਆਂ ਜਾਣ ਤਾਂ ਗੱਲ ਕਲੀਅਰ ਕੱਟ ਹੋ ਜਾਵੇਗੀ ਅਤੇ ਅਸੀਂ ਗਰੀਬਾਂ ਨੂੰ ਕਹਾਂਗੇ ਕਿ ਗਿਆਨੀ ਜ਼ੈਲ ਸਿੰਘ ਜੀ ਨੇ ਤੁਹਾਨੂੰ ਬਚਾ ਦਿੱਤਾ ਹੈ ਅਤੇ ਸਾਰੇ ਲੋਕ ਸਰਕਾਰ ਦੀ ਅਤੇ ਸਾਡੀ ਪਾਰਟੀ ਦੀ ਪਰਸ਼ੰਸਾ ਕਰਨਗੇ ਕਿ ਇਕ ਬਿਮਾਰੀ ਜੋ ਸਾਡੇ ਸੋਸ਼ਲ ਨਿਜ਼ਾਮ ਵਿਚ ਆ ਗਈ ਹੈ ਉਸ ਨੂੰ ਹਮੇਸ਼ਾਂ ਹਮੇਸ਼ਾਂ ਲਈ ਖਤਮ ਕਰ ਦਿੱਤਾ ਹੈ । ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਚੀਜ਼ ਤੇ ਵਿਚਾਰ ਕਰਨ ਅਤੇ ਜਿਹੜੀਆਂ ਇਸ ਬਿਲ ਵਿਚ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿਘ]

ਕੰਮੀਆਂ ਰਹਿ ਗਈਆਂ ਹਨ, ਉਨ੍ਹਾਂ ਨੂੰ ਰਿਮੂਵ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਅਤੇ ਕਲੀਅਰ ਕੱਟ ਚੀਜ਼ ਹੋਣੀ ਚਾਹੀਦੀ ਹੈ that this Bill now will not tolerate giving and taking of dowry. Thank you vely much.

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ (ਖੰਨਾ ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਇਸ ਸੁਧਾਰ ਦੇ ਕੰਮ ਲਈ ..

ਸ੍ਰੀ ਸਪੀਕਰ : ਰੇਪੀਟੀਸ਼ਨ ਬਿਲਕੁਲ ਨਾ ਕਰਨਾ ਜੀ ।

**Acharya Prithvi Singh Azad** : All right, Sir. ਸਪੀਕਰ ਸਾਹਿਬ, ਇਸ ਸੁਧਾਰ ਦੇ ਕਦਮ ਲਈ ਸਰਕਾਰ ਦੀ ਜਿੰਨੀ ਪਰਸ਼ੰਸਾ ਕੀਤੀ ਜਾਵੇ ਤੇ ਜਿੰਨੀ ਵਧਾਈ ਦਿੱਤੀ ਜਾਵੇ, ਥੋੜੀ ਹੈ । ਪਰ ਜਿਹੜੇ ਸੁਧਾਰ ਵਾਸਤੇ ਵੀ ਕੰਮ ਹੁੰਦੇ ਹਨ, ਉਹ ਨਿਰੇ ਪੁਰੇ ਕਾਨੂੰਨ ਦੇ ਨਾਲ ਨਹੀਂ ਹੋ ਸਕਦੇ । ਕਾਨੂੰਨ ਇਕ ਸਾਧਨ ਹੁੰਦਾ ਹੈ ਸੁਧਾਰ ਨੂੰ ਲਾਗੂ ਕਰਨ ਵਾਸਤੇ । ਜਿਵੇਂ ਇਸ ਬਿਲ ਦੇ ਪੜ੍ਹਣ ਤੋਂ ਗਿਆਤ ਹੁੰਦਾ ਹੈ ਕਿ ਦਹੇਜ਼ ਦੀ ਲਾਣਤ 1961 ਵਿਚ ਖਤਮ ਕਰਨ ਵਾਸਤੇ ਕਾਨੂੰਨ ਬਣਿਆ ਸੀ ਔਰ, ਸਪੀਕਰ ਸਾਹਿਬ, ਦੇਸ਼ ਵਿਚ ਫੈਲੀ ਹੋਈ ਅਤੇ ਵੱਡੀ ਬਿਮਾਰੀ ਦਾ ਸੱਭ ਤੋਂ ਵੱਡਾ ਇਲਾਜ ਡਾਕਟਰ ਅੰਬੇਦਕਰ ਨੇ ਹਿੰਦੂ ਕੋਡ ਬਿਲ ਬਣਾ ਕੇ, ਹਿੰਦੂ ਕੋਡ ਐਕਟ ਬਣਾ ਕੇ ਕੀਤਾ ਸੀ ਜਿਸ ਰਾਹੀਂ ਉਨ੍ਹਾਂ ਨੇ ਇਸਤਰੀ ਜਾਤੀ ਨੂੰ, ਪਰਿਵਾਰ ਦੀਆਂ ਬੱਚੀਆਂ ਨੂੰ ਪਰਿਵਾਰ ਦੀ ਸੰਪਤੀ ਵਿਚ ਬਰਾਬਰ ਦਾ ਹਿੱਸੇਦਾਰ ਬਣਾਇਆ ਸੀ । ਜੇਕਰ ਉਸ ਐਕਟ ਦੇ ਉਤੇ ਅਤੇ ਇਸ 1961 ਦੇ ਐਕਟ ਦੇ ਉਤੇ ਪੂਰਨ ਰੂਪ ਵਿਚ ਅਮਲ ਕੀਤਾ ਜਾਂਦਾ, ਸਪੀਕਰ ਸਾਹਿਬ, ਤਾਂ ਇਹ ਦਹੇਜ਼ ਦੀ ਬਿਮਾਰੀ ਬਹੁਤ ਜ਼ਿਆਦਾ ਮਿਟ ਸਕਦੀ ਸੀ । ਸਪੀਕਰ ਸਾਹਿਬ, ਜਿਵੇਂ ਮੈਂ ਅਰਜ਼ ਕੀਤੀ ਕਿ ਇਹ ਲਾਹਨਤ ਨਿਰੇ ਕਾਨੂੰਨ ਨਾਲ ਖਤਮ ਨਹੀਂ ਕੀਤੀ ਜਾ ਸਕਦੀ, ਇਸ ਬਿਮਾਰੀ ਨੂੰ ਖਤਮ ਕਰਨ ਵਾਸਤੇ ਜਨਤਾ ਦਾ ਸਹਿਯੋਗ ਬੜਾ ਜ਼ਰੂਰੀ ਹੈ, ਜਨਤਾ ਦੇ ਸਹਿਯੋਗ ਦੀ ਸੱਭ ਤੋਂ ਵੱਡੀ ਲੋੜ ਹੁੰਦੀ ਹੈ । ਇਸ ਬਿੱਲ ਵਿਚ ਜੇ ਕਿਤੇ ਸਰਕਾਰ ਇਹ ਪ੍ਰੋਵੀਜ਼ਨ ਰਖ ਦਿੰਦੀ ਕਿ ਹਰ ਸ਼ਹਿਰ ਵਿਚ ਸਮਾਜ ਸੁਧਾਰ ਦੇ ਕੰਮ ਕਰਨ ਵਾਲੀਆਂ ਸੰਸਥਾਵਾਂ, ਵਿਸ਼ੇਸ਼ਕਰ ਮਹਿਲਾ ਸਮਾਜ ਵਿਚ ਕੰਮ ਕਰਨ ਵਾਲੀਆਂ ਦੇਵੀਆਂ ਦੀ ਇਕ ਸਟੈਚੂਟਰੀ ਕਮੇਟੀ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਦਾ ਜਿਹੜਾ ਆਸ਼ਾ ਸੀ, ਉਹ ਪੂਰਨ ਰੂਪ ਵਿਚ ਸਫਲ ਹੋ ਸਕਦਾ ਹੈ । ਜਿਸ ਦਿਨ ਤੋਂ ਦਹੇਜ਼ ਨੂੰ ਬੰਦ ਕਰਨ ਦਾ ਪ੍ਰਸ਼ਨ ਸਮਾਜ ਵਿਚ ਆਇਆ, ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਵਿਚ ਇਨ੍ਹਾਂ ਸਮਾਜਿਕ ਸੰਸਥਾਵਾਂ ਨੇ, ਖਾਸ ਕਰਕੇ ਦੇਵੀਆਂ ਨੇ ਇਸ ਚੀਜ਼ ਨੂੰ ਰੋਕਣ ਵਾਸਤੇ ਆਪਣਾ ਅਹਿਮ ਰੋਲ ਅਦਾ ਕੀਤਾ ਇਸ ਕਰਕੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਮੈਂ ਅੱਜ ਨਹੀਂ ਆ ਸਕਦਾ ਤਾਂ 6 ਮਹੀਨੇ ਤਕ ਜਦੋਂ ਇਸ ਬਿੱਲ ਨੇ ਕਾਨੂੰਨ ਬਣ ਜਾਣਾ ਹੈ, ਉਸ ਦੀ ਵਰਤੋਂ ਕਰਨ ਬਾਅਦ ਜਿਹੜੀਆਂ ਤਰੁੱਟੀਆਂ ਇਸ ਬਿੱਲ ਵਿਚ ਰਹਿ ਜਾਣਗੀਆਂ, ਉਨ੍ਹਾਂ ਨੂੰ ਦੂਰ ਕਰਨ ਵਾਸਤੇ ਯੋਗ ਕਦਮ ਉਠਾਏ ਜਾਣਗ । ਇਸ ਦੇ ਨਾਲ ਜਿਵੇਂ ਮੇਰੇ ਮਾਨਯੋਗ ਸਾਥੀ ਡਾਂਗ ਸਾਹਿਬ ਅਤੇ ਕਪਤਾਨ ਸਾਹਿਬ ਨੇ ਸੰਕੇਤ ਕੀਤਾ, ਭਾਰਤ ਇਕ ਅਜਿਹਾ ਦੇਸ਼ ਹੈ ਜਿੱਥੇ ਧਾਰਮਿਕ ਤੌਰ ਤੇ, ਸਮਾਜਿਕ ਤੌਰ ਤੇ ਮਹਿਲਾ ਸਮਾਜ ਦਾ ਇਕ ਵਿਸ਼ੇਸ਼ ਸਥਾਨ ਹੈ ਅਤੇ ਜੇ ਪੁਰਾਤਨ ਸੰਸਕ੍ਰਿਤੀ ਵਲ ਜਾਈਏ ਤਾਂ ਉਥੇ ਤਾਂ

Original with;
Punjab Vidhan Sabha
Digitized by;
Panjab Digital Library

ਲਿਖਿਆ ਹੋਇਆ ਹੈ :

नारिया: यत्र पूज्यन्ते,
रमन्ते तत्र देवता:

ਜਿੱਥੇ ਮਹਿਲਾ ਜ਼ਾਤੀ ਦੀ ਪੁੱਛ ਹੁੰਦੀ ਹੈ, ਉਥੇ ਦੇਵਤਿਆਂ ਦਾ ਨਿਵਾਸ ਹੁੰਦਾ ਹੈ। ਪਰ ਸਾਡੀ ਬਦਕਿਸਮਤੀ ਇਹ ਹੈ ਕਿ ਜਿੱਥੇ ਸਾਡੇ ਪੁਰਾਤਨ ਧਰਮ ਸ਼ਾਸਤਰਾਂ ਵਿਚ ਇਹ ਲਿਖਿਆ ਮਿਲਦਾ ਹੈ ਕਿ ਇਸਤਰੀ ਸਮਾਜ ਲਈ, ਉਥੇ ਕੁਝ ਸੱਜਣਾਂ ਨੇ ਧਾਰਮਿਕ ਪੁਸਤਕਾਂ ਵਿਚ ਇਹ ਚੀਜ ਦਾਖਲ ਕਰ ਦਿੱਤੀ, ਜਿਵੇਂ ਕਿ, ਸਪੀਕਰ ਸਾਹਿਬ, ਤੁਸੀਂ ਤਾਂ ਕਈ ਬਾਰੀ ਪੜ੍ਹਿਆ ਹੋਣਾ ਹੈ :

ਢੋਲ ਗੰਵਾਰ, ਸ਼ੂਦਰ, ਪਸ਼ੂ, ਨਾਰੀ,
ਯੇਹ ਸਭ ਤਾੜਨ ਕੇ ਅਧਿਕਾਰੀ।

ਸਾਡੀਆਂ ਧਾਰਮਿਕ ਪੁਸਤਕਾਂ ਵਿੱਚ ਤਾੜਨਾਂ ਦੀ ਭਾਵਨਾ ਆਉਂਦੀ ਹੈ ਅਤੇ ਇਸ ਤਰ੍ਹਾਂ ਦੀ ਭਾਵਨਾ ਸਾਡੇ ਸਮਾਜ ਵਿਚ, ਸਾਡੀਆਂ ਪੁਸਤਕਾਂ ਵਿਚ ਦਾਖਲ ਕਰ ਦਿੱਤੀ ਗਈ ਹੈ ਗੁਲਾਮੀ ਦੇ ਅਹਿਦ ਵਿਚ ਅਤੇ ਇਸ ਕਰਕੇ ਮੈਂ ਸਰਕਾਰ ਅੱਗੇ ਇਹ ਬੇਨਤੀ ਕਰਾਂਗਾ ਕਿ ਇਸ ਬਾਰੇ ਵੀ ਕੋਈ ਕਦਮ ਚੁੱਕਣੇ ਚਾਹੀਦੇ ਹਨ ਅਤੇ ਇਨ੍ਹਾਂ ਪੁਸਤਕਾਂ ਵਿਚ ਜਿਹੜਾ ਅਜਿਹਾ ਲਿਖਿਆ ਹੈ ਜਿਸ ਰਾਹੀਂ ਇਸਤਰੀ ਜਾਤੀ ਨੂੰ ਹੀਨ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਉਹ ਵੀ ਕਢਵਾ ਦਿੱਤਾ ਜਾਣਾ ਚਾਹੀਦਾ ਹੈ, ਇਸ ਗੱਲ ਵਿਚ ਕਈ ਤਰੁਟੀਆਂ ਨਜ਼ਰ ਆਉਂਦੀਆਂ ਹਨ। ਅਸੀਂ ਜੇ ਇਨ੍ਹਾਂ ਤਰੁਟੀਆਂ ਵਲ ਧਿਆਨ ਦੇਵਾਂਗੇ ਤਾਂ ਬਹੁਤ ਚੰਗੀ ਗੱਲ ਹੋਵੇਗੀ। ਮੈਂ ਕੈਪਟਨ ਰਤਨ ਸਿੰਘ ਜੀ ਅਤੇ ਡਾਂਗ ਸਾਹਿਬ ਨੂੰ ਵਧਾਈ ਦੇਵਾਂਗਾ ਜਿਨ੍ਹਾਂ ਨੇ ਕੁਝ ਤਰੁੱਟੀਆਂ ਵਲ ਸੰਕੇਤ ਕੀਤਾ ਹੈ ਅਤੇ ਵਜ਼ੀਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਬਿੱਲ ਦਾ ਆਸ਼ਾ ਤਾਂ ਚੰਗਾ ਹੈ, ਪਰ ਬਿੱਲ ਤਾਂ ਇਕ ਸੁਧਾਰ ਦੀ ਭਾਵਨਾ ਲਿਆਉਣ ਲਈ ਕੋਸ਼ਿਸ਼ ਹੈ, ਲੇਕਿਨ ਜਿਹੜੀਆਂ ਤਰੁੱਟੀਆਂ ਰਹਿ ਗਈਆਂ ਹਨ, ਉਸ ਬਾਰੇ ਜੇ ਵਜ਼ੀਰ ਸਾਹਿਬ ਇਸ ਹਾਊਸ ਨੂੰ ਇਹ ਭਰੋਸਾ ਦਵਾਉਣ ਕਿ ਅਗਲੇ ਸੈਸ਼ਨ ਤਕ ਚਾਹੇ ਤਿੰਨ ਮਹੀਨੇ ਨੂੰ ਆਵੇ ਜਾਂ ਛੇ ਮਹੀਨੇ ਨੂੰ ਆਵੇ, ਉਨ੍ਹਾਂ ਤਰੁਟੀਆਂ ਨੂੰ ਦੂਰ ਕਰ ਦਿੱਤਾ ਜਾਵੇਗਾ, ਤਾਂ ਹੀ ਸਹੀ ਅਰਥਾਂ ਵਿਚ ਸਾਡੀਆਂ ਦੇਵੀਆਂ ਦਾ ਕਲਿਆਣ ਹੋ ਸਕਦਾ ਹੈ।

ਮੈਂ ਇਨ੍ਹਾਂ ਲਫਜ਼ਾਂ ਨਾਲ ਇਸ ਬਿੱਲ ਦਾ ਸਮਰਥਨ ਕਰਦਾ ਹਾਂ।

**ਸ਼੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ ਉੱਤਰ) : ਮਾਨਯੋਗ ਸਪੀਕਰ ਸਾਹਿਬ, ਜਿਹੜੀ ਇਹ ਅਮੈਂਡਮੈਂਟ ਲਿਆਂਦੀ ਗਈ ਹੈ 1961 ਦੇ ਐਕਟ ਵਿਚ ਇਸ ਵਾਸਤੇ ਮੈਂ ਮਨਿਸਟਰ ਸਾਹਿਬ ਨੂੰ ਵਧਾਈ ਦੇਂਦਾ ਹਾਂ। ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਇਸ ਬਿਲ ਦੇ ਵਿਚ ਕਈ ਹੋਰ ਗੱਲਾਂ ਚਾਹੀਦੀਆਂ ਸਨ, ਜਿਨ੍ਹਾਂ ਦੀ ਇਸ ਵਿਚ ਕਮੀ ਹੈ, ਫਿਰ ਵੀ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਬਿੱਲ ਦੇ ਵਿਚ ਸੱਭ ਤੋਂ ਵੱਡੀ ਗੱਲ ਜਿਹੜੀ ਹੁਣ ਕੀਤੀ ਗਈ ਹੈ, ਉਹ ਇਹ ਹੈ ਕਿ ਜਿਹੜਾ ਇਸ ਕਾਨੂੰਨ ਦੀ ਉਲੰਘਣਾ ਕਰੇਗਾ, ਉਸ ਦੇ ਵਿਚ ਪੁਲਿਸ ਦਖਲ ਦੇ ਸਕੇਗੀ, ਇਹ ਚੀਜ਼ ਪਹਿਲਾਂ ਨਹੀਂ ਸੀ ਅਤੇ ਜਿਹੜਾ ਪਹਿਲਾਂ ਅਫ਼ੈਂਸ ਨਾਨ-ਕਗਨੀਜ਼ੇਬਲ ਸੀ, ਉਹ ਹੁਣ ਕਗਨੀਜ਼ੇਬਲ ਬਣਾ ਦਿੱਤਾ ਗਿਆ ਹੈ। ਸਪੀਕਰ ਸਾਹਿਬ, ਹਿੰਦੁਸਤਾਨ ਭਰ ਵਿਚ ਇਸਤਰੀ ਜ਼ਾਤੀ ਨਾਲ ਜਿੰਨਾ ਵੀ

Original with;
Punjab Vidhan Sabha
Digitized by;
Panjab Digital Library

(ਸ੍ਰੀ ਸਰਦਾਰੀ ਲਾਲ ਕਪੂਰ)

ਜ਼ੁਲਮ ਹੋਇਆ, ਜਿੰਨੇ ਵੀ ਦੁਖ ਉਨ੍ਹਾਂ ਨੂੰ ਉਠਾਉਣੇ ਪਏ, ਉਨ੍ਹਾਂ ਨੂੰ ਦੂਰ ਕਰਨ ਵਾਸਤੇ ਇਹ ਬਿੱਲ ਇਥੇ ਲਿਆਂਦਾ ਗਿਆ ਹੈ। ਇਸ ਤਰ੍ਹਾਂ ਦਾ ਬਿੱਲ ਹਿੰਦੁਸਤਾਨ ਦੇ ਹੋਰ ਸੂਬੇ ਕੁਝ ਪਾਸ ਕਰ ਚੁਕੇ ਹੋਣਗੇ ਜਾਂ ਕੁਝ ਹਾਲਾਂ ਤੀਕ ਪਾਸ ਕਰਨਗੇ ਅਤੇ ਇਸ ਦੇ ਨਾਲ ਸਾਡੀਆਂ ਦੇਵੀਆਂ ਦਾ ਬੜਾ ਭਲਾ ਹੋਵੇਗਾ।

ਇਕ ਸਾਲ ਵਿਚ ਤਕਰੀਬਨ ਸਾਢੇ ਚਾਰ ਹਜ਼ਾਰ ਇਸਤਰੀਆਂ ਦੀ ਡੈਥ ਹੋਈ, ਉਨ੍ਹਾਂ ਦੀ ਮਿਰਤੂ ਹੋ ਗਈ ਜਾਂ ਮਾਰ ਦਿੱਤੀਆਂ ਗਈਆਂ। ਉਹ ਇਸ ਕਰਕੇ ਮਾਰ ਦਿੱਤੀਆਂ ਗਈਆਂ ਕਿ ਉਨ੍ਹਾਂ ਨੂੰ ਤੰਗ ਕੀਤਾ ਗਿਆ ਕਿ ਹੋਰ ਪੈਸਾ ਲੈ ਆਓ, ਉਨ੍ਹਾਂ ਇਸਤਰੀਆਂ ਨੂੰ ਬਾਰ ਬਾਰ ਕਿਹਾ ਗਿਆ ਕਿ ਪੈਸਾ ਲੈ ਆਓ। ਪਰ ਉਨ੍ਹਾਂ ਇਸਤਰੀਆਂ ਦੇ ਮਾਂ ਬਾਪ ਗਰੀਬ ਸਨ ਅਤੇ ਉਹ ਬਾਰ ਬਾਰ ਪੈਸਾ ਨਾ ਦੇ ਸਕੇ ਅਤੇ ਇਸ ਕਰਕੇ ਉਨ੍ਹਾਂ ਦੀ ਮਿਰਤੂ ਹੋ ਗਈ। ਸਪੀਕਰ ਸਾਹਿਬ, ਤੁਸੀਂ ਵੇਖਿਆ ਹੋਣਾ ਹੈ ਕਿ ਜਦੋਂ ਕਦੇ ਵੀ ਮਿਰਤੂ ਹੋਈ ਨੂੰਹ ਦੀ ਮਿਰਤੂ ਹੋਈ, ਨਾ ਤਾਂ ਸੱਸ ਦੀ ਮਿਰਤੂ ਹੋਈ ਅਤੇ ਨਾ ਧੀ ਦੀ ਮਿਰਤੂ ਹੋਈ। ਕਿਹਾ ਇਹ ਗਿਆ ਕਿ ਰੋਟੀ ਪਕਾਂਦੀ ਸਟੋਵ ਨਾਲ ਜਲ ਕੇ ਮਰ ਗਈ। ਇਸ ਦਾ ਕਾਰਣ ਇਹ ਸੀ ਕਿ ਇਸਤਰੀ ਜ਼ਾਤੀ ਨੂੰ ਦਹੇਜ ਲਈ ਤੰਗ ਕੀਤਾ ਜਾਂਦਾ ਸੀ ਅਤੇ ਜਦ ਉਹ ਪੈਸਾ ਲਿਆ ਕੇ ਨਹੀਂ ਦੇ ਸਕਦੀ ਸੀ ਤਾਂ ਉਸ ਨੂੰ ਮਾਰ ਦਿੱਤਾ ਜਾਂਦਾ ਸੀ।

ਸਪੀਕਰ ਸਾਹਿਬ, ਮੈਂ ਇਕ ਗਲ ਇਥੇ ਇਸਤਰੀ ਜ਼ਾਤੀ ਦੇ ਬਾਰੇ ਹੋਰ ਕਰਨੀ ਚਾਹੁੰਦਾ ਹਾਂ। ਤੁਸੀਂ ਵੇਖਿਆ ਹੋਣਾ ਹੈ ਕਿ ਬਜ਼ਾਰਾਂ ਵਿਚ ਚਲੇ ਜਾਓ, ਉਥੇ ਦੁਕਾਨਾਂ ਤੇ ਇਸਤਰੀਆਂ ਦੀਆਂ ਤਸਵੀਰਾਂ ਲਟਕਦੀਆਂ ਹੁੰਦੀਆਂ ਹਨ, ਇਹ ਇਸਤਰੀ ਜ਼ਾਤੀ ਦੀ ਬੇਇਜ਼ਤੀ ਨਹੀਂ ਤਾਂ ਹੋਰ ਕੀ ਹੈ। ਇਹ ਤਾਂ ਸੱਭ ਤੋਂ ਜ਼ਿਆਦਾ ਬੇਜ਼ਤੀ ਦੀ ਗੱਲ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਜਿੱਥੇ ਸਰਦਾਰ ਉਮਰਾਓ ਸਿੰਘ ਨੇ ਇਹ ਬਿੱਲ ਲਿਆਂਦਾ ਹੈ ਉਥੇ ਉਹ ਇਸਤਰੀ ਜ਼ਾਤੀ ਦੀ ਇਜ਼ਤ ਰੱਖਣ ਲਈ ਇਹੋ ਜਿਹਾ ਜ਼ਰੂਰ ਕੋਈ ਕਾਨੂੰਨ ਬਣਾਉਣ ਕਿ ਬਜ਼ਾਰਾਂ ਵਿਚ ਜਾਂ ਹੋਰ ਦੁਕਾਨਾਂ ਤੇ ਜਿਥੇ ਇਸਤਰੀਆਂ ਦੀਆਂ ਤਸਵੀਰਾਂ ਲਗੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਬੰਦ ਕੀਤਾ ਜਾਵੇ। ਇਹ ਕੋਈ ਚੰਗੀ ਗੱਲ ਨਹੀਂ ਹੈ। ਮੈਂ ਤਾਂ ਸਮਝਦਾ ਹਾਂ ਕਿ ਇਹ ਦੁਖਦਾਈ ਚੀਜ਼ ਹੈ। ਇਸੇ ਤਰ੍ਹਾਂ ਜੇ ਅਸੀਂ ਕਈ ਅਖਬਾਰਾਂ ਵਿਚ ਵੇਖੀਏ ਤਾਂ ਉਥੇ ਵੀ ਪਹਿਲੇ ਸਫੇ ਤੇ ਇਸਤਰੀਆਂ ਦੀਆਂ ਤਸਵੀਰਾਂ ਛਾਪੀਆਂ ਹੁੰਦੀਆਂ ਹਨ ਇਹ ਅਖਬਾਰਾਂ ਵਾਲੇ ਆਪਣੇ ਆਪ ਨੂੰ ਬੜਾ ਸੋਸ਼ਲ ਵਰਕਰ ਕਹਾਉਂਦੇ ਹਨ ਪਰ ਜਦੋਂ ਅਸੀਂ ਇਨ੍ਹਾਂ ਅਖਬਾਰਾਂ ਤੇ ਇਸਤਰੀਆਂ ਦੀਆਂ ਫੋਟੋ ਵੇਖਦੇ ਹਾਂ ਤਾਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਇਸਤਰੀ ਜ਼ਾਤੀ ਦਾ ਅਪਮਾਨ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀ ਕੋਈ ਇਜ਼ਤ ਨਹੀਂ ਕੀਤੀ ਜਾ ਰਹੀ।

ਸਪੀਕਰ ਸਾਹਿਬ, ਇਥੇ ਮੈਂ ਇਕ ਹੋਰ ਅਰਜ਼ ਕਰਾਂ ਕਿ ਇਹ ਜਿਹੜਾ ਅੱਜ ਬਿੱਲ ਲਿਆਂਦਾ ਗਿਆ ਹੈ, ਇਹ ਬਿੱਲ ਤਾਂ ਪਹਿਲੇ ਦਾ ਬਣ ਚੁਕਾ ਹੈ ਇਹ ਤਾਂ ਐਕਟ ਬਣ ਚੁਕਾ ਹੈ, ਹੁਣ ਤਾਂ ਇਹ ਅਮੈਂਡਮੈਂਟ ਹੈ ਕਿ ਡੋਰੀ ਨਾ ਦਿੱਤੀ ਜਾਵੇ। ਇਹ ਤਾਂ ਐਲਾਨ ਪਹਿਲੇ ਵੀ ਹੋ ਚੁਕਾ ਹੈ ਪਰ ਫਿਰ ਵੀ ਡੋਰੀ ਦਿੱਤੀ ਜਾਂਦੀ ਹੈ। ਜਿਸ ਨੇ ਮੁੰਡੇ ਦਾ ਵਿਆਹ ਕਰਨਾ ਹੁੰਦਾ ਹੈ ਉਹ ਕਹਿੰਦਾ ਹੈ ਮੈਨੂੰ ਇਕ ਲੱਖ ਜਾਂ 2 ਲੱਖ ਰੁਪਿਆ ਪਹਿਲੇ ਦੇ ਦੇ ਤਾਂ ਹੀ ਮੈਂ ਮੁੰਡੇ ਦਾ ਵਿਆਹ ਕਰਨਾ ਹੈ ਨਹੀਂ ਤਾਂ ਮੈਂ ਮੁੰਡੇ ਦਾ ਵਿਆਹ ਨਹੀਂ ਕਰਨਾਂ ਇਸ

Original with;
Punjab Vidhan Sabha
Digitized by;
Panjab Digital Library

ਲਈ ਮੈਂ ਕਹਿੰਦਾ ਹਾਂ ਕਿ ਇਹ ਮਸਲਾ ਇਸ ਤਰ੍ਹਾਂ ਦੂਰ ਹੋਣ ਵਾਲਾ ਨਹੀਂ। ਇਸ ਦਾ ਤਾਂ ਸਮਾਜ ਨਾਲ ਤੁਅੱਲਕ ਹੈ, ਸੁਸਾਇਟੀ ਨਾਲ ਤੁਅੱਲਕ ਹੈ। ਜਦੋਂ ਤਕ ਸਮਾਜ ਵਿਚ, ਸੁਸਾਈਟੀ ਵਿਚ ਇਸ ਡੌਰੀ ਦੇ ਖਿਲਾਫ ਭਾਵਨਾ ਪੈਦਾ ਨਾ ਕੀਤੀ ਜਾਵੇਗੀ ਇਹ ਡੌਰੀ ਖਤਮ ਨਹੀਂ ਹੋ ਸਕਦੀ। ਜੇ ਐਕਟ ਬਣਾਉਣ ਨਾਲ ਇਹ ਡੌਰੀ ਬੰਦ ਹੋ ਸਕਦੀ ਤਾਂ ਇਹ ਐਕਟ ਤਾਂ ਬਹੁਤ ਪਹਿਲੇ ਦਾ ਬਣਿਆ ਹੋਇਆ ਹੈ। ਪਰ ਫਿਰ ਵੀ ਇਹ ਡੌਰੀ ਚਲਦੀ ਰਹੀ ਹੈ।

ਦੂਸਰੀ ਚੀਜ਼ ਮੈਂ ਇਕ ਹੋਰ ਕਹਾਂਗਾ ਕਿ ਇਹ ਜਿਹੜਾ ਬਿਲ ਲਿਆਂਦਾ ਗਿਆ ਹੈ ਇਸ ਨੂੰ ਥੋੜਾ ਜਿਹਾ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਕਿਤੇ ਇਹ ਨਾ ਹੋਵੇ ਕਿ ਜੇ ਕਿਸੇ ਦਾ ਵਿਆਹ ਹੋ ਰਿਹਾ ਹੈ ਅਤੇ ਉਸਦੇ ਦੁਸ਼ਮਣ ਨੇ ਜੇ ਕੋਈ ਸ਼ਿਕਾਇਤ ਕਰ ਦਿੱਤੀ ਕਿ ਐਨਾ ਦਹੇਜ ਦਿੱਤਾ ਜਾ ਰਿਹਾ ਹੈ ਤਾਂ ਉਥੇ ਪੁਲਿਸ ਹਥਕੜੀਆਂ ਲੈਕੇ ਪਹੁੰਚ ਜਾਵੇ ਅਤੇ ਇਸ ਤਰ੍ਹਾਂ ਉਨ੍ਹਾਂ ਇਸਤਰੀਆਂ ਦੀ ਇਜ਼ਤ ਰਖਦਿਆਂ ਰਖਦਿਆਂ ਉਨ੍ਹਾਂ ਦੀ ਬੇਇਜ਼ਤੀ ਨਾ ਹੋ ਜਾਵੇ। ਇਸ ਲਈ ਇਹ ਸੋਚਣ ਵਾਲੀ ਗੱਲ ਹੈ। ਮੈਂ ਦਰਖਾਸਤ ਕਰਾਂਗਾ ਕਿ ਸਾਡੀ ਸਰਕਾਰ ਨੂੰ ਇਸ ਪਾਸ ਵੀ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਲੜਕੀਆਂ ਲਈ ਵਿਰਾਸਤ ਵਿਚ ਹਿੱਸਾ ਮੁਕੱਰਰ ਕੀਤਾ ਗਿਆ ਹੈ ਬਹੁਤ ਸਾਰੀਆਂ ਲੜਕੀਆਂ ਉਹ ਆਪਣਾ ਹਿੱਸਾ ਨਹੀਂ ਲੈਂਦੀਆਂ ਬਲਕਿ ਹੁੰਦਾ ਕੀ ਹੈ ਇਹ ਪੁਰਾਣਾ ਤਰੀਕਾ ਹੈ ਕਿ ਜਦੋਂ ਕਦੇ ਵੀ ਉਸ ਵਿਰਾਸਤ ਲਈ ਦੋ ਭਰਾ ਆਪਸ ਵਿਚ ਲੜ ਪੈਂਦੇ ਹਨ ਤਾਂ ਭੈਣਾਂ ਆਉਂਦੀਆਂ ਹਨ ਅਤੇ ਉਨ੍ਹਾਂ ਦਾ ਫੈਸਲਾ ਕਰਵਾ ਦਿੰਦੀਆਂ ਹਨ, ਪਰ ਉਹ ਮੰਗਦੀਆਂ ਕੁਝ ਨਹੀਂ। ਇਹ ਉਨ੍ਹਾਂ ਭੈਣਾਂ ਦੀ ਆਪਣੇ ਭਰਾਵਾਂ ਲਈ ਪਿਆਰ ਦੀ ਭਾਵਨਾ ਹੁੰਦੀ ਹੈ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਉਨ੍ਹਾਂ ਭੈਣਾਂ ਦੀ ਇਜ਼ਤ ਕੀਤੀ ਜਾਣੀ ਚਾਹੀਦੀ ਹੈ, ਕੋਈ ਅਜਿਹਾ ਕੰਮ ਨਾ ਹੋਵੇ ਕਿ ਜਿਸ ਨਾਲ ਉਨ੍ਹਾਂ ਦੀ ਬੇਇਜ਼ਤੀ ਹੋਵੇ।

ਇਕ ਗੱਲ ਮੈਂ ਹੋਰ ਕਹਾਂਗਾ ਕਿ ਇਹ ਡੌਰੀ ਜਾਂ ਇਸ ਨੂੰ ਕੁਝ ਕਹਿ ਲਓ ਪਰ ਪੁਰਾਣੇ ਸਮੇਂ ਵਿਚ ਜਿਸ ਘਰ ਵਿਚ ਵੀ ਲੜਕੀ ਕੁੰਵਾਰੀ ਬੈਠੀ ਹੁੰਦੀ ਸੀ ਉਸ ਘਰ ਵਿਚ ਜੋ ਕੁਝ ਵੀ ਸਮਾਨ ਪਿਆ ਹੁੰਦਾ ਸੀ ਇਹ ਕਿਹਾ ਜਾਂਦਾ ਸੀ ਕਿ ਇਹ ਲੜਕੀ ਦਾ ਧਨ ਹੈ ਅਤੇ ਉਸ ਦਾ ਵਿਆਹ ਕਰਨ ਲਈ ਜਿਹੜਾ ਸਮਾਨ ਦੇਣਾ ਹੁੰਦਾ ਸੀ ਉਸ ਦੀ ਨੁਮਾਇਸ਼ ਲਗੀ ਹੁੰਦੀ ਸੀ। ਪਰ ਹੁਣ ਕੀ ਹੁੰਦਾ ਹੈ ਇਹ ਨੁਮਾਇਸ਼ ਨਹੀਂ ਹੁੰਦੀ ਜਾਂ ਹੋਰ ਕਿਸੇ ਸਮਾਨ ਦੀ ਨੁਮਾਇਸ਼ ਨਹੀਂ ਹੁੰਦੀ, ਹੁਣ ਤਾਂ ਪੈਸਾ ਸਾਹਮਣੇ ਵੀ ਨਹੀਂ ਆਉਂਦਾ ਅਤੇ ਚੁਪ ਕਰਕੇ ਅੰਦਰ ਹੀ ਅੰਦਰ ਨਕਦ ਪੈਸੇ ਨਾਲ ਸੌਦਾ ਹੋ ਜਾਂਦਾ ਹੈ। ਇਸ ਲਈ ਇਸ ਤਰ੍ਹਾਂ ਇਸਤਰੀ ਜਾਤੀ ਦੀ ਮਾਨਤਾ ਜਾਂ ਇਜ਼ਤ ਨਹੀਂ ਹੁੰਦੀ। ਇਸ ਲਈ ਉਨ੍ਹਾਂ ਇਸਤਰੀਆਂ ਦੀ ਇਜ਼ਤ ਕਾਇਮ ਰਖਣ ਵਾਸਤੇ ਸਾਡੀ ਸਰਕਾਰ ਨੂੰ ਬੜਾ ਸੋਚ ਸਮਝ ਕੇ ਕਦਮ ਚੁੱਕਣਾ ਚਾਹੀਦਾ ਹੈ ਔਰ ਮੈਂ ਤਾਂ ਇਸ ਡੌਰੀ ਨੂੰ ਖਤਮ ਕਰਨ ਵਾਸਤੇ ਇਹ ਕਹਾਂਗਾ ਕਿ ਸਮਾਜ ਅਤੇ ਸੁਸਾਇਟੀ ਵਿਚ ਇਸ ਤਰ੍ਹਾਂ ਦੀ ਭਾਵਨਾ ਪੈਦਾ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਕਿ ਉਨ੍ਹਾਂ ਵਿਚ ਡੌਰੀ ਲੈਣ ਅਤੇ ਦੇਣ ਦੀ ਜੋ ਇੱਛਾ ਹੈ, ਉਹ ਦੂਰ ਹੋ ਸਕੇ।

ਸਪੀਕਰ ਸਾਹਿਬ, ਮੈਂ ਇਕ ਗਲ ਹੋਰ ਕਹਿ ਕੇ ਖਤਮ ਕਰਾਂਗਾ ਕਿ ਮੇਰੇ ਇਕ ਦੋਸਤ ਦੀ ਲੜਕੀ ਦੀ ਮੰਗਣੀ ਹੋਈ ਸੀ। ਲੜਕਾ ਬੀ.ਏ. ਕਰ ਚੁੱਕਾ ਸੀ ਅਤੇ ਉਸ ਨੇ ਐਮ.ਏ.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਰਦਾਰੀ ਲਾਲ ਕਪੂਰ]

ਕਰਨੀ ਸੀ । ਉਸ ਲੜਕੇ ਵਾਲਿਆਂ ਨੇ ਕਿਹਾ ਕਿ ਜੇ ਤੁਸੀਂ ਐਮ.ਏ .ਕਰਨ ਲਈ ਪੈਸਾ ਦਿਓ ਤਾਂ ਅਸੀਂ ਵਿਆਹ ਕਰਾਂਗੇ ਨਹੀਂ ਤਾਂ ਨਹੀਂ ਕਰਾਂਗੇ । ਉਸ ਲੜਕੀ ਦੇ ਬਾਪ ਨੇ ਆਪਣੀ ਇਸਤਰੀ ਨਾਲ ਗਲ ਕੀਤੀ ਕਿ ਉਸ ਨੂੰ ਪੈਸਾ ਦੇਣ ਵਾਸਤੇ ਸਾਨੂੰ ਮਕਾਨ ਵੇਚਣਾ ਪਵੇਗਾ । ਉਸ ਨੇ ਕਿਹਾ, ਹਾਂ ਇਹ ਤਾਂ ਵੇਚਣਾ ਹੀ ਪਵੇਗਾ ਕਿਉਂਕਿ ਲੜਕੀ ਦਾ ਵਿਆਹ ਜੋ ਕਰਨਾ ਹੈ । ਜਦੋਂ ਉਹ ਗਲਾਂ ਕਰ ਰਹੇ ਸੀ ਤਾਂ ਉਸ ਲੜਕੀ ਨੇ ਸੁਣ ਲਿਆ ਅਤੇ ਉਸ ਲੜਕੀ ਨੇ ਇਹ ਸੁਣ ਕੇ ਆਪਣੇ ਆਪ ਨੂੰ ਸਾੜ ਦਿੱਤਾ । ਉਸ ਦਾ ਇਹ ਕਹਿਣਾ ਸੀ ਕਿ ਮੈਂ ਇਸ ਤਰ੍ਹਾਂ ਦਾ ਵਿਆਹ ਕਰਕੇ ਆਪਣੀਆਂ ਹੋਰਾਂ ਭੈਣਾਂ ਲਈ ਬੋਝ ਨਹੀਂ ਬਣਨਾ ਚਾਹੁੰਦੀ ।

ਇਸ ਲਈ ਸਪੀਕਰ ਸਾਹਿਬ, ਮੈਂ ਇਸ ਸਬੰਧ ਵਿਚ ਇਹ ਬੇਨਤੀ ਕਰਾਂਗਾ ਕਿ ਇਸ ਡੌਰੀ ਨੂੰ ਪੂਰੇ ਰੂਪ ਵਿਚ ਖਤਮ ਕਰਨ ਲਈ ਇਕ ਕਮੇਟੀ ਮੁਕੱਰਰ ਕੀਤੀ ਜਾਵੇ ਜਿਹੜੀ ਕਿ ਇਸ ਗਲ ਦਾ ਪਿੰਡਾਂ ਅਤੇ ਸ਼ਹਿਰਾਂ ਵਿਚ ਪ੍ਰਾਪੇਗੰਡਾ ਕਰੇ ਕਿ ਡੌਰੀ ਬੰਦ ਕੀਤੀ ਜਾਵੇ ਤਾਂ ਹੀ ਉਨ੍ਹਾਂ ਲੋਕਾਂ ਤੇ ਇਸ ਦਾ ਅਸਰ ਪੈ ਸਕੇਗਾ ਅਤੇ ਇਸ ਤਰ੍ਹਾਂ ਇਹ ਐਕਟ ਕਾਮਯਾਬ ਹੋ ਸਕੇਗਾ ।

**ਚੌਧਰੀ ਰਾਮ ਸਿੰਘ** (ਪਠਾਨਕੋਟ) : ਸਪੀਕਰ ਸਾਹਿਬ, ਇਹ ਜਿਹੜਾ ਦਹੇਜ ਦਾ ਬਿੱਲ ਪੇਸ਼ ਕੀਤਾ ਗਿਆ ਹੈ, ਇਸ ਦੇ ਲਈ ਮੈਂ ਗਿਆਨੀ ਜੀ ਨੂੰ ਵਧਾਈ ਦਿੰਦਾ ਹਾਂ । ਇਸ ਦੀ ਸਾਰੇ ਹਿੰਦੁਸਤਾਨ ਵਿਚ ਚਰਚਾ ਚਲ ਰਹੀ ਹੈ । ਇਸ ਬਿਲ ਤੇ ਬੋਲਦਿਆਂ ਹੋਇਆਂ ਮੇਰੇ ਕੁਝ ਦੋਸਤਾਂ ਨੇ ਇਹ ਕਿਹਾ ਹੈ ਕਿ ਇਸ ਬਿੱਲ ਨੂੰ ਕਾਮਯਾਬੀ ਦੇਣ ਲਈ ਰਾਏਆਮਾ ਪੈਦਾ ਕਰਨੀ ਚਾਹੀਦੀ ਹੈ । ਇਸ ਸਬੰਧ ਵਿਚ ਮੈਂ ਤਾਂ ਇਹ ਕਹਾਂਗਾ ਕਿ ਇਸ ਦਹੇਜ ਦੇ ਸਬੰਧ ਵਿਚ ਰਾਏਆਮਾ ਤਾਂ ਐਨੀ ਪੈਦਾ ਕੀਤੀ ਗਈ ਹੈ ਕਿ ਅੱਜ ਸਿਰਫ ਪੰਜਾਬ ਵਿਚ ਹੀ ਨਹੀਂ ਬਲਕਿ ਹਿੰਦੁਸਤਾਨ ਵਿਚ ਹਰ ਆਦਮੀ ਦੀ ਜ਼ਬਾਨ ਤੇ ਇਸ ਗੱਲ ਦੀ ਚਰਚਾ ਹੈ ਅਤੇ ਉਹ ਇਸ ਦਹੇਜ ਨੂੰ ਖਤਮ ਕਰਨਾ ਚਾਹੁੰਦੇ ਹਨ । ਇਸ ਲਈ ਇਸ ਸਟੇਜ ਤੇ ਰਾਏਆਮਾ ਦੀ ਗੱਲ ਕਰਨਾ ਸੂਰਜ ਨੂੰ ਚਿਰਾਗ ਦਿਖਾਉਣ ਵਾਲੀ ਗੱਲ ਹੈ । ਇਹ ਜਿਹੜਾ ਬਿਲ ਲਿਆਂਦਾ ਗਿਆ ਹੈ ਇਸ ਨਾਲ ਗਰੀਬਾਂ ਨੂੰ ਫਾਇਦਾ ਹੋਵੇਗਾ ਅਤੇ ਮੈਂ ਸਮਝਦਾ ਹਾਂ ਕਿ ਇਸ ਦੇ ਬਹੁਤ ਅੱਛੇ ਨਤੀਜੇ ਨਿਕਲਣਗੇ ।

ਸਪੀਕਰ ਸਾਹਿਬ, ਇਥੇ ਇਕ ਗੱਲ ਇਹ ਕਹੀ ਗਈ ਕਿ ਦਹੇਜ ਡਿਸਪਲੇ ਨਾ ਕੀਤਾ ਜਾਵੇ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਦਹੇਜ ਤਾਂ ਪਹਿਲੇ ਹੀ ਜਦੋਂ ਦਾ ਗੌਰਮਿੰਟ ਆਫ ਇੰਡੀਆ ਦਾ ਐਕਟ ਬਣਿਆ ਹੈ, ਟਰੰਕਾਂ ਵਿਚ ਬੰਦ ਕਰਕੇ ਦਿੱਤਾ ਜਾਂਦਾ ਹੈ । ਇਸ ਲਈ ਮੈਂ ਤਾਂ ਕਹਿੰਦਾ ਹਾਂ ਕਿ ਇਥੇ ਇਹ ਲਿਖ ਦੇਣਾ ਚਾਹੀਦਾ ਹੈ ਕਿ ਦਹੇਜ ਬਿਲਕੁਲ ਦਿੱਤਾ ਹੀ ਨਾ ਜਾਵੇ । ਦਹੇਜ ਬਾਰੇ ਐਕਟ ਤਾਂ ਪਹਿਲੇ ਵੀ ਬਣਿਆ ਹੋਇਆ ਹੈ ਪਰ ਉਸ ਦਾ ਕੋਈ ਅਸਰ ਨਹੀਂ ਕਿਉਂਕਿ ਦਹੇਜ ਤਾਂ ਟਰੰਕਾਂ ਵਿਚ ਬੰਦ ਕਰਕੇ ਦਿੱਤਾ ਜਾਂਦਾ ਹੈ । ਇਸ ਲਈ ਸਵਾਲ ਡਿਸਪਲੇ ਦਾ ਨਹੀਂ ਸਵਾਲ ਤਾਂ ਦਹੇਜ ਨਾ ਦੇਣ ਦਾ ਹੈ । ਇਸ ਲਈ ਇਹ ਦਹੇਜ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਇਥੇ ਮੈਂ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਪੁਰਾਣੇ ਸਮੇਂ ਵਿਚ ਦਹੇਜ ਨਹੀਂ ਸੀ ਹੁੰਦਾ ਪਰ ਜਦੋਂ ਹਮਲਾਆਵਰ ਹਿੰਦੁਸਤਾਨ ਵਿਚ ਆਏ

Original with;
Punjab Vidhan Sabha
Digitized by;
Panjab Digital Library

ਔਰ ਉਸ ਵੇਲੇ ਇਹ ਚੀਜ਼ ਹੋਈ ਕਿ ਇਕ ਕਬੀਲੇ ਨੇ ਇਕ ਚੀਜ਼ ਔਰ ਦੂਸਰੇ ਨੇ ਕੱਪੜੇ ਬਣਾ ਦਿੱਤੇ, ਕਿਸੇ ਨੇ ਕੋਈ ਹੋਰ ਚੀਜ਼ ਬਣਾ ਦਿੱਤੀ। ਹੌਲੀ ਹੌਲੀ ਇਹ ਚੀਜ਼ ਦਹੇਜ ਦੀ ਸ਼ਕਲ ਇਖਤਿਆਰ ਕਰ ਗਈ। ਉਸ ਵੇਲੇ ਤਾਂ ਇਹ ਸਾਂਝੇ ਤੌਰ ਤੇ ਦਿੱਤਾ ਜਾਂਦਾ ਰਿਹਾ। ਪਰ ਅੱਜ ਜੋ ਵਾਤਾਵਰਣ ਹੈ ਅੱਜ ਹੋਰ ਹੈ ਕਿ ਕੁਝ ਵੀ ਕਰਨਾ ਹੈ ਉਹ ਉਸ ਇਨਸਾਨ ਨੇ ਕਰਨਾ ਹੈ ਜਿਸ ਇਨਸਾਨ ਨੇ ਦਹੇਜ਼ ਦੇਣਾ ਹੈ। ਔਰ 70% ਜਿਹੜਾ ਪੈਸਾ ਹੈ ਇਨਸਾਨ ਦਾ ਉਹ ਵਿਆਹ ਸ਼ਾਦੀਆਂ ਉਪਰ ਖਰਚ ਹੋ ਜਾਂਦਾ ਹੈ। ਜਿਹੜਾ ਅਮੀਰ ਆਦਮੀ ਹੈ ਉਹ ਤਾਂ ਪੈਸਾ ਖਰਚ ਕਰ ਸਕਦਾ ਹੈ ਪਰ ਗਰੀਬ ਆਦਮੀ ਲਈ ਬੜੀ ਹੀ ਮੁਸ਼ਕਲ ਹੋ ਜਾਂਦੀ ਹੈ। ਉਸ ਦਾ 70 ਫੀਸਦੀ ਆਮਦਨ ਤਾਂ ਇਸ ਪਾਸੇ ਹੀ ਲਗ ਜਾਂਦੀ ਹੈ। ਉਸ ਦੇ ਦਿਮਾਗ ਵਿਚ ਇਹ ਹੀ ਗਲ ਹੁੰਦੀ ਹੈ ਕਿ ਦਹੇਜ਼ ਦੇਣਾ ਹੈ, ਦੋ ਲੜਕੀਆਂ ਹੋ ਗਈਆਂ ਹਨ। ਇਸ ਲਈ ਉਹ ਆਪਣੇ ਬੱਚਿਆਂ ਦੀ ਅੱਛੀ ਤਰ੍ਹਾਂ ਨਾਲ ਪੜ੍ਹਾਈ ਲਿਖਾਈ ਵੀ ਨਹੀਂ ਕਰਵਾ ਸਕਦਾ। ਇਸ ਕਰਕੇ ਸਪੀਕਰ ਸਾਹਿਬ, ਉਸ ਦੀ 70% ਆਮਦਨ ਜਿਹੜੀ ਹੈ ਉਹ ਇਸ ਦਹੇਜ ਵਾਲੇ ਪਾਸੇ ਲਗਦੀ ਰਹਿੰਦੀ ਹੈ ਔਰ ਉਹ ਇਸ ਜੱਫੇ ਵਿਚੋਂ ਸਾਰੀ ਉਮਰ ਨਹੀਂ ਨਿਕਲ ਸਕਦਾ। ਅੱਜ ਸਰਕਾਰ ਨੇ ਦਹੇਜ ਦਾ ਬਿੱਲ ਲਿਆਂਦਾ ਹੈ। ਚੰਗੀ ਗੱਲ ਹੈ। ਲੇਕਿਨ ਇਸ ਦੇ ਨਾਲ ਇਹ ਗਲ ਵੀ ਲਿਆਂਦੀ ਜਾਵੇ ਕਿ ਜਿਹੜੀ ਭੰਗੜੇ ਵਰਗੀ ਲਾਹਨਤ ਹੈ ਸਮਾਜ ਵਿਚ, ਸ਼ਰਾਬ ਦੀ ਲਾਹਨਤ ਹੈ, ਉਸ ਨੂੰ ਵੀ ਵਿਆਹ ਸ਼ਾਦੀਆਂ ਵਿਚ ਬੰਦ ਕਰਨਾ ਚਾਹੀਦਾ ਹੈ। ਜਿਹੜਾ ਭੰਗੜਾ ਵੀ ਪਾਇਆ ਜਾਂਦਾ ਹੈ ਉਹ ਵੀ ਅਮਰੀਕਨ ਡਿਜ਼ਾਈਨ ਦਾ ਹੈ। ਇਸ ਲਈ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਕਹਾਂਗਾ ਕਿ ਬਿਲਕੁਲ ਸ਼ਰਾਬ ਔਰ ਭੰਗੜੇ ਉਤੇ ਪਾਬੰਦੀ ਲਾਈ ਜਾਵੇ। ਇਹ ਚੀਜ਼ ਬੜੀ ਖਰਾਬ ਹੈ। ਇਨ੍ਹਾਂ ਉਪਰ ਵੀ ਸਰਦਾਰ ਉਮਰਾਓ ਸਿੰਘ ਜੀ ਨੂੰ ਪਾਬੰਦੀ ਲਗਾਉਣੀ ਚਾਹੀਦੀ ਹੈ। ਇਸ ਤਰ੍ਹਾਂ ਹੀ ਬਿਜਲੀ ਦਾ ਜੋ ਇਤਨਾਂ ਖਰਚ ਵਿਆਹ ਸ਼ਾਦੀਆਂ ਉਤੇ ਹੁੰਦਾ ਹੈ, ਉਸ ਉਪਰ ਵੀ ਪਾਬੰਦੀ ਲਗਾਉਣੀ ਚਾਹੀਦੀ ਹੈ। ਮੈਂ ਇਹ ਜ਼ਰੂਰ ਕਹਾਂਗਾ ਕਿ ਇਹ ਨੀਡ ਆਫ ਦੀ ਪੀਪਲ ਹੈ, ਨੀਡ ਆਫ ਦੀ ਡੇ ਦੇ ਮੁਤਾਬਿਕ ਬਿਲ ਜ਼ਰੂਰ ਹੈ। ਸਪੀਕਰ ਸਾਹਿਬ, ਮੈਂ ਇਹ ਜ਼ਰੂਰ ਕਹਾਂਗਾ ਇਹ ਬਿੱਲ ਬਹੁਤ ਅੱਛਾ ਹੈ। (ਘੰਟੀ) ਲੇਕਿਨ ਨੀਡ ਆਫ ਦੀ ਪੀਪਲ, ਨੀਡ ਆਫ ਦੀ ਡੇ ਦੇ ਮੁਤਾਬਿਕ ਪਾਸ ਕਰਨਾ ਚਾਹੀਦਾ ਹੈ। ਮੈਂ ਇਕ ਦੋ ਅਮੈਂਡਮੈਂਟਾਂ ਦਿੱਤੀਆਂ ਹਨ, ਉਨ੍ਹਾਂ ਵਲ ਜ਼ਰੂਰ ਧਿਆਨ ਰੱਖ ਲਿਆ ਜਾਵੇ ਔਰ ਇਸ ਨੂੰ ਪਾਸ ਕੀਤਾ ਜਾਵੇ।

**ਚੌਧਰੀ ਸੁੰਦਰ ਸਿੰਘ** (ਨਰੋਟ ਮਹਿਰਾ ਐਸ.ਸੀ.) ਸਪੀਕਰ ਸਾਹਿਬ, ਦਹੇਜ ਦੇ ਮੁਤੱਲਿਕ ਬਿੱਲ ਆਇਆ ਹੈ, ਸ਼ਾਨਦਾਰ ਬਿੱਲ ਹੈ। ਬਾਕੀਆਂ ਨੇ ਵੀ ਤਾਰੀਫ ਕੀਤੀ ਹੈ, ਮੈਂ ਵੀ ਤਾਰੀਫ ਕਰ ਦਿੰਦਾ ਹਾਂ। ਇਸ ਦਾ ਗੌਰਮਿੰਟ ਨੂੰ ਬੜਾ ਕਰੈਡਿਟ ਜਾਂਦਾ ਹੈ। ਬਹੁਤ ਲੜਕੀਆਂ ਮਰੀਆਂ ਹਨ ਔਰ ਮਾਰੀਆਂ ਗਈਆਂ ਹਨ ਕਿਸੇ ਨਾ ਕਿਸੇ ਢੰਗ ਨਾਲ ਔਰ ਇਸ ਬਿੱਲ ਨੂੰ ਵੇਖਕੇ ਲੋਕ ਬੜੇ ਖੁਸ਼ ਹਨ। ਇਸ ਲਈ ਇਸ ਦਹੇਜ ਦੇ ਬਿੱਲ ਨੂੰ ਪਾਸ ਕਰਨਾ ਚਾਹੀਦਾ ਹੈ। ਅਸੀਂ ਜਿੱਥੇ ਵੀ ਗਏ ਹਾਂ ਲੋਕਾਂ ਨੇ ਇਹ ਹੀ ਕਿਹਾ ਕਿ ਇਸ ਬਿੱਲ ਨੂੰ ਛੇਤੀ ਲਿਆਓ। ਸਪੀਕਰ ਸਾਹਿਬ, ਮੁਸਲਮਾਨ ਜਿਹੜੇ ਹਨ ਉਨ੍ਹਾਂ ਵਿਚ ਤਾਂ ਗਲ ਇਹ ਹੈ ਕਿ ਉਹ ਬਰਾਬਰ ਲੜਕੀਆਂ ਨੂੰ ਸਮਝਦੇ ਹਨ ਲੇਕਿਨ ਜਿੱਥੋਂ ਤਕ ਇੰਡੀਆ ਦਾ ਤੁਅੱਲਿਕ ਹੈ, ਇਹ ਜ਼ਿਆਦਾ ਮੈਟੀਰੀਐਲਿਜ਼ਮ ਵਲ ਜਾਂਦਾ ਹੈ। ਇਹੋ ਜਿਹਾ ਹੀ ਸ਼ਡਿਊਲਡ ਕਾਸਟਸ ਦਾ ਮਸਲਾ ਹੈ। ਸ਼ੈਡਿਊਲਡ ਕਾਸਟਸ ਨਾਲ ਵੀ ਹਿੰਦੂ ਕਮਿਊਨਿਟੀ ਨੇ, ਸਿੱਖ ਕਮਿਊਨਿਟੀ ਨੇ ਬਹੁਤ ਅੱਤਿਆਚਾਰ ਕੀਤਾ ਹੈ, ਬੜੇ ਬੜੇ ਲਫਜ਼ ਇਨ੍ਹਾਂ ਬਾਰੇ ਇਸਤੇਮਾਲ ਕੀਤੇ ਹਨ। ਇਹ ਦੱਸਿਆ ਹੈ ਕਿ ਜ਼ਿਆਦਾ ਜੰਜ

Original with;
Punjab Vidhan Sabha
Digitized by;
Panjab Digital Library

(ਚੌਧਰੀ ਸੁੰਦਰ ਸਿੰਘ)

ਨਹੀਂ ਜਾਣੀ, ਬਿਲਕੁਲ ਠੀਕ ਹੈ । ਦਹੇਜ ਦਾ ਵਖਾਵਾ ਨਹੀਂ ਹੋਣਾ ਚਾਹੀਦਾ, ਠੀਕ ਹੈ । ਮੈਨੂੰ ਨਜ਼ਰ ਆਉਂਦਾ ਪਿਆ ਹੈ ਕਿ ਤੁਸੀਂ ਚੰਗੀ ਗੱਲ ਕਰਦੇ ਪਏ ਹੋ ਲੜਕੀਆਂ ਲਈ ਪਰੰ ਕਿਧਰੇ ਲੜਕੀਆਂ ਦਾ ਭੱਠਾ ਹੀ ਨਾ ਬਿਠਾ ਦਿਉ । ਜਦੋਂ ਦਾ ਕਾਨੂੰਨ ਬਣਿਆ ਹੈ ਕਿ ਲੜਕੀਆਂ ਲੜਕੇ ਬਰਾਬਰ ਹਿੱਸਾ ਲੈਣਗੀਆਂ ਤੁਸੀਂ ਵੇਖੋ ਕਿ ਕਿਸੇ ਨੇ ਲੜਕੀ ਨੂੰ ਜ਼ਮੀਨ ਦਾ ਹਿੱਸਾ ਦਿੱਤਾ ਵੀ ਹੈ । ਲੜਕੀਆਂ ਨੂੰ ਜ਼ਮੀਨ ਦਾ ਕੋਈ ਹਿੱਸਾ ਨਹੀਂ ਦਿੰਦਾ । ਜਦੋਂ ਦਾ ਕਾਨੂੰਨ ਪਾਸ ਕੀਤਾ ਗਿਆ ਹੈ ਉਸ ਤੋਂ ਬਾਅਦ ਕਿਸੇ ਨੇ ਹਿੱਸਾ ਨਹੀਂ ਦਿੱਤਾ । ਇਹ ਤਾਂ ਮੈਂ ਵੇਖਿਆ ਹੈ । ਲੜਕੀਆਂ ਤਰਲੇ ਕਰਦੀਆਂ ਰਹਿੰਦੀਆਂ ਹਨ । ਜੇਕਰ ਕਿਸੇ ਨੇ ਜ਼ਮੀਨ ਦੇ ਦਿੱਤੀ ਹੋਵੇਗੀ ਤਾਂ ਉਸ ਨੇ ਦਿੱਤੀ ਹੋਵੇਗੀ ਜਿਸ ਦੀਆਂ ਲੜਕੀਆਂ ਹੀ ਹਨ । ਲੋਕਾਂ ਨੇ ਜਾਇਦਾਦਾਂ ਨੂੰ ਜੱਫਾ ਮਾਰਿਆ ਹੋਇਆ ਹੈ । ਪਰ ਕੀ ਕਦੇ ਕਿਸੇ ਨੇ ਲੜਕੀ ਨੂੰ ਵੀ ਉਸ ਦੇ ਨਾਮ ਉਤੇ ਜ਼ਮੀਨ ਲਗਾਈ ਹੈ, ਇਹ ਚੀਜ਼ ਵੇਖ ਲਵੋ । ਭੰਗੜੇ ਛੰਗੜੇ ਦੀ ਗਲ ਮੈਂ ਨਹੀਂ ਕਰਦਾ । ਜਿਹੜੇ ਭੰਗੜਾ ਪਾਉਂਦੇ ਹਨ ਮੈਂ ਤਾਂ ਕਹਿੰਦਾ ਹਾਂ ਕਿ ਉਨ੍ਹਾਂ ਦਾ ਜੁੱਤੀਆਂ ਮਾਰ ਕੇ ਤਾਲੂ ਲਾਲ ਕਰਨਾ ਚਾਹੀਦਾ ਹੈ । ਫਿਰ ਕਹਿੰਦੇ ਹਨ ਕਿ ਇਹ ਕਲਚਰਲ ਪ੍ਰੋਗਰਾਮ ਹੈ । ਇਹ ਸਾਡਾ ਪ੍ਰੋਗਰਾਮ ਨਹੀਂ ਹੈ, ਇਹ ਬੁਰੀ ਗੱਲ ਹੈ । ਸਾਡੇ ਘਰਾਂ ਦੇ ਮੋਹਰੇ ਆ ਕੇ ਭੰਗੜਾ ਪਾਉਂਦੇ ਹਨ । ਇਸ ਲਈ ਇਸ ਚੀਜ਼ ਨੂੰ ਵੀ ਇਸ ਬਿੱਲ ਵਿਚ ਲਿਆਉਣਾ ਚਾਹੀਦਾ ਹੈ । ਤੁਸੀਂ ਇਹ ਬਿੱਲ ਲਿਆਏ ਹੋ ਪਰ ਪਹਿਲਾਂ ਬਿੱਲ ਵੀ ਬਣਿਆ ਹੋਇਆ ਹੈ ਕਿ ਲੜਕੀਆਂ ਨੂੰ ਜਾਇਦਾਦ ਮਿਲਣੀ ਚਾਹੀਦੀ ਹੈ ਪਰ ਉਹ ਕੋਈ ਨਹੀਂ ਦਿੰਦਾ । ਜਿਸ ਦੀ ਜ਼ਮੀਨ ਜਾਇਦਾਦ ਹੁੰਦੀ ਹੈ ਉਹ ਖਿਲਕੁਲ ਨਹੀਂ ਜੇ ਦਿੰਦਾ । ਉਹ ਲੜਕੀ ਦੇ ਬਰਖਿਲਾਫ ਲਿਖ ਦਿੰਦਾ ਹੈ ਕਿ ਲੜਕੀ ਨੂੰ ਮੇਰੀ ਜਾਇਦਾਦ ਦਾ ਹੱਕ ਨਾ ਮਿਲੇ, ਬਿਲਡਿੰਗ ਦਾ ਹੱਕ ਨਾ ਮਿਲੇ, ਕਾਰਖਾਨੇ ਦਾ ਹੱਕ ਨਾ ਮਿਲੇ । ਇਸ ਲਈ ਦੋ ਚੀਜ਼ਾਂ ਸੋਚਣ ਵਾਲੀਆਂ ਹਨ । ਇਸ ਲਈ ਇਹ ਬਿੱਲ ਸੋਚ ਕੇ ਪਾਸ ਕਰੋ । ਵਿਖਾਵਾ ਜਿਹੜਾ ਹੈ ਤੁਸੀਂ ਕਿਹਾ ਹੈ ਕਿ ਵਿਖਾਵਾ ਨਹੀਂ ਕਰਨਾ ਚਾਹੀਦਾ । ਇਸ ਦਾ ਮਤਲਬ ਹੈ ਕਿ ਜਦੋਂ ਤੁਸੀਂ ਚਾਹੁੰਦੇ ਹੋ ਕਿ ਦਾਜ ਦੇਣਾ ਹੀ ਨਹੀਂ ਹੈ, ਤਾਂ ਕਿਉਂ ਨਹੀਂ ਕਰ ਦਿੰਦੇ ਕਿ ਦਾਜ ਦੇਣਾ ਹੀ ਨਹੀਂ ਚਾਹੀਦਾ । ਇਸ ਲਈ ਮੈਂ ਕਹਿੰਦਾ ਹਾਂ ਕਿ ਔਰਤਾਂ ਦੀ ਇਕ ਕਮੇਟੀ ਬਨਾਉਣੀ ਚਾਹੀਦੀ ਹੈ । ਜਿਸ ਤਰ੍ਹਾਂ ਸ਼ਡਿਊਲਡ ਕਾਸਟਸ ਵਾਸਤੇ ਸ਼ੈਡਿਊਲਡ ਕਾਸਟ ਕਮੇਟੀ ਬਣਾਈ ਹੈ, ਇਸ ਤਰ੍ਹਾਂ ਦੀ ਕਮੇਟੀ ਬਣਾਉਣੀ ਚਾਹੀਦੀ ਹੈ, ਔਰਤਾਂ ਦੀ । ਇਸ ਵਾਸਤੇ ਉਹ ਸੋਚੇ ਔਰ ਫੈਸਲਾ ਕਰੇ ਕਿ ਕੀ ਕਰਨਾ ਚਾਹੀਦਾ ਹੈ । ਜਿਸ ਤਰ੍ਹਾਂ ਹਰਚੰਦ ਸਿੰਘ ਦੀ ਭਲਾਈ ਕਮੇਟੀ ਬਣੀ ਸੀ । ਖੈਰ ਐਤਕੀਂ ਤਾਂ ਲਿਆ ਹੀ ਨਹੀਂ ਹੈ ਉਸ ਨੂੰ । ਹੁਣ ਚੰਗੇ ਚੁਣ ਚੁਣ ਕੇ ਆਦਮੀ ਲਏ ਹਨ । ਹੁਣ ਆਦਮੀ ਉਹ ਰੱਖ ਦਿੱਤਾ ਜਿਸ ਨੂੰ ਪਤਾ ਹੀ ਕੁਝ ਨਹੀਂ ਹੈ, ਇਹ ਚੰਗੀ ਗਲ ਕੀਤੀ ਹੈ । (ਹਾਸਾ) ਅਸੀਂ ਕਹਿ ਦਿਆ ਕਰਾਂਗੇ ਕਿ ਇਸ ਤਰ੍ਹਾਂ ਕਰੋ, ਇਸ ਤਰ੍ਹਾਂ ਕਰੋ । ਇਸ ਲਈ ਔਰਤਾਂ ਦੀ ਕਮੇਟੀ ਵੀ ਉਸੇ ਤਰ੍ਹਾਂ ਦੀ ਬਨਾਉਣੀ ਚਾਹੀਦੀ ਹੈ । ਉਸ ਵਿਚ ਇਕ ਤਾਂ ਲੈਂਡਲਾਰਡਜ਼ ਨੂੰ ਮੈਂਬਰ ਨਹੀਂ ਬਣਾਉਣਾ ਚਾਹੀਦਾ । ਉਸ ਵਿਚ ਉਹ ਔਰਤਾਂ ਹੋਣ ਜਿਹੜੀਆਂ ਕਿ ਪ੍ਰਾਗਰੈਸਿਵ ਟਾਈਪ ਦੀਆਂ ਹੋਣ । ਬੀਬੀ ਸੀਤਾ ਦੇਵੀ ਸੀ, ਚੰਗੀ ਸੀ, ਉਹ ਤਾਂ ਮਰ ਗਈ ਹੈ । ਇਸ ਲਈ ਇਸ ਤਰ੍ਹਾਂ ਦੀ ਕਮੇਟੀ ਬਣਾਓ, ਉਹ ਸੋਚੇ ਕਿ ਇਹ ਕਾਨੂੰਨ ਬਣਾਓ । ਇਨ੍ਹਾਂ ਸ਼ਬਦਾਂ ਨਾਲ ਆਪ ਦਾ ਧੰਨਵਾਦ ਕਰਦਾ ਹਾਂ ।

**ਸ੍ਰੀ ਪ੍ਰੇਮ ਗੁਪਤਾ** (ਪਟਿਆਲਾ) : ਸਪੀਕਰ ਸਾਹਿਬ, ਇਹ ਜਿਹੜਾ ਡਾਊਰੀ

Original with;
Punjab Vidhan Sabha
Digitized by;
Panjab Digital Library

ਪ੍ਰੋਹਿਬਸ਼ਨ ਅਮੈਂਡਮੈਂਟ ਬਿੱਲ ਸਾਡੇ ਸਾਹਮਣੇ ਪੰਜਾਬ ਸਰਕਾਰ ਨੇ ਲਿਆਂਦਾ ਹੈ, ਸਾਰੇ ਪਾਸਿਉਂ ਇਸ ਦੀ ਪਰਸ਼ੰਸਾ ਹੋਈ ਹੈ । ਮੈਂ ਵੀ ਇਸ ਲਈ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ। ਗਿਆਨੀ ਜ਼ੈਲ ਸਿੰਘ ਜੀ ਜਿਨ੍ਹਾਂ ਨੇ ਪਿਛਲੇ ਕਈ ਵਰ੍ਹਿਆਂ ਤੋਂ ਮੀਟਿੰਗਾਂ ਵਿਚ ਜਾ ਜਾ ਕੇ, ਜਲਸਿਆਂ ਵਿਚ ਜਾ ਜਾ ਕੇ ਰਾਏ-ਆਮਾ ਪੈਦਾ ਕੀਤੀ, ਲੋਕਾਂ ਦੀ ਥਿੰਕਿੰਗ ਡਾਈਵਰਟ ਕਰਨ ਤੋਂ ਬਾਅਦ ਕਾਨੂੰਨ ਬਣਾਉਣ ਵਾਸਤੇ ਇਥੇ ਇਹ ਬਿੱਲ ਲਿਆਂਦਾ ਹੈ, ਮੈਂ ਸਮਝਦਾ ਹਾਂ ਕਿ ਜਮਹੂਰੀ ਸਿਸਟਮ ਵਿਚ ਰੈਵੋਲਿਊਸ਼ਨਰੀ ਕਦਮ ਹੈ । ਕਿਉਂਕਿ ਜੇਕਰ ਸੋਸ਼ਲ ਸਟਰੱਕਚਰ ਨੂੰ ਵੇਖੀਏ, ਤਾਂ ਮੈਂ ਇਸ ਗੱਲ ਉਤੇ ਸਪੀਕਰ ਸਾਹਿਬ, ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪੁਰਾਣੇ ਜ਼ਮਾਨੇ ਵਿਚ ਇਸਤਰੀ ਦਾ ਬੜਾ ਮਾਣ ਸੀ, ਸਮਾਜ ਵਿਚ ਵੀ ਔਰ ਪਰਿਵਾਰ ਵਿਚ ਵੀ । ਪਰ ਹਿੰਦੁਸਤਾਨ ਗੁਲਾਮ ਹੋ ਜਾਣ ਨਾਲ ਸੋਸ਼ਲ ਸੈਟ-ਅੱਪ ਇਸ ਤਰ੍ਹਾਂ ਦਾ ਹੋ ਗਿਆ ਕਿ ਇਸ ਵਿਚ ਕਈ ਕਿਸਮ ਦੀਆਂ ਬੁਰਾਈਆਂ ਪੈਦਾ ਹੋ ਗਈਆਂ ।

ਸੋਸਾਇਟੀ ਵਿਚ ਪਰਦਾ ਆ ਗਿਆ, ਇਹ ਬੜੀ ਕੰਪਲਸ਼ਨ ਸੀ ਪਰਦਾ ਕਰਨ ਦੀ । ਜਦੋਂ ਹਿੰਦੁਸਤਾਨ ਦਾ ਨਵਾਂ ਸੰਵਿਧਾਨ ਲਾਗੂ ਹੋਇਆ ਤਾਂ ਕੁਝ ਇਨ੍ਹਾਂ ਦੇ ਹੱਕਾਂ ਵਿਚ ਫਰਕ ਪਿਆ ਹੈ, ਮੈਨੂੰ ਇਸ ਗੱਲ ਦੀ ਖੁਸ਼ੀ ਹੈ। ਇੰਗਲੈਂਡ ਦੇ ਵਿਚ ਵੋਟਿੰਗ ਆਫ ਬੈਲਟ ਰਾਈਟਸ ਦੀ ਹਿਸਟਰੀ ਵੱਲ ਅਗਰ ਝਾਤ ਮਾਰੀ ਜਾਵੇ ਤਾਂ ਪਤਾ ਲਗੇਗਾ ਕਿ ਔਰਤਾਂ ਨੂੰ ਉਥੇ ਬਹੁਤ ਦੇਰ ਬਾਅਦ ਰਾਈਟਸ ਦਿੱਤੇ ਗਏ ਸਨ ਲੇਕਿਨ ਹਿੰਦੁਸਤਾਨ ਦੇ ਸੰਵਿਧਾਨ ਵਿਚ 26 ਜਨਵਰੀ, 1950 ਵਿਚ ਹੀ ਔਰਤਾਂ ਦੇ ਰਾਈਟਸ ਦੇ ਬਾਰੇ ਲਿਖਿਆ ਗਿਆ ਸੀ । ਮੈਂ ਤੁਹਾਨੂੰ ਇਕ ਇਥੇ ਮਿਸਾਲ ਦੇਵਾਂਗਾ । ਪੰਜਾਬ ਵਿਚ ਆਜ਼ਾਦੀ ਤੋਂ ਬਾਅਦ ਇਕ ਰਿਸਟ੍ਰਿਕਸ਼ਨ ਰਹੀ ਹੈ ਜਿਸ ਕਰਕੇ ਕਈ ਔਰਤਾਂ ਹੈਡ ਆਫ ਦੀ ਡਿਪਾਰਟਮੈਂਟ ਨਹੀਂ ਬਣ ਸਕਦੀਆਂ ਸਨ । ਪੰਜਾਬ ਵਿਚ ਇਹ ਰਿਸਟ੍ਰਿਕਸ਼ਨ ਰਹੀ ਹੈ । ਇਸ ਨੂੰ ਹਟਾਇਆ ਗਿਆ ਹੈ । ਇਥੇ ਡਾਇਰੈਕਟਰ, ਸਿਖਿਆ ਵਿਭਾਗ ਵਿਚ ਡਿਪਟੀ ਡਾਇਰੈਕਟਰ ਲੇਡੀ ਹੋ ਸਕਦੀ ਸੀ ਪਰ ਡਾਇਰੈਕਟਰ ਕੋਈ ਨਹੀਂ ਸੀ ਬਣ ਸਕਦੀ । ਇਸ ਵਿਚ ਤਬਦੀਲੀ ਹੋਈ । ਇਹ ਚੀਜ਼ ਬੜੀ ਸ਼ਲਾਘਾ ਵਾਲੀ ਹੈ । ਔਰਤਾਂ ਨੂੰ ਮਰਦਾਂ ਦੇ ਬਰਾਬਰ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਲਿਆਉਣਾ ਚਾਹੀਦਾ ਹੈ ਲੇਕਿਨ ਦੂਜੇ ਪਾਸੇ ਮੈਂ ਸਮਝਦਾ ਹਾਂ ਕਿ ਐਕਸਪੋਲਾਇਟੇਸ਼ਨ ਬਹੁਤ ਹੁੰਦੀ ਹੈ । ਕੁਝ ਲੋਕ ਆਪਣੇ ਮੁੰਡਿਆਂ ਦੀਆਂ ਬੋਲੀਆਂ ਚੌਂਕਾਂ ਵਿਚ ਖੜ੍ਹੇ ਹੋ ਕੇ ਪੌਂਦੇ ਹਨ, ਜਿਵੇਂ ਮੰਡੀ ਵਿਚ ਕੋਈ ਸਬਜ਼ੀ ਦੀ ਬੋਲੀ ਹੁੰਦੀ ਹੈ । ਇਹ ਡਾਕਟਰ, ਇੰਜੀਨੀਅਰ, ਅਤੇ ਪੜ੍ਹੇ ਲਿਖੇ ਬੰਦੇ ਅਤੇ ਸਰਮਾਇਆਦਾਰਾਂ ਦੇ ਮੁੰਡੇ ਹੁੰਦੇ ਹਨ । ਮੈਨੂੰ ਇਸ ਗੱਲ ਦਾ ਬੜਾ ਦੁੱਖ ਹੈ ਜਿਥੇ ਪੈਸੇ ਵਾਲੇ ਬੰਦੇ ਐਕਸਪਲਾਇਟ ਕਰਦੇ ਰਹੇ ਹਨ । ਪੰਜਾਬ ਸਰਕਾਰ ਨੇ ਬੜਾ ਰੈਵੋਲਿਊਸ਼ਨਰੀ ਕਦਮ ਚੁਕਿਆ ਹੈ । ਇਹ ਬੜਾ ਪ੍ਰੋਗ੍ਰੈਸਿਵ ਬਿਲ ਹੈ । ਭਾਵੇਂ ਇਸ ਵਿੱਚ ਬੜੇ ਲੂਪਹੋਲਜ਼ ਵੀ ਹਨ । ਇਸ ਨਾਲ ਇਕ ਕਿਸਮ ਦੀ ਥਿੰਕਿੰਗ ਚੈਨੇਲਾਈਜ਼ ਹੋ ਗਈ ਹੈ । ਇਹ ਦਹੇਜ ਦੀ ਜਿਹੜੀ ਕੰਪਲਸ਼ਨ ਹੈ ਇਸ ਉਪਰ ਰਿਸਟ੍ਰਿਕਸ਼ਨ ਲੱਗ ਗਈ ਹੈ । ਸਪੀਕਰ ਸਾਹਿਬ, ਹਿੰਦੁਸਤਾਨ ਵਿਚ ਕਾਨੂੰਨ ਦੀ ਲੜਾਈ ਹੁੰਦੀ ਹੈ । ਲੇਕਿਨ ਕਾਨੂੰਨ ਜਿਹੜਾ ਹੈ ਲੋਐਸਟ ਪ੍ਰੋਸੀਜਰ ਨਾ ਹੋਵੇ । ਸੋ ਜਿਤਨਾ ਚਿਰ ਇਕਨਾਮਿਕ ਗੈਪ ਅਮੀਰ ਔਰ ਗਰੀਬ ਦੇ ਦਰਮਿਆਨ ਰਹਿਣਾ ਹੈ, ਲਸਟ ਫਾਰ ਵੈਲਥ ਰਹਿਣੀ ਹੈ, ਜ਼ਮੀਨ ਹੋਵੇ, ਚਾਹੇ ਕਾਰਖਾਨੇ ਹੋਣ, ਜਾਂ ਪ੍ਰਾਪਰਟੀ ਹੋਵੇ ਜਦੋਂ ਤਕ ਇਨ੍ਹਾਂ ਦੀ ਮਲਕੀਅਤ ਖਤਮ ਨਹੀਂ ਕਰ ਦਿੰਦੇ, ਮੈਨ ਔਰ ਵੂਮੈਨ ਦੇ ਦਰਮਿਆਨ, ਉਤਨੇ ਚਿਰ ਤਕ

Original with;
Punjab Vidhan Sabha
Digitized by;
Panjab Digital Library

(ਸ਼੍ਰੀ ਪ੍ਰੇਮ ਗੁਪਤਾ)

ਸਾਨੂੰ ਸੁਧਾਰ ਕਰਨ ਵਿਚ ਰੁਕਾਵਟਾਂ ਆਉਣਗੀਆਂ । ਇਸ ਲਈ ਸਾਨੂੰ ਸੁਧਾਰ ਲਿਆਉਣ ਵਿਚ ਸੋਚਣਾ ਪਵੇਗਾ ਕਿ ਸਾਡਾ ਐਟੀਚਿਊਡ ਕੀ ਹੋਵੇਗਾ । ਸਪੀਕਰ ਸਾਹਿਬ, ਠੀਕ ਹੈ ਕਿ ਇਹ ਬਿੱਲ ਚੰਗਾ ਹੈ, ਪ੍ਰਾਗਰੈਸਿਵ ਹੈ ਪਰ ਇਸ ਵਿਚ ਖਰਚ ਦੀ ਹੱਦ ਮੁਕੱਰਰ ਨਹੀਂ ਕੀਤੀ ਗਈ । ਸਰਮਾਏਦਾਰ ਲੋਕ ਜਿਹੜੇ ਹਨ ਉਨ੍ਹਾਂ ਦੇ ਵਿਆਹਾਂ ਤੇ, ਇਨਵੀਟੇਸ਼ਨ ਕਾਰਡਾਂ ਤੇ, ਡਾਕ ਤੇ, ਟੈਲੀਗਰਾਮਾਂ ਆਦਿ ਤੇ 10-10 ਹਜ਼ਾਰ ਰੁਪਏ ਖਰਚ ਹੋ ਜਾਂਦੇ ਹਨ । ਟੋਟਲ ਐਕਸਪੈਂਡੀਚਰ ਕੁੜੀ ਵਾਲੇ ਨੇ ਕਿੰਨਾ ਕਰਨਾ ਹੈ ਅਤੇ ਮੁੰਡੇ ਵਾਲੇ ਨੇ ਕਿੰਨਾ ਕਰਨਾ ਹੈ । ਇਸ ਗੱਲ ਦੀ ਪਾਬੰਦੀ ਹੋਣੀ ਚਾਹੀਦੀ ਹੈ । ਇਹ ਜਿਹੜਾ ਕਿਹਾ ਗਿਆ ਹੈ ਕਿ ਗਿਫਟ ਡਿਸਪਲੇ ਨਹੀਂ ਕਰਨਾ, ਲੋਕ ਪਹਿਲਾਂ ਆਪਣੀ ਕਈ ਮਰਜ਼ੀ ਨਾਲ ਵੀ ਦਿੰਦੇ ਸੀ ਅਤੇ ਉਥੇ ਐਕਸਪਲਾਇਟੇਸ਼ਨ ਹੋਈ ਅਤੇ ਫਿਰ ਇਹ ਸਾਰੀ ਚੀਜ਼ ਆਈ । ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਕਾਰ ਇਸ ਗੱਲ ਦੀ ਵਧਾਈ ਦੀ ਪਾਤਰ ਹੈ ਕਿ ਇਸ ਨੇ ਮਿਹਨਤ ਕਰਕੇ ਇਹ ਬਿਲ ਲਿਆਂਦਾ ਹੈ । ਇਥੇ ਕੁਝ ਮੌਤਾਂ ਹੋਈਆਂ, ਐਕਸਪੋਲਾਇਟੇਸ਼ਨ ਹੋਈ, ਪਰਿਵਾਰ ਦੁਖੀ ਹੋਏ, ਇਸ ਚੀਜ਼ ਨੂੰ ਰੋਕਣ ਲਈ, ਇਸ ਬਿਲ ਵਿਚ ਸੋਧ ਕੀਤੀ ਗਈ ਹੈ ਤਾ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਨੂੰ ਇਸ ਗੱਲ ਤੋਂ ਸਬਕ ਮਿਲ ਸਕੇ ਅਤੇ ਦਹੇਜ ਲੈਣ ਅਤੇ ਦੇਣ ਦੀ ਭੈੜੀ ਰਸਮ ਖਤਮ ਹੋ ਸਕੇ । ਜਦ ਤਕ ਔਰਤ ਦਾ ਦਰਜਾ ਬਰਾਬਰ ਨਹੀਂ ਹੁੰਦਾ ਤੱਦ ਤਕ ਕੋਈ ਗੱਲ ਨਹੀਂ ਬਨਣੀ । ਮੈਂ ਤੁਹਾਨੂੰ ਸਦਾਕਤ ਦੱਸਦਾ ਹਾਂ ਕਿ ਜਦ ਕੋਈ ਮੁੰਡਾ ਪੈਦਾ ਹੁੰਦਾ ਹੈ ਤਾਂ ਲੱਡੂ ਵੰਡੇ ਜਾਂਦੇ ਹਨ ਪਰ ਜਦ ਕੁੜੀ ਪੈਦਾ ਹੁੰਦੀ ਹੈ ਤਾਂ ਨਹੀਂ ਵੰਡੇ ਜਾਂਦੇ। ਇਥੇ ਵੀ ਉਸ ਨੂੰ ਇਨਫੀਰੀਅਰ ਰੱਖਿਆ ਗਿਆ ਹੈ । ਇਸ ਚੀਜ਼ ਨੂੰ ਸਾਨੂੰ ਆਪਣੇ ਤੌਰ ਤੇ ਵੀ, ਸੋਸ਼ਲ ਸਟਰਕਚਰ ਅਤੇ ਮੈਂਟਲ ਸਟਰਕਚਰ ਵਿਚ ਵੀ ਚੇਂਜ ਕਰਨੀ ਹੋਵੇਗੀ ਤਾਂ ਹੀ ਅਸੀਂ ਇਸ ਬਿੱਲ ਦੀ ਇੰਪੌਰਟੈਂਸ ਨੂੰ ਪੂਰਾ ਕਰਾਂਗੇ । ਇਹ ਕਹਿੰਦੇ ਹਨ ਕਿ ਕੰਸਟੀਚਿਊਸ਼ਨ ਦੇ ਮੁਤਾਬਿਕ ਔਰਤ ਨੂੰ ਪੂਰਾ ਹੱਕ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਥੇ ਕਿੰਨੇ ਲੇਡੀਜ਼ ਲੈਜਿਸਲੇਟਰਜ਼ ਹਨ ? ਅਸੀਂ ਉਨ੍ਹਾਂ ਨੂੰ ਮੌਕਾ ਨਹੀਂ ਦੇ ਰਹੇ ਔਰ ਸਨੱਬ ਕਰਕੇ ਰੱਖਦੇ ਹਾਂ। ਉਨ੍ਹਾਂ ਦੇ ਵਾਸਤੇ ਰਿਜ਼ਰਵੇਸ਼ਨ ਦੀ ਲੋੜ ਪੈਂਦੀ ਹੈ ਪਰ ਪਾਪੂਲੇਸ਼ਨ ਦੀ ਰੇਸ਼ੋ ਦੇ ਮੁਤਾਬਿਕ ਉਨ੍ਹਾਂ ਨੂੰ ਹੱਕ ਨਹੀਂ ਦਿੱਤਾ ਗਿਆ ।

**ਸ਼੍ਰੀ ਵਿਸ਼ਵਾ ਮਿੱਤਰ ਸੇਖੜੀ :** ** ** **

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸ਼੍ਰੀ ਪਰੇਮ ਗੁਪਤਾ :** ਇਸ ਗੱਲ ਦਾ ਸਾਨੂੰ ਫਖਰ ਹੈ ਕਿ ਸਾਡੇ ਦੇਸ ਦੀ ਰਹਿਨੁਮਾਈ ਇਕ ਲੇਡੀ ਕਰ ਰਹੀ ਹੈ ਪਰ ਇਸ ਦੇ ਹੁੰਦੇ ਹੋਏ ਵੀ ਸਵਾਲ ਇਹ ਹੈ ਕਿ ਕਿੰਨੀਆਂ ਲੇਡੀਜ਼ ਲੈਜਿਸਲੇਟਰਜ਼ ਇਲੈਕਟ ਹੋ ਕੇ ਆਉਂਦੀਆਂ ਹਨ । ਕਮੇਟੀਆਂ ਵਿਚ ਅਤੇ ਜ਼ਿਲਾ ਪ੍ਰੀਸ਼ਦ ਵਿਚ ਉਹ ਇਲੈਕਟ ਹੋ ਕੇ ਕਿਉਂ ਨਹੀਂ ਆਉਂਦੀਆਂ ।

**ਸ਼੍ਰੀ ਸਪੀਕਰ :** ਤੁਸੀਂ ਰੈਲੇਵੈਂਟ ਰਹੋ ।

**ਸ਼੍ਰੀ ਪਰੇਮ ਗੁਪਤਾ :** ਪੰਜਾਬ ਸਰਕਾਰ ਨੇ ਜਿਹੜਾ ਇਹ ਕਦਮ ਚੁਕਿਆ ਹੈ, ਮੈਂ ਇਸ ਗੱਲ ਦੀ ਪ੍ਰਸ਼ੰਸਾ ਕਰਦਾ ਹਾਂ । (ਘੰਟੀ) ਇਨ੍ਹਾਂ ਸ਼ਬਦਾਂ ਨਾਲ ਇਸ ਬਿਲ ਦੀ ਮੈਂ ਸਪੋਰਟ ਕਰਦਾ ਹਾਂ ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਪ੍ਰੋਗਰੈਸਿਵ ਬਿੱਲ ਲਿਆਂਦਾ ਹੈ । ਐਂਟੀ ਡਾਊਰੀ ਜਾਂ ਡਾਊਰੀ ਪ੍ਰੋਹਿਬੀਸ਼ਨ ਐਕਟ ਜਿਹੜਾ ਹੈ ਇਹ 1961 ਦਾ ਹੈ । 1961 ਤੋਂ ਲੈ ਕੇ ਹੁਣ ਤਕ 15-16 ਸਾਲ ਹੋ ਗਏ ਹਨ ਪਰ ਉਸ ਤੇ ਕੋਈ ਅਮਲ ਨਹੀਂ ਹੋਇਆ । ਬਿਲ ਬਣਕੇ, ਐਕਟ ਪਾਸ ਕਰਨਾ ਕੋਈ ਇਹੋ ਜਿਹੀ ਗੱਲ ਫਾਇਦੇ ਮੰਦ ਨਹੀਂ ਹੁੰਦੀ ਜਿੰਨਾ ਚਿਰ ਉਸ ਨੂੰ ਮਜ਼ਬੂਤ ਹੱਥਾਂ ਨਾਲ ਨਾ ਲਿਆ ਜਾਵੇ । ਤੁਸੀਂ ਘਰਾਂ ਵਿਚ ਇਕ ਨਹੀਂ ਸੈਂਕੜੇ ਕੇਸਿਜ਼ ਇਹੋ ਜਿਹੇ ਵੇਖੇ ਹੋਣਗੇ, ਇਹੋ ਜਿਹਾ ਵਾਕਿਆ ਹੋਇਆ ਹੋਵੇਗਾ ਕਿ ਲੜਕੀ ਸਟੋਵ ਦਾ ਤੇਲ ਪਾਉਣ ਨਾਲ ਜਲ ਗਈ, ਮਰ ਗਈ । ਇਸ ਕਿਸਮ ਦੇ ਸੈਂਕੜੇ ਹੀ ਨਹੀਂ ਬਲਕਿ ਹਜ਼ਾਰਾਂ ਕੇਸਿਜ਼ ਹੋਏ । ਕਈ ਜਗ੍ਹਾਂ ਤਾਂ ਚਲਾਨ ਵੀ ਹੋਇਆ ਪਰ ਚਲਾਨ ਕਾਮਯਾਬ ਨਹੀਂ ਹੋ ਸਕਦਾ ਜਿੰਨੀ ਦੇਰ ਮੌਕੇ ਦਾ ਗਵਾਹ ਨਾ ਹੋਵੇ । ਕਿਉਂਕਿ ਗਵਾਹ ਹੀ ਸਾਬਿਤ ਕਰੇਗਾ ਕਿ ਤੇਲ ਪਾ ਕੇ ਸਾੜਿਆ ਗਿਆ ।

ਗਿਆਨੀ ਜ਼ੈਲ ਸਿੰਘ ਸਾਡੇ ਚੀਫ ਮਨਿਸਟਰ ਸਾਹਿਬ ਨੇ ਇਕ ਆਰਡਰ ਜਾਰੀ ਕੀਤਾ ਸੀ ਜੋ ਕਿ ਬਹੁਤ ਅੱਛਾ ਸੀ । ਜਿਸ ਦੇ ਵਿਚ ਕਿਹਾ ਸੀ ਕਿ ਹਰ ਨੌਜਵਾਨ ਲੜਕੀ ਜਿਸ ਦੀ ਸਟੋਵ ਨਾਲ ਮੌਤ ਹੋ ਜਾਵੇ ਜਾਂ ਸਹੁਰੇ ਘਰ ਵਿਚ ਮਰ ਜਾਵੇ ਤਾਂ ਉਸ ਦੀ ਇਨ-ਕੁਆਇਟੀ ਕੀਤੀ ਜਾਵੇ, ਉਸ ਮੌਤ ਦੇ ਕਾਜ਼ ਲੱਭੇ ਜਾਣ । ਇਸ ਦਾ ਰੀਜ਼ਨ ਇਕ ਹੀ ਹੈ ਕਿ ਉਸ ਨੂੰ ਮਾਰਿਆ ਜਾਂਦਾ ਹੈ । ਕਦੇ ਸੱਸ ਦੀ ਮੌਤ ਇਸ ਤਰ੍ਹਾਂ ਨਹੀਂ ਹੁੰਦੀ; ਸਹੁਰੇ ਦੀ ਜਾਂ ਹੋਰ ਕਿਸੇ ਦੀ ਇਸ ਤਰ੍ਹਾਂ ਮੌਤ ਨਹੀਂ ਹੁੰਦੀ । ਹਮੇਸ਼ਾਂ ਇਹ ਹੁੰਦਾ ਹੈ ਕਿ ਨੌਜਵਾਨ ਲੜਕੀ ਸਟੋਵ ਨਾਲ ਤੇਲ ਪਾ ਕੇ ਮਰ ਗਈ । ਇਹ ਸਾਫ ਜ਼ਾਹਿਰ ਹੈ ਕਿ ਹਮੇਸ਼ਾਂ ਲੜਕੀ ਨੂੰ ਡਾਊਰੀ, ਦਹੇਜ ਕਰਕੇ, ਬਦਸ਼ਕਲ ਕਰਕੇ ਜਾਂ ਰਿਲੇਸ਼ਨ ਠੀਕ ਨਾ ਹੋਣ ਕਰਕੇ ਇਸ ਤਰ੍ਹਾਂ ਮਾਰ ਦਿੱਤਾ ਜਾਂਦਾ ਹੈ । ਮੌਤ ਦਾ ਕਾਰਨ ਡਾਊਰੀ ਹੁੰਦੀ ਹੈ । ਇਹ 1961 ਦਾ ਬਿੱਲ ਹੈ । ਇਸ 1961 ਵਾਲੇ ਬਿੱਲ ਨੂੰ ਲਾਗੂ ਨਹੀਂ ਕਰ ਸਕੇ । ਇਸ ਵਿਚ ਸਜ਼ਾਵਾਂ ਵਧਾਈਆਂ ਗਈਆਂ ਹਨ । ਜਿਥੇ ਪਹਿਲੇ 6 ਮਹੀਨੇ ਦੀ ਸਜ਼ਾ ਸੀ ਉਹ ਵਧਾ ਕੇ 1 ਸਾਲ ਦੀ ਕਰ ਦਿੱਤੀ ਹੈ । ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਦਹੇਜ਼ ਦੇਣ ਦੇ ਕਾਬਲ ਕਿਸੇ ਨੂੰ ਕਿਉਂ ਕੀਤਾ ਜਾਵੇ । Why should one amass wealth ? ਕਿਸ ਤਰ੍ਹਾਂ ਉਹ ਲੱਖਾਂ ਰੁਪਿਆਂ ਦੀਆਂ ਕੋਠੀਆਂ ਬਣਾਉਂਦੇ ਹਨ । ਹਜ਼ਾਰਾਂ ਗੈਸਟ ਰਿਸੈਪਸ਼ਨ ਤੇ ਆ ਜਾਂਦੇ ਹਨ । Reception is also a part of marriage. ਲੱਖਾਂ ਰੁਪਿਆ ਡੈਕੋਰੇਸ਼ਨ ਤੇ ਖਰਚ ਕੀਤਾ ਜਾਂਦਾ ਹੈ । ਗੈਸਟਾਂ ਤੇ ਕੋਈ ਪਾਬੰਦੀ ਨਹੀਂ । ਇਨ੍ਹਾਂ ਚੀਜ਼ਾਂ ਉਤੇ ਰਿਸਟਰਿਕਸ਼ਨ ਨਹੀਂ ਲਗਾਈ ਗਈ । ਅੱਧਾ ਖਰਚਾ ਲੜਕੀ ਵਾਲੇ ਅਤੇ ਅੱਧਾ ਖਰਚਾ ਲੜਕੇ ਵਾਲੇ ਬਰਦਾਸ਼ਤ ਕਰਦੇ ਹਨ । ਨਤੀਜਾ ਇਹ ਹੁੰਦਾ ਹੈ ਕਿ ਡਾਊਰੀ ਦੀਂ ਮੰਗ ਕੀਤੀ ਜਾਂਦੀ ਹੈ । ਇਕ ਹਜ਼ਾਰ ਆਦਮੀ ਨੂੰ ਰੋਟੀ ਦੇਣੀ ਹੁੰਦੀ ਹੈ, ਇਹ ਖਰਚ ਲੜਕੀ ਦਾ ਬਾਪ ਬਰਦਾਸ਼ਤ ਕਰਦਾ ਹੈ । (ਵਿਘਨ) ਅੱਧਾ ਪੈਸਾ ਮੁੰਡੇ ਵਾਲੇ ਦਿੰਦੇ ਹਨ ਅਤੇ ਅੱਧਾ ਪੈਸਾ ਲੜਕੀ ਵਾਲੇ ਦਿੰਦੇ ਹਨ । ਸਵਾਲ ਇਹ ਹੈ ਕਿ, ਬੇਸਿਕ ਗੱਲ ਇਹ ਹੈ ਕਿ ਗਰੀਬ ਦੀ ਲੜਕੀ ਨੂੰ ਇਹ ਅਹਿਸਾਸ ਨਾ ਹੋਵੇ, ਗਰੀਬ ਦੀ ਲੜਕੀ ਦਾ ਦਿਲ ਨਾ ਡੁੱਬੇ ਅਤੇ ਸਮਾਜ ਵਿਚ ਇਹੋ ਜਿਹੀ ਕੁਰੀਤੀ ਨਹੀਂ ਹੋਣੀ ਚਾਹੀਦੀ ਜਿਸ ਦੇ ਨਾਲ ਗਰੀਬ ਔਖਾ ਹੋਵੇ । ਗਰੀਬ ਆਦਮੀ ਆਪਣੀ ਜ਼ਮੀਨ ਜਾਂ ਹੋਰ ਚੀਜ਼ਾਂ ਵੇਚਕੇ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਆਪਣੀ ਲੜਕੀ ਦਾ ਵਿਆਹ ਕਰਨ ਦਾ ਯਤਨ ਕਰਦਾ ਹੈ । ਗਰੀਬ ਆਦਮੀ ਜਦ ਕਿਸੇ ਅਮੀਰ ਦੇ ਲੜਕੇ ਨਾਲ ਆਪਣੀ ਲੜਕੀ ਦਾ ਵਿਆਹ ਕਰਦਾ ਹੈ ਤਾਂ ਉਹ ਕਰਜਾ ਚੁੱਕ ਕੇ ਵਿਆਹ ਕਰਦਾ ਹੈ । ਸੋ ਇਨ੍ਹਾਂ ਚੀਜ਼ਾਂ ਵੱਲ ਵੇਖਣਾ ਚਾਹੀਦਾ ਹੈ । ਨਿਰੀਆਂ ਪਾਬੰਦੀਆਂ ਲਾਉਣ ਨਾਲ ਕੰਮ ਨਹੀਂ ਬਣਨਾ, ਅਮਲ ਕਰਨ ਦੀ ਲੋੜ ਹੈ । ਨਿਰੀਆਂ ਪਾਬੰਦੀਆਂ ਲਾਉਣ ਨਾਲ ਕੰਮ ਨਹੀਂ ਬਣਨਾ ਜਿੰਨਾ ਚਿਰ ਤੁਸੀਂ ਰਿਸੈਪਸ਼ਨ ਤੇ ਪਾਬੰਦੀ ਨਹੀਂ ਲਾਉਂਦੇ । ਰਿਸੈਪਸ਼ਨ ਤੇ ਪਾਬੰਦੀ ਲਾਓ । ਸਪੀਕਰ ਸਾਹਿਬ, ਇਥੇ ਕਿਹਾ ਗਿਆ ਗਿਫਟ ਡਿਸਪਲੇ ਦੇ ਬਾਰੇ ਕਿ ਗਿਫਟ ਡਿਸਪਲੇ ਨਾ ਕੀਤਾ ਜਾਵੇ । ਫਰਜ਼ ਕਰੋ ਲੜਕੀ ਦਾ ਬਾਪ ਡਾਉਰੀ ਦੀ ਸ਼ਕਲ ਵਿਚ ਦੇ ਦਿੰਦਾ ਹੈ ਅਤੇ ਉਸ ਨੂੰ ਡਿਸਪਲੇ ਨਹੀਂ ਕਰਦਾ ਅਤੇ ਡਾਉਰੀ ਦੀ ਸ਼ਕਲ ਵਿਚ ਲੱਖਾਂ ਰੁਪਏ ਦੀਆਂ ਚੀਜ਼ਾਂ ਲੜਕੇ ਵਾਲੇ ਨੂੰ ਦੇ ਦੇਵੇ ਇਨ ਦੀ ਸ਼ੇਪ ਆਫ ਗਿਫਟਸ ਤਾਂ ਇਸ ਦਾ ਕੀ ਇਲਾਜ਼ ਹੈ ? ਤਾਂ ਫਿਰ ਇਸ ਵਿਚ ਪੁਲਿਸ ਕਿਸ ਤਰ੍ਹਾਂ ਇੰਟਰਫੀਅਰ ਕਰੇਗੀ। ਲੜਕੀ ਵਾਲਾ ਹਰ ਇਕ ਚੀਜ਼ ਦੇ ਉਤੇ ਲਿਖ ਦੇਵੇਗਾ ਕਿ ਇਹ ਮੈਂ ਗਿਫਟ ਦਿੱਤਾ। ਸੋ ਇਸ ਚੀਜ਼ ਦੀ ਵੀ ਲਿਮਿਟ ਰੱਖੋ ਅਤੇ ਗਿਫਟ ਤੇ ਪਾਬੰਦੀ ਲਗਾਓ । ਇਹ ਤਾਂ ਐਕਸਚੇਂਜ ਆਫ਼ ਮਨੀ ਹੈ । ਇਸ ਕਰਕੇ ਗਿਫਟ ਤੇ ਪਾਬੰਦੀ ਹੋਣੀ ਚਾਹੀਦੀ ਹੈ । ਹੁਣ ਮੈਂ ਬੈਂਡ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਬੈਂਡ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਸਿੰਪਲ ਮੈਰਿਜ ਹੋਣੀ ਚਾਹੀਦੀ ਹੈ । ਜੇ ਬੈਂਡ ਬੰਦ ਨਹੀਂ ਕਰਨਾ ਤਾਂ ਇਸ ਦਾ ਨੰਬਰ ਲਿਮਿਟ ਕਰ ਦਿਓ । ਇਹ ਕਿਤੇ ਬਾਜੇ ਵਾਲਿਆਂ ਦੀ ਵਰਦੀ ਪਾ ਕੇ ਬਰਾਤੀ ਨਾ ਲੈ ਜਾਣ । (ਹਾਸਾ) ਬਾਜੇ ਵਾਲੇ ਪੰਜ ਛੇ ਹੋਣੇ ਚਾਹੀਦੇ ਹਨ । ਸੋ ਇਸ ਦੇ ਉਤੇ ਵੀ ਲਿਮਿਟ ਹੋਣੀ ਚਾਹੀਦੀ ਹੈ । ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕਲਾਜ਼ ਪੰਜ ਦੇ ਵਿਚ "ਸਮ ਪਰਸਨ" ਵਾਲਾ ਲਫ਼ਜ਼ ਹੈ, ਇਸ ਨੂੰ ਅਮੈਂਡ ਕਰੋ । ਸਮ ਐਗਰੀਵਡ ਪਰਸਨ ਹੀ ਦਾਅਵਾ ਕਰ ਸਕੇ । ਇਹ ਜਿਹੜਾ ਮੈਂਟਲੀ ਠੀਕ ਨਾ ਹੋਵੇ, ਜਿਹੜਾ ਡਿਊਨੇਟਿਕ ਹੋਵੇ ਜਾਂ ਇਹ ਜਿਹੜਾ ਈਡੀਏਟ ਵਰਡ ਹੈ, ਇਸ ਨੂੰ ਸਪਲਿੱਟ ਕਰੋ । ਇਸ ਕਰਕੇ ਇਸ ਵਿਚ ਕਲੈਸ਼ ਆਉਣਗੇ । ਇਸ ਕਲਾਜ਼ ਦੇ ਵਿਚ ਕਲੈਸ਼ ਆਵੇਗਾ । ਇਸ ਦਾ ਹਿੰਦੂ ਮੈਰਿਜ ਐਕਟ ਵਿਚ ਕਲੈਸ਼ ਹੋਵੇਗਾ । ਉਨ੍ਹਾਂ ਦੇ ਨਾਲ ਇਸ ਦਾ ਕਲੈਸ਼ ਨਹੀਂ ਹੋਣਾ ਚਾਹੀਦਾ । ਸਪੀਕਰ ਸਾਹਿਬ, ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਡਿਸਟ੍ਰਿਕਟ ਮੈਜਿਸਟਰੇਟ ਦੀ ਮਨਜ਼ੂਰੀ ਲੈਣੀ ਪਵੇਗੀ । ਪਹਿਲੇ ਡਾਂਗ ਸਾਹਿਬ ਨੇ ਕਿਹਾ ਕਿ ਡੀ.ਐਸ.ਪੀ. ਦਾ ਬੜਾ ਔਖਾ ਕੰਮ ਹੈ ਅਤੇ ਜਿੰਨਾ ਚਿਰ ਡਿਸਟ੍ਰਿਕਟ ਮੈਜਿਸਟਰੇਟ ਮਨਜ਼ੂਰੀ ਨਾ ਦੇਵੇ ਕੰਮ ਨਹੀਂ ਚਲੇਗਾ । ਡਿਸਟ੍ਰਿਕਟ ਮੈਜਿਸਟਰੇਟ ਵੱਡੇ ਵੱਡੇ ਸਰਮਾਇਦਾਰ, ਕਾਰਖਾਨੇਦਾਰਾਂ ਦੇ ਅਗੇਂਸਟ ਸੈਂਕਸ਼ਨ ਨਹੀਂ ਦੇਵੇਗਾ । ਜਿਹੜਾ ਸੈਂਟਰ ਦਾ ਐਕਟ ਹੈ ਉਸ ਦੇ ਵਿਚ ਇਹ ਕਲਾਜ਼ ਨਹੀਂ ਹੈ । ਇਹ ਪੰਜਾਬ ਸਰਕਾਰ ਨੇ ਇੰਟਰੋਡਿਊਸ ਕੀਤਾ ਹੈ। ਇਸ ਦਾ ਖਿਆਲ ਰੱਖਿਆ ਗਿਆ ਹੈ ਤਾਕਿ ਕੋਈ ਪੁਲਿਸ ਵਾਲਾ ਜ਼ਿਆਦਤੀ ਨਾ ਕਰੇ। ਕੋਈ ਇਨਸਪੈਕਟਰ ਬਦਲਾ ਲੈਣ ਦੀ ਖਾਤਰ ਇਸ ਤਰ੍ਹਾਂ ਨਾ ਕਰ ਸਕੇ । ਡੀ.ਐਸ.ਪੀ. ਇਜ਼ ਏ ਗਜ਼ਟਿਡ ਅਫਸਰ । ਉਸ ਨੂੰ ਪਰਾਸੀਕਿਊਸ਼ਨ ਦੀ ਮਨਜ਼ੂਰੀ ਲੈਣ ਦੀ ਕੀ ਜ਼ਰੂਰਤ ਹੈ ਉਹ ਪ੍ਰਾਪਰਲੀ ਐਕਟ ਕਰੇਗਾ। ਇਸ ਲਈ ਡਿਸਟ੍ਰਿਕਟ ਮੈਜਿਸਟਰੇਟ ਨੂੰ ਵਿਚ ਕਿਉਂ ਲਿਆਉਂਦੇ ਹੋ । ਇਸ ਲਈ ਇਸ ਕਲਾਜ਼ ਨੂੰ ਇਹ ਚੇਂਜ ਕਰਨ । ਐਕਟ ਅੱਛਾ ਹੈ ਪਰ ਇਸ ਨੂੰ ਮਜ਼ਬੂਤੀ ਨਾਲ ਇਨਫੋਰਸ ਕਰਨ ਦੀ ਲੋੜ ਹੈ ਅਤੇ ਤਕੜੇ ਹੱਥੀਂ ਇਸ ਨੂੰ ਲਾਗੂ ਕਰਨ ਦੀ ਲੋੜ ਹੈ (ਘੰਟੀ)

Original with;
Punjab Vidhan Sabha
Digitized by;
Panjab Digital Library

**ਮਕਾਨ ਉਸਾਰੀ ਦੇ ਰਾਜ ਮੰਤਰੀ (ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ)**: ਸਪੀਕਰ ਸਾਹਿਬ, ਅੱਜ ਸਾਡੀ ਸਰਕਾਰ ਨੇ ਜਿਹੜਾ ਐਂਟੀ ਡਾਉਰੀ ਬਿੱਲ ਪੇਸ਼ ਕੀਤਾ ਹੈ, ਇਸ ਦੀ ਜ਼ਰੂਰਤ ਕਿਉਂ ਪਈ ? ਇਹ ਵਿਚਾਰ ਕਰਨੀ ਹੈ ਔਰ ਕਿਉਂ ਐਨੇ ਡਰਾਸਟਿਕ ਸਟੈਪਸ ਲਏ ਕਿਉਂਕਿ ਇਹ ਜਿਹੜੀ ਚੀਜ਼ ਸੀ, ਇਸ ਨੂੰ ਹੱਦ ਤੋਂ ਜ਼ਿਆਦਾ ਜਦ ਕਿਸੇ ਚੀਜ਼ ਨੂੰ ਖਰਾਬ ਕੀਤਾ ਜਾਵੇ ਤਾਂ ਬਿੱਲ ਲਿਆਉਣ ਦੀ ਜ਼ਰੂਰਤ ਪੈ ਜਾਂਦੀ ਹੈ। ਬਿੱਲ ਇਕੱਲਾ ਕਾਫੀ ਨਹੀਂ ਹੈ ਇਸ ਦੇ ਨਾਲ ਸਾਨੂੰ ਸੁਸਾਇਟੀ ਦਾ ਐਟੀਚਿਊਡ ਚੇਂਜ ਕਰਨ ਦੀ ਜ਼ਰੂਰਤ ਹੈ। ਅੱਜ ਮੈਨੂੰ ਇਹ ਕਹਿੰਦਿਆਂ ਇਸ ਗੱਲ ਦੀ ਕੋਈ ਸ਼ਰਮ ਨਹੀਂ ਕਿ ਜਿਸ ਵਕਤ ਲੜਕੀ ਦਾਜ ਨਹੀਂ ਲੈ ਜਾਂਦੀ ਤਾਂ ਉਸ ਦੀ ਮਦਰ-ਇਨ-ਲਾਅ ਨਾਰਾਜ਼ ਹੁੰਦੀ ਹੈ। ਅਗਰ ਕੋਈ ਲੜਾਈ ਹੁੰਦੀ ਹੈ ਤਾਂ ਜ਼ਿਆਦਾ ਨਣਦ ਦਾ ਪਾਰਟ ਹੁੰਦਾ ਹੈ। ਸੋ ਮੈਂ ਕਹਿੰਦੀ ਹਾਂ ਕਿ ਸਾਨੂੰ ਔਰਤਾਂ ਨੂੰ ਆਪਣੇ ਐਟੀਚਿਊਡ ਨੂੰ ਬਦਲਣਾ ਚਾਹੀਦਾ ਹੈ। ਔਰ ਸੱਸ ਅਗਰ ਮਾਂ ਦੇ ਤੌਰ ਤੇ ਟਰੀਟ ਕਰੇ ਤਾਂ ਫਿਰ ਸਾਨੂੰ ਇਹ ਬਿਲ ਪਾਸ ਕਰਨ ਦੀ ਲੋੜ ਨਹੀਂ ਹੈ ਇਹ ਬਿੱਲ ਜਦੋਂ ਪਾਸ ਕੀਤਾ ਗਿਆ ਤਾਂ ਉਦੋਂ ਖਿਆਲ ਇਹ ਸੀ ਕਿ ਇਹ ਜਿਹੜਾ ਲੜਕੀ ਦੇ ਪੇਅਰੇਂਟਸ ਦੇ ਉਤੇ, ਉਸ ਦੇ ਮਾਂ ਬਾਪ ਉਤੇ ਬਰਡਨ ਪੈਂਦਾ ਹੈ ਅਤੇ ਉਹ ਐਨਾ ਦੇਣ ਦੇ ਕਾਬਲ ਨਹੀਂ। ਲੇਕਿਨ ਇਥੇ ਮੈਂ ਇਹ ਵੀ ਦੱਸਦੀ ਹਾਂ ਕਿ ਉਨ੍ਹਾਂ ਦੀਆਂ ਹੋਰ ਵੀ ਕਈ ਮੰਗਾਂ ਹੁੰਦੀਆਂ ਹਨ ਕਿ ਸਹੁਰੇ ਵਾਸਤੇ ਐਨਾ ਅਤੇ ਲੜਕੇ ਵਾਸਤੇ ਐਨਾ ਹੋਵੇ। ਨਾਲ ਹੀ ਹੋਰ ਵੀ ਲਿਸਟ ਆ ਜਾਂਦੀ ਹੈ ਜਿਸ ਵਿਚ ਮਾਮੀਆਂ, ਨਾਨੀਆਂ, ਦਾਦੀਆਂ ਦਾ ਜ਼ਿਕਰ ਹੁੰਦਾ ਹੈ। ਸੋ ਲੜਕੀ ਨੂੰ ਦੇਣ ਦੀ ਬਜਾਏ ਉਸਦਾ ਡਬਲ ਰਿਸ਼ਤੇਦਾਰਾਂ ਦੇ ਸੂਟਾਂ ਤੇ ਲੱਗ ਜਾਂਦਾ ਹੈ। ਫਿਰ ਜ਼ੇਵਰ ਤੇ ਖਰਚ ਹੁੰਦਾ ਹੈ। ਇਹ ਸਾਰਾ ਕੁਝ ਦੇਖਦਿਆਂ ਹੋਇਆਂ ਇਸ ਦੀ ਜ਼ਰੂਰਤ ਪਈ ਹੈ। ਨਹੀਂ ਤਾਂ ਜੋ ਪਹਿਲੇ ਰਿਵਾਜ ਸੀ ਉਸ ਦਾ ਮਕਸਦ ਸੀ ਕਿ ਲੜਕੇ ਜ਼ਿਆਦਾ ਤਰ ਜਾਇਦਾਦ ਵਿਚੋਂ ਹਿੱਸਾ ਲੈ ਜਾਂਦੇ ਹਨ, ਇਸ ਲਈ ਦਹੇਜ ਵਿਚ ਲੜਕੀ ਨੂੰ ਜ਼ਿਆਦਾ ਦਿੱਤਾ ਜਾਏ ਤਾਂ ਕਿ ਉਹਦੀ ਸਿਕਿਉਰਿਟੀ ਹੋਵੇ। ਪਰ ਇਸ ਨੂੰ ਸਮਾਜ ਨੇ ਬੜੀ ਬੁਰੀ ਤਰ੍ਹਾਂ ਨਾਲ ਇਸਤੇ-ਮਾਲ ਕੀਤਾ ਹੈ। ਚਾਹੀਦਾ ਇਹ ਹੈ ਕਿ ਸੁਸਾਇਟੀ ਦੇ ਇਸ ਐਟੀਚੀਉਡ ਨੂੰ ਚੇਂਜ ਕੀਤਾ ਜਾਏ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਜਦੋਂ ਇਹ ਵੇਖਦੇ ਹਾਂ ਕਿ ਬਰਤਨ ਦੀ ਇਕ ਖਾਸ ਲਿਸਟ ਹੁੰਦੀ ਹੈ। ਇਸ ਤੇ ਹੀ ਲੜਾਈ ਪਈ ਰਹਿੰਦੀ ਹੈ ਕਿ ਇਹ ਮੇਰੇ ਪੇਕਿਆਂ ਦੇ ਬਰਤਨ ਹਨ। ਜਿਸ ਵੇਲੇ ਬਰਤਨਾਂ ਦੀ ਬਟਵਾਰਾ ਹੁੰਦਾ ਹੈ ਤਾਂ ਲੜਕੀ ਕਹਿੰਦੀ ਹੈ ਕਿ ਇਹ ਮੇਰੇ ਪੇਕਿਆਂ ਦੀ ਗੜਬੀ ਹੈ ਜਾਂ ਪਰਾਂਤ ਹੈ। ਇਹ ਬਿਲ ਲਿਆਕੇ ਸਰਕਾਰ ਨੇ ਅਛਾ ਕੀਤਾ ਹੈ ਕਿ ਗਿਫਟਸ ਦੀ ਹੱਦ 5,000/—ਰੁ: ਮੁਕਰੱਰ ਕਰਕੇ, ਇਸ ਚੀਜ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਕਿਨ ਜਦੋਂ ਪਹਿਲਾਂ ਇਹਦਾ ਦਿਖਾਵਾ ਕਰਦੇ ਸੀ ਤਾਂ ਉਸ ਦਾ ਮੇਨ ਮਕਸਦ ਇਹ ਹੁੰਦਾ ਸੀ ਕਿ, ਪਿੰਡਾਂ ਦੇ ਲੋਕ, ਸ਼ਹਿਰਾਂ ਦੇ ਲੋਕ ਇਹ ਵੇਖ ਲੈਣ ਕਿ ਲੜਕੀਆਂ ਵਾਲਿਆਂ ਨੇ ਕੀ ਦਿੱਤਾ ਹੈ ਲੜਕਿਆਂ ਵਾਲਿਆਂ ਨੂੰ। ਉਹ ਉਸ ਚੀਜ਼ ਦੇ ਗਵਾਹ ਹੁੰਦੇ ਸੀ ਕਿ ਵਾਕਿਆ ਹੀ ਐਨੀਆਂ ਚੀਜ਼ਾਂ ਦਹੇਜ਼ ਵਿਚ ਦਿੱਤੀਆਂ ਹਨ। ਪਰ ਬਾਅਦ ਵਿਚ ਸਾਡੀ ਸੁਸਾਇਟੀ ਨੇ ਇਸ ਤਰ੍ਹਾਂ ਕਰ ਲਿਆ ਕਿ ਦਹੇਜ਼ ਵਧ ਚੜ੍ਹ ਕੇ ਦਿੱਤਾ ਜਾਣ ਲਗਾ ਤਾਂ ਕਿ ਜ਼ਿਆਦਾ ਸ਼ੋ ਹੋਵੇ। ਪਰ ਇਸ ਦੇ ਨਾਲ ਗਰੀਬ ਵਾਸਤੇ ਆਪਣੀਆਂ ਲੜਕੀਆਂ ਲਈ ਰਿਸ਼ਤੇ ਲਭਣੇ ਮੁਸ਼ਕਿਲ ਹੋ ਗਏ। ਹਰ ਇਕ ਚਾਹੁੰਦਾ ਸੀ ਕਿ ਜਿਸ ਤਰ੍ਹਾਂ ਅਮੀਰ ਆਦਮੀ ਜ਼ਿਆਦਾ ਦਿਹੇਜ ਦਿੰਦੇ ਹਨ ਉਸੇ ਤਰ੍ਹਾਂ ਹੀ ਲੜਕੀ ਮਿਲੇ ਤਾਂ ਠੀਕ ਹੈ। ਜੇ ਕੋਈ

Original with;
Punjab Vidhan Sabha
Digitized by;
Panjab Digital Library

[ਮਕਾਨ ਉਸਾਰੀ ਦੇ ਰਾਜ ਮੰਤਰੀ]

ਆਈ.ਏ.ਐਸ. ਜਾਂ ਆਈ.ਪੀ.ਐਸ. ਕਰ ਜਾਂਦਾ ਹੈ ਤਾਂ ਉਹ ਦੀ ਡਿਮਾਂਡ ਹੋਰ ਵੀ ਵਧ ਜਾਂਦੀ ਹੈ। ਉਨ੍ਹਾਂ ਦੇ ਮਾਂ ਬਾਪ ਕਹਿੰਦੇ ਹਨ ਜਿੰਨਾ ਉਹਦੀ ਪੜ੍ਹਾਈ ਤੇ ਖਰਚਾ ਹੋਇਆ ਹੈ ਜਿੰਨਾ ਚਿਰ ਉਹ ਸਾਡਾ ਖਰਚਾ ਦਹੇਜ਼ ਵਿੱਚ ਨਹੀਂ ਮਿਲ ਜਾਂਦਾ ਉਨਾ ਚਿਰ ਉਹ ਉਥੇ ਵਿਆਹ ਨਹੀਂ ਕਰਨਗੇ। ਇਹ ਸਾਈਡ ਬਾਈ ਸਾਈਡ ਚੀਜਾਂ ਚਲਦੀਆਂ ਹਨ। ਇਹ ਜਿਹੜੀ ਸਿਕਿਉਰਟੀ ਵਾਸਤੇ ਚੀਜ਼ਾਂ ਲੜਕੀ ਨੂੰ ਦਿੱਤੀਆ ਜਾਂਦੀਆਂ ਸਨ ਇਹ ਬੁਰੀ ਤਰ੍ਹਾਂ ਨਾਲ ਲਾਹਨਤ ਬਣ ਕੇ ਰਹਿ ਗਈਆਂ। ਦਾਜ ਲਾਹਨਤ ਹੈ। ਪਿਛਲੇ ਸਾਲ ਇੰਟਰਨੇਸ਼ਨਲ ਵੂਮੈਨ ਯੀਅਰ ਉਤੇ ਦਾਜ ਇੱਕ ਖਾਸ ਟਾਪਿਕ ਸੀ। ਬਹੁਤ ਸਾਰੀਆਂ ਲੜਕੀਆਂ ਦੀ ਮੰਗ ਸੀ ਕਿ ਇਸ ਨੂੰ ਖਤਮ ਕੀਤਾ ਜਾਏ। ਬਹੁਤ ਸਾਰੀਆਂ ਲੜਕੀਆਂ ਜਲ ਕੇ ਮਰ ਜਾਂਦੀਆਂ ਸਨ, ਕਾਰਣ ਇਹਦਾ ਇਹ ਹੁੰਦਾ ਸੀ ਕਿ ਦਾਜ ਕਿਉਂ ਨਹੀਂ ਲੈ ਕੇ ਆਈਆਂ। ਇਹ ਬੁਰੀ ਬਾਤ ਸੀ। ਸਰਕਾਰ ਨੇ ਇਹ ਕਾਨੂੰਨ ਲਿਆਂਦਾ ਹੈ, ਇਸ ਨੂੰ ਖਤਮ ਕਰਨ ਵਾਸਤੇ। ਇਹ ਇਕ ਚੰਗਾ ਕਦਮ ਚੁਕਿਆ ਗਿਆ ਹੈ। ਵੈਸੇ ਤਾਂ ਤੁਸੀਂ ਵੇਖੋਗੇ ਕਿ ਅਗਰ ਲਕਸ਼ਮੀ ਦੇਵੀ ਹੈ ਤਾਂ ਉਹ ਵੀ ਔਰਤ ਦਾ ਰੂਪ ਹੈ ਜੇ ਦੁਰਗਾ ਮਾਤਾ ਹੈ ਤਾਂ ਉਹ ਵੀ ਔਰਤ ਦਾ ਰੂਪ ਹੈ ਔਰ ਅਗਰ ਸਰਸਵਤੀ ਹੈ ਉਹ ਵੀ ਗਾਡੈਸ ਆਫ ਨਾਲਿਜ ਹੈ, ਉਹ ਵੀ ਔਰਤ ਦੇ ਰੂਪ ਵਿਚ ਹੈ। ਪਹਿਲਾਂ ਕਿਸੇ ਜ਼ਮਾਨੇ ਵਿਚ ਔਰਤ ਨੂੰ ਮਰਦ ਆਪਣੇ ਪੈਰ ਦੀ ਜੁੱਤੀ ਸਮਝਦੇ ਸੀ। ਪੜ੍ਹਿਆਂ ਲਿਖਿਆਂ ਦੀ ਗਲ ਤਾਂ ਛਡ ਦਿਉ ਪਰ ਹੁਣ ਵੀ ਅਨ-ਪੜ੍ਹੀਆਂ ਔਰਤਾਂ ਨੂੰ ਮਰਦ ਉਸੇ ਤਰ੍ਹਾਂ ਹੀ ਟ੍ਰੀਟ ਕਰਦੇ ਹਨ ਜਿਸ ਤਰ੍ਹਾਂ ਕਿ ਇਕ ਪੀਸ ਆਫ ਲੱਗੇਜ ਹੈ, ਔਰ ਕੋਈ ਖਾਸ ਸਾਥੀ ਨਹੀਂ ਹੈ। ਇਨ੍ਹਾਂ ਗਲਾਂ ਨੂੰ ਸੋਚਦੇ ਹੋਏ ਸਰਕਾਰ ਨੇ ਇਹ ਬਿੱਲ ਲਿਆਂਦਾ ਹੈ। ਇਹ ਬੜਾ ਅੱਛਾ ਬਿੱਲ ਹੈ। ਇਸ ਨਾਲ ਕਈ ਸਾਡੀਆਂ ਲਾਹਨਤਾਂ ਖਤਮ ਹੋ ਜਾਣਗੀਆਂ। ਜਿਹੜੇ ਬਾਪ ਸੋਚਦੇ ਹਨ ਕਿ ਉਨ੍ਹਾਂ ਦੇ ਲੜਕਿਆਂ ਦੀ ਪੜ੍ਹਾਈ ਦਾ ਖਰਚਾ ਲੜਕੀਆਂ ਵਾਲੇ ਦੇਣ, ਉਹ ਚੀਜਾਂ ਖਤਮ ਹੋ ਜਾਣਗੀਆਂ (ਥੰਪਿੰਗ) (ਘੰਟੀ) ਪੰਜਾਬ ਸਰਕਾਰ ਨੇ ਇਹ ਬਿਲ ਲਿਆਕੇ ਬਹੁਤ ਅਛਾ ਕੰਮ ਕੀਤਾ ਹੈ। ਜਿਹੜੇ ਭਰਾਵਾਂ ਨੇ ਇਥੇ ਕਿਹਾ ਹੈ ਕਿ ਜਿਹੜੀ ਖੁਸ਼ੀ ਲਈ ਥੋੜੀ ਬਹੁਤ ਰੋਸ਼ਨੀ ਕੀਤੀ ਜਾਂਦੀ ਹੈ, ਇਹ ਵੀ ਖਤਮ ਹੋਣੀ ਚਾਹੀਦੀ ਹੈ। ਆਫਟਰ ਆਲ ਇਹ ਸ਼ਾਦੀ ਹੈ। ਖੁਸ਼ੀ ਹੋਣੀ ਬਹੁਤ ਜ਼ਰੂਰੀ ਹੈ। ਪਰ ਇਸ ਹੱਦ ਤਕ ਨਾ ਲਿਜਾਇਆ ਜਾਏ ਕਿ ਕੋਈ ਵਲਗੈਰਿਟੀ ਸ਼ੋ ਹੋਵੇ।

ਇਨ੍ਹਾਂ ਚੀਜ਼ਾਂ ਨੂੰ ਮੱਦੇ ਨਜ਼ਰ ਰਖਦੇ ਹੋਏ, ਇਸ ਬਿਲ ਨੂੰ ਪਾਸ ਕਰਨਾ ਚਾਹੀਦਾਂ ਹੈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼:** ਆਨ ਏ ਪੁਆਇੰਟ ਆਰ ਆਰਡਰ, ਸਰ। ਕੋਈ ਥੋੜਾ ਬਹੁਤ ਸਾਡੇ ਵਲ ਵੀ ਟਾਈਮ ਦਿਉ। ਸਾਡੇ ਵੀ ਦਸ ਮੈਂਬਰ ਹਨ।

**ਸ਼੍ਰੀ ਸਪੀਕਰ:** ਜ਼ਰੂਰ, ਪਰ ਫਸਟ ਲੇਡੀਜ਼।

**ਸ਼੍ਰੀਮਤੀ ਜਸਵੰਤ ਕੌਰ (ਖਡੂਰ ਸਾਹਿਬ):** ਮਾਨਯੋਗ ਸਪੀਕਰ ਸਾਹਿਬ, ਇਹ ਜੋ ਅੱਜ ਦਾਜ ਵਿਰੋਧੀ ਬਿੱਲ ਲਿਆਂਦਾ ਗਿਆ ਹੈ, ਇਹ ਬਹੁਤ ਅੱਛਾ ਬਿੱਲ ਹੈ। ਇਸ ਦੇ ਨਾਲ ਸਮਾਜ ਤੋਂ ਕਈ ਬੁਰਾਈਆਂ ਖਤਮ ਹੋਣਗੀਆਂ ਪਰ ਇਸ ਬਿਲ ਵਿਚ ਇੱਕ ਦੋ ਚੀਜ਼ਾਂ ਲਿਖੀਆਂ ਗਈਆਂ ਹਨ ਜਿਸ ਤਰ੍ਹਾਂ ਕਿ 25 ਬੰਦਿਆਂ ਦੀ ਬਰਾਤ ਨਾਲ ਬੈਂਡ ਵਾਜਾ ਅਤੇ

Original with;
Punjab Vidhan Sabha
Digitized by;
Panjab Digital Library

ਬੱਚਿਆਂ ਨੂੰ ਵੀ ਇਜਾਜ਼ਤ ਹੈ। ਇਹ ਤਿੰਨੇ ਗੱਲਾਂ ਨਾ-ਮੁਨਾਸਿਬ ਹਨ। ਸਾਡੇ ਜ਼ਿਲੇ ਅੰਮ੍ਰਿਤਸਰ ਵਿਚ ਤਰਨ ਤਾਰਨ ਤਹਿਸੀਲ ਵਿਚ ਜਿਸ ਦੇ 342 ਪਿੰਡ ਹਨ, ਮੈਨੂੰ ਇਸ ਗੱਲ ਦਾ ਮਾਣ ਹੈ ਔਰ ਫਖਰ ਹੈ ਕਿ ਸੱਭ ਤੋਂ ਪਹਿਲਾਂ ਤਹਿਸੀਲ ਤਰਨ ਤਾਰਨ ਦੇ ਲੋਕਾਂ ਨੇ ਇਸ ਗਲ ਦਾ ਫੈਸਲਾ ਕੀਤਾ ਸੀ। ਪਿੰਡ ਮਹਾਨਾਵਾਲਿਆਂ ਨੇ ਸਭ ਤੋਂ ਪਹਿਲਾਂ ਫੈਸਲਾ ਕੀਤਾ ਸੀ ਕਿ ਬਰਾਤ ਵਿਚ ਸਿਰਫ 11 ਬੰਦੇ ਹੋਣੇ ਚਾਹੀਦੇ ਹਨ ਅਤੇ ਨਾਲ ਕੋਈ ਬੈਂਡ ਵਾਜਾ, ਛੋਟੇ ਬੱਚੇ, ਸ਼ੋ ਸ਼ਾ ਆਦਿ ਨਹੀਂ ਹੋਣੀ ਚਾਹੀਦੀ ਹੈ। ਇਸ ਸਬੰਧ ਵਿਚ ਮੈਂ ਇੱਕ ਮਿਸਾਲ ਦਸੱਦੀ ਹਾਂ ਕਿ ਜਿਸ ਵੇਲੇ ਉਥੇ ਮੈਂਬਰ ਪੰਚਾਇਤ ਦੀ ਬਰਾਤ ਜਾ ਰਹੀ ਸੀ ਤਾਂ ਉਸ ਮੈਂਬਰ ਪੰਚਾਇਤ ਨੇ ਕਿਹਾ ਕਿ ਮੇਰੇ ਚਾਰ ਬਹਿਨੋਈ ਹਨ ਔਰ ਉਹ ਚਾਰੇ ਹੀ ਜਾਣਗੇ। ਸਰਪੰਚ ਨੇ ਕਿਹਾ ਕਿ 11 ਤੋਂ 12 ਬੰਦੇ ਨਹੀਂ ਜਾਣਗੇ। ਜੇ ਇਸ ਤਰ੍ਹਾਂ ਹੋਏਗਾ ਤਾਂ ਮੈਂ ਬਰਾਤ ਦੇ ਅੱਗੇ ਲੇਟ ਜਾਵਾਂਗਾ। ਉਹਨੇ ਇਹ ਵੀ ਕਿਹਾ ਕਿ ਜੋ ਬਰਾਤੀ ਬਰਾਤ ਵਿਚ ਨਹੀਂ ਜਾਏਗਾ ਉਹਨੂੰ ਮੈਂ ਆਪਣੇ ਘਰ ਉਹੋ ਜਿਹਾ ਖਾਣਾ ਖੁਆਣ ਵਾਸਤੇ ਤਿਆਰ ਹਾਂ। ਇਸ ਲਈ ਸਾਡੇ ਦਿਹਾਤ ਵਾਲਿਆਂ ਨੂੰ ਗਿਆਰਵੇਂ ਤੋਂ ਬਾਰ੍ਹਵਾਂ ਬੰਦਾ ਬਰਾਤ ਵਿਚ ਨਹੀਂ ਖੜਨਾ ਚਾਹੀਦਾ ਹੈ। ਇਸ ਲਈ ਸਾਡੀ ਸਰਕਾਰ ਇਸ ਗੱਲ ਨੂੰ ਕਿਉਂ ਤਰਜ਼ੀਹ ਦੇ ਰਹੀ ਹੈ ਕਿ ਅਸੀਂ 25 ਬੰਦੇ ਬਰਾਤ ਵਿਚ ਸ਼ਾਮਿਲ ਕਰ ਸਕਦੇ ਹਾਂ ਔਰ ਉਸਦੇ ਨਾਲ ਛੋਟੇ ਬੱਚੇ ਔਰ ਬੈਂਡ ਵਾਜ਼ਾ ਅਲਹਿਦਾ ਹੋਇਗਾ। ਜੇ ਇਸ ਤਰ੍ਹਾਂ ਕੀਤਾ ਗਿਆ ਤਾਂ ਇਹ ਨਾ-ਮੁਨਾਸਿਬ ਗੱਲ ਹੋਏਗੀ।

ਸਪੀਕਰ ਸਾਹਿਬ, ਹਿੰਦੁਸਤਾਨ ਵਿਚ ਬਹੁਤ ਸਮਾਂ ਪਹਿਲਾਂ ਇਸਤਰੀ ਜ਼ਾਤੀ ਨੂੰ ਮਾਨ ਨਹੀਂ ਸੀ ਦਿੱਤਾ ਜਾਂਦਾ, ਜਦੋਂ ਹਿੰਦੁਸਤਾਨ ਦੇ ਲੋਕ ਇਸਤਰੀ ਜਾਤੀ ਨੂੰ ਪੈਰਾਂ ਦੀ ਜੁੱਤੀ ਸਮਝਦੇ ਸੀ, ਉਸ ਵੇਲੇ ਬਾਹਰਲੀਆਂ ਤਾਕਤਾਂ ਪਾਸੋਂ ਇਹ ਹਮੇਸ਼ਾਂ ਮਾਰ ਹੀ ਖਾਂਦੇ ਰਹੇ ਔਰ ਜਦੋਂ ਇਨ੍ਹਾਂ ਨੇ ਇਸਤਰੀ ਜਾਤੀ ਨੂੰ ਮਹਾਨਤਾ ਦਿੱਤੀ, ਮਾਨ ਦਿੱਤਾ, ਸਾਡੇ ਪਰਾਈਮ-ਮਨਿਸਟਰ ਸਾਹਿਬਾ ਵੀ ਇਸਤਰੀ ਜਾਤੀ ਵਿਚੋਂ ਹੀ ਹਨ ਔਰ ਸਾਡੀ ਜਾਤੀ ਤਕ ਸਬੰਧਤ ਹਨ, ਉਦੋਂ ਤੋਂ ਬਾਹਰਲੀ ਦੁਨੀਆਂ ਤੋਂ ਮਾਨ ਮਿਲਿਆ ਹੈ, ਮਹਾਨ ਇਜ਼ਤ ਮਿਲੀ ਹੈ। ਇਸ ਲਈ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ—

"ਸੋ ਕਿਉਂ ਮੰਦਾ ਆਖੀਏ ਜਿਤ ਜੰਮੇ ਰਾਜਾਨ"

ਉਸ ਵੇਲੇ ਮੁਗ਼ਲ ਹਕੂਮਤ ਦੇ ਕਾਨੂੰਨ ਸਨ। ਪਰ 1947 ਵਿਚ ਮਹਾਤਮਾਂ ਗਾਂਧੀ ਨੇ ਔਰ ਪੰਡਿਤ ਨਹਿਰੂ ਨੇ ਇਸਤਰੀ ਨੂੰ ਮਾਨ ਦਿੱਤਾ, ਇਨ੍ਹਾਂ ਨੂੰ ਵੋਟ ਦਾ ਹੱਕ ਦਿੱਤਾ। ਵਿਧਾਨ ਸਭਾ ਵਿਚ ਆਉਣ ਦਾ ਹੱਕ ਦਿੱਤਾ। ਕੋਈ ਪੰਚਾਇਤ ਸੰਪੂਰਨ ਨਹੀਂ ਜਿਸ ਵੇਲੇ ਤਕ ਕਿ ਉਸ ਵਿਚ ਕੋਈ ਲੇਡੀ ਪੰਚ ਨਾ ਹੋਵੇ। ਮਹਾਤਮਾ ਗਾਂਧੀ ਦੇ ਦੇਸ਼ ਵਿਚੋਂ, ਪੰਡਿਤ ਨਹਿਰੂ ਦੇ ਦੇਸ਼ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਦੇਸ਼ ਵਿਚੋਂ ਇਹ ਦਾਜ ਦੀ ਲਾਹਣਤ ਜ਼ਰੂਰ ਖਤਮ ਹੋਣੀ ਚਾਹੀਦੀ ਹੈ। ਔਰ ਜੋ ਇਨ੍ਹਾਂ ਨੇ ਤੋਹਫਿਆਂ ਦੀ ਸ਼ਕਲ ਵਿਚ ਦਾਜ ਲੈਣ ਦੀ ਇਜ਼ਾਜਤ ਦਿੱਤੀ ਹੈ, ਉਹ ਵੀ ਖਤਮ ਹੋਣੀ ਚਾਹੀਦੀ ਹੈ (ਥੰਪਿੰਗ)।

ਮੈਂ ਦਾਜ ਦੀ ਵਿਰੋਧੀ ਨਹੀਂ, ਮੈਂ ਦਾਜ ਦੇ ਹਕ ਵਿਚ ਹਾਂ, ਲੜਕੀਆਂ ਨੂੰ ਦਾਜ ਦਿੱਤਾ ਜਾਏ ਮਗਰ ਤਾਲੀਮ ਦਾ ਦਾਜ ਦਿੱਤਾ ਜਾਏ ਜਿਸ ਨੂੰ ਨਾ ਕਿ ਉਸ ਦਾ ਖਾਵੰਦ ਖੋ ਸਕੇ ਨਾ ਉਸ ਦੀ ਸੱਸ ਖੋਹ ਸਕੇ (ਥੰਪਿੰਗ) ਲੜਕੀਆਂ ਲਈ ਫਰੀ ਵਿਦਿਆ ਹੋਣੀ ਚਾਹੀਦੀ ਹੈ ਔਰ ਅੱਛੇ ਔਹਦਿਆ ਤੇ ਸਾਡੀਆਂ ਲੇਡੀਜ਼ ਹੋਣੀਆਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਜਸਵੰਤ ਕੌਰ]

ਆਖਰੀ ਗਲ ਮੈਂ ਇਹ ਕਹਿਣੀ ਚਾਹੁੰਦੀ ਹਾਂ ਕਿ ਇਹ ਜੋ ਸਾਡੀ ਵਿਧਾਨ ਸਭਾ ਦੇ 104 ਮੈਂਬਰ ਹਨ, ਇਸ ਵਿਚ ਲੇਡੀਜ਼ ਮੈਂਬਰਜ਼ ਬਹੁਤ ਘਟ ਹਨ । ਆਉਣ ਵਾਲੀ ਵਿਧਾਨ ਸਭਾ ਵਿਚ ਲੇਡੀਜ਼ ਮੈਂਬਰਜ਼ ਨੂੰ ਵੱਧ ਤੋਂ ਵੱਧ ਨੁਮਾਇੰਦਗੀ ਦੇਣੀ ਚਾਹੀਦੀ ਹੈ । ਡਾਂਗ ਸਾਹਿਬ ਕਾਫੀ ਅੱਗੇ ਵਧੂ ਹਨ, ਇਨ੍ਹਾਂ ਨੂੰ ਵੀ ਵਿਧਾਨ ਸਭਾ ਵਿਚ ਆਪਣੇ ਲੇਡੀਜ਼ ਮੈਂਬਰਜ਼ ਲਿਆਉਣੇ ਚਾਹੀਦੇ ਹਨ । ਮੈਂ ਇਸ ਬਿੱਲ ਦੀ ਪ੍ਰੋੜ੍ਹਤਾ ਕਰਦੀ ਹਾਂ ਅਤੇ ਤੁਹਾਡਾ ਧੰਨਵਾਦ ਕਰਦੀ ਹਾਂ ਜਿਹੜਾ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ । ਜੈ ਹਿੰਦ ।

**ਸ੍ਰੀਮਤੀ ਗੁਰਦੇਵ ਕੌਰ ਗਿੱਲ (ਮੋਗਾ)**. ਸਪੀਕਰ ਸਾਹਿਬ, ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦੀ ਹਾਂ ਜਿਸ ਨੇ ਇਹ ਅੱਛਾ ਬਿਲ ਇਥੇ ਲਿਆਂਦਾ ਹੈ । ਜਿਸ ਤਰ੍ਹਾਂ ਕਿਹਾ ਜਾਂਦਾ ਹੈ:—

ਸਭ ਸ਼ਾਹੀ ਤਖ਼ਤ ਪਏ ਰਹਿੰਦੇ ਪਰ ਬੈਠਣਹਾਰ ਬਦਲਦੇ ਨੇ,
ਜਿਉਂ ਨਾਟਕ ਐਕਟਰ ਵਾਰੀ ਸਿਰ ਇਕ ਆਉਂਦਾ ਹੈ, ਇਕ ਜਾਂਦਾ ਹੈ ।

ਬੜੇ ਲੋਕ ਆਏ ਬੜੇ ਗਏ ਪਰ ਐਸਾ ਕਦਮ ਕਿਸੇ ਨੇ ਨਹੀਂ ਸੀ ਚੁਕਿਆ ਜੋ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਚੁੱਕਿਆ ਹੈ । ਦੇਖਿਆ ਜਾਂਦਾ ਹੈ ਕਿ ਇਸ ਬਿਲ ਨੂੰ ਲਿਆਉਣ ਤੋਂ ਪਹਿਲੇ ਵੀ ਇਹ ਕਦਮ ਚੁਕਿਆ ਗਿਆ ਸੀ ਕਿ ਜਿੱਥੇ ਵੀ ਕੋਈ ਲੜਕੀ ਸੜ ਕੇ ਮਰ ਜਾਏ ਜਾਂ ਕੁਝ ਹੋਰ ਵਜ੍ਹਾ ਕਰਕੇ ਮਰਦੀ ਹੈ ਤਾਂ ਉਸਦੀ ਅਰਥੀ ਉਦੋਂ ਤਕ ਨਾ ਚੁਕੀ ਜਾਵੇ ਜਿੰਨੀ ਦੇਰ ਮਾਪਿਆਂ ਅਤੇ ਹੋਰ ਆਸਿਉਂ ਪਾਸਿਉਂ ਲੋਕਾਂ ਦੀ ਤਸੱਲੀ ਨਾ ਹੋਵੇ । ਇਹ ਇਕ ਬਹੁਤ ਵੱਡਾ ਕਦਮ ਚੁਕਿਆ ਗਿਆ ਹੈ । ਇਹੋ ਜਿਹੀਆਂ ਸਰਕਾਰਾਂ ਕਦੇ ਨਹੀਂ ਸੀ ਆਈਆਂ ਜਿਸ ਤਰ੍ਹਾਂ ਦੀ ਇਹ ਸਰਕਾਰ ਆਈ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਕਹਿਣਾ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਕਿਹਾ ਜਾਂਦਾ ਹੈ—

ਬਦਲੇ ਤਖ਼ਤ ਤੇ ਤਾਜ ਤੇ ਰਾਜ ਬਦਲੇ, ਬਦਲੇ ਬਾਦਸ਼ਾਹ ਨਵੇਂ ਵਜ਼ੀਰ ਬਦਲੇ ।
ਬਦਲੇ ਦੇਸ਼ ਤੇ ਬਦਲ ਗਈ ਰਾਜ ਬਣਤਰ, ਸੰਗਲ ਨਵੇਂ ਤੇ ਨਵੇਂ ਜੰਜੀਰ ਬਦਲੇ ।
ਅੱਜ ਭਾਗ ਸੁਵਲੜੇ ਹੋਣ ਸਾਡੇ, ਜੇ ਬੀਬੀਆਂ ਦੀ ਅੱਜ ਤਕਦੀਰ ਬਦਲੇ ।

ਅੱਜ ਬੀਬੀਆਂ ਦੀ ਤਕਦੀਰ ਬਦਲਣ ਵਾਸਤੇ ਸਾਡੀ ਸਰਕਾਰ ਨੇ ਇਹ ਕਦਮ ਚੁਕਿਆ ਹੈ, ਮੈਂ ਇਸ ਸਰਕਾਰ ਨੂੰ ਇਸ ਗੱਲ ਤੇ ਲੱਖ ਲੱਖ ਵਧਾਈ ਦਿੰਦੀ ਹਾਂ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਜੋ ਵੀ ਕਦਮ ਚੁੱਕੇ ਹਨ ਉਨ੍ਹਾਂ ਲਈ ਠੀਕ ਹੈ ਇਹ ਕਾਨੂੰਨ ਬਣਾਉਣੇ ਚਾਹੀਦੇ ਹਨ । ਜੋ ਕਾਨੂੰਨ ਬਣਦੇ ਹਨ ਕਈ ਦਫਾ ਉਹ ਬਣ ਕੇ ਹੀ ਰਹਿ ਜਾਂਦੇ ਹਨ । ਜਿਸ ਤਰ੍ਹਾਂ ਕਤਲ ਦੇ ਕੇਸਾਂ ਵਾਸਤੇ, ਡਾਕਿਆਂ ਵਾਸਤੇ; ਚੋਰੀਆਂ ਵਾਸਤੇ ਬੜੇ ਸਖਤ ਕਾਨੂੰਨ ਬਣੇ ਹਨ, ਪਰ ਉਹ ਵੀ ਹੋਈ ਜਾਂਦੇ ਹਨ । ਇਸ ਕਰਕੇ ਜਿੰਨਾ ਚਿਰ ਲੋਕੀਂ, ਜਿੰਨਾ ਚਿਰ ਸਾਡੀ ਸਾਰੀ ਜਨਤਾ ਸਾਡਾ ਸਾਥ ਨਹੀਂ ਦੇਵੇਗੀ ਉਹ ਕਦੇ ਵੀ ਚੁਕਿਆ ਹੋਇਆ ਕਦਮ ਕਾਮਯਾਬ

Original with;
Punjab Vidhan Sabha
Digitized by;
Panjab Digital Library

ਨਹੀਂ ਹੋ ਸਕਦਾ । ਇਸ ਲਈ ਮੈਂ ਜਨਤਾ ਤੋਂ ਵੀ ਮੰਗ ਕਰਦੀ ਹਾਂ ਕਿ ਉਹ ਇਸ ਬਿੱਲ ਨਾਲ ਪੂਰਾ ਪੂਰਾ ਸਾਥ ਦੇਵੇ ਤਾਂ ਹੀ ਸਹੀ ਮਾਅਨਿਆਂ ਵਿਚ ਲਾਗੂ ਹੋ ਸਕਦਾ ਹੈ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਸਾਡੀ ਸਰਕਾਰ ਨੇ ਬੱਚਿਆਂ ਤੇ ਬੜਾ ਤਰਸ ਕੀਤਾ ਹੈ । ਸੂਹੇ ਸੁਹਾਨੇ ਪਹਿਨਣ ਵਾਲੀਆਂ ਸੂਹੇ ਚੂੜੇ ਛੱਡ ਕੇ ਰਾਖ ਦੀ ਢੇਰੀ ਬਣ ਜਾਂਦੀਆਂ ਸਨ, ਉਨ੍ਹਾਂ ਲਈ ਸਰਕਾਰ ਨੇ ਬੜਾ ਹੀ ਪਰਉਪਕਾਰ ਕੀਤਾ ਹੈ । ਸਪੀਕਰ ਸਾਹਿਬ, ਮੈਂ ਕਹਿੰਦੀ ਹਾਂ ਕਿ ਅੱਜ ਦੀ ਲੜਕੀ ਨੇ ਬੜੇ ਹੀ ਕੰਮ ਕਰਨੇ ਹਨ, ਉਹ ਦਾਜ ਵਾਸਤੇ ਹੀ ਨਾ ਬੈਠੀ ਰਹੇ, ਕਿ ਉਸ ਨੇ ਬੈਠ ਕੇ ਦਾਜ ਤਿਆਰ ਕਰਨਾ ਹੈ । ਉਹ ਪੁਰਾਣੇ ਵਕਤਾਂ ਦੀਆਂ ਲੜਕੀਆਂ ਹੁੰਦੀਆਂ ਸਨ ਜਿਹੜੀਆਂ ਸਿਉਣ ਆਦਿ ਦਾ ਕੰਮ ਕਰਕੇ ਆਪਣਾ ਦਾਜ ਬਣਾਉਂਦੀਆਂ ਸਨ । ਅੱਜ ਦੀਆਂ ਲੜਕੀਆਂ ਰਾਜਸੀ, ਆਰਥਿਕ ਤੇ ਸਮਾਜਕ ਖੇਤਰ ਵਿਚ ਬਰਾਬਰ ਦਾ ਹੱਕ ਲੈਣ ਲਈ ਜੱਦੋ ਜਹਿਦ ਕਰਦੀਆਂ ਹਨ । ਉਨ੍ਹਾਂ ਨੇ ਦੇਸ਼ ਦੀ ਤਰੱਕੀ ਵਾਸਤੇ ਬੜੇ ਬੜੇ ਕੰਮ ਕਰਨੇ ਹਨ । ਇਥੇ ਸਾਡੀ ਅਸੈਂਬਲੀ ਵਿਚ ਵੀ ਕਿਹਾ ਜਾਂਦਾ ਹੈ ਕਿ 25% ਸੀਟਾਂ ਇਨ੍ਹਾਂ ਵਾਸਤੇ ਰਖੀਆਂ ਜਾਣ, ਅਸੀਂ ਤਾਂ ਇਸ ਤੋਂ ਅੱਧੀਆਂ ਵਾਸਤੇ ਤਿਆਰ ਹਾਂ । 50 ਪਰਸੈਂਟ ਮਿਲਣੀਆਂ ਚਾਹੀਦੀਆਂ ਹਨ । ਮਾਂ ਦੀ ਹੈਸੀਅਤ ਵਿਚ ਵੀ ਉਹ ਚੰਗਾ ਕੰਮ ਕਰਦੀ ਹੈ ਅਤੇ ਬੱਚਿਆ ਨੂੰ ਪਾਲਦੀ ਹੈ । ਉਹ ਹਰ ਖੇਤਰ ਵਿਚ ਪੂਰਾ ਪੂਰਾ ਕੰਮ ਕਰ ਸਕਦੀ ਹੈ, ਇਸ ਲਈ ਉਸ ਨੂੰ ਅੱਗੇ ਆਉਣ ਦਾ ਮੌਕਾ ਦੇਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਅੱਜ ਦੀ ਇਸਤਰੀ ਨੂੰ ਜਦੋਂ ਪੁਰਾਣੀ ਇਸਤਰੀ ਨਾਲ ਮੇਲਿਆ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਪਹਿਲਾਂ 12 ਸਾਲ ਦੀ ਕੁੜੀ ਨੂੰ ਵਿਆਹਿਆ ਜਾਂਦਾ ਸੀ । ਜਿਸ ਤਰ੍ਹਾਂ ਕਿਹਾ ਜਾਂਦਾ ਹੈ—

ਕੰਨਿਆ ਵਿਆਹ ਦਿਉ ਪੁੰਨ ਥੋੜਾ ਹੋਊਗਾ ਅਸਮੇਦੀ ਭਾਈ ਜਗ ਦਾ ਦਾ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਔਰਤ ਘਰ ਨੂੰ ਚੰਗੀ ਤਰ੍ਹਾਂ ਚਲਾਉਂਦੀ ਹੈ, ਉਹ ਦੇਸ਼ ਨੂੰ ਚੰਗੀ ਤਰ੍ਹਾਂ ਚਲਾ ਸਕਦੀ ਹੈ । ਜਿਸ ਤਰ੍ਹਾਂ ਕਿਹਾ ਜਾਂਦਾ ਹੈ —

ਤੰਦ ਤੰਦ ਨਾਲ ਤੰਦ ਜੋੜ ਕੇ ਬਣ ਜਾਂਦੀ ਸੈ ਗਜ਼ ਦੀ ਤਾਣੀ ।
ਇਟ ਇਟ ਨਾਲ ਇਟ ਜੋੜ ਕੇ ਬਣ ਜਾਂਦੀ ਮਹਿਲ ਤੇ ਮਾੜੀ ।

ਥੋੜੀਆਂ ਥੋੜੀਆਂ ਚੀਜ਼ਾਂ ਜੁੜ ਕੇ ਇਕ ਵਡੀ ਚੀਜ਼ ਬਣਦੀ ਹੈ । ਇਸੇ ਤਰ੍ਹਾਂ ਦੇਸ਼ ਨੂੰ ਵੀ ਚਲਾਉਣਾ ਚਾਹੀਦਾ ਹੈ ਅਤੇ ਔਰਤ ਨੂੰ ਉਸ ਦੇ ਵਿਚ ਆਪਣਾ ਹਿੱਸਾ ਪਾਉਣ ਦਾ ਮੌਕਾ ਦੇਣਾ ਚਾਹੀਦਾ ਹੈ । ਸਪੀਕਰ ਸਾਹਿਬ ਉਹ ਤਾਬਿਆਦਾਰ ਵੀ ਬੜੀ ਹੈ । ਜਿੰਨੀ ਨਰਮ ਹੈ ਉਨੀ ਹੀ ਉਹ ਗਰਮ ਹੈ । ਜਿਸ ਤਰ੍ਹਾਂ ਕਿਹਾ ਜਾਂਦਾ ਹੈ—

ਕੀ ਹੋਇਆ ਜੇ ਨਾਰੀ ਨੇ ਵੀ ਚੁੱਕੀ ਤਾਬਿਆਦਾਰੀ,
ਬਣਵਾਸੀ ਦਾ ਸਾਥ ਨਿਭਾਇਆ ਸੀਤਾ ਰਾਜ ਦੁਲਾਰੀ ।
ਔਰਤ ਦਾ ਜੀਣਾ ਮੰਗ ਕੇ ਖਾਣਾ ਤੇ ਪੁਛ ਕੇ ਪੀਣਾ ।
ਹੰਝੂਆਂ ਨਾਲ ਭੀ ਹਸਦੇ ਰਹਿਣਾ ।

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਗੁਰਦੇਵ ਕੌਰ ਗਿੱਲ]

ਇਹ ਬਹੁਤ ਨਰਮ ਦਿਲ ਹੁੰਦੀ ਹੈ ਅਤੇ ਹਰ ਇਕ ਦੀ ਆਗਿਆਕਾਰ ਹੁੰਦੀ ਹੈ । ਜਿਸ ਤਰ੍ਹਾਂ ਕਿਹਾ ਜਾਂਦਾ ਹੈ—

ਦੇਖੋ ਔਰਤ ਦਾ ਦਸਤੂਰ, ਝਿੜਕਾਂ ਝੰਭਾਂ ਲੈ ਲੈ ਕੇ ਵੀ ਕਹਿੰਦੀ ਫੇਰ ਹਜ਼ੂਰ ।

ਇਹ ਔਰਤ ਦਾ ਹਾਲ ਹੁੰਦਾ ਹੈ, ਜੇ ਇਸ ਨੂੰ ਇਸ ਦਾਜ ਦੀ ਲਾਹਨਤ ਤੋਂ ਬਚਾਇਆ ਜਾਵੇ ਤਾਂ ਇਹ ਬਹੁਤ ਹੀ ਵਡਾ ਕੰਮ ਹੈ । ਜਿਸ ਤਰ੍ਹਾਂ ਕਿਹਾ ਜਾਂਦਾ ਹੈ—

ਖੰਗ ਨਹੀਂ ਤਾਪ ਨਹੀਂ ਹੋਰ ਕੋਈ ਰੋਗ ਨਹੀਂ
ਇਕੋ ਇਕ ਲਗੀ ਸਾਰੀ ਦਾਜ ਦੀ ਬੀਮਾਰੀ ਹੈ ।

ਜੇ ਦਾਜ ਨੂੰ ਖ਼ਤਮ ਕੀਤਾ ਜਾਵੇ ਤਾਂ ਇਹ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਦੇਸ਼ ਦੀ ਤਰੱਕੀ ਵਾਸਤੇ ਆਪਣਾ ਹਿੱਸਾ ਪਾ ਸਕਦੀ ਹੈ । ਜਿਸ ਤਰ੍ਹਾਂ, ਸਪੀਕਰ ਸਾਹਿਬ, ਕਿਹਾ ਜਾਂਦਾ ਹੈ ਕਿ ਕਈ ਦਫ਼ਾ ਇਨ੍ਹਾਂ ਦਾਜਾਂ ਦੇ ਪਿੱਛੇ ਲੜਕੀਆਂ ਨੂੰ ਬੜੇ ਦੁੱਖ ਅਤੇ ਕਸ਼ਟ ਕਟਣੇ ਪੈਂਦੇ ਹਨ—

ਕੋਲੋ ਕੋਲੀ ਘਰ ਵੇ ਜਿਨ੍ਹਾਂ ਦੇ, ਕੋਲੋ ਕੋਲੀ ਨਿਆਈਆਂ ।
ਕੋਲੋ ਕੋਲੀ ਮੰਨੇ ਗਡਾਲੇ ਗੱਲਾਂ ਕਹਨ ਦੁਖਦਾਈਆਂ ।
ਜੱਟਾਂ ਦੇ ਪੁਤ ਫੌਜੀ ਹੋ ਗਏ, ਗਲ ਵਿਚ ਰਫਲਾਂ ਪਾਇਆਂ ।
ਆਪ ਤਾਂ ਲੜਨ ਲੜਾਈਆਂ ਤੁਰ ਪਏ, ਵਸ ਸੱਸਾਂ ਦੇ ਪਾਈਆਂ ।
ਸੱਸ ਤਾਹਨਾ ਨਾ ਦੇਣੋਂ ਰਹਿੰਦੀ, ਰੋ ਰੋ ਕੇ ਜੀ ਸਹਿੰਦੀ ।
ਵਿਆਹ ਨਾ ਕਰਾਇਓ ਕੁੜੀਆਂ ਜਿਥੇ ਮੰਗ ਦਾਜ ਦੀ ਪੈਂਦੀ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਕਈ ਦਫ਼ਾ ਸ਼ਰਮ ਦੀ ਮਾਰੀ ਦਾਜ ਲੈਣ ਵਾਸਤੇ ਕੁੜੀ ਚੁਪ ਕਰ ਜਾਂਦੀ ਹੈ । ਜਿਸ ਤਰ੍ਹਾਂ ਕਿਹਾ ਜਾਂਦਾ ਹੈ—

ਬੰਨ ਕੇ ਸੇਹਰੇ ਵਿਆਹੁਣ ਆ ਗਏ, ਲੈ ਕੇ ਦੋ ਸੌ ਜਾਂਞੀ ।
ਘੋੜੀਆਂ ਜੋੜੀਆਂ ਮੰਗਣ ਬਹਿ ਗਏ, ਮੈਂ ਸੁਣੀਦੀ ਸੀ ਕੰਨੀ ।
ਇਕ ਜੀਅ ਕਰਦਾ ਖਾ ਕੇ ਮਰ ਜਾਂ, ਨਾ ਬਾਪ ਨੂੰ ਗਹਿਣੇ ਪਾਵਾਂ ।
ਇਕ ਜੀਅ ਕਰਦਾ ਬਹਿ ਜਾਂ ਵੀਰ ਕੇ, ਨਾ ਲਾਲਚੀਆਂ ਦੇ ਜਾਵਾਂ ।
ਪਰ ਪਹਿਲੀ ਲਾਜ ਮੈਨੂੰ ਮਾਪਿਆਂ ਦੀ ਮਾਰੇ, ਦੂਜੀ ਮਾਰੇ ਭਰਾਵਾਂ ।
ਤੀਜੀ ਲਾਜ ਮੈਨੂੰ ਦੇਸ਼ ਦੀ ਮਾਰੇ, ਗਲ ਚੜ੍ਹ ਜੂ ਸਰਕਾਰਾਂ ।
ਚੁੱਪ ਕਰ ਤੁਰ ਜਾਂਦੀ ਨਹੀਂ ਡੂਮ ਗਾਉਣਗੇ ਵਾਰਾਂ ।

ਇਸ ਕਰਕੇ ਉਹ ਵਿਚਾਰੀ ਚੁੱਪ ਕਰ ਕੇ ਤੁਰ ਜਾਂਦੀ ਹੈ । ਆਪਣੇ ਭਰਾਵਾਂ ਦੀ ਆਪਣੇ ਮਾਂ ਬਾਪ ਦੀ ਅਤੇ ਆਪਣੇ ਦੇਸ਼ ਦੀ ਲਾਜ ਰਖਦਿਆਂ ਉਹ ਚੁਪ ਕਰਕੇ ਤੁਰ ਜਾਂਦੀ ਹੈ ।

ਬਾਕੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਇਸ ਸਰਕਾਰ ਨੇ ਇਨ੍ਹਾਂ ਸਾਡੀਆਂ ਬੱਚੀਆਂ ਤੇ ਬੜਾ ਪਰਉਪਕਾਰ ਕੀਤਾ ਹੈ, ਤਰਸ ਕੀਤਾ ਹੈ । ਪਿਛਲੇ ਸਮੇਂ ਤੋਂ ਦਾਜ ਦੀ ਲਾਹਨਤ ਚਲੀ ਆਉਂਦੀ ਆ ਰਹੀ ਹੈ । ਦਿਨ ਰਾਤ ਘਰ ਵਿਚ ਲੜਕੀ

Original with;
Punjab Vidhan Sabha
Digitized by;
Panjab Digital Library

ਸਹੁਰਿਆਂ ਦੇ ਕਮਾਉਂਦੀ ਹੈ ਪਰ ਉਹ ਕਪੜਾ ਵਗੈਰਾ ਆਪਣੇ ਮਾਂ ਬਾਪ ਦੇ ਘਰ ਤੋਂ ਲੈ ਕੇ ਪਾਉਂਦੀ ਹੈ। ਉਨ੍ਹਾਂ ਦਾ ਤਾਂ ਇਹ ਹਾਲ ਹੁੰਦਾ ਹੈ—

ਆਓ ਜਾਓ ਬੀਬੀਓ ਘਰ ਬਾਹਰ ਤੁਹਾਡਾ,
ਆਟਾ ਲਿਆਓ ਪੇਕਿਉਂ ਪ੍ਰਤ ਲਉ ਸਾਡਾ।
ਖਾਓ ਪੀਓ ਆਪਣਾ ਜਸ ਗਾਓ ਸਾਡਾ।

ਜਦੋਂ ਉਹ ਬਹੁਤ ਦੁੱਖੀ ਹੋ ਜਾਂਦੀ ਹੈ ਤਾਂ ਇਹ ਸੋਚਦੀ ਹੈ ਕਿ ਉਹ ਤਾਹਨਾ ਕਿਸ ਨੂੰ ਦੇਵੇ। ਤਾਹਨਾ ਦੇਣ ਬੈਠਦੀ ਹੈ ਤਾਂ ਉਹ ਆਪਣੇ ਘਰ ਵਾਲੇ ਨੂੰ ਤਾਹਨਾ ਦਿੰਦੀ ਹੈ ਕਿ—

ਪੈਰ ਮੇਰੇ ਦੀ ਜੁਤੀ ਟੁੱਟੀ ਸਿਰ ਦਾ ਟੁੱਟਿਆ ਪਰਾਂਦਾ।
ਝੂਠਿਆ ਵੇ ਸਜਣਾ ਕਾਹਨੂੰ ਫਿਰੇ ਕਮਾਂਦਾ।

ਸਪੀਕਰ ਸਾਹਿਬ, ਉਸ ਨੂੰ ਖਾਣ ਵਾਸਤੇ ਰੋਟੀ ਵੀ ਨਹੀਂ ਮਿਲਦੀ। ਉਸ ਨੂੰ ਕਈ ਦਫ਼ਾ ਸਹੁਰੇ ਘਰ ਵਿਚ ਲਾਹਨਤ ਦਿੰਦੇ ਹਨ—

ਬਹੁਤੇ ਨੀਂ ਭਰਾਵਾਂ ਵਾਲੀਏ, ਤੈਨੂੰ ਤੀਆਂ ਨੂੰ ਲੈਣ ਨਹੀਂ ਆਏ।

ਉਸ ਨੂੰ ਇਹ ਕਿਹਾ ਜਾਂਦਾ ਹੈ ਕਿ ਤੇਰੇ ਭਾਈਆਂ ਨੇ ਕੁਝ ਨਹੀਂ ਕੀਤਾ, ਉਹ ਕਹਿੰਦੀ ਹੈ—

ਗਡੀ ਜੋੜ ਕੇ ਲਿਆਈਂ ਮੇਰੇ ਵੀਰਾ ਕਰੂਆ ਦੇ ਵਰਤਾਂ ਨੂੰ।

(ਵਿਘਨ)

**ਕਾਮਰੇਡ ਅਰਜਨ ਸਿੰਘ ਮਸਤਾਨਾ:** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੇਰੀ ਸੀਟ ਸਾਰੀ ਚੋਂਦੀ ਹੈ, ਇਸ ਦਾ ਕੋਈ ਬੰਦੋਬਸਤ ਕਰੋ। (ਵਿਘਨ) ਉਪਰੋਂ ਪਾਣੀ ਆਉਂਦਾ ਹੈ।

**ਸ੍ਰੀ ਸਪੀਕਰ :** ਤੁਸੀਂ ਆਪਣੀ ਸੀਟ ਬਦਲ ਲਓ।

**ਉਪ ਮੰਤਰੀ, ਸਿੰਜਾਈ ਅਤੇ ਬਿਜਲੀ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮਸਤਾਨਾ ਜੀ ਪਾਣੀ ਬਹੁਤ ਮੰਗਦੇ ਸੀ ਅਤੇ ਕਹਿੰਦੇ ਸਨ ਕਿ ਸਾਨੂੰ ਪਾਣੀ ਨਹੀਂ ਪਹੁੰਚਦਾ। ਰੱਬ ਨੇ ਇਨ੍ਹਾਂ ਨੂੰ ਪਾਣੀ ਦੇ ਦਿਤਾ ਹੈ। (ਹਾਸਾ) (ਵਿਘਨ)

**ਸ੍ਰੀਮਤੀ ਗੁਰਦੇਵ ਕੌਰ ਗਿੱਲ :** ਸਪੀਕਰ ਸਾਹਿਬ, ਮੈਂ ਦੋ ਚਾਰ ਮਿੰਟਾਂ ਵਿਚ ਹੀ ਖ਼ਤਮ ਕਰ ਦਿਆਂਗੀ।

ਮੈਂ ਕਹਿਣਾ ਚਾਹੁੰਦੀ ਹਾਂ ਕਿ ਇਹ ਜਦੋਂ ਧੀ ਬਣਦੀ ਹੈ ਤਾਂ ਕਿੰਨੀ ਅੱਛੀ ਧੀ ਬਣਦੀ ਹੈ ਅਤੇ ਕਹਿੰਦੀ ਹੈ ਕਿ :

ਰੱਖ ਲਈਂ ਕੁਆਰੀ ਬਾਬਲਾ,
ਪੁਤ ਬਣ ਕੇ ਕਮਾਊਂ ਘਰ ਤੇਰੇ।

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਗੁਰਦੇਵ ਕੌਰ ਗਿੱਲ]

ਜਦੋਂ ਭੈਣ ਬਣਦੀ ਹੈ ਤਾਂ ਭਰਾ ਦੇ ਪਿਆਰ ਵਿਚ ਕੀ ਕਹਿੰਦੀ ਹੈ :—

ਜਿਥੋਂ ਦੀ ਮੇਰਾ ਵੀਰ ਲੰਘਦਾ,
ਉਥੇ ਕਿੱਕਰਾਂ ਨੂੰ ਲਗਦੇ ਮੋਤੀ ।

ਇਸੇ ਤਰ੍ਹਾਂ ਮਾਂ ਦਾ ਰੋਲ ਅਦਾ ਕਰਦੀ ਹੈ ਅਤੇ ਜਦੋਂ ਦਾਦੀ ਬਣਦੀ ਹੈ ਤਾਂ ਵੇਖੋ ਕਿ ਕਿਸ ਤਰ੍ਹਾਂ ਮਾਤਾ ਗੁਜਰੀ ਨੇ ਆਪਣੇ ਪੋਤੇ ਸਾਹਿਬਜ਼ਾਦਿਆਂ ਲਈ ਕੁਰਬਾਨੀ ਕਰਨ ਦੀ ਪ੍ਰੇਰਨਾ ਕੀਤੀ । ਇਸ ਕਰਕੇ ਮੈਂ ਕਹਿੰਦੀ ਹਾਂ ਕਿ ਔਰਤ ਨੂੰ ਨਿੰਦਣਾਂ ਨਹੀਂ ਚਾਹੀਦਾ । ਇਸ ਨੂੰ ਨਿੰਦਣਾ ਬੁਰੀ ਚੀਜ਼ ਹੈ । ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਇਸ ਸਰਕਾਰ ਨੇ ਇਹ ਦਹੇਜ ਵਰਗੀ ਲਾਹਨਤ ਨੂੰ ਲਾਹ ਕੇ ਬਹੁਤ ਬੜਾ ਪਰਉਪਕਾਰ ਕੀਤਾ ਹੈ । ਜਿਹੜੀਆਂ ਕਮੀਆਂ ਰਹਿ ਗਈਆਂ ਹਨ, ਮੈਨੂੰ ਆਸ਼ਾ ਹੈ ਕਿ ਉਹ ਵੀ ਦੂਰ ਹੋ ਜਾਣਗੀਆਂ । ਇਤਨਾ ਕਹਿੰਦੀ ਹੋਈ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦੀ ਹਾਂ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਸਪੀਕਰ ਸਾਹਿਬ, ਮੇਰੀ ਪਹਿਲੀ ਗੱਲ ਇਹ ਹੈ ਕਿ ਇਹ ਜਿਹੜੀ ਬਿਮਾਰੀ ਸੀ ਇਹ ਡਿਸਪੈਰੇਟ ਸੀ । ਇਸ ਦੇ ਲਈ ਜਿਹੜੇ ਮਯੀਅੱਰਜ਼ ਲਏ ਹਨ, ਉਹ ਹਾਫ਼ ਹਾਰਟਿਡਲੀ ਲਏ ਗਏ ਹਨ । ਆਸ਼ਾ ਠੀਕ ਹੈ, ਚੰਗੇ ਪਾਸੇ ਕਦਮ ਚੁੱਕੇ ਹਨ, ਪਰ ਟੋਟਲੀ ਨਹੀਂ, ਹਾਫ਼ ਹਾਰਟਿਡਲੀ। ਸਪੀਕਰ ਸਾਹਿਬ, ਇਹ ਜਿਹੜੀ ਡਾਊਰੀ ਹੈ, ਇਸ ਦੀ ਜਿਹੜੀ ਪ੍ਰਥਾ ਹੈ ਇਹ as old as marriage' ਹੈ, ਲੇਕਿਨ ਮਾਲੂਮ ਹੁੰਦਾ ਹੈ ਕਿ ਸਾਡੇ ਜਿਹੜੇ ਫੋਰ ਫਾਦਰਜ਼ ਸਨ, ਉਨ੍ਹਾਂ ਦੀ ਜਾਇਦਾਦ ਵਿਚੋਂ ਲੜਕੀ ਨੂੰ ਹਿੱਸਾ ਨਹੀਂ ਸੀ ਮਿਲਦਾ । ਉਸ ਨੂੰ ਕੰਪਨਸੇਟ ਕਰਨ ਵਾਸਤੇ ਸਾਡੇ ਵੱਡੇ ਵੱਡੇਰਿਆਂ ਨੇ ਇਹ ਰੀਤ ਤੋਰੀ ਸੀ ਕਿ ਲੜਕੀ ਨੂੰ ਦਾਜ ਵਿਚ ਹਾਊਸ ਹੋਲਡਜ਼ ਦਿਤੇ ਜਾਣ ਜਿਵੇਂ ਚਰਖਾ, ਬੇਲਣਾ, ਸੰਦੂਕ ਆਦਿ ਤਾਂਕਿ ਉਹ ਨਵਾਂ ਘਰ ਵਸਾ ਸਕੇ । ਇਹ ਟਰਡੀਸ਼ਨ ਮਾੜੀ ਨਹੀਂ ਸੀ ਐਜ਼ ਸੱਚ । ਲੇਕਿਨ ਸਪੀਕਰ ਸਾਹਿਬ, ਜਦੋਂ ਕੈਪੀਟਲਿਜ਼ਮ ਦਾ ਦੌਰ ਦੌਰਾ ਆਇਆ, ਜਿਸ ਤਰ੍ਹਾਂ ਉਹ ਆਪ ਕੁਰੱਪਟ ਸੀ ਉਸਨੇ ਲੋਕਾਂ ਨੂੰ ਵੀ ਕੁਰੱਪਟ ਕਰ ਦਿੱਤਾ । 1956 ਵਿਚ ਹਿੰਦੂ ਸਕਸੈਸ਼ਨ ਐਕਟ ਵਿਚ ਆਇਆ ਕਿ ਲੜਕੀ ਆਪਣੇ ਬਾਪ ਦੀ ਜਾਇਦਾਦ ਵਿਚ ਹਿੱਸੇਦਾਰ ਬਣੇਗੀ । ਫਿਰ ਨਵੀਂ ਸਿਚੂਏਸ਼ਨ ਅਰਾਈਜ਼ ਹੋ ਗਈ । ਉਸ ਨੂੰ ਟੋਟਲੀ ਕਰਬ ਕੀਤਾ ਜਾਏ ਤਾਂ ਕਿ ਗਲਤ ਪਾਸੇ ਨਾ ਲਿਜਾਇਆ ਜਾ ਸਕੇ । ਮੈਂ ਸਮਝਦਾ ਹਾਂ ਕਿ ਇਹ ਜਿਹੜਾ ਬਿਲ ਲਿਆਏ ਹਨ, ਇਹ ਠੀਕ ਨਹੀਂ ਹੈ । ਇਸ ਵਿਚ 6 ਮਹੀਨਿਆਂ ਦੀ ਸਜ਼ਾ ਹੈ ਅਤੇ ਅੱਗੇ ਇਹ ਇਕ ਸਾਲ ਤਕ ਸੀ । ਖਾਣੇ ਵਾਸਤੇ 25 ਆਦਮੀਆਂ ਦਾ ਪ੍ਰਬੰਧ ਰਖਿਆ ਹੈ, ਅੱਗੇ ਕਿਤੇ ਘੱਟ ਵੀ ਜਾਂਦੇ ਹੋਣੇ ਹਨ । ਬਾਜੇ ਵਾਲਿਆਂ ਦਾ ਕੀਤਾ ਹੈ ਅੱਗੇ ਸ਼ਾਇਦ 50% ਵਿੱਚ ਬਾਜੇ ਵਾਲੇ ਨਾ ਵੀ ਜਾਂਦੇ ਹੋਣਗੇ, ਉਹ ਵੀ ਪਾ ਦਿੱਤੇ ਹਨ । ਹੁਣ ਖਾਣੇ ਦਾ ਦੋ ਵਾਰੀ ਕਰ ਦਿਤਾ ਹੈ ਜਿਹੜਾ ਕਿ ਅਗੇ ਦੋਪਹਿਰ ਨੂੰ ਖਾਣਾ ਇਕ ਦੇ ਕੇ ਤੇ ਜੰਝ ਤੁਰ ਜਾਂਦੀ ਸੀ । ਇਨ੍ਹਾਂ ਤੋਂ ਇਲਾਵਾ ਜਿਹੜੀ ਇਸ ਬਿਲ ਵਿਚ ਸਭ ਤੋਂ ਵੱਡੀ ਊਣਤਾਈ ਹੈ ਉਹ ਇਹ ਹੈ ਕਿ ਇਸ ਵਿਚ ਸ਼ਾਦੀ ਦੇ ਖਰਚ ਉਤੇ ਕੋਈ ਪਾਬੰਦੀ ਨਹੀਂ ਲਗਾਈ ਗਈ ਹੈ । The dowry is a part of marriage expenditure. ਡਾਉਰੀ ਵੀ ਸ਼ਾਦੀ ਦੇ ਖਰਚ ਦਾ ਇੱਕ ਹਿੱਸਾ ਹੈ, ਉਸ ਦੇ ਉਤੇ ਕੋਈ ਪਾਬੰਦੀ ਨਹੀਂ ਹੈ । ਮੈਂ ਇਸ ਬਾਰੇ ਅਮੈਂਡਮੈਂਟ ਵੀ ਦਿੱਤੀ ਹੈ ਅਤੇ ਇਸ ਲਈ ਹੁਣ ਬੋਲਣ ਲਗਾਂ

Original with;
Punjab Vidhan Sabha
Digitized by;
Panjab Digital Library

ਹਾਂ ਤਾਂ ਕਿ ਉਸ ਵੇਲੇ ਨਾ ਬੋਲਣਾ ਪਏ । ਮੈਂ ਕਹਿੰਦਾ ਹਾਂ ਕਿ ਹਰਿਆਣਾ ਦਾ ਜਿਹੜਾ ਬਿਲ ਹੈ ਉਸ ਦੀ ਸੈਕਸ਼ਨ-3 ਵਿਚ ਕਿਹਾ ਹੈ ਕਿ :—

> 'No person shall give or take or abet the giving or taking of dowry or shall incur marriage expenses, the aggregate value whereof exceeds five thousand rupees'.

5 ਹਜ਼ਾਰ ਤੋਂ ਵਧ ਖਰਚ ਦੀ ਮਨਾਹੀ ਕੀਤੀ ਹੈ ਅਤੇ ਮੈਰਿਜ ਦੇ ਖਰਚ ਦੀ ਡੈਫ਼ੀਨੀਸ਼ਨ ਦਿੱਤੀ ਹੈ, ਉਨ੍ਹਾਂ ਨੇ ਕਿਹਾ ਹੈ ਕਿ :—

> 'Consideration for the marriage of the said parties or otherwise and includes the Thakka, Sagai, Tikka, Shagan and Milni.'

ਇਹ ਉਨ੍ਹਾਂ ਨੇ ਸਾਰੇ ਖਰਚ ਬਾਰੇ ਇਕ ਡੈਫ਼ੀਨੀਸ਼ਨ ਦਿੱਤੀ ਹੈ ਇਨ੍ਹਾਂ ਨੇ ਦੋ ਰੋਟੀਆਂ ਦਾ ਕਿਹਾ ਹੈ ਮੈਂ ਕਹਿੰਦਾ ਹਾਂ ਕਿ ਇਹ ਗ਼ਲਤ ਹੈ। ਦੋ ਰੋਟੀਆਂ ਦਾ ਸੁਆਲ ਹੀ ਨਹੀਂ। ਸੁਆਲ ਇਸ ਗੱਲ ਦਾ ਹੈ ਕਿ ਮੈਰਿਜ ਦੇ ਟੋਟਲ ਖਰਚ 5 ਹਜ਼ਾਰ ਤੋਂ ਵੱਧ ਨਾ ਹੋਵੇ । ਜੇ ਇਸ ਬਿਮਾਰੀ ਨੂੰ ਮਾਰਨਾ ਚਾਹੁੰਦੇ ਹਨ ਤਾਂ ਪੂਰੀ ਤਰ੍ਹਾਂ ਨਾਲ ਮਾਰਨ ਅਤੇ ਐਵੇਂ ਨਾਂ ਫੁਨਸੀਆਂ ਦੇ ਇਲਾਜ ਮਗਰ ਪਏ ਰਹਿਣ । ਮੈਂ ਕਹਿੰਦਾ ਹਾਂ ਕਿ ਇਹ ਬਿਲ ਸਰਦਾਰ ਉਮਰਾਓ ਸਿੰਘ ਨੇ ਕਾਹਲੀ ਨਾਲ ਲਿਆਂਦਾ ਹੈ । ਸਰਦਾਰ ਉਮਰਾਓ ਸਿੰਘ ਮੇਰੇ ਦੋਸਤ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਈ ਵਾਰੀ ਇਹੋ ਜਿਹੀਆਂ ਚੀਜ਼ਾਂ ਹੋਈਆਂ ਹਨ, ਲੇਕਿਨ ਉਨ੍ਹਾਂ ਦਾ ਪੂਰਾ ਇਲਾਜ ਨਹੀਂ ਹੋਇਆ । ਜਿਸ ਤਰ੍ਹਾਂ ਲੈਂਡ ਰਿਫ਼ਾਰਮਜ਼ ਐਕਟ 1972 ਵਿਚ ਲਿਆਂਦਾ ਸੀ, ਪਰ ਅਜੇ ਤਕ ਲਾਗੂ ਨਹੀਂ ਹੋਇਆ । ਇਹ ਵੀ ਲਾਅ ਬਣ ਜਾਣਾ ਹੈ ਪਰ ਪਤਾ ਨਹੀਂ ਕਿਸ ਤਰ੍ਹਾਂ ਲਾਗੂ ਹੋਣਾ ਹੈ। ਮੈਂ ਕਹਿੰਦਾ ਹਾਂ ਕਿ ਇਸ ਦੇ ਕੰਟੈਂਟਸ ਵਿਚ ਤਬਦੀਲੀ ਲਿਆਉਣੀ ਚਾਹੀਦੀ ਹੈ। ਇਸ ਦਾ ਟੋਟਲ ਖਰਚ 5 ਹਜ਼ਾਰ ਹੋਣਾ ਚਾਹੀਦਾ ਹੈ, ਇਸ ਤੋਂ ਵੱਧ ਨਹੀਂ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਬਾਈ ਐਂਡ ਲਾਰਜ ਮੈਂਬਰਜ਼ ਸਾਹਿਬਾਨ ਨੇ ਇਸ ਬਿਲ ਦਾ ਸੁਆਗਤ ਕੀਤਾ ਹੈ । ਮੈਂ ਹਾਊਸ ਦਾ ਧਿਆਨ ਇਸ ਗੱਲ ਵੱਲ ਦਿਲਾਉਣਾ ਚਾਹੁੰਦਾ ਹਾਂ ਕਿ 1961 ਵਿਚ ਪਾਰਲੀਆਮੈਂਟ ਨੇ ਐਂਟੀ ਡਾਉਰੀ ਬਿਲ ਪਾਸ ਕੀਤਾ ਸੀ । ਉਮਨੂੰ ਇਥੇ ਮੈਂਬਰ ਸਾਹਿਬਾਨ ਨੇ ਵੀ ਰੈਫਰ ਕੀਤਾ ਹੈ ਅਤੇ ਉਸ ਦੀ ਸਾਰੇ ਮੁਲਕ ਵਿਚ ਚਰਚਾ ਹੋਈ ਸੀ । ਉਸ ਤੇ ਐਕਸ਼ਨ ਹੋਇਆ ਜਾਂ ਨਹੀਂ ਹੋਇਆ ਉਸ ਬਿਲ ਨੂੰ ਅਗਰ ਵੇਖਿਆ ਜਾਏ ਤਾਂ ਇਹ ਗਲ ਪ੍ਰਤੀਤ ਹੁੰਦੀ ਹੈ ਕਿ ਉਸ ਬਿਲ ਦੇ ਮੁਤਾਬਕ ਕਿਸੇ ਕੰਪਲੇਂਟ ਦੀ ਬਿਨਾਂ ਤੇ ਐਕਸ਼ਨ ਲਿਆ ਜਾਣਾ ਸੀ । ਜੇ ਕਿਸੇ ਨੇ ਕੰਪਲੇਂਟ ਨਹੀਂ ਕੀਤੀ ਤਾਂ ਐਕਸ਼ਨ ਨਹੀਂ ਲਿਆ ਗਿਆ। ਇਥੇ ਕਿਹਾ ਗਿਆ ਕਿ ਉਸ ਐਕਟ ਦੇ ਜਿਹੜੇ ਪ੍ਰੋਵੀਜ਼ਨ ਸਨ ਉਹ ਆਪ੍ਰੇਟਿਵ ਨਹੀਂ ਸਨ । ਮੈਂ ਮੈਂਬਰ ਸਾਹਿਬਾਨ ਦਾ ਧਿਆਨ ਇਸ ਗਲ ਵਲ ਦਿਲਾਉਣਾ ਚਾਹੁੰਦਾ ਹਾਂ ਅਤੇ ਮੈਂਬਰ ਸਾਹਿਬਾਨ ਨੇ ਜ਼ਿਕਰ ਕੀਤਾ ਹੈ ਕਿ ਬਹੁਤ ਸਾਰੇ ਕੇਸਿਜ਼ ਪਬਲਿਕ ਵਿਚ ਆਏ ਹਨ । ਕੁਝ ਮੈਂਬਰਾਂ ਨੇ ਕਿਹਾ ਕਿ ਸਟੋਵ ਨਾਲ ਸੜ ਗਈ ਨੂੰਹ ਜਾਂ ਕਿਸੇ ਦੀ ਭੈਣ ਸੁਅੱਰਗਵਾਸ ਹੋ ਗਈ । ਉਹ ਸੱਬਸੀਕੁਐਂਟ ਟੂ ਮੈਰਿਜ ਐਕਸ਼ਨ ਸੀ । ਉਹ ਜਿਹੜਾ ਪਾਰਲੀਆਮੈਂਟ ਦਾ ਐਕਟ ਹੈ ਉਸ ਵਿਚ ਇਸ ਕਿਸਮ ਦਾ ਕੋਈ ਪ੍ਰੋਵੀਜ਼ਨ ਨਹੀਂ ਕਿ ਜੇ ਮੈਰਿਜ ਤੋਂ ਬਾਅਦ ਡਾਉਰੀ ਮੰਗੀ ਜਾਏ ਜਾਂ ਲੜਕੀ ਨੂੰ ਟਾਰਚਰ ਕੀਤਾ ਜਾਏ ਆਦਿ ਤਾਂ ਫਿਰ ਕੀ ਐਕਸ਼ਨ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਹੋਵੇ । ਇਹ ਚੀਜ਼ਾਂ ਉਸ ਐਕਟ ਵਿਚ ਨਹੀਂ ਸਨ । ਮੈਂ ਸਮਝਦਾ ਹਾਂ ਕਿ ਇਸ ਬਿਲ ਵਿਚ ਇਹ ਸਭ ਤੋਂ ਵੱਡੀ ਚੀਜ਼ ਕੀਤੀ ਹੈ ਕਿ ਇਕ ਔਰਤ ਦੀ ਕਿਸੇ ਭੈਣ ਦੀ ਸ਼ਾਦੀ ਸ਼ੁਦਾ ਜ਼ਿੰਦਗੀ ਜਿਹੜੀ ਹੈ ਉਹ ਸਹੀ ਤਰੀਕੇ ਨਾਲ ਵਤੀਤ ਕਰੇ ਅਤੇ ਅਗਰ ਕੋਈ ਰੁਕਾਵਟ ਉਸ ਵਿਚ ਆਉਂਦੀ ਹੈ ਤਾਂ ਇਹ ਬਿਲ ਉਸ ਨੂੰ ਦੂਰ ਕਰਨ ਦੇ ਯਤਨ ਕਰੇਗਾ । ਸਪੀਕਰ ਸਾਹਿਬ, ਮੈਰਿਜ ਤੋਂ ਬਾਅਦ ਖੁਦਕਸ਼ੀ ਦੀ ਲੋੜ ਕਿਉਂ ਪੈਂਦੀ ਹੈ, ਅਗਰ ਕੋਈ ਕਿਸੇ ਨਾਲ ਧੱਕਾ ਕਰੇਗਾ, ਜਾਂ ਜ਼ਬਰਦਸਤੀ ਕਰੇਗਾ ਜਾਂ ਟਾਰਚਰ ਕਰੇਗਾ ਤਾਂ ਹੀ ਇਸ ਚੀਜ਼ ਦੀ ਲੋੜ ਪੈਂਦੀ ਹੈ । ਸਪੀਕਰ ਸਾਹਿਬ, ਇਸ ਚੀਜ਼ ਵਾਸਤੇ ਇਸ ਬਿਲ ਵਿਚ ਖਾਸ ਤੌਰ ਤੇ ਜ਼ਿਕਰ ਕੀਤਾ ਹੈ ਅਤੇ ਉਹ ਚੀਜ਼ ਸੈਕਸ਼ਨ-4 'ਬੀ' ਵਿਚ ਲਿਆਂਦੀ ਗਈ ਹੈ :—

> Section 4-B 'Penalty for depriving any party of rights and privileges of marriage.'

ਜਿਹੜੀ ਮੈਰਿਜ ਹੋ ਚੁਕੀ ਹੈ ਉਸ ਤੋਂ ਬਾਅਦ ਕਿਸੇ ਨੂੰ ਮੈਰਿਜ ਦੇ ਪ੍ਰਿਵਿਲਜਿਜ਼ ਤੋਂ ਡਿਪਰਾਈਵ ਕਰਨਾ ਔਫੈਂਸ ਹੈ । ਮੈਂ ਸਮਝਦਾ ਹਾਂ ਕਿ ਮੈਰਿਜ ਤੋਂ ਬਾਅਦ ਦੇ ਬਹੁਤ ਸਾਰੇ ਮਸਲੇ ਇਸ ਹਾਉਸ ਵਿਚ ਰੇਜ਼ ਕੀਤੇ ਗਏ ਹਨ । ਜਿਥੋਂ ਤਕ ਡਾਉਰੀ ਲੈਣ ਦਾ ਤੁਅੱਲਕ ਹੈ ਉਸ ਦੇ ਬਾਰੇ ਲੜਕੇ ਔਰ ਲੜਕੀਆਂ ਕਾਫ਼ੀ ਬੋਲਡ ਹੋ ਚੁਕੇ ਹਨ । ਇਹ ਚੀਜ਼ਾਂ ਅਖਬਾਰਾਂ ਵਿਚ ਵੀ ਆਉਂਦੀਆਂ ਰਹਿੰਦੀਆਂ ਹਨ ਕਿ ਕਿਸੇ ਥਾਂ ਤੇ ਲੜਕੇ ਦੇ ਬਾਪ ਨੇ ਡਾਉਰੀ ਮੰਗੀ ਅਤੇ ਲੜਕੀ ਨੇ ਵਿਆਹ ਕਰਾਉਣ ਤੋਂ ਜਵਾਬ ਦੇ ਦਿੱਤਾ ਅਤੇ ਬਾਰਾਤ ਖਾਲੀ ਵਾਪਸ ਲੌਟ ਗਈ । ਸਾਡੇ ਬੱਚੇ ਬੋਲਡ ਹੋ ਰਹੇ ਹਨ, ਉਨ੍ਹਾਂ ਵਿਚ ਜਾਗ੍ਰਤੀ ਆ ਰਹੀ ਹੈ । ਜਿਹੜੇ ਕੇਸਿਜ਼ ਉਸ ਐਕਟ ਵਿਚ ਕਵਰ ਨਹੀਂ ਸੀ ਹੋਏ ਉਨ੍ਹਾਂ ਨੂੰ ਕਵਰ ਕਰਨ ਦੇ ਯਤਨ ਕੀਤੇ ਗਏ ਹਨ । ਸਪੀਕਰ ਸਾਹਿਬ, ਇਥੇ ਮੈਰਿਜ ਤੇ ਖਰਚ ਕਰਨ ਦੀ ਰਕਮ ਬਾਰੇ ਕਿਹਾ ਗਿਆ ਹੈ ਕਿ 5 ਹਜ਼ਾਰ ਤਕ ਦੀ ਇਜਾਜ਼ਤ ਹੋਵੇ । ਮੇਰੀ ਗੁਜ਼ਾਰਿਸ਼ ਇਹ ਹੈ ਕਿ ਜਦੋਂ ਦੀ ਸਾਡੇ ਦੇਸ਼ ਵਿਚ ਕਾਲੇ ਧੰਨ ਨੂੰ ਫੜਨ ਦੀ ਮੁਹਿੰਮ ਚਲੀ ਹੈ ਉਸ ਦੇ ਬਾਰੇ ਲੋਕਾਂ ਦੇ ਵਿਚ ਵੀ ਜਾਗ੍ਰਿਤੀ ਆਈ ਅਤੇ ਸਾਡੇ ਚੀਫ਼ ਮਨਿਸਟਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਨੇ ਸੱਭ ਤੋਂ ਜ਼ਿਆਦਾ ਉਸ ਦੇ ਖ਼ਿਲਾਫ਼ ਆਵਾਜ਼ ਉਠਾਈ ਅਤੇ ਇਸ ਗੱਲ ਦਾ ਮੈਂਬਰ ਸਾਹਿਬਾਨ ਨੇ ਵੀ ਜ਼ਿਕਰ ਕੀਤਾ ਹੈ । ਜਿਹੜੇ ਵਿਹਾਤੀਆਂ ਲੜਕੀਆਂ ਨਾਲ ਜ਼ਿਆਦਤੀ ਦੇ ਕੇਸਿਜ਼ ਹੋ ਜਾਂਦੇ ਸਨ, ਡੈਥਸ ਹੋ ਜਾਂਦੀਆਂ ਸੀ, ਉਸ ਦੇ ਬਾਰੇ ਇਨਕੁਆਇਰੀ ਕਰਾਉਣ ਲਈ ਸਰਕਾਰ ਨੇ ਸਰਕੂਲਰ ਜਾਰੀ ਕੀਤਾ ਹੈ । ਉਸ ਦੇ ਬਾਅਦ ਗਿਆਨੀ ਜੀ ਨੇ ਡਾਉਰੀ ਦੇ ਖਿਲਾਫ਼ ਇਲਾਨ ਕੀਤਾ । ਇਨ੍ਹਾਂ ਗਲਾਂ ਤੋਂ ਪੰਜਾਬ ਸਰਕਾਰ ਦਾ ਮਨਸ਼ਾ ਸਪਸ਼ਟ ਤੌਰ ਤੇ ਆ ਜਾਂਦਾ ਹੈ ਕਿ ਪੰਜਾਬ ਵਿਚ ਕੋਈ ਐਸੇ ਹਾਲਾਤ ਨਹੀਂ ਰਹਿਣ ਦੇਣੇ ਕਿ ਜਿਸ ਦੇ ਨਾਲ ਡਾਉਰੀ ਨੂੰ ਤਕਵੀਅੱਤ ਮਿਲੇ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਕਾਲੇ ਧਨ ਦੇ ਖਤਮ ਹੋਣ ਨਾਲ ਅਤੇ ਜੋ ਇਸ ਪਾਸੇ ਵਲ ਹੋਰ ਸਟੈਪਸ ਉਠਾਏ ਜਾਣੇ ਹਨ ਉਨ੍ਹਾਂ ਨਾਲ ਬਹੁਤ ਸਾਰੇ ਮਸਲੇ ਆਪਣੇ ਆਪ ਖ਼ਤਮ ਹੋ ਜਾਣੇ ਹਨ । ਬਹੁਤ ਸਾਰਾ ਪੈਸਾ ਲਾਈਟਾਂ ਤੇ, ਰਿਸੈਪਸ਼ਨ ਤੇ ਅਤੇ ਪਾਰਟੀਆਂ ਤੇ ਖਰਚ ਕੀਤਾ ਜਾਂਦਾ ਸੀ । ਇਸ ਨਾਲ ਉਹ ਕਾਫ਼ੀ ਮਸਲੇ ਹੱਲ ਹੋ ਜਾਣਗੇ, ਪਰ ਇਸ ਦੇ ਨਾਲ ਨਾਲ, ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਹੈ ਕਿ ਇਹ ਜਿਹੜਾ ਡੀ. ਐਸ. ਪੀ. ਹੈ, ਇਸ ਨੂੰ ਇਨਕੁਆਇਰੀ ਨਹੀਂ ਕਰਨੀ ਚਾਹੀਦੀ ਅਤੇ ਇਸ ਦੀ ਬਜਾਏ ਇਹ ਪਾਵਰਜ਼ ਇਨਸਪੈਕਟਰ ਲੈਵਲ ਤਕ ਹੋਣੀਆਂ ਚਾਹੀਦੀਆਂ ਹਨ ।

Original with;
Punjab Vidhan Sabha
Digitized by;
Panjab Digital Library

ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਦੀ ਦਲੀਲ ਦਰੁਸਤ ਹੁੰਦੀ ਜੇ ਉਨ੍ਹਾਂ ਨੂੰ ਪੰਜਾਬ ਵਿੱਚ ਪੁਲਿਸ ਦਾ ਜੋ ਮੌਜੂਦਾ ਢਾਂਚਾ ਹੈ, ਉਸਦਾ ਪੂਰਾ ਇਲਮ ਹੁੰਦਾ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਜਦੋਂ ਪੁਲਿਸ ਤੇ ਬਹਿਸ ਹੋਵੇਗੀ ਤਾਂ ਇਹ ਮੰਨਣਗੇ ਕਿ ਜੋ ਪੰਜਾਬ ਵਿਚ ਪੁਲਿਸ ਦਾ ਢਾਂਚਾ ਹੈ, ਉਹ ਠੀਕ ਹੈ ।

**ਮਾਲ ਅਤੇ ਚੋਣ ਮੰਤਰੀ :** ਸਪੀਕਰ ਸਾਹਿਬ, ਮੈਂ ਸਟਰਿਕਚਰ ਦੀ ਗਲ ਕਰ ਰਿਹਾ ਹਾਂ । ਇਸ ਵਕਤ ਹਰ ਸਬ-ਡਵੀਜ਼ਨ ਵਿੱਚ ਹੈਡਕੁਆਟਰ ਵਿੱਚ ਇੱਕ ਜਾਂ ਦੋ ਥਾਣੇ ਹਨ । ਉਥੇ ਇੱਕ ਡੀ.ਐਸ.ਪੀ ਹੁੰਦਾ ਹੈ । ਇਨਸਪੈਕਟਰ ਤਾਂ ਸ਼ਾਇਦ ਜ਼ਿਲ੍ਹੇ ਵਿੱਚ ਇੱਕ ਜਾਂ ਦੋ ਹੋਣਗੇ ਲੇਕਿਨ ਡੀ.ਐਸ.ਪੀ. ਹਰ ਸਬ-ਡਵੀਜ਼ਨ ਵਿਚ ਹੁੰਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਡੀ.ਐਸ.ਪੀ. ਦੀ ਨਿਯੁਕਤੀ ਹਰ ਸਬ-ਡਵੀਜ਼ਨ ਵਿਚ ਹੋਣ ਨਾਲ ਬਹੁਤ ਜ਼ਿਆਦਾ ਇਫੈਕਟਿਵਲੀ ਇਸ ਦੀ ਇਨਕੁਆਇਰੀ ਹ ਸਕਦੀ ਹੈ ਕਿਉਂਕਿ ਉਹ ਸੁਪਰਵਾਈਜ਼ਿੰਗ ਅਥਾਰਿਟੀ ਵੀ ਹੈ ਇਸ ਲਈ ਮੈਂ ਸਮਝਦਾ ਹਾਂ ਕਿ ਇਹ ਅਥਾਰਿਟੀ ਡੀ. ਐਸ. ਪੀ. ਕੋਲ ਹੋਣੀ ਲਾਜ਼ਮੀ ਹੈ। ਕਈ ਆਨਰੇਬਲ ਮੈਂਬਰਜ਼ ਨੇ ਇਥੇ ਕਿਹਾ ਹੈ ਕਿ ਸਾਰੇ ਆਫੈਂਸ ਕਾਗਨੀਜ਼ੇਬਲ ਨਹੀਂ ਹਨ । ਕੁਝ ਕਾਗਨੀਜ਼ੇਬਲ ਹਨ ਅਤੇ ਕੁਝ ਨਹੀਂ ਹਨ । ਇਥੇ ਇਹ ਵੀ ਕਿਹਾ ਗਿਆ ਹੈ ਕਿ ਹਰਿਆਣੇ ਦਾ ਬਿਲ ਇਸ ਨਾਲੋਂ ਅੱਛਾ ਹੈ । ਮੈਂ ਸਮਝਦਾ ਹਾਂ ਕਿ ਜੇ ਹਰਿਆਣੇ ਵਾਲੀ ਗੱਲ ਅਸੀਂ ਅਡਾਪਟ ਕਰਦੇ ਤਾਂ ਸਾਰੇ ਆਫੈਂਸ ਹੀ ਨਾਨ-ਕਾਗਨੀਜ਼ੇਬਲ ਹੋਣੇ ਸਨ । ਕੀ ਫਿਰ ਡਾਂਗ ਸਾਹਿਬ ਇਹ ਸਾਰੀ ਗਲ ਮੰਨ ਜਾਣਗੇ । ਜਿਹੜੀ ਗਲ ਇਨ੍ਹਾਂ ਨੇ ਕੋਟ ਕੀਤੀ ਹੈ ਮੈਂ ਉਸਦੀ ਮਿਸਾਲ ਦਿੰਦਾ ਹਾਂ । ਮੇਰੀ ਗੁਜ਼ਾਰਿਸ਼ ਇਹ ਹੈ ਕਿ ਕਿਸੇ ਸੂਬੇ ਦੇ ਹਾਲਾਤ ਕੁਝ ਹੋਰ ਹੋ ਸਕਦੇ ਹਨ ਪਰ ਸਾਡੇ ਕੁਝ ਹੋਰ ਹਨ ਉਨ੍ਹਾਂ ਹਾਲਾਤ ਦੇ ਮੁਤਾਬਿਕ ਹੀ ਕੁਝ ਆਫੈਂਸ ਐਸੇ ਰੱਖੇ ਹਨ ਜਿਹੜੇ ਕਿ ਕਾਫੀ ਅਹਿਮ ਹਨ ਔਰ ਪਹਿਲੀ ਦਫਾ ਇਸ ਬਿਲ ਦੇ ਰਾਹੀਂ ਲਿਆਂਦੇ ਜਾ ਰਹੇ ਹਨ । ਜਿਸ ਤਰ੍ਹਾਂ ਡਿਸਪਲੇ ਆਫ਼ ਡਾਊਰੀ ਹੈ, 25 ਪਰਸਨਜ਼ ਦਾ ਹੈ, ਸ਼ਗਨ ਅਤੇ ਮਿਲਨੀ ਦੇ ਮੁਤਅੱਲਕ ਹੈ ਅਤੇ ਦੋ ਤੋਂ ਵੱਧ ਮੀਲਜ਼ ਦੇਣ ਦੇ ਮੁਤਅੱਲਕ ਹੈ । ਇਨ੍ਹਾਂ ਨੂੰ ਕਾਗਨੀਜ਼ੇਬਲ ਆਫੈਂਸ ਕਰਾਰ ਦਿੱਤਾ ਗਿਆ ਹੈ । ਬਾਕੀ ਤਜਰਬੇ ਦੀ ਬਿਨਾਂ ਤੇ ਦੇਖਾਂਗੇ । ਦੂਜਿਆਂ ਆਫੈਂਸਿਜ਼ ਦੇ ਮੁਤਅੱਲਕ ਵੀ ਵਿਚਾਰ ਕੀਤਾ ਜਾ ਸਕਦਾ ਹੈ । ਸੈਂਟਰਲ ਐਕਟ ਦੇ ਵਿਚ ਸਾਰੇ ਆਫੈਂਸ ਨਾਨ-ਕਾਗਨੀਜ਼ੇਬਲ ਹਨ । ਹਰ ਸਟੇਟ ਵਿੱਚ ਨਾਨ-ਕਾਗਨੀਜ਼ੇਬਲ ਹਨ । ਪਹਿਲੀ ਦਫਾ ਪੰਜਾਬ ਸਰਕਾਰ ਨੇ ਇਨ੍ਹਾਂ ਵਿਚੋਂ ਕੁਝ ਆਫੈਂਸ ਕਾਗਨੀਜ਼ੇਬਲ ਕਰਾਰ ਦਿਤੇ ਹਨ । ਬਾਕੀ ਤਜਰਬੇ ਦੀ ਬਿਨਾਂ ਤੇ ਦੇਖਾਂਗੇ ਜੇ ਇਹ ਬਿਲਕੁਲ ਇਫੈਕਟਿਵਲੀ ਠੀਕ ਢੰਗ ਨਾਲ ਵਰਤੇ ਗਏ ਤਾਂ ਬਾਕੀ ਆਫੈਂਸਿਜ਼ ਤੇ ਵਿਚਾਰ ਕੀਤਾ ਜਾ ਸਕਦਾ ਹੈ । ਬਾਕੀ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਡਿਪਟੀ ਕਮਿਸ਼ਨਰ ਜਾਂ ਡਿਸਟ੍ਰਿਕਟ ਮੈਜਿਸਟ੍ਰੇਟ ਦੀ ਇਜਾਜ਼ਤ ਲੈਣੀ ਪਵੇਗੀ । ਉਹ ਕਿਵੇਂ ਮਿਲੇਗੀ ? ਸੈਂਟਰਲ ਐਕਟ ਵਿੱਚ ਤਾਂ ਸਟੇਟ ਗੌਰਮਿੰਟ ਲਿਖਿਆ ਹੈ । ਇਸ ਐਕਟ ਵਿਚ ਉਸ ਚੀਜ਼ ਨੂੰ ਸਿੰਪਲੀਫਾਈ ਕੀਤਾ ਗਿਆ ਹੈ ਤਾਂ ਕਿ ਲੋਕ ਸੌਖ ਨਾਲ ਆਪਣੀ ਸ਼ਿਕਾਇਤ ਕਰ ਸਕਣ । ਮੈਂ ਇਹ ਦਲੀਲ ਮੰਨਣ ਵਾਸਤੇ ਤਿਆਰ ਨਹੀਂ ਹਾਂ । ਡਿਸਟ੍ਰਿਕਟ ਮੈਜਿਸਟ੍ਰੇਟ ਸਟੇਟ ਗੌਰਮਿੰਟ ਦੀ ਏਜੰਸੀ ਹੈ ਤੇ ਸਟੇਟ ਗੌਰਮਿੰਟ ਦੀ ਮਨਸ਼ਾ ਇਹ ਹੈ ਕਿ ਅਸੀਂ ਡਾਉਰੀ ਸਿਸਟਮ ਨੂੰ ਕਰਬ ਕਰਨਾ ਹੈ, ਖਤਮ ਕਰਨਾ ਹੈ ਅਤੇ ਇਸ ਤਰ੍ਹਾਂ ਕਰਕੇ ਕੋਈ ਵਜਾ ਨਹੀਂ ਕਿ ਡਿਸਟ੍ਰਿਕਟ ਮੈਜਿਸਟ੍ਰੇਟ ਇਸ ਗਲ ਦੀ ਪ੍ਰਾਸੀਕਿਊਸ਼ਨ ਦੀ ਇਜਾਜ਼ਤ ਨਹੀਂ ਦੇਵੇਗਾ । ਮੈਂ ਸਮਝਦਾ ਹਾਂ ਕਿ ਇਸ ਕਿਸਮ ਦੀ ਸ਼ੰਕਾ ਦਿਲ ਵਿਚ ਲਿਆਉਣੀ ਬਿਲਕੁਲ ਗਲਤ ਗੱਲ ਹੈ।

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]
ਮੈਂ ਤੁਹਾਡੇ ਰਾਹੀਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਡਿਸਟ੍ਰਿਕਟ ਮੈਜਿਸਟ੍ਰੇਟ ਬਿਲਕੁਲ ਸਟੇਟ ਗੌਰਮਿੰਟ ਦੀ ਮਨਸ਼ਾ ਦੇ ਮੁਤਾਬਿਕ ਜੋ ਕਾਨੂੰਨ ਬਣਾਇਆ ਜਾਂਦਾ ਹੈ ਉਸ ਦੀ ਠੀਕ ਢੰਗ ਨਾਲ ਇੰਪਲੀਮੈਂਟੇਸ਼ਨ ਕਰੇਗਾ। ਇਸ ਤੋਂ ਇਲਾਵਾ ਕੁਝ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਜੇ ਡਾਉਰੀ ਨਹੀਂ ਦੇਣੀ ਤਾਂ ਫਿਰ ਦਿਖਾਵਾ ਕਿਸ ਤਰ੍ਹਾਂ ਦਾ ਕਰਨਾ ਹੈ। ਕਈ ਚੀਜ਼ਾਂ ਹਨ ਜਿਹੜੀਆਂ ਡਾਉਰੀ ਨਹੀਂ ਹੋ ਸਕਦੀਆਂ। ਇਥੇ ਸਾਡੇ ਬਜ਼ੁਰਗ ਸਰਦਾਰੀ ਲਾਲ ਕਪੂਰ ਜੀ ਨਹੀਂ ਹਨ। ਉਨ੍ਹਾਂ ਦੀ ਅਮੈਂਡਮੈਂਟ ਆਈ ਹੈ ਕਿ ਤਿੰਨ ਕਪੜਿਆਂ ਵਿਚ ਤੋਰਿਆ ਜਾਵੇ। ਕਪੜੇ ਜੇ ਦੋ ਤਿੰਨ ਜਾਂ ਚਾਰ ਵੀ ਦੇਣੇ ਹਨ ਤਾਂ ਉਨ੍ਹਾਂ ਦਾ ਦਿਖਾਵਾ ਵੀ ਹੋ ਸਕਦਾ ਹੈ। ਗਰੀਬ ਆਦਮੀ ਜੋ ਹੈ ਉਸ ਤੇ ਇਸ ਗੱਲ ਦਾ ਅਸਰ ਹੁੰਦਾ ਹੈ। ਭਾਵੇਂ ਦੋ ਕਪੜੇ ਹੀ ਦਿਖਾਏ ਜਾਣ ਜਾਂ ਡਾਉਰੀ ਦਿਖਾਈ ਜਾਵੇ, ਪਰ ਦਿਖਾਵਾ ਬਿਲਕੁਲ ਨਹੀਂ ਹੋਣਾ ਚਾਹੀਦਾ। ਇਸ ਕਰਕੇ ਇਸ ਬਿਲ ਵਿੱਚ ਦਿਖਾਵੇ ਵਾਲੀ ਗੱਲ ਨੂੰ ਕਾਗਨੀਜ਼ੇਬਲ ਆਫ਼ੈਂਸ ਬਣਾਇਆ ਗਿਆ ਹੈ। ਕੁਝ ਸੱਜਣਾਂ ਨੇ ਇਥੇ ਕਿਹਾ ਹੈ ਕਿ ਈਡੀਅਟ ਦਾ ਲਫਜ਼ ਕਿਉਂ ਲਿਆਂਦਾ ਹੈ। ਲਿਊਨੈਟਿਕ ਦਾ ਲਫਜ਼ ਕਿਉਂ ਲਿਆਂਦਾ ਹੈ। ਸਮ ਪਰਸਨ ਕਿਉਂ ਨਹੀਂ ਲਿਆਂਦਾ। ਉਹ ਇੱਕ ਅਨੇਬਲਿੰਗ ਕਲਾਜ਼ ਹੈ। ਇਹ ਕੀਤਾ ਗਿਆ ਹੈ ਕਿ ਕੋਈ ਮਾਈਨਰ ਹੋਵੇ, ਈਡੀਅਟ ਹੋਵੇ, ਲਿਊਨੈਟਿਕ ਹੋਵੇ ਜਾਂ ਕੋਈ ਇਸਤਰੀ ਹੋਵੇ ਜਿਹੜੀ ਕਿ ਪਰਦਾ ਰਖਦੀ ਹੋਵੇ ਅਤੇ ਅਦਾਲਤ ਵਿਚ ਨਾ ਜਾ ਸਕਦੀ ਹੋਵੇ ਤਾਂ ਉਨ੍ਹਾਂ ਦੀ ਥਾਂ ਅਦਾਲਤ ਵਿਚ ਹੋਰ ਆਦਮੀ ਨੂੰ ਪੇਸ਼ ਹੋਣ ਦੀ ਇਜਾਜ਼ਤ ਦਿੱਤੀ ਜਾਵੇ। ਇਹ ਅਨੇਬਲਿੰਗ ਕਲਾਜ਼ ਹੈ। ਇਹ ਤਾਂ ਅਦਾਲਤ ਨੇ ਵੇਖਣਾ ਹੈ ਕਿ ਉਸ ਆਦਮੀ ਵਿੱਚ ਕੋਈ ਨੁਕਸ ਹੈ ਅਤੇ ਉਹ ਨਹੀਂ ਆ ਸਕਦਾ ਪਰ ਉਸ ਦਾ ਹੱਕ ਨਾ ਮਾਰਿਆ ਜਾਵੇ। ਇਹ ਉਸਦੇ ਬੈਨੀਫਿਟ ਲਈ ਕੀਤਾ ਗਿਆ ਹੈ ਕਿ ਉਸਦਾ ਕੋਈ ਰਿਸ਼ਤੇਦਾਰ ਉਸਦੀ ਥਾਂ ਕੋਰਟ ਵਿਚ ਪੇਸ਼ ਹੋ ਸਕੇ।

> Some other person with the leave of the Court may make a complaint on his or her behalf.

ਇਹ ਕਲਾਜ਼ ਤਾਂ ਉਨ੍ਹਾਂ ਦੇ ਬੈਨੀਫਿਟ ਵਾਸਤੇ ਰੱਖੀ ਗਈ ਹੈ ਜਿਹੜੇ ਲੀਗਲੀ ਕੋਰਟ ਵਿੱਚ ਨਹੀਂ ਜਾ ਸਕਦੇ, ਜਿਨ੍ਹਾਂ ਦੇ ਅੰਦਰ ਕੋਈ ਇਨਫ਼ਰਮਿਟੀ ਹੈ ਜਾਂ ਹੋਰ ਪਰਾਬਲਮ ਹੈ, ਉਸ ਨੂੰ ਦੇਖ ਲਿਆ ਜਾਵੇ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਥੇ ਡਾਂਗ ਸਾਹਿਬ ਨੇ ਕੁਝ ਸੁਝਾਵ ਦਿੱਤੇ ਹਨ ਅਤੇ ਕੁਝ ਹੋਰ ਮੈਂਬਰ ਸਾਹਿਬਾਨ ਨੇ ਵੀ ਸੁਝਾਵ ਦਿਤੇ ਹਨ। ਬੈਂਡ ਦੇ ਮੁਤੱਲਿਕ ਵੀ ਜ਼ਿਕਰ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਬੈਂਡ ਦਾ ਕੰਮ ਅੱਗੇ ਹੀ ਕਾਫ਼ੀ ਘੱਟ ਗਿਆ ਹੈ। ਬਹੁਤ ਸਾਰੇ ਲੋਕਾਂ ਦਾ ਬੈਂਡ ਦੇ ਉਤੇ ਹੀ ਗੁਜ਼ਾਰਾ ਹੈ। ਇਥੇ ਚੌਧਰੀ ਦਰਸ਼ਨ ਸਿੰਘ ਜੀ ਨੇ ਕਿਹਾ ਕਿ ਬਹੁਤ ਸਾਰੇ ਲੋਕ ਬੈਂਡ ਵਾਲਿਆਂ ਦੀ ਵਰਦੀ ਪਾ ਕੇ ਬਾਰਾਤ ਨਾਲ ਚਲੇ ਜਾਣਗੇ। ਜਿਨ੍ਹਾਂ ਨੇ ਕਦੇ ਛੋਟੇ ਹੁੰਦਿਆਂ ਬੈਂਡ ਨਾ ਸਿਖਿਆ ਹੋਵੇ, ਜਿਹੜੇ ਸਾਧਾਰਨ ਆਦਮੀ ਹਨ, ਜਿਨ੍ਹਾਂ ਨੇ ਸਕੂਲ ਵਿੱਚ ਬੈਂਡ ਨਹੀਂ ਸਿਖਿਆ, ਕਾਲਜ ਵਿੱਚ ਬੈਂਡ ਨਹੀਂ ਬਜਾਇਆ, ਉਹ ਕਿਵੇਂ ਬੈਂਡ ਵਾਲੇ ਕਪੜੇ ਪਾ ਕੇ ਬੈਂਡ ਦਾ ਤਬਲਾ ਜਾਂ ਬਿਗਲ ਬਜਾ ਲੈਣਗੇ। ਕੈਪਟਨ ਸਾਹਿਬ ਦੇ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਉਨ੍ਹਾਂ ਦਾ ਤਜਰਬਾ ਹੋ ਸਕਦਾ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਇਸ ਕਿਸਮ ਦੇ ਸ਼ੰਕੇ ਬਿਲਕੁਲ ਬੇਬੁਨਿਆਦ ਹਨ ਅਤੇ ਕਿਸੇ ਵੀ ਸੱਜਣ ਨੂੰ ਇਸ ਗਲ ਦੀ ਸ਼ੰਕਾ ਨਹੀਂ ਕਰਨੀ ਚਾਹੀਦੀ, ਦੇਖਣ ਵਿਚ ਆਇਆ ਹੈ ਕਿ ਹਰ ਪਿੰਡ ਵਿੱਚ ਹਰ ਸ਼ਹਿਰ ਵਿੱਚ ਇੱਕ ਬੈਂਡ ਹੁੰਦਾ ਹੈ ਜਿਥੇ ਕਿਤੇ ਮੈਰਿਜ ਹੁੰਦੀ ਹੈ ਤਾਂ ਬੈਂਡ ਵਾਲੇ ਆ ਜਾਂਦੇ ਹਨ। ਕਈ ਥਾਵਾਂ ਤੇ ਤਾਂ ਇੱਕ ਬੈਂਡ ਹੀ ਤਿੰਨ ਚਾਰ ਬਰਾਤਾਂ ਨੂੰ ਭੁਗਤਾਉਂਦੇ ਹਨ ਅਤੇ ਕਹਿੰਦੇ

Original with;
Punjab Vidhan Sabha
Digitized by;
Panjab Digital Library

ਹਨ ਕਿ ਤੁਸੀਂ ਢੁਕਣਾ ਹੈ ਤਾਂ ਢੁੱਕੋ ਨਹੀਂ ਤਾਂ ਅਸੀਂ ਚੱਲੇ ਹਾਂ । ਹੌਲੇ ਹੌਲੇ ਇਸ ਇੰਸਟੀਚੂਸ਼ਨ ਦੀ ਯੂਟਿਲਟੀ ਵੀ ਆਪੇ ਖਤਮ ਹੋ ਰਹੀ ਹੈ । ਜਿਸ ਤਰ੍ਹਾਂ ਪਬਲਿਕ ਓਪਨੀਅਨ ਬਣ ਰਹੀ ਹੈ, ਸਮਾਜਿਕ ਸੁਧਾਰ ਹੋ ਰਹੇ ਹਨ, ਇਸ ਨਾਲ ਬੈਂਡ ਤੇ ਭੰਗੜੇ ਅਤੇ ਦੂਸਰੀਆਂ ਚੀਜ਼ਾਂ ਖੁਦ ਬਖੁਦ ਹੀ ਬੰਦ ਹੋ ਜਾਣਗੀਆਂ । ਇਹ ਚੀਜ਼ਾਂ ਸੋਸ਼ਲ ਅਤੇ ਸਮਾਜਿਕ ਸੁਧਾਰਕਾਂ ਨੂੰ ਕਰਨੀਆਂ ਚਾਹੀਦੀਆਂ ਹਨ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ** **

**Mr. Speaker:** This is no point of order, please resume your seat.

**ਮਾਲ ਅਤੇ ਚੋਣ ਮੰਤਰੀ :** ਠੀਕ ਹੈ ਜੀ । ਮੇਰੀ ਗੁਜ਼ਾਰਿਸ਼ ਹੈ ਕਿ ਡਾਂਗ ਸਾਹਿਬ ਨੇ ਕੁਝ ਸੁਝਾਓ ਦਿੱਤੇ ਹਨ । ਇਸਤਰੀਆਂ ਦੇ ਮੁਫਾਦ ਵਾਸਤੇ ਪੰਜਾਬ ਸਰਕਾਰ ਨੇ ਇੰਟਰਨੈਸ਼ਨਲ ਵੋਮੈਨ ਈਅਰ ਵਿੱਚ ਅਤੇ ਇਸ ਤੋਂ ਇਲਾਵਾ ਬਹੁਤ ਸਾਰੇ ਕਦਮ ਉਠਾਏ ਹਨ ਅਤੇ ਪੰਜਾਬ ਪਹਿਲਾ ਸੂਬਾ ਹੈ ਜਿਸ ਨੇ ਇੱਕ ਇਸਤਰੀ ਨੂੰ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਾਇਆ ਹੈ । ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡੀ ਕਰੈਡਿਟ ਵਾਲੀ ਗਲ ਹੈ । ਇਸ ਤੋਂ ਇਲਾਵਾ ਇਸਤਰੀ ਜਾਤੀ ਦੀ ਵੈਲਫੇਅਰ ਨੂੰ ਟਾਪ ਪ੍ਰਾਇਰਟੀ ਦਿੱਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਟੈਪਸ ਹਨ ਜਿਵੇਂ ਕਿ ਵਿਡੋਜ਼ ਨੂੰ ਪੈਨਸ਼ਨ ਦਿੱਤੀ ਗਈ, ਓਲਡ ਏਜ ਪੈਨਸ਼ਨ ਦਿੱਤੀ ਗਈ । ਇਸ ਤੋਂ ਇਲਾਵਾ ਵਿਡੋਜ਼ ਵਾਸਤੇ ਹੋਮਜ਼ ਬਣਾਏ ਹਨ । ਜੋ ਵਾਰ ਵਿਡੋਜ਼ ਹਨ, ਉਨ੍ਹਾਂ ਨੂੰ ਸਰਕਾਰ ਨੇ 10 ਏਕੜ ਜ਼ਮੀਨ ਜਾਂ ਮਕਾਨ ਬਣਾਉਣ ਵਾਸਤੇ ਇਕ ਕਨਾਲ ਥਾਂ ਦੇਣ ਦਾ ਫੈਸਲਾ ਕੀਤਾ ਹੈ ।

**ਚੌਧਰੀ ਦਰਸ਼ਨ ਸਿੰਘ :** ਡਾਉਰੀ ਦਾ ਮਤਲਬ ਹੈ ਕਿ ਖਾਲੀ ਹੱਥ ਤੋਰੋ ।

**ਮਾਲ ਅਤੇ ਚੋਣ ਮੰਤਰੀ :** ਚੌਧਰੀ ਸਾਹਿਬ ਦਾ ਮੈਂ ਅਗੇ ਵੀ ਜ਼ਿਕਰ ਕੀਤਾ ਹੈ, ਇਹ ਵਕੀਲ ਵੀ ਹਨ ਅਤੇ ਕੰਸਟੀਚਿਊਸ਼ਨ ਵੀ ਪੜ੍ਹੇ ਹੋਏ ਹਨ। ਡਾਉਰੀ ਦੇ ਮੁਤਅੱਲਕ ਆਰਟੀਕਲ 19 ਜਿਹੜਾ ਕੰਸਟੀਚਿਊਸ਼ਨ ਦਾ ਹੈ, ਉਸ ਦੇ ਵਿਚ ਪਰਾਪਰਟੀ ਲੈਣ ਅਤੇ ਦੇਣ ਦਾ ਤੁਅੱਲਕ ਹੈ। ਅਸੀਂ ਕੋਈ ਐਸਾ ਕਾਨੂੰਨ ਪੰਜਾਬ ਵਿਚ ਨਹੀਂ ਬਣਾਉਣਾ ਚਾਹੁੰਦੇ ਜਿਹੜਾ ਕਿ ਲੀਗਲੀ ਆਬਜੈਕਸ਼ਨੇਬਲ ਹੋਵੇ ਅਤੇ ਕੋਈ ਝਗੜਾ ਖੜਾ ਹੋਵੇ । ਇਹ ਡਾਉਰੀ, ਮੈਰਿਜ ਸਿਸਟਮ ਕੰਨਕਰੈਂਟ ਲਿਸਟ ਵਿਚ ਹੈ । ਜਿਹੜੀ ਤੀਜੀ ਲਿਸਟ ਹੈ, ਉਸ ਦੇ ਮੁਤਾਬਿਕ ਸੈਂਟਰ ਵੀ ਲੈਜਿਸਲੇਟ ਕਰ ਸਕਦੀ ਹੈ, ਸੂਬੇ ਵੀ ਲੈਜਿਸਲੇਟ ਕਰ ਸਕਦੇ ਹਨ। ਜਦੋਂ ਅਸੀਂ ਲੈਜਿਸਲੇਸ਼ਨ ਲਿਆਈਏ ਤਾਂ ਉਸ ਨਾਲ ਸਪਲੀਮੈਂਟ ਕਰਨ ਵਾਸਤੇ ਪਰੈਜ਼ੀਡੈਂਟ ਕੋਲੋਂ ਮਨਜ਼ੂਰੀ ਲੈਣੀ ਪੈਂਦੀ ਹੈ। ਮਸਲਾ ਸਾਫ ਹੈ, ਉਸ ਲਈ ਸੈਂਟਰ ਦੀਆਂ ਗਾਈਡਲਾਈਨਜ਼ ਦੇ ਮੁਤਾਬਿਕ ਹੀ ਚਲਣਾ ਪੈਂਦਾ ਹੈ । ਮੌਜੂਦਾ ਜੋ ਬਿਲ ਹੈ ਜਿਸ ਦਾ ਸਾਰੇ ਮੈਂਬਰ ਸਾਹਿਬਾਨ ਨੇ ਸਵਾਗਤ ਕੀਤਾ ਹੈ ਇਸ ਨੂੰ ਪਾਸ ਕੀਤਾ ਜਾਵੇ । ਜੋ ਆਨਰੇਬਲ ਮੈਂਬਰ ਸਾਹਿਬਾਨ ਵਲੋਂ ਤਜਰਬੇ ਦੇ ਬਿਨਾ ਤੇ ਅਤੇ ਐਕਸਪੀਰੀਐਂਸ ਤੋਂ ਜੋ ਸੁਝਾਉ ਆਉਣਗੇ, ਉਨ੍ਹਾਂ ਬਾਰੇ ਮੁੱਖ ਮੰਤਰੀ ਜੀ ਨਾਲ ਸਲਾਹ ਮਸ਼ਵਰਾ ਕਰਕੇ, ਪੰਜਾਬ ਸਰਕਾਰ ਹੋਰ ਕੋਈ ਕਦਮ ਚੁੱਕਣ ਤੋਂ ਗੁਰੇਜ ਨਹੀਂ ਕਰੇਗੀ, ਜਿਨ੍ਹਾਂ ਨਾਲ ਕਿ ਹੋਰ ਸੁਧਾਰ ਹੋ ਸਕਣ ।

**Expunged as ordered by the Chair

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ ਇਹ ਆਰਥਿਕਤਾ ਨਾਲ ਵੀ ਸਬੰਧ ਰਖਦਾ ਹੈ ਅਤੇ ਸਮਾਜਿਕ ਸੁਧਾਰ ਦਾ ਵੀ ਬਿਲ ਹੈ। ਲੋਕਾਂ ਦੇ ਨੁਮਾਂਇੰਦਿਆਂ ਦਾ ਅਤੇ ਸਰਕਾਰ ਦਾ ਫਰਜ਼ ਹੈ ਕਿ ਉਹ ਇਕਨੌਮੀਕਲੀ ਔਰ ਸੋਸ਼ਲੀ ਲੋਕਾਂ ਦੀ ਉਨਤੀ ਵਿਚ, ਉਨਤੀ ਦੇ ਸਾਧਨਾਂ ਵਿਚ ਵਾਧਾ ਕਰੇ ਅਤੇ ਮਦੱਦ ਕਰੇ । ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਇਹ ਇਕ ਸਮਾਜਿਕ ਖਰਾਬੀ ਸੀ, ਇਸ ਨੂੰ ਰੋਕਣਾ ਹੈ । ਪਰ ਇਸ ਦਾ ਮਤਲਬ ਇਹ ਨਹੀਂ ਕਿ ਜਿਹੜਾ ਇਹ ਬਿਲ ਬਣਾਇਆ ਜਾ ਰਿਹਾ ਹੈ, ਇਹ ਸਮਾਜਿਕ ਬੁਰਾਈਆਂ ਦਾ ਖਾਤਮਾ ਹੈ । ਇਸ ਦੇ ਵਿਚ ਜੋ ਕੁਝ ਬੁਰਾਈਆਂ, ਜੋ ਕੁਝ ਸ਼ੁਭੇ ਪ੍ਰਗਟ ਕੀਤੇ ਗਏ ਹਨ ਉਹ ਦਰੁਸਤ ਵੀ ਹੋ ਸਕਦੇ ਹਨ ਔਰ ਇਹ ਵੀ ਉਨ੍ਹਾਂ ਵਾਸਤੇ ਸੋਚਣ ਦੀ ਲੋੜ ਹੈ ਕਿ ਸ਼ਾਇਦ ਇਨ੍ਹਾਂ ਚੀਜ਼ਾਂ ਤੇ ਜਲਦੀ ਜਲਦੀ ਹੀ ਪਾਬੰਦੀ ਲਾ ਦੇਈਏ ਤਾਂ ਕੁਝ ਲੋਕ ਇਸ ਨੂੰ ਨਾ ਸਹਿਣ ਕਰਨ। ਲੋਕਾਂ ਦੀ ਜੋ ਰਾਏ ਹੈ, ਖਾਸ ਤੌਰ ਤੇ ਇੰਟੈਲੀਜੈਂਸੀਆਂ ਔਰ ਯੂਥ ਦੀ ਉਹ ਇਸ ਗੱਲ ਵਿਚ ਬੜੇ ਉਤਸ਼ਾਹ ਨਾਲ ਅੱਗੇ ਵਧ ਰਹੇ ਹਨ ਕਿ ਡਾਉਰੀ ਸਿਸਟਮ ਖਤਮ ਹੋਣਾ ਚਾਹੀਦਾ ਹੈ । ਅਸੀਂ ਇਹ ਵੀ ਧਿਆਨ ਵਿਚ ਰਖਣਾ ਹੈ ਕਿ ਡਾਉਰੀ ਨਾ ਦੇਣ ਦੇ ਬਹਾਨੇ ਕਿਤੇ ਇਹ ਵੀ ਲੋਕ ਨਾ ਕਰਨ ਕਿ ਲੜਕੀ ਨੂੰ ਬਿਲਕੁਲ ਖਾਲੀ ਹੱਥ ਤੌਰ ਦੇਣ । ਖਾਲੀ ਹਥ ਦਾ ਇਹ ਮਤਲਬ ਨਹੀਂ ਹੈ ਕਿ ਜ਼ਰੂਰ ਕੁਝ ਦੇਵੇ । ਲੇਕਿਨ ਮੈਂ ਇਹ ਸਮਝਦਾ ਹਾਂ ਕਿ ਜੋ ਲੜਕੀ ਦਾ ਹਿੱਸਾ ਬਣਦਾ ਹੈ, ਉਹ ਹਿੱਸਾ ਜ਼ਰੂਰ ਦੇਣਾ ਪਵੇਗਾ (ਥੰਪਿੰਗ) ਅਸੀਂ ਇਸ ਗੱਲ ਦਾ ਖਿਆਲ ਰਖਾਂਗੇ ਕਿ ਉਹ ਹਿੱਸਾ ਕਿਸੇ ਤਰ੍ਹਾਂ, ਪਰਾਪਰਟੀ ਦੀ ਸ਼ਕਲ ਵਿਚ, ਲੜਕੀ ਨੂੰ ਜ਼ਰੂਰ ਮਿਲ ਜਾਵੇ । ਪਰ ਜਿਥੇ ਵਿਖਾਵਾ ਕੀਤਾ ਜਾਵੇਗਾ ਕਿ ਮਾਪਿਆਂ ਨੇ ਇਹ ਕੁਝ ਕੀਤਾ ਹੈ, ਉਹ ਚੀਜ਼ ਅਸੀਂ ਰੋਕਣੀ ਹੈ ਤਾਂ ਜੋ ਗਰੀਬ ਆਦਮੀ ਹੀਨ ਭਾਵਨਾ ਨਾ ਕਰੇ, ਦੁਖੀ ਨਾ ਹੋਵੇ, ਇਸ ਚੀਜ਼ ਨੂੰ ਮਹਿਸੂਸ ਨਾ ਕਰੇ ਕਿ ਉਸ ਪਾਸ ਇੰਨੀ ਦੌਲਤ ਨਹੀਂ ਔਰ ਨੌਜਵਾਨ ਅਤੇ ਨੌਜਵਾਨ ਮੁਟਿਆਰਾਂ ਇਸ ਚੀਜ਼ ਨੂੰ ਮਹਿਸੂਸ ਕਰਦੀਆਂ ਹਨ ਕਿ ਅਮੀਰਾਂ ਦੀ ਤਰ੍ਹਾਂ ਸਾਡੇ ਮਾਪੇ ਵੀ ਇੰਨੇ ਵੱਡੇ ਅਮੀਰ ਹੁੰਦੇ ਅਤੇ ਸਾਡਾ ਵੀ ਸਨਮਾਨ ਹੁੰਦਾ। ਇਹ ਗੱਲ ਪੋਲੀਟੀਕਲੀ ਵੀ ਯੂਜ਼ ਕੀਤੀ ਜਾਂਦੀ ਹੈ ਅਤੇ ਇਸ ਨਾਲ ਸਮਾਜ ਉਤੇ ਰੋਹਬ ਵੀ ਪਾਇਆ ਜਾਂਦਾ ਹੈ ਅਤੇ ਜਿਨ੍ਹਾਂ ਲੋਕਾਂ ਨੇ ਲੁਟ ਮਾਰ ਦੀ ਕਮਾਈ ਕੀਤੀ ਹੁੰਦੀ ਹੈ, ਉਹ ਪਾਣੀ ਦੀ ਤਰ੍ਹਾਂ ਪੈਸਾ ਬਹਾਉਂਦੇ ਹਨ। ਇਸ ਦੇ ਨਾਲ ਹੀ ਲੋਕ ਇਹ ਵੀ ਕਹਿੰਦੇ ਹਨ ਕਿ ਦੌਲਤ ਲੁਟੀ ਹੋਈ ਮਿਲੀ ਹੈ, ਇਸ ਕਰਕੇ ਹੀ ਪੈਸਾ ਪਾਣੀ ਦੀ ਤਰ੍ਹਾਂ ਬਹਾਇਆ ਜਾ ਰਿਹਾ ਹੈ (ਥੰਪਿੰਗ) ਵੱਡੇ ਵੱਡੇ ਤੋਹਫੇ ਲਏ ਜਾਂਦੇ ਹਨ, ਵਿਖਾਵੇ ਲਏ ਜਾਂਦੇ ਹਨ ਅਤੇ ਇਸ ਦੇ ਨਾਲ ਲੋਕ ਇਹ ਕਹਿੰਦੇ ਹਨ ਕਿ ਵਾਹ ਵਾਹ, ਤੁਹਾਡੀ ਸ਼ਾਦੀ ਤਾਂ ਬਹੁਤ ਹੀ ਕਮਾਲ ਦੀ ਹੋਈ ਹੈ, ਪਰ ਬਾਹਰ ਆ ਕੇ ਇਹੋ ਕਹਿੰਦੇ ਹਨ ਕਿ ਲੁਟ ਕੇ ਮਾਲ ਆਇਆ ਹੋਣਾ ਹੈ ਇਸੇ ਕਰਕੇ ਇਸ ਤਰ੍ਹਾਂ ਪਾਣੀ ਦੀ ਤਰ੍ਹਾਂ ਪੈਸਾ ਬਹਾਇਆ ਜਾ ਰਿਹਾ ਹੈ । ਇਸ ਦਾ ਨਤੀਜਾ ਇਹ ਵੀ ਹੁੰਦਾ ਹੈ ਕਿ ਜੋ ਆਦਮੀ ਖਰਚ ਨਹੀਂ ਕਰ ਸਕਦਾ ਔਰ ਉਹ ਖਰਚ ਨਾ ਕਰੇ ਤਾਂ ਉਹ ਮਹਿਸੂਸ ਕਰਦਾ ਹੈ ਕਿ ਉਸ ਦੀ ਬੇਇਜ਼ਤੀ ਹੋ ਜਾਵੇਗੀ। ਸੋ ਇਸ ਬਿਲ ਨੇ ਲੋਕਾਂ ਦੀ ਇਜ਼ਤ ਬਚਾਉਣੀ ਹੈ ਅਤੇ ਜਿਹੜਾ ਕੋਈ ਖ਼ਰਚ ਨਹੀਂ ਕਰਨਾ ਚਾਹੁੰਦਾ ਨਾ ਕਰੇ, ਇਹ ਬਿਲ ਇਕ ਰਸਤਾ ਹੈ ਕਿ ਸਮਾਜ ਕਿਸੇ ਨੂੰ ਮਜਬੂਰ ਨਾ ਕਰੇ ਕਿ ਜਿਹੜਾ ਖਰਚ ਨਹੀਂ ਕਰ ਸਕਦਾ, ਉਹ ਜ਼ਰੂਰ ਖਰਚ ਕਰੇ, ਅਤੇ ਉਸ ਦੀ ਕੋਈ ਬਦਨਾਮੀ ਨਹੀਂ ਹੋਵੇਗੀ । ਇਸ ਤਰ੍ਹਾਂ ਨਾਲ ਇਹ ਜਿਹੜੀ ਸਮਾਜਿਕ ਖਰਾਬੀ ਹੈ, ਇਹ ਦੂਰ ਹੋ ਸਕੇਗੀ । ਮੈਂ ਜਾਣਦਾ ਹਾਂ ਕਿ ਪਹਿਲਾਂ ਪਹਿਲਾਂ ਡਾਉਰੀ ਨਹੀਂ ਲਈ ਜਾਂਦੀ, ਪਰ ਜਦੋਂ ਬੇਟਾ ਪੈਦਾ ਹੁੰਦਾ ਹੈ ਤਾਂ ਕਿਹਾ ਜਾਂਦਾ ਹੈ ਬੇਟਾ ਪੈਦਾ ਹੋਇਆ ਹੈ, ਨਾਨਕੇ ਆਪਣੇ

Original with;
Punjab Vidhan Sabha
Digitized by;
Panjab Digital Library

ਬੇਟੇ ਨੂੰ ਕੀ ਦੇਣਗੇ, ਸੋਨੇ ਦੇ ਕੰਗਣ ਤਾਂ ਪਾਉਣਗੇ ਅਤੇ ਕੁਝ ਹੋਰ ਵੀ ਦੇਣਗੇ ਅਤੇ ਇਹ ਕਹਿਣਗੇ ਕਿ ਕਈ ਚੀਜ਼ਾਂ ਦੇਣੀਆਂ ਚਾਹੀਦੀਆਂ ਸਨ, ਜਿਹੜੀਆਂ ਕਿ ਨਹੀਂ ਦਿੱਤੀਆਂ। ਲੇਕਿਨ ਇਸ ਤੋਂ ਬਿਨਾਂ ਹੋਰ ਵੀ ਹੈ, ਰਿਵਾਜ ਚਲਿਆ ਆਉਂਦਾ ਹੈ ਕਿ ਜਦੋਂ ਲੜਕੀ ਮੁਕਲਾਵੇ ਤੇ ਜਾਵੇ ਤਾਂ ਕਿਹਾ ਜਾਂਦਾ ਹੈ ਤੀਜੀ ਬਾਰੀ ਮੁਕਲਾਵੇ ਤੇ ਆਈ ਹੈ, ਮਾਂ ਪਿਉ ਨੇ ਕੀ ਦਿੱਤਾ ਹੈ ਅਤੇ ਇਸ ਦੇ ਨਾਲ ਹੀ ਜੇ ਕਿਤੇ ਲੜਕੇ ਦੇ ਮਾਂ ਪਿਉ ਨੇ ਕਿਤੇ ਜ਼ਮੀਨ ਲੈਣੀ ਹੋਵੇ ਤਾਂ ਵੀ ਇਹ ਕਿਹਾ ਜਾਵੇ ਕਿ ਲੜਕੀ ਦੇ ਮਾਂ ਪਿਉ ਕੋਲ ਐਨੀ ਜਾਇਦਾਦ ਹੈ, ਉਥੋਂ ਲੜਕੀ ਕੁਝ ਰੁਪਿਆ ਲੈ ਕੇ ਆਵੇ ਅਤੇ ਇਸ ਤਰ੍ਹਾਂ ਨਾਲ ਹਰ ਬਾਰੀ ਲੜਕੀ ਦੀ ਗਰਦਨ ਤੇ ਤਲਵਾਰ ਲਟਕਦੀ ਰਹਿੰਦੀ ਹੈ। ਜਿਨ੍ਹਾਂ ਲੋਕਾਂ ਦੀਆਂ ਲੜਕੀਆਂ ਦੀ ਲੜਕੇ ਨਾਲੋਂ ਲਿਆਕਤ ਜ਼ਿਆਦਾ ਹੋਵੇ, ਉਥੇ ਇਹ ਚੀਜ਼ ਘੱਟ ਹੁੰਦੀ ਹੈ, ਪਰ ਜਿਥੇ ਲੜਕੀ ਵਿਚਾਰੀ ਲੜਕੇ ਤੋਂ ਘੱਟ ਲਿਆਕਤ ਵਾਲੀ ਹੋਵੇ ਉਥੇ ਉਸ ਨੂੰ ਜ਼ਿਆਦਾ ਤੰਗ ਕੀਤਾ ਜਾਂਦਾ ਹੈ। ਮੈਨੂੰ ਖੁਸ਼ੀ ਹੈ ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਪੰਜਾਬ ਦੇ ਵਿਦਿਆਰਥੀਆਂ ਨੇ ਹਰ ਜਗ੍ਹਾਂ ਪ੍ਰਣ ਕੀਤਾ ਹੈ ਕਿ ਡਾਉਰੀ ਸਿਸਟਮ ਨੂੰ ਖਤਮ ਕਰਨਾ ਹੈ ਅਤੇ ਲੜਕੀਆਂ ਨੇ ਇਹ ਫੈਸਲਾ ਕੀਤਾ ਹੈ ਕਿ ਕਿਸੇ ਲਾਲੇ ਨਾਲ ਵਿਆਹ ਨਹੀਂ ਕਰਨਾ। ਇਸ ਬਾਰੇ ਮੁੰਡਿਆਂ ਨੇ ਅਤੇ ਇਸਤਰੀਆਂ ਨੇ ਬੜੀਆਂ ਸਭਾਵਾਂ ਕੀਤੀਆਂ ਅਤੇ ਰੈਜ਼ੋਲਿਊਸ਼ਨ ਕਰਕੇ ਭੇਜੇ ਹਨ ਅਤੇ ਬੜੇ ਜ਼ੋਰ ਨਾਲ ਇਸ ਬਾਰੇ ਪਬਲਿਕ ਓਪੀਨੀਅਨ ਬਣਾਈ ਹੈ। ਇਸ ਕਰਕੇ ਹੀ ਮੈਂ ਇਥੇ ਇੰਟਰਵੀਨ ਕੀਤਾ ਹੈ ਤਾਂ ਜੋ ਇਹ ਗੱਲ ਰਿਕਾਰਡ ਵਿਚ ਰਹਿ ਜਾਵੇ ਕਿ ਐਂਟੀ-ਡਾਉਰੀ ਬਿਲ ਦਾ ਮਤਲਬ ਇਹ ਨਹੀਂ ਕਿ ਲੜਕੀਆਂ ਦਾ ਜਾਇਦਾਦ ਵਿਚ ਕੋਈ ਹਿੱਸਾ ਹੀ ਨਹੀਂ ਰਿਹਾ ਅਤੇ ਮਾਪੇ ਇਹ ਸੋਚ ਕੇ ਲੜਕੀਆਂ ਨੂੰ ਕੁਝ ਨਾ ਦੇਣ। ਅਸੀਂ ਤਾਂ ਇਸ ਗੱਲ ਵਿਚ ਇਹ ਕਰਨਾ ਹੈ ਕਿ ਵਿਖਾਵਾ ਜਿਹੜਾ ਹੈ ਉਸ ਨੂੰ ਰੋਕਿਆ ਜਾਵੇ; ਪਰ ਲੜਕੀ ਦੇ ਜਿਹੜੇ ਮਾਂ ਪਿਓ ਦੀ ਜਾਇਦਾਦ ਵਿਚ ਹਿੱਸਾ ਬਣਦਾ ਹੈ, ਉਹ ਉਸ ਨੂੰ ਜ਼ਰੂਰ ਮਿਲੇਗਾ। ਜੇ ਕਿਸੇ ਦੀ ਇਕ ਕਰੋੜ ਦੀ ਪਰਾਪਰਟੀ ਹੈ ਅਤੇ ਉਸ ਦੇ ਚਾਰ ਬੱਚੇ ਹਨ ਤਾਂ ਜੇ ਉਨ੍ਹਾਂ ਵਿਚ ਇਕ ਲੜਕੀ ਹੈ ਤਾਂ ਇਕ ਲੜਕੀ ਨੂੰ 25 ਲੱਖ ਰੁਪਿਆ ਉਹ ਜ਼ਰੂਰ ਦੇਵੇ ਅਤੇ ਉਸ ਆਦਮੀ ਨੂੰ ਚੌਥਾ ਹਿੱਸਾ ਦੇਣਾ ਪਵੇਗਾ। ਲੇਕਿਨ ਜਿਹੜਾ ਵਿਖਾਵਾ ਹੈ, ਉਸ ਚੀਜ਼ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਮੈਂ ਸਮਝਦਾ ਹਾਂ ਕਿ ਹਾਊਸ ਇਸ ਬਿਲ ਨੂੰ ਸਰਵਸੰਮਤੀ ਨਾਲ ਪਾਸ ਕਰੇਗਾ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਇਨਫਰਮੇਸ਼ਨ ਹੈ ਅਤੇ ਉਹ ਇਹ ਹੈ ਕਿ ਸਾਰੀ ਬਿਮਾਰੀ ਦੀ ਜੜ੍ਹ ਪ੍ਰਾਈਵੇਟ ਪ੍ਰਾਪਰਟੀ ਹੈ ਅਤੇ ਜੇ ਇਹ ਖਤਮ ਹੋ ਜਾਵੇਗੀ ਤਾਂ ਸਾਰੀ ਬਿਮਾਰੀ ਖਤਮ ਹੋ ਜਾਵੇਗੀ। ਇਸ ਕਰਕੇ ਕੀ ਪ੍ਰਾਈਵੇਟ ਪ੍ਰਾਪਰਟੀ ਖਤਮ ਕਰਨ ਬਾਰੇ ਇਥੇ ਰੈਜ਼ੋਲਿਊਸ਼ਨ ਲਿਆਇਆ ਜਾਵੇਗਾ ਕਿ ਪਰਾਈਵੇਟ ਪ੍ਰਾਪਰਟੀ ਬਿਲਕੁਲ ਹੀ ਖਤਮ ਹੋ ਜਾਵੇ।

**ਸ੍ਰੀ ਸਪੀਕਰ :** ਇਹ ਇਰ-ਰੈਲੇਵੈਂਟ ਹੈ।

**ਮੁੱਖ ਮੰਤਰੀ :** ਕਪਤਾਨ ਸਾਹਿਬ ਦਾ ਲਿਹਾਜ਼ ਕਰਕੇ ਹੀ ਮੈਂ ਜਵਾਬ ਦੇ ਦਿੰਦਾ ਹਾਂ ਵੈਸੇ ਤਾਂ ਇਰ-ਰੈਲੇਵੈਂਟ ਗੱਲ ਕਹੀ ਗਈ ਹੈ। ਮੈਂ ਇਹ ਅਰਜ਼ ਕਰਾਂਗਾ ਕਿ ਕਪਤਾਨ ਸਾਹਿਬ ਆਪਣੇ ਸਾਰੇ ਮੈਂਬਰਾਂ ਨਾਲ ਸਲਾਹ ਕਰ ਲੈਣ, ਆਂਢ ਗੁਆਂਢ ਵਿਚ ਪੁਛ ਲੈਣ ਅਤੇ ਇਸ ਪਰਾਈਵੇਟ ਪਰਾਪਰਟੀ ਨੂੰ ਮੁਕਾਉ। ਮੈਂ ਇਸ ਦੇ ਲਈ ਤਿਆਰ ਹਾਂ, ਕੰਸਟੀਚਿਊਸ਼ਨ ਨੂੰ

Original with;
Punjab Vidhan Sabha
Digitized by;
Panjab Digital Library

[ਮੁਖ ਮੰਤਰੀ]

ਵੇਖ ਲੈਣ ਅਤੇ ਸਾਡੀ ਰਿਆਸਤ ਦੇ ਇਸ ਮਾਮਲੇ ਵਿਚ ਕਿੰਨੇ ਅਖਤਿਆਰ ਹਨ, ਰਿਕਮੈਂਡਸ਼ਨ ਹੀ ਕਰ ਸਕਦੇ ਹਾਂ ਜਾਂ ਸਾਡੀ ਸਰਕਾਰ ਕੋਲ ਕਿੰਨੀ ਪਾਵਰ ਹੈ, ਇਹ ਸਭ ਚੀਜ਼ ਵੇਖ ਲੈਣ ਅਤੇ ਫਿਰ ਇਸ ਚੀਜ਼ ਨੂੰ ਹਾਊਸ ਵਿਚ ਲੈ ਆਵਾਂਗੇ ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਸਪੀਕਰ ਸਾਹਿਬ, ਮੈਂ ਇਕ ਇਨਫਰਮੇਸ਼ਨ ਚਾਹੁੰਦਾ ਹਾਂ । ਚੀਫ ਮਨਿਸਟਰ ਸਾਹਿਬ ਨੇ ਜੋ ਕੁਝ ਕਿਹਾ ਹੈ ਉਹ ਬਹੁਤ ਅੱਛਾ ਕਿਹਾ ਹੈ। ਮੈਂ ਇਸ ਦੀ ਸ਼ਲਾਘਾ ਕਰਦਾ ਹਾਂ । ਮਗਰ ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁਛਦਾ ਹਾਂ ਕਿ ਕੀ ਉਹ ਇਹ ਫੀਲ ਨਹੀਂ ਕਰਦੇ ਕਿ ਜਿਸ ਵੇਲੇ ਅਸੀਂ ਇਹ ਬਿਲ ਪਾਸ ਕਰ ਰਹੇ ਹਾਂ ਤਾਂ ਉਸ ਵੇਲੇ ਸਾਡੇ ਸਾਰੇ ਐਮ. ਐਲ. ਏਜ਼. ਦਾ ਅਤੇ ਮਨਿਸਟਰਜ਼ ਦਾ ਇਹ ਹੱਕ ਹੋ ਜਾਂਦਾ ਹੈ ਕਿ ਅਸੀਂ ਇਸ ਗੱਲ ਦਾ ਇਥੇ ਪ੍ਰਣ ਕਰੀਏ ਕਿ ਅਸੀਂ ਸ਼ਾਦੀਆਂ ਵਿਚ ਕੋਈ ਸ਼ੋ ਨਹੀਂ ਕਰਾਂਗੇ ।

**ਸ੍ਰੀ ਸਪੀਕਰ :** ਇਹ ਕੋਈ ਇਨਫਰਮੇਸ਼ਨ ਸੀਕ ਨਹੀਂ ਕਰ ਰਹੇ ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਇਹ ਇਨਫਰਮੇਸ਼ਨ ਹੀ ਹੈ ਜੀ । ਸਾਨੂੰ ਸਾਰਿਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ ।

**Mr. Speaker:** It is a suggestion. Please resume your seat.

**ਚੌਧਰੀ ਕਾਂਸ਼ੀ ਰਾਮ :** ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਹੁਣੇ ਹੀ ਕੈਪਟਨ ਸਾਹਿਬ ਨੂੰ ਪਰਾਈਵੇਟ ਪ੍ਰਾਪਰਟੀ ਨੂੰ ਖਤਮ ਕਰਨ ਲਈ ਰੈਜ਼ੋਲਿਊਸ਼ਨ ਲਿਆਉਣ ਵਾਸਤੇ ਕਿਹਾ ਹੈ । ਇਸ ਸਬੰਧ ਵਿਚ ਮੈਂ ਇਹ ਕਹਿੰਦਾ ਹਾਂ ਕਿ ਇਹ ਕੰਮ ਸਰਦਾਰ ਹਰਚੰਦ ਸਿੰਘ ਨੂੰ ਦਿੱਤਾ ਜਾਣਾ ਚਾਹੀਦਾ ਹੈ । (ਹਾਸਾ)

**Mr. Speaker:** Question is—

That the Dowry Prohibition (Punjab Amendment) Bill be taken into consideration at once.

*The motion was carried*

**Mr. Speaker :** Now the House will proceed to consider the Bill Clause by Clause.

## CLAUSE 2

**Mr. Speaker :** Now Clause 2 is before the House. There is a notice of amendment to Clause 2 by Comrade Satya Pal Dang.

**Comrade Satya Pal Dang:** (Amritsar, West) Sir, I beg to move—

In line 5, between "one' year," and "and" insert "but which shall not be less than six months."

ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੀ ਜੁਰਮਾਨੇ ਦੇ ਨਾਲ ਸਜ਼ਾ ਰਖੀ ਹੈ, ਇਹ ਘੱਟ ਤੋਂ ਘੱਟ 6 ਮਹੀਨੇ ਜ਼ਰੂਰ ਹੋਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

**Mr. Speaker**: Motion moved—

In line 5. between "one year," and "and" insert "but which shall not be less than six months"

**ਮਾਲ ਅਤੇ ਚੋਣ ਮੰਤਰੀ**: (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਇਹ ਜਿਹੜੀ ਸਜ਼ਾ ਹੈ ਇਹ ਤਾਂ ਕਸੂਰ ਦੇਖ ਕੇ ਉਸ ਦੇ ਮੁਤਾਬਿਕ ਹੀ ਦਿਤੀ ਜਾਵੇਗੀ।

**Mr. Speaker**: Question is—

In line 5, between "one year," and "and" insert "but which shall not be less than six months,"

*The motion was lost*

**Mr. Speaker**: Question is—

That Clause 2 stand part of the Bill.

*The motion was carried*

CLAUS 3

**Mr. Spearker**: Now Clause 3 is before the House. There is a notice of amendment to Clause 3 by Comrade Satya Pal Dang.

**Comrade Satya Pal Dang**: (Amritsar, West): Sir, I beg to move—

In line 3 of the proposed sub-section (a), between "one year," and "and" insert "but which shall not be less than 6 months."

ਸਪੀਕਰ ਸਾਹਿਬ, ਇਹ ਵੀ ਉਸੇ ਹੀ ਨੇਚਰ ਦੀ ਹੈ, ਇਸ ਲਈ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ।

**ਸ੍ਰੀ ਸਪੀਕਰ**: ਸਰਦਾਰ ਉਮਰਾਓ ਸਿੰਘ ਕੁਝ ਕਹਿਣਾ ਚਾਹੁੰਦੇ ਹੋ ?

**ਮਾਲ ਅਤੇ ਚੋਣ ਮੰਤਰੀ**: (ਸਰਦਾਰ ਉਮਰਾਓ ਸਿੰਘ): ਨਹੀਂ ਜੀ, ਲੋੜ ਨਹੀਂ ਹੈ।

**Mr. Speaker**: Motion moved—

In line 3 of the proposed sub-section (a), between "one year", and "and" insert "but which shall not be less than 6 months".

**Mr. Speaker**: Question is—

In line 3 of the proposed sub-section (a), between "one year," and "and" insert "but which shall not be less than 6 months"

*The Motion was lost*

Original with;
Punjab Vidhan Sabha
Digitized by;
Panjab Digital Library

**Mr. Speaker :** Question is—

That Clause 3 stand part of the Bill.

*The Motion was carried.*

CLAUSE 4

**Mr. Speaker :** Now Clause 4 is before the House. There are notices of amendments to Clause 4 by Comrade Satya Pal Dang.

**Comrade Satya Pal Dang** (Amritsar, West) : Sir, I beg to move—

In line 4 of the proposed section 4—A (i), between "articles," and "or" insert "or accepts such presents total value of which exceeeds Rs. 2500/-."

ਸਪੀਕਰ ਸਾਹਿਬ, ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ ਕਿ ਹੁਣੇ ਹੀ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਦਹੇਜ ਨਾ ਦੇਣ ਤੋਂ ਭਾਵ ਇਹ ਨਹੀਂ ਕਿ ਉਸ ਨੂੰ ਉਸ ਦਾ ਡਿਊ ਸ਼ੇਅਰ ਨਾ ਮਿਲੇ । ਪਰ ਮੈਂ ਇਸ ਨੂੰ ਕੁਝ ਹੋਰ ਤਰ੍ਹਾਂ ਵੇਖਦਾ ਹਾਂ । ਉਹ ਇਹ ਹੈ ਕਿ ਦਹੇਜ ਜਿਹੜਾ ਦਿੱਤਾ ਜਾਂਦਾ ਹੈ ਇਹ ਕਿਸੇ ਹੋਰ ਗਲਾਂ ਨੂੰ ਮੁੱਖ ਰਖ ਕੇ ਦਿਤਾ ਜਾਂਦਾ ਹੈ, ਇਹ ਵਿਰਾਸਤ ਐਕਟ ਦੇ ਅਧੀਨ ਉਸ ਦਾ ਹਿੱਸਾ ਨਹੀਂ ਹੁੰਦਾ । ਇਸ ਲਈ ਮੇਰੀ ਇਹ ਜਿਹੜੀ ਅਮੈਂਡਮੈਂਟ ਹੈ ਇਸ ਨੂੰ ਮੰਨ ਲੈਣਾ ਚਾਹੀਦਾ ਹੈ ।

Sir, I beg to move my next amendment which reads as under .—

In the proposed section 4—A(ii), lines 2—3, between "minors" and "and" insert "below the age of ten years."

ਸਪੀਕਰ ਸਾਹਿਬ, ਇਸ ਬਿਲ ਵਿਚ ਜਿਹੜਾ ਮਾਈਨਰਜ਼ ਦਾ ਲਫਜ਼ ਲਿਖਿਆ ਗਿਆ ਹੈ ਇਸ ਨੂੰ ਕਲੀਅਰ ਨਹੀਂ ਕੀਤਾ ਗਿਆ । ਇਹ ਮਾਈਨਰਜ਼ 25 ਗੈਸਟਸ ਤੋਂ ਇਲਾਵਾ ਹਨ । ਪਰ ਜਿਹੜੇ ਮਾਈਨਰਜ਼ ਹੁੰਦੇ ਹਨ ਉਹ ਤਾਂ 18 ਸਾਲ ਦੀ ਉਮਰ ਤਕ ਗਿਣੇ ਜਾਂਦੇ ਹਨ, ਇਸ ਲਈ ਇਹ ਇਸ ਵਿਚ ਨਹੀਂ ਆਉਣੇ ਚਾਹੀਦੇ । ਇਸ ਲਈ ਇਹ ਕਲੀਅਰ ਕਰ ਦਿਤਾ ਜਾਵੇ ਕਿ ਜਿਹੜੇ 10 ਸਾਲ ਤੋਂ ਥਲੇ ਹਨ ਉਹ ਹੀ ਮਾਈਨਰਜ਼ ਗਿਣੇ ਜਾਣਗੇ ।

Sir, I beg to move—

In the proposed section 4—A (v), line 2. for "two" substitute "one"

ਸਪੀਕਰ ਸਾਹਿਬ, ਅੱਜ ਦੇ ਜ਼ਮਾਨੇ ਵਿਚ ਪਹਿਲੇ ਹੀ 2 ਟਾਈਮ ਦੀ ਰੋਟੀ ਕੋਈ ਨਹੀਂ ਦਿੰਦਾ । ਪਰ ਇਨ੍ਹਾਂ ਨੇ ਹੁਣ 2 ਰੋਟੀਆਂ ਲਿਖ ਦਿੱਤਾ ਹੈ । ਇਸ ਲਈ ਮੇਰੀ ਅਰਜ਼ ਹੈ ਕਿ ਇਹ ਇਕ ਰੋਟੀ ਤੋਂ ਵੱਧ ਨਹੀਂ ਹੋਣੀ ਚਾਹੀਦੀ ।

Sir, I beg to move—

After the proposed section 4—A(v), add the following:—
"(vi) takes in a marriage party a band party consisting of more than seven persons,".

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਜਿਥੇ ਵੀ ਕੋਈ ਵਿਆਹ ਸ਼ਾਦੀ ਹੁੰਦੀ ਹੈ ਉਥੇ ਜੇ ਕੋਈ ਬੈਂਡ ਵਾਜ ਵਾਲੇ ਨਾ ਹੋਣ ਤਾਂ ਇਹ ਵੀ ਠੀਕ ਗਲ ਨਹੀਂ । ਪਰ ਇਹ ਜ਼ਰੂਰ ਕਰ ਦੇਣਾ ਚਾਹੀਦਾ ਹੈ ਕਿ ਇਹ 7 ਆਦਮੀਆਂ ਤੋਂ ਵੱਧ ਨਾ ਹੋਣ।

This is a vulgar thing and should be stopped.

Sir, I beg to move the last amendment—

After the proposed section 4—A(v), for "shall be punishable with imprisonment for a term which may extend to six months or with fine which may extend to five thousand rupees or with both" substitute "shall be punishable with imprisonment for a term which may extend to 8 months but shall not be less than 4 months and with fine which may extend to five thousand rupees".

**Mr. Speaker :** Motion moved—

1. In line 4 of the proposed section 4—A (i), between "articles;" and "or" insert "or accepts such presents total value of which exceed Rs. 2500/-".
2. In the proposed section 4—A (ii), lines 2—3, beween "minors" and "and" insert "below the age of ten years".
3. In the proposed section 4—A (v), line 2, for "two" substitute "one"
4. After the proposed section 4—A (v), add the following:—
   "(vi) takes in a marriage party a band party consisting of more than seven persons,".
5. After the proposed section 4—A (v), for "shall be punishable with imprisonment for a term which may extend to six months or with fine which may extend to five thousand rupees or with both" substitute "shall be punishable with imprisonment for a term which may extend to 8 months but shall not be less than 4 months and with fine which may extend to five thousand rupees."

**ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) :** ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਜਿਸ ਤਰ੍ਹਾਂ ਅੱਗੇ ਹੀ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਲੜਕੀ ਦਾ ਜੋ ਹਿਸਾ ਹੈ ਉਹ ਉਸ ਨੂੰ ਮਿਲਣਾ ਚਾਹੀਦਾ ਹੈ ਪਰ ਜਿਹੜਾ ਵਿਆਹ ਸ਼ਾਦੀਆਂ ਤੇ ਫਾਲਤੂ ਖਰਚ ਕੀਤਾ ਜਾਂਦਾ ਹੈ ਉਹ ਘੱਟ ਹੋਣਾ ਚਾਹੀਦਾ ਹੈ । ਪਰ ਜਿਸ ਤਰ੍ਹਾਂ ਡਾਂਗ ਸਾਹਿਬ ਨੇ 2500 ਰੁਪਏ ਤਕ ਫਿਕਸ ਕਰਨ ਲਈ ਕਿਹਾ ਹੈ, ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ । ਅਸੀਂ ਤਾਂ ਡਿਸਪਲੇ ਬਿਲਕੁਲ ਹੀ ਬੰਦ ਕਰਨ ਲਗੇ ਹਾਂ । ਦੂਜੀ ਗਲ ਜੋ ਡਾਂਗ ਸਾਹਿਬ ਨੇ ਮਾਈਨਰਜ਼ ਦੇ ਬਾਰੇ ਕਹੀ ਹੈ ਕਿ 10 ਸਾਲ ਤੋਂ ਵੱਧ ਇਨ੍ਹਾਂ ਦੀ ਉਮਰ ਨਾ ਹੋਵੇ, ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਜੇਕਰ ਮਾਈਨਰ ਲਫਜ਼ ਰਹਿਣਾ ਹੈ ਤਾਂ ਜੋ ਕਾਨੂੰਨ ਦੇ ਮੁਤਾਬਿਕ ਹੈ, ਮਾਈਨਰ ਹੈ, ਉਹ ਹੀ ਰਹੇਗਾ । ਫਿਰ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਛੇ ਮਹੀਨੇ ਨਹੀਂ ਚਾਹੀਦੀ, ਅੱਠ ਮਹੀਨੇ ਹੋਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਫਰਕ ਨਹੀਂ ਹੈ ਅੱਠ ਹੋਏ ਜਾਂ ਛੇ ਹੋਏ । ਇਸ ਲਈ ਛੇ ਠੀਕ ਹਨ । ਬੈਂਡ ਦੇ ਮੁਤਾਲਿਕ ਕਿਹਾ ਹੈ ਕਿ ਸਾਦਾ ਹੋਣਾ ਚਾਹੀਦਾ ਹੈ, ਅਜੇ ਤਾਂ ਬੈਂਡ ਹੀ ਰਖਿਆ ਹੈ, ਲੋਕਾਂ ਨੇ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਤਾਂ ਬੈਂਡ ਕਰਨੋਂ ਹੀ ਹਟ ਜਾਣਾ ਹੈ । ਬਾਕੀ ਸਪੀਕਰ ਸਾਹਿਬ, ਜਿਥੋਂ ਤਕ ਮੇਰਾ ਜ਼ਿਕਰ ਕੀਤਾ ਹੈ, ਮੈਂ ਡਾਂਗ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਮੈਂ ਤਾਂ ਬੈਂਡ ਲੈ ਕੇ ਨਹੀਂ ਜਾਂਦਾ (ਹਾਸਾ) ਸਪੀਕਰ ਸਾਹਿਬ, ਬਾਕੀ ਰਹੀ ਗੱਲ ਸ਼ਾਦੀ ਦੀ । ਉਥੇ ਸਪੀਕਰ ਸਾਹਿਬ, ਹਰਿਆਣੇ ਦਾ ਕਾਨੂੰਨ ਲਗਣਾ ਹੈ ਕਿਉਂਕਿ ਕਰਨਾਲ ਵਿਚ ਹੋਣੀ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬੈਂਡ ਅਸੀਂ ਨਹੀਂ ਲੈ ਕੇ ਜਾਵਾਂਗੇ ।

**ਚੌਧਰੀ ਜਗਤ ਰਾਮ :** ** ** **

**Mr. Speaker :** This is no point of order.

**Shri Sardari Lal Kapur** (Ludhiana North) : Sir, I beg to move—

*For* the proposed section 4—A (i), *Substitute* the following :—

"4—A(i) displays more than three clothes and any presents made at the time of such marriage in the form of cash, ornaments or other articles exceeding in value a sum of rupees one thousand, or".

**Mr. Speaker :** Motion moved—

*For* the proposed section 4—A (i), *substitute* the following :—

"4—A(i) displays more than three clothes and any presents made at the time of such marriage in the form of cash, ornaments or other articles exceeding in value a sum of rupees one thousand, or".

(ਇਸ ਸਮੇਂ ਸਰਦਾਰ ਬੇਅੰਤ ਸਿੰਘ ਜੀ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

**ਸਰਦਾਰ ਬੇਅੰਤ ਸਿੰਘ :** ** **

**Mr. Speaker :** This is no point of order, Order please, order.

**Chaudhri Ram Singh** (Pathankot) : Sir, I beg to move—

In the proposed section 4—A(i), line 1, *between* "displays" and "any" *insert* "or gives."

In the proposed section 4—A(ii), line 2 *for* "exclusive" *substitute* "inclusive."

After the proposed section 4—A(v), *add* the following :—

"(vi) organises bhangra, distributes liquor, or displays more than 50 electric lights."

**Mr. Speaker :** Motion moved—

In the proposed section 4—A(i). line 1, *between* "displays" and "any" *insert* "or gives."

In the proposed section 4—A (ii), line 2, *for* "exclusive" *Substitute* "inclusive."

After the proposed section 4—A (v), *add* the following :—

"(vi) organises bhangra, distributes liquor, or displays more than 50 electric lights."

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Comrade Shamsher Singh Josh** (Kharar) : Sir, I beg to move—

*For* the proposed section 4—A (v) *substitute*, the following :—

"(v) incurs more than five thousand rupees as Marriage expenses."

**Mr. Speaker** : Motion moved—

*For* the proposed section 4—A (v) *substitute* the following :—

"(v) incurs more than five thousand rupees as Marriage expenses."

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਇਸ ਦਾ ਮਕਸਦ ਹੈ ਕਿ ਸ਼ਾਦੀ ਦੇ ਖਰਚੇ ਜਿਹੜੇ ਹਨ ਖਾਣਾ ਜਿਹੜਾ ਬਰਾਤ ਨੇ ਖਾਣਾ ਹੈ, ਇਸ ਤਰ੍ਹਾਂ ਦਾ ਜਿਹੜਾ ਐਕਸਪੈਂਡੀਚਰ ਹੈ ਉਹ ਪੰਜ ਹਜ਼ਾਰ ਤੋਂ ਵੱਧ ਨਹੀ ਹੋਵੇਗਾ ।

**ਸ੍ਰੀ ਸਪੀਕਰ** : ਹਾਂ ਜੀ ਵਜ਼ੀਰ ਸਾਹਿਬ, ਕੀ ਜਵਾਬ ਦੇਣਾ ਹੈ ?

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਜਿਥੋਂ ਤਕ ਬਜ਼ੁਰਗ ਕਪੂਰ ਸਾਹਿਬ ਦੀ ਅਮੈਂਡਮੈਂਟ ਦਾ ਤੁਆਲਕ ਹੈ, ਉਨ੍ਹਾਂ ਨੇ ਤਿੰਨੇ ਕਪੜਿਆਂ ਦਾ ਵੇਰਵਾ ਨਹੀਂ ਦਿੱਤਾ ਕਿ ਕਿਹੜੇ ਕਿਹੜੇ ਹੋਣੇ ਚਾਹੀਦੇ ਹਨ। (ਹਾਸਾ) ਚੰਗਾ ਸੀ ਜੇਕਰ ਉਹ ਵੇਰਵੇ ਨਾਲ ਦੱਸ ਦਿੰਦੇ ਕਿ ਤਿੰਨ ਕਪੜੇ ਕਿਹੜੇ ਕਿਹੜੇ ਹੋਣ (ਬਹੁਤ ਹਾਸਾ)।

ਸਪੀਕਰ ਸਾਹਿਬ, ਬਾਕੀ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਜੋ ਇਹ ਕਲਾਜ਼ ਰੱਖੀ ਹੈ ਇਸ ਵਿਚ ਸਾਰੀ ਚੀਜ਼ ਸੋਚ ਵਿਚਾਰ ਕੇ ਰੱਖੀ ਹੈ। ਇਸ ਵਿਚ ਹੋਰ ਕੋਈ ਪੰਜ ਹਜ਼ਾਰ ਕਰਨ ਦੀ ਜਾਂ ਹੋਰ ਕੋਈ ਅਮੈਂਡਮੈਂਟ ਕਰਨ ਦੀ ਲੋੜ ਨਹੀਂ ਹੈ । ਇਸ ਲਈ ਜੋ ਵੀ ਅਮੈਂਡਮੈਂਟਸ ਪੇਸ਼ ਹੋਈਆਂ ਹਨ ਮੈਂ ਉਨ੍ਹਾਂ ਨਾਲ ਐਗਰੀ ਨਹੀਂ ਕਰਦਾ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਂ ਝਗੜੇ ਦੀ ਗੱਲ ਕਹੀ ਸੀ। ਗਿਆਨੀ ਜੀ ਨੂੰ ਕਿਹਾ ਸੀ ਕਿ ਇਸ ਨੂੰ ਬੰਦ ਕਰ ਦਿੱਤਾ ਜਾਵੇ ।

**ਸ੍ਰੀ ਸਪੀਕਰ** : ਤੁਸੀਂ ਬੈਠੋ, ਚੌਧਰੀ ਸਾਹਿਬ ।

Question is—

In line 4 of the proposed section 4—A (i), *between* "articles", and; "or" *insert* or accepts such presents total value of which exceeds Rs 2500/-".

*The motion was lost.*

**Mr. Speaker** : Question is—

In the proposed section 4—A (ii), lines 2—3, *between* "minors" and "and" *insert* "below the age of ten years."

*The motion was lost.*

**Mr. Speaker** : Question is—

In the proposed section 4—A (v), line 2 *for* "two" *substitute* "one".

*The motion was lost.*

**Mr. Speaker** : Question is—

After the proposed section 4—A (v), *add* the following :—

"(vi) takes in a marriage party a band party consisting of more than seven persons".

*The motion was lost.*

Original with;
Punjab Vidhan Sabha
Digitized by;
Panjab Digital Library

**Mr. Speaker** : Question is—

After the proposed section 4—A(v), *for* shall be punishable with imprisonment for a term which may extend to six months or with fine which may extend to five thousand rupees or with both" *substitute* "shall be punisheble with imprisonment for a term which may extend to 8 months but shall not be less than 4 months and with fine which may extend to five thousand rupees".

*The motion was lost.*

**Mr. Speaker** : Question is—

*For* the proposed section 4—A(i), *substitute* the following :—

"4—A(i) displays more than three clothes and any presents made at the time of such marriage in the form of cash, ornaments or other articles exceeding in value a sum of rupees one thousand, or"

*The motion was lost.*

**Chaudhri Ram Singh** : Sir, I withdraw my amendments standing serial Nos. 12, 13 and 14.

**Mr. Speaker** : Is it the pleasure of the House ?

(**Voices** : Yes, Yes).

**Mr. Speaker** : The amendments standing at serial Nos. 12, 13 and 14 stand withdrawn with the pleasure of the House,

**Mr. Speaker** : Question is—

*For* the proposed section 4—A(v) *substitute*, the following :—

"(v) incurs more than five thousand rupees as Marriage expenses."

*The motion was lost.*

**Mr. Speaker** : Question is—

That Clause 4 stand part of the Bill.

*The motion was carried*

CLAUSE 5

**Mr. Speaker** : Now Clause 5 is before the House, There are some amendments to this Clause.

**Comrade Satya Pal Dang** (Amritsar West) : Sir, I beg to move—

(i) In the proposed section 7(2), lines 4-5, *after* "by some person aggrieved by the offence" *add* "or by some social worker or by some office bearer of an organization of women."

(ii) In the proviso to the proposed section 7(3), line 2, for "a Deputy Superintendent of Police" *substitute* "an Inspector of Police".

Original with:
Punjab Vidhan Sabha
Digitized by:
Panjab Digital Library

ਸਪੀਕਰ ਸਾਹਿਬ ਮੈਂ ਇਹ ਨਹੀਂ ਕਿਹਾ ਕਿ ਡੀ. ਐਸ.ਪੀ. ਨਾ ਕਰੇ । ਮੈਂ ਕਿਹਾ ਹੈ ਕਿ ਇਨਸਪੈਕਟਰ ਤਕ ਇਖਤਿਆਰ ਦੇ ਦਿਓ ਜੋ ਡੀ. ਐਸ. ਪੀ. ਤੋਂ ਘੱਟ ਹੁੰਦੇ ਹਨ । ਇਸ ਲਈ ਇਨਸਪੈਕਟਰ ਤਕ ਇਖਤਿਆਰ ਦੇ ਦਿਓ ।

**Mr. Speaker :** Motion moved—

(i) In the proposed section 7(2), lines 4—5, *after* "by some person aggrieved by the offence" *add* "or by some social worker or by some office bearer of an organization of women."

(ii) In the proviso to the proposed section 7(3), line 2, *for* "a Deputy Superintendent of Police" *substitute* "an Inspector of Police."

**ਮਾਲ ਅਤੇ ਚੋਣ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਜਦੋਂ ਬਿਲ ਇੰਟਰੋਡਿਊਸ ਕੀਤਾ ਸੀ ਤਾਂ ਜਵਾਬ ਦੇ ਦਿਤਾ ਸੀ । ਇਸ ਅਮੈਂਡਮੈਂਟ ਦੀ ਲੋੜ ਨਹੀਂ ।

**Mr. Speaker :** Question is—

In the proposed section 7(2), lines 4—5 *after* "by some person aggrieved by the offence" *add* "or by some social worker or by some office bearer of an organization of women."

*The motion was lost.*

**Mr. Speaker :** Question is—

In the proviso to the proposed section 7(3), line 2, *for* "a Deputy Superintendent of Police" *substitute* "an Inspector of Police."

*The motion was lost.*

**Mr. Speaker :** Question is—

That Clause 5 stand part of the Bill.

*The motion was carried.*

CLAUSE 6

**Mr. Speaker :** Now Clause 6 is before the House. There is a notice of amendment to this Clause by Comrade Satya Pal Dang.

**ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) :** ਸਪੀਕਰ ਸਾਹਿਬ, ਮੇਰਾ ਇਹ ਪੁਆਇੰਟ ਕਲੀਅਰ ਨਹੀਂ ਹੋਇਆ । ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਦੇ ਧਿਆਨ ਵਿਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਆਫੈਂਸ ਬਾਰੇ ਜਿਸ ਬਾਰੇ ਕਿ ਚੀਫ ਮਨਿਸਟਰ ਸਾਹਿਬ ਨੇ ਬੜੀ ਰੋਸ਼ਨੀ ਪਾਈ ਹੈ । ਉਸ ਦਾ ਆਫੈਂਸ ਬੇਲੇਬਲ ਹੋਵੇਗਾ । ਉਸ ਦੀ ਜ਼ਮਾਨਤ ਪੁਲਿਸ ਲੈ ਸਕਦੀ ਹੈ । ਇਸ ਦੇ ਸਾਰੇ ਆਫੈਂਸ ਨੂੰ ਨਾਨ-ਬੇਲੇਬਲ ਹੋਣਾ ਚਾਹੀਦਾ ਹੈ ।

Sir, I beg to move—

In the proposed section 8, line 2, *for* "bailable" *substitute* "non-bailable".

**Mr. Speaker :** Motion moved—

In the proposed section 8, line 2, *for* "bailable" *substitute* "non-bailable".

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਕੁਝ ਸਟੇਟਾਂ ਦਾ ਜ਼ਿਕਰ ਕੀਤਾ ਗਿਆ ਹੈ । ਉਥੇ ਤਾਂ ਇਹ ਕਾਗਨੀਜ਼ੇਬਲ ਆਫੈਂਸ ਕਰਾਰ ਨਹੀਂ ਦਿੱਤਾ ਗਿਆ ਪਰ ਅਸੀਂ ਪਹਿਲੀ ਦਫਾ ਇਸ ਤਰ੍ਹਾਂ ਕਰਨ ਲਗੇ ਹਾਂ । ਨਾਨ-ਕਾਗਨੀਜ਼ੇਬਲ ਆਫੈਂਸ ਨੂੰ ਨਾਨ-ਬੇਲੇਬਲ ਕਰਾਰ ਦੇ ਕੇ ਇਸ ਤਰ੍ਹਾਂ ਪੁਲਿਸ ਨੂੰ ਐਕਸੈਸਿਵ ਪਾਵਰਜ਼ ਮਿਲ ਜਾਂਦੀਆਂ ਹਨ । ਜੋ ਲੋੜ ਪਵੇਗੀ ਅਤੇ ਜੇ ਇਹ ਚੀਜ਼ ਮਿਸਯੂਜ਼ ਹੋਵੇਗੀ ਤਾਂ ਦੇਖੀ ਜਾਵੇਗੀ ਕਿਉਂਕਿ ਸਾਡਾ ਸਟੈਪ ਇਹ ਹੈ ਕਿ ਇਹ ਨਾਨ-ਕੰਪਾਊਂਡੇਬਲ ਹੋਵੇ ।

**Mr. Speaker** : Question is—

In the proposed section 8, line 2, *for* "bailable" *substitute* "non-bailable."

*The motion was lost*

**Mr. Speaker** : Question is—

That Clause 6 stand part of the Bill.

*The motion was carried.*

CLAUSE 7

**Mr. Speaker** : Question is—

That Clause 7 stand part of the Bill.

*The motion was carried.*

CLAUSE 8

**Mr. Speaker** : Question is—

That Clause 8 stand part of the Bill.

*The motion was carried.*

CLAUSE 1

**Mr. Speaker** : Question is—

That Clause 1 stand part of the Bill.

*The motion was carried.*

TITLE

**Mr. Speaker** : Question is—

That Title be the Title of the Bill.

*The motion was carried.*

**Revenue and Elections Minister** (Sardar Umrao Singh) :—Sir, I beg to move—

That the Dowry Prohibition (Punjab Amendment) Bill, be passed.

**Mr. Speaker** : Motion moved—

That the Dowry Prohibition (Punjab Amendment) Bill, be passed.

**Mr. Speaker** : Question is:

That the Dowry Prohibition (Punjab Amendment) Bill, be passed.

*The motion was carried.*

Original with;
Punjab Vidhan Sabha
Digitized by;
Panjab Digital Library

## THE PUNJAB BACKWARD CLASSES LAND DEVELOPMENT AND FINANCE CORPORATION BILL, 1976

**Revenue and Elections Minister** (Sardar Umrao Singh) : Sir, I beg to introduce the Punjab Backward Classes Land Development and Finance Corporation Bill.

Sir, I also beg to move—

> That the Punjab Backward Classes Land Development and Finance Corporation Bill be taken into consideration at once.

**Mr. Speaker** : Motion moved—

> That the Punjab Backward Classes Land Development and Finance Corporation Bill be taken into consideration at once.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਸਰਦਾਰ ਉਮਰਾਓ ਸਿੰਘ ਜੀ ਨੇ ਲਿਆਂਦਾ ਹੈ, ਮੈਂ ਸਮਝਦਾ ਹਾਂ ਕਿ ਇਹ ਬੜਾ ਚੰਗਾ, ਰੈਡੀਕਲ ਹੈ । ਔਰ ਇਸ ਗੱਲ ਤੇ ਵਿਚਾਰ ਵੀ ਸੀ ਕਿ ਜਿਹੜੇ ਸ਼ਡਿਊਲਡ ਕਾਸਟਸ ਦੀ ਕਾਰਪੋਰੇਸ਼ਨ ਹੈ, ਜਿਹੜੇ ਸ਼ਡਿਊਲਡ ਕਾਸਟ ਲੋਕ ਹਨ, ਉਨ੍ਹਾਂ ਨੂੰ ਤਾਂ ਕਰਜ਼ੇ ਮਿਲ ਜਾਂਦੇ ਸਨ । ਪਰ ਜਿਹੜੇ ਬੈਕਵਰਡ ਕਲਾਸਿਜ਼ ਦੇ ਲੋਕ ਹਨ, ਜਿਹੜੇ ਦੂਸਰੇ ਹੋਰ ਵੀਕਰ ਸੈਕਸ਼ਨ ਦੇ ਇਕਨਾਮੀਕਲੀ ਬੈਕਵਰਡ ਹਨ ਉਨ੍ਹਾਂ ਨੂੰ ਕਰਜ਼ੇ ਲੈਣ ਦੀ ਬੜੀ ਦਿੱਕਤ ਹੁੰਦੀ ਸੀ । ਇਸ ਪਾਸੇ ਜੋ ਧਿਆਨ ਦਿੱਤਾ ਗਿਆ ਹੈ ਉਨਾਂ ਦੀ ਭਲਾਈ ਦੇ ਵਾਸਤੇ. ਇਹ ਜਿਹੜੀ ਕਾਰਪੋਰੇਸ਼ਨ ਬਣਾਈ ਗਈ ਹੈ, ਇਹ ਅੱਛੀ ਗੱਲ ਕੀਤੀ ਗਈ ਹੈ । ਪਰ ਇਸ ਦੇ ਵਿਚ ਮੈਂ 2-3 ਚੀਜ਼ਾਂ ਦੀ ਕਲੈਰੀਫੀਕੇਸ਼ਨ ਲੈਣਾ ਚਾਹੁੰਦਾ ਹਾਂ । ਇੱਕ ਤਾਂ ਇਹ ਕਲਾਜ਼ 'ਸੀ' ਹੈ ਸੈਕਸ਼ਨ-2 ਦੀ, ਉਸ ਵਿਚ ਲਿਖਿਆ ਹੈ :—

> "Backward Classes Organisation" means a firm registered under the Partnership Act, 1932, a society registered under the Societies Registration Act, 1860, or a Co-operative Society registered under the Punjab Co-operative Societies Act, 1961, all the partners or members whereof, as the case may be, belong to Backward Classes.

ਇਸ ਦੇ ਵਿਚ ਕਲੈਰੀਫੀਕੇਸ਼ਨ ਦੀ ਲੋੜ ਹੈ ।

6.29 p.m.

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਜਿਹੜੇ ਗਰੀਬ ਬੈਕਵਰਡ ਕਲਾਸਿਜ਼ ਨਾਲ ਸਬੰਧ ਰਖਦੇ ਸਨ ਉਨ੍ਹਾਂ ਨੂੰ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਵਿਚੋਂ ਕਰਜ਼ਾ ਨਹੀਂ ਮਿਲਦਾ ਸੀ । ਪਰ ਹੁਣ ਜੋ ਇਹ ਕਾਰਪੋਰੇਸ਼ਨ ਬਣਾਈ ਜਾ ਰਹੀ ਹੈ ਇਸ ਰਾਹੀਂ ਇਨ੍ਹਾਂ ਨੂੰ ਕਰਜ਼ਾ ਮਿਲ ਸਕੇਗਾ । ਪਰ ਕੋਈ ਵਿਅਕਤੀਗਤ ਤੌਰ ਤੇ ਨਹੀਂ ਲੈ ਸਕੇਗਾ । ਜੱਦ ਤਕ ਕਿ ਉਹ ਕਿਸੇ ਫਰਮ ਜਾਂ ਕੋਈ ਕੋਆਪਰੇਟਿਵ ਸੁਸਾਇਟੀ ਦਾ ਮੈਂਬਰ ਨਹੀਂ ਬਣ ਜਾਂਦਾ । ਜਿੱਥੋਂ ਤਕ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਦਾ ਮੈਨੂੰ ਪਤਾ ਹੈ ਕੋਈ ਵੀ ਸ਼ਡਿਊਲਡ ਕਾਸਟ ਕਰਜ਼ਾ ਲੈ ਸਕਦਾ ਹੈ ਇਥੇ ਵੀ ਇੰਡੀਵਿਜੂਅਲ ਨੂੰ ਕਰਜ਼ਾ ਮਿਲਣਾ ਚਾਹੀਦਾ ਹੈ । ਅਗਰ ਉਹ ਦੋ ਜਾਂ ਢਾਈ ਹਜ਼ਾਰ ਰੁਪਏ ਲੈ ਕੇ ਕੰਮ ਕਰਨਾ ਚਾਹੇ ਤਾਂ ਉਸ ਲਈ ਕਿਸੇ ਸੁਸਾਇਟੀ ਜਾਂ ਫਰਮ ਦਾ ਮੈਂਬਰ ਹੋਣਾ ਲਾਜ਼ਮੀ ਨਹੀਂ ਹੋਣਾ ਚਾਹੀਦਾ । ਨਹੀਂ ਤਾਂ ਉਸ ਨੂੰ 4-5 ਆਦਮੀਆਂ ਨਾਲ ਮਿਲ ਕੇ ਸੁਸਾਇਟੀ ਬਣਾਉਣੀ ਪਵੇਗੀ ਜਾਂ ਕੋਈ ਫਰਮ ਬਣਾਉਣੀ ਪਵੇਗੀ । ਫਰੱਮ ਵਿਚ ਜਿਹੜੇ ਚਲਾਕ ਆਦਮੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਹੁੰਦੇ ਹਨ ਉਹ ਸਾਰੇ ਪੈਸੇ ਖਾ ਜਾਂਦੇ ਹਨ । ਪਹਿਲੇ ਸੁਸਾਇਟੀ ਰਜਿਸਟਰਡ ਹੋਵੇ ਫਿਰ ਕਰਜ਼ਾ ਲੈਣ ਵਿਚ ਬੜੀਆਂ ਰੁਕਾਵਟਾਂ ਹੁੰਦੀਆਂ ਹਨ । ਸਰਦਾਰ ਉਮਰਾਓ ਸਿੰਘ ਜੀ ਨੇ ਜੋ ਇਹ ਪੋਵੀਜਨ ਇਸ ਬਿਲ ਵਿਚ ਨਾ ਕੀਤੀ ਤਾਂ ਦਿੱਕਤਾਂ ਪੇਸ਼ ਆਉਣਗੀਆਂ। ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਵਾਂਗ ਇਹ ਮੱਦ ਇਥੇ ਜ਼ਰੂਰ ਬਣਾਉਣੀ ਚਾਹੀਦੀ ਹੈ ਤਾਂਕਿ ਇੰਡੀਵਿਜੂਅਲ ਵੀ ਕਰਜ਼ਾ ਲੈ ਸਕੇ । ਇਹ ਚੀਜ਼ ਜ਼ਰੂਰੀ ਹੋਣੀ ਚਾਹੀਦੀ ਹੈ । ਪਹਿਲੀ ਗੱਲ ਤਾਂ ਮੈਂ ਇਹ ਹੀ ਕਹਿਣੀ ਚਾਹੁੰਦਾ ਸੀ । ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਨੂੰ ਕਰਜ਼ਾ ਦੇਣ ਲਗੇ ਇਸ ਗੱਲ ਦੀ ਖਲ ਰੱਖੀ ਜਾਣੀ ਚਾਹੀਦੀ ਹੈ ਕਿ ਇਹ ਕਰਜ਼ਾ ਲੰਬੀਆਂ ਕਿਸ਼ਤਾਂ ਵਿਚ ਵਸੂਲਿਆ ਜਾਵੇ ਨਾ ਕਿ 20 ਜਾਂ 30 ਕਿਸ਼ਤਾਂ ਵਿਚ ਤਾਂਕਿ ਉਹ ਕਰਜ਼ੇ ਨਾਲ ਆਪਣਾ ਕਾਰੋਬਾਰ ਚੰਗੀ ਤਰ੍ਹਾਂ ਨਾਲ ਚਲਾ ਸਕਣ । ਉਸ ਪੈਸੇ ਨੂੰ ਆਸਾਨ ਕਿਸਤਾਂ ਵਿਚ ਵਾਪਸ ਲਿਆ ਜਾ ਸਕੇ ਅਤੇ ਉਹ ਆਸਾਨੀ ਨਾਲ ਦੇ ਸਕਣ ਕਿਉਂਕਿ ਕਾਰੋਬਾਰ ਕਰਨ ਵਿਚ ਵਕਤ ਲਗ ਜਾਂਦਾ ਹੈ । ਕਿਸਤਾਂ ਜਲਦੀ ਦੇਣ ਨਾਲ ਮੁਸ਼ਕਲ ਹੁੰਦੀ ਹੈ । ਉਸ ਕਿਸ਼ਤਾਂ ਦੇ ਉਪਰ ਜੋ ਕਰਜ਼ਾ ਹੈ ਉਸ ਦਾ ਇੰਟ੍ਰੈਸਟ ਬੈਂਕ ਦਾ ਨਹੀਂ ਹੋਣਾ ਚਾਹੀਦਾ ਬਲਕਿ ਸਬਸਿਡਾਈਜ਼ਡ ਇੰਟ੍ਰੈਸਟ ਹੋਣਾ ਚਾਹੀਦਾ ਹੈ । ਮੇਰੀ ਰਾਏ ਇਹ ਹੈ ਕਿ ਕਿਸੇ ਤਰ੍ਹਾਂ ਵੀ 5 ਪਰਸੈਂਟ ਤੋਂ ਵੱਧ ਇੰਟ੍ਰੈਸਟ ਨਾ ਲਿਆ ਜਾਵੇ ਭਾਵੇਂ 2-3% ਸਰਕਾਰ ਨੂੰ ਸਬਸਿਡਾਈਜ਼ ਵੀ ਕਰਨਾ ਪਵੇ । ਜੇ ਇਨ੍ਹਾਂ ਨੇ ਵਾਕਿਆ ਹੀ ਇਨ੍ਹਾਂ ਬੈਕਵਰਡ ਲੋਕਾਂ ਨੂੰ ਉੱਚਾ ਚੁੱਕਣਾ ਹੈ ਤਾਂ ਸਸਤੇ ਰੇਟ ਤੇ ਕਰਜ਼ੇ ਅਤੇ ਲੰਬੀਆਂ ਇਨਸਟਾਲਮੈਂਟਸ ਹੋਣੀਆਂ ਚਾਹੀਦੀਆਂ ਹਨ । ਅਗਰ ਕੋਈ ਇੰਡੀਵਿਜੁਅਲ ਵੀ ਕਰਜ਼ਾ ਲੈਣਾ ਚਾਹੁੰਦਾ ਹੈ ਤਾਂ ਉਸ ਨੂੰ ਵੀ ਕਰਜ਼ਾ ਦੇਣਾ ਚਾਹੀਦਾ ਹੈ । ਇਸ ਕਰਜ਼ੇ ਦੇਣ ਦੇ ਸਿਸਟਮ ਨੂੰ ਸਿੰਪਲੀਫਾਈ ਕਰਨਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਕਰਜ਼ਾ ਲੈਣ ਲੱਗਿਆਂ ਬੜੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ । ਕਰਜ਼ਾ ਲੈਣ ਲਈ ਕਈ ਪੇਚੀਦਾ ਤਰੀਕੇ ਰੱਖੇ ਜਾਂਦੇ ਹਨ । ਗ਼ਰੀਬ ਆਦਮੀ ਨੂੰ ਫ਼ਾਰਮ ਦਾ ਪਤਾ ਨਹੀਂ ਲਗਦਾ ਕਿ ਉਸ ਫ਼ਾਰਮ ਨੂੰ ਕਿਥੋਂ ਅਟੈਸਟ ਕਰਾਉਣਾ ਹੈ । ਫਰਦ ਕਿਥੋਂ ਲੈਣੀ ਹੈ ਅਤੇ ਅਸ਼ਟਾਮ ਕਿਥੋਂ ਲੈਣਾ ਹੈ ਅਤੇ ਕੀ ਕਰਨਾ ਹੈ । ਗ਼ਰੀਬ ਆਦਮੀ ਕਰਜ਼ਾ ਲੈਣ ਲਈ ਫ਼ਾਰਮ ਵੀ ਨਹੀਂ ਭਰ ਸਕਦਾ । ਇਸ ਲਈ ਇਸ ਦਾ ਪਰੋਸੀਜਰ ਸਿੰਪਲੀਫਾਈ ਹੋਣਾ ਚਾਹੀਦਾ ਹੈ । ਐਪਲੀਕੇਸ਼ਨ ਦੇਣ ਤੋਂ ਲੈ ਕੇ ਕਰਜ਼ਾ ਮਨਜ਼ੂਰ ਹੋਣ ਤਕ ਤਿੰਨ ਮਹੀਨੇ ਤੋਂ ਵੱਧ ਸਮਾਂ ਨਹੀਂ ਲੱਗਣਾ ਚਾਹੀਦਾ । ਉਸ ਨੂੰ ਕਰਜ਼ਾ ਦੇਣਾ ਹੈ ਜਾਂ ਨਹੀਂ, ਇਹ ਤਿੰਨ ਮਹੀਨਿਆਂ ਵਿਚ ਤਹਿ ਹੋਣਾ ਚਾਹੀਦਾ ਹੈ । ਸਾਲ-ਹਾ-ਸਾਲ ਉਸ ਦਾ ਪਤਾ ਨਹੀਂ ਲੱਗਦਾ ਕਿ ਕਰਜ਼ਾ ਮਨਜ਼ੂਰ ਹੋਇਆ ਜਾਂ ਨਹੀਂ ਹੋਇਆ । ਇਨ੍ਹਾਂ ਸ਼ਬਦਾਂ ਨਾਲ ਇਸ ਬਿੱਲ ਦਾ ਜੋ ਆਸ਼ਾ ਹੈ ਉਸ ਦਾ ਮੈਂ ਸਮਰਥਨ ਕਰਦਾ ਹਾਂ । ਸਾਰੇ ਬਿੱਲ ਦਾ ਸਮਰਥਨ ਕਰਦਾ ਹਾਂ । ਇਹ ਜੋ ਮੈਂ ਕਿਹਾ ਹੈ ਇਹ ਮੈਂ ਇਸ ਵਿਚ ਵਾਧੇ ਕਰਾਉਣਾ ਚਾਹੁੰਦਾ ਹਾਂ ।

**ਸਰਦਾਰ ਸਾਧੂ ਸਿੰਘ** (ਸੁਲਤਾਨਪੁਰ) : ਡਿਪਟੀ ਸਪੀਕਰ ਸਾਹਿਬ, ਗਿਆਨੀ ਜੀ ਨੇ ਪੰਜਾਬ ਬੈਕਵਰਡ ਕਲਾਸਿਜ਼ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਬਿੱਲ ਜਿਹੜਾ ਇੰਟਰੋਡਿਊਸ ਕੀਤਾ ਹੈ, ਇਸ ਦੀ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । ਇਹ ਬਿੱਲ ਇੰਟਰੋਡਿਊਸ ਕਰਕੇ ਗਿਆਨੀ ਜੀ ਨੇ ਉਨ੍ਹਾਂ ਬੈਕਵਰਡ ਕਲਾਸਿਜ਼ ਦਾ, ਜਿਹੜੇ ਬਹੁਤ ਗ਼ਰੀਬ ਹਨ ਅਤੇ ਆਪਣੀ ਸਿਰਫ ਵਾਹੀ ਦਾ ਕੰਮ ਕਰਦੇ ਹਨ, ਉਨ੍ਹਾਂ ਦੀ ਨਬਜ਼ ਤੇ ਹੱਥ ਰੱਖਿਆ ਹੈ । ਇਸ ਦੇ ਨਾਲ ਬੈਕਵਰਡ ਕਲਾਸਿਜ਼ ਦੀ ਐਨੀ ਉੱਨਤੀ ਹੋਵੇਗੀ ਕਿ ਉਹ ਪੰਜਾਬ ਦੀ ਡਿਵੈਲਪਮੈਂਟ

Original with;
Punjab Vidhan Sabha
Digitized by;
Panjab Digital Library

ਦਾ ਜਿਹੜਾ ਮਸਲਾ ਹੈ ਉਸ ਵਿਚ ਉਹ ਆਪਣਾ ਹਿੱਸਾ ਪਾਉਣ ਦੇ ਯੋਗ ਹੋਣਗੇ । ਇਸ ਬਿੱਲ ਦੇ ਨਾਲ ਜਿਥੇ ਪੋਲਟਰੀ, ਭੇਡਾਂ ਪਾਲਣ, ਸੂਰ ਪਾਲਣ, ਡੇਅਰੀ ਡਿਵੈਲਪਮੈਂਟ ਅਤੇ ਹੋਰ ਚੀਜ਼ਾਂ ਲਈ ਕਰਜ਼ੇ ਮਿਲਣੇ ਹਨ ਉਥੇ ਹੋਰ ਛੋਟੇ ਛੋਟੇ ਜ਼ਿਮੀਂਦਾਰਾਂ ਨੂੰ ਅਗਰ ਉਹ ਸਮਾਲ ਸਕੇਲ ਇੰਡਸਟਰੀ ਲਾਉਣਾ ਚਾਹੁਣ ਤਾਂ ਉਨ੍ਹਾਂ ਨੂੰ ਵੀ ਉਸ ਵਿਚੋਂ ਕਰਜ਼ਾ ਮਿਲ ਸਕਦਾ ਹੈ । ਗਿਆਨੀ ਜੀ ਦੀ ਮਿਹਰਬਾਨੀ ਨਾਲ ਹਰ ਪਿੰਡ ਵਿਚ ਬਿਜਲੀ ਚਲੀ ਗਈ ਹੈ। ਬਿਜਲੀ ਨਾਲ ਅਗਰ ਛੋਟੇ ਛੋਟੇ ਕਾਰਖ਼ਾਨੇ ਘਰਾਂ ਵਿਚ ਕਿਸੇ ਕਿਸਮ ਦੇ ਗੌਰਮਿੰਟ ਹੋਰ ਇੰਟਰੋਡਿਊਸ ਕਰੇ ਤਾਂ ਇਸ ਦੇ ਨਾਲ ਹੋਰ ਵੀ ਸਾਡਾ ਦੇਸ਼, ਖਾਸ ਕਰਕੇ ਪੰਜਾਬ ਤਰੱਕੀ ਕਰ ਸਕਦਾ ਹੈ । ਕਿਉਂਕਿ ਹੁਣ ਜ਼ਮੀਨਾਂ ਬਾਰੇ ਜਿਸ ਤਰ੍ਹਾਂ ਕਾਨੂੰਨ ਵੀ ਪਾਸ ਹੋ ਗਿਆ ਹੈ, ਲੋਕਾਂ ਪਾਸ ਬਹੁਤ ਥੋੜ੍ਹੀਆਂ ਥੋੜ੍ਹੀਆਂ ਜ਼ਮੀਨਾਂ ਰਹਿ ਜਾਣੀਆਂ ਹਨ । ਇਸ ਤਰ੍ਹਾਂ ਸਾਡੇ ਨੌਜਵਾਨ ਇਸ ਕਾਰਪੋਰੇਸ਼ਨ ਦੇ ਰਾਹੀਂ ਕਰਜ਼ਾ ਲੇ ਕੇ ਦੂਸਰੇ ਧੰਦੇ ਸ਼ੁਰੂ ਕਰ ਸਕਦੇ ਹਨ । ਉਸ ਦੇ ਵਿਚ ਇਸ ਬਿੱਲ ਨਾਲ ਉਨ੍ਹਾਂ ਨੂੰ ਮੱਦਦ ਮਿਲੇਗੀ । ਇਸ ਬਿੱਲ ਦੇ ਵਿਚ ਮੈਂ ਇਕ ਬੇਨਤੀ ਕਰਾਂਗਾ ਕਿ ਜਿਵੇਂ ਇਸ ਵਿਚ 36 ਸੌ ਰੁਪਿਆ ਇਨਕਮ ਰੱਖੀ ਹੈ ਕਿ 36 ਸੌ ਰੁਪਏ ਤੋਂ ਘੱਟ ਜਿਸ ਦੀ ਇਨਕਮ ਹੈ ਉਸ ਨੂੰ ਫਾਇਦਾ ਹੋ ਸਕਦਾ ਹੈ, ਮੈਂ ਬੇਨਤੀ ਕਰਾਂਗਾ ਕਿ ਇਹ ਰਕਮ ਕਮ-ਅਜ਼-ਕਮ 6,000 ਰੁਪਿਆ ਹੋਣੀ ਚਾਹੀਦੀ ਹੈ । ਕਿਉਂਕਿ ਅੱਜ ਕੱਲ ਮਹਿੰਗਾਈ ਦਾ ਜ਼ਮਾਨਾ ਹੈ ਅਤੇ 6,000 ਰੁਪਿਆ ਲਿਮਿਟ ਬਿਲਕੁਲ ਠੀਕ ਹੈ । ਇਸ ਤੋਂ ਪਹਿਲਾਂ ਗਿਆਨੀ ਜੀ ਕਰ ਵੀ ਚੁੱਕੇ ਹਨ ਕਿ ਜਿਸ ਦੀ ਇਨਕਮ 6,000 ਰੁਪਏ ਤੋਂ ਘੱਟ ਹੈ ਉਸ ਨੂੰ ਵਜ਼ੀਫ਼ਾ ਮਿਲਦਾ ਹੈ ਸਕੂਲਾਂ ਵਿਚ ਅਤੇ ਹੋਰ ਕਾਰੋਬਾਰ ਵਿਚ ਪੈਸੇ ਮਿਲਦੇ ਹਨ। ਇਸ ਲਈ ਮੈਂ ਕਹਾਂਗਾ ਕਿ ਇਸ ਬਿਲ ਵਿਚ ਇਹ ਜਿਹੜੀ 36 ਸੌ ਦੀ ਲਿਮਿਟ ਲਿਖੀ ਗਈ ਹੈ ਇਹ ਵਧਾਕੇ 6,000 ਰੁਪਿਆ ਕਰ ਦੇਣੀ ਚਾਹੀਦੀ ਹੈ । ਇਸ ਬਿੱਲ ਨਾਲ ਪਿੰਡਾਂ ਦੇ ਵਿਚ ਖਾਸ ਕਰਕੇ ਉਨਤੀ ਹੋਵੇਗੀ । ਸ਼ਹਿਰਾਂ ਵਿਚ ਤਾਂ ਅੱਗੇ ਹੀ ਕਾਫੀ ਤਰੱਕੀ ਦੇ ਸਾਧਨ ਹਨ । ਇਸ ਤਰ੍ਹਾਂ ਹੁਣ ਜਿਹੜੇ ਸ਼ਹਿਰਾਂ ਤੋਂ ਦੂਰ ਪਿੰਡ ਹਨ ਉਥੋਂ ਦੇ ਲੋਕਾਂ ਨੂੰ ਵੀ ਫਾਇਦਾ ਪਹੁੰਚੇਗਾ । ਸ਼ਹਿਰਾਂ ਵਿਚ ਤਾਂ ਅੱਗੇ ਹੀ ਕਾਫ਼ੀ ਤਰੱਕੀ ਦੇ ਸਾਧਨ ਹਨ । ਉਨ੍ਹਾਂ ਨੂੰ ਪੈਸੇ ਵੀ ਬੈਂਕਾਂ ਤੋਂ ਮਿਲ ਜਾਂਦੇ ਹਨ । ਹੁਣ ਇਹ ਕਾਰਪੋਰੇਸ਼ਨ ਬਣਨ ਨਾਲ ਪਿੰਡਾਂ ਵਿਚ ਘੱਟ ਸੂਦ ਹੋਵੇਗਾ । ਮੈਂ ਕਹਾਂਗਾ ਕਿ ਕਾਰਪੋਰੇਸ਼ਨ ਤੋਂ ਕਰਜ਼ੇ ਦੇਣ ਦਾ ਕੰਮ ਸਿੰਪਲੀਫਾਇ। ਕਰ ਦਿਤਾ ਜਾਵੇ ਅਤੇ ਫਾਈਲ ਨੂੰ ਜ਼ਿਆਦਾ ਤੋਂ ਜ਼ਿਆਦਾ ਹੱਥਾਂ ਵਿਚ ਜਾਣ ਤੋਂ ਰੋਕਿਆ ਜਾਵੇ । ਕਰਜ਼ੇ ਆਸਾਨੀ ਨਾਲ ਮਿਲ ਜਾਣੇ ਚਾਹੀਦੇ ਹਨ । ਜਿਸ ਤਰ੍ਹਾਂ ਜੋਸ਼ ਜੀ ਨੇ ਕਿਹਾ ਕਿ ਕਰਜ਼ੇ ਦੇਣ ਦਾ ਕੰਮ ਸਿੰਪਲੀਫਾਈ ਹੋਣਾ ਚਾਹੀਦਾ ਹੈ । ਮੈਂ ਚੀਫ ਮਨਿਸਟਰ ਸਾਹਿਬ ਨੂੰ ਅਤੇ ਸਰਦਾਰ ਉਮਰਾਓ ਸਿੰਘ ਨੂੰ ਇਸ ਬਿੱਲ ਦੇ ਲਿਆਉਣ ਦੀ ਵਧਾਈ ਦਿੰਦਾ ਹਾਂ ।....(ਘੰਟੀ)

**ਚੌਧਰੀ ਸੁੰਦਰ ਸਿੰਘ** (ਨਰੋਟ ਮਹਿਰਾ, ਐਸ.ਸੀ.) **:** ਪੰਜਾਬ ਬੈਕਵਰਡ ਕਲਾਸਿਜ਼ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਬਿੱਲ ਬੜਾ ਅੱਛਾ ਬਿੱਲ ਹੈ । ਜਦੋਂ ਸ਼ਡਿਊਲਡ ਕਾਸਟਸ ਦਾ ਬਿੱਲ ਆਇਆ ਅਤੇ ਉਹ ਕਾਰਪੋਰੇਸ਼ਨ ਬਣੀ ਤਾਂ ਬੈਕਵਰਡ ਕਲਾਸਿਜ਼ ਦੇ ਪਿੰਡਾਂ ਵਿਚ ਜਿਹੜੇ ਲੋਕ ਰਹਿੰਦੇ ਸੀ, ਜਦੋਂ ਅਸੀਂ ਹਲਕਿਆਂ ਵਿਚ ਜਾਂਦੇ ਸੀ ਤਾਂ ਉਹ ਕਹਿੰਦੇ ਸਨ ਕਿ ਤੁਸੀਂ ਸਾਡਾ ਕੀ ਕੀਤਾ ਹੈ । ਸੋ ਇਸ ਬਿੱਲ ਨੇ ਉਸ ਕੰਮ ਨੂੰ ਪੂਰਾ

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਕੀਤਾ ਹੈ । ਮੈਂ ਕਹਿੰਦਾ ਹਾਂ ਕਿ ਇਹ ਬੜਾ ਸ਼ਾਨਦਾਰ ਕੰਮ ਕੀਤਾ ਹੈ । ਇਸ ਦੇ ਨਾਲ ਤਕਰੀਬਨ ਜਿੰਨੇ ਹਰੀਜਨ ਹਨ ਉਤਨੇ ਨਹੀਂ ਤਾਂ ਕਮ-ਅਜ਼-ਕਮ ਅੱਧੇ ਬੈਕਵਰਡ ਕਲਾਸਿਜ਼ ਦੇ ਹਨ ਜਿਨ੍ਹਾਂ ਨੂੰ ਪਿੰਡਾਂ ਵਿਚ ਫਾਇਦਾ ਹੋਵੇਗਾ । ਜਿਸ ਤਰ੍ਹਾਂ ਦੀਆਂ ਸ਼ਡਿਊਲਡ ਕਾਸਟਸ ਨੂੰ ਤਕਲੀਫਾਂ ਹਨ ਉਸੇ ਤਰ੍ਹਾਂ ਦੀਆਂ ਤਕਲੀਫ਼ਾਂ ਬੈਕਵਰਡ ਕਲਾਸਿਜ਼ ਨੂੰ ਹਨ । ਇਸ ਬਿੱਲ ਦੇ ਆਉਣ ਨਾਲ ਬੈਕਵਰਡ ਕਲਾਸਿਜ਼, ਨਾਈ, ਧੋਬੀ, ਛੀਂਬੇ, ਜੁਲਾਹੇ ਅਤੇ ਹੋਰ ਛੋਟੀਆਂ ਛੋਟੀਆਂ ਜ਼ਾਤੀਆਂ ਨੂੰ ਫਾਇਦਾ ਪਹੁੰਚੇਗਾ । ਇਸ ਦੇ ਨਾਲ ਹੀ ਸ਼ਡਿਊਲਡ ਕਾਸਟਸ ਦੀ ਤਾਕਤ ਵੀ ਵੱਧ ਜਾਵੇਗੀ । (ਹਾਸਾ) ਇਹ ਕਾਰਪੋਰੇਸ਼ਨ ਬਣਨ ਨਾਲ ਗ਼ਰੀਬ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਲੈਂਡਲਾਰਡ ਵਿਚੋਂ ਖਤਮ ਹੋ ਜਾਣਗੇ । ਇਹ ਜਿਹੜਾ ਗਿਆਨੀ ਜੀ ਦੀ ਸਰਕਾਰ ਨੇ ਕੰਮ ਕੀਤਾ ਹੈ, ਇਹ ਬੜਾ ਸ਼ਾਨਦਾਰ ਕੰਮ ਕੀਤਾ ਹੈ । ਮੈਂ ਉਨ੍ਹਾਂ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹਾਂ ।

**ਚੌਧਰੀ ਰਾਮ ਸਿੰਘ (ਪਠਾਨਕੋਟ)** : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਹਾਊਸ ਦੇ ਸਾਹਮਣੇ ਪੇਸ਼ ਹੈ, ਇਹ ਬਹੁਤ ਸ਼ਾਨਦਾਰ ਬਿੱਲ ਹੈ । ਕਿਉਂਕਿ ਬਹੁਤ ਜ਼ਿਆਦਾ ਲੋਕਾਂ ਦੇ ਵਿਚੋਂ ਜਿਹੜੇ ਵੱਡੇ ਲੋਕ ਸੀ ਜਿਨ੍ਹਾਂ ਕੋਲ ਕੰਮ ਦੇ ਸਾਧਨ ਸੀ, ਉਹ ਆਪਣਾ ਕਾਰੋਬਾਰ ਚੰਗੀ ਤਰ੍ਹਾਂ ਕਰਦੇ ਸਾਂ । ਜਦੋਂ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਬਣ ਗਈ ਤਾਂ ਜਿਹੜੇ ਹਰੀਜਨ ਜਾਂ ਸ਼ਡਿਊਲਡ ਕਾਸਟਸ ਦੇ ਲੋਕ ਸਨ ਉਨ੍ਹਾਂ ਦੇ ਰੁਜ਼ਗਾਰ ਦੇ ਸਾਧਨ ਕੁੱਝ ਬਣਨੇ ਸ਼ੁਰੂ ਹ ਗਏ ਲੇਕਿਨ ਕੁਝ ਐਸਾ ਤਬਕਾ ਸੀ ਜਿਸ ਦਾ ਕੋਈ ਵਾਲੀ ਵਾਰਸ ਨਹੀਂ ਸੀ । ਜਿਸ ਵੇਲੇ ਕਾਂਗਰਸ ਵਾਲੇ, ਅਸੀਂ ਜਾਂ ਇਹ ਗੌਰਮਿੰਟ ਦੇ ਮਨਿਸਟਰ ਹਲਕਿਆਂ ਵਿਚ ਬਾਹਰ ਜਾਂਦੇ ਸਾ ਤਾਂ ਉਹ ਲੋਕ ਕਹਿੰਦੇ ਸੀ ਕਿ ਤੁਸੀਂ ਸਾਡਾ ਕੁਝ ਨਹੀਂ ਕੀਤਾ । ਹੁਣ ਗਿਆਨੀ ਜੀ ਨੇ ਇਹ ਕਾਰਪੋਰੇਸ਼ਨ ਬਣਾ ਕੇ ਇਕ ਬਿਹਤਰੀਨ ਕੰਮ ਕੀਤਾ ਹੈ । ਇਹ ਭਾਰਤ ਵਿਚ ਪਹਿਲੀ ਕਾਰਪੋਰੇਸ਼ਨ ਹੋਵੇਗੀ ਜਿਹੜੀ ਬੈਕਵਰਡ ਕਲਾਸਿਜ਼ ਦੇ ਵਾਸਤੇ ਬਣਾਈ ਗਈ ਹੈ । ਇਸ ਲਈ ਗਿਆਨੀ ਜੀ ਮੁਬਾਰਕਬਾਦ ਦੇ ਮੁਸਤਹਿੱਕ ਹਨ । ਉਨ੍ਹਾਂ ਲੋਕਾਂ ਲਈ, ਜਿਨ੍ਹਾਂ ਦਾ ਕੋਈ ਹਾਲ ਨਹੀਂ ਸੀ ਉਨ੍ਹਾਂ ਦੀ ਤਰੱਕੀ ਵਾਸਤੇ ਚਾਹੇ ਉਹ ਛੋਟਾ ਇੰਡਸਟਰੀ ਵਾਲਾ ਹੋਵੇ, ਚਾਹੇ ਉਹ ਖੇਤੀਬਾੜੀ ਦਾ ਕੰਮ ਕਰਦਾ ਹੋਵੇ, ਅਤੇ ਚਾਹੇ ਟਰਾਂਸਪੋਰਟ ਦਾ ਕੰਮ ਕਰਦਾ ਹੋਵੇ ਜਾਂ ਕੋਈ ਵੀ ਕਮ ਕਰਦਾ ਹੋਵੇ ਉਹ ਹੁਣ ਪੂਰਾ ਭਾਗ ਲੈ ਸਕਦਾ ਹੈ । ਅੱਗੇ ਜਦ ਉਹ ਸਾਨੂੰ ਪੁਛਦੇ ਸੀ ਕਿ ਸਾਡੇ ਵਾਸਤੇ ਕੀ ਕੀਤਾ ਹੈ ਤਾਂ ਸਾਡੇ ਕੋਲ ਕੋਈ ਜਵਾਬ ਨਹੀਂ ਸੀ ਬਣਦਾ ਕਿ ਉਨ੍ਹਾਂ ਲਈ ਕੀ ਕੀਤਾ ਜਾ ਰਿਹਾ ਹੈ । ਅੱਜ ਉਹ ਲੋਕ ਵੀ ਇਹ ਗੱਲ ਕਹਿ ਸਕਦੇ ਹਨ ਕਿ ਕਾਰਪੋਰੇਸ਼ਨ ਬਣਾਕੇ ਸਾਡੇ ਵੀ ਦੁਖ ਨਿਵਾਰਨ ਹੋਣਗੇ । ਮੈਂ ਐਨਾ ਕਹਾਂਗਾ ਕਿ ਜਿਹੜਾ 1 ਕਰੋੜ ਰੁਪਿਆ ਇਸ ਵਾਸਤੇ ਰੱਖਿਆ ਹੈ ਅਗਲੇ ਸਾਲ ਇਸ ਤੋਂ ਵੱਧ ਰੁਪਿਆ ਰੱਖੋ ਤਾਂਕਿ ਉਹ ਲੋਕ ਜ਼ਿਆਦਾ ਤੋਂ ਜ਼ਿਆਦਾ ਦਿਲਚਸਪੀ ਲੈ ਸਕਣ ਅਤੇ ਆਪਣੇ ਕੰਮ ਨੂੰ, ਮਿਆਰੇ ਜ਼ਿੰਦਗੀ ਨੂੰ ਉੱਚਾ ਕਰ ਸਕਣ। ਡਿਪਟੀ ਸਪੀਕਰ, ਸਾਹਿਬ, ਮੈਂ ਇਹ ਗੱਲ ਕਹਾਂਗਾ ਕਿ ਜਿਹੜੀ ਸ਼ਡਿਊਲਡ ਕਾਸਟਜ਼ ਕਾਰਪੋਰੇਸ਼ਨ ਬਣੀ ਹੈ ਉਸ ਦੇ ਵਿਚ ਬੜੇ ਲੈਕੂਨੇ ਅਤੇ ਕਮਜ਼ੋਰੀਆਂ ਨਜ਼ਰ ਆਉਂਦੀਆਂ ਹਨ, ਉਨ੍ਹਾਂ ਕਮਜ਼ੋਰੀਆਂ ਨੂੰ ਧਿਆਨ ਵਿਚ ਰੱਖਿਆ ਜਾਵੇ । ਜਿਸ ਤਰ੍ਹਾਂ 3 ਹਜ਼ਾਰ ਰੁਪਏ ਤੱਕ ਕਰਜ਼ੇ ਤੇ ਕੋਈ ਇੰਟਰੈਸਟ ਨਹੀਂ ਹੈ 3 ਹਜ਼ਾਰ ਤੋਂ 6 ਹਜ਼ਾਰ ਰੁਪਏ ਤੇ 3% ਇੰਟਰੈਸਟ ਹੈ ਅਤੇ 6 ਹਜ਼ਾਰ ਤੋਂ ਉਪਰ 6% ਇੰਟਰੈਸਟ ਹੈ । ਸੋ ਇਹ ਜਿਹੜਾ ਪਿਛਲਾ ਤਜਰਬਾ ਹੈ, ਪਿਛੇ ਜੋ ਖਾਮੀਆਂ ਹਨ ਉਨ੍ਹਾਂ ਨੂੰ ਸਾਹਮਣੇ ਰੱਖਕੇ ਇਸ ਕਾਰਪੋਰੇਸ਼ਨ ਵਾਸਤੇ ਜਿਹੜੇ ਰੂਲਜ਼ ਬਣਨੇ ਹਨ, ਉਹ ਪਿਛਲੇ ਤਜਰਬੇ ਨੂੰ ਸਾਹਮਣੇ ਰੱਖਕੇ

Original with;
Punjab Vidhan Sabha
Digitized by:
Panjab Digital Library

ਰੂਲਜ਼ ਬਣਾਏ ਜਾਣ ਤਾਂਕਿ ਇਸ ਵਿਚ ਕੋਈ ਕਮਜ਼ੋਰੀ ਨਾ ਰਹਿ ਜਾਵੇ । (ਘੰਟੀ) ਮੈਂ ਸਮਝਦਾ ਹਾਂ ਕਿ ਇਸ ਬਾਰੇ ਬਹੁਤ ਭਾਰੀ ਲੋਕ ਰਾਏ ਸੀ ਅਤੇ ਗਿਆਨੀ ਜੀ ਦੀ ਸਰਕਾਰ ਨੇ ਇਹ ਕਾਰਪੋਰੇਸ਼ਨ ਬਣਾ ਕੇ ਉਨ੍ਹਾਂ ਲੋਕਾਂ ਨੂੰ ਰਾਹਤ ਦਿਤੀ ਹੈ। ਇਸ ਵਾਸਤੇ ਗਿਆਨੀ ਜੀ ਦੀ ਸਰਕਾਰ ਮੁਬਾਰਿਕਬਾਦ ਦੀ ਮੁਸਤਹਿੱਕ ਹੈ । ਮੈਂ ਇਸ ਬਿੱਲ ਦੀ ਹਮਾਇਤ ਕਰਦਾ ਹਾਂ ਅਤੇ ਹਾਊਸ ਅੱਗੇ ਬੇਨਤੀ ਕਰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ (ਫਗਵਾੜਾ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਕਾਫੀ ਦੇਰ ਹੋਈ ਜਦ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਬਣੀ ਹੋਈ ਸੀ । ਸ਼ਡਿਊਲਡ ਕਾਸਟਸ ਨੂੰ ਜਿਹੜੀਆਂ ਹੋਰ ਰਿਆਇਤਾਂ ਦਿੱਤੀਆਂ ਸਨ, ਬੈਕਵਰਡ ਕਲਾਸਿਜ਼ ਦੇ ਲੋਕ ਜਿਨ੍ਹਾਂ ਦੀ ਹਾਲਤ ਪਿੰਡਾਂ ਵਿਚ ਜਾਂ ਸ਼ਹਿਰਾਂ ਵਿਚ ਸ਼ਡਿਊਲਡ ਕਾਸਟਜ਼ ਨਾਲੋਂ ਵੀ ਕਈ ਜਗ੍ਹਾ ਤੇ ਭੈੜੀ ਹੁੰਦੀ ਸੀ ਤਾਂ ਉਹ ਸਾਡੇ ਕੋਲ ਇਸ ਗੱਲ ਦਾ ਕਾਫੀ ਰੋਸ ਕਰਦੇ ਸੀ ਕਿ ਸਾਡੇ ਵਾਸਤੇ ਤੁਸੀਂ ਕੀ ਕੀਤਾ ਹੈ ਗਿਆਨੀ ਜੀ ਨੇ ਇਹ ਜਿਹੜਾ ਬਿੱਲ ਲਿਆਂਦਾ ਹੈ ਮੈਂ ਸਮਝਦਾ ਹਾਂ ਕਿ ਉਨ੍ਹਾਂ ਲੋਕਾਂ ਦੀ ਜਿਹੜੀ ਕਾਫੀ ਦੇਰ ਦੀ ਮੰਗ ਸੀ, ਰਿਜ਼ੈਂਟਮੈਂਟ ਸੀ, ਇਸ ਦੇ ਨਾਲ ਖਤਮ ਹੋਵੇਗੀ । ਪਰ ਇਕ ਗੱਲ ਮੈਂ ਜ਼ਰੂਰ ਕਹੋਂਗਾ ਕਿ ਜਿਥੇ ਕਿਹਾ ਗਿਆ ਹੈ ਕਿ ਬੈਕਵਰਡ ਕਲਾਸ ਦਾ ਇੰਡੀਵਿਜੂਅਲ ਕਰਜ਼ਾ ਨਹੀਂ ਲੈ ਸਕੇਗਾ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੋਸਾਇਟੀਆਂ ਬਣਦੀਆਂ ਹਨ ਕਈ ਵਾਰੀ ਉਹਦੇ ਵਿਚ ਇੰਡੀਵੀਜੂਅਲੀ ਫਾਇਦਾ ਲੈ ਸਕਦੇ ਹਨ । ਮੈਂ ਬੇਨਤੀ ਕਰਦਾ ਹਾਂ ਕਿ ਇਥੇ ਇਸ ਨੂੰ ਇੰਡੀਵੀਜੂਅਲੀ ਵਿਚ ਸ਼ਾਮਿਲ ਕਰ ਲੈਣਾ ਚਾਹੀਦਾ ਹੈ । ਜਿਸ ਤਰ੍ਹਾਂ ਸਰਦਾਰ ਸਾਧੂ ਸਿੰਘ ਜੀ ਨੇ ਕਿਹਾ ਹੈ ਕਿ ਆਮਦਨ 6,000 ਹੋਣੀ ਚਾਹੀਦੀ ਹੈ । (ਘੰਟੀ) ਇਹ ਵੀ ਠੀਕ ਹੈ । ਇਹ 3600/-ਤੋਂ ਵਧਾਕੇ 6000/-ਦੀ ਰਕਮ ਕਰ ਦੇਣੀ ਚਾਹੀਦੀ ਹੈ । ਇਸ ਲਈ ਜੋ ਸਰਮਾਇਆ ਰਖਿਆ ਗਿਆ ਹੈ, ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਜੋ ਇਸ ਲਈ 5 ਕਰੋੜ ਰੁਪਏ ਰਖੇ ਗਏ ਹਨ, ਇਹ ਜੋ ਗਰੀਬ ਲੋਕਾਂ ਨੂੰ ਦੇਣੇ ਹਨ ਇਸ ਤੇ ਕੋਈ ਬਿਆਜ ਨਾ ਲਿੱਤਾ ਜਾਏ । ਇਸ ਵਿਚ ਵਿਆਜ ਵਾਲੀ ਗੱਲ ਸ਼ਾਮਿਲ ਨਾ ਕੀਤੀ ਜਾਏ । ਇਹ ਬਹੁਤ ਅੱਛਾ ਬਿਲ ਹੈ ਔਰ ਇਹਦੇ ਨਾਲ ਗਰੀਬ ਲੋਕਾਂ ਨੂੰ, ਬੈਕਵਰਡ ਕਲਾਸਿਜ਼ ਨੂੰ ਬਹੁਤ ਫਾਇਦਾ ਹੋ ਸਕੇਗਾ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਸ ਬਿਲ ਦੇ ਲਿਆਉਣ ਤੇ ਵਧਾਈ ਦਿੰਦਾ ਹਾਂ ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਕੁਝ ਗੱਲਾਂ ਐਸੀਆਂ ਹਨ, ਡਿਪਟੀ ਸਪੀਕਰ ਸਾਹਿਬ, ਬੇਸ਼ਕ ਮੈਂਬਰ ਸਾਹਿਬਾਨ ਇਸ ਦੇ ਹੱਕ ਵਿਚ ਬੋਲੇ ਹਨ ਪਰ ਫੇਰ ਵੀ ਕੁਝ ਪੁਆਇੰਟਸ ਰੇਜ਼ ਕੀਤੇ ਗਏ ਹਨ ਜਿਨ੍ਹਾਂ ਵਲ ਮੈਂ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਇਹ ਜੋ ਬਿਲ ਪੰਜਾਬ ਸਰਕਾਰ ਬੈਕਵਰਡ ਕਲਾਸਿਜ਼ ਵਾਸਤੇ ਲਿਆਈ ਹੈ, ਇਸ ਦਾ ਮਨਸ਼ਾ ਪੰਜਾਬ ਗੌਰਮਿੰਟ ਦਾ ਇਹ ਹੈ ਕਿ ਬੈਕਵਰਡ ਕਲਾਸਿਜ਼ ਵਾਸਤੇ ਜੋ ਅਸੀਂ ਅੱਗੇ ਕੀਤਾ ਹੈ ਉਸ ਵਿਚ ਇਕ ਕੜੀ ਹੈ ਜੋ ਇਹ ਕੀਤਾ ਗਿਆ ਹੈ । ਪਹਿਲਾਂ ਸਟਾਈਪੈਂਡਜ਼ ਬੱਚਿਆਂ ਨੂੰ ਸਕੂਲਾਂ ਵਿਚ 6,000/-ਦੀ ਆਮਦਨ ਵਾਲਿਆਂ ਨੂੰ ਮਿਲ ਗਿਆ ਹੈ ਔਰ ਕਾਲਜਾਂ ਵਿਚ 3600/-ਦੀ ਆਮਦਨ ਵਾਲਿਆਂ ਦੇ ਬੱਚਿਆਂ ਨੂੰ ਸਟਾਈਪੈਂਡ ਮਿਲਿਆ ਹੈ । ਇਹ ਰਕਮ ਕਾਲਜਾਂ ਲਈ 3600/-ਤੋਂ ਵੱਧ ਕਰਨ ਲਈ ਸੋਚ ਰਹੇ ਹਾਂ । ਇਸ ਤੋਂ ਇਲਾਵਾ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਪੰਜਾਬ ਗੌਰਮਿੰਟ ਨੇ ਸਾਰੀਆਂ ਸਰਵਿਸਿਜ਼ ਵਾਸਤੇ ਪਹਿਲੀ ਦਫਾ 5% ਸੀਟਾਂ ਬੈਕਵਰਡ ਕਲਾਸਿਜ਼ ਲਈ ਰਿਜ਼ਰਵ ਕੀਤੀਆਂ ਹਨ । 2% ਸੀਟਾਂ ਉਨ੍ਹਾਂ ਲਈ ਪਰਮੋਸ਼ਨ ਲਈ ਰਖੀਆਂ ਗਈਆਂ ਹਨ । ਇਸ ਤੋਂ ਇਲਾਵਾ ਜਿੰਨੀਆਂ ਵੀ ਪੋਸਟਾਂ ਪੰਜਾਬ ਸਰਕਾਰ ਕਢੇਗੀ ਉਹਦੇ ਲਈ ਐਪਲੀਕੇਸ਼ਨ ਫੀ ਦਾ ਚੌਥਾ ਹਿੱਸਾ ਬੈਕਵਰਡ ਕਲਾਸਿਜ਼ ਵਾਲਿਆਂ ਨੂੰ ਦੇਣਾ ਪਏਗਾ । ਪੰਜ ਸੀਟਾਂ ਐਜੂਕੇਸ਼ਨਲ ਇਨਸਟੀਚੂਸ਼ਨਜ਼ ਵਿਚ ਰਿਜ਼ਰਵ ਨੇ । ਚੌਕੀਦਾਰ ਆਦਿ ਵਿਚ ਵੀ ਛੋਟ ਦਿੱਤੀ ਗਈ ਹੈ । ਏਜ ਵਿਚ ਰਿਲੈਕਸੇਸ਼ਨ ਹੈ । ਪੰਜ ਸਾਲ ਦਾ ਫਰਕ ਹੈ ਜਿਹੜਾ ਆਲਰੈਡੀ ਬੈਕਵਰਡ ਕਲਾਸਿਜ਼ ਨੂੰ ਬੈਨੇਫਿਟ ਦਿੱਤਾ ਹੈ । ਇਥੇ ਕੁਝ ਸਰਦਾਰ ਸਾਧੂ ਸਿੰਘ ਜੀ ਨੇ ਕਿਹਾ ਹੈ ਕਿ ਜਿਸ ਦੀ ਆਮਦਨ 3600/- ਹੋਵੇ ਉਸ ਨੂੰ ਹੀ ਇਹ ਬੈਨੇਫਿਟ ਮਿਲ ਸਕਦਾ ਹੈ ਅਤੇ ਇਹ ਆਮਦਨ ਉਨ੍ਹਾ ਨੇ ਕਿਹਾ ਹੈ ਕਿ ਬਤ੍ਰਨੀ ਚਾਹੀਦੀ ਹੈ । ਜੇ ਬੈਕਵਰਡ ਕਲਾਸਿਜ਼ ਦੀ ਡੈਫੀਨੀਸ਼ਨ ਦੇਖੀ ਜਾਏ ਤਾਂ ਪਤਾ ਲਗਦਾ ਹੈ । ਉਥੇ ਲਿਖਿਆ ਹੋਇਆ ਹੈ ਕਿ—

A person shall be deemed to belong to a Backward Class-

(i) if he belongs to any of the castes, races, or tribes or parts of, or groups within castes, races or tribes, specified by the State Government from time to time as backward classes........

ਸਾਰੀਆਂ ਬੈਕਵਰਡ ਕਲਾਸਿਜ਼ ਹਨ ਜਿਨ੍ਹਾਂ ਦੀ ਗਿਣਤੀ 68 ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਟਾਈਮ ਘੱਟ ਹੈ ਇਸ ਲਈ ਮਜਬੂਰੀ ਹੈ ਨਹੀਂ ਤਾਂ ਮੈਂ ਇਸ ਬਾਰੇ ਖੋਲ ਕੇ ਦਸਦਾ । ਇਨ੍ਹਾਂ ਵਿਚ ਮਿਸਾਲ ਦੇ ਤੌਰ ਤੇ ਬਹੁਤ ਸਾਰੀਆਂ ਕੈਟੇਗਰੀਜ਼ ਐਸੀਆਂ ਹਨ ਜਿਵੇਂ ਕਿ ਬਾਗੜੀਏ, ਵੀਵਰਜ਼, ਲੁਬਾਨਾ, ਕੰਬੋਹ, ਨਾਈ, ਰਾਏ ਸਿੱਖ, ਕ੍ਰਿਸਚਨ, ਸਵਰਨਕਾਰ, ਹਾਈਂ ਗੁਜਰ ਹਨ, ਇਹ ਬੈਕਵਰਡ ਕਲਾਸਿਜ਼ ਡਿਕਲੇਅਰ ਹੋਏ ਹਨ । ਇਨ੍ਹਾਂ ਨੂੰ ਇਹ ਬੈਨੇਫਿਟ ਮਿਲਣਾ ਹੈ ।

ਸ੍ਰੀ ਪ੍ਰੇਮ ਗੁਪਤਾ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਜਿਹੜੀ ਬੈਕਵਰਡ ਕਲਾਸਿਜ਼ ਦੀ ਲਿਸਟ ਬਾਰੇ ਦਸਿਆ ਗਿਆ ਹੈ, ਕੀ ਇਹ 3600/-ਰੁ: ਦੀ ਕੰਡੀਸ਼ਨ ਸਾਡੇ ਵਾਸਤੇ ਹੀ ਰਖੀ ਗਈ ਹੈ ।

ਮਾਲ ਅਤੇ ਚੋਣ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਸ ਗੱਲ ਵਲ ਮੈਂ ਆ ਰਿਹਾ ਹਾਂ ਜੀ । ਬੈਕਵਰਡ ਕਲਾਸਿਜ਼ ਦੀ ਡੈਫੀਨੀਸ਼ਨ ਮੈਂ ਦੱਸ ਰਿਹਾ ਸੀ । ਬੈਕਵਰਡ ਕਲਾਸਿਜ਼ ਉਹ ਹੈ ਜਿਸ ਦੀ ਐਨੂਅਲ ਆਮਦਨ 3600/-ਤੋਂ ਘੱਟ ਹੈ । ਐਨੀ ਪਰਸਨ ਉਹ ਬੈਕਵਰਡ ਕਲਾਸਿਜ਼ ਜਿਹੜਾ ਡਿਕਲੇਅਰ ਨਹੀਂ ਹੋਇਆ । ਸਵਰਨ ਜਾਤੀਆਂ ਵਿਚੋਂ ਜਿਹੜੇ ਗਰੀਬ ਹਨ-

(i) Economic conditions of the members thereof., or

(ii) if the annual income of his family is less than three thousand and six hundred rupees.,

ਸੋ ਮੇਰੀ ਗੁਜ਼ਾਰਿਸ਼ ਹੈ ਕਿ ਸਾਡੇ ਮੈਂਬਰ ਸਾਹਿਬਾਨ ਅੱਧੀ ਗਲ ਪੜ੍ਹਦੇ ਹਨ ਔਰ ਅੱਧੀ ਗਲ ਨਹੀਂ ਪੜ੍ਹਦੇ ।

ਸ੍ਰੀ ਡਿਪਟੀ ਸਪੀਕਰ : ਇਹ ਰਕਮ 3600/-ਰਖੀ ਗਈ ਹੈ ਜਾਂ 6000/-ਕਰਨੀ ਹੈ ।

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਹ 3,600/- ਰਖੀ ਹੈ। ਤੁਸੀਂ ਬਜਟ ਸਪੀਚ ਪੜ੍ਹੀ ਹੈ। ਉਸ ਵਿਚ ਇਕ ਕਰੋੜ ਰੁਪਏ ਇਸ ਕਾਰਪੋਰੇਸ਼ਨ ਵਾਸਤੇ ਰਖਿਆ ਹੈ। 68 ਜਾਤੀਆਂ ਮੈਂ ਅੱਗੇ ਹੀ ਗਿਣ ਚੁਕਿਆ ਹਾਂ ਜੋ ਕਿ ਬੈਕਵਰਡ ਕਲਾਸਿਜ਼ ਵਿਚ ਸ਼ਾਮਿਲ ਹਨ। ਜੇ ਇਸ ਵਿਚ ਹੋਰ ਪਾ ਦਿੱਤੇ ਗਏ ਤਾਂ ਜੋ ਰਿਲੀਫ ਦੇਣਾ ਹੈ ਉਹ ਡਾਈਲਿਊਟ ਹੋ ਜਾਏਗਾ। ਜਦ ਪੈਸੇ ਹੋਰ ਹੋਣਗੇ ਤਾਂ ਇਸ ਪਾਸੇ ਵਲ ਵਿਚਾਰ ਕਰ ਲਵਾਂਗੇ। ਤਾਂ ਫਿਰ ਹੋਰ ਗਰੀਬਾਂ ਨੂੰ ਇਸ ਵਿਚ ਲਿਆਂਦਾ ਜਾਏਗਾ।

ਇੱਕ ਗੱਲ ਜੋਸ਼ ਜੀ ਨੇ ਕਹੀ ਹੈ। ਮੈਂ ਉਨ੍ਹਾਂ ਬਾਰੇ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਉਹ ਇਸ ਨੂੰ ਸਾਰੇ ਨੂੰ ਪੜ੍ਹ ਲੈਂਦੇ ਤਾਂ ਉਹ ਸ਼ਾਇਦ ਇਸ ਬਾਰੇ ਜ਼ਿਕਰ ਨਾ ਕਰਦੇ। ਉਨ੍ਹਾਂ ਨੇ ਕਿਹਾ ਕਿ ਕੋਆਪ੍ਰੇਟਿਵ ਕਾਰਪੋਰੇਸ਼ਨਜ਼ ਦੇ ਮੈਂਬਰ ਬਣਨਗੇ। ਉਹ ਵੀ ਇਸ ਦਾ ਫਾਇਦਾ ਉਠਾ ਸਕਦੇ ਹਨ। ਮੈਂ ਉਨਾਂ ਦਾ ਧਿਆਨ ਇਸ ਬਿਲ ਦੇ ਸਫਾ 10 ਵਲ ਦਿਵਾਉਂਦਾ ਹਾਂ।

CHAPTER IV. Functions and Funds of the Corporation.—Without prejudice to the generality of the foregoing provision, such power shall include the power—

xxx xxx xxx xxx

(ii) to provide financial assistance to members of Backward Classes or Backward Classes Organisations ....

ਬੈਕਵਰਡ ਕਲਾਸਿਜ਼ ਨੂੰ ਇੰਡੀਵੀਜੁਅਲੀ ਨਾਲ ਮਿਲਾਇਆ ਗਿਆ ਹੈ। ਇਹ ਇਸ ਕਰਕੇ ਹੈ ਕਿ ਕਝ ਸੱਜਣ ਇਕੱਨੇ ਹੋ ਕੇ ਇੰਡਸਟਰੀ ਕਰ ਸਕਣ ਚੰਗਾ ਕੰਮ ਕਰ ਸਕਣ। ਉਸ ਦੇ ਨਾਲ ਇੰਡੀਵੀਜੁਅਲੀ ਜਿਹੜਾ ਹੈ ਉਹ ਐਕਸਪਲਾਇਟ ਨਹੀਂ ਹੁੰਦਾ। ਉਸ ਨੂੰ ਬਾਕਾਇਦਾ ਤੌਰ ਤੇ ਬੈਨੇਫਿਟ ਮਿਲੇਗਾ। ਜੋ ਚੀਜ਼ ਸਟੇਟ ਵਿਚ ਇੰਡਸਟਰੀ ਵਾਲਿਆਂ ਨੂੰ ਕਿਸ਼ਤਾਂ ਤੇ ਸਦ ਥੋੜਾ ਦੇਣਾ ਪੈਂਦਾ ਹੈ, ਉਹੀ ਚੀਜ ਇਥੇ ਕਾਰਪੋਰੇਸ਼ਨ ਵਿਚ ਲਿਆਂਦੀ ਜਾ ਰਹੀ ਹੈ। ਮੈਨੂੰ ਆਸ ਹੈ ਕਿ ਇਸ ਬਿਲ ਦੇ ਪਾਸ ਹੋਣ ਨਾਲ ਪਛੜੇ ਵਰਗ ਨੂੰ ਕਾਫੀ ਰਿਲੀਫ ਮਿਲੇਗੀ। 5 ਕਰੋੜ ਰੁਪਏ ਦਾ ਸਰਮਾਇਆ ਰਖਿਆ ਗਿਆ ਹੈ। ਕੋਸ਼ਿਸ਼ ਕਰਾਂਗੇ ਕਿ ਇਹ ਰਕਮ ਨੂੰ ਹੋਰ ਬੜ੍ਹਾਇਆ ਜਾਏ। ਇਹ ਹਾਊਸ ਦੇ ਮੈਂਬਰਾਂ ਦੀ ਮਦਦ ਨਾਲ, ਕਝ ਬੈਂਕਾਂ ਤੋਂ ਕਾਰਪੋਰੇਸ਼ਨ ਵਲੋਂ ਗਾਰੰਟੀ ਦੇਕੇ, ਕੁਝ ਹੋਰ ਵਸੀਲਿਆਂ ਤੋਂ ਇਹ ਰੁਪਿਆ ਵਧਾਇਆ ਜਾਵੇ, ਇਸ ਬਾਰੇ ਕੋਸ਼ਿਸ਼ ਕੀਤੀ ਜਾਏਗੀ, ਤਾਂ ਕਿ ਗਰੀਬਾਂ ਦੀ ਹੋਰ ਮਦਦ ਹੋ ਸਕੇ।

**Mr. Deputy Speaker**: Question is—

That the Punjab Backward Classes Land Development and Finance Corporation Bill be taken into consideration at once.

*The motion was carried.*

**Mr. Deputy Speaker**: Now the House will proceed to consider the Bill Clause by Clause.

Original with;
Punjab Vidhan Sabha
Digitized by;
Panjab Digital Library

CLAUSE 2

**Mr. Deputy Speaker** : Now Clause 2 is before the House. There are some notices of amedments to this Clause.

**Comrade Satya Pal Dang** : (Amritsar West) Sir, I beg to move—

> In sub-clause (i), Line 4, between "parents" and "., " *Insert* "and also non-earning dependent children."

ਮੈਂ ਸ਼ਰਮਾ ਜੀ ਨਾਲ ਸਹਿਮਤ ਹਾਂ । ਇਹ ਬਹੁਤ ਚੰਗਾ ਬਿਲ ਹੈ, ਇਸ ਤੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ । ਪਰ ਇਸ ਨੂੰ ਹੋਰ ਚੰਗਾ ਬਣਾਉਣ ਵਾਸਤੇ ਮੈਂ ਕੁਝ ਤਜਵੀਜ਼ਾਂ ਦੇਣੀਆਂ ਚਾਹੁੰਦਾ ਹਾਂ । ਅਮੈਂਡਮੈਂਟ ਦਾ ਮਤਲਬ ਇਹ ਹੈ ਕਿ ਸਰਦਾਰ ਉਮਰਾਓ ਸਿੰਘ ਨੇ ਠੀਕ ਕਿਹਾ ਹੈ ਕਿ 3600/- ਆਮਦਨ ਦੂਜਿਆਂ ਵਾਸਤੇ ਹੈ । ਮੇਰੀ ਤਰਮੀਮ ਇਹ ਹੈ ਕਿ 3600/-ਜੇ ਰਖਣੇ ਹਨ ਤਾਂ ਰਖੋ ਜੇ ਮੀਆਂ ਬੀਵੀ ਤੇ ਦੋ ਬੱਚੇ ਹੋਣ ਜਾਂ ਤਿੰਨ ਹੋਣ ਤਾਂ ਉਹ ਗਰੀਬੀ ਤੋਂ ਨਿਕਲ ਨਹੀਂ ਜਾਂਦਾ ।

Sir, I beg to move my second amendment which reads as under :—
In sub-clause (b) (ii), Line 2, between "rupees" and "*Insert*" or in case of which average per month income per member of the family comes to rupees seventy five or less, notwithstanding the total monthly income of the family".

ਇਹਦੇ ਨਾਲ ਗਰੀਬ ਜਿਹੜੇ ਇਹੋ ਜਿਹੇ ਆਉਣਗੇ ਉਹ ਜ਼ਿਆਦਾ ਫਾਇਦਾ ਉਠਾ ਸਕਣਗੇ। ਇਹ ਸਰਦਾਰ ਉਮਰਾਓ ਸਿੰਘ ਨੂੰ ਮੰਨ ਲੈਣਾ ਚਾਹੀਦਾ ਹੈ ।

**Mr. Deputy Speaker** : Motion moved—

(i) In sub-clause (i), Line 4, *between* "parents" and " ., " **Insert** "and also non-earning dependent children."

(ii) In sub-clause (b) (ii), Line 2, *between* "rupees" and " ; " *Insert* "or in case of which average per month income per member of the family comes to rupees seventy five or less, notwithstanding the total monthly income of the family."

**Comrade Shamsher Singh Josh** (Kharar) : Sir, I beg to move—

> In sub-clause (b) (ii), lines 1-2, *for* "three thousand and six hundred" *substitute* "five thousand".

ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਸਪੀਚ ਵਿਚ ਕਿਹਾ ਸੀ ਕਿ 3600/- ਰੁਪਏ ਦੀ ਥਾਂ ਤੇ 5000 ਰੁਪਏ ਕਰ ਦਿਉ । ਇਤਨੀ ਇਨਕਮ ਤਾਂ ਹੁਣ ਆਮ ਲੋਕਾਂ ਦੀ ਹੋ ਗਈ ਹੈ । ਉਨ੍ਹਾਂ ਨੂੰ ਇਸ ਕਾਨੂੰਨ ਤੋਂ ਲਾਭ ਉਠਾਉਣ ਦਾ ਮੌਕਾ ਦੇਣਾ ਚਾਹੀਦਾ ਹੈ । ਇਹ ਅਮੈਂਡਮੈਂਟ ਅਗਰ ਮੰਨ ਲੈਣ ਤਾਂ ਚੰਗੀ ਗਲ ਹੈ, 1400/- ਰੁਪਏ ਦਾ ਤਾਂ ਸਾਰਾ ਫਰਕ ਹੈ ।

**Shri Prem Gupta** (Patiala) : Sir, I beg to move—

> In sub-clause (b) (ii), lines 1-2 for "three thousand and six hundred" *substitute* "six thousand."

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਇਹ ਆਪਣੀ ਅਮੈਂਡਮੈਂਟ ਮੂਵ ਕਰਦਿਆਂ ਹੋਇਆਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਰਦਾਰ ਉਮਰਾਓ ਸਿੰਘ ਜੀ ਨੇ ਐਕਸਪਲਾਨੇਸ਼ਨ ਦਿਤਾ ਹੈ, ਉਹ ਠੀਕ ਹੈ ਪਰ 3,600/- ਰੁਪਏ ਦੀ ਬਜਾਏ ਹੋਰ ਕੰਸੈਸ਼ਨਜ਼ ਵਿਚ ਵੀ 6,000 ਰੁਪਏ ਤਕ ਪਹੁੰਚ ਗਏ ਹਨ, ਇਹ ਵੀ 6000/- ਰੁਪਏ ਤਕ ਹੋਣਾ ਚਾਹੀਦਾ ਹੈ ।

**Mr. Deputy Speaker** : Motions moved—

(i) In sub-clause (b) (ii), lines 1-2 *for* "three thousand and six hundred" *substitute* "five thousand."

(ii) In sub-clause (b) (ii), lines 1-2 *for* "three thousand and six hundred" *substitute* "six thousand."

**Mr. Deputy Speaker** : Question is—

In sub-clause (i), line 4, *between* "parents" and ";" *insert* "and also non-earning dependent children."

*The motion was lost.*

**Mr. Deputy Speaker** : Question is—

In sub-clause (b) (ii), line 2 *between* "rupees" and ";" *insert* "or in case of which average per month income per member of the family comes to rupees seventy five or less, notwithstanding the total monthly income of the family."

*The motion was lost.*

**Mr. Deputy Speaker** : Question is—

In sub-clause (b) (ii), lines 1-2, *for* "three thousand and six hundred" *substitute* "five thousand."

*The motion was lost.*

**Shri Prem Gupta** : Sir, I withdraw my amendment.

**Mr. Deputy Speaker** : Is it the pleasure of the House ?

(*Voices* : Yes, yes.)

**Mr. Deputy Speaker** : The amendment stands withdrawn withthe pleasure of the House.

**Mr. Deputy Speaker** : Question is—

That Clau se 2 stand part of the Bill.

*The motion was carried*

CLAUSES 3, 4, 5 AND 6

**Mr. Deputy Speaker** : Question is—

That Clauses 3, 4, 5 and 6 stand part of the Bill.

*The motionwas c*

Original with;
Punjab Vidhan Sabha
Digitized by;
Panjab Digital Library

CLAUSE 7

**Mr. Deputy Speaker** : Now Clause 7 is before the House. There is an amendment to this Clause.

(The member did not rise to move the amendment).

**Mr. Deputy Speaker** : Question is—

That Clause 7 stand part of the Bill.

*The motion was carried.*

CLAUSES 8 AND 9

**Mr. Deputy Speaker** : Question is—

That Clauses 8 and 9 stand part of the Bill.

*The motion was carried.*

CLAUSE 10

**Mr Deputy Speaker** : Now Clause 10 is before the House, There is an amendment to this Clause.

(The member did not rise to move the amendment).

**Mr. Deputy Speaker** : Question is—

That Clause 10 stand part of the Bill,

*The motion was carried.*

CLAUSES 11, 12, 13, 14, 15, 16, 17, 18, 19 AND 20

**Mr. Deputy Speaker** : Question is—

That Clauses 11, 12, 13, 14, 15, 16, 17, 18, 19 and 20 stand part of the Bill.

*The motion was carried.*

CLAUSE 21

**Mr. Deputy Speaker** : Now Clause 21 is before the House. There is an amendment to this Clause.

**Comrade Satya Pal Dang** (Amritsar, West) : Sir I beg to move—

*For* sub-clause (1), *substitute* the following :—

"(1) To the Relief and Common Fund shall be credited every seven and a half percent of the net profits of the Corporation and equivalent amount by the State Government."

**Mr. Deputy Speaker** : Motion moved.

*For* sub-clause (1), *substitute* the following :—

"(1) To the Relief and Common Fund shall be credited every seven and a half percent of the net profits of the Corporation and equivalent amount by the State Government."

Original with;
Punjab Vidhan Sabha
Digitized by;
Panjab Digital Library

**Mr. Deputy Speaker** : Question is—

*For* sub-clause (1), *substitute* the following :—

"(1) To the Relief and Common Fund shall be credited every seven and a half percent of the net profits of the Corporation and equivalent amount by the State Government."

*The motion was lost.*

**Mr. Deputy Speaker** : Question is—

That Clause 21 stand part of the Bill.

*The motion was carried.*

CLAUSES 22, 23, 24, 25 AND 26

**Mr. Deputy Speaker** : Question is—

That Clauses 22, 23, 24, 25 and 26 stand part of the Bill.

*The motion was carried.*

CLAUSE 27

**Mr. Deputy Speaker** : Now Clause 27 is before the House. There is an amendment to this Clause.

**Comrade Satya Pal Dang** (Amritsar, West) : Sir, I beg to move—

In sub-clause (6), line 3, *after* "State" *add* the following :—
"and the same shall be discussed by it."

ਜੋ ਰਿਪੋਰਟ ਸਦਨ ਦੀ ਮੇਜ਼ ਤੇ ਰਖੀ ਜਾਵੇ, ਅਕਾਊਂਟੈਂਟ ਜਨਰਲ ਦੀ ਜਾਂ ਦੂਸਰੇ ਆਡੀਟਰਜ਼ ਦੀ ਉਸ ਤੇ ਡਿਸਕਸ਼ਨ ਵੀ ਹੋਣੀ ਚਾਹੀਦੀ ਹੈ । ਡਿਸਕਸ਼ਨ ਕਰਨ ਦਾ ਰਿਵਾਜ ਘੱਟਦਾ ਜਾ ਰਿਹਾ ਹੈ, ਇਸ ਕਰਕੇ ਮੈਂ ਅਮੈਂਡਮੈਂਟ ਦਿਤੀ ਹੈ ਕਿ ਜਿਹੜੀ ਰਿਪੋਰਟ ਰਖੀ ਜਾਵੇ, ਸਦਨ ਉਸ ਨੂੰ ਡਿਸਕਸ ਵੀ ਕਰੇਗਾ ।

**Mr. Deputy Speaker** : Motion moved—

In sub-clause (6), line 3, *after* "State" *add* the following :—
"and the same shall be discussed by it."

**Mr. Deputy Speaker** : Question is—

In sub-clause (6), line 3, *after* "State" *add* the following :—

"and the same shall be discussed by it."

*The Motion was lost.*

**Mr. Deputy Speaker** : Question is—

That Clause 27 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

CLAUSES 28, 29, 30, 31, 32, 33, 34, 35 AND CLAUSE 1

**Mr. Deputy Speaker** : Question is—

That Clauses 28, 29, 30, 31, 32, 33, 34, 35 and Clause 1 stand part of the Bill.

*The motion was carried.*

TITLE

**Mr. Deputy Speaker** : Question is—

That Title be the Title of the Bill

*The motion was carried.*

**Revenue and Elections Minister** (Sardar Umrao Singh) : Sir, I beg to move—

That the Punjab Backward Classes Land Development and Finance Corporation Bill be passed.

**Mr. Deputy Speaker** : Motion moved—

That the Punjab Backward Classes Land Development and Finance Corporation Bill be passed.

**Mr. Deputy Speaker** : Question is—

That the Punjab Backward Classes Land Development and Finance Corporation Bill be passed.

*The motion was carried*

## THE PUNJAB PACKAGE DEAL PROPERTIES (DISPOSAL) BILL, 1976

**Revenue and Elections Minister** (Sardar Umrao Singh) : Sir, I beg to introduce the Punjab Package Deal Properties (Disposal) Bill.

Sir, I also beg to move—

That the Punjab Package Deal Properties (Disposal) Bill be taken into consideration at once.

ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਬਾਰੇ ਥੋੜ੍ਹਾ ਜਿਹਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਸ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਯਾਦ ਹੋਵੇਗਾ ਕਿ ਕਈ ਦਫ਼ਾ ਇਸ ਹਾਊਸ ਵਿਚ ਐਸੇ ਮਸਲੇ ਆਏ ਜੋ ਪ੍ਰਾਪਰਟੀ ਪੈਕੇਜ ਡੀਲ ਵਿਚ ਗੌਰਮਿੰਟ ਆਫ਼ ਇੰਡੀਆ ਤੋਂ ਲਈ ਗਈ। ਉਸ ਪ੍ਰਾਪਰਟੀ ਤੇ ਬਹੁਤ ਸਾਰੇ ਲੋਕਾਂ ਨੇ ਅੱਨ-ਆਥੋਰਾਈਜ਼ਡ ਆਕੂਪੇਸ਼ਨ ਕਰ ਲਏ ਔਰ ਕੁਝ ਪ੍ਰਾਪਰਟੀ ਐਸੀ ਹੈ ਜੋ ਇਸ ਤਰੀਕੇ ਨਾਲ ਅਲਾਟ ਕੀਤੀ ਗਈ ਜਿਹੜੇ ਕਿ ਆਬਜੈਕਸ਼ਨੇਬਲ ਤਰੀਕੇ ਸਨ। ਮਗਰ ਕੋਈ ਕਾਨੂੰਨ ਨਾ ਹੋਣ ਕਰਕੇ ਉਹ ਪ੍ਰਾਪਰਟੀ ਵਾਪਸ ਨਹੀਂ ਲਈ ਜਾ ਸਕਦੀ ਸੀ। ਇਸ ਤੋਂ ਇਲਾਵਾ ਜੋ ਪ੍ਰਾਪਰਟੀ ਇਸ ਵਕਤ ਬਾਕੀ ਬਚੀ ਹੈ ਉਸਨੂੰ ਕਿਸ ਤਰੀਕੇ ਨਾਲ ਡਿਸਪੋਜ਼ ਆਫ ਕਰਨਾ ਹੈ ਔਰ ਕਿਸ ਤਰੀਕੇ ਨਾਲ ਪੰਜਾਬ ਦੇ ਲੋਕਾਂ ਵਾਸਤੇ ਫ਼ਾਇਦਾ ਹੋ ਸਕੇ ਔਰ ਪੰਜਾਬ ਸਰਕਾਰ ਦਾ ਫ਼ਾਇਦਾ ਹੋ ਸਕੇ ਉਹ ਤਰੀਕਾ

Original with;
Punjab Vidhan Sabha
Digitized by;
Panjab Digital Library

ਇਸ ਐਕਟ ਰਾਹੀਂ ਅਪਣਾਇਆ ਗਿਆ ਹੈ । ਜੋ ਅਫ਼ਸਰ ਸਾਹਿਬਾਨ ਇਸ ਦੀ ਅਲਾਟਮੈਂਟ ਵਾਸਤੇ ਲਗੇ ਹਨ ਉਨ੍ਹਾਂ ਦੀਆਂ ਜ਼ਿਮੇਵਾਰੀਆਂ ਕੀ ਹੋਣਗੀਆਂ ਅਤੇ ਉਸ ਦੇ ਬਾਅਦ ਸਰਕਾਰ ਵੀ ਸੁਣਵਾਈ ਕਰ ਸਕਦੀ ਹੈ । ਇਸ ਵਕਤ ਵੀ ਕਾਫ਼ੀ ਪ੍ਰਾਪਰਟੀ ਹੈ ਜਿਹੜੀ ਕਿ ਰੂਰਲ ਐਗਰੀਕਲਚਰਲ ਲੈਂਡ ਹੈ, ਪਿੰਡਾਂ ਵਿਚ ਮਕਾਨ ਹਨ । ਇਸੇ ਤਰ੍ਹਾਂ ਸ਼ਹਿਰਾਂ ਵਿਚ ਵੀ ਐਗਰੀਕਲਚਰਲ ਲੈਂਡ ਹੈ ਔਰ ਦੂਸਰੀ ਪਰਾਪਰਟੀ ਵੀ ਹੈ । ਡਿਪਟੀ ਸਪੀਕਰ ਸਾਹਿਬ, ਅਸੀਂ ਪਿਛੇ ਜਿਹੇ ਐਪਲੀਕੇਸ਼ਨਜ਼ ਮੰਗੀਆਂ ਸਨ ਜਿਸ ਦੇ ਮੁਤਾਬਕ 21 ਹਜ਼ਾਰ ਦੇ ਕਰੀਬ ਅੱਨ ਆਥੋਰਾਈਜ਼ਡ ਆਕੂਪੈਂਟਸ ਨੇ ਅਰਜ਼ੀਆਂ ਦਿਤੀਆਂ ਹਨ । ਉਹ ਪਰਾਪਰਟੀ ਉਨ੍ਹਾਂ ਨੂੰ ਟਰਾਂਸਫ਼ਰ ਕਰਨੀ ਹੈ । ਉਸ ਨੂੰ ਟਰਾਂਸਫ਼ਰ ਕਰਨ ਵਾਸਤੇ ਜਾਂ ਜੋ ਆਲਰੈਡੀ ਟਰਾਂਸਫਰ ਹੋ ਚੁਕੀ ਹੈ ਉਸ ਬਾਰੇ ਇਕ ਕਮੇਟੀ ਬਣਾਈ ਸੀ, ਜਿਸ ਵਿਚ ਸਰਦਾਰ ਹਰਚੰਦ ਸਿੰਘ ਜੀ ਅਤੇ ਹੋਰ ਵੀ ਇਸ ਹਾਊਸ ਦੇ ਮੈਂਬਰ ਸਾਹਿਬਾਨ ਸਨ । ਉਸ ਕਮੇਟੀ ਨੇ ਵੀ ਸਿਫ਼ਾਰਿਸ਼ ਕੀਤੀ ਸੀ ਕਿ ਇਸ ਪਰਾਪਰਟੀ ਵਾਸਤੇ ਕੋਈ ਕੰਪਰੀਹੈਂਸਿਵ ਲੈਜਿਸਲੇਸ਼ਨ ਹੋਣੀ ਚਾਹੀਦੀ ਹੈ ਔਰ ਉਸ ਪਰਾਪਰਟੀ ਨੂੰ ਟਰਾਂਸਫ਼ਰ ਕਰਨ ਲਗਿਆਂ ਅਗਰ ਕੋਈ ਰੂਲਜ਼ ਦੀ ਉਲੰਘਣਾ ਹੋ ਗਈ ਹੋਵੇ ਤਾਂ ਉਸ ਅਲਾਟਮੈਂਟ ਤੇ ਨਜ਼ਰਸਾਨੀ ਹੋ ਸਕੇ । ਅਗੇ ਚੂੰਕਿ ਸਾਰੀ ਦੀ ਸਾਰੀ ਪ੍ਰਾਪਰਟੀ ਜਿਹੜੀ ਸੀ ਉਹ ਸਿਰਫ਼ ਇੰਸਟਰਕਸ਼ਨਜ਼ ਰਾਹੀਂ ਹੀ ਤਕਸੀਮ ਕੀਤੀ ਜਾਂਦੀ ਸੀ, ਇਹ ਕਰੋੜਾਂ ਰੁਪਏ ਦੀ ਪਰਾਪਰਟੀ ਹੈ ਗੌਰਮਿੰਟ ਆਫ਼ ਇੰਡੀਆ ਨੇ ਪੰਜਾਬ ਦੇ ਗਰੀਬ ਲੋਕ ਵਾਸਤੇ ਦਿਤੀ ਹੈ ਤਾਂਕਿ ਉਨ੍ਹਾਂ ਗਰੀਬਾਂ ਦੇ ਭਲੇ ਵਾਸਤੇ ਇਸਤੇਮਾਲ ਕੀਤੀ ਜਾਏ । ਲੈਜਿਸਲੇਸ਼ਨ ਨਾ ਹੋਣ ਕਰਕੇ, ਕੋਈ ਕਾਨੂੰਨ ਨਾ ਹੋਣ ਕਰਕੇ , ਕਿਸੇ ਨਾ ਕਿਸੇ ਜਗ੍ਹਾ ਜਿਹੜੀ ਮਨਸ਼ਾ ਸੀ ਉਸ ਦੇ ਵਿਰੁਧ ਕੰਮ ਹੋਇਆ । ਇਸ ਸੈਸ਼ਨ ਵਿਚ ਇਹ ਲਿਆਂਦਾ ਹੈ । ਜਿਥੇ ਅੱਨ ਆਥੋਰਾਈਜ਼ਡ ਆਕੂਪੈਂਟਸ ਹਨ ਭਾਵੇਂ ਆਉਣ ਵਾਲੇ ਸਮੇਂ ਵਿਚ ਜਾਂ ਜਿਹੜਾ ਲੰਘ ਚੁਕਾ ਹੈ ਇਸ ਐਕਟ ਰਾਹੀਂ ਉਹ ਪਰਾਪਰਟੀ ਖ਼ਾਲੀ ਕਰਾਈ ਜਾ ਸਕਦੀ ਹੈ । ਇਸ ਤੋਂ ਇਲਾਵਾ ਸਾਡੇ ਨੋਟਿਸ ਵਿਚ ਇਹ ਵੀ ਆਇਆ ਹੈ ਕਿ ਕਈ ਸੱਜਣ ਜਿਸ ਤਰ੍ਹਾਂ ਸਰਕਾਰ ਨੇ ਹਦਾਇਤਾਂ ਦਿਤੀਆਂ ਨਿਲਾਮੀ ਵਿਚ—(ਵਿਘਨ)

ਚੂੰਕਿ ਸਰਕਾਰ ਨੇ ਇਸ ਗਲ ਦਾ ਫੈਸਲਾ ਕੀਤਾ ਹੈ ਕਿ ਉਹ ਪਰਾਪਰਟੀ ਸਿਰਫ਼ ਹਰੀਜਨਾਂ ਨੂੰ ਦੇਣੀ ਹੈ, ਹਰੀਜਨਾਂ ਦੀ ਥਾਂ ਤੇ ਕਈ ਲੋਕਾਂ ਨੇ ਬੇਨਾਮੀਆਂ ਕੀਤੀਆਂ ਹੋਈਆਂ ਹਨ, ਇਸ ਬਿਲ ਵਿਚ ਇਸ ਗਲ ਦਾ ਪ੍ਰੋਵੀਜ਼ਨ ਕੀਤਾ ਗਿਆ ਹੈ ਕਿ ਕੋਈ ਪਰਾਪਰਟੀ ਟਰਾਂਸਫ਼ਰ ਨਹੀਂ ਮੰਨੀ ਜਾਏਗੀ ਜੋ ਬੇਨਾਮੀ ਦੇ ਤੌਰ ਤੇ ਹੋਵੇਗੀ । ਜਿਥੇ ਹਰੀਜਨਾਂ ਵਾਸਤੇ ਗਰੀਬ ਲੋਕਾਂ ਵਾਸਤੇ ਸਰਕਾਰ ਨੇ ਜ਼ਮੀਨ ਦੇਣ ਦਾ ਫੈਸਲਾ ਕੀਤਾ ਹੈ ਉਥੋਂ ਉਹ ਹੀ ਫ਼ਾਇਦਾ ਲੈ ਸਕਣ ਅਤੇ ਬੇਨਾਮੀ ਉਸ ਪਰਾਪਰਟੀ ਦੀ ਨਾ ਹੋ ਸਕੇ । ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਕੁਝ ਅਸੀਆਂ ਮੱਦਾਂ ਵੀ ਹਨ ਇਸ ਵਿਚ ਜਿਸ ਤਰ੍ਹਾਂ ਸੈਕਸ਼ਨ 10(2) ਹੈ ਜਿਸ ਦੇ ਰਾਹੀਂ ਜੋ ਪਰਾਪਰਟੀ ਅਗੇ ਟਰਾਂਸਫ਼ਰ ਕੀਤੀ ਜਾ ਚੁਕੀ ਹੈ ਫਰਾਡ ਰਾਹੀਂ, ਮਿਸ-ਰਿਪ੍ਰੈਜ਼ੈਂਟੇਸ਼ਨ ਰਾਹੀਂ, and concealment of facts ਰਾਹੀਂ ਉਹ ਪਰਾਪਰਟੀ ਇਸ ਐਕਟ ਰਾਹੀਂ ਰੀਓਪਨ ਹੋ ਸਕੇਗੀ ਅਤੇ ਸਾਡੀ ਗੌਰਮਿੰਟ ਖੁਦ ਵੀ ਵੇਖ ਲਵੇਗੀ ਔਰ ਅਗਰ ਕੋਈ ਦਰਖ਼ਾਸਤ ਦੇਵੇਗਾ ਉਸ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ । ਸਾਡੇ ਹਾਊਸ ਦੇ ਮੈਂਬਰ ਸਾਹਿਬਾਨ ਦੀ ਅਤੇ ਕਨੇਡੀਅਨ ਸਾਹਿਬ ਨੇ ਵੀ ਬਹੁਤ ਦੇਰ ਦਾ ਕਿਹਾ ਸੀ ਕਿ ਬਿਲ ਜਲਦੀ ਲਿਆਉਣਾ ਚਾਹੀਦਾ ਹੈ । ਅਸੀਂ ਬਿਲ ਗੌਰਮਿੰਟ ਆਫ਼ ਇੰਡੀਆ ਨੂੰ ਪਰਾਇਰ ਅਪਰੂਵਲ ਵਾਸਤੇ ਭੇਜਿਆ ਹੋਇਆ ਸੀ ਉਥੇ ਐਨਾਂ ਸਮਾਂ ਲਗਾ ਹੈ । ਪਰ ਸਰਕਾਰ ਦੀ ਕੋਸ਼ਿਸ਼ ਹੈ ਕਿ

Original with;
Punjab Vidhan Sabha
Digitized by;
Panjab Digital Library

[Revenue & Elections Minister.]

ਇਹ ਪਰਾਪਰਟੀ ਜਲਦੀ ਤੋਂ ਜਲਦੀ ਲੋਕਾਂ ਨੂੰ ਦਿਤੀ ਜਾ ਸਕੇ ।

**Mr. Deputy Speaker** : Motion moved—

That the Punjab Package Deal Properties (Disposal) Bill be taken into consideration at once.

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** (ਗੜ੍ਹਸ਼ੰਕਰ) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮਾਲ ਮੰਤਰੀ ਜੀ ਨੇ ਇਹ ਬਿਲ ਲਿਆਂਦਾ ਹੈ । ਇਹ ਖਿਲ ਢਾਈ ਸਾਲ ਲੇਟ ਹੋਇਆ ਹੈ ਉਸ ਸਮੇਂ ਦੇ ਮੁਤਾਬਕ ਜਦੋਂ ਕਿ ਇਹ ਮਸਲਾ ਬਹੁਤ ਤਿਖੇ ਢੰਗ ਨਾਲ ਹਰਚੰਦ ਸਿੰਘ ਕਮੇਟੀ ਦੇ ਸਾਹਮਣੇ ਪੇਸ਼ ਹੋਇਆ ਸੀ । ਉਸ ਤੋਂ ਪਹਿਲਾਂ ਭਾਵੇਂ 8 ਸਾਲਾਂ ਤੋਂ ਇਸ ਬਿਲ ਵਾਸਤੇ ਬੜੀ ਭਾਰੀ ਬੇਚੈਨੀ ਪਬਲਿਕ ਵਿਚ ਚਲੀ ਆ ਰਹੀ ਸੀ । ਇਸ ਬਿਲ ਦਾ ਘੇਰਾ ਬੜਾ ਵੱਡਾ ਹੈ । ਇਸ ਵਕਤ ਸ਼ਹਿਰਾਂ ਵਿਚ ਅਤੇ ਪਿੰਡਾਂ ਵਿਚ ਕਾਫ਼ੀ ਪਰਾਪਰਟੀ ਪਈ ਹੈ । ਸ਼ਹਿਰਾਂ ਵਿਚ 7381 ਮਕਾਨ, 170 ਦੁਕਾਨਾਂ, 7543 ਖੋਲੇ ਅਤੇ 2813 ਏਕੜ ਐਗਰੀਕਲਚਰਲ ਲੈਂਡ ਪਈ ਹੈ ਅਤੇ ਦੋ ਢਾਈ ਲੱਖ ਏਕੜ ਦੇ ਕਰੀਬ ਪਿੰਡਾਂ ਵਿਚ ਜ਼ਮੀਨ ਹੈ । ਇਸ ਸਾਰੀ ਪ੍ਰਾਪਰਟੀ ਤੇ ਲੋਕਾਂ ਨੇ ਗੈਰ ਕਾਨੂੰਨੀ ਢੰਗ ਨਾਲ ਕਬਜ਼ੇ ਕੀਤੇ ਹੋਏ ਹਨ । ਧੱਕੇ ਨਾਲ ਬੇਨਾਮੀਆਂ ਰਾਹੀਂ ਪਰਾਪਰਟੀ ਹਥਿਆਈ ਹੋਈ ਹੈ । ਉਨ੍ਹਾਂ ਤੋਂ ਖਾਲੀ ਕਰਾਉਣ ਦਾ ਸੁਆਲ ਹੈ । ਮੈਂ ਸਮਝਦਾ ਹਾਂ ਕਿ ਸੈਂਟਰ ਵਿਚ ਕਾਫ਼ੀ ਦੇਰ ਲਗੀ ਹੋਵੇਗੀ । ਮੈਂ ਤਾਂ ਸਮਝਦਾ ਹਾਂ ਕਿ ਸਰਕਾਰ ਨੇ ਜਾਂ ਸਬੰਧਤ ਮੰਤਰੀ ਨੇ ਇਸ ਵਿਚ ਕਾਫ਼ੀ ਅੱਣਗਹਿਲੀ ਦਿਖ਼ਾਈ ਹੈ । ਇਹ 'ਕਹਿੰਦੇ ਹਨ ਕਿ ਲੋਕਾਂ ਦੀ ਭਲਾਈ ਕਰ ਰਹੇ ਹਾਂ । ਲੋਕਾਂ ਦੀ ਭਲਾਈ ਵਾਸਤੇ ਢਾਈ ਸਾਲ ਇਹ ਬਿਲ ਰੁਲਦਾ ਰਿਹਾ । ਪੰਜਾਬ ਵਿਚ ਬੜੀਆਂ ਭਾਰੀ ਠੱਗੀਆਂ ਹੋਈਆਂ, ਚੋਰੀਆਂ ਹੋਈਆਂ, ਧੱਕੇ ਹੋਏ । ਉਹ ਜਿਹੜੀਆਂ ਜ਼ਮੀਨਾਂ ਹਨ ਬਹਾਲ ਹੋਣੀਆਂ ਚਾਹੀਦੀਆਂ ਹਨ । ਮੈਂ ਅਰਜ਼ ਇਹ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਤੇ ਜੋ ਪਿਛੇ ਕੁਝ ਲੋਕਾਂ ਨੇ ਧੱਕੇ ਨਾਲ, ਧੋਖੇ ਨਾਲ ਅਲਾਟਮੈਂਟਾਂ ਕਰਾਈਆਂ ਅਤੇ ਜਿਹੜੇ ਐਵੇਂ ਕਾਬਜ਼ ਬੈਠੇ ਹਨ ਉਨ੍ਹਾਂ ਤੋਂ ਖ਼ਾਲੀ ਕਰਾਉਣੀਆਂ ਚਾਹੀਦੀਆਂ ਹਨ । ਉਸ ਵੇਲੇ ਰੌਲਾ ਕੀਤਾ ਸੀ ਕਿ 10 ਏਕੜ ਜ਼ਮੀਨ ਇਕ ਹਰੀਜਨ ਲੈ ਸਕਦਾ ਹੈ । ਹਰਚੰਦ ਸਿੰਘ ਕਮੇਟੀ ਨੇ ਵੇਖਿਆ ਕਿ ਲੋਕੀ ਦੋ ਦੋ ਸੌ ਏਕੜ ਤਿੰਨ ਤਿੰਨ ਸੌ ਏਕੜ ਦੇ ਫ਼ਾਰਮ ਬਣਾ ਕੇ ਬੈਠੇ ਹਨ । ਬੜੀਆਂ ਹੈਰੋਇੰਗ ਟੇਲਜ਼ ਸਾਡੇ ਸਾਹਮਣੇ ਆਈਆਂ । ਲੋਕਾਂ ਦੀਆ ਔਰਤਾਂ ਦੀਆਂ ਬੇਇਜ਼ਤੀਆਂ ਕੀਤੀਆਂ ਗਈਆਂ, ਬੰਦੂਕਾਂ ਦੀਆਂ ਗੋਲੀਆਂ ਦੇ ਸ਼ਿਕਾਰ ਕੀਤੇ ਗਏ । ਮਸਲਾ ਬੜਾ ਤੀਬਰ ਹੋ ਗਿਆ ਸੀ । ਕੁਝ ਪੁਲੀਟੀਕਲ ਸੱਜਣਾ ਨੂੰ ਅਸਤੀਫੇ ਦੇਣੇ ਪਏ ਜਦੋਂ ਮਸਲਾ ਤਿਖੇ ਢੰਗ ਨਾਲ ਸਾਹਮਣੇ ਆਇਆ । ਕੁਝ ਲੋਕ ਰਾਜਸੀ ਪੱਖ ਤੋਂ ਇੰਡਿਕਟ ਹੋਏ ਸੀ । ਇਹ ਕਿਉਂ ਕਰਨਾ ਪਿਆ ? ਲੋਕਾਂ ਨੇ ਸਿਧੇ ਤੌਰ ਤੇ ਆਰੋਪ ਲਾਏ ਸੀ । ਕਈ ਅਫ਼ਸਰਾਂ ਨੇ ਠੱਗੀਆਂ ਮਾਰੀਆਂ, ਪਰ ਉਨ੍ਹਾਂ ਅਫ਼ਸਰਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ । ਇਕ ਅਫ਼ਸਰ ਕਮਿਸ਼ਨਰ ਬਣਿਆ ਹੋਇਆ ਹੈ । ਛੰਗਾਨੀ ਕਮਿਸ਼ਨ ਨੇ ਵੀ ਉਸ ਨੂੰ ਇੰਡਿਕਟ ਕੀਤਾ । ਮੈਂ ਕਹਿੰਦਾ ਹਾਂ ਕਿ ਅਗਰ ਹੋਰਨਾਂ ਚੀਜ਼ਾਂ ਤੇ ਆਰਡੀਨੈਂਸ ਹੋ ਸਕਦਾ ਹੈ ਤਾਂ ਇਸ ਬਾਰੇ ਵੀ ਆਰਡੀਨੈਂਸ ਹੋ ਸਕਦਾ ਸੀ । ਕਈ ਜਿਹੜੇ ਕਿ ਨਾ ਤੇ ਰਫਿਊਜੀ ਹਨ ਅਤੇ ਨਾ ਹੀ ਹਰੀਜਨ ਹਨ ਪਰ ਤਿੰਨ ਤਿੰਨ ਸੌ ਕਿੱਲੇ ਦੇ ਫ਼ਾਰਮ ਬਣਾਈ ਬੈਠੇ ਹਨ । ਉਹ ਜ਼ਮੀਨ ਉਨ੍ਹਾਂ ਕੋਲੋਂ ਵਾਪਸ ਲੈਣੀ ਚਾਹੀਦੀ ਹੈ । ਇਕ ਅਫ਼ਸਰ ਅੰਮ੍ਰਿਤਸਰ ਦੀ ਸਰਹੱਦ ਤੇ ਬੈਠਾ

Original with;
Punjab Vidhan Sabha
Digitized by;
Panjab Digital Library

ਹੈ ਉਸ ਨੇ ਤਿੰਨ ਸੌ ਕਿੱਲੇ ਦਾ ਫ਼ਾਰਮ ਬਣਾਇਆ ਹੋਇਆ ਹੈ । ਮੈਂ ਕਹਿੰਦਾ ਹਾਂ ਕਿ ਇਸ ਬਿਲ ਵਿਚ ਕੁਝ ਕਮਜ਼ੋਰੀਆਂ ਹਨ, ਉਹ ਦੂਰ ਕਰ ਦੇਣੀਆਂ ਚਾਹੀਦੀਆਂ ਹਨ । ਮਾਲ ਮੰਤਰੀ ਇਸ ਬਿਲ ਨੂੰ ਲੈ ਕੇ ਆਏ ਹਨ ਮੈਂ ਕਹਿੰਦਾ ਹਾਂ ਕਿ ਕਾਨੂੰਨ ਬਣਨ ਤੋਂ ਬਾਅਦ ਇਸ ਦੀ ਦਰੁਸਤ ਢੰਗ ਨਾਲ ਵਰਤੋਂ ਹੋਣੀ ਚਾਹੀਦੀ ਹੈ । ਜੋ ਕੁਝ ਇਸ ਬਿਲ ਵਿਚ ਹੈ ਉਸ ਦੇ ਬਾਰੇ ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਉਨ੍ਹਾਂ ਲੋਕਾਂ ਨੂੰ ਜ਼ਮੀਨਾਂ ਤੋਂ ਉਠਾਉਣਾ ਹੈ ਜਿਨ੍ਹਾਂ ਨੇ ਗੈਰ ਕਾਨੂੰਨੀ ਢੰਗ ਨਾਲ ਜ਼ਮੀਨਾਂ ਤੇ ਕਬਜ਼ੇ ਕੀਤੇ ਹੋਏ ਹਨ । ਦੂਜੇ ਉਹ ਲੋਕ ਸਨ ਜਿਨ੍ਹਾਂ ਨੇ ਬੰਜਰ ਜ਼ਮੀਨਾਂ ਤੇ ਮਿਹਨਤ ਕਰਕੇ ਜੰਗਲਾਂ ਨੂੰ ਸਾਫ਼ ਕਰਕੇ ਅਤੇ ਸੱਪ ਅਤੇ ਸੂਰਾਂ ਨੂੰ ਮਿੱਧ ਕੇ ਆਬਾਦ ਕੀਤਾ ਹੈ ਅਤੇ ਉਹ ਵੀ ਬੈਠੇ ਹਨ ਜਿਨ੍ਹਾਂ ਨੇ ਆਪ ਜ਼ਮੀਨਾਂ ਆਬਾਦ ਕੀਤੀਆਂ ਹਨ । ਉਨ੍ਹਾਂ ਵਿਚੋਂ ਕਿਸੇ ਕੋਲ 4 ਕਿਲੇ ਹੈ, ਕਿਸੇ ਕੋਲ 5 ਕਿਲੇ ਹੈ । ਇਸ ਗਲ ਦਾ ਖਿਆਲ ਰਖਿਆ ਜਾਏ ਕਿ ਇਹ ਕਾਨੂੰਨੀ ਤਲਵਾਰ ਉਨ੍ਹਾਂ ਤੇ ਨਾ ਚਲ ਜਾਏ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ । ਉਨ੍ਹਾਂ ਲੈਂਡ ਲਾਰਡਾਂ, ਅਫਸਰਾਂ ਤੇ ਪੁਲੀਟੀਕਲ ਲੀਡਰਾਂ ਤੋਂ, ਜਿਨ੍ਹਾਂ ਨੇ ਇਸ ਜ਼ਮੀਨ ਦੀ ਚੋਰੀ ਕਰਕੇ ਵੱਡੇ ਪੱਧਰ ਤੇ ਆਪਣੇ ਜ਼ਾਤੀ ਹਿੱਤ ਪਾਲਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਤੋਂ ਇਹ ਜ਼ਮੀਨ ਲਈ ਜਾਵੇ । ਇਸੇ ਤਰ੍ਹਾਂ ਸ਼ਹਿਰਾਂ ਵਿੱਚ ਜਿਨ੍ਹਾਂ ਲੋਕਾਂ ਕੋਲ ਆਪਣੇ ਘਰ ਨਹੀਂ ਅਤੇ ਉਹ ਰਫਿਊਜੀ ਪ੍ਰਾਪਰਟੀ ਵਿੱਚ ਬੈਠੇ ਹਨ ਉਨ੍ਹਾਂ ਨੂੰ ਜਾਇਜ਼ ਢੰਗ ਨਾਲ ਥੋੜੀ ਕੀਮਤ ਤੇ ਉਹ ਦਿੱਤੇ ਜਾਣ । ਇਸ ਵਿੱਚ ਜ਼ਾਤ ਪਾਤ ਤੇ ਵਿਚਾਰ ਕਰਨਾ ਨਹੀਂ ਚਾਹੀਦਾ । ਜਿਸ ਆਦਮੀ ਕੋਲ ਆਪਣੀ ਜ਼ਮੀਨ ਨਹੀਂ, ਖੇਤੀ ਉਸਦਾ ਧੰਦਾ ਹੈ ਅਤੇ ਪੱਟ ਕੇ ਜ਼ਮੀਨ ਉਸਨੇ ਬਣਾਈ ਹੈ, ਉਸਨੂੰ ਬੇਸ਼ਕ ਚਾਰ ਪੰਜ ਕਿੱਲੇ ਜ਼ਮੀਨ ਦੇ ਦਿਓ । ਲੇਕਿਨ ਜਿਨ੍ਹਾਂ ਅਫਸਰਾਂ, ਲੈਂਡ ਲਾਰਡਾਂ ਤੇ ਪੁਲੀਟੀਕਲ ਲੀਡਰਾਂ ਨੇ ਬੇਨਾਮੀਆਂ ਕਰਕੇ ਹੋਰ ਢੰਗਾਂ ਨਾਲ ਦਰਜਨਾਂ ਏਕੜ ਜ਼ਮੀਨ ਦਬੀ ਹੋਈ ਹੈ, ਉਨ੍ਹਾਂ ਉਤੇ ਫੌਰੀ ਤੌਰ ਤੇ ਇਹ ਕਾਨੂੰਨ ਲਾਗੂ ਕਰਕੇ ਸਾਰੀ ਜ਼ਮੀਨ ਖਾਲੀ ਕਰਾਉਣੀ ਚਾਹੀਦੀ ਹੈ । ਜ਼ਮੀਨ ਖਾਲੀ ਕਰਾਉਣ ਲਈ ਇਸ ਕਾਨੂੰਨ ਦੀ ਧਾਰਾ 5,6 ਤੇ 7 ਹੈ । ਇਸ ਗਲ ਦਾ ਵੀ ਪ੍ਰੋਵੀਜ਼ਨ ਕੀਤਾ ਗਿਆ ਹੈ ਕਿ ਜਿਹੜੀ ਸਾਡੀ ਸਰਕਾਰੀ ਮਸ਼ੀਨਰੀ ਹੈ, ਉਨ੍ਹਾਂ ਨੂੰ ਇਹ ਤਾਕਤ ਹੋਵੇਗੀ ਕਿ ਉਹ ਇਸ ਜ਼ਮੀਨ ਨੂੰ ਖਾਲੀ ਕਰਵਾ ਸਕਣਗੇ । ਇਹ ਬੜੀ ਚੰਗੀ ਗਲ ਹੈ । ਜਿਨ੍ਹਾਂ ਨੇ ਜ਼ਮੀਨ ਦੀ ਨਜਾਇਜ਼ ਵਰਤੋਂ ਕਰਕੇ ਆਪਣੇ ਜ਼ਾਤੀ ਲਾਭ ਉਠਾਏ ਸਨ ਉਨ੍ਹਾਂ ਤੋਂ ਪਿਛਲੇ ਪੈਸੇ ਰਿਕਵਰ ਕਰ ਸਕਦੇ ਹੋ । ਉਨ੍ਹਾਂ ਤੋਂ ਚਾਹੇ ਅੱਠ ਗੁਣਾ ਮਾਲੀਆ ਲਓ ਅਤੇ ਜੋ ਕੁਝ ਰੂਲਜ਼ ਦੇ ਮੁਤਾਬਿਕ ਹੈ ਉਨ੍ਹਾਂ ਤੇ ਹਰਜਾਨਾ ਪਾਇਆ ਜਾ ਸਕਦਾ ਹੈ ਤੇ ਇਹ ਪੈਸੇ ਸਰਕਾਰੀ ਖਜ਼ਾਨੇ ਵਿੱਚ ਲਿਆਏ ਜਾ ਸਕਦੇ ਹਨ । ਇਹ ਚੰਗੀ ਗਲ ਹੈ ਤੇ ਹੋਣੀ ਚਾਹੀਦੀ ਹੈ । ਇਸ ਬਿਲ ਦੇ ਅੰਦਰ ਇਹ ਮੱਦ ਕਿਉਂ ਨਹੀਂ ਰੱਖੀ ਗਈ ਕਿ ਜਿਨ੍ਹਾਂ ਲੋਕਾਂ ਨੇ ਆਪਣੀ ਤਾਕਤ ਵਰਤ ਕੇ ਜ਼ਮੀਨ ਨੂੰ ਵਰਿਆਂ ਵਰਿਆਂ ਖਾਧਾ, ਉਨ੍ਹਾਂ ਦੇ ਵਿਰੁਧ ਮੁਕੱਦਮੇ ਹੋਣ, ਉਨ੍ਹਾਂ ਨੂੰ ਸਜ਼ਾ ਹੋਵੇ । ਉਹ ਜ਼ਮੀਨਾਂ ਵਾਹ ਕੇ ਲੱਖਾਂ ਰੁਪਏ ਬਟੋਰ ਗਏ ਅਤੇ ਬਾਅਦ ਵਿੱਚ ਹੁਣ ਕਿਹਾ ਕਿ ਲੈ ਜਾਓ ਆਪਣੀ ਜ਼ਮੀਨ । ਲੇਕਿਨ ਬੇਈਮਾਨੀ ਦੀ ਸਜ਼ਾ ਕੀ ਹੈ ? ਪੁਲੀਟੀਕਲ ਲੀਡਰਾਂ ਨੂੰ ਤਾਂ ਕੁਝ ਨਾ ਕੁਝ ਸਜ਼ਾ ਥੋੜੀ ਬਹੁਤ ਹੋ ਗਈ ਹੈ । ਕਪਤਾਨ ਰਤਨ ਸਿੰਘ ਨੂੰ ਹੋ ਗਈ, ਸਰਦਾਰ ਦਰਬਾਰਾ ਸਿੰਘ, ਸਪੀਕਰ, ਨੂੰ ਹੋ ਗਈ, ਸਰਦਾਰ ਗੁਰਮੇਜ ਸਿੰਘ ਨੂੰ ਹੋ ਗਈ ।

**ਸ਼੍ਰੀ ਡਿਪਟੀ ਸਪੀਕਰ** : ਨਾਂ ਮੈਨਸ਼ਨ ਨਾ ਕਰੋ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਮੈਂ ਨਾਂ ਨਹੀਂ ਲੈਂਦਾ ਜੀ । ਜਿਹੜੇ ਵੱਡੇ ਵੱਡੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਅਫ਼ਸਰ ਹਨ ਵੱਡੇ ਵੱਡੇ ਅਹੁਦਿਆਂ ਤੇ ਬੈਠੇ ਹਨ ਤੇ ਨਜਾਇਜ਼ ਆਪਣੀ ਤਾਕਤ ਦਾ ਇਸਤੇਮਾਲ ਕਰਕੇ ਜ਼ਮੀਨਾਂ ਤੇ ਕਾਬਜ਼ ਹਨ ਉਨ੍ਹਾਂ ਦੇ ਵਿਰੁਧ ਕੇਸ ਕਰੋ । ਬੰਤਾ ਸਿੰਘ ਹਿੰਡੋ ਬੈਠਾ ਹੈ ਰੋਪੜ ਜ਼ਿਲ੍ਹੇ ਵਿੱਚ 300 ਏਕੜ ਤੇ ਕਬਜ਼ਾ ਕਰੀ । ਹਿੰਡੋ ਪਿੰਡ ਦਾ ਨਾਂ ਹੈ । ਇਸ ਕਿਸਮ ਦੇ ਲੋਕਾਂ ਤੇ ਕਿਉਂ ਨਹੀਂ ਮੁਕੱਦਮੇ ਕੀਤੇ ਜਾਂਦੇ ? ਪਿੰਡ ਜਟ ਜ਼ਟੀ ਹੈ । ਸਾਰੇ ਪਿੰਡ ਦੇ ਲੋਕਾਂ ਨੂੰ ਇਕੱਠਾ ਕਰ ਲਓ ਅਤੇ ਉਨ੍ਹਾਂ ਦੀਆਂ ਗਲਾਂ ਸੁਣੋ । ਇਹ ਆਦਮੀ ਇਥੇ ਬਹੁਤ ਭਾਰੀ ਮੈਜਿਸਟ੍ਰੇਟ ਹੈ । ਦੁਨੀਆਂ ਨੂੰ ਇਨਸਾਫ ਦਿੰਦਾ ਹੈ । ਲੇਕਿਨ ਕਿਸ ਢੰਗ ਨਾਲ ਇਸ ਨੇ ਗੋਲੀਆਂ ਚਲਾਈਆਂ, ਔਰਤਾਂ, ਮਾਵਾਂ ਤੇ ਭੈਣਾਂ ਦੀ ਬੇਇਜ਼ਤੀ ਹੋਈ, ਇਸ ਕਿਸਮ ਦੇ ਲੋਕਾਂ ਨੂੰ ਇਹ ਫਰਾਡ ਕਰਨ ਤੇ ਧੋਖਾ ਕਰਨ ਦੀ ਸਜ਼ਾ ਕਿਉਂ ਨਹੀਂ ਦਿੱਤੀ ਜਾਂਦੀ ? ਮੈਂ ਕਹਿੰਦਾ ਹਾਂ ਕਿ ਬਿਲ ਦੇ ਅੰਦਰ ਇਹੋ ਜਿਹੀ ਕਲਾਜ਼ ਕਿਉਂ ਨਹੀਂ ਰੱਖੀ ਗਈ ਜਿਸ ਦੇ ਆਧਾਰ ਤੇ ਜਿਨ੍ਹਾਂ ਅਪਰਾਧੀਆਂ ਨੇ ਨੈਸ਼ਨਲ ਪ੍ਰਾਪਰਟੀ ਦੀ ਦੁਰਵਰਤੋਂ ਕਰਕੇ ਜ਼ਾਤੀ ਲਾਭ ਉਠਾਏ ਹਨ ਉਨ੍ਹਾਂ ਲਈ ਕੋਈ ਸਜ਼ਾ ਦਾ ਪ੍ਰਬੰਧ ਕੀਤਾ ਜਾਵੇ । ਅਜੇ ਵੀ ਟਾਈਮ ਹੈ । ਸਰਦਾਰ ਉਮਰਾਓ ਸਿੰਘ ਜੀ ਇਸ ਕਿਸਮ ਦੀ ਮੱਦ ਇਸ ਵਿਚ ਲਿਆਉਣ । ਇਸ ਤਰ੍ਹਾਂ ਨਾ ਕਰਨ ਕਿ ਦੋ ਢਾਈ ਸਾਲ ਤਾਂ ਪਹਿਲਾਂ ਲਿਹਾਜ਼ ਕੀਤਾ ਤੇ ਹੁਣ ਲਿਹਾਜ਼ ਵਿੱਚ ਹੀ ਉਨ੍ਹਾਂ ਨੂੰ ਛੱਡ ਦਿਓ ਕਿ ਜਿਹੜੇ ਖਾ ਗਏ, ਖਾ ਗਏ, ਮੌਜਾਂ ਲੈਣ ਦਿਓ । ਇਸ ਤਰੀਕੇ ਨਾਲ ਨਾ ਕਰੋ । ਇੱਕ ਹੋਰ ਗਲ ਜਿਹੜੀ ਮੈਂ ਪਸੰਦ ਨਹੀਂ ਕਰਦਾ ਉਸਦਾ ਮੈਂ ਜ਼ਿਕਰ ਕਰਦਾ ਹਾਂ । ਮੇਰੀ ਰਾਏ ਹੈ ਕਿ ਜਿਥੇ ਅਪੀਲਜ਼ ਦਾ ਖਾਨਾ ਰੱਖਿਆ ਹੈ ਉਥੇ ਫਿਰ ਕਈ ਪੌੜੀਆਂ ਬਣਾ ਦਿੱਤੀਆਂ ਹਨ ਜਿਥੇ ਹੇਠਲਾ ਅਫਸਰ ਫੈਸਲਾ ਕਰਦਾ ਹੈ ਉਸ ਦੇ ਬਾਅਦ ਇੱਕ ਖਾਨਾ ਅਪੀਲ ਲਈ ਰੱਖ ਲਓ । ਲੇਕਿਨ ਸਰਦਾਰ ਉਮਰਾਓ ਸਿੰਘ ਨੇ 3,4 ਖਾਨੇ ਰੱਖ ਲਏ ਹਨ । ਤਹਿਸੀਲਦਾਰ ਜਿਹੜਾ ਫੈਸਲਾ ਕਰੇਗਾ ਉਸਦੇ ਉਤੇ ਸੇਲਜ਼ ਕਮਿਸ਼ਨਰ ਗੌਰ ਕਰ ਸਕੇਗਾ । ਫਿਰ ਉਹ ਚੀਫ ਸੇਲਜ਼ ਕਮਿਸ਼ਨਰ ਕੋਲ ਜਾਵੇਗਾ ਜੇ ਫਿਰ ਵੀ ਤਸੱਲੀ ਨਾ ਹੋਈ ਤਾਂ ਫਿਰ ਉਨ੍ਹਾਂ ਦੀ ਗਲ ਸੁਣਨ ਲਈ ਸਰਕਾਰ ਬੈਠੀ ਹੈ । ਇਹ ਗਧੀ ਗੇੜ ਹੈ । ਇਸ ਨੂੰ ਘਟਾ ਦੇਣ । ਇਹ ਕਹਿੰਦੇ ਹਨ ਕਿ 84 ਦਾ ਗੇੜ ਹੈ । ਇਸ ਮਾਮਲੇ ਨੂੰ ਲਟਕਦੇ ਹੋਏ 13, 14 ਸਾਲ ਹੋ ਗਏ ਹਨ ।

**ਉਪ ਮੰਤਰੀ, ਸਿੰਜਾਈ ਅਤੇ ਬਿਜਲੀ** : ਕੀ ਗਧੀ ਗੇੜ ਲਫਜ਼ ਪਾਰਲੀਮੈਂਟਰੀ ਹੈ ?

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਚੌਧਰੀ ਸਾਹਿਬ, ਪੰਜਾਬੀ ਜ਼ਬਾਨ ਸਿੱਖੋ । ਖੋਤੀ ਮੁੜ ਘਿੜ ਬੋਹੜ ਹੇਠਾਂ । ਗਧੀ ਵਿਚਾਰੀ ਤਾਂ ਵੈਸੇ ਹੀ ਬਦਨਾਮ ਹੈ ।

**ਸ੍ਰੀ ਡਿਪਟੀ ਸਪੀਕਰ** : ਕਨੇਡੀਅਨ ਸਾਹਿਬ, ਜੇ ਇਸ ਵਿਚੋਂ ਗਧੀ ਦਾ ਲਫਜ਼ ਕਢ ਦਿਓ ਤਾਂ ਠੀਕ ਨਹੀਂ ਹੋਵੇਗਾ ?

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਨਹੀਂ ਜੀ । ਮੈਨੂੰ ਭਾਵੇਂ ਕੋਈ ਵੀ ਸਜ਼ਾ ਇਸ ਲਈ ਦਿਓ, ਮੈਂ ਇਸ ਨੂੰ ਫਾਈਟ ਕਰਾਂਗਾ । ਇਨ੍ਹਾਂ ਨੂੰ, ਡਿਪਟੀ ਸਪੀਕਰ ਸਾਹਿਬ, ਪੰਜਾਬੀ ਨਹੀਂ ਆਉਂਦੀ ।

**ਚੌਧਰੀ ਜਗਤ ਰਾਮ** : ਕਾਮਰੇਡ ਸਾਹਿਬ, ਗਧੀ ਬਹੁਤ ਪਸੰਦ ਕਰਦੇ ਹਨ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਬਿਲ ਚੰਗਾ ਹੈ । (ਘੰਟੀ) ਮੈਂ ਇਸ ਦੀ ਪ੍ਰਸ਼ੰਸਾ ਕਰਦਾ ਹਾਂ ਕਿ ਸਾਡੇ ਮਾਲ ਮੰਤਰੀ ਕੁੰਭਕਰਣ

Original with;
Punjab Vidhan Sabha
Digitized by;
Panjab Digital Library

ਦੀ ਨੀਂਦ ਤੋਂ ਜਾਗੇ ਹਨ ਅਤੇ ਬਿਲ ਲੈ ਆਏ ਹਨ । ਉਨ੍ਹਾਂ ਨੂੰ ਮੈਂ ਇਸ ਲਈ ਵਧਾਈ ਦਿੰਦਾ ਹਾਂ । ਜਿਹੜੀਆਂ ਖਾਮੀਆਂ ਦਾ ਮੈਂ ਜ਼ਿਕਰ ਕੀਤਾ ਹੈ, ਇਹ ਦੂਰ ਹੋਣੀਆਂ ਚਾਹੀਦੀਆਂ ਸਨ। ਮੈਂ ਸਰਦਾਰ ਹਰਚੰਦ ਸਿੰਘ ਨੂੰ ਵੀ ਵਧਾਈ ਦਿੰਦਾ ਹਾਂ । ਉਨ੍ਹਾਂ ਨੇ ਬੜੀ ਮਿਹਨਤ ਕੀਤੀ ਸੀ। ਮੈਂ ਤਾਂ ਕਹਾਂਗਾ ਕਿ ਇਸ ਬਿਲ ਦਾ ਨਾਉਂ ਹੀ ਹਰਚੰਦ ਸਿੰਘ ਬਿਲ ਰੱਖ ਦਿਓ ।

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅਪ ਕਰੋ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਅੱਛਾ ਜੀ, ਮੈਂ ਵਾਈਂਡ ਅਪ ਕਰਦਾ ਹਾਂ ।

**Mr. Deputy Speaker** : Question is—

That the Punjab Package Deal Properties (Disposal) Bill be taken in to consideration at once.

*The motion was carried.*

**Mr. Deputy Speaker**: Now the House will proceed to consider the Bill, Clause by Clause.

CLAUSES 2,3,4,5,6,7,8,9,10,11,12,13,14,15,16,17 and 18

**Mr. Deputy Speaker**: Question is—

That Clauses 2,3,4,5,6,7,8,9,10,11,12,13,14,15,16,17, and 18 stand part of the Bill.

*The motion was carried*

CLAUSE 1

**Mr. Deputy Speaker**: Question is—

That Clause 1 stand part of the Bill.

*The motion was carried.*

TITLE

**Mr. Deputy Speaker**: Question is—

That title be the title of the Bill.

*The motion was carried.*

**Revenue and Elections Minister** (Sardar Umrao Singh): Sir, I beg to move.

That the Punjab Package Deal Properties (Disposal) Bill be passed.

**Mr. Deputy Speaker**: Motion moved—

That the Punjab Package Deal Properties (Disposal) Bill be passed.

**ਸਰਦਾਰ ਹਰਚੰਦ ਸਿੰਘ** (ਅਮਲੋਹ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਅੱਜ ਤੋਂ 12 ਸਾਲ ਪਹਿਲਾਂ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਸੀ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚੰਦ ਸਿੰਘ]

ਸਾਰੀਆਂ ਜ਼ਮੀਨਾਂ ਸ਼ਡਿਊਲਡ ਕਾਸਟਸ ਨੂੰ ਦਿੱਤੀਆਂ ਜਾਣ । ਇਹ ਗਲ ਲਟਕਦੀ ਹੀ ਰਹੀ। ਬੜੇ ਵੱਡੇ ਵੱਡੇ ਸਰਕਾਰੀ ਅਹਿਲਕਾਰਾਂ ਤੇ ਪੁਲੀਟੀਕਲ ਆਦਮੀਆਂ ਨੇ ਬੜੇ ਵੱਡੇ 2 ਫਾਰਮਾਂ ਤੇ ਕਬਜ਼ਾ ਕਰ ਲਿਆ । ਸਰਕਾਰ ਨੇ ਇਹ ਵੀ ਫੈਸਲਾ ਕੀਤਾ ਸੀ ਕਿ ਜ਼ਮੀਨਾਂ ਨਿਲਾਮ ਕਰਕੇ, ਚਾਹੇ ਉਹ ਹਰੀਜਨਾਂ ਨੂੰ ਹੀ ਨਿਲਾਮ ਕੀਤੀਆਂ ਜਾਣ, ਜਿਹੜੀ ਰਕਮ ਹੋਵੇਗੀ ਉਹ ਕਲਿਆਣ ਫੰਡ ਵਿੱਚ ਪਾਈ ਜਾਵੇਗੀ । ਇਹ ਜ਼ਮੀਨ ਤਕਰੀਬਨ 1 ਅਰਬ ਰੁਪਏ ਦੀ ਉਸ ਵਕਤ ਨਿਲਾਮ ਹੁੰਦੀ, ਚਾਹੇ ਉਹ ਹਰੀਜਨਾਂ ਵਿੱਚ ਹੁੰਦੀ । ਇਕ ਅਰਬ ਰੁਪਿਆ ਜੇ ਹਰੀਜਨਾਂ ਤੇ ਲਗਾਇਆ ਜਾਂਦਾ ਤਾਂ ਉਸ ਨਾਲ ਸਾਰੇ ਪੰਜਾਬ ਦੇ ਹਰੀਜਨਾਂ ਦੇ ਘਰ ਪੱਕੇ ਬਣ ਜਾਂਦੇ ਅਤੇ ਸਾਰਿਆਂ ਨੂੰ ਕਾਰੋਬਾਰ ਮਿਲ ਜਾਂਦਾ । ਪਰ ਇਸ ਕੰਮ ਵਿਚ ਸਰਕਾਰ ਨੇ ਅਣਗਹਿਲੀ ਕੀਤੀ ਅਤੇ ਜਿੰਨੀਆਂ ਸਰਕਾਰਾਂ ਆਈਆਂ, ਕਿਸੇ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ । ਆਖੀਰ ਜਿਸ ਦੇ ਕਬਜ਼ੇ ਵਿਚ ਉਹ ਜ਼ਮੀਨ ਆਈ, ਉਸ ਨੇ ਹੀ ਕਬਜ਼ਾ ਕਰ ਲਿਆ । ਲੇਕਿਨ ਜਿਸ ਵੇਲੇ ਸਾਡੀ ਕਮੇਟੀ ਨੇ ਲੋਕਾਂ ਦੇ ਫਾਰਮ ਵੇਖੇ ਤਾਂ ਇਹ ਪਤਾ ਲੱਗਾ ਕਿ ਉਸ ਜ਼ਮੀਨ ਵਿਚੋਂ ਇਕ ਇਕ ਲੱਖ ਰੁਪਿਆ ਸਾਲ ਦੀ ਆਮਦਨੀ ਹੋਈ, ਫਸਲ ਹੋਈ ਜਿਹੜੀ ਕਿ ਮਾਰਕੀਟ ਵਿਚ ਵੇਚੀ ਗਈ ਸੀ, ਮੰਡੀਆਂ ਵਿਚ ਵੇਚੀ ਗਈ ਸੀ, ਸਾਡੀ ਕਮੇਟੀ ਨੇ ਇਹ ਸਾਬਤ ਕੀਤਾ ਹੈ ਅਤੇ ਸਰਕਾਰ ਨੂੰ ਕਮੇਟੀ ਨੇ ਰਿਕੂਐਸਟ ਕੀਤੀ ਸੀ ਕਿ ਇਨ੍ਹਾਂ ਜ਼ਮੀਨਾਂ ਦਾ ਫੈਸਲਾ ਹੋ ਜਾਵੇ । ਮਗਰ ਸਰਕਾਰ ਨੇ ਢਾਈ ਸਾਲ ਤੋਂ ਬਾਅਦ ਇਸ ਪਾਸੇ ਧਿਆਨ ਦਿੱਤਾ ਹੈ । ਹਰੀਜਨ ਦੇ ਪਾਸ ਦੋ ਪੇਸ਼ੇ ਸਨ, ਇਕ ਕਪੜਾ ਬੁਣਨ ਦਾ, ਜਿਹੜਾ ਕਿ ਖਾਦੀ ਭੰਡਾਰ ਨੇ ਸੰਭਾਲ ਲਿਆ ਅਤੇ ਹਰੀਜਨਾਂ ਦਾ ਬੁਣਿਆ ਹੋਇਆ ਕਪੜਾ ਲੋਕੀ ਨਹੀਂ ਲੈਂਦੇ । ਦੂਜਾ ਪੇਸ਼ਾ ਸੀ, ਜੁੱਤੀਆਂ ਬਣਾਉਣ ਦਾ ਅਤੇ ਜੁੱਤੀਆਂ ਬਣਾਉਣ ਦਾ ਕੰਮ ਬਹੁਤ ਹੱਦ ਤਕ ਘੱਟ ਗਿਆ, ਕਿਉਂਕਿ ਪਿੰਡ ਪਿੰਡ ਵਿਚ ਲੋਕ ਬੂਟ ਪਾਉਣ ਲਗ ਪਏ ਅਤੇ ਜੁੱਤੀਆਂ ਨੂੰ ਪਸੰਦ ਨਹੀਂ ਕਰਦੇ ।

**ਚੌਧਰੀ ਜਗਤ ਰਾਮ:** ** **

**ਸ਼੍ਰੀ ਡਿਪਟੀ ਸਪੀਕਰ** : ਇਹ ਜੋ ਚੌਧਰੀ ਜਗਤ ਰਾਮ ਜੀ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

**ਸਰਦਾਰ ਹਰਚੰਦ ਸਿੰਘ** : ਹਰੀਜਨ ਕਮਿਊਨਿਟੀ ਸਾਰੀ ਦੀ ਸਾਰੀ ਬੇਕਾਰ ਹੋ ਗਈ ਅਤੇ ਜ਼ਰੂਰਤ ਸੀ ਕਿ ਉਨ੍ਹਾਂ ਨੂੰ ਕੋਈ ਫਾਇਦਾ ਪਹੁੰਚਾਇਆ ਜਾਂਦਾ । ਸਭ ਤੋਂ ਵੱਡਾ ਕੰਮ ਇਹ ਸੀ ਕਿ ਉਨ੍ਹਾਂ ਨੂੰ 5-5 ਜਾਂ 10-10 ਏਕੜ ਜ਼ਮੀਨ ਦੇ ਕੇ ਰੋਜ਼ੀ ਦਾ ਕੰਮ ਤਾਂ ਜ਼ਰੂਰ ਦਿੱਤਾ ਜਾਂਦਾ ।

**ਚੌਧਰੀ ਜਗਤ ਰਾਮ** : **

**Chaudhri Darshan Singh** : Whatever Chaudhri Jagat Ram has said should not form part of the proceedings,

**Mr. Deputy Speaker** : Those words have not been recorded.

---

**Not recorded as ordered by the Chair

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚੰਦ ਸਿੰਘ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਕਿਸ ਵੇਲੇ ਲੈਂਡ ਗਰੈਬ ਕਮੇਟੀ ਨੇ ਜਿਹੜੀ ਮਾਸੂਮ ਰਿਪੋਰਟ ਦਿੱਤੀ ਸੀ ਉਸ ਵਿਚ ਫੈਕਟਸ ਨੂੰ ਸਾਮ੍ਹਣੇ ਲਿਆਂਦਾ ਸੀ ਅਤੇ ਹਿੰਦੁਸਤਾਨ ਦੀਆਂ ਵੱਡੀਆਂ ਤੋਂ ਵੱਡੀਆਂ ਅਖਬਾਰਾਂ ਨੇ, ਦੁਨੀਆਂ ਦੀਆਂ ਪ੍ਰਸਿੱਧ ਅਖਬਾਰਾਂ ਨੇ, ਹਿੰਦੁਸਤਾਨ ਦੇ ਰੇਡਿਓ ਨੇ ਦੋ ਮਹੀਨੇ ਤਕ ਇਸ ਗੱਲ ਦਾ ਚਰਚਾ ਕੀਤਾ ਸੀ ਕਿ ਹਰੀਜਨਾਂ ਵਾਸਤੇ ਰਖੀ ਹੋਈ ਜ਼ਮੀਨ ਹੋਰ ਲੋਕ ਲੈ ਗਏ। ਇਹ ਗੱਲ ਤਾਂ ਮੰਨੀ ਜਾ ਸਕਦੀ ਸੀ ਜੇ ਉਹ ਜ਼ਮੀਨ ਹਰੀਜਨਾਂ ਕੋਲ ਹੁੰਦੀ ਅਤੇ ਇਹ ਸਮਝਿਆ ਜਾ ਸਕਦਾ ਸੀ ਕਿ ਹੈ ਤਾਂ ਹਰੀਜਨਾਂ ਕੋਲ ਕਿਸੇ ਨੇ ਵੱਧ ਲਈ ਜਾਂ ਕਿਸੇ ਨੇ ਘੱਟ ਲਈ, ਇਹ ਗੱਲ ਕੁਝ ਫਿਰ ਵੀ ਹੋਰ ਸੀ। ਪਰ ਜਿਹੜੇ ਗੈਰ ਹਰੀਜਨ ਲੋਕ ਲੈ ਗਏ ਤਾਂ ਹਰੀਜਨਾ ਦਾ ਤਾਂ ਬੜਾ ਨੁਕਸਾਨ ਹੋਇਆ ਕਿਉਂਕਿ ਜੇ ਹਰੀਜਨਾਂ ਕੋਲ ਉਹ ਜ਼ਮੀਨ ਹੁੰਦੀ ਤਾਂ ਉਹ ਅੱਜ ਨੂੰ ਜ਼ਿਮੀਦਾਰ ਬਣੇ ਹੁੰਦੇ ਅਤੇ ਆਪਣੀ ਰੋਜ਼ੀ ਕਮਾਉਂਦੇ। ਇਸ ਕਰਕੇ ਹੀ ਕਮੇਟੀ ਨੇ ਪਿੰਡ ਪਿੰਡ ਵਿਚ ਜਾ ਕੇ ਸਾਰੇ ਹਾਲਾਤ ਵੇਖ ਕੇ ਸਰਕਾਰ ਦੇ ਸਾਮ੍ਹਣੇ ਰਖੇ। ਸਰਕਾਰ ਨੇ ਇਸ ਗੱਲ ਨੂੰ ਮੰਨ ਕੇ ਇਹ ਤਾਂ ਕੀਤਾ ਕਿ ਉਨ੍ਹਾਂ ਨੇ ਆਪਣਾ ਪੋਲੀਟੀਕਲ ਮਤਲਬ ਹੱਲ ਕਰ ਲਿਆ, ਲੇਕਿਨ ਉਸ ਰਿਪੋਰਟ ਦੇ ਮੁਤਾਬਿਕ ਹਰੀਜਨਾਂ ਦਾ ਮਸਲਾ ਹੱਲ ਨਹੀਂ ਹੋ ਸਕਿਆ। ਅੱਜ ਢਾਈ ਸਾਲ ਤੋਂ ਬਾਅਦ ਮੈਂ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ, ਖਾਸ ਕਰਕੇ ਰੈਵੇਨਿਊ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ (ਥੰਪਿੰਗ) ਅਤੇ ਸਾਰੀ ਹਰੀਜਨ ਕਮਿਊਨਿਟੀ ਵਲੋਂ ਵਧਾਈ ਦਿੰਦਾ ਹਾਂ ਕਿ ਜਿਹੜਾ ਇਹ ਬਿੱਲ ਲਿਆਇਆ ਗਿਆ ਹੈ ਇਹ ਇਕ ਚੰਗਾ ਕਦਮ ਹੈ। ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੇ ਸਾਰੀਆਂ ਗੱਲਾ ਦਾ ਜ਼ਿਕਰ ਕਰ ਦਿੱਤਾ ਹੈ ਅਤੇ ਮੈਨੂੰ ਕਹਿਣ ਦੀ ਕੋਈ ਜ਼ਰੂਰਤ ਨਹੀਂ ਰਹੀ। ਕਈ ਉਣਤਾਈਆਂ ਹਨ, ਉਹ ਠੀਕ ਹੋ ਸਕਦੀਆਂ ਹਨ, ਕੋਈ ਕਮੀ ਹੋਵੇਗੀ, ਉਹ ਦਰੁਸਤ ਕੀਤੀ ਜਾ ਸਕਦੀ ਹੈ। ਇਸ ਵਾਸਤੇ ਜੋ ਸਰਕਾਰ ਨੇ, ਰੈਵੈਨਿਊ ਮਨਿਸਟਰ ਸਾਹਿਬ ਨੇ, ਇੰਨੀ ਮਿਹਨਤ ਕੀਤੀ ਹੈ, ਉਸ ਵਾਸਤੇ ਮੈਂ ਵਧਾਈ ਦਿੰਦਾ ਹਾਂ ਅਤੇ ਇਹ ਕਦਮ ਸ਼ਲਾਘਾਯੋਗ ਹਨ ਅਤੇ ਮੈਂ ਆਸ ਰਖਦਾ ਹਾਂ ਕਿ ਜਿਹੜੀਆਂ ਜ਼ਮੀਨਾਂ ਬੇ ਜ਼ਮੀਨੇ ਲੋਕਾਂ ਨੂੰ ਦੇਣੋਂ ਰਹਿ ਗਈਆਂ ਹਨ, ਉਹ ਉਨ੍ਹਾਂ ਨੂੰ ਦਿੱਤੀਆਂ ਜਾਣਗੀਆਂ। ਇਸ ਦੇ ਨਾਲ ਹੀ ਮੈਂ ਇਸ ਬਿੱਲ ਦਾ ਸਮਰਥਨ ਕਰਦਾ ਹਾਂ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀ** (ਫਗਵਾੜਾ, ਐਸ. ਸੀ) : ਡਿਪਟੀ ਸਪੀਕਰ ਸਾਹਿਬ, 1961-62 ਵਿਚ, ਇਸ ਬਿੱਲ ਵਿਚ ਜੋ ਦੱਸਿਆ ਗਿਆ ਹੈ, ਇਕ ਪੈਕੇਜ ਡੀਲ ਹੋਇਆ ਸੀ ਅਤੇ ਜਿਹੜੀ ਮੁਸਲਮਾਨਾਂ ਦੀ ਜ਼ਮੀਨ ਅਲਾਟ ਹੋਣ ਤੋਂ ਬਾਅਦ ਬਾਕੀ ਬਚ ਗਈ ਸੀ ਉਹ ਗੌਰਮਿੰਟ ਆਫ ਇੰਡੀਆ ਨੇ ਪੰਜਾਬ ਸਰਕਾਰ ਨੂੰ ਦੇ ਦਿੱਤੀ ਸੀ ਕਿ ਜੋ ਲੈਂਡਲੈਸ ਲੋਕ, ਗਰੀਬ ਹਰੀਜਨ ਹੋਣ, ਉਨ੍ਹਾਂ ਨੂੰ ਦਿੱਤੀ ਜਾਵੇ। ਇਸੇ ਬਿੱਲ ਵਿਚ, ਤੁਸੀਂ ਡਿਪਟੀ ਸਪੀਕਰ ਸਾਹਿਬ, ਵੇਖਿਆ ਹੋਣਾ ਹੈ ਕਿ ਇਵੈਕੂਈ ਏਰੀਆ ਇੱਕ 68,000 ਏਕੜ ਹੈ, ਜਿਸ ਦੀ ਕੀਮਤ ਪੰਜਾਬ ਸਰਕਾਰ ਨੂੰ 1100 ਰੁਪਏ ਪਰ ਏਕੜ ਦੇਣੀ ਪਈ। ਫਿਰ ਏਰੀਆ ਅੰਡਰ ਆਕੂਪੈਂਸੀ ਰਾਈਟਸ 550 ਹਜ਼ਾਰ ਏਕੜ ਸੀ, ਅਤੇ ਜਿਹੜੀ ਹੋਰ ਜ਼ਮੀਨ ਸੀ 1,29, 600 ਏਕੜ ਸੀ, ਅਤੇ ਟੋਟਲ 2, 81,300 ਏਕੜ ਜ਼ਮੀਨ ਸੀ, ਜਿਸ ਦੀ ਕੀਮਤ 18,18,950 ਰੁਪਏ ਪੰਜਾਬ ਸਰਕਾਰ ਨੇ ਦੇਕੇ ਇਹ ਜ਼ਮੀਨ ਲੈ ਲਈ, ਇਹ ਬੜੀ ਚੰਗੀ ਗੱਲ ਹੋਈ, 1961-62 ਤੋਂ ਬਾਅਦ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ 1969 ਵਿਚ ਮੈਂ ਕਾਂਗਰਸ ਵਿਚ ਆਇਆ, 1964 ਵਿਚ ਮੈਂ ਰਿਪਬਲਿਕਨ ਪਾਰਟੀ ਵਿਚ ਕੰਮ

Original with;
Punjab Vidhan Sabha
Digitized by;
Panjab Digital Library

[ਸ੍ਰੀ ਪਿਆਰਾ ਰਾਮ ਧੰਨੋਵਾਲੀ]

ਕਰਦਾ ਸੀ । ਉਸ ਵੇਲੇ ਇਕ ਬਹੁਤ ਵੱਡਾ ਮੋਰਚਾ ਹਿੰਦੁਸਤਾਨ ਵਿਚ ਲਗਿਆ ਸੀ ਅਤੇ ਰਿਪਬਲਿਕਨ ਪਾਰਟੀ ਨੇ 3 ਲੱਖ ਲੋਕ ਜੇਲ੍ਹ ਵਿਚ ਭੇਜੇ ਸਨ ਅਤੇ ਇਸ ਬਾਰੇ ਇਕੋ ਹੀ ਮੰਗ ਸੀ ਕਿ ਜਿਹੜੀ ਫਾਲਤੂ ਜ਼ਮੀਨ ਹੈ, ਉਹ ਬੇ-ਜ਼ਮੀਨਿਆਂ ਲੋਕਾਂ ਨੂੰ ਦੇ ਦਿੱਤੀ ਜਾਵੇ ਅਤੇ ਹੁਣ ਮੈਂ ਸਮਝਦਾ ਹਾਂ ਕਿ 2,81,000 ਏਕੜ ਜਿਹੜੀ ਜ਼ਮੀਨ ਦੱਸੀ ਹੈ ਇਹ ਜ਼ਮੀਨ ਸੀ ਪੰਜਾਬ ਦੇ ਵਿਚ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਪੁਆਇੰਟ ਆਫ ਆਰਡਰ, ਸਰ ।

**ਸ੍ਰੀ ਡਿਪਟੀ ਸਪੀਕਰ** : ਧੰਨੋਵਾਲੀ ਜੀ, ਤੁਸੀਂ ਕੰਟੀਨਿਊ ਕਰੋ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਬਾਕੀ ਜੋ ਸਰਦਾਰ ਹਰਚੰਦ ਸਿੰਘ ਹੋਰੀਂ ਨੇ ਕਿਹਾ ਕਿ ਜੇ ਉਸ ਵੇਲੇ ਜ਼ਮੀਨ ਦੇ ਦਿੱਤੀ ਜਾਂਦੀ ਤਾਂ ਅੱਜ ਜਿਹੜਾ ਮਸਲਾ ਹੈ, ਉਹ ਮੈਂ ਸਮਝਦਾ ਹਾਂ ਕਿ ਨਾ ਹੁੰਦਾ ਅਤੇ ਹੋਰ ਇਸ ਬਾਰੇ ਝਗੜੇ ਹਨ, ਉਹ ਨਾ ਹੁੰਦੇ । ਚੰਗੀ ਗੱਲ ਹੈ ਕਿ ਸਾਡੀ ਸਰਕਾਰ 1964 ਤੋਂ ਬਾਅਦ ਹੁਣ ਜੋ ਬਿਲ ਲਿਆਈ ਹੈ, ਮੈਂ ਉਸ ਦਾ ਸਮਰਥਨ ਕਰਦਾ ਹਾਂ ਅਤੇ ਵਧਾਈ ਦਿੰਦਾ ਹਾਂ । ਪਰ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਸ ਗੱਲ ਬਾਰੇ ਬੜਾ ਜ਼ਿਕਰ ਆਇਆ ਅਤੇ ਸਰਦਾਰ ਹਰਚੰਦ ਸਿੰਘ ਜੀ ਨੇ ਆਪਣੀ ਕਮੇਟੀ ਬਾਰੇ ਵੀ ਕਿਹਾ, ਕਨੇਡੀਅਨ ਸਾਹਿਬ ਨੇ ਵੀ ਨਾਂ ਲੈਕੇ ਕਿਹਾ ਕਿ ਕੁਝ ਸ਼ਡਿਊਲਡ ਕਾਸਟਸ ਅਫ਼ਸਰ ਵੀ ਜ਼ਮੀਨਾਂ ਲੈ ਗਏ । ਇਕ ਗਲ ਮੈਂ, ਡਿਪਟੀ ਸਪੀਕਰ ਸਾਹਿਬ, ਕਹਿਣੀ ਚਾਹੁੰਦਾ ਹਾਂ ਕਿ 2,81,000 ਏਕੜ ਜ਼ਮੀਨ ਹੈ । 5-10 ਹਰੀਜਨ ਅਫਸਰ ਵੀ ਜੇ ਕੁਝ ਜ਼ਮੀਨ ਤੇ ਕਾਬਜ਼ ਹੋਣਗੇ ਤਾਂ ਨਜ਼ਲਾ ਉਨ੍ਹਾਂ ਤੇ ਹੀ ਪਿਆ ਹੈ, ਹੋਰ ਕਿਸੇ ਤੇ ਭਾਵੇਂ ਘਟ ਹੀ ਪਿਆ ਹੋਵੇ । ਮੈਂ ਉਨ੍ਹਾਂ ਦੀ ਕੋਈ ਹਿਮਾਇਤ ਨਹੀਂ ਕਰਦਾ । ਪਰ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਕ ਹਰੀਜਨ ਅਫਸਰ ਕੋਲ 205 ਏਕੜ ਵੀ ਜ਼ਮੀਨ ਹੋਵੇ ਤਾਂ ਜੇ 10 ਹੋਣ ਤਾਂ 2000 ਏਕੜ ਜ਼ਮੀਨ ਬਣੀ । ਲੇਕਿਨ ਬਾਕੀ ਦੀ ਤਾਂ ਬਹੁਤ ਸਾਰੀ ਜ਼ਮੀਨ ਹੈ ਉਹ ਹਰੀਜਨਾਂ ਨੂੰ ਵੰਡ ਦਿੱਤੀ ਜਾਵੇ । ਇਸ ਤਰ੍ਹਾਂ ਨਾ ਹੋਵੇ ਕਿ ਜੇ ਕੋਈ ਹਰੀਜਨ ਅਫਸਰ ਹੈ ਤਾਂ ਉਹ ਰਗੜਾ ਹੀ ਖਾਈ ਜਾਵੇ ਅਤੇ ਬਾਕੀ ਦੇ ਇਸੇ ਤਰ੍ਹਾਂ ਹੀ ਫਿਰਦੇ ਰਹਿਣ । ਇਸ ਗੱਲ ਦਾ ਵੀ ਧਿਆਨ ਰਖਣਾ ਚਾਹੀਦਾ ਹੈ ਅਤੇ ਸਭ ਨਾਲ ਇਕੋ ਜਿਹਾ ਵਰਤਾਓ ਚਾਹੀਦਾ ਹੈ । ਮੈਂ ਐਨਾਂ ਹੀ ਕਹਿ ਕੇ ਬੈਠਦਾ ਹਾਂ ਅਤੇ ਬਿਲ ਦੀ ਹਮਾਇਤ ਕਰਦਾ ਹਾਂ ।

**ਕਾਮਰੇਡ ਮਹਿਤਾਬ ਸਿੰਘ ਨੌਕੋਰੀਆਂ** (ਜਲਾਲਾਬਾਦ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਪੇਸ਼ ਹੋਇਆ ਹੈ, ਇਹ ਬੜਾ ਅੱਛਾ ਬਿਲ ਹੈ । ਮੈਂ ਇਸ ਦੀ ਸ਼ਲਾਘਾ ਕਰਦਾ ਹਾਂ । ਲੇਕਿਨ ਮੈਂ ਇਕ ਅਰਜ਼ ਕਰਾਂ ਕਿ ਜਿਹੜੀ ਨਾਕਸ ਜ਼ਮੀਨ ਹਰੀਜਨਾਂ ਅਤੇ ਗਰੀਬ ਬੇਜ਼ਮੀਨਿਆਂ ਨੂੰ, ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਦੇ ਕਹਿਣ ਤੇ, ਬਾਹਰਾਰ ਦੇ ਏਰੀਏ ਤੇ ਦਿੱਤੀ ਸੀ ਉਹ ਉਨ੍ਹਾਂ ਲੋਕਾਂ ਨੇ ਬਹੁਤ ਕੜੀ ਮਿਹਨਤ ਕਰਕੇ ਉਸ ਬੰਜਰ ਜ਼ਮੀਨ ਨੂੰ ਤੋੜਿਆ ਅਤੇ ਉਸ ਜ਼ਮੀਨ ਨੂੰ ਕਾਬਲੇਕਾਸ਼ਤ ਬਣਾਇਆ ਅਤੇ ਉਸ ਜ਼ਮੀਨ ਤੋਂ ਹੁਣ ਕੁਝ ਆਮਦਨ ਹੋਣ ਲਗੀ ਹੈ । ਹੁਣ ਜਦੋਂ ਉਹ ਜ਼ਮੀਨ ਕਾਬਲੇਕਾਸ਼ਤ ਹੋ ਗਈ ਹੈ ਤਾਂ ਕੁਝ ਤਾਕਤਵਰ ਲੋਕ ਕਬਜ਼ਾ ਕਰ ਰਹੇ ਹਨ ਅਤੇ 4-4,5-5 ਸੌ ਏਕੜ ਜ਼ਮੀਨ ਇਕ ਇਕ ਆਦਮੀ ਮੱਲੀ ਬੈਠਾ ਹੈ। ਅਸੀਂ ਕਹਿੰਦੇ ਹਾਂ ਕਿ ਇਹ ਜ਼ਮੀਨ ਉਨ੍ਹਾਂ ਹਰੀਜਨਾਂ ਅਤੇ ਗਰੀਬ ਬੇਜ਼ਮੀਨਿਆਂ ਨੂੰ ਲਾਟਰੀ

Original with;
Punjab Vidhan Sabha
Digitized by;
Panjab Digital Library

ਸਿਸਟਮ ਤੇ ਦਿੱਤੀ ਜਾਵੇ । ਡਿਪਟੀ ਸਪੀਕਰ ਸਾਹਿਬ, ਬੜੇ ਦੁਖ ਦੀ ਗਲ ਹੈ ਕਿ ਅੱਜ ਜਦੋਂ ਗਰੀਬ ਨੂੰ ਗਰੀਬ ਨਾਲ ਜੋੜਨਾ ਸੀ ਤਾਂ ਅੱਜ ਗਰੀਬ ਨੂੰ ਗਰੀਬ ਨਾਲ ਪਾੜਾ ਪਾਇਆ ਜਾ ਰਿਹਾ ਹੈ । ਜਿਨ੍ਹਾਂ ਹਰੀਜਨਾਂ ਅਤੇ ਗਰੀਬਾਂ ਨੇ ਉਨ੍ਹਾਂ ਜ਼ਮੀਨਾਂ ਨੂੰ ਕੜੀ ਮਿਹਨਤ ਕਰਕੇ ਵਾਹੀ ਯੋਗ ਬਣਾਇਆ ਸੀ, ਉਹ ਤਾਕਤਵਰ ਲੋਕ ਆਪਣੇ ਨਾਮ ਕਰਵਾ ਰਹੇ ਹਨ । ਇਹ ਉਨ੍ਹਾਂ ਹਰੀਜਨਾਂ ਅਤੇ ਗਰੀਬ ਲੋਕਾਂ ਨਾਲ ਬਹੁਤ ਧੱਕਾ ਹੈ । ਇਸ ਲਈ ਅਸੀਂ ਕਹਿੰਦੇ ਹਾਂ ਕਿ ਇਹ ਜਿਹੜੀ ਜ਼ਮੀਨ ਨਾਕਸ ਪਈ ਸੀ ਅਤੇ ਹੁਣ ਇਸ ਨੂੰ ਵਾਹੀਯੋਗ ਬਣਾਇਆ ਗਿਆ ਹੈ, ਇਸ ਦਾ ਛੇਤੀ ਹੀ ਨਿਪਟਾਰਾ ਕਰ ਦਿਤੁ । ਇਹ ਜ਼ਮੀਨ ਉਨ੍ਹਾਂ ਗਰੀਬਾਂ ਨੂੰ ਮਿਲਣੀ ਚਾਹੀਦੀ ਹੈ ਜਿਨ੍ਹਾਂ ਨੇ ਇਸ ਤੇ ਮਿਹਨਤ ਕੀਤੀ ਹੈ । (ਘੰਟੀ) ਇਸ ਲਈ ਹੁਣ ਜੋ ਇਹ ਸਰਕਾਰ ਬਿੱਲ ਲੈ ਆਈ ਹੈ, ਇਹ ਬੜੀ ਚੰਗੀ ਗਲ ਹੈ ਅਤੇ ਅਸੀਂ ਇਸ ਦੀ ਸ਼ਲਾਘਾ ਕਰਦੇ ਹਾਂ । ਇਸ ਦੇ ਨਾਲ ਹੀ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਜਿਹੜੀ ਫਾਲਤੂ ਜ਼ਮੀਨ ਹੈ ਜੇ ਇਹ ਜ਼ਿਮੀਦਾਰਾਂ ਨੂੰ ਦੇਣੀ ਹੈ ਤਾਂ ਇਹ ਜ਼ਮੀਨ ਵੇਚ ਕੇ ਜਿਹੜਾ ਇਸ ਦਾ ਪੈਸਾ ਹੈ ਉਹ ਹਰੀਜਨ ਕਲਿਆਣ ਫੰਡ ਵਿਚ ਜਮ੍ਹਾਂ ਹੋਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਚੌਧਰੀ ਸੁੰਦਰ ਸਿੰਘ** (ਨਰੋਏ ਮਹਿਤਾ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਉਮਰਾਓ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਇਹ ਬਿੱਲ ਲਿਆਂਦਾ ਹੈ । ਮੈਂ ਇਹ ਦਸਣਾ ਚਾਹੁੰਦਾ ਹਾਂ ਕਿ 8 ਅਪ੍ਰੈਲ, 1964 ਨੂੰ ਇਹ ਫੈਸਲਾ ਕੀਤਾ ਗਿਆ ਸੀ ਕਿ ਜਿੰਨੀ ਵੀ ਰੈਵੇਨਿਊ ਲੈਂਡ ਹੈ ਇਹ ਹਰੀਜਨਾਂ ਨੂੰ ਦਿੱਤੀ ਜਾਵੇ ਅਤੇ ਇਸੇ ਤਰ੍ਹਾਂ ਦੀ ਹੋਰ ਵੀ ਜਿਹੜੀ ਨਾਕਸ ਜ਼ਮੀਨ ਹੈ ਉਹ ਵੀ ਹਰੀਜਨਾਂ ਦੇ ਨਾਮ ਤੇ ਕੀਤੀ ਜਾਵੇ ਅਤੇ ਜਿਹੜੀ ਜ਼ਮੀਨ ਵੇਚੀ ਜਾਵੇ ਉਸ ਦਾ ਪੈਸਾ ਹਰੀਜਨ ਕਲਿਆਣ ਫੰਡ ਵਿਚ ਪਾ ਦਿੱਤਾ ਜਾਵੇ । ਪਰ ਇਸ ਤੋਂ ਬਾਅਦ ਹੋਰ ਗੌਰਮਿੰਟਾਂ ਆਈਆਂ, ਉਨ੍ਹਾਂ ਨੇ ਇਸ ਵਿੱਚ ਇਹ ਵੀ ਫੈਸਲਾ ਕੀਤਾ ਕਿ ਇਹ ਜ਼ਮੀਨ ਮਿਲਟਰੀ ਐਕਸ-ਸਰਵਿਸਮੈਨ ਨੂੰ ਵੀ ਦਿੱਤੀ ਜਾਵੇ । ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਤੋਂ ਬਾਅਦ ਜਿਹੜੀਆਂ ਹੋਰ ਸਰਕਾਰਾਂ ਆਈਆਂ ਇਹ ਉਨ੍ਹਾਂ ਦੇ ਵੇਲੇ ਹੀ ਹੇਰਾਫੇਰੀਆਂ ਹੋਈਆਂ । ਅਸੀਂ ਇਹ ਜ਼ਮੀਨਾਂ ਹਰੀਜਨਾਂ ਨੂੰ ਦੇਣ ਵਾਸਤੇ ਕਾਫ਼ੀ ਲੜਦੇ ਰਹੇ । ਕਰਤਾਰੀ ਦੇਵੀ ਨੇ ਇਸ ਵਾਸਤੇ ਭੁੱਖ ਹੜਤਾਲ ਵੀ ਕੀਤੀ ਸੀ । ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਇਹ ਫੈਸਲਾ ਕੀਤਾ ਸੀ ਕਿ ਇਹ ਜ਼ਮੀਨ ਹਰੀਜਨਾਂ ਨੂੰ ਹੀ ਦਿੱਤੀ ਜਾਵੇਗੀ । ਉਸ ਨੇ ਇਸ ਵਿਚ ਐਕਸ-ਸਰਵਿਸਮੈਨ ਇਨਕਲੂਡ ਨਹੀਂ ਕੀਤੇ ਸਨ । ਪਰ ਪ੍ਰਤਾਪ ਸਿੰਘ ਕੈਰੋਂ ਤੋਂ ਬਾਅਦ ਜਿਹੜੀਆਂ ਸਰਕਾਰਾਂ ਆਈਆਂ ਉਨ੍ਹਾਂ ਨੇ ਇਸ ਦਾ ਫੈਸਲਾ ਕੀਤਾ ਕਿ ਐਕਸ-ਸਰਵਿਸਮੈਨ ਨੂੰ ਵੀ ਜ਼ਮੀਨ ਦਿੱਤੀ ਜਾਵੇ । ਪਰ ਹੁਣ ਇਸ ਸਰਕਾਰ ਨੇ ਜਿਹੜਾ ਇਹ ਬਿਲ ਲਿਆਂਦਾ ਹੈ, ਇਹ ਬੜਾ ਅੱਛਾ ਬਿਲ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਸਿਰਫ਼ ਹਰੀਜਨਾਂ ਨੂੰ ਹੀ ਦੇਣੀ ਚਾਹੀਦੀ ਹੈ ਅਤੇ ਜੇ ਕੋਈ ਐਸੀ ਜ਼ਮੀਨ ਹੋਰ ਕਿਸੇ ਨੂੰ ਵੇਚਣੀ ਵੀ ਹੈ ਤਾਂ ਉਹ ਪੈਸਾ ਹਰੀਜਨ ਕਲਿਆਣ ਫੰਡ ਵਿਚ ਜਮ੍ਹਾਂ ਕਰਨਾ ਚਾਹੀਦਾ ਹੈ (ਘੰਟੀ) ਮੈਂ ਤਾਂ ਸਿਰਫ਼ ਐਨਾ ਹੀ ਕਹਿਣਾ ਚਾਹੁੰਦਾ ਹਾਂ ਬਾਕੀ ਤੁਹਾਡੀ ਮਰਜ਼ੀ ।

**Mr. Deputy Speaker** : Question is—

That the Punjab Package Deal Properties (Disposal) Bill be passed.

*The motion was carried.*

Original with;
Punjab Vidhan Sabha
Digitized by;
Panjab Digital Library

## CONSIDERATION OF THE STATEMENT MADE BY THE MINISTER OF STATE FOR HEALTH AND FAMILY PLANNING REGARDING CERTAIN MEASURES FOR FAMILY PLANNING

**Chaudhri Darshan Singh** : Sir, I beg to move—

> That the statement made by the Minister of State for Health and Family Planning regarding certain measures for family planning be taken into consideration.

**Mr. Deputy Speaker** : Motion moved—

> That the statement made by the Minister of State for Health and Family Planning regarding certain measures for family planning be taken into consideration.

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਦੇਸ਼ ਵਿਚ ਜਿੰਨਾ ਚਿਰ ਅਬਾਦੀ ਤੇ ਕੰਟਰੋਲ ਨਹੀਂ ਕੀਤਾ ਜਾਂਦਾ, ਐਨੇ ਤਕ ਦੇਸ਼ ਵਿਚ ਚਾਹੇ ਜਿੰਨੀਆਂ ਵੀ ਪੰਜ ਸਾਲਾ ਯੋਜਨਾਂ ਬਣਾ ਲਵੋ, ਜਾਂ ਹੋਰ ਸਕੀਮਾਂ ਚਲਾ ਲਵੋ ਜਾਂ ਕਿੰਨੀ ਵੀ ਪਰੋਡਕਸ਼ਨ ਹੋ ਜਾਵੇ ਪਰ ਇਹ ਪਰੋਡਕਸ਼ਨ ਵਧਦੀ ਹੋਈ ਅਬਾਦੀ ਨਾਲ ਮੀਟ ਨਹੀਂ ਕਰ ਸਕਦੀ। ਡਿਪਟੀ ਸਪੀਕਰ ਸਾਹਿਬ, ਅਜ਼ਾਦੀ ਤੋਂ ਬਾਅਦ ਜਦੋਂ 1951 ਵਿਚ ਮਰਦਮਸ਼ੁਮਾਰੀ ਹੋਈ ਤਾਂ ਉਸ ਵੇਲੇ ਸਾਡੇ ਦੇਸ਼ ਦੀ ਅਬਾਦੀ 38 ਕਰੋੜ ਸੀ, ਪਰ ਫਿਰ 1971 ਵਿਚ ਜਦੋਂ ਮਰਦਮਸ਼ੁਮਾਰੀ ਕੀਤੀ ਗਈ ਤਾਂ ਇਹ ਅਬਾਦੀ 58 ਕਰੋੜ ਦੀ ਹੋ ਗਈ। 20 ਕਰੋੜ ਦੀ ਅਬਾਦੀ 20 ਸਾਲਾਂ ਵਿਚ ਵੱਧ ਗਈ। ਇਸ ਦਾ ਮਤਲਬ ਇਹ ਕਿ ਹਰ ਸਾਲ ਇਕ ਕਰੋੜ ਦੀ ਅਬਾਦੀ ਵੱਧੀ। ਇਸੇ ਤਰ੍ਹਾਂ ਜੇ ਹਰ ਸਾਲ ਅਬਾਦੀ ਵਧਦੀ ਜਾਵੇ ਤਾਂ ਚਾਹੇ ਅਸੀਂ ਦੇਸ਼ ਵਿਚ ਕਿੰਨੀ ਵੀ ਪਰੋਡਕਸ਼ਨ ਵਧਾ ਲਈਏ ਪਰ ਅਸੀਂ ਇਸ ਵਧਦੀ ਹੋਈ ਅਬਾਦੀ ਦੀ ਮੰਗ ਪੂਰੀ ਨਹੀਂ ਕਰ ਸਕਾਂਗੇ।

ਡਿਪਟੀ ਸਪੀਕਰ ਸਾਹਿਬ, ਸਾਡੇ ਮੁਲਕ ਦੀ ਡੈਨਸਿਟੀ ਆਫ਼ ਪਾਪੂਲੇਸ਼ਨ ਦੁਨੀਆ ਦੇ ਹੋਰ ਸਾਰੇ ਮੁਲਕਾਂ ਨਾਲੋਂ ਜ਼ਿਆਦਾ ਹੈ। ਚਾਇਨਾਂ ਵਿਚ ਪਰ ਕਿੱਲੋ ਮੀਟਰ ਪਿਛੇ 12 ਆਦਮੀ ਬਣਦੇ ਹਨ ਅਤੇ ਰਸ਼ੀਆ ਵਿਚ 11 ਆਦਮੀ ਪਰ ਸਾਡੇ ਹਿੰਦੁਸਤਾਨ ਵਿਚ 178 ਆਦਮੀ ਪਰ ਕਿਲੋ ਮੀਟਰ ਵਿਚ ਆਉਂਦੇ ਹਨ। ਇਸ ਤਰ੍ਹਾਂ ਇਹ ਜਿਹੜੀ ਤਾਦਾਦ ਹੈ ਇਹ ਵਧਦੀ ਹੀ ਜਾ ਰਹੀ ਹੈ। ਪਰ ਜੇ ਕਨੇਡਾ ਵਲ ਵੇਖੀਏ ਤਾਂ ਉਥੇ ਕੀ ਹੈ ਉਥੇ ਪਾਪੂਲੇਸ਼ਨ ਹਰ ਸਾਲ ਘੱਟਦੀ ਹੈ। ਮਸਲਨ ਕਨੇਡਾ ਵਿਚ ਸਾਡੇ ਲੋਕ ਜਾਂਦੇ ਹਨ ਅਤੇ 10 ਹਜ਼ਾਰ ਦੀ ਸਲਾਨਾ ਕਮੀ ਪੂਰੀ ਕਰਦੇ ਹਨ। ਇਸ ਲਈ ਜੇ ਇਸ ਵਧਦੀ ਹੋਈ ਤਦਾਦ ਨੂੰ ਰੋਕਿਆ ਨਾ ਗਿਆ ਤਾਂ ਸਾਡੀ ਜਿਹੜੀਆਂ ਪਲਾਨਜ਼ ਹਨ, ਇਹ ਪੂਰੀਆਂ ਨਹੀਂ ਹੋ ਸਕਣਗੀਆਂ। ਡਿਪਟੀ ਸਪੀਕਰ ਸਾਹਿਬ, ਅਬਾਦੀ ਵਧਣ ਦਾ ਇਕ ਕਾਰਨ ਇਹ ਵੀ ਹੈ ਕਿ ਸਾਡਾ ਮੁਲਕ ਰਿਲੀਜਿਅਸ ਦੇਸ਼ ਹੈ ਇਹ ਵੋਂਬ ਵਿਚ ਆਏ ਹੋਏ ਬੱਚੇ ਨੂੰ ਖਤਮ ਨਹੀਂ ਕਰਨਾ ਚਾਹੁੰਦੇ। ਲੇਕਿਨ ਜੇਕਰ ਵੇਖਿਆ ਜਾਵੇ ਤਾਂ ਪੇਟ ਦੇ ਬੱਚੇ ਨੂੰ ਇਸ ਲਈ ਹੀ ਖ਼ਤਮ ਕੀਤਾ ਜਾਂਦਾ ਹੈ ਤਾਕਿ ਜਿਹੜਾ ਆਲਰੈਡੀ ਬਚਾ ਪੈਦਾ ਹੋ ਚੁੱਕਾ ਹੈ ਉਸ ਦੇ ਮੂੰਹ ਵਿਚ ਰੋਟੀ ਪਾਈ ਜਾ ਸਕੇ, ਵਰਨਾ ਦੋਨੋਂ ਬੱਚੇ ਭੁੱਖੇ ਮਰ ਜਾਣਗੇ।

Original with;
Punjab Vidhan Sabha
Digitized by;
Panjab Digital Library

ਸਾਡੀ ਆਬਾਦੀ ਵੱਧੀ ਜਾ ਰਹੀ ਹੈ । ਮੌਤ ਦੀ ਤਾਦਾਦ ਘਟਦੀ ਹੈ । ਹੋਣ ਵਾਲੀ ਡੈਥ ਨੂੰ ਰੋਕਣ ਨਾਲ ਰੇਟ ਆਫ ਡੈਥ ਘੱਟ ਗਿਆ ਹੈ । ਸਾਨੂੰ ਮਾਡਰਨ ਮੈਥਡਜ਼ ਅਡਾਪਟ ਕਰਨੇ ਚਾਹੀਦੇ ਹਨ । ਅੱਜ 60 ਕਰੋੜ ਦੀ ਆਬਾਦੀ ਹੈ । ਅਗੇ ਸੀ ਬਾਈ ਪਰਸੂਏਸ਼ਨ । ਅਗੇ ਅਸੀਂ ਬਾਈ ਪਰਸੂਏਸ਼ਨ ਆਬਾਦੀ ਨੂੰ ਰੋਕਦੇ ਰਹੇ ਹਾਂ । ਅਨਐਜੂਕੇਟਿਡ ਤਬਕਾ ਜਿਹੜਾ ਹੈ, ਉਹ ਪੈਦਾਵਾਰ ਵੱਧ ਕਰਦਾ ਹੈ ਔਰ ਐਜੂਕੇਟਿਡ ਘੱਟ ਕਰਦਾ ਹੈ । ਅਗੇ ਅਸੀਂ ਬਾਈ ਪਰਸੂਏਸ਼ਨ ਕਰਦੇ ਰਹੇ ਹਾਂ । ਲੇਕਿਨ ਜਿਤਨੇ ਚਿਰ ਤਕ ਮਜ਼ਬੂਰੀ ਨਹੀਂ ਹੋਵੇਗੀ ਉਤਨੇ ਚਿਰ ਤਕ ਆਬਾਦੀ ਉਤੇ ਕੰਟ੍ਰੋਲ ਕਰਨਾ ਮੁਸ਼ਕਲ ਹੋ ਜਾਂਦਾ ਹੈ । ਆਲ ਇੰਡੀਆ ਕਾਨਫਰੰਸ ਵਿਚ ਵਿਚਾਰ ਹੋਇਆ । ਆਫਟਰ ਇੰਡੀਪੈਂਡੈਂਸ ਇਹ ਫੈਸਲਾ ਕੀਤਾ ਗਿਆ ਕਿ ਆਬਾਦੀ ਨੂੰ ਕੰਟ੍ਰੋਲ ਕਰਨਾ ਚਾਹੀਦਾ ਹੈ । ਪਰ ਪਹਿਲਾਂ ਇਹ ਬਾਈ ਪਰਸੂਏਸ਼ਨ ਸੀ । ਹੋ ਸਕਦਾ ਹੈ ਕਿ ਬਹੁਤ ਸਾਰੇ ਉਪ੍ਰੇਸ਼ਨ ਕੀਤੇ ਹੋਣ, ਥੋੜਾ ਬਹੁਤ ਅਸਰ ਵੀ ਹੋਇਆ ਹੋਵੇਗਾ, ਲੇਕਿਨ ਇਸ ਵਿਚ ਐਲੀਮੈਂਟ ਆਫ ਕੰਪਲਸ਼ਨ ਜ਼ਰੂਰ ਹੋਣਾ ਚਾਹੀਦਾ ਹੈ । ਉਹ ਕਿਸ ਤਰ੍ਹਾਂ ਹੋ ਸਕਦਾ ਹੈ । ਕਨਸੈਸ਼ਨਜ਼ ਜਿਹੜੇ ਗੌਰਮਿੰਟ ਇੰਪਲਾਈਜ਼ ਨੂੰ ਦਿੱਤੇ ਹਨ ਉਨ੍ਹਾਂ ਨੂੰ ਵਿਦਡਰਾਅ ਕਰੋ । ਹਰੀਜ਼ਨ ਪੇਅਰੈਂਟਸ ਹਨ ਉਨ੍ਹਾਂ ਤੋਂ ਦੋ ਬਚਿਆਂ ਤੋਂ ਬਾਅਦ ਦਾ ਕਨਸੇਸ਼ਨ ਵਿਦਡਰਾਅ ਕਰੋ । ਇਸ ਤਰ੍ਹਾਂ ਨਾਲ ਕੰਪਲਸ਼ਨ ਇਸ ਵਿਚ ਇਨਟਰੋਡਿਊਸ ਕਰਨੀ ਚਾਹੀਦੀ ਹੈ । ਹੋਰ ਵੀ ਜੋ ਕੁਝ ਇਸ ਤਰ੍ਹਾਂ ਨਾਲ ਕਰਨਾ ਜ਼ਰੂਰੀ ਹੋਵੇ, ਉਹ ਕਰਨਾ ਚਾਹੀਦਾ ਹੈ । ਪੱਛੜਿਆ ਅੰਗ ਜਿਹੜਾ ਹੈ ਉਹ ਹੀ ਪੈਦਾਵਾਰ ਬੱਚਿਆਂ ਦੀ ਜ਼ਿਆਦਾ ਕਰਦਾ ਹੈ, ਕਿਉਂਕਿ ਉਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ ਹੁੰਦਾ । ਜੇਕਰ ਉਨ੍ਹਾਂ ਨੇ ਵੈਲਫੇਅਰ ਸੁਸਾਇਟੀ ਦੇ ਪੱਧਰ ਤੇ ਆਉਣਾ ਹੈ ਇਹ ਤਾਂ ਹੀ ਆ ਸਕਦੇ ਹਨ ਜੇਕਰ ਬੱਚੇ ਘੱਟ ਹੋਣਗੇ । (ਇਸ ਸਮੇਂ ਚੌਧਰੀ ਜਗਤ ਰਾਮ ਜੀ ਵਲੋਂ ਵਿਘਨ ।) ਸੋ, ਡਿਪਟੀ ਸਪੀਕਰ ਸਾਹਿਬ, ਜੇਕਰ ਪਿਛੜੇ ਅੰਗ ਨੂੰ ਬਰਾਬਰ ਦੇ ਪੱਧਰ ਤੇ ਲਿਆਉਣਾ ਹੈ , ਤਾਂ ਕੁਨਬੇ ਦੇ ਮੈਂਬਰ ਉਤੇ ਕੰਟ੍ਰੋਲ ਕਰਨਾ ਪਵੇਗਾ । ਅੱਠ ਜੀਅ ਪੈਦਾ ਕਰਨ ਤੋਂ ਬਾਅਦ ਉਹ ਕਦੇ ਵੀ ਕੁਨਬਾ ਉਚਾ ਨਹੀਂ ਉਠ ਸਕਦਾ, ਉਹ ਤਾਂ ਅੱਠ ਮੈਂਬਰਾਂ ਨੂੰ ਰੋਟੀ ਹੀ ਨਹੀਂ ਖੁਆ ਸਕੇਗਾ । ਇਸ ਲਈ ਮੈਂ ਪਛੜੇ ਅੰਗ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਆਪਣੇ ਪ੍ਰਵਾਰ ਤੇ ਕੰਟ੍ਰੋਲ ਕਰਨ

**ਕਾਮਰੇਡ ਸੱਤ ਪਾਲ ਡਾਂਗ**(ਅੰਮ੍ਰਿਤਸਰ, ਪੱਛਮ) : ਡਿਪਟੀ ਸਪੀਕਰ ਸਾਹਿਬ, ਜਿਹੜਾ, ਬਿਆਨ ਸਿਹਤ ਮੰਤਰੀ ਜੀ ਨੇ ਦਿੱਤਾ ਹੈ, ਔਰ ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਤਕਰੀਰ ਕੀਤੀ ਹੈ, ਮੈਂ ਤਿੰਨ ਚਾਰ ਗਲਾਂ ਇਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਸਾਡੇ ਦੇਸ਼ ਵਿਚ ਪੈਦਾਇਸ਼ ਦੀ ਰਫਤਾਰ ਤਿਖੀ ਹੈ, ਮੈਂ ਸਹਿਮਤ ਹਾਂ । ਲੇਕਿਨ ਮੈਂ ਇਸ ਗਲ ਦੇ ਖਿਲਾਫ ਹਾਂ ਜਿਹੜੀ ਚੌਧਰੀ ਦਰਸ਼ਨ ਸਿੰਘ ਜੀ ਨੇ ਕਹੀ ਹੈ ਕਿ ਐਲੀਮੈਂਟ ਆਫ ਕੰਪਲਸ਼ਨ ਹੋਣਾ ਚਾਹੀਦਾ ਹੈ । ਮੈਂ ਛੋਟੀ ਮੋਟੀ ਗੱਲ ਵਿਚ ਨਹੀਂ ਜਾਣਾ ਚਾਹੁੰਦਾ । ਜਿਸ ਦੇ ਦੋ ਬੱਚੇ ਹਨ, ਅਗੇ ਵਾਸਤੇ ਬੀਵੀ ਪ੍ਰੈਗਨੈਂਟ ਹੈ, 8 ਮਹੀਨੇ ਹੋ ਗਏ ਹਨ, ਅਬਾਰਸ਼ਨ ਹੋ ਨਹੀਂ ਸਕਦੀ, ਉਸ ਬਾਰੇ ਵੀ ਇਹ ਕਹਿ ਦੇਣਗੇ ਕਿ ਇਕ ਮਹੀਨਾ ਅਗੇ ਗਿਣ ਲਵਾਂਗੇ, ਮੈਂ ਇਸ ਗੱਲ ਵਿਚ ਵੀ ਨਹੀਂ ਜਾਂਦਾ । ਇਹ ਪਾਬੰਦੀ ਸਰਕਾਰੀ ਕਰਮਚਾਰੀਆਂ ਉਪਰ ਲਗਾਈ ਹੈ ਪਰ ਲੈਜਿਸਲੇਟਰਜ਼ ਔਰ ਮਨਿਸਟਰਜ਼ ਉਤੇ ਨਹੀਂ ਲਗਾਈ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਵਿਚ ਵੀ ਨਹੀਂ ਜਾਣਾ ਚਾਹੁੰਦਾ । ਡਿਪਟੀ ਸਪੀਕਰ ਸਾਹਿਬ, ਜਿਤਨੇ ਚਿਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਤਕ ਕਿਸੇ ਬਿਮਾਰੀ ਦੀ ਜੜ੍ਹ ਨਾ ਲੱਭੀਏ, ਉਸ ਬਿਮਾਰੀ ਦਾ ਇਲਾਜ ਨਹੀਂ ਹੁੰਦਾ । ਚੌਧਰੀ ਦਰਸ਼ਨ ਸਿੰਘ ਜੀ ਨੇ ਬਿਲਕੁਲ ਠੀਕ ਕਿਹਾ ਹੈ ਕਿ ਦੁਨੀਆਂ ਦੇ ਕਈ ਦੇਸ਼ਾਂ ਨੂੰ ਇਹ ਫਿਕਰ ਹੈ ਕਿ ਉਨ੍ਹਾਂ ਦੀ ਅਬਾਦੀ ਦਾ ਜ਼ੀਰੋ ਤੋਂ ਰੇਟ ਘਟਣਾ ਨਾ ਸ਼ੁਰੂ ਹੋ ਜਾਵੇ । ਮੈਨੂੰ ਡੇਢ ਸਾਲ ਹੋਇਆ ਬਲਗੇਰੀਆ ਜਾਣ ਦਾ ਮੌਕਾ ਮਿਲਿਆ । ਪਹਿਲਾ ਉਨ੍ਹਾਂ ਦੀ ਆਬਾਦੀ ਇਸ ਤਰ੍ਹਾਂ ਹੁੰਦੀ ਸੀ ਕਿ ਇੱਕ ਇੱਕ ਦੇ ਅੱਠ ਅੱਠ, ਦਸ ਦਸ ਬੱਚੇ ਹੁੰਦੇ ਸਨ । ਫਿਰ ਰੈਵੋਲਿਊਸ਼ਨ ਆਇਆ, ਜਾਗੀਰਦਾਰੀ ਖਤਮ ਹੋਈ, ਅਨਪੜ੍ਹਤਾ ਖਤਮ ਹੋਈ, ਔਰਤਾਂ ਨੂੰ ਬਰਾਬਰੀ ਦਿੱਤੀ ਗਈ, ਕਈ ਔਰਤਾਂ ਸਨੱਅਤਾਂ ਵਿਚ ਅਤੇ ਕਈ ਹੋਰ ਕਾਰੋਬਾਰ ਕਰਨ ਲਗ ਗਈਆਂ । ਉਥੇ ੮੦/90 % ਲੋਕ ਪੜ੍ਹ ਲਿਖ ਗਏ । ਹੁਣ ਸਰਕਾਰ ਨੇ ਕਦੇ ਵੀ ਪਰਸੂਏਸ਼ਨ ਨਹੀਂ ਕੀਤੀ ਕਿ ਬੱਚੇ ਘੱਟ ਪੈਦਾ ਕਰੋ । ਹੁਣ ਸਰਕਾਰ ਪਤਾ ਕੀ ਕਰਦੀ ਹੈ ? ਉਥੇ ਪਹਿਲਾ ਬੱਚਾ ਪੈਦਾ ਕਰੇ, ਪੰਜ ਮਹੀਨੇ ਦੀ ਔਰਤ ਨੂੰ ਤਨਖਾਹ, ਦੂਜਾ ਬੱਚਾ ਪੈਦਾ ਕਰੇ, ਛੇ ਮਹੀਨੇ ਦੀ ਅਤੇ ਤੀਜਾ ਪੈਦਾ ਕਰੇ ਤਾਂ 9 ਮਹੀਨੇ ਦੀ ਤਨਖਾਹ ਦਿੰਦੀ ਹੈ । ਉਹ ਤਾਂ ਪਰਚਾਰ ਕਰਦੇ ਹਨ ਕਿ ਪੈਦਾਇਸ਼ ਦੀ ਰਫਤਾਰ ਜ਼ਿਆਦਾ ਹੋਵੇ ਪਰ ਲੋਕ ਆਪ ਹੀ ਘੱਟ ਕਰਦੇ ਹਨ । ਜਦੋਂ ਦੀ ਦੇਸ਼ ਵਿਚੋਂ ਗਰੀਬੀ ਕੱਢੀ, ਅਨਪੜ੍ਹਤਾ ਕੱਢੀ ਔਰਤ ਨੂੰ ਬਰਾਬਰੀ ਦਾ ਹੱਕ ਦਿੱਤਾ, ਪੈਦਾਇਸ਼ ਦੀ ਰਫਤਾਰ ਘੱਟੀ । ਹੁਣ ਸਰਕਾਰ ਨੂੰ ਇਹ ਫਿਕਰ ਹੋ ਗਿਆ ਹੈ ਕਿ ਕਿਧਰੇ ਰਫਤਾਰ ਨੈਗੇਟਿਵ ਨਾ ਹੋ ਜਾਵੇ । ਇਸ ਲਈ ਇਨਸੈਂਟਿਵ ਦਿੱਤਾ ਜਾਵੇ । ਚੌਧਰੀ ਸਾਹਿਬ ਨੇ ਕਨੇਡਾ ਦਾ ਨਾਮ ਲਿਆ ਹੈ । ਡਿਪਟੀ ਸਪੀਕਰ ਸਾਹਿਬ, ਉਥੇ ਵੀ ਇਹ ਹੀ ਗੱਲ ਹੈ ਕਿ ਔਰਤ ਦੀ ਬਰਾਬਰੀ ਹੈ, ਅਨਪੜ੍ਹਤਾ ਨਹੀਂ ਰਹੀ, ਕੰਮਾਂ ਵਿਚ ਔਰਤਾਂ ਆ ਗਈਆਂ, ਉਥੇ ਫੈਮਿਲੀ ਛੋਟੀ ਹੋ ਗਈ । ਅਸੀਂ ਪਏ ਹਾਂ ਦੂਜੇ ਪਾਸੇ । ਹਿੰਦੁਸਤਾਨ ਦੀ ਸਰਕਾਰ ਨੇ ਇਕ ਡਾਇਰੈਕਟਰ ਨੂੰ ਕਿਹਾ ਕਿ ਇਸ ਬਾਰੇ ਇਕ ਕਿਤਾਬ ਲਿਖੋ । ਉਸ ਨੇ ਡਿਪਟੀ ਸਪੀਕਰ ਸਾਹਿਬ, ਕਿਤਾਬ ਲਿਖੀ ਔਰ ਉਸ ਵਿਚ ਕਿਹਾ ਕਿ ਇਹ ਗੱਲ ਗਲਤ ਹੈ ਕਿ ਗ਼ਰੀਬੀ ਬਹੁਤੇ ਬੱਚਿਆਂ ਕਰਕੇ ਹੈ, ਗ਼ਰੀਬੀ ਦੇ ਹੋਰ ਕਾਰਨ ਹਨ, ਮੇਰਾ ਮਤਲਬ ਹੈ ਸਰਮਾਏਦਾਰੀ । ਉਸ ਨੇ ਕਿਹਾ ਕਿ ਬਹੁਤੇ ਬੱਚੇ ਗ਼ਰੀਬੀ ਕਰਕੇ ਹਨ, ਪਰ ਗਰੀਬੀ ਦਾ ਕਾਰਨ ਬੱਚੇ ਨਹੀਂ ਹਨ । ਇਸ ਲਈ ਨਾਬਰਾਬਰੀ ਨੂੰ ਦੂਰ ਕਰੋ, ਇਕਨਾਮਿਕ ਮਈਯਰਜ਼ ਲਓ, ਕਲਚਰਲ ਲੈਵਲ ਲੋਕਾਂ ਦਾ ਉਚਾ ਕਰੋ । ਕਰੋੜਾਂ ਰੁਪਿਆ ਜਿਹੜਾ ਇਧਰ ਖਰਚ ਹੁੰਦਾ ਹੈ, ਉਸ ਪਾਸੇ ਵਲ ਕਰੋ । ਜੇਕਰ ਡਿਪਟੀ ਸਪੀਕਰ ਸਾਹਿਬ, ਅਨੈਲੇਸਿਜ਼ ਕਰੀਏ ਤਾਂ ਪਤਾ ਲਗਦਾ ਹੈ ਕਿ ਐਜੂਕੇਟਿਡ ਲੋਕ ਜ਼ਿਆਦਾ ਮਿਡਲ ਕਲਾਸ ਵਿਚ ਹਨ ਔਰ ਉਨ੍ਹਾਂ ਵਿਚ ਹਨ ਜਿੱਥੇ ਔਰਤਾਂ ਕੰਮ ਕਰਨ ਲਗ ਪਈਆਂ ਹਨ । ਇਸ ਲਈ ਕੰਪਲਸ਼ਨ ਦਾ ਐਲੀਮੈਂਟ ਜਿਹੜਾ ਹੈ ਇਸ ਨੂੰ ਦੂਜੇ ਪਾਸੇ ਅਪਨਾਉਣਾ ਚਾਹੀਦਾ ਹੈ, ਗ਼ਰੀਬੀ ਕੱਢ ਦਿੱਤੀ ਜਾਵੇ, ਕਲਚਰਲ ਲਵਲ ਉਚਾ ਕੀਤਾ ਜਾਵੇ । ਮੈਂ ਇਸ ਗੱਲ ਦੇ ਖਿਲਾਫ ਨਹੀਂ ਹਾਂ ਕਿ ਪਰਚਾਰ ਨਾ ਕੀਤਾ ਜਾਵੇ, ਸਗੋਂ ਇਹ ਪਰਚਾਰ ਕਰੋ ਕਿ ਟੱਬਰ ਛੋਟਾ ਹੋਣਾ ਚਾਹੀਦਾ ਹੈ ਤਾਕਿ ਲੋਕਾਂ ਨੂੰ ਪਤਾ ਹੋਵੇ ਕਿ ਕਿਤਨਾ ਛੋਟਾ ਟੱਬਰ ਹੁੰਦਾ ਹੈ । ਕਲਚਰਲ ਲੈਵਲ ਉਚਾ ਕਰੋ, ਇਕਨਾਮਿਕ ਪੱਧਰ ਉਚਾ ਕਰੋ, ਨਾਬਰਾਬਰੀ ਦੂਰ ਕਰੋ, ਔਰਤਾਂ ਨੂੰ ਬਰਾਬਰੀ ਦਿਉ । ਇਕ ਗੱਲ ਦੀ ਅਸੀਂ ਡੱਟ ਕੇ ਵਿਰੋਧਤਾ ਕਰਦੇ ਹਾਂ ਕਿ ਜਿਸ ਦੇ ਦੋ ਬੱਚੇ ਤੋਂ ਵੱਧ ਬੱਚੇ ਹਨ, ਜੇਕਰ ਉਹ ਨਸਬੰਦੀ ਜਾਂ ਨਲਬੰਦੀ ਨਹੀਂ ਕਰਾਉਂਦਾ ਉਸ ਨੂੰ ਪਰਸੂਤੀ ਛੁੱਟੀ ਨਹੀਂ ਮਿਲੇਗੀ, ਬਦਲੀ ਦਾ ਖਰਚ ਵੀ ਉਨ੍ਹਾਂ ਬੱਚਿਆਂ ਦਾ ਕੋਲੋਂ ਹੀ ਦੇਣਾ ਪਵੇਗਾ, ਇਸ ਤਰ੍ਹਾਂ ਨਾਲ ਕੀ ਹੋਵੇਗਾ । ਇੰਪਲਾਈਜ਼ ਵਿਚ ਫਰੱਸਟਰੇਸ਼ਨ ਵਧੇਗੀ ।

Original with;
Punjab Vidhan Sabha
Digitized by;
Panjab Digital Library

ਐਰ ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਕਿਹਾ ਹੈ, ਚੀਫ ਮਨਿਸਟਰ ਸਾਹਿਬ ਨੇ ਵੀ ਤਕਰੀਰਾਂ ਕੀਤੀਆਂ ਹਨ, ਮੁਲਾਜ਼ਮਾਂ ਨੂੰ ਜਿਸ ਦੇ ਦੋ ਤੋਂ ਵੱਧ ਬੱਚੇ ਹਨ, ਫੜਕੇ ਨਸਬੰਦੀ ਜਾਂ ਨਲਬੰਦੀ ਕੀਤੀ ਜਾਇਆ ਕਰੇਗੀ। ਕੀ ਸਰਕਾਰ ਨੇ ਦੂਜਿਆਂ ਤਬਕਿਆਂ ਬਾਰੇ ਵੀ ਸੋਚਿਆ ਹੈ ? ਕੰਪਲਸ਼ਨ ਨਾਲ ਨਹੀਂ ਕੰਮ ਚਲਣਾ, ਬਲਕਿ ਇਕਨਾਮਿਕ ਲੈਵਲ ਉਚਾ ਕਰੋ। ਐਜੂਕੇਸ਼ਨਲ ਲੈਵਲ ਉਚਾ ਕਰੋ, ਕਲਚਰਲ ਲੈਵਲ ਉਚਾ ਕਰੋ ਪਰ ਜੇਕਰ ਕੰਪਲਸ਼ਨ ਹੀ ਕਰਨੀ ਹੈ ਤਾਂ ਮੈਂ ਆਪਣੀ ਪਾਰਟੀ ਵਲੋਂ ਵਾਰਨਿੰਗ ਦੇਣਾ ਚਾਹੁੰਦਾ ਹਾਂ ਕਿ ਆਬਾਦੀ ਤਾਂ ਪਤਾ ਨਹੀਂ ਘਟੇ ਜਾਂ ਨਾ ਘਟੇ ਪਰ ਜਿਹੜੇ ਪਛਾਖੜ ਲੋਕ ਹਨ ਉਹ ਆਪਣੇ ਪਿਛੇ ਲੋਕਾਂ ਨੂੰ ਲਗਾਉਣ ਵਿਚ ਕਾਮਯਾਬ ਹੋ ਜਾਣਗੇ। ਪਛਾਖੜ ਲੋਕ ਇਸ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਨਗੇ। ਇਸ ਲਈ ਮੈਂ ਫਿਰ ਕਹਾਂਗਾ ਕਿ ਇਹ ਕਾਫੀ ਅਹਿਮ ਮਸਲਾ ਹੈ। ਮੈਂ ਇਸ ਗੱਲ ਦੇ ਹੱਕ ਵਿਚ ਹਾਂ ਕਿ ਟਬਰ ਛੋਟਾ ਹੋਵੇ। ਪਰ ਉਸ ਦਾ ਤਰੀਕਾ ਕੀ ਹੈ ? ਤਰੀਕਾ ਇਹ ਹੈ ਕਿ ਜਿਸ ਤਰ੍ਹਾਂ ਦਾ ਕੋਈ ਫੈਸਲਾ ਕਰਨ ਤੋਂ ਪਹਿਲਾਂ ਸਾਡੇ ਨਾਲ, ਹੋਰ ਦੋਸਤਾਂ ਨਾਲ, ਮੁਲਾਜ਼ਮਾਂ ਦੀਆਂ ਜੱਥੇਬੰਦੀਆਂ ਨਾਲ ਬਹਿਕੇ ਵਿਚਾਰ ਹੋਣੀ ਚਾਹੀਦੀ ਹੈ। ਇਸ ਵੇਲੇ ਕੰਪਲਸ਼ਨ ਨਹੀਂ ਹੋਣੀ ਚਾਹੀਦੀ, ਇਹ ਗਲਤ ਹੈ, ਇਸ ਦਾ ਸਿੱਟਾ ਠੀਕ ਨਹੀਂ (ਘੰਟੀ) ਨਿਕਲੇਗਾ। ਬੱਸ ਜੀ।

**ਸ੍ਰੀ ਪ੍ਰੇਮ ਗੁਪਤਾ** (ਪਟਿਆਲਾ) : ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਫੈਮਿਲੀ ਪਲਾਨਿੰਗ ਦਾ ਤੁਅੱਲਕ ਹੈ, ਹਰ ਵਿਅਕਤੀ ਇਸ ਦੇ ਹੱਕ ਵਿਚ ਹੈ। ਅਸੀਂ ਸਾਰੇ ਹੀ ਚਾਹੁੰਦੇ ਹਾਂ ਕਿ ਫੈਮਿਲੀ ਛੋਟੀ ਹੋਵੇ। ਇਸ ਨਾਲ ਦੇਸ਼ ਦੀ ਡਿਵੈਲਪਮੈਂਟ ਵੀ ਹੋਵੇਗੀ। ਇਹ ਗੱਲ ਠੀਕ ਹੈ ਕਿ ਇਸ ਤਰ੍ਹਾਂ ਨਾਲ ਵੱਧ ਰਹੀ ਆਬਾਦੀ ਨੂੰ ਰੋਕਿਆ ਜਾਵੇ ਵਰਨਾ ਕੁਝ ਸਮੇਂ ਬਾਅਦ ਨਾ ਹਿੰਦੁਸਤਾਨ ਵਿਚ ਬਲਕਿ ਵਰਲਡ ਵਿਚ ਇਸ ਨੂੰ ਰੋਕਣ ਵਿਚ ਪ੍ਰਾਬਲਮ ਹੋਵੇਗੀ। ਸਰਦਾਰ ਬਲਬੀਰ ਸਿੰਘ ਜੀ ਨੇ ਸੁਝਾਉ ਰਖੇ ਹਨ। ਡਿਪਟੀ ਸਪੀਕਰ ਸਾਹਿਬ, ਇਕ ਤਾਂ ਇਹ ਹੈ ਕਿ ਇਥੇ ਹਰ ਗੱਲ ਹੀ ਮਜ਼ਾਕ ਵਿਚ ਪਾ ਦਿਤੀ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਦਾ ਇਕ ਜਵਾਕ ਵੱਧ ਹੋ ਜਾਵੇ ਤਾਂ ਉਸ ਕਰਮਚਾਰੀ ਨੂੰ ਜਿਤਨੇ ਕਨਸੈਸ਼ਨਜ਼ ਹਨ ਉਨ੍ਹਾਂ ਨੂੰ ਵਿਦਡਰਾਅ ਕਰਨ ਵਾਸਤੇ ਹੈਲਥ ਮਨਿਸਟਰ ਸਾਹਿਬ ਨੇ ਕਿਹਾ ਹੈ। ਉਹ ਸਾਰੀਆਂ ਹੀ ਰੀਲੇਟ ਕਰਦੀਆਂ ਹਨ ਸਰਕਾਰੀ ਮੁਲਾਜ਼ਮਾਂ ਨੂੰ, ਸਰਕਾਰੀ ਕਰਮਚਾਰੀਆਂ ਨੂੰ ਐਰ ਉਨ੍ਹਾਂ ਵਿਚ ਕਲਾਸ ਚਾਰ ਦੇ ਕਰਮਚਾਰੀ ਜ਼ਿਆਦਾ ਹੋਣਗੇ, ਉਪਰਲੀਆਂ ਕਲਾਸਾਂ ਦੇ ਘੱਟ ਹੋਣਗੇ। ਮੈਂ ਸਮਝਦਾ ਹਾਂ ਕਿ ਜੇਕਰ ਸਰਕਾਰ ਨੇ ਕੁਝ ਕਰਨਾ ਹੈ ਇਸ ਦੇ ਬਾਰੇ ਤਾਂ ਜਿਸ ਤਰ੍ਹਾਂ ਪ੍ਰੀਵੈਂਟਿਵ ਮਯੀਰਜ਼ ਵੀ ਲਿਆਂਦੇ ਹਨ ਠੀਕ ਹਨ। ਸੁਜੈਸ਼ਨਜ਼ ਡਾਂਗ ਸਾਹਿਬ ਨੇ ਦਿਤੇ ਹਨ, ਵੈਸੇ ਤਾਂ ਉਹ ਬਿਲਕੁਲ ਹੀ ਉਲਝ ਗਏ, ਡਿਪਟੀ ਸਪੀਕਰ ਸਾਹਿਬ, ਗਰੀਬੀ ਬੱਚਿਆਂ ਕਰਕੇ ਹੈ ਜਾਂ ਬੱਚੇ ਗ਼ਰੀਬੀ ਕਰਕੇ ਹਨ, ਇਸ ਵਿਚ ਕੋਈ ਬਹੁਤਾ ਫਰਕ ਨਹੀਂ ਹੈ ਜਾਂ ਪੁਰਾਣੇ ਫਿਊਡੇਲਿਜ਼ਮ ਕਰਕੇ ਕੋਈ ਸੈਕਸ਼ਨ ਗ਼ਰੀਬ ਰਹਿ ਗਿਆ ਹੈ। ਇਸ ਲਈ ਇਕ ਗੱਲ ਤਾਂ ਜ਼ਰੂਰੀ ਹੈ ਕਿ ਇਕਨਾਮੀਕਲੀ ਬੈਕਵਰਡ ਕਲਾਸਿਜ਼ ਜਿਹੜੀਆਂ ਹਨ ਉਥੇ ਆਬਾਦੀ ਦੀ ਗਰੋਥ ਨੂੰ ਜ਼ਿਆਦਾ ਰੋਕਣ ਦੀ ਲੋੜ ਹੈ। ਉਨ੍ਹਾਂ ਦੇ ਜਦੋਂ ਦਸ-ਦਸ, ਪੰਦਰਾਂ-ਪੰਦਰਾਂ ਜਵਾਕ ਹੋ ਜਾਂਦੇ ਹਨ ਤਾਂ ਲਾਇਬਿਲੀਟੀ ਬਹੁਤ ਵੱਧ ਜਾਂਦੀ ਹੈ, ਰੋਟੀ ਦਿੱਤੀ ਨਹੀਂ ਜਾਂਦੀ। ਪਹਿਲਾਂ ਜੇ ਕਿਸੇ ਦੇ 12 ਬੱਚੇ ਹੁੰਦੇ ਸਨ ਤਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਉਸ ਨੂੰ ਮੁਰੱਬਾ ਮਿਲਦਾ ਹੁੰਦਾ ਸੀ, ਇਨਸੈਂਟਿਵ ਵੀ ਮਿਲਦਾ ਸੀ ਪਰ ਹੁਣ ਸਮਾਂ ਆ ਗਿਆ ਹੈ, ਇਸ ਨੂੰ ਕੰਟਰੋਲ ਕਰਨ ਦੀ ਲੋੜ ਹੈ । ਚਾਹੇ ਕੋਈ ਸਰਕਾਰੀ ਮੁਲਾਜ਼ਮ ਹੋਵੇ, ਗੈਰ-ਸਰਕਾਰੀ ਮੁਲਾਜ਼ਮ ਹੋਵੇ, ਮੁਸਲਮਾਨ, ਹਿੰਦੂ, ਅਤੇ ਸਿੱਖ ਹੋਵੇ ਜਾਂ ਕਿਸੇ ਕਾਸਟ ਦਾ ਹੋਵੇ, ਕੋਈ ਵੀ ਡਿਫਰੈਂਸ ਨਹੀਂ ਹੋਣਾ ਚਾਹੀਦਾ ।

ਦੂਸਰੀ ਗੱਲ ਇਹ ਹੈ ਕਿ ਦਿੱਲੀ ਵਿਚ ਪਿਛਲੇ ਦਿਨਾਂ ਦੇ ਵਿਚ ਉਥੇ ਇਕ ਫੈਸਲਾ ਕੀਤਾ ਹੈ । ਦਿੱਲੀ ਵਿਚ ਜਿਹੜੇ ਸਕੂਲ ਟੀਚਰਜ਼ ਹਨ, ਸਰਕਾਰੀ ਮੁਲਾਜ਼ਮ ਹਨ ਉਨ੍ਹਾਂ ਨੂੰ ਆਬਲੀਗੇਟਰੀ ਕਰ ਦਿੱਤਾ ਹੈ ਕਿ ਪੰਜ ਪੰਜ ਕੇਸ ਸਟੈਰੇਲਾਈਜ਼ੇਸ਼ਨ ਦੇ ਲਿਆਉਣੇ ਪੈਣਗੇ । ਪਰ ਮੇਰੀ ਇਹ ਰਾਏ ਹੈ ਕਿ ਜਿਹੜੇ ਸੋਸ਼ਲ ਵਰਕਰਜ਼ ਹਨ, ਸੋਸ਼ਲ ਜੱਥੇਬੰਦੀਆਂ ਹਨ, ਉਨ੍ਹਾਂ ਨੂੰ ਇਸ ਡਿਊਟੀ ਉਪਰ ਲਗਾਉਣਾ ਚਾਹੀਦਾ ਹੈ ਕਿ ਉਹ ਪਰਸੂਏਸ਼ਨ ਨਾਲ ਚੰਗੇ ਢੰਗ ਨਾਲ, ਲੋਕਾਂ ਨੂੰ ਮੈਂਟਲੀ ਤਿਆਰ ਕਰਨ ਤਾਕਿ ਉਹ ਫੈਮਿਲੀ ਪਲਾਨਿੰਗ ਨੂੰ ਨਾ ਸਿਰਫ ਸਟੇਟ ਔਰ ਸਮਾਜਕ ਬੇਹਤਰੀ ਵਾਸਤੇ ਅਡਾਪਟ ਕਰਨ ਬਲਕਿ ਆਪਣੀ ਫੈਮਿਲੀ ਦੀ ਬੈਟਰਮੈਂਟ ਵਾਸਤੇ ਅਪਨਾਉਣ । (ਇਸ ਸਮੇਂ ਚੌਧਰੀ ਸੁੰਦਰ ਸਿੰਘ ਜੀ ਬੋਲਣ ਲਈ ਖੜ੍ਹੇ ਹੋਏ ।)

ਚੌਧਰੀ ਸਾਹਿਬ, ਠਹਿਰੋ ਮੈਂ ਸ਼ਾਰਟ ਕਰ ਦੇਵਾਂ ।.. .. ..

**ਕਾਮਰੇਡ ਅਰਜਨ ਸਿੰਘ ਮਸਤਾਨਾ :** ਡਿਪਟੀ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ।

**ਸ੍ਰੀ ਡਿਪਟੀ ਸਪੀਕਰ :** ਮਨਿਸਟਰ ਸਾਹਿਬ ਤਾਂ ਬੋਲ ਨਹੀਂ ਰਹੇ, ਗੁਪਤਾ ਜੀ ਸਪੀਚ ਕਰ ਰਹੇ ਹਨ ।

**ਕਾਮਰੇਡ ਅਰਜਨ ਸਿੰਘ ਮਸਤਾਨਾ :** * * * *

**ਸ੍ਰੀ ਡਿਪਟੀ ਸਪੀਕਰ :** ਜੋ ਕੁਝ ਮਸਤਾਨਾ ਜੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

**ਸ੍ਰੀ ਪ੍ਰੇਮ ਗੁਪਤਾ :** ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਜਿਹੜੀਆਂ ਮੁਲਾਜ਼ਮਾਂ ਦੀਆਂ ਆਰਗੇਨਾਈਜ਼ੇਸ਼ਨਜ਼ ਹਨ ਔਰ ਗੌਰਮਿੰਟ ਏਜੰਸੀਆ ਹਨ, ਉਨ੍ਹਾਂ ਨੂੰ ਵੀ ਇਨਵਾਲਵ ਕਰਨਾ ਚਾਹੀਦਾ ਹੈ । ਪਿਛਲੇ ਦਿਨਾਂ ਵਿਚ ਨੈਸ਼ਨਲ ਯੂਥ ਵੈੱਲਫੇਅਰ ਕੌਂਸਲ ਜਿਹੜੀ ਹੈ, ਉਸ ਨੇ ਵੀ ਆਫਰ ਕੀਤਾ ਹੈ ਕਿ ਅਸੀਂ ਜਿਸ ਤਰ੍ਹਾਂ ਦਹੇਜ ਦੇ ਖਿਲਾਫ ਲੜਾਂਗੇ ਉਸ ਤਰ੍ਹਾਂ ਹੀ ਫੈਮਿਲੀ ਪਲਾਨਿੰਗ ਦੀ ਜਦ ਵਿਚ ਲੋਕਾਂ ਨੂੰ ਲਿਆਵਾਂਗੇ । ਡਿਪਟੀ ਸਪੀਕਰ ਸਾਹਿਬ, ਇਸ ਗੱਲ ਦੀ ਖੁਸ਼ੀ ਹੈ ਕਿ ਹਿੰਦੁਸਤਾਨ ਦੇ ਨੌਜਵਾਨਾਂ ਦੀ ਰਾਹਨੁਮਾਈ ਨੌਜਵਾਨਾਂ ਦੇ ਸਰਤਾਜ ਸੰਜੇ ਗਾਂਧੀ ਜੀ ਕਰ ਰਹੇ ਹਨ ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਇਸ ਲਈ ਸਾਨੂੰ ਜ਼ਰੂਰੀ ਹੈ ਕਿ ਜਿਹੜੀਆਂ ਇਹੋ ਜਿਹੀਆਂ ਆਰਗੇਨਾਈਜ਼ੇਸ਼ਨਜ਼ ਹਨ ਉਨ੍ਹਾਂ ਨੂੰ ਇਸ ਵਿਚ ਇਨਵਾਲਵ ਕੀਤਾ ਜਾਵੇ ਅਤੇ ਲੋਕਾਂ ਦੀ ਇਕਨਾਮੀਕਲ ਕੰਡੀਸ਼ਨ ਅਤੇ ਐਜੂਕੇਟਿਵ ਵੈਲਿਊਜ਼ ਨੂੰ ਜ਼ਿਆਦਾ ਸਟਰੈਸ ਕਰਦੇ ਹੋਏ, ਉਨ੍ਹਾਂ ਵੱਲ ਧਿਆਨ ਦੇਈਏ ਤਾਂਕਿ ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਹਰ ਖੇਤਰ ਵਿਚ ਤਰੱਕੀ ਕਰ ਰਿਹਾ ਹੈ, ਅਸੀਂ ਫੈਮਿਲੀ ਪਲਾਨਿੰਗ ਵਿਚ ਹਿੰਦੁਸਤਾਨ ਵਿਚ ਸਭ ਤੋਂ ਅੱਗੇ ਲੀਡ ਕਰਾਂਗੇ ।

**ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ):** ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜਿਹੜੀ ਗੱਲ ਦੱਸੀ ਹੈ ਉਹ ਮੈਨੂੰ ਥੋੜੀ ਜਿਹੀ ਚੰਗੀ ਲੱਗੀ ਹੈ । ਜਿਹੜਾ ਗ਼ਰੀਬ ਆਦਮੀ ਹੋਵੇਗਾ ਉਸ ਨੇ ਵੰਡਣਾ ਕੀ ਹੈ । ਜਿਸ ਕੋਲ ਜ਼ਿਆਦਾ ਹੋਵੇਗਾ ਉਸ ਨੂੰ ਫਿਕਰ ਹੋਵੇਗਾ ਕਿ ਜੇ ਜ਼ਿਆਦਾ ਬੱਚੇ ਹੋ ਗਏ ਤਾਂ ਜਾਇਦਾਦ ਵੰਡੀ ਜਾਵੇਗੀ, ਪਰ ਜਿਸ ਦੀ ਜਾਇਦਾਦ ਜ਼ਿਆਦਾ ਨਹੀਂ ਹੈ ਉਸ ਨੇ ਵੰਡਣਾ ਕੀ ਹੈ । ਇਸ ਕਰਕੇ ਮੈਂ ਕਹਾਂਗਾ ਕਿ ਸਾਡਾ ਜਿਹੜਾ ਬੱਜਟ ਹੈ ਉਹ ਸਾਰਾ, ਉਸ ਸਿਲਸਿਲੇ ਵਿਚ ਚੱਲ ਰਿਹਾ ਹੈ । ਇਹ ਜਿਹੜਾ ਬੈਕਵਰਡ ਕਲਾਸਿਜ਼ ਦਾ ਬਿਲ ਪੇਸ਼ ਕੀਤਾ ਹੈ, ਇਹ ਇਸ ਕਰਕੇ ਕੀਤਾ ਹੈ ਤਾਂ ਕਿ ਉਨ੍ਹਾਂ ਲੋਕਾਂ ਕੋਲ ਜਿਨ੍ਹਾਂ ਕੋਲ ਪੈਸੇ ਥੋੜੇ ਹਨ, ਜਾਇਦਾਦਾਂ ਥੋੜੀਆਂ ਹਨ, ਉਨ੍ਹਾਂ ਕੋਲ ਪੈਸੇ ਹੋਣ ਅਤੇ ਉਹ ਅਮੀਰ ਹੋਣ, ਉਨ੍ਹਾਂ ਦੀ ਜਾਇਦਾਦ ਹੋਵੇ । ਸੋ ਮੈਂ ਕਹਿੰਦਾ ਹਾਂ ਕਿ ਜਿਸ ਦੇ ਕੋਲ ਹੈ ਹੀ ਕੁਝ ਨਹੀਂ, ਉਸ ਨੇ ਵੰਡਣਾ ਕੀ ਹੈ ? ਮੈ ਦੱਸਦਾ ਹਾਂ ਕਿ ਹਰੀਜਨਾਂ ਦੀ ਜਾਇਦਾਦ ਨਹੀਂ ਪਰ ਉਨ੍ਹਾਂ ਦੇ ਬੱਚੇ ਜ਼ਿਆਦਾ ਹੁੰਦੇ ਹਨ । ਇਸ ਕਰਕੇ ਮੈਂ ਕਹਾਂਗਾ ਕਿ ਤੁਸੀਂ ਛੇਤੀ ਛੇਤੀ ਗ਼ਰੀਬੀ ਨੂੰ ਹਟਾਓ ਤਾਂ ਫਿਰ ਆਪੇ ਹੀ ਸਭ ਕੁਝ ਠੀਕ ਹੋ ਜਾਵੇਗਾ । ਜਦ ਉਨ੍ਹਾਂ ਕੋਲ ਜਾਇਦਾਦਾਂ ਹੋ ਜਾਣਗੀਆਂ ਤਾਂ ਆਪੇ ਉਹ ਬੱਚੇ ਘੱਟ ਪੈਦਾ ਕਰਨਗੇ (ਤਾੜੀਆਂ) (ਘੰਟੀ) ਇਹ ਕੰਮ ਜਬਰਨ ਨਹੀਂ ਕਰਨਾ ਚਾਹੀਦਾ । ਫੈਮਿਲੀ ਪਲਾਨਿੰਗ ਵਾਸਤੇ ਜਬਰਨ ਕਰਨ ਵਾਲੀ ਗੱਲ ਨਹੀਂ ਹੋਣੀ ਚਾਹੀਦੀ ।

ਸ਼ਹਿਰੀਂ ਵੱਸਣ ਦੇਵਤੇ ਨਗਰੀਂ ਵਸਣ ਮਨੁਖ,
ਪਿੰਡੀਂ ਵਿਚ ਵੱਸਣ ਭੂਤਨੇ, ਪੁੱਟ ਪੁੱਟ ਸੁਟਣ ਰੁੱਖ ।

ਪਿੰਡਾਂ ਦੇ ਲੋਕਾਂ ਨੂੰ ਕੋਈ ਪਤਾ ਨਹੀਂ ਹੈ, ਉਨ੍ਹਾਂ ਵਿਚ ਐਜੂਕੇਸ਼ਨ ਹੋਣੀ ਚਾਹੀਦੀ ਹੈ । ਜਦ ਉਨ੍ਹਾਂ ਵਿਚ ਐਜੂਕੇਸ਼ਨ ਆ ਗਈ ਤਾਂ ਫਿਰ ਉਹ ਆਪ ਹੀ ਸਭ ਕੁਝ ਠੀਕ ਕਰ ਲੈਣਗੇ । ਇਹ ਜਿਹੜਾ ਤਾਲੀਮ ਦਾ ਮਨਿਸਟਰ ਹੈ ਇਸ ਨੇ ਜੇ. ਬੀ. ਟੀ ਦੇ ਸਕੂਲ ਖੋਲ੍ਹੇ ਹਨ ਤਾਂ ਕਿ ਪਿੰਡਾਂ ਦੇ ਲੋਕ ਪੜ੍ਹ ਸਕਣ । ਇਸ ਤਰ੍ਹਾਂ ਅਨਪੜ੍ਹਤਾ ਦੂਰ ਹੋ ਜਾਵੇਗੀ । ਜਦ ਉਹ ਪੜ੍ਹ ਜਾਣਗੇ ਤਾਂ ਉਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਫੈਮਿਲੀ ਪਲਾਨਿੰਗ ਕਰਨੀ ਚਾਹੀਦੀ ਹੈ । ਪਰ ਜਬਰਨ ਫੈਮਿਲੀ ਪਲਾਨਿੰਗ ਨਹੀਂ ਕਰਨੀ ਚਾਹੀਦੀ । ਜਿਹੜੇ ਅਨਪੜ੍ਹ ਲੋਕ ਹਨ ਉਨ੍ਹਾਂ ਨੂੰ ਫੈਮਿਲੀ ਪਲਾਨਿੰਗ ਦਾ ਕੋਈ ਪਤਾ ਨਹੀਂ ਹੈ । ਇਸ ਵਾਸਤੇ ਇਹ ਜ਼ਬਰਨ ਨਹੀਂ ਹੋਣੀ ਚਾਹੀਦੀ । ਨਹੀਂ ਤਾਂ ਨੈਸ਼ਨ ਤਬਾਹ ਹੋ ਜਾਵੇਗੀ । ਤੁਸੀਂ ਭਾਵੇਂ ਜੋ ਮਰਜ਼ੀ ਹੈ ਕਰੀ ਜਾਵੋ ।

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

1952 ਤੋਂ ਫੈਮਿਲੀ ਪਲਾਨਿੰਗ ਕਰਨੀ ਚਾਹੀਦੀ ਸੀ । (ਘੰਟੀ) ਉਦੋਂ ਇਸ ਨੂੰ ਕਿਉਂ ਨਹੀਂ ਸ਼ੁਰੂ ਕੀਤਾ ਗਿਆ ? ਇਨ੍ਹਾਂ ਸ਼ਬਦਾ ਨਾਲ ਮੈਂ ਇਸ ਬਿੱਲ ਦੀ ਹਮਾਇਤ ਕਰਦਾ ਹਾਂ ਅਤੇ ਮੈਂ ਸਮਝਤਾ ਹਾਂ ਕਿ ਇਸ ਬਿੱਲ ਨੂੰ ਪਾਸ ਕਰਨਾ ਚਾਹੀਦਾ ਹੈ ਅਤੇ ਜੇ ਜ਼ਬਰਨ ਵੀ ਕਰਨੀ ਪਵੇ ਤਾਂ ਵੀ ਕਰ ਦਿਤੀ ਜਾਵੇ ।

**ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ (ਸਰਦਾਰ ਬਲਬੀਰ ਸਿੰਘ):** ਡਿਪਟੀ ਸਪੀਕਰ ਸਾਹਿਬ, ਇਸ ਆਬਾਦੀ ਦੇ ਮਸਲੇ ਉਤੇ ਜਿਹੜਾ ਫੈਮਿਲੀ ਪਲਾਨਿੰਗ ਦਾ ਪ੍ਰੋਗਰਾਮ ਹੈ, ਇਸ ਸਬੰਧੀ ਮੈਂ ਆਪਣੇ ਦੇਸ਼ ਦੀ ਪ੍ਰਧਾਨ ਮੰਤਰੀ ਦੀ ਕੋਟੇਸ਼ਨ ਇਥੇ ਹਾਊਸ ਵਿਚ ਪੜ੍ਹਨੀ ਚਾਹੁੰਦਾ ਹਾਂ । ਮੇਰਾ ਖਿਆਲ ਹੈ ਕਿ ਡਾਂਗ ਸਾਹਿਬ ਨੂੰ ਜੋ ਥੋੜ੍ਹਾ ਬਹੁਤ ਇਸ ਵਿਚ ਭੁਲੇਖਾ, ਗ਼ਲਤ ਫਹਿਮੀ ਹੈ ਫੈਮਿਲੀ ਪਲਾਨਿੰਗ ਬਾਰੇ, ਉਹ ਕਾਫੀ ਹੱਦ ਤਕ ਦੂਰ ਹੋ ਜਾਵੇਗਾ ।

Family Planning in our country is an essential part of our whole strategy of enlarging welfare Greater welfare is in fact the only reason for family planning. And we need it not because we are against more children but because we want every child to have the best opportunity possible in life. We want our children to inherit a better world than our own. This is the aim of every father and mother, and this is the objective of planned development and the policy of the Government.'

ਸੋ, ਡਿਪਟੀ ਸਪੀਕਰ ਸਾਹਿਬ, ਇਹ ਜਿਸ ਨੂੰ ਕਿ ਮੈਂ ਭਿਆਨਕ ਸਮੱਸਿਆ ਆਖਾਂਗਾ ਜੋ ਆਬਾਦੀ ਦੀ ਵੱਧ ਰਹੀ ਰਫਤਾਰ ਹੈ ਉਸ ਬਾਰੇ ਹਾਊਸ ਦੇ ਸਾਹਮਣੇ ਕੁਝ ਅੰਕੜੇ ਰੱਖਣਾ ਚਾਹੁੰਦਾ ਹਾਂ । ਪੰਜਾਬ ਦੀ ਇਸ ਵੇਲੇ 152 ਲੱਖ ਦੇ ਕਰੀਬ ਪਾਪੂਲੇਸ਼ਨ ਹੈ ਅਤੇ ਇਹ ਸਾਰੇ ਹਿੰਦੁਸਤਾਨ ਦੀ ਟੋਟਲ ਪਾਪੂਲੇਸ਼ਨ ਦਾ ਢਾਈ ਫੀ ਸਦੀ ਹਿੱਸਾ ਹੈ । ਇਸ ਦੇ ਮੁਕਾਬਲਤਨ ਸਾਡੇ ਕੋਲ ਏਰੀਆ ਜੋ ਹੈ ਉਹ 1.6 ਹੈ । ਪੰਜਾਬ ਦੀ ਡੈਂਸਟੀ ਆਫ ਪਾਪੂਲੇਸ਼ਨ ਇਸ ਵੇਲੇ 270 ਪਰ ਸੁਕੇਅਰ ਕਿਲੋਮੀਟਰ ਦੇ ਕਰੀਬ ਹੈ ਅਤੇ ਸਾਰੇ ਭਾਰਤ ਲਈ ਇਹ 178 ਹੈ । ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਪੰਜਾਬ ਦੀ ਡੈਂਸਟੀ ਆਫ ਪਾਪੂਲੇਸ਼ਨ ਭਾਰਤ ਦੇ ਦੂਜੇ ਸੂਬਿਆਂ ਨਾਲੋਂ ਜ਼ਿਆਦਾ ਹੈ । ਚੌਧਰੀ ਦਰਸ਼ਨ ਸਿੰਘ ਨੇ ਸੋਸ਼ਲਿਸਟ ਕੰਟ੍ਰੀਜ਼ ਦਾ ਜ਼ਿਕਰ ਕੀਤਾ ਹੈ । ਯੂ.ਐਸ.ਐਸ.ਆਰ ਦੀ ਡੈਂਸਟੀ 11 ਹੈ ਅਤੇ ਚਾਈਨਾ ਵਿਚ 79 ਹੈ । ਪਾਕਿਸਤਾਨ ਵਿਚ ਖਾਸ ਕਰਕੇ, ਉਥੇ ਉਨ੍ਹਾਂ ਦੇ ਮਜ਼ਹਬ ਵਿਚ ਹੈ ਕਿ ਆਬਾਦੀ ਨੂੰ ਵਧਾਓ ਉਹ ਵੀ ਹੁਣ ਫੈਮਿਲੀ ਪਲਾਨਿੰਗ ਵਾਲੇ ਪਾਸੇ ਆਉਣ ਲੱਗੇ ਹਨ । ਉਥੇ ਡੈਂਸੇਟੀ ਆਫ ਪਾਪੂਲੇਸ਼ਨ 121 ਹੈ । ਸੋ ਇਹ ਇਕ ਐਸੀ ਮਹੱਤਵਪੂਰਨ ਸਮੱਸਿਆ ਹੈ ਅਤੇ ਇਸ ਬਾਰੇ ਅੱਗੇ ਵੀ ਹਾਊਸ ਵਿਚ ਕਿਹਾ ਸੀ ਕਿ ਲੋਕਾਂ ਨੂੰ ਭੁਲੇਖਾ ਲੱਗਦਾ ਹੈ । ਪੰਜਾਬ ਇਕ ਖੁਸ਼ਹਾਲ ਪ੍ਰਾਂਤ ਹੈ ਅਤੇ ਇਸ ਦੀ ਪਰ ਕੈਪੀਟਾ ਇਨਕਮ ਜ਼ਿਆਦਾ ਹੈ । ਜਿਸ ਤਰ੍ਹਾਂ ਸਾਡੇ ਐਗਰੀਕਲਚਰ ਮਨਿਸਟਰ ਨੇ ਕਈ ਵਾਰੀ ਆਖਿਆ ਹੈ ਕਿ ਜਿਹੜੀ ਸਾਡੀ ਐਗਰੀਕਲਚਰ ਦੀ ਪੈਦਾਵਾਰ ਹੈ ਉਹ ਵੀ 84 ਲੱਖ ਟਨ ਹੋ ਜਾਵੇਗੀ ਅਤੇ 60% ਹਿੱਸਾ ਅਸੀਂ ਦੇਸ਼ ਦੇ ਅਨਾਜ ਦੇ ਭੰਡਾਰ ਵਿਚ ਪਾਉਂਦੇ ਹਾਂ । ਸਨਅੱਤ ਵਿਚ ਵੀ ਤਰੱਕੀ ਕੀਤੀ ਹੈ । ਆਬਾਦੀ ਦੀ ਪੈਦਾਵਾਰ ਵਿਚ ਵੀ ਅਸੀਂ ਘੱਟ ਨਹੀਂ ਕਿਉਂਕਿ ਇਸ ਵੇਲੇ ਜੋ ਸਾਡੀ ਗਰੋਥ ਰੇਟ ਹੈ ਉਹ ਕੋਈ 2.2% ਹੈ ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਹਾਊਸ ਦੇ ਗਿਆਨ ਲਈ, ਖਾਸ ਕਰਕੇ ਜਿਹੜੇ ਹਰੀਜਨ ਜਾਤੀ ਦੇ ਲੋਕ ਹਨ ਉਨ੍ਹਾਂ ਦੀ ਗਰੋਥ ਰੇਟ ਕੋਈ 3.5 ਫੀ ਸਦੀ ਹੈ ਅਤੇ ਸਾਰੇ ਦੇਸ਼ ਵਿਚ ਪੰਜਾਬ ਇਸ ਗਰੋਥ ਰੇਟ ਵਿਚ ਨੰਬਰ 'ਇੱਕ ਤੇ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਹਾਂ ਕਿ ਸਾਡੀ ਜਿਹੜੀ ਗਰੋਥ ਰੇਟ ਹੈ, ਖਾਸ ਕਰਕੇ ਪਛੜੇ ਵਰਗ ਵਿਚ ਬਹੁਤ ਜ਼ਿਆਦਾ ਹੈ। ਇਸ ਲਈ ਪੰਜਾਬ ਸਰਕਾਰ ਨੇ, ਸੀ.ਐਮ. ਸਾਹਿਬ ਦੇ ਆਦੇਸ਼ ਅਨੁਸਾਰ ਇਹ ਫੈਸਲਾ ਕੀਤਾ ਹੈ ਕਿ ਜਿਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਫੈਮਿਲੀ ਪਲਾਨਿੰਗ ਜੋ ਹੈ ਇਹ ਨੈਸ਼ਨਲ ਪ੍ਰੋਗਰਾਮ ਹੈ ਅਤੇ ਇਸ ਤੇ ਗੌਰਮਿੰਟ ਆਫ ਇੰਡੀਆ ਪੈਸੇ ਖ਼ਰਚ ਕਰਦੀ ਹੈ, ਲੇਕਿਨ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਖਾਸ ਕਰਕੇ ਜਿਹੜੇ ਆਰਥਿਕ ਤੌਰ ਤੇ ਪਛੜੇ ਲੋਕ ਹਨ ਉਨ੍ਹਾਂ ਨੂੰ ਸਪੈਸ਼ਲ ਇਨਸੈਂਟਿਵ ਦਿਤੇ ਜਾਣ ਤਾਕਿ ਉਹ ਨਸਬੰਦੀ, ਨਲਬੰਦੀ ਕਰਵਾਉਣ, ਉਪਰੇਸ਼ਨ ਕਰਵਾਉਣ। ਇਸ ਵਾਸਤੇ ਡਿਪਟੀ ਸਪੀਕਰ ਸਾਹਿਬ, 10 ਲੱਖ ਰੁਪਏ ਦੀ ਪ੍ਰੋਵੀਜ਼ਨ ਇਸ ਬੱਜਟ ਵਿਚ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਸਿਹਤ ਸੇਵਾਵਾਂ ਪੰਜਾਬ ਵਿਚ ਹਨ, ਉਨ੍ਹਾਂ ਵਿਚ ਕਾਫੀ ਸੁਧਾਰ ਆਇਆ ਹੈ। ਇਸ ਗੱਲ ਦਾ ਪ੍ਰਤੀਕ ਇਹ ਹੈ ਕਿ ਸਾਡੀ ਜਿਹੜੀ ਮੇਲ ਦੀ ਐਵਰੇਜ ਉਮਰ ਹੈ ਉਹ ਕੋਈ ਇਸ ਵੇਲੇ 63.4 ਹੈ ਜੋ ਕਿ ਸਾਰੇ ਭਾਰਤ ਵਿਚ ਨੰਬਰ ਇਕ ਤੇ ਹੈ। ਇਸੇ ਤਰ੍ਹਾਂ ਹੀ ਔਰਤਾਂ ਦੀ 57.8 ਹੈ ਅਤੇ ਇਹ ਵੀ ਸਾਰੇ ਭਾਰਤ ਵਿਚ ਨੰਬਰ ਇਕ ਤੇ ਹੈ। ਪਰ ਸਾਡਾ ਜਿਹੜਾ ਡੈਥ ਰੇਟ ਹੈ ਇਹ ਸਾਰੇ ਭਾਰਤ ਨਾਲੋਂ ਘੱਟ ਹੈ। ਸੋ ਇਸ ਗੱਲ ਦਾ ਪ੍ਰਤੀਕ ਹੈ ਕਿ ਸਾਡਾ ਜਿਹੜਾ ਗਰੋਥ ਰੇਟ ਹੈ ਔਰ ਜਿਹੜਾ ਡੈਥ ਰੇਟ ਵਿਚ ਐਨਾ ਜ਼ਿਆਦਾ ਫਰਕ ਹੈ ਉਸ ਨੂੰ ਠੀਕ ਕਰਨ ਲਈ ਪੰਜਾਬ ਵਿਚ ਫੈਮਿਲੀ ਪਲਾਨਿੰਗ ਦੇ ਪ੍ਰੋਗਰਾਮ ਨੂੰ ਅਪਣਾਇਆ ਜਾਵੇ। ਜਿਹੜੀ ਮੈਂ ਹਾਊਸ ਵਿਚ ਉਸ ਦਿਨ ਸਟੇਟਮੈਂਟ ਦਿਤੀ, ਬਿਆਨ ਦਿਤਾ ਸੀ ਉਸ ਦਾ ਆਸ਼ਾ ਇਹ ਨਹੀਂ ਸੀ ਕਿ ਜਿਹੜੇ ਸਰਕਾਰੀ ਕਰਮਚਾਰੀ ਹਨ ਉਨ੍ਹਾਂ ਤੇ ਕੋਈ ਇਸ ਤਰ੍ਹਾਂ ਦੀਆਂ ਕੰਪਲਸ਼ਨਜ਼ ਲਾਈਏ। ਸਿਰਫ ਉਨ੍ਹਾਂ ਨੂੰ ਜਿਹੜੀਆਂ ਕੁਝ ਸਹੂਲਤਾਂ ਮਿਲਦੀਆਂ ਸਨ ਉਨ੍ਹਾਂ ਨੂੰ ਇਕ ਕਿਸਮ ਦਾ ਡਿਸਇਨਸੈਂਟਿਵ ਕਹਿ ਲਵੋ ਜਾਂ ਉਸ ਵਿਚ ਥੋੜ੍ਹੀ ਜਿਹੀ ਰੋਕ ਲਗਾਈ ਸੀ ਇਸ ਤਰ੍ਹਾਂ ਕਹਿ ਲਵੋ ਉਨ੍ਹਾਂ ਵਿਚ ਜਾਗ੍ਰਤੀ ਪੈਦਾ ਹੋਵੇ ਅਤੇ ਉਹ ਮਹਿਸੂਸ ਕਰਨ। ਕਿਉਂਕਿ ਜਦ ਇਹ ਗੌਰਮਿੰਟ ਦੀ ਪਾਲਿਸੀ ਹੈ ਔਰ ਸਾਡੇ ਚੀਫ ਮਨਿਸਟਰ ਸਾਹਿਬ ਨੇ ਅਤੇ ਪ੍ਰਧਾਨ ਮੰਤਰੀ ਨੇ ਬਾਰ ਬਾਰ ਕਿਹਾ ਹੈ ਇਸ ਲਈ ਜਿੰਨੇ ਗੌਰਮਿੰਟ ਆਫੀਸਰਜ਼ ਹਨ ਜਾਂ ਸਰਕਾਰੀ ਕਰਮਚਾਰੀ ਹਨ ਉਹ ਕੁਮਿੱਟਡ ਹੋਣੇ ਚਾਹੀਦੇ ਹਨ ਕਿਉਂਕਿ ਇਹ ਗੌਰਮਿੰਟ ਦੀ ਪਾਲਿਸੀ ਹੈ ਅਤੇ ਉਨ੍ਹਾਂ ਦੀਆਂ ਸਹੂਲਤਾਂ ਵਿਚ ਜਿਹੜੀ ਕੋਈ ਰੋਕ ਜਾਂ ਰੁਕਾਵਟ ਲੱਗੇਗੀ ਤਾਂ ਕੋਈ ਐਸੀ ਗੱਲ ਨਹੀਂ ਹੈ ਕਿਉਂਕਿ ਉਹ ਸਰਕਾਰੀ ਕਰਮਚਾਰੀ ਹਨ ਅਤੇ ਇਹ ਸਰਕਾਰ ਦਾ ਪ੍ਰੋਗਰਾਮ ਹੈ ਅਤੇ ਇਸ ਨੂੰ ਉਨ੍ਹਾਂ ਨੂੰ ਪਹਿਲੋਂ ਅਪਨਾਉਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਚੌਧਰੀ ਸੁੰਦਰ ਸਿੰਘ ਨੇ ਹਾਸੇ ਵਿਚ ਕਿਹਾ ਸੀ ਕਿ ਇਹ ਜਿਹੜਾ ਬਿੱਲ ਪੇਸ਼ ਕੀਤਾ ਗਿਆ ਹੈ, ਮੈਂ ਇਸ ਦੀ ਹਮਾਇਤ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਬਿੱਲ ਕੋਈ ਨਹੀਂ ਇਹ ਤਾਂ ਇਕ ਸਟੇਟਮੈਂਟ ਸੀ। ਲੇਕਿਨ ਫਿਰ ਵੀ ਉਨ੍ਹਾਂ ਨੇ ਹਾਸੇ ਵਿਚ ਕਿਹਾ ਕਿ ਇਹ ਜਿਹੜੀ ਸਟੇਟਮੈਂਟ ਸੀ ਉਸ ਦੀ ਪ੍ਰਸ਼ੰਸਾ ਕਰਦੇ ਹਨ। (ਵਿਘਨ) ਇਥੇ, ਡਿਪਟੀ ਸਪੀਕਰ ਸਾਹਿਬ, ਨੈਸ਼ਨਲ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ]

ਯੂਥ ਵੈਲਫੇਅਰ ਕੌਂਸਿਲ ਬਾਰੇ ਕਿਹਾ ਗਿਆ। ਇਹ ਬਹੁਤ ਅੱਛੀ ਸੁਜੈਸ਼ਨ ਹੈ। ਮੈਂ ਹਾਊਸ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਜਿਥੇ ਸਿਹਤ ਮਹਿਕਮੇ ਦੇ ਕਰਮਚਾਰੀ ਲੋਕਾਂ ਨੂੰ ਮੋਟੀਵੇਟ, ਪਰਸੂਡ ਕਰਦੇ ਹਨ ਉਥੇ ਇਸ ਵਿਚ ਦੂਸਰੇ ਮਹਿਕਮਿਆਂ ਨੂੰ ਇਨਵਾਲਵ ਕਰ ਰਹੇ ਹਾਂ, ਹੋਰ ਆਰਗੇਨਾਈਜ਼ੇਸ਼ਨਜ਼ ਨੂੰ ਵੀ ਵੈਲਕਮ ਕਰਾਂਗੇ ਅਗਰ ਉਹ ਲੋਕਾਂ ਨੂੰ ਇਸ ਤਰ੍ਹਾਂ ਇਸ ਪਾਸੇ ਮੋਟੀਵੇਟ ਕਰ ਸਕਣ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਦ ਦੀ ਪੰਜਾਬ ਵਿਚ ਫੈਮਿਲੀ ਪਲਾਨਿੰਗ ਸ਼ੁਰੂ ਕੀਤੀ ਕੋਈ 8 ਲੱਖ ਦੇ ਕਰੀਬ ਅਸੀਂ ਨਵੇਂ ਬੱਚੇ ਪੈਦਾ ਨਹੀਂ ਹੋਣ ਦਿਤੇ। ਹਰ ਸਾਲ 1 ਲੱਖ ਬੱਚੇ ਪੈਦਾ ਨਹੀਂ ਹੋਣ ਦਿੱਤੇ ਜਾਂਦੇ। ਇਨ੍ਹਾਂ ਤੇ ਜੋ ਖਰਚ ਹੁੰਦਾ ਹੈ ਜੇ ਉਹ ਅੰਕੜੇ ਲਈਏ ਤਾਂ ਇਕ ਬਰਥ ਰੋਕਣ ਉਤੇ 120 ਰੁਪਏ ਖਰਚ ਆਉਂਦਾ ਹੈ ਅਤੇ ਜੇ ਇਸ ਤਰ੍ਹਾਂ 1 ਲੱਖ ਬਰਥ ਸਾਲਾਨਾ ਰੋਕਿਆ ਜਾਵੇ ਤਾਂ ਖਰਚ ਕਰਨ ਦੇ ਬਾਵਜੂਦ ਵੀ 25 ਕਰੋੜ ਰੁਪਏ ਦਾ ਸਾਲਾਨਾ ਫਾਇਦਾ ਹੁੰਦਾ ਹੈ। (ਤਾੜੀਆਂ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਦੇ ਸਾਰੇ ਮੈਂਬਰਾਂ ਦੀ ਕੋਆਪ੍ਰੇਸ਼ਨ ਚਾਹੁੰਦਾ ਹਾਂ। ਜੋ ਸਰਕਾਰ ਨੇ ਇਹ ਕਦਮ ਚੁੱਕਿਆ ਹੈ ਉਨ੍ਹਾਂ ਨੂੰ ਵੀ ਆਪਣਾ ਧਿਆਨ ਇਸ ਪਾਸੇ ਲਾਉਣਾ ਚਾਹੀਦਾ ਹੈ। (ਵਿਘਨ) ਉਸ ਲਈ ਕਮੇਟੀ ਸੋਚ ਵਿਚਾਰ ਕਰ ਰਹੀ ਹੈ, ਜੇ ਡਾਂਗ ਸਾਹਿਬ ਕੋਲ ਕੋਈ ਸੁਜੈਸ਼ਨਜ਼ ਹੋਣ ਤਾਂ ਉਹ ਦੇ ਦੇਣ ਅਸੀਂ ਵੈਲਕਮ ਕਰਾਂਗੇ। ਪਤਾ ਨਹੀਂ ਇਸ ਵੇਲੇ ਉਹ ਇਸ ਗੱਲ ਨੂੰ ਕਿਉਂ ਮਹਿਸੂਸ ਕਰਦੇ ਹਨ। ਅਸੀਂ ਕੰਪਲਸ਼ਨ ਨਹੀਂ ਲਾਉਂਦੇ ਪਰ ਲਾਉਣ ਦਾ ਵਿਚਾਰ ਜ਼ਰੂਰ ਹੈ, ਕਿਉਂਕਿ ਪਿਛਲੇ 27-28 ਸਾਲਾਂ ਵਿਚ ਪਰਸੂਏਸ਼ਨ ਕਰਨ ਦਾ ਕੋਈ ਅਸਰ ਨਹੀਂ ਹੋਇਆ। (ਘੰਟੀ)

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਮੇਰੇ ਕੋਲ ਰੋਜ਼ 10-12 ਤਾਰਾਂ ਮੁਲਾਜ਼ਮ ਜਥੇਬੰਦੀਆਂ ਦੀਆਂ ਆਉਂਦੀਆਂ ਹਨ। ਇਹ ਰੀਜ਼ਨੇਬਲ ਆਦਮੀ ਹਨ, ਇਨ੍ਹਾਂ ਨੂੰ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਨੂੰ ਸੁਣਕੇ, ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਕੇ ਕੋਈ ਫੈਸਲਾ ਕਰਨਾ ਚਾਹੀਦਾ ਹੈ।

**ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ** : ਜੋ ਫੈਸਲੇ ਹੋ ਚੁਕੇ ਹਨ ਉਹਦੇ ਬਾਰੇ ਤਾਂ ਮੈਂ ਨਹੀਂ ਕਿਹਾ। ਮੈਂ ਤਾਂ ਕਿਹਾ ਹੈ ਕਿ ਜੋ ਸੁਜੈਸ਼ਨਜ਼ ਡਾਂਗ ਸਾਹਿਬ ਨੇ ਦੇਣੀਆਂ ਹਨ, ਉਹ ਮੈਨੂੰ ਦੇ ਦੇਣ, ਅੱਗੋਂ ਵਾਸਤੇ।

## DISCUSSION ON THE ANNUAL ADMINISTRATION REPORT OF THE PUNJAB STATE ELECTRICITY BOARD FOR THE YEAR 1972-73

**Comrade Arjan Singh Mastana (Valtoha)** : Sir, I beg to move—

> That the Annual Administration Report of the Punjab State Electricity Board, for the year 1972-73 which was laid on the Table of the House on the 21st January, 1976, be discussed.

ਡਿਪਟੀ ਸਪੀਕਰ ਸਾਹਿਬ, ਜਿਹੜੀ ਰਿਪੋਰਟ ਬਿਜਲੀ ਬੋਰਡ ਬਾਰੇ 1972-73 ਦੀ ਹੈ, ਉਸ ਦੇ ਬਾਰੇ ਵਿਚ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਬਿਜਲੀ ਦਾ ਮਸਲਾ ਇੱਕ ਇਹੋ ਜਿਹਾ ਮਸਲਾ ਹੈ ਜਿਹੜਾ ਕਿ ਬਹੁਤ ਸਾਰਾ ਅੱਜ ਸਾਡੀ ਖੇਤੀ ਬਾੜੀ ਨਾਲ ਸਬੰਧ ਰਖਦਾ ਹੈ ਜਾਂ ਪੇਂਡੂ ਜ਼ਿੰਦਗੀ ਵਿਚ

Original with;
Punjab Vidhan Sabha
Digitized by;
Panjab Digital Library

ਇੱਕ ਲਾਜ਼ਮੀ ਗਲ ਬਣ ਗਈ ਹੈ । ਇੱਕ ਸਾਲ ਅੰਦਰ, ਡਿਪਟੀ ਸਪੀਕਰ ਸਾਹਿਬ, ਹਾਲਤ ਇਹ ਹੋ ਗਈ ਹੈ ਕਿ ਪੰਜਾਬ ਜਿਹੜਾ ਕਿ ਸਾਰੇ ਹਿੰਦੁਸਤਾਨ ਨੂੰ ਅਨਾਜ ਦੇ ਰਿਹਾ ਹੈ, ਜਿਸ ਵਿਚ ਕਿ ਪੰਜਾਬ ਦੇ ਕਿਸਾਨਾਂ ਨੇ ਕਾਫੀ ਨਾਂ ਖਟਿਆ ਹੈ, ਉਨ੍ਹਾਂ ਨੂੰ ਬਜਾਏ ਇਸ ਦੇ ਕਿ ਬਹੁਤ ਸਾਰੀਆਂ ਰਿਆਇਤਾਂ ਦਿੱਤੀਆਂ ਜਾਣ, ਉਨ੍ਹਾਂ ਲਈ ਬਿਜਲੀ ਦੀ ਦਰ 8/- ਤੋਂ ਵਧਾਕੇ 12/- ਕਰ ਦਿੱਤੀ ਗਈ ਹੈ ।

**ਸ੍ਰੀ ਡਿਪਟੀ ਸਪੀਕਰ** : ਇਹ ਰਿਪੋਰਟ 1972-73 ਦੀ ਹੈ । ਤੁਸੀਂ ਹੁਣ ਦੇ ਹਾਲਾਤ ਬਾਰੇ ਡਿਸਕਸ ਕਰ ਰਹੇ ਹੋ ।

**ਕਾਮਰੇਡ ਅਰਜਨ ਸਿਘ ਮਸਤਾਨਾ** : ਇਹ ਬਿਜਲੀ ਦੇ ਰੇਟ ਵਧਣ ਨਾਲ ਹਜ਼ਾਰਾਂ ਕਿਸਾਨਾਂ ਨੂੰ ਨੁਕਸਾਨ ਹੋਇਆ ਹੈ । ਇਸ ਸਬੰਧ ਵਿਚ ਚੀਫ ਮਨਿਸਟਰ ਸਾਹਿਬ ਨੂੰ ਕਿਸਾਨ ਮਿਲੇ ਸੀ ਕਿ ਇਹ ਯਕਦਮ ਐਨੇ ਵਧਾਕੇ 19 ਕਿਉਂ ਕਰ ਦਿੱਤੇ ਹਨ । ਸਰਕਾਰੀ ਟਿਊਬਵੈਲ ਦੇ ਰੇਟ ਵੀ ਵਧਾ ਦਿੱਤੇ ਗਏ ਹਨ । ਬਾਰਡਰ ਦਾ ਮਸਲਾ ਹੈ ਉਥੇ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ।

**ਚੌਧਰੀ ਕਾਂਸ਼ੀ ਰਾਮ** : ਅਸਲ ਗਲ ਤਾਂ ਇਹ ਹੈ ਕਿ ਡਾਂਗ ਸਾਹਿਬ ਆਪ ਤਾਂ ਉਠ ਕੇ ਚਲੇ ਗਏ ਅਤੇ ਜਾਂਦੇ ਹੋਏ ਮਸਤਾਨਾ ਜੀ ਨੂੰ ਇਸ਼ਾਰਾ ਕਰ ਗਏ ਔਰ ਇਹ ਮਸਤਾਨਾ ਜੀ ਹੁਣ ਮਸਤ ਹੋ ਗਏ ਹਨ । ਮੇਰਾ ਮਤਲਬ ਇਹ ਹੈ ਕਿ ਇਹ ਬਿਜਲੀ ਬੋਰਡ ਦੇ ਬਾਰੇ ਰਿਪੋਰਟ ਤੇ ਕੋਈ ਗਲ ਬਾਤ ਨਹੀਂ ਕਰ ਰਹੇ ਹਨ । ਇਨ੍ਹਾਂ ਨੂੰ ਰੈਲੇਵੈਂਟ ਰਹਿਣਾ ਚਾਹੀਦਾ ਹੈ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਪਹਿਲਾਂ ਇਹ ਕੀਤਾ ਹੈ ਕਿ ਬਿਜਲੀ ਦੇ ਕਨੈਕਸ਼ਨ ਲੈਣ ਲਈ ਇੱਕ ਹਜ਼ਾਰ ਰੁਪਏ ਦੀ ਸਿਕਿਉਰਿਟੀ ਕਰ ਦਿੱਤੀ ਗਈ ਹੈ । ਇਹ ਠੀਕ ਨਹੀਂ ਕੀਤਾ ਗਿਆ ਹੈ । ਫਿਰ ਰੇਟ ਬਿਜਲੀ ਦਾ 8/- ਤੋਂ ਬੜ੍ਹਾ ਕੇ 19/- ਕਰ ਦਿੱਤਾ ਗਿਆ ਹੈ । ਇਸ ਨਾਲ, ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਅੰਦਰ ਬਹੁਤ ਬੇਚੈਨੀ ਫੈਲ ਰਹੀ ਹੈ । ਸਰਕਾਰੀ ਟਿਊਬਵੈਲਾਂ ਦੇ ਰੇਟ ਵੀ ਵਧਾ ਦਿੱਤੇ ਗਏ ਹਨ । ਇਹ ਚੀਜ਼ ਵਾਪਸ ਲੈਣੀ ਚਾਹੀਦੀ ਹੈ । ਬਾਰਡਰ ਦੇ 10 ਮੀਲ ਦੇ ਏਰੀਆ ਅੰਦਰ ਲੋਕਾਂ ਨੂੰ ਕਾਫੀ ਤਕਲੀਫਾਂ ਹਨ, ਜਦ ਕਿ ਉਥੇ ਸਰਕਾਰ ਨੂੰ ਕਾਫੀ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ । ਉਥੇ ਵੀ 1 ਹਜ਼ਾਰ ਰੁਪਏ ਨਵੇਂ ਕੁਨੈਕਸ਼ਨ ਲੈਣ ਲਈ ਲਗਾ ਦਿੱਤਾ ਗਿਆ ਹੈ । ਇਹ ਚੀਜ਼ ਵਾਪਸ ਲੈਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਇੱਕ ਹੋਰ ਨਵੀਂ ਗੱਲ ਇਹ ਹੈ ਕਿ ਜਿਹੜੇ ਇਲਾਕੇ ਪਛੜੇ ਹੋਏ ਸੀ ਉਥੇ ਪਹਿਲਾਂ ਤਾਂ ਬਿਜਲੀ ਨਹੀਂ ਦਿੱਤੀ ਗਈ । ਤਰਨ ਤਾਰਨ ਜਾਂ ਅੰਮ੍ਰਿਤਸਰ ਵਰਗੇ ਏਰੀਆ ਵਿਚ ਤਾਂ 80% ਬਿਜਲੀ ਸੀ ਪਰ ਜਿਹੜੇ ਪਛੜੇ ਹੋਏ ਇਲਾਕੇ ਸੀ, ਬਾਰਡਰ ਦੇ ਇਲਾਕੇ ਸੀ ਉਹ ਪਹਿਲਾਂ ਵੀ ਬਿਜਲੀ ਤੋਂ ਵਾਂਝੇ ਰਹੇ ਹੋਏ ਸਨ ਅਤੇ ਹੁਣ ਯਕਦਮ ਬਿਜਲੀ ਬੋਰਡ ਨੇ ਫੈਸਲਾ ਕਰ ਦਿਤਾ ਹੈ ਕਿ ਬਿਜਲੀ ਲੈਣ ਲਈ ਮਾਰਕਿਟ ਕਮੇਟੀਆਂ ਪੈਸੇ ਜਮ੍ਹਾਂ ਕਰਾਉਣ । ਜਿਹੜਾ ਪਹਾੜੀ ਇਲਾਕਾ ਹੈ, ਖੇਮਕਰਨ ਦਾ ਇਲਾਕਾ ਹੈ ਉਥੇ ਦੀ ਮਾਰਕਿਟ ਕਮੇਟੀ ਦੀ ਸਾਲਾਨਾ ਆਮਦਨ 3 ਲੱਖ ਰੁਪਏ ਦੀ ਹੈ । ਉਥੇ 26 ਪਿੰਡ ਅਜਿਹੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਰਜਨ ਸਿੰਘ ਮਸਤਾਨਾ]

ਹਨ ਜਿਥੇ ਬਿਜਲੀ ਨਹੀਂ ਹੈ । ਉਨ੍ਹਾਂ ਨੂੰ ਜੇ ਕਿਹਾ ਜਾਏ ਕਿ 13 ਲੱਖ ਰੁਪਏ ਜਮ੍ਹਾਂ ਕਰਾਉ ਤਾਂ ਕਿੰਨੀ ਅਨਿਆਇ ਵਾਲੀ ਗੱਲ ਹੈ । ਡਿਪਟੀ ਸਪੀਕਰ ਸਾਹਿਬ, ਤੁਹਾਡਾ ਇਲਾਕਾ ਜ਼ੀਰਾ ਹੈ, ਉਥੇ ਵੀ ਬਿਜਲੀ ਨਹੀਂ ਦਿਤੀ ਗਈ ਹੈ । ਪਹਿਲਾਂ ਇਹ ਇਲਾਕੇ ਉਂਝ ਹੀ ਬਿਜਲੀ ਤੋਂ ਵਾਂਝੇ ਰਹੇ ਅਤੇ ਹੁਣ ਬਿਜਲੀ ਲੈਣ ਲਈ ਇਨ੍ਹਾਂ ਦੀਆਂ ਮਾਰਕਿਟ ਕਮੇਟੀਆਂ ਨੂੰ ਪੈਸੇ ਜਮ੍ਹਾਂ ਕਰਾਉਣ ਲਈ ਕਿਹਾ ਜਾਂਦਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀਆਂ ਦੀ ਹਾਲਤ ਉਥੇ ਬੜੀ ਮਾੜੀ ਹੈ । ਕਿਸਾਨਾਂ ਦੀ ਹਾਲਤ ਵੀ ਬੜੀ ਮਾੜੀ ਹੈ। ਇਸ ਕਰਕੇ ਬਿਜਲੀ ਦੇ ਸਿਲਸਿਲੇ ਵਿਚ ਉਥੇ ਸਾਰਾ ਸਿਲਸਿਲਾ ਰੁਕਿਆ ਪਿਆ ਹੈ । (ਘੰਟੀ) ਡਿਪਟੀ ਸਪੀਕਰ ਸਾਹਿਬ, ਇੱਕ ਦੋ ਗੱਲਾਂ ਮੈਂ ਹੋਰ ਕਹਿਣੀਆਂ ਚਾਹੁੰਦਾ ਹਾਂ । ਅਬੋਹਰ ਦੇ ਇਲਾਕੇ ਵਿਚ ਕੰਡੀ ਦੇ ਇਲਾਕੇ ਵਿਚ ਜਦੋਂ 1971 ਦੀ ਜੰਗ ਹੋਈ ਤਾਂ ਉਦੋਂ ਦਾ ਉਨ੍ਹਾਂ ਲੋਕਾਂ ਨੂੰ ਹਾਲੇ ਤਕ ਮੁਆਵਜ਼ਾ ਨਹੀਂ ਮਿਲਿਆ ਹੈ (ਘੰਟੀ)

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅਪ ਕਰੋ ਜੀ ਹੁਣ । ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਜੀ ਹੁਣ ਬੋਲਣਗੇ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਮੰਗ ਕਰਾਂਗਾ ਕਿ ਜਿਨ੍ਹਾਂ ਗਲਾਂ ਦਾ ਮੈਂ ਇਥੇ ਜ਼ਿਕਰ ਕੀਤਾ ਹੈ ਉਹਦੇ ਵਲ ਇਹ ਆਪਣਾ ਪੂਰਾ ਧਿਆਨ ਦੇਣਗੇ ।

**Mr. Deputy Speaker** : Motion moved—

> That the Annual Administration Report of the Punjab State Electricity Board, for the year 1972-73 which was laid on the Table of the House on the 21st January, 1976, be discussed.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ) : ਇਹ ਜਿਹੜੀ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦੀ ਰਿਪੋਰਟ ਸਾਲ 1972-73 ਦੀ ਹੈ, ਇਸ ਤੇ ਬਹਿਸ ਹੋ ਰਹੀ ਹੈ । ਇਸ ਦੇ ਪਹਿਲੇ ਸਫ਼ੇ ਤੇ ਲਿਖਿਆ ਹੈ—

> "The year 1972-73 (after the reorganisation of Punjab) was also a period of trial and turbulance for Punjab State Electricity Board due to Power shortage having started from August, 1972."

ਇਹ 1972-73 ਦੀ ਰਿਪੋਰਟ ਹੈ । ਪਾਵਰ ਸ਼ਾਰਟੇਜ ਜਿਹੜੀ ਸੀ ਉਸਦਾ ਇਹੀ ਸਮਾਂ ਸੀ । ਮੇਰੀ ਇਸ ਰਿਪੋਰਟ ਬਾਰੇ ਪਹਿਲੀ ਸਬਮਿਸ਼ਨ ਇਹ ਹੈ ਕਿ ਸਰਦਾਰ ਹਰਬੰਸ ਸਿਘ, ਚੇਅਰਮੈਨ ਜਿਹੜਾ ਸੀ ਇਹ ਉਸ ਦੇ ਪੀਰੀਅਡ ਦੀ ਡਿਸਕਸ਼ਨ ਹੈ । ਉਨ੍ਹਾਂ ਦੇ ਖਿਲਾਫ ਸੀਰੀਅਸ ਚਾਰਜਿਜ਼ ਲਗਾਏ ਗਏ ਕਿ ਉਹ ਚੇਅਰਮੈਨ ਨਹੀਂ ਰਹਿਣਾ ਚਾਹੀਦਾ ਹੈ । ਪੰਜਾਬ ਸਰਕਾਰ ਨੇ ਸਾਡੀ ਨੁਕਤਾਚੀਨੀ ਦੇ ਬਾਵਜੂਦ ਉਨ੍ਹਾਂ ਨੂੰ ਚੇਅਰਮੈਨ ਨਿਯੁਕਤ ਕੀਤਾ । ਇੱਕ ਸਾਲ ਦੇ ਤਜਰਬੇ ਨੇ ਸਰਕਾਰ ਨੂੰ ਦੱਸ ਦਿੱਤਾ । ਉਹਦੇ ਖਿਲਾਫ ਮੁਕੱਦਮੇਂ ਦਰਜ ਕਰਨੇ ਪਏ ਔਰ ਉਸਨੂੰ ਡਿਸਗਰੇਸਫੁਲੀ ਕਢਣਾ ਪਿਆ । ਇਹ ਬਹੁਤ ਜ਼ਿਆਦਾ ਪਾਵਰ ਸ਼ਾਰਟੇਜ ਦਾ ਪੀਰੀਅਡ ਸੀ । ਉਸ ਦੀ ਕਿੰਨੀ ਇਨਐਫੀਸ਼ੈਂਸ਼ੀ ਹੈ, ਉਹ ਇਸ ਤੋਂ ਸਾਬਤ ਹੁੰਦੀ ਹੈ । ਇਸ ਸਬੰਧ ਵਿਚ ਡਿਪਟੀ ਸਪੀਕਰ ਸਾਹਿਬ, ਪੇਜ-26 ਉਤੇ ਜੈਨਰੇਟਰ ਸੈਟਾਂ ਬਾਰੇ ਕਿਹਾ ਗਿਆ ਹੈ ।

ਇਨ੍ਹਾਂ ਕੋਲ ਦਸ ਜੈਨਰੇਟਰ ਸੈਟ ਸੀ ਜਿਸ ਤੋਂ 25.10 ਮੈਗਾਵਾਟ ਬਿਜਲੀ ਬਣਾਈ ਜਾ ਸਕਦੀ ਸੀ । ਉਹ ਪੀਰੀਅਡ ਵੀ ਬਿਜਲੀ ਦੀ ਸ਼ਾਰਟੇਜ ਦਾ ਸੀ । ਉਸ ਵੇਲੇ ਲੋਕਾਂ ਨੂੰ

Original with;
Punjab Vidhan Sabha
Digitized by;
Panjab Digital Library

ਬਿਜਲੀ ਨਹੀਂ ਮਿਲ ਰਹੀ ਸੀ। ਪਰ ਉਸ ਦੇ ਬਾਵਜੂਦ ਉਹ ਜੇਨਰੇਟਰ ਸੈਟਾਂ ਤੋਂ ਪੂਰੀ ਬਿਜਲੀ ਨਹੀਂ ਬਣਾਈ ਗਈ। ਉਨ੍ਹਾਂ ਤੋਂ ਸਿਰਫ 3.7 ਮੈਗਾਵਾਟ ਬਿਜਲੀ ਪੈਦਾ ਕੀਤੀ ਗਈ ਅਤੇ 22.3 ਮੈਗਾਵਾਟ ਬਿਜਲੀ ਜੋ ਕਿ ਉਨ੍ਹਾਂ ਜੇਨਰੇਟਰ ਸੈਟਾਂ ਤੋਂ ਹੋਰ ਪੈਦਾ ਕੀਤੀ ਜਾ ਸਕਦੀ ਸੀ ਉਹ ਨਹੀਂ ਕੀਤੀ ਗਈ। ਇਸ ਤਰ੍ਹਾਂ ਨਾਲ ਇਹ ਘਾਟਾ ਰਿਹਾ। ਫਿਰ ਸ਼ਾਨਨ ਪਾਵਰ ਹਾਊਸ ਬਾਰੇ ਪੇਜ-26 ਤੇ ਜ਼ਿਕਰ ਹੈ। ਉਥੇ 37.5 ਮੈਗਾਵਾਟ ਬਿਜਲੀ ਪੈਦਾ ਹੋਣੀ ਸੀ ਪਰ ਪਰੋਡਿਊਸ ਕੀਤੀ ਗਈ ਸਿਰਫ 26.88 ਮੈਗਾਵਾਟ। ਇਸ ਤਰ੍ਹਾਂ ਨਾਲ ਤਕਰੀਬਨ 11 ਮੈਗਾਵਾਟ ਬਿਜਲੀ ਘਟ ਪਰੋਡਿਊਸ ਕੀਤੀ ਗਈ। ਇਸ ਤਰ੍ਹਾਂ ਨਾਲ ਪਹਿਲੀ ਘਾਟ ਅਤੇ ਹੁਣ ਦੀ ਘਾਟ ਨੂੰ ਮਿਲਾਕੇ ਤਕਰੀਬਨ 30.6 ਮੈਗਾਵਾਟ ਬਿਜਲੀ ਉਸ ਬਿਜਲੀ ਦੇ ਸ਼ਾਰਟੇਜ ਪੀਰੀਅਡ ਵਿਚ ਵੀ ਜੈਨਰੇਟਰਾਂ ਤੋਂ ਘਟ ਬਿਜਲੀ ਪੈਦਾ ਕੀਤੀ ਗਈ। ਇਸ ਦੀ ਜ਼ਿਮੇਂਵਾਰੀ ਕਿਸ ਤੇ ਆਉਂਦੀ ਹੈ ? ਇਹ ਸਰਦਾਰ ਹਰਬੰਸ ਸਿੰਘ ਉਤੇ ਆਉਂਦੀ ਹੈ।

ਦੂਜੀ ਗੱਲ ਇਹ ਹੈ ਕਿ ਇਸ ਰਿਪੋਰਟ ਦੇ ਪੇਜ—3 ਦੇ ਉਤੇ ਲਿਖਿਆ ਹੈ ਕਿ—

Relations between the Board and the Employees remained cordial.

ਇਸ ਦੇ ਵਿਚ ਇਹ ਲਿਖਿਆ ਹੈ ਜਦ ਕਿ ਵਾਕਿਆ ਇਸਦੇ ਬਿਲਕੁਲ ਉਲਟ ਹੈ। ਵਾਕਿਆ ਇਹ ਹੈ ਕਿ ਇਮਪਲਾਈਜ਼ ਯੂਨੀਅਨ ਨੇ ਉਨ੍ਹਾਂ ਦੀ ਨਿਯੁਕਤੀ ਨੂੰ ਅਪੋਜ਼ ਕੀਤਾ ਹੈ, ਉਨ੍ਹਾਂ ਦੀ ਨਿਯੁਕਤੀ ਦੇ ਖਿਲਾਫ ਮੁਜ਼ਾਹਰੇ ਕੀਤੇ ਅਤੇ ਜਲਸੇ ਜਲੂਸ ਕਢੇ। ਇੱਕ ਮੈਮੋਰੈਂਡਮ ਵੀ ਪੰਜਾਬ ਸਰਕਾਰ ਨੂੰ ਉਨ੍ਹਾਂ ਦੇ ਖਿਲਾਫ ਦਿੱਤਾ। ਇਮਪਲਾਈਜ਼ ਯੂਨੀਅਨ ਦੇ ਪ੍ਰੈਜ਼ੀਡੈਂਟ ਸ੍ਰੀ ਪ੍ਰਸ਼ੋਤਮ ਲਾਲ ਦੀ ਸਰਵਿਸ ਨੂੰ ਉਸ ਚੇਅਰਮੈਨ ਨੇ ਇਲਲੀਗਲੀ ਟਰਮੀਨੇਟ ਕੀਤਾ। ਉਸ ਦੀ ਟਰਮੀਨੇਸ਼ਨ ਹੋਣ ਤੋਂ ਬਾਅਦ ਉਹ ਪੰਜਾਬ ਸਰਕਾਰ ਦੀ ਇੰਟਰਵੈਨਸ਼ਨ ਨਾਲ ਬਹਾਲ ਹੋਇਆ। No meeting was held with the Board during his tenure.

ਉਸ ਦੇ ਟੈਨਿਊਰ ਵਿਚ ਇਮਪਲਾਈਜ਼ ਯੂਨੀਅਨ ਦੀ ਕੋਈ ਮੀਟਿੰਗ ਬੋਰਡ ਦੇ ਨਾਲ ਨਹੀਂ ਹੋਈ। ਇਕ ਬੋਨਸ ਰਵਿਊ ਕਮੇਟੀ ਪੰਜਾਬ ਸਰਕਾਰ ਨੇ 1967-68 ਵਿਚ ਬਣਾਈ ਸੀ, ਉਹ ਸਰਦਾਰ ਹਰਬੰਸ ਸਿੰਘ ਨੇ ਤੋੜ ਦਿੱਤੀ। ਇਹ ਵੀ ਕੋਈ ਕੋਆਰਡੀਅਲ ਵਾਲੀ ਗੱਲ ਨਹੀਂ। ਇਸ ਬੋਰਡ ਦੇ ਵਿਚ ਕੰਮ ਕੀ ਹੋਇਆ ਹੈ ? ਕਿੰਨੀ ਸਲੋ ਸਪੀਡ ਕੰਮ ਦੀ ਉਸ ਵੇਲੇ ਰਹੀ ? ਇਹ ਇਸ ਰਿਪੋਰਟ ਦੇ ਪੰਨਿਆਂ ਨੂੰ ਪੜ੍ਹਨ ਤੋਂ ਪ੍ਰਗਟ ਹੁੰਦੀ ਹੈ। ਇਸ ਦੇ ਵਿਚ, ਡਿਪਟੀ ਸਪੀਕਰ ਸਾਹਿਬ, ਲਿਖਿਆ ਹੈ ਕਿ ਉਸ ਸਾਰੇ ਸਾਲ ਵਿਚ 263 ਪਿੰਡਾਂ ਨੂੰ ਬਿਜਲੀ ਦਿਤੀ ਗਈ। 22 ਪਿੰਡ ਇਕ ਮਹੀਨੇ ਦੇ ਇਸ ਹਿਸਾਬ ਨਾਲ ਬਣਦੇ ਹਨ। ਯਾਨੀ ਇਕ ਮਹੀਨੇ ਵਿਚ 22 ਪਿੰਡਾਂ ਨੂੰ ਬਿਜਲੀ ਦਿੱਤੀ ਗਈ। ਹੁਣ ਇਸ ਗੱਲ ਤੋਂ ਤਾਂ ਆਪ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿਸੇ ਇੰਜਨੀਅਰ ਨੂੰ ਚੇਅਰਮੈਨ ਬਣਾਉਣਾ ਚਾਹੀਦਾ ਹੈ ਜਾਂ ਕਿਸੇ ਪੋਲੀਟੀਕਲ ਆਦਮੀ ਜਾਂ ਕਿਸੇ ਹੋਰ ਨੂੰ ਚੇਅਰਮੈਨ ਬਣਾਉਣਾ ਚਾਹੀਦਾ ਹੈ, ਇਨ੍ਹਾਂ ਵਿਚੋਂ ਕਿਹੜੀ ਗੱਲ ਠੀਕ ਹੈ। ਤਜਰਬੇ ਤੋਂ ਇਹ ਦੇਖ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਸਕਦੇ ਹੋ ਕਿ ਕਿਹੜੀ ਗੱਲ ਠੀਕ ਸਾਬਤ ਹੋਈ ਹੈ । ਹੁਣ 16-8-1975 ਤੋਂ ਸਰਦਾਰ ਜ਼ੋਰਾ ਸਿੰਘ ਨੇ ਬਤੌਰ ਚੇਅਰਮੈਨ, ਬਿਜਲੀ ਬੋਰਡ ਦੇ ਚਾਰਜ ਲਿਆ ਹੈ ਅਤੇ ਹੁਣ ਤਕ ਯਾਨੀ 7-8 ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਵਿਚ 1089 ਪਿੰਡਾਂ ਨੂੰ ਬਿਜਲੀ ਦਿੱਤੀ ਗਈ ਹੈ । ਮਤਲਬ ਇਹ ਹੈ ਕਿ 200 ਪਿੰਡਾਂ ਨੂੰ ਇਕ ਮਹੀਨੇ ਵਿਚ ਬਿਜਲੀ ਦਿੱਤੀ ਗਈ ਹੈ । ਜਿਹੜਾ ਪੀਰੀਅਡ ਅੰਡਰ ਰਿਵਿਊ ਹੈ ਉਸ ਦੇ ਵਿਚ ਤਾਂ 22 ਪਿੰਡਾਂ ਨੂੰ ਇਕ ਮਹੀਨੇ ਵਿਚ ਬਿਜਲੀ ਦਿੱਤੀ ਗਈ ਹੈ ਪਰ ਇਸ ਇਤਨੇ ਥੋੜ੍ਹੇ ਜਿਹੇ ਅਰਸੇ ਵਿਚ 200 ਪਿੰਡਾਂ ਨੂੰ ਇਕ ਮਹੀਨੇ ਵਿਚ ਬਿਜਲੀ ਦਿੱਤੀ ਗਈ ਹੈ । ਇਸ ਗੱਲ ਤੋਂ ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਉਸ ਵੇਲੇ ਬਿਜਲੀ ਬੋਰਡ ਦੀ ਐਡਮਨਿਸਟਰੇਸ਼ਨ ਕਿਸ ਤਰ੍ਹਾਂ ਚਲ ਰਹੀ ਸੀ । (ਵਿਘਨ)

**ਸ਼੍ਰੀ ਡਿਪਟੀ ਸਪੀਕਰ :** ਹੁਣ ਤਾਂ ਠੀਕ ਹੈ ਫਿਰ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਹੁਣ ਬਾਰੇ ਵੀ ਤਜਰਬੇ ਤੋਂ ਬਾਅਦ ਦਸਾਂਗੇ ਜੀ ।

(ਵਿਘਨ)

ਜਿਹੜਾ ਹੁਣ ਕੰਮ ਹੋ ਰਿਹਾ ਹੈ ਇਸ ਦੀ ਬਿਗਨਿੰਗ ਤਾਂ ਬੜੀ ਚੰਗੀ ਹੈ ਪਰ ਜਦੋਂ ਇਸ ਬਾਰੇ ਪੂਰੀ ਰਿਪੋਰਟ ਆਵੇਗੀ ਤਾਂ ਜਿਹੜਾ ਉਸ ਵੇਲੇ ਅਸੈਂਬਲੀ ਵਿਚ ਹੋਵੇਗਾ ਉਹ ਆਪਣੀ ਰਾਇ ਦੇਵੇਗਾ । ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਫੈਕਚੂਅਲ ਕਮਪੈਰੀਜ਼ਨ ਰਖਿਆ ਹੈ ਕਿ ਉਸ ਵਕਤ ਬੋਰਡ ਦੀ ਕੀ ਪੋਜ਼ੀਸ਼ਨ ਸੀ ਅਤੇ ਹੁਣ ਪੋਜੀਸ਼ਨ ਕੀ ਹੈ ?

ਇਸ ਦੇ ਵਿਚ ਜਿਹੜੀ ਸਭ ਤੋਂ ਵਡੀ ਗੱਲ ਹੈ ਉਹ ਡੈਮੇਜ ਦੀ ਹੈ । ਹੁਣ ਜਿਹੜਾ ਡੈਮੇਜ ਹੁੰਦਾ ਹੈ ਉਸ ਦੇ ਲਈ ਕੁਝ ਪਾਲਿਸੀਆਂ ਠੀਕ ਅਪਣਾਈਆਂ ਗਈਆਂ ਹਨ । ਇਸ ਵੇਲੇ 200 ਟਰਾਂਸਫਾਰਮਰ ਹਰ ਮਹੀਨੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਡੈਮੇਜ ਹੁੰਦੇ ਹਨ । ਸਰਦਾਰ ਹਰਬੰਸ ਸਿੰਘ ਦੇ ਵੇਲੇ ਜਿਹੜੇ ਟਰਾਂਸਫਾਰਮਰ ਡੈਮੇਜ ਹੋ ਗਏ ਉਸ ਨੂੰ ਸਟੋਰ ਵਿਚ ਧੱਕ ਦਿੱਤਾ ਅਤੇ ਹੋਰ ਨਵੇਂ ਖਰੀਦ ਲਏ । 1 ਕਰੋੜ ਤੇ 64 ਲੱਖ ਰੁਪਿਆ — — — । (ਵਿਘਨ)

## EXTENSION OF TIME OF THE SITTING

**ਸ਼੍ਰੀ ਡਿਪਟੀ ਸਪੀਕਰ :** ਜੋਸ਼ ਸਾਹਿਬ, ਅਗਰ ਤੁਹਾਡੀ ਅਤੇ ਹਾਊਸ ਦੀ ਰਾਏ ਹੋਵੇ ਤਾਂ ਬੈਠਕ ਦਾ ਟਾਈਮ 15 ਮਿੰਟ ਐਕਸਟੈਂਡ ਕੀਤਾ ਜਾਵੇ । ਕੀ ਇਹ ਹਾਊਸ ਦੀ ਪਲੀਯਰ ਹੈ ?

**ਆਵਾਜ਼ਾਂ :** ਹਾਂ ਜੀ ।

**ਸ਼੍ਰੀ ਡਿਪਟੀ ਸਪੀਕਰ :** ਹਾਊਸ ਦੀ ਕੰਸੈਂਟ ਨਾਲ ਬੈਠਕ ਦਾ ਟਾਈਮ 15 ਮਿੰਟ ਐਕਸਟੈਂਡ ਕੀਤਾ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

## DISCUSSION ON THE ANNUAL ADMINISTRATION REPORT OF THE PUNJAB STATE ELECTRICITY BOARD, FOR THE YEAR 1972-73 (*Resumption*)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਡਿਪਟੀ ਸਪੀਕਰ ਸਾਹਿਬ, ਇਹ ਸਭ ਤੋਂ ਬਿਗੈਸਟ ਅੰਡਰਟੇਕਿੰਗ ਹੈ ਪੰਜਾਬ ਦੀ, ਇਸ ਲਈ ਇਸ ਤੇ ਡਿਸਕਸ਼ਨ ਹੋ ਲੈਣ ਦਿਉ ਅਤੇ ਹੋਰ ਸਮਾਂ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਹੁਣ ਇਹ ਆਰਡਰ ਕੀਤੇ ਗਏ ਹਨ ਕਿ ਜਿਹੜੇ ਟਰਾਂਸਫਾਰਮਰਜ਼ ਡੈਮੇਜ ਹੁੰਦੇ ਹਨ ਉਨ੍ਹਾਂ ਨੂੰ ਰਿਪੇਅਰ ਕਰੋ ਅਤੇ ਨਵੇਂ ਨਾ ਖਰੀਦੋ । ਇਸ ਦੇ ਨਾਲ ਕਰੋੜਾਂ ਰੁਪਏ ਦੀ ਸਾਨੂੰ ਬਚਤ ਹੋ ਸਕਦੀ ਹੈ । ਇਸੇ ਤਰ੍ਹਾਂ ਹੀ ਮੀਟਰਾਂ ਦਾ ਸਵਾਲ ਹੈ । ਮੀਟਰ ਵੀ ਬਹੁਤ ਸਾਰੇ ਡੈਮੇਜ ਹੋ ਜਾਂਦੇ ਹਨ । ਉਨ੍ਹਾਂ ਨੂੰ ਵੀ ਰਿਪੇਅਰ ਕਰਵਾ ਕੇ ਯੂਜ਼ ਕੀਤਾ ਜਾਵੇਗਾ । ਇਨ੍ਹਾਂ ਕੰਮਾਂ ਦੇ ਲਈ ਬਿਜਲੀ ਬੋਰਡ ਆਪਣੀ ਵਰਕਸ਼ਾਪ ਕਾਇਮ ਕਰੇ ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਜਿਹੜੀ ਇਲੈਕਟਰੀਕਲ ਡਿਸਟਰੀਬਿਊਸ਼ਨ ਸਿਸਟਮ ਦੀ ਗੱਲ ਹੈ, ਪਿੰਡਾਂ ਵਿਚ ਜਿਹੜੀ ਬਿਜਲੀ ਦਿੰਦੇ ਹਨ ਉਸ ਦੇ ਵਿਚ ਬੜੀ ਅਣਗਹਿਲੀ ਦਾ ਸਬੂਤ ਦਿਤਾ ਗਿਆ ਹੈ । ਸਬਾਰਡੀਨੇਟ ਸਟਾਫ ਤੇ ਸਾਰੀ ਗੱਲ ਛੱਡ ਦਿੰਦੇ ਸੀ । ਜਿਥੇ ਐਕਸ. ਈ. ਐਨ. ਨੇ ਕੰਮ ਕਰਨਾ ਹੁੰਦਾ ਹੈ ਉਹ ਆਪਣੇ ਐਸ. ਡੀ ਓ. ਨੂੰ ਕਹਿ ਦਿੰਦਾ ਹੈ, ਜਿਥੇ ਐਸ. ਡੀ. ਓ. ਜਾਂ ਓਵਰਸੀਅਰ ਨੇ ਕੰਮ ਕਰਨਾ ਹੁੰਦਾ ਹੈ ਉਹ ਆਪਣੇ ਥਲੇ ਦੇ ਸਟਾਫ ਨੂੰ ਕਹਿ ਦਿੰਦਾ ਹੈ । ਇਸ ਦੇ ਨਾਲ ਨਤੀਜਾ ਇਹ ਹੁੰਦਾ ਹੈ ਕਿ ਥਲੇ ਦੇ ਸਟਾਫ ਨੂੰ ਕੰਮ ਦਾ ਤਜਰਬਾ ਨਾ ਹੋਣ ਕਰਕੇ ਜ਼ਿਆਦਾ ਐਕਸੀਡੈਂਟਸ ਹੁੰਦੇ ਹਨ । ਡਿਪਟੀ ਸਪੀਕਰ ਸਾਹਿਬ, 3 ਲੱਖ 74 ਹਜ਼ਾਰ ਰੁਪਿਆ ਮੈਸਾਂ ਵਗੈਰਾ ਵਾਸਤੇ ਜ਼ਿਮੀਂਦਾਰਾਂ ਨੂੰ ਦਿਤਾ ਗਿਆ ਜਿਨ੍ਹਾਂ ਦੀਆਂ ਮੈਸਾਂ ਬਿਜਲੀ ਦੇ ਨਾਲ ਮਰੀਆਂ । ਇਤਨਾ ਰੁਪਿਆ ਉਨ੍ਹਾਂ ਲੋਕਾਂ ਨੂੰ ਹੀ ਦਿਤਾ ਗਿਆ ਹੈ ਜਿਨ੍ਹਾਂ ਦੀਆਂ ਮੈਸਾਂ ਵਗੈਰਾ ਬਿਜਲੀ ਨਾਲ ਮਰ ਗਈਆਂ ਹਨ । ਮੈਂ ਇਸ ਦੇ ਬਾਰੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ । (ਘੰਟੀ)

ਕੁਝ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦੇ ਜਿਹੜੇ ਕਰਮਚਾਰੀ ਹਨ ਉਨ੍ਹਾਂ ਦੀਆਂ ਸਮੱਸਿਆਵਾਂ ਵਲ ਵੀ ਆਪ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ । (ਵਿਘਨ)

**ਸ੍ਰੀ ਡਿਪਟੀ ਸਪੀਕਰ:** ਤੁਸੀਂ 1972-73 ਦੀ ਰਿਪੋਰਟ ਬਾਰੇ ਹੀ ਦਸੋ । (ਵਿਘਨ)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਇਹ ਸਾਰੀਆਂ ਗਲਾਂ ਵਿਚ ਹੀ ਆਉਂਦੀਆਂ ਹਨ ਜੀ। ਡਿਪਟੀ ਸਪੀਕਰ ਸਾਹਿਬ, ਮੈ ਕਹਿਣਾ ਚਾਹੁੰਦਾ ਹਾਂ ਕਿ ਵਰਕਰਜ਼ ਦੀਆਂ ਸਟਰਾਈਕਸ ਹੋਈਆਂ ਹਨ ਔਰ ਉਸ ਦੇ ਬਾਅਦ ਉਨ੍ਹਾਂ ਦੀ ਵਿਕਟੇਮਾਈਜ਼ੇਸ਼ਨ ਹੋਈ । 5-6 ਹਜ਼ਾਰ ਬੰਦਿਆਂ ਨੂੰ ਕਢ ਦਿੱਤਾ ਗਿਆ । ਇਸ ਸਬੰਧ ਵਿਚ ਪੰਜਾਬ ਸਰਕਾਰ ਨੂੰ ਇਮਪਲਾਈਜ਼ ਕਈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਦਫ਼ਾ ਮਿਲੇ । ਫਿਰ ਗਿਆਨੀ ਜ਼ੈਲ ਸਿੰਘ ਜੀ ਨੇ ਮੁਦਾਖਲਤ ਕਰਕੇ ਪਹਿਲਾਂ ਅੱਧੇ ਅਤੇ ਫਿਰ ਸਾਰੇ ਵਰਕਚਾਰਜ ਇਮਪਲਾਈਜ਼ ਬਹਾਲ ਕਰ ਦਿਤੇ । ਉਨ੍ਹਾਂ ਦੀ ਸੀਨੀਆਰਟੀ ਵੀ ਉਨ੍ਹਾਂ ਨੇ ਬਹਾਲ ਕਰ ਦਿਤੀ । 16 ਅਪਰੈਲ ਤੋਂ 7 ਮਈ ਤਕ ਉਨ੍ਹਾਂ ਨੇ ਹੜਤਾਲ ਕੀਤੀ । 16 ਅਪ੍ਰੈਲ ਤੋਂ 7 ਮਈ ਤਕ ਦਾ ਪੀਰੀਅਡ ਜਿਹੜਾ ਹੈ ਉਸ ਨੂੰ ਰੈਗੂਲੇਰਾਈਜ਼ ਕਰਨਾ ਚਾਹੀਦਾ ਹੈ। ਇਹ 1 ਮਈ ਤੋਂ 7 ਮਈ ਤਕ ਕਰ ਦਿਤਾ ਹੈ ਵਿਚਕਾਰਲੇ ਕੁਝ ਰਹਿ ਗਏ ਹਨ । ਮੈਂ ਸਮਝਦਾ ਹਾਂ ਕਿ ਇਹ ਕੋਈ ਟੈਕਨੀਕਲ ਗਲਤੀ ਹੈ ਅਤੇ ਇਸ ਵਲ ਧਿਆਨ ਦੇਣਾ ਚਾਹੀਦਾ ਹੈ । ਸਟਰਾਈਕ ਪੀਰੀਅਡ ਰੈਗੂਲੇਰਾਈਜ਼ ਕਰਨਾ ਚਾਹੀਦਾ ਹੈ । (ਘੰਟੀ) (ਵਿਘਨ)

ਫਿਰ, ਡਿਪਟੀ ਸਪੀਕਰ ਸਾਹਿਬ, ਪਰਪੈਚੂਅਲ ਤੌਰ ਤੇ ਕਈ ਇਮਪਲਾਈਜ਼ ਲਗੇ ਹੋਏ ਹਨ । (ਘੰਟੀ) ਉਹ ਟੈਂਪੋਰੇਰੀ ਹੀ ਚਲੇ ਆਉਂਦੇ ਹਨ, ਉਨ੍ਹਾਂ ਨੂੰ ਰੈਗੂਲਰ ਕਰਨਾ ਚਾਹੀਦਾ ਹੈ । (ਘੰਟੀ) ਫਿਰ ਸੈਂਟਰਲ ਗੌਰਮਿੰਟ ਦੇ ਜੋ ਅਦਾਲਤੀ ਅਵਾਰਡ ਹਨ ਉਨ੍ਹਾਂ ਤੇ ਅਮਲ ਕੀਤਾ ਜਾਣਾ ਚਾਹੀਦਾ ਹੈ । ਬਿਜਲੀ ਬੋਰਡ ਉਸ ਦੇ ਬਾਵਜੂਦ ਹਾਈ ਕੋਰਟ ਵਿਚ ਰਿਟਾਂ ਕਰ ਰਿਹਾ ਹੈ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਰਿਟਾਂ ਵਾਪਸ ਲਈਆਂ ਜਾਣ । (ਘੰਟੀ) (ਵਿਘਨ) ਬਸ ਜੀ, ਦੋ ਮਿੰਟ ਵਿਚ ਹੀ ਵਾਈਂਡ ਅੱਪ ਕਰ ਦਿੰਦਾ ਹਾਂ ।

ਫਿਰ, ਡਿਪਟੀ ਸਪੀਕਰ ਸਾਹਿਬ, ਸਬਾਰਡੀਨੇਟ ਸਟਾਫ਼ ਜੋ ਬਿਜਲੀ ਬੋਰਡ ਦਾ ਹੈ ਉਨ੍ਹਾਂ ਦੀਆਂ ਤਨਖਾਹਾਂ ਦੇ ਗਰੇਡ 1967 ਤੋਂ ਰਿਵਾਈਜ਼ ਨਹੀਂ ਹੋਏ । 8 ਸਾਲ ਹੋ ਗਏ ਹਨ । ਆਈ.ਏ.ਐਸ. ਅਫ਼ਸਰਾਂ ਅਤੇ ਹੋਰ ਮੁਲਾਜ਼ਮਾਂ ਦੇ ਗਰੇਡ ਰਿਵਾਈਜ਼ ਹੋ ਗਏ ਹਨ ਪਰ ਉਨ੍ਹਾਂ ਦੇ ਨਹੀਂ ਹੋਏ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਗਰੇਡ ਵੀ ਰਿਵਾਈਜ਼ ਕੀਤੇ ਜਾਣੇ ਚਾਹੀਦੇ ਹਨ । ਫਿਰ ਉਨ੍ਹਾਂ ਨੂੰ 2 ਡੀ. ਏ. ਦੀਆਂ ਕਿਸ਼ਤਾਂ ਦਿੱਤੀਆਂ ਗਈਆਂ ਹਨ । ਉਹ ਵੀ ਸੈਂਟਰਲ ਪੈਟਰਨ ਤੇ ਪੰਜ ਕਿਸ਼ਤਾਂ ਡੀ. ਏ. ਦੀਆਂ ਉਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਹਨ । ਫਿਰ, ਡਿਪਟੀ ਸਪੀਕਰ ਸਾਹਿਬ, ਮਿਨੀਮਮ ਵੇਜਿਜ਼ ਉਨ੍ਹਾਂ ਦੀਆਂ ਘੱਟ ਹਨ । ਪੰਜਾਬ ਵਿਚ 234 ਹੈ, ਇਹ ਵੀ ਉਨ੍ਹਾਂ ਨਾਲ ਬੇਇਨਸਾਫੀ ਹੈ ਅਤੇ ਇਹ ਬੇਇਨਸਾਫ਼ੀ ਦੂਰ ਕਰਨੀ ਚਾਹੀਦੀ ਹੈ । (ਘੰਟੀ) (ਵਿਘਨ)

ਆਖ਼ਿਰ ਵਿਚ, ਡਿਪਟੀ ਸਪੀਕਰ ਸਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਦੇ ਮੁਲਾਜ਼ਮਾਂ ਦੀ ਇਕ ਜਾਇਜ ਅਤੇ ਵੱਡੀ ਮੰਗ ਹੈ, ਉਹ ਮੰਨ ਲੈਣੀ ਚਾਹੀਦੀ ਹੈ । ਇਕ ਮੁਲਾਜ਼ਮਾਂ ਦੀ ਸੈਂਟਰਲ ਵੇਜ ਲਾਈਨ ਬਣਾਈ ਸੀ ਉਸ ਨੇ ਇਕ ਰਿਆਇਤ ਦਿਤੀ ਸੀ, ਉਸ ਨੇ 30 ਰੁਪਏ ਮਹਿੰਗਾਈ ਕਰਕੇ ਇਨਟੈਰਿਮ ਰਿਲੀਫ਼ ਦਿਤੀ ਹੈ । ਬੋਰਡ ਦੇ ਮੁਲਾਜ਼ਮਾਂ ਦੀ ਮੰਗ ਹੈ ਕਿ ਉਹ ਸਾਨੂੰ ਦਿਉ । ਹਿੰਦੁਸਤਾਨ ਦੇ ਸਾਰੇ ਬੋਰਡਾਂ ਨੇ ਇਹ ਗਲ ਮੰਨ ਲਈ ਹੈ ਪਰ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਨੇ ਇਹ ਗਲ ਨਹੀਂ ਮੰਨੀ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਸਟੇਟ ਇਕ ਪ੍ਰਾਸਪੈਰਸ ਸਟੇਟ ਹੈ ਅਤੇ ਇਸ ਨੂੰ ਇਹ ਗਲ ਲਾਗੂ ਕਰਨੀ ਚਾਹੀਦੀ ਹੈ । (ਘੰਟੀ)

ਇਕ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੁਝ ਡਿਪਲੋਮਾ ਹੋਲਡਰਜ਼ ਹਨ ਉਹ ਪਿਛੇ ਜਿਹੇ ਨਿਯੁਕਤ ਹੋਏ ਸੀ । ਪ੍ਰਮੋਸ਼ਨਾਂ ਵਿਚ ਪਹਿਲਾਂ ਉਨ੍ਹਾਂ ਦੀ ਪਰਸੈਂਟੇਜ 50 ਫੀਸਦੀ ਸੀ ਪਰ ਹੁਣ ਇਹ 33 ਫੀਸਦੀ ਕਰ ਦਿਤੀ ਹੈ, ਇਹ ਵੀ ਉਨ੍ਹਾਂ ਦੇ ਨਾਲ ਬੜੀ ਜ਼ਿਆਦਤੀ ਕੀਤੀ ਗਈ ਹੈ । ਸਰਕਾਰ ਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

ਇਕ ਗਲ ਮੈਂ ਫਲੈਟ ਰੇਟਸ ਦੇ ਬਾਰੇ ਕਰਨੀ ਚਾਹੁੰਦਾ ਹਾਂ । ਇਸ ਬਾਰੇ ਮਸਤਾਨਾ ਜੀ ਨੇ ਵੀ ਕਿਹਾ ਹੈ । ਫਲੈਟ ਰੇਟਸ ਬਾਰੇ ਇਹ ਹੈ ਕਿ ਜਿਹੜਾ ਬਿਜਲੀ ਬੋਰਡ ਹੈ ਉਹ ਨਾ ਤੇ ਕੋਈ ਗਾਰੰਟੀ ਦਿੰਦਾ ਹੈ ਕਿ 4 ਘੰਟੇ ਜਾਂ 5 ਘੰਟੇ ਰੋਜ਼ ਬਿਜਲੀ ਮਿਲੇਗੀ, ਪਰ ਇਹ ਬਿਜਲੀ ਦੇਣ ਜਾਂ ਨਾ ਦੇਣ ਬਿਜਲੀ ਵਾਸਤੇ ਫਲੈਟ ਰੇਟਸ ਮੁਕਰੱਰ ਕਰ ਦਿੰਦੇ ਹਨ। ਕਈ ਵਾਰੀ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਦੋ ਘੰਟੇ ਵੀ ਬਿਜਲੀ ਨਹੀਂ ਮਿਲਦੀ ਪਰ ਚਾਰਜਿਜ਼ ਪੂਰੇ ਲੈ ਲਏ ਜਾਂਦੇ ਹਨ । ਕਈ ਵਾਰੀ 8-9 ਘੰਟੇ ਵੀ ਬਿਜਲੀ ਮਿਲ ਜਾਂਦੀ ਹੈ । ਜ਼ਿਮੀਂਦਾਰਾਂ ਵਿਚ ਰਾਂਗ ਇੰਪਰੈਸ਼ਨ ਪੈਦਾ ਹੋ ਜਾਂਦਾ ਹੈ ਕਿ 8-9 ਘੰਟੇ ਮਿਲੇ ਤਾਂ ਵੀ ਉਹੀ ਰੇਟਸ ਅਤੇ ਜੇਕਰ ਦੋ ਘੰਟੇ ਮਿਲੇ ਤਾਂ ਵੀ ਉਹੀ ਰੇਟਸ । ਗੁਰਦਾਸਪੁਰ ਵਿਚ ਇਹ ਗਲਤਫਹਿਮੀ ਪੈਦਾ ਹੋ ਗਈ ਕਿ ਅਗਰ 24 ਘੰਟੇ ਬਿਜਲੀ ਬੋਰਡ ਬਿਜਲੀ ਦੇਵੇਗਾ ਤਾਂ ਇਹ ਫਲੈਟ ਰੇਟਸ ਚਾਰਜ ਕਰ ਸਕਦੇ ਹਨ । ਮੈਂ ਕਹਿੰਦਾ ਹਾਂ ਕਿ ਬਿਜਲੀ ਬੋਰਡ ਨੂੰ ਮਿਨੀਮਮ ਸਪਲਾਈ ਫਿਕਸ ਕਰ ਦੇਣੀ ਚਾਹੀਦੀ ਹੈ। ਜਿਸ ਤਰ੍ਹਾਂ ਇਨ੍ਹਾਂ ਨੇ ਆਪਣੇ ਫਿਕਸ ਕਰ ਦਿਤਾ ਹੈ ਕਿ 51 ਰੁਪਏ ਤਾਂ ਜ਼ਰੂਰ ਹੀ ਲੈਣੇ ਹਨ । ਇਸ ਤਰ੍ਹਾਂ ਕਰ ਦਿਤਾ ਜਾਵੇ ਕਿ 4-5 ਘੰਟੇ ਜ਼ਰੂਰ ਬਿਜਲੀ ਦੇਣੀ ਹੈ ਅਗਰ ਫਿਕਸ ਆਵਰਜ਼ ਤੋਂ ਘੱਟ ਬਿਜਲੀ ਦੇਣੀ ਹੈ ਤਾਂ ਉਸ ਦੇ ਮੁਤਾਬਿਕ ਚਾਰਜਿਜ਼ ਲਏ ਜਾਣ । (ਘੰਟੀ) ਬਸ ਜੀ, ਮੈਂ ਆਖਰੀ ਗਲ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਬਿਜਲੀ ਦੀ ਡਿਸਟਰੀਬਿਊਸ਼ਨ ਦਾ ਕੰਮ ਅੰਮ੍ਰਿਤਸਰ ਵਿਚ ਮਿਊਂਸਪਲ ਕਮੇਟੀ ਚਲਾ ਰਹੀ ਹੈ ਉਥੇ ਬਿਜਲੀ ਬੋਰਡ ਨੂੰ ਕੋਈ ਰਾਈਟ ਨਹੀਂ ਕਿ ਉਸ ਦੇ ਕੋਲੋਂ ਏਜੰਸੀ ਲੈ ਕੇ ਡਾਇਰੈਕਟ ਆਪ ਇਹ ਕੰਮ ਕਰੇ। ਮੈਂ ਇਹ ਗਲ ਪੰਜਾਬ ਗੌਰਮਿੰਟ ਅਤੇ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਲੋਕਾਂ ਦੀ ਰਾਏ ਤੋਂ ਬਗੈਰ ਇਹ ਗਲ ਨਾ ਕੀਤੀ ਜਾਏ। ਮੈਂ ਜੋ ਕੁਝ ਵਿਚਾਰ ਰਖੇ ਹਨ ਮੈਨੂੰ ਆਸ ਹੈ ਕਿ ਉਨ੍ਹਾਂ ਵਲ ਸਰਕਾਰ ਜ਼ਰੂਰ ਧਿਆਨ ਰਖੇਗੀ ।

**उप-मन्त्री बिजली तथा सिंचाई** (श्री बल राम) : डिप्टी स्पीकर साहिब, पंजाब स्टेट इलैक्ट्रिसिटी बोर्ड की 1972-73 की रिपोर्ट आज हाऊस के सामने है । अर्ज़ यह है कि इस रिपोर्ट को डिस्कस करने से पहले अगर थोड़ा सा पीछे चला जाये तो ठीक रहेगा । वह समय किस तरह से हमारे सामने आया था ? वह समय एक अनस्टेबिलिटी का समय था । पंजाब के बारे में किसी को कोई ध्यान नहीं था। सभी अपनी अपनी किसमत बनाते फिरते थे और अपनी कुर्सी की होड़ में लगे हुए थे। पंजाब का 1972-73 का पहला साल था जबकि पंजाब स्टेबिलिटी की तरफ बढ़ा । और तरक्की की तरफ इसके कदम बढ़े । जब से यह स्टेबल सरकार बनी तब से पंजाब की तरक्की की ओर कदम उठाये गये । जोश साहिब ने कुछ कहा कुछ बातें तलाश कीं, लेकिन वे ब्राईटर साईड बिल्कुल छोड़ गये । खराब चीजों को ठीक करने के लिये क्या कुछ करना पड़ता है । मैं हाऊस को बता देना चाहता हूं कि कमी के जमाने में, जबकि बिजली की शार्टेज थी, फिर भी डोमैस्टिक और कमर्शल क्षेत्र में जो बिजली के कुनैक्शन्ज दिये वे 42 हज़ार थे । इन्डस्ट्री में दो हज़ार, ऐग्रीकल्चर में 12 हज़ार टयूबवैल्ज के कुनैकशन्ज़ इसी साल दिये । पब्लिक लाईटिंग के 53 और बल्क डिस्ट्रीब्यूटिंग लाईसैंस 24 को दिये ।

Original with;
Punjab Vidhan Sabha
Digitized by;
Panjab Digital Library

[उप-मन्त्री बिजली तथा सिंचाई]

इसके इलावा पांच हज़ार किलो मीटर के करीब हमने लम्बी डिस्ट्रीब्यूशन लाईनें बिछाईं। 1,125 नये सब-स्टेशन खोले और उसी साल जबकि शार्टेज थी पिछले सालों की बनिसबत 63 लाख यूनिट बिजली ज्यादा कन्ज्यूमर्ज को सप्लाई की।

यू. बी. डी. सी. हाईडल जो हमारी स्कीम थी उसका दूसरा दौर इस साल शुरू हुआ। उसकी क्षमता 15 मैगावाट है। जोश जी ने कहा कि 24 जैनरेटिंग सैट्स चालू नहीं हुए थे। कोई भी चीज़ हो खराब तो होती ही है लेकिन इकानमी को देखते हुए वे चौबीस के चौबीस चालू कर दिये थे। इसके इलावा 263 गांवों को बिजली सप्लाई की गई। यह ठीक है कि उस साल कम हुई। आप ने सुना है, जैसे हौप स्टैप जम्प होता है वह हमारा तरीका था। उसके नतीजा के तौर पर यह पंजाबी की कहावत ठीक लगती है:—

"ਖੰਭਿਆਂ ਨੂੰ ਖੰਭ ਲਗ ਗਏ"

बिजली के खम्बे गांव गांव में उड़ते चले जा रहे हैं। वह जो दौर था इस तरह यह उसकी शुरूआत थी।

मैं गुरु नानक थर्मल प्लांट के बारे में कह देना चाहता हूं कि हमने बिगड़ी बात को बनाया। कूलिंग टावर ठीक किया, गिलिंग की और 425 के करीब कर्मचारियों के वहाँ पर क्वाटर्ज बनाए ताकि काम को काबू में लाया जा सके। डिप्टी स्पीकर साहिब, इस साल में सारी दो अरब तीन करोड़ यूनिट बिजली पैदा हुई और हमने सब को सप्लाई की। इस समय जो हमने काम किया इसका पता तब चलेगा जब 1974-75 व 1975-76 की रिपोर्ट हाऊस के सामने आयेगी। इस वक्त यह बात रैशनल नहीं लगती। उस वक्त पता चलेगा कि किस तरीका से हमने काम किया। यह कहते हैं कि बिजली के रेट बढ़ा दिये। मैं कहना चाहता हूं कि कुछ प्राप्त करने के लिये पैसों की जरुरत होती है। एक फलैट रेट के बारे में कहा गया। मैं कहता हूं कि 24 घंटे बिजली देनी तो ना-मुमकिन बात है, नहीं दी जा सकती। जो बोर्ड की तरफ से फलैट रेट की कैलकुलेशन की गई है वह $3\frac{1}{2}$ घंटे या 4 घंटे की लगाई है। ऐसा कोई ही दिन होगा जबकि दो घंटे बिजली दी गई होगी। अब तो कई बार तकलीफ़ यह होती है कि सप्लाई कम करनी पड़ती है। भाखड़ा से कई बार लोड बढ़ जाता है उसे हमें स्टैगर करना पड़ता है।

मैं हाऊस को विश्वास दिलाना चाहता हूं कि बिजली बोर्ड तरक्की की राह पर गामज़न है।

**Mr. Deputy Speaker**: The House stands adjourned *sine die*.

(The Sabha then adjourned *sine die**.)

*8.41 P.M.

1826—286—23-7-76—PB., GOVT. PRESS, PATIALA

Original with:
Punjab Vidhan Sabha
Digitized by:
Panjab Digital Library

*Original with;*
Punjab Vidhan Sabha
*Digitized by;*
Panjab Digital Library

Chief Reporter
Punjab Vidhan Sabha
Chandigarh

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

B-18283

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library